ੴ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਸਟੀਕ

# ਗੁਰਬਾਣੀ ਅਰਥ-ਭੰਡਾਰ

## ਪੋਥੀ ਦੂਸਰੀ

{ਅੰਗ ੫੩ ਤੋਂ ੧੫੦ ਤੱਕ}

ਟੀਕਾਕਾਰ :
ਸੰਤ ਹਰੀ ਸਿੰਘ 'ਰੰਧਾਵੇ ਵਾਲੇ'
ਸੰਪ੍ਰਦਾ ਦਮਦਮੀ ਟਕਸਾਲ

ੴ ਸਤਿਗੁਰ ਪ੍ਰਸਾਦਿ॥

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ ਸਟੀਕ

# ਗੁਰਬਾਣੀ ਅਰਥ-ਭੰਡਾਰ

## ਪੋਥੀ ਦੂਸਰੀ

[ਅੰਗ ੫੩ ਤੋਂ ੧੫੦ ਤੱਕ]


*ਟੀਕਾਕਾਰ :*

**ਬਾਬਾ ਹਰੀ ਸਿੰਘ 'ਰੰਧਾਵੇ ਵਾਲੇ'**

ਸੰਪ੍ਰਦਾ ਦਮਦਮੀ ਟਕਸਾਲ



*ਪ੍ਰਕਾਸ਼ਕ :*

**ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:)**

ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ

ਮੋਬਾਈਲ : 98158-35035, 98551-03132, 99149-36036

GURBANI ARTH BHANDAR – Vol. II
[An annotation of the Sikh Scripture]
*by*
BABA HARI SINGH 'RANDHAWE WALE'

*Published by*
**KHALSA CHARITABLE TRUST (REGD.)**
**GURMAT VIDYALA, JATHA RANDHAWA**
CHANDIGARH ROAD, NEAR GURDWARA JYOTI SAROOP,
DISTT. FATEHGARH SAHIB, PUNJAB (INDIA)
MOBILE : 98158-35035, 98551-03132, 99149-36036

© ਟੀਕਾਕਾਰ

*ਜਿਸ ਤਰ੍ਹਾਂ ਦਸ ਗੁਰੂ ਸਾਹਿਬਾਨਾਂ ਨੇ ਗੁਰਬਾਣੀ ਦਾ ਸਤਿਕਾਰ ਕਰਨਾ, ਸ਼ੁਧ ਪੜ੍ਹਨਾ, ਵਿਚਾਰਨਾ ਤੇ ਮੰਨਣ ਕਰਨਾ ਦੱਸਿਆ ਹੈ, ਉਸੇ ਉਪਦੇਸ਼ ਨੂੰ ਮੁਖ ਰੱਖਦਿਆਂ ਸਾਨੂੰ ਗੁਰਬਾਣੀ ਦੀਆਂ ਪੋਥੀਆਂ ਦਾ ਵੱਧ ਤੋਂ ਵੱਧ ਅਦਬ ਕਰਨਾ ਚਾਹੀਦਾ ਹੈ, ਨੰਗੇ ਸਿਰ, ਜੋੜੇ ਪਾ ਕੇ ਜਾਂ ਜੂਠੇ ਹੱਥਾਂ ਨਾਲ ਪੋਥੀਆਂ ਪੜ੍ਹਨੀਆਂ ਨਹੀਂ ਚਾਹੀਦੀਆਂ। ਜੇਕਰ ਘਰ ਦੇ ਵਿਚ ਗੁਰਬਾਣੀ ਦੀਆਂ ਪੋਥੀਆਂ ਦਾ ਸਤਿਕਾਰ ਨਾ ਹੋ ਸਕੇ ਤਾਂ ਗੁਰੂ ਘਰ ਜਾਂ ਕਿਸੇ ਰਹਿਤ ਬਹਿਤ, ਵਾਲੇ ਗੁਰਮੁਖ ਸੱਜਣ ਨੂੰ ਪੋਥੀਆਂ ਭੇਟਾ ਕਰ ਦੇਣੀਆਂ ਚਾਹੀਦੀਆਂ ਹਨ ਤੇ ਗੁਰਬਾਣੀ ਦਾ ਸਤਿਕਾਰ ਕਰਨਾ।*

ਪਹਿਲੀ ਵਾਰ ਫ਼ਰਵਰੀ ੨੦੧੬

**ਭੇਟਾ :**
***ਗੁਰਬਾਣੀ ਦਾ ਪ੍ਰੇਮ ਸਹਿਤ ਪੜ੍ਹਨਾ, ਵਿਚਾਰਨਾ ਅਤੇ ਅਦਬ ਕਰਨਾ ਹੀ ਇਸ ਸਟੀਕ ਦੀ ਭੇਟਾ ਹੈ।***

*ਪ੍ਰਕਾਸ਼ਕ :*
**ਖ਼ਾਲਸਾ ਚੈਰੀਟੇਬਲ ਟਰੱਸਟ (ਰਜਿ:)**
**ਗੁਰਮਤਿ ਵਿੱਦਿਆਲਾ, ਜੱਥਾ ਰੰਧਾਵਾ**
ਚੰਡੀਗੜ੍ਹ ਰੋਡ, ਨੇੜੇ ਗੁਰਦੁਆਰਾ ਜੋਤੀ ਸਰੂਪ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ,
ਪੰਜਾਬ (ਭਾਰਤ)

*ਪ੍ਰਿੰਟਰ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਤਤਕਰਾ ਸਟੀਕ

## ਰਾਗੁ ਸਿਰੀਰਾਗੁ


**ਮਹਲਾ ੧ ਅਸਟਪਦੀਆ**

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ੧੧
ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ੧੭
ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ੨੪
ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ੩੦
ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ੩੭
ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ੪੪
ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ੫੧
ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ੫੮
ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ੬੩
ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ੭੦
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ੭੮
ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ੮੯
ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ੯੪
ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ੯੯
ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ ੧੦੪
ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ੧੦੮
ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ੧੧੫

**ਮਹਲਾ ੩ ਅਸਟਪਦੀਆ**

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ੧੨੦
ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ੧੨੫
ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ੧੨੮
ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ੧੩੨
ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ੧੪੦
ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ੧੪੪
ਸਤਿਗੁਰਿ ਮਿਲਿਐ ਫੇਰੁ ਨ ਪਵੈ ੧੪੯
ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ੧੫੨

**ਮਹਲਾ ੫**

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ੧੫੮
ਜਾਨਉ ਨਹੀ ਭਾਵੈ ਕਵਨ ਬਾਤਾ ੧੬੬

**ਮਹਲਾ ੧**

ਜੋਗੀ ਅੰਦਰਿ ਜੋਗੀਆ ਤੂੰ ਭੋਗੀ ਅੰਦਰਿ ਭੋਗੀਆ ੧੭੬

**ਮਹਲਾ ੫**

ਪੈ ਪਾਇ ਮਨਾਈ ਸੋਇ ਜੀਉ ੧੮੯

**ਮਹਲਾ ੧**

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ੨੦੪
ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ੨੧੨

**ਮਹਲਾ ੪**

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ੨੧੮

**ਮਹਲਾ ੫**

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ੨੨੪

**ਮਹਲਾ ੪ ਛੰਤ**

ਮੁੰਧ ਇਆਣੀ ਪੇਈਅੜੈ ੨੩੧

**ਮਹਲਾ ੫ ਛੰਤ**

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ੨੩੮
ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ ੨੫੧

**ਮਹਲਾ ੪ ਵਣਜਾਰਾ**

ਹਰਿ ਹਰਿ ਉਤਮੁ ਨਾਮੁ ਹੈ ੨੬੨

**ਸਿਰੀਰਾਗ ਕੀ ਵਾਰ ਮਹਲਾ ੪**

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ੨੭੪

**ਕਬੀਰ ਜੀਉ**

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ੩੫੧

**ਸਿਰੀਰਾਗੁ ਤ੍ਰਿਲੋਚਨ ਕਾ**

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ੩੫੪

**ਭਗਤ ਕਬੀਰ ਜੀਉ**

ਅਚਰਜ ਏਕੁ ਸੁਨਹੁ ਰੇ ਪੰਡੀਆ ੩੫੮

**ਭਗਤ ਬੇਣੀ ਜੀਉ**


ਰੇ ਨਰ ਗਰਭ ਕੁੰਡਲ ਜਬ ਆਛਤ ੩੬੬


**ਰਵਿਦਾਸ ਜੀਉ**


ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ੩੭੪


## ਰਾਗੁ ਮਾਝ

**ਮਹਲਾ ੪**


ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ੩੮੦
ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ੩੮੨
ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ੩੮੪
ਹਰਿ ਜਨ ਸੰਤ ਮਿਲਹੁ ਮੇਰੇ ਭਾਈ ੩੮੬
ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ੩੮੭
ਹਉ ਗੁਣ ਗੋਵਿੰਦ ਹਰਿ ਨਾਮੁ ਧਿਆਈ ੩੮੯
ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ੩੯੧


**ਮਾਝ ਮਹਲਾ ੫**


ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ੩੯੨
ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ੪੦੪
ਅਨਹਦੁ ਵਾਜੈ ਸਹਜਿ ਸੁਹੇਲਾ ੪੦੬
ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ੪੦੯
ਖੋਜਤ ਖੋਜਤ ਦਰਸਨ ਚਾਹੇ ੪੧੨
ਪਾਰਬ੍ਰਹਮ ਅਪਰੰਪਰ ਦੇਵਾ ੪੧੩
ਕਹਿਆ ਕਰਣਾ ਦਿਤਾ ਲੈਣਾ ੪੧੫
ਦੁਖੁ ਤਦੇ ਜਾ ਵਿਸਰਿ ਜਾਵੈ ੪੧੭
ਲਾਲ ਗੋਪਾਲ ਦਇਆਲ ਰੰਗੀਲੇ ੪੧੯
ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ੪੨੧
ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ੪੨੪
ਵਿਸਰੁ ਨਾਹੀ ਏਵਡ ਦਾਤੇ ੪੨੫
ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ੪੨੭
ਤੂੰ ਜਲਨਿਧਿ ਹਮ ਮੀਨ ਤੁਮਾਰੇ ੪੨੯
ਅੰਮ੍ਰਿਤ ਨਾਮੁ ਸਦਾ ਨਿਰਮਲੀਆ ੪੩੧
ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ੪੩੨
ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ੪੩੩
ਓਤਿ ਪੋਤਿ ਸੇਵਕ ਸੰਗਿ ਰਾਤਾ ੪੩੫
ਸਭ ਕਿਛੁ ਘਰ ਮਹਿ ਬਾਹਰਿ ਨਾਹੀ ੪੩੭
ਤਿਸੁ ਕੁਰਬਾਣੀ ਜਿਨਿ ਤੂੰ ਸੁਣਿਆ ੪੪੦
ਤੂੰ ਪੇਡੁ ਸਾਖ ਤੇਰੀ ਫੂਲੀ ੪੪੧
ਸਫਲੁ ਸੁ ਬਾਣੀ ਜਿਤੁ ਨਾਮੁ ਵਖਾਣੀ ੪੪੪
ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ੪੪੬
ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ੪੪੮
ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ੪੫੦
ਸੁਣਿ ਸੁਣਿ ਜੀਵਾ ਸੋਇ ਤੁਮਾਰੀ ੪੫੨
ਹੁਕਮੀ ਵਰਸਣ ਲਾਗੇ ਮੇਹਾ ੪੫੩
ਆਉ ਸਾਜਨ ਸੰਤ ਮੀਤ ਪਿਆਰੇ ੪੫੫
ਭਏ ਕ੍ਰਿਪਾਲ ਗੋਵਿੰਦ ਗੁਸਾਈ ੪੫੬
ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ੪੫੮
ਚਰਣ ਠਾਕੁਰ ਕੇ ਰਿਦੈ ਸਮਾਣੇ ੪੬੦
ਮੀਹੁ ਪਇਆ ਪਰਮੇਸਰਿ ਪਾਇਆ ੪੬੧
ਮਨੁ ਤਨੁ ਤੇਰਾ ਧਨੁ ਭੀ ਤੇਰਾ ੪੬੩
ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ੪੬੪
ਸਭੇ ਸੁਖ ਭਏ ਪ੍ਰਭ ਤੁਠੇ ੪੬੫
ਕੀਨੀ ਦਇਆ ਗੋਪਾਲ ਗੁਸਾਈ ੪੬੭
ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ੪੬੮
ਰੈਣਿ ਸੁਹਾਵੜੀ ਦਿਨਸੁ ਸੁਹੇਲਾ ੪੭੧
ਐਥੈ ਤੂੰਹੈ ਆਗੈ ਆਪੇ ੪੭੩
ਮਨੁ ਤਨੁ ਰਤਾ ਰਾਮ ਪਿਆਰੇ ੪੭੪
ਸਿਮਰਤ ਨਾਮੁ ਰਿਦੈ ਸੁਖੁ ਪਾਇਆ ੪੭੬
ਸੋਈ ਕਰਣਾ ਜਿ ਆਪਿ ਕਰਾਏ ੪੭੭
ਝੂਠਾ ਮੰਗਣੁ ਜੇ ਕੋਈ ਮਾਗੈ ੪੭੯


**ਅਸਟਪਦੀਆ ਮਹਲਾ ੧**


ਸਬਦਿ ਰੰਗਾਏ ਹੁਕਮਿ ਸਬਾਏ ੪੮੧


**ਮਹਲਾ ੩**


ਕਰਮੁ ਹੋਵੈ ਸਤਿਗੁਰੂ ਮਿਲਾਏ ੪੮੫
ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ੪੮੯
ਇਕੋ ਆਪਿ ਫਿਰੈ ਪਰਛੰਨਾ ੪੯੨
ਸਬਦਿ ਮਰੈ ਸੁ ਮੁਆ ਜਾਪੈ ੪੯੫
ਅੰਦਰਿ ਹੀਰਾ ਲਾਲੁ ਬਣਾਇਆ ੪੯੮
ਸਭ ਘਟ ਆਪੇ ਭੋਗਣਹਾਰਾ ੫੦੧
ਅੰਮ੍ਰਿਤ ਬਾਣੀ ਗੁਰ ਕੀ ਮੀਠੀ ੫੦੪
ਆਪੇ ਰੰਗੇ ਸਹਜਿ ਸੁਭਾਏ ੫੦੬
ਸਤਿਗੁਰੁ ਸੇਵਿਐ ਵਡੀ ਵਡਿਆਈ ੫੦੯
ਆਪੁ ਵੰਞਾਏ ਤਾ ਸਭ ਕਿਛੁ ਪਾਏ ੫੧੨

| | |
|---|---|
| ਤੇਰੀਆ ਖਾਣੀ ਤੇਰੀਆ ਬਾਣੀ | ੫੧੫ |
| ਐਥੈ ਸਾਚੇ ਸੁ ਆਗੈ ਸਾਚੇ | ੫੧੮ |
| ਉਤਪਤਿ ਪਰਲਉ ਸਬਦੇ ਹੋਵੈ | ੫੨੧ |
| ਸਤਿਗੁਰ ਸਾਚੀ ਸਿਖ ਸੁਣਾਈ | ੫੨੪ |
| ਅੰਮ੍ਰਿਤ ਨਾਮੁ ਮੰਨਿ ਵਸਾਏ | ੫੨੭ |
| ਅੰਮ੍ਰਿਤੁ ਵਰਸੈ ਸਹਜਿ ਸੁਭਾਏ | ੫੨੯ |
| ਸੇ ਸਚਿ ਲਾਗੇ ਜੋ ਤੁਧੁ ਭਾਏ | ੫੩੨ |
| ਵਰਨ ਰੂਪ ਵਰਤਹਿ ਸਭ ਤੇਰੇ | ੫੩੫ |
| ਨਿਰਮਲ ਸਬਦੁ ਨਿਰਮਲ ਹੈ ਬਾਣੀ | ੫੩੭ |
| ਗੋਵਿੰਦੁ ਊਜਲੁ ਊਜਲ ਹੰਸਾ | ੫੪੦ |
| ਸਚਾ ਸੇਵੀ ਸਚੁ ਸਾਲਾਹੀ | ੫੪੩ |
| ਤੇਰੇ ਭਗਤ ਸੋਹਹਿ ਸਾਚੇ ਦਰਬਾਰੇ | ੫੪੫ |
| ਆਤਮ ਰਾਮ ਪਰਗਾਸੁ ਗੁਰ ਤੇ ਹੋਵੈ | ੫੪੮ |
| ਇਸੁ ਗੁਫਾ ਮਹਿ ਅਖੁਟ ਭੰਡਾਰਾ | ੫੫੨ |
| ਗੁਰਮੁਖਿ ਮਿਲੈ ਮਿਲਾਏ ਆਪੇ | ੫੫੬ |
| ਏਕਾ ਜੋਤਿ ਜੋਤਿ ਹੈ ਸਰੀਰਾ | ੫੬੦ |
| ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ | ੫੬੫ |
| ਹਰਿ ਆਪੇ ਮੇਲੇ ਸੇਵ ਕਰਾਏ | ੫੬੯ |
| ਊਤਮ ਜਨਮੁ ਸੁਥਾਨਿ ਹੈ ਵਾਸਾ | ੫੭੩ |
| ਮਨਮੁਖ ਪੜਹਿ ਪੰਡਤਿ ਕਹਾਵਹਿ | ੫੮੦ |
| ਨਿਰਗੁਣੁ ਸਰਗੁਣੁ ਆਪੇ ਸੋਈ | ੫੮੩ |
| ਮਾਇਆ ਮੋਹੁ ਜਗਤੁ ਸਬਾਇਆ | ੫੮੬ |
| **ਮਹਲਾ ੪** | |
| ਆਦਿ ਪੁਰਖੁ ਅਪਰੰਪਰੁ ਆਪੇ | ੫੮੯ |
| **ਮਹਲਾ ੫** | |
| ਅੰਤਰਿ ਅਲਖੁ ਨ ਜਾਈ ਲਖਿਆ | ੫੯੨ |
| ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ | ੫੯੭ |
| ਪ੍ਰਭੁ ਅਬਿਨਾਸੀ ਤਾ ਕਿਆ ਕਾੜਾ | ੬੦੦ |
| ਨਿਤ ਨਿਤ ਦਯੁ ਸਮਾਲੀਐ | ੬੦੩ |
| ਹਰਿ ਜਪਿ ਜਪੇ ਮਨਿ ਧੀਰੇ | ੬੦੬ |
| **ਬਾਰਹ ਮਾਹਾ ਮਾਂਝ ਮਹਲਾ ੫** | |
| ਕਿਰਤਿ ਕਰਮ ਕੇ ਵੀਛੁੜੇ | ੬੧੦ |
| **ਮਹਲਾ ੫ ਦਿਨ ਰੈਣਿ** | |
| ਸੇਵੀ ਸਤਿਗੁਰੁ ਆਪਣਾ | ੬੬੩ |
| **ਵਾਰ ਮਾਝ ਕੀ ਮਹਲਾ ੧** | |
| ਗੁਰੁ ਦਾਤਾ ਗੁਰੁ ਹਿਵੈ ਘਰੁ | ੬੭੧ |

# ਤਤਕਰਾ ਸਾਖੀਆਂ

## ਰਾਗੁ ਸਿਰੀਰਾਗੁ


| | |
|---|---|
| ਸਾਖੀ ਖੋਟੀ ਇਸਤਰੀ ਦੀ | ੩੯ |
| ਸਾਖੀ ਮਹਾਤਮਾ ਤੇ ਕੁੱਤੀ ਦੀ ਕਾਇਆਂ ਬਦਲਣ ਦੀ | ੪੦ |
| ਸਾਖੀ ਸੰਤ ਸੁੰਦਰ ਸਿੰਘ ਜੀ | ੪੧ |
| ਸਾਖੀ ਰਾਜੇ ਤੇ ਪੰਡਿਤ ਦੀ | ੪੨ |
| ਸਾਖੀ ਭਗਤ ਪੀਪਾ ਜੀ ਦੀ | ੪੫ |
| ਸਾਖੀ ਬ੍ਰਹਮਾ ਜੀ | ੭੨ |
| ਸਾਖੀ ਬਿਆਸ ਜੀ | ੭੩ |
| ਸਾਖੀ ਰਾਜੇ ਅਤੇ ਭਾਣਾ ਮੰਨਣ ਵਾਲੇ ਵਜ਼ੀਰ ਦੀ | ੭੮ |
| ਸਾਖੀ ਤੁਲਸਾਂ ਦਾਸੀ | ੮੬ |
| ਸਾਖੀ ਪਰਮੇਸ਼ਰ 'ਤੇ ਭਰੋਸਾ ਰੱਖਣ ਵਾਲੇ ਬੱਚੇ ਦੀ | ੧੬੦ |
| ਸਾਖੀ ਮੱਥੇ ਦੇ ਕਰਮਾਂ ਤੇ ਇਕ ਪੰਡਤ ਦੀ | ੨੦੮ |
| ਸਾਖੀ ਦੋ ਸ਼ਾਹੂਕਾਰ ਭਰਵਾਂ ਦੀ | ੨੬੦ |
| ਸਾਖੀ ਸੰਤ ਮੱਘਰ ਸਿੰਘ ਜੀ ਦੀ | ੨੮੬ |
| ਸਾਖੀ ਦਸਮੇਸ਼ ਜੀ ਦੇ ਪਹਿਰਦਾਰ ਸਿੱਖਾਂ ਦੀ | ੨੮੭ |
| ਸਾਖੀ ਦਵੈਤ ਪ੍ਰਥਾਏ ਦੌਧਰ ਵਾਲੇ ਸੰਤਾਂ ਦੀ | ੨੯੨ |
| ਸਾਖੀ ਇਕ ਪਤੀਬਰਤਾ ਇਸਤਰੀ ਦੀ | ੨੯੮ |
| ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਇਕ ਜ਼ਿਮੀਂਦਾਰ ਦੀ | ੩੦੨ |
| ਸਾਖੀ ਅਦਨ ਦੇਸ਼ ਦੇ ਰਾਜੇ ਦੀ | ੩੨੬ |
| ਸਾਖੀ ਇਕ ਮੂਰਖ ਇਸਤਰੀ ਦੀ | ੩੨੭ |
| ਸਾਖੀ ਇਕ ਸੇਵਕ ਦੀ | ੩੩੭ |
| ਸਾਖੀ ਸੰਤਾਂ ਦੇ ਦਰਸ਼ਨਾਂ ਦੇ ਫਲ ਦੀ | ੩੩੮ |


## ਰਾਗੁ ਮਾਝ


| | |
|---|---|
| ਸਾਖੀ ਸੰਤ ਬਿਸ਼ਨ ਸਿੰਘ ਜੀ ਦੀ | ੪੩੫ |
| ਸਾਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ | ੪੩੮ |
| ਸਾਖੀ ਰਾਜੇ ਬਿਭੀਖਣ ਦੀ | ੪੫੦ |
| ਸਾਖੀ ਛੱਜੂ ਝਿਉਰ ਦੀ | ੪੫੧ |
| ਸਾਖੀ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ | ੪੬੭ |
| ਸਾਖੀ ਭਸਮਾਸੁਰ ਦੀ | ੪੭੯ |
| ਸਾਖੀ ਜੁਲਾਹੇ ਦੀ ਸ਼ਿਵ ਤੋਂ ਵਰ ਮੰਗਣ ਦੀ | ੪੭੯ |
| ਸਾਖੀ ਭਾਈ ਰਣਧੀਰ ਸਿੰਘ ਜੀ ਦੀ | ੫੫੪ |
| ਸਾਖੀ ਯੁਧਿਸ਼ਟਰ ਦੀ | ੫੭੪ |
| ਸਾਖੀ ਮੂਸੇ ਪੈਗ਼ੰਬਰ ਦੀ | ੫੯੫ |
| ਸਾਖੀ ਸੰਤ ਸੁੰਦਰ ਸਿੰਘ ਜੀ ਦੀ | ੬੨੮ |
| ਸਾਖੀ ਪਤੀ ਦੀ ਆਗਿਆ ਤੋਂ ਹੀਣੀ ਇਸਤਰੀ ਦੀ | ੬੩੨ |
| ਸਾਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ | ੬੩੩ |
| ਸਾਖੀ ਦਸਵੇਂ ਪਾਤਸ਼ਾਹ ਜੀ ਦੀ | ੬੩੯ |
| ਸਾਖੀ ਧ੍ਰਿਤਰਾਸ਼ਟਰ ਦੀ | ੬੪੦ |
| ਸਾਖੀ ਇਕ ਸ਼ਾਹੂਕਾਰ ਦੀ | ੬੪੨ |
| ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ | ੬੪੫ |
| ਸਾਖੀ ਸੈਦ ਖ਼ਾਂ ਦੀ | ੬੫੦ |
| ਸਾਖੀ ਸੁਖਦੇਵ ਮੁਨੀ ਦੀ | ੬੫੪ |
| ਸਾਖੀ ਸਿੰਙੀ ਰਿਸ਼ੀ ਦੀ | ੬੫੫ |
| ਸਾਖੀ ਕਰੋਧ ਦੇ ਪ੍ਰਥਾਏ ਦੀ | ੬੫੫ |
| ਸਾਖੀ ਮੋਹ ਦੇ ਪ੍ਰਥਾਏ ਵਸ਼ਿਸਟ ਮੁਨੀ ਦੀ | ੬੫੬ |
| ਸਾਖੀ ਲੋਭ ਦੇ ਪ੍ਰਥਾਇ - ਪਾਪ ਦਾ ਬਾਪ ਕੌਣ ਹੈ ? | ੬੫੬ |
| ਸਾਖੀ ਇਕ ਮਹਾਂਪੁਰਸ਼ ਦੀ | ੬੬੮ |
| ਸਾਖੀ ਇਕ ਲਾਲਚੀ ਬ੍ਰਾਹਮਣ ਦੀ | ੬੭੪ |
| ਸਾਖੀ ਇਕ ਅੰਨੇ ਪੁਰਖ ਦੀ | ੭੦੨ |
| ਕਾਬੇ ਬਾਰੇ ਵੀਚਾਰ | ੭੦੫ |
| ਸਾਖੀ ਭਾਈ ਮਰਦਾਨੇ ਜੀ ਦੀ | ੭੧੮ |
| ਸਾਖੀ ਭਾਈ ਬਿਧੀ ਚੰਦ ਜੀ ਦੀ | ੭੩੪ |
| ਸਾਖੀ ਮਹੰਤ ਜੈਤ ਰਾਮ ਜੀ ਦੀ | ੭੩੫ |
| ਸਾਖੀ ਇਕ ਰਾਜੇ ਤੇ ਮਹਾਤਮਾ ਦੀ | ੭੩੭ |
| ਸਾਖੀ ਸੁਰਾਂਕ ਰਾਜੇ ਦੀ | ੭੩੮ |
| ਸਾਖੀ ਇਕ ਨਿਰਮਲੇ ਮਹਾਤਮਾ ਦੀ | ੭੭੫ |

# ਤਤਕਰਾ ਦ੍ਰਿਸ਼ਟਾਂਤ ਅਤੇ ਕਥਾ ਦੇ ਪ੍ਰਮਾਣ

## ਰਾਗੁ ਸਿਰੀਰਾਗੁ


| | |
|---|---|
| ਚਾਰ ਪ੍ਰਕਾਰ ਦੀਆਂ ਮੁਕਤੀਆਂ | ੭੨ |
| ਦ੍ਰਿਸ਼ਟਾਂਤ ਮਾਇਆ ਦਾ | ੧੩੬ |
| ਭਗਉਤੀ ਬਾਰੇ ਵੀਚਾਰ | ੧੬੮ |
| ਨੌਂ ਪ੍ਰਕਾਰ ਦੀ ਭਗਤੀ ਅਤੇ ਭਗਤ | ੧੭੧ |
| ਚਿਤ ਦੀਆਂ ਬਿਰਤੀਆਂ | ੧੭੭ |
| ਸਵਾਂਤੀ ਬੂੰਦ ਦਾ ਦ੍ਰਿਸ਼ਟਾਂਤ | ੧੯੦ |
| ਚੰਦਰਮਾਂ ਦਾ ਅਲੰਕਾਰ | ੨੧੮ |
| ਪੰਜ ਪ੍ਰਕਾਰ ਦਾ ਭਰਮ | ੨੪੦ |
| ਤਿੰਨ ਪ੍ਰਕਾਰ ਦੇ ਸੰਸੇ | ੨੪੫ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਬਾਈ ਵਾਰਾਂ ਬਾਰੇ ਜਾਣਕਾਰੀ | ੨੭੧ |
| ਸੱਤ ਦੀਪ, ਸੱਤ ਸਾਗਰ, ਨੌਂ ਖੰਡ, ਚਾਰ ਵੇਦ ਅਤੇ ਅਠਾਰਾਂ ਪੁਰਾਣ | ੨੮੮ |
| ਤਿੰਨ ਪ੍ਰਕਾਰ ਦੇ ਸੂਰਮੇ | ੩੧੧ |
| ਭਗਤ ਬਾਣੀ ਦੀ ਵਿਆਖਿਆ ਆਰੰਭ | ੩੪੬ |
| ਅਗਿਆਨ ਦੀਆਂ ਦੋ ਸ਼ਕਤੀਆਂ | ੩੬੯ |
| ਸਿਰੀਰਾਗ ਦੀ ਬਾਣੀ ਦਾ ਵੇਰਵਾ | ੩੭੮ |


## ਰਾਗੁ ਮਾਝੁ


| | |
|---|---|
| ਰਾਗੁ ਮਾਝੁ ਆਰੰਭ | ੩੭੯ |
| ਕਥਾ ਦੇ ਸਰੋਤੇ | ੪੫੨ |
| ਦ੍ਰਿਸ਼ਟਾਂਤ ਚੌਰਾਸੀ ਲੱਖ ਜੂਨਾਂ ਦਾ | ੪੮੭ |
| ਦ੍ਰਿਸ਼ਟਾਂਤ ਪਾਣੀ ਦੇ ਭਰੇ ਘੜਿਆਂ ਦਾ | ੫੬੧ |
| ਦ੍ਰਿਸ਼ਟਾਂਤ ਕੂਕਰ ਦ੍ਰਿਸ਼ਟੀ | ੫੬੨ |
| ਦ੍ਰਿਸ਼ਟਾਂਤ ਸੋਨੇ ਦੀ ਬੇੜੀ | ੫੬੮ |
| ਸੁਖਾਂ ਦਾ ਵੇਰਵਾ | ੬੦੫ |
| ਤਿੰਨ ਪ੍ਰਕਾਰ ਦੇ ਕਰਮ | ੬੧੧ |
| ਦ੍ਰਿਸ਼ਟਾਂਤ ਨਾਲੇ ਦਾ | ੬੧੫ |
| ਪੰਜ ਪ੍ਰਕਾਰ ਦੀ ਕਿਰਪਾ | ੬੨੬ |
| ਸ਼ੌਂਕ ਅਵਸਥਾ ਵਾਲੇ ਜਗਿਆਸੂਆਂ ਦੀਆਂ ਨੌਂ ਨਿਸ਼ਾਨੀਆਂ | ੬੨੮ |
| ਤਿੰਨ ਪ੍ਰਕਾਰ ਦੇ ਮਿੱਤਰ | ੬੩੪ |
| ਤਿੰਨ ਪ੍ਰਕਾਰ ਦੀਆਂ ਇਸਤਰੀਆਂ | ੬੩੬ |
| ਚਾਰ ਪ੍ਰਕਾਰ ਦੇ ਦਰਸ਼ਨ | ੬੩੭ |
| ਤਿੰਨ ਪ੍ਰਕਾਰ ਦੇ ਰੋਗ | ੬੪੧ |
| ਦੁੱਖਾਂ ਦਾ ਵੇਰਵਾ | ੬੪੭ |
| ਪੰਜ ਨਿਵਾਜ਼ਾਂ ਦੀ ਵੀਚਾਰ | ੭੦੭ |
| ਮਾਝ ਰਾਗ ਵਿਚ ਆਏ ਸ਼ਬਦਾਂ ਦਾ ਵੇਰਵਾ | ੭੯੬ |

ਸਫ਼ਾ ੪ ਖ਼ਾਲੀ

# ਰਾਗੁ ਸਿਰੀਰਾਗੁ

[ਅੰਗ ੫੩]

## ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਕ ਦਿਨ ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਮੱਕੇ-ਮਦੀਨੇ ਦੀ ਬੜੀ ਉਪਮਾ ਸੁਣੀ ਹੈ। ਮੁਸਲਮਾਨ ਮੱਕੇ ਨੂੰ ਖ਼ੁਦਾ ਦਾ ਘਰ ਮੰਨਦੇ ਹਨ। ਮੇਰੀ ਵੀ ਇੱਛਾ ਮੱਕੇ ਦਰਸ਼ਨ ਕਰਨ ਦੀ ਹੈ। ਆਪ ਜੀ ਕਿਰਪਾ ਕਰਕੇ ਮੈਨੂੰ ਮੱਕੇ ਦਾ ਦੀਦਾਰ ਕਰਵਾਓ। ਸਤਿਗੁਰੂ ਜੀ ਕਹਿਣ ਲੱਗੇ ਕਿ ਮਰਦਾਨਿਆਂ ! ਮੱਕੇ ਜਾਣਾ ਬਹੁਤ ਹੀ ਔਖਾ ਹੈ ਕਿਉਂਕਿ ਉਥੇ ਉਹ ਹੀ ਜਾ ਸਕਦਾ ਹੈ ਜੋ ਕਲਮਾ ਪੜ੍ਹੇ, ਦੂਜਾ ਕੋਈ ਨਹੀਂ ਜਾ ਸਕਦਾ। ਮਰਦਾਨਾ ਕਹਿਣ ਲੱਗਾ ਕਿ ਮਹਾਰਾਜ ! ਬਚਪਨ ਤੋਂ ਆਪ ਜੀ ਦੀ ਸੰਗਤ ਕੀਤੀ ਹੈ। ਤਿੰਨਾਂ ਲੋਕਾਂ ਵਿਚ ਕੋਈ ਅਜਿਹੀ ਸ਼ਕਤੀ ਨਹੀਂ ਜੋ ਆਪ ਜੀ ਨੂੰ ਕਿਤੇ ਜਾਣ ਤੋਂ ਰੋਕ ਸਕੇ। ਆਪ ਕਿਰਪਾ ਕਰਕੇ ਜ਼ਰੂਰ ਹੀ ਮੱਕੇ ਦੇ ਦਰਸ਼ਨ ਕਰਵਾਓ। ਮਰਦਾਨੇ ਦੀ ਤੀਬਰ ਇੱਛਾ ਦੇਖ ਕੇ ਸਤਿਗੁਰਾਂ ਨੇ ਮੱਕੇ ਦੀ ਤਿਆਰੀ ਕੀਤੀ ਤੇ ਅਨੋਖਾ ਲਿਬਾਸ ਧਾਰਨ ਕੀਤਾ। ਨੀਲੇ ਬਸਤਰ ਪਾ ਕੇ, ਬਗਲ ਵਿਚ ਪੋਥੀ, ਹੱਥ ਵਿਚ ਸੋਟਾ, ਗਲ ਵਿਚ ਜਨੇਊ, ਮੱਥੇ 'ਤੇ ਤਿਲਕ ਲਾ ਕੇ ਇਕ ਪੈਰ ਵਿਚ ਖੜਾਂਵ ਤੇ ਇਕ ਪੈਰ ਵਿਚ ਜੋੜਾ ਪਹਿਨਿਆ ਤੇ ਬਰਮਾ ਦੇ ਇਲਾਕੇ ਵਿਚ ਵਿਚਰਦੇ-ਵਿਚਰਦੇ ਭੱਖਰ-ਸ਼ੱਖਰ ਆ ਪਹੁੰਚੇ ਜਿਥੇ ਅਨੇਕਾਂ ਦਿਸ਼ਾਂਵਾਂ ਤੋਂ ਆਏ ਹੋਏ ਮੁਸਲਮਾਨ ਹਾਜੀ ਮੱਕੇ ਜਾਣ ਲਈ ਇਕੱਠੇ ਹੋਏ ਬੈਠੇ ਸਨ। ਸਤਿਗੁਰਾਂ ਦਾ ਅਨੋਖਾ ਲਿਬਾਸ ਤੱਕ ਕੇ ਸਾਰੇ ਹੈਰਾਨ ਹੋਏ ਤੇ ਇਥੇ ਹਾਜੀਆਂ ਨਾਲ ਕਾਫ਼ੀ ਵੀਚਾਰ ਚਰਚਾ ਹੋਈ ਤੇ ਸਤਿਗੁਰਾਂ ਨੇ ਆਪਣਾ ਮਨੋਰਥ ਮੱਕੇ ਜਾਣ ਦਾ ਦੱਸਿਆ ਤਾਂ ਉਹ ਈਰਖਾ ਕਰਨ ਲੱਗੇ ਕਿ ਉਥੇ ਤਾਂ ਕੇਵਲ ਕਲਮਾ ਪੜ੍ਹਨ ਵਾਲਾ ਮੁਸਲਮਾਨ ਹੀ ਜਾ ਸਕਦਾ ਹੈ। ਸਤਿਗੁਰਾਂ ਨੇ ਵੀਚਾਰ ਚਰਚਾ ਨਾਲ ਸਾਰਿਆਂ ਨੂੰ ਨਿਰੁੱਤਰ ਕਰ ਦਿੱਤਾ। ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਸਲਾਹ ਕੀਤੀ ਕਿ ਇਨ੍ਹਾਂ ਨੂੰ ਮੱਕੇ ਨਹੀਂ ਜਾਣ ਦੇਣਾ। ਉਸ ਵਕਤ ਸਤਿਗੁਰਾਂ ਨੂੰ ਛੱਡ ਕੇ ਸਾਰੇ ਹਾਜੀ ਜਹਾਜ਼ ਚੜ੍ਹ ਗਏ ਤੇ ਸਤਿਗੁਰਾਂ ਨੂੰ ਨਾ ਚੜ੍ਹਨ ਦਿੱਤਾ ਕਿ ਤੁਸੀਂ ਕਲਮਾ ਨਹੀਂ ਪੜ੍ਹਿਆ, ਇਸ ਲਈ ਸਾਡੇ ਨਾਲ ਮੱਕੇ ਨਹੀਂ ਜਾ ਸਕਦੇ। ਸਤਿਗੁਰੂ ਮੁਸਕਰਾਉਂਦੇ ਹੋਏ ਉਥੇ ਹੀ ਬੈਠੇ ਰਹੇ ਤੇ ਬਾਅਦ ਵਿਚ ਮਰਦਾਨੇ ਨੂੰ ਕਹਿਣ ਲੱਗੇ ਕਿ ਮਰਦਾਨਿਆਂ, ਦੇਖ ਲੈ ਉਥੇ ਹਿੰਦੂਆਂ ਤੇ ਹੋਰ ਧਰਮਾਂ ਵਾਲਿਆਂ ਨੂੰ ਜਾਣ ਦੀ ਆਗਿਆ ਨਹੀਂ। ਮਰਦਾਨਾ ਕਹਿਣ ਲੱਗਾ ਕਿ ਮਹਾਰਾਜ ! ਰੁਕਾਵਟਾਂ ਦੁਨੀਆਂ ਲਈ ਹੋ ਸਕਦੀਆਂ ਹਨ। ਤੁਸੀਂ ਤਾਂ ਸ੍ਰਿਸ਼ਟੀ ਦੇ ਮਾਲਕ ਹੋ। ਤੁਹਾਨੂੰ ਕੌਣ ਰੋਕ ਸਕਦਾ ਹੈ। ਮਰਦਾਨੇ ਦੀ ਮੱਕਾ ਦੇਖਣ ਦੀ ਤੀਬਰ ਇੱਛਾ ਵੇਖ ਕੇ ਸਤਿਗੁਰੂ ਜੀ ਕਹਿਣ ਲੱਗੇ ਕਿ ਚੰਗਾ ਮਰਦਾਨਿਆਂ, ਜੇ ਤੇਰਾ ਜਾਣ ਦਾ ਵੀਚਾਰ ਪ੍ਰਪੱਕ ਹੋ ਚੁੱਕਾ ਹੈ ਤਾਂ ਕਰਤਾਰ ਤੈਨੂੰ ਮੱਕੇ ਵੀ ਲੈ ਜਾਵੇਗਾ। ਹੁਣ ਅੰਮ੍ਰਿਤ ਵੇਲਾ ਹੈ, ਰਬਾਬ ਸੁਰ ਕਰ ਤੇ ਆ ਕੁਝ ਸਮਾਂ ਉਸ ਕਰਤਾਰ ਦੇ ਗੁਣ ਗਾਉਣਾ ਕਰੀਏ। ਹਜ਼ੂਰ ਦੀ ਆਗਿਆ ਅਨੁਸਾਰ ਮਰਦਾਨੇ ਨੇ ਬੜੇ ਪ੍ਰੇਮ ਨਾਲ ਕੀਰਤਨ ਕੀਤਾ ਤੇ ਸ਼ਬਦ ਦੀ ਸਮਾਪਤੀ ਤੋਂ ਬਾਅਦ ਜਦੋਂ ਅੱਖਾਂ ਖੋਲ੍ਹੀਆਂ ਤਾਂ ਕੀ ਵੇਖਿਆ ਕਿ ਮੱਕੇ ਪੁੱਜ ਗਏ ਹਾਂ। ਮਰਦਾਨਾ ਖ਼ੁਸ਼ ਹੋ ਕੇ ਸਤਿਗੁਰਾਂ ਦੇ ਚਰਨਾਂ 'ਤੇ ਢਹਿ ਪਿਆ। ਸਤਿਗੁਰੂ ਜੀ ਕਹਿਣ ਲੱਗੇ ਕਿ ਮਰਦਾਨਿਆਂ ! ਹੁਣ ਆਪਣੀ ਮਰਜ਼ੀ ਅਨੁਸਾਰ ਰੱਜ-ਰੱਜ ਕੇ ਮੱਕੇ ਦੇ ਦੀਦਾਰ ਕਰ ਲੈ। ਤੂੰ ਮੁਸਲਮਾਨ ਹੈਂ ਤੇ ਅੰਦਰ ਜਾ ਸਕਦਾ ਹੈਂ। ਪਰ ਅੰਦਰ ਜਾਣ ਤੋਂ ਪਹਿਲਾਂ ਇਹ ਅੱਖਾਂ 'ਤੇ ਪੱਟੀ ਬੰਨ੍ਹ ਦਿੰਦੇ

ਹਨ (***ਨੋਟ :*** ਪੁਰਾਣੇ ਸਮੇਂ ਅੱਖਾਂ ਬੰਨ੍ਹ ਕੇ ਜ਼ਿਆਰਤ ਕਰਵਾਈ ਜਾਂਦੀ ਸੀ)। ਮਰਦਾਨਾ ਕਹਿਣ ਲੱਗਾ ਕਿ ਮਹਾਰਾਜ ! ਜੇ ਤੁਹਾਡੇ ਨਾਲ ਆ ਕੇ ਵੀ ਅੱਖਾਂ 'ਤੇ ਪੱਟੀ ਬੰਨ੍ਹ ਕੇ ਗਿਆ ਤਾਂ ਫਿਰ ਮੇਰੀ ਇੱਛਾ ਅਧੂਰੀ ਰਹਿ ਜਾਵੇਗੀ। ਅੱਖਾਂ ਬੰਨ੍ਹ ਕੇ ਮੈਂ ਕੀ ਵੇਖਾਂਗਾ ? ਸਤਿਗੁਰੂ ਜੀ ਨੇ ਬਚਨ ਕੀਤਾ ਕਿ ਚੰਗਾ ਜਾਹ ! ਜਾ ਕੇ ਚੰਗੀ ਤਰ੍ਹਾਂ ਦਰਸ਼ਨ ਕਰ ਆ। ਤੂੰ ਸਾਰਿਆਂ ਨੂੰ ਵੇਖੇਂਗਾ ਪਰ ਤੈਨੂੰ ਕੋਈ ਨਹੀਂ ਵੇਖ ਸਕੇਗਾ। ਸਾਰੇ ਅੰਨ੍ਹੇ ਹੋ ਜਾਣਗੇ। ਆਗਿਆ ਮੰਨ ਕੇ ਮਰਦਾਨਾ ਬੇ-ਰੋਕ ਅੰਦਰ ਚਲਾ ਗਿਆ ਤੇ ਜਾ ਕੇ ਵੇਖਦਾ ਹੈ ਕਿ ਉਥੇ ਇਕ ਸ਼ਿਵਲਿੰਗ ਹੈ। ਉਥੇ ਪਾਣੀ ਚੜ੍ਹਾ ਕੇ ਫਿਰ ਉਸ ਪਾਣੀ ਦਾ ਚੂਲ੍ਹਾ ਲੈ ਕੇ ਹੱਜ ਖੋਲ੍ਹਦੇ ਹਨ ਤੇ ਇਸ ਪਾਣੀ ਨੂੰ ਆਬੇ-ਹਯਾਤ (ਅੰਮ੍ਰਿਤ) ਕਹਿੰਦੇ ਹਨ। ਇਸ ਪ੍ਰਕਾਰ ਦੀ ਬੁੱਤ-ਪ੍ਰਸਤੀ ਵੇਖ ਕੇ ਮਰਦਾਨਾ ਹੈਰਾਨ ਤੇ ਸ਼ਰਮਿੰਦਾ ਹੋ ਕੇ ਵਾਪਸ ਆਇਆ ਤੇ ਕਹਿਣ ਲੱਗਾ ਕਿ ਮਹਾਰਾਜ ! ਇਹ ਬੁੱਤ-ਪ੍ਰਸਤੀ ਦਾ ਖੰਡਨ ਕਰਨ ਵਾਲੇ ਆਪ ਹੀ ਬੁੱਤ-ਪ੍ਰਸਤ ਹਨ। ਆਪ ਜੀ ਵੀ ਚੱਲ ਕੇ ਦੇਖੋ। ਉਸ ਵਕਤ ਰਾਤ ਦਾ ਸਮਾਂ ਸੀ। ਸਤਿਗੁਰੂ ਮਰਦਾਨੇ ਸਮੇਤ ਕਾਬੇ ਦੇ ਅੰਦਰ ਚਲੇ ਗਏ। ਕਾਬੇ ਵੱਲ ਚਰਨ ਕਰ ਕੇ ਲੇਟ ਗਏ। ਜਦੋਂ ਸਵੇਰ ਦੇ ਸਮੇਂ ਜੀਵਨ ਨਾਮੇ ਕਾਜ਼ੀ ਝਾੜੂ ਮਾਰਨ ਆਇਆ ਤਾਂ ਗੁਰੂ ਸਾਹਿਬ ਜੀ ਨੂੰ ਕਹਿਣ ਲੱਗਾ ਕਿ ਐ ਕਾਫ਼ਿਰ ! ਖ਼ੁਦਾ ਵੱਲ ਕਿਉਂ ਪੈਰ ਕੀਤੇ ਹਨ ? ਜੈਸਾ ਕਿ :

**ਲਤਾ ਵਲਿ ਖੁਦਾਇਦੇ ਕਿਉ ਕਰਿ ਪਇਆ ਹੋਇ ਬੁਜਿਗਾਰੀ।**

*(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੨)*

ਮਹਾਰਾਜ ਕਹਿਣ ਲੱਗੇ ਕਿ ਸਾਨੂੰ ਪਤਾ ਨਹੀਂ ਕਿ ਖ਼ੁਦਾ ਦਾ ਘਰ ਕਿਧਰ ਹੈ ਤੇ ਕਿਧਰ ਨਹੀਂ। ਥੱਕੇ ਆਏ ਸਾਂ, ਜਿਥੇ ਜਗ੍ਹਾ ਮਿਲੀ ਲੇਟ ਗਏ। ਹੁਣ ਜਿਧਰ ਖ਼ੁਦਾ ਦਾ ਘਰ ਨਹੀਂ, ਉਧਰ ਸਾਡੇ ਪੈਰ ਕਰ ਦੇ। ਇਹ ਸੁਣ ਕੇ ਜੀਵਨ ਅੱਗ ਬਬੂਲਾ ਹੋ ਗਿਆ ਤੇ ਸਤਿਗੁਰਾਂ ਨੂੰ ਲੱਤਾਂ ਤੋਂ ਫੜ ਕੇ ਘਸੀਟਣ ਲੱਗਾ। ਇਸ ਦ੍ਰਿਸ਼ ਨੂੰ ਭਾਈ ਗੁਰਦਾਸ ਜੀ ਨੇ ਇਉਂ ਲਿਖਿਆ ਹੈ :

**ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ।**

*(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੨)*

ਮਹਾਰਾਜ ਦੇ ਚਰਨ ਜਿਧਰ ਨੂੰ ਵੀ ਜਾਣ, ਮੱਕਾ ਵੀ ਨਾਲ ਹੀ ਫਿਰੇ, ਜਿਵੇਂ ਜਹਾਜ਼ ਪਾਣੀ ਵਿਚ ਤੁਰਿਆ ਫਿਰਦਾ ਹੁੰਦਾ ਹੈ। ਇਤਨੀ ਵੱਡੀ ਅਜ਼ਮਤ ਦੇਖ ਕੇ ਸਾਰੇ ਕਾਜ਼ੀ, ਮੁਲਾਣੇ ਹੈਰਾਨ ਹੋ ਗਏ ਤੇ ਖ਼ੁਦਾ ਜਾਣ ਕੇ ਸਿਜਦੇ ਕਰਨ ਲੱਗੇ। ਅੱਜ ਤੱਕ ਮੱਕੇ ਦੇ ਮਨਿਆਰੇ ਜਿਧਰ ਸਤਿਗੁਰਾਂ ਦੇ ਚਰਨ ਸਨ, ਉਹ ਛੱਤ ਹੇਠਲੇ ਪਾਸੇ ਨੂੰ ਝੁਕੀ ਹੋਈ ਦੱਸੀਦੀ ਹੈ। ਸਾਰਿਆਂ ਨੇ ਸਤਿਗੁਰਾਂ ਦੇ ਚਰਨਾਂ ਵਿਚ ਬੈਠ ਕੇ ਫਿਰ ਚਰਚਾ ਕੀਤੀ। ਚਰਚਾ ਬਾਬਤ ਵੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

**ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।**
**ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।**
**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?**
**ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।** *(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੩)*

ਸਤਿਗੁਰਾਂ ਨੇ ਸਾਰਿਆਂ ਦੀ ਤਸੱਲੀ ਕਰਵਾ ਦਿੱਤੀ। ਫਿਰ ਪਰਮੇਸ਼ਰ ਦੀ ਹੋਂਦ ਬਾਬਤ ਪੁੱਛਣ ਲੱਗੇ ਕਿ ਪਰਮੇਸ਼ਰ ਕੈਸਾ ਹੈ ? ਉਸ ਦੇ ਰਹਿਣ ਦਾ ਥਾਂ ਕਿੱਡਾ ਕੁ ਵੱਡਾ ਹੈ ? ਉਸ ਦੇ ਨਾਂ ਕਿਤਨੇ ਹਨ ? ਉਸ ਨੂੰ ਪ੍ਰਾਪਤ ਕਿਵੇਂ ਕਰ ਸਕੀਦਾ ਹੈ ? ਇਹ ਪ੍ਰਸ਼ਨ ਸੁਣ ਕੇ ਸਤਿਗੁਰਾਂ ਨੇ ਮੱਕੇ ਵਿਚ ਬੈਠ ਕੇ ਸਿਰੀ ਰਾਗ ਅੰਦਰ ਇਹ ਸ਼ਬਦ ਅੱਠ ਪਦਿਆਂ ਵਾਲਾ ਰਾਗੁ ਦੇ ਪਹਿਲੇ ਸੁਰਤਾਲ ਵਿਚ ਪਹਿਲਾਂ ਮੰਗਲ ਕਰਦਿਆਂ ਸ਼ਬਦ ਉਚਾਰਨ ਕੀਤਾ :

੧ = ਅਦੁੱਤੀ, ੴ = ਸਭ ਦਾ ਪ੍ਰਕਾਸ਼ਕ ਰੂਪ ਹੈ, ਸਤਿ = ਨਾਸ ਤੋਂ ਰਹਿਤ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ **ਵਾ:** ਸਤਿਗੁਰਾਂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ।

# ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ ॥[੧]

ਮਹਲਾ ੧ = ਪਹਿਲੇ ਸਰੂਪ ਗੁਰੂ ਨਾਨਕ ਦੇਵ ਜੀ ਘਰੁ ੧ = ਰਾਗ ਦੇ ਪਹਿਲੇ ਸੁਰਤਾਲ ਵਿਚ ਅਸਟਪਦੀਆ = ਅੱਠ ਪਦਿਆਂ ਵਾਲਾ ਸ਼ਬਦ ਉਚਾਰਨ ਕਰਦੇ ਹਨ। ਕਾਜ਼ੀਆਂ ਨੇ ਪ੍ਰਸ਼ਨ ਕੀਤਾ ਕਿ ਮਨ ਨੂੰ ਕਿਸ ਪ੍ਰਕਾਰ ਪਰਮੇਸ਼ਰ ਵੱਲ ਲਾਉਣਾ ਕਰੀਏ ? ਤਾਂ ਸਤਿਗੁਰੂ ਜੀ ਕਥਨ ਕਰਦੇ ਹਨ ਕਿ :

## ਆਖਿ ਆਖਿ ਮਨੁ ਵਾਵਣਾ; ਜਿਉ ਜਿਉ ਜਾਪੈ ਵਾਇ ॥

ਹੇ ਭਾਈ ! ਪਰਮੇਸ਼ਰ ਦਾ ਨਾਮ ਆਖਿ ਆਖਿ = ਵਾਰ-ਵਾਰ ਕਹਿ ਕਹਿ ਕੇ, ਪੁਨਾ-ਪੁਨਾ ਕਹਿ ਕੇ ਮਨ ਦੇ ਨਾਲ ਵਾਵਣਾ = ਉਚਾਰਨਾ ਕਰੀਏ। ਜਿਉ ਜਿਉ = ਜਿਵੇਂ ਜਿਵੇਂ ਪਰਮੇਸ਼ਰ ਦੇ ਨਾਮ ਨੂੰ ਮਨ ਵਾਇ = ਉਚਾਰਨ ਕਰਦਾ ਜਾਪੈ = ਜਾਵੇਗਾ, ਤਿਉਂ ਇਸ ਨੂੰ ਅਨੰਦ ਆਵੇਗਾ ਤੇ ਇਹ ਖ਼ੁਦਾ ਨਾਲ ਜੁੜ ਜਾਵੇਗਾ। **ਅਥਵਾ** ਉਹਨਾਂ ਨੇ ਹੋਰ ਪ੍ਰਸ਼ਨ ਕੀਤਾ ਕਿ ਮਨ ਨੂੰ ਸੂਖਮ ਕਿਵੇਂ ਕਰੀਏ ? ਤਾਂ ਫ਼ੁਰਮਾਉਂਦੇ ਹਨ ਕਿ ਆਖਿ = ਮੁਖ ਦੁਆਰਾ ਨਾਮ ਨੂੰ ਆਖਿ = ਕਹਿ ਕੇ ਭਾਵ ਜਪ ਕੇ ਮਨ ਦੁਆਰਾ ਵਾਵਣਾ = ਉਚਾਰਨ ਕਰੀਏ। ਜਿਉਂ ਜਿਉਂ ਜਪੇਗਾ ਉਸੇ ਤਰ੍ਹਾਂ ਮਨ ਵਾਇ = ਗਾਉਣਾ ਕਰੇਗਾ ਤੇ ਫਿਰ ਇਸ ਨੂੰ ਨਾਮ ਵਿੱਚੋਂ ਰਸ ਆਵੇਗਾ **ਅਥਵਾ** ਪਰਮੇਸ਼ਰ ਦੇ ਨਾਮ ਨੂੰ ਆਖ ਆਖ ਕੇ ਮਨ ਨੂੰ ਵਿਸ਼ਿਆਂ ਵੱਲੋਂ ਵਰਜਣਾ ਕਰੀਏ ਅਤੇ ਪਦਾਰਥਾਂ ਦੀ ਵਾਸ਼ਨਾ ਵੱਲੋਂ ਰੋਕਣਾ ਕਰੀਏ। ਜਿਉਂ ਜਿਉਂ ਇਹ ਮਨ ਦੁਆਰਾ ਨਾਮ ਜਪੇਗਾ, ਮਨ ਵਿਸ਼ਿਆਂ ਵੱਲੋਂ ਵਾਇ = ਵਰਜਿਆ ਜਾਵੇਗਾ **ਅਥਵਾ** ਪਰਮੇਸ਼ਰ ਦੇ ਨਾਮ ਨੂੰ ਕਹਿ ਕਹਿ ਕੇ ਮਨ ਦੇ ਹੰਕਾਰ ਨੂੰ ਵਾਵਣਾ = ਗਵਾਉਣਾ ਕਰੀਏ। ਜਿਉਂ ਜਿਉਂ ਇਹ ਨਾਮ ਦੁਆਰਾ ਹੰਕਾਰ ਨੂੰ ਵਾਇ = ਗੁਆਉਂਦਾ ਜਾਪੈ = ਜਾਵੇਗਾ, ਤਿਉਂ ਤਿਉਂ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਜਾਵੇਗੀ। ਫਿਰ ਕਾਜ਼ੀਆਂ ਨੇ ਅਗਲਾ ਪ੍ਰਸ਼ਨ ਕੀਤਾ।

***ਪ੍ਰਸ਼ਨ*** *: ਹੇ ਪੀਰ ਜੀ ! ਉਹ ਪਰਮੇਸ਼ਰ ਕਿਤਨਾ ਕੁ ਵੱਡਾ ਤੇ ਕਿਸ ਥਾਂ ਰਹਿੰਦਾ ਹੈ ?*
***ਗੁਰ ਉੱਤਰ :***

## ਜਿਸਨੋ ਵਾਇ ਸੁਣਾਈਐ; ਸੋ ਕੇਵਡੁ ਕਿਤੁ ਥਾਇ ॥

ਜਿਸ ਪਰਮੇਸ਼ਰ ਨੂੰ ਵਾਇ = ਉਚਾਰ ਕੇ **ਵਾ**: ਮਨ ਨੂੰ ਵਰਜ ਕੇ, ਮਨ ਦਾ ਮਾਣ ਗਵਾ ਕੇ ਸੁਣਾਉਣਾ ਹੈ, ਉਸ ਨੂੰ ਕੇਵਡੁ = ਕਿਤਨਾ ਕੁ ਵੱਡਾ ਕਥਨ ਕਰੀਏ, ਉਹ ਕਥਨ ਵਿਚ ਨਹੀਂ ਆ ਸਕਦਾ। ਕੋਈ ਉਸ ਨੂੰ ਮਿਣ ਨਹੀਂ ਸਕਦਾ ਕਿ ਉਸ ਦਾ ਆਕਾਰ ਕਿਤਨਾ ਵੱਡਾ ਹੈ, ਫਿਰ ਉਸ ਦੇ ਰਹਿਣ ਦੀ ਕਿਤੁ ਥਾਇ = ਕਿਹੜੀ ਥਾਂ ਕਥਨ ਕਰੀਏ, ਉਹ ਤਾਂ ਸਾਰੇ ਹੀ ਥਾਵਾਂ 'ਤੇ ਵਿਆਪਕ ਹੈ।

---

੧. ਚਉਪਦੇ ਵਾਂਗ ਅਸ਼ਟਪਦੀ ਵੀ ਪਦ ਸਮੂਹ ਦਾ ਨਾਂ ਹੈ, ਇਹ ਕੋਈ ਛੰਦ ਭੇਦ ਨਹੀਂ ਹੈ। ਇਸ ਨੂੰ ਚਉਪਦੇ ਵਾਂਗ ਕਾਵਿ ਰਚਨਾ ਦੀ ਰੀਤੀ ਦੀ ਚਾਲ ਦਾ ਭੇਦ ਕਿਹਾ ਜਾ ਸਕਦਾ ਹੈ। ਆਮ ਕਰਕੇ ਜਿਸ ਪਦ-ਸਮੂਹ ਵਿਚ ਅੱਠ ਪਦੇ/ਪਦੀਆਂ ਸੰਕਲਿਤ ਹੋਣ, ਉਸ ਨੂੰ ਅਸ਼ਟਪਦੀ ਕਿਹਾ ਜਾਂਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਸੱਤ ਤੋਂ ਲੈ ਕੇ ਬਾਰ੍ਹਾਂ ਪਦਿਆਂ/ਪਦੀਆਂ ਦੇ ਸਮੂਹ ਨੂੰ ਵੀ ਅਸ਼ਟਪਦੀ ਸਿਰਲੇਖ ਅਧੀਨ ਰੱਖਿਆ ਗਿਆ ਹੈ ਕਿਉਂਕਿ ਇਸ ਪ੍ਰਕਾਰ ਦੇ ਪਦ-ਸਮੂਹਾਂ ਵਿੱਚੋਂ ਜ਼ਿਆਦਾਤਰ ਅਸ਼ਟਪਦੀਆਂ ਹਨ। ਪਦਾਂ ਤੋਂ ਭਾਵ ਹੈ ਤੁਕ-ਸਮੂਹ। ਇਸ ਨੂੰ ਬੰਦ ਵੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਇਨ੍ਹਾਂ ਪਦਿਆਂ/ਪਦੀਆਂ ਦੀ ਤੁਕ ਸੰਖਿਆ ਇਕ ਤੋਂ ਦਸ ਤਕ ਹੈ। ਹਰ ਪਹਿਲੇ ਪਦੇ (ਬੰਦ) ਤੋਂ ਬਾਅਦ ਇਕ ਜਾਂ ਦੋ ਪੰਕਤੀਆਂ ਰਹਾਉ (ਟੇਕ) ਦੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਸਾਰੀ ਅਸ਼ਟਪਦੀ ਦਾ ਕੇਂਦਰੀ-ਭਾਵ ਸੰਯੋਜਿਤ ਹੁੰਦਾ ਹੈ। ਇਨ੍ਹਾਂ ਅਸ਼ਟਪਦੀਆਂ ਵਿਚ ਕਿਤੇ ਕਿਤੇ ਚੌਪਈ, ਸਾਰ, ਉਪਮਾਨ, ਨਿਸ਼ਾਨੀ ਆਦਿ ਛੰਦਾਂ ਦੇ ਅੰਸ਼ਿਕ ਲੱਛਣਾਂ ਨੂੰ ਘਟਾਇਆ ਜਾ ਸਕਦਾ ਹੈ। ਇਨ੍ਹਾਂ ਵਿਚ ਆਮ ਕਰਕੇ ਗੁਰੂ ਸਾਹਿਬਾਨ ਦੇ ਰਹੱਸਵਾਦੀ ਅਨੁਭਵ ਅਤੇ ਦ੍ਰਿਸ਼ਟੀਕੋਣ ਦੀ ਗੰਭੀਰ ਵਿਆਖਿਆ ਹੋਈ ਹੈ।

## ਆਖਣ ਵਾਲੇ ਜੇਤੜੇ; ਸਭਿ ਆਖਿ ਰਹੇ ਲਿਵ ਲਾਇ ॥੧॥

ਉਸ ਪਰਮੇਸ਼ਰ ਦੇ ਜੱਸ ਨੂੰ ਰਿਸ਼ੀ, ਮੁਨੀ, ਪੀਰ, ਪੈਗ਼ੰਬਰ ਆਦਿ ਜੇਤੜੇ = ਜਿਤਨੇ ਵੀ ਜੀਵ ਆਖਣ = ਕਹਿਣ ਵਾਲੇ ਹਨ। ਉਹ ਸਭਿ ਪਰਮੇਸ਼ਰ ਦੇ ਜੱਸ ਨੂੰ ਆਖਿ = ਕਹਿ ਕਹਿ ਕੇ ਉਸ ਵਿਚ ਹੀ ਲਿਵ = ਬਿਰਤੀ ਲਾ ਰਹੇ ਹਨ ਤੇ ਜਿਨ੍ਹਾਂ ਦੀ ਬਿਰਤੀ ਪਰਮੇਸ਼ਰ ਨਾਲ ਜੁੜ ਗਈ ਹੈ ਤੇ ਨਾਮ ਰਸ ਦਾ ਅਨੰਦ ਆਇਆ ਹੈ, ਫਿਰ ਉਹਨਾਂ ਨੂੰ ਬੋਲਣ ਦਾ ਚੇਤਾ ਹੀ ਭੁੱਲ ਜਾਂਦਾ ਹੈ। ਉਨ੍ਹਾਂ ਨੂੰ ਪਰਮੇਸ਼ਰ ਦੇ ਨਾਮ ਦਾ ਰਸ ਹੀ ਐਸਾ ਆਇਆ ਹੈ ਕਿ ਉਹ ਬੋਲ ਕੇ ਦੱਸ ਨਹੀਂ ਸਕਦੇ ॥੧॥ ਜੈਸਾ ਕਿ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥** *(ਗਉੜੀ ਕਬੀਰ ਜੀ, ਅੰਗ ੩੩੪)*

ਜਿਸ ਤਰ੍ਹਾਂ ਗੂੰਗੇ ਨੂੰ ਗੁੜ ਖਵਾ ਕੇ ਉਸ ਦਾ ਸਵਾਦ ਪੁੱਛੀਏ ਤਾਂ ਉਹ ਦੱਸ ਨਹੀਂ ਸਕਦਾ, ਇਸੇ ਤਰ੍ਹਾਂ ਜਿਨ੍ਹਾਂ ਨੂੰ ਪਰਮੇਸ਼ਰ ਦੇ ਨਾਮ ਦਾ ਰਸ ਆਇਆ ਹੈ, ਉਹ ਕੁਝ ਨਹੀਂ ਕਹਿ ਸਕਦੇ। ਉਹ ਪਰਮਾਤਮਾ ਵਿਚ ਅਭੇਦ ਹੋ ਜਾਂਦੇ ਹਨ। ਇਸ ਪ੍ਰਕਾਰ ਖ਼ੁਦਾ ਅਕੱਥ ਹੈ, ਕਥਨ ਵਿਚ ਨਹੀਂ ਆਉਂਦਾ। ਫਿਰ ਕਾਜ਼ੀ ਕਹਿਣ ਲੱਗੇ ਕਿ ਪੀਰ ਜੀ ਕੁਝ ਤਾਂ ਉਸ ਦੇ ਸਰੂਪ ਬਾਰੇ ਦੱਸੋ। ਫਿਰ ਗੁਰੂ ਜੀ ਅੱਗੇ ਕਥਨ ਕਰਦੇ ਹਨ :

## ਬਾਬਾ; ਅਲਹੁ ਅਗਮ ਅਪਾਰੁ ॥

(**ਅੱਲਹੁ** ਅੱਧਕ ਸਹਿਤ ਉਚਾਰੋ)

ਬਾਬਾ = ਹੇ ਭਾਈ ! ਉਹ ਅਲਹੁ = ਲਖਣ ਤੋਂ ਰਹਿਤ ਖ਼ੁਦਾ (ਪਰਮੇਸ਼ਰ), ਅਗਮ = ਮਨ ਦੀ ਗਮਤਾ ਤੋਂ ਪਰ੍ਹੇ ਤੇ ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ। ਪਰਮੇਸ਼ਰ ਦਾ ਇਹੋ ਜਿਹਾ ਸਰੂਪ ਹੈ।

## ਪਾਕੀ ਨਾਈ ਪਾਕ ਥਾਇ; ਸਚਾ ਪਰਵਦਿਗਾਰੁ ॥੧॥ਰਹਾਉ॥

(**ਪਰਵਦਿ-ਗਾਰ** ਦਾ ਡੈਸ਼ ਲਗਾ ਕੇ ਉਚਾਰਣ ਹੈ)

ਪਰਮੇਸ਼ਰ ਦਾ ਨਾਈ = ਨਾਮ ਪਾਕੀ = ਪਵਿੱਤਰ ਹੈ ਤੇ ਉਸ ਦੀ ਪਾਕ = ਪਵਿੱਤਰਤਾ ਕਿਤੋਂ ਨਹੀਂ ਆਈ। ਉਹ ਸੁਤੇ ਹੀ ਪਵਿੱਤਰ ਹੈ **ਵਾ:** ਉਸ ਦੀ ਨਾਈ = ਮਹਿਮਾ ਵੀ ਪਾਕੀ = ਪਵਿੱਤਰ ਹੈ ਤੇ ਉਸ ਦਾ ਸਰੂਪ ਰੂਪ ਥਾਂ ਵੀ ਪਾਕ = ਪਵਿੱਤਰ ਹੈ। ਜੈਸਾ ਕਿ :

**ਕੁਰਾਨ ਕਤੇਬ ਤੇ ਪਾਕੁ ॥** *(ਅੰਗ ੮੯੭)*

ਉਹ ਪਰਮਾਤਮਾ ਸਚਾ = ਨਾਸ ਤੋਂ ਰਹਿਤ ਤੇ ਪਰਵਦਿਗਾਰੁ = ਸਾਰਿਆਂ ਦੀ ਪਾਲਣਾ ਕਰਨ ਵਾਲਾ ਹੈ **ਅਥਵਾ** ਜੋ ਸਾਰਿਆਂ ਦੀ ਪਾਲਣਾ ਕਰਨ ਵਾਲਾ ਸੱਚਾ ਪਰਮੇਸ਼ਰ ਹੈ, ਉਸ ਦੇ ਸੱਚੇ ਨਾਮ ਨੂੰ ਜਿਨ੍ਹਾਂ ਨੇ ਉਚਾਰਿਆ ਹੈ, ਉਹ ਪਾਕੀ = ਪਵਿੱਤਰ ਹੋ ਗਏ ਹਨ। ਜਿਥੇ ਬੈਠ ਕੇ ਉਚਾਰਿਆ, ਉਹ ਥਾਂ ਵੀ ਪਵਿੱਤਰ ਹੋ ਗਿਆ **ਵਾ:** ਉਨ੍ਹਾਂ ਦਾ ਹਿਰਦੇ ਰੂਪ ਥਾਂ ਪਵਿੱਤਰ ਹੋ ਗਿਆ ਹੈ ॥੧॥ਰਹਾਉ॥

## ਤੇਰਾ ਹੁਕਮੁ ਨ ਜਾਪੀ ਕੇਤੜਾ; ਲਿਖਿ ਨ ਜਾਣੈ ਕੋਇ ॥

ਹੇ ਪਰਮੇਸ਼ਰ ! ਤੇਰਾ ਹੁਕਮ ਕੇਤੜਾ = ਕਿਤਨਾ ਕੁ ਵੱਡਾ ਹੈ, ਇਹ ਕੋਈ ਨਹੀਂ ਜਾਪੀ = ਜਾਣ ਸਕਦਾ। ਜੈਸਾ ਕਿ :

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥** *(ਜਪੁ ਜੀ ਸਾਹਿਬ, ਅੰਗ ੧)*

ਕਾਜ਼ੀ ਕਹਿਣ ਲੱਗੇ ਕਿ ਮਹਾਰਾਜ ! ਜੇ ਕੋਈ ਗੱਲ ਕਹੀ ਨਾ ਜਾ ਸਕਦੀ ਹੋਵੇ ਤਾਂ ਉਹ ਲਿਖ ਕੇ ਬਿਆਨ ਕੀਤੀ ਜਾ ਸਕਦੀ ਹੈ, ਇਸ ਲਈ ਪਰਮੇਸ਼ਰ ਦੇ ਹੁਕਮ ਨੂੰ ਲਿਖ ਕੇ ਦੱਸ ਦਿਓ ਤਾਂ ਕਹਿੰਦੇ ਹਨ

ਕਿ ਲਿਖ ਕੇ ਵੀ ਕੋਈ ਉਸ ਦੇ ਹੁਕਮ ਨੂੰ ਨਹੀਂ ਜਾਣ ਸਕਦਾ ਭਾਵ ਕੋਈ ਉਹਦੇ ਜੱਸ ਨੂੰ ਲਿਖਣਾ ਨਹੀਂ ਜਾਣਦਾ, ਭਾਵ ਜੇ ਸਾਰੀ ਧਰਤੀ ਦਾ ਕਾਗ਼ਜ਼ ਬਣਾ ਕੇ, ਬਨਸਪਤੀ ਦੀਆਂ ਕਲਮਾਂ ਬਣਾ ਲਈਏ, ਸੱਤਾਂ ਸਮੁੰਦਰ ਦੀ ਸਿਆਹੀ ਬਣਾ ਕੇ ਗਨੇਸ਼ ਵਰਗੇ ਲਿਖਾਰੀ ਲਿਖਣ ਲੱਗ ਜਾਣ ਜਾਂ ਪਉਣ ਦੀ ਤਰ੍ਹਾਂ ਕਲਮ ਲਿਖਣ ਬੈਠ ਜਾਵੇ ਤੇ ਸੁਰਸਤੀ ਕਥਨ ਕਰਨ ਲੱਗ ਜਾਵੇ ਤਾਂ ਵੀ ਉਸ ਦਾ ਜੱਸ ਨਹੀਂ ਲਿਖਿਆ ਜਾ ਸਕਦਾ। ਕਾਜ਼ੀ ਕਹਿਣ ਲੱਗੇ ਕਿ ਮਹਾਰਾਜ! ਕਵੀ ਲੋਕ ਤਾਂ ਪਰਮਾਤਮਾ ਦੇ ਜੱਸ ਨੂੰ ਕਹਿ ਸਕਦੇ ਹੋਣਗੇ ਕਿਉਂਕਿ ਉਹ ਵਿਦਵਾਨ ਹੁੰਦੇ ਹਨ। ਤਾਂ ਸਤਿਗੁਰ ਉੱਤਰ ਦਿੰਦੇ ਹਨ:

## ਜੇ ਸਉ ਸਾਇਰ ਮੇਲੀਅਹਿ; ਤਿਲੁ ਨ ਪੁਜਾਵਹਿ ਰੋਇ ॥

ਜੇ ਬਾਲਮੀਕ (ਜੋ ਬ੍ਰਹਮਾ ਦੇ ਅਵਤਾਰ ਮੰਨੇ ਜਾਂਦੇ ਹਨ ਤੇ ਰਾਮ ਚੰਦਰ ਜੀ ਦੇ ਆਉਣ ਤੋਂ ਦਸ ਹਜ਼ਾਰ ਸਾਲ ਪਹਿਲਾਂ ਰਾਮਾਇਣ ਲਿਖ ਦਿੱਤੀ ਸੀ) ਵਿਸ਼ਿਸ਼ਟ, ਬਿਆਸ (ਜਿਨ੍ਹਾਂ ਨੇ ੧੮ ਪੁਰਾਣ ਰਚਨਾ ਕੀਤੇ) ਵਰਗੇ ਵੱਡੇ ਵੱਡੇ ਜੋ ਸਾਇਰ = ਕਵੀ ਮੰਨੇ ਹਨ, ਜੇ ਇਹੋ ਜਿਹੇ ਸਉ = ਸੈਂਕੜੇ ਸਾਇਰ = ਕਵੀ ਮੇਲੀਅਹਿ = ਇਕੱਠੇ ਕਰ ਲਈਏ ਤਾਂ ਇਹ ਤਿਲ ਮਾਤਰ ਵੀ ਉਸ ਦੀ ਰੋਇ = ਸੋਭਾ ਨੂੰ ਨਹੀਂ ਪੁੱਜ ਸਕਣਗੇ **ਵਾ:** ਰੋਇ = ਬਾਣੀ ਦੁਆਰਾ ਕਥਨ ਕਰਦੇ ਤਿਲ ਮਾਤਰ ਵੀ ਉਸ ਦੀ ਸੋਭਾ ਨੂੰ ਨਹੀਂ ਪੁੱਜ ਸਕਦੇ **ਅਥਵਾ** ਨਿਰੰਕਾਰ ਦੇ ਸਰੂਪ ਵਿਚ ਮਾਇਆ ਤਿਲ ਮਾਤਰ ਹੈ ਤੇ ਇਹ ਵਿਦਵਾਨ ਕਵੀ ਮਾਇਆ ਦੀ ਰੋਇ = ਸੋਭਾ ਤੱਕ ਨਹੀਂ ਪਹੁੰਚ ਸਕਦੇ। ਫਿਰ ਪਰਮਾਤਮਾ ਤਾਂ ਬੜੀ ਦੂਰ ਦੀ ਗੱਲ ਹੈ **ਅਥਵਾ** ਜਦੋਂ ਪਰਮਾਤਮਾ ਦੀ ਸੋਭਾ ਤੱਕ ਤਿਲ ਮਾਤਰ ਵੀ ਨਾ ਪਹੁੰਚ ਸਕੇ ਤਾਂ ਰੋਇ = ਵੈਰਾਗਵਾਨ ਹੋ ਕੇ ਇਹ ਕਹਿੰਦੇ ਹਨ ਕਿ ਪਰਮਾਤਮਾ ਤੂੰ ਬੇਅੰਤ ਹੈਂ।

## ਕੀਮਤਿ ਕਿਨੈ ਨ ਪਾਈਆ; ਸਭਿ ਸੁਣਿ ਸੁਣਿ ਆਖਹਿ ਸੋਇ ॥੨॥

ਐਸੇ ਬੇਅੰਤ ਪਰਮੇਸ਼ਰ ਦੀ ਕਿਸੇ ਨੇ ਵੀ ਅੱਜ ਤੱਕ ਕੀਮਤ ਨਹੀਂ ਪਾਈ ਤੇ ਨਾ ਹੀ ਕੋਈ ਪਾ ਸਕੇਗਾ। ਬੇਦਾਂ, ਕਤੇਬਾਂ, ਸ਼ਾਸਤਰਾਂ ਅਤੇ ਪ੍ਰਭੂ ਪਿਆਰਿਆਂ ਕੋਲੋਂ ਸੁਣ-ਸੁਣ ਕੇ ਹੀ ਸਾਰੇ ਉਸ ਦੀ ਸੋਇ = ਸ਼ੋਭਾ ਨੂੰ ਆਖਦੇ ਹਨ ॥੨॥

## ਪੀਰ ਪੈਕਾਮਰ ਸਾਲਕ ਸਾਦਕ; ਸੁਹਦੇ ਅਉਰੁ ਸਹੀਦ ॥

ਪੀਰ = ਮੁਸਲਮਾਨਾਂ ਦੇ ਮੁਰਸ਼ਦ ਅਖਵਾਉਣ ਵਾਲੇ ਪੈਕਾਮਰ = ਪੈਗ਼ੰਬਰ, ਆਕਾਸ਼ ਤੋਂ ਭਾਵ ਖ਼ੁਦਾ ਦਾ ਪੈਗ਼ਾਮ ਸੁਨੇਹਾ ਲਿਆਉਣ ਵਾਲੇ (ਜਿਸ ਪ੍ਰਕਾਰ ਕੁਰਾਨ ਦੀ ਰਚਨਾ ਹੋਈ। ਕੁਰਾਨ = ਕੁਰ + ਆਨ, ਕੁਰ = ਬਾਣੀ ਆਨ = ਆਕਾਸ਼। ਇਕ ਲੱਖ ਚੌਵੀ ਹਜ਼ਾਰ ਪੈਗ਼ੰਬਰ ਅਤੇ ਇਕ ਹਜ਼ਾਰ ਖ਼ਲੀਫ਼ਾ ਮੰਨਿਆ ਹੈ। ਮੁਹੰਮਦ ਸਾਹਿਬ ਨੂੰ ਆਖ਼ਰੀ ਪੈਗ਼ੰਬਰ ਮੰਨਦੇ ਹਨ) ਸਾਲਕ = ਗਿਆਨਵਾਨ ਅਖਵਾਉਣ ਵਾਲੇ, ਸਾਦਕ = ਸਿਦਕ ਭਰੋਸੇ ਵਾਲੇ ਮੁਰੀਦ ਅਖਵਾਉਣ ਵਾਲੇ ਸੁਹਦੇ = ਅਲਬੇਲੇ ਫ਼ਕੀਰ, ਗ਼ਰੀਬ (ਪੋਠੋਹਾਰ ਵਿਚ ਗ਼ਰੀਬ ਨੂੰ ਸੁਹਦੇ ਕਹਿੰਦੇ ਹਨ) ਅਉਰੁ = ਅਤੇ ਸਹੀਦ = ਧਰਮ ਯੁੱਧ ਵਿਚ ਸਨਮੁਖ ਲੜ ਕੇ ਪ੍ਰਾਣ ਤਿਆਗਣ ਵਾਲੇ **ਵਾ:** ਸੁਹਦੇ = ਧਰਮ ਦੇ ਸਾਖੀ ਅਤੇ ਸਹੀਦ = ਧਰਮ ਵੀਰ।

## ਸੇਖ ਮਸਾਇਕ ਕਾਜੀ ਮੁਲਾ; ਦਰਿ ਦਰਵੇਸ ਰਸੀਦ ॥

(**ਮੁਲਾ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਸੇਖ = ਮੁਸਲਮਾਨਾਂ ਵਿਚ ਸਰਬ ਉੱਚ ਜਾਤੀ ਵਾਲੇ (ਜਿਸ ਤਰ੍ਹਾਂ ਹਿੰਦੂਆਂ ਵਿਚ ਬ੍ਰਾਹਮਣ ਉੱਚ ਜਾਤੀ ਵਾਲੇ ਮੰਨੇ ਜਾਂਦੇ ਹਨ **ਵਾ:** ਸੇਖ = ਬਜ਼ੁਰਗ **ਵਾ:** ਹਿੰਦੂਆਂ ਤੋਂ ਮੁਸਲਮਾਨ ਹੋਏ ਨੂੰ ਸੇਖ ਕਹਿੰਦੇ ਹਨ), ਮਸਾਇਕ = ਮਿਹਨਤਾਂ ਕਰਨ ਵਾਲੇ **ਵਾ:** ਮੁਸ਼ੱਕਤਾਂ ਕਰਨ ਵਾਲੇ ਫ਼ਕੀਰ ਲੋਕ। ਕਾਜ਼ੀ = ਨਿਆਂ ਕਰਨ ਵਾਲੇ, ਸ਼ਰ੍ਹਾ ਦੀ ਵਿਵਸਥਾ ਦੱਸ ਕੇ ਕਿ ਸ਼ਰ੍ਹਾ ਇਉਂ ਕਹਿੰਦੀ ਹੈ ਫ਼ਤਵੇ ਲਾਉਣ ਵਾਲੇ, ਮੁਲਾ = ਮੁਲਾਣੇ ਬੱਚਿਆਂ

ਨੂੰ ਮਦਰੱਸਿਆਂ ਵਿਚ ਪੜ੍ਹਾਉਣ ਵਾਲੇ ਜਾਂ ਮੁਰਦਿਆਂ ਨੂੰ ਦਬਾਉਣ ਵੇਲੇ ਨਾਲ ਜਾਣ ਵਾਲੇ, ਇਨ੍ਹਾਂ ਸਾਰਿਆਂ ਵਿੱਚੋਂ ਜੋ ਪਰਮੇਸ਼ਰ ਦੇ ਦਰਿ = ਦਰਵਾਜ਼ੇ ਦੇ ਦਰਵੇਸ = ਫ਼ਕੀਰ ਹਨ (ਦਰਵੇਸ਼ ਕੂਕਰ ਦੀ ਨਿਆਈਂ ਪਰਮੇਸ਼ਰ ਦੇ ਦਰ ਵਿਚ ਰਹਿੰਦਾ ਹੈ) **ਅਥਵਾ** ਜੋ ਗਿਆਨ ਰੂਪ (ਦਰ + ਅਵੇਸ) ਦਰਿ = ਦਰਵਾਜ਼ੇ ਵਿਚ ਅਵੇਸ਼ = ਪ੍ਰਵੇਸ਼ ਕਰਕੇ, ਉਸ ਦਰਵਾਜ਼ੇ ਵਿੱਚੋਂ ਲੰਘ ਕੇ ਪਰਮੇਸ਼ਰ ਦੇ ਸਰੂਪ ਰੂਪੀ ਦਰ ’ਤੇ ਰਸੀਦ = ਪਹੁੰਚ ਜਾਂਦੇ ਹਨ।

## ਬਰਕਤਿ ਤਿਨ ਕਉ ਅਗਲੀ; ਪੜਦੇ ਰਹਿਨ ਦਰੂਦ ॥੩॥

(**ਬਰਕਤਿ** ਦਾ ਉਚਾਰਣ ਪੋਲਾ ਅਤੇ **ਪੜਦੇ** ਦਾ ਉਚਾਰਣ ਭਾਰਾ ਹੈ)

ਭਾਵੇਂ ਪਰਮੇਸ਼ਰ ਨੇ ਤਿਨ = ਉਨ੍ਹਾਂ ਕਉ = ਨੂੰ ਅਗਲੀ = ਬਹੁਤੀਆਂ ਬਰਕਤਾਂ ਦਿੱਤੀਆਂ ਹਨ ਭਾਵ ਬੇਅੰਤ ਸ਼ਕਤੀਆਂ ਬਖ਼ਸ਼ੀਆਂ ਹਨ ਪਰ ਫੇਰ ਵੀ ਉਸ ਪਰਮੇਸ਼ਰ ਦਾ ਅੰਤ ਨਹੀਂ ਪਾ ਸਕਦੇ ਤੇ ਸਾਰੇ ਦਰੂਦ[੧] = ਬੇਨਤੀ ਦੇ, ਪ੍ਰਾਰਥਨਾ ਦੇ ਸ਼ਬਦ ਪੜ੍ਹਦੇ ਰਹਿਨ = ਰਹਿੰਦੇ ਹਨ **ਵਾ:** ਕਤੇਬਾਂ ਨੂੰ ਪੜ੍ਹ ਕੇ ਦਰੂਦ = ਬੇਨਤੀਆਂ ਕਰਦੇ ਰਹਿੰਦੇ ਹਨ ॥੩॥

***ਪ੍ਰਸ਼ਨ :*** *ਹੇ ਪੀਰ ਜੀ ! ਕੀ ਖ਼ੁਦਾ ਪੈਗੰਬਰਾਂ ਤੇ ਕਾਜ਼ੀ ਮੁਲਾਣਿਆਂ ਆਦਿ ਦੇ ਵੱਸ ਵਿਚ ਨਹੀਂ ਹੈ ?*
***ਗੁਰ ਉੱਤਰ :***

## ਪੁਛਿ ਨ ਸਾਜੇ, ਪੁਛਿ ਨ ਢਾਹੇ; ਪੁਛਿ ਨ ਦੇਵੈ ਲੇਇ ॥

ਹੇ ਭਾਈ! ਪਰਮੇਸ਼ਰ ਸੁਤੰਤਰ ਹੈ। ਉਹ ਕਿਸੇ ਪੀਰ, ਪੈਗ਼ੰਬਰ ਆਦਿ ਨੂੰ ਪੁੱਛ ਕੇ ਨਾ ਤਾਂ ਸੰਸਾਰ ਨੂੰ ਸਾਜੇ = ਪੈਦਾ ਕਰਦਾ ਹੈ ਅਤੇ ਨਾ ਹੀ ਪੁੱਛ ਕੇ ਸੰਸਾਰ ਨੂੰ ਢਾਹੇ = ਨਾਸ ਕਰਦਾ ਹੈ। ਨਾ ਹੀ ਪੁੱਛ ਕੇ ਕਿਸੇ ਨੂੰ ਦਾਤ ਦੇਵੈ = ਦਿੰਦਾ ਅਤੇ ਨਾ ਹੀ ਪੁੱਛ ਕੇ ਕਿਸੇ ਤੋਂ ਕੁਝ ਲੇਇ = ਲੈਂਦਾ ਹੈ।

## ਆਪਣੀ ਕੁਦਰਤਿ ਆਪੇ ਜਾਣੈ; ਆਪੇ ਕਰਣੁ ਕਰੇਇ ॥

ਉਹ ਪਰਮੇਸ਼ਰ ਆਪਣੀ ਕੁਦਰਤਿ = ਸ਼ਕਤੀ ਨੂੰ ਆਪ ਹੀ ਜਾਣਦਾ ਹੈ। ਪਰਮੇਸ਼ਰ ਆਪ ਹੀ ਸੰਸਾਰ ਰੂਪੀ ਕਾਰਜ ਦੇ ਕਰਨ ਵਾਲਾ ਕਾਰਨ ਹੈ **ਵਾ:** ਆਪ ਹੀ ਸੰਸਾਰ ਨੂੰ ਪੈਦਾ ਕਰਨ ਵਾਲੇ ਕਾਰਨਾਂ ਨੂੰ ਕਰਨ ਵਾਲਾ ਹੈ। ਆਪ ਹੀ ਕਾਰਨ ਰੂਪ ਤਿੰਨ ਗੁਣ ਪੈਦਾ ਕੀਤੇ, ਫਿਰ ਆਪ ਹੀ ਉਨ੍ਹਾਂ ਦੁਆਰਾ ਸੂਖਮ ਤੇ ਅਸਥੂਲ ਤੱਤ ਰਚ ਕੇ ਸੰਸਾਰ ਪੈਦਾ ਕੀਤਾ। ਇਉਂ ਸਾਰੇ ਕਾਰਨਾਂ ਨੂੰ ਆਪ ਹੀ ਕਰਦਾ ਹੈ।

## ਸਭਨਾ ਵੇਖੈ ਨਦਰਿ ਕਰਿ; ਜੈ ਭਾਵੈ ਤੈ ਦੇਇ ॥੪॥

ਉਹ ਪਰਮਾਤਮਾ ਸਭਨਾ = ਸਾਰਿਆਂ ਨੂੰ ਆਪਣੀ ਨਦਰਿ = ਦ੍ਰਿਸ਼ਟੀ ਕਰਿ = ਕਰਕੇ ਵੇਖੈ = ਵੇਖਦਾ ਹੈ ਪਰ ਜੈ = ਜਿਸ ਮਨੁੱਖ ਦੀ ਸ਼ਰਧਾ ਤੈ = ਉਸ ਨੂੰ ਭਾਵੈ = ਭਾ ਜਾਂਦੀ ਹੈ **ਵਾ:** ਜਿਸ ਨੂੰ ਉਸ ਦਾ ਭਾਣਾ ਭਾਵੈ = ਚੰਗਾ ਲੱਗਦਾ ਹੈ, ਉਸ ਨੂੰ ਹੀ ਉਹ ਪਰਮੇਸ਼ਰ ਬਖ਼ਸ਼ਿਸ਼ ਕਰਕੇ ਦਾਤਾਂ ਦੇਇ = ਦਿੰਦਾ ਹੈ। ਫਿਰ ਕਾਜ਼ੀ ਮੁਲਾਣੇ ਕਹਿਣ ਲੱਗੇ ਕਿ ਐ ਪੀਰ ਜੀ! ਤੁਹਾਡੇ ਬਚਨਾਂ ਅਨੁਸਾਰ ਸਾਨੂੰ ਸਮਝ ਆ ਗਈ ਹੈ ਕਿ ਪਰਮੇਸ਼ਰ ਦਾ ਅੰਤ ਕੋਈ ਵੀ ਵੱਡੇ ਤੋਂ ਵੱਡਾ ਆਪਣੇ ਆਪ ਅਖਵਾਉਣ ਵਾਲਾ ਨਹੀਂ ਪਾ ਸਕਦਾ। ਇਹ ਨਹੀਂ ਦੱਸ ਸਕਦਾ ਕਿ ਪਰਮਾਤਮਾ ਕਿਤਨਾ ਕੁ ਵੱਡਾ ਹੈ ਪਰ ਮਹਾਰਾਜ! ਉਸ ਦਾ ਕੋਈ ਥਾਂ ਨਾਮ ਤਾਂ ਦੱਸ ਦਿਉ ਜਿਥੇ ਉਹ ਰਹਿੰਦਾ ਹੈ ਅਤੇ ਉਸ ਦਾ ਨਾਮ ਕਿਤਨਾ ਕੁ ਵੱਡਾ ਹੈ ? ਤਾਂ ਸਤਿਗੁਰ ਜੀ ਨੇ ਕਿਹਾ ॥੪॥

---

੧. ਜਿਵੇਂ ਗੁਰਮਤਿ ਵਿਚ ਕੜਾਹ ਪ੍ਰਸਾਦਿ ਦੇ ਕੋਲ ਸ੍ਰੀ ਅਨੰਦੁ ਸਾਹਿਬ ਜੀ ਦਾ ਸੰਪੂਰਨ ਪਾਠ ਚਾਲ੍ਹੀ ਪਉੜੀਆਂ ਵਾਲਾ ਪੜ੍ਹਿਆ ਜਾਂਦਾ ਹੈ। ਇਸੇ ਪ੍ਰਕਾਰ ਸੁਲਤਾਨ, ਪੀਰ ਦੇ ਪੁਜਾਰੀ ਰੋਟ ਅਰਪਨ ਸਮੇਂ ਕੁਝ ਸਤੋਤ੍ਰ ਪੜ੍ਹਦੇ ਹਨ, ਉਸ ਨੂੰ ਦਰੂਦ ਕਹਿੰਦੇ ਹਨ।

## ਥਾਵਾ, ਨਾਵ ਨ ਜਾਣੀਅਹਿ; ਨਾਵਾ, ਕੇਵਡੁ ਨਾਉ ॥

ਹੇ ਭਾਈ! ਪਰਮੇਸ਼ਰ ਦੀਆਂ ਥਾਵਾਂ ਦੇ ਨਾਮ ਨਹੀਂ ਜਾਣੇ ਜਾ ਸਕਦੇ ਕਿ ਕਿੰਨੇ ਕੁ ਉਹਦੇ ਥਾਂ ਹਨ ਅਤੇ ਕਿਤਨੇ ਕੁ ਉਨ੍ਹਾਂ ਥਾਵਾਂ ਦੇ ਨਾਂ ਹਨ। ਉਹ ਤਾਂ ਹਰ ਥਾਂ ਮੌਜੂਦ ਹੈ ਅਤੇ ਨਾਵਾਂ ਵਿਚ ਕਿੱਡਾ ਵੱਡਾ ਉਸ ਦਾ ਨਾਂ ਹੈ, ਇਹ ਵੀ ਨਹੀਂ ਜਾਣਿਆ ਜਾਂਦਾ। ਉਹ ਅਨਾਮੇ ਹੈ।

## ਜਿਥੈ ਵਸੈ ਮੇਰਾ ਪਾਤਿਸਾਹੁ; ਸੋ ਕੇਵਡੁ ਹੈ ਥਾਉ ॥

ਜਿਥੇ ਮੇਰਾ ਅਕਾਲ ਪੁਰਖ ਵਾਹਿਗੁਰੂ ਵਸਦਾ ਹੈ, ਉਸ ਥਾਂ ਦਾ ਕਥਨ ਨਹੀਂ ਕੀਤਾ ਜਾ ਸਕਦਾ ਕਿ ਉਹ ਥਾਂ ਕੇਵਡੁ = ਕਿਤਨਾ ਕੁ ਵੱਡਾ ਹੈ, ਫੇਰ ਇਕ ਕਾਜ਼ੀ ਨੇ ਪ੍ਰਸ਼ਨ ਕੀਤਾ ਕਿ ਸਤਿਗੁਰੂ ਜੀ! ਜਿਥੇ ਮੇਰਾ ਖ਼ੁਦਾ ਵਸਦਾ ਹੈ, ਉਹ ਥਾਂ ਕਿਤਨਾ ਕੁ ਵੱਡਾ ਹੈ? ਆਪ ਜੀ ਕਹਿੰਦੇ ਹੋ ਕਿ ਦੱਸਿਆ ਨਹੀਂ ਜਾ ਸਕਦਾ ਪਰ ਜਿਨ੍ਹਾਂ ਦੀ ਉਥੇ ਤੱਕ ਪਹੁੰਚ ਹੈ, ਉਨ੍ਹਾਂ ਨੂੰ ਪੁੱਛ ਲੈਣਾ ਚਾਹੀਦਾ ਹੈ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ:

## ਅੰਬੜਿ ਕੋਇ ਨ ਸਕਈ; ਹਉ ਕਿਸਨੋ ਪੁਛਣਿ ਜਾਉ ॥੫॥

ਹੇ ਭਾਈ! ਉਸ ਪਰਮਾਤਮਾ ਦੇ ਸਰੂਪ ਤੱਕ ਕਿਸੇ ਦੀ ਪਹੁੰਚ ਹੀ ਨਹੀਂ ਹੈ। ਜਦ ਕੋਈ ਉਥੇ ਅੰਬੜਿ = ਪਹੁੰਚ ਹੀ ਨਹੀਂ ਸਕਈ = ਸਕਦਾ, ਤਾਂ ਹਉ = ਮੈਂ ਕਿਸ ਨੂੰ ਪੁੱਛਣ ਜਾਵਾਂ। ਉਹ ਅੰਤਰਜਾਮੀ ਅਪਰ ਅਪਾਰ ਹੈ ॥੫॥

## ਵਰਨਾ ਵਰਨ ਨ ਭਾਵਨੀ; ਜੇ ਕਿਸੈ ਵਡਾ ਕਰੇਇ ॥

ਵਰਨ ਨੂੰ ਤਾਂ ਅੱਗੇ ਹੀ ਵਰਨ ਨਹੀਂ ਭਾਉਂਦਾ ਭਾਵ ਬ੍ਰਾਹਮਣ ਨੂੰ ਬ੍ਰਾਹਮਣ ਤੇ ਖੱਤਰੀ ਨੂੰ ਖੱਤਰੀ ਨਹੀਂ ਭਾਉਂਦੇ, ਆਪੋ ਵਿਚ ਹੀ ਖਹਿ ਖਹਿ ਕੇ ਮਰਦੇ ਹਨ। ਜੇ ਇਨ੍ਹਾਂ ਵਿੱਚੋਂ ਕਿਸੇ ਨੂੰ ਵੱਡਾ ਕਰੇਇ = ਕਰ ਦੇਵੇ ਤਾਂ ਉਹ ਕੀ ਪਤਾ ਕਿੰਨਿਆਂ ਨੂੰ ਨੁਕਸਾਨ ਕਰ ਦੇਵੇ। ਉਹ ਪਰਮੇਸ਼ਰ ਬੇਅੰਤ ਹੈ। ਸਾਰੇ ਉਸ ਨੇ ਆਪਣੇ ਵਸ ਰੱਖੇ ਹੋਏ ਹਨ **ਅਥਵਾ** ਜੇ ਉਹ ਪਰਮਾਤਮਾ ਕਿਸੇ ਨੂੰ ਵੱਡਾ ਕਰ ਦੇਵੇ ਭਾਵ ਬ੍ਰਹਮ ਗਿਆਨੀ ਬਣਾ ਦੇਵੇ ਤਾਂ ਫਿਰ ਉਸ ਦੇ ਅੰਦਰ ਵਰਨਾ ਵਰਨ = ਵਰਨ-ਅਵਰਨ ਦੀ ਭਾਵਨਾ ਨਹੀਂ ਰਹਿੰਦੀ। ਸਾਰਿਆਂ ਵਿਚ ਉਸ ਵਾਹਿਗੁਰੂ ਦੀ ਜੋਤ ਵੇਖਦਾ ਹੈ **ਵਾ:** ਉਸ ਦੇ ਅੰਦਰ ਇਹ ਭਾਵਨਾ ਨਹੀਂ ਰਹਿੰਦੀ ਕਿ ਇਹ ਚੰਗਾ ਵਰਨ ਹੈ ਅਤੇ ਇਹ ਅਵਰਨ = ਮਾੜਾ ਵਰਨ ਹੈ **ਅਥਵਾ** ਜਦੋਂ ਕਿਸੇ ਨੂੰ ਪਰਮਾਤਮਾ ਬ੍ਰਹਮ ਗਿਆਨ ਦੇ ਕੇ ਵੱਡਾ ਕਰ ਦਿੰਦਾ ਹੈ ਤਾਂ ਫਿਰ ਉਸ ਦੇ ਅੰਦਰ ਵਰਨਾ ਵਰਨ (ਵਰਨ + ਅਵਰਨ) ਅਵਰਨ = ਅਗਿਆਨ ਦੇ ਪਰਦੇ ਦੀ ਭਾਵਨੀ = ਪ੍ਰਤੀਤ ਵੀ ਨਹੀਂ ਰਹਿੰਦੀ ਭਾਵ ਰੰਚਕ ਮਾਤਰ ਵੀ ਅਗਿਆਨ ਨਹੀਂ ਰਹਿੰਦਾ ਤੇ ਫਿਰ ਉਹ ਵਰਨ = ਕਥਨ ਕਰਨ ਯੋਗ ਪਰਮੇਸ਼ਰ ਵਿਚ ਅਭੇਦ ਹੋ ਜਾਂਦਾ ਹੈ।

## ਵਡੇ ਹਥਿ ਵਡਿਆਈਆ; ਜੈ ਭਾਵੈ ਤੈ ਦੇਇ ॥

ਉਸ ਵੱਡੇ ਪਰਮਾਤਮਾ ਦੇ ਹੱਥ ਵਿਚ ਸਾਰੀਆਂ ਵਡਿਆਈਆਂ ਹਨ। ਜੋ ਜੀਵ ਉਸ ਨੂੰ ਭਾ ਜਾਂਦਾ ਹੈ, ਉਸ ਨੂੰ ਪਰਮਾਤਮਾ ਬਖ਼ਸ਼ਿਸ਼ ਕਰ ਦਿੰਦਾ ਹੈ ਤੇ ਫਿਰ ਉਹ ਕੋਈ ਊਚ ਨੀਚ ਨਹੀਂ ਦੇਖਦਾ।

## ਹੁਕਮਿ ਸਵਾਰੇ ਆਪਣੈ; ਚਸਾ ਨ ਢਿਲ ਕਰੇਇ ॥੬॥

ਜਿਤਨੇ ਵੀ ਜੀਵ ਹਨ, ਉਹ ਸਾਰੇ ਹੀ ਉਸ ਪਰਮਾਤਮਾ ਨੇ ਆਪਣੇ ਹੁਕਮ ਵਿਚ ਸਵਾਰੇ = ਸਜਾਏ ਹੋਏ ਹਨ। ਕੋਈ ਵੀ ਸੁਤੰਤਰ ਨਹੀਂ ਤੇ ਜੀਵਾਂ ਦੀ ਪਾਲਣਾ ਵਿਚ ਇਕ ਚਸਾ ਮਾਤਰ ਵੀ ਉਹ ਢਿਲ = ਦੇਰੀ ਨਹੀਂ ਕਰੇਇ = ਕਰਦਾ। (ਚਸਾ = ੧੫ ਵਾਰ ਅੱਖ ਦੇ ਝਮਕਣ ਤੋਂ ਇਕ ਵਿਸਵਾ ਹੁੰਦਾ ਹੈ। ੧੫ ਵਿਸਵਿਆਂ

ਦਾ ਇਕ ਚਸਾ ਹੁੰਦਾ ਹੈ ਭਾਵ ਥੋੜ੍ਹੇ ਮਾਤਰ ਵੀ ਢਿੱਲ ਨਹੀਂ ਕਰਦਾ) **ਅਥਵਾ** ਜਿਸ ਦੇ ਅੰਤਸ਼ਕਰਨ ਨੂੰ ਆਪਣੇ ਹੁਕਮ ਵਿਚ ਸਵਾਰ ਦਿੰਦਾ ਹੈ ਭਾਵ ਅੰਤਸ਼ਕਰਨ ਨੂੰ ਮਲ ਵਿਖੇਪ, ਅਵਰਨ ਤੋਂ ਰਹਿਤ ਕਰ ਦਿੰਦਾ ਹੈ, ਫਿਰ ਉਸ ਨੂੰ ਆਪਣੇ ਸਰੂਪ ਵਿਚ ਅਭੇਦ ਕਰਨ ਲੱਗਿਆਂ ਇਕ ਚਸਾ ਮਾਤਰ ਵੀ ਢਿੱਲ ਨਹੀਂ ਕਰਦਾ ॥੬॥

## ਸਭੁ ਕੋ ਆਖੈ ਬਹੁਤੁ ਬਹੁਤੁ; ਲੈਣੈ ਕੈ ਵੀਚਾਰਿ ॥

ਸਭੁ ਕੋਈ ਉਸ ਦੇ ਜੱਸ ਨੂੰ ਬਹੁਤੇ ਤੋਂ ਬਹੁਤਾ ਆਖਦਾ ਹੈ ਪਰ ਨਿਸ਼ਕਾਮ ਹੋ ਕੇ ਉਸ ਦਾ ਜੱਸ ਕੋਈ ਨਹੀਂ ਕਰਦਾ। ਸਾਰੇ ਕੁਝ ਨਾ ਕੁਝ ਲੈਣ ਦੀ ਵੀਚਾਰ ਨੂੰ ਮਨ ਵਿਚ ਧਾਰ ਕੇ ਉਸ ਦਾ ਜੱਸ ਕਰਦੇ ਹਨ। ਕੋਈ ਪਦਾਰਥ, ਕੋਈ ਲੰਮੇਰੀ ਉਮਰ, ਕੋਈ ਮਾਣ-ਵਡਿਆਈ, ਕੋਈ ਰਿੱਧੀਆਂ-ਸਿੱਧੀਆਂ ਮੰਗਦਾ ਹੈ। ਇਸ ਤਰ੍ਹਾਂ ਸਾਰੇ ਲੈਣ ਦੀ ਵੀਚਾਰ ਵਿਚ ਹੀ ਫਸੇ ਹਨ। ਪਰ ਪਰਮਾਤਮਾ ਕਿਸੇ ਦੇ ਕਹਿਣ ਨਾਲ ਵੱਡਾ ਨਹੀਂ ਹੋ ਜਾਂਦਾ ਤੇ ਜੇ ਸਾਰੀ ਦੁਨੀਆਂ ਨਾਸਤਕ ਬਣ ਕੇ ਉਸ ਦੀ ਨਿੰਦਿਆ ਕਰਨ ਲੱਗ ਪਵੇ ਤਾਂ ਉਸ ਦਾ ਕੁਝ ਘਟ ਨਹੀਂ ਜਾਂਦਾ, ਉਹ ਇਕ-ਰਸ ਰਹਿੰਦਾ ਹੈ। ਜੈਸਾ ਕਿ :

**ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥** *(ਆਸਾ ਮ: ੧, ਅੰਗ ੯)*

## ਕੇਵਡੁ ਦਾਤਾ ਆਖੀਐ; ਦੇ ਕੈ ਰਹਿਆ ਸੁਮਾਰਿ ॥

ਉਸ ਦਾਤੇ ਅਕਾਲ ਪੁਰਖ ਨੂੰ ਕੇਵਡੁ = ਕਿੱਡਾ ਕੁ ਵੱਡਾ ਆਖੀਐ = ਕਥਨ ਕਰੀਏ, ਜੋ ਸਾਰਿਆਂ ਜੀਵਾਂ ਦੀ ਸੁਮਾਰਿ = ਗਿਣਤੀ ਕਰ ਕੈ = ਕੇ ਰੋਜ਼ੀ ਦੇ ਰਿਹਾ ਹੈ ਭਾਵ ਇਕੱਲੇ-ਇਕੱਲੇ ਜੀਵ ਦੀ ਸੰਭਾਲ ਕਰ ਰਿਹਾ ਹੈ। ਇਥੋਂ ਤੱਕ ਕਿ ਇਕ ਕੀੜੀ ਵੀ ਉਸ ਦੀ ਨਜ਼ਰ ਵਿਚ ਹੈ, ਗਿਣਤੀ ਵਿਚ ਹੈ। ਜਿਸ ਸ੍ਰਿਸ਼ਟੀ ਦਾ ਕੋਈ ਅੰਤ ਨਹੀਂ ਪਾ ਸਕਦਾ, ਇਸ ਸਾਰੀ ਸ੍ਰਿਸ਼ਟੀ ਦੀ ਗਿਣਤੀ ਨੂੰ ਪਰਮਾਤਮਾ ਜਾਣਦਾ ਹੈ, ਇਸ ਲਈ ਉਸ ਨੂੰ ਕਿਤਨਾ ਕੁ ਵੱਡਾ ਆਖੀਏ। ਜੈਸਾ ਕਿ :

**ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥**
**ਇਕਨਾ ਛਤੀਹ ਅੰਮ੍ਰਿਤ ਪਾਹਿ ॥ ਇਕਿ ਮਿਟੀਆ ਮਹਿ ਮਿਟੀਆ ਖਾਹਿ ॥**
**ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥ ਇਕਿ ਨਿਰੰਕਾਰੀ ਨਾਮ ਆਧਾਰਿ ॥**
**ਜੀਵੈ ਦਾਤਾ ਮਰੈ ਨ ਕੋਇ ॥ ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥** *(ਸਲੋਕ ਮ: ੧, ਅੰਗ ੧੪੪)*

ਉਹ ਸਾਰਿਆਂ ਨੂੰ ਰੋਜ਼ੀ ਦੇ ਕੇ ਰਹਿਆ ਸੁਮਾਰਿ = ਆਪ ਗਿਣਤੀ ਤੋਂ ਰਹਿਤ ਹੋ ਰਿਹਾ ਹੈ। ਉਸ ਦੀ ਗਿਣਤੀ ਕੋਈ ਨਹੀਂ ਕਰ ਸਕਦਾ। ਉਹ ਬੇਅੰਤ ਹੈ।

***ਪ੍ਰਸ਼ਨ :*** *ਕਾਜ਼ੀ ਕਹਿਣ ਲੱਗੇ ਕਿ ਮਹਾਰਾਜ ! ਉਹ ਸਾਰੇ ਸੰਸਾਰ ਨੂੰ ਇਕ ਦਿਨ ਵਿਚ ਕਈ-ਕਈ ਵਾਰ ਰੋਜ਼ੀ ਦੇ ਰਿਹਾ ਹੈ। ਜਿਸ ਤਰ੍ਹਾਂ ਆਪਾਂ ਕਿਸੇ ਚੀਜ਼ ਨੂੰ ਵਰਤਾਈਏ ਤਾਂ ਉਹ ਮੁੱਕ ਜਾਂਦੀ ਹੈ, ਇਥੋਂ ਤੱਕ ਕਿ ਬਾਦਸ਼ਾਹਾਂ ਦੇ ਖ਼ਜ਼ਾਨੇ ਵੀ ਖ਼ਾਲੀ ਹੋ ਜਾਂਦੇ ਹਨ। ਇਸ ਤਰ੍ਹਾਂ ਉਸ ਦਾ ਵੀ ਭੰਡਾਰਾ ਕਦੇ ਤਾਂ ਖ਼ਤਮ ਹੋ ਜਾਂਦਾ ਹੋਵੇਗਾ ?*
***ਗੁਰ ਉੱਤਰ :***

## ਨਾਨਕ ਤੋਟਿ ਨ ਆਵਈ; ਤੇਰੇ ਜੁਗਹ ਜੁਗਹ ਭੰਡਾਰ ॥੭॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਦੇ ਭੰਡਾਰ = ਖ਼ਜ਼ਾਨੇ ਵਿਚ ਕਦੇ ਵੀ ਤੋਟਿ = ਘਾਟਾ ਨ = ਨਹੀਂ ਆਵਈ = ਆਉਂਦਾ। ਤੇਰੇ = ਤਿਸ ਦੇ ਭੰਡਾਰ ਜੁਗਹ ਜੁਗਹ = ਜੁਗਾਂ ਜੁਗਾਂਤਰਾਂ ਵਿਚ ਭਰੇ ਪਏ ਹਨ ਭਾਵ ਉਹ ਸਾਰਿਆਂ ਜੁੱਗਾਂ ਵਿਚ ਸਾਰੇ ਜੀਵਾਂ ਨੂੰ ਰੋਜ਼ੀ ਦੇ ਕੇ ਪਾਲਦਾ ਹੈ ਪਰ ਉਸ ਦਾ ਖ਼ਜ਼ਾਨਾ ਮੁੱਕਣਾ ਤਾਂ ਕੀ ਹੈ, ਕਦੇ ਉਸ ਵਿਚ ਘਾਟਾ ਵੀ ਨਹੀਂ ਪਿਆ। ਉਹ ਸਰਬ ਕਲਾ ਸਮਰੱਥ ਹੈ। ਇਸ ਤਰ੍ਹਾਂ ਮੱਕੇ ਵਿਚ ਕਾਜ਼ੀਆਂ ਪ੍ਰਥਾਇ ਇਹ ਅਸ਼ਟਪਦੀ ਉਚਾਰਨ ਕੀਤੀ ॥੭॥੧॥

## ਮਹਲਾ ੧ ॥

**ਉਥਾਨਕਾ :** ਇਸ ਪਾਵਨ ਪਵਿੱਤਰ ਸ਼ਬਦ ਰਾਹੀਂ ਸਤਿਗੁਰੂ ਜੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਸਿੱਖ ਸੰਗਤਾਂ ਨੂੰ ਪਾਵਨ ਉਪਦੇਸ਼ ਬਖ਼ਸ਼ ਰਹੇ ਹਨ, ਜਿਥੇ ਕਈ ਪਰਮਾਤਮਾ ਨੂੰ ਮਿਲਣ ਦੇ ਚਾਹਵਾਨ ਸਾਧੂ-ਮਹਾਂਪੁਰਸ਼ ਇਸਤ੍ਰੀਆਂ ਵਾਲੇ ਬਸਤਰ ਪਾ ਕੇ ਆਪਣਾ ਆਪ ਸਹੁ ਸੁਹਾਗਣ ਨਾਂ ਰਖਵਾ ਕੇ ਸਤਿਗੁਰੂ ਜੀ ਕੋਲ ਆ ਜਾਂਦੇ ਤੇ ਸਤਿਗੁਰਾਂ ਨੂੰ ਤਰ੍ਹਾਂ-ਤਰ੍ਹਾਂ ਦੇ ਪ੍ਰਸ਼ਨ ਕਰਦੇ ਤੇ ਸਤਿਗੁਰੂ ਜੀ ਸਾਰਿਆਂ ਨੂੰ ਯਥਾਯੋਗ ਉੱਤਰ ਦੇ ਕਰਕੇ ਸਿੱਧੇ ਰਸਤੇ ਪਾਉਂਦੇ। ਇਕ ਦਿਨ ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਜੀ ! ਕੀ ਇਸ ਤਰ੍ਹਾਂ ਇਸਤ੍ਰੀਆਂ ਦਾ ਵੇਸ ਧਾਰਨ ਕਰਕੇ ਪਤੀ ਪਰਮੇਸ਼ਰ ਦਾ ਹਿਰਦੇ ਵਿਚ ਪ੍ਰੇਮ ਪੈਦਾ ਹੋ ਜਾਂਦਾ ਹੈ ?

***ਗੁਰ ਉੱਤਰ :***

## ਸਭੇ ਕੰਤ ਮਹੇਲੀਆ; ਸਗਲੀਆ ਕਰਹਿ ਸੀਗਾਰੁ ॥

ਜਿਵੇਂ ਇਕ ਪਾਤਸ਼ਾਹ ਰੂਪੀ ਕੰਤ = ਪਤੀ ਦੀਆਂ ਬਹੁਤ ਸਭੇ = ਸਾਰੀਆਂ ਮਹੇਲੀਆ = ਇਸਤਰੀਆਂ ਹੁੰਦੀਆਂ ਹਨ, ਜੋ ਸਾਰੀਆਂ ਪਾਤਸ਼ਾਹ ਨੂੰ ਪ੍ਰਸੰਨ ਕਰਨ ਵਾਸਤੇ ਅਨੇਕਾਂ ਪ੍ਰਕਾਰ ਦੇ ਸ਼ਿੰਗਾਰ ਕਰਦੀਆਂ ਹਨ, ਉਹ ਕੇਵਲ ਸ਼ਿੰਗਾਰ ਕਰਕੇ ਹੀ ਪਤੀ ਨੂੰ ਰਿਝਾਉਣਾ, ਪ੍ਰਸੰਨ ਕਰਨਾ ਚਾਹੁੰਦੀਆਂ ਹਨ ਪਰ ਉਨ੍ਹਾਂ ਦੇ ਹਿਰਦੇ ਵਿਚ ਪਤੀ ਪ੍ਰੇਮ ਨਹੀਂ ਹੁੰਦਾ।

**[ਅੰਗ ੫੪]**

## ਗਣਤ ਗਣਾਵਣਿ ਆਈਆ; ਸੂਹਾ ਵੇਸੁ ਵਿਕਾਰੁ ॥

ਉਹ ਤਾਂ ਕੇਵਲ ਗਿਣਤੀ ਗਣਾਉਣ ਵਾਸਤੇ ਆਈਆਂ ਹਨ ਕਿ ਅਸੀਂ ਵੀ ਪਾਤਸ਼ਾਹ ਦੀਆਂ ਇਸਤਰੀਆਂ ਹਾਂ। ਉਨ੍ਹਾਂ ਦਾ ਧਾਰਨ ਕੀਤਾ ਹੋਇਆ ਸੂਹਾ = ਲਾਲ ਰੰਗ ਦਾ ਵੇਸੁ = ਲਿਬਾਸ ਵੀ ਵਿਕਾਰ ਹੀ ਹੈ ਭਾਵ ਕਿਸੇ ਕੰਮ ਨਹੀਂ ਕਿਉਂਕਿ ਹਿਰਦਾ ਪ੍ਰੇਮ ਤੋਂ ਖ਼ਾਲੀ ਹੈ। ਸੂਹਾ ਰੰਗ ਵਿਕਾਰ ਉਤਪੰਨ ਕਰਨ ਵਾਲਾ ਹੁੰਦਾ ਹੈ। ਇਸਤ੍ਰੀਆਂ ਤਾਂ ਹੀ ਸੂਹਾ ਵੇਸ ਧਾਰਦੀਆਂ ਹਨ ਕਿ ਸਾਡੇ ਰੂਪ ਦੀ ਭੜਕ ਨੂੰ ਵੇਖ ਕੇ ਪਤੀ ਮੋਹਤ ਹੋ ਜਾਵੇ। ਉਹਨਾਂ ਦੀ ਇੱਛਾ ਕੇਵਲ ਵਿਕਾਰ ਭੋਗਣ ਦੀ ਹੁੰਦੀ ਹੈ। ਪਤੀ ਵਾਸਤੇ ਸ਼ਰਧਾ-ਭਾਵਨਾ ਹਿਰਦੇ ਅੰਦਰ ਨਹੀਂ ਹੁੰਦੀ।

## ਪਾਖੰਡਿ ਪ੍ਰੇਮੁ ਨ ਪਾਈਐ; ਖੋਟਾ ਪਾਜੁ ਖੁਆਰੁ ॥੧॥

ਇਸ ਤਰ੍ਹਾਂ ਸ਼ਿੰਗਾਰ ਕਰ ਕੇ ਜੋ ਪਤੀ ਨਾਲ ਝੂਠੇ ਪਿਆਰ ਦਾ ਦਿਖਾਵਾ ਕਰਦੀਆਂ ਹਨ, ਉਹ ਕੇਵਲ ਪਾਖੰਡ ਮਾਤਰ ਹੈ। ਐਸਾ ਪਾਖੰਡ ਕਰਨ ਵਾਲੀਆਂ ਪਤੀ ਦੇ ਪ੍ਰੇਮ ਨੂੰ ਨਹੀਂ ਪਾ ਸਕਦੀਆਂ। ਉਨ੍ਹਾਂ ਇਸਤਰੀਆਂ ਦਾ ਜੋ ਪਾਜੁ = ਦਿਖਾਵੇ ਮਾਤਰ ਸ਼ਿੰਗਾਰ ਕਰਨਾ ਹੈ, ਉਹ ਖੋਟਾ ਹੈ ਅਤੇ ਅੰਤ ਨੂੰ ਖੁਆਰੁ = ਖ਼ਰਾਬ ਕਰਨ ਵਾਲਾ ਹੈ ਕਿਉਂਕਿ ਪਾਤਸ਼ਾਹ ਦੇ ਪ੍ਰੇਮ ਨੂੰ ਉਹੀ ਇਸਤਰੀ ਪ੍ਰਾਪਤ ਕਰ ਸਕਦੀ ਹੈ ਜੋ ਆਪਣੇ ਪਤੀ ਤੇ ਪਰਮੇਸ਼ਰ ਵਾਲੀ ਭਾਵਨਾ ਰੱਖ ਕੇ ਪਾਖੰਡ ਤੋਂ ਰਹਿਤ ਹੋ ਕੇ ਸੇਵਾ ਕਰਦੀ ਹੈ ਤੇ ਉਹੀ ਪਟਰਾਣੀ ਦਾ ਦਰਜਾ ਪ੍ਰਾਪਤ ਕਰਦੀ ਹੈ ॥੧॥

### ਦੂਸਰਾ ਅਰਥ

**ਸਭੇ ਕੰਤ ਮਹੇਲੀਆ; ਸਗਲੀਆ ਕਰਹਿ ਸੀਗਾਰੁ ॥**

ਜੋ ਸੰਤ, ਭਗਤ, ਮਹਾਤਮਾ, ਫ਼ਕੀਰ ਹਨ, ਉਹ ਸਾਰੇ ਹੀ ਆਪਣੇ ਆਪ ਨੂੰ ਪਰਮਾਤਮਾ ਰੂਪੀ ਕੰਤ = ਪਤੀ ਦੀਆਂ ਮਹੇਲੀਆ = ਇਸਤ੍ਰੀਆਂ ਕਹਾਉਂਦੇ ਹਨ। ਇਹ ਸਾਰੀਆਂ ਹੀ ਇਸਤ੍ਰੀਆਂ ਜਪ ਤਪ **ਵਾ:** ਸਾਧਨਾਂ ਰੂਪੀ ਸ਼ਿੰਗਾਰਾਂ ਨੂੰ ਕਰਦੀਆਂ ਹਨ ਪਰ ਹਿਰਦੇ ਵਿਚ ਪਰਮਾਤਮਾ ਲਈ ਪਿਆਰ ਨਹੀਂ ਹੈ, ਕੇਵਲ ਦਿਖਾਵੇ ਮਾਤਰ

ਹੀ ਸਾਧਨ ਕਰਦੀਆਂ ਹਨ। ਕਈ ਵਾਰ ਇਹ ਸਾਧਨ ਲੋਕਾਂ ਨੂੰ ਭਰਮਾਉਣ ਤੱਕ ਹੀ ਸੀਮਤ ਹੋ ਜਾਂਦੇ ਹਨ। ਜਿਸ ਤਰ੍ਹਾਂ ਅੱਖਾਂ ਵਿਚ ਤੇਲ ਪਾ ਕੇ ਅੱਖਾਂ ਵਿਚ ਅੱਥਰੂ ਵੀ ਆਉਣੇ ਕਿ ਲੋਕ ਸਮਝਣ ਬਹੁਤ ਹੀ ਵੈਰਾਗੀ ਹਨ। ਜੈਸਾ ਕਿ :

**ਆਂਖਨ ਭੀਤਰਿ ਤੇਲ ਕੌ ਡਾਰ ਸੁ ਲੋਗਨ ਨੀਰੁ ਬਹਾਇ ਦਿਖਾਵੈ ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੫)*

ਇਸੇ ਪ੍ਰਕਾਰ ੮੪ ਆਸਣ ਕਰਨੇ ਸਿੱਖ ਲਏ। ਪ੍ਰਾਣਾਯਾਮ ਸਿੱਖ ਕੇ ਦਸਮ ਦੁਆਰ ਸੁਆਸ ਚੜ੍ਹਾਉਣ ਲੱਗ ਪਏ, ਜਲ ਧਾਰੇ ਕਰਨੇ, ਧੂਣੀਆਂ ਤਾਪਣੀਆਂ, ਨੰਗੇ ਭੁੱਖੇ ਰਹਿਣਾ ਆਦਿ ਦਿਖਾਵੇ ਮਾਤਰ ਸਾਧਨ ਕਰਦੀਆਂ ਹਨ ਪਰ ਵਾਹਿਗੁਰੂ ਨਾਲ ਅੰਦਰੋਂ ਪ੍ਰੇਮ ਨਹੀਂ ਹੈ।

**ਗਣਤ ਗਣਾਵਣਿ ਆਈਆ; ਸੂਹਾ ਵੇਸੁ ਵਿਕਾਰੁ ॥**

ਐਸੀਆਂ ਆਪਣੇ ਆਪ ਨੂੰ ਪਰਮਾਤਮਾ ਦੀਆਂ ਸਖੀਆਂ ਕਹਾਉਣ ਵਾਲੀਆਂ ਕੇਵਲ ਗਿਣਤੀ ਦੇ ਗਵਾਉਣ ਵਾਸਤੇ ਹੀ ਸੰਸਾਰ ਵਿਚ ਆਈਆਂ ਹਨ ਕਿ ਅਸੀਂ ਵੀ ਪਰਮਾਤਮਾ ਦੀਆਂ ਜਗਿਆਸੂ ਰੂਪੀ ਇਸਤ੍ਰੀਆਂ ਹਾਂ **ਅਥਵਾ** ਐਸੀਆਂ ਅਸੰਤ ਰੂਪੀ ਇਸਤ੍ਰੀਆਂ ਕੇਵਲ ਆਪਣੇ ਸਾਧਨਾਂ ਦੀ ਗਿਣਤੀ ਗੁਣਾਉਣ ਹੀ ਸੰਸਾਰ ਵਿਚ ਆਈਆਂ ਹਨ ਕਿ ਮੈਂ ਇਤਨੇ ਸਾਧਨ ਕੀਤੇ, ਇਤਨੇ ਸਾਲ ਭੁੱਖਾ ਰਿਹਾ, ਕੇਵਲ ਪਾਣੀ ਨਾਲ ਗੁਜ਼ਾਰਾ ਕੀਤਾ, ਇੰਨੇ ਸਾਲ ਧੂਣੀਆਂ ਤਾਪੀਆਂ, ਜਲਧਾਰੇ ਕੀਤੇ, ਇੰਨੇ ਸਾਲ ਪੁੱਠਾ ਲਮਕਦਾ ਰਿਹਾ। ਇਹ ਕੇਵਲ ਲੋਕਾਂ ਨੂੰ ਭਰਮਾਉਣ ਲਈ ਹੀ ਹੈ ਕਿ ਲੋਕੀਂ ਕਹਿਣ ਕਿ ਮਹਾਂਪੁਰਸ਼ ਬੜੇ ਪਹੁੰਚੇ ਹੋਏ ਹਨ। ਇਨ੍ਹਾਂ ਦਾ ਜੋ ਫ਼ਕੀਰੀ ਲਿਬਾਸ ਹੈ ਉਹ ਸੂਹਾ ਭਾਵ ਮਾਇਕੀ ਲਿਬਾਸ ਹੈ ਜੋ ਵਿਕਾਰੁ = ਕਿਸੇ ਕੰਮ ਆਉਣ ਵਾਲਾ ਨਹੀਂ। ਪਰਮਾਰਥ ਦੇ ਰਸਤੇ ਵਿਚ ਜਿਸ ਤਰ੍ਹਾਂ ਸੂਹਾ ਰੰਗ ਜੋ ਪਾਣੀ ਪਏ ਤੋਂ ਕਸੁੰਭੇ ਦੇ ਰੰਗ ਦੀ ਤਰ੍ਹਾਂ ਝੱਟ ਲਹਿ ਜਾਂਦਾ ਹੈ, ਇਸੇ ਤਰ੍ਹਾਂ ਇਨ੍ਹਾਂ ਨੇ ਮਾਇਆ ਕਰਕੇ ਭੇਖ ਧਾਰਨ ਕੀਤਾ ਹੋਇਆ ਹੈ। ਜਿਥੇ ਮਾਇਆ ਜਾਂ ਮਾਇਕੀ ਪਦਾਰਥ ਮਿਲ ਜਾਣ, ਉਥੇ ਸਭ ਕੁਝ ਭੁੱਲ ਜਾਂਦਾ ਹੈ ਇਹ ਜੋ ਸੂਹਾ ਮਾਇਕੀ ਲਿਬਾਸ ਹੈ, ਇਹ ਵਿਕਾਰਾਂ ਨੂੰ ਪੈਦਾ ਕਰਨ ਵਾਲਾ ਹੈ। ਲੋਕਾਂ ਵਿਚ ਤਿਆਗੀ ਅਖਵਾਉਣ ਲਈ ਘਰ-ਬਾਰ, ਪਰਿਵਾਰ ਤਾਂ ਛੱਡ ਦਿੰਦੇ ਹਨ ਪਰ ਵਿਕਾਰ ਨਹੀਂ ਛੱਡ ਸਕਦੇ ਕਿਉਂਕਿ ਉਨ੍ਹਾਂ ਨੇ ਕੇਵਲ ਦਿਖਾਵੇ ਮਾਤਰ ਤਿਆਗ ਕੀਤਾ ਹੈ। ਜੈਸਾ ਕਿ :

**ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥**
**ਵੇਸਿ ਨ ਪਾਈਐ ਮਹਾ ਦੁਖਿਆਰੀ ॥** *(ਪ੍ਰਭਾਤੀ ਮ: ੫, ਅੰਗ ੧੩੪੮)*

ਆਪਣੀ ਇਸਤ੍ਰੀ ਤਾਂ ਛੱਡ ਦਿੱਤੀ ਤੇ ਪਰਾਈਆਂ ਇਸਤ੍ਰੀਆਂ ਨੂੰ ਵਿਕਾਰ ਦ੍ਰਿਸ਼ਟੀ ਨਾਲ ਦੇਖਦਾ ਹੈ। ਇਸ ਪ੍ਰਕਾਰ ਦੇ ਲਿਬਾਸ ਧਾਰਨ ਕਰ ਕੇ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ।

**ਪਾਖੰਡਿ ਪ੍ਰੇਮੁ ਨ ਪਾਈਐ; ਖੋਟਾ ਪਾਜੁ ਖੁਆਰੁ ॥੧॥**

ਇਸੇ ਤਰ੍ਹਾਂ ਦੀਆਂ ਪਾਖੰਡ ਵਾਲੀਆਂ ਜਗਿਆਸੂ ਰੂਪ ਇਸਤਰੀਆਂ ਪਤੀ ਪਰਮੇਸ਼ਰ ਦੇ ਪ੍ਰੇਮ ਨੂੰ ਨਹੀਂ ਪ੍ਰਾਪਤ ਕਰਦੀਆਂ ਉਨ੍ਹਾਂ ਦਾ ਦਿਖਾਵੇ ਦਾ ਖੋਟਾ ਸਾਧਨਾਂ ਰੂਪ ਸ਼ਿੰਗਾਰ ਅੰਤ ਨੂੰ ਖੁਆਰੁ = ਖ਼ਰਾਬ ਕਰਨ ਵਾਲਾ ਹੈ ॥੧॥

## ਹਰਿ ਜੀਉ; ਇਉ ਪਿਰੁ ਰਾਵੈ ਨਾਰਿ ॥

ਹੇ ਹਰਿ = ਪਰਮੇਸ਼ਰ ਜੀਉ = ਜੀ ਜੇਕਰ ਆਪ ਜੀ ਦੀ ਕਿਰਪਾ ਦੁਆਰਾ ਜੀਵ ਰੂਪ ਇਸਤਰੀਆਂ ਦੇ ਹਿਰਦੇ ਵਿਚ ਸੱਚਾ ਪ੍ਰੇਮ ਪੈਦਾ ਹੋ ਜਾਵੇ ਤਾਂ ਇਉ = ਇਸ ਤਰ੍ਹਾਂ ਜੀਵ ਰੂਪ ਨਾਰਿ = ਇਸਤਰੀਆਂ ਆਪ ਜੀ ਦੇ ਮਿਲਾਪ ਦੇ ਅਨੰਦ ਨੂੰ ਰਾਵੈ = ਮਾਣ ਸਕਦੀਆਂ ਹਨ **ਅਥਵਾ** ਭਗਤੀ ਰੂਪ **ਵਾ:** ਅਭਾਸ ਬਿਰਤੀ ਰੂਪ ਇਸਤਰੀਆਂ ਸਾਖੀ ਚੇਤਨ ਰੂਪ ਪਤੀ ਜੀ ! ਆਪ ਦੇ ਅਨੰਦ ਨੂੰ ਮਾਣ ਸਕਦੀਆਂ ਹਨ।

## ਤੁਧੁ ਭਾਵਨਿ ਸੋਹਾਗਣੀ; ਅਪਣੀ ਕਿਰਪਾ ਲੈਹਿ ਸਵਾਰਿ ॥੧॥ਰਹਾਉ॥

ਜੋ ਤੁਧੁ = ਤੁਹਾਨੂੰ ਭਾਵਨਿ = ਭਾ ਜਾਣ, ਉਹੀ ਜਗਿਆਸੂ ਰੂਪ ਇਸਤਰੀਆਂ ਸੋਹਾਗਣਿ ਹਨ **ਅਥਵਾ** ਜੋ ਜਗਿਆਸੂ ਰੂਪ ਇਸਤਰੀਆਂ ਤੁਧੁ = ਤੁਹਾਡੇ ਭਾਵਨਿ = ਭਾਣੇ ਨੂੰ ਮੰਨਦੀਆਂ ਹਨ ਭਾਵ ਹੁਕਮ ਵਿਚ ਰਹਿੰਦੀਆਂ, ਉਹੀ ਸੁਹਾਗਣਾਂ ਹਨ **ਅਥਵਾ** ਜਿਨ੍ਹਾਂ ਜਗਿਆਸੂ ਰੂਪ ਇਸਤਰੀਆਂ ਦੇ ਹਿਰਦੇ ਅੰਦਰ ਆਪ ਜੀ ਪ੍ਰਤੀ ਭਾਵਨਿ = ਭਾਵਨਾ, ਪ੍ਰੇਮ ਹੈ, ਹੇ ਪਰਮੇਸ਼ਰ ! ਉਹ ਬ੍ਰਹਮਾਨੰਦ ਨੂੰ ਪ੍ਰਾਪਤ ਕਰਨ ਵਾਲੀਆਂ ਸੋਹਾਗਣਾਂ ਹਨ ਪਰ ਇਹ ਦਾਤ ਪਾਖੰਡ ਕਰਨ ਵਾਲਿਆਂ ਨੂੰ ਪ੍ਰਾਪਤ ਨਹੀਂ ਹੁੰਦੀ। ਉਹਨਾਂ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਦੀ ਸੁਰਤ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਸਵਾਰ ਲੈਂਦਾ ਹੈਂ ਭਾਵ ਜਿਨ੍ਹਾਂ ਦੇ ਹਿਰਦੇ ਵਿੱਚੋਂ ਔਗੁਣਾਂ ਨੂੰ ਕੱਢ ਕੇ ਸਤਿ ਸੰਤੋਖ ਆਦਿ ਗੁਣਾਂ ਨੂੰ ਬਖ਼ਸ਼ ਦਿੰਦਾ ਹੈਂ। ਸ੍ਰਵਣ, ਮੰਨਣ, ਨਿਧਿਆਸਣ ਅਤੇ ਤੱਤ ਤ੍ਵੰ ਪਦ ਦਾ ਸੰਸ਼ੋਧਨ ਆਦਿ ਗਿਆਨ ਦੇ ਸਾਧਨ ਬਖ਼ਸ਼ ਕੇ ਉਨ੍ਹਾਂ ਦੀ ਸੁਰਤ ਨੂੰ ਸ਼ਰਧਾ ਵਿਚ ਸਵਾਰ ਲੈਂਦਾ ਹੈਂ। ਫਿਰ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ! ਕਿਹੋ ਜਿਹਾ ਸ਼ਿੰਗਾਰ ਕਰੀਏ ਤਾਂ ਕਿ ਪਰਮੇਸ਼ਰ ਨੂੰ ਭਾ ਜਾਈਏ ॥੧॥ਰਹਾਉ॥

***ਗੁਰ ਉੱਤਰ :***

## ਗੁਰ ਸਬਦੀ ਸੀਗਾਰੀਆ; ਤਨੁ ਮਨੁ ਪਿਰ ਕੈ ਪਾਸਿ ॥

ਜਿਨ੍ਹਾਂ ਜਗਿਆਸੂ ਰੂਪੀ ਸਖੀਆਂ ਨੇ ਸਤਿਗੁਰਾਂ ਦੇ ਸ਼ਬਦ ਦੀ ਕਮਾਈ ਕੀਤੀ ਹੈ ਤੇ ਜਪ ਤਪ **ਵਾ:** ਸ਼ਰਧਾ, ਕਰੁਣਾ, ਮੈਤ੍ਰੀ, ਮੁਦਤਾ, ਆਪੇਖਯਾ ਆਦਿ ਸ਼ੁਭ ਗੁਣਾਂ ਨਾਲ ਆਪਣੇ ਹਿਰਦੇ ਨੂੰ ਸ਼ਿੰਗਾਰਨਾ ਕੀਤਾ ਹੈ ਅਤੇ ਆਪਣਾ ਤਨ ਤੇ ਮਨ ਆਪਣੇ ਪਿਰ = ਪਤੀ ਪਰਮੇਸ਼ਰ ਕੈ = ਦੇ ਪਾਸਿ = ਕੋਲ ਅਰਪ ਦਿੱਤਾ ਹੈ। ਜਿਸ ਤਰ੍ਹਾਂ ਖੋਟੀ ਇਸਤਰੀ ਆਪਣੇ ਪਤੀ ਨੂੰ ਛੱਡ ਕੇ ਹੋਰ ਪੁਰਸ਼ਾਂ ਨਾਲ ਵਿਕਾਰ ਭੋਗਦੀ ਹੈ ਪਰ ਪਤੀਬ੍ਰਤਾ ਆਪਣੇ ਪਤੀ ਨੂੰ ਪਰਮੇਸ਼ਰ ਮੰਨਦੀ ਹੈ ਤੇ ਹੋਰ ਕਿਸੇ ਵੱਲ ਵਿਕਾਰੀ ਦ੍ਰਿਸ਼ਟੀ ਨਾਲ ਦੇਖਦੀ ਵੀ ਨਹੀਂ। ਇਸੇ ਤਰ੍ਹਾਂ ਜਿਨ੍ਹਾਂ ਜਗਿਆਸੂ ਰੂਪ ਇਸਤ੍ਰੀਆਂ ਨੇ ਆਪਣਾ ਤਨ ਮਨ ਪਤੀ ਪਰਮਾਤਮਾ ਨੂੰ ਅਰਪਣ ਕੀਤਾ ਹੈ, ਉਹ ਹੋਰ ਕਿਸੇ ਦੇਵੀ ਦੇਵਤੇ ਆਦਿ ਵੱਲ ਪਤੀ ਪਰਮਾਤਮਾ ਦੀ ਭਾਵਨਾ ਨਾਲ ਨਹੀਂ ਦੇਖਦੀਆਂ।

## ਦੁਇ ਕਰ ਜੋੜਿ ਖੜੀ ਤਕੈ; ਸਚੁ ਕਹੈ ਅਰਦਾਸਿ ॥

ਜਿਸ ਤਰ੍ਹਾਂ ਜੋ ਪਤੀਬ੍ਰਤਾ ਇਸਤਰੀ ਪਤੀ ਨੂੰ ਪਰਮੇਸ਼ਰ ਮੰਨ ਕੇ ਹਰ ਵੇਲੇ ਦੁਇ = ਦੋਵੇਂ ਕਰ = ਹੱਥ ਜੋੜ ਕੇ ਪਤੀ ਦੀ ਸੇਵਾ ਵਿਚ ਖੜ੍ਹੀ ਰਹਿੰਦੀ ਹੈ ਕਿ ਪਤੀ ਮੈਨੂੰ ਆਗਿਆ ਦੇਵੇ ਤੇ ਮੈਂ ਸੇਵਾ ਕਰਾਂ। ਫਿਰ ਹਰ ਵੇਲੇ ਸਚੁ ਕਹੈ = ਸੱਚਾ ਬਚਨ ਕਹਿੰਦੀ ਹੈ, ਕਦੇ ਵੀ ਪਤੀ ਨੂੰ ਝੂਠ ਨਹੀਂ ਬੋਲਦੀ ਤੇ ਸੱਚਾ ਬਚਨ ਵੀ ਹੰਕਾਰ ਨਾਲ ਨਹੀਂ ਕਹਿੰਦੀ ਸਗੋਂ ਅਰਦਾਸਿ = ਬੇਨਤੀ ਦੀ ਭਾਵਨਾ ਧਾਰ ਕੇ ਕਹਿੰਦੀ ਹੈ। ਕਦੇ ਪਤੀ ਦੀ ਨਿਰਾਦਰੀ ਨਹੀਂ ਕਰਦੀ, ਫਿਰ ਉਹ ਪਤੀ ਨੂੰ ਭਾ ਜਾਂਦੀ ਹੈ। ਇਸੇ ਤਰ੍ਹਾਂ ਜਗਿਆਸੂ ਇਸਤਰੀ ਮਨ ਅਤੇ ਬੁੱਧ ਰੂਪੀ ਦੋਵੇਂ ਹੱਥ ਜੋੜ ਕੇ ਪਰਮੇਸ਼ਰ ਦੇ ਸਨਮੁਖ ਖੜੀ = ਸਮਾਹਿਤ ਚਿੱਤ ਸਾਵਧਾਨ ਹੋ ਕੇ ਪਰਮੇਸ਼ਰ ਵੱਲ ਤੱਕਦੀ ਰਹੇ ਭਾਵ ਹਮੇਸ਼ਾ ਆਪਣੀ ਦ੍ਰਿਸ਼ਟੀ ਪਰਮੇਸ਼ਰ ਵੱਲ ਹੀ ਜੋੜੀ ਰੱਖੇ, ਫਿਰ ਸੱਚੇ ਬਚਨ ਬੋਲਣਾ ਕਰੇ। ਕਦੇ ਝੂਠ ਨਾ ਬੋਲੇ **ਵਾ:** ਹਮੇਸ਼ਾ ਸਚੁ ਕਹੈ = ਵਾਹਿਗੁਰੂ ਦਾ ਸੱਚਾ ਨਾਮ ਹੀ ਕਹਿੰਦੀ ਰਹੇ ਭਾਵ ਜਪਦੀ ਰਹੇ। ਕਦੇ ਵੀ ਹੰਕਾਰ ਦੇ ਬਚਨ ਨਾ ਬੋਲੇ ਕਿ ਮੇਰਾ ਮਨ ਮੇਰੇ ਵਸ ਹੈ, ਮੇਰੇ ਵਿਕਾਰ ਨਾਸ ਹੋ ਗਏ ਹਨ ਆਦਿ, ਸਗੋਂ ਪਰਮਾਤਮਾ ਅੱਗੇ ਹਮੇਸ਼ਾ ਅਰਦਾਸਿ = ਬੇਨਤੀ ਹੀ ਕਰੇ ਕਿ ਕਿਰਪਾ ਕਰਕੇ ਕਾਮ, ਕ੍ਰੋਧ ਆਦਿ ਤੋਂ ਮੇਰੇ ਹਿਰਦੇ ਨੂੰ ਬਚਾਅ ਕੇ ਰੱਖਣਾ। ਫਿਰ ਐਸੀ ਜਗਿਆਸੂ ਰੂਪ ਇਸਤ੍ਰੀ ਪਤੀ ਪਰਮਾਤਮਾ ਨੂੰ ਭਾ ਜਾਂਦੀ ਹੈ।

## ਲਾਲਿ ਰਤੀ ਸਚ ਭੈ ਵਸੀ; ਭਾਇ ਰਤੀ ਰੰਗਿ ਰਾਸਿ ॥੨॥

(**ਰਤੀ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਜੋ ਜਗਿਆਸੂ ਰੂਪ ਇਸਤ੍ਰੀ ਮਨ ਕਰਕੇ ਲਾਲਿ = ਪਿਆਰੇ ਵਿਚ ਰਤੀ = ਰੰਗੀ ਹੋਈ ਹੈ, ਤਨ ਕਰਕੇ ਸੱਚੇ ਦੇ ਭੈ ਵਿਚ ਵਸੀ ਹੈ ਅਤੇ ਬਾਣੀ ਕਰਕੇ ਵੀ ਪਰਮਾਤਮਾ ਦੇ ਰੰਗਿ = ਪ੍ਰੇਮ ਵਿਚ ਰਤੀ ਹੈ, ਉਸ ਨੂੰ ਸੱਚੇ ਪਰਮਾਤਮਾ ਦੇ ਪ੍ਰੇਮ ਦਾ ਸੱਚਾ ਰਾਸਿ = ਅਨੰਦ ਪ੍ਰਾਪਤ ਹੋਇਆ ਹੈ **ਵਾ:** ਪ੍ਰੇਮ ਰੂਪ ਰਾਸਿ = ਪੂੰਜੀ ਪ੍ਰਾਪਤ ਹੋਈ ਹੈ **ਅਥਵਾ** ਜਿਹੜੀ ਲਾਲਿ = ਪਿਆਰੇ ਦੇ ਸ੍ਰਵਣ ਕਰਨ ਵਿਚ ਰਤੀ ਹੈ, ਸੱਚੇ ਦੇ ਮੰਨਣ ਰੂਪ ਭੈ ਵਿਚ ਵਸੀ ਹੈ ਅਤੇ ਦਰਸ਼ਨ ਕਰਨ ਦੇ ਪ੍ਰੇਮ ਵਿਚ ਰਤੀ ਹੈ, ਉਸ ਨੂੰ ਸਾਖਿਆਤਤਾ ਰੂਪ ਰੰਗਿ ਰਾਸਿ = ਸੱਚਾ ਅਨੰਦ ਪ੍ਰਾਪਤ ਹੁੰਦਾ ਹੈ ॥੨॥

## ਪ੍ਰਿਅ ਕੀ ਚੇਰੀ ਕਾਂਢੀਐ; ਲਾਲੀ ਮਾਨੈ ਨਾਉ ॥

ਉਹ ਪਿਆਰੇ ਪ੍ਰਿਅ = ਪਤੀ ਪਰਮੇਸ਼ਰ ਦੀ ਚੇਰੀ = ਦਾਸੀ ਕਾਂਢੀਐ = ਕਹੀ ਜਾ ਸਕਦੀ ਹੈ ਜਿਹੜੀ ਆਪਣੇ ਨਾਂ ਨੂੰ ਦਾਸੀ ਕਰਕੇ ਮੰਨਦੀ ਹੈ। ਜੈਸਾ ਕਿ :

**ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥** *(ਸੂਹੀ ਮ: ੫, ਅੰਗ ੭੮੫)*

**ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ ॥** *(ਆਸਾ ਮ: ੫, ਅੰਗ ੩੯੯)*

**ਅਥਵਾ** ਜੋ ਜਗਿਆਸੂ ਰੂਪ ਇਸਤਰੀ ਲਾਲੀ = ਦਾਸੀ ਭਾਵ ਦੇ ਸਹਿਤ ਹੋ ਕੇ ਨਾਮ ਨੂੰ ਮੰਨਦੀ ਹੈ, ਉਹੀ ਪਤੀ ਪਰਮਾਤਮਾ ਦੀ ਦਾਸੀ ਕਹੀ ਜਾਂਦੀ ਹੈ ਭਾਵ ਉਹ ਪਟਰਾਣੀ ਰੂਪ ਕਰਕੇ ਪ੍ਰਗਟ ਕੀਤੀ ਜਾਂਦੀ ਹੈ।

## ਸਾਚੀ ਪ੍ਰੀਤਿ ਨ ਤੁਟਈ; ਸਾਚੇ ਮੇਲਿ ਮਿਲਾਉ ॥

ਜਿਨ੍ਹਾਂ ਦੇ ਅੰਦਰ ਵਾਹਿਗੁਰੂ ਦੀ ਸੱਚੀ ਪ੍ਰੀਤ ਲੱਗੀ ਹੋਈ ਹੈ, ਉਹ ਕਦੇ ਵੀ ਤੁਟਈ = ਟੁੱਟਦੀ ਨਹੀਂ, ਇਕ-ਰਸ ਰਹਿੰਦੀ ਹੈ। ਐਸੇ ਮਹਾਂਪੁਰਸ਼ ਆਪ ਸੱਚੇ ਦੇ ਮੇਲ ਵਿਚ ਮਿਲੇ ਹੋਏ ਹਨ ਅਤੇ ਹੋਰਨਾਂ ਨੂੰ ਸਿਮਰਨ ਕਰਾ ਕੇ ਸੱਚੇ ਦੇ ਮੇਲ ਵਿਚ ਮਿਲਾਉਂਦੇ ਹਨ **ਵਾ:** ਸੱਚੇ ਪਰਮੇਸ਼ਰ ਨੇ ਉਨ੍ਹਾਂ ਨੂੰ ਸਤਿਗੁਰਾਂ ਦੇ ਮੇਲ ਵਿਚ ਮਿਲਾ ਕੇ ਆਪਣੇ ਨਾਲ ਮੇਲ ਲਿਆ ਭਾਵ ਅਭੇਦ ਕਰ ਲਿਆ ਹੈ।

## ਸਬਦਿ ਰਤੀ ਮਨੁ ਵੇਧਿਆ; ਹਉ ਸਦ ਬਲਿਹਾਰੈ ਜਾਉ ॥੩॥

ਜਿਨ੍ਹਾਂ ਦੀ ਬਿਰਤੀ ਸਤਿਗੁਰਾਂ ਦੇ ਸਬਦਿ = ਉਪਦੇਸ਼ ਵਿਚ ਰਤੀ = ਰੰਗੀ ਹੋਈ ਹੈ ਅਤੇ ਮਨ ਵਾਹਿਗੁਰੂ ਦੇ ਵਿਚ ਵੇਧਿਆ = ਵਿੰਨਿਆ ਭਾਵ ਮਿਲ ਗਿਆ ਹੈ **ਵਾ:** ਮਨ ਦੇ ਕਠੋਰ ਸੁਭਾਅ ਨੂੰ ਵੇਧਿਆ = ਵਿੰਨ੍ਹ ਲਿਆ ਹੈ। ਹਉ = ਅਸੀਂ ਉਨ੍ਹਾਂ ਤੋਂ ਸਦਾ ਹੀ ਬਲਿਹਾਰ = ਕੁਰਬਾਨ ਜਾਉ = ਜਾਂਦੇ ਹਾਂ ॥੩॥

## ਸਾ ਧਨ ਰੰਡ ਨ ਬੈਸਈ; ਜੇ ਸਤਿਗੁਰ ਮਾਹਿ ਸਮਾਇ ॥

ਸਾ = ਉਹ ਜਗਿਆਸੂ ਰੂਪ ਧਨ = ਇਸਤ੍ਰੀ ਕਦੇ ਵੀ ਰੰਡ = ਵਿਧਵਾ ਹੋ ਕੇ ਨਹੀਂ ਬੈਸਈ = ਬੈਠਦੀ ਭਾਵ ਅਨੀਸ਼ਰਵਾਦੀ ਨਾਸਤਕ ਨਹੀਂ ਬਣਦੀ, ਜਿਹੜੀ ਸਤਿਗੁਰਾਂ ਦੇ ਉਪਦੇਸ਼ ਮਾਹਿ = ਵਿਚ ਸਮਾਇ = ਮਿਲੀ ਹੋਈ ਹੈ।

## ਪਿਰੁ ਰੀਸਾਲੂ ਨਉਤਨੋ; ਸਾਚਉ ਮਰੈ ਨ ਜਾਇ ॥

ਪਤੀ ਪਰਮਾਤਮਾ ਰੀਸਾਲੂ = ਸੁੰਦਰ ਹੈ **ਵਾ:** ਰਸਾਂ ਦਾ ਆਲ = ਘਰ ਹੈ, ਨਉਤਨੋ = ਨਵੀਨ ਸਰੂਪ ਵਾਲਾ ਹੈ। ਜੈਸਾ ਕਿ :

**ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥** *(ਧਨਾਸਰੀ ਮ: ੧. ਅੰਗ ੬੬੦)*

ਉਹ ਸੱਚਾ ਪਰਮੇਸ਼ਰ ਨਾ ਮਰਦਾ ਹੈ ਅਤੇ ਨਾ ਹੀ ਜਾਇ = ਜੰਮਦਾ ਹੈ। ਇਕ-ਰਸ ਰਹਿੰਦਾ ਹੈ। ਜੈਸਾ ਕਿ :

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥** *(ਜਪੁ ਜੀ ਸਾਹਿਬ, ਅੰਗ ੧)*

**ਅਥਵਾ** ਸੱਚਾ ਪਰਮੇਸ਼ਰ ਮਰਦਾ ਨਹੀਂ ਹੈ, ਇਸ ਕਰਕੇ ਜਗਿਆਸੂ ਰੂਪ ਇਸਤ੍ਰੀਆਂ ਦਾ ਸੁਹਾਗ ਵੀ ਨ ਜਾਇ = ਜਾਂਦਾ ਨਹੀਂ, ਉਹ ਸਦਾ ਸੁਹਾਗਣ ਰਹਿੰਦੀਆਂ ਹਨ ਤੇ ਉਨ੍ਹਾਂ ਨੂੰ ਸਦਾ ਹੀ ਵਾਹਿਗੁਰੂ ਦੇ ਮਿਲਾਪ ਦਾ ਅਨੰਦ ਬਣਿਆ ਰਹਿੰਦਾ ਹੈ।

## ਨਿਤ ਰਵੈ ਸੋਹਾਗਣੀ; ਸਾਚੀ ਨਦਰਿ ਰਜਾਇ ॥੪॥

ਜਿਹੜੀਆਂ ਸੋਹਾਗਣੀ = ਸੁਹਾਗਵੰਤੀਆਂ ਬ੍ਰਹਮ ਗਿਆਨ ਵਾਲੀਆਂ ਮਹਾਂਪੁਰਖ ਰੂਪੀ ਸਖੀਆਂ ਹਨ, ਉਹ ਨਿਤਾਪ੍ਰਤੀ ਪਰਮੇਸ਼ਰ ਦੇ ਮਿਲਾਪ ਦਾ ਅਨੰਦ ਅਭੇਦ ਹੋ ਕਰਕੇ ਰਵੈ = ਮਾਣਦੀਆਂ ਹਨ। ਜਿਹੜੀਆਂ ਰਜਾਇ = ਆਗਿਆ, ਭਾਣਾ ਮੰਨਣ ਵਾਲੀਆਂ ਹਨ, ਉਹਨਾਂ 'ਤੇ ਸੱਚੇ ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਹੈ **ਵਾ:** ਹੇ ਵਾਹਿਗੁਰੂ ! ਜਿਨ੍ਹਾਂ 'ਤੇ ਆਪ ਜੀ ਦੀ ਸੱਚੀ ਨਦਰਿ ਹੋਈ ਹੈ, ਉਹ ਮਹਾਤਮਾ ਰੂਪ ਸਖੀਆਂ ਆਪ ਜੀ ਦੀ ਰਜਾਇ = ਆਗਿਆ ਵਿਚ ਚੱਲਦੀਆਂ ਹਨ ਤੇ ਹੋਰਨਾਂ ਨੂੰ ਭਾਣੇ ਵਿਚ ਚੱਲਣ ਦੀ ਜਾਚ ਦੱਸਦੀਆਂ ਹਨ। ਜੈਸਾ ਕਿ :

**ਗੁਰਮੁਖਿ ਤੇਰਾ ਭਾਣਾ ਭਾਵੈ ॥** *(ਮਾਰੂ ਮ: ੩, ਅੰਗ ੧੦੬੩)*

ਜਿਸ ਤਰ੍ਹਾਂ ਆਪਣੇ ਪਤੀ ਨੂੰ ਰਿਝਾਉਣ ਲਈ ਔਰਤਾਂ ਸ਼ਿੰਗਾਰ ਕਰਦੀਆਂ ਹਨ, ਇਸੇ ਪ੍ਰਕਾਰ ਜਗਿਆਸੂ ਰੂਪ ਇਸਤ੍ਰੀਆਂ ਪਤੀ ਪਰਮਾਤਮਾ ਨੂੰ ਪ੍ਰਸੰਨ ਕਰਨ ਲਈ ਐਸਾ ਅੰਤ੍ਰੀਵ ਸ਼ਿੰਗਾਰ ਕਰਦੀਆਂ ਹਨ ॥੪॥

## ਸਾਚੁ ਧੜੀ ਧਨ ਮਾਡੀਐ; ਕਾਪੜੁ ਪ੍ਰੇਮ ਸੀਗਾਰੁ ॥

ਸੱਚੇ ਵਾਹਿਗੁਰੂ ਦੀ ਸ਼ਰਧਾ ਹਿਰਦੇ ਵਿਚ ਆਉਣੀ ਇਹ ਸੁਹਾਗਣ ਇਸਤਰੀ ਨੇ ਧੜੀ = ਚੀਰਨੀ ਮਾਡੀਐ = ਬਣਾਉਣਾ ਕੀਤੀ ਹੈ। ਜਗਿਆਸੂ ਰੂਪ ਧਨ = ਇਸਤਰੀ ਨੇ ਜੋ ਸੱਚੇ ਵਾਹਿਗੁਰੂ ਵਿਚ ਬਿਰਤੀ ਜੋੜਨੀ ਹੈ **ਵਾ:** ਸੱਚ ਬੋਲਣਾ ਹੈ, ਇਹ ਜਗਿਆਸੂ ਰੂਪ ਇਸਤਰੀ ਨੇ ਧੜੀ = ਪੱਟੀਆਂ (ਮੀਢੀਆਂ) ਮਾਡੀਐ = ਬਣਾਉਣੀਆਂ (ਗੁੰਦਣੀਆਂ) ਕੀਤੀਆਂ ਹਨ। ਪ੍ਰੇਮ ਰੂਪ ਕਪੜੇ ਪਹਿਨੇ ਹਨ ਅਤੇ ਜਪ ਤਪ ਰੂਪ ਸ਼ਿੰਗਾਰ ਕੀਤਾ ਹੈ। ਜੈਸਾ ਕਿ :

**ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥** *(ਵਾਰ ਗੂਜਰੀ ਮ: ੫, ਅੰਗ ੫੨੦)*

**ਵਾ** ਸਤਿ ਸੰਤੋਖ ਆਦਿ ਸ਼ੁਭ ਗੁਣ ਧਾਰਨ ਰੂਪ ਸ਼ਿੰਗਾਰ ਕੀਤਾ ਹੈ।

## ਚੰਦਨੁ ਚੀਤਿ ਵਸਾਇਆ; ਮੰਦਰੁ ਦਸਵਾ ਦੁਆਰੁ ॥

ਜੋ ਪਰਮੇਸ਼ਰ ਦੇ ਨਾਮ ਨੂੰ ਚੀਤਿ = ਹਿਰਦੇ ਵਿਚ ਵਸਾਉਣਾ ਕੀਤਾ ਹੈ, ਇਹ ਚੰਦਨ ਰਗੜ ਕੇ ਲਾਇਆ ਹੈ। ਜੋ ਦਸਵਾ ਦੁਆਰ ਹੈ, ਇਹ ਉਸ ਦੀ ਪ੍ਰਾਪਤੀ ਵਾਸਤੇ ਮੰਦਰ ਹੈ, ਜਿਸ ਵਿਚ ਸਹਜ ਯੋਗ ਦੁਆਰਾ ਬਿਰਤੀ ਟਿਕਾਅ ਕੇ ਜਗਿਆਸੂ ਰੂਪ ਸੁਹਾਗਣ ਇਸਤਰੀ ਬੈਠਦੀ ਹੈ **ਵਾ:** ਦਸਵਾ = ਦਸ ਭਾਵ ਸਤ, ਸੰਤੋਖ,

ਦਇਆ, ਧਰਮ, ਵੀਚਾਰ ਤੇ ਪੰਜਾਂ ਤੱਤਾਂ ਦੀ ਧਾਰਨਾ ਦੇ ਸਹਿਤ ਹੋਣਾ ਹੀ ਅੰਤਹਕਰਣ ਵਿਚ ਦਸਮ ਦੁਆਰ ਰੂਪੀ ਸੁੰਦਰ ਮੰਦਰ ਬਣਾਇਆ ਹੋਇਆ ਹੈ **ਵਾ:** ਪੰਜੇ ਕਰਮ ਇੰਦਰਿਆਂ ਤੇ ਪੰਜੇ ਗਿਆਨ ਇੰਦਰਿਆਂ ਨੂੰ ਦਮਨ ਕਰਨ ਰੂਪ ਦਸਮ ਦੁਆਰ ਰੂਪੀ ਸੋਹਣਾ ਮੰਦਰ ਬਣਾਇਆ ਹੋਇਆ ਹੈ।

## ਦੀਪਕੁ ਸਬਦਿ ਵਿਗਾਸਿਆ; ਰਾਮ ਨਾਮੁ ਉਰ ਹਾਰੁ ॥੫॥

ਸਤਿਗੁਰਾਂ ਦੇ ਸਬਦਿ = ਉਪਦੇਸ਼ ਰੂਪ ਦੀਵੇ ਨੂੰ ਜਗਾ ਕਰਕੇ ਹਿਰਦਾ ਵਿਗਾਸਿਆ = ਖਿੜ ਜਾਂਦਾ ਹੈ ਭਾਵ ਹਿਰਦੇ ਵਿਚ ਕ੍ਰੋੜਾਂ ਸੂਰਜਾਂ ਵਰਗੀ ਰੋਸ਼ਨੀ ਹੋ ਜਾਂਦੀ ਹੈ। ਜੈਸਾ ਕਿ :

**ਸਤਿਗੁਰ ਸਬਦਿ ਉਜਾਰੋ ਦੀਪਾ ॥**
**ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥** *(ਬਿਲਾਵਲ ਮ: ੫ ਅੰਗ ੮੨੧)*

ਰਾਮ = ਰਮੇ ਹੋਏ ਪਰਮੇਸ਼ਰ ਦਾ ਨਾਮ ਜੋ ਹਰ ਵਕਤ ਹਿਰਦੇ ਵਿਚ ਧਾਰਨ ਕਰਕੇ ਰੱਖਣਾ ਭਾਵ ਜੋ ਪਰਮੇਸ਼ਰ ਦਾ ਨਾਮ ਹਰ ਸੁਆਸ ਨਾਲ ਜਪਣਾ ਹੈ, ਇਹੀ ਸੁੰਦਰ ਹਾਰ ਪਾਉਣਾ ਹੈ॥੫॥

## ਨਾਰੀ ਅੰਦਰਿ ਸੋਹਣੀ; ਮਸਤਕਿ ਮਣੀ ਪਿਆਰੁ ॥

ਅੰਤਸ਼ਕਰਣ ਵਿਚ ਜੋ ਪਰਮੇਸ਼ਰ ਦਾ ਪਿਆਰ ਵਸਿਆ ਹੈ, ਇਹ ਮਸਤਕਿ ਮਣੀ = ਚੂੜਾਮਣੀ ਗਹਿਣਾ ਪਹਿਨਿਆ ਹੈ। ਸਾਰੀਆਂ ਜੀਵ ਰੂਪੀ ਇਸਤ੍ਰੀਆਂ ਵਿੱਚੋਂ ਉਹ ਮਹਾਤਮਾ ਰੂਪੀ ਸਖੀ ਸੋਹਣੀ = ਸ਼ੋਭਨੀਕ ਹੋਈ ਹੈ, ਜਿਸ ਨੇ ਐਸਾ ਸ਼ਿੰਗਾਰ ਕੀਤਾ ਹੈ ਤੇ ਉਸ ਨੇ ਹੀ ਪਰਮੇਸ਼ਰ ਵਿਚ ਅਭੇਦ ਹੋਣ ਰੂਪੀ ਪਟਰਾਣੀ ਦਾ ਦਰਜਾ ਪ੍ਰਾਪਤ ਕੀਤਾ ਹੈ।

## ਸੋਭਾ ਸੁਰਤਿ ਸੁਹਾਵਣੀ; ਸਾਚੈ ਪ੍ਰੇਮਿ ਅਪਾਰ ॥

ਅਪਾਰ = ਪਾਰਾਵਾਰ ਤੋਂ ਰਹਿਤ ਸੱਚੇ ਪਰਮੇਸ਼ਰ ਦੇ ਪ੍ਰੇਮ ਕਰਕੇ ਜਿਨ੍ਹਾਂ ਦੀ ਸੁਰਤਿ = ਚਿਤ ਦੀ ਬਿਰਤੀ ਸੁਹਾਵਣੀ = ਸ਼ੋਭਨੀਕ ਹੋ ਰਹੀ ਹੈ, ਉਨ੍ਹਾਂ ਦੀ ਫਿਰ ਲੋਕ ਪਰਲੋਕ ਵਿਚ ਸੋਭਾ = ਵਡਿਆਈ ਹੁੰਦੀ ਹੈ।

## ਬਿਨੁ ਪਿਰ ਪੁਰਖੁ ਨ ਜਾਣਈ; ਸਾਚੇ ਗੁਰ ਕੈ ਹੇਤਿ ਪਿਆਰਿ ॥੬॥

ਐਸੀ ਪਤੀਬ੍ਰਤਾ ਇਸਤਰੀ ਹੋਵੇ ਕਿ ਆਪਣੇ ਪਤੀ ਤੋਂ ਬਿਨਾਂ ਹੋਰਨਾਂ ਨੂੰ ਮਰਦ ਨਾ ਸਮਝੇ, ਸਾਰਿਆਂ ਨੂੰ ਇਸਤ੍ਰੀ ਰੂਪ ਕਰਕੇ ਜਾਣੇ। ਇਸੇ ਤਰ੍ਹਾਂ ਜਗਿਆਸੂ ਰੂਪ ਇਸਤ੍ਰੀ ਇਕ ਅਕਾਲ ਪੁਰਖ ਵਾਹਿਗੁਰੂ ਨੂੰ ਆਪਣਾ ਪਿਰ = ਪਤੀ ਸਮਝੇ। ਉਸ ਪਰਮੇਸ਼ਰ ਤੋਂ ਬਿਨਾਂ ਕਿਸੇ ਦੇਵੀ ਦੇਵਤੇ ਨੂੰ ਉਸ ਦੇ ਸਮਾਨ ਨਾ ਜਾਣੇ। ਕਿਸੇ ਹੋਰ ਦੀ ਸ਼ਰਧਾ ਹਿਰਦੇ ਵਿਚ ਨਾ ਰੱਖੇ। ਹਮੇਸ਼ਾ ਪਰਮੇਸ਼ਰ ਨਾਲ ਹੀ ਚਿੱਤ ਜੁੜਿਆ ਰਹੇ ਕਿਉਂਕਿ ਇਸ ਸੰਸਾਰ ਵਿਚ ਇਕ ਪਰਮੇਸ਼ਰ ਤੋਂ ਬਿਨਾਂ ਬਾਕੀ ਸਭ ਇਸਤ੍ਰੀ ਰੂਪ ਹਨ। ਜੈਸਾ ਕਿ :

**ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥** *(ਵਾਰ ਵਡਹੰਸ, ਮ: ੩, ਅੰਗ ੫੯੧)*

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥**
**ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥** *(ਸ੍ਰੀ ਦਸਮ ਗ੍ਰੰਥ, ਪੰਨਾ ੨੫੪)*

ਪਰ ਇਹ ਦਾਤ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਦਾ ਸੱਚੇ ਸਤਿਗੁਰਾਂ ਨਾਲ ਹੇਤਿ = ਪ੍ਰੇਮ ਹੈ। ਸਤਿਗੁਰਾਂ ਨਾਲ ਪ੍ਰੇਮ ਹੋਣ ਕਰਕੇ ਹੀ ਵਾਹਿਗੁਰੂ ਦਾ ਪਿਆਰਿ ਪ੍ਰਾਪਤ ਹੁੰਦਾ ਹੈ **ਅਥਵਾ** ਜਿਨ੍ਹਾਂ ਦਾ ਪਿਆਰੇ ਸਤਿਗੁਰਾਂ ਦੇ ਨਾਲ ਸੱਚਾ ਹੇਤਿ = ਪ੍ਰੇਮ ਹੈ, ਉਨ੍ਹਾਂ ਨੂੰ ਐਸੀ ਅਵਸਥਾ ਪ੍ਰਾਪਤ ਹੁੰਦੀ ਹੈ॥੬॥

ਫਿਰ ਜਿਸ ਤਰ੍ਹਾਂ ਇਕ ਸਿਆਣੀ ਬਿਰਧ ਮਾਤਾ ਲੜਕੀ ਨੂੰ ਸਿੱਖਿਆ ਦੇ ਕੇ ਸਮਝਾਉਂਦੀ ਹੈ, ਇਸੇ ਤਰ੍ਹਾਂ ਸਤਿਗੁਰੂ ਜੀ ਕਿਰਪਾ ਕਰਕੇ ਸਿੱਖ ਨੂੰ ਗਿਆਨ ਬਖ਼ਸ਼ ਰਹੇ ਹਨ।

## ਨਿਸਿ ਅੰਧਿਆਰੀ ਸੁਤੀਏ; ਕਿਉ ਪਿਰ ਬਿਨੁ ਰੈਣਿ ਵਿਹਾਇ ॥

ਇਹ ਅਵਸਥਾ ਰੂਪ ਨਿਸਿ = ਰਾਤ ਜੋ ਅਗਿਆਨ ਕਰਕੇ ਅੰਧਿਆਰੀ = ਹਨੇਰੀ ਹੈ, ਇਸ ਵਿਚ ਤੇ ਅਵਿੱਦਿਆ ਰੂਪੀ ਨੀਂਦ ਵਿਚ ਸੁੱਤੀ ਹੋਈਏ **ਵਾ:** ਆਪਣੇ ਸਾਧਨਾਂ ਦੇ ਅਹੰਕਾਰ ਸਹਿਤ ਸੁੱਤੀ ਹੋਈਏ ! ਪਤੀ ਪਰਮਾਤਮਾ ਦੇ ਮਿਲਾਪ ਤੋਂ ਬਿਨਾਂ ਤੇਰੀ ਅਵਸਥਾ ਰੂਪੀ ਰਾਤ ਸੁੱਖ ਨਾਲ ਕਿਵੇਂ ਬਤੀਤ ਹੋਵੇਗੀ ਭਾਵ ਨਹੀਂ ਹੋਵੇਗੀ **ਅਥਵਾ** ਅਕਾਲ ਪੁਰਖ ਪਰਮੇਸ਼ਰ ਰੂਪੀ ਪਤੀ ਦੇ ਮਿਲਾਪ ਤੋਂ ਬਿਨਾਂ ਅਵਿੱਦਿਆ ਰੂਪੀ ਰੈਣਿ = ਰਾਤ ਕਿਵੇਂ ਵਿਹਾਇ = ਬਤੀਤ ਹੋਵੇਗੀ ਭਾਵ ਨਾਸ਼ ਹੋਵੇਗੀ। ਇਹ ਅਗਿਆਨਤਾ ਦਾ ਹਨੇਰਾ ਉਦੋਂ ਹੀ ਦੂਰ ਹੋਵੇਗਾ ਜਦੋਂ ਗਿਆਨ ਦਾ ਚਾਨਣ ਹੋ ਕੇ ਪ੍ਰਭੂ ਮਿਲ ਜਾਵੇਗਾ। ਜੈਸਾ ਕਿ :

**ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥**
**ਧਿਗੁ ਤਿਨ੍ਾ ਦਾ ਜੀਵਿਆ ਜਿਨਾ ਵਿਡਾਣੀ ਆਸ ॥੨੧॥** *(ਸਲੋਕ ਫਰੀਦ ਜੀ, ਅੰਗ ੧੩੭੮-੭੯)*

## ਅੰਕੁ ਜਲਉ ਤਨੁ ਜਾਲੀਅਉ; ਮਨੁ ਧਨੁ ਜਲਿ ਬਲਿ ਜਾਇ ॥

ਜਿਸ ਹਿਰਦੇ ਵਿਚ ਵਾਹਿਗੁਰੂ ਦਾ ਪ੍ਰੇਮ ਨਹੀਂ, ਉਹ ਅੰਕੁ = ਹਿਰਦਾ ਸੜ ਜਾਵੇ, ਸਰੀਰ ਨੂੰ ਵੀ ਸਾੜ ਦਿਓ ਅਤੇ ਮਨ, ਧਨ ਵੀ ਜਲਿ ਬਲਿ = ਸੜ ਬਲ ਜਾਵੇ **ਅਥਵਾ** ਵਾਹਿਗੁਰੂ ਦੇ ਪ੍ਰੇਮ ਤੋਂ ਬਿਨਾਂ ਹਿਰਦਾ ਸੜ ਰਿਹਾ ਹੈ ਤੇ ਸਰੀਰ ਨੂੰ ਵੀ ਕਾਮ, ਕ੍ਰੋਧ ਸਾੜ ਰਹੇ ਹਨ। ਇਸੇ ਤਰ੍ਹਾਂ ਮਨ ਵੀ ਪਰਮੇਸ਼ਰ ਤੋਂ ਬੇਮੁਖ ਹੋ ਕਰਕੇ ਜਲਦਾ ਜਾ ਰਿਹਾ ਹੈ ਤੇ ਧਨ ਵੀ ਜੋ ਸੰਗਤ ਦੀ ਸੇਵਾ ਵਿਚ ਨਹੀਂ ਲੱਗਦਾ, ਇਹ ਵੀ ਦੁਨੀਆਂ ਦੇ ਝਗੜਿਆਂ ਫ਼ਰੇਬਾਂ ਵਿਚ ਜਲ ਬਲ ਜਾਂਦਾ ਹੈ।

## ਜਾ ਧਨ ਕੰਤਿ ਨ ਰਾਵੀਆ; ਤਾ ਬਿਰਥਾ ਜੋਬਨੁ ਜਾਇ ॥੭॥

ਜਿਸ ਜਗਿਆਸੂ ਰੂਪੀ ਇਸਤ੍ਰੀ ਨੇ ਪਤੀ ਪਰਮਾਤਮਾ ਦੇ ਮਿਲਾਪ ਰੂਪੀ ਅਨੰਦ ਨੂੰ ਨਹੀਂ ਰਾਵੀਆ = ਮਾਣਿਆ **ਵਾ:** ਅਭਾਸ ਬਿਰਤੀ ਰੂਪੀ ਇਸਤ੍ਰੀ ਨੇ ਸਾਖੀ ਚੇਤਨ ਬ੍ਰਹਮ ਰੂਪੀ ਪਤੀ ਵਿਚ ਅਭੇਦਤਾ ਰੂਪੀ ਅਨੰਦ ਨੂੰ ਨਹੀਂ ਮਾਣਿਆ, ਉਸ ਦਾ ਸ਼ੌਂਕ ਅਵਸਥਾ ਰੂਪ ਜੋਬਨ ਬਿਰਥਾ ਜਾਇ = ਵਿਅਰਥ ਚਲਾ ਜਾਂਦਾ ਹੈ ॥੭॥ ਜੈਸਾ ਕਿ :

**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥**
**ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥** *(ਸਲੋਕ ਕਬੀਰ ਜੀ, ਅੰਗ ੧੩੬੮)*

## ਸੇਜੈ ਕੰਤ ਮਹੇਲੜੀ; ਸੂਤੀ ਬੂਝ ਨ ਪਾਇ ॥

ਹੇ ਜੀਵ ਰੂਪ ਮਹੇਲੜੀ = ਇਸਤ੍ਰੀਏ ! ਅੰਤਸ਼ਕਰਨ ਰੂਪ ਸੇਜਾ ਦੇ ਉਪਰ ਹੀ ਕੰਤ = ਪਤੀ, ਸਾਖੀ ਚੇਤਨ ਬ੍ਰਹਮ ਹੈ ਪਰ ਤੂੰ ਐਸੀ ਅਵਿੱਦਿਆ ਰੂਪ ਨੀਂਦ ਵਿਚ ਸੁੱਤੀ ਪਈ ਹੈਂ ਕਿ ਤੂੰ ਉਸ ਦੀ ਬੂਝ = ਖ਼ਬਰ ਨਹੀਂ ਪਾਉਂਦੀ **ਵਾ:** ਸੁੱਤੀ ਹੋਈ ਤੂੰ ਨਾ ਤ੍ਵੰ ਪਦ ਦੇ ਲਖ ਅਰਥ ਦੀ ਬੂਝ ਪਾਉਂਦੀ ਹੈਂ ਤੇ ਨਾ ਹੀ ਤੱਤ ਪਦ ਦੇ ਲਖ ਅਰਥ ਦੀ ਬੂਝ = ਸਮਝ ਪਾਉਂਦੀ ਹੈਂ।

## ਹਉ ਸੁਤੀ ਪਿਰੁ ਜਾਗਣਾ; ਕਿਸ ਕਉ ਪੂਛਉ ਜਾਇ ॥

ਤੂੰ ਤਾਂ ਹਉ = ਹੰਗਤਾ ਕਰਕੇ ਅਵਿੱਦਿਆ ਰੂਪ ਨੀਂਦ ਵਿਚ ਸੌਂ ਰਹੀ ਹੈਂ ਅਤੇ ਪਤੀ ਅਕਾਲ ਪੁਰਖ ਸਦਾ ਜਾਗਦਾ ਹੈ। ਜੈਸਾ ਕਿ :

**ਸਤਿਗੁਰੁ ਜਾਗਤਾ ਹੈ ਦੇਉ ॥੧॥** *(ਆਸਾ ਕਬੀਰ ਜੀ, ਅੰਗ ੪੭੯)*

ਫਿਰ ਜਗਿਆਸੂ ਰੂਪ ਇਸਤ੍ਰੀ ਬੇਨਤੀ ਕਰਦੀ ਹੈ ਕਿ ਮੈਂ ਜਾ ਕੇ ਕਿਸ ਨੂੰ ਪੁੱਛਣਾ ਕਰਾਂ ਤਾਂ ਕਿ ਮੇਰਾ ਪਤੀ ਪਰਮਾਤਮਾ ਨਾਲ ਮਿਲਾਪ ਹੋ ਜਾਵੇ ਤਾਂ ਸਤਿਗੁਰੂ ਜੀ ਕਥਨ ਕਰਦੇ ਹਨ :

## ਸਤਿਗੁਰਿ ਮੇਲੀ ਭੈ ਵਸੀ; ਨਾਨਕ ਪ੍ਰੇਮੁ ਸਖਾਇ ॥੮॥੨॥

ਇਕ ਸਤਿਗੁਰੂ ਜੀ ਹੀ ਦਾਤੇ ਹਨ ਜਿਨ੍ਹਾਂ ਨੂੰ ਸਤਿਗੁਰਾਂ ਨੇ ਲਿਵ ਵਿਚ ਮੇਲ ਦਿੱਤਾ ਹੈ ਤੇ ਜੋ ਹਮੇਸ਼ਾ ਸਤਿਗੁਰਾਂ ਦੇ ਭੈ ਵਿਚ ਵੱਸਦੀ ਹੈ, ਅਕਾਲ ਪੁਰਖ ਨੂੰ ਹਮੇਸ਼ਾ ਅੰਗ ਸੰਗ ਜਾਣਦੀ ਹੈ, ਆਲਸ ਨਹੀਂ ਕਰਦੀ, ਹਮੇਸ਼ਾ ਲਿਵ ਲਾਈ ਰੱਖਦੀ ਹੈ। ਜੈਸਾ ਕਿ :

**ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥**
**ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗ ਲਾਗੁ ॥** *(ਸਲੋਕ ਕਬੀਰ ਜੀ, ਅੰਗ ੧੩੭੧)*

ਇਸ ਤਰ੍ਹਾਂ ਜੋ ਭੈ ਵਿਚ ਵਸੀ ਹੋਈ ਹੈ, ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਫਿਰ ਐਸੀ ਜਗਿਆਸੂ ਰੂਪ ਇਸਤ੍ਰੀ ਦੇ ਹਿਰਦੇ ਵਿਚ ਪਤੀ ਪਰਮੇਸ਼ਰ ਦਾ ਪ੍ਰੇਮ ਉਤਪਤ ਹੋ ਜਾਂਦਾ ਹੈ ਤੇ ਫਿਰ ਪ੍ਰੇਮ ਦਾ ਖਿਚਿਆ ਲੋਕ ਪਰਲੋਕ ਦਾ ਸਖਾਇ = ਮਿਤ੍ਰ ਹਰੀ ਪਰਮਾਤਮਾ ਆ ਕੇ ਮਿਲ ਪੈਂਦਾ ਹੈ **ਅਥਵਾ** ਸਤਿਗੁਰਾਂ ਦੀ ਸੰਗਤ ਵਿੱਚੋਂ ਪ੍ਰੇਮ ਦੀ ਪ੍ਰਾਪਤੀ ਹੁੰਦੀ ਹੈ, ਜੋ ਪਰਮਾਤਮਾ ਦੇ ਮਿਲਾਪ ਵਿਚ ਸਖਾਇ = ਸਹਾਇਤਾ ਕਰਨ ਵਾਲਾ ਹੈ। ਫਿਰ ਪਤੀ ਪਰਮਾਤਮਾ ਦੇ ਮਿਲਾਪ ਨਾਲ ਸਾਰੀ ਅਵਿੱਦਿਆ ਰੂਪ ਨੀਂਦ ਤੇ ਅਗਿਆਨ ਰੂਪ ਹਨੇਰਾ ਦੂਰ ਹੋ ਗਿਆ ਤੇ ਪਤੀ ਪਰਮਾਤਮਾ ਵਿਚ ਅਭੇਦਤਾ ਰੂਪ ਅਨੰਦ ਨੂੰ ਇਸ ਜੀਵ ਰੂਪ ਇਸਤ੍ਰੀ ਨੇ ਮਾਨਣਾ ਕੀਤਾ ॥੮॥੨॥

## ਸਿਰੀਰਾਗੁ ਮਹਲਾ ੧ ॥

ਜਿਨ੍ਹਾਂ ਨੂੰ ਪ੍ਰਭੂ ਪਰਮਾਤਮਾ ਦੀ ਪ੍ਰਾਪਤੀ ਹੋਈ ਹੈ, ਉਨ੍ਹਾਂ ਦਾ ਨਿਸਚਾ ਦੱਸਦੇ ਹੋਏ ਪਰਮਾਤਮਾ ਦੇ ਸਰਗੁਣ ਸਰੂਪ ਦਾ ਕਥਨ ਕਰਦੇ ਹਨ।

## ਆਪੇ ਗੁਣ ਆਪੇ ਕਥੈ; ਆਪੇ ਸੁਣਿ ਵੀਚਾਰੁ ॥

ਹੇ ਪ੍ਰਭੂ ! ਤੂੰ ਆਪ ਹੀ ਸ਼ੁਭ ਗੁਣ ਸਤਿ, ਸੰਤੋਖ, ਦਇਆ, ਧਰਮ, ਵੀਚਾਰ ਰੂਪ ਹੈਂ, ਆਪ ਹੀ ਉਨ੍ਹਾਂ ਨੂੰ ਕਥਨ ਕਰਨ ਵਾਲਾ ਸਤਿਗੁਰੂ ਰੂਪ ਹੈਂ, ਆਪ ਹੀ ਹਰੀ ਉਪਦੇਸ਼ ਸੁਣ ਕਰਕੇ ਵੀਚਾਰ ਕਰਨ ਵਾਲਾ ਜਗਿਆਸੂ ਰੂਪ ਹੈਂ **ਅਥਵਾ** ਪੂਰੇ ਸਤਿਗੁਰੂ ਸਤਿ ਸੰਤੋਖ ਆਦਿ ਦੇਣ ਵਾਲੇ ਹਨ। ਆਪ ਹੀ ਗਿਆਨ ਰੂਪ ਗੁਣ ਅਤੇ ਆਪ ਹੀ ਗਿਆਨ ਦਾ ਕਥਨ ਕਰਨ ਵਾਲੇ ਹਨ। ਆਪ ਹੀ ਸੁਣਨ ਵਾਲਾ ਜਗਿਆਸੂ = ਅਧਿਕਾਰੀ ਹੈ ਤੇ ਸੁਣ ਕੇ ਹੋਰਨਾਂ ਨੂੰ ਵੀਚਾਰ ਕਰਦਾ ਹੈ ਕਿ ਇਹ ਜਿਹੜੇ ਗੁਣ ਹਨ, ਇਹ ਈਸ਼ਵਰ ਅੰਦਰ ਹਨ। ਇਹ ਗੁਣ ਜਗਿਆਸੂ ਦੇ ਅੰਦਰ ਹੋਣੇ ਚਾਹੀਦੇ ਹਨ। ਆਪ ਹੀ ਸੁਣ ਕੇ ਉਨ੍ਹਾਂ ਦੀ ਵੀਚਾਰ ਕਰਦਾ ਹੈ ਤੇ ਧਾਰਨ ਕਰਦਾ ਹੈ।

## ਆਪੇ ਰਤਨੁ ਪਰਖਿ ਤੂੰ; ਆਪੇ ਮੋਲੁ ਅਪਾਰੁ ॥

ਹੇ ਪ੍ਰਭੂ ! ਤੂੰ ਆਪ ਹੀ ਸ਼ਬਦ ਰੂਪ, ਵੈਰਾਗ ਰੂਪ, ਨਾਮ ਰੂਪ ਰਤਨ ਹੈਂ। ਜੈਸਾ ਕਿ :

**ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥** *(ਰਾਮਕਲੀ ਮ: ੩, ਅੰਗ ੯੨੦)*

ਅਤੇ ਤੂੰ ਆਪ ਹੀ ਪਰਖਣ ਵਾਲਾ ਗੁਰੂ ਰੂਪ ਜੌਹਰੀ ਹੈਂ **ਵਾ:** ਆਪ ਹੀ ਆਤਮਾ ਨੂੰ ਪਰਖਣ ਵਾਲਾ ਬਿਬੇਕੀ ਹੈਂ। ਹੇ ਵਾਹਿਗੁਰੂ ! ਤੂੰ ਆਪ ਹੀ ਸ਼ਰਧਾ ਰੂਪ ਮੁੱਲ ਹੈਂ ਤੇ ਆਪ ਹੀ ਪ੍ਰਵਿਰਤੀ ਦੇ ਅਪਾਰੁ = ਪਾਰਾਵਾਰ ਤੋਂ ਰਹਿਤ ਹੈਂ।

## ਸਾਚਉ ਮਾਨੁ ਮਹਤੁ ਤੂੰ; ਆਪੇ ਦੇਵਣਹਾਰੁ ॥੧॥

(**ਮਹੱਤ** ਦਾ ਉਚਾਰਣ ਅੱਧਕ ਸਹਿਤ ਹੈ)

ਹੇ ਵਾਹਿਗੁਰੂ ! ਤੇਰਾ ਸਰੂਪ ਸੱਚਾ ਤ੍ਰੈਕਾਲ ਅਬਾਧ ਰੂਪ ਹੈ ਤੇ ਤੂੰ ਆਪ ਹੀ ਆਪਣੇ ਪਿਆਰਿਆਂ ਨੂੰ ਮਾਨੁ = ਸਨਮਾਨ ਤੇ ਮਹਤੁ = ਮਰਾਤਬਾ ਦੇਣ ਵਾਲਾ ਹੈਂ **ਅਥਵਾ** ਹੇ ਪਰਮੇਸ਼ਰ ! ਤੂੰ ਸਾਚਉ = ਸੱਚ ਸਰੂਪ ਹੈਂ, ਮਹਤੁ = ਵੱਡਾ ਹੈਂ ਤੇ ਆਪ ਹੀ ਸਾਰਿਆਂ ਨੂੰ ਮਾਨੁ = ਸਤਿਕਾਰ ਦੇਣ ਵਾਲਾ ਹੈਂ ਤੇ ਆਪ ਹੀ ਸਤਿਗੁਰੂ ਰੂਪ ਹੋ ਕੇ ਉਪਦੇਸ਼ ਦੇਣ ਵਾਲਾ ਹੈਂ **ਵਾ:** ਤਨ, ਮਨ, ਧਨ ਦੇਣ ਵਾਲਾ ਉੱਤਮ ਅਧਿਕਾਰੀ ਵੀ ਤੂੰ ਆਪ ਹੀ ਹੈਂ।

## ਹਰਿ ਜੀਉ; ਤੂੰ ਕਰਤਾ ਕਰਤਾਰੁ ॥

ਹੇ ਹਰਿ = ਅਕਾਲ ਪੁਰਖ ਜੀਉ = ਜੀ ! ਤੂੰ ਆਪ ਹੀ ਸਾਰੇ ਸੰਸਾਰ ਦਾ ਕਰਤਾ ਨੂੰ ਕਰਤਾਰੁ = ਰਚਨਵਾਲਾ ਹੋ ਕੇ ਉਤਪਤ ਕਰਤਾ = ਕਰਦਾ ਹੈਂ ਭਾਵ, ਸਾਰੀ ਸ੍ਰਿਸ਼ਟੀ ਨੂੰ ਆਪ ਹੀ ਰਚਿਆ ਹੈ। ਜਿਸ ਤਰ੍ਹਾਂ ਪਾਣੀ ਵਿੱਚੋਂ ਤਰੰਗਾਂ ਪੈਦਾ ਹੁੰਦੀਆਂ ਹਨ। ਆਪ ਜੀ ਨੇ ਆਪਣੇ (ਕਰ + ਤਾਰੁ) ਕਰ = ਹੱਥਾਂ ਵਿਚ ਸਾਰੇ ਜੀਵਾਂ ਦੀ ਪ੍ਰਾਲਬਧ ਰੂਪ, ਚੇਤਨ ਸੱਤਾ ਰੂਪ, ਰੋਜ਼ੀ ਰੂਪ ਤਾਰ ਫੜੀ ਹੋਈ ਹੈ ਭਾਵ ਸਾਰੇ ਜੀਵ ਆਪ ਜੀ ਦੇ ਹੀ ਵਸ ਵਿਚ ਹਨ।

## ਜਿਉ ਭਾਵੈ ਤਿਉ ਰਾਖੁ ਤੂੰ; ਹਰਿ ਨਾਮੁ ਮਿਲੈ ਆਚਾਰੁ ॥੧॥ਰਹਾਉ॥

ਹੇ ਪਰਮੇਸ਼ਰ ! ਜਿਉ = ਜਿਸ ਤਰ੍ਹਾਂ ਪਿੱਛੇ ਤੈਨੂੰ ਭਾਉਂਦਾ ਸੀ, ਤਿਉ = ਉਸੇ ਤਰ੍ਹਾਂ ਤੂੰ ਆਪਣੇ ਪਿਆਰਿਆਂ ਦੀ ਰਾਖੁ = ਰੱਖਿਆ ਕਰਦਾ ਰਿਹਾ ਹੈਂ। ਜਿਵੇਂ ਹੁਣ ਭਾਉਂਦਾ ਹੈ, ਉਨ੍ਹਾਂ ਦੀ ਰੱਖਿਆ ਕਰ ਰਿਹਾ ਹੈਂ। ਇਸੇ ਤਰ੍ਹਾਂ ਅੱਗੇ ਨੂੰ ਜਿਸ ਤਰ੍ਹਾਂ ਤੈਨੂੰ ਭਾਵੇਗਾ ਤਿਵੇਂ ਆਪਣੇ ਭਗਤਾਂ ਦੀ ਰੱਖਿਆ ਕਰੇਂਗਾ **ਅਥਵਾ** ਜਿਸ ਤਰ੍ਹਾਂ ਆਪ ਜੀ ਨੂੰ ਭਾਵੇ, ਉਸੇ ਤਰ੍ਹਾਂ ਰੱਖੋ, ਅਸੀਂ ਹਰ ਹਾਲਤ ਭਾਵ ਦੁੱਖ ਸੁੱਖ ਵਿਚ ਪ੍ਰਸੰਨ ਹਾਂ ਪਰ ਹੇ ਹਰਿ = ਵਾਹਿਗੁਰੂ ਜੀ ! ਐਸੀ ਕਿਰਪਾ ਕਰੋ ਕਿ ਸਾਨੂੰ ਆਪ ਜੀ ਦੇ ਨਾਮ ਦੀ ਕਮਾਈ ਕਰਨੀ ਮਿਲੇ ਭਾਵ ਨਾਮ ਦੇ ਜਪਣ ਦਾ ਆਚਾਰੁ = ਕਰਤਬ ਸ੍ਰੇਸ਼ਟਾਚਾਰ ਪ੍ਰਾਪਤ ਹੋ ਜਾਵੇ। ਅੱਠੇ ਪਹਿਰ ਆਪ ਦਾ ਨਾਮ ਜਪਦੇ ਰਹੀਏ ॥੧॥ਰਹਾਉ॥ ਜੈਸਾ ਕਿ :

**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥** *(ਸੂਹੀ ਮ: ੫, ਅੰਗ ੭੬੨)*

## ਆਪੇ ਹੀਰਾ ਨਿਰਮਲਾ; ਆਪੇ ਰੰਗੁ ਮਜੀਠ ॥

ਹੇ ਪਰਮੇਸ਼ਰ ! ਤੂੰ ਆਪ ਹੀ ਮੈਲ ਤੋਂ ਰਹਿਤ ਨਾਮ ਰੂਪ ਹੀਰਾ ਹੈਂ **ਵਾ:** ਆਪ ਹੀ ਨਾਮ ਰੂਪ ਹੈਂ ਤੇ ਆਪ ਹੀ ਨਿਰਮਲਾ = ਚਿਤ ਨੂੰ ਮਲ-ਵਿਖੇਪ ਦੇ ਮੈਲ ਤੋਂ ਰਹਿਤ ਕਰਨ ਵਾਲਾ ਉੱਜਲ ਸਰੂਪ ਹੈਂ ਅਤੇ ਆਪ ਹੀ ਪ੍ਰੇਮ ਰੂਪ, ਭਗਤੀ ਰੂਪ ਮਜੀਠ ਦੀ ਨਿਆਈਂ ਪੱਕਾ ਰੰਗ ਹੈਂ।

## ਆਪੇ ਮੋਤੀ ਊਜਲੋ; ਆਪੇ ਭਗਤ ਬਸੀਠੁ ॥

ਆਪ ਹੀ ਤਰ ਤੀਬਰ, ਤਰ ਤਮ ਵੈਰਾਗ ਰੂਪ ਉੱਜਲ ਮੋਤੀ ਹੈਂ, ਆਪ ਹੀ ਪ੍ਰੇਮ ਰੂਪ ਮੋਤੀ ਹੈਂ। ਚਿਤ ਨੂੰ ਊਜਲੋ = ਪਵਿੱਤਰ ਕਰਨ ਵਾਲਾ ਹੈਂ। ਐਸਾ ਵੈਰਾਗ ਹਿਰਦੇ ਵਿਚ ਆ ਜਾਵੇ ਤਾਂ ਜਗਿਆਸੂ ਬ੍ਰਹਮਪੁਰੀ ਆਦਿ ਦੇ ਪਦਾਰਥਾਂ ਨੂੰ ਵੀ ਕਾਂ ਦੀ ਵਿਸ਼ਟਾ ਸਮਾਨ ਸਮਝ ਕੇ ਤਿਆਗ ਦਿੰਦਾ ਹੈ। ਜੈਸਾ ਕਿ :

**ਦੋਹਰਾ ॥ ਬ੍ਰਹਮਾ ਇੰਦ੍ਰ ਆਦਿ ਲੌ ਹੋਤ ਦੇਹ ਧਰਿ ਭੋਗ।**
**ਕਾਕ ਬਿਸ੍ਰ ਸਮ ਜੇ ਗਿਨੈ ਬੀਤਰਾਗ ਤੇ ਲੋਗ ।੧੪।** *(ਅਧਿਆਤਮ ਪ੍ਰਕਾਸ਼)*

ਤੂੰ ਆਪ ਹੀ ਭਗਤ ਰੂਪ ਹੈਂ ਤੇ ਆਪ ਹੀ ਭਗਤਾਂ ਦੀ ਬਸੀਠੁ = ਵਿਚੋਲਗੀ ਕਰਨ ਵਾਲਾ ਭਾਵ ਹੋਰ ਜਗਿਆਸੂਆਂ ਨੂੰ ਭਗਤਾਂ ਨਾਲ ਮੇਲਣ ਵਾਲਾ ਹੈਂ **ਵਾ:** ਭਗਤੀ ਦੇ ਤਾਈਂ ਦ੍ਰਿੜ੍ਹ ਕਰਾਉਣ ਵਾਲਾ ਅਤੇ ਜਗਿਆਸੂ ਨੂੰ ਆਪਣੇ ਨਾਲ ਮਿਲਾਉਣ ਵਾਲਾ ਗੁਰੂ ਰੂਪ ਬਸੀਠੁ = ਵਕੀਲ, ਵਿਚੋਲਾ ਵੀ ਆਪ ਹੀ ਹੈਂ। ਜੈਸਾ ਕਿ :

**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥** *(ਅੰਗ ੯੫੭)*

## ਗੁਰ ਕੈ ਸਬਦਿ ਸਲਾਹਣਾ; ਘਟਿ ਘਟਿ ਡੀਠੁ ਅਡੀਠੁ ॥੨॥

ਹੇ ਅੰਤਰਜਾਮੀ ! ਐਸੀ ਕਿਰਪਾ ਕਰੋ ਕਿ ਅਸੀਂ ਸਤਿਗੁਰਾਂ ਦੇ ਸ਼ਬਦ ਦੁਆਰਾ ਆਪ ਜੀ ਨੂੰ ਸਲਾਹੁਣਾ ਕਰੀਏ। ਤੁਸੀਂ ਅਡੀਠੁ = ਦਿੱਸਣ ਤੋਂ ਰਹਿਤ ਹੋ, ਪਰੰਤੂ ਗੁਰਾਂ ਦੇ ਸ਼ਬਦ ਸਲਾਹੁਣੇ ਕਰਕੇ ਘਟਾਂ ਘਟਾਂ ਵਿਚ ਡੀਠੁ = ਦਿਸ ਪੈਂਦੇ ਹੋ **ਅਥਵਾ** ਹੇ ਵਾਹਿਗੁਰੂ ! ਤੂੰ ਸਾਰਿਆਂ ਘਟਾਂ ਘਟਾਂ ਵਿਚ ਵਿਆਪਕ ਹੈਂ। ਅਗਿਆਨੀ ਆਪ ਨੂੰ ਦੇਖ ਨਹੀਂ ਸਕਦੇ, ਉਨ੍ਹਾਂ ਵਾਸਤੇ ਤੂੰ ਅਡਿਠ ਹੈਂ ਪਰ ਗੁਰਮੁਖਾਂ ਨੂੰ ਸਾਰਿਆਂ ਘਟਾਂ ਵਿਚ ਡੀਠੁ = ਪ੍ਰਗਟ ਦਿਸ ਰਿਹਾ ਹੈਂ। ਇਥੋਂ ਤੱਕ ਕਿ ਅਗਿਆਨੀਆਂ ਦੇ ਹਿਰਦੇ ਵਿਚ ਵੀ ਉਹ ਤੈਨੂੰ ਦੇਖਦੇ ਹਨ **ਅਥਵਾ** ਹੇ ਪਰਮਾਤਮਾ ! ਤੂੰ ਸੰਸਾਰ ਵਾਸਤੇ ਅਡੀਠ ਹੈਂ ਭਾਵ ਕਿਸੇ ਨੂੰ ਨਹੀਂ ਦਿਸਦਾ ਪਰ ਆਪ ਤੂੰ ਸਾਰਿਆਂ ਘਟਾਂ ਘਟਾਂ ਵਿਚ ਵਿਆਪਕ ਹੋ ਕੇ ਸਾਰਿਆਂ ਨੂੰ ਦੇਖ ਰਿਹਾ ਹੈਂ॥੨॥ ਜੈਸਾ ਕਿ :

**ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥੧॥** *(ਸੋਰਠਿ ਮ: ੧, ਅੰਗ ੫੯੮)*

## ਆਪੇ ਸਾਗਰੁ ਬੋਹਿਥਾ; ਆਪੇ ਪਾਰੁ ਅਪਾਰੁ ॥

ਹੇ ਵਾਹਿਗੁਰੂ ! ਤੂੰ ਆਪ ਹੀ ਪ੍ਰਤੱਖ **ਵਾ:** ਸੰਸਾਰ ਰੂਪ ਸਮੁੰਦਰ ਹੈਂ ਤੇ ਆਪ ਹੀ ਪਾਰੁ = ਵੈਰਾਗ ਰੂਪ ਉਰਵਾਰਲਾ ਕਿਨਾਰਾ ਤੇ ਮੁਕਤ ਰੂਪ ਅਪਾਰੁ = ਪਾਰਲਾ ਕਿਨਾਰਾ ਵੀ ਆਪ ਹੀ ਹੈਂ ਅਤੇ ਆਪ ਹੀ ਵੈਰਾਗ ਰੂਪ ਕਿਨਾਰੇ ਤੋਂ ਮੁਕਤ ਰੂਪ ਕਿਨਾਰੇ ਤੱਕ ਲੈ ਕੇ ਜਾਣ ਵਾਲਾ ਨਾਮ ਰੂਪ ਬੋਹਿਥਾ = ਜਹਾਜ਼ ਹੈਂ **ਵਾ:** ਆਪ ਹੀ ਪਾਰੁ = ਪਾਰਾਵਾਰ ਵਾਲਾ ਸਰਗੁਣ ਸਰੂਪ ਹੋ ਕੇ ਪ੍ਰਾਪਤ ਹੋਣ ਵਾਲਾ ਹੈਂ ਅਤੇ ਆਪ ਹੀ ਅਪਾਰੁ = ਨਿਰਗੁਣ ਸਰੂਪ ਹੋ ਕੇ ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈਂ।

## ਸਾਚੀ ਵਾਟ ਸੁਜਾਣੁ ਤੂੰ; ਸਬਦਿ ਲਘਾਵਣਹਾਰੁ ॥

ਤੂੰ ਆਪ ਹੀ ਸੱਚੀ ਭਗਤੀ ਰੂਪ ਵਾਟ = ਰਸਤਾ ਹੈਂ ਅਤੇ ਆਪ ਹੀ ਸੁਜਾਣੁ = ਅੰਤਰਜਾਮੀ ਗੁਰੂ ਹੋ ਕੇ ਗੁਰਮੁਖਾਂ ਨੂੰ ਸੱਚੀ ਭਗਤੀ ਦੇ ਰਸਤੇ 'ਤੇ ਤੋਰਦਾ ਹੈਂ। ਆਪ ਹੀ ਸਬਦਿ ਰੂਪ ਪ੍ਰਮਾਣ ਪੱਤਰ (ਟਿਕਟ) ਦੇ ਕੇ, ਨਾਮ ਦੇ ਜਹਾਜ਼ 'ਤੇ ਚੜ੍ਹਾ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਹੈਂ **ਵਾ:** ਸ਼ਬਦ ਰੂਪ ਅਨੁਕੂਲੀ ਪੌਣ ਦੇ ਕੇ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ ਗੁਰੂ ਰੂਪ ਮਲਾਹ ਆਪ ਹੀ ਹੈਂ।

## ਨਿਡਰਿਆ ਡਰੁ ਜਾਣੀਐ; ਬਾਝੁ ਗੁਰੂ ਗੁਬਾਰੁ ॥੩॥

(**ਨਿੱਡਰਿਆ** ਦਾ ਉਚਾਰਣ ਅੱਧਕ ਸਹਿਤ ਹੈ)

ਹੇ ਪਰਮੇਸ਼ਰ ! ਜੋ ਤੇਰੇ ਨਿਡਰਿਆ = ਭੈ ਤੋਂ ਰਹਿਤ ਹਨ, ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦਾ ਡਰ ਪ੍ਰਾਪਤ ਹੋਵੇਗਾ, ਇਹ ਸ਼ਾਸਤ੍ਰਾਂ ਦੁਆਰਾ ਜਾਣੀਐ = ਜਾਣੀਦਾ ਹੈ। ਜੈਸਾ ਕਿ :

**ਯਹ ਭੈ ਪ੍ਰਲੋਕ ਭੈ ਜਨਮ ਵੇਦਨਾ ਜਾਤ ॥**
**ਅਨ ਰਖਿਆ ਅਰੁ ਗੁਪਤ ਭੈ ਅਕਸ ਮਾਤਰ ਭੈ ਸਾਤ ॥**

ਸਤਿਗੁਰਾਂ ਤੋਂ ਬਿਨਾਂ ਅਗਿਆਨ ਰੂਪ ਗੁਬਾਰੁ = ਗਾੜ੍ਹਾ ਹਨੇਰਾ ਬਣਿਆ ਰਹਿੰਦਾ ਹੈ ਜਿਸ ਕਰਕੇ ਜੀਵਾਂ ਨੂੰ ਆਪਣੇ ਸਰੂਪ ਦੀ ਲਖਤਾ ਨਹੀਂ ਹੁੰਦੀ॥੩॥

## ਅਸਥਿਰੁ ਕਰਤਾ ਦੇਖੀਐ; ਹੋਰੁ ਕੇਤੀ ਆਵੈ ਜਾਇ॥

ਹੇ ਕਰਤਾ = ਰਚਣਹਾਰ ਪ੍ਰਭੂ! ਇਕ ਤੈਨੂੰ ਹੀ ਅਸਥਿਰੁ = ਇਸਥਿਤ ਦੇਖੀਐ = ਦੇਖੀਦਾ ਹੈ, ਹੋਰ ਕੇਤੀ = ਕਿਤਨੀ ਹੀ ਸ੍ਰਿਸ਼ਟੀ ਆਵੈ = ਆਉਣ ਜਾਇ = ਜਾਣ ਭਾਵ ਜੰਮਣ ਮਰਨ ਵਾਲੀ ਹੈ **ਅਥਵਾ** ਸਤਿਗੁਰਾਂ ਦੇ ਉਪਦੇਸ਼ ਦੁਆਰਾ ਦੇਖਣਾ ਕਰੀਏ ਕਿ ਇਕ ਕਰਤਾ ਪੁਰਖ ਹੀ ਇਸਥਿਤ ਰਹਿਣ ਵਾਲਾ ਹੈ। ਹੋਰ ਗਿਣਤੀ ਨਹੀਂ ਕਿ ਕਿਤਨੀ ਸ੍ਰਿਸ਼ਟੀ ਜਨਮ ਧਾਰ ਕੇ ਆਉਂਦੀ ਹੈ ਤੇ ਮਰ ਕੇ ਚਲੀ ਜਾਂਦੀ ਹੈ ਭਾਵ ਜੰਮਣ ਮਰਣ ਵਿਚ ਹੀ ਜੀਵ ਭਉਂਦੇ ਰਹਿੰਦੇ ਹਨ **ਅਥਵਾ** ਜਿਨ੍ਹਾਂ ਨੇ ਸਤਿਗੁਰਾਂ ਦੇ ਉਪਦੇਸ਼ ਦੁਆਰਾ ਕਰਤੇ ਪੁਰਖ ਨੂੰ ਦੇਖਣਾ ਕੀਤਾ ਭਾਵ ਵਾਹਿਗੁਰੂ ਦੇ ਦਰਸ਼ਨ ਕੀਤੇ ਹਨ, ਉਹ ਫਿਰ ਅਸਥਿਰੁ = ਇਸਥਿਤ ਭਾਵ ਜੰਮਣ ਮਰਣ ਤੋਂ ਰਹਿਤ ਹੋ ਗਏ ਹਨ। ਇਸਥਿਤ ਰਹਿਣ ਵਾਲਾ ਇਕ ਕਰਤਾ ਪੁਰਖ ਹੀ ਹੈ ਜਾਂ ਉਸ ਦੇ ਪਿਆਰੇ ਹਨ। ਹੋਰ ਕੇਤੀ = ਕਿਤਨੀ ਹੀ ਦੁਨੀਆਂ ਵਾਸ਼ਨਾਵਾਂ ਅਧੀਨ ਜਨਮ ਧਾਰ ਕੇ ਆਵੈ = ਆਉਂਦੀ ਹੈ ਤੇ ਮਰ ਕੇ ਜਾਇ = ਜਾਂਦੀ ਹੈ। ਜੈਸਾ ਕਿ :

**ਰਾਵਣ ਸੇ ਮਹਰਾਵਣ ਸੇ ਘਟਕਾਨਹੁ ਸੇ ਪਲ ਬੀਚ ਪਛਾਰੇ॥**
**ਬਾਰਦ ਨਾਦ ਅਕੰਪਨ ਸੇ ਜਗ ਜੰਗ ਜੁਰੈ ਜਿਨ ਸਿਉ ਜਮ ਹਾਰੇ॥**
**ਕੁੰਭ ਅਕੁੰਭ ਸੇ ਜੀਤ ਸਭੈ ਜਗ ਸਾਤਹੂੰ ਸਿੰਧ ਹਥਿਆਰ ਪਖਾਰੇ॥**
**ਜੇ ਜੇ ਹੁਤੇ ਅਕਟੇ ਬਿਕਟੇ ਸੁ ਕਟੇ ਕਰਿ ਕਾਲ ਕ੍ਰਿਪਾਨ ਕੇ ਮਾਰੇ॥੯੫॥** *(ਸ੍ਰੀ ਦਸਮ ਗ੍ਰੰਥ, ਪੰਨਾ ੪੫-੪੬)*

## ਆਪੇ ਨਿਰਮਲੁ ਏਕੁ ਤੂੰ; ਹੋਰ ਬੰਧੀ ਧੰਧੈ ਪਾਇ॥

ਹੇ ਪਰਮੇਸ਼ਰ! ਇਕ ਤੂੰ ਆਪ ਹੀ ਨਿਰਮਲੁ = ਉੱਜਲ ਸਰੂਪ ਹੈਂ, ਹੋਰ ਸਾਰੀ ਸ੍ਰਿਸ਼ਟੀ ਧੰਧੈ = ਧੰਦਿਆਂ ਵਿਚ ਪਾ ਕੇ ਬੰਧੀ = ਬੰਨ੍ਹੀ ਹੋਈ ਹੈ। ਸਾਰੇ ਜੀਵਾਂ ਦੇ ਧੰਦਿਆਂ ਰੂਪ ਸੰਗਲ ਗਲਾਂ ਵਿਚ ਪਏ ਹੋਏ ਹਨ ਤੇ ਧੰਦਿਆਂ ਦੀਆਂ ਪੈਰਾਂ ਵਿਚ ਬੇੜੀਆਂ ਪਾ ਕੇ ਸ੍ਰਿਸ਼ਟੀ ਬੰਨ੍ਹੀ ਹੋਈ ਹੈ। ਮਨ ਦੇ ਸੰਕਲਪ ਹੀ ਧੰਦੇ ਬਣੇ ਹੋਏ ਹਨ।

## ਗੁਰਿ ਰਾਖੇ ਸੇ ਉਬਰੇ; ਸਾਚੇ ਸਿਉ ਲਿਵ ਲਾਇ॥੪॥

ਹੇ ਪਰਮੇਸ਼ਰ ਜਿਨ੍ਹਾਂ ਦੇ ਸਤਿਗੁਰ ਸੱਚੇ ਪਾਤਸ਼ਾਹ ਰਾਖੇ ਹੋਏ ਹਨ, ਸੇ = ਉਹ ਹੀ ਸੰਸਾਰਕ ਧੰਦਿਆਂ **ਵਾ:** ਜਮਾਂ ਤੋਂ ਉਬਰੇ = ਬਚੇ ਹਨ, ਬਾਕੀ ਸਾਰੇ ਧੰਦਿਆਂ ਵਿਚ ਫਸੇ ਹੋਏ ਹਨ। ਪਰ ਸਤਿਗੁਰੂ ਜੀ ਵੀ ਉਨ੍ਹਾਂ ਦੇ ਰਾਖੇ ਬਣਦੇ ਹਨ, ਜਿਨ੍ਹਾਂ ਨੇ ਇਕ ਤੇਰੇ ਸਾਚੇ = ਸੱਚੇ ਨਾਮ ਸਿਉ = ਨਾਲ ਚਿੱਤ ਦੀ ਲਿਵ = ਬਿਰਤੀ ਲਾਈ ਹੈ **ਅਥਵਾ** ਸਤਿਗੁਰੂ ਜੀ ਨਾਲ ਮਿਲ ਕੇ ਜਿਨ੍ਹਾਂ ਦੀ ਸੱਚੇ ਪਰਮੇਸ਼ਰ ਦੇ ਨਾਮ ਨਾਲ ਲਿਵ ਲੱਗੀ ਹੈ, ਉਨ੍ਹਾਂ ਦੇ ਸਤਿਗੁਰੂ ਜੀ ਲੋਕ ਪਰਲੋਕ ਵਿਚ ਰਾਖੇ ਹੋਏ ਹਨ ਤੇ ਸਤਿਗੁਰਾਂ ਦੀ ਕਿਰਪਾ ਨਾਲ ਉਹ ਸੰਸਾਰ ਸਮੁੰਦਰ ਤੋਂ, ਨਰਕਾਂ ਤੋਂ, ਜੰਮਣ ਮਰਣ ਤੋਂ ਉਬਰੇ = ਬਚ ਗਏ ਹਨ॥੪॥

**[ਅੰਗ ੫੫]**

## ਹਰਿ ਜੀਉ ਸਬਦਿ ਪਛਾਣੀਐ; ਸਾਚਿ ਰਤੇ ਗੁਰ ਵਾਕਿ॥

ਹੇ ਭਾਈ! ਹਰਿ = ਹਰੀ ਅਕਾਲ ਪੁਰਖ ਨੂੰ ਸਤਿਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਕਮਾਈ ਕਰਕੇ

ਪਛਾਨਣਾ ਕਰੀਏ। ਜਿਹੜੇ ਸਤਿਗੁਰਾਂ ਦੇ ਵਾਕਿ = ਬਚਨਾਂ ਦੁਆਰਾ ਸੱਚੇ ਵਾਹਿਗੁਰੂ ਦੇ ਪ੍ਰੇਮ ਵਿਚ ਰਤੇ = ਰੰਗੇ ਗਏ ਹਨ, ਉਹ ਸੱਚ ਦੀ ਪ੍ਰਾਪਤੀ ਵਾਲੇ ਹੋ ਗਏ ਹਨ।

## ਤਿਤੁ ਤਨਿ ਮੈਲੁ ਨ ਲਗਈ; ਸਚ ਘਰਿ ਜਿਸੁ ਓਤਾਕੁ ॥

ਤਿਤੁ = ਉਨ੍ਹਾਂ ਦੇ ਤਨਿ = ਸਰੀਰ **ਵਾ:** ਸੂਖਮ ਸਰੀਰ ਨੂੰ ਅਭਿਮਾਨ ਦੀ, ਕਾਮ, ਕ੍ਰੋਧਾਦਿ ਦੀ, ਦੇਹ ਅਧਿਆਸ ਦੀ, ਪਾਪਾਂ ਦੀ, ਅਵਿੱਦਿਆ ਆਦਿ ਦੀ ਮੈਲ ਨਹੀਂ ਲਗਈ = ਲੱਗਦੀ। ਜਿਨ੍ਹਾਂ ਨੂੰ ਸੱਚੇ ਦੇ ਘਰ ਵਿੱਚੋਂ ਓਤਾਕੁ = ਬੈਠਕ ਮਿਲੀ ਹੈ (ਜਿਹੜੇ ਪਚਾਦੇ ਲੋਕ ਹਨ, ਉਹ ਬੈਠਕ ਨੂੰ ਓਤਾਕ ਕਹਿੰਦੇ ਹਨ) **ਵਾ:** ਸੱਚੇ ਦੇ ਘਰ ਵਿਚ ਬੈਠਣਾ ਮਿਲਿਆ ਹੈ **ਅਥਵਾ** ਜਿਸ ਨੇ ਸੱਚੇ ਪਰਮਾਤਮਾ ਦੇ ਸਰੂਪ ਰੂਪ ਘਰ ਵਿਚ (ਓ + ਤਾਕੁ) ਓ = ਵਿਸ਼ੇਸ਼ ਕਰਕੇ ਤਾਕੁ = ਤੱਕ ਲਿਆ ਹੈ, ਫਿਰ ਉਸ ਦੇ ਤਨਿ = ਸਰੀਰ **ਵਾ:** ਸੂਖਮ ਸਰੀਰ ਨੂੰ ਕਿਸੇ ਪ੍ਰਕਾਰ ਦੀ ਮੈਲ ਨਹੀਂ ਲੱਗਦੀ।

## ਨਦਰਿ ਕਰੇ ਸਚੁ ਪਾਈਐ; ਬਿਨੁ ਨਾਵੈ ਕਿਆ ਸਾਕੁ ॥੫॥

ਜਿਨ੍ਹਾਂ ਉਪਰ ਸੱਚੇ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕਰਦੇ ਹਨ, ਉਹਨਾਂ ਨੂੰ ਸੱਚੇ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਾਪਤੀ ਹੋ ਜਾਂਦੀ ਹੈ। ਸੱਚੇ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਕਿਆ = ਕਾਹਦਾ ਸਾਕੁ = ਸੰਬੰਧ ਹੈ ? ਭਾਵ ਨਾਮ ਤੋਂ ਬਿਨਾਂ ਕੋਈ ਵੀ ਸਕਾ-ਸੰਬੰਧੀ ਨਹੀਂ, ਅੰਤ ਨੂੰ ਸਾਰੇ ਹੀ ਸਾਥ ਛੱਡ ਜਾਂਦੇ ਹਨ ਭਾਵੇਂ ਕਿਤਨਾ ਵੀ ਨੇੜੇ ਦਾ ਸੰਬੰਧੀ ਪੁੱਤਰ, ਭਰਾ, ਘਰਵਾਲੀ ਆਦਿ ਕਿਉਂ ਨਾ ਹੋਵੇ ਪਰ ਪਰਲੋਕ ਵਿਚ ਕੋਈ ਸਹਾਇਤਾ ਨਹੀਂ ਕਰ ਸਕਦਾ ॥੫॥ ਜੈਸਾ ਕਿ :

**ਅੰਤ ਕੀ ਬਾਰ ਕੋ ਖਰਾ ਨ ਹੋਸੀ; ਸਭ ਮਿਥਿਆ ਅਸਨੇਹੀ ॥** *(ਸੋਰਠਿ ਮ: ੫, ਅੰਗ ੬੦੯)*

## ਜਿਨੀ ਸਚੁ ਪਛਾਣਿਆ; ਸੇ ਸੁਖੀਏ ਜੁਗ ਚਾਰਿ ॥

ਜਿਨ੍ਹਾਂ ਸਤਿਗੁਰਾਂ ਦੀ ਕਿਰਪਾ ਦੁਆਰਾ ਸੱਚੇ ਨਾਮ ਦਾ ਸਿਮਰਨ ਕਰਨਾ ਪਛਾਣਿਆ ਹੈ, ਸੇ = ਉਹ ਚਾਰੇ ਜੁਗਾਂ ਵਿਚ ਸੁਖੀ ਹਨ। ਜੁਗ ਭਾਵੇਂ ਕੋਈ ਹੋਵੇ ਪਰ ਨਾਮ ਸਿਮਰਨ ਕਰਨ ਵਾਲਾ ਸਦਾ ਸੁਖੀ ਰਹਿੰਦਾ ਹੈ **ਅਥਵਾ** ਜਿਸ ਨੇ ਸੱਚੇ ਪਰਮੇਸ਼ਰ ਦਾ ਨਾਮ ਸਿਮਰਨ ਪਛਾਣਿਆ ਹੈ, ਉਸ ਨੂੰ ਗਿਆਨ ਦੇ ਚਾਰ ਸਾਧਨ—ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ **ਵਾ:** ਚਾਰ ਅੰਤ੍ਰੀਵ ਸਾਧਨ—ਸ੍ਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਪਦ ਦਾ ਸੰਸ਼ੋਧਨ ਪ੍ਰਾਪਤ ਹੋ ਜਾਂਦੇ ਹਨ, ਫਿਰ ਜੁਗ = ਸਮਾਂ ਕੋਈ ਵੀ ਹੋਵੇ, ਉਹ ਸਦਾ ਸੁਖੀ ਰਹਿੰਦੇ ਹਨ।

## ਹਉਮੈ ਤ੍ਰਿਸਨਾ ਮਾਰਿ ਕੈ; ਸਚੁ ਰਖਿਆ ਉਰ ਧਾਰਿ ॥

ਕਿਉਂਕਿ ਉਨ੍ਹਾਂ ਨੇ ਦੇਹ ਹੰਗਤਾ ਨੂੰ ਅਤੇ ਰਸਾਂ ਕਸਾਂ, ਭੋਗਾਂ, ਪਦਾਰਥਾਂ ਦੀ ਤ੍ਰਿਸ਼ਨਾ ਨੂੰ ਮਾਰ ਕੇ ਸੱਚੇ ਪਰਮੇਸ਼ਰ ਦੇ ਨਾਮ ਨੂੰ ਉਰ = ਹਿਰਦੇ ਵਿਚ ਧਾਰਿ = ਵਸਾ ਕੇ ਰੱਖਿਆ ਹੈ।

## ਜਗ ਮਹਿ ਲਾਹਾ ਏਕੁ ਨਾਮੁ; ਪਾਈਐ ਗੁਰ ਵੀਚਾਰਿ ॥੬॥

ਇਸ ਜਗ = ਸੰਸਾਰ ਮਹਿ = ਵਿਚ ਏਕੁ = ਇਕ ਅਕਾਲ ਪੁਰਖ ਦੇ ਨਾਮ ਦਾ ਹੀ ਲਾਹਾ = ਲਾਭ ਹੈ ਜੋ ਸਤਿਗੁਰਾਂ ਦੇ ਸ਼ਬਦ ਦੀ ਵੀਚਾਰ ਨੂੰ ਹਿਰਦੇ ਵਿਚ ਧਾਰ ਕੇ ਪਾਈਐ = ਪ੍ਰਾਪਤ ਕਰੀਦਾ ਹੈ ॥੬॥

## ਸਾਚਉ ਵਖਰੁ ਲਾਦੀਐ; ਲਾਭੁ ਸਦਾ ਸਚੁ ਰਾਸਿ ॥

ਸੱਚੇ ਪਰਮੇਸ਼ਰ ਦਾ ਸੱਚ ਨਾਮ ਰੂਪ ਵਖਰੁ = ਸੌਦਾ ਸਤਿਗੁਰਾਂ ਦੀ ਕਿਰਪਾ ਦੁਆਰਾ ਅੰਤਸ਼ਕਰਣ ਰੂਪ ਗੱਡੇ 'ਤੇ ਲਾਦੀਐ = ਲੱਦਣਾ ਕਰੀਏ ਤਾਂ ਇਸ ਸੰਸਾਰ ਵਿਚ ਰਹਿੰਦਿਆਂ ਸਦਾ ਲਾਭ ਰਹੇਗਾ ਤੇ ਪਰਲੋਕ ਵਿਚ ਵੀ ਇਹ ਸੱਚੀ ਰਾਸਿ = ਪੂੰਜੀ ਨਾਲ ਜਾਵੇਗੀ।

## ਸਾਚੀ ਦਰਗਹ ਬੈਸਈ; ਭਗਤਿ ਸਚੀ ਅਰਦਾਸਿ ॥

ਜਿਹੜੇ ਪਰਮੇਸ਼ਰ ਦੀ ਭਗਤੀ ਕਰਦੇ ਹਨ ਤੇ ਸੱਚੀ ਅਰਦਾਸਿ ਭਾਵ ਹਿਰਦੇ ਵਿੱਚੋਂ ਬੇਨਤੀ ਕਰਦੇ ਹਨ ਤੇ ਕਦੇ ਝੂਠ ਨਹੀਂ ਬੋਲਦੇ, ਉਹ ਸੱਚੇ ਪਰਮੇਸ਼ਰ ਦੀ ਦਰਗਹ = ਨਿਆਏਂ ਸਭਾ ਵਿਚ ਸਤਿਕਾਰ ਸਹਿਤ ਬੈਸਈ = ਬੈਠਣਾ ਕਰਨਗੇ।

## ਪਤਿ ਸਿਉ ਲੇਖਾ ਨਿਬੜੈ; ਰਾਮ ਨਾਮੁ ਪਰਗਾਸਿ ॥੭॥

ਜਿਨ੍ਹਾਂ ਦੇ ਹਿਰਦੇ ਅੰਦਰ ਪਰਮੇਸ਼ਰ ਦੇ ਨਾਮ ਦਾ ਪਰਗਾਸਿ (ਪਰ + ਗਾਸਿ) ਪਰ = ਵਿਸ਼ੇਸ਼ ਕਰਕੇ ਗਾਸਿ = ਚਾਨਣਾ ਹੋ ਜਾਂਦਾ ਹੈ। ਜਿਸ ਤਰ੍ਹਾਂ ਸੂਰਜ ਚੜ੍ਹੇ ਤੋਂ ਹਨੇਰਾ ਮਿਟ ਜਾਂਦਾ ਹੈ, ਇਸ ਤਰ੍ਹਾਂ ਜਿਨ੍ਹਾਂ ਦੀ ਅਵਿੱਦਿਆ ਰੂਪ ਰਾਤ ਮਿਟ ਗਈ ਹੈ ਤੇ ਗਿਆਨ ਦਾ ਚਾਨਣਾ ਹੋ ਗਿਆ ਹੈ, ਉਨ੍ਹਾਂ ਦਾ ਪਤਿ = ਇੱਜ਼ਤ ਦੇ ਸਹਿਤ ਕਰਮਾਂ ਦਾ ਲੇਖਾ = ਹਿਸਾਬ ਕਿਤਾਬ ਨਿਬੜੈ = ਮੁਕ ਜਾਂਦਾ ਹੈ। ਕੋਈ ਹਿਸਾਬ ਕਿਤਾਬ ਬਾਕੀ ਨਹੀਂ ਰਹਿੰਦਾ, ਜੰਮਣ ਮਰਣ ਤੋਂ ਰਹਿਤ ਹੋ ਜਾਂਦੇ ਹਨ ਤੇ ਸਾਕਤ ਪੁਰਸ਼ਾਂ ਵਾਂਗ ਦਰਗਾਹ ਵਿਚ ਬੇਇੱਜ਼ਤੀ ਨਹੀਂ ਹੁੰਦੀ, ਸਗੋਂ ਬਹੁਤ ਹੀ ਸਤਿਕਾਰ ਪ੍ਰਾਪਤ ਹੁੰਦਾ ਹੈ॥੭॥ ਜੈਸਾ ਕਿ :

**ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥** *(ਗਉੜੀ ਮ: ੫, ਅੰਗ ੨੫੨)*

**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥** *(ਜੈਤਸਰੀ ਮ: ੪, ਅੰਗ ੬੯੮)*

## ਊਚਾ ਊਚਉ ਆਖੀਐ; ਕਹਉ ਨ ਦੇਖਿਆ ਜਾਇ ॥

ਉਹ ਪਰਮੇਸ਼ਰ ਉੱਚਾ ਹੈ, ਉਸ ਉੱਚੇ ਤਾਈਂ ਸਭ ਕੋਈ ਉੱਚਾ ਕਹਿੰਦਾ ਹੈ। ਉਹ ਪਰਮੇਸ਼ਰ ਉੱਚਿਆਂ ਤੋਂ ਉੱਚਾ ਆਖੀਦਾ ਹੈ। ਜਿਸ ਤਰ੍ਹਾਂ ਵਿਸ਼ਨੂੰ, ਬ੍ਰਹਮਾ, ਸ਼ਿਵ ਜੀ ਸੰਸਾਰੀ ਜੀਵਾਂ ਤੋਂ ਉੱਚੇ ਕਹੀਦੇ ਹਨ ਪਰ ਉਹ ਉਨ੍ਹਾਂ ਤੋਂ ਵੀ ਉੱਚਾ ਹੈ **ਅਥਵਾ** ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਜਿਨ੍ਹਾਂ ਨੂੰ ਲੋਕ ਉੱਚਾ ਕਹਿੰਦੇ ਹਨ ਪਰ ਇਹ ਸਾਰੇ ਹੀ ਪਰਮੇਸ਼ਰ ਨੂੰ ਹਿਰਨ ਗਰਭ, ਵਿਰਾਟ ਆਦਿ ਉੱਚਾ ਕਥਨ ਕਰਦੇ ਹਨ। ਪਰ ਕੇਵਲ ਕਹਿਣੇ ਕਰਕੇ ਦੇਖਿਆ ਨਹੀਂ ਜਾਂਦਾ ਭਾਵ ਉਸ ਨੂੰ ਉੱਚਾ ਉੱਚਾ ਤਾਂ ਸਾਰੀ ਦੁਨੀਆਂ ਕਹਿੰਦੀ ਹੈ ਪਰ ਕਹਿਣੇ ਮਾਤਰ ਨਾਲ ਉਸ ਦਾ ਸਰੂਪ ਦਿੱਸਦਾ ਨਹੀਂ ਹੈ। ਫੇਰ ਦਿੱਸੇਗਾ ਕਿਵੇਂ ? ਤਾਂ ਦੱਸਦੇ ਹਨ :

## ਜਹ ਦੇਖਾ ਤਹ ਏਕੁ ਤੂੰ; ਸਤਿਗੁਰਿ ਦੀਆ ਦਿਖਾਇ ॥

ਜਦੋਂ ਸਤਿਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਗਿਆਨ ਰੂਪ ਨੇਤ੍ਰਾਂ ਨਾਲ ਵਿਖਾ ਦਿੱਤਾ ਤਾਂ ਅਜਿਹੀ ਅਵਸਥਾ ਬਣ ਗਈ ਕਿ ਹੇ ਵਾਹਿਗੁਰੂ ! ਮੈਂ ਜਿਧਰ ਵੀ ਦੇਖਦਾ ਹਾਂ, ਉਥੇ ਇਕ ਤੂੰ ਹੀ ਨਜ਼ਰ ਆਉਂਦਾ ਹੈਂ।

## ਜੋਤਿ ਨਿਰੰਤਰਿ ਜਾਣੀਐ; ਨਾਨਕ ਸਹਜਿ ਸੁਭਾਇ ॥੮॥੩॥

ਸਤਿਗੁਰਾਂ ਦੀ ਕਿਰਪਾ ਦੁਆਰਾ ਸਾਰਿਆਂ ਵਿਚ ਆਪ ਜੀ ਦੀ ਜੋਤ ਨਿਰੰਤਰ = ਇਕ-ਰਸ ਜਾਣ ਲਈ ਹੈ। ਜੈਸਾ ਕਿ :

**ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**

*(ਧਨਾਸਰੀ ਮ: ੧, ਅੰਗ ੧੩)*

ਬਾਕੀ ਜੋ ਸਾਨੂੰ ਚੰਦ, ਸੂਰਜ, ਤਾਰੇ ਆਦਿ ਪ੍ਰਕਾਸ਼ ਦਿਸ ਰਹੇ ਹਨ, ਇਹ ਸਭ ਉਸ ਪ੍ਰਕਾਸ਼ਮਾਨ ਪਰਮੇਸ਼ਰ ਦੀ ਜੋਤ ਜੋ ਸਾਰਿਆਂ ਵਿਚ ਇਕ-ਰਸ ਵਰਤ ਰਹੀ ਹੈ, ਉਸ ਤੋਂ ਹੀ ਪ੍ਰਕਾਸ਼ ਪ੍ਰਾਪਤ ਕਰਕੇ ਅੱਗੇ ਪ੍ਰਕਾਸ਼ਮਾਨ ਹੋ ਰਹੇ ਹਨ, ਵਾਸਤਵ ਵਿਚ ਪ੍ਰਕਾਸ਼ ਰੂਪ ਕੇਵਲ ਪਰਮੇਸ਼ਰ ਹੈ। ਸਤਿਗੁਰੂ ਕਥਨ ਕਰਦੇ ਹਨ ਕਿ ਜਦੋਂ ਐਸੀ ਅਵਸਥਾ ਪ੍ਰਾਪਤ ਹੋ ਜਾਵੇ ਤਾਂ ਸਹਜਿ ਸੁਭਾਇ = ਸੁਤੇ-ਸਿਧ ਹੀ ਉਸ ਪਰਮੇਸ਼ਰ ਵਿਚ ਅਭੇਦ ਹੋ ਜਾਈਦਾ ਹੈ। ਜਿਸ ਤਰ੍ਹਾਂ ਸੂਰਜ ਦੇ ਅੱਗੇ ਬੱਦਲ ਆ ਜਾਂਦੇ ਹਨ ਤੇ ਸੂਰਜ ਦਿੱਸਦਾ ਨਹੀਂ, ਪਰ ਜਦੋਂ ਹਵਾ ਬੱਦਲਾਂ ਨੂੰ ਪਾਸੇ ਕਰ ਦਿੰਦੀ ਹੈ ਤਾਂ ਸੂਰਜ ਫਿਰ ਦਿੱਸਣ ਲੱਗ ਪੈਂਦਾ ਹੈ। ਜਦੋਂ ਬੱਦਲ ਅੱਗੇ ਸਨ ਉਦੋਂ ਵੀਂ ਸੂਰਜ ਪ੍ਰਕਾਸ਼ ਰੂਪ ਸੀ, ਜਦੋਂ ਬੱਦਲ ਦੂਰ ਹੋ ਗਏ ਉਦੋਂ ਵੀ ਪ੍ਰਕਾਸ਼ ਰੂਪ ਹੀ ਹੈ। ਇਸੇ ਤਰ੍ਹਾਂ ਪਰਮੇਸ਼ਰ ਜੋਤੀ ਸਰੂਪ ਸੁਤੇ ਹੀ ਪ੍ਰਕਾਸ਼ ਹੈ ਤੇ ਸਾਰਿਆਂ ਵਿਚ ਇਕ-ਰਸ ਵਰਤ ਰਿਹਾ ਹੈ, ਪਰ ਸਾਡੀਆਂ ਅੱਖਾਂ ਅੱਗੇ ਦੇਹ ਅਭਿਮਾਨ **ਵਾ:** ਅਗਿਆਨ ਰੂਪ ਬੱਦਲ ਆ ਗਏ ਹਨ, ਇਸ ਕਰਕੇ ਉਹ ਪ੍ਰਕਾਸ਼ ਸਾਨੂੰ ਨਜ਼ਰ ਨਹੀਂ ਆ ਰਿਹਾ। ਗੁਰੂ ਕਿਰਪਾ ਨਾਲ ਨਾਮ ਅਭਿਆਸ ਕਰਕੇ ਇਨ੍ਹਾਂ ਬੱਦਲਾਂ ਨੂੰ ਦੂਰ ਉਡਾਉਣਾ ਹੈ। ਜਦੋਂ ਬੱਦਲ ਹਟ ਗਏ ਤਾਂ ਸੁਤੇ-ਸਿੱਧ ਹੀ ਉਸ ਜੋਤ ਸਰੂਪ ਨੂੰ ਸਾਰੇ ਥਾਂ 'ਤੇ ਇਕ-ਰਸ ਵਿਆਪਕ ਜਾਣ ਲਵਾਂਗੇ॥੮॥੩॥

## ਸਿਰੀਰਾਗੁ ਮਹਲਾ ੧ ॥

ਇਕ ਦਿਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਕਰਤਾਰਪੁਰ ਸਾਹਿਬ ਰਾਵੀ ਦੇ ਕਿਨਾਰੇ ਬਿਰਾਜਮਾਨ ਸਨ। ਕਿਸੇ ਪ੍ਰੇਮੀ ਨੇ ਬੇਨਤੀ ਕੀਤੀ ਕਿ ਮਹਾਰਾਜ! ਸਾਨੂੰ ਕਾਲ ਬਾਰੇ ਦੱਸੋ ਕਿ ਕਾਲ ਦਾ ਕੀ ਸੁਭਾਅ ਹੈ ਤੇ ਜੀਵ ਨਾਲ ਕਿਸ ਤਰ੍ਹਾਂ ਦਾ ਵਰਤਾਉ ਕਰਦਾ ਹੈ? ਇਤਨੇ ਨੂੰ ਸਤਿਗੁਰਾਂ ਦੀ ਦ੍ਰਿਸ਼ਟੀ ਇਕ ਫੰਧਕ 'ਤੇ ਪਈ ਜੋ ਮੱਛੀਆਂ ਫੜ ਰਿਹਾ ਸੀ। ਬੜੀ ਮੁਸ਼ਕਿਲ ਨਾਲ ਇਕ ਮੱਛੀ ਪਕੜੀ ਜੋ ਆਕਾਰ ਵਿਚ ਬਹੁਤ ਵੱਡੀ ਸੀ ਤੇ ਸ਼ਿਕਾਰੀ ਬੜਾ ਖ਼ੁਸ਼ ਹੋਇਆ। ਪਰ ਦਇਆਵਾਨ ਸਤਿਗੁਰੂ ਜੀ ਨੇ ਸ਼ਿਕਾਰੀ ਨੂੰ ਐਸਾ ਆਤਮਕ ਉਪਦੇਸ਼ ਦਿੱਤਾ ਕਿ ਉਸ ਨੇ ਇਸ ਭੈੜੇ ਕੰਮ ਨੂੰ ਸਦਾ ਲਈ ਤਿਆਗ ਦਿੱਤਾ ਤੇ ਮੱਛੀ ਵੀ ਸਤਿਗੁਰਾਂ ਦੀ ਚਰਣ-ਛੋਹ ਪ੍ਰਾਪਤ ਕਰ ਕੇ ਮੁਕਤ ਹੋ ਗਈ। ਇਸ ਤਰ੍ਹਾਂ ਉਸ ਮੱਛੀ ਨੂੰ ਦ੍ਰਿਸ਼ਟਾਂਤ ਬਣਾ ਕੇ ਸਤਿਗੁਰੂ ਜੀ ਪਾਵਨ ਉਪਦੇਸ਼ ਬਖ਼ਸ਼ ਰਹੇ ਹਨ:

## ਮਛੁਲੀ ਜਾਲੁ ਨ ਜਾਣਿਆ; ਸਰੁ ਖਾਰਾ ਅਸਗਾਹੁ ॥

ਹੇ ਮੱਛੀ! ਤੂੰ ਇਹ ਨਹੀਂ ਜਾਣਿਆ = ਸਮਝਿਆ ਕਿ ਮੈਨੂੰ ਫੰਧਕ ਨੇ ਜਾਲੁ = ਫੰਧੇ ਵਿਚ ਫਸਾ ਲੈਣਾ ਹੈ ਅਤੇ ਤੂੰ ਇਹਨਾਂ ਟੋਭਿਆਂ, ਛੋਟੀਆਂ ਨਦੀਆਂ ਨਾਲ ਪਿਆਰ ਕਰਦੀ ਰਹੀ ਤੇ ਸਰੁ = ਸਮੁੰਦਰ ਜੋ ਬਹੁਤ ਹੀ ਅਸਗਾਹੁ = ਡੂੰਘਾ ਹੈ, ਉਸ ਨੂੰ ਖਾਰਾ ਜਾਣ ਕੇ ਛੱਡ ਦਿੱਤਾ, ਠੀਕ ਨਹੀਂ ਕੀਤਾ। ਜੈਸਾ ਕਿ:

**ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ॥**
**ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ॥੪੯॥**
**ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ॥**
**ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ॥੫੦॥** *(ਸਲੋਕ ਕਬੀਰ ਜੀ, ਅੰਗ ੧੩੬੭)*

ਕਿ ਟੋਭੇ ਨਾਲ ਪਿਆਰ ਕਰਕੇ ਮੱਛੀ ਛੁੱਟ ਨਹੀਂ ਸਕੇਗੀ। ਇਸ ਪ੍ਰਕਾਰ ਇਹ ਦ੍ਰਿਸ਼ਟਾਂਤ ਦੇ ਕੇ ਜੀਵ ਪ੍ਰਤੀ ਉਪਦੇਸ਼ ਦਿੰਦੇ ਹਨ ਕਿ ਹੇ ਜੀਵ ਰੂਪੀ ਮਛੁਲੀ! ਤੂੰ ਕਾਲ ਦੇ ਜਾਲ ਨੂੰ ਨਾ ਸਮਝਿਆ ਤੇ ਵਾਹਿਗੁਰੂ ਰੂਪ ਸਮੁੰਦਰ ਜੋ ਅਸਗਾਹੁ = ਡੂੰਘਾ ਹੈ, ਉਸ ਨੂੰ ਖਾਰਾ ਸਮਝ ਕੇ ਛੱਡ ਦਿੱਤਾ ਤੇ ਉਸ ਨਾਲ ਪ੍ਰੇਮ ਨਾ ਕੀਤਾ।

ਕਿਉਂਕਿ ਅੰਤਰਜਾਮੀ ਜੋ ਪਰਮੇਸ਼ਰ ਹੈ, ਉਸ ਵਿਚ ਵਿਸ਼ੇ ਰਸ ਰੂਪ ਮਿਠਾਸ ਨਹੀਂ ਹੈ। ਜੋ ਦੇਵੀ ਦੇਵਤੇ ਹਨ ਉਨ੍ਹਾਂ ਵਿਚ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਸ਼ਿਆਂ ਦਾ ਸੁਆਦ ਹੈ। ਇਸ ਲਈ ਤੂੰ ਦੇਵੀ ਦੇਵਤਿਆਂ ਦੀ ਉਪਾਸਨਾ ਰੂਪ ਟੋਭਿਆਂ ਵਿਚ ਜਾ ਕੇ ਸ਼ਰਨ ਲੈ ਲਈ। ਦੂਜੇ ਪਾਸੇ ਪਰਮੇਸ਼ਰ ਆਪਣਾ ਭਾਣਾ ਮਨਾਉਂਦਾ ਹੈ ਅਤੇ ਦੁੱਖ ਸੁੱਖ ਵਿਚ ਇੱਕੋ ਜਿਹਾ ਰੱਖ ਕੇ ਜੀਵ ਨੂੰ ਮੁਕਤ ਕਰਦਾ ਹੈ। ਉਸ ਵਿਚ ਵਿਸ਼ੇ ਰਸ ਨਹੀਂ ਜਿਸ ਕਰਕੇ ਜੀਵ ਨੇ ਪਰਮੇਸ਼ਰ ਨੂੰ ਖਾਰਾ ਸਮਝ ਕੇ ਛੱਡ ਦਿੱਤਾ ਕਿਉਂਕਿ ਜੋ ਬ੍ਰਹਮਾਨੰਦ, ਆਤਮਾਨੰਦ ਵਾਹਿਗੁਰੂ ਵਿੱਚੋਂ ਪ੍ਰਾਪਤ ਹੁੰਦਾ ਹੈ, ਉਸ ਤਕ ਜੀਵ ਦੀ ਪਹੁੰਚ ਨਹੀਂ। ਉਹ ਪਰਮਾਤਮਾ ਤਾਂ ਹੈ ਹੀ ਅਨੰਦ ਸਰੂਪ। ਇਹ ਵਿਸ਼ੇ ਰਸ ਉਸ ਬ੍ਰਹਮਾਨੰਦ ਸਾਹਮਣੇ ਇਕ ਬੂੰਦ ਦੀ ਨਿਆਈਂ ਹਨ। ਜਦੋਂ ਉਹ ਲਾਇਕ ਬਣਾਉਣ ਲਈ ਕਸਵੱਟੀ ਲਾਉਂਦਾ ਹੈ ਤਾਂ ਜੀਵ ਉਸ ਨੂੰ ਦੁੱਖ ਦੇਣ ਵਾਲਾ ਖਾਰਾ ਸਮਝ ਕੇ ਛੱਡ ਦਿੰਦਾ ਹੈ। ਪਰ ਉਹ ਵਾਹਿਗੁਰੂ ਡੂੰਘਾ ਸਮੁੰਦਰ ਦੀ ਨਿਆਈਂ ਹੈ **ਅਥਵਾ** ਹੇ ਜੀਵ ਰੂਪ ਮਛਲੀ! ਤੂੰ ਉਸ ਦੇ ਪ੍ਰੇਮ ਨੂੰ ਨਾ ਜਾਣਿਆ ਤੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਵਿਚ ਲੱਗੀ ਰਹੀ। ਡੂੰਘੇ ਤੇ ਖਾਰੇ ਸਮੁੰਦਰ ਵਿਚ ਹੀ ਰਹਿੰਦਿਆਂ ਮਛਲੀ ਨੇ ਜਾਲ ਨੂੰ ਨਹੀਂ ਸਮਝਿਆ ਕਿ ਮੈਨੂੰ ਫਸਾਉਣ ਵਾਲੀ ਕੋਈ ਸ਼ਕਤੀ ਹੈ। ਭਾਵੇਂ ਮੱਛੀ ਅਤਿਅੰਤ ਸਿਆਣੀ ਅਤੇ ਸੋਹਣੀ ਸੀ ਪਰ ਉਸ ਨੇ ਭਰੋਸਾ ਕਿਉਂ ਕੀਤਾ ਕਿ ਮੈਂ ਵੱਡੇ ਸਮੁੰਦਰ ਵਿਚ ਹਾਂ, ਮੈਨੂੰ ਕੋਈ ਨਹੀਂ ਪਕੜ ਸਕਦਾ? ਇਸ ਭਰੋਸੇ ਦੇ ਕਰਨ ਕਰਕੇ ਹੀ ਮੱਛੀ ਪਕੜੀ ਗਈ। ਇਸੇ ਤਰ੍ਹਾਂ ਜੋ ਸੰਸਾਰ ਅਸਗਾਹੁ = ਡੂੰਘਾ ਸਮੁੰਦਰ ਹੈ ਤੇ ਪਦਾਰਥਾਂ ਰੂਪ ਪਾਣੀ ਨਾਲ ਭਰਿਆ ਹੈ ਜਿਸ ਵਿਚ ਦੁੱਖ ਪ੍ਰਾਪਤ ਹੋਣ ਰੂਪ ਖਾਰਾਪਣ ਹੈ। ਇਸ ਸਮੁੰਦਰ ਵਿਚ ਰਹਿੰਦਿਆਂ ਜੀਵ ਰੂਪ ਮੱਛੀ ਨੇ ਜਮਾਂ ਦੇ ਜਾਲ ਨੂੰ ਨਾ ਜਾਨਣਾ ਕੀਤਾ। ਜੀਵ ਰੂਪ ਮੱਛੀ ਭਾਵੇਂ ਅਤਿਅੰਤ ਸਿਆਣੀ ਤੇ ਸੋਹਣੀ ਸੀ ਪਰ ਇਸ ਨੇ ਇਹ ਵਿਸ਼ਵਾਸ ਕਿਉਂ ਕਰ ਲਿਆ ਕਿ ਮੈਨੂੰ ਇਸ ਸੰਸਾਰ ਸਮੁੰਦਰ ਵਿੱਚੋਂ ਕਾਲ ਪਕੜ ਨਹੀਂ ਸਕਦਾ। ਇਸ ਭਰੋਸੇ ਦੇ ਕਰਨ ਕਰਕੇ ਹੀ ਇਹ ਜੀਵ ਰੂਪ ਮਛਲੀ ਪਕੜੀ ਗਈ, ਕਿਉਂਕਿ ਕਾਲ ਕਿਸੇ ਵੀ ਤਰ੍ਹਾਂ ਸਿਰ ਤੋਂ ਟਲਦਾ ਨਹੀਂ ਹੈ।

## ਅਤਿ ਸਿਆਣੀ ਸੋਹਣੀ; ਕਿਉ ਕੀਤੋ ਵੇਸਾਹੁ ॥

ਤੂੰ ਅਤਿ = ਬਹੁਤ ਹੀ ਸਿਆਣੀ ਸੀ। ਵੇਦ ਸ਼ਾਸਤਰ ਪੜ੍ਹੀ ਹੋਈ ਸੀ। ਸਾਰੀਆਂ ਚਉਰਾਸੀ ਲੱਖ ਜੂਨਾਂ ਵਿੱਚੋਂ ਤੇਰੀ ਮਨੁਖਾ ਦੇਹੀ ਸੁੰਦਰ ਹੈ। ਜੈਸਾ ਕਿ:

**ਸੁਰਹ ਕੀ ਜੈਸੀ ਤੇਰੀ ਚਾਲ ॥**
**ਤੇਰੀ ਪੂੰਛਟ ਊਪਰਿ ਝਮਕ ਬਾਲ ॥੧॥** *(ਬਸੰਤੁ ਕਬੀਰ ਜੀ, ਅੰਗ ੧੧੯੬)*

ਇਸ ਪ੍ਰਕਾਰ ਦੇਵਤਿਆਂ ਵਰਗੀ ਤੇਰੀ ਚਾਲ ਹੈ। ਬਹੁਤ ਹੀ ਸੁੰਦਰ ਦੇਹੀ ਤੈਨੂੰ ਪ੍ਰਾਪਤ ਹੋਈ ਹੈ। ਹੇ ਕਮਲੀਏ! ਤੂੰ ਇਸ ਕਾਲ ਦਾ ਵੇਸਾਹੁ = ਭਰੋਸਾ ਕਿਉਂ ਕਰ ਲਿਆ? ਤੂੰ ਇਹ ਕਿਉਂ ਸਮਝ ਬੈਠੀ ਕਿ ਮੈਂ ਮਰਨਾ ਨਹੀਂ ਹੈ ਤੇ ਆਪਣੇ ਆਪ ਨੂੰ ਅਬਿਨਾਸੀ ਸਮਝਣ ਲੱਗ ਪਈ? ਇਹ ਭਰੋਸਾ ਕਿਉਂ ਕਰ ਲਿਆ ਕਿ ਮੈਂ ਜਿਉਂਦੀ ਰਹਾਂਗੀ।

## ਕੀਤੇ ਕਾਰਣਿ ਪਾਕੜੀ; ਕਾਲੁ ਨ ਟਲੈ ਸਿਰਾਹੁ ॥੧॥

ਇਸ ਕੀਤੇ ਹੋਏ ਭਰੋਸੇ ਕਰਕੇ ਹੀ ਤੂੰ ਪਾਕੜੀ = ਫੜੀ ਗਈ ਕਿ ਮੈਂ ਸਦਾ ਜਿਉਂਦੀ ਰਹਾਂਗੀ, ਮੇਰਾ ਪਰਿਵਾਰ ਸਦਾ ਬਣਿਆ ਰਹੇਗਾ, ਮੇਰੀ ਦੇਹ ਸਦਾ ਬਣੀ ਰਹੇਗੀ। ਇਸ ਭਰੋਸੇ ਕਾਰਨ ਹੀ ਕਾਲ ਰੂਪੀ ਫੰਧਕ ਨੇ ਮੋਹ ਰੂਪ ਫਾਹੀ ਪਾ ਕੇ ਤੈਨੂੰ ਪਕੜ ਲਿਆ ਤੇ ਜੋ ਕਾਲ ਸਾਰਿਆਂ ਦੇ ਸਿਰਾਹੁ = ਸਿਰ ਦੇ ਉੱਤੇ ਹੈ, ਉਹ ਟਲਦਾ ਨਹੀਂ ਭਾਵੇਂ ਕੋਈ ਲੱਖ ਯਤਨ ਕਰ ਲਵੇ। ਜਦੋਂ ਸਮਾਪਤੀ ਦਾ ਵਕਤ ਸਾਲ, ਰੁੱਤ, ਮਹੀਨਾ, ਥਿਤਿ,

ਵਾਰ, ਘੜੀ, ਪਲ ਆ ਗਿਆ ਤਾਂ ਇਸ ਦੇਹੀ ਨੇ ਸਮਾਪਤ ਹੋ ਜਾਣਾ ਹੈ। ਕਿਸੇ ਦੇ ਵੀ ਸਿਰ ਤੋਂ ਕਾਲ ਟਲਦਾ ਨਹੀਂ ॥੧॥ ਜੈਸਾ ਕਿ :

**ਜਾਲ ਬਧੇ ਸਭ ਹੀ ਮ੍ਰਿਤ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ ॥**
**ਦਾਨਵ ਦੇਵ ਫਨਿੰਦ ਧਰਾਧਰ, ਭੂਤ ਭਵਿੱਖ ਉਪਾਇ ਮਿਟਾਏ ॥**
**ਅੰਤ ਮਰੈ ਪਛੁਤਾਇ ਪ੍ਰਿਥੀ ਪਰ, ਜੇ ਜਗ ਮੈ ਅਵਤਾਰ ਕਹਾਏ ॥**
**ਰੇ ਮਨ ਲੈਲ ਇਕੇਲ ਹੀ ਕਾਲ ਕੇ, ਲਾਗਤ ਕਾਹੇ ਨ ਪਾਇਨ ਧਾਏ ॥੨੩॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੫)*

ਹੇ ਮੇਰੇ ਲੈਲ = ਚੰਚਲ ਮਨ ! ਫਿਰ ਤੂੰ ਅਕਾਲ ਪੁਰਖ ਦੇ ਚਰਨੀਂ ਕਿਉਂ ਨਹੀਂ ਭੱਜ ਕੇ ਜਾ ਪੈਂਦਾ ? ਸਾਰੇ ਕਾਲ ਦੇ ਜਾਲ ਵਿਚ ਬੱਧੇ ਹੋਏ ਹਨ। ਸਿਰ ਉੱਤੋਂ ਕਾਲ ਨਹੀਂ ਟਲਦਾ। ਜੈਸਾ ਕਿ :

**ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥**
*(ਰਾਮਕਲੀ ਮ: ੧, ਅੰਗ ੯੩੬)*

## ਭਾਈ ਰੇ; ਇਉ ਸਿਰਿ ਜਾਣਹੁ ਕਾਲੁ ॥

ਹੇ ਭਾਈ ! ਆਪਣੇ ਸਿਰ ਉੱਤੇ ਕਾਲ ਨੂੰ ਇਸ ਤਰ੍ਹਾਂ ਜਾਨਣਾ ਕਰੋ।

## ਜਿਉ ਮਛੀ ਤਿਉ ਮਾਣਸਾ; ਪਵੈ ਅਚਿੰਤਾ ਜਾਲੁ ॥੧॥ਰਹਾਉ॥

ਜਿਸ ਤਰ੍ਹਾਂ ਮੱਛੀ ਨੂੰ ਫੰਧਕ ਅਚਾਨਕ ਆ ਕੇ ਜਾਲ ਵਿਚ ਪਕੜ ਲੈਂਦਾ ਹੈ, ਇਸੇ ਪ੍ਰਕਾਰ ਮਨੁੱਖਾਂ ਦੀ ਹਾਲਤ ਹੈ। ਇਸ ਜੀਵ ਦੇ ਤਾਈਂ ਅਚਿੰਤਾ = ਅਚਨਚੇਤ ਹੀ ਆ ਕੇ ਕਾਲ ਦਾ ਜਾਲ ਪੈ ਜਾਂਦਾ ਹੈ। ਜੈਸਾ ਕਿ :

**ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥** *(ਸਲੋਕ ਫਰੀਦ ਜੀ, ਅੰਗ ੧੩੮੩)*

ਇਹ ਮਨ ਮਰਨ ਦਾ ਸਮਾਂ ਚੇਤੇ ਨਹੀਂ ਸੀ ਕਰਦਾ। ਮੌਤ ਦਾ ਨਾਂ ਸੁਣ ਕੇ ਘਬਰਾਉਂਦਾ ਹੈ ਪਰ ਮਰਨ ਦਾ ਨਿਸਚਾ ਨਹੀਂ ਆਉਂਦਾ ਪਰ ਅਚਨਚੇਤ ਆ ਕੇ ਕਾਲ ਦਾ ਜਾਲ ਪੈ ਜਾਂਦਾ ਹੈ ॥੧॥ਰਹਾਉ॥

## ਸਭੁ ਜਗੁ ਬਾਧੋ ਕਾਲ ਕੋ; ਬਿਨੁ ਗੁਰ ਕਾਲੁ ਅਫਾਰੁ ॥

ਇਹ ਸਭੁ = ਸਾਰਾ ਜਗੁ = ਸੰਸਾਰ ਹੀ ਕਾਲ = ਸਮੇਂ ਦਾ ਬਾਧੋ = ਬੰਨ੍ਹਿਆ ਹੋਇਆ ਹੈ। ਕੈਦੀ ਬਣ ਰਿਹਾ ਹੈ। ਸਤਿਗੁਰਾਂ ਦੀ ਓਟ ਤੋਂ ਬਿਨਾਂ ਇਹ ਕਾਲ ਆਫਰਿਆ ਫਿਰਦਾ ਹੈ। ਹੰਕਾਰਿਆ ਫਿਰਦਾ ਹੈ। ਅਫਾਰੁ = ਫੜਿਆ ਨਹੀਂ ਜਾਂਦਾ, ਪਕੜਨ ਤੋਂ ਰਹਿਤ ਹੈ ਭਾਵ ਅਮੋੜ ਹੈ।

## ਸਚਿ ਰਤੇ ਸੇ ਉਬਰੇ; ਦੁਬਿਧਾ ਛੋਡਿ ਵਿਕਾਰ ॥

ਜੋ ਦੁਬਿਧਾ ਆਦਿ ਵਿਕਾਰਾਂ ਨੂੰ ਛੱਡ ਕੇ **ਵਾ:** ਦੁਬਿਧਾ ਅਤੇ ਕਾਮਾਦਿਕ ਵਿਕਾਰਾਂ ਨੂੰ ਛੱਡ ਕੇ ਸੱਚੇ ਵਾਹਿਗੁਰੂ ਦੇ ਪ੍ਰੇਮ ਵਿਚ ਰਤੇ = ਰੰਗੇ ਗਏ ਹਨ, ਉਹ ਸੱਚੇ ਨਾਮ ਨੂੰ ਜਪ ਕੇ ਕਾਲ ਤੋਂ ਉਬਰੇ = ਬਚ ਗਏ ਹਨ ਕਿਉਂਕਿ ਜਦੋਂ ਤੱਕ ਹਿਰਦੇ ਵਿਚ ਦੁਬਿਧਾ ਪੁਣਾ ਹੈ ਕਿ ਇਹ ਕੰਮ ਕਰੀਏ ਜਾਂ ਨਾ ਕਰੀਏ। ਨਾਮ ਜਪੀਏ ਜਾਂ ਨਾ ਜਪੀਏ, ਉਦੋਂ ਤੱਕ ਜੀਵ ਸਫਲ ਨਹੀਂ ਹੋ ਸਕਦਾ। ਜੈਸਾ ਕਿ :

**ਇਨਿ ਦੁਬਿਧਾ ਘਰ ਬਹੁਤੇ ਗਾਲੇ ॥** *(ਮਾਰੂ ਮ: ੧, ਅੰਗ ੧੦੨੯)*

ਇਸ ਦੁਬਿਧਾ ਨੇ ਬਹੁਤੇ ਹਿਰਦੇ ਰੂਪ ਘਰ ਗਾਲ ਦਿੱਤੇ ਹਨ। ਜਦੋਂ ਇਹ ਦੁਬਿਧਾ ਨਾਸ ਹੋ ਗਈ,

ਫਿਰ ਪਰਮੇਸ਼ਰ ਦੇ ਨਾਮ ਵਿਚ ਲਿਵ ਲੱਗ ਜਾਂਦੀ ਹੈ ਤੇ ਜੀਵ ਵਾਹਿਗੁਰੂ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ। ਕਾਲ ਤੋਂ ਬਚ ਜਾਂਦਾ ਹੈ। ਜੈਸਾ ਕਿ :

**ਜੋ ਇਸੁ ਮਾਰੇ ਸੋਈ ਸੂਰਾ॥ ਜੋ ਇਸੁ ਮਾਰੇ ਸੋਈ ਪੂਰਾ॥**
**ਜੋ ਇਸੁ ਮਾਰੇ ਤਿਸਹਿ ਵਡਿਆਈ॥ ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ॥**
**ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ॥ ਇਸਹਿ ਮਾਰਿ ਰਾਜ ਜੋਗੁ ਕਮਾਵੈ॥**

*(ਗਉੜੀ ਮ: ੫, ਅੰਗ ੨੩੭)*

## ਹਉ ਤਿਨ ਕੈ ਬਲਿਹਾਰਣੈ; ਦਰਿ ਸਚੈ ਸਚਿਆਰ॥੨॥

ਹਉ = ਅਸੀਂ ਤਿਨ = ਉਹਨਾਂ ਪਿਆਰਿਆਂ ਕੈ = ਦੇ ਉਪਰੋਂ ਬਲਿਹਾਰਣੈ = ਕੁਰਬਾਨ ਜਾਂਦੇ ਹਾਂ, ਜਿਹੜੇ ਸਾਧ ਸੰਗਤ ਰੂਪ ਦਰ ਦੇ ਵਿਚ ਸੱਚੇ ਨਾਮ ਨਾਲ ਜੁੜੇ ਹਨ। ਉਹ ਸੱਚੇ ਦੀ ਦਰਗਾਹ ਦੇ ਵਿਚ ਵੀ ਸਚਿਆਰ = ਸੱਚ ਦੀ ਪ੍ਰਾਪਤੀ ਵਾਲੇ ਹਨ। ਪਰਮੇਸ਼ਰ ਦੀ ਦਰਗਾਹ ਵਿਚ ਸਚਾਈ ਵਾਲੇ ਪੁਰਖ ਹਨ ਅਤੇ ਐਸੇ ਦਰਿ = ਸੰਸਾਰ ਵਿਚ ਵੀ ਉਹ ਸੱਚੇ ਹਨ, ਜਿਨ੍ਹਾਂ ਨੇ ਗੁਰਾਂ ਦੁਆਰਾ ਸੱਚ ਨੂੰ ਪ੍ਰਾਪਤ ਕੀਤਾ ਹੈ॥੨॥

## ਸੀਚਾਨੇ ਜਿਉ ਪੰਖੀਆ; ਜਾਲੀ ਬਧਿਕ ਹਾਥਿ॥

ਜਿਸ ਤਰ੍ਹਾਂ ਪੰਛੀਆਂ ਨੂੰ ਸੀਚਾਨੇ = ਬਾਜ਼ ਪਕੜ ਲੈਂਦਾ ਹੈ। (ਸੀਚਾਨੇ = ਛੋਟੇ ਬਾਜ਼ ਦਾ ਨਾਂ ਹੈ। ਇਹ ਇਕ ਬਾਜ਼ ਦੀ ਕਿਸਮ ਹੈ ਜੋ ਆਕਾਰ ਵਿਚ ਛੋਟਾ ਅਤੇ ਬਹੁਤ ਹੀ ਤੇਜ਼ ਹੁੰਦਾ ਹੈ। ਇਸ ਨੂੰ ਸ਼ਿਕਾਰੀ, ਪੰਛੀ ਮਗਰ ਛੱਡ ਦਿੰਦੇ ਹਨ ਤੇ ਬਾਜ਼ ਉਸ ਪੰਛੀ ਨੂੰ ਪਕੜ ਲੈਂਦਾ ਹੈ।) ਬਾਕੀ ਜਿਹੜੇ ਜਾਨਵਰ ਹਨ, ਚੋਗਾ ਚੁਗਣ ਵਾਲੇ, ਧਰਤੀ 'ਤੇ ਤੁਰਨ ਵਾਲੇ, ਪਾਣੀ ਵਿਚ ਰਹਿਣ ਵਾਲੇ, ਉਨ੍ਹਾਂ ਨੂੰ ਬਧਿਕ = ਸ਼ਿਕਾਰੀ ਹੱਥ ਵਿਚ ਜਾਲ ਪਕੜ ਕੇ ਕਾਬੂ ਕਰ ਲੈਂਦਾ ਹੈ। ਇਸੇ ਤਰ੍ਹਾਂ ਪੰਛੀਆਂ ਦੀ ਨਿਆਈਂ ਜੋ ਉਡਾਰੀਆਂ ਮਾਰਨ ਵਾਲੇ ਸਿਧ ਪੁਰਸ਼ ਹਨ, ਜੈਸਾ ਕਿ :

**ਉਡਿ ਨ ਜਾਹੀ ਸਿਧ ਨ ਹੋਹਿ॥** *(ਵਾਰ ਆਸਾ ਮ: ੧, ਅੰਗ ੪੬੫)*

ਜੋ ਰਿਧੀਆਂ ਸਿਧੀਆਂ ਰੂਪ ਉਡਾਰੀਆਂ ਮਾਰਦੇ ਹਨ, ਉਹਨਾਂ ਨੂੰ ਕਾਲ ਸ਼ਿਕਾਰੀ ਦੀ ਨਿਆਈਂ ਰਿਧੀਆਂ ਸਿਧੀਆਂ ਦੇ ਹੰਕਾਰ ਰੂਪ ਬਾਜ਼ ਨੂੰ ਛੱਡ ਕੇ ਉਹਨਾਂ ਸਿਧਾਂ ਰੂਪ ਪੰਛੀਆਂ ਨੂੰ ਪਕੜ ਲੈਂਦਾ ਹੈ। ਬਾਕੀ ਦੇ ਜੀਵ ਜੋ ਹਿਰਨ, ਪਸ਼ੂ, ਮੱਛੀਆਂ ਆਦਿ ਨੂੰ ਸ਼ਿਕਾਰੀ ਜਾਲ ਦੁਆਰਾ ਪਕੜਦੇ ਹਨ, ਇਸੇ ਤਰ੍ਹਾਂ ਜੋ ਹਿਰਨਾਂ ਦੀ ਨਿਆਈਂ ਬਿਰਕਤ ਜੰਗਲਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਵੀ ਕਾਲ ਮੋਹ ਰੂਪ ਜਾਲ ਪਾ ਕੇ ਪਕੜ ਲੈਂਦਾ ਹੈ ਤੇ ਜੋ ਮੱਛੀਆਂ ਦੀ ਨਿਆਈਂ ਪਰਿਵਾਰ ਵਿਚ ਰਹਿਣ ਵਾਲੇ ਹਨ, ਉਨ੍ਹਾਂ ਨੂੰ ਵੀ ਮੋਹ ਰੂਪ ਜਾਲ ਪਾ ਕੇ ਆਪਣੇ ਕਬਜ਼ੇ ਵਿਚ ਕਰ ਲੈਂਦਾ ਹੈ ਭਾਵ ਚਾਹੇ ਕੋਈ ਗ੍ਰਿਹਸਤੀ ਹੈ ਚਾਹੇ ਬਿਰਕਤ, ਕਾਲ ਦੇ ਪੰਜੇ ਤੋਂ ਕੋਈ ਵੀ ਨਹੀਂ ਬਚ ਸਕਦਾ।

## ਗੁਰਿ ਰਾਖੇ ਸੇ ਉਬਰੇ; ਹੋਰਿ ਫਾਥੇ ਚੋਗੈ ਸਾਥਿ॥

ਬਚੇ ਕੌਣ ਹਨ ? ਉਨ੍ਹਾਂ ਬਾਰੇ ਦੱਸਦੇ ਹਨ ਕਿ ਸਤਿਗੁਰਾਂ ਨੇ ਕ੍ਰਿਪਾ ਦ੍ਰਿਸ਼ਟੀ ਕਰ ਕੇ ਜਿਨ੍ਹਾਂ ਨੂੰ ਰੱਖਣਾ ਕੀਤਾ ਹੈ, ਸੇ = ਉਹ ਹੀ ਕਾਲ ਤੋਂ ਉਬਰੇ = ਬਚੇ ਹਨ। ਹੋਰ ਜਿੰਨੇ ਵੀ ਜੀਵ ਹਨ, ਸਾਰੇ ਹੀ ਪਦਾਰਥਾਂ ਰੂਪ ਚੋਗੇ ਦੇ ਨਾਲ ਕਾਲ ਰੂਪ ਸ਼ਿਕਾਰੀ ਦੇ ਜਾਲ ਵਿਚ ਫਸ ਰਹੇ ਹਨ। ਬਚੇ ਉਹੀ ਹਨ, ਜਿਨ੍ਹਾਂ ਨੂੰ ਸਤਿਗੁਰੂ ਜੀ ਰੱਖਦੇ ਹਨ। ਜੈਸਾ ਕਿ :

**ਗੁਰਿ ਰਾਖੇ ਸੇ ਉਬਰੇ ਹੋਰੁ ਮਰਿ ਜੰਮੈ ਆਵੈ ਜਾਏ॥** *(ਵਡਹੰਸ ਮ: ੩, ਅੰਗ ੫੮੪)*

## ਬਿਨੁ ਨਾਵੈ ਚੁਣਿ ਸੁਟੀਅਹਿ; ਕੋਇ ਨ ਸੰਗੀ ਸਾਥਿ ॥੩॥

ਜਿਸ ਤਰ੍ਹਾਂ ਸ਼ਿਕਾਰੀ ਮੱਛੀਆਂ ਨੂੰ ਕੁੰਡੀ ਨਾਲ ਚੁਗ ਚੁਗ ਕੇ ਜਾਂ ਜੀਵਾਂ ਨੂੰ ਜਾਲੀ ਨਾਲ ਪਕੜ ਪਕੜ ਕੇ ਹੱਥਾਂ ਨਾਲ ਚੁਗ ਕੇ ਥੈਲੇ ਵਿਚ ਸੁੱਟੀ ਜਾਂਦੇ ਹਨ, ਇਸੇ ਪ੍ਰਕਾਰ ਪਰਮੇਸ਼ਰ ਦੇ ਨਾਮ ਤੋਂ ਹੀਣੇ ਜੋ ਜੀਵ ਹਨ, ਕਾਲ ਉਹਨਾਂ ਦੇ ਤਾਈਂ ਮੋਹ ਰੂਪੀ ਕੁੰਡੀ ਨਾਲ ਵਿਸ਼ਿਆਂ ਰੂਪ ਮਾਸ ਲਾ ਕੇ ਜਾਂ ਪਦਾਰਥਾਂ ਰੂਪ ਚੋਗਾ ਪਾ ਕੇ ਪਕੜ ਕੇ ਫਿਰ ਚੁਣ ਚੁਣ ਕੇ ਨਰਕਾਂ ਰੂਪ **ਵਾ:** ਚੌਰਾਸੀ ਲੱਖ ਜੂਨਾਂ ਰੂਪ ਥੈਲੇ ਵਿਚ ਸੁੱਟੀ ਜਾਂਦੇ ਹਨ। ਫਿਰ ਉਨ੍ਹਾਂ ਦਾ ਇਸ ਲੋਕ ਵਿਚ ਕੋਈ ਸੰਗੀ ਨਹੀਂ ਹੁੰਦਾ ਅਤੇ ਨਾ ਕੋਈ ਪਰਲੋਕ ਵਿਚ ਸਾਥੀ ਹੁੰਦਾ ਹੈ। ਉਹ ਦੁਨੀਆਂ ਤੋਂ ਖ਼ਾਲੀ ਕੂਚ ਕਰ ਕੇ ਪਛੁਤਾਉਂਦੇ ਚਲੇ ਜਾਂਦੇ ਹਨ॥੩॥ ਜੈਸਾ ਕਿ :

**ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥** *(ਸਲੋਕ ਫਰੀਦ ਜੀ, ਅੰਗ ੧੩੮੩)*

## ਸਚੋ ਸਚਾ ਆਖੀਐ; ਸਚੇ ਸਚਾ ਥਾਨੁ ॥

ਸੱਚਾ ਜੋ ਪਰਮੇਸ਼ਰ ਹੈ, ਉਸ ਦਾ ਨਾਮ ਵੀ ਸੱਚਾ ਕਹੀਦਾ ਹੈ ਅਤੇ ਉਸ ਸੱਚੇ ਪਾਤਸ਼ਾਹ ਦਾ ਸਤਿਸੰਗ ਰੂਪੀ ਥਾਂ ਵੀ ਸੱਚਾ ਹੈ **ਅਥਵਾ** ਤਿੰਨਾਂ ਕਾਲਾਂ ਵਿਚ ਜੋ ਸੱਚ ਸਰੂਪ ਹੈ ਉਹ ਆਦਿ ਵਿਚ ਵੀ ਸੱਚਾ ਸੀ, ਜੁੱਗਾਂ ਵਿਚ ਉਹ ਸੱਚਾ ਹੈ ਤੇ ਅੱਗੇ ਨੂੰ ਵੀ ਸਤਿ ਸਰੂਪ ਹੀ ਹੋਵੇਗਾ। ਇਉਂ ਤਿੰਨਾਂ ਕਾਲਾਂ ਵਿਚ (ਤ੍ਰੈਈ ਕਾਲ ਅਬਾਧੱਤ੍ਵੰ ਸਤੱਤ੍ਵੰ) ਜਿਸ ਦਾ ਨਾਸ ਨਹੀਂ ਹੋਣ ਵਾਲਾ, ਉਹ ਪਰਮੇਸ਼ਰ ਸੱਚਾ ਕਹੀਦਾ ਹੈ ਅਤੇ ਉਸ ਸੱਚੇ ਪਰਮੇਸ਼ਰ ਦਾ ਸਰੂਪ ਰੂਪ ਥਾਂ ਵੀ ਸੱਚਾ ਹੈ।

## ਜਿਨੀ ਸਚਾ ਮੰਨਿਆ; ਤਿਨ ਮਨਿ ਸਚੁ ਧਿਆਨੁ ॥

ਜਿਨ੍ਹਾਂ ਨੇ ਸਤਿਸੰਗਤ ਰੂਪ ਥਾਂ ਵਿਚ ਬੈਠ ਕੇ ਸੱਚੇ ਨੂੰ ਮੰਨਣਾ ਕੀਤਾ ਹੈ, ਉਨ੍ਹਾਂ ਦਾ ਮਨ ਸੱਚੇ ਪਰਮੇਸ਼ਰ ਦੇ ਧਿਆਨ ਵਿਚ ਲੱਗ ਜਾਂਦਾ ਹੈ। ਚਿਤ ਦੀ ਬਿਰਤੀ ਇਕਾਗਰ ਹੋ ਕੇ ਪਰਮੇਸ਼ਰ ਦੇ ਚਰਨਾਂ ਨਾਲ ਜੁੜ ਜਾਂਦੀ ਹੈ।

## ਮਨਿ ਮੁਖਿ[੧] ਸੂਚੇ ਜਾਣੀਅਹਿ; ਗੁਰਮੁਖਿ ਜਿਨਾ ਗਿਆਨੁ ॥੪॥

ਜਿਨ੍ਹਾਂ ਨੂੰ ਮੁਖੀ ਗੁਰੂ ਸਾਹਿਬ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ ਹੈ, ਉਹ ਮਨ ਕਰਕੇ ਵੀ, ਮੁਖ ਕਰਕੇ ਵੀ ਸੂਚੇ = ਪਵਿੱਤਰ ਜਾਣੀਅਹਿ = ਜਾਣੀਦੇ ਹਨ ਕਿਉਂਕਿ ਉਨ੍ਹਾਂ ਦੇ ਮਨ ਵਿਚ ਵੀ ਸੱਚਾ ਵਾਹਿਗੁਰੂ ਵੱਸਦਾ ਹੈ ਅਤੇ ਮੁਖ ਵਿਚ ਵੀ ਸੱਚਾ ਪਰਮੇਸ਼ਰ ਵੱਸਦਾ ਹੈ। ਇਸ ਲਈ ਉਨ੍ਹਾਂ ਦਾ ਮਨ ਵਿਕਾਰਾਂ ਦੀ ਜੂਠ ਤੋਂ ਰਹਿਤ ਸੁੱਚਾ ਹੈ ਅਤੇ ਮੁਖ ਵਿਚ ਵੀ ਝੂਠ ਦੀ ਜੂਠ ਨਹੀਂ ਹੈ। ਇਸ ਤਰ੍ਹਾਂ ਉਹ ਮਨ ਅਤੇ ਮੁਖ ਕਰਕੇ ਪਵਿੱਤਰ ਜਾਣੀਦੇ ਹਨ॥੪॥

## ਸਤਿਗੁਰ ਅਗੈ ਅਰਦਾਸਿ ਕਰਿ; ਸਾਜਨੁ ਦੇਇ ਮਿਲਾਇ ॥

ਹੇ ਭਾਈ ! ਸਤਿਗੁਰਾਂ ਅੱਗੇ ਮਨ ਇਕਾਗਰ ਕਰਕੇ ਅਰਦਾਸਿ = ਬੇਨਤੀ ਕਰੀਏ, ਜੇ ਸਤਿਗੁਰੂ ਜੀ ਤਰੁੱਠ ਪਏ ਤਾਂ ਕ੍ਰਿਪਾ ਦ੍ਰਿਸ਼ਟੀ ਕਰਕੇ ਲੋਕ ਪਰਲੋਕ ਦੇ ਸੱਜਣ ਵਾਹਿਗੁਰੂ ਨਾਲ ਮੇਲ ਦੇਣਗੇ। ਜੈਸਾ ਕਿ :

**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥** *(ਸੂਹੀ ਮ: ੫, ਅੰਗ ੭੪੯)*

## ਸਾਜਨਿ ਮਿਲਿਐ ਸੁਖੁ ਪਾਇਆ; ਜਮਦੂਤ ਮੁਏ ਬਿਖੁ ਖਾਇ ॥

ਜਦੋਂ ਸਾਜਨਿ = ਅਕਾਲ ਪੁਰਖ ਵਾਹਿਗੁਰੂ ਨਾਲ ਮਿਲਿਐ = ਮਿਲਾਪ ਹੋ ਗਿਆ ਤਾਂ ਫਿਰ ਜੀਵ ਨੇ

---

੧. ਜਿਥੇ ਵੀ 'ਮਨਿ ਮੁਖਿ' ਪਾਠ ਵਿਚ ਨੰਨੇ ਨੂੰ ਸਿਹਾਰੀ ਆਵੇ, ਉਥੇ 'ਮਨਿ ਮੁਖਿ' ਅਲੱਗ ਅਲੱਗ ਪਾਠ ਕਰਨਾ ਹੈ।

ਅਭੇਦਤਾ ਰੂਪ ਅਬਿਨਾਸੀ ਸੁੱਖ ਨੂੰ ਪ੍ਰਾਪਤ ਕਰਨਾ ਕੀਤਾ ਹੈ ਤੇ ਜਮਦੂਤ ਨਾਮ ਰੂਪੀ ਬਿਖੁ = ਜ਼ਹਿਰ ਖਾ ਕੇ ਮੁਏ = ਮਰ ਗਏ। ਨਾਮ ਹੈ ਤਾਂ ਸਾਰੀਆਂ ਵਸਤੂਆਂ ਨਾਲੋਂ ਮਿੱਠਾ ਪਰੰਤੂ ਜਮਦੂਤਾਂ ਤੇ ਜ਼ਹਿਰ ਵਰਗਾ ਅਸਰ ਕਰਦਾ ਹੈ। ਜਿਸ ਤਰ੍ਹਾਂ ਮਿਸ਼ਰੀ ਹੈ ਤਾਂ ਮਿੱਠੀ ਪਰ ਜੇ ਗਧੇ ਨੂੰ ਖਵਾ ਦੇਈਏ ਤਾਂ ਉਹ ਮਿਸ਼ਰੀ ਖਾਣ ਨਾਲ ਬੰਨ੍ਹ ਪੈ ਕੇ ਮਰ ਜਾਂਦਾ ਹੈ। ਇਉਂ ਪਰਮੇਸ਼ਰ ਦਾ ਨਾਮ ਮਿਸ਼ਰੀ ਦੀ ਨਿਆਈਂ ਮਿੱਠਾ ਹੈ ਪਰੰਤੂ ਜਮਦੂਤਾਂ ਲਈ ਇਸ ਤਰ੍ਹਾਂ ਹੈ ਜਿਵੇਂ ਗਧੇ ਨੂੰ ਮਿਸ਼ਰੀ ਦੁਖਦਾਈ ਹੈ **ਅਥਵਾ** ਉਨ੍ਹਾਂ ਵੱਲੋਂ ਜਮਦੂਤ ਇਸ ਤਰ੍ਹਾਂ ਨਾਸ ਹੋ ਜਾਂਦੇ ਹਨ ਜਿਵੇਂ ਕੋਈ ਜ਼ਹਿਰ ਖਾ ਕੇ ਮਰ ਗਿਆ ਹੋਵੇ। ਪਰਮੇਸ਼ਰ ਦਾ ਨਾਮ ਅੰਮ੍ਰਿਤ ਹੈ ਜਿਸ ਨੂੰ ਜਪ ਕੇ ਗੁਰਮੁਖ ਅਮਰ ਹੋ ਜਾਂਦੇ ਹਨ ਪਰ ਜਮਦੂਤਾਂ ਵਾਸਤੇ ਦੁਖਦਾਇਕ ਹੈ ਕਿਉਂਕਿ ਉਨ੍ਹਾਂ ਨੂੰ ਨਾਸ ਕਰਨ ਵਾਲਾ ਹੈ ਮਾਨੋ ਜਮਦੂਤ ਬਿਖੁ = ਜ਼ਹਿਰ ਖਾ ਕੇ ਮਰ ਹੀ ਗਏ ਹਨ।

## ਨਾਵੈ ਅੰਦਰਿ ਹਉ ਵਸਾਂ; ਨਾਉ ਵਸੈ ਮਨਿ ਆਇ ॥੫॥

ਇਹ ਅਕਾਲ ਗੋ ਬਾਣੀ ਹੈ ਅਕਾਲ ਪੁਰਖ ਵਾਹਿਗੁਰੂ ਵੱਲੋਂ ਬਚਨ ਹੋਏ ਕਿ ਹਉ = ਅਸੀਂ ਨਾਵੈ = ਨਾਮ ਦੇ ਅੰਦਰ ਵਸਾਂ = ਨਿਵਾਸ ਕਰਦੇ ਹਾਂ। ਜਿਸ ਦੇ ਹਿਰਦੇ ਨਾਉ = ਨਾਮ ਆਇ = ਆ ਕੇ ਵਸੈ = ਵੱਸ ਜਾਂਦਾ ਹੈ, ਮਾਨੋ ਅਸੀਂ ਆਪ ਉਸ ਹਿਰਦੇ ਵਿਚ ਆ ਗਏ ਹਾਂ ਕਿਉਂਕਿ ਪਰਮਾਤਮਾ ਨਾਮ ਦੇ ਨਾਲ ਹੀ ਉਨ੍ਹਾਂ ਦੇ ਹਿਰਦੇ ਵਿਚ ਨਿਵਾਸ ਕਰਦਾ ਹੈ। ਨਾਮੀ ਤੋਂ ਨਾਮ ਵੱਖਰਾ ਨਹੀਂ ਹੈ **ਵਾ:** ਜਿਸ ਦੇ ਹਿਰਦੇ ਅੰਦਰ ਨਾਮ ਆ ਕੇ ਵੱਸ ਗਿਆ, ਉਸ ਦੀ ਹਉ = ਹਉਮੈ ਵਸਾਂ = ਵੱਸ ਹੋ ਜਾਂਦੀ ਹੈ **ਵਾ:** ਨਾਮ ਦੇ ਹਿਰਦੇ ਅੰਦਰ ਆਉਣ ਨਾਲ ਹਉਮੈ ਦੀ ਬਸ ਹੋ ਜਾਂਦੀ ਹੈ ਭਾਵ ਹਉਮੈ ਥੱਕ ਜਾਂਦੀ ਹੈ ਤੇ ਹਿਰਦੇ ਵਿੱਚੋਂ ਹਉਮੈ ਦਾ ਡੇਰਾ ਚੁੱਕਿਆ ਜਾਂਦਾ ਹੈ ॥੫॥ ਜੈਸਾ ਕਿ :

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥** *(ਵਡਹੰਸ ਮ: ੩, ਅੰਗ ੫੬੦)*

**ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।** *(ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੨)*

## ਬਾਝੁ ਗੁਰੂ ਗੁਬਾਰੁ ਹੈ; ਬਿਨੁ ਸਬਦੈ ਬੂਝ ਨ ਪਾਇ ॥

ਸਤਿਗੁਰਾਂ ਤੋਂ ਬਿਨਾਂ ਜੀਵਾਂ ਦੇ ਅੰਦਰ ਅਗਿਆਨ ਰੂਪ ਗੁਬਾਰੁ = ਗਾੜ੍ਹਾ ਹਨੇਰਾ ਹੈ। ਸਤਿਗੁਰਾਂ ਦੇ ਸਬਦੈ = ਉਪਦੇਸ਼ ਤੋਂ ਬਿਨਾਂ ਜੀਵ ਨੂੰ ਆਪਣੇ ਸਰੂਪ ਦੀ ਬੂਝ = ਸੋਝੀ ਨਹੀਂ ਪੈਂਦੀ।

## ਗੁਰਮਤੀ ਪਰਗਾਸੁ ਹੋਇ; ਸਚਿ ਰਹੈ ਲਿਵ ਲਾਇ ॥

ਜਿਨ੍ਹਾਂ ਨੇ ਗੁਰਮਤੀ = ਗੁਰੂ ਦੀ ਸਿੱਖਿਆ ਨੂੰ ਧਾਰਨ ਕੀਤਾ ਹੈ, ਉਨ੍ਹਾਂ ਦੇ ਹਿਰਦੇ ਅੰਦਰ ਨਾਮ, ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਫਿਰ ਹਰ ਸਮੇਂ ਸੱਚੇ ਵਾਹਿਗੁਰੂ ਦੇ ਨਾਮ ਵਿਚ ਲਿਵ = ਬਿਰਤੀ ਲਾਈ ਰੱਖਦੇ ਹਨ। ਜਿਸ ਤਰ੍ਹਾਂ ਬੱਚਾ ਮਾਤਾ ਦੇ ਅਸਥਨ ਤੋਂ ਦੁੱਧ ਪ੍ਰਾਪਤ ਕਰਨ ਦਾ ਰਸੀਆ ਹੋ ਕੇ ਉਸ ਨੂੰ ਛੱਡਦਾ ਨਹੀਂ, ਇਉਂ ਉਨ੍ਹਾਂ ਦੀ ਲਿਵ ਲੱਗ ਜਾਂਦੀ ਹੈ ਤੇ ਫਿਰ ਉਹ ਨਾਮ ਦੇ ਅਨੰਦ ਨੂੰ ਛੱਡਦੇ ਨਹੀਂ। ਹਰ ਵਕਤ ਸੱਚੇ ਵਾਹਿਗੁਰੂ ਵਿਚ ਲਿਵ = ਬਿਰਤੀ ਲਾ ਕੇ ਜੀਵਨ ਮੁਕਤੀ ਦਾ ਅਨੰਦ ਮਾਣਦੇ ਹਨ।

## ਤਿਥੈ ਕਾਲੁ ਨ ਸੰਚਰੈ; ਜੋਤੀ ਜੋਤਿ ਸਮਾਇ ॥੬॥

ਜਿਥੇ ਐਸੇ ਗੁਰਮੁਖਾਂ ਦੀ ਤੁਰੀਆ ਅਵਸਥਾ ਵਿਚ ਬਿਰਤੀ ਪਹੁੰਚ ਗਈ ਹੈ, ਤਿਥੈ = ਉਥੇ ਕਾਲ ਸੰਚਰੈ = ਪਹੁੰਚ ਨਹੀਂ ਸਕਦਾ **ਵਾ:** ਸੰਚਰੈ = ਵਿਚਰ ਨਹੀਂ ਸਕਦਾ **ਵਾ:** ਸੰ = ਭਲੀ ਪ੍ਰਕਾਰ ਚਰੈ = ਚੜ੍ਹ ਨਹੀਂ ਸਕਦਾ। ਫਿਰ ਉਨ੍ਹਾਂ ਦੀ ਜੋਤ ਜੋਤੀ = ਪਰਮਾਤਮਾ ਵਿਚ ਸਮਾਅ ਜਾਂਦੀ ਹੈ ਭਾਵ ਜਿਸ ਤਰ੍ਹਾਂ ਜਲ ਵਿਚ ਜਲ ਮਿਲ ਜਾਂਦਾ ਹੈ, ਨਦੀਆਂ ਨਾਲੇ ਸਮੁੰਦਰ ਵਿਚ ਮਿਲ ਕੇ ਸਮੁੰਦਰ ਦਾ ਰੂਪ ਹੋ ਜਾਂਦੇ ਹਨ, ਇਸ ਤਰ੍ਹਾਂ

ਉਨ੍ਹਾਂ ਦੀ ਜੋਤ ਬ੍ਰਹਮ ਵਿਚ ਸਮਾਅ ਜਾਂਦੀ ਹੈ। ਉਹ ਜੋਤੀ ਸਰੂਪ ਪਰਮਾਤਮਾ ਵਿਚ ਅਭੇਦ ਹੋ ਕੇ ਉਸ ਦਾ ਹੀ ਰੂਪ ਬਣ ਜਾਂਦੇ ਹਨ। ਫਿਰ ਉਨ੍ਹਾਂ ਦਾ ਐਸਾ ਨਿਸਚਾ ਹੋ ਜਾਂਦਾ ਹੈ॥੬॥ ਕਿ :

## ਤੂੰਹੈ ਸਾਜਨੁ ਤੂੰ ਸੁਜਾਣੁ; ਤੂੰ ਆਪੇ ਮੇਲਣਹਾਰੁ ॥

ਹੇ ਪਰਮੇਸ਼ਰ! ਤੂੰ ਹੀ ਸਾਰਿਆਂ ਦਾ ਲੋਕ ਪਰਲੋਕ ਵਿਚ ਪਿਆਰਾ ਸਾਜਨੁ = ਮਿੱਤਰ ਹੈਂ ਅਤੇ ਤੂੰ ਹੀ ਘਟਿ ਘਟਿ ਦੇ ਅੰਦਰ ਦੀ ਜਾਨਣ ਵਾਲਾ ਸੁਜਾਣੁ = ਅੰਤਰਜਾਮੀ ਹੈਂ **ਵਾ:** ਸਿਆਣਾ ਹੈਂ। ਤੂੰ ਆਪ ਹੀ ਸਤਿਗੁਰੂ ਰੂਪ ਧਾਰ ਕੇ ਅਤੇ ਨਾਮ ਨਾਲ ਜੋੜ ਕੇ ਆਪਣੇ ਸਰੂਪ ਵਿਚ ਮਿਲਾਉਣ ਵਾਲਾ ਹੈਂ।

## ਗੁਰ ਸਬਦੀ ਸਾਲਾਹੀਐ; ਅੰਤੁ ਨ ਪਾਰਾਵਾਰੁ ॥

ਜਿਸ ਪਰਮਾਤਮਾ ਦੀ ਪ੍ਰਕਿਰਤੀ ਦੇ ਪਾਰਾਵਾਰ **ਵਾ:** ਜਿਸ ਦੇ ਪਾਰ-ਉਰਵਾਰ ਦਾ ਅੰਤ ਨਹੀਂ ਪਾਇਆ ਜਾ ਸਕਦਾ, ਸਤਿਗੁਰਾਂ ਦੇ ਸਬਦੀ = ਉਪਦੇਸ਼ ਦੁਆਰਾ ਉਸ ਦੀ ਸਾਲਾਹੀਐ = ਸਿਫ਼ਤਿ-ਸਾਲਾਹ ਕਰੀਏ।

## ਤਿਥੈ ਕਾਲੁ ਨ ਅਪੜੈ; ਜਿਥੈ ਗੁਰ ਕਾ ਸਬਦੁ ਅਪਾਰੁ ॥੭॥

ਜਿਥੇ ਅਪਾਰੁ = ਪਾਰਾਵਾਰ ਤੋਂ ਰਹਿਤ ਸਤਿਗੁਰਾਂ ਦਾ ਸ਼ਬਦ ਹੈ, ਉਥੇ ਕਾਲੁ ਅਪੜੈ = ਪਹੁੰਚ ਨਹੀਂ ਸਕਦਾ। ਉਹ ਜੰਮਣ ਮਰਨ ਤੋਂ ਰਹਿਤ ਹੋ ਜਾਂਦੇ ਹਨ ਜਿਨ੍ਹਾਂ ਦੇ ਹਿਰਦਿਆਂ ਵਿਚ ਨਾਮ ਵਸ ਜਾਂਦਾ ਹੈ॥੭॥ ਜੈਸਾ ਕਿ :

**ਨਾਮੁ ਸੁਣਤ ਜਮੁ ਦੂਰਹੁ ਭਾਗੈ ॥** *(ਭੈਰਉ ਮ: ੫, ਅੰਗ ੧੧੫੦)*

## ਹੁਕਮੀ ਸਭੇ ਊਪਜਹਿ; ਹੁਕਮੀ ਕਾਰ ਕਮਾਹਿ ॥

ਸਭੇ = ਸਾਰੇ ਹੀ ਜੀਵ ਪਰਮੇਸ਼ਰ ਦੇ ਹੁਕਮ ਵਿਚ ਹੀ ਊਪਜਹਿ = ਪੈਦਾ ਹੋਏ ਹਨ ਅਤੇ ਹੁਕਮ ਵਿਚ ਸਾਰੇ ਕਾਰ = ਕਰਮਾਂ ਨੂੰ ਕਮਾਹਿ = ਕਮਾਉਂਦੇ ਹਨ। ਜਿਸ ਤਰ੍ਹਾਂ ਮਾਲਕ ਨੌਕਰ ਤੋਂ ਆਪਣੀ ਮਰਜ਼ੀ ਅਨੁਸਾਰ ਕੰਮ ਕਰਵਾਉਂਦਾ ਹੈ, ਇਸੇ ਤਰ੍ਹਾਂ ਸਾਰੇ ਜੀਵਾਂ ਦੀ ਪਰਮਾਤਮਾ ਨੇ ਕਰਮਾਂ ਅਨੁਸਾਰ ਜੋ ਪ੍ਰਾਲਬਧ ਬਣਾਈ ਹੈ, ਉਸ ਦੇ ਅਨੁਸਾਰ ਹੀ ਸਾਰੇ ਜੀਵ ਕਰਮਾਂ ਨੂੰ ਕਮਾਉਂਦੇ ਹਨ।

## ਹੁਕਮੀ ਕਾਲੈ ਵਸਿ ਹੈ; ਹੁਕਮੀ ਸਾਚਿ ਸਮਾਹਿ ॥

ਪਰਮਾਤਮਾ ਦੇ ਹੁਕਮ ਨਾਲ ਹੀ ਨਾਮ ਤੋਂ ਹੀਣੇ ਜੀਵ ਕਾਲ ਦੇ ਵਸ ਪੈ ਜਾਂਦੇ ਹਨ। ਜੋ ਪਰਮੇਸ਼ਰ ਦਾ ਹੁਕਮ ਮੰਨ ਕੇ ਸੱਚੇ ਨਾਮ ਨਾਲ ਜੁੜੇ ਹਨ, ਉਹ ਸੱਚੇ ਪਰਮਾਤਮਾ ਵਿਚ ਸਮਾਹਿ = ਸਮਾਅ ਜਾਂਦੇ ਹਨ ਭਾਵ ਅਭੇਦ ਹੋ ਜਾਂਦੇ ਹਨ।

## ਨਾਨਕ ਜੋ ਤਿਸੁ ਭਾਵੈ ਸੋ ਥੀਐ;
## ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਹ ਕੁਝ ਹੀ ਥੀਐ = ਹੁੰਦਾ ਹੈ ਜੋ ਤਿਸੁ = ਉਸ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ, ਇਨ੍ਹਾਂ ਜੰਤਾ = ਜੀਵਾਂ ਦੇ ਵੱਸ ਕਿਛੁ = ਕੁਝ ਵੀ ਨਾਹਿ = ਨਹੀਂ ਹੈ। ਸਾਰਾ ਕੁਝ ਪਰਮਾਤਮਾ ਨੇ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ। ਜੋ ਗਿਆਨਵਾਨ ਹਨ, ਉਹ ਇਸ ਵਰਤਾਰੇ ਨੂੰ ਜਾਣਦੇ ਹਨ ਪਰ ਅਲਪੱਗ ਜੀਵ ਦੇ ਵਸ ਕੁਝ ਨਹੀਂ ਹੈ॥੮॥੪॥

## ਸਿਰੀਰਾਗੁ ਮਹਲਾ ੧ ॥

## ਮਨਿ ਜੂਠੈ ਤਨਿ ਜੂਠਿ ਹੈ; ਜਿਹਵਾ ਜੂਠੀ ਹੋਇ ॥

ਇਹ ਮਨ ਵਿਸ਼ਿਆਂ ਦੀ, ਅਵਿੱਦਿਆ ਦੀ ਜੂਠ ਹੋਣ ਕਰਕੇ ਜੂਠੈ = ਅਪਵਿੱਤਰ ਹੈ। ਇਹ ਤਨਿ = ਸਰੀਰ ਵੀ ਵਿਸ਼ਿਆਂ ਦੀ ਸੰਗਤ ਕਰ ਕੇ ਜੂਠਿ = ਜੂਠਾ ਭਾਵ ਅਪਵਿੱਤਰ ਹੋਇਆ ਰਹਿੰਦਾ ਹੈ। ਝੂਠ ਬੋਲਣ ਕਰਕੇ ਜਿਹਵਾ = ਜੀਭ ਵੀ ਜੂਠੀ = ਅਪਵਿੱਤ੍ਰ ਹੋ ਰਹੀ ਹੈ।

[ਅੰਗ ੫੬]

## ਮੁਖਿ ਝੂਠੈ ਝੂਠੁ ਬੋਲਣਾ; ਕਿਉ ਕਰਿ ਸੂਚਾ ਹੋਇ ॥

ਜਿਸ ਦੇ ਮੁਖ ਵਿਚ ਝੂਠ ਹੀ ਵੱਸਦਾ ਹੈ, ਉਹ ਫਿਰ ਬਚਨ ਵੀ ਝੂਠੇ ਹੀ ਬੋਲਦਾ ਹੈ **ਅਥਵਾ** ਝੂਠਿਆਂ ਪਦਾਰਥਾਂ ਨੂੰ ਪ੍ਰਾਪਤ ਕਰਨ ਲਈ ਮੂੰਹ ਨਾਲ ਹਮੇਸ਼ਾ ਝੂਠੇ ਬਚਨ ਬੋਲਦਾ ਹੈ। ਫਿਰ ਐਸਾ ਮੂੰਹ **ਵਾ:** ਸਰੀਰ ਕਿਉ = ਕਿਸ ਪ੍ਰਕਾਰ ਕਰਿ = ਕਰਕੇ ਸੂਚਾ = ਸੁੱਚਾ ਹੋ ਸਕਦਾ ਹੈ ਭਾਵ ਨਹੀਂ ਹੋ ਸਕਦਾ।

## ਬਿਨੁ ਅਭ ਸਬਦ, ਨ ਮਾਂਜੀਐ; ਸਾਚੇ ਤੇ ਸਚੁ ਹੋਇ ॥੧॥

ਸਤਿਗੁਰਾਂ ਦੇ ਸਬਦ = ਉਪਦੇਸ਼ ਤੋਂ ਬਿਨਾਂ ਅਭ = ਹਿਰਦੇ ਨੂੰ ਨਹੀਂ ਮਾਂਜਿਆਂ ਜਾ ਸਕਦਾ, ਭਾਵ ਉਸ ਦੀ ਮਲ, ਵਿਖੇਪ, ਅਵਰਨ ਆਦਿ ਦੀ ਮੈਲ ਦੂਰ ਨਹੀਂ ਹੁੰਦੀ। ਸੱਚੇ ਪਰਮੇਸ਼ਰ ਦੇ ਨਾਮ ਜਪਣ ਕਰਕੇ ਹੀ ਹਿਰਦਾ ਸੱਚਾ ਭਾਵ ਪਵਿੱਤਰ ਹੁੰਦਾ ਹੈ **ਵਾ:** ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ॥੧॥

## ਮੁੰਧੇ; ਗੁਣਹੀਣੀ ਸੁਖੁ ਕੇਹਿ ॥

ਮੁੰਧੇ = ਜਵਾਨ ਇਸਤ੍ਰੀ ਦਾ ਨਾਮ **ਵਾ:** ਮੁੰਧੇ ਤੋਂ ਭਾਵ ਮੁਗਧ, ਅਗਿਆਤ ਵੀ ਹੈ, ਜਿਸ ਪ੍ਰਕਾਰ ਕੋਈ ਇਸਤ੍ਰੀ ਸੁੰਦਰ ਹੋਵੇ, ਜਵਾਨ ਹੋਵੇ ਪਰ ਹੋਵੇ ਸ਼ੁਭ ਗੁਣਾਂ ਤੋਂ ਹੀਣੀ ਅਤੇ ਪਤੀ ਦੀ ਸੇਵਾ ਦੀ ਜਾਚ ਨਾ ਹੋਵੇ, ਪਤੀ ਲਈ ਸਰਧਾ ਭਾਵਨਾ ਨਾ ਹੋਵੇ, ਐਸੀ ਗੁਣਾਂ ਤੋਂ ਹੀਣੀ ਇਸਤ੍ਰੀ ਨੂੰ ਫਿਰ ਪਤੀ ਦੇ ਘਰ ਵਿਚ ਕੀ ਸੁੱਖ ਮਿਲੇਗਾ ਭਾਵ ਸੁੱਖ ਪ੍ਰਾਪਤ ਨਹੀਂ ਹੋਵੇਗਾ। ਫਿਰ ਛੁੱਟੜ ਹੋ ਕੇ ਉਸ ਨੂੰ ਪਤੀ ਦੇ ਘਰ ਵਿਚ ਕੀ ਸੁੱਖ ਮਿਲੇਗਾ ਭਾਵ ਸੁੱਖ ਪ੍ਰਾਪਤ ਨਹੀਂ ਹੋਵੇਗਾ। ਫਿਰ ਉਹ ਛੁੱਟੜ ਹੋ ਕੇ ਭਟਕਦੀ ਫਿਰੇਗੀ **ਵਾ:** ਇਸ ਪ੍ਰਕਾਰ ਸਤਿਗੁਰੂ ਜੀ ਉਪਦੇਸ਼ ਦੇ ਰਹੇ ਹਨ ਕਿ ਹੇ ਜੀਵ ਰੂਪ ਮੁੰਧੇ = ਇਸਤ੍ਰੀਏ ! ਭਾਵੇਂ ਤੇਰੇ ਕੋਲ ਸ਼ੌਕ ਅਵਸਥਾ ਰੂਪੀ ਜੋਬਨ ਤਾਂ ਹੈ ਪਰ ਜੇ ਕੋਲ ਸਤਿ, ਸੰਤੋਖ, ਦਇਆ, ਧਰਮ ਆਦਿ ਗੁਣ ਨਹੀਂ ਹਨ, ਇਨ੍ਹਾਂ ਗੁਣਾਂ ਤੋਂ ਹੀਣੀ ਹੈਂ ਤਾਂ ਫਿਰ ਤੈਨੂੰ ਆਤਮਾਨੰਦ **ਵਾ:** ਬ੍ਰਹਮਾਨੰਦ ਦਾ ਸੁੱਖ ਕਿਵੇਂ ਪ੍ਰਾਪਤ ਹੋਵੇਗਾ ਭਾਵ ਨਹੀਂ ਪ੍ਰਾਪਤ ਹੋ ਸਕਦਾ।

## ਪਿਰੁ ਰਲੀਆ ਰਸਿ ਮਾਣਸੀ; ਸਾਚਿ ਸਬਦਿ ਸੁਖੁ ਨੇਹਿ ॥੧॥ਰਹਾਉ॥

ਜੋ ਜਗਿਆਸੂ ਰੂਪ ਇਸਤਰੀ ਸੱਚੇ ਸਤਿਗੁਰਾਂ ਦੇ ਸ਼ਬਦ ਦੀ ਕਮਾਈ ਕਰਦੀ ਹੈ ਤੇ ਪਤੀ ਪਰਮੇਸ਼ਰ ਨਾਲ ਜਿਸ ਦਾ ਨੇਹਿ = ਪ੍ਰੇਮ ਹੈ, ਉਹ ਸੁੱਖ ਸਰੂਪ ਪਤੀ ਪਰਮੇਸ਼ਰ ਵਿਚ ਅਭੇਦ ਹੋ ਕੇ ਰਲੀਆ = ਖ਼ੁਸ਼ੀਆਂ ਅਨੰਦ ਨੂੰ ਅਤੇ ਉਸ ਦੇ ਮਿਲਾਪ ਸਰੂਪ ਰਸ ਨੂੰ ਮਾਨਣਾ ਕਰਦੀ ਹੈ॥੧॥ਰਹਾਉ॥

## ਪਿਰੁ ਪਰਦੇਸੀ ਜੇ ਥੀਐ; ਧਨ ਵਾਂਢੀ ਝੂਰੇਇ ॥

ਜੇ = ਜੇਕਰ ਕਿਸੇ ਜਗਿਆਸੂ ਰੂਪ ਇਸਤਰੀ ਤੋਂ ਪਿਰੁ = ਪਤੀ ਪਰਮੇਸ਼ਰ ਪਰਦੇਸੀ ਭਾਵ

ਅਸਾਖਿਆਤਕਾਰ ਹੋ ਜਾਵੇ, ਫਿਰ ਉਹ ਜੀਵ ਰੂਪੀ ਇਸਤ੍ਰੀ ਪਤੀ ਪਰਮਾਤਮਾ ਤੋਂ **ਵਾ:** ਅਭਾਸ ਬਿਰਤੀ ਸਾਖੀ ਚੇਤਨ ਤੋਂ ਵਾਂਢੀ = ਵਿਛੁੜੀ ਹੋਈ ਝੂਰੇਇ = ਝੁਰਦੀ ਹੈ ਅਤੇ ਮਨ ਦੀ ਹਾਲਤ ਐਸੀ ਹੋ ਜਾਂਦੀ ਹੈ।

## ਜਿਉ ਜਲਿ ਥੋੜੈ ਮਛੁਲੀ; ਕਰਣ ਪਲਾਵ ਕਰੇਇ ॥

ਜਿਸ ਤਰ੍ਹਾਂ ਥੋੜ੍ਹੇ ਜਲ ਵਿਚ ਮੱਛਲੀ ਤੜਫਦੀ ਹੈ, ਕਰਣ = ਕੀਰਨੇ ਪਾਉਂਦੀ ਹੈ ਤੇ ਬੇਨਤੀਆਂ ਦੁਆਰਾ ਪਲਾਵ = ਯਤਨ ਕਰੇਇ = ਕਰਦੀ ਹੈ ਕਿ ਪਾਣੀ ਬਹੁਤਾ ਹੋ ਜਾਵੇ, ਵਰਖਾ ਪੈ ਜਾਵੇ ਜਾਂ ਨਦੀ ਵਿਚ ਪਾਣੀ ਵੱਧ ਜਾਵੇ, ਇਸੇ ਤਰ੍ਹਾਂ ਕਲਜੁਗ ਜੇਠ-ਹਾੜ ਦੇ ਮਹੀਨੇ ਦੀ ਤਰ੍ਹਾਂ ਤਪਦਾ ਹੈ ਤੇ ਸਾਰੇ ਜੀਵ ਆਸਾ-ਤ੍ਰਿਸ਼ਨਾ, ਕਾਮ, ਕ੍ਰੋਧ ਆਦਿ ਕਰਕੇ ਤਪ ਰਹੇ ਹਨ, ਤੜਫ ਰਹੇ ਹਨ। ਜਗਿਆਸੂ ਰੂਪ ਇਸਤ੍ਰੀ ਵੈਰਾਗ ਵਿਚ ਆ ਕੇ ਬੇਨਤੀਆਂ ਕਰਦੀ ਹੈ, ਯਤਨ ਕਰਦੀ ਹੈ ਸੇਵਾ ਸਿਮਰਨ ਦੁਆਰਾ ਕਿ ਕਿਸੇ ਤਰ੍ਹਾਂ ਨਾਮ ਦੀ **ਵਾ:** ਪ੍ਰੇਮ ਦੇ ਜਲ ਦੀ ਹਿਰਦੇ ਵਿਚ ਬਹੁਤਾਤ ਹੋ ਜਾਵੇ ਤੇ ਮੈਂ ਇਸ ਤਪਸ਼ ਤੋਂ ਬਚ ਜਾਵਾਂ।

## ਪਿਰ ਭਾਵੈ ਸੁਖੁ ਪਾਈਐ; ਜਾ ਆਪੇ ਨਦਰਿ ਕਰੇਇ ॥੨॥

ਫਿਰ ਐਸੀ ਜਗਿਆਸੂ ਰੂਪ ਇਸਤ੍ਰੀ ਨੂੰ ਆਪ ਹੀ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕਰਕੇ ਬੱਦਲਾਂ ਦੀ ਨਿਆਈਂ ਹੋ ਕੇ ਨਾਮ **ਵਾ:** ਪ੍ਰੇਮ ਜਲ ਦੀ ਬਖ਼ਸ਼ਿਸ਼ ਕਰ ਦਿੰਦੇ ਹਨ, ਜਿਸ ਕਰਕੇ ਫਿਰ ਜੀਵ ਰੂਪ ਇਸਤ੍ਰੀ ਪਤੀ ਪਰਮਾਤਮਾ ਨੂੰ ਭਾ ਜਾਂਦੀ ਹੈ ਤੇ ਉਸ ਦੇ ਵਿਚ ਅਭੇਦ ਹੋਣ ਰੂਪ **ਵਾ:** ਆਤਮਾਨੰਦ ਰੂਪ ਸੁੱਖ ਨੂੰ ਪ੍ਰਾਪਤ ਕਰਦੀ ਹੈ ॥੨॥

## ਪਿਰੁ ਸਾਲਾਹੀ ਆਪਣਾ; ਸਖੀ ਸਹੇਲੀ ਨਾਲਿ ॥

ਜੋ ਮਹਾਤਮਾ ਰੂਪ ਸ਼ਰਧਾ ਵਾਲੀ ਸਖੀ ਤੇ ਭਗਤੀ ਵਾਲੀ ਸਹੇਲੀ ਹੈ, ਉਸ ਦੇ ਨਾਲਿ = ਸਾਥ ਮਿਲ ਕੇ ਆਪਣੇ ਪਿਰੁ = ਪਤੀ ਅਕਾਲ ਪੁਰਖ ਵਾਹਿਗੁਰੂ ਦੀ ਹਮੇਸ਼ਾ ਸਿਫ਼ਤਿ-ਸਾਲਾਹ ਕਰਿਆ ਕਰ।

## ਤਨਿ ਸੋਹੈ ਮਨੁ ਮੋਹਿਆ; ਰਤੀ ਰੰਗਿ ਨਿਹਾਲਿ ॥

ਉਸ ਪਰਮੇਸ਼ਰ ਦਾ ਸਤਿ ਚਿਤ ਅਨੰਦ ਰੂਪ ਤਨਿ = ਸਰੂਪ ਸੋਹੈ = ਸੋਂਹਦਾ ਹੈ ਤੇ ਜਿਸ ਨੇ ਆਪਣੇ ਪਿਆਰੇ ਭਗਤਾਂ ਦੇ ਮਨ ਨੂੰ ਮੋਹਿਆ = ਮੋਹ ਲਿਆ ਹੈ **ਅਥਵਾ** ਪਰਮੇਸ਼ਰ ਸਰੂਪ ਸਤਿਗੁਰਾਂ ਦਾ ਸਰਗੁਣ ਸਰੂਪ ਸੋਹੈ = ਸੋਭਾ ਪਾ ਰਿਹਾ ਹੈ, ਜਿਹਨੇ ਗੁਰਮੁਖਾਂ ਦੇ ਮਨ ਨੂੰ ਮੋਹ ਲਿਆ ਹੈ ਜਿਸ ਤਰ੍ਹਾਂ ਚੰਦਰਮਾ ਦਾ ਸਰੂਪ ਦੇਖ ਕੇ ਚਕੋਰ ਮੋਹਿਆ ਜਾਂਦਾ ਹੈ। ਜੋ ਜੀਵ ਰੂਪ ਇਸਤ੍ਰੀ ਪਤੀ ਪਰਮੇਸ਼ਰ **ਵਾ:** ਸਤਿਗੁਰਾਂ ਦੇ ਰੰਗਿ = ਪ੍ਰੇਮ ਵਿਚ ਰਤੀ = ਰੰਗੀ ਗਈ ਹੈ, ਉਹ ਨਿਹਾਲਿ = ਦੁੱਖਾਂ ਤੋਂ ਰਹਿਤ ਪਦਵੀ ਪ੍ਰਾਪਤ ਕਰ ਲੈਂਦੀ ਹੈ ਭਾਵ ਜੰਮਣ ਮਰਨ ਤੋਂ ਰਹਿਤ ਹੋ ਕੇ ਪ੍ਰਭੂ ਦਾ ਸਰੂਪ ਬਣ ਜਾਂਦੀ ਹੈ।

## ਸਬਦਿ ਸਵਾਰੀ ਸੋਹਣੀ; ਪਿਰੁ ਰਾਵੇ ਗੁਣ ਨਾਲਿ ॥੩॥

ਜਿਸ ਨੇ ਸਤਿਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਆਪਣੀ ਸੁਰਤ ਸਵਾਰ ਲਈ ਹੈ, ਉਹ ਮਹਾਤਮਾ ਰੂਪ ਸਖੀ **ਵਾ:** ਜੀਵ ਰੂਪ ਇਸਤਰੀ ਸ਼ਰਧਾ ਆਦਿ ਗੁਣਾਂ ਦੇ ਨਾਲ ਸੋਹਣੀ = ਸ਼ੋਭਨੀਕ ਹੋ ਰਹੀ ਹੈ ਤੇ ਫਿਰ ਉਹੋ ਹੀ ਪਿਰੁ = ਪਤੀ ਪਰਮਾਤਮਾ ਦੇ ਮਿਲਾਪ ਰੂਪ **ਵਾ:** ਅਭੇਦਤਾ ਰੂਪ ਅਨੰਦ ਨੂੰ ਰਾਵੇ = ਮਾਣਦੀ ਹੈ ॥੩॥

## ਕਾਮਣਿ ਕਾਮਿ ਨ ਆਵਈ; ਖੋਟੀ ਅਵਗਣਿਆਰਿ ॥

ਜੋ ਜੀਵ ਰੂਪ ਕਾਮਣਿ = ਇਸਤ੍ਰੀ ਅਵਗਣਿਆਰਿ = ਅਉਗਣਾਂ ਦਾ ਘਰ ਹੋਣ ਕਰਕੇ ਖੋਟੀ = ਬਿਭਚਾਰਨ

ਦੇਵੀ ਦੇਵਤਿਆਂ ਦੀ ਉਪਾਸਨਾ ਕਰਨ ਵਾਲੀ ਹੈ, ਉਹ ਪਤੀ ਅਕਾਲ ਪੁਰਖ ਦੇ ਕੰਮ ਨਹੀਂ ਆਵਈ = ਆਉਂਦੀ ਭਾਵ ਉਸ ਨੂੰ ਭਾਉਂਦੀ ਨਹੀਂ ਹੈ **ਅਥਵਾ** ਜੋ ਕਾਮਣਿ = ਟੂਣੇ ਆਦਿ ਕਰਨ ਵਾਲੀ ਹੈ, ਉਹ ਅਉਗੁਣਾਂ ਨਾਲ ਭਰੀ ਹੋਈ ਖੋਟੀ ਇਸਤ੍ਰੀ ਪਤੀ ਦੇ ਕੰਮ ਨਹੀਂ ਆਉਂਦੀ, ਜੋ ਆਪਣੇ ਸੁਆਰਥ ਲਈ ਟੂਣੇ ਕਰਦੀ ਹੈ।

**ਸਾਖੀ—ਖੋਟੀ ਇਸਤ੍ਰੀ ਦੀ :** ਜਿਸ ਤਰ੍ਹਾਂ ਇਕ ਇਸਤ੍ਰੀ ਹਰ ਰੋਜ਼ ਇਕ ਮਟੀ 'ਤੇ ਜਾ ਕੇ ਮੱਥਾ ਟੇਕ ਕੇ ਕਿਹਾ ਕਰੇ ਕਿ ਮੇਰਾ ਪਤੀ ਅੰਨ੍ਹਾ ਹੋ ਜਾਵੇ। ਇਕ ਦਿਨ ਉਸ ਦੇ ਪਤੀ ਨੇ ਲੁਕ ਕੇ ਦੇਖ ਲਿਆ ਤੇ ਨਾਲ ਹੀ ਉਸ ਦੀ ਅਰਦਾਸ ਸੁਣ ਲਈ। ਦੂਜੇ ਦਿਨ ਆਪ ਹੀ ਮਟੀ ਦੇ ਪਿੱਛੇ ਲੁਕ ਕੇ ਬੈਠ ਗਿਆ ਤੇ ਮੱਥਾ ਟੇਕਣ ਆਈ ਆਪਣੀ ਘਰਵਾਲੀ ਨੂੰ ਅਵਾਜ਼ ਬਦਲ ਕੇ ਕਹਿਣ ਲੱਗਾ ਕਿ ਜੇ ਤੂੰ ਅੱਠ ਦਿਨ ਕੜਾਹ ਪ੍ਰਸਾਦਿ ਬਣਾ ਕੇ ਖਵਾਵੇਂ ਤਾਂ ਤੇਰਾ ਪਤੀ ਅੰਨ੍ਹਾ ਹੋ ਜਾਵੇਗਾ। ਉਹ ਘਰ ਆਈ ਤੇ ਬੜਾ ਸੁਆਦੀ ਕੜਾਹ ਬਣਾ ਕੇ ਖਾਣ ਲਈ ਦਿੱਤਾ। ਦੋ ਦਿਨਾਂ ਬਾਅਦ ਉਸ ਦਾ ਪਤੀ ਕਹਿਣ ਲੱਗਾ ਕਿ ਮੇਰੀ ਤਾਂ ਨਿਗ੍ਹਾ ਕਮਜ਼ੋਰ ਹੋਣ ਲੱਗ ਪਈ ਹੈ। ਤਾਂ ਇਹ ਅੰਦਰੋ-ਅੰਦਰੀਂ ਬੜੀ ਖ਼ੁਸ਼ ਹੋਈ। ਅੱਠਵੇਂ ਦਿਨ ਤਾਂ ਉਹ ਕਹਿਣ ਲੱਗਾ ਕਿ ਮੈਨੂੰ ਕੁਝ ਵੀ ਨਹੀਂ ਦਿੱਸਦਾ। ਫਿਰ ਕੀ ਸੀ, ਘਰਵਾਲੀ ਨੇ ਦਾਣੇ ਚੁੱਕ ਚੁੱਕ ਕੇ ਹੱਟੀ ਵਾਲੇ ਨੂੰ ਦੇਣੇ ਸ਼ੁਰੂ ਕਰ ਦਿੱਤੇ ਤੇ ਉਸੇ ਵੇਲੇ ਫੜ ਕੇ ਪਤੀ ਨੇ ਚੰਗੀ ਤਰ੍ਹਾਂ ਕੁੱਟੀ ਤੇ ਆਪਣੇ ਘਰੋਂ ਕੱਢ ਦਿੱਤੀ। ਇਸ ਪ੍ਰਕਾਰ ਜੋ ਜੀਵ ਰੂਪ ਇਸਤ੍ਰੀਆਂ ਜਾਦੂ ਟੂਣੇ ਕਰਨ ਵਾਲੀਆਂ, ਭੂਤਾਂ, ਪ੍ਰੇਤਾਂ ਨੂੰ ਵਸ ਕਰਨ ਵਾਲੀਆਂ, ਧਾਗੇ ਤਵੀਤ ਕਰਨ ਵਾਲੀਆਂ ਅਉਗੁਣਾਂ ਦੀਆਂ ਭਰੀਆਂ ਹੋਈਆਂ ਖੋਟੀਆਂ ਹਨ, ਉਹ ਪਤੀ ਪਰਮਾਤਮਾ ਦੇ ਕੰਮ ਨਹੀਂ ਆਉਂਦੀਆਂ।

## ਨਾ ਸੁਖੁ ਪੇਈਐ ਸਾਹੁਰੈ; ਝੂਠਿ ਜਲੀ ਵੇਕਾਰਿ ॥

ਐਸੀ ਖੋਟੀ ਜੀਵ ਰੂਪ ਇਸਤ੍ਰੀ ਨੂੰ ਨਾ ਤਾਂ ਪੇਈਐ = ਇਸ ਲੋਕ ਵਿਚ ਸੁੱਖ ਅਤੇ ਨਾ ਹੀ ਸਾਹੁਰੈ = ਪਰਲੋਕ ਵਿਚ ਸੁੱਖ ਪ੍ਰਾਪਤ ਹੁੰਦਾ ਹੈ। ਉਹ ਤਾਂ ਫਿਰ ਛੁੱਟੜ ਇਸਤ੍ਰੀ ਦੀ ਨਿਆਈਂ ਜੂਨਾਂ ਰੂਪ ਰਾਹਾਂ ਵਿਚ ਭਟਕਦੀ ਰਹਿੰਦੀ ਹੈ। ਫਿਰ ਉਹ ਝੂਠ ਬੋਲਣ ਵਾਲੀ ਸਦਾ ਹੀ ਵਿਕਾਰਾਂ ਦੀ ਅੱਗ ਵਿਚ ਜਲੀ = ਸੜਦੀ ਰਹਿੰਦੀ ਹੈ।

## ਆਵਣੁ ਵੰਞਣੁ ਡਾਖੜੋ; ਛੋਡੀ ਕੰਤਿ ਵਿਸਾਰਿ ॥੪॥

ਜਿਸ ਜੀਵ ਰੂਪ ਇਸਤ੍ਰੀ ਨੂੰ ਕੰਤਿ = ਪਤੀ ਪਰਮਾਤਮਾ ਨੇ ਵਿਸਾਰਿ = ਭੁਲਾ ਛੋਡੀ = ਛੱਡਿਆ ਹੈ, ਫਿਰ ਉਸ ਨੂੰ ਆਵਣੁ = ਜੰਮਣ ਅਤੇ ਵੰਞਣੁ = ਜਾਣ **ਵਾ:** ਮਰਣ ਦਾ ਡਾਖੜੋ = ਕਠਨ ਦੁੱਖ ਪ੍ਰਾਪਤ ਹੁੰਦਾ ਹੈ। ਕਿਉਂਕਿ ਜਦੋਂ ਜੀਵ ਜਨਮ ਲੈਂਦਾ ਹੈ ਤਾਂ ਉਸ ਵੇਲੇ ਜੀਵ ਨੂੰ ਅਸਹਿ ਕਸ਼ਟ ਹੁੰਦਾ ਹੈ, ਜਿਵੇਂ ਸੁਨਿਆਰਾ ਜਿੰਦਰੀ ਵਿੱਚੋਂ ਸੋਨੇ ਦੀ ਤਾਰ ਕੱਢਦਾ ਹੈ, ਇਸ ਤਰ੍ਹਾਂ ਜਨਮ ਵੇਲੇ ਦੁਖ ਹੁੰਦਾ ਹੈ ਤੇ ਮਾਤਾ ਨੂੰ ਵੀ ਬੇਅੰਤ ਕਸ਼ਟ ਹੁੰਦਾ ਹੈ। ਕਈ ਇਸਤਰੀਆਂ ਤਾਂ ਬੇਸੁਰਤ ਵੀ ਹੋ ਜਾਂਦੀਆਂ ਹਨ ਤੇ ਮਰਨ ਸਮੇਂ ੭੦ ਹਜ਼ਾਰ ਬਿੱਛੂ ਦੇ ਡੰਗ ਮਾਰਨ ਜਿਤਨਾ ਦੁੱਖ ਹੁੰਦਾ ਹੈ। ਜਦੋਂ ਸਾਕਤ ਪੁਰਸ਼ਾਂ ਦੇ ਪ੍ਰਾਣ ਮਲ-ਮੂਤਰ ਦੇ ਰਸਤੇ ਨਿਕਲਦੇ ਹਨ ਤੇ ਫਿਰ ਜਮਾਂ ਦੀ ਮਾਰ ਪੈਂਦੀ ਹੈ। ਇਹ ਬੜਾ ਹੀ ਡਾਖੜੋ = ਕਠਨ ਦੁੱਖ ਪ੍ਰਾਪਤ ਹੁੰਦਾ ਹੈ ॥੪॥ ਜੈਸਾ ਕਿ :

**ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥** *(ਮਾਰੂ ਮ: ੧, ਅੰਗ ੧੦੨੮)*

## ਪਿਰ ਕੀ ਨਾਰਿ ਸੁਹਾਵਣੀ; ਮੁਤੀ ਸੋ ਕਿਤੁ ਸਾਦਿ ॥

ਪਿਰ = ਪਤੀ ਪਰਮਾਤਮਾ ਕੀ = ਦੀ ਇਹ ਜੀਵ ਰੂਪ ਨਾਰਿ = ਇਸਤ੍ਰੀ ਬੜੀ ਸੁਹਾਵਣੀ = ਸ਼ੋਭਨੀਕ ਸੀ, ਸੋ = ਉਹ ਫਿਰ ਪਤੀ ਪਰਮਾਤਮਾ ਵੱਲੋਂ ਕਿਤੁ = ਕਿਸ ਸਾਦਿ = ਸੁਆਦਾਂ ਵਿਚ ਫਸਣ ਕਰਕੇ

ਮੁਤੀ = ਛੁੱਟੜ ਹੋ ਗਈ ? ਭਾਵ ਇਹ ਜੀਵ ਰੂਪ ਇਸਤ੍ਰੀ ਜੋ ਬੜੀ ਸ਼ੋਭਨੀਕ ਸੀ ਸ਼ਬਦ, ਸਪਰਸ਼, ਰੂਪ, ਰਸ, ਗੰਧ, ਵਿਸ਼ਿਆਂ ਦੇ ਸੁਆਦਾਂ ਵਿਚ ਫਸਣ ਕਰਕੇ ਛੁੱਟੜ ਹੋ ਗਈ।

## ਪਿਰ ਕੈ ਕਾਮਿ ਨ ਆਵਈ; ਬੋਲੇ ਫਾਦਿਲੁ ਬਾਦਿ ॥

ਇਸ ਪ੍ਰਕਾਰ ਜੋ ਬਿਭਚਾਰਨੀ ਹੋਵੇ, ਵਿਸ਼ਿਆਂ ਦੇ ਸੁਆਦਾਂ ਵਿਚ ਫਸੀ ਹੋਵੇ ਭਾਵ ਦੇਵੀ ਦੇਵਤਿਆਂ ਦੀ ਉਪਾਸਨਾ ਵਿਚ ਲੱਗੀ ਹੋਵੇ ਤੇ ਹਮੇਸ਼ਾ ਫਾਦਿਲੁ = ਫ਼ਜ਼ੂਲ ਬੋਲਦੀ ਹੈ ਤੇ ਹਮੇਸ਼ਾ ਪਤੀ ਪਰਮਾਤਮਾ ਨਾਲ ਬਾਦਿ = ਝਗੜਾ ਕਰਦੀ ਹੈ ਕਿ ਮੈਂ ਪਰਮਾਤਮਾ ਦਾ ਕੀ ਵਿਗਾੜਿਆ ਹੈ, ਮੈਨੂੰ ਇਤਨੇ ਦੁੱਖ ਦਿੱਤੇ, ਕੰਗਾਲ ਕਰ ਦਿੱਤਾ ਆਦਿ। ਇਸ ਤਰ੍ਹਾਂ ਜੀਵ ਰੂਪ ਇਸਤ੍ਰੀ ਜੋ ਭਾਣਾ ਨਹੀਂ ਮੰਨਦੀ, ਪਤੀ ਪਰਮਾਤਮਾ ਨੂੰ ਐਸੇ ਬਚਨ ਬੋਲਦੀ ਹੈ, ਉਹ ਫਿਰ ਅਕਾਲ ਪੁਰਖ ਦੇ ਕੰਮ ਨਹੀਂ ਆਉਂਦੀ ਭਾਵ ਉਸ ਨੂੰ ਪਤੀ ਪਰਮਾਤਮਾ ਆਪਣੇ ਨਾਲ ਨਹੀਂ ਮਿਲਾਉਂਦਾ।

## ਦਰਿ ਘਰਿ ਢੋਈ ਨਾ ਲਹੈ; ਛੂਟੀ ਦੂਜੈ ਸਾਦਿ ॥੫॥

ਉਹ ਪਤੀ ਪਰਮਾਤਮਾ ਭਾਵੇਂ ਘਰਿ = ਹਿਰਦੇ ਵਿਚ ਅਤੇ ਦਰਿ = ਦਰਵਾਜ਼ੇ ਇੰਦਰਿਆਂ ਵਿਚ ਮੌਜੂਦ ਹੈ, ਪਰ ਇਹ ਖੋਟੀ ਜੀਵ ਰੂਪ ਇਸਤ੍ਰੀ ਵੀ ਉਸ ਦੇ ਢੋਈ = ਮਿਲਾਪ ਨੂੰ ਪ੍ਰਾਪਤ ਨਹੀਂ ਕਰ ਸਕਦੀ **ਵਾ:** ਅੰਤਰਮੁਖ ਗਿਆਨ ਰੂਪ ਦਰਵਾਜ਼ੇ ਵਿਚ ਇਸਥਿਤ ਹੋ ਕੇ ਘਰਿ = ਸਰੂਪ ਵਿਚ ਢੋਈ = ਮਿਲਾਪ ਨੂੰ ਪ੍ਰਾਪਤ ਨਹੀਂ ਕਰ ਸਕਦੀ। ਕਿਉਂਕਿ ਉਹ ਖੋਟੀ ਇਸਤ੍ਰੀ ਦੀ ਨਿਆਈਂ ਦੂਜੇ ਪੁਰਸ਼ਾਂ ਦੇ ਸੁਆਦ ਵਿਚ ਫਸ ਕੇ ਛੁੱਟੜ ਹੋ ਗਈ ਭਾਵ ਜੀਵ ਰੂਪ ਇਸਤ੍ਰੀ ਦੇਵੀ ਦੇਵਤਿਆਂ ਦੀ ਉਪਾਸਨਾ ਵਿਚ ਲੱਗ ਗਈ ਕਿ ਮਹਾਂਦੇਵ ਖ਼ੁਸ਼ ਹੋ ਕੇ ਧਨ ਦਿੰਦਾ ਹੈ। ਫਲਾਣਾ ਦੇਵਤਾ ਆਹ ਦਿੰਦਾ ਹੈ ਆਦਿ ਇਸ ਪ੍ਰਕਾਰ ਵਿਭਚਾਰਨ ਇਸਤ੍ਰੀ ਦੀ ਨਿਆਈਂ ਹੋਣ ਕਰਕੇ ਦੇਵੀ ਦੇਵਤਿਆਂ ਦੀ ਉਪਾਸਨਾ ਦਵੈਤ ਭਾਵ ਵਾਲੇ ਸੁਆਦ ਵਿਚ ਫਸ ਕੇ ਪਰਮਾਤਮਾ ਵੱਲੋਂ ਛੁੱਟੜ ਹੋ ਗਈ॥੫॥ ਜਿਵੇਂ ਕਿ ਇਸੇ ਉਪਰ ਇਕ ਕਲਪਿਤ ਸਾਖੀ ਦਾ ਦ੍ਰਿਸ਼ਟਾਂਤ ਹੈ:

**ਸਾਖੀ—ਮਹਾਤਮਾ ਦੁਆਰਾ ਕੁੱਤੀ ਦੀ ਕਾਇਆਂ ਬਦਲਣ ਦੀ :** ਇਕ ਮਹਾਤਮਾ ਜੋ ਜੰਗਲ ਵਿਚ ਰਹਿੰਦੇ ਸਨ, ਉਨ੍ਹਾਂ ਕੋਲ ਇਕ ਕੁੱਤੀ ਰਹਿੰਦੀ ਸੀ ਜੋ ਹਰ ਰੋਜ਼ ਟੋਏ ਪੁੱਟਿਆ ਕਰੇ। ਮਹਾਤਮਾ ਨੇ ਤੰਗ ਹੋ ਕੇ ਕਿਹਾ ਕਿ ਤੂੰ ਕੁੱਤੀ ਨਹੀਂ ਬਾਂਦਰੀ ਬਣ ਜਾਹ। ਉਸੇ ਛਿਨ ਉਹ ਬਾਂਦਰੀ ਬਣ ਗਈ। ਫਿਰ ਕਦੇ ਸੰਤਾਂ ਨਾਲ ਮੋਹ ਕਰਿਆ ਕਰੇ, ਕਦੇ ਝੌਂਪੜੀ ਹੀ ਹਿਲਾ ਦਿਆ ਕਰੇ। ਅਨੇਕ ਤਰ੍ਹਾਂ ਦੀ ਚੰਚਲਤਾਈ ਕਰੇ। ਫਿਰ ਸੰਤ ਕਹਿੰਦੇ ਕਿ ਹੰਸਣੀ ਬਣ ਜਾਹ। ਉਹ ਹੰਸਣੀ ਬਣ ਕੇ ਮਾਨ ਸਰੋਵਰ ਨੂੰ ਜਾਣ ਲੱਗੀ। ਮਹਾਤਮਾ ਕਹਿੰਦੇ, ਇਥੇ ਰਹਿ। ਫੇਰ ਹਿਰਨੀ ਬਣਾ ਲਿਆ। ਉਹ ਹਿਰਨੀ ਬਣ ਕੇ ਵੀ ਮਹਾਤਮਾ ਨਾਲ ਖਹਿੰਦੀ ਰਿਹਾ ਕਰੇ। ਫੇਰ ਮਹਾਤਮਾ ਕਹਿੰਦੇ ਕਿ ਸੁੰਦਰ ਸਰੂਪ ਵਾਲੀ ਇਸਤ੍ਰੀ ਬਣ ਜਾਹ। ਉਹ ਲੜਕੀ ਬਣ ਗਈ। ਇਕ ਦਿਨ ਰਾਜਾ ਸ਼ਿਕਾਰ ਖੇਡਣ ਆਇਆ। ਰਾਜਾ ਕਹਿੰਦਾ ਹੈ ਕਿ ਬਾਬਾ ਜੀ! ਤੁਸੀਂ ਇਹ ਲੜਕੀ ਕੀ ਕਰਨੀ ਹੈ, ਮੈਨੂੰ ਦੇ ਦਿਉ। ਮੈਂ ਇਸ ਨੂੰ ਪਟਰਾਣੀ ਬਣਾਵਾਂਗਾ। ਮਹਾਤਮਾ ਕਹਿੰਦੇ ਹਨ ਕਿ ਭਾਈ! ਤੂੰ ਲੈ ਜਾਹ। ਰਾਜਾ ਘੋੜੇ 'ਤੇ ਬਿਠਾ ਕੇ ਲੈ ਗਿਆ ਤੇ ਮਹਿਲਾਂ ਵਿਚ ਲੈ ਆਇਆ। ਰਾਤ ਨੂੰ ਜਦੋਂ ਰਾਜਾ ਸੌਂ ਜਾਇਆ ਕਰੇ ਤਾਂ ਇਹ ਦੀਵਿਆਂ ਵਿਚਲਾ ਸਾਰਾ ਤੇਲ ਪੀ ਜਾਇਆ ਕਰੇ। ਰਾਜਾ ਸਵੇਰੇ ਉੱਠ ਕੇ ਦੇਖ ਕੇ ਬੜਾ ਹੈਰਾਨ ਹੋਵੇ ਤੇ ਨੌਕਰਾਂ ਨੂੰ ਪੁੱਛਿਆ ਤਾਂ ਉਹ ਕਹਿਣ ਲੱਗੇ ਕਿ ਅਸੀਂ ਸਾਰੇ ਦੀਵੇ ਪੂਰੇ ਭਰ ਕੇ ਰੱਖਦੇ ਹਾਂ। ਇਕ ਦਿਨ ਰਾਜਾ ਜਾਗਦਾ ਰਿਹਾ ਤੇ ਜਦੋਂ ਉਸ ਨੇ ਆਪਣੀ ਇਸਤ੍ਰੀ ਨੂੰ ਤੇਲ ਪੀਂਦੇ ਦੇਖਿਆ ਤਾਂ ਬੜਾ ਡਰਿਆ ਕਿ ਇਹ ਇਸਤ੍ਰੀ ਨਹੀਂ, ਕੋਈ ਬਲਾਅ ਹੈ। ਦੂਜੇ ਦਿਨ ਮਹਾਤਮਾ ਕੋਲ ਲੈ ਆਇਆ ਤੇ ਕਹਿੰਦਾ ਹੈ ਕਿ ਮਹਾਰਾਜ! ਸੰਭਾਲੋ ਇਸ ਨੂੰ, ਮੈਂ ਨਹੀਂ ਰੱਖ ਸਕਦਾ। ਇਹ ਤੇਲ ਪੀਣੀ ਬਲਾਅ ਹੈ। ਰਾਜਾ ਛੱਡ ਕੇ ਚਲਾ ਗਿਆ ਤਾਂ ਸੰਤ ਕਹਿੰਦੇ ਹਨ ਕਿ ਤੂੰ ਓਹੋ ਹੀ ਕੁੱਤੀ ਬਣ ਜਾਹ ਕਿਉਂਕਿ ਤੂੰ ਆਪਣਾ ਸੁਭਾਅ ਨਹੀਂ ਛੱਡ ਸਕੀ। ਜੈਸਾ ਕਿ:

**ਸਵਾਨੀ ਮਿਰਗੀ ਹੰਸਣੀ ਬਾਂਦਰੀ ਔਰ ਨ੍ਰਿਪ ਨਾਰਿ॥**
**ਏਤੇ ਜਨਮ ਕੁ ਭੋਗ ਕੇ ਮੂਲ ਸੁਭਾਵ ਨ ਟਾਰ॥** *(ਅੰਬਾਲਵੀ, ਦੋਹਾਵਲੀ)*

ਇਸ ਪ੍ਰਕਾਰ ਇਕ ਕੁੱਤੀ ਨੂੰ ਮਹਾਤਮਾ ਨੇ ਰਾਣੀ ਬਣਾ ਦਿੱਤਾ ਪਰ ਉਹ ਤੇਲ ਪੀਣ ਦੇ ਸੁਆਦ ਨੂੰ ਨਹੀਂ ਛੱਡ ਸਕੀ ਤੇ ਇੰਨੀ ਉੱਚੀ ਪਦਵੀ ਤੋਂ ਫਿਰ ਕੁੱਤੀ ਬਣ ਕੇ ਜੰਗਲ ਵਿਚ ਆ ਗਈ। ਇਸੇ ਤਰ੍ਹਾਂ ਜੀਵ ਜੋ ਪਤੀ ਪਰਮੇਸ਼ਰ ਦੀ ਇਸਤ੍ਰੀ ਹੋ ਕੇ ਵੀ ਦੇਵੀ ਦੇਵਤਿਆਂ ਦੀ ਉਪਾਸਨਾ **ਵਾ:** ਵਿਕਾਰਾਂ ਦੇ ਦਵੈਤ ਭਾਵ ਵਾਲੇ ਸੁਆਦ ਵਿਚ ਫਸੀ ਹੋਈ ਹੈ, ਉਹ ਪਰਮਾਤਮਾ ਦੇ ਦਰ ਘਰ ਵਿਚ ਢੋਈ = ਆਸਰਾ ਪ੍ਰਾਪਤ ਨਹੀਂ ਕਰ ਸਕਦੀ ਤੇ ਫਿਰ ਛੁੱਟੜ ਹੋ ਕੇ ਜੂਨਾਂ ਵਿਚ ਭਟਕਦੀ ਹੈ।

## ਪੰਡਿਤ ਵਾਚਹਿ ਪੋਥੀਆ; ਨਾ ਬੂਝਹਿ ਵੀਚਾਰੁ ॥

ਕਈ ਇਨਸਾਨ ਵਿੱਦਿਆ ਪੜ੍ਹ ਕੇ ਪੰਡਿਤ = ਵਿਦਵਾਨ ਬਣ ਜਾਂਦੇ ਹਨ ਤੇ ਫਿਰ ਪੋਥੀਆ = ਵੇਦਾਂ ਸ਼ਾਸਤ੍ਰਾਂ ਨੂੰ ਵਾਚਹਿ = ਜਾਨਣ ਲੱਗ ਜਾਂਦੇ ਹਨ। ਲੋਕਾਂ ਨੂੰ ਬੜਾ ਉਪਦੇਸ਼ ਸੁਣਾਉਂਦੇ ਹਨ ਪਰ ਆਪ ਉਨ੍ਹਾਂ ਦੀ ਵੀਚਾਰ ਨੂੰ ਨਹੀਂ ਬੂਝਹਿ = ਜਾਣਦੇ, ਭਾਵ ਆਪ ਉਸ ਉੱਤੇ ਅਮਲ ਨਹੀਂ ਕਰਦੇ।

## ਅਨ ਕਉ ਮਤੀ ਦੇ ਚਲਹਿ; ਮਾਇਆ ਕਾ ਵਾਪਾਰੁ ॥

(**ਅਨ** ਪੋਲਾ ਬੋਲੋ)

ਅਨ = ਹੋਰਨਾਂ ਨੂੰ ਮਤੀ = ਸਿੱਖਿਆ ਦੇ ਕੇ ਵਿਦਵਾਨ ਬਣ ਕੇ ਚੱਲਦੇ ਹਨ ਪਰ ਆਪ ਕੇਵਲ ਮਾਇਆ ਇਕੱਠੀ ਕਰਨ ਲਈ ਵਿੱਦਿਆ ਦਾ ਵਪਾਰ ਕਰਦੇ ਹਨ।

**ਸਾਖੀ—ਸੰਤ ਸੁੰਦਰ ਸਿੰਘ ਜੀ ਦੀ :** ਇਕ ਵਾਰ ਸੰਤ ਸੁੰਦਰ ਸਿੰਘ ਜੀ ਕੋਲ ਦਮਦਮਾ ਸਾਹਿਬ ਗੁਰਬਾਣੀ ਪੜ੍ਹਨ ਵਾਸਤੇ ਇਕ ਪੰਡਿਤ ਆਇਆ, ਜਿਸ ਦਾ ਨਾਮ ਹਰੀ ਹਸ਼ਰਤ ਸੀ। ਜਦੋਂ ਉਹ ਪੜ੍ਹਨ ਲੱਗਾ ਤੇ ਮਹਾਂਪੁਰਸ਼ਾਂ ਨੇ ਓਅੰਕਾਰ ਦੇ ਅਰਥ ਕੀਤੇ ਤਾਂ ਪੰਡਤ ਕਹਿਣ ਲੱਗਾ ਕਿ ਮੈਂ ਇਸ ਤਰ੍ਹਾਂ ਦੇ ਅਰਥ ਕਦੇ ਨਹੀਂ ਸੁਣੇ। ਇਹ ਕਿਥੋਂ ਆਉਂਦੇ ਹਨ ? ਤਾਂ ਨਾਲ ਦੇ ਸਿੰਘ ਸੰਤ ਮੇਲਾ ਸਿੰਘ ਕਹਿਣ ਲੱਗੇ ਕਿ ਇਹ ਅਰਥ ਉਪਰੋਂ ਆਉਂਦੇ ਹਨ ਭਾਵ ਅਨੁਭਵੀ ਹਨ। ਪੰਡਿਤ ਕਹਿਣ ਲੱਗਾ ਕਿ ਮੈਂ ਸਭਾਜਿਤ ਪੰਡਿਤ ਹਾਂ। ਪੰਜ ਸੌ ਸਭਾ ਮੈਂ ਜਿੱਤੀ ਹੈ ਤੇ ਪੰਜ-ਪੰਜ ਸੌ ਰੁਪਇਆ ਸਭਾ ਜਿੱਤਣ ਦਾ ਲੈਂਦਾ ਰਿਹਾ ਹਾਂ। ਪਰ ਅੱਜ ਸੋਝੀ ਆਈ ਹੈ ਕਿ ਮੈਂ ਤਾਂ ਹਨੇਰਾ ਹੀ ਢੋਂਦਾ ਰਿਹਾ। ਬ੍ਰਹਮ ਵਿੱਦਿਆ ਜੋ ਮੁਕਤੀ ਦੇਣ ਵਾਲੀ ਹੈ, ਉਸ ਨੂੰ ਮਾਇਆ ਇਕੱਠੀ ਕਰਨ ਲਈ ਵਰਤਦਾ ਰਿਹਾ। ਪਰ ਅੱਜ ਮੈਨੂੰ ਗੁਰਬਾਣੀ ਪੜ੍ਹ, ਸਮਝ ਕੇ ਇਹ ਗਿਆਨ ਹੋਇਆ ਹੈ। ਇਸ ਪ੍ਰਕਾਰ ਲੋਕਾਂ ਨੇ ਬ੍ਰਹਮ ਵਿੱਦਿਆ ਨੂੰ ਕੇਵਲ ਮਾਇਆ ਇਕੱਠੀ ਕਰਨ ਦਾ ਜ਼ਰੀਆ ਬਣਾ ਲਿਆ ਹੈ। ਹੋਰਾਂ ਨੂੰ ਤਾਂ ਸਿੱਖਿਆ ਦਿੰਦੇ ਰਹੇ, ਪਰ ਆਪ ਉਸ 'ਤੇ ਅਮਲ ਨਹੀਂ ਕੀਤਾ ਤੇ ਵਿੱਦਿਆ ਨਾਲ ਮਾਇਆ ਦਾ ਹੀ ਵਪਾਰ ਕਰਦੇ ਰਹੇ।

## ਕਥਨੀ ਝੂਠੀ ਜਗੁ ਭਵੈ; ਰਹਣੀ ਸਬਦੁ ਸੁ ਸਾਰੁ ॥੬॥

ਉਨ੍ਹਾਂ ਦੀ ਕਥਨੀ ਖ਼ੁਦ ਧਾਰਨ ਕਰਨ ਤੋਂ ਬਿਨਾਂ ਝੂਠੀ ਹੀ ਹੈ, ਜਿਸ ਕਰਕੇ ਉਹ ਜਗੁ = ਸੰਸਾਰ ਵਿਚ ਭਵੈ = ਭੌਂਦੇ ਫਿਰਦੇ ਹਨ **ਵਾ:** ਝੂਠੀ ਕਥਨੀ ਕਰ ਕੇ ਸੰਸਾਰੀ ਜੀਵਾਂ ਨੂੰ ਭਵੈ = ਭਰਮਾਉਂਦੇ ਫਿਰਦੇ ਹਨ **ਵਾ:** ਉਹ ਸੰਸਾਰ ਵਿਚ ਕੇਵਲ ਮਾਇਆ ਲਈ ਭਵੈ = ਭੌਂਦੇ ਵਿਚਰਦੇ ਹਨ, ਪਰੰਤੂ ਜੋ ਸਤਿਗੁਰਾਂ ਦੇ ਸਬਦੁ = ਉਪਦੇਸ਼ ਦੀ ਰਹਿਣੀ **ਵਾ:** ਸਤਿਗੁਰਾਂ ਦਾ ਭਾਣਾ ਮੰਨਣ ਵਾਲੀ ਕਥਨੀ ਹੈ ਸੁ = ਉਹੋ ਹੀ ਸਾਰੁ = ਸ੍ਰੇਸ਼ਟ ਹੈ **ਵਾ:** ਸ਼ਬਦ ਦੀ ਕਮਾਈ ਦੁਆਰਾ ਹੀ ਉਸ ਸਾਰੁ = ਸ੍ਰੇਸ਼ਟ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ॥੬॥

## ਕੇਤੇ ਪੰਡਿਤ ਜੋਤਕੀ; ਬੇਦਾ ਕਰਹਿ ਬੀਚਾਰੁ ॥

ਕੇਤੇ = ਕਿਤਨੇ ਪੰਡਿਤ = ਵਿਦਵਾਨ ਹਨ ਜੋ ਵੇਦਾਂ ਦੇ ਖਟ ਅੰਗ : ਸਿੱਖਿਆ, ਕਲਪ, ਜੋਤਿਸ਼, ਪਿੰਗਲ, ਵਿਆਕਰਣ, ਨਿਰੁਕਤ ਅਤੇ ਕਰਮ ਉਪਾਸ਼ਨਾ ਗਿਆਨ ਦਾ ਵੀਚਾਰ ਕਰਦੇ ਰਹਿੰਦੇ ਹਨ ਤੇ ਕਿਤਨੇ ਹੀ ਜੋਤਕੀ = ਜੋਤਸ਼ੀ ਹਨ ਜੋ ਆਉਣ ਵਾਲੇ ਸਮੇਂ ਬਾਰੇ ਦੱਸਦੇ ਹਨ ਕਿ ਹੁਣ ਭੂਚਾਲ ਆਵੇਗਾ, ਤੂਫ਼ਾਨ ਆਵੇਗਾ, ਵਰਖਾ ਪਵੇਗੀ ਜਾਂ ਕਾਲ ਪਵੇਗਾ ਆਦਿ ਭਵਿੱਖ ਦੀਆਂ ਗੱਲਾਂ ਦੱਸਣ ਵਾਲੇ ਜੋਤਸ਼ੀ ਹਨ।

## ਵਾਦਿ ਵਿਰੋਧਿ ਸਲਾਹਣੇ; ਵਾਦੇ ਆਵਣੁ ਜਾਣੁ ॥

ਕੇਵਲ ਕਥਨੀ ਦੇ ਜੋ ਵਿਦਵਾਨ ਹਨ, ਉਹ ਆਪਣੇ ਆਪ ਦੀ ਸਲਾਹੁਣਾ ਕਰਦੇ ਹਨ ਤੇ ਦੂਜੇ ਦਾ ਵਿਰੋਧ ਕਰਦੇ ਹਨ। ਜਿਸ ਕਰਕੇ ਫਿਰ ਆਪਸ ਵਿਚ ਵਾਦਿ = ਝਗੜਾ ਕਰਦੇ ਹਨ। ਇਨ੍ਹਾਂ ਵਾਦੇ = ਝਗੜਿਆਂ ਕਰਕੇ ਹੀ ਉਨ੍ਹਾਂ ਦਾ ਸੰਸਾਰ ਵਿਚ ਆਉਣਾ ਜਾਣਾ ਬਣਿਆ ਰਹਿੰਦਾ ਹੈ ਭਾਵ ਉਹ ਜੰਮਦੇ ਮਰਦੇ ਰਹਿੰਦੇ ਹਨ।

**ਸਾਖੀ—ਰਾਜੇ ਤੇ ਪੰਡਿਤ ਦੀ :** ਇਕ ਰਾਜੇ ਦੀ ਸਭਾ ਵਿਚ ਪੰਡਿਤ ਹਰ ਰੋਜ਼ ਕਥਾ ਕਰਿਆ ਕਰਦਾ ਸੀ। ਰਾਜਾ ਵੀ ਪੰਡਿਤ ਦਾ ਬਹੁਤ ਸਤਿਕਾਰ ਕਰਦਾ ਸੀ ਤੇ ਬਹੁਤ ਸਾਰਾ ਧਨ ਪਦਾਰਥ ਉਸ ਨੂੰ ਦਿੰਦਾ ਸੀ। ਇਕ ਦਿਨ ਇਕ ਹੋਰ ਵਿਦਵਾਨ ਪੰਡਿਤ ਉਸ ਸਭਾ ਵਿਚ ਪਹੁੰਚਿਆ ਤੇ ਪਹਿਲੇ ਪੰਡਿਤ ਦਾ ਆਦਰ-ਸਤਿਕਾਰ ਹੁੰਦਾ ਵੇਖ ਕੇ ਈਰਖਾ ਨਾਲ ਸੜ-ਬਲ ਗਿਆ ਤੇ ਉਸ ਪੰਡਿਤ ਨੂੰ ਸਭਾ ਵਿੱਚੋਂ ਕਢਵਾਉਣ ਦੀ ਖ਼ਾਤਰ ਰਾਜੇ ਨੂੰ ਕਹਿਣ ਲੱਗਾ ਕਿ ਇਸ ਪੰਡਿਤ ਕੋਲੋਂ ਕਿਤਨਾ ਚਿਰ ਹੋ ਗਿਆ ਹੈ ਕਥਾ ਸੁਣਦੇ ਪਰ ਤੁਹਾਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਇਸ ਨੂੰ ਕਹੋ ਕਿ ਜਾਂ ਤਾਂ ਮੈਨੂੰ ਬ੍ਰਹਮ ਗਿਆਨ ਦੇ ਕੇ ਮੁਕਤ ਕਰੋ ਨਹੀਂ ਤਾਂ ਇਸ ਨੂੰ ਸਭਾ ਵਿੱਚੋਂ ਕੱਢ ਦਿਉ। ਫਿਰ ਮੈਂ ਆਪ ਨੂੰ ਬ੍ਰਹਮ ਗਿਆਨ ਕਰਾਵਾਂਗਾ। ਰਾਜਾ ਦੂਜੇ ਪੰਡਿਤ ਦੀਆਂ ਗੱਲਾਂ ਵਿਚ ਆ ਗਿਆ ਤੇ ਪਹਿਲੇ ਪੰਡਿਤ ਨੂੰ ਕਹਿਣ ਲੱਗਾ ਕਿ ਤੈਨੂੰ ਅੱਠ ਦਿਨ ਦੀ ਮੁਹਲਤ ਦਿੱਤੀ ਜਾਂਦੀ ਹੈ। ਜੇ ਅੱਠ ਦਿਨਾਂ ਵਿਚ ਮੈਨੂੰ ਬ੍ਰਹਮ ਗਿਆਨ ਨਾ ਕਰਾ ਸਕਿਆ ਤਾਂ ਤੈਨੂੰ ਸਭਾ ਵਿੱਚੋਂ ਕੱਢ ਕੇ ਮੈਂ ਹੋਰ ਪੰਡਿਤ ਰੱਖ ਲਵਾਂਗਾ। ਉਹ ਵਿਚਾਰਾ ਰਾਜ ਪੰਡਿਤ, ਜੋ ਨਿਸ਼ਕਪਟ ਸੀ, ਬੜਾ ਨਿਰਾਸ਼ ਹੋਇਆ ਕਿ ਮੈਂ ਆਪ ਬ੍ਰਹਮ ਗਿਆਨੀ ਨਹੀਂ, ਰਾਜੇ ਨੂੰ ਕਿਥੋਂ ਬ੍ਰਹਮ ਗਿਆਨ ਕਰਵਾ ਦੇਵਾਂ ? ਹੁਣ ਮੇਰਾ ਪਰਿਵਾਰ ਭੁੱਖਾ ਮਰ ਜਾਵੇਗਾ ਤੇ ਨਿਰਾਸ਼ ਹੋ ਕੇ ਜੰਗਲ ਵੱਲ ਚਲਾ ਗਿਆ। ਜੰਗਲ ਵਿਚ ਇਕ ਮਹਾਂਪੁਰਖ ਰਹਿੰਦੇ ਸਨ। ਉਨ੍ਹਾਂ ਦੇ ਚਰਨਾਂ ਵਿਚ ਜਾ ਡਿੱਗਾ ਤੇ ਰੋ-ਰੋ ਕੇ ਸਾਰੀ ਕਹਾਣੀ ਸੁਣਾਈ। ਸੰਤ ਕਹਿਣ ਲੱਗੇ ਕਿ ਤੂੰ ਰਾਜ ਪੰਡਿਤ ਹੈਂ, ਵਿਦਵਾਨ ਹੈਂ। ਤੈਨੂੰ ਸੋਗ ਨਹੀਂ ਕਰਨਾ ਚਾਹੀਦਾ। ਪੰਡਿਤ ਕਹਿੰਦਾ ਹੈ ਕਿ ਮੇਰਾ ਪਰਿਵਾਰ ਰੁਲ ਜਾਵੇਗਾ ਕਿਉਂਕਿ ਹੁਣ ਨਵੇਂ ਪੰਡਿਤ ਨੇ ਮੈਨੂੰ ਸਭਾ ਵਿੱਚੋਂ ਕਢਵਾ ਦੇਣਾ ਹੈ। ਮਹਾਂਪੁਰਖ ਦਇਆ ਦੇ ਘਰ ਵਿਚ ਆਏ ਤੇ ਕਹਿਣ ਲੱਗੇ ਕਿ ਰਾਜੇ ਨੂੰ ਜਾ ਕੇ ਕਹਿ ਦੇਵੀਂ ਕਿ ਅੱਠਵੇਂ ਦਿਨ ਉੱਤਰ ਅਸੀਂ ਦਿਆਂਗੇ। ਪੰਡਿਤ ਨੇ ਰਾਜੇ ਨੂੰ ਜਾ ਕੇ ਦੱਸਿਆ ਤਾਂ ਰਾਜਾ ਬੜਾ ਹੈਰਾਨ ਹੋਇਆ ਤੇ ਆਖਣ ਲੱਗਾ ਕਿ ਸੰਤਾਂ ਨੂੰ ਲਿਆਉਣ ਲਈ ਪਾਲਕੀ ਭੇਜੀ ਜਾਵੇ। ਪਰ ਸੰਤ ਕਹਿਣ ਲੱਗੇ ਕਿ ਅਸੀਂ ਪਾਲਕੀ ਵਿਚ ਨਹੀਂ ਚੜ੍ਹਨਾ, ਤੁਰ ਕੇ ਪਹੁੰਚਾਂਗੇ। ਅਜੇ ਸਾਡਾ ਸਰੀਰ ਤਕੜਾ ਹੈ, ਤੁਰਨ ਦੇ ਸਮਰੱਥ ਹੈ। ਅੱਠਵੇਂ ਦਿਨ ਮਹਾਂਪੁਰਖ ਪਹੁੰਚੇ। ਅੱਗੇ ਰਾਜੇ ਦੀ ਸਭਾ ਲੱਗੀ ਹੋਈ ਹੈ। ਮਹਾਂਪੁਰਖ ਰਾਜੇ ਨੂੰ ਕਹਿਣ ਲੱਗੇ ਕਿ ਤੂੰ ਸਾਨੂੰ ਇਕ ਘੜੀ ਵਾਸਤੇ ਰਾਜ ਦੇਣਾ ਕਰ, ਫਿਰ ਤੈਨੂੰ ਉੱਤਰ ਦਿਆਂਗੇ। ਰਾਜੇ ਨੇ ਉਸੇ ਸਮੇਂ ਲਿਖ ਕੇ ਦੇ ਦਿੱਤਾ ਕਿ ਇਕ ਘੜੀ ਵਾਸਤੇ ਸੰਤ ਬਾਦਸ਼ਾਹ ਹੋਣਗੇ, ਜੋ ਇਹ ਕਹਿਣਗੇ ਉਹੀ ਹੋਵੇਗਾ। ਇਹ ਹੁਕਮ ਸਾਰੇ ਵਜ਼ੀਰਾਂ, ਅਹਿਲਕਾਰਾਂ ਨੂੰ ਸੁਣਾ ਦਿੱਤਾ। ਸੰਤ ਬਾਦਸ਼ਾਹੀ ਸਿੰਘਾਸਨ 'ਤੇ ਜਾ ਬੈਠੇ ਤੇ ਸਿਪਾਹੀਆਂ ਨੂੰ ਕਹਿਣ ਲੱਗੇ ਕਿ ਰਾਜੇ ਅਤੇ ਪੰਡਿਤ ਦੀਆਂ ਮੁਸ਼ਕਾਂ ਬੰਨ੍ਹ ਲਵੋ। ਜਦੋਂ ਦੋਵੇਂ ਬੰਨ੍ਹੇ ਗਏ ਤਾਂ ਸੰਤ ਰਾਜੇ

ਨੂੰ ਕਹਿਣ ਲੱਗੇ ਕਿ ਪੰਡਿਤ ਦੀਆਂ ਮੁਸ਼ਕਾਂ ਖੋਲ੍ਹ ਦਿਉ। ਉਹ ਕਹਿੰਦਾ ਹੈ ਕਿ ਮੈਂ ਤਾਂ ਆਪ ਬੰਨ੍ਹਿਆ ਬੈਠਾ ਹਾਂ ਇਸ ਦੀਆਂ ਮੁਸ਼ਕਾਂ ਕਿਵੇਂ ਖੋਲ੍ਹਾਂ ? ਫਿਰ ਪੰਡਿਤ ਨੂੰ ਕਹਿਣ ਲੱਗੇ ਕਿ ਰਾਜੇ ਦੀਆਂ ਮੁਸ਼ਕਾਂ ਖੋਲ੍ਹ ਦੇ। ਉਹ ਕਹੇ ਕਿ ਜੇ ਮੇਰੀਆਂ ਮੁਸ਼ਕਾਂ ਖੁੱਲ੍ਹਣਗੀਆਂ ਤਾਂ ਹੀ ਮੈਂ ਰਾਜੇ ਨੂੰ ਖੋਲ੍ਹ ਸਕਦਾ ਹਾਂ। ਮਹਾਂਪੁਰਖ ਕਹਿਣ ਲੱਗੇ ਕਿ ਮੈਂ ਆਜ਼ਾਦ ਹਾਂ ਇਸ ਲਈ ਤੁਹਾਨੂੰ ਖੋਲ੍ਹ ਸਕਦਾ ਹਾਂ ਤੇ ਸੰਤਾਂ ਨੇ ਦੋਵਾਂ ਦੀਆਂ ਮੁਸ਼ਕਾਂ ਖੋਲ੍ਹ ਦਿੱਤੀਆਂ। ਰਾਜੇ ਨੂੰ ਸਿੰਘਾਸਨ 'ਤੇ ਬਿਠਾਇਆ ਤੇ ਕਹਿਣ ਲੱਗੇ ਕਿ ਰਾਜਨ! ਤੈਨੂੰ ਗਿਆਨ ਇਸ ਲਈ ਇਹ ਪੰਡਿਤ ਨਹੀਂ ਕਰਾ ਸਕਿਆ ਕਿਉਂਕਿ ਤੁਹਾਨੂੰ ਦੋਵਾਂ ਨੂੰ ਬੰਧਨ ਪਏ ਹੋਏ ਸਨ। ਤੈਨੂੰ ਹੰਕਾਰ ਸੀ ਇਹ ਪੰਡਿਤ ਮੇਰਾ ਨੌਕਰ ਹੈ। ਦੂਜਾ ਬਾਦਸ਼ਾਹ ਹੋਣ ਕਰਕੇ ਆਪਣੇ ਆਪ ਨੂੰ ਸਭ ਤੋਂ ਉੱਚਾ ਸਮਝਦਾ ਸੀ ਤੇ ਪੰਡਿਤ ਜੀ ਹਨ ਤਾਂ ਨਿਹਕਪਟ ਪਰ ਵਿੱਦਿਆ ਪੜ੍ਹ ਕੇ ਨਾਮ ਦੀ ਕਮਾਈ ਨਹੀਂ ਕੀਤੀ ਤੇ ਕੇਵਲ ਕਥਨੀ ਕਰਕੇ ਆਪਣਾ ਤੇ ਪਰਿਵਾਰ ਦਾ ਪੇਟ ਪਾਲਣ ਤੱਕ ਸੀਮਤ ਰਹੇ। ਇਸ ਪ੍ਰਕਾਰ ਇਨ੍ਹਾਂ ਨੂੰ ਵੀ ਬੰਧਨ ਪਏ ਹੋਏ ਹਨ। ਗਿਆਨ ਉਹੋ ਹੀ ਕਰਵਾ ਸਕਦਾ ਹੈ ਜੋ ਆਪ ਮੋਹ ਮਮਤਾ ਤੋਂ ਰਹਿਤ ਬ੍ਰਹਮ ਗਿਆਨੀ ਹੈ ਤੇ ਜੋ ਨਵਾਂ ਪੰਡਿਤ ਜਿਸ ਦੇ ਆਖੇ ਲੱਗ ਕੇ ਤੂੰ ਆਪਣੇ ਪਹਿਲਾਂ ਕਥਾ ਕਰਨ ਵਾਲੇ ਪੰਡਤ ਨੂੰ ਦਰਬਾਰ ਵਿੱਚੋਂ ਬਾਹਰ ਕੱਢਣ ਲੱਗਾ ਸੀ, ਉਹ ਤੈਨੂੰ ਗਿਆਨ ਕਿਥੋਂ ਕਰਵਾ ਦੇਵੇਗਾ। ਉਹ ਤਾਂ ਆਪ ਈਰਖਾ ਦਾ ਭਰਿਆ ਹੋਇਆ ਹੈ। ਇਸ ਵਿਚਾਰੇ ਦਾ ਸਤਿਕਾਰ ਉਸ ਤੋਂ ਸਹਿਣ ਨਹੀਂ ਹੋਇਆ ਤੇ ਤੈਨੂੰ ਇਹ ਪੱਟੀ ਪੜ੍ਹਾ ਦਿੱਤੀ। ਰਾਜੇ ਨੂੰ ਸਮਝ ਆਈ ਤੇ ਮਹਾਂਪੁਰਖਾਂ ਨੂੰ ਨਮਸਕਾਰ ਕਰ ਕੇ ਮੁਆਫ਼ੀ ਮੰਗੀ ਤੇ ਪੰਡਿਤ ਨੂੰ ਪਹਿਲਾਂ ਵਾਲੀ ਪਦਵੀ 'ਤੇ ਕਾਇਮ ਰੱਖਿਆ। ਦੂਜੇ ਪੰਡਿਤ ਨੂੰ ਸਭਾ ਵਿੱਚੋਂ ਬਾਹਰ ਕੱਢ ਦਿੱਤਾ। ਇਸ ਪ੍ਰਕਾਰ ਇਹ ਕੇਵਲ ਕਥਨੀ ਦੇ ਜੋ ਪੰਡਿਤ ਹਨ, ਆਪਸ ਵਿਚ ਵਿਰੋਧ ਕਰਕੇ ਝਗੜਿਆਂ ਵਿਚ ਹੀ ਪਏ ਰਹਿੰਦੇ ਹਨ।

## ਬਿਨੁ ਗੁਰ ਕਰਮ ਨ ਛੁਟਸੀ; ਕਹਿ ਸੁਣਿ ਆਖਿ ਵਖਾਣੁ ॥੭॥

ਸਤਿਗੁਰਾਂ ਤੋਂ ਬਿਨਾਂ ਫੋਕਟ ਕਰਮਾਂ ਵਿਚ ਫਸਿਆ ਜੀਵ ਛੁੱਟ ਨਹੀਂ ਸਕਦਾ। ਵੱਡੇ-ਵੱਡੇ ਵਿਦਵਾਨ ਵੀ ਸੰਸਾਰ ਵਿਚ ਕਰਮ-ਕਾਂਡਾਂ ਵਿਚ ਫਸੇ ਵੇਖੀਦੇ ਹਨ। ਕੋਈ ਇਕਾਦਸ਼ੀਆਂ ਦੇ ਵਰਤ ਰੱਖਦਾ ਹੈ। ਕੋਈ ਕੁਝ ਕਰਦਾ ਹੈ। ਉਪਾਸਨਾ ਘੱਟ ਕਰਦੇ ਹਨ, ਕਰਮ-ਕਾਂਡ ਜ਼ਿਆਦਾ ਕਰਦੇ ਹਨ। ਨਿਤ-ਨਮਿਤ ਪ੍ਰਾਸਚਿਤ ਕਰਮਾਂ ਵਿਚ ਹੀ ਫਸੇ ਰਹਿੰਦੇ ਹਨ **ਅਥਵਾ** ਸਤਿਗੁਰਾਂ ਤੋਂ ਬਿਨਾਂ ਸੰਚਿਤ ਕਰਮਾਂ ਦੇ ਜਾਲ ਵਿੱਚੋਂ ਕੋਈ ਵੀ ਜੀਵ ਛੁੱਟ ਨਹੀਂ ਸਕਦਾ। ਭਾਵੇਂ ਕਹਿੰਦੇ ਤਾਂ ਬਹੁਤ ਹਨ ਪਰ ਸੇਵਕਾਂ ਤੋਂ ਆਪਣੀ ਉਸਤਤ ਸੁਣੀ ਜਾਂਦੇ ਹਨ ਤੇ ਵੱਡੇ-ਵੱਡੇ ਵਖਾਣੁ = ਪ੍ਰਸੰਗਾਂ ਨੂੰ ਆਖਦੇ ਹਨ ਪਰ ਗੁਰੂ ਦੀ ਕਿਰਪਾ ਤੋਂ ਬਿਨਾਂ ਮੁਕਤ ਨਹੀਂ ਹੋ ਸਕਦੇ, ਭਟਕਦੇ ਰਹਿੰਦੇ ਹਨ ॥੭॥ ਫਿਰ ਗੁਰਸਿੱਖਾਂ ਨੇ ਕਿਹਾ ਕਿ ਮਹਾਰਾਜ! ਮੁਕਤ ਕਿਵੇਂ ਹੋਈਏ ? ਤਾਂ ਗੁਰੂ ਜੀ ਕਹਿਣ ਲੱਗੇ ਕਿ ਇਸ ਤਰ੍ਹਾਂ ਪਰਮੇਸ਼ਰ ਅੱਗੇ ਬੇਨਤੀ ਕਰੋ :

## ਸਭਿ ਗੁਣਵੰਤੀ ਆਖੀਅਹਿ; ਮੈ ਗੁਣੁ ਨਾਹੀ ਕੋਇ ॥

ਹੇ ਪਤੀ ਪਰਮਾਤਮਾ! ਸਾਰੀਆਂ ਜਗਿਆਸੂ ਰੂਪ ਇਸਤ੍ਰੀਆਂ ਗੁਣਵੰਤੀ = ਗੁਣਾਂ ਵਾਲੀਆਂ ਆਖੀਅਹਿ = ਕਹੀਦੀਆਂ ਹਨ ਪਰ ਮੇਰੇ ਵਿਚ ਤਾਂ ਕੋਇ = ਕੋਈ ਵੀ ਸ਼ੁਭ ਗੁਣ ਨਹੀਂ ਹੈ।

## ਹਰਿ ਵਰੁ ਨਾਰਿ ਸੁਹਾਵਣੀ; ਮੈ ਭਾਵੈ ਪ੍ਰਭੁ ਸੋਇ ॥

ਇਸ ਕਰਕੇ ਜੋ ਵਰੁ = ਪਤੀ ਹਰਿ = ਪਰਮੇਸ਼ਰ ਦੀਆਂ ਮਹਾਤਮਾ ਰੂਪ ਨਾਰਿ = ਇਸਤਰੀਆਂ ਲੋਕ ਪ੍ਰਲੋਕ ਵਿਚ ਸੁਹਾਵਣੀ = ਸ਼ੋਭਾ ਵਾਲੀਆਂ ਹਨ, ਇਸੇ ਤਰ੍ਹਾਂ ਮੇਰੇ ਮਨ ਵਿਚ ਵੀ ਇਹ ਚਾਹਤ ਹੈ ਕਿ ਮੈਂ ਵੀ ਸੋਇ = ਉਸ ਪ੍ਰਭੂ ਨੂੰ ਭਾ ਜਾਵਾਂ **ਅਥਵਾ** ਮੈਨੂੰ ਵੀ ਉਹ ਪ੍ਰਭੂ ਭਾਵੈ = ਭਾਉਂਦਾ ਹੈ, ਚੰਗਾ ਲੱਗਦਾ ਹੈ, ਪਰ ਪ੍ਰਾਪਤ ਕਿਵੇਂ ਹੋਵੇ ? ਤਾਂ ਦੱਸਦੇ ਹਨ :

## ਨਾਨਕ ਸਬਦਿ ਮਿਲਾਵੜਾ; ਨਾ ਵੇਛੋੜਾ ਹੋਇ ॥੮॥੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸ਼ਬਦ ਦੀ ਕਮਾਈ ਕਰ ਕੇ ਉਸ ਪ੍ਰਭੂ ਦਾ ਮਿਲਾਵੜਾ = ਮਿਲਾਪ ਹੁੰਦਾ ਹੈ। ਪਤੀ ਪਰਮਾਤਮਾ ਨਾਲ ਮਿਲਾਪ ਅਜਿਹਾ ਹੁੰਦਾ ਹੈ ਕਿ ਫਿਰ ਕਦੇ ਵੀ ਵੇਛੋੜਾ = ਵਿਜੋਗ ਨਹੀਂ ਹੁੰਦਾ ਭਾਵ ਫਿਰ ਇਹ ਜੀਵ ਕਦੇ ਜੂਨਾਂ ਵਿਚ ਨਹੀਂ ਪੈਂਦਾ। ਸਦਾ ਵਾਹਿਗੁਰੂ ਦੇ ਸਰੂਪ ਵਿਚ ਲੀਨ ਰਹਿੰਦਾ ਹੈ ॥੮॥੫॥

## ਸਿਰੀਰਾਗੁ ਮਹਲਾ ੧ ॥
## ਜਪੁ ਤਪੁ ਸੰਜਮੁ ਸਾਧੀਐ; ਤੀਰਥਿ ਕੀਚੈ ਵਾਸੁ ॥

ਹੇ ਭਾਈ! ਇਹ ਜੀਵ ਕਿਤਨੇ ਮਰਜ਼ੀ ਜਪ ਤਪ ਤੇ ਸੰਜਮ ਆਦਿ ਸਾਧਨਾਂ ਨੂੰ ਸਾਧੀਐ = ਸਾਧ ਲਵੇ। ਜਪੁ = ਕਿਸੇ ਦੇਵੀ ਦੇਵਤੇ ਦੇ ਮੰਤਰ ਦਾ ਜਾਪ ਕਰਨਾ, ਬੈਖਰੀ ਬਾਣੀ ਨਾਲ ਜਾਂ ਮੱਧਮਾ ਬਾਣੀ ਨਾਲ ਜਾਂ ਪਸੰਤੀ ਬਾਣੀ ਨਾਲ ਜਾਂ ਪਰਾ ਬਾਣੀ ਨਾਲ ਉਚਾਰਨ ਕਰਨਾ, ਇਹ ਚਾਰ ਪ੍ਰਕਾਰ ਦੇ ਜਪ ਨੂੰ ਸਾਧ ਲਵੇ। ਕਿਸੇ ਦੇ ਮਾਰਨ ਵਾਸਤੇ, ਕਿਸੇ ਦਾ ਨੁਕਸਾਨ ਕਰਨ ਲਈ ਜਾਪ ਕਰਨਾ ਇਹ ਤਾਮਸੀ ਜਪ ਹੈ। ਇੰਦਰਿਆਂ ਨੂੰ ਨਿਰੋਧ ਕਰਕੇ ਜਾਪ ਕਰਨਾ ਭਾਵ ਨੇਤ੍ਰ ਬੰਦ ਕਰ ਕੇ ਸ਼ੋਰ ਸ਼ਰਾਬੇ ਤੋਂ ਦੂਰ ਹੋ ਕੇ ਜਾਪ ਕਰਨਾ ਇਹ ਰਾਜਸੀ ਜਪ ਹੈ। ਜੋ ਮਨ ਨੂੰ ਇਕਾਗਰ ਕਰਨ ਲਈ ਜਪ ਕਰਨਾ ਇਹ ਸਾਤਕੀ ਜਪ ਹੈ, ਜੋ ਚਿਤ ਨੂੰ ਸ਼ਾਂਤ ਕਰਨ ਵਾਲਾ ਹੈ। ਤਪ ਵੀ ਰਾਜਸੀ, ਤਾਮਸੀ, ਸਾਂਤਕੀ ਤਿੰਨ ਪ੍ਰਕਾਰ ਦਾ ਹੁੰਦਾ ਹੈ। ਜੋ ਗਰਮੀ ਦੀ ਰੁੱਤ ਵਿਚ ਧੂਣੀਆਂ ਤਾਪਣੀਆਂ, ਸਰਦੀ ਰੁੱਤੇ ਜਲਧਾਰੇ ਕਰਨੇ, ਵਰਖਾ ਸਰੀਰ 'ਤੇ ਸਹਿਣੀ, ਵਰਤ ਰੱਖਣੇ, ਸਰੀਰ ਨੂੰ ਹੋਰ ਕਸ਼ਟ ਦੇਣੇ ਇਹ ਤਾਮਸੀ ਤਪ ਹੈ। ਇੰਦ੍ਰੀਆਂ ਦਾ ਦਮਨ ਕਰਨਾ ਇਹ ਰਾਜਸੀ ਤਪ ਹੈ। ਚਿਤ ਨੂੰ ਇਕਾਗਰ ਕਰਕੇ ਕਥਾ ਕਰਨੀ, ਕੀਰਤਨ ਸੁਣਨਾ ਇਹ ਸਾਂਤਕੀ ਤਪ ਹੈ। ਸੰਜਮੁ = ਇੰਦ੍ਰੀਆਂ ਦਾ ਦਮਨ ਕਰਨਾ, ਸੰ = ਭਲੀ ਪ੍ਰਕਾਰ, ਜਮ = ਨੇਮ ਆਦਿ ਨੂੰ ਗ੍ਰਹਿਣ ਕਰਨਾ, ਸੰਜਮੀ ਹੋਣਾ। ਬੋਲਣ ਵੇਲੇ ਮੋਨ ਧਾਰ ਲੈਣਾ, ਹਰੇਕ ਸਾਧਨ ਸੰਜਮ ਦੇ ਸਹਿਤ ਕਰਨਾ। ਇਸ ਪ੍ਰਕਾਰ ਤਾਮਸੀ ਬਿਰਤੀ ਦੁਆਰਾ ਜਪ ਤਪ ਸੰਜਮ ਆਦਿ ਸਾਧਨਾਂ ਨੂੰ ਸਾਧ ਲਈਏ ਅਤੇ ਘਰ ਬਾਰ ਛੱਡ ਕੇ ਤੀਰਥਾਂ ਉੱਤੇ ਜਾ ਕੇ ਨਿਵਾਸ ਕਰ ਲਈਏ। ਉਥੇ ਟਿਕ ਜਾਈਏ। (ਜਿਥੇ ਕਿਸੇ ਮਹਾਤਮਾ, ਦੇਵਤੇ ਨੇ ਤਪ ਕੀਤਾ ਹੋਵੇ, ਉਸ ਪਵਿੱਤਰ ਸਥਾਨ ਦਾ ਨਾਮ ਤੀਰਥ ਰੱਖਿਆ ਗਿਆ ਹੈ।)

## ਪੁੰਨ ਦਾਨ ਚੰਗਿਆਈਆ; ਬਿਨੁ ਸਾਚੇ ਕਿਆ ਤਾਸੁ ॥

ਪੁੰਨ = ਕਿਸੇ ਪੁਰਬ ਨੂੰ ਮੁਖ ਰੱਖ ਕੇ ਦਾਨ ਕਰਨਾ ਜਿਵੇਂ ਸੂਰਜ ਗ੍ਰਹਿਣ ਨੂੰ ਲੱਗੇ ਤੋਂ ਬ੍ਰਾਹਮਣ ਆਦਿਕ ਦਾਨ ਕਰਦੇ ਹਨ। ਦਾਨ = ਹਮੇਸ਼ਾ ਸੁਤੇ-ਸਿੱਧ ਦਾਨ ਕਰਨਾ, ਚੰਗਿਆਈਆ = ਚੰਗੇ ਕਰਮ ਕਰਨੇ, ਭਲਾਈ ਵਾਲੇ ਕਰਨੇ, ਇਸ ਤਰ੍ਹਾਂ ਦੇ ਕਰਮ ਕਰ ਲਵੇ। ਪਰ ਸੱਚੇ ਪਰਮਾਤਮਾ ਦੇ ਨਾਮ ਜਪਣ ਤੋਂ ਬਿਨਾਂ ਤਾਸੁ = ਤਿਸ ਪੁਰਸ਼ ਨੂੰ ਕੀ ਪ੍ਰਾਪਤ ਹੋ ਸਕਦਾ ਹੈ ਭਾਵ ਕੁਝ ਵੀ ਨਹੀਂ ਪ੍ਰਾਪਤ ਹੋ ਸਕਦਾ, ਕਿਉਂਕਿ ਸਕਾਮ ਕਰਮਾਂ ਦੇ ਕਰਨੇ ਕਰਕੇ ਆਵਾਗਵਣ ਬਣਿਆ ਰਹਿੰਦਾ ਹੈ। ਜੇ ਪੁੰਨਾਂ ਕਰਕੇ ਸਵਰਗ ਦੀ ਪ੍ਰਾਪਤੀ ਹੋ ਗਈ ਤਾਂ ਪੁੰਨ ਨਾਸ ਹੋਣ ਤੋਂ ਇਸ ਤਰ੍ਹਾਂ ਥੱਲੇ ਸੁੱਟਿਆ ਜਾਂਦਾ ਹੈ ਜਿਵੇਂ ਵੱਟਾ ਪਹਾੜ ਤੋਂ ਥੱਲੇ ਗਿਰਾ ਦੇਈਏ। ਜੈਸਾ ਕਿ :

**ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥** *(ਧਨਾਸਰੀ ਕਬੀਰ ਜੀ, ਅੰਗ ੬੯੨)*

ਇਸ ਤਰ੍ਹਾਂ ਮੁੜ ਸੰਸਾਰ ਵਿਚ ਆਉਣਾ ਪਵੇਗਾ **ਅਥਵਾ** ਸੱਚੇ ਨਾਮ ਤੋਂ ਬਿਨਾਂ ਤਾਸੁ = ਤ੍ਰਿਸ਼ਨਾ ਵਿਚ ਲੱਗੇ ਨੂੰ ਕੀ ਪ੍ਰਾਪਤ ਹੋਵੇਗਾ **ਵਾ:** ਬਿਨਾਂ ਸੱਚੇ ਸਤਿਗੁਰਾਂ ਤੋਂ ਤਿਸ ਨੂੰ ਕੀ ਪ੍ਰਾਪਤ ਹੋਵੇਗਾ ਭਾਵ ਸਤਿਗੁਰਾਂ ਤੋਂ ਬਿਨਾਂ ਅਨੇਕਾਂ ਕਰਮ ਕਰਨ ਵਾਲਾ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ।

## ਜੇਹਾ ਰਾਧੇ ਤੇਹਾ ਲੁਣੈ; ਬਿਨੁ ਗੁਣ ਜਨਮੁ ਵਿਣਾਸੁ ॥੧॥

ਜਿਹੋ ਜਿਹਾ ਰਾਧੇ = ਕਿਸੇ ਦੇਵੀ ਦੇਵਤੇ ਦੀ ਉਪਾਸਨਾ ਕਰੇਗਾ ਭਾਵ ਰਾਧੇ = ਬੀਜੇਗਾ, ਉਹੋ ਜਿਹਾ ਹੀ ਲੁਣੈ = ਵੱਢੇਗਾ। ਉਸ ਦਾ ਸ਼ੁਭ ਗੁਣਾਂ ਤੋਂ ਬਿਨੁ = ਬਗ਼ੈਰ ਮਨੁੱਖਾ ਜਨਮ ਬੇਅਰਥ ਹੀ ਵਿਣਾਸੁ = ਨਾਸ਼ ਹੋ ਰਿਹਾ ਹੈ।

**ਸਾਖੀ—ਭਗਤ ਪੀਪਾ ਜੀ ਦੀ :** ਜਿਸ ਤਰ੍ਹਾਂ ਵੈਸ਼ਨਵ ਭਗਤ ਪੀਪਾ ਜੀ ਜੋ ਰਾਜੇ ਸਨ, ਉਹ ਦੇਵੀ ਦੀ ਉਪਾਸਨਾ ਕਰਿਆ ਕਰਦੇ ਸਨ। ਇਕ ਦਿਨ ਸੰਤਾਂ ਦੀ ਸੰਗਤ ਪ੍ਰਾਪਤ ਹੋਈ। ਮਹਾਤਮਾ ਕਹਿਣ ਲੱਗੇ ਕਿ ਦੇਵੀ ਤਾਂ ਸੰਸਾਰੀ ਪਦਾਰਥ ਦੇ ਸਕਦੀ ਹੈ ਪਰ ਮੁਕਤੀ ਨਹੀਂ। ਪੀਪਾ ਜੀ ਕਹਿਣ ਲੱਗੇ ਕਿ ਮੈਂ ਦੇਵੀ ਤੋਂ ਮੁਕਤੀ ਲਵਾਂਗਾ। ਤੁਸੀਂ ਝੂਠ ਬੋਲਦੇ ਹੋ। ਇਸ ਪ੍ਰਕਾਰ ਮਹਾਂਪੁਰਸ਼ਾਂ ਦੀ ਨਿਰਾਦਰੀ ਕੀਤੀ। ਪਰ ਸੰਤਾਂ ਦੀ ਨਿਰਾਦਰੀ ਕੀ ਹੋਣੀ ਸੀ, ਉਹ ਚੁੱਪ ਕਰ ਰਹੇ। ਪੀਪਾ ਜੀ ਜਾ ਕੇ ਦੇਵੀ ਦੇ ਮੰਦਰ ਵਿਚ ਬੈਠ ਕੇ ਅਰਾਧਨਾ ਕਰਨ ਲੱਗੇ। ਸਾਰੀ ਰਾਤ ਅਰਾਧਦੇ ਰਹੇ। ਰਾਤ ਨੂੰ ਦੇਵੀ ਪ੍ਰਤੱਖ ਹੋ ਕੇ ਕਹਿਣ ਲੱਗੀ ਕਿ ਐ ਪੀਪਾ ਜੀ ! ਵਰ ਮੰਗ ਲਵੋ ਜੋ ਮੰਗਣਾ ਹੈ। ਪੀਪਾ ਜੀ ਕਹਿਣ ਲੱਗੇ ਕਿ ਬਾਕੀ ਤਾਂ ਸਭ ਕੁਝ ਮੇਰੇ ਕੋਲ ਹੈ, ਇਕ ਮੁਕਤੀ ਚਾਹੀਦੀ ਹੈ। ਦੇਵੀ ਕਹਿਣ ਲੱਗੀ ਕਿ ਮੁਕਤੀ ਮੈਂ ਨਹੀਂ ਦੇ ਸਕਦੀ, ਤੁਸੀਂ ਹੋਰ ਰਾਜ ਭਾਗ ਲੈ ਲਵੋ, ਧਨ ਪਦਾਰਥ ਜੋ ਕੁਝ ਮਰਜ਼ੀ ਮੰਗ ਲਵੋ ਪਰ ਮੁਕਤੀ ਮੇਰੇ ਵਸ ਨਹੀਂ। ਫਿਰ ਪੀਪਾ ਜੀ ਦੇਵੀ ਉਪਾਸਨਾ ਛੱਡ ਕੇ ਮਹਾਤਮਾ ਕੋਲ ਗਏ। ਭੁੱਲ ਦੀ ਮੁਆਫ਼ੀ ਮੰਗੀ ਤੇ ਇਕ ਨਿਰੰਕਾਰ ਦੀ ਬੰਦਗੀ ਕਰਨ ਲੱਗੇ। ਇਸ ਪ੍ਰਥਾਇ ਭਗਤ ਨਾਮਦੇਵ ਜੀ ਕਹਿੰਦੇ ਹਨ :

**ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥** *(ਗੋਂਡ ਨਾਮਦੇਵ ਜੀ, ਅੰਗ ੮੭੪)*

ਕਿ ਤੂੰ ਤਾਂ ਆਦਿ ਸ਼ਕਤੀ ਕਹਾਉਂਦੀ ਸੀ। ਹੁਣ ਮੁਕਤੀ ਦੇਣ ਵੇਲੇ ਕਿਧਰ ਲੁਕ ਗਈ ਹੈਂ। ਇਸੇ ਪ੍ਰਕਾਰ :

**ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥** *(ਗੋਂਡ ਨਾਮਦੇਵ ਜੀ, ਅੰਗ ੮੭੪)*

ਜੋ ਇਨਸਾਨ ਪੁਰਸ਼ ਹੁੰਦਾ ਹੋਇਆ ਦੇਵੀ ਦੀ ਪੂਜਾ ਕਰੇਗਾ, ਉਸ ਨੂੰ ਦੂਜੇ ਜਨਮ ਵਿਚ ਜ਼ਰੂਰ ਹੀ ਇਸਤਰੀ ਦਾ ਜਾਮਾ ਮਿਲੇਗਾ। ਜੋ ਇਸਤਰੀ ਦੇਵੀ ਦੀ ਪੂਜਾ ਕਰੇਗੀ। ਜੈਸਾ ਕਿ :

**ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ ॥** *(ਸਲੋਕ ਕਬੀਰ ਜੀ, ਅੰਗ ੧੩੭੦)*

ਉਸ ਨੂੰ ਅਗਲਾ ਜਨਮ ਗਦਹੀ = ਖੋਤੀ ਦਾ ਪ੍ਰਾਪਤ ਹੋਵੇਗਾ। ਇਸ ਕਰਕੇ ਵਾਹਿਗੁਰੂ ਦਾ ਸਿਮਰਨ ਛੱਡ ਕੇ ਜੋ ਜਿਹੋ ਜਿਹੇ ਕਰਮਾਂ ਦਾ ਬੀਜ ਬੀਜਦੇ ਹਨ, ਉਨ੍ਹਾਂ ਨੂੰ ਉਸੇ ਤਰ੍ਹਾਂ ਦਾ ਫਲ ਵੱਢਣਾ ਪੈਂਦਾ ਹੈ। ਉਨ੍ਹਾਂ ਦਾ ਇਹ ਅਮੋਲਕ ਮਨੁੱਖਾ ਜਨਮ ਸਤਿ, ਸੰਤੋਖ, ਦਇਆ, ਧਰਮ, ਸ਼ਰਧਾ ਆਦਿ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਗੁਣਾਂ ਤੋਂ ਬਿਨਾਂ ਨਾਸ ਹੋ ਰਿਹਾ ਹੈ। ਇਸ ਮਨੁੱਖਾ ਜਨਮ ਦਾ ਉਨ੍ਹਾਂ ਨੂੰ ਕੋਈ ਲਾਭ ਨਹੀਂ; ਜੈਸਾ ਕਿ :

**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥** *(ਅੰਗ ੧੫੬)*

## ਮੁੰਧੇ; ਗੁਣ ਦਾਸੀ ਸੁਖੁ ਹੋਇ ॥

ਮੁੰਧੇ = ਮੁਗਧ ਅਗਿਆਤ ਜੋਬਨ ਵਾਲੀ ਇਸਤ੍ਰੀ ਦਾ ਨਾਮ ਹੈ ਜਿਸ ਨੂੰ ਗੋਬਿੰਦ ਦੀ ਗਿਆਤ ਨਾ ਹੋਵੇ। ਹੇ ਜਗਿਆਸੂ ਰੂਪ ਮੁੰਧੇ = ਇਸਤ੍ਰੀਏ ! ਤੈਨੂੰ ਸ਼ੌਕ ਰੂਪ ਜੋਬਨ ਅਵਸਥਾ ਤਾਂ ਪ੍ਰਾਪਤ ਹੈ ਪਰ ਇਹ ਸਮਝ ਨਹੀਂ ਕਿ ਇਸ ਅਵਸਥਾ ਦੁਆਰਾ ਪਤੀ ਪਰਮੇਸ਼ਰ ਦੇ ਮਿਲਾਪ ਦਾ ਅਨੰਦ, ਪਤੀ ਪਰਮੇਸ਼ਰ ਦੀ ਸਾਖਿਆਤਤਾ, ਸਰੂਪ ਦੀ ਪ੍ਰਾਪਤੀ ਦਾ ਅਨੰਦ ਕਿਵੇਂ ਪ੍ਰਾਪਤ ਕਰਨਾ ਹੈ। ਇਹ ਤਾਂ ਹੀ ਹੋਵੇਗਾ ਜੇ ਤੂੰ

ਸ਼ਰਧਾ ਆਦਿ ਸ਼ੁਭ ਗੁਣਾਂ ਵਾਲੇ ਮਹਾਂਪੁਰਸ਼ਾਂ ਦੀ ਦਾਸੀ ਹੋਵੇਂਗੀ। ਫਿਰ ਤੈਨੂੰ ਸੁੱਖ ਸਰੂਪ ਪਤੀ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇਗੀ। ਕਿਉਂਕਿ :

**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥** *(ਸੋਰਠਿ ਰਵਿਦਾਸ ਜੀ, ਅੰਗ ੬੫੮)*

ਪ੍ਰਭੂ ਪਰਮਾਤਮਾ ਭਾਵਨਾ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ। ਇਸ ਪ੍ਰਕਾਰ ਜਿਨ੍ਹਾਂ ਦੇ ਅੰਦਰ ਸ਼ਰਧਾ ਹੈ, ਉਨ੍ਹਾਂ ਦੀ ਦਾਸੀ ਹੋਣਾ ਕਰ **ਅਥਵਾ** ਹੇ ਜਗਿਆਸੂ ਰੂਪ ਮੁੰਧੇ = ਇਸਤ੍ਰੀਏ ! ਤੂੰ ਦਾਸੀ ਵਰਗੇ ਗੁਣਾਂ ਵਾਲੀ ਹੋਣਾ ਕਰ। ਦਾਸੀ ਦਾ ਸੁਭਾਅ ਹੁੰਦਾ ਹੈ ਸੇਵਾ ਕਰਨੀ, ਟਹਿਲ ਕਰਨੀ, ਆਪਣੇ ਆਪ ਦਾ ਮਾਣ ਗਵਾ ਕੇ ਰੱਖਣਾ। ਇਸ ਤਰ੍ਹਾਂ ਦਾਸੀ ਵਾਲਾ ਸੁਭਾਅ ਧਾਰਨ ਕਰਕੇ, ਹੰਕਾਰ ਤੋਂ ਰਹਿਤ ਹੋ ਕੇ ਸੇਵਾ, ਭਗਤੀ ਵਿਚ ਜੁੜਨਾ ਕਰ ਤਾਂ ਤੈਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਸੁੱਖ ਪ੍ਰਾਪਤ ਹੋ ਜਾਵੇਗਾ। ਜੋ ਪਟਰਾਣੀ ਬਣ ਕੇ ਵੀ ਆਪਣੇ ਪਤੀ ਦੀ ਦਾਸੀ ਵਾਂਗ ਸੇਵਾ ਕਰੇ, ਉਹ ਸਦਾ ਪਤੀ ਦੀ ਪਿਆਰੀ ਤੇ ਸੁਖੀ ਰਹਿੰਦੀ ਹੈ। ਇਸੇ ਤਰ੍ਹਾਂ ਤੱਤ ਬੇਤਾ ਹੋ ਕੇ ਫੇਰ ਭਾਉ ਭਗਤੀ ਕਰਨੀ ਇਹ ਦਾਸੀ ਵਾਲਾ ਸੁਭਾਅ ਹੈ। ਜੀਵਨ ਮੁਕਤੀ ਤਾਂ ਹੀ ਪ੍ਰਾਪਤ ਹੋਵੇਗੀ ਜੇ ਇਹੋ ਜਿਹਾ ਸੁਭਾਅ ਬਣਾਵੇਂਗੀ। ਜੇ ਗਿਆਨ ਦਾ ਹੰਕਾਰ ਕਰਦੀ ਰਹੀ ਤਾਂ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ।

## ਅਵਗਣ ਤਿਆਗਿ ਸਮਾਈਐ; ਗੁਰਮਤਿ ਪੂਰਾ ਸੋਇ ॥੧॥ਰਹਾਉ॥

ਜੋ ਜਗਿਆਸੂ ਰੂਪ ਇਸਤਰੀ ਸਤਿਗੁਰਾਂ ਦੀ ਮਤਿ = ਸਿੱਖਿਆ ਅਨੁਸਾਰ ਆਪਣਾ ਜੀਵਨ ਢਾਲਦੀ ਹੈ, ਸੋਇ = ਉਹ ਹੀ ਔਗੁਣਾਂ ਨੂੰ ਤਿਆਗ ਕੇ ਪੂਰੇ ਪਰਮੇਸ਼ਰ ਦਾ ਮਿਲਾਪ ਪਾਉਂਦੀ ਹੈ **ਵਾ:** ਉਸ ਨੂੰ ਪਰਮੇਸ਼ਰ ਦਾ ਪੂਰਨ ਗਿਆਨ (ਤਤ ਪਦ ਦੇ ਲੱਖ ਅਰਥ ਦਾ) ਪ੍ਰਾਪਤ ਹੁੰਦਾ ਹੈ॥੧॥ਰਹਾਉ॥

## ਵਿਣੁ ਰਾਸੀ ਵਾਪਾਰੀਆ; ਤਕੇ ਕੁੰਡਾ ਚਾਰਿ ॥

(**ਤੱਕੇ** ਅੱਧਕ ਸਹਿਤ ਬੋਲੋ)

ਜਿਸ ਕੋਲ ਪੂੰਜੀ ਨਾ ਹੋਵੇ, ਉਹ ਵਾਪਾਰੀਆ = ਵਪਾਰ ਕਰਨ ਲਈ ਚਾਰੇ ਕੁੰਡਾ ਤਕੇ = ਦੇਖ ਲਵੇ ਪਰ ਕਿਤੋਂ ਵੀ ਲਾਭ ਪ੍ਰਾਪਤ ਨਹੀਂ ਕਰ ਸਕਦਾ **ਵਾ:** ਬਿਨਾਂ ਪੂੰਜੀ ਤੋਂ ਚਾਰੇ ਕੁੰਡਾਂ ਦੇਖ ਤਾਂ ਸਕਦਾ ਹੈ ਪਰ ਸੌਦਾ ਨਹੀਂ ਖ਼ਰੀਦ ਸਕਦਾ। ਇਸੇ ਤਰ੍ਹਾਂ ਜਿਸ ਜੀਵ ਰੂਪ ਵਪਾਰੀ ਕੋਲ ਸ਼ਰਧਾ ਰੂਪੀ ਪੂੰਜੀ ਨਹੀਂ ਹੈ, ਉਹ ਭਾਵੇਂ ਉੱਤਰ-ਦੱਖਣ, ਪੂਰਬ-ਪੱਛਮ ਚਾਰੇ ਦਿਸ਼ਾਵਾਂ ਵਿਚ ਫਿਰ ਆਵੇ ਪਰ ਕਿਤੋਂ ਵੀ ਨਾਮ ਦੀ **ਵਾ:** ਮੁਕਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਜਿਨ੍ਹਾਂ ਕੋਲ ਸ਼ਰਧਾ ਹੈ, ਉਹ ਤਾਂ ਕਈ ਵਾਰ ਗੁਰਮੁਖ ਮਾਤਾ-ਪਿਤਾ ਤੋਂ ਘਰ ਵਿਚ ਹੀ ਲਾਭ ਪ੍ਰਾਪਤ ਕਰ ਲੈਂਦੇ ਹਨ, ਬਾਹਰ ਜਾਣ ਦੀ ਲੋੜ ਹੀ ਨਹੀਂ ਪੈਂਦੀ। ਸ਼ਰਧਾ ਤੋਂ ਬਿਨਾਂ ਚਾਰੇ ਖਾਣੀਆਂ ਦੀਆਂ ਜੂਨਾਂ ਵਿਚ ਭਰਮ ਆਵੇਗਾ। ਚਾਰ ਕੁੰਡਾ ਭਾਵ ਚਾਰ ਜੁੱਗਾਂ ਵਿਚ ਵਿਚਰ ਆਵੇ **ਵਾ:** ਚਾਰੇ ਕੁੰਟਾਂ ਦੀ ਨਿਆਈਂ ਅੰਤਸ਼ਕਰਨ ਦੀਆਂ ਚਾਰ ਬਿਰਤੀਆਂ ਵਿਚ ਅੰਤਰਮੁਖ ਹੋਣ ਲਈ ਵਿਚਰ ਆਵੇ **ਵਾ:** ਖਤ੍ਰੀ, ਬ੍ਰਾਹਮਣ, ਸ਼ੂਦ੍ਰ, ਵੈਸ਼ **ਵਾ:** ਬ੍ਰਹਮਚਾਰੀ, ਗ੍ਰਿਹਸਥੀ, ਬਾਣ ਪ੍ਰਸਤੀ, ਸੰਨਿਆਸੀ ਆਦਿਕ ਚਾਰੇ ਕੁੰਡਾਂ ਨੂੰ ਤੱਕ ਆਵੇ ਪਰ ਸ਼ਰਧਾ ਰੂਪ ਪੂੰਜੀ ਤੋਂ ਬਿਨਾਂ ਕਿਤੋਂ ਵੀ ਦਾਤ ਪ੍ਰਾਪਤ ਨਹੀਂ ਹੋਵੇਗੀ।

## ਮੂਲੁ ਨ ਬੁਝੈ ਆਪਣਾ; ਵਸਤੁ ਰਹੀ ਘਰ ਬਾਰਿ ॥

ਇਹ ਜੀਵ ਆਪਣੇ ਸਰੀਰ ਦੇ ਮੂਲੁ = ਕਾਰਨ ਨੂੰ ਨਹੀਂ ਸਮਝਦਾ ਕਿ ਇਹ ਸੁੰਦਰ ਸਰੀਰ ਕਿਹੜੀਆਂ ਵਸਤੂਆਂ ਤੋਂ ਬਣਾ ਕੇ ਪਰਮਾਤਮਾ ਨੇ ਸਾਨੂੰ ਦਿੱਤਾ ਹੈ। ਜੈਸਾ ਕਿ :

**ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥** *(ਸਿਰੀਰਾਗੁ ਮ: ੧, ਅੰਗ ੬੩)*

**ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥੩॥** *(ਆਸਾ ਮ: ੫, ਅੰਗ ੩੭੪)*

ਇਸ ਨੇ ਸਰੀਰ ਨੂੰ ਹੀ ਸਭ ਕੁਝ ਮੰਨ ਲਿਆ, ਪਰ ਜੋ ਸਾਰਿਆਂ ਦਾ ਮੂਲ ਬ੍ਰਹਮ ਹੈ, ਉਸ ਨੂੰ ਇਸ ਜੀਵ ਨੇ ਆਪਣਾ ਸਰੂਪ ਕਰਕੇ ਨਹੀਂ ਸਮਝਿਆ ਤੇ ਜੋ ਆਤਮਾ ਅਨੰਦ ਰੂਪ ਜਿਹੜੀ ਵਸਤੂ ਹੈ, ਉਹ ਅੰਤਸ਼ਕਰਨ ਰੂਪ ਘਰ ਦੇ ਵਿਚ ਹੀ ਰਹਿ ਗਈ, ਉਸ ਨੂੰ ਪ੍ਰਾਪਤ ਨਹੀਂ ਕਰ ਸਕਿਆ ਤੇ ਬਾਹਰ ਭਟਕਦਾ ਫਿਰਦਾ ਹੈ **ਵਾ:** ਇਹ ਜੀਵ ਬਾਰਿ = ਇੰਦਰੀਆਂ ਵਿਚ ਹੀ ਫਸਿਆ ਰਿਹਾ। ਮੁਖ ਨਾਲ ਬੋਲਦਾ ਹੈ, ਅੱਖਾਂ ਨਾਲ ਦੇਖਦਾ ਹੈ, ਕੰਨਾਂ ਨਾਲ ਸੁਣਦਾ ਹੈ ਪਰ ਉਹ ਵਸਤੂ ਜੋ ਚੇਤਨ ਬ੍ਰਹਮ ਹੈ, ਉਹ ਇਨ੍ਹਾਂ ਦੇ ਘਰ ਵਿਚ ਹੀ ਰਹਿ ਗਈ **ਅਥਵਾ** ਉਹ ਵਸਤੂ ਸਾਧ ਸੰਗਤ ਰੂਪ ਘਰ ਦੇ ਵਿਚ ਹੀ ਰਹਿ ਗਈ ਤੇ ਜੀਵ ਬਾਰਿ = ਬਾਹਰ ਜੰਗਲਾਂ, ਉਜਾੜਾਂ ਵਿਚ, ਸੰਸਾਰ ਵਿਚ ਤੁਰਿਆ ਫਿਰਦਾ ਹੈ ਪਰ ਪ੍ਰਾਪਤੀ ਨਹੀਂ ਹੋ ਸਕਦੀ **ਅਥਵਾ** ਘਰ = ਸਰੀਰ ਵਿਚ **ਵਾ:** ਅੰਤਸ਼ਕਰਨ ਵਿਚ ਅਤੇ ਬਾਰਿ = ਇੰਦਰਿਆਂ ਵਿਚ ਵੀ ਚੇਤਨ ਸੱਤਾ ਰੂਪ ਵਸਤੂ ਹੈ, ਉਸ ਨੂੰ ਇਹ ਜੀਵ ਰੂਪ ਇਸਤ੍ਰੀ ਪ੍ਰਾਪਤ ਨਹੀਂ ਕਰ ਸਕਦੀ **ਵਾ:** ਬਾਰਿ = ਗਿਆਨ ਦੀ ਪ੍ਰਾਪਤੀ ਤੋਂ ਬਿਨਾਂ ਘਰ = ਸਰੂਪ ਰੂਪ ਵਸਤੂ ਪ੍ਰਾਪਤ ਨਹੀਂ ਹੁੰਦੀ।

## ਵਿਣੁ ਵਖਰ ਦੁਖੁ ਅਗਲਾ; ਕੂੜਿ ਮੁਠੀ ਕੂੜਿਆਰਿ ॥੨॥

ਨਾਮ ਰੂਪ ਲਾਭਦਾਇਕ ਵਖਰ = ਸੌਦੇ ਨੂੰ ਖ਼ਰੀਦਣੇ ਤੋਂ ਵਿਣੁ = ਬਗ਼ੈਰ ਉਸ ਜੀਵ ਰੂਪ ਇਸਤਰੀ ਨੂੰ ਪ੍ਰਲੋਕ ਵਿਚ ਅਗਲਾ = ਬਹੁਤਾ ਦੁਖ ਪ੍ਰਾਪਤ ਹੋਵੇਗਾ, ਜੋ ਕੂੜਿਆਰਿ = ਝੂਠੀ ਜੀਵ ਰੂਪ ਇਸਤਰੀ ਕੂੜਿ = ਝੂਠੇ ਪਦਾਰਥਾਂ **ਵਾ:** ਵਿਕਾਰਾਂ ਵਿਚ ਲੱਗ ਕੇ ਮੁਠੀ = ਲੁੱਟੀ ਗਈ ਹੈ ਅਰਥਾਤ ਜਿਹੜੀ ਆਪਣੇ ਪਤੀ ਨੂੰ ਛੱਡ ਕੇ ਕੂੜਿਆਂ ਪਤੀਆਂ ਵਿਚ ਮੁਠੀ = ਲੁੱਟੀ ਗਈ ਹੈ, ਉਹ ਝੂਠ ਬੋਲਣ ਦੀ ਆਦਤ ਕਰਕੇ ਕੂੜਿਆਰ = ਝੂਠ ਦਾ ਘਰ ਹੀ ਹੋ ਰਹੀ ਹੈ। ਇਸ ਪ੍ਰਕਾਰ ਪਤੀ ਪਰਮਾਤਮਾ ਨੂੰ ਛੱਡ ਕੇ, ਦੇਵੀ ਦੇਵਤਿਆਂ ਦੀ ਝੂਠੀ ਉਪਾਸਨਾ ਕਰਕੇ ਜਿਸ ਦੀ ਬਿਰਤੀ **ਵਾ:** ਸ਼ਰਧਾ ਲੁੱਟੀ ਗਈ ਹੈ, ਉਹ ਜੀਵ ਰੂਪ ਕੂੜਿਆਰਿ = ਝੂਠੀ ਇਸਤ੍ਰੀ ਨਰਕਾਂ ਵਿਚ ਗਮਨ ਕਰੇਗੀ **ਵਾ:** ਮਾਤਾ ਦੇ ਗਰਭ ਰੂਪ ਨਰਕ ਵਿਚ ਪਈ ਰਹੇਗੀ **ਅਥਵਾ** ਜੋ ਕੂੜਿਆਰਿ = ਝੂਠ ਦੀ ਪ੍ਰਾਪਤੀ ਵਾਲੇ ਝੂਠੇ ਪੁਰਸ਼ਾਂ ਦੀ ਸੰਗਤ ਕਰਦੀ ਹੈ, ਉਹ ਝੂਠ ਆਦਿਕਾਂ ਦੀ ਸੰਗਤ ਨੇ ਲੁੱਟ ਲਈ। ਫਿਰ ਉਸ ਨੂੰ ਵੀ ਝੂਠ ਬੋਲਣ ਦੀ ਆਦਤ ਪੈ ਜਾਂਦੀ ਹੈ ਕਿ ਮੇਰਾ ਮਨ ਬੜਾ ਇਕਾਗਰ ਰਹਿੰਦਾ ਹੈ। ਹਰ ਵੇਲੇ ਬਿਰਤੀ ਟਿਕੀ ਰਹਿੰਦੀ ਹੈ॥੨॥

## ਲਾਹਾ ਅਹਿ ਨਿਸਿ ਨਉਤਨਾ; ਪਰਖੇ ਰਤਨੁ ਵੀਚਾਰਿ ॥

ਉਨ੍ਹਾਂ ਨੂੰ ਅਹਿ ਨਿਸਿ = ਦਿਨ ਰਾਤ ਨਉਤਨਾ = ਨਵੀਨ ਲਾਹਾ ਭਾਵ ਨਿੱਤ ਨਵਾਂ ਲਾਭ ਪ੍ਰਾਪਤ ਹੁੰਦਾ ਹੈ, ਜੋ ਸਤਿਗੁਰਾਂ ਦੇ ਸ਼ਬਦ ਨੂੰ ਵੀਚਾਰ ਕੇ ਪਰਖਦੇ ਹਨ ਕਿ ਮੇਰੇ ਹਿਰਦੇ ਵਿਚ ਨਾਮ ਰੂਪ ਰਤਨ ਟਿਕਿਆ ਹੈ ਜਾਂ ਨਹੀਂ **ਅਥਵਾ** ਮਨ ਸ਼ਬਦ ਰੂਪ ਰਤਨ ਵਿਚ ਟਿਕਿਆ ਹੈ ਜਾਂ ਬਾਹਰ ਭਟਕਦਾ ਹੈ। ਐਸੀ ਵੀਚਾਰ ਕਰਦੇ ਹਨ। ਇਸ ਪ੍ਰਕਾਰ ਗੁਰਮੁਖ ਆਪਣਾ ਮਨ ਕਾਬੂ ਵਿਚ ਕਰ ਲੈਂਦੇ ਹਨ। ਜੈਸਾ ਕਿ :

**ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥** *(ਵਾਰ ਸਿਰੀਰਾਗੁ, ਮ: ੩, ਅੰਗ ੮੭)*

ਸ਼ਬਦ ਕਸਵੱਟੀ ਲਾ ਕੇ ਦੇਖੇ ਕਿ ਸਿਮਰਨ ਤੋਂ ਬਿਨਾਂ ਹੋਰ ਕੁਝ ਤਾਂ ਨਹੀਂ ਫੁਰਦਾ, ਐਸੀ ਅਵਸਥਾ ਪ੍ਰਾਪਤ ਹੋਈ ਤੋਂ ਮਨ ਟਿਕਿਆ ਹੋਇਆ ਸਮਝਣਾ ਚਾਹੀਦਾ ਹੈ। ਇਸ ਪ੍ਰਕਾਰ ਰਤਨੁ = ਤਰਤੀਬਰ ਤਰਤਮ ਵੈਰਾਗ ਨੂੰ ਧਾਰਨ ਕਰਕੇ ਵੀਚਾਰ ਬਿਬੇਕ ਦੁਆਰਾ ਸੰਸਾਰ ਦੀ ਪਰਖਣਾ ਕਰੇ ਭਾਵ ਐਸਾ ਜਾਨਣਾ ਕਰੇ। ਜੈਸਾ ਕਿ :

**ਸਾਧੋ ਇਹ ਤਨੁ ਮਿਥਿਆ ਜਾਨਉ ॥ ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥**

*(ਬਸੰਤ ਮ: ੯, ਅੰਗ ੧੧੮੬)*

## ਵਸਤੁ ਲਹੈ ਘਰਿ ਆਪਣੈ; ਚਲੈ ਕਾਰਜੁ ਸਾਰਿ ॥

ਫਿਰ ਉਹ ਆਪਣੇ ਅੰਤਸ਼ਕਰਣ ਰੂਪੀ ਘਰ ਵਿੱਚੋਂ ਆਤਮਾ ਅਨੰਦ ਰੂਪੀ ਵਸਤੂ ਨੂੰ ਲਹੈ = ਪ੍ਰਾਪਤ ਕਰਕੇ ਮੁਕਤੀ ਰੂਪ ਕਾਰਜ ਨੂੰ ਸਾਰਿ = ਸਵਾਰ ਕੇ ਸੱਚਖੰਡ ਨੂੰ ਚਲੈ = ਚਲੇ ਜਾਂਦੇ ਹਨ **ਵਾ:** ਉਹ ਮਹਾਂਪੁਰਖ ਤੱਤ ਬੇਤੇ ਆਪਣਾ ਤਾਂ ਕਾਰਜ ਸਵਾਰਦੇ ਹਨ ਤੇ ਹੋਰ ਜੋ ਅਧਿਕਾਰੀ ਮਹਾਤਮਾ ਦਾ ਬਚਨ ਮੰਨਦੇ ਹਨ, ਉਨ੍ਹਾਂ ਦਾ ਵੀ ਮੁਕਤੀ ਰੂਪ ਕਾਰਜ ਸਵਾਰਦੇ ਹਨ ਜਿਸ ਕਰਕੇ ਉਹ ਵੀ ਸੱਚਖੰਡ ਨੂੰ ਚਲੇ ਜਾਂਦੇ ਹਨ।

## ਵਣਜਾਰਿਆ ਸਿਉ ਵਣਜੁ ਕਰਿ; ਗੁਰਮੁਖਿ ਬ੍ਰਹਮੁ ਬੀਚਾਰਿ ॥੩॥

ਐਸੇ ਗੁਰਮੁਖ ਰੂਪ ਵਣਜਾਰਿਆ = ਵਣਜ ਕਰਨ ਵਾਲਿਆਂ ਸਿਉ = ਨਾਲ ਮਿਲ ਕੇ ਤਨ ਮਨ ਧਨ ਦੇ ਕੇ ਅੰਮ੍ਰਿਤ ਨਾਮ ਦੀ ਪ੍ਰਾਪਤੀ ਰੂਪ ਵਣਜ = ਸੌਦਾ ਖ਼ਰੀਦਣਾ ਕਰੋ ਅਤੇ ਗੁਰਮੁਖਿ = ਮੁਖੀ ਸਤਿਗੁਰਾਂ ਦੀ ਸੰਗਤ ਦੁਆਰਾ ਬ੍ਰਹਮ ਆਤਮਾ ਦੀ ਵੀਚਾਰ ਹਿਰਦੇ ਵਿਚ ਕਰੋ ॥੩॥

## ਸੰਤਾਂ ਸੰਗਤਿ ਪਾਈਐ; ਜੇ ਮੇਲੇ ਮੇਲਣਹਾਰੁ ॥

ਜੇਕਰ ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਪ੍ਰਾਪਤ ਹੋ ਜਾਵੇ ਤਾਂ ਉਥੋਂ ਪਰਮੇਸ਼ਰ ਦਾ ਅੰਮ੍ਰਿਤ ਨਾਮ ਪਾਈਐ = ਪ੍ਰਾਪਤ ਕਰੀਦਾ ਹੈ। ਪਰ ਇਹ ਸੰਗਤ ਤਾਂ ਹੀ ਪ੍ਰਾਪਤ ਹੁੰਦੀ ਹੈ ਜੇ ਪੂਰਬਲੇ ਨਿਸ਼ਕਾਮ ਕਰਮਾਂ ਕਰਕੇ ਮੇਲਣਹਾਰ ਪ੍ਰਭੂ ਸੰਗਤ ਨਾਲ ਮੇਲ ਦੇਵੇ **ਵਾ:** ਜੇਕਰ ਪਰਮਾਤਮਾ ਸਤਿਸੰਗਤ ਦਾ ਮਿਲਾਪ ਕਰਵਾ ਦੇਵੇ ਤਾਂ ਸੰਗਤ ਵਿਚ ਸਤਿਗੁਰੂ ਜੀ ਵਸਦੇ ਹਨ ਜੋ ਕਿ ਪ੍ਰਭੂ ਨਾਲ ਮਿਲਾਉਣ ਵਾਲੇ ਹਨ। ਫਿਰ ਸਤਿਗੁਰਾਂ ਦੀ ਕਿਰਪਾ ਦੁਆਰਾ ਪ੍ਰਭੂ ਨੂੰ ਪਾਈਐ = ਪ੍ਰਾਪਤ ਕਰ ਲਈਦਾ ਹੈ।

## ਮਿਲਿਆ ਹੋਇ ਨ ਵਿਛੁੜੈ; ਜਿਸੁ ਅੰਤਰਿ ਜੋਤਿ ਅਪਾਰ ॥

ਸਤਿਗੁਰਾਂ ਦੀ ਕਿਰਪਾ ਦੁਆਰਾ ਜਿਸ ਨੂੰ ਹਿਰਦੇ ਦੇ ਅੰਦਰ ਪਾਰਾਵਾਰ ਤੋਂ ਰਹਿਤ ਜੋਤੀ ਸਰੂਪ ਪਰਮਾਤਮਾ ਪ੍ਰਗਟ ਹੋ ਆਇਆ ਹੈ, ਉਹ ਜੀਵ ਫਿਰ ਕਦੇ ਵੀ ਪ੍ਰਭੂ ਪਰਮਾਤਮਾ ਨਾਲ ਮਿਲਿਆ ਹੋਇਆ ਵਿਛੁੜਦਾ ਨਹੀਂ ਭਾਵ ਉਸ ਤੋਂ ਵੱਖਰਾ ਨਹੀਂ ਹੁੰਦਾ, ਉਸ ਵਿਚ ਹੀ ਅਭੇਦ ਹੋ ਜਾਂਦਾ ਹੈ। ਉਹ ਪਰਮਾਤਮਾ ਜੋ ਜੋਤ ਸਰੂਪ ਹੈ ਜਿਸ ਦੀ ਰੋਸ਼ਨੀ ਕਰਕੇ ਸੂਰਜ ਪ੍ਰਕਾਸ਼ ਰਿਹਾ ਹੈ, ਤਾਰੇ ਬਿਜਲੀ ਆਦਿ ਪ੍ਰਕਾਸ਼ ਰਹੇ ਹਨ; ਜੈਸਾ ਕਿ :

**ਸਭ ਮਹਿ ਜੋਤਿ ਜੋਤਿ ਹੈ ਸੋਇ ॥** *(ਧਨਾਸਰੀ ਮ: ੧, ਅੰਗ ੧੩)*

ਉਸ ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਪਰਮਾਤਮਾ ਦੀ ਸੱਤਾ ਦੁਆਰਾ ਹੀ ਨੇਤ੍ਰ ਦੇਖ ਰਹੇ ਹਨ, ਕੰਨ ਸੁਣ ਰਹੇ ਹਨ, ਰਸਨਾ ਰਸ ਲੈ ਰਹੀ ਹੈ, ਠੰਢਾ ਤੱਤਾ ਪਰਖ ਰਹੀ ਹੈ, ਹੱਥ ਕੰਮ ਕਰ ਰਹੇ ਹਨ, ਪੈਰ ਤੁਰ ਰਹੇ ਹਨ, ਮਨ ਵੀਚਾਰ ਸਮਝਦਾ ਹੈ, ਬੁੱਧੀ ਪਦਾਰਥਾਂ ਨੂੰ ਨਿਸਚੇ ਕਰਦੀ ਹੈ। ਐਸਾ ਜੋਤੀ ਸਰੂਪ ਪਰਮਾਤਮਾ ਆਪਣੇ ਆਪ ਤੋਂ ਹੀ ਪ੍ਰਕਾਸ਼ਮਾਨ ਹੈ ਜਿਸ ਦੇ ਪ੍ਰਕਾਸ਼ ਕਰਕੇ ਸਾਰੀਆਂ ਚੀਜ਼ਾਂ ਪ੍ਰਕਾਸ਼ ਹੋ ਰਹੀਆਂ ਹਨ। ਐਸੇ ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਜੋਤੀ ਸਰੂਪ ਪਰਮਾਤਮਾ ਨਾਲ ਗੁਰੂ ਦੀ ਕਿਰਪਾ ਦੁਆਰਾ ਮਿਲ ਕੇ ਕਦੇ ਵੀ ਵਿਛੁੜਦਾ ਨਹੀਂ। ਪਰ ਇਹ ਦਾਤ ਉਸ ਨੂੰ ਹੀ ਪ੍ਰਾਪਤ ਹੁੰਦੀ ਹੈ ਜਿਸ ਦੇ ਹਿਰਦੇ ਵਿਚ ਗੁਰੂ ਦੀ ਮੱਤ ਦੁਆਰਾ ਨਾਮ ਵਸ ਜਾਵੇ।

## ਸਚੈ ਆਸਣਿ ਸਚਿ ਰਹੈ; ਸਚੈ ਪ੍ਰੇਮ ਪਿਆਰ ॥੪॥

ਜਿਹੜੇ ਸੱਚੇ ਪ੍ਰੇਮ ਵਾਲੇ ਹਨ, ਉਨ੍ਹਾਂ ਨਾਲ ਵਾਹਿਗੁਰੂ ਪਿਆਰ ਕਰਦਾ ਹੈ। ਉਨ੍ਹਾਂ ਨੂੰ ਅਸਤੀ ਭਾਂਤੀ ਪ੍ਰੇਯ ਰੂਪ ਹੋ ਕੇ ਪਿਆਰਾ ਮਿਲ ਪੈਂਦਾ ਹੈ। ਜੈਸਾ ਕਿ :

**ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥** *(ਜਾਪੁ ਸਾਹਿਬ, ਸ੍ਰੀ ਦਸਮ ਗ੍ਰੰਥ, ਪੰਨਾ ੫)*

ਇਹ ਪ੍ਰਾਪਤ ਹੋ ਜਾਂਦਾ ਹੈ। ਜੋ ਸੱਚੇ ਦੇ ਸ੍ਰਵਣ ਵਿਚ ਤੇ ਸੱਚੇ ਦੇ ਮੰਨਣ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਸੱਚੇ ਪ੍ਰਭੂ ਦਾ ਪ੍ਰੇਮ ਲੱਗ ਜਾਂਦਾ ਹੈ। ਇਸ ਪ੍ਰੇਮ ਕਰਕੇ ਹੀ ਵਾਹਿਗੁਰੂ ਆਪਣੇ ਪਿਆਰਿਆਂ ਨੂੰ ਪਿਆਰ ਕਰਦਾ ਹੈ। ਫਿਰ ਉਹ ਸਚਿ = ਨਿਸਚੇ ਕਰਕੇ ਸਰੂਪ ਰੂਪ **ਵਾ:** ਤੁਰੀਆ ਪਦ ਰੂਪ ਸੱਚੇ ਆਸਣ 'ਤੇ ਇਸਥਿਤ ਹੋ ਕੇ ਰਹਿੰਦੇ ਹਨ ॥੪॥

## ਜਿਨੀ ਆਪੁ ਪਛਾਣਿਆ; ਘਰ ਮਹਿ ਮਹਲੁ ਸੁਥਾਇ ॥

ਜਿਨ੍ਹਾਂ ਨੇ ਆਪਣੇ ਸਰੂਪ ਨੂੰ ਪਛਾਣ ਲਿਆ ਹੈ, ਉਨ੍ਹਾਂ ਦਾ ਸੰਸਾਰ ਵਿਚ ਆਉਣਾ ਧੰਨ ਹੈ। ਸਾਰਿਆਂ ਦੇ ਮਨੁੱਖਾ ਜਨਮ ਰੂਪੀ ਘਰ ਵਿਚ ਤੁਰੀਆ ਪਦ ਰੂਪ ਮਹਲ ਹੈ ਪਰ ਇਹ ਸੁਥਾਇ = ਸ੍ਰੇਸ਼ਟ ਅਸਥਾਨ ਸਾਧ ਸੰਗਤ ਕਰਕੇ ਪ੍ਰਾਪਤ ਹੁੰਦਾ ਹੈ। ਜਿਹੜਾ ਸੰਸਾਰ ਨਾਲ ਨਹੀਂ ਮਿਲਦਾ, ਉਸ ਨੂੰ ਘਰ ਵਿੱਚੋਂ ਮਹਲੁ = ਸਰੂਪ ਪ੍ਰਾਪਤ ਨਹੀਂ ਹੁੰਦਾ।

## ਸਚੇ ਸੇਤੀ ਰਤਿਆ; ਸਚੋ ਪਲੈ ਪਾਇ ॥

ਜਿਨ੍ਹਾਂ ਦਾ ਮਨ ਸੱਚੇ ਅਕਾਲ ਪੁਰਖ ਦੇ ਨਾਮ ਨਾਲ ਰਤਿਆ = ਰੰਗਿਆ ਹੋਇਆ ਹੈ, ਉਹ ਸੱਚੇ ਵਾਹਿਗੁਰੂ ਨੂੰ ਹਿਰਦੇ ਰੂਪ ਪੱਲੇ ਵਿਚ ਪਾ ਲੈਂਦੇ ਹਨ ਭਾਵ ਪ੍ਰਾਪਤ ਕਰ ਲੈਂਦੇ ਹਨ **ਵਾ:** ਸਤਿਗੁਰੂ ਜੀ ਸੱਚੇ ਪਰਮੇਸ਼ਰ ਦਾ ਨਾਮ ਉਨ੍ਹਾਂ ਦੇ ਹਿਰਦੇ ਰੂਪ ਪੱਲੇ ਵਿਚ ਪਾ ਦਿੰਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਵਸ ਜਾਂਦਾ ਹੈ **ਵਾ:** ਉਨ੍ਹਾਂ ਦੇ ਸ਼ਰਧਾ ਰੂਪ ਪੱਲੇ ਖ਼ਾਲੀ ਨਹੀਂ ਰਹਿੰਦੇ। ਇਸ ਪੱਲੇ ਵਿਚ ਪ੍ਰਭੂ ਦਾ ਸੱਚਾ ਨਾਮ ਪੈ ਜਾਂਦਾ ਹੈ।

[ਅੰਗ ੫੭]

## ਤ੍ਰਿਭਵਣਿ ਸੋ ਪ੍ਰਭੁ ਜਾਣੀਐ; ਸਾਚੋ ਸਾਚੈ ਨਾਇ ॥੫॥

ਫਿਰ ਉਹ ਤਿੰਨੇ ਭਵਨਾਂ ਪਾਤਾਲ ਲੋਕ, ਸਵਰਗ ਲੋਕ, ਮਾਤ ਲੋਕ ਵਿਚ **ਵਾ:** ਜਾਗ੍ਰਤ, ਸੁਪਨ, ਸੁਖੋਪਤ ਰੂਪ ਤਿੰਨੇ ਭਵਨਾਂ ਸੋ = ਉਸ ਪ੍ਰਭੂ ਨੂੰ ਵਿਆਪਕ ਜਾਣੀਐ = ਜਾਣ ਲੈਂਦੇ ਹਨ। ਸੱਚਾ ਨਾਮ ਜਪਣ ਵਾਲੇ ਨੂੰ ਸੱਚਾ ਸਰੂਪ ਸਾਖਿਆਤ ਹੋ ਜਾਂਦਾ ਹੈ। ਸੱਚੇ ਨਾਮ ਨੂੰ ਜਪਣ ਵਾਲੇ ਸੱਚੇ ਪ੍ਰਭੂ ਵਿਚ ਅਭੇਦ ਹੋ ਜਾਂਦੇ ਹਨ ॥੫॥

## ਸਾ ਧਨ ਖਰੀ ਸੁਹਾਵਣੀ; ਜਿਨਿ ਪਿਰੁ ਜਾਤਾ ਸੰਗਿ ॥

ਸਾ = ਉਹ ਜੀਵ ਰੂਪ ਧਨ = ਇਸਤ੍ਰੀ ਖਰੀ = ਚੰਗੀ ਅਤਿਅੰਤ ਸੁਹਾਵਣੀ = ਸ਼ੋਭਨੀਕ ਹੈ ਜਿਸ ਨੇ ਪਿਰੁ = ਪਤੀ ਅਕਾਲ ਪੁਰਖ ਨੂੰ ਆਪਣਾ ਸੰਗਿ = ਸਾਥੀ (ਸੰਗੀ) ਜਾਣਿਆ ਹੈ। ਹਰ ਵਕਤ ਆਪਣੇ ਅੰਗ ਸੰਗ ਸਮਝਿਆ ਹੈ।

## ਮਹਲੀ ਮਹਲਿ ਬੁਲਾਈਐ; ਸੋ ਪਿਰੁ ਰਾਵੇ ਰੰਗਿ ॥

ਜਿਸ ਜਗਿਆਸੂ ਰੂਪ ਮਹਲੀ = ਇਸਤ੍ਰੀ ਨੂੰ ਪਤੀ ਪਰਮੇਸ਼ਰ ਮਹਲਿ = ਸਰੂਪ ਵਿਚ ਬੁਲਾ ਲੈਂਦਾ ਹੈ, ਸੋ = ਉਹ ਜਗਿਆਸੂ ਰੂਪ ਸਖੀ ਫਿਰ ਪਿਰੁ = ਪਤੀ ਅਕਾਲ ਪੁਰਖ ਦੇ ਮਿਲਾਪ ਦੇ ਅਨੰਦ ਨੂੰ ਰੰਗਿ = ਪ੍ਰੇਮ ਨਾਲ ਰਾਵੇ = ਮਾਣਦੀ ਹੈ।

## ਸਚਿ ਸੁਹਾਗਣਿ ਸਾ ਭਲੀ; ਪਿਰਿ ਮੋਹੀ ਗੁਣ ਸੰਗਿ ॥੬॥

ਜਿਹੜੀ ਜਗਿਆਸੂ ਰੂਪ ਇਸਤ੍ਰੀ ਸੱਚੇ ਸਰੂਪ ਦੀ ਪ੍ਰਾਪਤੀ ਕਰਕੇ ਸੁਹਾਗਣਿ = ਅਨੰਦ ਵਾਲੀ ਹੋ ਗਈ, ਉਹ ਮਹਾਤਮਾ ਰੂਪ ਸਖੀ ਭਲੀ = ਚੰਗੀ ਹੈ। ਉਸ ਦੇ ਚਿਤ ਦੀ ਬਿਰਤੀ ਅਕਾਲ ਪੁਰਖ ਵਾਹਿਗੁਰੂ

ਦੇ ਗੁਣਾਂ ਸੰਗਿ = ਨਾਲ ਮੋਹੀ = ਮੋਹਿਤ ਹੋ ਗਈ ਹੈ, ਕਿਉਂਕਿ ਪਤੀ ਪਰਮੇਸ਼ਰ ਸ਼ੁਭ ਗੁਣਾਂ ਦਾ ਖ਼ਜ਼ਾਨਾ ਉਸ ਨੂੰ ਪ੍ਰਾਪਤ ਹੋ ਗਿਆ ਹੈ ॥੬॥

## ਭੂਲੀ ਭੂਲੀ ਥਲਿ ਚੜਾ; ਥਲਿ ਚੜਿ ਡੂਗਰਿ ਜਾਉ ॥

ਜਿਹੜੇ ਜੀਵ ਸਤਿਗੁਰਾਂ ਦੀ ਸਿੱਖਿਆ ਧਾਰਨ ਨਹੀਂ ਕਰਦੇ ਤੇ ਅਗਿਆਨ ਵਿਚ ਜਿਨ੍ਹਾਂ ਦੀ ਬਿਰਤੀ ਭੁੱਲੀ ਹੋਈ ਹੈ, ਉਸ ਭੁੱਲੀ ਹੋਈ ਬਿਰਤੀ ਕਰਕੇ ਮਾਰੂਥਲ ਦੇ ਟਿੱਬਿਆਂ 'ਤੇ ਬਾਨਪ੍ਰਸਤੀ ਹੋ ਕੇ ਜਾ ਚੜ੍ਹਦੇ ਹਨ। ਕਈ ਮਾਰੂਥਲਾਂ ਤੋਂ ਅੱਗੇ ਫਿਰ ਡੂਗਰਿ = ਪਹਾੜਾਂ 'ਤੇ ਜਾ ਚੜ੍ਹਦੇ ਹਨ।

## ਬਨ ਮਹਿ ਭੂਲੀ ਜੇ ਫਿਰਾ; ਬਿਨੁ ਗੁਰ ਬੂਝ ਨ ਪਾਉ ॥

ਕਈਆਂ ਦੀ ਬਿਰਤੀ **ਵਾ:** ਪ੍ਰਤੱਖ ਜੀਵ ਰੂਪ ਇਸਤਰੀ ਭੂਲੀ = ਭੁੱਲੀ ਹੋਈ ਬਿੰਦ੍ਰਾਬਨ, ਮਧੂਬਨ ਆਦਿ ਬਨ = ਜੰਗਲਾਂ ਮਹਿ = ਵਿਚ ਜੇ = ਜੇਕਰ ਤੁਰੀ ਫਿਰਾ = ਫਿਰੇ ਅਰਥਾਤ ਕਿਸੇ ਜੰਗਲ ਵਿਚ ਜਾਂ ਪਹਾੜ ਦੀਆਂ ਗੁਫ਼ਾਵਾਂ ਦੇ ਵਿਚ ਜਾ ਕੇ ਸਾਧਨ ਕਰ ਲਵੇ, ਪਰ ਗੁਰੂ ਤੋਂ ਬਿਨੁ = ਬਗ਼ੈਰ ਆਤਮ ਸਰੂਪ ਦੀ ਬੂਝ = ਸਮਝ ਨਹੀਂ ਪੈ ਸਕਦੀ।

### ਦੂਸਰਾ ਅਰਥ

**ਭੂਲੀ ਭੂਲੀ ਥਲਿ ਚੜਾ; ਥਲਿ ਚੜਿ ਡੂਗਰਿ ਜਾਉ ॥**

ਜੀਵ ਰੂਪ ਇਸਤਰੀ ਜੇਕਰ ਭੂਲੀ ਭੂਲੀ = ਭੁੱਲ ਦੀ ਭੁਲਾਈ ਹੋਈ ਥਲਿ = ਮਾਰੂਥਲਾਂ ਦੀ ਨਿਆਈਂ ਪੁਰਾਣਾਂ ਦੇ ਪੜ੍ਹਨੇ ਵਿਚ ਚੜ੍ਹ ਜਾਵੇ, ਭਾਵ ਵੱਡੇ ਵੱਡੇ ਪੁਰਾਣ, ਮਹਾਂਭਾਰਤ ਆਦਿ ਨੂੰ ਪੜ੍ਹਦੀ ਰਹੇ, ਫੇਰ ਥਲਿ ਦੀ ਨਿਆਈਂ ਪੁਰਾਣਾਂ ਨੂੰ ਪੜ੍ਹ ਕੇ ਸ਼ਾਸਤਰਾਂ ਰੂਪ ਡੂਗਰਿ = ਪਹਾੜਾਂ 'ਤੇ ਚੜ੍ਹ ਜਾਵੇ, ਭਾਵ ਜੋ ਕਠਿਨ ਸ਼ਾਸਤਰ ਹਨ, ਉਨ੍ਹਾਂ ਨੂੰ ਪੜ੍ਹੇ।

**ਬਨ ਮਹਿ ਭੂਲੀ ਜੇ ਫਿਰਾ; ਬਿਨੁ ਗੁਰ ਬੂਝ ਨ ਪਾਉ ॥**

ਜੇਕਰ ਪਰਮੇਸ਼ਰ ਤੋਂ ਭੁੱਲੀ ਹੋਈ ਵੇਦਾਂ ਦੇ ਪੜ੍ਹਨ ਰੂਪ ਜਾਂ ਕਰਮ-ਕਾਂਡ ਰੂਪ ਬਨ = ਜੰਗਲ ਮਹਿ = ਵਿਚ ਫਿਰਾ = ਫਿਰਦੀ ਰਹੇ, ਪਰ ਗੁਰ = ਸਤਿਗੁਰਾਂ ਤੋਂ ਬਿਨੁ = ਬਗ਼ੈਰ ਸਰੂਪ ਦੀ ਬੂਝ = ਸਮਝ ਨ = ਨਹੀਂ ਪਾਉ = ਪੈ ਸਕੇਗੀ, ਭਾਵ ਸਰੂਪ ਦੀ ਸਖਿਆਤਤਾ ਨਹੀਂ ਹੋ ਸਕੇਗੀ।

### ਤੀਸਰਾ ਅਰਥ

**ਭੂਲੀ ਭੂਲੀ ਥਲਿ ਚੜਾ; ਥਲਿ ਚੜਿ ਡੂਗਰਿ ਜਾਉ ॥**

ਪਰਮੇਸ਼ਰ ਦੇ ਸੱਚੇ ਨਾਮ ਤੋਂ ਜੋ ਜੀਵ ਰੂਪ ਇਸਤਰੀ ਭੁੱਲੀ ਹੋਈ ਹੈ, ਉਹ ਭੁੱਲੀ ਹੋਈ ਥਲਿ = ਮਾਰੂਥਲਾਂ ਦੀ ਨਿਆਈਂ ਆਪਣੇ ਆਪ ਨੂੰ ਤਿਆਗੀ ਬਣਾ ਕੇ, ਸਕਾਮ ਕਰਮਾਂ ਨੂੰ ਕਰਕੇ, ਖ਼ੁਸ਼ਕ ਭਾਵ ਨਿਸ਼ਰਧਕ ਹੋ ਕੇ ਸਵਰਗ ਆਦਿ ਥਾਂਵਾਂ 'ਤੇ ਜਾ ਚੜ੍ਹੇ, ਫੇਰ ਸਵਰਗ ਤੋਂ ਅੱਗੇ ਪਹਾੜਾਂ 'ਤੇ ਭਾਵ ਬ੍ਰਹਮ ਲੋਕ ਵਿਚ ਜਾ ਚੜ੍ਹੇ।

**ਬਨ ਮਹਿ ਭੂਲੀ ਜੇ ਫਿਰਾ; ਬਿਨੁ ਗੁਰ ਬੂਝ ਨ ਪਾਉ ॥**

ਇਉਂ ਪਰਮੇਸ਼ਰ ਤੋਂ ਭੁੱਲੀ ਹੋਈ ਜੇ = ਜੇਕਰ ਬਨ = ਇੰਦਰ ਲੋਕ ਜਾਂ ਸੰਸਾਰ ਵਿਚ ਫਿਰਦੀ ਰਹੇ, ਪਰ ਸਤਿਗੁਰਾਂ ਦੀ ਕ੍ਰਿਪਾ ਤੋਂ ਬਿਨਾਂ ਪਰਮੇਸ਼ਰ ਦੀ ਬੂਝ = ਗਿਆਤ ਪ੍ਰਾਪਤ ਨਹੀਂ ਹੋ ਸਕੇਗੀ।

## ਨਾਵਹੁ ਭੂਲੀ ਜੇ ਫਿਰਾ; ਫਿਰਿ ਫਿਰਿ ਆਵਉ ਜਾਉ ॥੭॥

ਇਹ ਜੀਵ ਰੂਪ ਇਸਤ੍ਰੀ ਜੇਕਰ ਪਰਮੇਸ਼ਰ ਦੇ ਨਾਮ ਤੋਂ ਭੁੱਲੀ ਹੋਈ ਸੰਸਾਰ ਵਿਚ ਇਸ ਤਰ੍ਹਾਂ ਫਿਰਦੀ ਰਹੇਗੀ ਤਾਂ ਉਹ ਮੁਕਤ ਨਹੀਂ ਹੋ ਸਕੇਗੀ। ਫਿਰਿ ਫਿਰਿ = ਮੁੜ-ਮੁੜ ਕੇ ਸੰਸਾਰ ਵਿਚ ਆਉਣਾ ਜਾਣਾ ਭਾਵ ਜੰਮਣਾ ਮਰਨਾ ਬਣਿਆ ਰਹੇਗਾ ॥੭॥ ਫਿਰ ਮਹਾਰਾਜ ! ਪਰਮੇਸ਼ਰ ਦੀ ਪ੍ਰਾਪਤੀ ਕਿਵੇਂ ਹੋਵੇ ? ਤਾਂ ਦੱਸਦੇ ਹਨ :

## ਪੁਛਹੁ ਜਾਇ ਪਧਾਊਆ; ਚਲੇ ਚਾਕਰ ਹੋਇ ॥

ਜੋ ਸਤਿਗੁਰਾਂ ਦੀ ਭਗਤੀ ਵਿਚ ਜੁੜੇ ਹੋਏ ਵੈਰਾਗ, ਭਗਤੀ, ਗਿਆਨ ਰੂਪ ਰਸਤੇ 'ਤੇ ਚੱਲਣ ਵਾਲੇ ਹਨ ਉਨ੍ਹਾਂ ਪਰਮਾਤਮਾ ਨੂੰ ਮਿਲਣ ਲਈ ਚਲੇ ਹੋਏ ਮਹਾਤਮਾ ਰੂਪੀ ਪਧਾਊਆ = ਰਾਹੀਆਂ ਨੂੰ ਜਾ ਕੇ ਪਰਮੇਸ਼ਰ ਦੀ ਪ੍ਰਾਪਤੀ ਦਾ ਰਸਤਾ ਪੁੱਛਣਾ ਕਰੋ। ਜੋ ਗਿਆਨਵਾਨ ਹੋ ਕੇ ਫੇਰ ਵੀ ਚਾਕਰ = ਭਗਤੀ ਰੂਪ ਨੌਕਰੀ ਵਿਚ ਜੀਵਨ ਮੁਕਤੀ ਦਾ ਅਨੰਦ ਮਾਨਣ ਵਾਸਤੇ ਚੱਲ ਰਹੇ ਹਨ। ਜੈਸਾ ਕਿ :

**ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥**
**ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ ॥** *(ਪ੍ਰਭਾਤੀ ਮ: ੧, ਅੰਗ ੧੩੨੯)*

## ਰਾਜਨੁ ਜਾਣਹਿ ਆਪਣਾ; ਦਰਿ ਘਰਿ ਠਾਕ ਨ ਹੋਇ ॥

ਉਹ ਤੱਤ ਬੇਤੇ ਮਹਾਂਪੁਰਸ਼ ਰਾਜਨੁ = ਪ੍ਰਕਾਸ਼ ਰੂਪ ਬ੍ਰਹਮ ਜੋ ਰਾਜਾ ਸਰੂਪ ਹੈ, ਉਸ ਨੂੰ ਆਪਣਾ ਪ੍ਰਕਾਸ਼ ਰੂਪ ਆਤਮਾ ਜਾਣ ਲੈਂਦੇ ਹਨ ਭਾਵ ਇਹ ਜਾਣ ਲੈਂਦੇ ਹਨ ਕਿ ਉਹ ਪ੍ਰਭੂ ਸਾਡਾ ਆਪਣਾ ਹੀ ਸਰੂਪ ਹੈ। ਫਿਰ ਉਨ੍ਹਾਂ ਨੂੰ ਗਿਆਨ ਰੂਪ ਦਰਿ = ਦਰਵਾਜ਼ੇ ਵਿੱਚੋਂ ਲੰਘ ਕੇ ਸਰੂਪ ਰੂਪੀ ਘਰ ਵਿਚ ਇਸਥਿਤ ਹੋਣ ਲਈ ਰਾਗ, ਦਵੈਸ਼ ਆਦਿ ਦੀ ਕੋਈ ਰੁਕਾਵਟ ਨਹੀਂ ਹੁੰਦੀ **ਅਥਵਾ** ਉਨ੍ਹਾਂ ਦੇ ਦਰਿ = ਇੰਦਰਿਆਂ ਅਤੇ ਘਰਿ = ਅੰਤਸ਼ਕਰਨ ਵਿੱਚੋਂ ਸਾਰੇ ਦੋਸ਼ ਜੋ ਪ੍ਰਭੂ-ਮਿਲਾਪ ਵਿਚ ਰੁਕਾਵਟ ਪਾਉਣ ਵਾਲੇ ਹਨ, ਉਹ ਸਾਰੇ ਨਾਸ਼ ਹੋ ਜਾਂਦੇ ਹਨ। ਬਿਰਤੀ ਦੇ ਨਿਰੋਧ ਕਰਨ ਵੇਲੇ ਤ੍ਰਿਸ਼ਨਾ ਆਦਿ ਨਹੀਂ ਵਿਆਪਦੀ। ਸਾਰੀਆਂ ਵਾਸ਼ਨਾਵਾਂ ਅਭਾਵ ਹੋ ਜਾਂਦੀਆਂ ਹਨ। ਉਨ੍ਹਾਂ ਦੇ ਪ੍ਰਭੂ-ਮਿਲਾਪ ਵਿਚ ਕੋਈ ਰੁਕਾਵਟ ਨਹੀਂ ਪਾ ਸਕਦਾ। ਨਾ ਅੰਤਸ਼ਕਰਨ ਦੀ ਬਿਰਤੀ, ਨਾ ਇੰਦਰੇ, ਨਾ ਸ਼ਬਦ ਸਪਰਸ਼ ਆਦਿ ਕਾਮ, ਕ੍ਰੋਧਾਦਿ ਵਿਸ਼ੇ-ਵਿਕਾਰ ਕਿਸੇ ਦੀ ਰੁਕਾਵਟ ਨਹੀਂ ਪੈਂਦੀ। ਨਾ ਕੋਈ ਦੇਵਤਾ ਬਿਘਨ ਪਾ ਸਕਦਾ ਹੈ ਕਿ ਭਗਤੀ ਕਰਕੇ ਸਾਡੀ ਇੰਦ੍ਰ ਪਦਵੀ ਨਾ ਖੋਹ ਲਵੇ, ਬ੍ਰਹਮਾ ਨੂੰ ਆਪਣਾ ਸੰਸਾ ਨਹੀਂ ਪੈਂਦਾ। ਇਸ ਪ੍ਰਕਾਰ ਸਰੂਪ ਵਿਚ ਪਹੁੰਚਦਿਆਂ ਪ੍ਰਭੂ ਵਿਚ ਅਭੇਦ ਹੁੰਦਿਆਂ ਕਿਸੇ ਪ੍ਰਕਾਰ ਦੀ ਰੁਕਾਵਟ ਨਹੀਂ ਪੈਂਦੀ।

## ਨਾਨਕ ਏਕੋ ਰਵਿ ਰਹਿਆ; ਦੂਜਾ ਅਵਰੁ ਨ ਕੋਇ ॥੮॥੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦਾ ਐਸਾ ਨਿਸਚਾ ਹੋ ਜਾਂਦਾ ਹੈ ਕਿ ਇਕ ਅਕਾਲ ਪੁਰਖ ਵਾਹਿਗੁਰੂ ਸਾਰੇ ਰਵਿ = ਵਿਆਪਕ ਹੋ ਰਿਹਾ ਹੈ। ਉਸ ਤੋਂ ਬਿਨਾਂ ਅਵਰੁ = ਹੋਰ ਕੋਈ ਦੂਜਾ ਨਹੀਂ ਹੈ। ਇਸ ਪ੍ਰਕਾਰ ਉਨ੍ਹਾਂ ਨੂੰ ਪਰਮੇਸ਼ਰ ਦੀ ਸਾਖਿਆਤਤਾ ਹੋ ਜਾਂਦੀ ਹੈ। ਹਰ ਥਾਂ 'ਤੇ ਉਨ੍ਹਾਂ ਨੂੰ ਪਰਮੇਸ਼ਰ ਹੀ ਦ੍ਰਿਸ਼ਟੀ ਆਉਂਦਾ ਹੈ। ਐਸੇ ਪੁਰਖ ਧੰਨਤਾ ਦੇ ਯੋਗ ਹਨ ॥੮॥੬॥

## ਸਿਰੀਰਾਗੁ ਮਹਲਾ ੧ ॥
## ਗੁਰ ਤੇ ਨਿਰਮਲੁ ਜਾਣੀਐ; ਨਿਰਮਲ ਦੇਹ ਸਰੀਰੁ ॥

ਹੇ ਭਾਈ ! ਸਤਿਗੁਰਾਂ ਦੁਆਰਾ ਹੀ ਉਹ ਨਿਰਮਲੁ = ਮੈਲ ਤੋਂ ਰਹਿਤ ਭਾਵ ਸ਼ੁੱਧ ਸਰੂਪ ਪ੍ਰਭੂ ਜਾਣਿਆ ਜਾ ਸਕਦਾ ਹੈ, ਜਿਸ ਵਿਚ ਮਲ, ਵਿਖੇਪ, ਅਵਰਨ ਆਦਿ **ਵਾ:** ਅਸੱਤ ਜੜ੍ਹ ਦੁੱਖ ਰੂਪ ਮਾਇਆ ਦੀ ਮੈਲ

ਨਹੀਂ ਹੈ। ਜਿਨ੍ਹਾਂ ਨੇ ਐਸੇ ਸਰੂਪ ਨੂੰ ਜਾਣ ਲਿਆ ਹੈ, ਉਨ੍ਹਾਂ ਦੀ ਦੇਹ ਨਿਰਮਲੁ = ਪਾਪਾਂ ਤੋਂ ਰਹਿਤ ਹੋ ਜਾਂਦੀ ਹੈ ਅਤੇ ਸਰੀਰੁ = ਸੂਖਮ ਸਰੀਰ ਵੀ ਅੰਤਸ਼ਕਰਨ ਦੇ ਸੰਕਲਪਾਂ ਤੋਂ ਰਹਿਤ ਹੋ ਕੇ, ਵਿਕਾਰਾਂ ਤੋਂ ਰਹਿਤ ਹੋ ਕੇ ਨਿਰਮਲ ਹੋ ਜਾਂਦਾ ਹੈ **ਵਾ:** ਬੁੱਧ ਰੂਪੀ ਦੇਹ ਨਿਰਮਲ ਹੋ ਜਾਂਦੀ ਹੈ ਅਤੇ ਸਰੀਰੁ = ਅਸਥੂਲ, ਸੂਖਮ ਕਾਰਨ ਸਰੀਰ ਵੀ ਹੰਗਤਾ ਦੀ ਮੈਲ ਤੋਂ ਰਹਿਤ ਹੋ ਕੇ ਸ਼ੁੱਧ ਹੋ ਜਾਂਦੇ ਹਨ।

## ਨਿਰਮਲੁ ਸਾਚੋ ਮਨਿ ਵਸੈ; ਸੋ ਜਾਣੈ ਅਭ ਪੀਰ ॥

ਜਿਨ੍ਹਾਂ ਦੇ ਮਨ ਵਿਚ ਨਿਰਮਲੁ = ਮੈਲ ਤੋਂ ਰਹਿਤ ਸੱਚਾ ਪਰਮੇਸ਼ਰ ਵਸ ਜਾਂਦਾ ਹੈ, ਫਿਰ ਸੋ = ਉਹ ਪਰਮੇਸ਼ਰ ਉਨ੍ਹਾਂ ਦੇ ਅਭ = ਹਿਰਦੇ ਦੀ ਪੀੜਾ ਨੂੰ ਜਾਣਦਾ ਹੈ ਕਿ ਮੇਰੇ ਮਿਲਾਪ ਤੋਂ ਬਿਨਾਂ ਇਨ੍ਹਾਂ ਨੂੰ ਸ਼ਾਂਤੀ ਨਹੀਂ ਆ ਸਕਦੀ। ਜੈਸਾ ਕਿ :

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥** *(ਮਾਝ ਮ: ੫, ਅੰਗ ੯੬)*

ਇਸ ਵਿਛੋੜੇ ਦੀ ਪੀੜ ਨੂੰ ਜਾਣ ਕੇ ਉਹ ਅੰਤਰਜਾਮੀ ਵਾਹਿਗੁਰੂ ਆਪਣੇ ਨਾਲ ਮੇਲ ਲੈਂਦਾ ਹੈ, ਆਪਣੇ ਸਰੂਪ ਵਿਚ ਅਭੇਦ ਕਰ ਲੈਂਦਾ ਹੈ।

## ਸਹਜੈ ਤੇ ਸੁਖੁ ਅਗਲੋ; ਨਾ ਲਾਗੈ ਜਮ ਤੀਰੁ ॥੧॥

ਉਨ੍ਹਾਂ ਨੂੰ ਸਹਜੈ = ਗਿਆਨ ਹੋਣ ਤੇ = ਤੋਂ ਅਗਲੋ = ਬਹੁਤਾ **ਵਾ:** ਅਨਾਦ ਕਾਲ ਦਾ ਸੁੱਖ ਜੋ ਬ੍ਰਹਮਾਨੰਦ ਹੈ, ਉਹ ਪ੍ਰਾਪਤ ਹੁੰਦਾ ਹੈ। ਐਸਾ ਸੁੱਖ ਬ੍ਰਹਮ ਲੋਕ, ਵਿਸ਼ਨੂੰ ਲੋਕ, ਸਵਰਗ ਆਦਿ ਵਿਚ ਵੀ ਨਹੀਂ ਹੈ। ਵਿਸ਼ਿਸ਼ਟ ਜੀ ਨੇ ਕਿਹਾ ਹੈ ਕਿ ਬ੍ਰਹਮ ਗਿਆਨੀ ਨੂੰ ਅੱਖ ਫਰਕਣ ਭਾਵ ਖੋਲ੍ਹਣ ਤੇ ਬੰਦ ਕਰਨ ਦੇ ਸਮੇਂ ਵਿਚ ਜਿਤਨਾ ਸੁੱਖ ਪ੍ਰਾਪਤ ਹੁੰਦਾ ਹੈ, ਉਤਨਾ ਸੁੱਖ ਬ੍ਰਹਮਾ ਨੂੰ ਸਾਰੀ ਉਮਰ ਭੋਗ ਕੇ ਵੀ ਪ੍ਰਾਪਤ ਨਹੀਂ ਹੋ ਸਕਦਾ **ਵਾ:** ਸਹਜੈ = ਸੁਤੇ-ਸਿੱਧ ਹੀ ਅਨਾਦ ਕਾਲ ਦਾ ਸੁੱਖ ਪ੍ਰਾਪਤ ਹੋ ਜਾਂਦਾ ਹੈ। ਉਨ੍ਹਾਂ ਨੂੰ ਜਮਾਂ ਦੇ ਮੌਤ ਰੂਪ ਤੀਰੁ = ਬਾਣ ਨਹੀਂ ਲੱਗਦੇ **ਵਾ:** ਜਮ ਰੂਪੀ ਤੀਰ ਉਨ੍ਹਾਂ ਦੇ ਨੇੜੇ ਨਹੀਂ ਲੱਗ ਸਕਦਾ **ਵਾ:** ਜਮਾਂ ਦਾ ਮੌਤ ਰੂਪੀ ਤੀਰ ਨਹੀਂ ਲੱਗਦਾ **ਵਾ:** ਜੰਮਣ ਮਰਣ ਰੂਪ ਤੀਰ ਨਹੀਂ ਲੱਗਦਾ ॥੧॥

## ਭਾਈ ਰੇ, ਮੈਲੁ ਨਾਹੀ; ਨਿਰਮਲ ਜਲਿ ਨਾਇ ॥

(**ਨਾਇ** ਭਾਰਾ ਬੋਲੋ)

ਹੇ ਭਾਈ ! ਪਰਮੇਸ਼ਰ ਦੇ ਨਾਮ ਰੂਪ ਨਿਰਮਲ ਜਲ ਵਿਚ ਮਨ ਦੁਆਰਾ ਨਾਇ = ਇਸ਼ਨਾਨ ਕਰਨ ਨਾਲ ਕਿਸੇ ਪ੍ਰਕਾਰ ਦੀ ਪਾਪਾਂ ਰੂਪ ਮੈਲ ਨਹੀਂ ਰਹੇਗੀ, ਮਨ ਨਿਰਮਲ = ਸ਼ੁੱਧ ਹੋ ਜਾਵੇਗਾ।

## ਨਿਰਮਲੁ ਸਾਚਾ ਏਕੁ ਤੂ; ਹੋਰੁ ਮੈਲੁ ਭਰੀ ਸਭ ਜਾਇ ॥੧॥ਰਹਾਉ॥

ਐਸਾ ਨਿਸਚੇ ਕਰ ਕਿ ਹੇ ਪਰਮੇਸ਼ਰ ! ਏਕੁ = ਇਕ ਤੂੰ ਹੀ ਨਿਰਮਲ = ਮੈਲ ਤੋਂ ਰਹਿਤ ਉੱਜਲ ਅਤੇ ਸਾਚਾ = ਸੱਚ ਸਰੂਪ ਹੈਂ। ਹੋਰ ਸਾਰੀਆਂ ਸਵਰਗ ਲੋਕ, ਮਾਤ ਲੋਕ ਪਾਤਾਲ ਲੋਕ ਆਦਿ ਜਾਇ = ਜਗ੍ਹਾ (ਥਾਵਾਂ) ਵਿਚ ਹੰਗਤਾ ਦੀ ਮੈਲ ਅਤੇ ਅਸਹਿਤਾ, ਖਿਯਾਤਾ, ਖੀਣਤਾ ਆਦਿ ਮੈਲ ਨਜ਼ਰ ਆਉਂਦੀ ਹੈ। ਇਕ ਨਾਮ ਹੀ ਮੈਲ ਤੋਂ ਰਹਿਤ ਹੈ ॥੧॥ਰਹਾਉ॥

## ਹਰਿ ਕਾ ਮੰਦਰੁ ਸੋਹਣਾ; ਕੀਆ ਕਰਣੈਹਾਰਿ ॥

ਹਰਿ = ਪਰਮੇਸ਼ਰ ਦਾ ਇਹ ਸੰਸਾਰ ਰੂਪੀ ਮੰਦਰ ਬਹੁਤ ਹੀ ਸੋਹਣਾ = ਸ਼ੋਭਨੀਕ ਹੈ। ਇਸ ਸੰਸਾਰ ਰੂਪੀ ਮੰਦਰ ਨੂੰ ਕਰਨਹਾਰ ਪਰਮੇਸ਼ਰ ਨੇ ਆਪ ਹੀ ਬਣਾਉਣਾ ਕੀਆ = ਕੀਤਾ ਹੈ।

## ਰਵਿ ਸਸਿ ਦੀਪ ਅਨੂਪ ਜੋਤਿ; ਤ੍ਰਿਭਵਣਿ ਜੋਤਿ ਅਪਾਰ ॥

ਇਸ ਸੰਸਾਰ ਰੂਪੀ ਮੰਦਰ ਵਿਚ ਚਾਨਣ ਕਰਨ ਲਈ ਰਵਿ = ਸੂਰਜ ਤੇ ਸਸਿ = ਚੰਦਰਮਾ ਰੂਪ ਦੋ ਦੀਪ = ਦੀਵੇ ਹਨ, ਉਹਨਾਂ ਵਿਚ ਵੀ ਅਨੂਪ = ਉਪਮਾ ਤੋਂ ਰਹਿਤ ਪਰਮੇਸ਼ਰ ਦੀ ਜੋਤਿ ਪ੍ਰਕਾਸ਼ ਰਹੀ ਹੈ। ਉਸ ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੀ ਤ੍ਰਿਭਵਣਿ = ਤਿੰਨੇ ਭਵਨਾਂ ਵਿਚ ਜੋਤਿ ਹੈ।

## ਹਾਟ ਪਟਣ ਗੜ ਕੋਠੜੀ; ਸਚੁ ਸਉਦਾ ਵਾਪਾਰੁ ॥੨॥

ਇਸ ਸੰਸਾਰ ਵਿਚ ਪ੍ਰਤੱਖ ਪਟਣ = ਸ਼ਹਿਰ ਬਣੇ ਹੋਏ ਹਨ। ਗੜ = ਕਿਲ੍ਹੇ ਬਣੇ ਹੋਏ ਹਨ। ਹਾਟ = ਹੱਟਾਂ, ਦੁਕਾਨਾਂ ਬਣੀਆਂ ਹਨ ਤੇ ਕੋਠੜੀ = ਕੋਠੜੀਆਂ ਭਾਵ ਮਕਾਨ ਬਣੇ ਹੋਏ ਹਨ। ਇਸ ਸੰਸਾਰ ਵਿਚ ਉਹੀ ਵਾਪਾਰੀ ਸਫਲੇ ਹਨ, ਜੋ ਸੱਚੇ ਨਾਮ ਦੇ ਸੌਦੇ ਦਾ ਵਾਪਾਰੁ = ਵਣਜ ਕਰਦੇ ਹਨ ॥੨॥

### ਦੂਸਰਾ ਅਰਥ

**ਹਰਿ ਕਾ ਮੰਦਰੁ ਸੋਹਣਾ; ਕੀਆ ਕਰਣੈਹਾਰਿ ॥**

ਹਰਿ = ਪਰਮੇਸ਼ਰ ਦਾ ਸਤਿਸੰਗਤ ਰੂਪੀ ਮੰਦਰ ਬਹੁਤ ਹੀ ਸ਼ੋਭਨੀਕ ਹੈ, ਇਸ ਨੂੰ ਕਰਨਹਾਰ ਪਰਮੇਸ਼ਰ ਨੇ ਆਪ ਬਣਾਉਣਾ ਕੀਆ = ਕੀਤਾ ਹੈ।

**ਰਵਿ ਸਸਿ ਦੀਪ ਅਨੂਪ ਜੋਤਿ; ਤ੍ਰਿਭਵਣਿ ਜੋਤਿ ਅਪਾਰ ॥**

ਸਤਿਸੰਗਤ ਰੂਪੀ ਹਰਿਮੰਦਰ ਵਿਚ ਬਿਬੇਕ ਰੂਪ ਰਵਿ = ਸੂਰਜ ਅਤੇ ਵੈਰਾਗ ਰੂਪੀ ਚੰਦਰਮਾ ਦੋ ਦੀਪ = ਦੀਵੇ ਹਨ, ਜਿਨ੍ਹਾਂ ਦੀ ਉਪਮਾ ਤੋਂ ਰਹਿਤ ਜੋਤ ਪ੍ਰਕਾਸ਼ ਰਹੀ ਹੈ, ਅਤੇ ਤ੍ਰਿਭਵਣਿ = ਤਿੰਨਾਂ ਲੋਕਾਂ ਵਿਚ ਜਿਸ ਦੀ ਜੋਤ ਪ੍ਰਕਾਸ਼ ਰਹੀ ਹੈ, ਉਸ ਅਪਾਰ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦਾ ਸਤਿਸੰਗਤ ਵਿਚ ਵੀਚਾਰ ਹੁੰਦਾ ਹੈ।

**ਹਾਟ ਪਟਣ ਗੜ ਕੋਠੜੀ; ਸਚੁ ਸਉਦਾ ਵਾਪਾਰੁ ॥੨॥**

ਇਸ ਵਿਚ ਭਗਤੀ ਰੂਪ ਹੱਟ ਹੈ, ਜੋ ਸਤਿਸੰਗਤ ਵਿਚ ਸ਼ੁਭ ਗੁਣ ਹਨ, ਇਹ ਪਟਣ = ਸ਼ਹਿਰ ਵਸ ਰਿਹਾ ਹੈ। ਗੜ = ਕਿਲ੍ਹੇ ਦੀ ਨਿਆਈਂ ਸਤਿਸੰਗਤ ਦੇ ਅੰਦਰ ਅੰਤਸ਼ਕਰਣ ਹੈ ਅਤੇ ਕੋਠੜੀ ਦੀ ਨਿਆਈਂ ਸ਼ਰਧਾ ਹੈ। ਜੋ ਜਗਿਆਸੂ ਸਤਿਸੰਗਤ ਵਿਚ ਮਿਲ ਕੇ ਸੱਚੇ ਨਾਮ ਰੂਪ ਸੌਦੇ ਦਾ ਵਾਪਾਰ ਕਰਦੇ ਹਨ, ਉਹ ਧੰਨਤਾ ਦੇ ਯੋਗ ਹਨ ॥੨॥

### ਤੀਸਰਾ ਅਰਥ

**ਹਰਿ ਕਾ ਮੰਦਰੁ ਸੋਹਣਾ; ਕੀਆ ਕਰਣੈਹਾਰਿ ॥**

ਹਰਿ = ਪਰਮੇਸ਼ਰ ਦਾ ਸਰੀਰ ਰੂਪੀ ਮੰਦਰ ਬਹੁਤ ਹੀ ਸੋਹਣਾ = ਸ਼ੋਭਨੀਕ ਹੋ ਰਿਹਾ ਹੈ। ਇਸ ਨੂੰ ਕਰਣਹਾਰ ਪ੍ਰਭੂ ਨੇ ਆਪ ਹੀ ਬਣਾਉਣਾ ਕੀਆ = ਕੀਤਾ ਹੈ।

**ਰਵਿ ਸਸਿ ਦੀਪ ਅਨੂਪ ਜੋਤਿ; ਤ੍ਰਿਭਵਣਿ ਜੋਤਿ ਅਪਾਰ ॥**

ਰਵਿ ਸਸਿ = ਸੂਰਜ ਤੇ ਚੰਦ੍ਰਮਾ ਦੀ ਨਿਆਈਂ ਸੱਜਾ ਖੱਬਾ ਨੇਤਰ ਦੋ ਦੀਵੇ ਉਪਮਾ ਤੋਂ ਰਹਿਤ ਪ੍ਰਕਾਸ਼ ਵਾਲੇ ਹਨ **ਵਾ:** ਇਸ ਮੰਦਰ ਵਿਚ ਚੰਦਰਮਾ ਤੇ ਸੂਰਜ ਦੀ ਨਿਆਈਂ ਉਪਮਾ ਤੋਂ ਰਹਿਤ ਪਰਮੇਸ਼ਰ ਦੀ ਜੋਤ ਹੀ ਪ੍ਰਕਾਸ਼ ਰਹੀ ਹੈ। ਜੈਸਾ ਕਿ :

**ਊਹਾਂ ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ ਕਰੈ ਅਨੰਦ ॥** *(ਭੈਰਉ ਕਬੀਰ ਜੀ, ਅੰਗ ੧੧੬੨)*

ਉਸ ਅਪਾਰੁ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੀ ਤ੍ਰਿਭਵਣਿ = ਤਿੰਨ ਭਵਨ ਭਾਵ ਕਾਰਨ, ਸੂਖਮ, ਅਸਥੂਲ **ਵਾ**: ਜਾਗ੍ਰਤ, ਸੁਪਨ, ਸੁਖੋਪਤ ਵਿਚ ਜੋਤਿ = ਸੱਤਾ ਪ੍ਰਕਾਸ਼ ਰਹੀ ਹੈ।

**ਹਾਟ ਪਟਣ ਗੜ ਕੋਠੜੀ; ਸਚੁ ਸਉਦਾ ਵਾਪਾਰੁ ॥੨॥**

ਮੁੱਖ ਰੂਪੀ ਹਾਟ = ਹੱਟ ਹੈ, ਇੰਦ੍ਰੇ ਰੂਪੀ ਪਟਣ = ਸ਼ਹਿਰ ਹੈ, ਦਸਵਾਂ ਦੁਆਰ ਰੂਪੀ ਗੜ = ਕਿਲ੍ਹਾ ਹੈ ਤੇ ਸਰੀਰ ਦੇ ਅੰਦਰ ਬਹੱਤਰ (੭੨) ਕੋਠੜੀਆਂ ਰੂਪ ਘਰ ਹਨ ਭਾਵ ਸਰੀਰ ਵਿਚ ੭੨ ਮੋਟੀਆਂ ਨਾੜਾਂ ਆਦਿ ਕੋਠੜੀਆਂ ਹਨ। ਜੋ ਇਸ ਮੰਦਰ ਵਿਚ ਸੱਚੇ ਨਾਮ ਦਾ ਸੌਦਾ ਕਰਦੇ ਹਨ, ਉਨ੍ਹਾਂ ਵਪਾਰੀਆਂ ਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਲਾਭ ਪ੍ਰਾਪਤ ਹੁੰਦਾ ਹੈ ॥੨॥

### ਚੌਥਾ ਅਰਥ

**ਹਰਿ ਕਾ ਮੰਦਰੁ ਸੋਹਣਾ; ਕੀਆ ਕਰਣੈਹਾਰਿ ॥**

ਹਰਿ = ਹਰੀ ਦਾ ਮੰਦਰ = ਅੰਤਸ਼ਕਰਨ ਬਹੁਤ ਹੀ ਸ਼ੋਭਨੀਕ ਹੈ। ਇਸ ਨੂੰ ਕਰਨਹਾਰ ਸਤਿਗੁਰਾਂ ਨੇ ਸ਼ਬਦ ਦੁਆਰਾ ਪਵਿੱਤਰ ਕਰ ਦਿੱਤਾ ਹੈ।

**ਰਵਿ ਸਸਿ ਦੀਪ ਅਨੂਪ ਜੋਤਿ; ਤ੍ਰਿਭਵਣਿ ਜੋਤਿ ਅਪਾਰ ॥**

ਉਸ ਮੰਦਰ ਵਿਚ ਪਰੋਖ ਗਿਆਨ ਰੂਪੀ ਸਸਿ = ਚੰਦਰਮਾ ਅਤੇ ਅਪਰੋਖ ਗਿਆਨ ਰੂਪ ਰਵਿ = ਸੂਰਜ ਇਹ ਦੋ ਦੀਵੇ ਪ੍ਰਕਾਸ਼ਮਾਨ ਹੋ ਜਾਂਦੇ ਹਨ, ਜਿਨ੍ਹਾਂ ਦੀ ਜੋਤ ਭਾਵ ਪ੍ਰਕਾਸ਼ ਉਪਮਾ ਤੋਂ ਰਹਿਤ ਹੈ। ਤਿੰਨਾਂ ਲੋਕਾਂ ਵਿਚ ਅਪਾਰ = ਪਾਰਾਵਾਰ ਤੋਂ ਰਹਿਤ ਜਿਸ ਪਰਮੇਸ਼ਰ ਦੀ ਜੋਤ ਹੈ, ਉਹ ਪ੍ਰਗਟ ਹੋ ਜਾਂਦਾ ਹੈ।

**ਹਾਟ ਪਟਣ ਗੜ ਕੋਠੜੀ; ਸਚੁ ਸਉਦਾ ਵਾਪਾਰੁ ॥੨॥**

ਹਿਰਦਾ ਰੂਪੀ ਹਾਟ = ਹੱਟ ਸਰੀਰ ਰੂਪੀ ਪਟਣ = ਸਹਿਰ **ਵਾ**: ਇੰਦਰੀਏ ਰੂਪੀ ਸ਼ਹਿਰ ਹੈ। ਸਤ, ਸੰਤੋਖ, ਦਇਆ, ਧਰਮ, ਵੀਚਾਰ ਰੂਪੀ ਗੜ = ਕਿਲ੍ਹਾ ਹੈ ਤੇ ਪਰਮੇਸ਼ਰ ਦੀ ਭਗਤੀ ਰੂਪੀ ਕੋਠੜੀ ਹੈ। ਜੋ ਇਸ ਵਿਚ ਸੱਚੇ ਨਾਮ ਦਾ ਸੌਦਾ ਕਰਦੇ ਹਨ, ਉਹ ਵਾਪਾਰੀ ਧੰਨ ਹਨ ॥੨॥

## ਗਿਆਨ ਅੰਜਨੁ ਭੈ ਭੰਜਨਾ; ਦੇਖੁ ਨਿਰੰਜਨ ਭਾਇ ॥

ਜਿਨ੍ਹਾਂ ਦੇ ਮਨ ਬੁੱਧ ਰੂਪੀ ਨੇਤਰਾਂ ਦੇ ਵਿਚ ਸਤਿਗੁਰਾਂ ਨੇ ਜੁਗਤੀਆਂ ਰੂਪ ਸਲਾਈਆਂ ਨਾਲ ਸ਼ਰਧਾ ਰੂਪੀ ਸੁਰਮੇਦਾਨੀ ਵਿੱਚੋਂ ਗਿਆਨ ਰੂਪ ਅੰਜਨੁ = ਸੁਰਮਾ ਪਾ ਦਿੱਤਾ ਹੈ, ਉਨ੍ਹਾਂ ਨੇ ਜੰਮਣ ਮਰਨ ਦੇ ਭੈ = ਡਰ ਨੂੰ ਭੰਜਨਾ = ਨਾਸ਼ ਕੀਤਾ ਹੈ ਅਤੇ ਉਹ ਤਾਂ ਸਭ ਥਾਈਂ ਨਿਰੰਜਨ = ਮਾਇਆ ਕਾਲਖ ਤੋਂ ਰਹਿਤ ਸ਼ੁੱਧ ਸਰੂਪ ਦੇ ਭਾਇ = ਪ੍ਰਕਾਸ਼ ਨੂੰ ਹੀ ਦੇਖੁ = ਦੇਖਦੇ ਹਨ **ਵਾ**: ਉਸੇ ਦੇ ਭਾਇ = ਪ੍ਰੇਮ ਵਿਚ ਰੰਗੇ ਹੋਏ, ਸਭ ਥਾਂ ਸ਼ੁੱਧ ਸਰੂਪ ਪਰਮੇਸ਼ਰ ਨੂੰ ਹੀ ਦੇਖੁ = ਵੇਖਦੇ ਹਨ।

## ਗੁਪਤੁ ਪ੍ਰਗਟੁ ਸਭ ਜਾਣੀਐ; ਜੇ ਮਨੁ ਰਾਖੈ ਠਾਇ ॥

ਜੇਕਰ ਗੁਰੂ ਦੀ ਕਿਰਪਾ ਨਾਲ ਆਪਣੇ ਮਨ ਨੂੰ ਇਕ ਠਾਇ = ਥਾਂ ਭਾਵ ਸ਼ਬਦ ਵਿਚ ਟਿਕਾਅ ਕੇ ਰੱਖ ਲਵੇ, ਤਾਂ ਉਹ ਸਾਰੀਆਂ ਗੁਪਤ ਗੱਲਾਂ ਨੂੰ ਪ੍ਰਗਟ ਹੀ ਜਾਣ ਲੈਂਦੇ ਹਨ ਭਾਵ ਉਨ੍ਹਾਂ ਨੂੰ ਅੰਤਰਜਾਮਤਾ ਹੋ ਜਾਂਦੀ ਹੈ ਕਿ ਕਿਥੇ ਕੀ ਹੋ ਰਿਹਾ ਹੈ ਤੇ ਕਿਥੇ ਕੀ ਹੋਣ ਵਾਲਾ ਹੈ ? ਉਹ ਸਭ ਕੁਝ ਜਾਣ ਲੈਂਦੇ ਹਨ ਪਰ ਗੁਪਤ ਰੱਖਦੇ ਹਨ।

## ਐਸਾ ਸਤਿਗੁਰੁ ਜੇ ਮਿਲੈ; ਤਾ ਸਹਜੇ ਲਏ ਮਿਲਾਇ ॥੩॥

ਜੇ ਐਸਾ = ਇਹੋ ਜਿਹੇ ਸਤਿਗੁਰੂ ਜੋ ਮਨ ਦੀ ਇਕਾਗਰਤਾ ਬਖ਼ਸ਼ਣ ਵਾਲੇ ਪਰਮੇਸ਼ਰ ਦਾ ਰੂਪ ਹਨ, ਅਗਰ ਮਿਲ ਜਾਣ ਤਾਂ ਸਹਜੇ = ਸੁਤੇ-ਸਿੱਧ ਹੀ ਅਕਾਲ ਪੁਰਖ ਵਾਹਿਗੁਰੂ ਆਪਣੇ ਨਾਲ ਮਿਲਾਇ = ਮੇਲ ਲਏ = ਲੈਂਦਾ ਹੈ ॥੩॥

## ਕਸਿ ਕਸਵਟੀ ਲਾਈਐ; ਪਰਖੇ ਹਿਤੁ ਚਿਤੁ ਲਾਇ ॥

(**ਕਸਵੱਟੀ** ਅੱਧਕ ਸਹਿਤ ਬੋਲੋ)

ਕਸਿ = ਕਸ਼ਟ, ਤਾੜਨਾ, (ਕਸਿ ਫ਼ਾਰਸੀ ਵਿਚ ਕਸ਼ੀਦਨ ਧਾਤੂ ਤੋਂ ਕਸ਼) ਦੇ ਕੇ ਸਤਿਗੁਰੂ ਜੀ ਸਿੱਖ ਨੂੰ ਕਸਵਟੀ = ਪਰਖਣਾ 'ਤੇ ਲਾਈਐ = ਲਾਉਂਦੇ ਹਨ ਭਾਵ ਪਰਖਦੇ ਹਨ। ਜਿਸ ਤਰ੍ਹਾਂ ਸੁਨਿਆਰ ਸੋਨੇ ਨੂੰ ਪਰਖਦਾ ਹੈ। ਜੇ ਸੋਨੇ ਵਿਚ ਖੋਟ ਹੋਵੇ ਤਾਂ ਉਸ ਨੂੰ ਫਿਰ ਅੱਗ 'ਤੇ ਰੱਖ ਕੇ ਤਪਾਉਂਦਾ ਹੈ। ਜਦੋਂ ਤੱਕ ਬਾਰਾਂ ਵੰਨੀ ਦਾ ਸ਼ੁੱਧ ਨਹੀਂ ਹੋ ਜਾਂਦਾ, ਉਦੋਂ ਤੱਕ ਕੁਠਾਲੀ ਵਿਚ ਭੱਜਿਆ ਫਿਰਦਾ ਹੈ। ਜਦੋਂ ਸੋਨਾ ਸ਼ੁੱਧ ਹੋ ਗਿਆ ਤਾਂ ਫਿਰ ਟਿਕ ਜਾਂਦਾ ਹੈ ਤੇ ਫਿਰ ਸੁਨਿਆਰੇ ਦੀ ਪਰਖ ਵਿਚ ਪੂਰਾ ਉਤਰਦਾ ਹੈ। ਇਸੇ ਤਰ੍ਹਾਂ ਸਤਿਗੁਰੂ ਸਿੱਖ ਨੂੰ ਪਰਖਦੇ ਹਨ। ਇਸ ਪਰਖਣ ਦਾ ਮਤਲਬ ਸਤਿਗੁਰਾਂ ਵੱਲੋਂ ਸਿੱਖ ਨੂੰ ਫ਼ੇਲ੍ਹ ਕਰਨ ਲਈ ਨਹੀਂ ਹੁੰਦਾ। ਗੁਰੂ ਸਾਹਿਬ ਦਾ ਮਤਲਬ ਹੁੰਦਾ ਹੈ ਕਿ ਸਿੱਖ ਹਰ ਪੱਖੋਂ ਪੂਰਾ ਉਤਰੇ। ਇਹ ਬਾਰਾਂ ਬੰਨੀ ਦੇ ਸ਼ੁੱਧ ਸੋਨੇ ਦੀ ਨਿਆਈਂ ਬਣ ਜਾਵੇ। ਇਸ ਲਈ ਸਤਿਗੁਰੂ ਜੀ ਸਿੱਖ ਨੂੰ ਨਫ਼ਰਤ ਨਾਲ ਦੁੱਖ ਨਹੀਂ ਦਿੰਦੇ ਸਗੋਂ ਚਿਤ ਦੇ ਵਿਚ ਹਿਤੁ = ਪ੍ਰੇਮ ਲਾ ਕੇ ਪਰਖਦੇ ਹਨ ਕਿ ਇਸ ਦੇ ਅੰਦਰ ਰੰਚਕ ਮਾਤਰ ਵੀ ਪਾਪਾਂ ਦੀ ਮੈਲ ਨਾ ਰਹਿ ਜਾਵੇ। ਵਾਸ਼ਨਾ ਦੀ ਕੋਈ ਕਣੀ ਬਾਕੀ ਨਾ ਰਹਿ ਜਾਵੇ ਜੋ ਸਿੱਖ ਨੂੰ ਮੁੜ ਚੌਰਾਸੀ ਵਿਚ ਪਾ ਦੇਵੇ, ਕਿਉਂਕਿ ਸਿੱਖ ਸਤਿਗੁਰੂ ਨੂੰ ਇਸ ਤਰ੍ਹਾਂ ਪਿਆਰੇ ਹਨ ਜਿਵੇਂ ਮਾਵਾਂ ਨੂੰ ਆਪਣੇ ਪੁੱਤਰ ਪਿਆਰੇ ਹੁੰਦੇ ਹਨ। ਇਸ ਲਈ ਜੇ ਸਤਿਗੁਰੂ ਜੀ ਸਿੱਖ ਨੂੰ ਕਸਵੱਟੀ ਲਾਉਂਦੇ ਹਨ ਤਾਂ ਹਿਰਦੇ ਵਿਚ ਸਿੱਖ ਦਾ ਪ੍ਰੇਮ ਲਾ ਕੇ ਫਿਰ ਪਰਖਦੇ ਹਨ।

## ਖੋਟੇ ਠਉਰ ਨ ਪਾਇਨੀ; ਖਰੇ ਖਜਾਨੈ ਪਾਇ ॥

ਜਿਹੜੇ ਖੋਟੇ ਰੁਪਈਏ ਹੁੰਦੇ ਹਨ, ਉਹ ਪਾਰਖੂ ਕੋਲ ਠਉਰ = ਟਿਕਾਣਾ ਨਹੀਂ ਪਾਉਂਦੇ ਭਾਵ ਉਨ੍ਹਾਂ ਦੀ ਕੋਈ ਕਦਰ ਨਹੀਂ ਪੈਂਦੀ। ਇਸੇ ਪ੍ਰਕਾਰ ਜੋ ਖੋਟੇ = ਧਰਮ ਤੋਂ ਹੀਣੇ ਪਖੰਡ ਕਰਨ ਵਾਲੇ, ਜਿਨ੍ਹਾਂ ਦੀ ਸਤਿਗੁਰਾਂ ਉੱਤੇ ਸ਼ਰਧਾ ਭਾਵਨਾ ਨਹੀਂ ਹੈ, ਅਜਿਹੇ ਖੋਟੇ ਪੁਰਸ਼ ਸਤਿਗੁਰਾਂ ਦੀ ਪਰਖਣਾ ਵਿਚ ਠਹਿਰਨਾ ਨਹੀਂ ਪਾਉਂਦੇ, ਭੱਜ ਜਾਂਦੇ ਹਨ। ਜੋ ਕਸਵੱਟੀ ਵਿਚ ਖਰੇ ਉਤਰਦੇ ਹਨ, ਉਨ੍ਹਾਂ ਗੁਰਸਿੱਖਾਂ ਨੂੰ ਸਤਿਗੁਰੂ ਜੀ ਸਰੂਪ ਰੂਪ ਖ਼ਜ਼ਾਨੇ ਵਿਚ ਪਾ ਲੈਂਦੇ ਹਨ ਭਾਵ ਆਪਣਾ ਸਰੂਪ ਬਣਾ ਲੈਂਦੇ ਹਨ, ਜਿਸ ਤਰ੍ਹਾਂ ਖੋਟੇ ਰੁਪਇਆਂ ਨੂੰ ਬਾਹਰ ਸੁੱਟਿਆ ਜਾਂਦਾ ਹੈ ਤੇ ਖਰੇ ਰੁਪਏ ਖ਼ਜ਼ਾਨੇ ਵਿਚ ਪਾਏ ਜਾਂਦੇ ਹਨ, ਇਸੇ ਤਰ੍ਹਾਂ ਖੋਟੇ ਜੀਵ ਜੂਨੀਆਂ ਵਿਚ, ਨਰਕਾਂ ਵਿਚ ਸੁੱਟੇ ਜਾਂਦੇ ਹਨ ਤੇ ਸਤਿਗੁਰਾਂ ਦੀ ਪਰਖਣਾ ਵਿਚ ਪੂਰੇ ਉਤਰਨ ਵਾਲੇ ਗੁਰਸਿੱਖਾਂ ਨੂੰ ਵਾਹਿਗੁਰੂ ਅਕਾਲ ਪੁਰਖ ਆਪਣੇ ਅਭੇਦਤਾ ਰੂਪ ਖ਼ਜ਼ਾਨੇ ਵਿਚ ਪਾ ਲੈਂਦਾ ਹੈ।

## ਆਸ ਅੰਦੇਸਾ ਦੂਰਿ ਕਰਿ; ਇਉ ਮਲੁ ਜਾਇ ਸਮਾਇ ॥੪॥

ਹੇ ਜੀਵ! ਜੋ ਤੂੰ ਦੁਨੀਆਂ ਦੀ ਆਸਾ (ਆਸਾ = ਦੀਰਘ ਕਾਲ ਤੱਕ ਇੱਛਾ ਬਣੀ ਰਹਿਣੀ। ਸੁਆਸ ਮੁੱਕ ਜਾਂਦੇ ਹਨ ਪਰ ਜੀਉਣ ਦੀ, ਧਨ ਪਦਾਰਥ ਜੋੜਨੇ ਦੀ ਇੱਛਾ ਨਹੀਂ ਮੁੱਕਦੀ) ਅਤੇ ਅੰਦੇਸਾ = ਜੋ ਸੰਸਾ ਰਹਿੰਦਾ ਹੈ ਕਿ ਪਤਾ ਨਹੀਂ ਮੇਰੀ ਆਸਾ ਪੂਰੀ ਹੋਵੇਗੀ ਕਿ ਨਹੀਂ ਇਸੇ ਤਰ੍ਹਾਂ ਇਹ ਅੰਦੇਸਾ ਦੂਰ ਹੋ ਜਾਵੇਗਾ ਤੇ ਤੂੰ ਸ਼ਰਧਾ ਭਾਵਨਾ ਨਾਲ ਸਤਿਗੁਰਾਂ ਦੀ ਸੇਵਾ ਤੇ ਸਿਮਰਨ ਵਿਚ ਲੱਗ ਜਾਵੇਂਗਾ ਤੇ ਸਤਿਗੁਰਾਂ 'ਤੇ ਭਰੋਸਾ ਰੱਖੇਂਗਾ, ਇਉ = ਇਸ ਤਰ੍ਹਾਂ ਤੇਰੀ ਪਾਪਾਂ ਦੀ, ਰਾਗ ਦਵੈਖ ਦੀ ਮੈਲ ਚਲੀ ਜਾਇ = ਜਾਵੇਗੀ। ਜਦੋਂ

ਮੈਲ ਚਲੀ ਗਈ, ਬਾਰਾਂ ਵੰਨੀ ਦੇ ਸ਼ੁੱਧ ਸੋਨੇ ਦੀ ਨਿਆਈਂ ਬਣ ਗਿਆ, ਫਿਰ ਸਤਿਗੁਰੂ ਜੀ ਆਪਣੇ ਸਰੂਪ ਰੂਪੀ ਖ਼ਜ਼ਾਨੇ ਵਿਚ ਸਮਾਇ = ਮੇਲ ਲੈਣਗੇ ॥੪॥

## ਸੁਖ ਕਉ ਮਾਗੈ ਸਭੁ ਕੋ; ਦੁਖੁ ਨ ਮਾਗੈ ਕੋਇ ॥

ਸੰਸਾਰ ਵਿਚ ਸਭ ਕੋ = ਕੋਈ ਸੁੱਖ ਨੂੰ ਮਾਗੈ = ਮੰਗਦਾ ਹੈ ਤੇ ਦੁੱਖ ਨੂੰ ਕੋਈ ਵੀ ਨਹੀਂ ਮਾਗੈ = ਮੰਗਦਾ **ਅਥਵਾ** ਵਿਸ਼ੇ ਸੁੱਖ ਨੂੰ, ਧਨ ਪਦਾਰਥ ਦੇ ਸੁੱਖ ਨੂੰ ਹਰ ਕੋਈ ਮੰਗਦਾ ਹੈ ਕਿ ਅਸੀਂ ਆਰਾਮ ਨਾਲ ਸੁੰਦਰ ਸੇਜਾ 'ਤੇ ਪਏ ਰਹੀਏ, ਖਾ ਪੀ ਕੇ ਮੌਜਾਂ ਮਾਣੀਏ ਪਰ ਜੋ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ, ਸਿਮਰਨ ਕਰਨਾ, ਹੋਰ ਸਾਧਨ ਕਰਨੇ ਇਨ੍ਹਾਂ ਨੂੰ ਦੁੱਖ ਰੂਪ ਜਾਣ ਕੇ ਕੋਈ ਵੀ ਨਹੀਂ ਮੰਗਦਾ।

## ਸੁਖੈ ਕਉ ਦੁਖੁ ਅਗਲਾ; ਮਨਮੁਖਿ ਬੂਝ ਨ ਹੋਇ ॥

ਸੰਸਾਰਕ ਵਿਸ਼ੇ ਸੁਖੈ = ਸੁਖ ਮੰਗਣ ਵਾਲੇ ਕਉ = ਨੂੰ ਅੱਗੇ ਪ੍ਰਲੋਕ ਵਿਚ ਅਗਲਾ = ਬਹੁਤਾ ਦੁਖੁ = ਕਸ਼ਟ ਪ੍ਰਾਪਤ ਹੋਵੇਗਾ, ਪਰ ਇਸ ਗੱਲ ਦੀ ਮਨਮੁਖਾਂ ਨੂੰ ਬੂਝ = ਸਮਝ ਨ = ਨਹੀਂ ਹੋਇ = ਹੁੰਦੀ ਅਰਥਾਤ ਸਾਰੀ ਜ਼ਿੰਦਗੀ ਵਿਕਾਰ ਭੋਗਦਿਆਂ ਹੀ ਲੰਘਾ ਦਿੰਦੇ ਹਨ ਤੇ ਅੰਤ ਨੂੰ ਦੁੱਖ ਪਾਉਂਦੇ ਹਨ ਅਤੇ ਜਿਸ ਭਜਨ ਸਿਮਰਨ ਨੇ ਅੰਤ ਨੂੰ ਸੁੱਖ ਦੇਣਾ ਹੈ, ਉਸ ਜਪ ਤਪ ਨੂੰ ਦੁੱਖ ਜਾਣ ਕੇ ਛੱਡ ਦਿੰਦੇ ਹਨ ਪਰ ਅੰਤ ਨੂੰ ਇਸੇ ਦੁੱਖ ਨੇ ਦਾਰੂ ਬਣਨਾ ਹੈ।

## ਸੁਖ ਦੁਖ ਸਮ ਕਰਿ ਜਾਣੀਅਹਿ; ਸਬਦਿ ਭੇਦਿ ਸੁਖੁ ਹੋਇ ॥੫॥

ਹੇ ਗੁਰਸਿੱਖੋ ! ਐਸੀ ਅਵਸਥਾ ਬਣਾ ਲਵੋ ਕਿ ਜੇ ਸੁੱਖ ਪ੍ਰਾਪਤ ਹੋਣ ਤਾਂ ਸਮਝੋ ਕਿ ਮਹਾਰਾਜ ਨੇ ਸਾਡੇ 'ਤੇ ਕਿਰਪਾ ਕਰਕੇ ਸਾਡੇ ਪੁੰਨਾਂ ਬਦਲੇ ਦਿੱਤੇ ਹਨ। ਜੇ ਦੁੱਖ ਪ੍ਰਾਪਤ ਹੋਵੇ ਤਾਂ ਸਮਝੋ ਕਿ ਸਾਡੇ ਪਾਪਾਂ ਨੂੰ ਮਹਾਰਾਜ ਬਖ਼ਸ਼ਣ ਲੱਗੇ ਹੋਏ ਹਨ। ਸੁੱਖ-ਦੁੱਖ ਵਿਚ ਇੱਕੋ ਜਿਹੀ ਬਿਰਤੀ ਕਰਕੇ ਮਹਾਰਾਜ ਦੇ ਭਾਣੇ ਵਿਚ ਚੱਲਣਾ ਕਰੀਏ ਤੇ ਸੁੱਖ-ਦੁੱਖ ਨੂੰ ਸਮ = ਬਰਾਬਰ ਕਰਿ = ਕਰਕੇ ਜਾਣੀਅਹਿ = ਜਾਣੀਏ। ਸੁੱਖ ਵੇਲੇ ਹੰਕਾਰ ਵਿਚ ਨਾ ਆਈਏ ਤੇ ਦੁੱਖ ਵੇਲੇ ਪਰੇਸ਼ਾਨ ਨਾ ਹੋਈਏ ਤੇ ਪਰਮਾਤਮਾ ਨੂੰ ਦੋਸ਼ ਨਾ ਦੇਈਏ, ਜੈਸਾ ਕਿ :

**ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥** *(ਸੂਹੀ ਮ: ੪, ਅੰਗ ੭੫੭)*

ਇਸ ਤਰ੍ਹਾਂ ਜੀਵਨ ਮਹਾਰਾਜ ਦੀ ਕਿਰਪਾ ਨਾਲ ਬਣ ਜਾਵੇ। ਜੇਕਰ ਸਤਿਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਮਨ ਨੂੰ ਵਿੰਨ੍ਹ ਦੇਈਏ, ਸ਼ਬਦ ਵਿਚ ਬਿਰਤੀ ਜੁੜ ਜਾਵੇ ਤਾਂ ਸੁੱਖ ਸਰੂਪ ਪ੍ਰਭੂ ਦੀ ਸਾਖਿਆਤਤਾ ਹੁੰਦੀ ਹੈ **ਅਥਵਾ** ਸਤਿਗੁਰਾਂ ਦੀ ਕਿਰਪਾ ਦੁਆਰਾ ਹਉਮੈ ਦੂਰ ਕਰਕੇ ਸਬਦਿ = ਬ੍ਰਹਮ ਦਾ ਭੇਦਿ = ਭੇਤ ਜਾਣ ਲਈਏ। ਫੇਰ ਸੁਰਤੀ ਵਿਚ ਸ਼ਬਦ ਚਲਾ ਜਾਂਦਾ ਹੈ ਤੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ ॥੫॥

## ਬੇਦੁ ਪੁਕਾਰੇ ਵਾਚੀਐ; ਬਾਣੀ ਬ੍ਰਹਮ ਬਿਆਸੁ ॥

ਬ੍ਰਹਮ = ਪਰਮੇਸ਼ਰ ਦੇ ਕਥਨ ਕਰਨ ਵਾਲੀ ਜੋ ਬਿਆਸੁ = ਵਿਸਥਾਰ ਵਾਲੀ ਵੇਦ ਬਾਣੀ ਹੈ, ਜੇਕਰ ਉਸ ਵੇਦ ਬਾਣੀ ਨੂੰ ਪੜ੍ਹ ਕੇ ਵਾਚੀਐ = ਵਿਚਾਰੀਏ ਤਾਂ ਉਸ ਵਿਚ ਮਹਾਂਵਾਕ ਜੀਵ ਈਸ ਦੀ ਏਕਤਾ ਨੂੰ ਹੀ ਪੁਕਾਰ = ਪੁਕਾਰਦੇ ਹਨ **ਅਥਵਾ** ਜੇਕਰ ਵੇਦਾਂ ਨੂੰ ਪੁਕਾਰੇ = ਪੁਕਾਰਣ ਵਾਲੇ ਨਾਮਰਸੀਏ ਪੰਡਤਾਂ ਨੂੰ ਪੁੱਛੀਏ ਤਾਂ ਉਹ ਇਹੋ ਹੀ ਵਾਚੀਐ = ਵਾਚ ਕੇ ਦੱਸਦੇ ਹਨ ਕਿ ਜੋ ਬਿਆਸੁ = ਵਿਸਥਾਰ ਪੂਰਬਕ ਬ੍ਰਹਮ ਸੰਬੰਧੀ ਬਾਣੀ ਹੈ ਇਹ ਗਿਆਨ ਦਾ ਹੀ ਕਥਨ ਕਰਦੀ ਹੈ **ਅਥਵਾ** ਬ੍ਰਹਮਾ, ਜੋ ਵੇਦ ਬਾਣੀ ਨੂੰ ਵਾਚੀਐ ਵਿਚਾਰ ਕੇ ਲੋਕਾਂ ਨੂੰ ਉਸ ਦਾ ਸਿਧਾਂਤ ਪੁਕਾਰੇ = ਪੁਕਾਰ ਕੇ ਸੁਣਾਉਣਾ ਹੈ ਅਤੇ ਬਿਆਸ ਜੀ ਨੇ ਛੇ ਸ਼ਾਸਤਰਾਂ ਅਤੇ ਅਠਾਰਾਂ ਪੁਰਾਣਾਂ ਵਿਚ ਵਿਸਥਾਰ ਨਾਲ ਬੇਦੁ = ਗਿਆਨ ਨੂੰ ਹੀ ਕਥਨ ਕੀਤਾ ਹੈ।

## ਮੁਨਿ ਜਨ ਸੇਵਕ ਸਾਧਿਕਾ; ਨਾਮਿ ਰਤੇ ਗੁਣਤਾਸੁ ॥

ਮੁਨਿ = ਮੁਨੀ, ਮੰਨਣਸ਼ੀਲ ਮਹਾਤਮਾ ਜਨ = ਭਗਤ ਸੇਵਕ = ਸੇਵਾ ਕਰਨ ਵਾਲੇ ਅਤੇ ਸਾਧਿਕਾ = ਸਾਧਨ ਕਰਨ ਵਾਲੇ ਆਦਿ ਜੋ ਪਰਮੇਸ਼ਰ ਦੇ ਨਾਮ ਵਿਚ ਰੰਗੇ ਹੋਏ ਹਨ, ਉਹ ਸ਼ੁਭ ਗੁਣਾਂ ਦੇ ਤਾਸੁ = ਖ਼ਜ਼ਾਨੇ ਬਣ ਗਏ ਹਨ **ਅਥਵਾ** ਚਾਹੇ ਕੋਈ ਮੁਨੀ ਜਨ ਮਹਾਤਮਾ ਹੈ, ਚਾਹੇ ਸੇਵਾ ਕਰਨ ਵਾਲਾ ਸੇਵਕ ਹੈ, ਸਾਧਨ ਕਰਨ ਵਾਲਾ ਸਾਧਿਕ ਹੈ ਪਰ ਪਰਮੇਸ਼ਰ ਦੇ ਗੁਣਾਂ ਦਾ ਤਾਸੁ = ਖ਼ਜ਼ਾਨਾ ਉਨ੍ਹਾਂ ਨੂੰ ਹੀ ਪ੍ਰਾਪਤ ਹੋਇਆ ਹੈ ਜੋ ਪਰਮੇਸ਼ਰ ਦੇ ਨਾਮ ਵਿਚ ਰਤੇ = ਤਦਾਕਾਰ ਹੋਏ ਹਨ।

## ਸਚਿ ਰਤੇ ਸੇ ਜਿਣਿ ਗਏ; ਹਉ ਸਦ ਬਲਿਹਾਰੈ ਜਾਸੁ ॥੬॥

ਜਿਹੜੇ ਸੱਚੇ ਪਰਮੇਸ਼ਰ ਦੇ ਨਾਮ ਵਿਚ ਰਤੇ = ਰੰਗੇ ਹਨ, ਸੇ = ਉਹ ਮਨੁੱਖਾ ਜਨਮ ਦੀ ਬਾਜ਼ੀ ਜਿਣਿ = ਜਿੱਤ ਗਏ ਹਨ, ਹਉ = ਅਸੀਂ ਉਨ੍ਹਾਂ ਤੋਂ ਸਦਾ ਹੀ **ਵਾ**: ਸੈਂਕੜੇ ਵਾਰ ਬਲਿਹਾਰੈ = ਕੁਰਬਾਨ ਜਾਸੁ = ਜਾਂਦੇ ਹਾਂ ॥੬॥

## ਚਹੁ ਜੁਗਿ ਮੈਲੇ ਮਲੁ ਭਰੇ; ਜਿਨ ਮੁਖਿ ਨਾਮੁ ਨ ਹੋਇ ॥

ਜਿਨ੍ਹਾਂ ਦੇ ਮੁੱਖ ਵਿਚ ਪ੍ਰਭੂ ਦਾ ਨਾਮ ਨਹੀਂ, ਉਹ ਜੀਵ ਚਾਰੇ ਜੁਗਾਂ ਵਿਚ ਪਾਪਾਂ ਰੂਪ ਮਲੁ = ਮੈਲ ਦੇ ਭਰੇ ਹੋਏ ਮੈਲੇ ਹੋ ਰਹੇ ਹਨ। ਜੁੱਗ ਭਾਵੇਂ ਕੋਈ ਵੀ ਹੋਵੇ, ਜੇ ਪਰਮੇਸ਼ਰ ਦਾ ਨਾਮ ਹਿਰਦੇ ਵਿਚ ਨਹੀਂ ਤਾਂ ਪਾਪਾਂ ਦੀ ਮੈਲ ਦੂਰ ਨਹੀਂ ਹੋ ਸਕਦੀ। ਸਤਿਜੁਗ ਵਿਚ ਮਨੁੱਖ ਦੀ ਉਮਰ ਇਕ ਲੱਖ ਵਰ੍ਹੇ ਦੀ ਸੀ ਪਰ ਕਈ ਜੀਵ ਇੰਨੀ ਉਮਰ ਦੇ ਹੁੰਦਿਆਂ ਫਿਰ ਹੋਰ ਲੰਮੀ ਕਰਨ ਲਈ ਯੋਗ ਸਾਧਨਾ ਵਿਚ ਲੱਗੇ ਰਹੇ। ਤ੍ਰੇਤੇ ਵਿਚ ੧੦ ਹਜ਼ਾਰ ਸਾਲ ਉਮਰ ਸੀ। ਇਹ ਯੱਗ ਕਰਕੇ ਉਨ੍ਹਾਂ ਦੇ ਹੰਕਾਰ ਵਿਚ ਹੀ ਫਸੇ ਰਹੇ। ਦੁਆਪਰ ਵਿਚ ਹਜ਼ਾਰ ਵਰ੍ਹੇ ਦੀ ਉਮਰ ਸੀ ਪਰ ਜੀਵ ਪੂਜਾ ਕਰਨ, ਟੱਲੀਆਂ ਖੜਕਾਉਣ ਵਿਚ ਹੀ ਲੱਗੇ ਰਹੇ। ਕਲਿਜੁਗ ਵਿਚ ਉਮਰ ੧੦੦ ਵਰ੍ਹੇ ਦੀ ਭਾਵ ਸਭ ਤੋਂ ਥੋੜ੍ਹੀ ਹੈ ਤੇ ਮੱਤ ਵੀ ਥੋੜ੍ਹੀ ਹੈ। ਫੇਰ ਜੀਵ ਕੋਲ ਚਾਰੇ ਜੁਗਾਂ ਦੀ ਇਕੱਠੀ ਕੀਤੀ ਹੋਈ ਪਾਪਾਂ ਰੂਪ ਮੈਲ ਹੈ ਜਿਸ ਨਾਲ ਅੰਤਸ਼ਕਰਨ ਮੈਲੇ ਹੋ ਰਹੇ ਹਨ। ਐਸੇ ਜੀਵ ਮੈਲ ਨਾਲ ਭਰੇ ਹੀ ਸੰਸਾਰ 'ਚੋਂ ਤੁਰ ਜਾਣਗੇ ਜਿਨ੍ਹਾਂ ਦੇ ਮੁੱਖ ਵਿਚ ਪਰਮੇਸ਼ਰ ਦਾ ਨਾਮ ਨਹੀਂ ਹੋਵੇਗਾ।

## ਭਗਤੀ ਭਾਇ ਵਿਹੂਣਿਆ; ਮੁਹੁ ਕਾਲਾ ਪਤਿ ਖੋਇ ॥

ਜੋ ਭਾਇ = ਪ੍ਰੇਮਾ-ਭਗਤੀ ਤੋਂ ਵਿਹੂਣਿਆ = ਵਾਂਝੇ ਹਨ, ਉਨ੍ਹਾਂ ਦਾ ਪਰਲੋਕ ਵਿਚ ਮੁਹੁ = ਮੂੰਹ ਕਾਲਾ ਹੁੰਦਾ ਹੈ **ਵਾ**: ਕਾਲੇ ਮੂੰਹ ਵਾਲੇ ਭਿਆਨਕ ਜਮਦੂਤ ਉਨ੍ਹਾਂ ਨੂੰ ਲੈ ਕੇ ਜਾਂਦੇ ਹਨ ਅਤੇ ਉਨ੍ਹਾਂ ਦੀ ਪਤਿ = ਇੱਜ਼ਤ ਖੋਈ ਜਾਂਦੀ ਹੈ **ਵਾ**: ਉਹ ਕਾਲ ਦੇ ਮੂੰਹ ਵਿਚ ਪੈਂਦੇ ਹਨ।

## ਜਿਨੀ ਨਾਮੁ ਵਿਸਾਰਿਆ; ਅਵਗਣ ਮੁਠੀ ਰੋਇ ॥੭॥

ਜਿਨੀ = ਜਿਸ ਨੇ ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਵਿਸਾਰਿਆ = ਭੁੱਲਾ ਦਿੱਤਾ ਹੈ, ਉਹ ਜੀਵ ਰੂਪ ਇਸਤ੍ਰੀ ਅਵਗਣ = ਗੁਨਾਹਾਂ ਕਰਕੇ ਮੁਠੀ = ਲੁੱਟੀ ਗਈ ਹੈ ਤੇ ਰੋਂਦੀ ਰਹਿੰਦੀ ਹੈ **ਵਾ**: ਔਗੁਣਾਂ ਦੀ ਮੁਠੀ = ਲੁੱਟੀ ਹੋਈ ਪਰਲੋਕ ਨੂੰ ਰੋਂਦੀ ਜਾਂਦੀ ਹੈ ॥੭॥

## ਖੋਜਤ ਖੋਜਤ ਪਾਇਆ; ਡਰੁ ਕਰਿ ਮਿਲੈ ਮਿਲਾਇ ॥

ਵੇਦਾਂ ਤੇ ਸ਼ਾਸਤਰਾਂ ਨੂੰ ਖੋਜਦਿਆਂ ਸਤਿਸੰਗਤ ਵਿਚ ਖੋਜੀ ਬਣ ਕੇ ਗੁਰਾਂ ਨੂੰ ਪਾਇਆ = ਪ੍ਰਾਪਤ ਕੀਤਾ

ਹੈ। ਜਿਹੜੇ ਪਰਮੇਸ਼ਰ ਦਾ ਭੈ ਕਰਦੇ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਫਿਰ ਸਤਿਗੁਰੂ ਜੀ ਉਨ੍ਹਾਂ ਨੂੰ ਪਰਮੇਸ਼ਰ ਨਾਲ ਮਿਲਾ ਦਿੰਦੇ ਹਨ। ਜੈਸਾ ਕਿ :

**ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ ॥** *(ਮਾਰੂ ਮ: ੧, ਅੰਗ ੬੯੦)*

**ਅਥਵਾ** ਜੋ ਮੌਤ ਤੋਂ **ਵਾ:** ਅਉਗੁਣਾਂ ਤੋਂ ਡਰਦੇ ਹਨ, ਉਹ ਸਤਿਗੁਰਾਂ ਨੂੰ ਮਿਲਦੇ ਹਨ ਭਾਵ ਸਤਿਗੁਰਾਂ ਦੀ ਸ਼ਰਣ ਵਿਚ ਆ ਜਾਂਦੇ ਹਨ ਫਿਰ ਸਤਿਗੁਰੂ ਜੀ ਉਨ੍ਹਾਂ ਦੇ ਔਗੁਣਾਂ ਨੂੰ ਮੇਟ ਕੇ ਮੌਤ ਦੇ ਭੈ ਤੋਂ ਰਹਿਤ ਕਰਕੇ ਪ੍ਰਭੂ ਨਾਲ ਮਿਲਾ ਦਿੰਦੇ ਹਨ।

## ਆਪੁ ਪਛਾਣੈ ਘਰਿ ਵਸੈ; ਹਉਮੈ ਤ੍ਰਿਸਨਾ ਜਾਇ ॥

ਜੋ ਸਤਿਸੰਗਤ ਰੂਪ ਘਰ ਵਿਚ ਵਸਦੇ ਹਨ, ਉਹ ਆਪਣੇ ਆਤਮ ਸਰੂਪ ਨੂੰ ਪਛਾਣ ਲੈਂਦੇ ਹਨ **ਵਾ:** ਜੋ ਆਪਣੇ ਆਪ ਨੂੰ ਪਛਾਣ ਲੈਂਦੇ ਹਨ, ਉਹ ਸਰੂਪ ਰੂਪੀ ਘਰ ਵਿਚ ਵੱਸਦੇ ਹਨ। ਫਿਰ ਉਨ੍ਹਾਂ ਦੀ ਹਉਮੈ = ਹੰਗਤਾ ਅਤੇ ਰਸਾਂ ਕਸਾਂ **ਵਾ:** ਭੋਗਾਂ ਦੀ ਤ੍ਰਿਸ਼ਨਾ ਚਲੀ ਜਾਂਦੀ ਹੈ।

## ਨਾਨਕ ਨਿਰਮਲ ਊਜਲੇ; ਜੋ ਰਾਤੇ ਹਰਿ ਨਾਇ ॥੮॥੭॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਹ ਪੁਰਖ ਨਿਰਮਲ = ਪਾਪਾਂ ਦੀ, ਮਾਇਆ ਦੀ ਮੈਲ ਤੋਂ ਰਹਿਤ ਹਨ। ਉਨ੍ਹਾਂ ਦਾ ਹੀ ਲੋਕ ਪ੍ਰਲੋਕ ਵਿਚ ਮੁੱਖ ਉਜਲਾ ਹੁੰਦਾ ਹੈ ਜੋ ਅਕਾਲ ਪੁਰਖ ਵਾਹਿਗੁਰੂ ਦੇ ਨਾਇ = ਨਾਮ ਵਿਚ ਰਾਤੇ = ਰੰਗੇ ਹੋਏ ਹਨ **ਅਥਵਾ** ਜੋ ਨਿਰਮਲ = ਮਲ ਮਾਇਆ ਤੋਂ ਰਹਿਤ ਪਰਮੇਸ਼ਰ ਦੇ ਨਾਮ ਵਿਚ ਰੱਤੇ ਹੋਏ ਹਨ, ਉਨ੍ਹਾਂ ਦਾ ਮਨ ਉੱਜਲ ਹੋ ਜਾਂਦਾ ਹੈ **ਵਾ:** ਉਹ ਲੋਕ ਪਰਲੋਕ ਵਿਚ ਉੱਜਲ ਮੁੱਖ ਵਾਲੇ ਹੁੰਦੇ ਹਨ ॥੮॥੭॥

## ਸਿਰੀਰਾਗੁ ਮਹਲਾ ੧ ॥

ਅੰਤਰਜਾਮੀ ਸਤਿਗੁਰੂ ਜੀ ਸਰਬ ਜੀਵਾਂ ਦੀ ਕਲਿਆਣ ਕਰਨ ਲਈ ਮਨ ਦੁਆਰਾ ਉਪਦੇਸ਼ ਬਖ਼ਸ਼ਦੇ ਹੋਏ ਪਾਵਨ ਬਚਨ ਉਚਾਰਨ ਕਰਦੇ ਹਨ :

## ਸੁਣਿ ਮਨ ਭੂਲੇ ਬਾਵਰੇ; ਗੁਰ ਕੀ ਚਰਣੀ ਲਾਗੁ ॥

ਹੇ ਪਰਮੇਸ਼ਰ ਤੋਂ ਭੁੱਲੇ ਹੋਏ ਅਤੇ ਵਿਕਾਰਾਂ ਵਿਚ ਬਾਵਰੇ = ਕਮਲੇ, ਝੱਲੇ ਹੋਏ ਮਨ ! ਸੁਣਨਾ ਕਰ **ਵਾ:** ਹੇ ਮਨਾਂ ! ਸੁਣਨਾ ਕਰ, ਤੂੰ ਪਰਮੇਸ਼ਰ ਦੇ ਨਾਮ ਨੂੰ ਭੁੱਲ ਕੇ ਵਿਕਾਰਾਂ ਵਿਚ ਕਮਲਾ ਹੋਇਆ ਫਿਰਦਾ ਹੈਂ, ਜਿਥੋਂ ਤੈਨੂੰ ਕੁਝ ਵੀ ਪ੍ਰਾਪਤ ਨਹੀਂ ਹੋਵੇਗਾ। ਜੀਵਨ ਮੁਕਤੀ ਦਾ ਅਨੰਦ ਪ੍ਰਾਪਤ ਕਰਨ ਲਈ ਸਤਿਗੁਰਾਂ ਦੇ ਚਰਨਾਂ ਕਮਲਾਂ ਨਾਲ ਲੱਗਣਾ ਕਰ ਭਾਵ ਜੁੜਨਾ ਕਰ।

## ਹਰਿ ਜਪਿ ਨਾਮੁ ਧਿਆਇ ਤੂ; ਜਮੁ ਡਰਪੈ ਦੁਖ ਭਾਗੁ ॥

ਤੂੰ ਬਾਣੀ ਕਰਕੇ ਪਰਮੇਸ਼ਰ ਦਾ ਨਾਮ ਜਪਣਾ ਕਰ ਤੇ ਹਿਰਦੇ ਕਰਕੇ ਉਸ ਪਰਮੇਸ਼ਰ ਨੂੰ ਧਿਆਉਣਾ ਕਰ, ਫਿਰ ਤੇਰੇ ਸਾਰੇ ਦੁਖ ਭਾਗੁ = ਭੱਜ ਜਾਣਗੇ ਭਾਵ ਨਾਸ ਹੋ ਜਾਣਗੇ ਤੇ ਜਮ ਵੀ ਤੇਰੇ ਕੋਲੋਂ ਡਰਪੈ = ਭੈ ਖਾਵੇਗਾ **ਵਾ:** ਜਮ ਜੋ ਦੁੱਖ ਦੇਣ ਵਾਲਾ ਹੈ, ਉਹ ਵੀ ਡਰ ਕੇ ਭੱਜ ਜਾਵੇਗਾ।

## ਦੂਖੁ ਘਣੋ ਦੋਹਾਗਣੀ; ਕਿਉ ਥਿਰੁ ਰਹੈ ਸੁਹਾਗੁ ॥੧॥

ਜਿਵੇਂ ਦੋਹਾਗਣੀ = ਛੁੱਟੜ ਇਸਤ੍ਰੀ ਹੁੰਦੀ ਹੈ ਜਿਸ ਨੂੰ ਔਗੁਣਾਂ ਕਰਕੇ ਪਤੀ ਛੱਡ ਦਿੰਦਾ ਹੈ, ਫਿਰ

ਉਹਨਾਂ ਨੂੰ ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ। ਇਸੇ ਤਰ੍ਹਾਂ ਜਿਨ੍ਹਾਂ ਨੇ ਸਤਿਗੁਰਾਂ ਦੇ ਉਪਦੇਸ਼ ਨੂੰ ਸੁਣ ਕੇ ਉਸ ਦੀ ਕਮਾਈ ਨਹੀਂ ਕੀਤੀ, ਉਪਦੇਸ਼ ਹਿਰਦੇ ਵਿਚ ਧਾਰਨ ਨਹੀਂ ਕੀਤਾ, ਉਹ ਜੀਵ ਛੁੱਟੜ ਇਸਤ੍ਰੀਆਂ ਦੀ ਨਿਆਈਂ ਹਨ। ਉਨ੍ਹਾਂ ਨੂੰ ਲੋਕ ਪਰਲੋਕ ਵਿਚ ਘਣੋ = ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ **ਵਾ:** ਜੰਮਣ ਮਰਣ ਦਾ ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ। ਐਸੇ ਜੀਵਾਂ ਦਾ ਜੋ ਸੁਹਾਗੁ = ਅਨੰਦ ਹੈ, ਉਹ ਕਿਵੇਂ ਥਿਰੁ = ਇਸਥਿਤ ਰਹਿ ਸਕਦਾ ਹੈ ਭਾਵ ਨਹੀਂ ਰਹਿ ਸਕਦਾ॥੧॥

**[ਅੰਗ ੫੮]**

## ਭਾਈ ਰੇ; ਅਵਰੁ ਨਾਹੀ ਮੈ ਥਾਉ ॥

ਹੇ ਭਾਈ! ਮੈਨੂੰ ਤਾਂ ਇਕ ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਥਾਉ = ਟਿਕਾਣਾ ਨਹੀਂ ਹੈ। ਉਸ ਦੇ ਸਰੂਪ ਤੋਂ ਬਿਨਾਂ ਹੋਰ ਕਿਹੜੇ ਸਰੂਪ ਦੀ ਓਟ ਰੱਖੀਏ ਕਿਉਂਕਿ ਉਸ ਤੋਂ ਵੱਡਾ ਕੋਈ ਹੋਰ ਹੈ ਹੀ ਨਹੀਂ।

## ਮੈ ਧਨੁ ਨਾਮੁ ਨਿਧਾਨੁ ਹੈ; ਗੁਰਿ ਦੀਆ ਬਲਿ ਜਾਉ ॥੧॥ਰਹਾਉ॥

ਮੈ = ਮੇਰੇ ਕੋਲ ਸਤਿਗੁਰਾਂ ਦਾ ਦਿੱਤਾ ਹੋਇਆ ਨਾਮ ਦਾ ਨਿਧਾਨੁ = ਖ਼ਜ਼ਾਨਾ ਹੈ। ਐਸੇ ਸਤਿਗੁਰਾਂ ਤੋਂ ਬਲਿ = ਬਲਿਹਾਰ ਕੁਰਬਾਨ ਜਾਣਾ ਕਰੀਏ, ਜਿਨ੍ਹਾਂ ਨੇ ਇਹ ਖ਼ਜ਼ਾਨਾ ਬਖ਼ਸ਼ਿਆ ਹੈ॥੧॥ਰਹਾਉ॥

## ਗੁਰਮਤਿ ਪਤਿ ਸਾਬਾਸਿ ਤਿਸੁ; ਤਿਸ ਕੈ ਸੰਗਿ ਮਿਲਾਉ ॥

ਜਿਸ ਦੇ ਅੰਦਰ ਸਤਿਗੁਰਾਂ ਦੀ ਮਤਿ = ਸਿੱਖਿਆ ਪ੍ਰਾਪਤ ਹੋਈ ਹੈ, ਉਸ ਦੀ ਇਸ ਲੋਕ ਵਿਚ ਪਤਿ = ਇੱਜ਼ਤ ਹੁੰਦੀ ਹੈ ਅਤੇ ਪਰਲੋਕ ਵਿਚ ਵੀ ਉਸ ਦਾ ਸਾਬਾਸਿ = ਧੰਨਵਾਦ ਕੀਤਾ ਜਾਂਦਾ ਹੈ **ਵਾ:** ਉਸ ਨੂੰ ਸਾਬਾਸਿ = ਧੰਨ ਧੰਨ ਆਖਿਆ ਜਾਂਦਾ ਹੈ ਕਿਉਂਕਿ ਉਹ ਧੰਨਤਾ ਦੇ ਯੋਗ ਹਨ। ਹੇ ਸੱਚੇ ਪਾਤਸ਼ਾਹ! ਐਸੇ ਜੋ ਗੁਰਮੁਖ ਹਨ, ਉਹਨਾਂ ਦੇ ਸੰਗ ਵਿਚ ਮਿਲਾਉਣਾ ਕਰੋ **ਅਥਵਾ** ਜਿਨ੍ਹਾਂ ਨੂੰ ਗੁਰਮਤ ਦੀ ਪ੍ਰਾਪਤੀ ਹੁੰਦੀ ਹੈ, ਉਹ ਵਿਸ਼ਿਆਂ ਤੋਂ ਨਿਰਬਿਕਾਰ ਜੀਵਨ ਹੋਣ ਕਰਕੇ ਪਤਿ = ਇੱਜ਼ਤ ਵਾਲੇ ਹਨ ਅਤੇ ਉਹੀ ਦੈਵੀ ਗੁਣਾਂ ਦੇ ਧਾਰਨੀ ਹੋ ਕੇ ਅਭਿਮਾਨ ਤੋਂ ਰਹਿਤ ਹੋਣ ਕਰਕੇ ਸਾਬਾਸਿ = ਧੰਨਤਾ ਦੇ ਯੋਗ ਹਨ। ਐਸੇ ਗੁਰੂ ਦੀ ਮਤਿ ਨੂੰ ਧਾਰਨ ਕਰਨ ਵਾਲੇ ਜੋ ਗੁਰਮੁਖ ਹਨ, ਉਨ੍ਹਾਂ ਦੀ ਸੰਗਤ ਵਿਚ ਸਾਨੂੰ ਮਿਲਾਉਣਾ ਕਰੋ।

## ਤਿਸੁ ਬਿਨੁ ਘੜੀ ਨ ਜੀਵਊ; ਬਿਨੁ ਨਾਵੈ ਮਰਿ ਜਾਉ ॥

ਐਸੇ ਪ੍ਰਭੂ ਦੇ ਪਿਆਰਿਆਂ ਤੋਂ ਬਿਨਾਂ ਘੜੀ ਮਾਤਰ ਵੀ ਸਾਡਾ ਜਿਊਣਾ ਨਹੀਂ ਹੁੰਦਾ **ਵਾ:** ਤਿਸੁ = ਉਸ ਪਰਮੇਸ਼ਰ ਤੋਂ ਬਿਨਾਂ ਇਕ ਘੜੀ ਵੀ ਜੀਅ ਨਹੀਂ ਸਕਦੇ, ਨਾਮ ਤੋਂ ਬਿਨਾਂ ਤਾਂ ਸਾਡਾ ਮਰ ਜਾਣਾ ਹੁੰਦਾ ਹੈ। ਜੈਸਾ ਕਿ :

**ਆਖਾ ਜੀਵਾ ਵਿਸਰੈ ਮਰਿ ਜਾਉ ॥** *(ਆਸਾ ਮ: ੧, ਅੰਗ ੯)*

## ਮੈ ਅੰਧੁਲੇ ਨਾਮੁ ਨ ਵੀਸਰੈ; ਟੇਕ ਟਿਕੀ ਘਰਿ ਜਾਉ ॥੨॥

ਜਿਸ ਪ੍ਰਕਾਰ ਅੰਧੁਲੇ = ਅੰਨ੍ਹੇ ਪੁਰਸ਼ ਦੇ ਹੱਥ ਵਿਚ ਸੋਟੀ ਹੁੰਦੀ ਹੈ, ਉਹ ਉਸ ਸੋਟੀ ਦੀ ਟੇਕ ਨੂੰ ਟਿਕਾ ਕੇ ਉਸ ਦਾ ਆਸਰਾ ਲੈ ਕੇ ਟੋਇਆਂ, ਨਾਲੀਆਂ, ਪੱਥਰਾਂ ਆਦਿ ਨੂੰ ਟੋਹ ਕੇ ਚੱਲਦਾ ਹੈ ਤੇ ਆਪਣੇ ਘਰ ਪਹੁੰਚ ਜਾਂਦਾ ਹੈ **ਅਥਵਾ** ਇਸ ਪ੍ਰਕਾਰ ਹੇ ਸੱਚੇ ਪਾਤਸ਼ਾਹ! ਅਸੀਂ ਵੈਰਾਗ-ਬਿਬੇਕ ਰੂਪ ਨੇਤਰਾਂ ਤੋਂ ਅੰਨ੍ਹੇ ਹਾਂ। ਪਰੋਖ-ਅਪਰੋਖ ਗਿਆਨ ਤੋਂ ਹੀਣੇ ਹਾਂ। ਸਾਨੂੰ ਨਾਮ ਸੋਟੀ ਦੀ ਨਿਆਈਂ ਹੈ। ਇਸ ਕਰਕੇ ਕਦੇ ਵੀ ਸਾਨੂੰ ਨਾਮ ਨਾ ਭੁੱਲੇ। ਇਸ ਨਾਮ ਦੀ ਹੀ ਟੇਕ ਟਿਕਾ ਕੇ ਭਾਵ ਨਾਮ ਦੇ ਆਸਰੇ ਸੰਸਾਰ ਵਿਚ ਭਗਤੀ ਮਾਰਗ 'ਤੇ ਚੱਲਦੇ ਹਾਂ। ਇਸ ਨਾਮ ਦੇ ਆਸਰੇ ਹੀ ਆਪਣੇ ਸਰੂਪ ਰੂਪੀ ਘਰ ਵਿਚ ਪਹੁੰਚ ਸਕਦੇ ਹਾਂ॥੨॥

## ਗੁਰੂ ਜਿਨਾ ਕਾ ਅੰਧੁਲਾ; ਚੇਲੇ ਨਾਹੀ ਠਾਉ ॥

ਜਿਨ੍ਹਾਂ ਦਾ ਗੁਰੂ ਹੀ ਅੰਧੁਲਾ = ਅੰਨ੍ਹਾ ਹੈ ਭਾਵ ਗੁਰੂ ਦੇ ਮਨ, ਬੁੱਧ ਰੂਪ ਨੇਤਰਾਂ ਵਿਚ ਗਿਆਨ ਦਾ ਪ੍ਰਕਾਸ਼ ਨਹੀਂ, ਉਹ ਅੰਨ੍ਹਾ ਹੈ। ਉਨ੍ਹਾਂ ਦੇ ਚੇਲਿਆਂ ਨੂੰ ਸਰੂਪ ਰੂਪ ਠਾਉ = ਥਾਂ ਪ੍ਰਾਪਤ ਨਹੀਂ ਹੋ ਸਕਦੀ ਕਿਉਂਕਿ ਅੰਨ੍ਹਾ ਪੁਰਸ਼ ਕਿਸੇ ਨੂੰ ਸਹੀ ਮਾਰਗ ਨਹੀਂ ਦੱਸ ਸਕਦਾ। ਅੰਨ੍ਹਿਆਂ ਬਾਰੇ ਸਤਿਗੁਰੂ ਦੱਸਦੇ ਹਨ ਕਿ ਅੰਨ੍ਹੇ ਕੌਣ ਹਨ। ਜੈਸਾ ਕਿ :

**ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥**
**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥੧॥** *(ਵਾਰ ਰਾਮਕਲੀ, ਮ: ੨, ਅੰਗ ੯੫੪)*

ਜੋ ਪਰਮੇਸ਼ਰ ਤੋਂ ਬੇਮੁਖ ਹਨ, ਉਨ੍ਹਾਂ ਨੂੰ ਅੰਨ੍ਹੇ ਕਿਹਾ ਹੈ। ਜਿਨ੍ਹਾਂ ਕੋਲ ਸੰਸਾਰੀ ਨੇਤ੍ਰ ਭਾਵੇਂ ਨਹੀਂ ਹਨ ਪਰ ਪ੍ਰਭੂ ਦੇ ਚਰਨਾਂ ਨਾਲ ਜੁੜੇ ਹੋਏ ਹਨ, ਉਹ ਅੰਨ੍ਹੇ ਨਹੀਂ ਹਨ। ਇਸ ਪ੍ਰਕਾਰ ਜਿਹੜਾ ਪਾਖੰਡੀ ਗੁਰੂ ਆਪ ਵੈਰਾਗ ਬਿਬੇਕ ਦੇ ਨੇਤਰਾਂ ਤੋਂ ਹੀਣਾ ਹੋਣ ਕਰਕੇ ਅੰਨ੍ਹਾ ਹੈ, ਉਸ ਦੇ ਚੇਲਿਆਂ ਨੂੰ ਸੱਚਖੰਡ ਰੂਪ ਥਾਂ ਪ੍ਰਾਪਤ ਨਹੀਂ ਹੋ ਸਕਦੀ।

## ਬਿਨੁ ਸਤਿਗੁਰ ਨਾਉ ਨ ਪਾਈਐ; ਬਿਨੁ ਨਾਵੈ ਕਿਆ ਸੁਆਉ ॥

ਸਤਿਗੁਰਾਂ ਤੋਂ ਬਿਨਾਂ ਜੀਵ ਨੂੰ ਨਾਮ ਪ੍ਰਾਪਤ ਨਹੀਂ ਹੋ ਸਕਦਾ, ਕਿਉਂਕਿ ਸਤਿਗੁਰੂ ਜੀ ਅਕਾਲ ਪੁਰਖ ਦਾ ਸਰੂਪ ਹਨ। ਜੈਸਾ ਕਿ :

**ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥੧੦॥** *(ਮਾਰੂ ਮ: ੧, ਅੰਗ ੧੦੪੩)*

ਨਾਮ ਦੀ ਦਾਤ ਸਤਿਗੁਰਾਂ ਤੋਂ ਹੀ ਪ੍ਰਾਪਤ ਹੋ ਸਕਦੀ ਹੈ, ਕਿਸੇ ਪਖੰਡੀ ਤੋਂ ਨਹੀਂ। ਨਾਮ ਪ੍ਰਾਪਤ ਕੀਤੇ ਤੋਂ ਬਿਨਾਂ ਦੁਨੀਆਂ ਵਿਚ ਆਉਣ ਦਾ ਕੀ ਸੁਆਉ = ਪ੍ਰਯੋਜਨ, ਲਾਭ ਹੈ ਭਾਵ ਨਾਮ ਤੋਂ ਬਿਨਾਂ ਸੰਸਾਰ ਵਿਚ ਆਉਣਾ ਵਿਅਰਥ ਹੈ **ਵਾ:** ਪ੍ਰਭੂ ਦੇ ਨਾਮ ਤੋਂ ਬਿਨਾਂ ਆਤਮਾਨੰਦ ਦਾ ਸੁਆਉ = ਸੁਆਦ ਰਸ ਕਿਵੇਂ ਆ ਸਕਦਾ ਹੈ ਭਾਵ ਨਹੀਂ ਆ ਸਕਦਾ **ਵਾ:** ਨਾਮ ਤੋਂ ਬਿਨਾਂ ਪਰਮ ਪ੍ਰਯੋਜਨ ਦੀ ਸਿੱਧੀ, ਪਰਮਾਨੰਦ ਦੀ ਪ੍ਰਾਪਤੀ ਸੰਸਾਰ ਦੁੱਖ ਦੀ ਨਵਿਰਤੀ ਰੂਪ ਸੁਆਉ = ਪ੍ਰਯੋਜਨ ਕੀ ਸਿੱਧ ਹੋ ਸਕਦਾ ਹੈ ਭਾਵ ਨਹੀਂ ਹੋ ਸਕਦਾ।

## ਆਇ ਗਇਆ ਪਛੁਤਾਵਣਾ; ਜਿਉ ਸੁੰਞੈ ਘਰਿ ਕਾਉ ॥੩॥

ਸੰਸਾਰ ਵਿਚ ਜਨਮ ਧਾਰ ਕੇ ਜੀਵ ਆਇਆ ਪਰ ਨਾਮ ਨਾ ਜਪਣ ਕਰਕੇ ਨਾਮ ਦੀ ਪ੍ਰਾਪਤੀ ਤੋਂ ਹੀਣਾ ਸੰਸਾਰ ਵਿੱਚੋਂ ਪ੍ਰਲੋਕ ਨੂੰ ਇਸ ਤਰ੍ਹਾਂ ਪਛੁਤਾਉਂਦਾ ਚਲਾ ਜਾਂਦਾ ਹੈ ਜਿਸ ਤਰ੍ਹਾਂ ਸੁੰਞੈ = ਖ਼ਾਲੀ ਘਰ ਵਿੱਚੋਂ ਕਾਂ ਭੁੱਖਾ ਹੀ ਤੁਰ ਜਾਂਦਾ ਹੈ, ਕਿਉਂਕਿ ਸੁੰਞੇ ਘਰ ਵਿਚ ਕਾਂ ਬੱਚਿਆਂ ਕੋਲੋਂ ਟੁਕੜੇ ਨਹੀਂ ਖੋਹ ਸਕਦਾ ਕਿਉਂਕਿ ਉਥੇ ਬੱਚੇ ਹੈ ਹੀ ਨਹੀਂ। ਇਸ ਪ੍ਰਕਾਰ ਜੀਵ ਨੇ ਵੈਰਾਗ ਬਿਬੇਕ ਰੂਪ ਬੱਚਿਆਂ ਪਾਸੋਂ ਸ਼ੁਭ ਗੁਣਾਂ ਰੂਪ ਟੁੱਕੜ ਪ੍ਰਾਪਤ ਕਰਨਾ ਸੀ ਪਰ ਇਹ ਸਾਰੀ ਉਮਰ ਕੁਸੰਗਤ ਵਿਕਾਰਾਂ ਵਾਲੀਆਂ ਨਾਮ ਤੋਂ ਖ਼ਾਲੀ ਥਾਵਾਂ 'ਤੇ ਹੀ ਫਿਰਦਾ ਰਿਹਾ ਤੇ ਅੰਤ ਨੂੰ ਸੰਸਾਰ ਵਿੱਚੋ ਪਛੁਤਾਉਂਦਾ ਹੋਇਆ ਸੰਸਾਰ ਰੂਪੀ ਘਰ ਵਿੱਚੋਂ ਖ਼ਾਲੀ ਤੁਰ ਜਾਂਦਾ ਹੈ ਜਿਵੇਂ ਖ਼ਾਲੀ ਘਰ ਵਿੱਚੋਂ ਭੁੱਖਾ ਕਾਂ ਤੁਰ ਜਾਂਦਾ ਹੈ ॥੩॥

## ਬਿਨੁ ਨਾਵੈ ਦੁਖੁ ਦੇਹੁਰੀ; ਜਿਉ ਕਲਰ ਕੀ ਭੀਤਿ ॥

ਪਰਮੇਸ਼ਰ ਦੇ ਨਾਮ ਤੋਂ ਬਿਨਾਂ ਇਸ ਦੇਹੁਰੀ = ਮਨੁੱਖਾ ਦੇਹੀ **ਵਾ:** ਬੁੱਧੀ ਵਿਚ ਸਦਾ ਦੁੱਖ ਬਣਿਆ ਰਹਿੰਦਾ ਹੈ। ਇਸ ਦੀ ਹਾਲਤ ਕੱਲਰ ਕੀ = ਦੀ ਭੀਤਿ = ਕੰਧ ਵਰਗੀ ਹੋ ਰਹੀ ਹੈ। ਜਿਸ ਤਰ੍ਹਾਂ ਕੱਲਰ ਦੀ ਕੰਧ ਕਿਰਦੀ ਰਹਿੰਦੀ ਹੈ ਤੇ ਕਿਰ ਕਿਰ ਕੇ ਟੁੱਟਦੀ ਰਹਿੰਦੀ ਹੈ, ਇਸੇ ਤਰ੍ਹਾਂ ਵਿਸ਼ੇ ਰੂਪ **ਵਾ:** ਨਿਸ਼ਰਧਕਪੁਣੇ ਰੂਪ ਕੱਲਰ

ਕਰਕੇ ਇਹ ਦੇਹ ਟੁੱਟਦੀ ਹੀ ਜਾਂਦੀ ਹੈ। ਬੁੱਧੀ ਜਿਹੜੀ ਹੈ ਉਹ ਪ੍ਰਮਾਰਥ ਵੱਲੋਂ ਡਿਗਦੀ ਜਾ ਰਹੀ ਹੈ। ਇਸ ਪ੍ਰਕਾਰ ਕੱਲਰ ਦੀ ਨਿਆਈਂ ਨਿਸ਼ਰਧਕ ਸਾਕਤ ਪੁਰਸ਼ਾਂ ਦੀ ਦੇਹ ਹੈ। ਉਹ ਸਦਾ ਹੀ ਬਿਨਾਂ ਨਿਸਚੇ ਤੋਂ ਵਰਤਦੇ ਹਨ। ਅਖ਼ੀਰ ਕਿਰਦੇ ਕਿਰਦੇ ਭਾਵ ਹਰ ਰੋਜ਼ ਸੁਆਸਾਂ ਦੀ ਗਿਣਤੀ ਘਟਦੀ ਜਾਂਦੀ ਹੈ ਅਤੇ ਅੰਤ ਨੂੰ ਇਹ ਦੇਹ ਡਿੱਗ ਪੈਂਦੀ ਹੈ ਤੇ ਸਰੀਰ ਦਾ ਅੰਤ ਹੋ ਜਾਂਦਾ ਹੈ।

## ਤਬ ਲਗੁ ਮਹਲੁ ਨ ਪਾਈਐ; ਜਬ ਲਗੁ ਸਾਚੁ ਨ ਚੀਤਿ ॥

ਤਬ = ਤਦੋਂ ਲਗੁ = ਤੱਕ ਮਹਲੁ = ਸਰੂਪ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਬ = ਜਦੋਂ ਲਗੁ = ਤੱਕ ਸੱਚਾ ਨਾਮ ਚਿੱਤ ਵਿਚ ਨਹੀਂ ਵਸਿਆ। ਜਦੋਂ ਸੱਚੇ ਪਰਮੇਸ਼ਰ ਦਾ ਨਾਮ ਚਿੱਤ ਵਿਚ ਵੱਸ ਗਿਆ, ਉਦੋਂ ਸਰੂਪ ਦੀ ਪ੍ਰਾਪਤੀ ਹੋ ਜਾਵੇਗੀ।

## ਸਬਦਿ ਰਪੈ ਘਰੁ ਪਾਈਐ; ਨਿਰਬਾਣੀ ਪਦੁ ਨੀਤਿ ॥੪॥

ਜੋ ਜਗਿਆਸੂ ਸਤਿਗੁਰਾਂ ਦੇ ਸ਼ਬਦ ਵਿਚ ਚਿੱਤ ਨੂੰ ਰਪੈ = ਰੰਗ ਲੈਂਦਾ ਹੈ, ਜਿਸ ਦੇ ਚਿੱਤ ਨੂੰ ਪ੍ਰੇਮ ਰੂਪੀ ਰੰਗ ਚੜ੍ਹ ਜਾਂਦਾ ਹੈ ਭਾਵ ਸ਼ਬਦ ਦਾ ਅਨੰਦ ਆ ਜਾਂਦਾ ਹੈ, ਉਹ ਫਿਰ ਆਤਮ ਘਰੁ = ਸਰੂਪ ਨੂੰ ਪਾਈਐ = ਪ੍ਰਾਪਤ ਕਰ ਲੈਂਦਾ ਹੈ ਅਤੇ ਨੀਤਿ = ਨਿਤ ਰਹਿਣ ਵਾਲੀ ਨਿਰਬਾਣੀ = ਬੰਧਨਾਂ ਤੋਂ ਰਹਿਤ ਪਦੁ = ਪਦਵੀ ਵਿਚ ਇਸਥਿਤ ਹੋ ਜਾਂਦਾ ਹੈ **ਵਾ:** ਗੁਰਾਂ ਦੇ ਸ਼ਬਦ ਵਿਚ ਆਪਣੇ ਮਨ ਨੂੰ ਰੰਗ ਕੇ ਨਿੱਤ ਰਹਿਣ ਵਾਲੇ ਨਿਰਬਾਣੀ = ਬੰਧਨਾਂ ਤੋਂ ਰਹਿਤ ਨਿਰਗੁਣ ਪਰਮੇਸ਼ਰ ਦੇ ਨਿਰਗੁਣ ਘਰੁ = ਸਰੂਪ ਵਿਚ ਅਭੇਦਤਾ ਰੂਪ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ॥੪॥

## ਹਉ ਗੁਰ ਪੂਛਉ ਆਪਣੇ; ਗੁਰ ਪੁਛਿ ਕਾਰ ਕਮਾਉ ॥

ਹਉ = ਅਸੀਂ ਆਪਣੇ ਅਕਾਲ ਪੁਰਖ ਸਤਿਗੁਰੂ ਨੂੰ ਪੂਛਉ = ਪੁੱਛਦੇ ਹਾਂ ਤੇ ਗੁਰੂ ਸਾਹਿਬ ਜੀ ਨੂੰ ਪੁੱਛ ਕੇ ਭਾਵ ਗੁਰੂ ਦੀ ਆਗਿਆ ਵਿਚ ਰਹਿ ਕੇ ਭਗਤੀ ਰੂਪ ਕਾਰ ਨੂੰ ਕਮਾਉ = ਕਮਾਉਂਦੇ ਹਾਂ।

## ਸਬਦਿ ਸਲਾਹੀ ਮਨਿ ਵਸੈ; ਹਉਮੈ ਦੁਖੁ ਜਲਿ ਜਾਉ ॥

ਸਤਿਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰਨ ਨਾਲ ਨਾਮ ਮਨ ਵਿੱਚ ਵਸ ਜਾਵੇਗਾ। ਫਿਰ ਜੋ ਹਉਮੈ = ਹੰਗਤਾ, ਮਮਤਾ, ਜੰਮਣ, ਮਰਣ ਰੂਪ ਦੁੱਖ ਦੇਣ ਵਾਲੀ ਹੈ, ਇਹ ਵੀ ਨਾਮ ਰੂਪ ਅੱਗ ਕਰਕੇ ਸੜ ਜਾਵੇਗੀ। ਫਿਰ ਮੁੜ ਕੇ ਸੰਸਾਰ ਵਿਚ ਜੰਮਣਾ, ਮਰਣਾ ਨਹੀਂ ਹੋਵੇਗਾ। ਕਿਉਂਕਿ ਜੀਵ ਹਉਮੈ ਕਰਕੇ ਹੀ ਜੰਮਦਾ ਮਰਦਾ ਹੈ ਤੇ ਪ੍ਰਭੂ ਨਾਮ ਇਸ ਦੁੱਖ ਦੇਣ ਵਾਲੀ ਹਉਮੈ ਨੂੰ ਸਾੜ ਕੇ ਸੁਆਹ ਕਰ ਦਿੰਦਾ ਹੈ।

## ਸਹਜੇ ਹੋਇ ਮਿਲਾਵੜਾ; ਸਾਚੇ ਸਾਚਿ ਮਿਲਾਉ ॥੫॥

ਸੱਚੇ ਪਰਮੇਸ਼ਰ ਦੇ ਸੱਚੇ ਨਾਮ ਦੇ ਮਿਲਣ ਕਰਕੇ ਸਹਜ = ਸਰੂਪ ਦਾ **ਵਾ:** ਸਹਜੇ = ਗਿਆਨ ਕਰਕੇ **ਵਾ:** ਸਹਜੇ = ਸੁਤੇ-ਸਿੱਧ ਪ੍ਰਭੂ ਦਾ ਮਿਲਾਵੜਾ = ਮਿਲਾਪ ਹੋ ਜਾਵੇਗਾ **ਅਥਵਾ** ਜਿਹੜੇ ਸੱਚੇ ਸ਼ਰਧਾਵਾਨ ਜਗਿਆਸੂ ਹਨ, ਉਨ੍ਹਾਂ ਦਾ ਸ੍ਰਵਣ ਨਾਲ ਮਿਲਾਪ ਹੁੰਦਾ ਹੈ। ਜਿਨ੍ਹਾਂ ਦਾ ਸ੍ਰਵਣ ਨਾਮ ਮਿਲਾਪ ਹੁੰਦਾ ਹੈ, ਉਨ੍ਹਾਂ ਦਾ ਪ੍ਰਮਾਣਗਤ ਸੰਸਾ ਮਿਟ ਜਾਂਦਾ ਹੈ। ਫੇਰ ਜਿਹੜੇ ਸੱਚੇ ਸਿੱਖ ਮੰਨਣ ਕਰਨ ਵਾਲੇ ਹਨ, ਉਨ੍ਹਾਂ ਦਾ ਸੱਚ ਸਰੂਪ ਦਾ ਨਿਧਿਆਸਣ ਨਾਲ ਮਿਲਾਪ ਹੋ ਕੇ ਪ੍ਰਮੇਯ ਸੰਸਾ ਤੇ ਵਿਪਰਜੇ ਸੰਸਾ ਨਾਸ ਹੋ ਜਾਂਦਾ ਹੈ। ਇਉਂ ਸੱਚੇ ਸਰੂਪ ਦੇ ਗਿਆਨ ਕਰਕੇ ਸੱਚੇ ਪਰਮੇਸ਼ਰ ਦੀ ਸਾਖਿਆਤਤਾ ਰੂਪ ਮਿਲਾਪ ਹੁੰਦਾ ਹੈ॥੫॥

## ਸਬਦਿ ਰਤੇ ਸੇ ਨਿਰਮਲੇ; ਤਜਿ ਕਾਮ ਕ੍ਰੋਧੁ ਅਹੰਕਾਰੁ ॥

ਜਿਨ੍ਹਾਂ ਨੇ ਵਸਤ ਵਿਚਾਰ ਦੁਆਰਾ ਕਾਮ, ਸ਼ਾਂਤੀ ਦੁਆਰਾ ਕ੍ਰੋਧ ਅਤੇ ਨਿਮਰਤਾ ਨਾਲ ਅਹੰਕਾਰ ਨੂੰ ਤਜਿ = ਛੱਡ ਕੇ ਆਪਣੇ ਮਨ ਨੂੰ ਸਤਿਗੁਰਾਂ ਦੇ ਸ਼ਬਦ ਨਾਲ ਰਤੇ = ਰੰਗ ਲਿਆ ਹੈ, ਸੇ = ਉਹ ਪਾਪਾਂ ਦੀ ਮੈਲ ਤੋਂ ਰਹਿਤ ਨਿਰਮਲੇ = ਉੱਜਲ ਪੁਰਖ ਹਨ **ਅਥਵਾ** ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਤਿਆਗ ਕੇ ਸ਼ਬਦ ਵਿਚ ਆਪਣੇ ਮਨ ਨੂੰ ਰੰਗਦੇ ਹਨ, ਉਹ ਨਿਰਮਲੇ = ਪਾਪਾਂ ਦੀ ਮੈਲ ਤੋਂ ਰਹਿਤ ਹੋ ਜਾਂਦੇ ਹਨ।

## ਨਾਮੁ ਸਲਾਹਨਿ ਸਦ ਸਦਾ; ਹਰਿ ਰਾਖਹਿ ਉਰ ਧਾਰਿ ॥

ਉਹ ਵਿਕਾਰਾਂ ਨੂੰ ਮੇਟਣ ਵਾਸਤੇ ਸਦਾ ਹੀ ਨਾਮ ਨੂੰ ਸਲਾਹੁੰਦੇ ਰਹਿੰਦੇ ਹਨ ਅਤੇ ਸਦਾ ਹੀ ਹਰਿ = ਪਰਮੇਸ਼ਰ ਨੂੰ ਉਰ = ਹਿਰਦੇ ਵਿਚ ਧਾਰਿ = ਧਾਰਨ ਕਰਕੇ ਰੱਖਦੇ ਹਨ, ਫਿਰ ਉਨ੍ਹਾਂ ਨੂੰ ਸਦਾ ਰਹਿਣ ਵਾਲੇ ਪਰਮੇਸ਼ਰ ਦੀ ਸਦਾ ਵਾਸਤੇ ਸਾਖਿਆਤਤਾ ਹੋ ਜਾਂਦੀ ਹੈ।

## ਸੋ ਕਿਉ ਮਨਹੁ ਵਿਸਾਰੀਐ; ਸਭ ਜੀਆ ਕਾ ਆਧਾਰੁ ॥੬॥

ਐਸੇ ਪਰਮੇਸ਼ਰ ਨੂੰ ਮਨ ਵਿੱਚੋਂ ਕਿਉਂ ਵਿਸਾਰੀਐ = ਭੁਲਾਉਣਾ ਕਰੀਏ, ਜੋ ਸਭ = ਸਾਰੇ ਜੀਆ = ਜੀਵਾਂ ਦਾ ਆਧਾਰੁ = ਆਸਰਾ ਰੂਪ ਹੈ ॥੬॥

## ਸਬਦਿ ਮਰੈ ਸੋ ਮਰਿ ਰਹੈ; ਫਿਰਿ ਮਰੈ ਨ ਦੂਜੀ ਵਾਰ ॥

ਜਿਹੜਾ ਪੁਰਸ਼ ਸਤਿਗੁਰਾਂ ਦੇ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰਦਾ ਹੈ, ਉਹ ਮਰਿ ਰਹੈ = ਮਰਨ ਤੋਂ ਰਹਿਤ ਹੋ ਜਾਂਦਾ ਹੈ। ਜਦੋਂ ਇਕ ਵਾਰ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰ ਗਿਆ, ਫਿਰ ਕਦੇ ਦੂਜੀ ਵਾਰ ਮਰਨਾ ਨਹੀਂ ਹੁੰਦਾ **ਵਾ:** ਦਵੈਤ ਕਰਕੇ ਸੰਸਾਰ ਵਿਚ ਜੰਮਣਾ ਮਰਨਾ ਹੁੰਦਾ ਹੈ। ਜਦੋਂ ਦੂਜੀ = ਦਵੈਤ ਨੂੰ ਹੀ ਵਾਰ = ਵਰਜ ਦਿੱਤਾ ਭਾਵ ਦੂਰ ਕਰ ਦਿੱਤਾ ਤਾਂ ਫਿਰ ਉਨ੍ਹਾਂ ਦਾ ਦੁਬਾਰਾ ਮਰਨਾ ਨਹੀਂ ਹੁੰਦਾ। ਉਹ ਇੱਕੋ ਵਾਰ ਹੀ ਜੀਵਤ ਭਾਵ ਤੋਂ ਮਰ ਜਾਂਦੇ ਹਨ। ਜੈਸਾ ਕਿ :

**ਏਕਹਿ ਆਵਨ ਫਿਰਿ ਜੋਨਿ ਨ ਆਇਆ ॥ ਨਾਨਕ ਹਰਿ ਕੈ ਦਰਸਿ ਸਮਾਇਆ ॥**

*(ਗਉੜੀ ਮ: ੫, ਅੰਗ ੨੫੨)*

## ਸਬਦੈ ਹੀ ਤੇ ਪਾਈਐ; ਹਰਿ ਨਾਮੇ ਲਗੈ ਪਿਆਰੁ ॥

ਸਤਿਗੁਰਾਂ ਦੇ ਸ਼ਬਦ ਦੀ ਕਮਾਈ ਕਰਕੇ ਹੀ ਜੰਮਣ ਮਰਨ ਤੋਂ ਰਹਿਤ ਅਨੰਦ ਸਰੂਪ ਪ੍ਰਭੂ ਨੂੰ ਪ੍ਰਾਪਤ ਕਰੀਦਾ ਹੈ, ਕਿਉਂਕਿ ਸਤਿਗੁਰਾਂ ਦੇ ਸ਼ਬਦ ਉਪਦੇਸ਼ ਦੁਆਰਾ ਹੀ ਹਰਿ = ਪਰਮੇਸ਼ਰ ਦੇ ਨਾਮ ਨਾਲ ਪਿਆਰ ਲੱਗਦਾ ਹੈ।

## ਬਿਨੁ ਸਬਦੈ ਜਗੁ ਭੂਲਾ ਫਿਰੈ; ਮਰਿ ਜਨਮੈ ਵਾਰੋ ਵਾਰ ॥੭॥

ਸ਼ਬਦ ਦੀ ਕਮਾਈ ਤੋਂ ਬਿਨਾਂ ਸਾਰਾ ਸੰਸਾਰ ਅਗਿਆਤ ਹੋ ਕੇ ਭਰਮ ਵਿਚ ਹੀ ਭੁੱਲਿਆ ਫਿਰਦਾ ਹੈ ਤੇ ਮੌਤ ਦਾ ਮਾਰਿਆ ਹੋਇਆ ਮਰਦਾ ਰਹਿੰਦਾ ਹੈ ਤੇ ਵਾਸ਼ਨਾ ਕਰਕੇ ਜੰਮਦਾ ਰਹਿੰਦਾ ਹੈ। ਇਉਂ ਜੰਮਣ ਮਰਣ ਆਵਾਗਉਣ ਵਿਚ ਹਰਟ ਦੀਆਂ ਟਿੰਡਾਂ ਵਾਂਗ ਭਰਮਣ ਕਰਦਾ ਰਹਿੰਦਾ ਹੈ ॥੭॥

## ਸਭ ਸਾਲਾਹੈ ਆਪ ਕਉ; ਵਡਹੁ ਵਡੇਰੀ ਹੋਇ ॥

ਸੰਸਾਰ ਵਿਚ ਕਿਸੇ ਨੂੰ ਵੀ ਵੇਖ ਲਈਏ, ਕੋਈ ਵੀ ਘੱਟ ਨਹੀਂ ਅਖਵਾਂਦਾ। ਸਭ ਕੋਈ ਆਪਣੇ ਆਪ ਕਉ = ਨੂੰ ਸਾਲਾਹੈ = ਸਲਾਹੁੰਦਾ ਹੈ ਕਿ ਮੈਂ ਵਡਹੁ ਵਡੇਰੀ = ਵੱਡਿਆਂ ਤੋਂ ਵੀ ਵੱਡਾ ਹੋਇ = ਹੋ ਜਾਵਾਂ **ਵਾ:**

ਵੱਡਿਆਂ ਤੋਂ ਵੀ ਵੱਡੀ ਮੇਰੀ ਸੋਭਾ ਹੋ ਜਾਵੇ। ਆਪਣੇ ਆਪ ਨੂੰ ਈਸਾ ਜੀ, ਮੂਸਾ ਜੀ ਵਰਗੇ ਪੈਗ਼ੰਬਰਾਂ ਤੋਂ ਵੀ ਵੱਡਾ ਬਣ ਕੇ ਵਿਖਾਉਂਦਾ ਹੈ।

## ਗੁਰ ਬਿਨੁ ਆਪੁ ਨ ਚੀਨੀਐ; ਕਹੇ ਸੁਣੇ ਕਿਆ ਹੋਇ॥

ਸਤਿਗੁਰੂ ਜੀ ਤੋਂ ਬਿਨਾਂ ਆਪਣੇ ਆਤਮ ਸਰੂਪ ਨੂੰ ਨਹੀਂ ਚੀਨੀਐ = ਜਾਣਿਆ ਜਾ ਸਕਦਾ। ਜੇ ਆਪਣੇ ਚੇਲਿਆਂ ਵਿਚ ਕਹਿ ਲਿਆ ਕਿ ਮੈਂ ਬ੍ਰਹਮ ਸਰੂਪ ਹਾਂ। ਇਸੇ ਪ੍ਰਕਾਰ ਚੇਲਿਆਂ ਤੋਂ ਆਪਣੀ ਵਡਿਆਈ ਕੰਨਾਂ ਨਾਲ ਸੁਣ ਲਈ ਕਿ ਸਾਡੇ ਸੰਤ ਬਿਦੇਹ ਮੁਕਤ ਹਨ, ਰਾਤ ਨੂੰ ਹੱਥ ਪੈਰ ਵੱਖਰੇ ਵੱਖਰੇ ਕਰ ਲੈਂਦੇ ਹਨ ਆਦਿ। ਇਸ ਪ੍ਰਕਾਰ ਆਪਣੀ ਵਡਿਆਈ ਆਪ ਕਹਿਣ ਨਾਲ ਤੇ ਚੇਲਿਆਂ ਤੋਂ ਸੁਣਨ ਨਾਲ ਕੀ ਹੋ ਸਕਦਾ ਹੈ ਭਾਵ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

## ਨਾਨਕ ਸਬਦਿ ਪਛਾਣੀਐ; ਹਉਮੈ ਕਰੈ ਨ ਕੋਇ॥੮॥੮॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਦੇ ਸ਼ਬਦ ਦੁਆਰਾ ਅਕਾਲ ਪੁਰਖ ਵਾਹਿਗੁਰੂ ਦੀ ਪਛਾਣ ਕਰੀਏ। ਜਿਹੜਾ ਸ਼ਬਦ ਦੁਆਰਾ ਪਛਾਣਦਾ ਹੈ, ਉਹ ਕਦੇ ਵੀ ਹਉਮੈ = ਹੰਗਤਾ ਨਹੀਂ ਕਰਦਾ॥੮॥੮॥

## ਸਿਰੀਰਾਗੁ ਮਹਲਾ ੧॥
## ਬਿਨੁ ਪਿਰ ਧਨ ਸੀਗਾਰੀਐ; ਜੋਬਨੁ ਬਾਦਿ ਖੁਆਰੁ॥

ਜਿਸ ਲੜਕੀ ਦੇ ਮਾਤਾ ਪਿਤਾ ਨੇ ਉਸ ਦੀ ਕਿਸੇ ਥਾਂ ਸਗਾਈ ਨਾ ਕੀਤੀ ਹੋਵੇ, ਭਾਵ ਉਸ ਲਈ ਪਤੀ ਨਾ ਲੱਭਿਆ ਹੋਵੇ। ਜੇਕਰ ਉਹ ਕੁਆਰੀ ਧਨ = ਇਸਤਰੀ ਪਿਰ = ਪਤੀ ਤੋਂ ਬਿਨੁ = ਬਗ਼ੈਰ ਐਵੇਂ ਹੀ ਸੀਗਾਰੀਐ = ਸ਼ਿੰਗਾਰ ਕਰਦੀ ਰਹੇ। ਅਰਥਾਤ ਬਿਨਾਂ ਪਤੀ ਤੋਂ ਐਸੇ ਸ਼ਿੰਗਾਰ ਕਰਨ ਵਾਲੀ ਲੜਕੀ ਨੂੰ ਪਤੀ-ਮਿਲਾਪ ਦਾ ਅਨੰਦ ਪ੍ਰਾਪਤ ਨਹੀਂ ਹੁੰਦਾ। ਜੈਸਾ ਕਿ :

**ਕੁਆਰ ਕੰਨਿਆ ਜੈਸੇ ਕਰਤ ਸੀਗਾਰਾ॥ ਕਿਉ ਰਲੀਆ ਮਾਨੈ ਬਾਝੁ ਭਤਾਰਾ॥**

*(ਸੂਹੀ ਕਬੀਰ ਜੀ, ਅੰਗ ੭੯੨)*

ਸਗੋਂ ਕਈ ਵਾਰ ਉਹ ਸੰਸਾਰ ਵਿਚ ਵਿਭਚਾਰ ਫੈਲਾਉਣ ਦਾ ਕਾਰਨ ਬਣ ਜਾਂਦੀ ਹੈ **ਵਾ:** ਆਪਣੇ ਪਤੀ ਦੀ ਪ੍ਰਸੰਨਤਾ ਤੋਂ ਬਿਨਾਂ ਇਸਤ੍ਰੀ ਦਾ ਕੀਤਾ ਹੋਇਆ ਸ਼ਿੰਗਾਰ ਬੇਅਰਥ ਚਲਾ ਜਾਂਦਾ ਹੈ। ਉਸ ਲੜਕੀ ਦੀ ਜਵਾਨੀ ਬਿਨਾਂ ਪਤੀ ਤੋਂ ਬਾਦਿ = ਵਿਅਰਥ ਚਲੀ ਜਾਂਦੀ ਹੈ। ਉਹ ਵਿਸ਼ੇ-ਵਿਕਾਰਾਂ ਵਿਚ ਫਸ ਕੇ ਪਰਾਏ ਪੁਰਸ਼ਾਂ ਨਾਲ ਵਿਭਚਾਰ ਕਰਦੀ ਹੋਈ ਖੁਆਰੁ = ਦੁਖੀ ਹੁੰਦੀ ਹੈ। ਸਮਾਜ ਵਿਚ ਉਸ ਦਾ ਨਾਂ ਵੇਸਵਾ ਪੈ ਜਾਂਦਾ ਹੈ।

ਇਸ ਸ਼ਬਦ ਵਿਚ ਰੂਪਕ ਅਲੰਕਾਰ ਹੈ। ਬਾਹਰੀ ਅਰਥ ਵਿਚ ਸੰਸਾਰ ਰੂਪ ਇਸਤ੍ਰੀ ਨੂੰ ਉਪਦੇਸ਼ ਹੈ ਅਤੇ ਅੰਤਰੀਵ ਅਰਥ ਵਿਚ ਜੀਵ ਰੂਪ ਇਸਤ੍ਰੀ ਨੂੰ ਉਪਦੇਸ਼ ਹੈ। ਇਸ ਪ੍ਰਕਾਰ ਜਿਸ ਜੀਵ ਰੂਪ ਇਸਤ੍ਰੀ ਨੂੰ ਸਤਿਗੁਰੂ ਰੂਪ ਪਿਤਾ ਨੇ ਉਪਦੇਸ਼ ਦੇਣ ਰੂਪ ਪਤੀ ਪਰਮੇਸ਼ਰ ਨਾਲ ਸਗਾਈ ਨਹੀਂ ਕੀਤੀ, ਐਸੀ ਜਗਿਆਸੂ ਰੂਪ ਇਸਤ੍ਰੀ ਜੇਕਰ ਸਾਧਨਾਂ ਰੂਪ **ਵਾ:** ਜਪ-ਤਪ ਰੂਪ ਸ਼ਿੰਗਾਰ ਕਰੇ। ਜਿਵੇਂ ਕਦੇ ਧੂਣੀਆਂ ਤਾਪ ਲਈਆਂ, ਜਲ ਧਾਰੇ ਕਰ ਲਏ, ਦਸਮ ਦੁਆਰ ਸੁਆਸ ਚੜ੍ਹਾ ਲਏ, ਤ੍ਰਾਟਕ ਸਾਧ ਲਿਆ, ਆਸਣ ਲਾ ਲਏ ਆਦਿ ਅਨੇਕ ਤਰ੍ਹਾਂ ਦੇ ਸਾਧਨਾਂ ਰੂਪ ਸ਼ਿੰਗਾਰ ਕਰੇ, ਪਰ ਪਤੀ ਪਰਮੇਸ਼ਰ ਪ੍ਰਾਪਤ ਨਾ ਹੋਵੇ। ਫਿਰ ਐਸੀ ਜਗਿਆਸੂ ਰੂਪ ਇਸਤ੍ਰੀ ਦਾ ਸਾਰਾ ਸ਼ਿੰਗਾਰ ਅਤੇ ਸ਼ੌਕ ਅਵਸਥਾ ਰੂਪ ਜੋਬਨ ਸਭ ਬਾਦਿ = ਬੇਅਰਥ ਚਲਾ ਜਾਂਦਾ ਹੈ। ਫਿਰ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦੀ ਕੁਸੰਗਤ ਵਿਚ ਪੈ ਕੇ ਖੁਆਰੁ = ਦੁਖੀ ਹੁੰਦੀ ਹੈ।

## ਨਾ ਮਾਣੇ ਸੁਖਿ ਸੇਜੜੀ; ਬਿਨੁ ਪਿਰ ਬਾਦਿ ਸੀਗਾਰੁ ॥

ਜਿਸ ਤਰ੍ਹਾਂ ਪਤੀ ਤੋਂ ਬਿਨਾਂ ਇਸਤ੍ਰੀ ਸੇਜਾਂ ਦੇ ਸੁਖ ਨੂੰ ਨਹੀਂ ਮਾਣ ਸਕਦੀ, ਇਸੇ ਪ੍ਰਕਾਰ ਪਤੀ ਪਰਮੇਸ਼ਰ ਤੋਂ ਬਿਨਾਂ ਅੰਤਸ਼ਕਰਨ ਰੂਪ ਸੇਜਾ ਤੇ ਪਰਮੇਸ਼ਰ ਦੀ ਪ੍ਰਾਪਤੀ ਦਾ ਅਨੰਦ **ਵਾ:** ਆਤਮਿਕ ਅਨੰਦ ਇਹ ਜੀਵ ਰੂਪ ਇਸਤ੍ਰੀ ਨਹੀਂ ਮਾਣ ਸਕਦੀ। ਕਿਉਂਕਿ ਸਤਿਗੁਰਾਂ ਨੇ ਅਜੇ ਪਤੀ ਪਰਮੇਸ਼ਰ ਦਾ ਮਿਲਾਪ ਨਹੀਂ ਕਰਵਾਇਆ ਤੇ ਪਤੀ ਪਰਮੇਸ਼ਰ ਤੋਂ ਬਿਨਾਂ ਸਾਰੇ ਸਾਧਨਾਂ ਰੂਪ ਸ਼ਿੰਗਾਰ ਬਾਦਿ = ਬੇਅਰਥ ਹੋ ਜਾਂਦੇ ਹਨ। ਜੈਸਾ ਕਿ :

**ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥** *(ਸੂਹੀ ਫਰੀਦ ਜੀ, ਅੰਗ ੭੯੪)*

ਤਪੱਸਿਆ ਨਾਲ ਸਰੀਰ ਨੂੰ ਤਪਾ ਤਪਾ ਕੇ ਹੱਥ ਪੈਰ ਮਰੋੜ ਲਏ। ਕਮਲੇ ਹੋਏ ਗੁਰੂ ਤੋਂ ਬਿਨਾਂ ਪਰਮੇਸ਼ਰ ਦੀ ਭਾਲ ਕਰਦੇ ਹਨ, ਪਰ ਉਨ੍ਹਾਂ ਦੇ ਇਹ ਸਭ ਸਾਧਨਾਂ ਰੂਪ ਸ਼ਿੰਗਾਰ ਵਿਅਰਥ ਹੋ ਜਾਂਦੇ ਹਨ।

## ਦੂਖੁ ਘਣੋ ਦੋਹਾਗਣੀ; ਨਾ ਘਰਿ ਸੇਜ ਭਤਾਰੁ ॥੧॥

ਜੋ ਦੋਹਾਗਣੀ = ਛੁੱਟੜ ਇਸਤ੍ਰੀ ਹੈ, ਉਸ ਨੂੰ ਘਣੋ = ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ ਕਿਉਂਕਿ ਭਤਾਰੁ = ਪਤੀ ਘਰ ਵਿਚ ਹੁੰਦਿਆਂ ਹੋਇਆਂ ਵੀ ਸੇਜਾ 'ਤੇ ਉਸ ਦੇ ਅਨੰਦ ਨੂੰ ਨਹੀਂ ਮਾਣ ਸਕਦੀ। ਇਸ ਪ੍ਰਕਾਰ ਜਿਨ੍ਹਾਂ ਨੇ ਸਤਿਗੁਰਾਂ ਤੋਂ ਉਪਦੇਸ਼ ਤਾਂ ਲੈ ਲਿਆ, ਪਰਮੇਸ਼ਰ ਦੀਆਂ ਸਖੀਆਂ ਹੋਣ ਦਾ ਨਿਸਚਾ ਮਨ ਵਿਚ ਹੋ ਗਿਆ, ਪਰ ਉਪਦੇਸ਼ ਦੀ ਕਮਾਈ ਨਹੀਂ ਕੀਤੀ ਤੇ ਹੁਕਮ ਨਹੀਂ ਮੰਨਿਆ, ਉਹ ਜਗਿਆਸੂ ਛੁੱਟੜ ਇਸਤ੍ਰੀਆਂ ਦੀ ਨਿਆਈਂ ਹਨ। ਭਾਵੇਂ ਉਨ੍ਹਾਂ ਦੇ ਹਿਰਦੇ ਰੂਪ ਘਰ ਵਿਚ ਹੀ ਪਰਮੇਸ਼ਰ ਰਹਿੰਦਾ ਹੈ ਪਰ ਅੰਤਸ਼ਕਰਨ ਦੀ ਸੇਜਾ ਤੇ ਭਤਾਰੁ = ਪਤੀ ਪਰਮੇਸ਼ਰ ਦਾ ਮਿਲਾਪ ਨਹੀਂ ਹੁੰਦਾ ਭਾਵ ਉਹ ਸਾਖੀ ਚੇਤਨ ਅੰਤਸ਼ਕਰਨ ਦੀ ਸੇਜਾ 'ਤੇ ਸਾਖਿਆਤਾਕਾਰ ਨਹੀਂ ਹੁੰਦਾ। ਇਸ ਲਈ ਉਨ੍ਹਾਂ ਨੂੰ ਘਣੋ = ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ ॥੧॥

## ਮਨ ਰੇ; ਰਾਮ ਜਪਹੁ ਸੁਖੁ ਹੋਇ ॥

ਰੇ = ਹੇ ਮੇਰੇ ਮਨ ! ਰਾਮ = ਰਮੇ ਹੋਏ ਪਰਮੇਸ਼ਰ ਦੇ ਨਾਮ ਨੂੰ ਜਪਣਾ ਕਰ, ਤਾਂ ਫਿਰ ਸਤਿਗੁਰਾਂ ਦੁਆਰਾ ਆਤਮਿਕ ਸੁੱਖ ਦੀ ਪ੍ਰਾਪਤੀ ਹੋਵੇਗੀ।

## ਬਿਨੁ ਗੁਰ ਪ੍ਰੇਮੁ ਨ ਪਾਈਐ; ਸਬਦਿ ਮਿਲੈ ਰੰਗੁ ਹੋਇ ॥੧॥ਰਹਾਉ॥

ਸਤਿਗੁਰੂ ਜੀ ਤੋਂ ਬਿਨੁ = ਬਗ਼ੈਰ ਕਿਤੋਂ ਵੀ ਪ੍ਰੇਮ ਨ = ਨਹੀਂ ਪਾਈਐ = ਪਾਈਦਾ ਅਤੇ ਗੁਰਾਂ ਦੇ ਸਬਦਿ = ਉਪਦੇਸ਼ ਵਿਚ ਮਿਲੈ = ਮਿਲਣ ਨਾਲ ਹੀ ਰੰਗੁ = ਪ੍ਰੇਮ, ਅਨੰਦ ਪ੍ਰਾਪਤ ਹੋਇ = ਹੁੰਦਾ ਹੈ ਅਰਥਾਤ ਇਹ ਮੁੱਲ ਮਿਲਣ ਵਾਲੀ ਵਸਤੂ ਨਹੀਂ ਹੈ। ਸਤਿਗੁਰਾਂ ਦੀ ਸੰਗਤ ਕਰਦਿਆਂ ਕਰਦਿਆਂ ਗੁਰੂ ਸਾਹਿਬ ਤੋਂ ਹੀ ਪ੍ਰੇਮ ਦੀ ਪ੍ਰਾਪਤੀ ਹੁੰਦੀ ਹੈ ॥੧॥ਰਹਾਉ॥

## ਗੁਰ ਸੇਵਾ ਸੁਖੁ ਪਾਈਐ; ਹਰਿ ਵਰੁ ਸਹਜਿ ਸੀਗਾਰੁ ॥

ਸਤਿਗੁਰਾਂ ਦੀ ਸੇਵਾ ਕਰਕੇ ਜਿਨ੍ਹਾਂ ਨੇ ਸਹਜਿ = ਸੁਤੇ ਹੀ ਸ਼ਰਧਾ, ਸ਼ਾਂਤੀ, ਕਰੁਣਾ, ਮੈਤ੍ਰੀ, ਸਤਿ ਸੰਤੋਖ ਆਦਿ ਸ਼ੁਭ ਗੁਣਾਂ ਦਾ ਸ਼ਿੰਗਾਰ ਕੀਤਾ ਹੈ **ਵਾ:** ਜਿਨ੍ਹਾਂ ਨੇ ਸ਼ੁਭ ਗੁਣਾਂ ਦਾ ਸ਼ਿੰਗਾਰ ਕਰਕੇ ਸਹਜਿ = ਗਿਆਨ ਅਵਸਥਾ ਨੂੰ ਪ੍ਰਾਪਤ ਕੀਤਾ ਹੈ, ਉਹਨਾਂ ਨੇ ਹਰਿ = ਪਰਮੇਸ਼ਰ ਰੂਪ ਵਰੁ = ਪਤੀ ਨੂੰ ਪ੍ਰਾਪਤ ਕਰ ਲਿਆ ਹੈ।

## ਸਚਿ ਮਾਣੇ ਪਿਰ ਸੇਜੜੀ; ਗੂੜਾ ਹੇਤੁ ਪਿਆਰੁ ॥

ਫਿਰ ਉਹ ਜਗਿਆਸੂ ਰੂਪ ਇਸਤ੍ਰੀ ਸਚਿ = ਨਿਸਚੇ ਕਰਕੇ ਅੰਤਸ਼ਕਰਨ ਦੀ ਸੇਜਾ 'ਤੇ ਪਤੀ ਪਰਮਾਤਮਾ

ਦੇ ਮਿਲਾਪ ਦੇ ਅਨੰਦ ਨੂੰ ਮਾਣਦੀ ਹੈ। ਉਸ ਦੀ ਅੰਤਸ਼ਕਰਨ ਦੀ ਸੇਜਾ ਐਸੀ ਹੈ ਜਿਸ ਦੇ ਮਨ, ਬੁੱਧ, ਚਿਤ, ਅਹੰਕਾਰ ਚਾਰ ਪਾਵੇ ਹਨ। ਬਿਰਤੀਆਂ ਰੂਪ ਚਾਰ ਬਾਹੀਆਂ ਹਨ। ਪ੍ਰੇਮ ਰੂਪ ਬਾਣ ਨਾਲ ਬੁਣੀ ਹੋਈ ਸੇਜ ਹੈ। ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਸ਼ਿਆਂ ਦਾ ਤਿਆਗ ਕਰਨ ਰੂਪ ਫੁੱਲ ਅਰਪਣੇ ਹਨ। ਇਹੋ ਜਿਹੀ ਸ਼ੁਭ ਗੁਣਾਂ ਨਾਲ ਸ਼ਿੰਗਾਰੀ ਹੋਈ ਜੋ ਅੰਤਸ਼ਕਰਨ ਰੂਪ ਸੇਜਾ ਹੈ, ਉਸ ਉੱਤੇ ਜੇ ਜਗਿਆਸੂ ਰੂਪ ਇਸਤ੍ਰੀ ਪਤੀ ਪਰਮਾਤਮਾ ਦੀ ਸਖਿਆਤਤਾ ਰੂਪ ਅਨੰਦ ਨੂੰ ਮਾਣਦੀ ਹੈ। ਪਰ ਇਹ ਦਾਤ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਦਾ ਪਰਮੇਸ਼ਰ ਨਾਲ ਤਨ ਕਰਕੇ ਵੀ ਹੇਤੁ = ਪ੍ਰੇਮ ਹੈ ਅਤੇ ਮਨ ਕਰਕੇ ਵੀ ਗੂੜਾ = ਬਹੁਤਾ ਗਾੜ੍ਹਾ, ਸੰਘਣਾ ਪਿਆਰੁ = ਸਨੇਹ ਹੈ, ਜਿਨ੍ਹਾਂ ਨੂੰ ਮਹਾਰਾਜ ਜੀ ਨੇ ਇਹ ਪ੍ਰੇਮ ਦਾ ਪਿਆਲਾ ਪਿਆਉਣਾ ਕੀਤਾ ਹੈ। ਜੈਸਾ ਕਿ :

**ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੨॥** *(ਅੰਗ ੯੪੭)*

**ਵਾ**: ਉਨ੍ਹਾਂ ਨੂੰ ਹੀ ਪਤੀ ਪਰਮੇਸ਼ਰ ਦਾ ਪਿਆਰ ਪ੍ਰਾਪਤ ਹੁੰਦਾ ਹੈ ਜੋ ਕਿ ਅਕਾਲ ਪੁਰਖ **ਵਾ**: ਸਤਿਗੁਰਾਂ ਨਾਲ ਗੂੜਾ = ਬਹੁਤਾ ਪ੍ਰੇਮ ਕਰਦੀਆਂ ਹਨ।

## ਗੁਰਮੁਖਿ ਜਾਨਿ ਸਿਞਾਣੀਐ; ਗੁਰਿ ਮੇਲੀ ਗੁਣ ਚਾਰੁ ॥੨॥

ਗੁਰਮੁਖਾਂ ਦੀ ਸੰਗਤ ਕਰਕੇ **ਵਾ**: ਮੁਖੀ ਸਤਿਗੁਰਾਂ ਦੁਆਰਾ ਪ੍ਰਾਪਤ ਹੋਏ ਗਿਆਨ ਨੂੰ ਜਾਨਿ = ਸਮਝ ਕਰਕੇ ਆਪਣੇ ਸਰੂਪ **ਵਾ**: ਅਕਾਲ ਪੁਰਖ ਨੂੰ ਸਿਞਾਣੀਐ = ਪਛਾਣੀਦਾ ਹੈ। ਸਤਿਗੁਰ ਸਾਹਿਬ ਜੀ ਨੇ ਜਿਨ੍ਹਾਂ ਨੂੰ ਆਪਣੇ ਨਾਲ ਮੇਲ ਲਿਆ ਹੈ, ਉਨ੍ਹਾਂ ਨੂੰ ਚਾਰੁ = ਸੁੰਦਰ ਗੁਣਾਂ ਦੀ **ਵਾ**: ਚਾਰੇ ਗੁਣਾਂ ਦੀ ਬਖ਼ਸ਼ਿਸ਼ ਕਰਨਾ ਕੀਤੀ ਹੈ। ਚਾਰ ਗੁਣ : ਕਰੁਣਾ, ਮੈਤ੍ਰੀ, ਮੁਦਤਾ, ਅਪੇਖਿਆ **ਵਾ**: ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ **ਵਾ**: ਸ੍ਰਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਪਦ ਦਾ ਸੰਸ਼ੋਧਨ **ਵਾ**: ਸੱਤ੍ਵਆਪਾਦ, ਅਸੰਸਕਤਿ, ਪਦਾਰਥ ਅਭਾਵਨੀ, ਤੁਰੀਆ ਰੂਪ ਚਾਰ ਗੁਣਾਂ ਦੀ ਬਖ਼ਸ਼ਿਸ਼ ਕੀਤੀ ਹੈ **ਅਥਵਾ** ਜਿਨ੍ਹਾਂ ਨੂੰ ਚਾਰੁ = ਸੁੰਦਰ ਗੁਣ ਸਤਿ, ਸੰਤੋਖ, ਦਇਆ, ਧਰਮ, ਧੀਰਜ, ਵੀਚਾਰ ਆਦਿ ਗੁਣਾਂ ਦੀ ਸਤਿਸੰਗਤ ਵਿੱਚੋਂ ਪ੍ਰਾਪਤੀ ਹੋਈ ਹੈ, ਉਨ੍ਹਾਂ ਨੂੰ ਸਤਿਗੁਰਾਂ ਨੇ ਆਪਣੇ ਸਰੂਪ ਨਾਲ ਮੇਲਣਾ ਕੀਤਾ ਹੈ॥੨॥

## ਸਚਿ ਮਿਲਹੁ ਵਰ ਕਾਮਣੀ; ਪਿਰਿ ਮੋਹੀ ਰੰਗੁ ਲਾਇ ॥

ਵਰ = ਪਤੀ ਪਰਮੇਸ਼ਰ ਨੂੰ ਪ੍ਰਾਪਤ ਕਰਨ ਦੀ ਚਾਹਵਾਨ ਜਗਿਆਸੂ ਰੂਪ ਕਾਮਣੀ = ਇਸਤ੍ਰੀਓ ! ਪਤੀ ਪਰਮਾਤਮਾ ਨੂੰ ਮਿਲਣ ਲਈ ਉਸ ਦੇ ਸੱਚੇ ਨਾਮ ਨਾਲ ਮਿਲਣਾ ਕਰੋ। ਜਿਸ ਜਗਿਆਸੂ ਰੂਪ ਇਸਤ੍ਰੀ ਨੂੰ ਸਤਿਗੁਰਾਂ ਨੇ ਪ੍ਰਭੂ ਦਾ ਰੰਗੁ = ਪ੍ਰੇਮ ਲਾ ਦਿੱਤਾ ਹੈ, ਉਸ ਨੇ ਪਿਰਿ = ਪਤੀ ਪਰਮੇਸ਼ਰ ਨੂੰ ਮੋਹਿਤ ਕਰ ਲਿਆ ਹੈ ਭਾਵ ਉਹ ਇਸਤ੍ਰੀ ਅਕਾਲ ਪੁਰਖ ਨੂੰ ਭਾ ਗਈ ਹੈ **ਵਾ**: ਜਿਸ ਦੀ ਬਿਰਤੀ ਅਕਾਲ ਪੁਰਖ ਦੇ ਪ੍ਰੇਮ ਕਰਕੇ ਉਸ ਵਿਚ ਮੋਹਿਤ ਹੋ ਗਈ ਹੈ, ਉਸ ਦੇ ਹਿਰਦੇ ਵਿਚ ਸਤਿਗੁਰਾਂ ਨੇ ਰੰਗੁ = ਅਨੰਦ ਲਾ ਦਿੱਤਾ ਹੈ।

## ਮਨੁ ਤਨੁ ਸਾਚਿ ਵਿਗਸਿਆ; ਕੀਮਤਿ ਕਹਣੁ ਨ ਜਾਇ ॥

(**ਵਿਗੱਸਿਆ** ਅੱਧਕ ਸਹਿਤ ਪੜ੍ਹਨਾ)

ਫਿਰ ਉਨ੍ਹਾਂ ਦਾ ਤਨ ਅਤੇ ਮਨ ਸੱਚੇ ਪਰਮੇਸ਼ਰ ਦੇ ਨਾਮ ਵਿਚ ਵਿਗਸਿਆ = ਖਿੜ ਗਿਆ ਹੈ। ਐਸੇ ਮਹਾਤਮਾ ਦੇ ਗੁਣਾਂ ਦੀ ਕੀਮਤ, ਵਡਿਆਈ, ਕੁਝ ਕਹੀ ਨਹੀਂ ਜਾ ਸਕਦੀ।

## ਹਰਿ ਵਰੁ ਘਰਿ ਸੋਹਾਗਣੀ; ਨਿਰਮਲ ਸਾਚੈ ਨਾਇ ॥੩॥

ਜਿਨ੍ਹਾਂ ਜਗਿਆਸੂ ਰੂਪ ਇਸਤ੍ਰੀਆਂ ਨੂੰ ਵਰੁ = ਪਤੀ ਹਰਿ = ਪਰਮੇਸ਼ਰ ਪ੍ਰਾਪਤ ਹੋਇਆ ਹੈ, ਉਨ੍ਹਾਂ ਸੋਹਾਗਣੀ = ਸੋਹਾਗਵੰਤੀਆਂ ਭਾਵ ਪਰਮੇਸ਼ਰ ਦੇ ਅਨੰਦ ਵਾਲੀਆਂ ਦਾ ਹਿਰਦੇ ਰੂਪ ਘਰ ਸ਼ੋਭਨੀਕ ਹੋ ਗਿਆ

ਹੈ **ਅਥਵਾ** ਜਿਨ੍ਹਾਂ ਨੂੰ ਘਰਿ = ਹਿਰਦੇ ਵਿੱਚੋਂ ਹਰਿ = ਪਰਮੇਸ਼ਰ ਰੂਪ ਵਰੁ = ਪਤੀ ਪ੍ਰਾਪਤ ਹੋਇਆ ਹੈ, ਉਹ ਹੀ ਜਗਿਆਸੂ ਰੂਪ ਇਸਤ੍ਰੀਆਂ ਸੋਹਾਗ ਵਾਲੀਆਂ ਹਨ **ਵਾ:** ਪਰਮੇਸ਼ਰ ਦੇ ਸਰੂਪ ਰੂਪੀ ਘਰ ਵਿਚ ਉਹ ਸੁਹਾਗਣਾਂ ਵਰੁ = ਪਤੀ ਵਾਲੀਆਂ ਹਨ। ਪਰ ਇਹ ਅਵਸਥਾ ਉਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਗੁਰਾਂ ਨੇ ਸੱਚੇ ਨਾਮ ਦੀ ਦਾਤ ਦੇ ਕੇ ਪਾਪਾਂ ਦੀ ਮੈਲ ਤੋਂ ਨਿਰਮਲੁ = ਉੱਜਲ ਕਰ ਦਿੱਤਾ ਹੈ॥੩॥

## ਮਨ ਮਹਿ ਮਨੂਆ ਜੇ ਮਰੈ; ਤਾ ਪਿਰੁ ਰਾਵੈ ਨਾਰਿ ॥

ਜਿਸ ਜਗਿਆਸੂ ਰੂਪ ਇਸਤਰੀ ਦਾ ਮਨ ਹਰ ਵਕਤ ਪਦਾਰਥਾਂ ਦੇ ਮਹਿ = ਵਿਚ ਹੀ ਜੁੜਿਆ ਰਹਿੰਦਾ ਹੈ, ਜੇਕਰ ਉਸ ਦਾ ਮਨ ਪਰਮੇਸ਼ਰ ਦੇ ਮਨੂਆ = ਮੰਨਣ ਕਰਨ ਵਿਚ **ਵਾ:** ਸਤਿਗੁਰਾਂ ਦੇ ਹੁਕਮ ਨੂੰ ਮੰਨਣ ਵਿਚ ਜੀਵਤ ਭਾਵ ਤੋਂ ਮਰ ਜਾਵੇ **ਵਾ:** ਜੇਕਰ ਮਨ ਵਿੱਚੋਂ ਮਨੂਆ = ਮਨੌਤ (ਮੋਹ, ਮਮਤਾ) ਮਰ ਜਾਵੇ ਤਾਂ ਫਿਰ ਉਹ ਜਗਿਆਸੂ ਰੂਪ ਨਾਰਿ = ਇਸਤਰੀ ਪਿਰੁ = ਪਤੀ ਪਰਮੇਸ਼ਰ ਦੇ ਅਨੰਦ ਨੂੰ ਰਾਵੈ = ਮਾਣ ਸਕਦੀ ਹੈ।

## ਇਕਤੁ ਤਾਗੈ ਰਲਿ ਮਿਲੈ; ਗਲਿ ਮੋਤੀਅਨ ਕਾ ਹਾਰੁ ॥

ਜਿਸ ਤਰ੍ਹਾਂ ਇਕ ਧਾਗੇ ਵਿਚ ਰਲ ਮਿਲ ਕੇ ਸਾਰੇ ਮੋਤੀ ਆਪਸ ਵਿਚ ਮਿਲ ਜਾਂਦੇ ਹਨ, ਫਿਰ ਉਹ ਮੋਤੀਆਂ ਦਾ ਹਾਰ ਗਲ ਵਿਚ ਸ਼ੋਭਨੀਕ ਹੁੰਦਾ ਹੈ, ਇਸ ਪ੍ਰਕਾਰ ਜੋ ਗੁਰਮੁਖ ਹਨ, ਉਹ ਏਕਤਾ ਰੂਪ ਧਾਗੇ ਵਿਚ **ਵਾ:** ਸ਼ਬਦ ਰੂਪ ਧਾਗੇ ਵਿਚ ਮਿਲ ਕਰਕੇ ਫਿਰ ਜੀਵਨ ਮੁਕਤ ਗੁਰਮੁਖ ਲਿਵ ਲਾ ਕੇ, ਮਨ ਬਾਣੀ ਸਰੀਰ ਕਰਕੇ ਉਹ ਗੁਰਮੁਖ ਰਲਦੇ ਹਨ ਤੇ ਮੋਤੀਆਂ ਦੇ ਹਾਰ ਦੀ ਤਰ੍ਹਾਂ ਵਾਹਿਗੁਰੂ ਦੇ ਕੰਠ ਦਾ ਹਾਰ ਬਣ ਜਾਂਦੇ ਹਨ। ਜਿਵੇਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਪਾਰੋ ਜੀ, ਭਾਈ ਬਿਧੀ ਚੰਦ ਜੀ ਆਦਿ ਜੀਵਨ ਮੁਕਤ ਗੁਰਮੁਖ ਮੋਤੀਆਂ ਦੇ ਹਾਰ ਵਾਂਗ ਵਾਹਿਗੁਰੂ ਅਕਾਲ ਪੁਰਖ ਦੇ ਕੰਠ ਵਿਚ ਸ਼ੋਭਦੇ ਹਨ ਭਾਵ ਉਸ ਦੇ ਸਰੂਪ ਵਿਚ ਅਭੇਦ ਹੋ ਜਾਂਦੇ ਹਨ **ਅਥਵਾ** ਜੋ ਤੱਤ ਸਰੂਪ ਪਰਮਾਤਮਾ ਤਾਗੈ = ਸੂਤ ਦੀ ਨਿਆਈਂ ਚੇਤਨ ਰੂਪ ਹੋ ਕੇ ਸਾਰਿਆਂ ਵਿਚ ਮਿਲਿਆ ਹੋਇਆ ਹੈ, ਉਸ ਦੇ ਨਾਮ ਵਿਚ ਰਲ ਕੇ ਉਸ ਦੇ ਸਰੂਪ ਵਿਚ ਮਿਲ ਜਾਂਦੇ ਹਨ। ਵੈਰਾਗ-ਬਿਬੇਕ ਆਦਿ ਮੋਤੀਆਂ ਦਾ ਹਾਰ ਉਨ੍ਹਾਂ ਦੇ ਅੰਤਸ਼ਕਰਨ ਰੂਪ ਕੰਠ ਵਿਚ ਸ਼ੋਭਦਾ ਹੈ **ਵਾ:** ਪਰੋਖ, ਅਪਰੋਖ ਗਿਆਨ ਰੂਪ ਹਾਰ ਮੋਤੀਆਂ ਵਾਂਗ ਉਨ੍ਹਾਂ ਦੇ ਕੰਠ ਵਿਚ ਸ਼ੋਭਦਾ ਹੈ।

## ਸੰਤ ਸਭਾ ਸੁਖੁ ਊਪਜੈ; ਗੁਰਮੁਖਿ ਨਾਮ ਅਧਾਰੁ ॥੪॥

ਸੰਤ = ਸ਼ਾਂਤ ਚਿਤ ਵਾਲੇ ਪੁਰਖਾਂ ਦੀ ਸਭਾ = ਸੰਗਤ ਵਿਚ ਸ਼ਰਧਾ ਭਾਵਨਾ ਦੇ ਸਹਿਤ ਜਾਣ ਕਰਕੇ ਆਤਮਿਕ ਸੁਖੁ = ਅਨੰਦ ਊਪਜੈ = ਪੈਦਾ ਹੁੰਦਾ ਹੈ ਅਤੇ ਉਨ੍ਹਾਂ ਗੁਰਮੁਖਾਂ ਨੂੰ ਕੇਵਲ ਪ੍ਰਭੂ ਨਾਮ ਦਾ ਹੀ ਅਧਾਰੁ = ਆਸਰਾ ਹੁੰਦਾ ਹੈ **ਵਾ:** ਗੁਰਮੁਖਿ = ਮੁਖੀ ਗੁਰਾਂ ਦੁਆਰਾ ਆਸਰਾ ਰੂਪ ਨਾਮ ਪ੍ਰਾਪਤ ਹੁੰਦਾ ਹੈ॥੪॥

## ਖਿਨ ਮਹਿ ਉਪਜੈ ਖਿਨਿ ਖਪੈ; ਖਿਨੁ ਆਵੈ ਖਿਨੁ ਜਾਇ ॥

ਇਹ ਜੋ ਸੰਸਾਰੀ ਪਦਾਰਥ ਹਨ, ਇਕ ਖਿਨ = ਛਿਨ ਮਹਿ = ਵਿਚ ਉਪਜੈ = ਪੈਦਾ ਹੁੰਦੇ ਹਨ ਤੇ ਦੂਸਰੇ ਖਿਨਿ = ਛਿਨ ਵਿਚ ਖਪੈ = ਨਾਸ ਹੋ ਜਾਂਦੇ ਹਨ। ਸਾਡਾ ਮਨ ਇਨ੍ਹਾਂ ਪਦਾਰਥਾਂ ਵਿਚ ਖਿਨ ਖਿਨ ਕਾਲ ਨੂੰ ਆਉਂਦਾ ਜਾਂਦਾ ਰਹਿੰਦਾ ਹੈ ਭਾਵ ਮਨ ਇਨ੍ਹਾਂ ਪਦਾਰਥਾਂ ਵਿੱਚ ਭਟਕਦਾ ਰਹਿੰਦਾ ਹੈ। ਜਦੋਂ ਪ੍ਰਾਪਤ ਹੁੰਦੇ ਹਨ ਉਦੋਂ ਖ਼ੁਸ਼ ਰਹਿੰਦਾ ਹੈ, ਹੰਕਾਰ ਕਰਦਾ ਹੈ ਤੇ ਜਦੋਂ ਚਲੇ ਜਾਂਦੇ ਹਨ ਤਾਂ ਫਿਰ ਦੁਖੀ ਹੁੰਦਾ ਹੈ। ਐਸੀ ਇਸ ਮਨ ਦੀ ਹਾਲਤ ਹੈ **ਅਥਵਾ** ਜਿਸ ਛਿਨ ਹਿਰਦੇ ਵਿਚ ਸੰਤੋਖ ਪੈਦਾ ਹੁੰਦਾ ਹੈ, ਉਸੇ ਛਿਨ ਮੋਹ ਖਪੈ = ਨਾਸ ਹੋ ਜਾਂਦਾ ਹੈ **ਵਾ:** ਜਿਸ ਖਿਨ ਵਿਚ ਸਤਿ ਪੈਦਾ ਹੁੰਦਾ ਹੈ, ਉਸੇ ਛਿਨ ਝੂਠ ਦਾ ਨਾਸ ਹੋ ਜਾਂਦਾ ਹੈ। ਜਿਸ

ਛਿਨ ਸ਼ੁਭ ਗੁਣ ਆਵੈ = ਆਉਂਦੇ ਹਨ, ਉਸ ਛਿਨ ਵਿਚ ਅਸ਼ੁਭ ਗੁਣ ਚਲੇ ਜਾਂਦੇ ਹਨ **ਅਥਵਾ** ਜਿਸ ਛਿਨ ਵਿਚ ਸ੍ਰਵਣ ਗਿਆਨ ਪੈਦਾ ਹੁੰਦਾ ਹੈ, ਉਸੇ ਛਿਨ ਪ੍ਰਮਾਣਗਤ ਸੰਸਾ ਖਪ ਜਾਂਦਾ ਹੈ। ਜਿਸ ਖਿਨ ਵਿਚ ਮੰਨਣ ਆ ਜਾਂਦਾ ਹੈ, ਉਸੇ ਛਿਨ ਪ੍ਰਮੇਯਗਤ ਸੰਸਾ ਜਾਇ = ਨਾਸ ਹੋ ਜਾਂਦਾ ਹੈ **ਅਥਵਾ** ਜਿਸ ਛਿਨ ਵਿਚ ਨਿਧਿਆਸਣ ਪੈਦਾ ਹੁੰਦਾ ਹੈ, ਉਸ ਛਿਨ ਵਿਪਰਜੇ ਬੁੱਧੀ ਖਪ ਜਾਂਦੀ ਹੈ। ਜਿਸ ਵੇਲੇ ਵਿਪਰਜੇ ਬੁੱਧੀ ਨਾਸ ਹੋ ਜਾਂਦੀ ਹੈ, ਉਸ ਵੇਲੇ ਖਿਨ ਆਵੈ = ਛਿਨ ਦੇ ਵਿਚ ਬ੍ਰਹਮ ਗਿਆਨ ਆ ਜਾਂਦਾ ਹੈ ਅਤੇ ਉਸੇ ਛਿਨ ਅਗਿਆਨ ਚਲਾ ਜਾਂਦਾ ਹੈ **ਵਾ:** ਜਿਸ ਛਿਨ ਵਿਚ ਵੈਰਾਗ ਪੈਦਾ ਹੁੰਦਾ ਹੈ, ਉਸ ਵੇਲੇ ਵਿਕਾਰਾਂ ਦਾ ਮੋਹ ਖਪ ਜਾਂਦਾ ਹੈ। ਵਿਕਾਰਾਂ ਦਾ ਮੋਹ ਨਾਸ ਹੋਣ ਨਾਲ ਇਕ ਛਿਨ ਵਿਚ ਬਿਬੇਕ ਆ ਜਾਂਦਾ ਹੈ। ਬਿਬੇਕ ਦੇ ਆਉਣ ਨਾਲ ਇਕ ਛਿਨ ਵਿਚ ਦੇਹ ਅਧਿਆਸ ਚਲਾ ਜਾਂਦਾ ਹੈ। ਸਾਰਾ ਸੰਸਾਰ ਮਿਥਿਆ ਨਜ਼ਰ ਆਉਣ ਲੱਗਦਾ ਹੈ ਤੇ ਇਕ ਪਰਮਾਤਮਾ ਹੀ ਸੱਚ ਸਰੂਪ ਪ੍ਰਤੀਤ ਹੁੰਦਾ ਹੈ। ਜੈਸਾ ਕਿ :

**ਸਾਧੋ ਇਹ ਤਨੁ ਮਿਥਿਆ ਜਾਨਉ ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥** *(ਬਸੰਤ ਹਿੰਡੋਲ ਮ: ੯, ਅੰਗ ੧੧੮੬)*

## ਸਬਦੁ ਪਛਾਣੈ ਰਵਿ ਰਹੈ; ਨਾ ਤਿਸੁ ਕਾਲੁ ਸੰਤਾਇ ॥

ਜੋ ਸਤਿਗੁਰਾਂ ਦੇ ਸ਼ਬਦ ਦੀ ਪਛਾਣ ਕਰਦਾ ਹੈ, ਉਹ ਹਰ ਵਕਤ ਪਰਮੇਸ਼ਰ ਦੇ ਨਾਮ ਨੂੰ ਉਚਾਰਦਾ ਰਹੈ = ਰਹਿੰਦਾ ਹੈ **ਵਾ:** ਉਹ ਹਰ ਵਕਤ ਪਰਮੇਸ਼ਰ ਵਿਚ ਰਸਿਆ ਰਹਿੰਦਾ ਹੈ। ਫਿਰ ਤਿਸੁ = ਉਸ ਗੁਰਮੁਖ ਪਿਆਰੇ ਨੂੰ ਕਾਲ ਸਤਾ ਨਹੀਂ ਸਕਦਾ **ਵਾ:** ਸੰਤਾਇ = ਦੁਖੀ ਨਹੀਂ ਕਰ ਸਕਦਾ।

**[ਅੰਗ ੫੯]**

## ਸਾਹਿਬੁ ਅਤੁਲੁ ਨ ਤੋਲੀਐ; ਕਥਨਿ ਨ ਪਾਇਆ ਜਾਇ ॥੫॥

ਸਾਹਿਬੁ = ਮਾਲਕ ਜੋ ਪਰਮੇਸ਼ਰ ਹੈ, ਉਹ ਅਤੁਲੁ = ਤੋਲਣ ਤੋਂ ਰਹਿਤ ਹੈ, ਸ਼ਾਸਤਰ ਪ੍ਰਮਾਣ ਰੂਪ ਵੱਟੇ ਪਾ ਕੇ ਬੁੱਧੀ ਰੂਪ ਤੱਕੜੀ ਨਾਲ ਤੋਲਿਆ ਨਹੀਂ ਜਾ ਸਕਦਾ ਅਤੇ ਕਥਨੀ ਕਰਕੇ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਜੇ ਕੋਈ ਕਥਨ ਕਰਨਾ ਸਿੱਖ ਲਵੇ, ਵੇਦ ਪਾਠੀ ਹੋਵੇ, ਖਟ ਸ਼ਾਸਤਰੀ ਪੰਡਤ ਹੋਵੇ, ੧੮ ਪੁਰਾਣ ਪੜ੍ਹੇ ਹੋਣ, ਕਥਨੀ ਇਤਨੀ ਸੁੰਦਰ ਹੋਵੇ ਕਿ ਸਾਰਿਆਂ ਨੂੰ ਮੋਹਿਤ ਕਰ ਲਵੇ ਪਰ ਕਰਨੀ ਤੋਂ ਬਿਨਾਂ, ਕਮਾਈ ਤੋਂ ਬਿਨਾਂ ਉਹ ਪਰਮੇਸ਼ਰ ਪ੍ਰਾਪਤ ਨਹੀਂ ਹੁੰਦਾ ॥੫॥

## ਵਾਪਾਰੀ ਵਣਜਾਰਿਆ; ਆਏ ਵਜਹੁ ਲਿਖਾਇ ॥

ਜੋ ਸੰਤ, ਮਹਾਂਪੁਰਸ਼ ਪ੍ਰਭੂ ਦੇ ਨਾਮ ਦਾ ਵਾਪਾਰੀ = ਵਾਪਾਰ ਕਰਨ ਵਾਲੇ ਹਨ, ਉਨ੍ਹਾਂ ਨਾਲ ਜੋ ਵਣਜਾਰਿਆ = ਵਣਜ ਕਰਨ ਵਾਲੇ ਅਧਿਕਾਰੀ ਜਗਿਆਸੂ ਮਿਲੇ ਹਨ, ਇਹ ਸਾਰੇ ਪਰਮੇਸ਼ਰ ਦੇ ਦਰ ਤੋਂ ਵਜਹੁ = ਸਤਿਕਾਰ ਲਿਖਾ ਕੇ ਆਏ ਹਨ। [ਸੰ: ਅਰਬੀ, ਵਦਅ = ਤਰੀਕਾ, ਚਲਨ, ਸਤਿਕਾਰ।] ਜੈਸਾ ਕਿ :

**ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥** *(ਵਾਰ ਆਸਾ ਮ: ੧, ਅੰਗ ੪੭੪)*

੨. ਸੰ: ਅਰਬੀ, ਵਜ਼ੀਫ਼ਾ। ਇਸ ਦੀ ਪੰਜਾਬੀ ਵਜਹੁ, ਰੋਜੀਨਾ, ਤਨਖ਼ਾਹ।

**...ਵਜਹੁ ਭਿ ਦੂਣਾ ਖਾਇ ॥** *(ਵਾਰ ਆਸਾ, ਅੰਗ ੪੭੪)*

**ਅਥਵਾ** ਜੀਵ ਰੂਪ ਵਣਜਾਰੇ ਜੋ ਸੰਸਾਰ ਵਿਚ ਨਾਮ ਦਾ ਵਾਪਾਰ ਕਰਨ ਲਈ ਆਏ ਹਨ, ਇਹ ਸਾਰੇ ਹੀ ਪਰਮੇਸ਼ਰ ਦੇ ਦਰ ਤੋਂ ਵਜਹੁ = ਰੋਜੀਨਾ, ਤਨਖ਼ਾਹ ਭਾਵ ਪਰਾਲਭਧ ਲਿਖਾ ਕੇ ਆਏ ਹਨ। ਜਿਸ ਨੂੰ ਚਾਰ

ਸਾਲ ਦਾ ਤਾਂ ਚਾਰ ਸਾਲ, ਦਸ ਸਾਲ ਦਾ ਤਾਂ ਦਸ ਸਾਲ, ਵੀਹ ਸਾਲ ਦਾ ਤਾਂ ਵੀਹ ਸਾਲ। ਇਸ ਪ੍ਰਕਾਰ ਸਾਰੇ ਵਜਹੁ ਲਿਖਾ ਕੇ ਸੰਸਾਰ ਵਿਚ ਆਉਂਦੇ ਹਨ।

## ਕਾਰ ਕਮਾਵਹਿ ਸਚ ਕੀ; ਲਾਹਾ ਮਿਲੈ ਰਜਾਇ ॥

ਸੰਸਾਰ ਵਿਚ ਜੋ ਵਾਹਿਗੁਰੂ ਦੀ **ਵਾ:** ਸਤਿਗੁਰਾਂ ਦੀ ਰਜਾਇ = ਆਗਿਆ ਮੰਨ ਕੇ ਭਾਵ ਹੁਕਮ ਵਿਚ ਰਹਿ ਕੇ ਸੱਚੇ ਨਾਮ ਦੀ ਕਾਰ ਕਮਾਉਂਦੇ ਹਨ, ਉਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਰੂਪ ਪੂਰਨ ਲਾਭ ਹੁੰਦਾ ਹੈ।

## ਪੂੰਜੀ ਸਾਚੀ ਗੁਰੁ ਮਿਲੈ; ਨਾ ਤਿਸੁ ਤਿਲੁ ਨ ਤਮਾਇ ॥੬॥

ਜਿਨ੍ਹਾਂ ਜਗਿਆਸੂਆਂ ਕੋਲ ਸ਼ਰਧਾ ਰੂਪ ਸੱਚੀ ਪੂੰਜੀ ਹੈ, ਉਨ੍ਹਾਂ ਨੂੰ ਸਤਿਗੁਰੂ ਜੀ ਮਿਲ ਪੈਂਦੇ ਹਨ **ਵਾ:** ਉਹ ਸਤਿਗੁਰਾਂ ਨੂੰ ਮਿਲ ਪੈਂਦੇ ਹਨ। ਸਤਿਗੁਰੂ ਸਾਹਿਬ ਜੀ ਦੇ ਅੰਦਰ ਤਿਲੁ = ਰਤਾ ਭਰ ਭੀ ਤਿਸੁ = ਤ੍ਰਿਸ਼ਨਾ ਨਹੀਂ ਹੈ ਅਤੇ ਨਾ ਹੀ ਕੋਈ ਤਮਾਇ = ਇੱਛਾ ਹੈ **ਵਾ:** ਨਾ ਹੀ ਤਮੋ ਗੁਣ ਹੈ। ਗੁਰੂ ਸਾਹਿਬ ਜੀ ਤਮਾ ਤੇ ਲਾਲਚ ਤੋਂ ਰਹਿਤ ਹਨ **ਵਾ:** ਸਤਿਗੁਰਾਂ ਵਿਚ ਨਾ ਤਾਂ ਤਿਸੁ = ਤ੍ਰਿਸ਼ਨਾ ਹੈ ਅਤੇ ਨਾ ਹੀ ਤਿਲ ਮਾਤਰ ਅਗਿਆਨ ਰੂਪ (ਤਮ + ਆਇ) ਤਮ = ਹਨੇਰਾ ਆਇ = ਆਉਂਦਾ ਹੈ। ਸਤਿਗੁਰੂ ਜੀ ਇਨ੍ਹਾਂ ਸਾਰਿਆਂ ਤੋਂ ਰਹਿਤ ਹਨ ॥੬॥

## ਗੁਰਮੁਖਿ ਤੋਲਿ ਤੁੋਲਾਇਸੀ; ਸਚੁ ਤਰਾਜੀ ਤੋਲੁ ॥

ਮੁਖੀ ਸਤਿਗੁਰਾਂ ਦੁਆਰਾ ਗੁਰਸਿੱਖ ਪਿਆਰੇ ਸੱਚ ਦੀ ਭਗਤੀ ਰੂਪ ਤਰਾਜੀ = ਤੱਕੜੀ ਨਾਲ ਵੀਚਾਰ ਰੂਪ ਤੋਲਿ = ਵੱਟਾ ਪਾ ਕੇ ਸੱਚ ਨੂੰ ਤੋਲਦੇ ਹਨ ਅਤੇ ਹੋਰਨਾਂ ਤੋਂ ਤੁੋਲਾਇਸੀ = ਤੁਲਵਾਉਂਦੇ ਹਨ ਭਾਵ ਆਪ ਸਤਿਗੁਰਾਂ ਦੇ ਸ਼ਬਦ ਦੀ ਵੀਚਾਰ ਕਰਦੇ ਅਤੇ ਹੋਰਨਾਂ ਤੋਂ ਕਰਵਾਉਂਦੇ ਹਨ। ਆਪ ਨਾਮ ਜਪਦੇ ਤੇ ਹੋਰਨਾਂ ਤੋਂ ਜਪਾਉਂਦੇ ਹਨ।

## ਆਸਾ ਮਨਸਾ ਮੋਹਣੀ; ਗੁਰਿ ਠਾਕੀ ਸਚੁ ਬੋਲੁ ॥

ਸਤਿਗੁਰੂ ਮਹਾਰਾਜ ਜੀ ਨੇ ਸੱਚਾ ਬਚਨ ਬੋਲ ਕੇ ਭਾਵ ਸੱਚੇ ਸ਼ਬਦ ਦੁਆਰਾ ਸਿੱਖ ਦੇ ਹਿਰਦੇ ਵਿੱਚੋਂ ਪਦਾਰਥਾਂ ਦੀ ਆਸਾ ਅਤੇ ਵਿਸ਼ਿਆਂ ਦੀ ਮਨਸਾ = ਵਾਸ਼ਨਾ ਜੋ ਸਾਰਿਆਂ ਨੂੰ ਮੋਹਿਤ ਕਰਨ ਵਾਲੀ ਹੈ, ਇਹ ਠਾਕੀ = ਰੋਕ ਦਿੱਤੀ ਹੈ **ਅਥਵਾ** ਸਿੱਖ ਦੀ ਮਨਸਾ = ਬੁੱਧੀ ਵਿਚ ਜੋ ਸੰਸਾਰ ਨੂੰ ਮੋਹਣੀ = ਮੋਹਿਤ ਕਰਨ ਵਾਲੀ ਮਾਇਆ ਦੀ, ਪਦਾਰਥਾਂ ਦੀ **ਵਾ:** ਵਿਸ਼ਿਆਂ ਦੀ ਆਸਾ = ਇੱਛਾ ਸੀ, ਉਹ ਸਤਿਗੁਰਾਂ ਨੇ ਸੱਚੇ ਵਾਹਿਗੁਰੂ ਦੇ ਨਾਮ ਨੂੰ ਆਪ ਬੋਲ ਕੇ ਅਤੇ ਸਿੱਖ ਦੀ ਰਸਨਾ ਦੁਆਰਾ ਬੁਲਾ ਕੇ ਠਾਕੀ = ਰੋਕ ਦਿੱਤੀ ਹੈ।

## ਆਪਿ ਤੁਲਾਏ ਤੋਲਸੀ; ਪੂਰੇ ਪੂਰਾ ਤੋਲੁ ॥੭॥

ਆਪ ਹੀ ਗੁਰੂ ਰੂਪ ਹੋ ਕੇ ਤੁਲਾਏ = ਤੁਲਾਉਣ ਵਾਲਾ ਹੈ ਅਤੇ ਆਪ ਹੀ ਅਧਿਕਾਰੀ ਹੋ ਕੇ ਤਨ, ਮਨ, ਧਨ ਦੇ ਕੇ ਤੋਲਸੀ = ਤੋਲਣ ਵਾਲਾ ਹੈ। ਪੂਰੇ ਸਤਿਗੁਰਾਂ ਦਾ ਮਹਾਂਵਾਕ ਰੂਪ ਪੂਰਾ ਤੋਲਣ ਵਾਲਾ ਵੱਟਾ ਹੈ। ਜਦੋਂ ਸਿੱਖ ਦੇ ਹਿਰਦੇ ਵਿੱਚੋਂ ਹਉਮੈ ਦੂਰ ਹੋ ਜਾਂਦੀ ਹੈ ਤਾਂ ਫਿਰ ਕੋਈ ਵੀ ਘੱਟ ਨਹੀਂ ਕਹਿੰਦਾ, ਕਿਉਂਕਿ ਪੂਰੇ ਸਤਿਗੁਰਾਂ ਨੇ ਪੂਰੇ ਵੱਟੇ ਨਾਲ ਤੋਲ ਕੇ ਪੂਰਾ ਕੀਤਾ ਹੈ, ਫਿਰ ਉਹ ਪ੍ਰਭੂ ਰੂਪ ਬਣ ਜਾਂਦਾ ਹੈ ॥੭॥ ਜੈਸਾ ਕਿ :

**ਜਿਨਿ ਜਾਤਾ ਸੋ ਤਿਸ ਹੀ ਜੇਹਾ ॥ ਅਤਿ ਨਿਰਮਾਇਲੁ ਸੀਝਸਿ ਦੇਹਾ ॥**
**ਹਰਿ ਕਾ ਸੇਵਕ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥** *(ਰਾਮਕਲੀ ਮ: ੧, ਅੰਗ ੯੩੧)*

**ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥੮॥** *(ਮਾਰੂ ਮ: ੫, ਅੰਗ ੧੦੭੬)*

## ਕਥਨੈ ਕਹਣਿ ਨ ਛੁਟੀਐ; ਨਾ ਪੜਿ ਪੁਸਤਕ ਭਾਰ ॥

ਕਥਨੈ ਕਹਣਿ ਨ ਛੁਟੀਐ; ਨਾ ਪੜਿ ਪੁਸਤਕ ਭਾਕਥਨੀਆਂ ਦੇ ਕਹਣਿ = ਆਖਣ ਨਾਲ ਆਸਾ, ਮਨਸਾ ਤੋਂ ਨ = ਨਹੀਂ ਛੁਟੀਐ = ਛੁਟੀਦਾ ਅਤੇ ਨਾ ਹੀ ਪੁਸਤਕਾਂ ਦੇ ਭਾਰ = ਸਮੁਦਾਇ ਪੜਿ = ਪੜ੍ਹਣੇ ਕਰਕੇ ਛੁਟੀਦਾ ਹੈ **ਅਥਵਾ** ਜੇਕਰ ਕੋਈ ਸੁੰਦਰ ਕਥਾ ਕਰਨੀ ਸਿੱਖ ਲਵੇ, ਆਪਣੇ ਆਪ ਨੂੰ ਵਿਦਵਾਨ ਸਮਝਣ ਲੱਗ ਜਾਵੇ, ਹੋਰਾਂ ਤੋਂ ਆਪਣੇ ਆਪ ਨੂੰ ਵੱਡਾ ਅਖਵਾਏ, ਬ੍ਰਹਮ ਗਿਆਨ ਦੀਆਂ ਵੀਚਾਰਾਂ ਲੋਕਾਂ ਨੂੰ ਦੱਸੇ, ਪਾਪ ਪੁੰਨ ਬਾਰੇ ਸਮਝਾਵੇ, ਪਰ ਕੇਵਲ ਕਥਾ ਦੇ ਕਹਿਣੇ ਕਰਕੇ ਛੁਟਕਾਰਾ ਨਹੀਂ ਹੋ ਸਕਦਾ ਭਾਵ ਜੰਮਣ ਮਰਣ ਤੋਂ ਮੁਕਤ ਨਹੀਂ ਹੋ ਸਕਦਾ ਅਤੇ ਨਾ ਹੀ ਪੁਸਤਕਾਂ ਦੇ ਭਾਰ ਭਾਵ ਬਹੁਤੀਆਂ ਪੁਸਤਕਾਂ ਪੜ੍ਹਨ ਨਾਲ ਛੁਟਕਾਰਾ ਹੋ ਸਕਦਾ ਹੈ **ਅਥਵਾ** ਜੇਕਰ ਕੋਈ ਕਥਨ ਕਰਨ ਵਾਲਾ ਹੋ ਕਰਕੇ ਕਥਾਵਾਂ ਨੂੰ ਕਹਿਣਾ ਕਰੇ ਅਤੇ ਹੰਕਾਰ ਕਰੇ ਕਿ ਮੈਂ ਬਹੁਤ ਸੁੰਦਰ ਕਥਾ ਕਰਦਾ ਹਾਂ, ਉਹ ਜੰਮਣ ਮਰਣ ਤੋਂ ਰਹਿਤ ਹੋ ਕੇ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਕਰ ਸਕਦਾ। ਉਸ ਦੀ ਹਾਲਤ ਤਾਂ ਲੂਣ ਤੇਲ ਵੇਚਣ ਵਾਲੇ ਵਾਪਾਰੀ ਵਰਗੀ ਹੋ ਜਾਂਦੀ ਹੈ। ਜੈਸਾ ਕਿ :

**ਜਉ ਜਾਨੈ ਮੈ ਕਥਨੀ ਕਰਤਾ ॥ ਬਿਆਪਾਰੀ ਬਸੁਧਾ ਜਿਉ ਫਿਰਤਾ ॥** *(ਗਉੜੀ ਮ: ੫, ਅੰਗ ੨੫੫)*

ਨਾ ਹੀ ਬਹੁਤੀਆਂ ਪੁਸਤਕਾਂ ਪੜ੍ਹਨ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਹੁੰਦੀ ਹੈ। ਜੈਸਾ ਕਿ :

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥** *(ਮਾਰੂ ਕਬੀਰ ਜੀ, ਅੰਗ ੧੧੦੩)*

ਚਾਰੇ ਵੇਦ, ਅਠਾਰਾਂ ਪੁਰਾਣ ਆਦਿ ਅਨੇਕਾਂ ਗ੍ਰੰਥ ਪੜ੍ਹ ਕੇ ਜੇ ਆਪਣਾ ਆਪ ਨਾ ਸਵਾਰਿਆ ਤਾਂ ਇਹਨਾਂ ਦੇ ਪੜ੍ਹੇ ਦਾ ਕੀ ਗੁਣ ਹੈ ਭਾਵ ਕੋਈ ਲਾਭ ਨਹੀਂ ਹੈ। ਉਸ ਦੀ ਹਾਲਤ ਐਸੀ ਹੁੰਦੀ ਹੈ ਜਿਵੇਂ ਚੰਦਨ ਦੀਆਂ ਲੱਕੜਾਂ ਦਾ ਭਾਰ ਖੋਤੇ ਉੱਤੇ ਲੱਦ ਦੇਈਏ ਤਾਂ ਭੀ ਉਸ ਨੂੰ ਉਸ ਦੀ ਸੁਗੰਧੀ ਦਾ ਅਹਿਸਾਸ ਨਹੀਂ ਹੁੰਦਾ। ਉਹ ਕੇਵਲ ਭਾਰ ਸਮਝ ਕੇ ਉਸ ਨੂੰ ਚੁੱਕੀ ਫਿਰਦਾ ਹੈ ਤੇ ਸੁਆਹ ਵਿਚ ਲਿਟਦਾ ਹੈ। ਇਸੇ ਪ੍ਰਕਾਰ ਬਿਨਾਂ ਨਾਮ ਦੀ ਕਮਾਈ ਤੋਂ ਵੇਦ ਸ਼ਾਸਤਰ, ਜੋ ਗਿਆਨ ਦੀ ਖ਼ੁਸ਼ਬੂ ਦੇਣ ਵਾਲੇ ਹਨ **ਵਾ:** ਸ਼ਰਧਾ ਰੂਪ ਖ਼ੁਸ਼ਬੂ ਦੇਣ ਵਾਲੇ ਹਨ, ਉਨ੍ਹਾਂ ਨੂੰ ਪੜ੍ਹ ਲਿਆ। ਉਹ ਮਾਨੋ ਜੀਵ ਰੂਪ ਖੋਤੇ ਨੇ ਆਪਣੇ ਉਪਰ ਵੇਦਾਂ ਸ਼ਾਸਤਰਾਂ ਰੂਪ ਚੰਦਨ ਦੀਆਂ ਲੱਕੜਾਂ ਦਾ ਭਾਰ ਆਪਣੇ ਉੱਤੇ ਲੱਦਿਆ ਹੈ ਪਰ ਪ੍ਰੀਤ ਰੂਪ ਨਾਸ (ਨੱਕ) ਵਿਚ ਸ਼ਰਧਾ ਰੂਪ ਸੁਗੰਧੀ ਲੈਣ ਦੀ ਜਾਚ ਨਹੀਂ। ਇਸ ਨੇ ਤਾਂ ਪੁਸਤਕਾਂ ਪੜ੍ਹ ਕੇ ਹਉਮੈ ਰੂਪ ਭਾਰ ਹੀ ਚੁੱਕਣਾ ਹੈ। ਹੰਕਾਰ ਨਾਲ ਦੱਸਦਾ ਹੈ ਕਿ ਮੈਂ ਇਤਨੇ ਗ੍ਰੰਥ ਪੜ੍ਹੇ ਹਨ। ਮੇਰੀ ਰੀਸ ਕੋਈ ਨਹੀਂ ਕਰ ਸਕਦਾ। ਪਰ ਇਸ ਤਰ੍ਹਾਂ ਇਸ ਜੀਵ ਨੂੰ ਕੋਈ ਲਾਭ ਪ੍ਰਾਪਤ ਨਹੀਂ ਹੁੰਦਾ। ਕੇਵਲ ਖੋਤੇ ਵਾਂਗ ਸਾਰੀ ਉਮਰ ਹਉਮੈ ਦਾ ਭਾਰ ਢੋਂਦਾ ਅਤੇ ਵਿਸ਼ਿਆਂ ਵਿਕਾਰਾਂ ਰੂਪ ਸੁਆਹ ਵਿਚ ਲਿਟ ਕੇ ਆਪਣਾ ਪਰਲੋਕ ਵੀ ਵਿਗਾੜ ਲੈਂਦਾ ਹੈ। ਫਿਰ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਜੇਕਰ ਪੁਸਤਕਾਂ ਪੜ੍ਹਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ ਤਾਂ ਫਿਰ ਸਰੀਰ ਨੂੰ ਸ਼ੁੱਧ ਕਰ ਲਿਆ ਕਰੀਏ ਤਾਂ ਉਪਦੇਸ਼ ਦਿੰਦੇ ਹਨ :

## ਕਾਇਆ ਸੋਚ ਨ ਪਾਈਐ; ਬਿਨੁ ਹਰਿ ਭਗਤਿ ਪਿਆਰ ॥

ਹਰਿ = ਪਰਮੇਸ਼ਰ ਦੀ ਪ੍ਰੇਮਾ ਭਗਤਿ = ਭਗਤੀ ਦੇ ਪਿਆਰ ਤੋਂ ਬਿਨੁ = ਬਗ਼ੈਰ, ਨਿਰਾ ਕਾਇਆ = ਸਰੀਰ ਨੂੰ ਸੋਚ = ਪਵਿੱਤਰ ਕਰਨ ਦੇ ਨਾਲ ਭਾਵ ਯੋਗਾ ਅਭਿਆਸ ਨੇਤੀ ਧੋਤੀ ਆਦਿ ਕਰਨ ਨਾਲ ਪਰਮੇਸ਼ਰ ਨੂੰ ਨ = ਨਹੀਂ ਪਾਈਐ = ਪਾਈਦਾ।

## ਨਾਨਕ ਨਾਮੁ ਨ ਵੀਸਰੈ; ਮੇਲੇ ਗੁਰੁ ਕਰਤਾਰ ॥੮॥੯॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਮਹਾਰਾਜ ਅਕਾਲ ਪੁਰਖ ! ਆਪ ਜੀ ਦਾ ਨਾਮ ਸਾਨੂੰ ਕਦੇ ਵੀ ਨਾ ਵੀਸਰੈ = ਭੁੱਲੇ। ਇਸ ਪ੍ਰਕਾਰ ਜੋ ਬੇਨਤੀ ਕਰਦੇ ਹਨ, ਉਨ੍ਹਾਂ ਨੂੰ

ਗੁਰੂ ਅਕਾਲ ਪੁਰਖ ਜੋ ਸਾਰਿਆਂ ਦਾ ਕਰਤਾ ਹੈ, ਆਪਣੇ ਨਾਮ ਨਾਲ ਮੇਲ ਲੈਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਵਾਹਿਗੁਰੂ ਨੂੰ ਸੱਚਖੰਡ ਵਿਚ ਜਾ ਕੇ ਗੁਰੂ ਧਾਰਿਆ ਹੈ। ਉਸੇ ਦਾ ਭਾਵ ਲੈ ਕੇ ਉਪਰੋਕਤ ਕਥਨ ਕਰਦੇ ਹਨ **ਅਥਵਾ** ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰੂ ਕਿਰਪਾ ਦੁਆਰਾ ਜਿਸ ਨੂੰ ਨਾਮ ਨਹੀਂ ਭੁੱਲਦਾ, ਉਸ ਨੂੰ ਸਤਿਗੁਰੂ ਜੀ ਅਕਾਲ ਪੁਰਖ ਨਾਲ ਮੇਲ ਦਿੰਦੇ ਹਨ॥੮॥੯॥

## ਸਿਰੀਰਾਗੁ ਮਹਲਾ ੧ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਪੂਰੇ ਗੁਰੂ ਦੀ ਗੱਲ ਕਰ ਰਹੇ ਹਨ। ਜਿਸ ਪ੍ਰਕਾਰ ਇਕ ਸੋਟੀ ਹੁੰਦੀ ਹੈ, ਜੋ ਆਪ ਤਾਂ ਤਰਦੀ ਹੈ ਪਰ ਹੋਰ ਕਿਸੇ ਨੂੰ ਨਹੀਂ ਤਾਰ ਸਕਦੀ। ਇਕ ਅਨਤਾਰੂ ਹੁੰਦਾ ਹੈ ਜੋ ਕਿਨਾਰੇ 'ਤੇ ਬੈਠਾ ਲੋਕਾਂ ਨੂੰ ਦੱਸੀ ਜਾਂਦਾ ਹੈ ਕਿ ਪਾਣੀ ਥੋੜ੍ਹਾ ਜਾਂ ਜ਼ਿਆਦਾ ਹੈ ਪਰ ਆਪ ਕਦੇ ਪਾਣੀ ਵਿਚ ਪ੍ਰਵੇਸ਼ ਨਹੀਂ ਹੋਇਆ। ਉਸ ਦੇ ਆਖੇ ਲੱਗ ਕੇ ਡੁੱਬਣ ਦਾ ਖ਼ਤਰਾ ਰਹਿੰਦਾ ਹੈ। ਪਰ ਜੋ ਜਹਾਜ਼ ਹੈ ਉਹ ਆਪ ਵੀ ਪਾਰ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਪਾਰ ਕਰ ਦਿੰਦਾ ਹੈ। ਇਸੇ ਪ੍ਰਕਾਰ ਜੋ ਆਪਣੇ ਆਪ ਨੂੰ ਅਵਧੂਤ ਗੁਰੂ ਅਖਵਾਉਂਦੇ ਹਨ, ਉਨ੍ਹਾਂ ਨੇ ਵਿੱਦਿਆ ਨਹੀਂ ਪੜ੍ਹੀ ਹੋਈ। ਕਿਸੇ ਮਹਾਤਮਾ ਦੇ ਬਚਨ ਨੂੰ ਮੰਨ ਕੇ ਆਪ ਤਾਂ ਮੁਕਤ ਹੋ ਜਾਂਦੇ ਹਨ, ਪਰ ਜੇ ਕੋਈ ਸ਼ੰਕਾ ਵਾਲਾ ਪੁਰਖ ਜਾਂ ਜਗਿਆਸੂ ਆ ਜਾਵੇ ਤਾਂ ਉਸ ਦਾ ਸ਼ੰਕਾ ਮੇਟ ਕੇ ਉਸ ਦੇ ਤਾਈਂ ਬ੍ਰਹਮ ਗਿਆਨ ਨਹੀਂ ਕਰਾ ਸਕਦੇ। ਐਸੇ ਅਵਧੂਤ ਗੁਰੂ ਸੋਟੀ ਦੀ ਨਿਆਈਂ ਹਨ ਜੋ ਆਪ ਤਾਂ ਤਰ ਸਕਦੀ ਹੈ, ਪਰ ਹੋਰ ਨੂੰ ਨਹੀਂ ਤਾਰ ਸਕਦੀ ਜਾਂ ਫਿਰ ਕੋਈ ਛੋਟਾ ਜੀਵ ਜਿਸ ਦੇ ਭਾਰ ਨਾਲ ਸੋਟੀ ਹੇਠਾਂ ਨੂੰ ਨਾ ਦਬਾਈ ਜਾ ਸਕੇ, ਉਹ ਉਸ ਸੋਟੀ ਦੇ ਆਸਰੇ ਡੁੱਬਣ ਤੋਂ ਬਚ ਕੇ ਤਰ ਸਕਦਾ ਹੈ। ਇਸ ਤਰ੍ਹਾਂ ਜਿਹੜਾ ਕੋਈ ਸ਼ੰਕਾ ਨਾ ਕਰੇ, ਉਸ ਮਹਾਤਮਾ ਦੇ ਬਚਨ ਮੰਨ ਕੇ ਕਮਾਈ ਕਰਨ ਲੱਗ ਪਵੇ, ਉਸ ਦਾ ਉਧਾਰ ਹੋ ਸਕਦਾ ਹੈ। ਦੂਸਰੇ ਜੋ ਪੰਡਿਤ ਵਿਦਵਾਨ ਹਨ, ਉਹ ਗੁਰੂ ਬਣ ਕੇ ਦੁਨੀਆਂ ਨੂੰ ਉਪਦੇਸ਼ ਤਾਂ ਦਿੰਦੇ ਹਨ ਪਰ ਆਪ ਕਮਾਈ ਨਹੀਂ ਕਰਦੇ। ਜਿਵੇਂ ਕੋਈ ਆਦਮੀ ਆਪ ਕਿਨਾਰੇ 'ਤੇ ਬੈਠਾ ਹੋਵੇ ਤੇ ਕਹੇ ਕਿ ਪਾਣੀ ਥੋੜ੍ਹਾ ਹੀ ਹੈ, ਲੰਘ ਜਾਓ। ਉਸ ਦੇ ਆਖੇ ਲੱਗ ਕੇ ਕੋਈ ਪਾਣੀ ਵਿਚ ਪ੍ਰਵੇਸ਼ ਕਰ ਜਾਵੇ ਤਾਂ ਡੂੰਘੇ ਪਾਣੀ ਵਿਚ ਜਾ ਕੇ ਡੁੱਬ ਜਾਵੇਗਾ। ਇਸ ਪ੍ਰਕਾਰ ਪੰਡਿਤ ਗੁਰੂ ਜਿਹੜੇ ਹਨ, ਵਿੱਦਿਆ ਪੜ੍ਹ ਲਈ, ਸ਼ਾਸਤਰਾਂ ਦਾ ਗਿਆਨ ਪ੍ਰਾਪਤ ਹੋ ਗਿਆ, ਲੋਕਾਂ ਨੂੰ ਸਮਝਾਉਣ ਲੱਗੇ ਕਿ ਸੰਸਾਰ ਸਮੁੰਦਰ ਤੁੱਛ ਮਾਤਰ ਹੀ ਹੈ। ਪਰ ਆਪ ਕਦੇ ਸੰਸਾਰ ਤੋਂ ਪਾਰ ਹੋਣ ਦਾ ਸਾਧਨ ਨਹੀਂ ਕੀਤਾ। ਐਸੇ ਅਨਤਾਰੂ ਦੇ ਆਖੇ ਲੱਗ ਕੇ ਜੋ ਸੰਸਾਰ ਸਮੁੰਦਰ ਤੋਂ ਤਰਨ ਦਾ ਯਤਨ ਕਰਦੇ ਹਨ, ਉਹ ਪਦਾਰਥਾਂ ਰੂਪ ਪਾਣੀ ਵਿਚ ਗ਼ੋਤੇ ਖਾ ਖਾ ਕੇ ਵਿਚ ਹੀ ਡੁੱਬ ਜਾਂਦੇ ਹਨ। ਪਰ ਸਤਿਗੁਰੂ ਮਹਾਰਾਜ ਜੀ ਜਹਾਜ਼ ਦੀ ਨਿਆਈਂ ਹਨ। ਜਹਾਜ਼ 'ਤੇ ਭਾਵੇਂ ਪਿੰਡ ਨੂੰ ਚੜ੍ਹਾ ਲਵੋ। ਜਹਾਜ਼ ਸਾਰਿਆਂ ਨੂੰ ਪਾਰ ਕਰ ਦਿੰਦਾ ਹੈ। ਇਸ ਪ੍ਰਕਾਰ ਭਾਵੇਂ ਕ੍ਰੋੜਾਂ ਬ੍ਰਹਿਮੰਡਾਂ ਦੇ ਜੀਵ ਹੋਣ, ਉਨ੍ਹਾਂ ਸਾਰਿਆਂ ਨੂੰ ਗੁਰੂ ਸਾਹਿਬ ਜੀ ਜੋ ਬ੍ਰਹਮ ਸ੍ਰੋਤਰੀ, ਬ੍ਰਹਮ ਨੇਸ਼ਟੀ ਭਾਵ ਬ੍ਰਹਮ ਦਾ ਸ੍ਰਵਣ ਕਰਾਉਣ ਵਾਲੇ ਆਪ ਬ੍ਰਹਮ ਸਰੂਪ ਦੇ ਨਿਸਚੇ ਵਾਲੇ ਹਨ, ਉਹ ਜਹਾਜ਼ ਦੀ ਨਿਆਈਂ ਹੋ ਕੇ ਸਾਰਿਆਂ ਨੂੰ ਪਾਰ ਕਰ ਦਿੰਦੇ ਹਨ। ਜੈਸਾ ਕਿ :

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥**
**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੧॥** *(ਗਉੜੀ ਸੁਖਮਨੀ ਮ: ੫, ਅੰਗ ੨੯੫)*
**ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ ॥੧॥** *(ਕਾਨੜਾ ਮ: ੫, ਅੰਗ ੧੩੦੧)*

ਐਸੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਹਨ, ਜਿਨ੍ਹਾਂ ਕਲਿਜੁਗ ਦੇ ਜੀਵਾਂ ਨੂੰ ਤਾਰਨ ਲਈ ਪਰਮੇਸ਼ਰ ਵੱਲੋਂ ਪੂਰੇ ਗੁਰੂ ਦਾ ਰੂਪ ਧਾਰਨ ਕੀਤਾ ਹੈ। ਜੈਸਾ ਕਿ :

**ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥** *(ਆਸਾ ਮ: ੫, ਅੰਗ ੪੦੪)*

ਜਿਨ੍ਹਾਂ ਨੇ ਹੁਸ਼ਿਆਰ ਹੋ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜਾਂ ਵਿਕਾਰਾਂ ਨੂੰ ਸਮਾਪਤ ਕਰ ਦਿੱਤਾ ਹੈ, ਉਹ ਕਲਿਜੁਗ ਵਿਚ ਪੂਰਨ ਹੈ। ਜੋ ਪੰਜਾਂ ਦੇ ਵੱਸ ਵਿਚ ਹੈ, ਉਹ ਪੂਰਨ ਨਹੀਂ ਹੈ। ਸਤਿਗੁਰੂ ਜੀ ਪੂਰਨ ਗੁਰੂ ਸਤਿ ਸਰੂਪ ਹਨ। ਤ੍ਰੈਕਾਲ ਅਬਾਧ ਰੂਪ ਹਨ। ਸਤਿਗੁਰੂ ਜੀ ਚੇਤਨ ਸਰੂਪ ਹਨ। ਸਤਿਗੁਰੂ ਜੀ ਗੁ = ਅਗਿਆਨ ਰੂਪ ਹਨੇਰੇ ਦਾ ਨਾਸ਼ ਕਰ ਕੇ ਰੂ = ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ। ਗੁਰੂ ਪਦ ਗਿਰੀ ਧਾਤੂ ਤੋਂ ਬਣਿਆ ਹੈ। ਗਿਰ ਪਹਾੜ ਦਾ ਨਾਮ ਹੈ। ਜੋ ਪਹਾੜ ਦੀ ਨਿਆਈਂ ਅਚੱਲ ਰਹਿਣ ਵਾਲੇ ਹਨ, ਜਿਨ੍ਹਾਂ ਨੂੰ ਕਾਮ, ਕ੍ਰੋਧ ਆਦਿ ਦਾ ਕੋਈ ਬਿਘਨ ਨਹੀਂ ਪੈ ਸਕਦਾ। ਫਿਰ ਗਿਰ ਨਾਮ ਨਿਗਲਣ ਦਾ ਹੈ ਜੋ ਅਗਿਆਨ ਨੂੰ ਨਿਗਲ ਜਾਣ ਵਾਲੇ ਹਨ। ਗਿਰ ਨਾਮ ਹੈ ਭਾਰੀ ਦਾ, ਸਤਿਗੁਰੂ ਸਭ ਤੋਂ ਵੱਡੇ ਸਭ ਤੋਂ ਭਾਰੇ ਗੁਰੂ ਹਨ। ਜੈਸਾ ਕਿ :

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥** *(ਸੂਹੀ ਮ: ੫, ਅੰਗ ੭੫੦)*

ਗਿਰ ਨਾਮ ਬਾਣੀ ਦਾ ਵੀ ਹੁੰਦਾ ਹੈ। ਸਤਿਗੁਰੂ ਜੀ ਬਾਣੀ ਸਰੂਪ ਹਨ।

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥** *(ਨਟ ਮ: ੪, ਅੰਗ ੯੮੨)*

ਇਸ ਪ੍ਰਕਾਰ ਗਿਰ ਧਾਤੂ ਦੇ ਚਾਰ ਅਰਥ ਨਿਕਲਦੇ ਹਨ।

## ਸਤਿਗੁਰੁ ਪੂਰਾ ਜੇ ਮਿਲੈ; ਪਾਈਐ ਰਤਨੁ ਬੀਚਾਰੁ ॥

ਐਸੇ ਪੂਰਨ ਸਤਿਗੁਰੂ ਦਾ ਜੇਕਰ ਮਿਲੈ = ਮਿਲਾਪ ਹੋ ਜਾਵੇ ਤਾਂ ਸਤਿਗੁਰੂ ਜੀ ਪਾਸੋਂ ਸ਼ਬਦ ਰੂਪ ਰਤਨ ਦਾ ਵੀਚਾਰ ਪ੍ਰਾਪਤ ਕਰੀਦਾ ਹੈ **ਵਾ:** ਰਤਨ ਜੋ ਬ੍ਰਹਮ ਹੈ, ਜਿਸ ਨੂੰ ਵੇਖ ਕੇ ਕਿਸੇ ਹੋਰ ਪਦਾਰਥ ਦੀ ਰਤ = ਪ੍ਰੀਤੀ ਨਾ ਰਹੇ, ਐਸੇ ਸਰੂਪ ਦਾ ਵੀਚਾਰ ਪਾਈਦਾ ਹੈ **ਵਾ:** ਰਤਨ ਨਾਮ ਵੈਰਾਗ ਦਾ ਹੈ। ਸਤਿਗੁਰਾਂ ਪਾਸੋਂ ਤਰਤੀਬਰ ਤਰਤਮ ਵੈਰਾਗ ਰੂਪ ਰਤਨ ਅਤੇ ਬੀਚਾਰੁ = ਬਿਬੇਕ ਨੂੰ ਪਾਈਦਾ ਹੈ।

## ਮਨੁ ਦੀਜੈ ਗੁਰ ਆਪਣੇ; ਪਾਈਐ ਸਰਬ ਪਿਆਰੁ ॥

ਆਪਣੇ ਸਤਿਗੁਰਾਂ ਨੂੰ ਆਪਣਾ ਮਨ ਭੇਟਾ ਕਰ ਦੇਈਏ, ਜੋ ਸਾਰਿਆਂ 'ਚ ਪ੍ਰੇਮ ਰੂਪ ਹੋ ਕੇ ਰਮਿਆ ਹੋਇਆ ਹੈ। ਜੈਸਾ ਕਿ :

**ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੮੦॥** *(ਜਾਪੁ ਸਾਹਿਬ)*

ਉਸ ਸਾਰਿਆਂ ਨੂੰ ਪਿਆਰ ਕਰਨ ਵਾਲੇ ਪਰਮੇਸ਼ਰ ਨੂੰ ਪਾ ਲਈਦਾ ਹੈ **ਵਾ:** ਸਾਰਿਆਂ ਵਿਚ ਜੋ ਪਿਆਰਾ ਅਸਤੀ ਭਾਂਤੀ ਪ੍ਰੇਯ ਰੂਪ ਹੋ ਕੇ ਨਿਵਾਸ ਕਰਦਾ ਹੈ, ਉਸ ਅਨੰਦ ਸਰੂਪ ਨੂੰ ਪਾ ਲਈਦਾ ਹੈ **ਵਾ:** ਜੋ ਪਿਆਰਾ ਸਰਬ = ਸਾਰਿਆਂ ਦਾ ਆਤਮ ਸਰੂਪ ਕਿਸੇ ਦਾ ਵੀ ਦੂਜਾ ਨਹੀਂ, ਸਾਰਿਆਂ ਦਾ ਆਪਣਾ ਆਪ ਰੂਪ ਹੈ, ਉਸ ਪਿਆਰੇ ਨੂੰ ਪਾ ਲਈਦਾ ਹੈ। ਉਹ ਪ੍ਰਭੂ ਸਾਰਿਆਂ ਨਾਲ ਪਿਆਰ ਕਰਨ ਵਾਲਾ ਹੈ। ਇਥੋਂ ਤੱਕ ਕਿ ਜੈਸਾ ਕਿ :

**ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥** *(ਸਿਰੀਰਾਗੁ ਮ: ੫, ਅੰਗ ੪੭)*

ਕਿਸੇ ਦੇ ਵੀ ਅਉਗੁਣ ਨਹੀਂ ਚਿਤਾਰਦਾ, ਐਸਾ ਜੋ ਕ੍ਰਿਪਾਲੂ ਹੈ, ਉਸ ਪ੍ਰਭੂ ਨੂੰ ਪਾ ਲਈਦਾ ਹੈ।

## ਮੁਕਤਿ ਪਦਾਰਥੁ ਪਾਈਐ; ਅਵਗਣ ਮੇਟਣਹਾਰੁ ॥੧॥

ਸਤਿਗੁਰੂ ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਿਆ, ਚੁਗਲੀ, ਵਿਕਾਰਾਂ ਆਦਿ ਅਉਗੁਣਾਂ ਦੇ ਮੇਟਣ ਵਾਲੇ ਹਨ, ਐਸੇ ਸਤਿਗੁਰਾਂ ਪਾਸੋਂ ਮੁਕਤੀ ਰੂਪ ਪਦਾਰਥ ਨੂੰ ਪਾ ਲਈਦਾ ਹੈ। ਬਾਣੀ ਵਿਚ ਇਹ ਪਦਾਰਥ ਕਥਨ ਕੀਤੇ ਹਨ : ਜਨਮ ਪਦਾਰਥ, ਨਾਮ ਪਦਾਰਥ, ਪ੍ਰੇਮ ਪਦਾਰਥ, ਗਿਆਨ ਪਦਾਰਥ, ਮੁਕਤ

ਪਦਾਰਥ। ਮੁਕਤਿ = ਚਾਰ ਪ੍ਰਕਾਰ ਦੀਆਂ ਸਵਰਗ ਦੀਆਂ ਮੁਕਤੀਆਂ ਮੰਨੀਆਂ ਹਨ : ਸਲੋਕ, ਸਮੀਪ, ਸਰੂਪ, ਸਾਯੁਜ। ਸਲੋਕ = ਆਪਣੇ ਇਸ਼ਟ ਦੇਵਤਾ ਦੇ ਲੋਕ ਦੀ ਪ੍ਰਾਪਤੀ ਹੋ ਜਾਣੀ। ਸਮੀਪ = ਆਪਣੇ ਇਸ਼ਟ ਦੇਵ ਦੇ ਨਿਕਟਵਰਤੀ ਹੋ ਜਾਣਾ। ਸਰੂਪ = ਇਸ਼ਟ ਦੇਵਤਾ ਵਰਗਾ ਰੂਪ ਬਣ ਜਾਣਾ। ਚਤੁਰਭੁਜ ਆਦਿ। ਸਾਯੁਜ = ਇਕ ਸਮੇਂ ਹਜ਼ਾਰ ਦੇਹ ਧਾਰ ਕੇ ਹਜ਼ਾਰ ਕੰਮ ਕਰ ਸਕਣਾ ਪਰ ਉੱਤਪਤੀ, ਪਾਲਣਾ ਅਤੇ ਲੈਤਾ (ਲਯਤਾ), ਇਹ ਈਸ਼ਵਰ ਨੇ ਆਪਣੇ ਹੱਥ ਰੱਖੀਆਂ ਹਨ ਭਾਵ ਜਗਤ ਪੈਦਾ ਕਰਨਾ, ਜਗਤ ਦੀ ਪਾਲਣਾ ਕਰਨੀ ਅਤੇ ਜਗਤ ਦਾ ਵਿਨਾਸ਼ ਕਰਨਾ। ਇਨ੍ਹਾਂ ਤਿੰਨਾਂ ਮੁਕਤੀਆਂ ਤੋਂ ਰਹਿਤ ਹੋਣਾ। ਸਾਯੁਜ ਮੁਕਤੀ ਹੈ। ਜਿਸ ਤਰ੍ਹਾਂ ਲੂਣ ਦਾ ਡਲਾ ਪਾਣੀ ਵਿਚ ਘੋਲ ਦੇਈਏ ਤਾਂ ਉਹ ਪਾਣੀ ਵਿਚ ਮਿਲ ਕੇ ਘੁਲ ਜਾਂਦਾ ਹੈ ਪਰ ਜਦੋਂ ਸਵਾਦ ਦੇਖੀਏ ਤਾਂ ਲੂਣ ਦਾ ਸਵਾਦ ਆਉਂਦਾ ਹੈ। ਇਸ ਪ੍ਰਕਾਰ ਸਾਯੁਜ ਮੁਕਤੀ ਵਾਲੇ ਦੀ ਐਸੀ ਅਲਪੱਗਤਾ ਸਮਝੀ ਜਾਂਦੀ ਹੈ। ਤਿੰਨੇ ਮੁਕਤੀਆਂ ਉੱਤਪਤੀ, ਪਾਲਣਾ ਤੇ ਲਯਤਾ (ਲੈਤਾ) ਤੋਂ ਰਹਿਤ ਹੋਣ ਕਰਕੇ ਇਹ ਚਾਰ ਬੈਕੁੰਠ ਦੀਆਂ ਮੁਕਤੀਆਂ ਹਨ ਪਰ ਜੋ ਮੁਕਤ ਪਦ ਦਾ ਅਸਲੀ ਅਰਥ ਹੈ ਕੈਵਲ ਮੋਕਸ਼, ਇਹ ਗੁਰੂ ਸਾਹਿਬ ਜੀ ਪਾਸੋਂ ਹੀ ਪ੍ਰਾਪਤ ਹੁੰਦੀ ਹੈ ਤੇ ਇਸ ਮੁਕਤੀ ਨੂੰ ਪ੍ਰਾਪਤ ਕਰਕੇ ਜਗਿਆਸੂ ਪ੍ਰਭੂ ਨਾਲ ਇਕ ਰੂਪ ਹੋ ਕੇ ਉਸ ਵਿਚ ਅਭੇਦ ਹੋ ਜਾਂਦਾ ਹੈ॥੧॥ ਜੈਸਾ ਕਿ :

**ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥**

*(ਗਉੜੀ ਮ: ੫, ਅੰਗ ੨੭੮)*

**ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ॥**

*(ਧਨਾਸਰੀ ਕਬੀਰ ਜੀ, ਅੰਗ ੬੯੨)*

ਜਿਸ ਤਰ੍ਹਾਂ ਜਲ ਵਿਚ ਪੈ ਕੇ ਜਲ ਵੱਖਰਾ ਨਹੀਂ ਹੁੰਦਾ, ਇਸ ਪ੍ਰਕਾਰ ਦੇਹ ਅਭਿਮਾਨ ਵੱਲੋਂ ਢੁਰਿ = ਢਲ ਕੇ, ਕਬੀਰ ਸਾਹਿਬ ਕਹਿੰਦੇ ਹਨ ਕਿ ਵਿਚ ਜੋ ਲਾਹਾ ਰੂਪ ਪਰਮੇਸ਼ਰ ਹੈ ਮੈਂ (ਜੁਲਾਹਾ) ਉਸ ਵਿਚ ਮਿਲ ਗਿਆ ਹਾਂ। ਇਸ ਪ੍ਰਕਾਰ ਐਸਾ ਕੈਵਲ ਮੋਖ ਰੂਪ ਪਦਾਰਥ ਸਤਿਗੁਰਾਂ ਪਾਸੋਂ ਪਾ ਲਈਦਾ ਹੈ।

## ਭਾਈ ਰੇ; ਗੁਰ ਬਿਨੁ ਗਿਆਨੁ ਨ ਹੋਇ॥

ਹੇ ਭਾਈ! ਸਤਿਗੁਰੂ ਜੀ ਬ੍ਰਹਮ ਸਰੂਪ ਹਨ। ਸਤਿਗੁਰਾਂ ਤੋਂ ਬਗ਼ੈਰ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ।

## ਪੂਛਹੁ ਬ੍ਰਹਮੇ ਨਾਰਦੈ; ਬੇਦ ਬਿਆਸੈ ਕੋਇ॥੧॥ਰਹਾਉ॥

ਭਾਵੇਂ ਇਸ ਗੱਲ ਨੂੰ ਕੋਈ ਵੇਦ ਉਚਾਰਨ ਵਾਲੇ ਬ੍ਰਹਮਾ ਜੀ ਪਾਸੋਂ, ਕੀਰਤਨ ਭਗਤੀ ਕਰਨ ਵਾਲੇ ਨਾਰਦ ਜੀ ਪਾਸੋਂ ਅਤੇ ਵੇਦਾਂ ਦਾ ਟੀਕਾ ਕਰਨ ਵਾਲੇ ਵੇਦ ਬਿਆਸ ਜੀ ਪਾਸੋਂ ਪੁੱਛ ਲਵੇ। ਉਹ ਵੀ ਇਹੀ ਗੱਲ ਕਹਿਣਗੇ ਕਿ ਗੁਰੂ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ, ਕਿਉਂਕਿ ਇਹ ਮਹਾਨ ਆਤਮਾਵਾਂ ਵੀ ਗੁਰੂ ਤੋਂ ਬਿਨਾਂ ਗਿਆਨ ਪ੍ਰਾਪਤ ਨਹੀਂ ਕਰ ਸਕੀਆਂ॥੧॥ਰਹਾਉ॥

**ਸਾਖੀ—ਬ੍ਰਹਮਾ ਜੀ ਦੀ :** ਬ੍ਰਹਮਾ ਜੀ ਨੂੰ ਜਦੋਂ ਸਰਬੱਗਤਾ ਨਹੀਂ ਸੀ ਤਾਂ ਡੰਡਾ ਤੇ ਕਮੰਡਲ ਪਕੜ ਕੇ ਧਰਤੀ 'ਤੇ ਫਿਰਦਾ ਰਿਹਾ; ਜੈਸਾ ਕਿ :

**ਕਾਲ ਹੀ ਪਾਇ ਭਇਓ ਬ੍ਰਹਮਾ ਗਹਿ ਦੰਡ ਕਮੰਡਲ ਭੂਮ ਭ੍ਰਮਾਨਯੋ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੫)*

ਉਸ ਵਕਤ ਬ੍ਰਹਮਾ ਨੂੰ ਆਕਾਸ਼ਬਾਣੀ ਦੁਆਰਾ ਉਪਦੇਸ਼ ਦਿੱਤਾ ਕਿ ਬ੍ਰਹਮਾ! ਤਪ ਕਰ, ਤਪ ਕਰ, ਤਪ ਕਰ। ਤਿੰਨ ਵਾਰ ਇਹੀ ਬਚਨ ਕਿਹਾ। ਜਿਸ ਵੇਲੇ ਬ੍ਰਹਮਾ ਨੇ ਤਪ ਕੀਤਾ, ਉਦੋਂ ਬ੍ਰਹਮਾ ਨੂੰ ਹੰਕਾਰ ਹੋ ਗਿਆ

ਕਿ ਮੈਂ ਗਿਆਨਵਾਨ ਹਾਂ। ਉਸ ਵੇਲੇ ਮਹਾਰਾਜ ਜੀ ਨੇ ਦਿਬ ਸਰੂਪ ਧਾਰਨ ਕੀਤਾ। ਦਿਬ ਸਰੂਪ ਧਾਰ ਕੇ ਜਦੋਂ ਆਏ ਤਾਂ ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਚਾਰੇ ਭਰਾਵਾਂ ਨੂੰ ਫੁਰਨਾ ਫੁਰਿਆ ਕਿ ਸਾਡੇ ਪਿਤਾ ਨੂੰ ਪਤਾ ਨਹੀਂ ਕਿ ਮਨ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਰਹਿਤ ਹੋ ਕੇ ਕਿਵੇਂ ਇਕਾਗਰ ਕਰੀਦਾ ਹੈ। (ਇਹ ਸਾਰਾ ਪ੍ਰਸੰਗ ਅਕਾਦਸ ਗ੍ਰੰਥ ਵਿਚ ਆਉਂਦਾ ਹੈ) ਤਾਂ ਬ੍ਰਹਮਾ ਦੱਸ ਨਾ ਸਕਿਆ। ਇਹ ਚਾਰੇ ਭਰਾ ਆਪਣੇ ਪਿਤਾ ਦਾ ਮਖ਼ੌਲ ਉਡਾਉਣ ਲੱਗੇ ਕਿ ਉਂਜ ਸਾਡਾ ਪਿਤਾ ਅਖਵਾਉਂਦਾ ਹੈਂ ਪਰ ਤੈਨੂੰ ਇਤਨਾ ਗਿਆਨ ਨਹੀਂ। ਉਸ ਵੇਲੇ ਬ੍ਰਹਮਾ ਨੇ ਅਰਾਧਨਾ ਕੀਤੀ ਤਾਂ ਮਹਾਰਾਜ ਨੇ ਹੰਸਾ ਅਵਤਾਰ ਧਾਰ ਕੇ ਜਿਨ੍ਹਾਂ ਦੇ ਪਰਾਂ (ਖੰਭਾਂ) 'ਤੇ ਵੇਦ ਸ਼ਾਸਤਰ ਲਿਖੇ ਹੋਏ ਸਨ, ਐਸਾ ਸਰੂਪ ਧਾਰ ਕੇ ਆ ਗਏ। ਉਸ ਵੇਲੇ ਐਸਾ ਸਰੂਪ ਦੇਖ ਕੇ ਇਨ੍ਹਾਂ ਚਾਰੇ ਭਰਾਵਾਂ ਨੇ ਆ ਕੇ ਬਚਨ ਕੀਤਾ ਕਿ ਦੱਸੋ ਜੀ ਤੁਸੀਂ ਕੌਣ ਹੋ ? ਤਾਂ ਅੱਗੋਂ ਕਹਿਣ ਲੱਗੇ ਕਿ ਭਾਈ! ਪੰਜਾਂ ਤੱਤਾਂ ਦਾ ਸਰੀਰ ਹੈ। ਤੁਹਾਡਾ ਸਰੀਰ ਵੀ ਪੰਜਾਂ ਤੱਤਾਂ ਦਾ ਹੀ ਹੈ, ਇਸ ਲਈ ਤੁਹਾਡਾ ਸਵਾਲ ਗ਼ਲਤ ਹੈ। ਜੇ ਤੁਸੀਂ ਕਹੋ ਕਿ ਆਤਮਾਵਤ ਹਾਂ ਤਾਂ ਤੁਹਾਡੇ ਅਤੇ ਮੇਰੇ ਵਿਚ ਆਤਮਾ ਇਕ ਹੀ ਹੈ। ਇਹ ਵੀ ਸਵਾਲ ਤੁਹਾਡਾ ਗ਼ਲਤ ਹੈ। ਇਸ ਤੋਂ ਅੱਗੇ ਚਾਰੇ ਭਰਾਵਾਂ ਨੂੰ ਕੋਈ ਗੱਲ ਨਾ ਆਈ ਤੇ ਜੋ ਆਪਣੇ ਆਪ ਨੂੰ ਵਿਰੱਕਤ ਅਖਵਾਉਂਦੇ ਸਨ, ਆਪਣੇ ਪਿਤਾ ਨੂੰ ਸ਼ਰਮਿੰਦਾ ਕਰ ਰਹੇ ਸਨ, ਉਨ੍ਹਾਂ ਦਾ ਸਾਰਾ ਮਾਨ ਟੁੱਟ ਗਿਆ ਤੇ ਮੁਆਫ਼ੀ ਮੰਗੀ। ਉਸ ਵੇਲੇ ਹੰਸਾ ਅਵਤਾਰ ਦੇ ਰੂਪ ਵਿਚ ਬ੍ਰਹਮਾ ਨੂੰ ਉਪਦੇਸ਼ ਦੇ ਕੇ ਗਿਆਨਵਾਨ ਕੀਤਾ ਕਿ ਬ੍ਰਹਮਾ ਇੰਦ੍ਰੀਆਂ ਤੋਂ ਪਰ੍ਹੇ ਮਨ ਸ਼ਬਦ ਨਾਲ ਟਿਕਾਈਦਾ ਹੈ। ਇਸ ਪ੍ਰਕਾਰ ਸਤਿਗੁਰੂ ਜੀ ਕਹਿੰਦੇ ਹਨ ਕਿ ਬ੍ਰਹਮਾ ਨੂੰ ਪੁੱਛ ਕੇ ਦੇਖ ਲਵੋ, ਗੁਰੂ ਦੁਆਰਾ ਹੀ ਭਗਵਾਨ ਨੇ ਹੰਸਾ ਅਵਤਾਰ ਧਾਰ ਕੇ ਉਪਦੇਸ਼ ਦਿੱਤਾ ਸੀ।

**ਸਾਖੀ—ਬਿਆਸ ਜੀ ਦੀ :** ਫਿਰ ਬਿਆਸ ਰਿਖੀ ਨੂੰ ਹੰਕਾਰ ਹੋ ਗਿਆ ਕਿ ਮੈਂ ਵੇਦਾਂ ਦਾ ਗਿਆਤਾ ਹਾਂ। ਮੇਰੇ ਜੈਸਾ ਗਿਆਨਵਾਨ ਕੋਈ ਨਹੀਂ। ਹੰਕਾਰ ਹੋਣ ਕਰਕੇ ਉਸ ਵੇਲੇ ਬਿਆਸ ਰਿਖੀ 'ਤੇ ਗ਼ੈਬੀ ਤਲਵਾਰ ਚੱਲੀ। ਦਸਮ ਪਾਤਸ਼ਾਹ ਜੀ ਨੇ ਲਿਖਿਆ ਹੈ ਕਿ ਛੇ ਟੁਕੜਿਆਂ ਵਿਚ ਰਿਖੀ ਵੰਡਿਆ ਗਿਆ। ਫਿਰ ਉਸ ਵਕਤ ਛੇ ਰਿਖੀ ਬਣ ਕੇ ਛੇ ਸ਼ਾਸਤਰ ਸਾਂਖ ਨਿਆਏ ਆਦਿ ਦੀ ਰਚਨਾ ਕੀਤੀ। ਬਿਆਸ ਰਿਖੀ ਦੇ ਅਵਤਾਰ ਵਿਚ ਇਸ ਨੂੰ ਫਿਰ ਸ਼ਾਂਤੀ ਨਾ ਆਵੇ ਤਾਂ ਨਾਰਦ ਨੇ ਇਸ ਨੂੰ ਭਾਗਵਤ ਪੁਰਾਣ ਸੁਣਾਇਆ। ਭਾਗਵਤ ਪੁਰਾਣ ਵਿੱਚੋਂ ਪਰਮੇਸ਼ਰ ਦੇ ਗੁਣ ਉਚਾਰ ਕੇ ਦੱਸੇ। ਜਿਵੇਂ ਕਿ ਭਾਈ ਗੁਰਦਾਸ ਜੀ ਲਿਖਦੇ ਹਨ :

**ਤ੍ਰਿਪਤਿ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ।**
**ਮਾਇਆ ਡੰਡ ਨ ਉਤਰੇ ਜਮ ਡੰਡੇ ਬਹੁ ਦੁਖਿ ਰੂਆਇਆ।**
**ਨਾਰਦਿ ਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।**
**ਬਿਨੁ ਸਰਨੀ ਨਹਿ ਕੋਇ ਤਰਾਇਆ ॥੧੧॥** *(ਭਾਈ ਗੁਰਦਾਸ ਜੀ, ਵਾਰ ੧, ਪਉੜੀ ੧੧)*

ਫਿਰ ਸ਼ਰਨੀ ਪਿਆ। ਨਾਰਦ ਮੁਨੀ ਨੇ ਉਪਦੇਸ਼ ਦਿੱਤਾ ਤੇ ਪਰਮੇਸ਼ਰ ਦੀ ਭਗਤੀ ਕੀਤੀ ਤਾਂ ਬਿਆਸ ਨੂੰ ਸ਼ਾਂਤੀ ਆਈ। ਫਿਰ ਬਿਆਸ ਨੂੰ ਗਿਆਰਾਂ ਹਜ਼ਾਰ ਵਰਸ਼ ਹੰਕਾਰ ਹੋ ਗਿਆ ਕਿ ਮੈਂ ਕਾਰਕ ਪਦ ਨੂੰ ਪ੍ਰਾਪਤ ਹੋ ਗਿਆ ਹਾਂ। ਕਾਰਕਪੁਣੇ ਦੇ ਹੰਕਾਰ ਵਿਚ ਹੀ ਫਿਰਦਾ ਰਿਹਾ। ਜਦੋਂ ਕਾਰਕਪੁਣੇ ਦਾ ਹੰਕਾਰ ਮੁੱਕਿਆ ਤਾਂ ਬਿਆਸ ਜੀ ਨੂੰ ਸ਼ਾਂਤੀ ਆਈ। ਇਸ ਪ੍ਰਕਾਰ ਵੇਦਾਂ ਦੀਆਂ ਜਿਲਦਾਂ ਬੰਨ੍ਹਣ ਵਾਲਾ ਜਿਹੜਾ ਬਿਆਸ ਹੈ, ਉਸ ਦੇ ੧੮ ਪੁਰਾਣਾਂ ਆਦਿ ਗ੍ਰੰਥਾਂ ਨੂੰ ਕੋਈ ਪੜ੍ਹ ਕੇ ਦੇਖ ਲਵੇ। ਇਉਂ ਪੁੱਛ ਕੇ ਵੇਖ ਲਵੇ, ਉਹ ਇਹੀ ਕਥਨ ਕਰਨਗੇ ਕਿ ਗੁਰੂ ਤੋਂ ਬਿਨਾਂ ਕਿਸੇ ਨੂੰ ਗਿਆਨ ਨਹੀਂ ਹੋਇਆ।

## ਗਿਆਨੁ ਧਿਆਨੁ ਧੁਨਿ ਜਾਣੀਐ; ਅਕਥੁ ਕਹਾਵੈ ਸੋਇ ॥

ਹੇ ਭਾਈ! ਨਿਰਗੁਣ ਸਰੂਪ ਦਾ ਗਿਆਨ ਅਤੇ ਸਰਗੁਣ ਸਰੂਪ ਦਾ ਧਿਆਨ ਗੁਰਾਂ ਦੇ ਧੁਨਿ = ਸ਼ਬਦ

ਦੁਆਰਾ ਹੀ ਜਾਣੀਐ = ਜਾਣੀਦਾ ਹੈ ਫੇਰ ਸੋਇ = ਉਹ ਗੁਰੂ ਹੀ ਅਕਥੁ = ਕਥਨ ਤੋਂ ਰਹਿਤ ਪਰਮੇਸ਼ਰ ਨੂੰ ਕਹਾਵੈ = ਕਥਨ ਕਰਾ ਦਿੰਦਾ ਹੈ।

## ਸਫਲਿਓ ਬਿਰਖੁ ਹਰੀਆਵਲਾ; ਛਾਵ ਘਣੇਰੀ ਹੋਇ ॥

ਸਤਿਗੁਰੂ ਸਾਹਿਬ ਧਰਮ ਰੂਪੀ ਮੁੱਢ, ਕਰੁਣਾ, ਮੁੱਦਤਾ, ਮੈਤ੍ਰੀ, ਅਪੇਖਿਆ ਰੂਪੀ ਟਾਹਣੀਆਂ ਦੇ ਸਹਿਤ ਹਰੀਆਵਲਾ = ਹਰਾ ਭਰਾ **ਵਾ:** ਭਗਤੀ ਰੂਪੀ ਹਰਿਆਵਲਤਾ ਦੇ ਸਹਿਤ ਸਫਲਿਓ = ਸਫਲਾ ਬਿਰਖੁ = ਬ੍ਰਿਛ ਹੈ, ਜਿਸ ਦੀ ਸ਼ਾਂਤੀ ਰੂਪੀ ਘਣੇਰੀ = ਘਣੀ ਛਾਵ = ਛਾਂ ਹੋਇ = ਹੋ ਰਹੀ ਹੈ।

## ਲਾਲ ਜਵੇਹਰ ਮਾਣਕੀ; ਗੁਰ ਭੰਡਾਰੈ ਸੋਇ ॥੨॥

ਜਿਸ ਗੁਰੂ ਰੂਪ ਬ੍ਰਿਛ ਨੂੰ ਮਾਣਕੀ = ਮਾਣਕ ਦੀ ਨਿਆਈਂ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਪੱਤੇ, ਲਾਲ = ਪ੍ਰੇਮ ਰੂਪੀ ਫੁੱਲ, ਜਵੇਹਰ ਦੀ ਨਿਆਈਂ ਗਿਆਨ ਰੂਪ ਫਲ ਲੱਗੇ ਹੋਏ ਹਨ, ਇਉਂ ਸਤਿਗੁਰਾਂ ਦੇ ਅੰਤਹਕਰਣ ਰੂਪੀ ਭੰਡਾਰੈ = ਖ਼ਜ਼ਾਨੇ ਵਿਚ ਸ਼ੁਭ ਗੁਣ ਸੋਇ = ਸ਼ੋਭਨੀਕ ਹੋ ਰਹੇ ਹਨ ॥੨॥

### ਦੂਸਰਾ ਅਰਥ

**ਸਫਲਿਓ ਬਿਰਖੁ ਹਰੀਆਵਲਾ; ਛਾਵ ਘਣੇਰੀ ਹੋਇ ॥**

ਸਤਿਗੁਰੂ ਜੀ ਸਫਲਿਓ = ਸਹਿਤ ਗਿਆਨ ਫਲ ਦੇ ਬਿਰਖ = ਬ੍ਰਿਛ ਹਨ, ਜਿਨ੍ਹਾਂ ਨੂੰ ਸਤ ਸੰਤੋਖ ਦਇਆ, ਧਰਮ ਵੀਚਾਰ ਆਦਿ ਸ਼ੁਭ ਗੁਣਾਂ ਰੂਪੀ ਪੱਤੇ ਪ੍ਰੇਮ **ਵਾ:** ਧਰਮ ਰੂਪੀ ਫੁੱਲ ਕਰੁਣਾ, ਮੈਤਰੀ, ਮੁੱਦਤਾ, ਅਪੇਖਿਆ ਰੂਪ ਟਾਹਣੀਆਂ 'ਤੇ ਹਰੀ ਦੀ ਉਪਾਸ਼ਨਾ ਭਗਤੀ ਰੂਪ ਹਰੀਆਵਲਤਾ ਦੇ ਸਹਿਤ ਹਨ ਜਿਨ੍ਹਾਂ ਦੀ ਸ਼ਾਂਤੀ ਰੂਪ ਘਣੇਰੀ ਛਾਂ ਹੋ ਰਹੀ ਹੈ।

**ਲਾਲ ਜਵੇਹਰ ਮਾਣਕੀ; ਗੁਰ ਭੰਡਾਰੈ ਸੋਇ ॥੨॥**

ਗੁਰ = ਸਤਿਗੁਰਾਂ ਦਾ ਹਿਰਦੇ ਰੂਪੀ ਭੰਡਾਰੈ = ਖ਼ਜ਼ਾਨਾ ਸੋਇ = ਉਸ ਤੱਤ ਪਦ ਦੇ ਲੱਖਤਾ ਸਰੂਪ ਦੀ ਪ੍ਰਾਪਤੀ ਵਾਲੇ ਸ਼ੁਭ ਗੁਣਾਂ ਨਾਲ ਭਰਿਆ ਹੋਇਆ ਹੈ ਜਿਨ੍ਹਾਂ ਦੀ ਸੰਗਤ ਵਿੱਚੋਂ ਲਾਲ ਦੀ ਨਿਆਈਂ ਪ੍ਰੇਮ, ਜਵੇਹਰ ਦੀ ਨਿਆਈਂ ਗਿਆਨ ਤੇ ਮਾਣਕੀ = ਮਾਣਕ ਦੀ ਨਿਆਈਂ ਸ੍ਰਵਣ ਮੰਨਣ ਨਿਧਿਆਸਣ ਆਦਿ ਸ਼ੁਭ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ॥੨॥

## ਗੁਰ ਭੰਡਾਰੈ ਪਾਈਐ; ਨਿਰਮਲ ਨਾਮ ਪਿਆਰੁ ॥

ਹੇ ਭਾਈ! ਸਤਿਗੁਰਾਂ ਦਾ ਭੰਡਾਰੈ = ਖ਼ਜ਼ਾਨਾ ਸਤਿਸੰਗਤ ਹੈ, ਇਸ ਨੂੰ ਪ੍ਰਾਪਤ ਕਰਨਾ ਕਰੀਏ। ਫਿਰ ਉਸ ਵਿੱਚੋਂ **ਵਾ:** ਸਤਿਗੁਰਾਂ ਦਾ ਜੋ ਹਿਰਦੇ ਰੂਪ ਭੰਡਾਰ ਹੈ, ਉਸ ਵਿੱਚੋਂ ਮਨ ਨੂੰ ਨਿਰਮਲ = ਉੱਜਲ ਕਰਨ ਵਾਲੇ ਪ੍ਰਭੂ ਦੇ ਨਾਮ ਦੇ ਪਿਆਰ ਦੀ ਦਾਤ ਪ੍ਰਾਪਤ ਹੁੰਦੀ ਹੈ।

## ਸਾਚੋ ਵਖਰੁ ਸੰਚੀਐ; ਪੂਰੈ ਕਰਮਿ ਅਪਾਰੁ ॥

ਜੋ ਲਾਭਦਾਇਕ ਨਾਮ ਰੂਪ ਸੱਚਾ ਵਖਰੁ = ਸੌਦਾ ਹੈ, ਇਸ ਨੂੰ ਹਿਰਦੇ ਵਿਚ ਸੰਚੀਐ = ਇਕੱਤਰ ਕਰੀਏ। ਜਿਨ੍ਹਾਂ ਦੇ ਕਰਮ ਨਿਰਮਲ ਅਤੇ ਨਿਸ਼ਕਾਮ ਹਨ, ਉਨ੍ਹਾਂ 'ਤੇ ਪੂਰੇ ਸਤਿਗੁਰਾਂ ਦੀ ਕ੍ਰਿਪਾ ਹੁੰਦੀ ਹੈ। ਸਤਿਗੁਰਾਂ ਦੀ ਕ੍ਰਿਪਾ ਨਾਲ ਉਹ ਗੁਰਮੁਖ ਅਪਾਰੁ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਪਰਮੇਸ਼ਰ ਨੂੰ ਪ੍ਰਾਪਤ ਕਰ ਲੈਂਦੇ ਹਨ।

## ਸੁਖਦਾਤਾ ਦੁਖ ਮੇਟਣੋ; ਸਤਿਗੁਰੁ ਅਸੁਰ ਸੰਘਾਰੁ ॥੩॥

ਸਤਿਗੁਰੂ ਜੀ ਸਾਰੇ ਲੋਕ ਪਰਲੋਕ ਦੇ ਸੁੱਖਾਂ ਦੇ ਦਾਤੇ ਹਨ ਅਤੇ ਜੰਮਣ ਮਰਣ ਦੇ ਦੁੱਖ ਨੂੰ ਮੇਟਣ ਵਾਲੇ ਹਨ। ਸਤਿਗੁਰੂ ਜੀ ਅਸੁਰ = ਦੈਂਤਾਂ ਨੂੰ ਸੰਘਾਰੁ = ਮਾਰਨ ਵਾਲੇ ਹਨ। ਜਿਵੇਂ ਸਤਿਗੁਰੂ ਜੀ ਨੇ ਪ੍ਰਤੱਖ ਦੈਂਤਾਂ ਦਾ ਨਾਸ ਕੀਤਾ। ਸਤਿਜੁਗ ਵਿਚ ਰਾਖਸ਼ਾਂ ਦਾ ਨਾਸ ਕਰਕੇ ਹਜ਼ੂਰ ਸਾਹਿਬ ਵਾਲੀ ਥਾਂ ਤਪ ਕੀਤਾ। ਕਸਾਈ ਲੱਖ ਗਊਆਂ ਕਤਲ ਕਰਨ ਲੱਗੇ ਸਨ, ਉਨ੍ਹਾਂ ਦਾ ਨਾਸ ਕਰਕੇ ਬਿਭੌਰ ਸਾਹਿਬ ਤਪ ਕੀਤਾ। ਫਿਰ ਹੇਮਕੁੰਟ ਸਾਹਿਬ ਜਾ ਕੇ ਤਪੱਸਿਆ ਕੀਤੀ। ਦਸਵਾਂ ਸਰੂਪ ਧਾਰ ਕੇ ਅਸੁਰੀ ਬਿਰਤੀ ਵਾਲੇ ਦੁਸ਼ਟਾਂ ਦਾ ਨਾਸ ਕੀਤਾ। ਇਸੇ ਪ੍ਰਕਾਰ ਸਤਿਗੁਰੂ ਜੀ ਅਸੁਰੀ ਸੰਪਦਾ ਭਾਵ ਜੋ ਕਾਮ, ਕ੍ਰੋਧਾਦਿ, ਅਗਿਆਨ ਆਦਿ ਜੋ ਦੈਂਤ ਹਨ, ਉਨ੍ਹਾਂ ਦਾ ਨਾਸ ਕਰਨ ਵਾਲੇ ਹਨ॥੩॥

## ਭਵਜਲੁ ਬਿਖਮੁ ਡਰਾਵਣੋ; ਨਾ ਕੰਧੀ ਨਾ ਪਾਰੁ ॥

ਇਹ ਜੋ ਭਵਜਲੁ = ਸੰਸਾਰ ਸਮੁੰਦਰ ਹੈ, ਇਹ ਬਹੁਤ ਹੀ ਬਿਖਮੁ = ਕਠਨ ਅਤੇ ਡਰਾਉਣ ਵਾਲਾ ਹੈ ਕਿਉਂਕਿ ਇਸ ਦਾ ਨਾ ਉਰਲਾ ਕੰਧੀ = ਕਿਨਾਰਾ ਦਿੱਸਦਾ ਹੈ ਅਤੇ ਨਾ ਹੀ ਪਾਰੁ = ਪਰਲਾ ਪਾਸਾ ਦਿੱਸਦਾ ਹੈ **ਵਾ**: ਨਾ ਤਾਂ ਜੀਵ ਕੋਲ ਵੈਰਾਗ ਰੂਪ ਉਰਲਾ ਕਿਨਾਰਾ ਹੈ ਅਤੇ ਨਾ ਹੀ ਮੁਕਤੀ ਰੂਪ ਪਰਲਾ ਕਿਨਾਰਾ ਹੈ **ਵਾ**: ਨਾ ਸ਼ਰਧਾ ਰੂਪ ਉਰਲਾ ਕੰਧੀ = ਕਿਨਾਰਾ ਹੈ ਅਤੇ ਨਾ ਹੀ ਗਿਆਨ ਰੂਪ ਪਾਰੁ = ਪਰਲਾ ਕਿਨਾਰਾ ਹੈ।

## ਨਾ ਬੇੜੀ, ਨਾ ਤੁਲਹੜਾ; ਨਾ ਤਿਸੁ ਵੰਝੁ ਮਲਾਰੁ ॥

ਜੀਵ ਕੋਲ ਆਸਾ ਰੂਪ ਨਦੀ ਤੋਂ ਪਾਰ ਹੋਣ ਲਈ ਭਗਤੀ ਰੂਪ ਬੇੜੀ ਨਹੀਂ ਹੈ ਅਤੇ ਨਾ ਹੀ ਤਿਸ ਕੋਲ ਸੰਕਲਪਾਂ ਵਿਕਲਪਾਂ ਰੂਪ ਨਾਲਿਆਂ ਤੋਂ ਲੰਘਣ ਲਈ ਪ੍ਰੇਮ ਰੂਪ ਤੁਲਹੜਾ = ਤੁਲਹਾ ਹੈ। ਨਾ ਤਿਸ ਜੀਵ ਕੋਲ ਵੈਰਾਗ ਰੂਪੀ ਵੰਝੁ = ਬਾਂਸ (ਜੋ ਬੇੜੀ ਨੂੰ ਤੋਰਨ ਲਈ ਇਕ ਲੰਬਾ ਬਾਂਸ ਮਲਾਹ ਕੋਲ ਹੁੰਦਾ ਹੈ) ਹੈ, ਨਾ ਹੀ ਬਿਬੇਕ ਰੂਪ ਚੱਪੂ ਹੈ ਅਤੇ ਨਾ ਹੀ ਗੁਰੂ ਰੂਪ ਮਲਾਰੁ = ਮਲਾਹ ਹੈ।

## ਸਤਿਗੁਰੁ ਭੈ ਕਾ ਬੋਹਿਥਾ; ਨਦਰੀ ਪਾਰਿ ਉਤਾਰੁ ॥੪॥

ਜੋ ਗੁਰਸਿੱਖ ਸਤਿਗੁਰੂ ਜੀ ਦਾ ਭੈ ਧਾਰਨ ਕਰਦੇ ਹਨ, ਉਨ੍ਹਾਂ 'ਤੇ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕਰਕੇ ਨਾਮ ਦੇ ਜਹਾਜ਼ 'ਤੇ ਚੜ੍ਹਾ ਕੇ ਸੰਸਾਰ ਸਮੁੰਦਰ ਤੋਂ ਪਾਰ ਕਰ ਦਿੰਦੇ ਹਨ॥੪॥ ਜੈਸਾ ਕਿ :

**ਭਉ ਬੇੜਾ ਜੀਉ ਚੜਾਊ ॥ ਕਹੁ ਨਾਨਕ ਦੇਵੈ ਕਾਹੂ ॥** *(ਮਾਰੂ ਮ: ੧, ਅੰਗ ੯੯੦)*

## ਇਕੁ ਤਿਲੁ, ਪਿਆਰਾ ਵਿਸਰੈ; ਦੁਖੁ ਲਾਗੈ ਸੁਖੁ ਜਾਇ ॥

ਇਕ ਤਿਲੁ = ਥੋੜੇ ਮਾਤਰ ਵੀ ਪਿਆਰਾ = ਸਨੇਹੀ ਵਾਹਿਗੁਰੂ ਵਿਸਰੈ = ਭੁੱਲ ਜਾਵੇ ਤਾਂ ਜੰਮਣ ਮਰਣ ਦਾ ਦੁੱਖ ਉਸ ਪੁਰਖ ਨੂੰ ਲੱਗਦਾ ਹੈ ਤੇ ਉਸ ਦਾ ਸੁੱਖ ਚਲਿਆ ਜਾਂਦਾ ਹੈ **ਵਾ**: ਇਕ ਤਿਲ ਮਾਤਰ ਭੀ ਪਿਆਰੇ ਦਾ ਨਾਮ ਹਿਰਦੇ ਵਿੱਚੋਂ ਵਿਸਰ ਜਾਵੇ ਤਾਂ ਦੁੱਖ ਲੱਗ ਜਾਂਦਾ ਹੈ ਤੇ ਸੁੱਖ ਚਲਾ ਜਾਂਦਾ ਹੈ।

## ਜਿਹਵਾ ਜਲਉ, ਜਲਾਵਣੀ; ਨਾਮੁ ਨ ਜਪੈ ਰਸਾਇ ॥

ਇਹੋ ਜਿਹੀ ਜਲਉ = ਸੜਨ ਯੋਗ ਜਿਹਵਾ ਜਲਾਵਣੀ = ਸੜ ਜਾਏ ਜੋ ਨਿੰਦਿਆ, ਚੁਗ਼ਲੀ ਅਤੇ ਈਰਖਾ ਦੀਆਂ ਗੱਲਾਂ ਕਰਦੀ ਹੈ **ਵਾ**: ਇਹੋ ਜਿਹੀ ਉਸ ਦੀ ਜਿਹਵਾ ਸੜ ਜਾਵੇ ਜੋ ਵਿਦਵਾਨ ਹੋ ਕੇ ਹਉਮੈ ਦੇ, ਈਰਖਾ ਦੇ, ਦੂਸਰਿਆਂ ਦੇ ਹਿਰਦੇ ਨੂੰ ਸਾੜਨ ਵਾਲੇ ਬਚਨ ਕੱਢਦਾ ਹੈ। ਫਿਰ ਐਸੀ ਜੀਭ ਨੂੰ ਰੱਖ ਕੇ

ਕੀ ਕਰਨਾ ਹੈ, ਜੋ ਨਾਮ ਨੂੰ ਰਸਾਇ = ਰਸਾ ਕੇ ਭਾਵ ਤਦਾਕਾਰ ਹੋ ਕੇ ਪ੍ਰੇਮ ਨਾਲ ਨਹੀਂ ਜਪਦੀ, ਉਸ ਦਾ ਤਾਂ ਸੜਨਾ ਹੀ ਭਲਾ ਹੈ। ਜੈਸਾ ਕਿ :

**ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨ ਪਾਇਆ ॥**
**ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥...** *(ਵਾਰ ਬਿਹਾਗੜਾ, ਮ: ੩, ਅੰਗ ੫੫੦)*

**ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥**
**ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ ॥** *(ਫੁਨਹੇ ਮ: ੫, ਅੰਗ ੧੩੬੨)*

## ਘਟੁ ਬਿਨਸੈ ਦੁਖੁ ਅਗਲੋ; ਜਮੁ ਪਕੜੈ ਪਛੁਤਾਇ ॥੫॥

ਨਾਮ ਤੋਂ ਹੀਣਿਆਂ ਦਾ ਜਦੋਂ ਘਟੁ = ਸਰੀਰ ਬਿਨਸੈ = ਨਾਸ ਹੁੰਦਾ ਹੈ, ਉਦੋਂ ਫਿਰ ਜਮ ਆ ਕੇ ਪਕੜ ਲੈਂਦਾ ਹੈ ਤੇ ਇਸ ਨੂੰ ਅਗਲੋ = ਅਗਲੇ ਪਰਲੋਕ ਵਿਚ **ਵਾ:** ਅਗਲੋ = ਬਹੁਤਾ ਦੁੱਖ ਪ੍ਰਾਪਤ ਹੁੰਦਾ ਹੈ ਭਾਵ ਜਮ ਸਜ਼ਾਵਾਂ ਦਿੰਦੇ ਹਨ। ਬੇਅੰਤ ਕਸ਼ਟ ਭੋਗਦਾ ਹੋਇਆ ਫਿਰ ਪਛੁਤਾਉਂਦਾ ਹੈ ਕਿ ਮੈਂ ਕੀਮਤੀ ਮਨੁੱਖਾ ਜਨਮ ਐਵੇਂ ਹੀ ਗਵਾ ਲਿਆ, ਪਰ ਫਿਰ ਪਛੁਤਾਉਣ ਨਾਲ ਕੁਝ ਨਹੀਂ ਬਣਦਾ ॥੫॥

## ਮੇਰੀ ਮੇਰੀ ਕਰਿ ਗਏ; ਤਨੁ ਧਨੁ ਕਲਤੁ ਨ ਸਾਥਿ ॥

(**ਕਲੱਤੁ** ਅੱਧਕ ਸਹਿਤ ਪੜ੍ਹਨਾ)

ਅਨੇਕਾਂ ਜੀਵ ਮੇਰੀ-ਮੇਰੀ ਕਰਦੇ ਸੰਸਾਰ ਤੋਂ ਚਲੇ ਗਏ। ਨਾ ਕਿਸੇ ਦਾ ਤਨੁ = ਸਰੀਰ ਨਾਲ ਗਿਆ, ਨਾ ਹੀ ਕਲਤੁ = ਇਸਤ੍ਰੀ ਆਦਿ ਕੋਈ ਵੀ ਨਾਲ ਨਹੀਂ ਗਿਆ। ਧੀਆਂ, ਪੁੱਤਰ ਸਭ ਕੁਝ ਇਥੇ ਛੱਡ ਕੇ ਜੀਵ ਨੂੰ ਇਕੱਲੇ ਹੀ ਜਾਣਾ ਪੈਂਦਾ ਹੈ।

## ਬਿਨੁ ਨਾਵੈ, ਧਨੁ ਬਾਦਿ ਹੈ; ਭੂਲੋ ਮਾਰਗਿ ਆਥਿ ॥

ਪ੍ਰਭੂ ਦੇ ਨਾਮ ਤੋ ਬਿਨਾਂ ਜੋ ਧਨ ਇਕੱਠਾ ਕਰਨਾ ਹੈ, ਇਹ ਸਭ ਬਾਦਿ = ਵਿਅਰਥ ਹੈ, ਕਿਉਂਕਿ ਜੇ ਨਾਮ ਤੋਂ ਹੀਣੇ ਮਨੁੱਖ ਕੋਲ ਧਨ ਆ ਜਾਵੇ ਤਾਂ ਉਹ ਹੰਕਾਰੀ ਹੋ ਕੇ ਪਾਪ ਕਰਨ ਲੱਗ ਜਾਂਦਾ ਹੈ, ਬਦਫੈਲੀਆਂ ਕਰਦਾ ਹੈ। ਕਈਆਂ 'ਤੇ ਝੂਠੇ ਮੁਕੱਦਮੇ ਪਵਾ ਕੇ ਕੈਦ ਕਰ ਛੱਡਦਾ ਹੈ। ਇਸ ਪ੍ਰਕਾਰ ਅਨੇਕਾਂ ਤਰ੍ਹਾਂ ਦੇ ਪਾਪਾਂ ਨੂੰ ਜਨਮ ਦੇਣ ਕਰਕੇ ਇਹ ਧਨ ਬੇਅਰਥ ਹੈ ਜੋ ਪਰਉਪਕਾਰ ਹਿਤ ਨਹੀਂ ਵਰਤਿਆ ਜਾਂਦਾ। ਇਹ ਜੀਵ ਆਥਿ = ਮਾਇਆ ਵਿਚ ਲੱਗ ਕੇ ਪਰਮੇਸ਼ਰ ਦੀ ਪ੍ਰਾਪਤੀ ਦੇ ਭਗਤੀ ਮਾਰਗ ਨੂੰ ਭੁੱਲ ਜਾਂਦਾ ਹੈ।

## ਸਾਚਉ ਸਾਹਿਬੁ ਸੇਵੀਐ; ਗੁਰਮੁਖਿ ਅਕਥੋ ਕਾਥਿ ॥੬॥

ਸੱਚਾ ਸਾਹਿਬੁ = ਮਾਲਕ ਜੋ ਅਕਾਲ ਪੁਰਖ ਹੈ, ਉਸ ਦਾ ਸੇਵੀਐ = ਸੇਵਨ ਕਰੀਏ ਭਾਵ ਉਸ ਦਾ ਸਿਮਰਨ ਕਰੀਏ ਕਿਉਂਕਿ (ਗੁਰ + ਮੁਖਿ) ਮੁਖਿ = ਮੁਖੀ ਗੁਰੂ ਸਾਹਿਬ ਜੀ ਉਸ ਅਕਥੋ = ਅਕਥ ਸਰੂਪ ਦਾ ਕਾਥਿ = ਕਥਨ ਕਰਕੇ ਦੱਸਦੇ ਹਨ ॥੬॥ ਜੈਸਾ ਕਿ :

**ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ ॥** *(ਆਸਾ ਮ: ੧, ਅੰਗ ੩੫੪)*

## ਆਵੈ ਜਾਇ ਭਵਾਈਐ; ਪਇਐ ਕਿਰਤਿ ਕਮਾਇ ॥

ਨਾਮ ਤੋਂ ਹੀਣੇ ਜੋ ਮਨਮੁਖ ਪੁਰਸ਼ ਹਨ, ਉਹ ਆਉਣ ਜਾਣ ਭਾਵ ਜੰਮਣ ਮਰਣ ਵਿਚ ਭਵਾਈਐ = ਚੁਰਾਸੀ ਦੇ ਜੂਨਾਂ ਵਿਚ ਭਵਾਏ ਭਾਵ ਘੁਮਾਏ ਜਾਣਗੇ। ਜਿਹੜੀ ਕਮਾਈ ਕੀਤੀ ਹੈ, ਉਹ ਮੱਥੇ ਕਿਰਤਿ = ਲੇਖ ਪੈ ਗਿਆ। ਉਸ ਕੀਤੀ ਹੋਈ ਕਮਾਈ ਭਾਵ ਕਰਮਾਂ ਅਨੁਸਾਰ ਜੋ ਲੇਖ ਲਿਖਿਆ ਜਾਂਦਾ ਹੈ, ਉਸ ਦੇ ਅਨੁਸਾਰ ਜੀਵ ਫਲ ਭੋਗਦਾ ਹੈ ਇਉਂ ਵਾਸ਼ਨਾ ਅਨੁਸਾਰ ਪਏ ਕਿਰਤ ਨੂੰ ਕਮਾਉਂਦਾ ਹੈ।

## ਪੂਰਬਿ ਲਿਖਿਆ ਕਿਉ ਮੇਟੀਐ; ਲਿਖਿਆ ਲੇਖੁ ਰਜਾਇ ॥

ਜੋ ਪੂਰਬਲੇ ਕਰਮਾਂ ਅਨੁਸਾਰ ਪਰਮਾਤਮਾ ਨੇ ਮੱਥੇ 'ਤੇ ਲੇਖ ਲਿਖਿਆ ਹੈ, ਉਹ ਕਿਵੇਂ ਮਿਟ ਸਕਦਾ ਹੈ ਭਾਵ ਨਹੀਂ ਮਿਟ ਸਕਦਾ। ਉਸ ਅਨੁਸਾਰ ਹੀ ਪ੍ਰਭੂ ਨੇ ਜੀਵਾਂ ਨੂੰ ਦੁੱਖ ਸੁੱਖ ਦੇਣਾ ਕੀਤੇ ਹਨ। ਜੈਸਾ ਕਿ :

**ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥** *(ਮਾਰੂ ਮ: ੧, ਅੰਗ ੧੦੩੦)*

ਰਜਾਇ = ਜੋ ਹੁਕਮ ਨੂੰ ਚਲਾਉਣ ਵਾਲਾ ਪਰਮੇਸ਼ਰ ਹੈ, ਉਸ ਨੇ ਜੀਵਾਂ ਦੇ ਕਰਮਾਂ ਅਨੁਸਾਰ ਮੱਥੇ 'ਤੇ ਲੇਖ ਲਿਖਿਆ ਹੈ, ਜੋ ਗੁਰੂ ਦੀ ਸ਼ਰਨ ਤੋਂ ਬਿਨਾਂ ਮੇਟਿਆ ਨਹੀਂ ਜਾ ਸਕਦਾ। ਸਤਿਗੁਰੂ ਜੀ ਹੀ ਕਰਮ ਦਾ ਨਾਸ਼ ਕਰਨ ਵਾਲੇ ਹਨ। ਜੈਸਾ ਕਿ :

**ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥**
**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥** *(ਬਿਲਾਵਲ ਸਧਨਾ ਜੀ, ਅੰਗ ੮੫੮)*

ਗੁਰੂ ਸਾਹਿਬ ਵਿਚ ਇਹ ਗੁਣ ਹੈ ਕਿ ਸਤਿਗੁਰਾਂ ਦੀ ਸ਼ਰਨ ਵਿਚ ਆਉਣ ਵਾਲੇ ਨੂੰ ਕਰਮਾਂ ਰੂਪ ਗਿੱਦੜ ਨਹੀਂ ਚਿੰਬੜ ਸਕਦੇ, ਗੁਰੂ ਰੂਪ ਸ਼ੇਰ ਦੀ ਸ਼ਰਨ ਵਿਚ ਫੇਰ ਕੀ ਜਾਣਾ ਹੈ। ਜੇ ਕਰਮਾਂ ਰੂਪ ਗਿੱਦੜ ਹੀ ਚਿੰਬੜੇ ਰਹੇ, ਇਉਂ ਸਤਿਗੁਰੂ ਜੀ ਕਰਮਾਂ ਨੂੰ ਮੇਟਣ ਵਾਲੇ ਹਨ ਜੋ ਸੁਪਨੇ ਵਿਚ ਹੀ ਕਰਮ ਭੁਗਤਾ ਦਿੰਦੇ ਹਨ।

## ਬਿਨੁ ਹਰਿ ਨਾਮ ਨ ਛੁਟੀਐ; ਗੁਰਮਤਿ ਮਿਲੈ ਮਿਲਾਇ ॥੭॥

ਸਤਿਗੁਰਾਂ ਕੋਲੋਂ ਹਰਿ = ਪਰਮੇਸ਼ਰ ਦਾ ਨਾਮ ਪ੍ਰਾਪਤ ਕੀਤੇ ਤੋਂ ਬਿਨਾਂ ਇਸ ਜੀਵ ਦਾ ਜੰਮਣ ਮਰਣ ਤੋਂ ਛੁਟਕਾਰਾ ਨਹੀਂ ਹੋ ਸਕਦਾ ਭਾਵ ਜੀਵ ਮੁਕਤ ਨਹੀਂ ਹੋ ਸਕਦਾ। ਗੁਰਮਤਿ ਦੁਆਰਾ ਮਿਲਾਇਆ ਹੋਇਆ ਹੀ ਪਰਮੇਸ਼ਰ ਮਿਲਦਾ ਹੈ ਭਾਵ ਉਨ੍ਹਾਂ ਨੂੰ ਹੀ ਪਰਮੇਸ਼ਰ ਦਾ ਮਿਲੈ = ਮਿਲਾਪ ਹੁੰਦਾ ਹੈ ਜਿਸ ਨੇ ਗੁਰ + ਮਤਿ = ਗੁਰੂ ਦੀ ਮਤਿ = ਸਿੱਖਿਆ ਧਾਰਨ ਕੀਤੀ ਹੈ **ਅਥਵਾ** ਜਿਹੜੇ ਗੁਰਸਿੱਖ ਗੁਰੂ ਦੀ ਮੱਤ ਨਾਲ ਮਿਲੇ ਹਨ, ਉਨ੍ਹਾਂ ਦਾ ਮਿਲਾਇਆ ਹੋਇਆ ਪਰਮੇਸ਼ਰ ਮਿਲਦਾ ਹੈ ॥੭॥

## ਤਿਸੁ ਬਿਨੁ ਮੇਰਾ ਕੋ ਨਹੀਂ; ਜਿਸ ਕਾ ਜੀਉ ਪਰਾਨੁ ॥

ਸਾਡੇ ਅੰਦਰ ਐਸਾ ਪ੍ਰੇਮ ਹੋਣਾ ਚਾਹੀਦਾ ਹੈ ਕਿ ਜਿਸ ਵਾਹਿਗੁਰੂ ਦਾ ਦਿੱਤਾ ਹੋਇਆ ਇਸ ਸਰੀਰ ਵਿਚ ਜੀਉ = ਜੀਵ ਆਤਮਾ **ਵਾ:** ਸੂਖਮ ਸਰੀਰ ਹੈ ਜਿਸ ਦੇ ਪਾਏ ਹੋਏ ਸਰੀਰ ਵਿਚ ਪ੍ਰਾਣ ਹਨ, ਉਸ ਪ੍ਰਭੂ ਤੋਂ ਬਿਨਾਂ ਦੁਨੀਆਂ ਵਿਚ ਮੇਰਾ ਕੋਈ ਵੀ ਨਹੀਂ ਹੈ।

## ਹਉਮੈ ਮਮਤਾ ਜਲਿ ਬਲਉ; ਲੋਭੁ ਜਲਉ ਅਭਿਮਾਨੁ ॥

ਜਦੋਂ ਪ੍ਰਭੂ ਨਾਲ ਇਸ ਤਰ੍ਹਾਂ ਪ੍ਰੇਮ ਲੱਗ ਜਾਵੇਗਾ ਤਾਂ ਫਿਰ ਬ੍ਰਹਮ ਅਭਿਆਸ ਦੀ ਅਗਨੀ ਨਾਲ ਦੇਹ ਦੀ ਹੰਗਤਾ, ਪਦਾਰਥਾਂ ਦੀ ਮਮਤਾ ਜਲਿ ਬਲਉ = ਸੜ ਬਲ ਜਾਵੇਗੀ। ਪਦਾਰਥ ਦੇ ਜੋੜਨ ਦਾ ਲੋਭ ਅਤੇ ਅਭਿਮਾਨੁ = ਹੰਕਾਰ ਜਲਉ = ਸੜ ਜਾਵੇਗਾ **ਅਥਵਾ** ਸਾਰੀ ਸ੍ਰਿਸ਼ਟੀ ਹੰਗਤਾ ਮਮਤਾ ਵਿਚ ਜਲ ਬਲ ਰਹੀ ਹੈ। ਜੀਵਾਂ ਦੇ ਹਿਰਦਿਆਂ ਨੂੰ ਲੋਭ ਅਤੇ ਅਭਿਮਾਨ ਸਾੜ ਰਹੇ ਹਨ। ਜਿਸ ਨੂੰ ਨਾਮ ਦਾ ਆਸਰਾ ਹੈ, ਉਹ ਇਹਨਾਂ ਅਗਨੀਆਂ ਤੋਂ ਬਚ ਜਾਂਦਾ ਹੈ।

## ਨਾਨਕ ਸਬਦੁ ਵੀਚਾਰੀਐ; ਪਾਈਐ ਗੁਣੀ ਨਿਧਾਨੁ ॥੮॥੧੦॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਬਦੁ = ਬ੍ਰਹਮ ਦੀ ਵੀਚਾਰ ਕਰੀਏ ਤਾਂ ਗੁਣਾਂ ਦੇ ਨਿਧਾਨੁ = ਖ਼ਜ਼ਾਨੇ ਵਾਹਿਗੁਰੂ ਨੂੰ ਪ੍ਰਾਪਤ ਕਰ ਲਈਦਾ ਹੈ ॥੮॥੧੦॥

# ਸਿਰੀਰਾਗੁ ਮਹਲਾ ੧ ॥

ਸਤਿਗੁਰੂ ਜੀ ਰਹਾਉ ਵਾਲੀ ਤੁਕ ਵਿਚ ਫ਼ੁਰਮਾਨ ਕਰਦੇ ਹਨ ਕਿ "ਮਨ ਰੇ; ਕਿਉ ਛੂਟਹਿ ਬਿਨੁ ਪਿਆਰ ॥" ਹੇ ਮਨ! ਜਿਤਨਾ ਚਿਰ ਤੇਰਾ ਵਾਹਿਗੁਰੂ ਨਾਲ ਪ੍ਰੇਮ ਨਹੀਂ ਲੱਗਦਾ, ਉਤਨਾ ਚਿਰ ਤੂੰ ਜੰਮਣ ਮਰਣ ਤੋਂ ਛੁੱਟ ਨਹੀਂ ਸਕੇਂਗਾ। ਜੇ ਮਨ ਪੁੱਛੇ ਕਿ ਮੈਂ ਪ੍ਰਭੂ ਨਾਲ ਪ੍ਰੀਤੀ ਕਿਸ ਤਰ੍ਹਾਂ ਕਰਾਂ ਤਾਂ ਸਤਿਗੁਰੂ ਜੀ ਪ੍ਰਮਾਣ ਦੇ ਕੇ ਮਨ ਨੂੰ ਪ੍ਰੀਤੀ ਕਰਨ ਦਾ ਢੰਗ ਦੱਸ ਰਹੇ ਹਨ:

## ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਜਲ ਕਮਲੇਹਿ ॥

ਹੇ ਮੇਰੇ ਮਨ! ਹਰਿ = ਪਰਮੇਸ਼ਰ ਨਾਲ ਤੂੰ ਐਸੀ = ਇਹੋ ਜਿਹੀ ਪ੍ਰੀਤੀ ਕਰ, ਜਿਸ ਤਰ੍ਹਾਂ ਕਮਲ ਦੀ ਜਲ = ਪਾਣੀ ਨਾਲ ਪ੍ਰੀਤ ਹੈ। ਕਈ ਕਹਿੰਦੇ ਹਨ ਕਿ ਕਮਲ ਦੀ ਸੂਰਜ ਨਾਲ ਪ੍ਰੀਤੀ ਹੈ ਪਰ ਸਤਿਗੁਰੂ ਜੀ ਦੱਸਦੇ ਹਨ ਕਿ ਕਮਲ ਦਾ ਪਾਣੀ ਨਾਲ ਅਥਾਹ ਪਿਆਰ ਹੈ। ਵਿਦਵਾਨ ਲਿਖਦੇ ਹਨ:

**ਜਲਜ ਪ੍ਰੀਤ ਜਲ ਰਵਿ ਨਹੀ ਖਿਲੈ ਨਿਵਾਰਨ ਘਾਮ।**
**ਨਿਸ ਕੋ ਅੰਮ੍ਰਿਤ ਪੀਵਹੀ ਇਉ ਜਾਣ ਮੁੰਦੇ ਅਭਿਰਾਮ।**

ਜਲਜ = ਕਮਲ ਦੀ ਪ੍ਰੀਤ ਜਲ ਨਾਲ ਹੈ। ਰਵਿ = ਸੂਰਜ ਨਾਲ ਨਹੀਂ। ਸੂਰਜ ਨੂੰ ਦੇਖਣ ਲਈ ਕਮਲ ਨਹੀਂ ਖਿੜਦਾ। ਉਹ ਤਾਂ ਇਸ ਲਈ ਖਿੜਦਾ ਹੈ ਕਿ ਕਿਤੇ ਸੂਰਜ ਚੜ੍ਹਨ ਨਾਲ ਮੇਰੇ ਪਿਆਰੇ ਪਾਣੀ ਨੂੰ ਧੁੱਪ ਨਾ ਲੱਗੇ। ਆਪਣੇ ਪਿਆਰੇ ਨੂੰ ਛਾਂ ਕਰਨ ਲਈ ਕਮਲ ਖਿੜਦਾ ਹੈ। ਫਿਰ ਸ਼ੰਕਾਵਾਦੀ ਕਹਿੰਦਾ ਹੈ ਕਿ ਜੇ ਕਮਲ ਦੀ ਸੂਰਜ ਨਾਲ ਪ੍ਰੀਤ ਨਹੀਂ ਤਾਂ ਸੂਰਜ ਛਿਪਣ ਤੋਂ ਮਿਚ ਕਿਉਂ ਜਾਂਦਾ ਹੈ? ਤਾਂ ਉੱਤਰ ਦਿੰਦੇ ਹਨ ਕਿ 'ਨਿਸ ਕੋ ਅੰਮ੍ਰਿਤ ਪੀਵਹੀ' ਭਾਵ ਰਾਤ ਨੂੰ ਚੰਦਰਮਾ ਵਿੱਚੋਂ ਕਿਰਨਾਂ ਦੇ ਨਾਲ ਅੰਮ੍ਰਿਤ ਝਰਦਾ ਹੈ। ਕਮਲ ਸੋਚਦਾ ਹੈ ਕਿ ਮੇਰੇ ਖਿੜਨ ਕਰਕੇ ਪਾਣੀ ਵਿਚ ਕੋਈ ਐਸਾ ਥਾਂ ਨਾ ਰਹਿ ਜਾਵੇ, ਜਿਥੇ ਚੰਦਰਮਾ ਦੀਆਂ ਕਿਰਨਾਂ ਦਾ ਰਸ ਨਾ ਪਵੇ। ਇਸ ਲਈ ਉਹ ਮਿਚ ਜਾਂਦਾ ਹੈ। ਕਮਲ ਦੀ ਜਲ ਨਾਲ ਐਸੀ ਸੁੰਦਰ ਪ੍ਰੀਤੀ ਹੈ।

## ਲਹਰੀ ਨਾਲਿ ਪਛਾੜੀਐ; ਭੀ ਵਿਗਸੈ ਅਸਨੇਹਿ ॥

ਫਿਰ ਕਮਲ ਨੂੰ ਪਾਣੀ ਲਹਿਰਾਂ ਨਾਲ ਪਛਾੜਦਾ ਹੈ ਭਾਵ ਕਮਲ ਕਦੇ ਉਪਰ ਹੁੰਦਾ ਹੈ ਤੇ ਕਦੇ ਥੱਲੇ, ਪਰ ਫਿਰ ਵੀ ਉਹ ਪਾਣੀ ਦੇ ਅਸਨੇਹਿ = ਪ੍ਰੇਮ ਵਿਚ ਵਿਗਸੈ = ਖਿੜਿਆ ਰਹਿੰਦਾ ਹੈ **ਅਥਵਾ** ਇਸ ਪ੍ਰਕਾਰ ਹੇ ਮਨ! ਤੂੰ ਭੀ ਪਰਮੇਸ਼ਰ ਨਾਲ ਕਮਲ ਵਾਂਗ ਪ੍ਰੀਤੀ ਕਰ। ਉਹ ਪਰਮੇਸ਼ਰ ਭਾਵੇਂ ਤੈਨੂੰ ਦੁੱਖ ਸੁਖ ਰੂਪ ਲਹਿਰਾਂ ਨਾਲ ਪਛਾੜਨਾ ਕਰੇ ਪਰ ਤੂੰ ਹਮੇਸ਼ਾ ਉਸ ਦੀ ਰਜ਼ਾ ਵਿਚ ਖਿੜਿਆ ਰਹਿ ਭਾਵ ਖ਼ੁਸ਼ ਰਹਿ। ਕਦੇ ਪ੍ਰਭੂ ਨਾਲ ਨਰਾਜ਼ ਨਹੀਂ ਹੋਣਾ। ਜਦੋਂ ਦੁੱਖ ਪ੍ਰਾਪਤ ਹੋਵੇ ਤਾਂ ਇਉਂ ਸਮਝ ਕਿ ਜੋ ਸਾਡੇ ਪਾਪ ਕੀਤੇ ਹੋਏ ਹਨ, ਇਹ ਤੁੱਛ ਮਾਤਰ ਕਸ਼ਟ ਦੇ ਕੇ ਉਨ੍ਹਾਂ ਪਾਪਾਂ ਨੂੰ ਪਰਮੇਸ਼ਰ ਮਿਟਾਅ ਰਿਹਾ ਹੈ। ਜਦੋਂ ਸੁੱਖ ਮਿਲੇ ਤਾਂ ਸਮਝੋ ਕਿ ਪਰਮੇਸ਼ਰ ਕਿਰਪਾ ਕਰਕੇ ਪੁੰਨਾਂ ਦਾ ਫਲ ਦੇ ਰਿਹਾ ਹੈ। ਪਰਮੇਸ਼ਰ ਦੇ ਭਾਣੇ ਰੂਪ ਲਹਿਰ ਵਿਚ ਆਪਣਾ ਕੋਈ ਸੰਬੰਧੀ ਮਰ ਜਾਏ, ਕੋਈ ਮੁਕੱਦਮਾ ਪੈ ਜਾਵੇ, ਧਨ ਵੱਲੋਂ ਗ਼ਰੀਬ ਹੋ ਜਾਵੇਂ, ਐਸੀਆਂ ਲਹਿਰਾਂ ਵਿਚ ਵੀ ਉਦਾਸ ਨਾ ਹੋਈਂ। ਫਿਰ ਵੀ ਉਸ ਦੀ ਰਜ਼ਾ ਵਿਚ ਖਿੜਿਆ ਰਹੀਂ। ਐਸਾ ਪਰਮੇਸ਼ਰ ਦੇ ਨਾਲ ਪ੍ਰੇਮ ਕਰ ਤੇ ਮਨ ਵਿਚ ਐਸਾ ਨਿਸਚਾ ਕਰ ਲੈ ਕਿ ਜੋ ਪਰਮੇਸ਼ਰ ਕਰਦਾ ਹੈ, ਉਹੀ ਠੀਕ ਹੈ। ਉਸ ਦਾ ਭਾਣਾ ਮੰਨਣ ਵਿਚ ਹੀ ਸੁੱਖ ਹੈ।

**ਸਾਖੀ—ਰਾਜੇ ਅਤੇ ਭਾਣਾ ਮੰਨਣ ਵਾਲੇ ਵਜ਼ੀਰ ਦੀ :** ਇਕ ਦੇਸ਼ ਦਾ ਰਾਜਾ ਜਿਸ ਦਾ ਵਜ਼ੀਰ ਬਹੁਤ ਹੀ ਸਮਝਦਾਰ ਤੇ ਪ੍ਰਭੂ-ਭਗਤੀ ਵਾਲਾ ਸੀ। ਇਕ ਦਿਨ ਰਾਜਾ ਸ਼ਿਕਾਰ ਖੇਡਣ ਗਿਆ ਤਾਂ ਕਿਰਪਾਨ

ਨਾਲ ਇਸ ਦੇ ਸੱਜੇ ਪੈਰ ਦੀ ਚੀਚੀ (ਉਂਗਲ) ਕੱਟੀ ਗਈ। ਵਾਪਸ ਆ ਕੇ ਉਸ ਨੇ ਵਜ਼ੀਰ ਨੂੰ ਦੱਸਿਆ ਕਿ ਮੇਰੀ ਉਂਗਲੀ ਕੱਟੀ ਗਈ ਹੈ। ਵਜ਼ੀਰ ਸੰਤਾਂ ਮਹਾਤਮਾਂ ਦੀ ਸੰਗਤ ਕਰਨ ਵਾਲਾ ਤੇ ਭਾਣਾ ਮੰਨਣ ਵਾਲਾ ਸੀ। ਕਹਿਣ ਲੱਗਾ ਕਿ ਰਾਜਾ ਸਾਹਿਬ! ਕਰਤਾਰ ਨੇ ਭਲਾ ਕੀਤਾ ਹੈ। ਇਹ ਸੁਣ ਕੇ ਰਾਜੇ ਨੂੰ ਕ੍ਰੋਧ ਚੜ੍ਹਿਆ ਕਿ ਮੇਰੀ ਉਂਗਲੀ ਕੱਟੀ ਗਈ ਹੈ ਤੇ ਇਹ ਕਹਿੰਦਾ ਹੈ ਕਿ ਭਲਾ ਹੋਇਆ। ਉਸ ਨੇ ਵਜ਼ੀਰ ਨੂੰ ਅਹੁਦੇ ਤੋਂ ਮੁਅੱਤਲ ਕਰ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ। ਵਜ਼ੀਰ ਨੇ ਫਿਰ ਕਿਹਾ ਕਿ ਇਹ ਵੀ ਭਲਾ ਹੋਇਆ। ਕੁਝ ਦਿਨਾਂ ਬਾਅਦ ਰਾਜਾ ਫਿਰ ਸ਼ਿਕਾਰ ਖੇਡਣ ਗਿਆ ਤਾਂ ਜੰਗਲ ਵਿਚ ਇਕੱਲਾ ਹੀ ਸੈਨਿਕਾਂ ਤੋਂ ਵਿੱਛੜ ਕੇ ਦੂਰ ਨਿਕਲ ਗਿਆ। ਅੱਗੇ ਇਕ ਮੰਦਰ ਵਿਚ ਦੇਵੀ ਦੇ ਉਪਾਸ਼ਕਾਂ ਨੇ ਸਲਾਹ ਕੀਤੀ ਕਿ ਕਿਸੇ ਬੰਦੇ ਨੂੰ ਦੇਵੀ ਦੀ ਭੇਟਾ ਕਰ ਕੇ ਉਸ ਨੂੰ ਪ੍ਰਸੰਨ ਕਰਨਾ ਹੈ। ਉਨ੍ਹਾਂ ਨੇ ਰਾਜੇ ਨੂੰ ਦੇਖ ਕੇ ਪ੍ਰਦੇਸੀ ਜਾਣ ਕੇ ਫੜ ਲਿਆ। (ਜਿਸ ਪ੍ਰਕਾਰ ਭਾਈ ਬਾਲੇ ਨੂੰ ਕਲਕੱਤੇ ਵਾਲੀ ਕਾਲੀ ਦੇਵੀ ਦੀ ਭੇਟਾ ਕਰਨ ਲੱਗੇ ਸਨ ਫਿਰ ਸਤਿਗੁਰੂ ਜੀ ਨੇ ਰੱਖਿਆ ਕੀਤੀ ਤੇ ਉਲਟਾ ਕਾਲੀ ਦੇਵੀ ਨੇ ਭਾਈ ਬਾਲੇ ਦੀ ਬਲੀ ਦੇਣ ਵਾਲੇ ਰਾਜੇ ਨੂੰ ਹੀ ਮਾਰ ਦਿੱਤਾ ਸੀ।) ਇਸ ਪ੍ਰਕਾਰ ਰਾਜਾ ਪਕੜਿਆ ਗਿਆ। ਪਕੜ ਕੇ ਬਲੀ ਦੇਣ ਲਈ ਉਸ ਦਾ ਇਸ਼ਨਾਨ ਕਰਵਾਇਆ ਤੇ ਜਦੋਂ ਇਸ ਦੀ ਉਂਗਲੀ ਕੱਟੀ ਹੋਈ ਦੇਖੀ ਤਾਂ ਉਸੇ ਵੇਲੇ ਛੱਡ ਦਿੱਤਾ ਕਿ ਇਸ ਦਾ ਅੰਗ ਕੱਟਿਆ ਹੈ, ਇਹ ਦੇਵੀ ਲਈ ਯੋਗ ਬਲੀ ਨਹੀਂ। ਰਾਜਾ ਵਾਪਸ ਆਇਆ ਤੇ ਸੋਚਿਆ ਕਿ ਜੋ ਵਜ਼ੀਰ ਨੇ ਕਿਹਾ ਸੀ ਕਿ ਭਲਾ ਹੋਇਆ, ਇਹ ਪਰਮਾਤਮਾ ਨੇ ਮੇਰਾ ਭਲਾ ਹੀ ਕੀਤਾ ਸੀ। ਨਹੀਂ ਤਾਂ ਅੱਜ ਮੈਂ ਮਾਰੇ ਜਾਣਾ ਸੀ। ਫਿਰ ਮੁਅੱਤਲ ਕੀਤੇ ਵਜ਼ੀਰ ਨੂੰ ਸੱਦਿਆ ਤੇ ਆਦਰ ਸਤਿਕਾਰ ਨਾਲ ਖ਼ਿਤਾਬ ਦੇ ਕੇ ਵਜ਼ੀਰੀ ਦੇ ਅਹੁਦੇ 'ਤੇ ਬਿਠਾ ਦਿੱਤਾ। ਰਾਜਾ ਕਹਿਣ ਲੱਗਾ ਕਿ ਵਜ਼ੀਰ ਸਾਹਿਬ! ਜੋ ਤੁਸੀਂ ਮੇਰੀ ਉਂਗਲੀ ਕੱਟੀ ਤੋਂ ਕਿਹਾ ਸੀ ਕਿ ਭਲਾ ਹੋਇਆ, ਅੱਜ ਮੈਂ ਉਸ ਦਾ ਮਤਲਬ ਸਮਝਿਆ ਹਾਂ। ਜੇ ਮੇਰੀ ਉਂਗਲ ਨਾ ਕੱਟੀ ਹੁੰਦੀ ਤਾਂ ਉਨ੍ਹਾਂ ਨੇ ਮੈਨੂੰ ਦੇਵੀ ਦੀ ਭੇਟਾ ਕਰ ਦੇਣਾ ਸੀ। ਪਰ ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਤੈਨੂੰ ਜਦੋਂ ਵਜ਼ੀਰ ਦੇ ਅਹੁਦੇ ਤੋਂ ਹਟਾ ਕੇ ਜੇਲ੍ਹ ਵਿਚ ਕੈਦ ਕਰ ਦਿੱਤਾ ਤਾਂ ਵੀ ਤੂੰ ਕਿਹਾ ਸੀ ਕਿ ਭਲਾ ਹੋਇਆ, ਇਸ ਦਾ ਕੀ ਮਤਲਬ ਹੈ? ਵਜ਼ੀਰ ਕਹਿਣ ਲੱਗਾ ਕਿ ਹੇ ਰਾਜਨ! ਇਸ ਦਾ ਮਤਲਬ ਹੈ ਕਿ ਜੇ ਮੈਂ ਅਹੁਦੇ 'ਤੇ ਕਾਇਮ ਹੁੰਦਾ ਤਾਂ ਤੁਸੀਂ ਮੈਨੂੰ ਜ਼ਰੂਰ ਆਪਣੇ ਨਾਲ ਸ਼ਿਕਾਰ ਖੇਡਣ ਲਈ ਲੈ ਕੇ ਜਾਣਾ ਸੀ ਤੇ ਜੇ ਮੈਂ ਤੁਹਾਡੇ ਨਾਲ ਫੜਿਆ ਜਾਂਦਾ ਤਾਂ ਮੇਰੇ ਅੰਗ ਪੈਰ ਸਾਬਤ ਹੋਣ ਕਰਕੇ ਉਨ੍ਹਾਂ ਨੇ ਮੈਨੂੰ ਦੇਵੀ ਦੀ ਭੇਟਾ ਕਰ ਦੇਣਾ ਸੀ। ਇਸ ਤਰ੍ਹਾਂ ਪਰਮਾਤਮਾ ਨੇ ਮੇਰਾ ਬਚਾਅ ਕੀਤਾ, ਇਸ ਲਈ ਉਹ ਜੋ ਵੀ ਕਰਦਾ ਹੈ, ਭਲਾ ਕਰਦਾ ਹੈ। ਜੈਸਾ ਕਿ:

**ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ॥** *(ਸੋਰਠਿ ਮ: ੫, ਅੰਗ ੬੧੩)*

ਹੇ ਪਰਮੇਸ਼ਰ! ਤੂੰ ਸਾਡਾ ਭਲਾ ਕਰਦਾ ਹੈਂ ਪਰ ਅਸੀਂ ਭਲਾ ਨਹੀਂ ਸਮਝਦੇ। ਆਪ ਸਦਾ ਹੀ ਦਇਆਲੂ ਹੋ। ਇਸ ਪ੍ਰਕਾਰ ਸਤਿਗੁਰੂ ਜੀ ਉਪਦੇਸ਼ ਬਖ਼ਸ਼ ਰਹੇ ਹਨ ਕਿ ਪ੍ਰਭੂ ਨਾਲ ਐਸੀ ਪ੍ਰੀਤ ਕਰ ਜਿਸ ਪ੍ਰਕਾਰ ਕਮਲ ਦੀ ਜਲ ਨਾਲ ਹੈ। ਕਮਲ ਸੂਰਜ ਦੀ ਧੁੱਪ ਨੂੰ ਮੇਟਣ ਲਈ ਖਿੜਦਾ ਹੈ। ਰਾਤ ਨੂੰ ਚੰਦਰਮਾ ਦੀਆਂ ਕਿਰਨਾਂ ਸਾਰੇ ਪਾਣੀ 'ਤੇ ਪੈਣ, ਇਸ ਲਈ ਮਿਚ ਜਾਂਦਾ ਹੈ। ਇਸੇ ਤਰ੍ਹਾਂ ਜਲ ਦੀ ਨਿਆਈਂ ਸਤਿਗੁਰੂ ਜੀ **ਵਾ:** ਪਰਮੇਸ਼ਰ ਜੀ ਹਨ। ਹੇ ਮਨ! ਤੂੰ ਸਤਿਗੁਰਾਂ ਨਾਲ ਕਮਲ ਵਾਂਗ ਪ੍ਰੀਤੀ ਕਰ। ਜਦੋਂ ਸਤਿਸੰਗਤ ਦੀ ਤੈਨੂੰ ਪ੍ਰਾਪਤੀ ਹੋਵੇ ਜਿਥੇ ਵੈਰਾਗ ਰੂਪ ਚੰਦਰਮਾ ਚੜ੍ਹਿਆ ਹੈ। ਸ਼ੁਭ ਗੁਣਾਂ ਦੇ ਤਾਰੇ ਚਮਕ ਰਹੇ ਹਨ। ਸੰਗਤ ਵਿਚ ਸਤਿਗੁਰੂ ਜੀ ਦਾ **ਵਾ:** ਪ੍ਰਭੂ ਦਾ ਪਿਆਰ ਪੈਦਾ ਹੁੰਦਾ ਹੈ। ਅੰਮ੍ਰਿਤ ਨਾਮ ਦੀ ਵਰਖਾ ਹੁੰਦੀ ਹੈ। ਉਸ ਸਮੇਂ ਆਪਣੇ ਚਿਤ ਨੂੰ ਮੀਚ ਕੇ ਭਾਵ ਸੰਕਲਪਾਂ ਵਿਕਲਪਾਂ ਵੱਲੋਂ ਇਕਾਗਰ ਹੋ ਕੇ ਇਹ ਨਾਮ ਅੰਮ੍ਰਿਤ ਆਪ ਪੀ ਤੇ ਹੋਰਨਾਂ ਨੂੰ ਪਿਆਉਣਾ ਕਰ। ਜੇ ਕਿਤੇ ਜ਼ੁਲਮ ਰੂਪ ਸੂਰਜ ਚੜ੍ਹ ਪਵੇ, ਸਤਿਗੁਰਾਂ ਦੇ ਸਰਗੁਣ ਸਰੂਪ ਦੀ ਕੋਈ ਜ਼ਾਲਮ ਬੇਅਦਬੀ ਕਰਦਾ ਹੋਵੇ ਜਾਂ ਪਰਮੇਸ਼ਰ ਦੀ ਕੋਈ ਨਿੰਦਿਆ ਕਰਦਾ ਹੋਵੇ ਤਾਂ ਕਮਲ ਦੀ ਨਿਆਈਂ ਉਸ ਜ਼ੁਲਮ

ਅੱਗੇ ਆਪ ਅੱਗੇ ਹੋ ਕੇ ਆਪਣਾ ਆਪ ਗੁਰੂ ਤੋਂ ਨਿਛਾਵਰ ਕਰ, ਜਿਤਨਾ ਹੋਵੇ ਆਪਣੇ 'ਤੇ ਕਸ਼ਟ ਝੱਲਣਾ ਕਰ। ਜਿਸ ਤਰ੍ਹਾਂ ਭਾਈ ਮਤੀ ਦਾਸ, ਭਾਈ ਦਿਆਲਾ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਤੋਂ ਪਹਿਲਾਂ ਸ਼ਹੀਦੀ ਪ੍ਰਾਪਤ ਕਰ ਗਏ। ਕਲਗ਼ੀਧਰ ਸੱਚੇ ਪਾਤਸ਼ਾਹ ਦੇ ਸਨਮੁੱਖ ਅਨੇਕਾਂ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ ਤੇ ਸਤਿਗੁਰਾਂ ਤੱਕ ਦੁਸ਼ਮਣਾਂ ਨੂੰ ਪਹੁੰਚਣ ਨਹੀਂ ਦਿੱਤਾ। ਇਸ ਪ੍ਰਕਾਰ ਹੇ ਮਨ! ਤੂੰ ਭੀ ਕਮਲ ਦੀ ਨਿਆਈਂ ਪ੍ਰਭੂ ਨਾਲ ਪ੍ਰੀਤੀ ਕਰ, ਕਦੇ ਵੀ ਉਸ ਨੂੰ ਦੋਸ਼ ਨਾ ਦੇਣਾ ਕਰ, ਸਦਾ ਉਸ ਦੇ ਭਾਣੇ ਵਿਚ ਰਹਿਣਾ ਕਰ। ਦੁੱਖ ਸੁੱਖ ਹਰ ਸਮੇਂ ਉਸ ਦੀ ਰਜ਼ਾ ਵਿਚ ਖਿੜਿਆ ਰਹੇਂਗਾ ਤਾਂ ਤੇਰੇ 'ਤੇ ਵਾਹਿਗੁਰੂ ਦੀ ਪ੍ਰਸੰਨਤਾ ਹੋਵੇਗੀ।

**[ਅੰਗ ੬੦]**

## ਜਲ ਮਹਿ ਜੀਅ ਉਪਾਇ ਕੈ; ਬਿਨੁ ਜਲ ਮਰਣੁ ਤਿਨੇਹਿ ॥੧॥

ਪਰਮੇਸ਼ਰ ਨੇ ਕਮਲ ਦਾ ਜੀਅ = ਜੀਵਨ ਜਲ = ਪਾਣੀ ਦੇ ਮਹਿ = ਵਿਚ ਉਪਾਇ = ਪੈਦਾ ਕੈ = ਕਰਕੇ ਜਲ ਵਿਚ ਹੀ ਇਸਥਿਤ ਕੀਤਾ ਹੈ, ਜਲ = ਪਾਣੀ ਤੋਂ ਬਿਨੁ = ਬਗ਼ੈਰ ਤਿਨੇਹਿ = ਤਿਸ ਕਮਲ ਦਾ ਮਰਨਾ ਹੁੰਦਾ ਹੈ। ਪਾਣੀ ਤੋਂ ਬਿਨਾਂ ਉਹ ਜਿਉਂਦਾ ਨਹੀਂ ਰਹਿ ਸਕਦਾ **ਅਥਵਾ** ਪਰਮੇਸ਼ਰ ਨੇ ਜੋ ਜਲ ਵਿਚ ਜੀਅ ਜੰਤ ਪੈਦਾ ਕੀਤੇ ਹਨ, ਉਨ੍ਹਾਂ ਵਿੱਚੋਂ ਅਨੇਕਾਂ ਜੀਵ ਐਸੇ ਹਨ ਕਿ ਤਿਨੇਹਿ = ਉਹ ਪਾਣੀ ਤੋਂ ਬਿਨਾਂ ਮਰ ਜਾਂਦੇ ਹਨ। ਇਸ ਪ੍ਰਕਾਰ ਪਰਮਾਤਮਾ ਨੇ ਸੰਸਾਰ ਸਮੁੰਦਰ ਵਿਚ ਚਉਰਾਸੀਹ ਲੱਖ ਜੂਨ ਪੈਦਾ ਕੀਤੀ ਪਰ ਸੰਸਾਰ ਵਿਚ ਜੋ ਸੰਤ ਮਹਾਂਪੁਰਸ਼ ਹਨ, ਉਨ੍ਹਾਂ ਦਾ ਜੀਵਨ ਨਾਮ ਹੈ। ਨਾਮ ਰੂਪ ਜਲ ਤੋਂ ਬਿਨਾਂ ਤਿਨੇਹਿ = ਉਨ੍ਹਾਂ ਦਾ ਮਰਨਾ ਹੁੰਦਾ ਹੈ॥੧॥

## ਮਨ ਰੇ; ਕਿਉ ਛੂਟਹਿ ਬਿਨੁ ਪਿਆਰ ॥

ਹੇ ਮੇਰੇ ਮਨ! ਪਰਮਾਤਮਾ ਦੇ ਨਾਲ ਪਿਆਰ ਪੈਦਾ ਕਰੇ ਤੋਂ ਬਿਨੁ = ਬਗ਼ੈਰ ਜਮਾਂ ਤੋਂ, ਕਾਲ ਤੋਂ, ਜੂਨਾਂ ਤੋਂ, ਕਾਮ, ਕ੍ਰੋਧ ਦੀ ਕੈਦ ਤੋਂ, ਤ੍ਰਿਸ਼ਨਾ ਤੋਂ, ਜਨਮ ਮਰਣ ਤੋਂ ਕਿਉ = ਕਿਵੇਂ ਛੂਟਹਿ = ਛੁਟੇਂਗਾ ? ਭਾਵ ਨਹੀਂ ਛੁੱਟੇਂਗਾ। ਜੇ ਇਨ੍ਹਾਂ ਤੋਂ ਛੁੱਟ ਕੇ ਮੁਕਤ ਹੋਣਾ ਚਾਹੁੰਦਾ ਹੈਂ ਤਾਂ ਪ੍ਰਭੂ ਨਾਲ ਪਿਆਰ ਕਰ।

## ਗੁਰਮੁਖਿ ਅੰਤਰਿ ਰਵਿ ਰਹਿਆ; ਬਖਸੇ ਭਗਤਿ ਭੰਡਾਰ ॥੧॥ਰਹਾਉ॥

ਜੋ ਗੁਰਮੁਖ ਜਨ ਆਪਣੇ ਅੰਦਰ ਹੀ ਪ੍ਰਭੂ ਦੇ ਨਾਮ ਨੂੰ ਰਵਿ = ਉਚਾਰਦੇ ਰਹਿਆ = ਰਹਿੰਦੇ ਹਨ। ਉਨ੍ਹਾਂ ਨੂੰ ਪਰਮੇਸ਼ਰ ਦਾ ਨਾਮ ਸਾਸ ਗਿਰਾਸ ਵਿਸਰਦਾ ਨਹੀਂ **ਵਾ:** ਗੁਰਮੁਖ ਉਸ ਪ੍ਰਭੂ ਨੂੰ ਆਪਣੇ ਅੰਦਰ ਜਾਣ ਕੇ ਸਦਾ ਹੀ ਉਸ ਦੇ ਨਾਮ ਨੂੰ ਰਵਿ ਰਹਿਆ = ਉਚਾਰਦੇ ਰਹਿੰਦੇ ਹਨ **ਵਾ:** ਗੁਰਮੁਖਾਂ ਦੇ ਅੰਦਰ ਪਰਮੇਸ਼ਰ ਵਿਆਪਕ ਹੋ ਰਿਹਾ ਹੈ **ਵਾ:** ਜੋ ਅੰਦਰ ਵਿਆਪਕ ਹੋ ਰਿਹਾ ਹੈ, ਗੁਰਮੁਖ ਉਸ ਨੂੰ ਜਾਣ ਲੈਂਦੇ ਹਨ। ਉਨ੍ਹਾਂ ਨੂੰ ਮਹਾਰਾਜ ਆਪ ਪ੍ਰਗਟ ਹੋ ਕੇ ਦਰਸ਼ਨ ਦੇਣ ਲੱਗ ਜਾਂਦੇ ਹਨ। ਐਸੇ ਗੁਰਮੁਖਾਂ ਨੂੰ ਸਾਰਿਆਂ ਵਿਚ ਪ੍ਰਭੂ ਦਾ ਨਿਰਗੁਣ ਸਰੂਪ ਪ੍ਰਤੀਤ ਹੁੰਦਾ ਹੈ ਤੇ ਸਰਗੁਣ ਸਰੂਪ ਦੇ ਵੀ ਉਨ੍ਹਾਂ ਨੂੰ ਦਰਸ਼ਨ ਹੁੰਦੇ ਹਨ। ਉਨ੍ਹਾਂ ਦੀ ਸੁਰਤ ਐਸੀ ਟਿਕ ਜਾਂਦੀ ਹੈ॥੧॥ਰਹਾਉ॥ ਜੈਸਾ ਕਿ :

**ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ॥ ਨਾਨਕ ਕਉ ਮਿਲਿਆ ਅੰਤਰਜਾਮੀ ॥**

*(ਗਉੜੀ ਮ: ੫, ਅੰਗ ੧੯੭)*

ਐਸੇ ਗੁਰਮੁਖਾਂ ਨੂੰ ਸੱਚੇ ਪਾਤਸ਼ਾਹ ਜੀ ਨੇ ਭਗਤੀ ਦੇ ਭੰਡਾਰੇ ਬਖ਼ਸ਼ ਦਿੱਤੇ ਹਨ, ਉਨ੍ਹਾਂ ਦਾ ਹਿਰਦਾ ਭਗਤੀ ਦਾ ਭੰਡਾਰਾ ਬਣਾ ਦਿੱਤਾ ਹੈ। ਜੈਸਾ ਕਿ :

**ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥** *(ਵਾਰ ਸਾਰਗ ਮ: ੪, ਅੰਗ ੧੨੩੯)*

ਜਿਸ ਦੇ ਹਿਰਦੇ ਰੂਪ ਭੰਡਾਰੇ ਵਿੱਚੋਂ ਗੁਣ ਨਿਕਲਦੇ ਹਨ, ਉਹ ਮਹਾਰਾਜ ਦੇ ਦਰ 'ਤੇ ਪ੍ਰਵਾਨ ਹੋ ਜਾਂਦੇ ਹਨ, ਉਨ੍ਹਾਂ ਦਾ ਹਿਰਦਾ ਪ੍ਰਭੂ ਨੇ ਸ਼ਰਧਾ ਆਦਿ ਸ਼ੁਭ ਗੁਣਾਂ **ਵਾ:** ਭਗਤੀ ਦਾ ਭੰਡਾਰਾ ਬਣਾ ਦਿੱਤਾ ਹੈ।

## ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਮਛੁਲੀ ਨੀਰ ॥

ਹੇ ਮੇਰੇ ਪਿਆਰੇ ਮਨ! ਹਰਿ = ਪਰਮੇਸ਼ਰ ਜੋ ਸਾਰਿਆਂ ਦੇ ਪਾਪਾਂ ਨੂੰ ਹਰਨ ਵਾਲਾ ਹੈ।[1] ਐਸੇ ਪ੍ਰਭੂ ਸਿਉ = ਨਾਲ ਐਸੀ = ਅਜਿਹੀ ਪ੍ਰੀਤੀ ਕਰ, ਜੈਸੀ = ਜਿਸ ਤਰ੍ਹਾਂ ਮਛੁਲੀ = ਮੱਛੀ ਨੀਰ = ਪਾਣੀ ਨਾਲ ਪ੍ਰੀਤੀ ਕਰਦੀ ਹੈ। ਮੱਛੀ ਦਾ ਪਾਣੀ ਨਾਲ ਐਸਾ ਪ੍ਰੇਮ ਹੈ।

## ਜਿਉ ਅਧਿਕਉ ਤਿਉ ਸੁਖੁ ਘਣੋ; ਮਨਿ ਤਨਿ ਸਾਂਤਿ ਸਰੀਰ ॥

ਜਿਉ = ਜਿਵੇਂ ਪਾਣੀ ਅਧਿਕਉ = ਬਹੁਤਾ ਹੋਵੇ, ਤਿਉ = ਉਵੇਂ ਮੱਛੀ ਘਣੋ = ਬਹੁਤਾ ਸੁਖ ਮੰਨਦੀ ਹੈ। ਐਸੇ ਬਹੁਤੇ ਪਾਣੀ ਵਿਚ ਰਹਿਣ ਵਾਲੀ ਮੱਛੀ ਦੇ ਮਨ ਦੇ ਤਨਿ[2] = ਨਾਲਿ (ਸਮੇਤ) ਹੀ ਸਰੀਰ ਨੂੰ ਸਾਂਤਿ = ਸ਼ਾਂਤੀ ਪ੍ਰਾਪਤ ਹੁੰਦੀ ਹੈ।

## ਬਿਨੁ ਜਲ ਘੜੀ ਨ ਜੀਵਈ; ਪ੍ਰਭੁ ਜਾਣੈ ਅਭ ਪੀਰ ॥੨॥

ਜਲ ਤੋਂ ਬਿਨਾਂ ਮਛੁਲੀ ਇਕ ਘੜੀ ਮਾਤਰ ਵੀ ਜੀਵਈ = ਜਿਉਂਦੀ ਨਹੀਂ ਰਹਿ ਸਕਦੀ। ਪਾਣੀ ਨਾਲੋਂ ਵਿਛੁੜ ਕੇ ਜੋ ਮੱਛੀ ਦੀ ਹਾਲਤ ਹੁੰਦੀ ਹੈ, ਉਸ ਦੇ ਅਭ = ਹਿਰਦੇ ਦੀ ਪੀਰ = ਪੀੜਾ ਨੂੰ ਪ੍ਰਭੂ ਹੀ ਜਾਣਦਾ ਹੈ, ਹੋਰ ਕੋਈ ਨਹੀਂ **ਵਾ:** ਪਾਣੀ ਮੱਛੀ ਦੀ ਪੀੜ ਨਹੀਂ ਸਮਝਦਾ ਕਿਉਂਕਿ ਪਾਣੀ ਦਾ ਮੱਛੀ ਨਾਲ ਪ੍ਰੇਮ ਨਹੀਂ। ਪਾਣੀ ਨੇ ਕਦੇ ਖ਼ਿਆਲ ਨਹੀਂ ਕੀਤਾ ਕਿ ਮੱਛੀ ਮੇਰੇ ਨਾਲ ਦਿਲੋਂ ਪ੍ਰੇਮ ਕਰਦੀ ਹੈ, ਮੈਂ ਇਸ ਦੀ ਰੱਖਿਆ ਕਰਾਂ। ਇਸ ਨੂੰ ਫੰਧਕਾਂ ਤੋਂ ਬਚਾਵਾਂ। ਇਹ ਇਕ-ਅੰਗੀ ਪ੍ਰੀਤੀ ਹੈ, ਪਰ ਪਰਮੇਸ਼ਰ ਇਸ ਤਰ੍ਹਾਂ ਦਾ ਨਹੀਂ ਹੈ। ਉਹ ਪ੍ਰਭੂ ਤਾਂ ਦਿਲ ਦੀ ਪੀੜਾ ਨੂੰ ਜਾਨਣ ਵਾਲਾ ਹੈ। ਦੁੱਖਾਂ ਨੂੰ ਮੇਟਣ ਵਾਲਾ ਹੈ। ਪ੍ਰਭੂ ਨੇ ਆਪਣੇ ਅਨੰਤ ਭਗਤਾਂ ਦੀ ਰੱਖਿਆ ਕੀਤੀ ਹੈ॥੨॥

ਜਿਵੇਂ ਆਪਣੇ ਸੇਵਕਾਂ ਦੀ ਰੱਖਿਆ ਲਈ ਚੌਂਕੀਦਾਰ ਦਾ ਰੂਪ ਧਾਰ ਕੇ ਪਹਿਰਾ ਦਿੰਦਾ ਰਿਹਾ। ਇਸ ਲਈ ਇਕ-ਅੰਗੀ ਪ੍ਰੀਤੀ ਨਹੀਂ ਹੈ। ਉਹ ਪਰਮੇਸ਼ਰ ਸਾਡੀ ਪੀੜ ਨੂੰ ਸਮਝਦਾ ਹੈ ਅਤੇ ਰੱਖਿਆ ਕਰਦਾ ਹੈ। ਜਿਸ ਤਰ੍ਹਾਂ ਛੇਵੇਂ ਪਾਤਸ਼ਾਹ ਨੇ ਤਪਦੀ ਭੱਠੀ ਵਿਚ ਭਾਈ ਬਿਧੀ ਚੰਦ ਦੀ ਰੱਖਿਆ ਕੀਤੀ ਤੇ ਤਿਲ ਮਾਤਰ ਵੀ ਸੇਕ ਨਹੀਂ ਲੱਗਣ ਦਿੱਤਾ। ਭਾਈ ਗੁਰਦਾਸ ਜੀ ਇਸ ਪ੍ਰੀਤੀ ਦਾ ਨਿਰੂਪਣ ਕਰਦੇ ਹੋਏ ਕਥਨ ਕਰਦੇ ਹਨ। ਜੈਸਾ ਕਿ :

**ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ, ਸਤਿਗੁਰ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥...॥੧੧੧॥**

*(ਭਾਈ ਗੁਰਦਾਸ ਜੀ ਕਬਿੱਤ ਸਵੱਯੇ)*

## ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਚਾਤ੍ਰਿਕ ਮੇਹ ॥

ਰੇ = ਹੇ ਮੇਰੇ ਮਨ! ਤੂੰ ਹਰਿ = ਪਰਮੇਸਰ ਸਿਉ = ਨਾਲ ਐਸੀ = ਇਹੋ ਜਿਹੀ ਪ੍ਰੀਤਿ = ਪ੍ਰੀਤੀ ਕਰ ਜਿਹੋ ਜਿਹੀ ਚਾਤ੍ਰਿਕ = ਬੰਬੀਹੇ ਦੀ ਮੇਹ = ਬੱਦਲ ਨਾਲ ਹੈ।

## ਸਰ ਭਰਿ ਥਲ ਹਰੀਆਵਲੇ; ਇਕ ਬੂੰਦ ਨ ਪਵਈ ਕੇਹ ॥

ਜਦੋਂ ਮੀਂਹ ਪੈਂਦਾ ਹੈ ਤਾਂ ਸਰ = ਸਰੋਵਰ ਪਾਣੀ ਨਾਲ ਭਰ ਜਾਂਦੇ ਹਨ ਤੇ ਵਰਖਾ ਪੈਣ ਕਰਕੇ

---

੧. ਜੈਸਾ ਕਿ : ਹਰੀ ਹਰਤੀ ਪਾਪਾਨੀ ਦੁਸਟ ਚਿਤ੍ਰ ਭੀ ਸਿਮਰਤਾਹ।

੨. ਜਿਥੇ 'ਤਨ' ਦੇ ਨਾਲ ਸਰੀਰ ਜਾਂ ਦੇਹ ਪਦ ਆ ਜਾਣ, ਉਥੇ ਸੰਪਰਦਾ ਵਿਚ 'ਤਨ' ਦਾ ਅਰਥ 'ਨਾਲ' **ਵਾ:** 'ਸਮੇਤ' ਕੀਤਾ ਜਾਂਦਾ ਹੈ।

ਥਲ = ਮਾਰੂਥਲ ਦੇ ਜੋ ਟਿੱਬਿਆਂ ਵਾਲੇ ਖ਼ੁਸ਼ਕ ਇਲਾਕੇ ਹਨ, ਉਹ ਵੀ ਹਰੀਆਵਲੇ = ਹਰੇ ਭਰੇ ਹੋ ਜਾਂਦੇ ਹਨ। ਪਰ ਜੇਕਰ ਬੰਬੀਹੇ ਨੂੰ ਇਕ ਸਵਾਂਤੀ ਬੂੰਦ ਦੀ ਪ੍ਰਾਪਤੀ ਨਹੀਂ ਹੋਈ, ਉਹ ਬੂੰਦ ਬੱਦਲ ਵਿੱਚੋਂ ਨਹੀਂ ਵਰਸੀ ਤਾਂ ਇਤਨਾ ਵਰਸਿਆ ਹੋਇਆ ਪਾਣੀ ਕੇਹ = ਕਿਸ ਗਿਣਤੀ ਵਿਚ ਹੈ ਭਾਵ ਇਹ ਪਾਣੀ ਬੰਬੀਹੇ ਦੇ ਕਿਸੇ ਕੰਮ ਨਹੀਂ, ਕਿਉਂਕਿ ਇਸ ਨਾਲ ਬੰਬੀਹੇ ਦੀ ਤੇਹ ਨਹੀਂ ਮਿਟ ਸਕਦੀ। ਕਿਹਾ ਜਾਂਦਾ ਹੈ ਕਿ ਬੰਬੀਹੇ ਦੇ ਕੰਠ ਵਿਚ ਇਕ ਗਲੀ ਹੁੰਦੀ ਹੈ। ਜੇ ਉਹ ਮੂੰਹ ਨਾਲ ਪਾਣੀ ਪੀਵੇ ਤਾਂ ਉਸ ਦੇ ਕੰਠ 'ਚੋਂ ਨਿਕਲ ਜਾਂਦਾ ਹੈ। ਪਰ ਜੇ ਛੋਟੀ ਜਿਹੀ ਸਵਾਂਤੀ ਬੂੰਦ ਉਸ ਦੇ ਕੰਠ ਵਿਚ ਪੈ ਜਾਵੇ ਤਾਂ ਉਸ ਦੀਆਂ ਤੇਹਾਂ ਮੁੱਕ ਜਾਂਦੀਆਂ ਹਨ।

***ਅੰਤਰੀਵ ਅਰਥ :*** ਸਰ = ਸਰੋਵਰ ਦੀ ਨਿਆਈਂ **ਵਾ:** ਵੱਡੇ ਸਮੁੰਦਰ ਦੀ ਨਿਆਈਂ ਵੇਦ ਗਿਆਨ ਰੂਪ ਪਾਣੀ ਨਾਲ ਭਰੇ ਹੋਏ ਹਨ ਤੇ ਥਲਾਂ ਦੀ ਨਿਆਈਂ ਖ਼ੁਸ਼ਕ ਚਿੱਤ ਵਾਲੇ ਜਿਤਨੇ ਰਿੱਧੀਆਂ ਸਿੱਧੀਆਂ ਦੇ ਮਾਲਕ ਹਨ, ਉਹ ਸਕਾਮੀ ਪੁਰਸ਼ ਪਦਾਰਥਾਂ ਦੀ ਹਰਿਆਵਲਤਾ ਦੇ ਸਹਿਤ ਹੋ ਰਹੇ ਹਨ। ਉਨ੍ਹਾਂ ਕੋਲ ਰਿੱਧੀਆਂ ਸਿੱਧੀਆਂ ਅਤੇ ਹੋਰ ਪਦਾਰਥ ਹਨ। ਪਰ ਬੰਬੀਹੇ ਦੀ ਨਿਆਈਂ ਜੋ ਉੱਤਮ ਅਧਿਕਾਰੀ ਹੈ, ਉਸ ਨੂੰ ਜੇਕਰ ਅਭੇਦ ਨਿਸਚੇ ਕਰਨ ਵਾਲੀ ਜੀਵ ਈਸ਼ਰ ਦੀ ਏਕਤਾ ਵਾਲੀ ਮਹਾਂਵਾਕ ਰੂਪ ਸਵਾਂਤੀ ਬੂੰਦ ਨਾ ਮਿਲੇ ਤਾਂ ਫਿਰ ਗਿਆਨ ਰੂਪ ਪਾਣੀ ਨਾਲ ਭਰੇ ਹੋਏ ਸਮੁੰਦਰ ਉਸ ਦੇ ਕੀ ਕੰਮ ਹਨ। ਉੱਤਮ ਅਧਿਕਾਰੀ ਕੇਵਲ ਅਭੇਦ ਬੋਧ ਰੂਪ ਸਵਾਂਤੀ ਬੂੰਦ ਦੀ ਚਾਹਨਾ ਕਰਦਾ ਹੈ।

## ਕਰਮਿ ਮਿਲੈ ਸੋ ਪਾਈਐ; ਕਿਰਤੁ ਪਇਆ ਸਿਰਿ ਦੇਹ ॥੩॥

ਇਸ ਪ੍ਰਕਾਰ ਜੇ ਬਬੀਹੇ ਦੇ ਚੰਗੇ ਕਰਮ ਹੋਣ **ਵਾ:** ਪਰਮੇਸ਼ਰ ਦੀ ਕਰਮਿ = ਕ੍ਰਿਪਾ ਹੋਵੇ ਤਾਂ ਉਹ ਸਵਾਂਤੀ ਬੂੰਦ ਪ੍ਰਾਪਤ ਕਰ ਕੇ ਆਪਣੀ ਪਿਆਸ ਬੁਝਾ ਲੈਂਦਾ ਹੈ, ਨਹੀਂ ਤਾਂ ਉਸ ਦਾ ਕਿਰਤ ਹੀ ਅਜਿਹਾ ਲਿਖਿਆ ਪਿਆ ਹੈ ਕਿ ਉਹ ਸਵਾਂਤੀ ਬੂੰਦ ਨੂੰ ਤਰਸਦਾ ਆਪਣਾ ਸਿਰ ਦੇ ਦਿੰਦਾ ਹੈ ਭਾਵ ਮਰ ਜਾਂਦਾ ਹੈ **ਅਥਵਾ** ਜੇਕਰ ਬਬੀਹਾ ਸਵਾਂਤੀ ਬੂੰਦ ਦੀ ਭਾਲ ਵਿਚ ਧੂੰਏ ਦੇ ਬੱਦਲ ਜਾਣ ਕੇ ਉਸ ਵਿਚ ਜਾ ਵੜੇ ਤਾਂ ਉਸ ਦਾ ਕਿਰਤੁ = ਕਰਮ ਹੀ ਇਹੋ ਜਿਹਾ ਪਿਆ ਹੁੰਦਾ ਹੈ ਕਿ ਉਸ ਦੀਆਂ ਅੱਖਾਂ ਮਾਰੀਆਂ ਜਾਂਦੀਆਂ ਹਨ। ਅੱਗ ਵਿਚ ਆਪਣਾ ਸਿਰ ਦੇ ਦਿੰਦਾ ਹੈ ਭਾਵ ਮਰ ਜਾਂਦਾ ਹੈ। **ਅਥਵਾ** ਜੇ ਪੂਰਬਲੇ ਨਿਸ਼ਕਾਮ ਕਰਮ ਕੀਤੇ ਹੋਣ ਕਰਕੇ ਬੱਦਲ ਰੂਪ ਸਤਿਗੁਰੂ ਜੀ ਮਿਲ ਪੈਣ **ਵਾ:** ਜੇਕਰ ਸਤਿਗੁਰੂ ਜੀ ਕਰਮਿ = ਕਿਰਪਾ ਕਰਕੇ ਪ੍ਰਸੰਨ ਹੋ ਜਾਣ ਤਾਂ ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਉੱਤਮ ਅਧਿਕਾਰੀ ਸਤਿਗੁਰਾਂ ਪਾਸੋਂ ਜੀਵ ਈਸ਼ ਦੀ ਏਕਤਾ, ਅਭੇਦ ਬੋਧ ਰੂਪ ਸਵਾਂਤੀ ਬੂੰਦ ਨੂੰ ਪਾ ਲੈਂਦਾ ਹੈ। ਪਰ ਜੇਕਰ ਉਸ ਦਾ ਸਤਿਗੁਰਾਂ ਨਾਲ ਮਿਲਾਪ ਨਾ ਹੋਵੇ ਤਾਂ ਉਸ ਦਾ ਕਿਰਤ ਹੀ ਅਜਿਹਾ ਲਿਖਿਆ ਹੈ, ਉਹ ਧੂੰਏਂ ਦੀ ਨਿਆਈਂ ਪਖੰਡੀਆਂ ਨੂੰ ਗੁਰੂ ਰੂਪ ਬੱਦਲ ਸਮਝ ਕੇ ਆਪਣਾ ਸਿਰਿ ਦੇਹ = ਸੀਸ ਭੇਟ ਕਰ ਦੇਵੇ ਭਾਵ ਉਨ੍ਹਾਂ ਦੀ ਸ਼ਰਨ ਵਿਚ ਆ ਜਾਵੇ ਤਾਂ ਉਥੇ ਫਿਰ ਤ੍ਰਿਸ਼ਨਾ ਦੀ ਅੱਗ ਵਿਚ ਪੈ ਕੇ ਸੜ ਜਾਂਦਾ ਹੈ। ਉਥੇ ਹੀ ਆਪਣਾ ਸਿਰ ਦੇਣਾ ਪੈਂਦਾ ਹੈ, ਮਰਨਾ ਪੈਂਦਾ ਹੈ। ਅਭੇਦ ਨਿਸਚੇ ਰੂਪ ਸਵਾਂਤੀ ਬੂੰਦ ਤੋਂ ਬਿਨਾਂ ਪਿਆਸ ਨਹੀਂ ਬੁਝ ਸਕਦੀ ਭਾਵ ਮੁਕਤ ਨਹੀਂ ਹੋ ਸਕਦਾ, ਪਰ ਇਹ ਬੂੰਦ ਕੇਵਲ ਸਤਿਗੁਰੂ ਰੂਪ ਬੱਦਲ ਤੋਂ ਹੀ ਪ੍ਰਾਪਤ ਹੋਵੇਗੀ ॥੩॥

## ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਜਲ ਦੁਧ ਹੋਇ ॥

ਹੇ ਮੇਰੇ ਪਿਆਰੇ ਮਨ ! ਤੂੰ ਪਰਮੇਸ਼ਰ ਨਾਲ ਐਸੀ ਪ੍ਰੀਤੀ ਕਰ ਜੈਸੀ = ਜਿਸ ਤਰ੍ਹਾਂ ਜਲ ਅਤੇ ਦੁੱਧ ਦੀ ਪ੍ਰੀਤੀ ਹੋਇ = ਹੁੰਦੀ ਹੈ। ਜਲ ਅਤੇ ਦੁੱਧ ਦੀ ਦੋ-ਅੰਗੀ ਪ੍ਰੀਤੀ ਹੈ। ਜੇ ਦੁੱਧ ਵਿਚ ਪਾਣੀ ਪਾ ਦੇਈਏ ਤਾਂ ਦੁੱਧ ਉਸ ਨੂੰ ਆਪਣਾ ਰੂਪ ਬਣਾ ਲੈਂਦਾ ਹੈ। ਪਰ ਜੇ ਵਿਚ ਖਟਿਆਈ ਪੈ ਜਾਵੇ ਤਾਂ ਦੁੱਧ ਤੋਂ ਪਾਣੀ ਵੱਖਰਾ ਹੋ ਜਾਂਦਾ ਹੈ। ਇਸੇ ਪ੍ਰਕਾਰ ਜੇ ਦੁਬਿਧਾ ਰੂਪ ਖਟਿਆਈ ਪੈ ਗਈ ਤਾਂ ਫਿਰ ਤੇਰਾ ਪਰਮੇਸ਼ਰ ਨਾਲ ਪਿਆਰ

ਨਹੀਂ ਰਹੇਗਾ। ਤੂੰ ਪਰਮੇਸ਼ਰ ਨੂੰ ਦੁੱਧ ਦੀ ਨਿਆਈਂ ਸਮਝ ਕੇ ਆਪ ਪਾਣੀ ਦੀ ਨਿਆਈਂ ਹੋ ਕੇ ਉਸ ਨਾਲ ਪਿਆਰ ਕਰ, ਤਾਂ ਉਹ ਤੈਨੂੰ ਆਪਣਾ ਰੂਪ ਬਣਾ ਲਵੇਗਾ।

## ਆਵਟਣੁ ਆਪੇ ਖਵੈ; ਦੁਧ ਕਉ ਖਪਣਿ ਨ ਦੇਇ ॥

(**ਆਵੱਟਣੁ** ਅੱਧਕ ਸਹਿਤ ਬੋਲੋ)

ਜਦੋਂ ਕਾੜ੍ਹਨੀ ਵਿਚ ਪਾ ਕੇ ਦੁੱਧ ਨੂੰ ਅੱਗ ਉੱਤੇ ਰੱਖਿਆ ਜਾਂਦਾ ਹੈ ਤਾਂ ਪਾਣੀ ਆਵਟਣੁ = ਉਬਾਲਿਆਂ ਨੂੰ ਖਵੈ = ਸਹਾਰਦਾ ਹੈ ਪਰ ਦੁੱਧ ਨੂੰ ਅੱਗ ਨਾਲ ਖਪਣਿ = ਸੜਨ ਨਹੀਂ ਦਿੰਦਾ। ਆਪ ਸੜਦਾ ਰਹਿੰਦਾ ਹੈ। ਜਦੋਂ ਦੁੱਧ ਦੇਖਦਾ ਹੈ ਕਿ ਪਾਣੀ ਮੇਰੇ ਪਿੱਛੇ ਕਸ਼ਟ ਸਹਿ ਰਿਹਾ ਹੈ ਤਾਂ ਆਪਣੇ ਪਿਆਰੇ ਦੀ ਰੱਖਿਆ ਲਈ ਅੱਗ ਨੂੰ ਬੁਝਾਉਣ ਵਾਸਤੇ ਭਾਂਡੇ ਤੋਂ ਬਾਹਰ ਨੂੰ ਆਉਂਦਾ ਹੈ।

***ਅੰਤਰੀਵ ਅਰਥ :*** ਜੇਕਰ ਕੋਈ ਪਰਮੇਸ਼ਰ ਦੀ ਨਿੰਦਿਆ ਕਰੇ, ਉਸ ਵਿਚ ਔਗੁਣ ਕਹੇ ਤਾਂ ਪ੍ਰਭੂ ਦੀ ਨਿੰਦਿਆ ਨਾ ਸੁਣੇ ਸਗੋਂ ਆਪਣੇ ਉਪਰ ਕਸ਼ਟ ਰੂਪ ਆਵਟਣੁ = ਉਬਾਲੇ ਖਵੈ = ਸਹਾਰ ਲਵੇ। ਦੁਨੀਆਂ ਨੂੰ ਦੱਸੇ ਕਿ ਪਰਮੇਸ਼ਰ ਵਿਚ ਕੋਈ ਔਗੁਣ ਨਹੀਂ, ਸਾਰੇ ਔਗੁਣ ਮੇਰੇ ਵਿਚ ਹੀ ਹਨ। ਜੈਸਾ ਕਿ :

**ਸਭਿ ਅਵਗਣ ਮੈ ਗੁਣੁ ਨਹੀ ਕੋਈ ॥** *(ਸੂਹੀ ਮ: ੧, ਅੰਗ ੭੫੦)*

ਦੁੱਧ ਨੂੰ ਖਪਣਿ = ਸੇਕ ਨਾ ਲੱਗਣ ਦੇਣਾ ਭਾਵ ਪਰਮੇਸ਼ਰ ਵਿਚ ਦੋਸ਼ ਨਾ ਲੱਗਣ ਦੇਵੇ।

## ਆਪੇ ਮੇਲਿ ਵਿਛੁੰਨਿਆ; ਸਚਿ ਵਡਿਆਈ ਦੇਇ ॥੪॥

ਫਿਰ ਜਦੋਂ ਬਾਹਰ ਆਉਂਦੇ ਦੁੱਧ ਨੂੰ ਉਪਰੋਂ ਪਾਣੀ ਦਾ ਛਿੱਟਾ ਮਾਰੀਏ। ਦੁੱਧ ਆਪਣੇ ਵਿੱਛੜਦੇ ਹੋਏ ਪਿਆਰੇ ਨੂੰ ਮਿਲ ਕੇ ਫਿਰ ਸ਼ਾਂਤ ਹੋ ਜਾਂਦਾ ਹੈ। ਦੁੱਧ ਅਤੇ ਪਾਣੀ ਦੀ ਇਹ ਸੱਚੀ ਪ੍ਰੀਤੀ ਵਡਿਆਈ ਦੇ ਯੋਗ ਹੈ। ਇਹ ਪ੍ਰਮਾਣ ਦੇ ਕੇ ਸਤਿਗੁਰੂ ਜੀ ਉਪਦੇਸ਼ ਦੇ ਰਹੇ ਹਨ ਕਿ ਹੇ ਮਨਾ! ਤੂੰ ਭੀ ਪ੍ਰਭੂ ਨਾਲ ਐਸੀ ਪ੍ਰੀਤ ਕਰ ਜੈਸੀ ਜਲ ਅਤੇ ਦੁੱਧ ਦੀ ਹੈ। ਪਰਮੇਸ਼ਰ ਨੂੰ ਦੁੱਧ ਸਮਝ ਕੇ ਆਪ ਜਲ ਦੀ ਨਿਆਈਂ ਹੋ ਕੇ ਉਸ ਨਾਲ ਪ੍ਰੀਤੀ ਕਰ॥੪॥

***ਅੰਤਰੀਵ ਅਰਥ :*** ਫਿਰ ਜਿਸ ਤਰ੍ਹਾਂ ਪਾਣੀ ਨੂੰ ਸੜਦਾ ਦੇਖ ਕੇ ਦੁੱਧ ਅੱਗ ਬੁਝਾਉਣ ਲਈ ਬਾਹਰ ਆਉਂਦਾ ਹੈ, ਇਸ ਪ੍ਰਕਾਰ ਪਰਮੇਸ਼ਰ ਆਪਣੇ ਭਗਤਾਂ, ਗੁਰਮੁਖਾਂ ਨੂੰ ਕਸ਼ਟ ਸਹਿੰਦੇ ਦੇਖ ਕੇ ਉਨ੍ਹਾਂ ਦੀ ਰੱਖਿਆ ਕਰਨ ਲਈ ਦੁਸ਼ਟਾਂ ਦਾ ਨਾਸ਼ ਕਰਨ ਵਾਸਤੇ ਅਵਤਾਰ ਧਾਰਦਾ ਹੈ। ਇਹ ਦੁੱਧ ਦੀ ਨਿਆਈਂ ਉਛਾਲਾ ਮਾਰਦਾ ਹੈ। ਫਿਰ ਜਦੋਂ ਭਗਤ ਬੇਨਤੀ ਕਰਦੇ ਹਨ, ਜਿਵੇਂ ਪ੍ਰਹਲਾਦ ਨੇ ਕਿਹਾ ਸੀ ਕਿ ਮਹਾਰਾਜ! ਮੇਰਾ ਪਿਤਾ ਭਾਵੇਂ ਸੰਤਾਂ ਦਾ ਦੋਖੀ ਸੀ, ਗਊ ਗ਼ਰੀਬ ਨੂੰ ਦੁੱਖ ਦਿੰਦਾ ਸੀ, ਫਿਰ ਮੈਂ ਉਹਦੇ ਘਰ ਆਪ ਦਾ ਸੇਵਕ ਪੈਦਾ ਹੋਇਆ ਹਾਂ, ਇਸ ਲਈ ਮੇਰੇ ਪਿਤਾ ਨੂੰ ਬਖ਼ਸ਼ ਕੇ ਉਸ ਦੀ ਕਲਿਆਣ ਕਰੋ। ਇਹ ਮਾਨੋ ਦੁੱਧ ਤੇ ਪਾਣੀ ਦਾ ਛਿੱਟਾ ਮਾਰਨਾ ਹੈ। ਪ੍ਰਹਿਲਾਦ ਦੀ ਬੇਨਤੀ ਸੁਣ ਕੇ ਪਰਮੇਸ਼ਰ ਨੇ ਕਿਹਾ ਕਿ ਤੂੰ ਪਿਤਾ ਦੀ ਕੀ ਗੱਲ ਕਰਦਾ ਹੈਂ, ਜਿਸ ਕੁੱਲ ਵਿਚ ਤੂੰ ਪੈਦਾ ਹੋਇਆ ਹੈਂ, ਤੇਰੀਆਂ ਇਕੀਹ ਕੁੱਲਾਂ ਤਰ ਜਾਣਗੀਆਂ। ਜੈਸਾ ਕਿ :

**ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥** *(ਭੈਰਉ ਮ: ੩, ਅੰਗ ੧੧੩੩)*

ਇਸ ਪ੍ਰਕਾਰ ਪਰਮੇਸ਼ਰ ਵੀ ਆਪਣੇ ਪਿਆਰਿਆਂ ਦੀ ਰੱਖਿਆ ਕਰਦਾ ਹੈ। ਆਪਣੇ ਪਿਆਰੇ ਭਗਤਾਂ ਨੂੰ ਲੋਕ ਪਰਲੋਕ ਵਿਚ ਸੱਚੀ ਵਡਿਆਈ ਦੇ ਕੇ ਵਿਛੜਿਆਂ ਹੋਇਆਂ ਨੂੰ ਆਪ ਹੀ ਆਪਣੇ ਨਾਲ ਮਿਲਾ ਲੈਂਦਾ ਹੈ। ਪ੍ਰਭੂ ਦੇ ਪਿਆਰੇ ਪ੍ਰਭੂ ਦੇ ਪਿਆਰ ਕਰਕੇ ਪਰਮੇਸ਼ਰ ਵਿਚ ਇਸ ਤਰ੍ਹਾਂ ਮਿਲ ਜਾਂਦੇ ਹਨ, ਅਭੇਦ ਹੋ ਜਾਂਦੇ ਹਨ, ਜਿਸ ਤਰ੍ਹਾਂ ਪਾਣੀ ਦੁੱਧ ਵਿਚ ਮਿਲ ਕੇ ਦੁੱਧ ਦਾ ਹੀ ਰੂਪ ਬਣ ਜਾਂਦਾ ਹੈ।

## ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਚਕਵੀ ਸੂਰ ॥

ਹੇ ਮੇਰੇ ਪਿਆਰੇ ਮਨ ! ਹਰਿ = ਪਰਮੇਸ਼ਰ ਨਾਲ ਐਸੀ = ਇਹੋ ਜਿਹੀ ਪ੍ਰੀਤੀ = ਸਨੇਹ ਕਰ, ਜਿਹੋ ਜਿਹੀ ਚਕਵੀ ਸੂਰ = ਸੂਰਜ ਨਾਲ ਕਰਦੀ ਹੈ, ਕਿਉਂਕਿ ਜਿਤਨਾ ਚਿਰ ਸੂਰਜ ਨਹੀਂ ਚੜ੍ਹਦਾ, ਉਤਨਾ ਚਿਰ ਚਕਵੀ ਤੇ ਚਕਵੇ ਦਾ ਮੇਲ ਨਹੀਂ ਹੋ ਸਕਦਾ। (ਰਾਮ ਜੀ ਦੇ ਇਤਿਹਾਸ ਵਿਚ ਆਉਂਦਾ ਹੈ ਕਿ ਚਕਵੀ ਨੂੰ ਰਾਮ ਚੰਦਰ ਜੀ ਦਾ ਸਰਾਪ ਹੈ। ਜਦੋਂ ਰਾਮ ਜੀ ਸੀਤਾ ਦੇ ਵਿਯੋਗ ਵਿਚ ਵੈਰਾਗ ਕਰਦੇ ਜੰਗਲ ਵਿਚ ਸੀਤਾ ਨੂੰ ਲੱਭਣ ਲਈ ਜਾ ਰਹੇ ਸਨ ਤਾਂ ਚਕਵੀ ਨੇ ਮਿਹਣਾ ਮਾਰਿਆ ਕਿ ਤ੍ਰੇਤੇ ਦਾ ਅਵਤਾਰ ਪਤਨੀ ਦੇ ਵਿਛੋੜੇ ਵਿਚ ਰੋਂਦਾ ਫਿਰਦਾ ਹੈ। ਉਸ ਸਮੇਂ ਰਾਮ ਜੀ ਨੇ ਬਚਨ ਕੀਤਾ ਕਿ ਤੂੰ ਅੱਜ ਤੋਂ ਬਾਅਦ ਕਦੇ ਵੀ ਰਾਤ ਨੂੰ ਆਪਣੇ ਪਤੀ ਨੂੰ ਨਹੀਂ ਮਿਲ ਸਕੇਂਗੀ)। ਜੈਸਾ ਕਿ ਕਬੀਰ ਸਾਹਿਬ ਜੀ ਕਥਨ ਕਰਦੇ ਹਨ :

**ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ ॥**
**ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ ॥** *(ਸਲੋਕ ਕਬੀਰ ਜੀ, ਅੰਗ ੧੩੭੧)*

ਇਸ ਪ੍ਰਕਾਰ ਰਾਤ ਨੂੰ ਚਕਵਾ ਤੇ ਚਕਵੀ ਵਿਛੁੜ ਜਾਂਦੇ ਹਨ ਤੇ ਹੁਣ ਚਕਵੀ ਦੀ ਸੂਰਜ ਚੜ੍ਹਨ ਨਾਲ ਪ੍ਰੀਤ ਹੈ, ਕਿਉਂਕਿ ਸੂਰਜ ਚੜ੍ਹੇ ਤੋਂ ਹੀ ਉਹ ਆਪਣੇ ਪਿਆਰੇ ਨੂੰ ਮਿਲ ਸਕਦੀ ਹੈ।

## ਖਿਨੁ ਪਲੁ ਨੀਦ ਨ ਸੋਵਈ; ਜਾਣੈ ਦੂਰਿ ਹਜੂਰਿ ॥

ਇਸ ਲਈ ਚਕਵੀ ਸਾਰੀ ਰਾਤ ਪਲ ਤੋਂ ਖਿਨੁ = ਨਿਮਖ ਜਿਤਨੇ ਸਮੇਂ ਦੀ ਨੀਂਦ ਵਿਚ ਵੀ ਸੋਵਈ = ਸੌਂਦੀ ਨਹੀਂ। (ਸੰਸਕ੍ਰਿਤ ਵਿਚ ਖਿਨੁ = ਕਸ਼ਣ, ਪੰਜਾਬੀ ਵਿਚ ਖਿਨੁ = ਬਹੁਤ ਥੋੜ੍ਹਾ, ਅੱਖ ਦੇ ਪਲਕਾਰੇ ਜਿਤਨਾ ਸਮਾਂ। ਸੰਸਕ੍ਰਿਤ ਵਿਚ ਪਲੁ = ਇਕ ਘੜੀ ਦਾ ਸੱਠਵਾਂ ਹਿੱਸਾ। ਦੋਨਾਂ ਦਾ ਭਾਵ ਥੋੜ੍ਹੇ ਸਮੇਂ ਤੋਂ ਹੈ। ਪਲੁ = ਥੋੜ੍ਹਾ ਸਮਾਂ ਅਤੇ ਖਿਨੁ = ਬਹੁਤ ਥੋੜ੍ਹਾ ਸਮਾਂ।) ਭਾਵ ਇਤਨੀ ਥੋੜ੍ਹੀ ਨੀਂਦ ਵਿਚ ਵੀ ਚਕਵੀ ਨਹੀਂ ਸੌਂਦੀ। ਉਸ ਦੇ ਮਨ ਵਿਚ ਹੈ ਕਿ ਮੈਂ ਸੌਂ ਗਈ ਤੇ ਉਧਰੋਂ ਸੂਰਜ ਚੜ੍ਹ ਗਿਆ ਤੇ ਮੇਰੀ ਜਾਗ ਨਾ ਖੁੱਲ੍ਹੀ ਤਾਂ ਮੇਰੇ ਪਿਆਰੇ ਦੇ ਮਿਲਣ ਵਿਚ ਦੇਰ ਹੋ ਜਾਵੇਗੀ। ਭਾਵੇਂ ਚਕਵਾ ਚਕਵੀ ਦੇ ਬਿਲਕੁਲ ਨੇੜੇ ਬੈਠਾ ਹੋਵੇ ਪਰ ਰਾਤ ਹੋਣ ਕਰਕੇ ਚਕਵੀ ਨੇੜੇ ਹੁੰਦੇ ਹੋਏ ਵੀ ਉਸ ਨੂੰ ਦੂਰ ਜਾਣਦੀ ਹੈ। (ਖੋਜੀਆਂ ਨੇ ਦੋਨਾਂ ਨੂੰ ਇਕ ਪਿੰਜਰੇ ਵਿਚ ਵੀ ਬੰਦ ਕਰਕੇ ਦੇਖਿਆ ਪਰ ਰਾਤ ਸਮੇਂ ਦੋਵੇਂ ਇਕ ਦੂਜੇ ਵੱਲ ਪਿੱਠ ਕਰਕੇ ਬੈਠੇ ਰਹੇ)। ਜਦੋਂ ਸੂਰਜ ਚੜ੍ਹ ਜਾਂਦਾ ਹੈ ਤਾਂ ਜਿਸ ਚਕਵੇ ਨੂੰ ਉਹ ਰਾਤ ਸਮੇਂ ਦੂਰ ਸਮਝਦੀ ਸੀ, ਉਸ ਨੂੰ ਫਿਰ ਹਜੂਰਿ = ਬਿਲਕੁਲ ਨੇੜੇ ਦੇਖਦੀ ਹੈ।

ਇਸ ਪ੍ਰਕਾਰ ਸਤਿਗੁਰੂ ਜੀ ਉਪਦੇਸ਼ ਦੇ ਰਹੇ ਹਨ ਕਿ ਹੇ ਮੇਰੇ ਮਨ ! ਤੂੰ ਵੀ ਐਸੀ ਹੀ ਪ੍ਰੀਤ ਕਰ ਜਿਵੇਂ ਚਕਵੀ ਸੂਰਜ ਨਾਲ ਕਰਦੀ ਹੈ। ਸੂਰਜ ਦੀ ਨਿਆਈਂ ਸਤਿਗੁਰੂ ਜੀ ਹਨ। ਚਕਵੀ ਦੀ ਨਿਆਈਂ ਜੀਵ-ਆਤਮਾ ਹੈ ਤੇ ਬ੍ਰਹਮ ਚਕਵਾ ਹੈ। ਆਤਮਾ ਦਾ ਬ੍ਰਹਮ ਨਾਲ ਮਿਲਾਪ ਵੀ ਉਦੋਂ ਹੀ ਹੋਵੇਗਾ ਜਦੋਂ ਸਤਿਗੁਰੂ ਰੂਪ ਸੂਰਜ ਪ੍ਰਕਾਸ਼ ਹੋਵੇਗਾ। ਪ੍ਰਭੂ ਦੇ ਵਿਛੋੜੇ ਵਿਚ ਜਗਿਆਸੂ ਰੂਪ ਚਕਵੀ ਦੀ ਐਸੀ ਹਾਲਤ ਹੋ ਜਾਂਦੀ ਹੈ ਕਿ ਉਹ ਖਿਨ ਪਲ ਜਿਤਨੇ ਸਮੇਂ ਅੰਦਰ ਵੀ ਨੀਂਦ ਵਿਚ ਨਹੀਂ ਸੌਂਦੀ **ਅਥਵਾ** ਜੀਵ ਰੂਪ ਚਕਵੀ ਨੂੰ ਉਪਦੇਸ਼ ਦੇ ਰਹੇ ਹਨ ਕਿ ਜੇ ਤੂੰ ਪ੍ਰਭੂ ਨਾਲ ਮਿਲਾਪ ਚਾਹੁੰਦੀ ਹੈਂ ਤਾਂ ਅਵਿੱਦਿਆ ਦੀ ਨੀਂਦ ਵਿਚ ਖਿਨ ਪਲ ਮਾਤਰ ਵੀ ਸੌਣਾ ਨਾ ਕਰ। ਗੁਰੂ ਰੂਪ ਸੂਰਜ ਦੇ ਨਾ ਚੜ੍ਹਨ ਕਰਕੇ ਉਹ ਪਰਮਾਤਮਾ ਜੋ ਬਿਲਕੁਲ ਨੇੜੇ ਹੈ, ਇਹ ਆਤਮਾ ਰੂਪ ਚਕਵੀ ਉਸ ਨੂੰ ਦੂਰ ਜਾਣਦੀ ਹੈ। ਪਰ ਜਦੋਂ ਗੁਰੂ ਰੂਪ ਸੂਰਜ ਚੜ੍ਹ ਜਾਂਦਾ ਹੈ ਤਾਂ ਜੋ ਬ੍ਰਹਮ ਇਸ ਜੀਵ ਰੂਪ ਚਕਵੀ ਨੂੰ ਬਹੁਤ ਦੂਰ ਜਾਪਦਾ ਸੀ, ਉਹ ਬਿਲਕੁਲ ਨੇੜੇ ਪ੍ਰਤੀਤ ਹੁੰਦਾ ਹੈ।

## ਮਨਮੁਖਿ ਸੋਝੀ ਨਾ ਪਵੈ; ਗੁਰਮੁਖਿ ਸਦਾ ਹਜੂਰਿ ॥੫॥

ਜੋ ਮਨਮੁਖ ਲੋਕ ਹਨ, ਉਨ੍ਹਾਂ ਨੂੰ ਪਰਮੇਸ਼ਰ ਦੀ ਸੋਝੀ = ਸਮਝ ਨਹੀਂ ਪੈਂਦੀ, ਉਹ ਪਰਮੇਸ਼ਰ ਨੂੰ ਜਾਣ ਨਹੀਂ ਸਕਦੇ। ਪਰ ਜੋ ਗੁਰਮੁਖ ਹਨ, ਉਹ ਸਦਾ ਹੀ ਦ੍ਰਿਸ਼ਟਾ ਰੂਪ ਪ੍ਰਭੂ ਨੂੰ ਹਜੂਰਿ = ਨੇੜੇ ਤੋਂ ਨੇੜੇ ਸਮਝਦੇ ਹਨ **ਵਾ:** ਪਰਮੇਸ਼ਰ ਹਰ ਵਕਤ ਉਨ੍ਹਾਂ ਦੇ ਨੇੜੇ ਤੋਂ ਨੇੜੇ ਹੈ ॥੫॥

## ਮਨਮੁਖਿ ਗਣਤ ਗਣਾਵਣੀ; ਕਰਤਾ ਕਰੇ ਸੁ ਹੋਇ ॥

ਮਨਮੁਖਾਂ ਦੀ ਇਹ ਆਦਤ ਹੈ ਕਿ ਉਹ ਥੋੜ੍ਹੇ ਜਿਹੇ ਸਾਧਨ ਕਰਕੇ ਗਿਣਤੀਆਂ ਨੂੰ ਹੀ ਗਿਣਾਉਂਦੇ ਰਹਿੰਦੇ ਹਨ ਭਾਵ ਆਪਣੇ ਆਪ ਨੂੰ ਜਤਾਉਂਦੇ ਰਹਿੰਦੇ ਹਨ ਕਿ ਮੈਂ ਇਤਨੀ ਤਪੱਸਿਆ ਕੀਤੀ, ਇਤਨੀਆਂ ਧੂਣੀਆਂ ਤਾਪੀਆਂ, ਜਲਧਾਰੇ ਕੀਤੇ, ਚੰਗੇ ਕਰਮ ਕੀਤੇ, ਇਤਨੇ ਵਰਤ ਰੱਖੇ ਆਦਿ। ਕਦੇ ਵੀ ਮਨਮੁਖ ਹਉਮੈ ਨਹੀਂ ਛੱਡਦੇ, ਪਰ ਜੋ ਗੁਰਮੁਖਿ ਹਨ, ਉਨ੍ਹਾਂ ਦਾ ਐਸਾ ਨਿਸਚਾ ਹੁੰਦਾ ਕਿ ਜੋ ਕਰਤਾ ਪੁਰਖ ਵਾਹਿਗੁਰੂ ਕਰਦਾ ਹੈ, ਉਹੀ ਹੁੰਦਾ ਹੈ **ਅਥਵਾ** ਜੋ ਮਨਮੁਖਾਂ ਦੇ ਕਰਮਾਂ ਅਨੁਸਾਰ ਕਰਤਾ ਪੁਰਖ ਉਨ੍ਹਾਂ ਨੂੰ ਫਲ ਦੇਣਾ ਕਰਦਾ ਹੈ, ਉਹੀ ਕੁਝ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ।

## ਤਾ ਕੀ ਕੀਮਤਿ ਨਾ ਪਵੈ; ਜੇ ਲੋਚੈ ਸਭੁ ਕੋਇ ॥

ਉਸ ਪਰਮੇਸ਼ਰ ਦੀ ਕੀਮਤਿ ਕਿਸੇ ਪਾਸੋਂ ਨਹੀਂ ਪਾਈ ਜਾਂਦੀ, ਭਾਵੇਂ ਸਭੁ ਕੋਇ = ਹਰ ਕੋਈ ਚਾਹੁੰਦਾ ਹੈ ਕਿ ਮੈਨੂੰ ਪ੍ਰਭੂ ਪ੍ਰਾਪਤ ਹੋ ਜਾਵੇ, ਪਰ ਨਿਸ਼ਕਾਮ ਕਰਮਾਂ ਅਤੇ ਗੁਰੂ ਕਿਰਪਾ ਬਿਨਾਂ ਪ੍ਰਾਪਤ ਨਹੀਂ ਹੁੰਦਾ।

## ਗੁਰਮਤਿ ਹੋਇ ਤ ਪਾਈਐ; ਸਚਿ ਮਿਲੈ ਸੁਖੁ ਹੋਇ ॥੬॥

ਜੇ ਸਤਿਗੁਰਾਂ ਦੀ ਮਤਿ = ਸਿੱਖਿਆ ਅੰਦਰ ਹੋਇ = ਹੋਵੇ ਤ = ਤਾਂ ਸੱਚੇ ਪ੍ਰਭੂ ਦੀ ਪ੍ਰਾਪਤੀ ਰੂਪ ਕੀਮਤ ਪਾਈਐ = ਪਾਈਦੀ ਹੈ ਅਤੇ ਸਚਿ = ਸੱਚੇ ਪਰਮਾਤਮਾ ਨੂੰ ਮਿਲੈ = ਮਿਲਣ ਕਰਕੇ ਬ੍ਰਹਮਾਨੰਦ ਰੂਪ **ਵਾ:** ਅਭੇਦਤਾ ਰੂਪ ਸੁੱਖ ਪ੍ਰਾਪਤ ਹੋਇ = ਹੁੰਦਾ ਹੈ ॥੬॥

## ਸਚਾ ਨੇਹੁ ਨ ਤੁਟਈ; ਜੇ ਸਤਿਗੁਰੁ ਭੇਟੈ ਸੋਇ ॥

ਜੇ = ਜੇਕਰ ਸੋਇ = ਉਹ ਬ੍ਰਹਮ ਸ੍ਰੋਤਰੀ, ਬ੍ਰਹਮ ਨੇਸ਼ਟੀ ਸਤਿਗੁਰੁ = ਸੱਚੇ ਗੁਰੂ ਭੇਟੈ = ਮਿਲ ਪੈਣ ਤਾਂ ਸਚਾ = ਸੱਚੇ ਵਾਹਿਗੁਰੂ ਦਾ ਨੇਹੁ = ਪ੍ਰੇਮ ਨ = ਨਹੀਂ ਤੁਟਈ = ਟੁੱਟਦਾ। ਜੈਸਾ ਕਿ ਭਾਈ ਮਤੀ ਦਾਸ ਜੀ ਆਰੇ ਨਾਲ ਚੀਰੇ ਗਏ ਪਰ ਪ੍ਰੇਮ ਨਹੀਂ ਛੱਡਿਆ। ਭਾਈ ਤਾਰੂ ਸਿੰਘ ਜੀ ਖੋਪਰ ਲੁਹਾ ਕੇ ੨੨ ਦਿਨ ਸਮਾਧੀ ਲਾ ਕੇ ਬੈਠੇ ਰਹੇ। ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਾ ਲਏ ਫੇਰ ਵੀ ਸੁਖਮਨੀ ਸਾਹਿਬ ਦਾ ਪਾਠ ਹੁੰਦਾ ਰਿਹਾ ਭਾਵੇਂ ਅੱਠ ਅਸ਼ਟਪਦੀਆਂ ਹੁੰਦਿਆਂ ਸੀਸ ਸਮੇਤ ਬੰਦ ਬੰਦ ਕੱਟਿਆ ਗਿਆ ਸੀ। ਇਸ ਪ੍ਰਕਾਰ ਜਿਸ ਦੇ ਅੰਦਰ ਸੱਚਾ ਪ੍ਰੇਮ ਹੈ, ਉਹ ਬੰਦ ਬੰਦ ਕੱਟਿਆਂ ਤੋਂ ਵੀ ਆਪਣੇ ਪਿਆਰੇ ਪ੍ਰਭੂ ਦਾ ਜਾਪ ਕਰਦੇ ਰਹਿੰਦੇ ਹਨ। ਉਨ੍ਹਾਂ ਦਾ ਸੱਚਾ ਪ੍ਰੇਮ ਸਰੀਰ ਦੇ ਟੁੱਟਣ ਕਰਕੇ ਭੀ ਨਹੀਂ ਟੁੱਟਦਾ। ਪਰ ਇਹ ਪ੍ਰੇਮ ਦੀ ਦਾਤ ਤਾਂ ਪ੍ਰਾਪਤ ਹੁੰਦੀ ਹੈ ਜੇਕਰ ਜਗਿਆਸੂ ਸਤਿਗੁਰਾਂ ਨੂੰ ਮਿਲ ਜਾਵੇ।

## ਗਿਆਨ ਪਦਾਰਥੁ ਪਾਈਐ; ਤ੍ਰਿਭਵਣ ਸੋਝੀ ਹੋਇ ॥

ਫਿਰ ਜਦੋਂ ਸਤਿਗੁਰਾਂ ਕੋਲੋਂ ਗਿਆਨ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ ਤਾਂ ਤਿੰਨਾਂ ਲੋਕਾਂ ਦੀ ਸੋਝੀ = ਗਿਆਤ ਹੋ ਆਉਂਦੀ ਹੈ ਕਿ ਸਵਰਗ ਲੋਕ, ਮਾਤ ਲੋਕ, ਪਾਤਾਲ ਲੋਕ ਵਿਚ ਕੀ ਹੋ ਰਿਹਾ ਹੈ।

ਜਿਸ ਤਰ੍ਹਾਂ ਅੱਖਾਂ ਨਾਲ ਸਾਹਮਣੇ ਪਈ ਚੀਜ਼ ਦੇਖ ਲਈਏ, ਇਸ ਤਰ੍ਹਾਂ ਤਿੰਨੇ ਲੋਕਾਂ ਦਾ ਵਰਤਾਰਾ ਦਿੱਸਦਾ ਹੈ। ਕੋਈ ਵੀ ਗੱਲ ਲੁਕੀ ਜਾਂ ਛਿਪੀ ਨਹੀਂ ਰਹਿੰਦੀ।

**ਸਾਖੀ—ਤੁਲਸਾਂ ਦਾਸੀ ਦੀ :** ਜਿਸ ਤਰ੍ਹਾਂ ਤੁਲਸਾਂ ਦਾਸੀ ਨੂੰ ਮਾਤਾ ਤ੍ਰਿਪਤਾ ਜੀ ਨੇ ਸਤਿਗੁਰਾਂ ਨੂੰ ਬੁਲਾਉਣ ਲਈ ਭੇਜਿਆ ਕਿ ਆ ਕੇ ਪ੍ਰਸ਼ਾਦਾ ਛਕ ਲੈਣ। ਤੁਲਸਾਂ ਨੇ ਆਰਾਮ ਕਰਦੇ ਜਾਣ ਕੇ ਸਤਿਗੁਰਾਂ ਨੂੰ ਉਠਾਉਣ ਲਈ ਚਰਨਾਂ 'ਤੇ ਮੱਥਾ ਟੇਕਿਆ ਤੇ ਸੁੰਦਰ ਚਰਨ ਵੇਖ ਕੇ ਉਨ੍ਹਾਂ ਨੂੰ ਚੱਟਣ ਲੱਗ ਪਈ। ਚਰਨ ਚੱਟਣ ਨਾਲ ਹੀ ਤੁਲਸਾਂ ਨੂੰ ਤਿੰਨੇ ਲੋਕਾਂ ਦੀ ਸੋਝੀ ਹੋ ਗਈ। ਉਸ ਨੂੰ ਪਤਾ ਲੱਗ ਗਿਆ ਕਿ ਤਿੰਨੇ ਲੋਕਾਂ ਵਿਚ, ਇਥੋਂ ਤੱਕ ਕਿ ਬ੍ਰਹਮ ਲੋਕ ਵਿਚ ਕੀ ਹੁੰਦਾ ਹੈ। ਜਦੋਂ ਨਿਗਾਹ ਸਮੁੰਦਰ ਵਿਚ ਗਈ ਤਾਂ ਕੀ ਦੇਖਦੀ ਹੈ ਕਿ ਸਤਿਗੁਰੂ ਜੀ ਆਪਣੇ ਪਿਆਰੇ ਸਿੱਖ ਲਾਹੌਰ ਦੇ ਰਹਿਣ ਵਾਲੇ ਮਨਸੁਖ ਸ਼ਾਹੂਕਾਰ ਦੇ ਜਹਾਜ਼ ਨੂੰ ਆਪਣਾ ਮੋਢਾ ਲਾ ਕੇ ਕੰਢੇ ਲਾਉਣ ਲਈ ਸੰਗਲਾਦੀਪ ਵੱਲ ਨੂੰ ਲਿਜਾ ਰਹੇ ਹਨ ਅਤੇ ਮਨਸੁਖ ਅਰਦਾਸ ਵਿਚ ਜੁੜਿਆ ਹੋਇਆ ਹੈ। ਤੁਲਸਾਂ ਝੱਟ ਮੁੜ ਆਈ ਤੇ ਆ ਕੇ ਮਾਤਾ ਨੂੰ ਸਭ ਕੁਝ ਦੱਸ ਦਿੱਤਾ ਕਿ ਮਾਤਾ ਜੀ ! ਤੁਹਾਡੇ ਪੁੱਤਰ ਤਾਂ ਸਿੱਖ ਦਾ ਜਹਾਜ਼ ਕੰਢੇ ਲਾਉਣ ਸਮੁੰਦਰ ਵਿਚ ਗਏ ਹੋਏ ਹਨ। ਮੈਂ ਉਨ੍ਹਾਂ ਨੂੰ ਇਸ ਕਰਕੇ ਨਹੀਂ ਜਗਾਇਆ ਕਿ ਸਿੱਖ ਦਾ ਕਾਰਜ ਵਿਚਾਲੇ ਨਾ ਰਹਿ ਜਾਵੇ। ਮਾਤਾ ਜੀ ਇਹ ਸੁਣ ਕੇ ਥੋੜ੍ਹਾ ਗ਼ੁੱਸੇ ਨਾਲ ਆਪ ਗਏ ਤੇ ਸਤਿਗੁਰਾਂ ਨੂੰ ਟੁੰਬ ਕੇ ਜਗਾਇਆ ਤੇ ਪ੍ਰਸ਼ਾਦਾ ਛਕਾ ਕੇ ਕਹਿਣ ਲੱਗੇ ਕਿ ਪੁੱਤਰ ! ਤੁਹਾਡੀ ਹਾਲਤ ਦੇਖ ਕੇ ਹੁਣ ਘਰ ਦੀ ਦਾਸੀ ਵੀ ਮੈਨੂੰ ਮਸ਼ਕਰੀਆਂ ਕਰਦੀ ਹੈ। ਹਜ਼ੂਰ ਕਹਿਣ ਲੱਗੇ ਕਿ ਮਾਤਾ ਜੀ ! ਦਾਸੀ ਕੀ ਕਹਿੰਦੀ ਹੈ ? ਮਾਤਾ ਨੇ ਦੱਸਿਆ ਕਿ ਇਹ ਕਹਿੰਦੀ ਸੀ ਕਿ ਤੁਸੀਂ ਕਿਸੇ ਸਿੱਖ ਦਾ ਜਹਾਜ਼ ਕੰਢੇ ਲਾਉਣ ਸੰਗਲਾਦੀਪ ਗਏ ਹੋਏ ਸੀ। ਹਜ਼ੂਰ ਨੇ ਸੋਚਿਆ ਕਿ ਇਸ ਤੋਂ ਇਹ ਸ਼ਕਤੀ ਹਜ਼ਮ ਨਹੀਂ ਹੋਣੀ। ਇਹ ਅਜਰ ਨੂੰ ਜਰ ਨਹੀਂ ਸਕੇਗੀ। ਸਤਿਗੁਰਾਂ ਨੇ ਬਚਨ ਕੀਤਾ ਕਿ ਮਾਤਾ ਜੀ ! ਇਹੋ ਜਿਹੀ ਕਮਲੀ ਝਮਲੀ ਦੀਆਂ ਗੱਲਾਂ 'ਤੇ ਭਰੋਸਾ ਨਹੀਂ ਕਰੀਦਾ। ਇਤਨਾ ਬਚਨ ਕਹਿਣ ਨਾਲ ਹੀ ਤੁਲਸਾਂ ਸੰਸਾਰ ਵੱਲੋਂ ਕਮਲੀ ਹੋ ਗਈ ਪਰ ਉਸ ਦੀ ਸੁਰਤ ਚੌਥੇ ਪਦ ਵਿਚ ਪਹੁੰਚਾ ਦਿੱਤੀ ਤੇ ਅੰਤ ਨੂੰ ਜੰਮਣ ਮਰਣ ਤੋਂ ਰਹਿਤ ਹੋ ਕੇ ਪਰਮੇਸ਼ਰ ਵਿਚ ਅਭੇਦ ਹੋ ਗਈ। ਇਉਂ ਗੁਰੂ ਕਿਰਪਾ ਨਾਲ ਤਿੰਨੇ ਭਵਨਾਂ ਦੀ ਸੋਝੀ ਹੋ ਆਉਂਦੀ ਹੈ ਪਰ ਇਹ ਦਾਤ ਉਸੇ ਕੋਲ ਰਹਿੰਦੀ ਹੈ ਜੋ ਇਸ ਅਜਰ ਨੂੰ ਜਰ ਸਕੇ। ਜਿਸ ਤੋਂ ਨਾ ਜਰ ਹੋਵੇ ਤਾਂ ਸਤਿਗੁਰੂ ਜੀ ਉਸ ਤੋਂ ਖੋਹ ਵੀ ਲੈਂਦੇ ਹਨ।

## ਨਿਰਮਲੁ ਨਾਮੁ ਨ ਵੀਸਰੈ; ਜੇ ਗੁਣ ਕਾ ਗਾਹਕੁ ਹੋਇ ॥੭॥

ਜੇ = ਜੇਕਰ ਕੋਈ ਜਗਿਆਸੂ ਸਤਿ, ਸੰਤੋਖ ਆਦਿ ਸ਼ੁਭ ਗੁਣਾਂ ਕਾ = ਦਾ ਗਾਹਕੁ = ਖ਼ਰੀਦਦਾਰ ਹੋਇ = ਹੋਵੇ, ਉਸ ਨੂੰ ਨਿਰਮਲੁ = ਉੱਜਲ ਪਰਮੇਸ਼ਰ ਦਾ ਨਾਮ ਨ = ਨਹੀਂ ਵੀਸਰੈ = ਭੁੱਲਦਾ ॥੭॥

## ਖੇਲਿ ਗਏ ਸੇ ਪੰਖਣੂੰ; ਜੋ ਚੁਗਦੇ ਸਰ ਤਲਿ ॥

ਇਸ ਸੰਸਾਰ ਨੇ ਅਚੱਲ ਨਹੀਂ ਰਹਿਣਾ ਕਿਉਂਕਿ ਇਥੋਂ ਸੇ = ਉਹ ਪੰਖਣੂੰ = ਪੰਛੀ ਵੀ ਖੇਲਿ = ਖੇਡਾਂ ਖੇਡਦੇ ਚਲੇ ਗਏ ਹਨ, ਜੋ = ਜਿਹੜੇ ਸਰ = ਸਮੁੰਦਰਾਂ ਦੇ ਕਿਨਾਰਿਆਂ ਦੀ ਤਲਿ = ਜਗ੍ਹਾ 'ਤੇ ਚੋਗਾ ਚੁੱਗਦੇ ਸਨ **ਅਥਵਾ** ਸੇ = ਉਹ ਵੱਡੇ ਵੱਡੇ ਪੰਛੀਆਂ ਰੂਪ ਰਾਜੇ ਵੀ ਦੁਨੀਆਂ ਵਿਚ ਵਿਸ਼ਿਆਂ ਦੀਆਂ ਖੇਡਾਂ ਖੇਡਦੇ ਹੋਏ ਐਸ਼-ਪ੍ਰਸਤੀ ਕਰਦੇ ਚਲੇ ਗਏ ਹਨ, ਜਿਨ੍ਹਾਂ ਦੇ ਕੋਲ ਫ਼ੌਜਾਂ ਰੂਪ ਖੰਭ ਸਨ ਅਤੇ ਜਿਨ੍ਹਾਂ ਦਾ ਸਮੁੰਦਰ ਦੇ ਤਲਿਆਂ ਤਕ ਰਾਜ ਚੱਲਦਾ ਸੀ ਭਾਵ ਜੋ ਸਮੁੰਦਰ ਦੇ ਹੇਠਾਂ ਤੋਂ ਵੀ ਹੀਰੇ ਜਵਾਹਰਾਤ ਕੱਢ ਲੈਂਦੇ ਸਨ, ਇਉਂ ਪਦਾਰਥਾਂ ਰੂਪ ਚੋਗੇ ਨੂੰ ਚੁਗਦੇ ਹੋਏ ਸੰਸਾਰ ਤੋਂ ਕੂਚ ਕਰ ਗਏ ਹਨ।

## ਘੜੀ ਕਿ, ਮੁਹਤਿ ਕਿ ਚਲਣਾ; ਖੇਲਣੁ ਅਜੁ, ਕਿ ਕਲਿ ॥

ਹੇ ਜੀਵ ! ਪਤਾ ਨਹੀਂ ਕਿ ਤੂੰ ਘੜੀ ਨੂੰ ਚੱਲਣਾ ਹੈ ਕਿ ਮੁਹਤਿ = ਅੱਧੀ ਘੜੀ ਨੂੰ ਇਥੋਂ ਕੂਚ ਕਰਨਾ

ਹੈ। ਇਹ ਵੀ ਨਹੀਂ ਪਤਾ ਕਿ ਅੱਜ ਹੀ ਸੰਸਾਰ ਰੂਪੀ ਖੇਲਣੁ = ਖੇਡ ਤੋਂ ਚਲਣਾ = ਚਲੇ ਜਾਣਾ ਹੈ ਜਾਂ ਕਲਿ = ਕੱਲ੍ਹ ਨੂੰ **ਵਾ:** ਕਲਿ = ਕਾਲ ਦਾ ਕੀ ਪਤਾ ਹੈ। ਜਦੋਂ ਆਯੂ ਦਾ ਕਾਲ ਹੋ ਗਿਆ ਤਾਂ ਅੱਜ ਜਾਂ ਕੱਲ੍ਹ ਨੂੰ ਸੰਸਾਰ ਰੂਪੀ ਖੇਲਣੁ = ਖੇਡ ਚਲੇ ਜਾਣਾ ਹੈ। ਇਹ ਦੁਨੀਆਂ ਮੁਸਾਫ਼ਰ-ਖ਼ਾਨਾ ਹੈ। ਇਸ ਲਈ ਇਸ ਵਿਚ ਮੋਹ ਨਾ ਲਾਉ।

## ਜਿਸੁ ਤੂੰ ਮੇਲਹਿ ਸੋ ਮਿਲੈ; ਜਾਇ ਸਚਾ ਪਿੜੁ ਮਲਿ ॥੮॥

(**ਮੱਲਿ** ਦਾ ਉਚਾਰਨ ਅੱਧਕ ਸਹਿਤ ਹੈ)

ਪਰਮੇਸ਼ਰ ਅੱਗੇ ਬੇਨਤੀ ਕਰ ਕਿ ਹੇ ਪਰਮੇਸ਼ਰ! ਜਿਸ ਨੂੰ ਤੂੰ ਆਪਣੇ ਸਰੂਪ ਨਾਲ ਮੇਲਹਿ = ਮੇਲਣਾ ਚਾਹੇਂ, ਉਹ ਹੀ ਤੇਰੇ ਸਰੂਪ ਨਾਲ ਮਿਲ ਸਕਦਾ ਹੈ **ਅਥਵਾ** ਜਿਸ ਨੂੰ ਤੂੰ ਸਤਿਗੁਰਾਂ ਨਾਲ ਮੇਲਦਾ ਹੈਂ, ਉਹ ਹੀ ਤੇਰੇ ਨਾਮ ਵਿਚ ਮਿਲਦਾ ਹੈ। ਫਿਰ ਉਹ ਸਾਧ ਸੰਗਤ ਵਿਚ ਜਾ ਕੇ, ਤੁਰੀਆ ਪਦ ਰੂਪੀ ਸੱਚਾ ਪਿੜੁ = ਅਖਾੜਾ ਮੱਲਿ = ਮੱਲਦਾ ਹੈ **ਵਾ:** ਹੇ ਪਰਮੇਸ਼ਰ! ਜਿਸ ਨੂੰ ਤੂੰ ਗੁਰਾਂ ਨਾਲ ਮੇਲਹਿ = ਮੇਲਦਾ ਹੈਂ, ਸੋ = ਉਹੋ ਹੀ ਤੇਰੇ ਨਾਲ ਮਿਲੈ = ਮਿਲਦਾ ਅਤੇ ਉਹੋ ਹੀ ਸੱਚਾ ਪਿੜ = ਟਿਕਾਣਾ ਜਾਇ = ਜਾ ਮੱਲਦਾ ਹੈ ਭਾਵ ਤੇਰੇ ਸਰੂਪ ਨੂੰ ਪ੍ਰਾਪਤ ਹੁੰਦਾ ਹੈ **ਵਾ:** ਹੇ ਮਨ! ਤੂੰ ਵੀ ਗੁਸਾਈਂ ਦਾ ਪਹਿਲਵਾਨੜਾ ਬਣ ਕੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਗਰਦਨੀ ਮਾਰ ਕੇ ਸਤਿ, ਸੰਤੋਖ, ਦਇਆ, ਧਰਮ, ਵੀਚਾਰ ਦਿਲ ਵਿਚ ਧਾਰਨ ਕਰਕੇ ਸੱਚਾ ਤੁਰੀਆ ਪਦ ਰੂਪੀ (ਜਾ ਕੇ) ਪਿੜੁ = ਅਖਾੜਾ ਮੱਲਣਾ ਕਰ **ਵਾ:** ਸੱਚਖੰਡ ਰੂਪ ਪਿੜੁ = ਬਾਜ਼ੀ ਨੂੰ ਮਲਣਾ ਕਰ। ਇਸ ਪ੍ਰਕਾਰ ਜੋ ਸੱਚਾ ਸਰੂਪ ਹੈ, ਇਹ ਬਾਜ਼ੀ ਹੈ ਜੋ ਪਹਿਲਵਾਨੜਾ ਬਣ ਕੇ ਤੇ ਵਿਕਾਰਾਂ ਨੂੰ ਮੇਟ ਕੇ ਸੱਚ ਸਰੂਪ ਦਾ ਪਿੜ ਮੱਲੇਗਾ, ਉਸ ਨੂੰ ਸਤਿਗੁਰਾਂ ਦੇ ਦਰੋਂ ਅਭੇਦਤਾ ਰੂਪ ਸਿਰੋਪਾਉ ਦੇ ਕੇ ਸਨਮਾਨਿਆ ਜਾਵੇਗਾ ॥੮॥

## ਬਿਨੁ ਗੁਰ ਪ੍ਰੀਤਿ ਨ ਊਪਜੈ; ਹਉਮੈ ਮੈਲੁ ਨ ਜਾਇ ॥

ਸਤਿਗੁਰੂ ਸਾਹਿਬ ਜੀ ਤੋਂ ਬਿਨਾਂ ਕਦੇ ਵਾਹਿਗੁਰੂ ਦੀ ਪ੍ਰੀਤੀ ਹਿਰਦੇ ਵਿਚ ਊਪਜੈ = ਪੈਦਾ ਨਹੀਂ ਹੋ ਸਕਦੀ। ਗੁਰੂ ਸਾਹਿਬ ਦੀ ਆਗਿਆ ਵਿਚ ਰਹਿ ਕੇ ਜਦੋਂ ਤੱਕ ਸਤਿਗੁਰਾਂ ਦੇ ਉਪਦੇਸ਼ ਨੂੰ ਨਹੀਂ ਕਮਾਉਂਦੇ, ਉਦੋਂ ਤੱਕ ਜੋ ਸਾਡੇ ਹਿਰਦੇ ਨੂੰ ਹਉਮੈ ਦੀ ਮੈਲ ਚਿੰਬੜੀ ਹੋਈ ਹੈ, ਨ ਜਾਇ = ਨਾਸ਼ ਨਹੀਂ ਹੁੰਦੀ। ਜਦੋਂ ਸਤਿਗੁਰਾਂ ਦੇ ਬਚਨਾਂ ਦੀ ਕਮਾਈ ਕਰਾਂਗੇ ਤਾਂ ਹਉਮੈ =ਹੰਗਤਾ ਦੀ ਮੈਲ ਦੂਰ ਹੋ ਜਾਵੇਗੀ ਤੇ ਵਾਹਿਗੁਰੂ ਦੀ ਪ੍ਰੀਤੀ ਹਿਰਦੇ ਵਿਚ ਪੈਦਾ ਹੋ ਜਾਵੇਗੀ।

## ਸੋ ਹੰ ਆਪੁ ਪਛਾਣੀਐ; ਸਬਦਿ ਭੇਦਿ ਪਤੀਆਇ ॥

(**ਸੋ-ਹੰ** ਦਾ ਉਚਾਰਣ ਵੱਖ ਵੱਖ ਕਰਨਾ ਹੈ)

ਜੋ ਗੁਰਾਂ ਦੇ ਸਬਦਿ = ਉਪਦੇਸ਼ ਤੇ ਪਤੀਆਇ = ਭਰੋਸਾ ਕਰਕੇ ਆਪਣੇ ਮਨ ਨੂੰ ਸ਼ਬਦ ਵਿਚ ਭੇਦਿ = ਵਿੰਨ੍ਹ ਲੈਂਦੇ ਹਨ ਸੋ = ਉਹ ਹੰ = ਮੈਂ ਹਾਂ ਭਾਵ ਮੇਰਾ ਆਪਣਾ ਸਰੂਪ ਬ੍ਰਹਮ ਹੀ ਹੈ, ਇਸ ਪ੍ਰਕਾਰ ਆਪਣੇ ਆਪ ਨੂੰ ਪਛਾਣੀਐ = ਪਛਾਣ ਲੈਂਦੇ ਹਨ **ਅਥਵਾ** ਜੋ ਸੋ = ਉਹ ਬ੍ਰਹਮ ਤੱਤ ਪਦ ਦਾ ਲਖ ਅਰਥ ਖੰਡਾਂ ਬ੍ਰਹਿਮੰਡਾਂ ਦਾ ਮਾਲਕ ਪਰਮੇਸ਼ਰ ਹੈ ਤੇ ਹੰ = ਤ੍ਵੰ ਪਦ ਦਾ ਲਖ ਅਰਥ ਜੋ ਜੀਵ ਆਤਮਾ ਸਰੀਰ ਦਾ ਮਾਲਕ ਹੈ, ਉਹ ਆਪਣਾ ਆਤਮਾ ਰੂਪ ਹੀ ਹੈ। ਇਉਂ ਪਛਾਣ ਲਈਦਾ ਹੈ **ਵਾ:** ਸੋ = ਉਹ ਬ੍ਰਹਮ ਹੰ = ਮੇਰਾ ਆਪਣਾ ਹੀ ਸਰੂਪ ਹੈ ਇਉਂ ਪਛਾਣ ਲਈਦਾ ਹੈ। ਸਚਦਾਨੰਦ ਸਰੂਪ ਹੋਣ ਕਰਕੇ ਇਹ ਅਵਸਥਾ ਤਾਂ ਪ੍ਰਾਪਤ ਹੁੰਦੀ ਹੈ ਜਦੋਂ ਸਤਿਗੁਰਾਂ ਦੇ ਸ਼ਬਦ ਨਾਲ ਮਨ ਨੂੰ ਭੇਦਿ = ਵਿੰਨ੍ਹਣਾ ਕਰੋਗੇ। ਕਮਾਈ ਕਰਕੇ ਉਦੋਂ ਫਿਰ ਪਰਮੇਸ਼ਰ ਪਤੀਆਇ = ਪਤੀਜੇਗਾ, ਉਦੋਂ ਫਿਰ ਤੈਨੂੰ ਨਿਸਚੇ ਹੋ ਜਾਵੇਗਾ ਕਿ ਪ੍ਰਭੂ ਮੇਰਾ ਆਪਣਾ ਹੀ ਸਰੂਪ ਹੈ।

## ਗੁਰਮੁਖਿ ਆਪੁ ਪਛਾਣੀਐ; ਅਵਰ ਕਿ ਕਰੇ ਕਰਾਇ ॥੯॥

ਗੁਰਮੁਖਿ = ਮੁਖੀ ਗੁਰੂ ਸਾਹਿਬ ਦੀ ਸੰਗਤ ਕਰ ਕੇ ਤਿੰਨੇ ਦੇਹਾਂ ਦੇ ਅਭਿਮਾਨ ਨੂੰ ਛੱਡ ਕੇ ਆਪਣਾ ਆਤਮ ਸਰੂਪ ਜੋ ਸਤ, ਚੇਤਨ, ਅਨੰਦ ਸਰੂਪ ਹੈ, ਉਸ ਨੂੰ ਪਛਾਨਣਾ ਕਰੀਏ। ਹੋਰ ਕਰਮ-ਕਾਂਡਾਂ ਦਾ ਕੀ ਕਰਨਾ ਤੇ ਕਰਾਉਣਾ ਹੈ। ਹੋਰ ਕਿਸੇ ਦੀ ਉਪਾਸ਼ਨਾ ਕਰਨ ਨਾਲ ਨਿਤ-ਨਮਿਤ ਕਰਮ-ਕਾਂਡ ਕਰਨ ਨਾਲ ਕੋਈ ਲਾਭ ਪ੍ਰਾਪਤ ਨਹੀਂ ਹੋਵੇਗਾ। ਗੁਰਮੁਖਾਂ ਦੀ ਸੰਗਤ ਕਰ ਕੇ ਤੇ ਸਤਿਗੁਰਾਂ ਨਾਲ ਮਿਲ ਕੇ ਆਪਣੇ ਆਤਮ ਸਰੂਪ ਦੀ ਪਹਿਚਾਣ ਕਰੀਏ। ਕਰਮ-ਕਾਂਡ ਤਾਂ ਪਿਛਲੇ ਜਨਮਾਂ ਵਿਚ ਬਹੁਤ ਕਰਦੇ ਆਏ ਹਾਂ। ਜੇ ਹੁਣ ਭੀ ਉਹੀ ਕਰਦੇ ਰਹੇ ਤਾਂ ਕੀ ਲਾਭ ਪ੍ਰਾਪਤ ਹੋਵੇਗਾ॥੯॥ ਜੈਸਾ ਕਿ :

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥** *(ਜਪੁ ਜੀ ਸਾਹਿਬ, ਅੰਗ ੨)*

ਕਰਮਾਂ ਨਾਲ ਸਰੀਰ ਰੂਪ ਕੱਪੜਾ ਹੀ ਮਿਲਦਾ ਰਹੇਗਾ ਭਾਵ ਜੰਮਣ ਮਰਣ ਵਿਚ ਹੀ ਜੀਵ ਪਿਆ ਰਹੇਗਾ। ਮੁਕਤੀ ਦਾ ਦੁਆਰੁ = ਦਰਵਾਜ਼ਾ ਭਾਵ ਗਿਆਨ ਤਾਂ ਕੇਵਲ ਸਤਿਗੁਰਾਂ ਦੀ ਨਦਰਿ = ਕ੍ਰਿਪਾ ਦ੍ਰਿਸ਼ਟੀ ਨਾਲ ਹੀ ਪ੍ਰਾਪਤ ਹੋਵੇਗਾ। ਇਸ ਲਈ ਗੁਰਮੁਖ ਬਣ ਕੇ ਆਪਣੇ ਸਰੂਪ ਦੀ ਪਹਿਚਾਣ ਕਰੀਏ। ਸੇਵਾ ਸਿਮਰਨ ਤੋਂ ਬਿਨਾਂ ਹੋਰ ਕੀ ਕਰਨਾ ਤੇ ਕਰਾਉਣਾ ਹੈ ਭਾਵ ਹੋਰ ਕਿਸੇ ਕਰਮ ਦਾ ਕੋਈ ਲਾਭ ਨਹੀਂ।

## ਮਿਲਿਆ ਕਾ ਕਿਆ ਮੇਲੀਐ; ਸਬਦਿ ਮਿਲੇ ਪਤੀਆਇ ॥

ਮਹਾਰਾਜ ਅੱਗੇ ਬੇਨਤੀ ਕਰੀਏ ਕਿ ਜੋ ਤੁਹਾਡੇ ਨਾਲ ਮਿਲੇ ਹੋਏ ਹਨ, ਉਹਨਾਂ ਦਾ ਹੋਰ ਕੀ ਮੇਲਣਾ ਹੈ। ਹੇ ਗ਼ਰੀਬ ਨਿਵਾਜ਼! ਸਾਨੂੰ ਮੇਲਣਾ ਕਰੋ ਜੋ ਆਪ ਜੀ ਤੋਂ ਵਿਛੁੜੇ ਹੋਏ ਹਾਂ **ਵਾ:** ਜੋ ਪਰਮੇਸ਼ਰ ਨਾਲ ਮਿਲੇ ਹੋਏ ਹਨ, ਉਨ੍ਹਾਂ ਨਾਲ ਕੀ ਕਰਨਾ ਚਾਹੀਦਾ ਹੈ ? ਉੱਤਰ : ਆਪਣੇ ਚਿੱਤ ਨੂੰ ਉਨ੍ਹਾਂ ਨਾਲ ਮੇਲ ਲਈਏ, ਸਤਸੰਗੀ ਬਣੀਏ, ਉਹੋ ਜਿਹਾ ਜੀਵਨ ਬਣਾਈਏ। ਜੋ ਸਤਿਗੁਰਾਂ ਨਾਲ ਮਿਲ ਕੇ ਕਦੇ ਵਿਛੁੜਦੇ ਨਹੀਂ, ਉਨ੍ਹਾਂ ਨਾਲ ਆਪਣੇ ਆਪ ਨੂੰ ਮੇਲ ਲਈਏ ਤੇ ਬੇਨਤੀ ਕਰੀਏ ਕਿ ਪਰਮੇਸ਼ਰ ਨਾਲ ਕਿਵੇਂ ਮਿਲੀਦਾ ਹੈ ਤਾਂ ਦੱਸਦੇ ਹਨ ਕਿ ਪਰਮੇਸ਼ਰ ਨਾਲ ਮਿਲਣ ਲਈ ਸ਼ਬਦ ਨਾਲ ਮਿਲੀਦਾ ਹੈ। ਜੋ ਸ਼ਬਦ ਨਾਲ ਮਿਲਦੇ ਹਨ ਫਿਰ ਉਨ੍ਹਾਂ 'ਤੇ ਸਤਿਗੁਰੂ ਜੀ ਪਤੀਆਇ = ਅਜ਼ਮਾਇਸ਼ ਕਰਕੇ ਭਾਵ ਕਸਵੱਟੀ ਲਾ ਕੇ ਦੇਖਦੇ ਹਨ ਕਿ ਇਹ ਸ਼ਬਦ ਨਾਲ ਮਿਲੇ ਹਨ ਜਾਂ ਵਿਛੁੜੇ ਹੋਏ ਹਨ। ਜੋ ਸ਼ਬਦ ਨਾਲ ਮਿਲੇ ਹਨ, ਫਿਰ ਉਨ੍ਹਾਂ ਨੂੰ ਸਤਿਗੁਰੂ ਜੀ ਪਤੀਆਇ = ਨਿਸਚਾ ਕਰਾ ਦਿੰਦੇ ਹਨ ਕਿ ਪ੍ਰਭੂ ਸਾਡਾ ਆਪਣਾ ਹੀ ਸਰੂਪ ਹੈ।

## ਮਨਮੁਖਿ ਸੋਝੀ ਨਾ ਪਵੈ; ਵੀਛੁੜਿ ਚੋਟਾ ਖਾਇ ॥

ਜੋ ਮਨਮੁਖ ਲੋਕ ਹਨ, ਉਨ੍ਹਾਂ ਨੂੰ ਵਾਹਿਗੁਰੂ ਦੀ ਸੋਝੀ = ਗਿਆਤ ਸਮਝ ਨਹੀਂ ਪੈਂਦੀ, ਉਹ ਵਾਹਿਗੁਰੂ ਨੂੰ ਭੁੱਲ ਕੇ ਦੇਹ ਨੂੰ ਹੀ ਆਤਮਾ ਮੰਨੀ ਬੈਠੇ ਹਨ। ਉਹ ਨਾਮ ਤੋਂ **ਵਾ:** ਪ੍ਰਭੂ ਤੋਂ ਵਿਛੁੜ ਕੇ ਜਮਾਂ ਦੀਆਂ, ਵਿਕਾਰਾਂ ਦੀਆਂ, ਜੰਮਣ ਮਰਣ ਦੀਆਂ ਚੋਟਾ = ਸੱਟਾਂ ਖਾਇ = ਖਾਂਦੇ ਹਨ।

## ਨਾਨਕ ਦਰੁ ਘਰੁ ਏਕੁ ਹੈ; ਅਵਰੁ ਨ ਦੂਜੀ ਜਾਇ ॥੧੦॥੧੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਦਾ ਗਿਆਨ ਰੂਪੀ ਦਰ ਤੇ ਸਤਿਸੰਗਤ ਰੂਪੀ ਘਰ ਏਕੁ = ਇਕ ਹੀ ਹੈ **ਵਾ:** ਦਰੁ = ਸਾਧਸੰਗਤ ਤੇ ਘਰੁ = ਸੱਚਖੰਡ ਇਕ ਹੀ ਹੈ **ਵਾ:** ਉਸ ਪਰਮੇਸ਼ਰ ਦਾ ਦਰੁ = ਗਿਆਨ ਤੇ ਘਰੁ = ਸਰੂਪ ਇਕ ਹੀ ਹੈ **ਵਾ:** ਇੰਦਰੀਆਂ ਰੂਪੀ ਦਰ ਅਤੇ ਸਰੀਰ ਰੂਪੀ ਘਰ ਵਿਚ ਇਕ ਵਾਹਿਗੁਰੂ ਹੀ ਵਿਆਪਕ ਹੈ, ਉਸ ਤੋਂ ਬਿਨਾਂ ਹੋਰ ਕੋਈ ਦੂਸਰੀ ਜਾਇ = ਜਗ੍ਹਾ ਨਹੀਂ। ਉਹ ਹਰ ਥਾਂ

ਵਿਆਪਕ ਹੈ, ਇਸ ਲਈ ਉਸ ਦੀ ਸ਼ਰਨੀਂ ਪੈ ਕੇ ਵਾਹਿਗੁਰੂ ਨਾਲ ਪਿਆਰ ਕਰੀਏ, ਫਿਰ ਉਹ ਪ੍ਰਭੂ ਆਪਣੇ ਸਰੂਪ ਵਿਚ ਮਿਲਾ ਲਵੇਗਾ॥੧੦॥੧੧॥

## ਸਿਰੀਰਾਗੁ ਮਹਲਾ ੧ ॥

## ਮਨਮੁਖਿ ਭੁਲੈ ਭੁਲਾਈਐ; ਭੂਲੀ ਠਉਰ ਨ ਕਾਇ ॥

ਜਿਨ੍ਹਾਂ ਨੇ ਆਪਣੇ ਮਨ ਨੂੰ ਮੁੱਖ ਸਮਝਿਆ ਹੈ, ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਮੰਨ ਕੇ ਗੁਰਮੁਖ ਨਹੀਂ ਬਣੇ, ਉਹ ਮਨਮੁਖ ਮਾਇਆ **ਵਾ:** ਅਗਿਆਨ ਦੇ ਭੁਲਾਏ ਹੋਏ ਆਪਣੇ ਸਰੂਪ ਵੱਲੋਂ ਭੁੱਲ ਗਏ ਹਨ **ਵਾ:** ਉਨ੍ਹਾਂ ਨੂੰ ਮਾਇਆ ਨੇ ਅਗਿਆਨ ਦੀ ਭੁੱਲ ਪਾ ਕੇ ਭੁਲਾ ਛੱਡਿਆ ਹੈ। ਜਿਹੜੀ ਸਰੂਪ ਤੋਂ ਭੂਲੀ = ਭੁੱਲੀ ਹੋਈ ਸ੍ਰਿਸ਼ਟੀ ਹੈ, ਉਸ ਨੂੰ ਲੋਕ ਪਰਲੋਕ ਵਿਚ ਕਾਇ = ਕੋਈ ਠਉਰ = ਥਾਂ ਨਹੀਂ। ਇਸ ਲੋਕ ਵਿਚ ਸਤਸੰਗ ਰੂਪ ਅਤੇ ਪਰਲੋਕ ਵਿਚ ਸੱਚਖੰਡ ਰੂਪ ਕੋਈ ਥਾਂ ਨਹੀਂ ਪ੍ਰਾਪਤ ਹੁੰਦਾ **ਵਾ:** ਜੋ ਜੀਵ ਰੂਪ ਇਸਤ੍ਰੀ ਅਗਿਆਨ ਦੀ ਭੁਲਾਈ ਹੋਈ ਸਰੂਪ ਤੋਂ ਭੁੱਲੀ ਹੈ, ਉਸ ਨੂੰ ਤੁਰੀਆ ਪਦ ਰੂਪ, ਸਤਿ ਸਰੂਪ ਰੂਪੀ ਥਾਂ ਪ੍ਰਾਪਤ ਨਹੀਂ ਹੁੰਦਾ।

## ਗੁਰ ਬਿਨੁ ਕੋ ਨ ਦਿਖਾਵਈ; ਅੰਧੀ ਆਵੈ ਜਾਇ ॥

ਸਤਿਗੁਰਾਂ ਤੋਂ ਬਿਨਾਂ ਅਕਾਲ ਪੁਰਖ ਵਾਹਿਗੁਰੂ ਦਾ ਸਰੂਪ ਪ੍ਰਗਟ ਕਰ ਕੇ ਕੋਈ ਨਹੀਂ ਦਿਖਾ ਸਕਦਾ। ਜੋ ਅਗਿਆਨ ਸਹਿਤ ਅੰਧੀ ਸ੍ਰਿਸ਼ਟੀ ਹੈ, ਉਹ ਆਵੈ ਜਾਇ = ਜੰਮਦੀ ਮਰਦੀ ਹੈ ਭਾਵ ਜਿਸ ਦੇ ਮਨ, ਬੁੱਧ ਰੂਪ ਨੇਤ੍ਰਾਂ ਵਿਚ ਗਿਆਨ ਰੂਪ ਨਿਗਾਹ ਨਹੀਂ ਹੈ **ਵਾ:** ਜੋ ਵੈਰਾਗ ਬਿਬੇਕ ਰੂਪ ਨੇਤ੍ਰਾਂ ਤੋਂ ਹੀਣੇ ਹਨ। ਉਹ ਸ੍ਰਿਸ਼ਟੀ ਵਿਚ ਜਨਮ ਧਾਰ ਕੇ ਆਉਂਦੇ ਹਨ ਤੇ ਮਰ ਕੇ ਚਲੇ ਜਾਂਦੇ ਹਨ। ਇਉਂ ਵਾਰ ਵਾਰ ਖੂਹ ਦੀਆਂ ਟਿੰਡਾਂ ਦੀ ਨਿਆਈਂ ਜੰਮਣ ਮਰਣ ਦੇ ਗੇੜ ਵਿਚ ਪਏ ਰਹਿੰਦੇ ਹਨ।

## ਗਿਆਨ ਪਦਾਰਥੁ ਖੋਇਆ; ਠਗਿਆ ਮੁਠਾ ਜਾਇ ॥੧॥

ਉਨ੍ਹਾਂ ਨੇ ਅਪਰੋਖ ਗਿਆਨ ਰੂਪ ਪਦਾਰਥ ਜੋ ਗੁਰਾਂ ਦੁਆਰਾ ਪ੍ਰਗਟ ਹੋਣਾ ਸੀ, ਉਹ ਵਿਸ਼ਿਆਂ ਦੀ ਸੰਗਤ ਕਰ ਕੇ ਖੋਇਆ ਭਾਵ ਗਵਾ ਲਿਆ ਹੈ। 'ਸਰਧਾਵਾਨੰ ਲਭਤੇ ਗਿਆਨੰ' ਜੋ ਸਤਿਗੁਰਾਂ 'ਤੇ ਸ਼ਰਧਾ ਕਰਦੇ ਹਨ, ਉਨ੍ਹਾਂ ਨੂੰ ਸਤਿਗੁਰਾਂ ਪਾਸੋਂ ਗਿਆਨ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ, ਪਰ ਮਨਮੁਖ ਇਸ ਪਦਾਰਥ ਨੂੰ ਗਵਾ ਲੈਂਦੇ ਹਨ। ਫਿਰ ਉਹ ਮਨਮੁਖ ਕਾਮ, ਕ੍ਰੋਧ ਆਦਿ ਦਾ ਠੱਗਿਆ ਹੋਇਆ ਆਪਣੇ ਸ਼ੁਭ ਗੁਣਾਂ ਨੂੰ ਮੁਠਾ = ਲੁਟਾ ਕੇ ਦੁਨੀਆਂ ਤੋਂ ਚਲਿਆ ਜਾਂਦਾ ਹੈ **ਵਾ:** ਕਾਮ, ਕ੍ਰੋਧਾਦਿ ਠੱਗਾਂ ਦਾ ਠੱਗਿਆ ਹੋਇਆ ਪਰਲੋਕ ਨੂੰ ਜਾਂਦਾ ਹੈ ॥੧॥

## ਬਾਬਾ; ਮਾਇਆ ਭਰਮਿ ਭੁਲਾਇ ॥

ਬਾਬਾ = ਹੇ ਭਾਈ! ਮਾਇਆ ਨੇ ਜੀਵਾਂ ਤਾਈਂ ਭਰਮ ਵਿਚ ਪਾ ਕੇ ਨਿੱਜ ਸਰੂਪ ਤੋਂ ਭੁਲਾ ਛੱਡਿਆ ਹੈ। ਜਿਸ ਤਰ੍ਹਾਂ ਸੱਪਣੀ ਆਪਣੇ ਕੁੰਡਲ ਵਿਚ ਆਏ ਹੋਏ ਆਪਣੇ ਬੱਚਿਆਂ ਨੂੰ ਖਾ ਜਾਂਦੀ ਹੈ, ਇਸੇ ਪ੍ਰਕਾਰ ਮਾਇਆ ਆਪਣੇ ਕੁੰਡਲ ਵਿਚ ਫਸੇ ਜੀਵਾਂ ਨੂੰ ਆਪਣਾ ਆਹਾਰ ਬਣਾਉਂਦੀ ਹੈ। ਮਾਇਆ ਵਿਚ ਫਸਿਆ ਜੀਵ ਭਰਮ ਕਰਕੇ ਆਪਣੇ ਸਰੂਪ ਨੂੰ ਭੁੱਲ ਜਾਂਦਾ ਹੈ।

## ਭਰਮਿ ਭੁਲੀ ਡੋਹਾਗਣੀ; ਨਾ ਪਿਰ ਅੰਕਿ ਸਮਾਇ ॥੧॥ਰਹਾਉ॥

ਜੋ ਆਪਣੇ ਪਤੀ ਨੂੰ ਛੱਡ ਕੇ ਭਰਮ ਵਿਚ ਭੁੱਲ ਜਾਂਦੀ ਹੈ, ਉਹ ਪਤੀ ਤੋਂ ਡੋਹਾਗਣੀ = ਛੁੱਟੜ ਹੋ ਜਾਂਦੀ ਹੈ, ਫਿਰ ਉਹ ਪਿਰ = ਪਤੀ ਪਰਮੇਸ਼ਰ ਦੇ ਪ੍ਰੇਮ ਰੂਪੀ ਅੰਕਿ = ਸਰੂਪ ਵਿਚ ਸਮਾਇ = ਮਿਲ ਨਹੀਂ ਸਕਦੀ।

ਇਸੇ ਪ੍ਰਕਾਰ ਜਿਸ ਜੀਵ ਰੂਪ ਇਸਤ੍ਰੀ ਦੀ ਸੁਰਤ ਪਰਮੇਸ਼ਰ ਦੇ ਸਰੂਪ ਨੂੰ ਛੱਡ ਕੇ ਭਰਮ ਵਿਚ ਭੁੱਲੀ ਹੈ, ਉਨ੍ਹਾਂ ਦੀ ਸੁਰਤ ਪਰਮੇਸ਼ਰ ਦੇ ਸਨਮੁਖ ਬ੍ਰਹਮਾਕਾਰ ਨਹੀਂ ਹੋ ਸਕਦੀ। ਉਹ ਸੰਸਾਰਾਕਾਰ ਹੋ ਕੇ ਡੋਹਾਗਣੀ = ਛੁੱਟੜ ਇਸਤ੍ਰੀ ਦੀ ਨਿਆਈਂ ਬਣੀ ਹੋਈ ਹੈ। ਉਸ ਨੂੰ ਪਿਰ = ਪਤੀ ਪਰਮੇਸ਼ਰ ਆਪਣੇ ਅੰਕਿ = ਸਰੂਪ ਵਿਚ ਲੀਨ ਨਹੀਂ ਕਰਦਾ। ਉਹ ਉਸ ਦੇ ਪ੍ਰੇਮ ਵਿਚ ਲੀਨ ਨਹੀਂ ਹੁੰਦੀ॥੧॥ਰਹਾਉ॥

## ਭੂਲੀ ਫਿਰੈ ਦਿਸੰਤਰੀ; ਭੂਲੀ ਗ੍ਰਿਹੁ ਤਜਿ ਜਾਇ ॥

ਪਰਮੇਸ਼ਰ ਦੇ ਨਾਮ ਤੋਂ ਭੁੱਲੀ ਹੋਈ ਜੀਵ ਰੂਪ ਇਸਤਰੀ **ਵਾ:** ਸ੍ਰਿਸ਼ਟੀ ਪਰਮਾਤਮਾ ਨੂੰ ਲੱਭਣ ਲਈ ਦਿਸੰਤਰੀ = ਚਾਰ ਦਿਸ਼ਾਵਾਂ ਵਿਚ ਭਟਕਦੀ ਫਿਰਦੀ ਹੈ। ਕੋਈ ਦੱਖਣ ਦੇਸ ਵਿਚ ਤੇ ਕੋਈ ਪੱਛਮ ਵਿਚ ਰੱਬ ਨੂੰ ਲੱਭਦਾ ਹੈ। ਜੈਸਾ ਕਿ :

**ਦਖਨ ਦੇਸ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥** *(ਪ੍ਰਭਾਤੀ ਕਬੀਰ ਜੀ, ਅੰਗ ੧੩੪੯)*

ਇਸੇ ਪ੍ਰਕਾਰ ਕੋਈ ਚੜ੍ਹਦੇ ਪਾਸੇ ਪਰਮਾਤਮਾ ਨੂੰ ਭਾਲਦਾ ਫਿਰਦਾ ਹੈ।

ਅਗਿਆਨ ਵਿਚ ਭੁੱਲੀ ਹੋਈ ਜੀਵ ਰੂਪ ਇਸਤਰੀ **ਵਾ:** ਸ੍ਰਿਸ਼ਟੀ ਆਪਣਾ ਘਰ ਬਾਰ ਤਿਆਗ ਕੇ ਜੰਗਲਾਂ ਵਿਚ ਚਲੀ ਜਾਂਦੀ ਹੈ **ਅਥਵਾ** ਮਨਮੁਖ ਪੁਰਸ਼ਾਂ ਦੀਆਂ ਦਿਸਾ ਜੋ ਬਿਰਤੀਆਂ ਹਨ, ਉਹ ਭਰਮ ਵਿਚ ਭੁੱਲੀਆਂ ਫਿਰਦੀਆਂ ਹਨ। ਕਦੇ ਪ੍ਰਮਾਣ, ਕਦੇ ਵਿਪਰਜੇ, ਕਦੇ ਨਿੰਦਰਾ, ਕਦੇ ਸਿਮਰਤੀ ਇਹ ਦਿਸਾ ਵਿਚ ਬਿਰਤੀਆਂ ਭੁੱਲੀਆਂ ਫਿਰਦੀਆਂ ਹਨ। ਸਾਧਸੰਗਤ ਰੂਪ ਘਰ ਨੂੰ ਛੱਡ ਕੇ ਭੁੱਲੀ ਹੋਈ ਅਗਿਆਨੀਆਂ ਦੀ ਬਿਰਤੀ ਸੰਸਾਰ ਰੂਪ ਉਜਾੜ ਵਿਚ ਜਾ ਰਹੀ ਹੈ **ਵਾ:** ਭੁੱਲੀ ਹੋਈ ਜੀਵ ਰੂਪ ਇਸਤਰੀ **ਵਾ:** ਸ੍ਰਿਸ਼ਟੀ ਸਰੂਪ ਰੂਪੀ, ਤੁਰੀਆ ਪਦ ਰੂਪੀ ਘਰ ਨੂੰ ਛੱਡ ਕੇ ਜੂਨਾਂ ਵਿਚ ਜਾ ਰਹੀ ਹੈ।

## ਭੂਲੀ ਡੂੰਗਰਿ ਥਲਿ ਚੜੈ; ਭਰਮੈ ਮਨੁ ਡੋਲਾਇ ॥

ਭੁੱਲੀ ਹੋਈ ਜੀਵ ਰੂਪ ਇਸਤਰੀ **ਵਾ:** ਸ੍ਰਿਸ਼ਟੀ ਕਦੇ ਡੂੰਗਰਿ = ਪਹਾੜਾਂ 'ਤੇ ਅਤੇ ਕਦੇ ਥਲਿ = ਮਾਰੂਥਲਾਂ ਦੇ ਟਿੱਬਿਆਂ 'ਤੇ ਜਾ ਚੜ੍ਹਦੀ ਹੈ ਭਾਵ ਪਰਮੇਸ਼ਰ ਨੂੰ ਲੱਭਣ ਲਈ ਕਈ ਉੱਚੇ ਉੱਚੇ ਪਰਬਤਾਂ, ਕੈਲਾਸ਼, ਸੁਮੇਰ ਆਦਿ 'ਤੇ ਜਾ ਚੜ੍ਹੇ ਕਿ ਇਥੋਂ ਪਰਮੇਸ਼ਰ ਨੂੰ ਪ੍ਰਾਪਤ ਕਰ ਲਵਾਂਗੇ। ਕੋਈ ਮਾਰੂਥਲ ਦੇ ਤੱਤੇ ਰੇਤਿਆਂ ਵਿਚ ਆਪਣਾ ਜੀਵਨ ਬਰਬਾਦ ਕਰ ਦਿੰਦੇ ਹਨ **ਅਥਵਾ** ਭੁੱਲੀ ਹੋਈ ਸ੍ਰਿਸ਼ਟੀ ਡੂੰਗਰਿ = ਸਵਰਗ ਰੂਪ ਪਹਾੜਾਂ 'ਤੇ ਚੜ੍ਹਨ ਦੀ ਇੱਛਾ ਨਾਲ ਅਨੇਕਾਂ ਕਰਮ ਕਰਦੀ ਹੈ ਤੇ ਕਈ ਪਰਮੇਸ਼ਰ ਤੋਂ ਨਿਸ਼ਰਧਕਪੁਣੇ ਵਿਚ ਮਾਰੂਥਲ ਦੀ ਨਿਆਈਂ ਭੂਤਾਂ-ਪ੍ਰੇਤਾਂ ਦੀ ਉਪਾਸ਼ਨਾ ਵਿਚ ਭੁੱਲੇ ਫਿਰਦੇ ਹਨ। ਜੈਸਾ ਕਿ :

**ਮੜੀ ਮਸਾਣੀ ਮੂੜੇ ਜੋਗੁ ਨਾਹਿ ॥** *(ਬਸੰਤੁ ਮ: ੧, ਅੰਗ ੧੧੯੦)*

ਉਨ੍ਹਾਂ ਜੀਵਾਂ ਦੇ ਮਨ ਭਰਮ ਵਿਚ ਪੈ ਕੇ ਡੋਲਦੇ ਰਹਿੰਦੇ ਹਨ, ਜਿਵੇਂ ਚੰਡੋਲ ਡੋਲਦਾ ਹੈ। ਇਸ ਤਰ੍ਹਾਂ ਉਹ ਆਪਣੇ ਮਨ ਨੂੰ ਮਾਇਆ ਦੇ ਡੋਲ ਵਿਚ ਡੁਲਾ ਰਹੇ ਹਨ।

## ਧੁਰਹੁ ਵਿਛੁੰਨੀ ਕਿਉ ਮਿਲੈ; ਗਰਬਿ ਮੁਠੀ ਬਿਲਲਾਇ ॥੨॥

ਜਿਹੜੀ ਰੂਹ ਧੁਰਹੁ = ਆਦਿ ਤੋਂ ਆਪਣੇ ਧੁਰੇ ਭਾਵ ਪਰਮੇਸ਼ਰ ਦੀ ਲਿਵ ਵੱਲੋਂ ਵਿਛੁੰਨੀ = ਵਿਛੜ ਚੁੱਕੀ ਹੈ, ਉਹ ਅੰਤਰਮੁਖ ਹੋ ਕੇ ਪਰਮੇਸ਼ਰ ਨਾਲ ਕਿਉ = ਕਿਵੇਂ ਮਿਲ ਸਕਦੀ ਹੈ। ਇਹ ਜੀਵ ਰੂਪ ਇਸਤ੍ਰੀ ਐਵੇਂ ਹੀ ਹੰਕਾਰ ਕਰਦੀ ਹੈ ਕਿ ਮੈਂ ਇਤਨੇ ਸਾਧਨ ਕੀਤੇ ਹਨ, ਧੂਣੀਆਂ ਤਾਪੀਆਂ, ਜਲਧਾਰੇ ਕੀਤੇ, ਤੀਰਥਾਂ ਦੇ ਇਸ਼ਨਾਨ ਕਰ ਕੇ ਆਈ ਹਾਂ। ਇਉਂ ਆਪਣੇ ਸਾਧਨਾਂ ਦੇ, ਗੁਣਾਂ ਦੇ ਅਹੰਕਾਰ ਵਿਚ ਲੁੱਟੀ ਹੋਈ ਫਿਰ ਅੰਤ ਨੂੰ ਵਿਰਲਾਪ ਕਰਦੀ ਹੈ, ਪੱਲੇ ਕੁਝ ਵੀ ਨਹੀਂ ਰਹਿੰਦਾ॥੨॥

[ਅੰਗ ੬੧]

## ਵਿਛੁੜਿਆ ਗੁਰੁ ਮੇਲਸੀ; ਹਰਿ ਰਸਿ ਨਾਮ ਪਿਆਰਿ ॥

ਹੇ ਭਾਈ! ਸਤਿਗੁਰੂ ਨਾਨਕ ਸਾਹਿਬ ਜੀ ਧੰਨ ਹਨ ਜੋ ਵਿਛੁੜਿਆ = ਵਿਛੁੜੇ ਹੋਏ ਜੀਵਾਂ ਨੂੰ ਹਰੀ ਵਾਹਿਗੁਰੂ ਦੇ ਨਾਲ ਮੇਲਸੀ = ਮੇਲਦੇ ਸੀ, ਹੁਣ ਵੀ ਮੇਲਦੇ ਹਨ ਅਤੇ ਅੱਗੇ ਨੂੰ ਵੀ ਮੇਲਣਗੇ। ਜਿਨ੍ਹਾਂ ਨੂੰ ਅੰਦਰੋਂ ਨਾਮ ਦੇ ਪਿਆਰ ਕਰਕੇ ਹਰੀ ਦਾ ਰਸ ਪ੍ਰਾਪਤ ਹੋ ਗਿਆ, ਉਹਨਾਂ ਨੂੰ ਗੁਰੂ ਸਾਹਿਬ ਜੀ ਜਨਮਾਂ ਜਨਮਾਂਤਰਾਂ ਦੇ ਵਿਛੁੜਿਆਂ ਹੋਇਆਂ ਨੂੰ ਵਾਹਿਗੁਰੂ ਦੇ ਨਾਲ ਮੇਲਸੀ = ਮੇਲਦੇ ਹਨ ਭਾਵ ਪਹਿਲਾਂ ਵੀ ਮੇਲਦੇ ਸਨ ਅਤੇ ਅੱਗੇ ਨੂੰ ਵੀ ਮੇਲਣਗੇ, ਨਾਮ ਰੂਪੀ ਅੰਮ੍ਰਿਤ ਨੂੰ ਪਿਆਰਿ = ਪਿਲਾ ਕੇ ਹਰੀ ਦਾ ਰਸਿ = ਆਨੰਦ ਬਖ਼ਸ਼ਦੇ ਹਨ।

## ਸਾਚਿ ਸਹਜਿ ਸੋਭਾ ਘਣੀ; ਹਰਿ ਗੁਣ ਨਾਮ ਅਧਾਰਿ ॥

ਜਿਨ੍ਹਾਂ ਨੇ ਹਰਿ = ਪਰਮੇਸ਼ਰ ਦੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰ ਕੇ ਨਾਮ ਦਾ ਅਧਾਰਿ = ਆਸਰਾ ਲਿਆ ਹੈ, ਉਨ੍ਹਾਂ ਨੂੰ ਸਹਜਿ = ਸ਼ਾਂਤੀ, ਗਿਆਨ ਅਵਸਥਾ ਪ੍ਰਾਪਤ ਹੋਈ ਹੈ ਅਤੇ ਸਾਚਿ = ਸੱਚਾ ਨਾਮ ਜਪਣੇ ਕਰਕੇ ਲੋਕ ਪ੍ਰਲੋਕ ਵਿਚ ਘਣੀ = ਬਹੁਤੀ ਸੋਭਾ = ਵਡਿਆਈ ਪ੍ਰਾਪਤ ਹੋਈ ਹੈ **ਵਾ**: ਸਾਚਿ = ਨਿਸਚੇ ਕਰਕੇ ਘਣੀ ਸ਼ੋਭਾ ਹੁੰਦੀ ਹੈ।

## ਜਿਉ ਭਾਵੈ ਤਿਉ ਰਖੁ ਤੂੰ; ਮੈ ਤੁਝ ਬਿਨੁ ਕਵਨੁ ਭਤਾਰੁ ॥੩॥

ਉਹ ਗੁਣਾਂ ਦੇ ਸਹਿਤ ਹੋ ਕੇ ਗੁਣਾਂ ਦਾ ਮਾਣ ਛੱਡ ਕੇ ਇਉਂ ਕਹਿੰਦੇ ਹਨ, ਹੇ ਪਰਮੇਸ਼ਰ! ਜਿਵੇਂ ਆਪ ਜੀ ਨੂੰ ਭਾਵੈ = ਭਾਉਂਦਾ ਹੈ, ਤਿਉ = ਉਵੇਂ ਹੀ ਤੂੰ ਸਾਡੀ ਰਖੁ = ਰੱਖਿਆ ਕਰ। ਹੇ ਪਰਮੇਸ਼ਰ! ਸਾਡਾ ਤੇਰੇ ਬਿਨਾਂ ਕਵਨ = ਕੌਣ ਭਤਾਰੁ = ਪਤੀ ਹੈ ਭਾਵ ਕੋਈ ਨਹੀਂ ਹੈ। ਅੰਨ ਬਸਤਰਾਂ ਕਰਕੇ, ਪਦਾਰਥਾਂ ਕਰਕੇ ਪੂਰਤੀ ਕਰਨ ਵਾਲਾ ਤੂੰ ਹੀ ਹੈਂ। ਗਰਭ ਵਿਚ ਰੱਖਿਆ ਵੀ ਤੂੰ ਹੀ ਕੀਤੀ ਹੈ। ਆਪ ਤੋਂ ਬਿਨਾਂ ਮੁਕਤੀ ਰੂਪ ਸੁਖ ਦੇਣ ਵਾਲਾ ਕੌਣ ਭਤਾਰੁ = ਪਤੀ ਹੈ? ਭਾਵ ਕੋਈ ਨਹੀਂ ਹੈ॥੩॥

## ਅਖਰ ਪੜਿ ਪੜਿ ਭੁਲੀਐ; ਭੇਖੀ ਬਹੁਤੁ ਅਭਿਮਾਨੁ ॥

ਪਰਮੇਸ਼ਰ ਦੀ ਪ੍ਰੇਮਾ-ਭਗਤੀ ਤੋਂ ਬਗ਼ੈਰ ਵੇਦਾਂ ਸ਼ਾਸਤ੍ਰਾਂ ਦੇ ਅੱਖਰਾਂ ਨੂੰ ਪੜ੍ਹ ਪੜ੍ਹ ਕੇ ਪੰਡਤ, ਵਿਦਵਾਨ ਲੋਕ ਮਾਇਆ, ਅਗਿਆਨ ਦੀ ਭੁੱਲ ਵਿਚ ਭੁਲੀਐ = ਭੁੱਲੇ ਫਿਰਦੇ ਹਨ **ਵਾ**: ਵੇਦਾਂ ਸ਼ਾਸਤ੍ਰਾਂ ਦੇ ਅੱਖਰਾਂ ਨੂੰ ਪੜ੍ਹ ਪੜ੍ਹ ਕੇ ਭੁਲੇਖੇ ਵਿਚ ਪੈ ਜਾਂਦੇ ਹਨ ਅਤੇ ਭੇਖੀ = ਪਾਖੰਡੀ **ਵਾ**: ਭੇਖਧਾਰੀ ਆਪਣੇ ਵਿਰੱਕਤਪੁਣੇ ਦਾ ਬਹੁਤੁ = ਅਤਿਅੰਤ ਅਭਿਮਾਨੁ = ਹੰਕਾਰ ਕਰਦੇ ਹਨ **ਵਾ**: ਬਹੁਤ ਸਾਰੇ ਭੇਖ ਧਾਰਨ ਕਰਨ ਨਾਲ ਮਨ ਵਿਚ ਹੰਕਾਰ ਹੀ ਆਉਂਦਾ ਹੈ।

## ਤੀਰਥ ਨਾਤਾ ਕਿਆ ਕਰੇ; ਮਨ ਮਹਿ ਮੈਲੁ ਗੁਮਾਨੁ ॥

(**ਨਾਤਾ** ਦਾ ਉਚਾਰਣ ਭਾਰਾ ਹੈ)

ਫੇਰ ਤੀਰਥਾਂ 'ਤੇ ਨਾਤਾ = ਇਸ਼ਨਾਨ ਕੀਤਾ ਹੋਇਆ ਕਿਆ = ਕੀ ਕਰੇਗਾ ਭਾਵ ਕੀ ਫਲ ਹੋਵੇਗਾ, ਜਦੋਂ ਮਨ = ਹਿਰਦੇ ਦੇ ਮਹਿ = ਵਿਚ ਗੁਮਾਨੁ = ਹੰਕਾਰ ਦੀ ਮੈਲੁ = ਮਲੀਨਤਾ ਭਰੀ ਹੋਈ ਹੈ।

## ਗੁਰ ਬਿਨੁ ਕਿਨਿ ਸਮਝਾਈਐ; ਮਨੁ ਰਾਜਾ ਸੁਲਤਾਨੁ ॥੪॥

ਹੇ ਭਾਈ! ਸਤਿਗੁਰੂ ਸਾਹਿਬ ਤੋਂ ਬਿਨਾਂ ਹੋਰ ਕਿਨਿ = ਕੋਈ ਵੀ ਨਹੀਂ ਸਮਝਾਈਐ = ਸਮਝਾ ਸਕਦਾ। ਜਿਹੜੇ ਰਾਜੇ ਰਜਵਾੜਿਆਂ ਦੇ ਮਾਲਕ ਹਨ, ਮਨ ਤਾਂ ਉਹਨਾਂ ਦਾ ਵੀ ਸੁਲਤਾਨੁ = ਚੱਕਰਵਰਤੀ ਬਾਦਸ਼ਾਹ

ਬਣਿਆ ਬੈਠਾ ਹੈ। ਮਨ ਕਹਿੰਦਾ ਹੈ ਕਿ ਮੇਰੇ ਵਰਗਾ ਕੋਈ ਨਹੀਂ, ਮੈਂ ਪਾਤਸ਼ਾਹਾਂ ਦਾ ਪਾਤਸ਼ਾਹ ਹਾਂ। ਇੰਦਰੀਆਂ ਦਾ, ਪੁਰਾਣਾਂ ਦਾ ਮਨ ਚੱਕਰਵਰਤੀ ਬਾਦਸ਼ਾਹ ਬਣਿਆ ਬੈਠਾ ਹੈ। ਮਨ ਹੰਕਾਰ ਦੇ ਟਿੱਬੇ ਤੋਂ ਉਤਰਦਾ ਹੀ ਨਹੀਂ। ਮਨ ਅੰਤਹਕਰਣ ਦੇ ਅੰਦਰ ਹੰਕਾਰ ਰੂਪੀ ਤਖ਼ਤ ਬਣਾ ਕੇ ਬੈਠਾ ਹੈ, ਇਸ ਨੂੰ ਕਿੰਜ ਸਮਝਾਇਆ ਜਾਵੇ ? ਜਿਹੜੀ ਆਸੁਰੀ ਸੰਪਦਾ ਇਸ ਨੂੰ ਵਿਗਾੜਨ ਵਾਲੀ ਹੈ, ਉਸ ਨੂੰ ਆਪਣੀ ਪਰਜਾ ਸਮਝੀ ਬੈਠਾ ਹੈ, ਦੈਵੀ ਸੰਪਦਾ ਨੂੰ ਗਵਾਈ ਬੈਠਾ ਹੈ। ਗੁਰੂ ਸਾਹਿਬ ਤੋਂ ਬਗ਼ੈਰ ਕਿਸੇ ਨੂੰ ਵੀ ਸਮਝ ਨਹੀਂ ਆਈ। ਮਨ ਰਾਜਿਆਂ ਦਾ ਰਾਜਾ ਤੇ ਸੁਲਤਾਨੁ = ਚੱਕਰਵਰਤੀ ਬਾਦਸ਼ਾਹ ਬਣਿਆ ਬੈਠਾ ਹੈ ॥੪॥

## ਪ੍ਰੇਮ ਪਦਾਰਥੁ ਪਾਈਐ; ਗੁਰਮੁਖਿ ਤਤੁ ਵੀਚਾਰੁ ॥

ਜੋ ਗੁਰਾਂ ਪਾਸੋਂ ਪ੍ਰੇਮ ਰੂਪੀ ਪਦਾਰਥ ਪਾਈਐ = ਪ੍ਰਾਪਤ ਕਰਦੇ ਹਨ, ਉਹ ਗੁਰਮੁਖ ਜਨ ਤਤੁ = ਸਾਰ ਰੂਪ ਬ੍ਰਹਮ ਦਾ ਵੀਚਾਰੁ = ਨਿਰਣਾ ਕਰਦੇ ਹਨ।

## ਸਾ ਧਨ ਆਪੁ ਗਵਾਇਆ; ਗੁਰ ਕੈ ਸਬਦਿ ਸੀਗਾਰੁ ॥

ਜਿਸ ਜਗਿਆਸੂ ਰੂਪ ਇਸਤਰੀ ਨੇ ਗੁਰਾਂ ਕੈ = ਦੇ ਸਬਦਿ = ਉਪਦੇਸ਼ ਨੂੰ ਕਮਾਉਣ ਰੂਪ ਸ਼ਿੰਗਾਰ ਕੀਤਾ ਹੈ, ਸਾ = ਉਸ ਜਗਿਆਸੂ ਰੂਪ ਧਨ = ਇਸਤਰੀ ਨੇ ਹੀ ਆਪੁ = ਆਪਾ-ਭਾਵ (ਹੰਕਾਰ) ਗਵਾਇਆ = ਗਵਾਉਣਾ ਕੀਤਾ ਹੈ।

## ਘਰ ਹੀ ਸੋ ਪਿਰੁ ਪਾਇਆ; ਗੁਰ ਕੈ ਹੇਤਿ ਅਪਾਰੁ ॥੫॥

ਉਹਨਾਂ ਨੇ ਮਨੁੱਖਾ ਜਨਮ ਰੂਪੀ ਸਰੀਰ, ਸਤਿਸੰਗਤ ਰੂਪੀ, ਅੰਤਹਕਰਣ ਰੂਪੀ ਘਰ ਦੇ ਅੰਦਰੋਂ ਹੀ ਸੋ = ਉਸ ਪਿਰੁ = ਪਤੀ ਪਰਮੇਸ਼ਰ ਨੂੰ ਪਾਇਆ = ਪ੍ਰਾਪਤ ਕਰ ਲਿਆ ਹੈ। ਜਿਨ੍ਹਾਂ ਨੇ ਗੁਰੂ ਸਾਹਿਬ ਜੀ ਨਾਲ ਅਪਾਰੁ = ਬੇਅੰਤ ਹੇਤਿ = ਪ੍ਰੇਮ ਕੀਤਾ ਹੈ ॥੫॥

## ਗੁਰ ਕੀ ਸੇਵਾ ਚਾਕਰੀ; ਮਨੁ ਨਿਰਮਲੁ ਸੁਖੁ ਹੋਇ ॥

ਗੁਰ = ਸਤਿਗੁਰਾਂ ਕੀ = ਦੀ ਸੇਵਾ = ਟਹਿਲ ਰੂਪ ਚਾਕਰੀ = ਨੌਕਰੀ ਕਰਨ ਨਾਲ ਮਨੁ = ਹਿਰਦਾ ਨਿਰਮਲੁ = ਮੈਲ ਤੋਂ ਰਹਿਤ ਉੱਜਲ ਹੋ ਜਾਂਦਾ ਹੈ ਅਤੇ ਸੁਖ ਸਰੂਪ ਦੀ ਪ੍ਰਾਪਤੀ ਹੁੰਦੀ ਹੈ **ਅਥਵਾ** ਗੁਰੂ ਸਾਹਿਬ ਜੀ ਦੀ ਜਿਹੜੀ ਚਾਅ ਨਾਲ ਭਾਵਨਾ ਸਹਿਤ ਹੋ ਕੇ ਸੇਵਾ ਕਰਨੀ ਹੈ, ਇਹ ਚਾਕਰੀ = ਨੌਕਰੀ ਹੈ, ਗੁਰੂ ਸਾਹਿਬ ਜੀ ਦੀ ਸੇਵਾ, ਜਿਸ ਪ੍ਰਕਾਰ ਨੌਕਰ, ਨੌਕਰੀ ਕਰਦਾ ਹੈ, ਜੇ ਬਹੁਤੀ ਤੇਜ਼ ਮੂਲੇਧਾਰ ਵਰਖਾ ਹੋਵੇ ਤਾਂ ਵੀ ਸਿਪਾਹੀ ਡਿਊਟੀ ਛੱਡ ਕੇ ਨਹੀਂ ਜਾਂਦਾ, ਉਥੇ ਹੀ ਆਪਣੀ ਡਿਊਟੀ 'ਤੇ ਹਾਜ਼ਰ ਰਹਿੰਦਾ ਹੈ, ਜਿਵੇਂ ਨੌਕਰ ਕਹਿੰਦਾ ਹੈ ਕਿ ਜੇ ਮੈਂ ਆਪਣੀ ਡਿਊਟੀ ਛੱਡ ਗਿਆ ਤਾਂ ਮੇਰੀ ਨੌਕਰੀ ਮਾਰੀ ਜਾਊ, ਜੁਰਮਾਨਾ ਹੋਵੇਗਾ, ਕੈਦ ਹੋਵੇਗੀ, ਇਉਂ ਸਮਝਦੇ ਹਨ, ਇਸੇ ਪ੍ਰਕਾਰ ਜੇ ਮਹਾਰਾਜ ਸਾਹਿਬ ਤੋਂ ਬੇਮੁਖ ਹੋ ਗਏ ਤਾਂ ਜੂਨਾਂ ਵਿਚ ਭਰਮਦੇ ਫਿਰਾਂਗੇ, ਇਸੇ ਪ੍ਰਕਾਰ ਗੁਰੂ ਸਾਹਿਬ ਜੀ ਦੀ ਸੇਵਾ ਨੌਕਰੀ ਦੀ ਨਿਆਈਂ ਕਰਨੀ ਚਾਹੀਦੀ ਹੈ, ਇਕ-ਰਸ ਸੇਵਾ ਵਿਚ ਜੁੜੇ ਰਹਿਣਾ ਚਾਹੀਦਾ ਹੈ।

## ਗੁਰ ਕਾ ਸਬਦੁ ਮਨਿ ਵਸਿਆ; ਹਉਮੈ ਵਿਚਹੁ ਖੋਇ ॥

ਗੁਰੂ ਸਾਹਿਬ ਜੀ ਦਾ ਸਬਦੁ = ਉਪਦੇਸ਼ ਜਿਨ੍ਹਾਂ ਦੇ ਮਨ ਵਿਚ ਵਸਿਆ = ਵਸ ਗਿਆ ਹੈ, ਉਸ ਦੇ ਵਸਣ ਦੀ ਨਿਸ਼ਾਨੀ ਹੈ ਕਿ ਉਹਨਾਂ ਦੇ ਵਿਚਹੁ = ਅੰਦਰੋਂ ਹਉਮੈ = ਹੰਗਤਾ ਖੋਇ = ਗਵਾ ਦਿੱਤੀ ਹੈ।

## ਨਾਮੁ ਪਦਾਰਥੁ ਪਾਇਆ; ਲਾਭੁ ਸਦਾ ਮਨਿ ਹੋਇ ॥੬॥

ਜਿਨ੍ਹਾਂ ਨੇ ਸਤਿਗੁਰਾਂ ਦੇ ਪਾਸੋਂ ਨਾਮ ਰੂਪੀ ਪਦਾਰਥ ਪਾਇਆ = ਪ੍ਰਾਪਤ ਕੀਤਾ ਹੈ, ਉਹਨਾਂ ਦੇ ਮਨ ਤਾਈਂ ਸਦਾ ਲੋਕ ਪਰਲੋਕ ਦਾ ਆਤਮਿਕ ਲਾਭ ਪ੍ਰਾਪਤ ਹੁੰਦਾ ਹੈ ॥੬॥ ਜੈਸਾ ਕਿ :

**ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਓਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥** *(ਸ੍ਰੀ ਰਾਗ ਮ: ੩, ਅੰਗ ੮੭)*

ਇਤਨਾ ਵੱਡਾ ਉਹਨਾਂ ਦੇ ਮਨ ਨੂੰ ਲਾਭ ਪ੍ਰਾਪਤ ਹੁੰਦਾ ਹੈ।

## ਕਰਮਿ ਮਿਲੈ ਤਾ ਪਾਈਐ; ਆਪਿ ਨ ਲਇਆ ਜਾਇ ॥

ਜੇ ਨਿਸ਼ਕਾਮ ਕਰਮ ਕੀਤੇ ਹੋਣ ਤਾਂ ਸਤਿਗੁਰੂ ਜੀ ਮਿਲੈ = ਮਿਲਦੇ ਹਨ, ਗੁਰੂ ਸਾਹਿਬ ਜੀ ਦੀ ਕ੍ਰਿਪਾ ਕਰਕੇ ਹਰੀ ਵਾਹਿਗੁਰੂ ਦਾ ਨਾਮ ਪਾਈਐ = ਪ੍ਰਾਪਤ ਹੁੰਦਾ **ਵਾ:** ਗੁਰਾਂ ਦੀ ਕਰਮਿ = ਬਖ਼ਸ਼ਿਸ਼ ਮਿਲੇ ਤਾਂ ਨਾਮ ਪਾਈਦਾ ਹੈ। ਨਾਮ ਆਪ ਨਹੀਂ ਲਇਆ ਜਾਂਦਾ, ਜਪਿਆ ਜਾਂਦਾ, ਸਤਿਗੁਰਾਂ ਦੀ ਕ੍ਰਿਪਾ ਕਰਕੇ ਹੀ ਪ੍ਰਾਪਤ ਹੁੰਦਾ ਹੈ।

## ਗੁਰ ਕੀ ਚਰਣੀ ਲਗਿ ਰਹੁ; ਵਿਚਹੁ ਆਪੁ ਗਵਾਇ ॥

ਹੇ ਭਾਈ ! ਆਪਣੇ ਅੰਤਹਕਰਣ ਦੇ ਵਿਚਹੁ = ਅੰਦਰੋਂ ਆਪੁ = ਆਪਾ-ਭਾਵ ਗਵਾਇ = ਗਵਾ ਕੇ ਭਾਵ ਮੇਟ ਕੇ ਸਤਿਗੁਰਾਂ ਕੀ = ਦੀ ਚਰਨੀਂ ਲੱਗੇ ਰਹੋ।

## ਸਚੇ ਸੇਤੀ ਰਤਿਆ; ਸਚੋ ਪਲੈ ਪਾਇ ॥੭॥

ਇਸ ਪ੍ਰਕਾਰ ਸਚੇ = ਸੱਚ ਸਰੂਪ ਸੇਤੀ = ਨਾਲ ਰਤਿਆ = ਰੰਗੇ ਹੋਇਆਂ ਸੱਚਾ ਨਾਮ ਹਿਰਦੇ ਰੂਪੀ ਪਲੈ = ਝੋਲੀ ਵਿਚ ਪਾਇ = ਪੈ ਜਾਂਦਾ ਹੈ ॥੭॥

## ਭੁਲਣ ਅੰਦਰਿ ਸਭੁ ਕੋ; ਅਭੁਲੁ ਗੁਰੂ ਕਰਤਾਰੁ ॥

ਜੇ ਕਹੇ ਕਿ ਮੈਥੋਂ ਭੁੱਲ ਹੋ ਗਈ ਹੈ ਤਾਂ ਮਹਾਰਾਜ ਫ਼ੁਰਮਾਉਂਦੇ ਹਨ ਕਿ ਭੁੱਲਣ ਅੰਦਰ ਤਾਂ ਸਾਰਾ ਸੰਸਾਰ ਹੀ ਹੈ। ਜਿਥੇ ਜਿਥੇ ਅਗਿਆਨ ਹੈ, ਉਥੇ ਉਥੇ ਭੁੱਲ ਬਣੀ ਹੋਈ ਹੈ, ਅਭੁਲੁ = ਨਾ ਭੁੱਲਣ ਵਾਲਾ ਤਾਂ ਗੁਰੂ ਅਤੇ ਕਰਤਾਰੁ = ਅਕਾਲ ਪੁਰਖ ਹੀ ਹੈ **ਵਾ:** ਹੋਰ ਸਾਰੀ ਸ੍ਰਿਸ਼ਟੀ ਭੁੱਲਣ ਦੇ ਅੰਦਰ ਹੈ, ਅਭੁਲ ਤਾਂ ਗੁਰੂ ਸਾਹਿਬ ਜੀ ਹਨ ਜੋ ਅਕਾਲ ਪੁਰਖ ਦਾ ਸਰੂਪ ਹਨ।

## ਗੁਰਮਤਿ ਮਨੁ ਸਮਝਾਇਆ; ਲਾਗਾ ਤਿਸੈ ਪਿਆਰੁ ॥

ਜਿਨ੍ਹਾਂ ਨੇ ਗੁਰਮਤ ਦੁਆਰਾ ਆਪਣੇ ਮਨ ਨੂੰ ਸਮਝਾਉਣਾ ਕੀਤਾ ਹੈ, ਤਿਸੈ = ਉਹਨਾਂ ਨੂੰ ਪਰਮੇਸ਼ਰ ਦੇ ਸਰੂਪ ਦਾ ਪਿਆਰੁ = ਸਨੇਹ ਲੱਗਾ ਹੈ।

## ਨਾਨਕ ਸਾਚੁ ਨ ਵੀਸਰੈ; ਮੇਲੇ ਸਬਦੁ ਅਪਾਰੁ ॥੮॥੧੨॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਨ੍ਹਾਂ ਨੂੰ ਸਾਚੁ = ਸੱਚੇ ਪਰਮੇਸ਼ਰ ਦਾ ਨਾਮ ਕਦੇ ਵੀ ਵੀਸਰੈ = ਭੁੱਲਦਾ ਨਹੀਂ ਹੈ, ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਨੇ ਅਪਾਰੁ = ਪਾਰਾਵਾਰ ਤੋਂ ਰਹਿਤ ਸ਼ਬਦ ਦੀ ਕਮਾਈ ਬਖ਼ਸ਼ੀ ਹੈ, ਉਹਨਾਂ ਨੂੰ ਸਬਦੁ = ਬ੍ਰਹਮ ਜੋ ਪ੍ਰਕਿਰਤੀ ਅਤੇ ਪਾਰਾਵਾਰ ਤੋਂ ਰਹਿਤ ਹੈ, ਉਸ ਦੇ ਨਾਲ ਮੇਲ ਦੇਂਦੇ ਹਨ ॥੮॥੧੨॥

## ਸਿਰੀਰਾਗੁ ਮਹਲਾ ੧ ॥

## ਤ੍ਰਿਸਨਾ ਮਾਇਆ ਮੋਹਣੀ; ਸੁਤ ਬੰਧਪ ਘਰ ਨਾਰਿ ॥

ਜੋ ਮਾਇਆ ਸ੍ਰਿਸ਼ਟੀ ਦੇ ਜੀਵਾਂ ਨੂੰ ਮੋਹਣੀ = ਮੋਹਤ ਕਰਨ ਵਾਲੀ ਹੈ, ਇਸ ਦੀ ਪ੍ਰਾਪਤੀ ਰੂਪ ਤ੍ਰਿਸ਼ਨਾ ਜੀਵ ਨੂੰ ਲੱਗੀ ਹੋਈ ਹੈ, ਜਿਸ ਕਰਕੇ ਉਹ ਕਹਿੰਦਾ ਹੈ ਕਿ ਮੇਰੇ ਸੁਤ = ਪੁੱਤਰ, ਬੰਧਪ = ਸੰਬੰਧੀ ਘਰ = ਮਕਾਨ ਤੇ ਇਹ ਮੇਰੀ ਨਾਰਿ = ਇਸਤ੍ਰੀ ਹੈ।

## ਧਨਿ ਜੋਬਨਿ ਜਗੁ ਠਗਿਆ; ਲਬਿ ਲੋਭਿ ਅਹੰਕਾਰਿ ॥

ਖਾਣ ਦੇ ਲਬਿ = ਲਾਲਚ, ਜੋੜਨ ਦੇ ਲੋਭ ਗੁਣਾਂ ਦੇ ਅਹੰਕਾਰ ਧਨ, ਜੋਬਨਿ = ਜਵਾਨੀ ਆਦਿ ਨੇ ਸਾਰੇ ਜਗੁ = ਸੰਸਾਰ ਨੂੰ ਠੱਗਿਆ ਹੋਇਆ ਹੈ।

## ਮੋਹ ਠਗਉਲੀ ਹਉ ਮੁਈ; ਸਾ ਵਰਤੈ ਸੰਸਾਰਿ ॥੧॥

ਇਉਂ ਮਾਇਆ ਦੇ ਮੋਹ ਦੀ ਠਗਉਲੀ = ਠੱਗ ਬੂਟੀ ਤੇ ਹਉ = ਹਉਮੈ ਕਰਕੇ ਸ੍ਰਿਸ਼ਟੀ ਮੁਈ = ਮਰ ਰਹੀ ਹੈ, ਸਾ = ਓਹੀ ਸੰਸਾਰਿ = ਜਗਤ ਵਿਚ ਵਰਤਾਰਾ ਵਰਤੈ = ਵਰਤ ਰਿਹਾ ਹੈ **ਅਥਵਾ** ਇਸ ਪ੍ਰਕਾਰ ਮਾਇਆ ਦੇ ਮੋਹ ਦੀ ਠਗਉਲੀ = ਠੱਗ ਬੂਟੀ ਪਾ ਛੱਡੀ ਹੈ, ਜਿਵੇਂ ਠੱਗਾਂ ਦਾ ਤਰੀਕਾ ਖਾਣ ਵਾਲੀਆਂ ਚੀਜ਼ਾਂ ਵਿਚ ਜ਼ਹਿਰ ਪਾ ਦਿੰਦੇ ਹਨ, ਮਠਿਆਈ ਆਦਿ ਵਿਚ ਜ਼ਹਿਰ ਮਿਲਾ ਕੇ ਉਜਾੜਾਂ ਵਿਚ ਬੈਠ ਜਾਂਦੇ ਹਨ, ਭੁੱਖਾ ਰਾਹੀ ਖਾਣ ਦੇ ਲਾਲਚ ਵਿਚ ਆ ਕੇ ਖਾ ਲੈਂਦਾ ਹੈ ਤੇ ਕਮਲਾ ਹੋ ਜਾਂਦਾ ਹੈ, ਫੇਰ ਠੱਗ ਉਸ ਦੇ ਬੇਹੋਸ਼ ਹੋਏ ਦੇ ਮਾਇਆ ਬਸਤਰ ਲਾਹ ਕੇ ਨੰਗਾ ਕਰ ਦਿੰਦੇ ਹਨ, ਇਸੇ ਪ੍ਰਕਾਰ ਮਾਇਆ ਰੂਪੀ ਠੱਗ ਨੇ ਮੋਹ ਦੀ ਠੱਗ ਬੂਟੀ ਪਾ ਦਿੱਤੀ ਹੈ, ਜਿਸ ਤੋਂ ਹਉ = ਹਉਮੈ ਕਰਕੇ ਸ੍ਰਿਸ਼ਟੀ ਮੁਈ = ਮਰ ਰਹੀ ਹੈ। ਸਾ = ਓਹੀ ਸੰਸਾਰ ਵਿਚ ਵਰਤਾਰਾ ਵਰਤ ਰਿਹਾ ਹੈ, ਸਾਰਾ ਸੰਸਾਰ ਮੋਹ ਰੂਪੀ ਠੱਗ ਬੂਟੀ ਵਿਚ ਵਰਤ ਰਿਹਾ ਹੈ, ਮਾਇਆ ਹੀ ਵਰਤੈ = ਵਰਤ ਰਹੀ ਹੈ, ਭਾਵ ਸਾਰੇ ਸੰਸਾਰ ਨੂੰ ਚਿੰਬੜ ਰਹੀ ਹੈ॥੧॥

ਇਸ ਕਰਕੇ ਉਸ ਪਰਮੇਸ਼ਰ ਅੱਗੇ ਇਉਂ ਬੇਨਤੀ ਕਰੋ ਕਿ :

## ਮੇਰੇ ਪ੍ਰੀਤਮਾ; ਮੈ ਤੁਝ ਬਿਨੁ ਅਵਰੁ ਨ ਕੋਇ ॥

ਹੇ ਮੇਰੇ ਪਰਮ ਪ੍ਰੇਮ ਦੇ ਅਸ ਪਦ ਰੂਪ ਪ੍ਰੀਤਮਾ ! ਮੈਂ = ਮੇਰੀ ਤੁਝੁ = ਤੈਥੋਂ ਬਿਨਾਂ ਅਵਰੁ = ਹੋਰ ਕੋਇ = ਕੋਈ ਵੀ ਰੱਖਿਆ ਕਰਨ ਵਾਲਾ ਨ = ਨਹੀਂ ਹੈ।

## ਮੈ ਤੁਝ ਬਿਨੁ ਅਵਰੁ ਨ ਭਾਵਈ; ਤੂੰ ਭਾਵਹਿ ਸੁਖੁ ਹੋਇ ॥੧॥ਰਹਾਉ॥

ਮੈ = ਮੈਨੂੰ ਤੁਝ = ਤੇਰੇ ਤੋਂ ਬਿਨਾਂ ਅਵਰੁ = ਹੋਰ ਕੋਈ ਭੀ ਭਾਵਈ = ਚੰਗਾ ਨ = ਨਹੀਂ ਲੱਗਦਾ, ਜੇ ਸਾਡੇ ਹਿਰਦੇ ਅੰਦਰ ਤੂੰ ਭਾਅ ਜਾਵੇਂ, ਜਾਂ ਤੈਨੂੰ ਸਾਡੇ ਸਾਧਨ ਸ਼ਰਧਾ ਆਦਿਕ ਭਾਵਹਿ = ਭਾਅ ਜਾਣ ਤਾਂ ਸੁਖ ਦੀ ਪ੍ਰਾਪਤੀ ਹੁੰਦੀ ਹੈ। ਜੈਸਾ ਕਿ :

**ਤੁਧੁ ਭਾਣੇ ਤੂ ਭਾਵਹਿ ਕਰਤੇ ਆਪੇ ਰਸਨ ਰਸਾਇਦਾ॥** *(ਮਾਰੂ ਮ: ੧, ਅੰਗ ੧੦੩੪)*

**ਵਾ:** ਜਿਹੜੇ ਤੇਰੇ ਭਾਣੇ ਨੂੰ ਮੰਨਦੇ ਹਨ, ਉਹ ਤੈਨੂੰ ਭਾਉਂਦੇ ਹਨ। ਹੇ ਸੱਚੇ ਪਾਤਸ਼ਾਹ ! ਉਹਨਾਂ ਨੂੰ ਸੁਖ ਸਰੂਪ ਦੀ ਪ੍ਰਾਪਤੀ ਹੁੰਦੀ ਹੈ॥੧॥ਰਹਾਉ॥

## ਨਾਮੁ ਸਾਲਾਹੀ ਰੰਗ ਸਿਉ; ਗੁਰ ਕੈ ਸਬਦਿ ਸੰਤੋਖੁ ॥

ਇਸ ਕਰਕੇ ਹੇ ਭਾਈ! ਪਰਮੇਸ਼ਰ ਦੇ ਭਾਉਣ ਵਾਸਤੇ ਰੰਗ = ਪ੍ਰੇਮ ਦੇ ਸਿਉ = ਨਾਲ ਨਾਮ ਨੂੰ ਸਾਲਾਹੀ = ਸਲਾਹੁਣਾ ਕਰੀਏ ਅਤੇ ਸਤਿਗੁਰਾਂ ਕੈ = ਦੇ ਸਬਦਿ = ਉਪਦੇਸ਼ ਦੁਆਰਾ ਲਬਿ, ਲੋਭ, ਹੰਕਾਰ ਵੱਲੋਂ ਸੰਤੋਖ ਧਾਰਨਾ ਕਰੀਏ।

## ਜੋ ਦੀਸੈ ਸੋ ਚਲਸੀ; ਕੂੜਾ ਮੋਹੁ ਨ ਵੇਖੁ ॥

ਜੋ ਕੁਝ ਦੀਸੈ = ਦਿਸ ਰਿਹਾ ਹੈ, ਪਿੱਛੇ ਚਲਿਆ ਗਿਆ ਸੀ, ਹੁਣ ਚੱਲਦਾ ਜਾ ਰਿਹਾ ਹੈ, ਅੱਗੇ ਨੂੰ ਜੋ ਕੁਝ ਵਰਤਮਾਨ ਸਮੇਂ ਵਿਚ ਪ੍ਰਤੀਤ ਹੁੰਦਾ ਹੈ, ਚਲਿਆ ਜਾਵੇਗਾ। ਇਹ ਕੂੜਾ = ਝੂਠਾ ਮੋਹ ਹੈ, ਇਹਨਾਂ ਵੱਲ ਵੇਖ ਕੇ ਸੱਚੇ ਨਾ ਸਮਝ। ਨਾਸ਼ਵੰਤ ਸਮਝ, ਜੋ ਕੁਝ ਵੇਖਦਾ ਹੈਂ, ਇਸ ਦਾ ਮੋਹ ਨਾ ਕਰ।

## ਵਾਟ ਵਟਾਊ ਆਇਆ; ਨਿਤ ਚਲਦਾ ਸਾਥੁ ਦੇਖੁ ॥੨॥

ਹੇ ਭਾਈ! ਤੂੰ ਜੰਮਣ ਮਰਣ ਦੇ ਵਾਟ = ਰਸਤੇ ਵਿਚ ਪ੍ਰਲੋਕ ਵਿੱਚੋਂ ਵਟਾਊ = ਰਾਹੀ ਬਣ ਕੇ ਆਇਆ ਹੈਂ, ਅਤੇ ਨਿਤ = ਹਮੇਸ਼ਾ ਹੀ ਆਪਣੇ ਸਾਥੀਆਂ ਨੂੰ ਪ੍ਰਲੋਕ ਵੱਲ ਚੱਲਦਾ ਦੇਖ ਰਿਹਾ ਹੈਂ, ਭਾਵ ਮਰ ਕੇ ਇਥੋਂ ਤੁਰ ਰਹੇ ਹਨ, ਕਈ ਬਰਾਬਰ ਦੀ ਉਮਰ ਵਾਲੇ ਚਲੇ ਗਏ, ਕਈ ਬਾਲਕ ਅਵਸਥਾ ਵਿਚ ਗੁਜ਼ਰ ਗਏ, ਕਈ ਕਿਸ਼ੋਰ ਅਵਸਥਾ ਵਿਚ, ਕਈ ਜਵਾਨ ਅਵਸਥਾ ਵਿਚ, ਕਈ ਬਿਰਧ ਅਵਸਥਾ ਵਿਚ ਪਹੁੰਚ ਕੇ ਗੁਜ਼ਰ ਗਏ, ਸਭ ਸਾਥੀ ਚੱਲਦੇ ਦੇਖ ਰਿਹਾ ਹੈਂ **ਅਥਵਾ** ਜੋ ਨਿਤ = ਹਮੇਸ਼ਾ ਤੇਰੇ ਸਰੀਰ ਦੇ ਇੰਦਰੀਏ ਸਾਥੁ = ਸਾਥੀ ਸਨ, ਸਭ ਆਪਣਾ ਕੰਮ ਛੱਡ ਕੇ ਤੁਰੀ ਜਾਂਦੇ ਹਨ। ਬਿਰਧ ਅਵਸਥਾ ਵਿਚ ਬੰਦਾ ਆਪਣੇ ਇੰਦਰਿਆਂ ਰੂਪ ਸਾਥੀਆਂ ਨੂੰ ਚੱਲਦਾ ਵੇਖ ਰਿਹਾ ਹੈ। ਤੂੰ ਵੀ ਇਥੇ ਹਮੇਸ਼ਾ ਨਹੀਂ ਰਹਿਣਾ॥੨॥

## ਆਖਣਿ ਆਖਹਿ ਕੇਤੜੇ; ਗੁਰ ਬਿਨੁ ਬੂਝ ਨ ਹੋਇ ॥

ਕੇਤੜੇ = ਕਿਤਨੇ ਪੁਰਖ ਆਖਣ ਨੂੰ ਤਾਂ ਗਿਆਨ ਦੀਆਂ ਗੱਲਾਂ ਜ਼ੁਬਾਨੀ ਆਖਹਿ = ਆਖ ਰਹੇ ਹਨ, ਭਾਵ ਵਖਿਆਨਾਂ ਦੁਆਰਾ, ਪ੍ਰਸੰਗਾਂ ਦੁਆਰਾ, ਵੇਦ ਸ਼ਾਸਤਰਾਂ ਦੁਆਰਾ, ਕਥਾ ਕਰਨ ਵਾਲੇ ਕਹੀ ਜਾਂਦੇ ਹਨ, ਪਰ ਬਿਨਾਂ ਗੁਰੂ ਤੋਂ ਕਿਸੇ ਨੂੰ ਗਿਆਨ ਦੀ ਸਮਝ ਨਹੀਂ ਹੋ ਸਕਦੀ।

## ਨਾਮੁ ਵਡਾਈ ਜੇ ਮਿਲੈ; ਸਚਿ ਰਪੈ ਪਤਿ ਹੋਇ ॥

ਸਤਿਗੁਰੂ ਜੀ ਪਾਸੋਂ ਜੇ ਨਾਮ ਜਪਣ ਦੀ ਵਡਾਈ = ਵਡਿਆਈ ਮਿਲ ਜਾਵੇ, ਫੇਰ ਸੱਚੇ ਦੇ ਨਾਲ ਰਪੈ = ਰੰਗਿਆ ਜਾਂਦਾ ਹੈ, ਪਰਮੇਸ਼ਰ ਰੂਪ ਪਤਿ = ਪਤੀ ਦੀ ਪ੍ਰਾਪਤੀ ਹੋ ਜਾਂਦੀ ਹੈ, **ਅਥਵਾ** ਪਤਿ = ਪ੍ਰਤਿਸ਼ਟਾ ਪ੍ਰਾਪਤ ਹੋ ਜਾਂਦੀ ਹੈ। ਜੈਸਾ ਕਿ :

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥** *(ਗਉੜੀ ਸੁਖਮਨੀ ਮ: ੫, ਅੰਗ ੨੭੩)*

ਤਥਾ : **ਜਿਨਿ ਜਾਤਾ ਸੋ ਤਿਸ ਹੀ ਜੇਹਾ ॥** *(ਰਾਮਕਲੀ ਮ: ੧, ਅੰਗ ੯੩੧)*

## ਜੋ ਤੁਧੁ ਭਾਵਹਿ ਸੇ ਭਲੇ; ਖੋਟਾ ਖਰਾ ਨ ਕੋਇ ॥੩॥

ਹੇ ਪਰਮੇਸ਼ਰ! ਜੋ ਆਪ ਜੀ ਨੂੰ ਭਾਵਹਿ = ਭਾਉਂਦੇ ਹਨ, ਸੇ = ਉਹ ਭਲੇ = ਲਾਇਕ ਹਨ, ਉਹਨਾਂ ਦੀ ਦ੍ਰਿਸ਼ਟੀ ਵਿਚ ਖੋਟਾ = ਬੁਰਾ ਖਰਾ = ਭਲਾ ਨਹੀਂ ਹੈ **ਵਾ:** ਜੇ ਕੋਈ ਵੈਰ ਕਰਦਾ ਹੈ, ਉਸ ਨੂੰ ਖੋਟਾ ਨਹੀਂ ਸਮਝਦੇ, ਜੇ ਕੋਈ ਪਿਆਰ ਕਰਦਾ ਹੈ, ਉਸ ਨੂੰ ਖਰਾ ਨਹੀਂ ਸਮਝਦੇ, ਖੋਟਾ ਭਾਵ ਧਰਮ ਤੋਂ ਹੀਣਾ ਖਰਾ ਭਾਵ ਧਰਮ

ਵਿਚ ਪੱਕਾ, ਸਾਰਿਆਂ ਵਿਚ ਬ੍ਰਹਮ ਦੀ ਜੋਤ ਨੂੰ ਵੇਖਦੇ ਹਨ, ਉਹਨਾਂ ਨੇ ਖੋਟਾ ਖਰਾ ਵਿਸਾਰ ਦਿੱਤਾ ਹੈ। ਜੈਸਾ ਕਿ :

**ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥** *(ਸੂਹੀ ਮ: ੧, ਅੰਗ ੭੨੮)*

ਪਰ ਉਹਨਾਂ ਦੀ ਨਿਗਾਹ ਵਿਚ ਕਿਸੇ ਪ੍ਰਕਾਰ ਦਾ ਕੋਈ ਖੋਟਾ = ਬੁਰਿਆਈ ਕਰਨ ਵਾਲਾ, ਖਰਾ = ਚੰਗਿਆਈ ਕਰਨ ਵਾਲਾ ਕੋਈ ਨਹੀਂ ਹੈ, ਸਾਰਿਆਂ ਵਿਚ ਤੇਰੀ ਜੋਤ ਵੇਖਦੇ ਹਨ ॥੩॥

## ਗੁਰ ਸਰਣਾਈ ਛੁਟੀਐ; ਮਨਮੁਖ ਖੋਟੀ ਰਾਸਿ ॥

ਗੁਰੂ ਦੀ ਸ਼ਰਨ ਵਿਚ ਪੈ ਕੇ ਹੀ ਛੁਟੀਐ = ਛੁਟਕਾਰਾ ਹੁੰਦਾ ਹੈ ਭਾਵ ਮੁਕਤ ਹੋਈਦਾ ਹੈ, ਮਨਮੁਖਾਂ ਦੇ ਕੋਲ ਖੋਟੀ = ਭੈੜੀ ਰਾਸਿ = ਪੂੰਜੀ ਹੈ, ਜਿਸ ਕਰਕੇ ਉਹ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦੇ, ਜਿਹੜੀ ਭੂਤਾਂ ਪ੍ਰੇਤਾਂ ਦੇ ਵਸ ਕਰਨ ਲਈ ਜਾਂ ਮਸਾਣ ਜਗਾਉਣ ਲਈ ਸ਼ਰਧਾ ਕਰਨੀ ਹੈ, ਇਹ ਸ਼ਰਧਾ ਰੂਪੀ ਖੋਟੀ ਰਾਸ ਹੈ। ਜੈਸਾ ਕਿ :

**ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥** *(ਰਾਮਕਲੀ ਮ: ੧, ਅੰਗ ੯੪੧)*

ਵਾਹਿਗੁਰੂ ਦੇ ਸਿਮਰਨ ਨੂੰ ਛੱਡ ਕੇ ਜੋ ਮਸਾਣਾਂ ਨੂੰ ਜਗਾਉਂਦੇ ਹਨ, ਉਹ ਖੋਟਿਆਂ ਰਸਤਿਆਂ ਵਿਚ ਲੁੱਟੇ ਗਏ, ਉਹਨਾਂ ਦੀ ਪਾਖੰਡੀਆਂ 'ਤੇ ਬੜੀ ਸ਼ਰਧਾ ਹੁੰਦੀ ਹੈ। ਇਉਂ ਉਹਨਾਂ ਦੀ ਖੋਟੀ ਸ਼ਰਧਾ ਹੈ, ਪਰ ਪਰਮਾਰਥ 'ਤੇ ਸ਼ਰਧਾ ਨਹੀਂ ਹੈ।

## ਅਸਟ ਧਾਤੁ ਪਾਤਿਸਾਹ ਕੀ; ਘੜੀਐ ਸਬਦਿ ਵਿਗਾਸਿ ॥

ਜਿਵੇਂ ਪਾਤਿਸਾਹ = ਬਾਦਸ਼ਾਹ ਕੀ = ਦੀ ਸਿੱਕੇ ਘੜਨ ਵਾਲੀ ਜਗ੍ਹਾ ਵਿਚ ਅਸਟ ਧਾਤਾਂ (ਸੋਨਾ, ਚਾਂਦੀ, ਤਾਂਬਾ, ਜਿਸਤ, ਪਾਰਾ, ਕਲੀ, ਲੋਹਾ, ਸਿੱਕਾ) ਦੀਆਂ ਬਹੁਤ ਸਾਰੀਆਂ ਵਸਤੂਆਂ ਘੜੀਆਂ ਜਾਂਦੀਆਂ ਹਨ, ਇਸੇ ਪ੍ਰਕਾਰ ਪਰਮੇਸ਼ਰ ਰੂਪ ਪਾਤਸ਼ਾਹ ਦੀ ਦਰਗਾਹ ਰੂਪੀ ਜਗ੍ਹਾ ਵਿਚ ਅਸ਼ਟ ਧਾਤਾਂ (ਤੁਚਾ, ਰੋਮ, ਲਹੂ, ਨਾੜਾਂ, ਹੱਡੀ, ਮਿੱਝ, ਚਰਬੀ, ਵੀਰਜ) ਦੀਆਂ ਦੇਹਾਂ ਘੜੀਆਂ ਜਾਂਦੀਆਂ ਹਨ, ਇਹ ਸਰੀਰ ਰੂਪੀ ਜੋ ਪਰਮੇਸ਼ਰ ਨੇ ਘਾੜਤ ਘੜੀਐ = ਘੜੀ ਹੋਈ ਹੈ, ਇਸ ਵਿਚ ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਨਾਮ ਦੀ ਕਮਾਈ ਕਰ ਕੇ ਵਿਗਾਸਿ = ਅਨੰਦ ਪ੍ਰਾਪਤ ਹੁੰਦਾ ਹੈ **ਵਾ:** ਪੰਜ ਤੱਤ, ਤਿੰਨ ਗੁਣ ਇਹਨਾਂ ਅੱਠਾਂ ਧਾਤਾਂ ਦੀ ਪਾਤਸ਼ਾਹ ਪਰਮੇਸ਼ਰ ਨੇ ਸ੍ਰਿਸ਼ਟੀ ਰਚੀ ਹੋਈ ਹੈ। ਇਸ ਵਿਚ ਸ਼ਬਦ ਦੀ ਘਾੜਤ ਘੜੀ ਜਾਂਦੀ ਹੈ, ਜੈਸਾ ਕਿ :

**ਘੜੀਐ ਸਬਦੁ ਸਚੀ ਟਕਸਾਲ ॥** *(ਜਪੁ ਜੀ ਸਾਹਿਬ, ਅੰਗ ੮)*

ਫੇਰ ਵਿਗਾਸਿ = ਚਿੱਤ ਖਿੜ ਆਉਂਦਾ ਹੈ, ਗਿਆਨ ਪ੍ਰਕਾਸ਼ ਹੋ ਜਾਂਦਾ ਹੈ **ਵਾ:** ਗੁਰੂ ਦੀ ਸਤਿਸੰਗਤ ਰੂਪੀ ਜੋ ਟਕਸਾਲ ਹੈ, ਉਸ ਵਿਚ ਸ਼ੁਭ ਗੁਣਾਂ ਦੀ ਘਾੜਤ ਘੜੀ ਜਾਂਦੀ ਹੈ। ਵੈਰਾਗ, ਵਿਵੇਕ, ਖਟ ਸੰਪਤੀ, ਮੋਖ ਇੱਛਾ, ਸ੍ਰਵਣ, ਮੰਨਣ, ਨਿਧਿਆਸਣ ਤੇ 'ਤੱਤ ਤੂੰ' ਪਦ ਦਾ ਸੰਸ਼ੋਧਨ ਕਰ ਕੇ ਇਹਨਾਂ ਅੱਠਾਂ ਧਾਤਾਂ = ਗੁਣਾਂ ਦੇ ਨਾਲ ਸਬਦਿ = ਬ੍ਰਹਮ ਦੇ ਸਰੂਪ ਦੀ ਲਖਤਾ ਕਰਕੇ ਵਿਗਾਸਿ = ਅਨੰਦ ਪ੍ਰਾਪਤ ਹੁੰਦਾ ਹੈ। ਜੈਸਾ ਕਿ :

**ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥** *(ਜੈਤਸਰੀ ਮ: ੫, ਅੰਗ ੭੦੦)*

## ਆਪੇ ਪਰਖੇ ਪਾਰਖੂ; ਪਵੈ ਖਜਾਨੈ ਰਾਸਿ ॥੪॥

ਇਉਂ ਅਕਾਲ ਪੁਰਖ ਵਾਹਿਗੁਰੂ ਆਪ ਹੀ ਗੁਰੂ ਸਰੂਪ ਪਾਰਖੂ = ਪਰਖਣ ਵਾਲਾ ਹੋ ਕੇ ਸਿੱਖ ਨੂੰ ਪਰਖਦਾ ਹੈ ਕਿ ਸ਼ਰਧਾ ਪੂਰੀ ਹੈ ਕਿ ਪਾਖੰਡ ਵਿਚ ਲੱਗਾ ਹੋਇਆ ਹੈ। ਇਉਂ ਸਿੱਖ ਦੇ ਸਿਦਕ ਦੀ ਪਰਖਣਾ ਕਰਦਾ

ਹੈ, ਜਿਸ ਦੀ ਸ਼ਰਧਾ ਰੂਪ ਰਾਸਿ = ਪੂੰਜੀ ਸੱਚੀ ਹੁੰਦੀ ਹੈ, ਉਹੋ ਹੀ ਵਾਹਿਗੁਰੂ ਦੇ ਅਭੇਦਤਾ ਰੂਪ ਖਜਾਨੈ = ਭੰਡਾਰੇ ਵਿਚ ਪਵੈ = ਪੈਂਦਾ ਹੈ ॥੪॥ ਪਰ

## ਤੇਰੀ ਕੀਮਤਿ ਨਾ ਪਵੈ; ਸਭ ਡਿਠੀ ਠੋਕਿ ਵਜਾਇ ॥

ਹੇ ਪਰਮੇਸ਼ਰ ! ਤੇਰੀ = ਤੁਸਾਂ ਦੀ ਪ੍ਰਾਪਤੀ ਰੂਪ ਕੀਮਤ **ਵਾ:** ਗੁਣਾਂ ਦੀ ਕੀਮਤ ਕਿਸੇ ਪਾਸੋਂ ਨਹੀਂ ਪਾਈ ਜਾਂਦੀ। ਜਿਵੇਂ ਠੋਕ ਕੇ ਘੜਾ ਵੇਖੀਦਾ ਹੈ ਭਾਵ ਠੋਲਾ ਮਾਰ ਕੇ ਘੜੇ ਦੀ ਪਰਖ ਕੀਤੀ ਜਾਂਦੀ ਹੈ ਕਿ ਕਿਤੇ ਪਿੱਲਾ ਤਾਂ ਨਹੀਂ ਜਾਂ ਟੁੱਟਿਆ ਤਾਂ ਨਹੀਂ, ਠੋਕ ਵਜਾ ਕੇ ਵੇਖੀਦਾ ਹੈ, ਇਸੇ ਪ੍ਰਕਾਰ ਸਾਰੀ ਸ੍ਰਿਸ਼ਟੀ ਨੂੰ ਠੋਕ ਠੋਕ ਕੇ ਅਜ਼ਮਾਇਸ਼ ਕਰਕੇ ਵਜਾਇ = ਵਜਾ ਵਜਾ (ਪਰਖ ਪਰਖ) ਕੇ ਸਾਰਿਆਂ ਨੂੰ ਡਿਠੀ = ਵੇਖਿਆ ਹੈ, ਪਰ ਕਿਸੇ ਪਾਸੋਂ ਤੇਰੀ ਕੀਮਤ ਨਹੀਂ ਪਾਈ ਜਾ ਸਕਦੀ।

## ਕਹਣੈ ਹਾਥ ਨ ਲਭਈ; ਸਚਿ ਟਿਕੈ ਪਤਿ ਪਾਇ ॥

ਜੇ ਕੋਈ ਕਹੇ ਕਿ ਮੈਂ ਜਾਣ ਸਕਦਾ ਹਾਂ, ਇਸ ਪ੍ਰਕਾਰ ਕਹਿਣ ਨਾਲ ਅੰਤਹਕਰਣ ਰੂਪੀ ਹਾਥ = ਹੱਥ ਵਿਚ ਪਰਮਾਤਮਾ ਦਾ ਸਾਖਿਆਤਕਾਰ ਹੋਣ ਰੂਪ ਲਭਈ = ਲੱਭਦਾ ਨਹੀਂ ਭਾਵ ਅੰਤਹਕਰਣ ਵਿਚ ਪ੍ਰਗਟ ਨਹੀਂ ਹੋ ਸਕਦਾ। ਜੇ ਸੱਚੇ ਨਾਮ ਵਿਚ ਮਨ ਟਿਕੈ = ਟਿਕ ਜਾਵੇ ਤਾਂ ਪਤਿ = ਪਤੀ ਪਰਮੇਸ਼ਰ ਨੂੰ ਪਾਇ = ਪਾ ਸਕਦਾ ਹੈ, ਫੇਰ ਬ੍ਰਹਮ ਗਿਆਨੀ ਵਾਲੀ ਪ੍ਰਤਿਸ਼ਟਾ ਨੂੰ ਪ੍ਰਾਪਤ ਕਰ ਸਕਦਾ ਹੈ।

## ਗੁਰਮਤਿ ਤੂੰ ਸਾਲਾਹਣਾ; ਹੋਰੁ ਕੀਮਤਿ ਕਹਣੁ ਨ ਜਾਇ ॥੫॥

ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਜਿਨ੍ਹਾਂ ਨੇ ਤੂੰ = ਤੈਨੂੰ ਸਾਲਾਹਣਾ = ਸਲਾਹੁਣਾ ਕੀਤਾ ਹੈ, ਉਹ ਤੇਰਾ ਰੂਪ ਹੀ ਹੋ ਜਾਂਦੇ ਹਨ। ਹੋਰ ਕਿਸੇ ਪ੍ਰਕਾਰ ਵੀ ਤੇਰੀ ਪ੍ਰਾਪਤੀ ਰੂਪ ਕੀਮਤ ਕਹਣੁ = ਕਹੀ ਨਹੀਂ ਜਾਇ = ਜਾ ਸਕਦੀ। ਜਿਵੇਂ ਨਦੀਆਂ, ਨਾਲੇ ਸਮੁੰਦਰ ਵਿਚ ਮਿਲ ਕੇ ਸਮੁੰਦਰ ਰੂਪ ਹੋ ਜਾਂਦੇ ਹਨ, ਇਸੇ ਤਰ੍ਹਾਂ ਤੇਰੀ ਗੁਰਮਤਿ ਅਨੁਸਾਰ ਸ਼ਲਾਘਾ ਕਰਨ ਵਾਲੇ ਤੇਰੇ ਵਿਚ ਅਭੇਦ ਹੋ ਜਾਂਦੇ ਹਨ। ਇਉਂ ਤੇਰੀ ਅਭੇਦਤਾ ਦੀ ਕੀਮਤ ਕਹੀ ਨਹੀਂ ਜਾ ਸਕਦੀ, ਜਿਵੇਂ ਗੂੰਗਾ ਪੁਰਸ਼ ਗੁੜ ਖਾ ਕੇ ਉਸ ਦਾ ਸੁਆਦ ਨਹੀਂ ਦੱਸ ਸਕਦਾ ਕਿਉਂਕਿ ਉਸ ਕੋਲ ਜ਼ੁਬਾਨ ਨਹੀਂ ਹੈ। ਇੱਧਰ ਪ੍ਰਾਪਤੀ ਹੋਈ ਤੋਂ ਦੱਸਣ ਲਈ ਕਿਸੇ ਕੋਲ ਅੱਖਰ ਨਹੀਂ ਹਨ, ਇਸ ਕਰਕੇ ਪ੍ਰਾਪਤੀ ਰੂਪ ਕੀਮਤ ਕਹੀ ਨਹੀਂ ਜਾ ਸਕਦੀ ॥੫॥ ਜੈਸਾ ਕਿ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥੪॥** *(ਗਉੜੀ ਕਬੀਰ ਜੀ, ਅੰਗ ੩੩੪)*

## ਜਿਤੁ ਤਨਿ ਨਾਮੁ ਨ ਭਾਵਈ; ਤਿਤੁ ਤਨਿ ਹਉਮੈ ਵਾਦੁ ॥

ਜਿਨ੍ਹਾਂ ਦੇ ਮਨ ਤਨ ਨੂੰ ਪਰਮੇਸ਼ਰ ਦਾ ਨਾਮ ਭਾਵਈ = ਚੰਗਾ ਨਹੀਂ ਲੱਗਦਾ, ਤਿਤੁ = ਤਿਨ੍ਹਾਂ ਦੇ ਤਨਿ = ਸਰੀਰ **ਵਾ:** ਮਨ ਵਿਚ ਹਉਮੈ ਤੇ ਬੁੱਧੀ ਰੂਪੀ ਪੱਲੇ ਵਿਚ ਵਾਦੁ = ਝਗੜੇ ਹੀ ਹਨ।

## ਗੁਰ ਬਿਨੁ ਗਿਆਨੁ ਨ ਪਾਈਐ; ਬਿਖਿਆ ਦੂਜਾ ਸਾਦੁ ॥

ਸਤਿਗੁਰੂ ਸਾਹਿਬ ਬਿਨੁ = ਬਗ਼ੈਰ ਗਿਆਨ ਨਹੀਂ ਪ੍ਰਾਪਤ ਹੁੰਦਾ, ਬਿਖਿਆ = ਮਾਇਆ **ਵਾ:** ਵਿਸ਼ਿਆਂ ਦਾ ਦੂਜਾ = ਦ੍ਵੈਤ ਵਿਚ ਲਾਉਣ ਵਾਲਾ ਹੀ ਸਾਦੁ = ਸੁਆਦ ਹੈ।

## ਬਿਨੁ ਗੁਣ ਕਾਮਿ ਨ ਆਵਈ; ਮਾਇਆ ਫੀਕਾ ਸਾਦੁ ॥੬॥

ਸ਼ਰਧਾ, ਭਾਵਨਾ, ਪ੍ਰੇਮ ਆਦਿ ਗੁਣਾਂ ਤੋਂ **ਵਾ:** ਪਰਮੇਸ਼ਰ ਦੇ ਕੀਰਤਨ ਰੂਪ ਵਿਚ ਗੁਣ ਉਚਾਰਨ ਤੋਂ ਬਿਨੁ = ਬਗ਼ੈਰ ਹੋਰ ਕੁਝ ਵੀ ਜੀਵ ਦੇ ਪ੍ਰਲੋਕ ਵਿਚ ਕਾਮਿ = ਕੰਮ ਨ = ਨਹੀਂ ਆਵਈ = ਆਉਂਦਾ, ਬਾਕੀ

ਮਾਇਆ ਦਾ ਸਾਦੁ = ਸੁਆਦ ਫੀਕਾ = ਬੇ-ਰਸਾ, ਬਕਬਕਾ ਹੈ ਭਾਵ ਜਿਸ ਪ੍ਰਕਾਰ ਪਦਾਰਥ ਖਾ ਕੇ ਮਗਰੋਂ ਮੂੰਹ ਫਿੱਕਾ ਹੋ ਜਾਂਦਾ ਹੈ, ਇਸ ਪ੍ਰਕਾਰ ਮਾਇਆ ਦਾ ਸੁਆਦ ਫੀਕਾ = ਬੇ-ਰਸਾ ਹੈ ॥੬॥

## ਆਸਾ ਅੰਦਰਿ ਜੰਮਿਆ; ਆਸਾ ਰਸ ਕਸ ਖਾਇ ॥

ਇਹ ਜੀਵ ਸੰਸਾਰ ਵਿਚ ਕੋਈ ਨਾ ਕੋਈ ਆਸਾ = ਇੱਛਾ ਲੈ ਕੇ ਜਨਮਿਆ ਹੈ। ਐਥੇ ਵੀ ਆਸਾ = ਉਮੀਦਾਂ ਦਾ ਬੰਨ੍ਹਿਆ ਹੋਇਆ ਰਸਾਂ ਕਸਾਂ **ਵਾ:** ਖੱਟੇ ਮਿੱਠੇ ਪਦਾਰਥਾਂ ਨੂੰ ਖਾਇ = ਖਾਂਦਾ ਹੈ।

## ਆਸਾ ਬੰਧਿ ਚਲਾਈਐ; ਮੁਹੇ ਮੁਹਿ ਚੋਟਾ ਖਾਇ ॥

ਇਸੇ ਪ੍ਰਕਾਰ ਆਸਾ ਇਸ ਦੀਆਂ ਪੂਰੀਆਂ ਵੀ ਨਹੀਂ ਹੁੰਦੀਆਂ, ਅੰਤ ਨੂੰ ਜਮਦੂਤ ਬੰਧਿ = ਬੰਨ੍ਹ ਕੇ ਪਰਲੋਕ ਦੇ ਰਸਤੇ ਚਲਾਈਐ = ਤੋਰ ਲੈਂਦੇ ਹਨ। ਇਸ ਪ੍ਰਕਾਰ ਮੁਹੇ ਮੁਹਿ = ਮੂੰਹੋਂ ਮੂੰਹ ਭਾਵ ਵਾਰ ਵਾਰ ਚੋਟਾ = ਸੱਟਾਂ ਖਾਇ = ਖਾਂਦਾ ਹੈ ਜਾਂ ਮੋਹ ਦਾ ਮੋਹਿਆ ਹੋਇਆ ਤਰਕਾਂ ਰੂਪ ਚੋਟਾਂ ਖਾਂਦਾ ਹੈ।

## ਅਵਗਣਿ ਬਧਾ ਮਾਰੀਐ; ਛੂਟੈ ਗੁਰਮਤਿ ਨਾਇ ॥੭॥

ਇਹ ਜੀਵ ਔਗੁਣਾਂ ਦਾ ਬਧਾ = ਬੰਨ੍ਹਿਆ ਹੋਣ ਕਰਕੇ ਮਾਰੀਐ = ਮਾਰਿਆ ਜਾਂਦਾ ਹੈ ਭਾਵ ਕੁੱਟਿਆ ਜਾਂਦਾ ਹੈ। ਛੁਟਕਾਰਾ ਕਿਵੇਂ ਹੁੰਦਾ ਹੈ ? ਦੱਸਦੇ ਹਨ ਕਿ ਜੇ ਗੁਰੂ ਦੀ ਮਤਿ = ਸਿੱਖਿਆ ਦੁਆਰਾ ਅੰਮ੍ਰਿਤ ਨਾਮ ਜਪ ਲਵੇ ਤਾਂ ਜੰਮਣ ਮਰਣ ਦੇ ਬੰਧਨਾਂ ਤੋਂ ਛੁਟੈ = ਛੁਟਕਾਰਾ ਹੋ ਜਾਂਦਾ ਹੈ ਭਾਵ ਮੁਕਤ ਹੋ ਜਾਂਦਾ ਹੈ ॥੭॥

[ਅੰਗ ੬੨]

## ਸਰਬੇ ਥਾਈ ਏਕੁ ਤੂੰ; ਜਿਉ ਭਾਵੈ ਤਿਉ ਰਾਖੁ ॥

ਗਿਆਨਵਾਨ ਪੁਰਸ਼ ਨੂੰ ਸਾਰਿਆਂ ਥਾਵਾਂ 'ਤੇ ਏਕੁ = ਇਕ ਅਖੰਡ ਸਰੂਪ ਪਰਮੇਸ਼ਰ ਦਿੱਸਣ ਲੱਗ ਪੈਂਦਾ ਹੈ ਅਤੇ ਐਸਾ ਨਿਸਚਾ ਹੋ ਜਾਂਦਾ ਹੈ ਕਿ ਹੇ ਸਤਿਗੁਰੂ ! ਜਿਉ = ਜਿਵੇਂ ਆਪ ਜੀ ਨੂੰ ਭਾਵੈ = ਭਾਉਂਦਾ ਹੈ, ਤਿਉ = ਉਵੇਂ ਸਾਨੂੰ ਰਾਖੁ = ਰੱਖਣਾ ਕਰੋ।

## ਗੁਰਮਤਿ ਸਾਚਾ ਮਨਿ ਵਸੈ; ਨਾਮੁ ਭਲੋ ਪਤਿ ਸਾਥੁ ॥

(ਦੂਸਰਾ ਪਾਠ **ਸਾਖੁ**)

ਇਉਂ ਗੁਰਮਤਿ = ਗੁਰੂ ਦੀ ਮਤਿ = ਸਿੱਖਿਆ ਦੁਆਰਾ ਵਾਹਿਗੁਰੂ ਮਨ ਵਿਚ ਵਸੈ = ਵੱਸ ਜਾਂਦਾ ਹੈ। ਪਰਮੇਸ਼ਰ ਦਾ ਨਾਮ ਇਸ ਲੋਕ ਵਿਚ ਭਲੋ = ਭਲੀ ਪਤਿ = ਇੱਜ਼ਤ ਦੇਣ ਵਾਲਾ ਹੈ ਅਤੇ ਪਰਲੋਕ ਵਿਚ ਭੀ ਸਾਥ ਨਿਭਾਉਣ ਵਾਲਾ ਹੈ **ਵਾ:** ਪਰਲੋਕ ਵਿਚ ਸਾਖੁ = ਉਗਾਹੀ ਭਰਦਾ ਹੈ।

***ਨੋਟ :*** 'ਸਾਖੁ' ਪਾਠ ਭਾਈ ਬੰਨੋ ਵਾਲੀ ਬੀੜ ਦਾ ਹੈ। ਕਰਤਾਰਪੁਰ ਅਤੇ ਦਮਦਮੇ ਵਾਲੀ ਬੀੜ ਵਿਚ ਪਾਠ 'ਸਾਥੁ' ਹੀ ਹੈ। ਇਸ ਲਈ ਸ਼ੁਧ ਪਾਠ 'ਸਾਥ' ਹੀ ਕਰਨਾ ਹੈ। ਇਸ ਪਾਠ ਦਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਨਿਰਣਾ ਕਰ ਕੇ ਦੱਸਿਆ ਹੈ ਕਿ ਪਾਠ 'ਸਾਥੁ' ਹੀ ਕਰਨਾ ਹੈ। ਵਿਆਖਿਆ ਟੇਪ ਵਿਚ ਮੌਜੂਦ ਹੈ।

## ਹਉਮੈ ਰੋਗੁ ਗਵਾਈਐ; ਸਬਦਿ ਸਚੈ ਸਚੁ ਭਾਖੁ ॥੮॥

ਇਹ ਜੀਵ ਹਉਮੈ ਦੇ ਰੋਗ ਕਰਕੇ ਆਪਣੇ ਮਨੁੱਖਾ ਜੀਵਨ ਨੂੰ ਵਿਅਰਥ ਗਵਾ ਲੈਂਦਾ ਹੈ, **ਅਥਵਾ** ਹਉਮੈ ਦਾ ਰੋਗ ਤਾਂ ਗਵਾਈਐ = ਗਵਾਇਆ ਜਾਂਦਾ ਹੈ ਭਾਵ ਮਿਟਦਾ ਹੈ, ਜੇਕਰ ਸੱਚੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਸੱਚੇ ਨਾਮ ਨੂੰ ਭਾਖੁ = ਉਚਾਰਨ ਕਰੀਏ ॥੮॥

## ਆਕਾਸੀ ਪਾਤਾਲਿ ਤੂੰ; ਤ੍ਰਿਭਵਣਿ ਰਹਿਆ ਸਮਾਇ ॥

ਹੇ ਪਰਮੇਸ਼ਰ! ਆਕਾਸੀ = ਆਕਾਸ਼ਾਂ ਵਿਚ ਭੀ ਅਤੇ ਪਾਤਾਲਾਂ ਵਿਚ ਭੀ ਤੂੰ ਆਪ ਹੀ ਹੈਂ। ਤਿੰਨਾਂ ਲੋਕਾਂ ਵਿਚ ਭਾਵ ਸਵਰਗ ਲੋਕ, ਮਾਤ ਲੋਕ ਅਤੇ ਪਾਤਾਲ ਲੋਕ ਵਿਚ ਵੀ ਤੂੰ ਆਪ ਹੀ ਸਮਾਇ = ਵਿਆਪਕ ਹੋ ਰਿਹਾ ਹੈਂ **ਅਥਵਾ** ਪਾਤਾਲਾਂ ਦੀ ਨਿਆਈਂ ਨਿਮਰਤਾ ਵਾਲੇ ਪੁਰਸ਼ਾਂ ਵਿਚ ਅਤੇ ਆਕਾਸੀ = ਚਿਦਾ ਆਕਾਸ਼ ਵਿਚ ਵਿਚਰਨ ਵਾਲਾ ਤੱਤ ਬੇਤਾ ਹੋ ਕੇ ਤੂੰ ਆਪ ਹੀ ਹੈਂ **ਅਥਵਾ** ਪਾਤਾਲ ਵੀ ਅਤੇ ਆਕਾਸ਼ ਭੀ ਤੇਰਾ ਰੂਪ ਹੈ। ਤਿੰਨਾਂ ਲੋਕਾਂ ਵਿਚ ਵੀ ਤੇਰਾ ਆਪਣਾ ਸਰੂਪ ਸਮਾਇਆ ਹੋਇਆ ਹੈ।

## ਆਪੇ ਭਗਤੀ ਭਾਉ ਤੂੰ; ਆਪੇ ਮਿਲਹਿ ਮਿਲਾਇ ॥

ਆਪ ਹੀ ਭਗਤੀ ਕਰਨ ਵਾਲਾ ਹੈਂ **ਵਾ:** ਆਪ ਹੀ ਤੂੰ ਗੁਰੂ ਰੂਪ ਹੋ ਕੇ ਭਗਤੀ ਦਾ ਉਪਦੇਸ਼ ਦੇਣ ਵਾਲਾ ਹੈਂ ਅਤੇ ਤੂੰ ਆਪ ਹੀ ਭਾਉ = ਪ੍ਰਕਾਸ਼ ਕਰਨ ਵਾਲਾ ਅਤੇ ਆਪ ਹੀ ਭਾਉ = ਪ੍ਰੇਮ ਰੂਪ ਹੈਂ। ਆਪ ਹੀ ਗੁਰੂ ਰੂਪ ਹੋ ਕੇ ਮਿਲਾਇ = ਮਿਲਾਉਣ ਵਾਲਾ ਹੈਂ ਤੇ ਆਪ ਹੀ ਪਰਮੇਸ਼ਰ ਰੂਪ ਹੋ ਕੇ ਮਿਲਹਿ = ਮਿਲਦਾ ਹੈਂ।

## ਨਾਨਕ ਨਾਮੁ ਨ ਵੀਸਰੈ; ਜਿਉ ਭਾਵੈ ਤਿਵੈ ਰਜਾਇ ॥੯॥੧੩॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪਰਮੇਸ਼ਰ! ਆਪ ਜੀ ਦਾ ਨਾਮ ਸਾਨੂੰ ਕਦੇ ਵੀ ਨ ਵੀਸਰੈ = ਨਾ ਭੁੱਲੇ, ਜਿਵੇਂ ਆਪ ਜੀ ਨੂੰ ਭਾਵੈ = ਭਾਉਂਦਾ ਹੈ, ਤਿਵੈ = ਉਸੇ ਤਰ੍ਹਾਂ ਆਪਣੀ ਰਜਾਇ = ਰਜ਼ਾ ਵਿਚ ਰੱਖਣਾ ਕਰ। ਅਸੀਂ ਆਪ ਜੀ ਦਾ ਭਾਣਾ ਮੰਨਣਾ ਕਰੀਏ ਤੇ ਸਦਾ ਹੀ ਸਿਮਰਨ ਕਰਦੇ ਰਹੀਏ॥੯॥੧੩॥

## ਸਿਰੀਰਾਗੁ ਮਹਲਾ ੧ ॥

ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਰਾਵੀ ਦੇ ਕਿਨਾਰੇ ਬੈਠੇ ਸਨ। ਗੁਰਾਂ ਨੇ ਕਿਰਪਾ ਦ੍ਰਿਸ਼ਟੀ ਕਰਕੇ ਜੀਵਾਂ ਦੀ ਕਲਿਆਣ ਕਰਨ ਲਈ ਹਜ਼ਾਰਾਂ ਸਿੱਖ ਸੰਗਤਾਂ ਨੂੰ ਪਰਮੇਸ਼ਰ ਦੇ ਨਾਮ ਵਿਚ ਰੰਗੇ ਜਾਣ ਦਾ ਉਪਦੇਸ਼ ਬਖ਼ਸ਼ਿਸ਼ ਕਰਦਿਆਂ ਇਹ ਸ਼ਬਦ ਉਚਾਰਨ ਕੀਤਾ।

## ਰਾਮ ਨਾਮਿ ਮਨੁ ਬੇਧਿਆ; ਅਵਰੁ ਕਿ ਕਰੀ ਵੀਚਾਰੁ ॥

ਹੇ ਭਾਈ ਰਾਮ = ਜੋ ਸਾਰਿਆਂ ਵਿਚ ਰਮਿਆ ਹੋਇਆ ਹੈ, ਉਸ ਪਰਮੇਸ਼ਰ ਦੇ ਨਾਮ ਵਿਚ ਜਿਸ ਦਾ ਮਨ ਬੇਧਿਆ = ਵਿੰਨ੍ਹਿਆ ਗਿਆ ਹੈ, ਉਨ੍ਹਾਂ ਦੀ ਬਾਬਤ ਅਵਰੁ = ਹੋਰ ਕਿ = ਕਿਹੜੀ ਵੀਚਾਰ ਕਰੀ = ਕਰੀਏ। ਉਨ੍ਹਾਂ ਨੇ ਧੂਣੀਆਂ ਤਪਾਉਣੀਆਂ, ਜਲਧਾਰੇ ਕਰਨੇ, ਪੁੱਠੇ ਲਮਕਣਾ ਐਸੇ ਸਾਧਨਾਂ ਨੂੰ ਛੱਡ ਕੇ ਸਤਿਗੁਰੂ ਪਾਸੋਂ ਸਾਰਿਆਂ ਤੋਂ ਸ਼ਿਰੋਮਣੀ ਅੰਮ੍ਰਿਤ ਨਾਮ, ਜੋ ਸਾਰਿਆਂ ਤੋਂ ਵੱਡੀ ਦਾਤ ਹੈ, ਉਹ ਪ੍ਰਾਪਤ ਕਰਨਾ ਕੀਤੀ ਹੈ। ਇਸ ਕਰਕੇ ਉਨ੍ਹਾਂ ਦੀ ਬਾਬਤ ਹੋਰ ਕੀ ਵਿਚਾਰ ਕਰਨਾ ਕਰੀਏ?

## ਸਬਦ ਸੁਰਤਿ ਸੁਖੁ ਊਪਜੈ; ਪ੍ਰਭ ਰਾਤਉ ਸੁਖ ਸਾਰੁ ॥

ਜਿਨ੍ਹਾਂ ਦੀ ਸੁਰਤਿ = ਚਿਤ ਦੀ ਬਿਰਤੀ ਸ਼ਬਦ ਵਿਚ ਲੱਗ ਗਈ ਹੈ, ਉਨ੍ਹਾਂ ਦੇ ਹਿਰਦੇ ਵਿਚ ਆਤਮਾ ਅਨੰਦ ਰੂਪ ਸੁਖ ਊਪਜੈ = ਪ੍ਰਗਟ ਹੋ ਜਾਂਦਾ ਹੈ। ਜੋ ਪ੍ਰਭ = ਅਕਾਲਪੁਰਖ ਦੇ ਵਿਚ ਰਾਤਉ = ਰੰਗੇ ਹਨ, ਉਨ੍ਹਾਂ ਨੂੰ ਸਾਰੁ = ਅਸਲੀ ਬ੍ਰਹਮ ਰੂਪ ਸੁਖ ਪ੍ਰਾਪਤ ਹੋਇਆ ਹੈ।

## ਜਿਉ ਭਾਵੈ ਤਿਉ ਰਾਖੁ ਤੂੰ; ਮੈ ਹਰਿ ਨਾਮੁ ਅਧਾਰੁ ॥੧॥

ਐਸੇ ਭਾਣੇ ਵਿਚ ਅਤੇ ਦੁਖ-ਸੁਖ ਵਿਚ ਇੱਕੋ ਜਿਹੀ ਬਿਰਤੀ ਵਾਲੇ ਜੀਵ ਪ੍ਰਭੂ ਅੱਗੇ ਇਸ ਤਰ੍ਹਾਂ

ਅਰਦਾਸ ਕਰਦੇ ਹਨ ਕਿ ਜਿਉ = ਜਿਸ ਤਰ੍ਹਾਂ ਤੈਨੂੰ ਭਾਵੈ = ਭਾਉਂਦਾ ਹੈ, ਤਿਉ = ਉਸੇ ਤਰ੍ਹਾਂ ਸਾਨੂੰ ਤੂੰ ਰਾਖੁ = ਰੱਖਣਾ ਕਰ, ਕਿਉਂਕਿ ਸਾਨੂੰ ਹਰਿ = ਪ੍ਰਭੂ ਜੀ ਆਪ ਦੇ ਨਾਮ ਦਾ ਹੀ ਅਧਾਰੁ = ਆਸਰਾ ਹੈ ॥੧॥

## ਮਨ ਰੇ; ਸਾਚੀ ਖਸਮ ਰਜਾਇ ॥

ਰੇ = ਹੇ ਮਨਾਂ ! ਖਸਮ = ਪਰਮੇਸ਼ਰ ਵਾਹਿਗੁਰੂ ਦੀ ਸਿਫ਼ਤ ਕਰਨੀ, ਕੀਰਤਨ ਭਗਤੀ ਕਰਨੀ, ਏਹੋ ਹੀ ਰਜਾਇ = ਆਗਿਆ ਮੰਨ ਲੈਣੀ ਸਾਚੀ = ਸੱਚੀ ਭਗਤੀ ਹੈ **ਵਾ:** ਇਸ ਕਰਕੇ ਹੇ ਮਨਾਂ ! ਨਿਸਚੇ ਕਰ ਲੈ ਖਸਮ = ਅਕਾਲ ਪੁਰਖ ਦੀ ਜਿਹੜੀ ਰਜਾਇ = ਆਗਿਆ ਮੰਨਣੀ ਹੈ, ਇਹੋ ਹੀ ਸਾਚੀ = ਸੱਚੀ ਹੈ। ਜੈਸਾ ਕਿ :

**ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥** *(ਮਾਝ ਮਹਲਾ ੫, ਅੰਗ ੧੦੦)*

## ਜਿਨਿ ਤਨੁ ਮਨੁ ਸਾਜਿ ਸੀਗਾਰਿਆ; ਤਿਸੁ ਸੇਤੀ ਲਿਵ ਲਾਇ ॥੧॥ਰਹਾਉ॥

ਜਿਨਿ = ਜਿਸ ਵਾਹਿਗੁਰੂ ਨੇ ਤਨੁ = ਅਸਥੂਲ ਸਰੀਰ ਤੇ ਮਨੁ = ਸੂਖਮ ਸਰੀਰ ਸਾਜਿ = ਬਣਾ ਕੇ ਸਤਾਰਾਂ ਤੱਤਾਂ ਦੀ ਬਣਤਰ ਨਾਲ ਬਣਾਇਆ ਹੈ ਅਤੇ ਤਨੁ = ਸਰੀਰ ਪੰਜ ਤੱਤ ਅਤੇ ਪੱਚੀ ਪ੍ਰਕਿਰਤੀਆਂ ਦਾ ਬਣਾ ਕੇ ਤਨ ਵਿਚ ਸੂਖਮ ਸਰੀਰ ਸਾਜਿਆ ਅਤੇ ਇਸ ਵਿਚ ਕਾਰਨ ਸਰੀਰ ਜਿਸ ਵਿਚ ਕੇਵਲ ਅਵਿੱਦਿਆ ਦਾ ਪੜਦਾ ਹੈ **ਅਥਵਾ** ਕਾਰਨ ਸਰੀਰ ਤੋਂ ਸਤਾਰਾਂ ਤੱਤਾਂ ਵਾਲਾ ਸੂਖਮ ਸਰੀਰ ਅਤੇ ਇਸ ਤੋਂ ੫ ਤੱਤ, ੨੫ ਪ੍ਰਕਿਰਤੀਆਂ ਵਾਲਾ ਸਥੂਲ ਸਰੀਰ ਸਾਜਿ = ਬਣਾ ਕੇ ਸੀਗਾਰਿਆ = ਸੁਹੱਪਣ ਦੇਣਾ ਕੀਤਾ ਹੈ ਭਾਵ ਨੱਕ, ਕੰਨ, ਮੂੰਹ, ਅੱਖਾਂ ਆਦਿ ਯੋਗ ਥਾਂ 'ਤੇ ਲਗਾ ਕੇ ਮਾਨੋ ਦੇਹ ਨੂੰ ਇੰਦਿਰਿਆਂ ਰੂਪ ਗਹਿਣਿਆਂ ਨਾਲ ਸੀਗਾਰਿਆ = ਸ਼ਿੰਗਾਰਨਾ ਕੀਤਾ ਹੈ। ਤਿਸੁ = ਉਸ ਵਾਹਿਗੁਰੂ ਸੇਤੀ = ਨਾਲ ਲਿਵ = ਬਿਰਤੀ ਨੂੰ ਲਾਇ = ਲਾਉਣਾ ਕਰ ॥੧॥ਰਹਾਉ॥

## ਤਨੁ ਬੈਸੰਤਰਿ ਹੋਮੀਐ; ਇਕ ਰਤੀ ਤੋਲਿ ਕਟਾਇ ॥

(**ਰੱਤੀ** ਅੱਧਕ ਸਹਿਤ ਬੋਲੋ)

ਪਰਮੇਸ਼ਰ ਦੇ ਨਾਮ ਤੋਂ ਬਗ਼ੈਰ ਭਾਵੇਂ ਇਕ ਰੱਤੀ ਰੱਤੀ ਦੇ ਤੋਲਿ = ਵਜ਼ਨ ਦਾ ਕਟਾਇ = ਕਟਾ ਕਰਕੇ ਤਨੁ = ਸਰੀਰ ਨੂੰ ਬੈਸੰਤਰਿ = ਅੱਗ ਵਿਚ ਹੋਮੀਐ = ਹੋਮ ਕਰ ਦੇਣਾ ਕਰੇ। ਜਿਸ ਤਰ੍ਹਾਂ ਅੱਗ ਦੇ ਉਪਰ ਘੀ ਪਾ ਕੇ ਹਵਨ ਕਰਦੇ ਹਨ, ਜਿਸ ਨੂੰ ਕਰਨ ਨਾਲ ਦੇਵਤਾ ਪ੍ਰਸੰਨ ਹੁੰਦਾ ਹੈ। ਗੁਰਮਤਿ ਵਿਚ ਇਸ ਦਾ ਖੰਡਨ ਹੈ। ਅਗਰ ਕੋਈ ਪਰਮਾਤਮਾ ਦਾ ਸਿਮਰਨ ਛੱਡ ਕੇ ਐਸਾ ਕਰਮ-ਕਾਂਡ ਕਰਨਾ ਕਰੇ ਕਿ ਘੀ ਦੀ ਥਾਂ 'ਤੇ ਸਰੀਰ ਦਾ ਹੋਮ ਕਰ ਦੇਵੇ। ਇਸੇ ਤਰ੍ਹਾਂ ਇਸੇ ਕਰਮ-ਕਾਂਡ ਦੀ ਲੜੀ ਵਿਚ ਇਕ ਹੋਰ ਕਰਮ ਦੱਸਣਾ ਕਰਦੇ ਹਨ।

## ਤਨੁ ਮਨੁ ਸਮਧਾ ਜੇ ਕਰੀ; ਅਨ ਦਿਨੁ ਅਗਨਿ ਜਲਾਇ ॥

(**ਸਮਧਾ** ਪੋਲਾ ਬੋਲੋ)

ਤਨ ਤੇ ਮਨ ਨੂੰ ਸਮਧਾ = ਲੱਕੜਾਂ ਦੀ ਨਿਆਈਂ ਬਣਾ ਲੈਣਾ ਕਰੇ **ਅਥਵਾ** ਤਨ ਨੂੰ ਧੂਣੀਆਂ ਦੇ ਨਾਲ ਤਪਾ ਲੈਣਾ ਕਰੇ ਅਤੇ ਮਨ ਨੂੰ ਵਰਤ ਆਦਿ ਨਾਲ ਭੁੱਖਾ ਤਿਹਾਇਆ ਰੱਖ ਕੇ ਇਸ ਪ੍ਰਕਾਰ ਦੀ ਅਗਨੀ ਨਾਲ ਅਨਦਿਨੁ = ਰਾਤ ਦਿਨ ਇਉਂ ਤਨ ਮਨ ਨੂੰ ਲੱਕੜਾਂ ਦੀ ਨਿਆਈਂ ਸਾੜ ਲਵੇ, ਜਿਸ ਤਰ੍ਹਾਂ ਧੂਣੀਆਂ ਤਾਪਣ ਵਾਲੇ ਜੇਠ ਹਾੜ ਦੇ ਮਹੀਨੇ ਹਠ ਕਰਕੇ ਤਨ ਨੂੰ ਸਾੜਦੇ ਹਨ, ਪਰੰਤੂ ਉਪਰੋਕਤ ਹਠ ਯੋਗ ਦੇ ਪਾਖੰਡ ਰੂਪ ਸਾਧਨ ਹਨ।

## ਹਰਿ ਨਾਮੈ ਤੁਲਿ ਨ ਪੁਜਈ; ਜੇ ਲਖ ਕੋਟੀ ਕਰਮ ਕਮਾਇ ॥੨॥

ਨਾਮ ਜਪਣ ਵਾਲੇ ਸਤਿਪੁਰਸ਼ਾਂ ਦੇ ਤੁਲਿ = ਬਰਾਬਰ ਨ ਪੁਜਈ = ਪੁੱਜ ਨਹੀਂ ਸਕਦਾ, ਕਿਉਂਕਿ ਨਾਮ ਸਾਰਿਆਂ ਸਾਧਨਾਂ ਦਾ ਸ਼ਿਰੋਮਣੀ ਹੈ। ਇਹ ਤਾਂ ਦੋ-ਚਾਰ ਸਾਧਨ ਹੀ ਦੱਸੇ ਹਨ, ਇਹੋ ਜਿਹੇ ਜੇ ਲਖ = ਲੱਖਾਂ ਕੋਟੀ = ਕਰੋੜਾਂ ਕਰਮ ਭੀ ਕਮਾਉਣ ਵਾਲਾ ਹੋਵੇ ਤਾਂ ਭੀ ਨਾਮ ਜਪਣ ਵਾਲੇ ਦੇ ਬਰਾਬਰ ਨਹੀਂ ਹੋ ਸਕਦਾ ॥੨॥

## ਅਰਧ ਸਰੀਰੁ ਕਟਾਈਐ; ਸਿਰਿ ਕਰਵਤੁ ਧਰਾਇ ॥

(**ਕਰਵੱਤ** ਅੱਧਕ ਸਹਿਤ ਬੋਲੋ)

ਜੇਕਰ ਕਾਂਸੀ ਵਿੱਚੋਂ ਸਿਰ 'ਤੇ ਕਰਵਤੁ = ਆਰਾ ਧਰਾ ਕੇ ਅਰਧ = ਅੱਧਾ ਸਰੀਰੁ = ਤਨ ਕਟਾਈਐ = ਚਰਵਾ ਲਵੇ।

## ਤਨੁ ਹੈਮੰਚਲਿ ਗਾਲੀਐ; ਭੀ ਮਨ ਤੇ ਰੋਗੁ ਨ ਜਾਇ ॥

ਜੇਕਰ ਤਨੁ = ਸਰੀਰ ਨੂੰ ਹੈਮੰਚਲਿ = ਹਿਮਾਲਿਆ ਭਾਵ ਬਰਫ਼ ਦੇ ਪਹਾੜਾਂ ਵਿਚ ਗਾਲੀਐ = ਗਾਲ ਲੈਣਾ ਕਰੀਏ, ਜਿਸ ਪ੍ਰਕਾਰ ਪੰਜੇ ਪਾਂਡਵ ਬਰਫ਼ ਦੇ ਪਹਾੜਾਂ ਵਿਚ ਰਹੇ, ਇਸ ਤਰ੍ਹਾਂ ਕਰਨ ਦੇ ਨਾਲ ਫੇਰ ਭੀ = ਵੀ ਮਨ ਤੇ = ਤੋਂ ਹਉਮੈ ਆਦਿ ਦੇ ਰੋਗ ਨ ਜਾਇ = ਨਹੀਂ ਜਾਂਦੇ। ਐਸੇ ਰੋਗਾਂ ਦੇ ਸਹਿਤ ਹੋ ਕੇ ਵਾਰ-ਵਾਰ ਜਨਮ ਧਾਰਨਾ ਅਤੇ ਵਾਰ-ਵਾਰ ਮਰਨਾ ਪੈਂਦਾ ਹੈ।

## ਹਰਿ ਨਾਮੈ ਤੁਲਿ ਨ ਪੁਜਈ; ਸਭ ਡਿਠੀ ਠੋਕਿ ਵਜਾਇ ॥੩॥

ਹਰਿ = ਪਰਮੇਸ਼ਰ ਦੇ ਨਾਮੈ = ਨਾਮ ਦੇ ਤੁਲਿ = ਬਰਾਬਰ ਕੋਈ ਵੀ ਸਾਧਨ ਨ ਪੁਜਈ = ਪੁੱਜ ਨਹੀਂ ਸਕਦਾ। ਬਾਕੀ ਸਭ = ਸਾਰੇ ਸਾਧਨ ਇਸ ਤਰ੍ਹਾਂ ਠੋਕਿ = ਅਜ਼ਮਾਇਸ਼ ਭਾਵ ਪਰਖ ਕੇ ਡਿਠੀ = ਦੇਖੇ ਹਨ। ਜਿਸ ਤਰ੍ਹਾਂ ਘੜੇ ਨੂੰ ਠੋਕਰ ਨਾਲ ਵਜਾਇ = ਵਜਾ ਵਜਾ ਕੇ ਭਾਵ ਠੋਲੇ ਮਾਰ ਕੇ ਦੇਖਣਾ ਕਰੀਦਾ ਹੈ ਕਿ ਘੜਾ ਤਿੜਕਿਆ ਤਾਂ ਨਹੀਂ ਹੋਇਆ, ਇਸ ਤਰ੍ਹਾਂ ਸਾਰੀ ਸ੍ਰਿਸ਼ਟੀ ਵਜਾ ਵਜਾ ਕੇ ਅਜ਼ਮਾਇਸ਼ ਕਰਕੇ ਵੇਖਣੀ ਕੀਤੀ ਹੈ ॥੩॥

## ਕੰਚਨ ਕੇ ਕੋਟ ਦਤੁ ਕਰੀ; ਬਹੁ ਹੈਵਰ ਗੈਵਰ ਦਾਨੁ ॥

ਭਾਵੇਂ ਕੰਚਨ = ਸੋਨੇ ਦੇ ਕੋਟ = ਕ੍ਰੋੜਾਂ ਮੋਹਰਾਂ ਦਤੁ = ਦਾਨ ਕਰੀ = ਕਰੇ **ਅਥਵਾ** ਕੰਚਨ = ਸੋਨੇ ਦੇ ਕੋਟ = ਕਿਲ੍ਹੇ ਬਣਾ ਕੇ ਦਾਨ ਕਰੇ। ਬਹੁ = ਬਹੁਤ ਸਾਰੇ ਹੈ = ਘੋੜੇ ਵਰ = ਸ੍ਰੇਸ਼ਟ ਦਰਿਆਈ ਘੋੜੇ, ਗੈ = ਹਾਥੀ ਵਰ = ਸ੍ਰੇਸ਼ਟ ਐਰਾਵਤ ਹਾਥੀ ਆਦਿ ਇਹਨਾਂ ਸਾਰਿਆਂ ਨੂੰ ਦਾਨ ਕਰੇ।

## ਭੂਮਿ ਦਾਨੁ ਗਊਆ ਘਣੀ; ਭੀ ਅੰਤਰਿ ਗਰਬੁ ਗੁਮਾਨੁ ॥

ਭੂਮਿ = ਜ਼ਮੀਨ ਧਰਤੀ ਦਾ ਦਾਨ ਭੀ ਕਰ ਦੇਵੇ ਤੇ ਘਣੀ = ਬਹੁਤੀਆਂ ਗਊਆਂ ਦਾ ਦਾਨ ਕਰ ਦੇਵੇ, ਤਦ ਭੀ = ਵੀ ਗੁਮਾਨੁ = ਹੰਕਾਰੀ ਪੁਰਖ ਦੇ ਹਿਰਦੇ ਅੰਤਰਿ = ਅੰਦਰ ਗਰਬੁ = ਹੰਕਾਰ ਰਹਿੰਦਾ ਹੈ ਕਿ ਮੈਂ ਦਾਨ ਕੀਤਾ ਹੈ, ਗਰਬੁ ਤੇ ਗੁਮਾਨੁ ਦੋ ਪਦ ਹਨ। ਇਕ ਭੂਮ ਦਾਨ 'ਤੇ ਲਾਉਣਾ ਕਿ ਜ਼ਮੀਨਾਂ ਦਾਨ ਕਰਕੇ ਗਰਬ ਕਰਦਾ ਹੈ। ਦੂਸਰਾ ਗਊਆਂ ਦਾਨ ਕਰਕੇ ਗੁਮਾਨ ਕਰਦਾ ਹੈ ਭਾਵ ਹੰਕਾਰ ਕਰਦਾ ਹੈ ਕਿ ਮੈਂ ਦਾਨ ਕੀਤਾ ਹੈ।

## ਰਾਮ ਨਾਮਿ ਮਨੁ ਬੇਧਿਆ; ਗੁਰਿ ਦੀਆ ਸਚੁ ਦਾਨੁ ॥੪॥

ਜਿਨ੍ਹਾਂ ਦਾ ਮਨ ਰਾਮ = ਪਰਮੇਸ਼ਰ ਦੇ ਨਾਮ ਵਿਚ ਬੇਧਿਆ = ਵਿੰਨ੍ਹਿਆ ਗਿਆ ਹੈ, ਉਹਨਾਂ ਦੇ ਅੰਦਰੋਂ

ਹੰਕਾਰ ਤੋੜ ਦਿੱਤਾ ਹੈ। ਇਹ ਸਤਿਗੁਰੂ ਜੀ ਨੇ ਸੱਚੇ ਨਾਮ ਦਾ ਦਾਨ ਦੀਆ = ਦਿੱਤਾ ਹੈ, ਉਹ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਸੱਚੇ ਨਾਮ ਦਾ ਦਾਨ ਪ੍ਰਾਪਤ ਹੋਇਆ ਹੈ ॥੪॥

## ਮਨਹਠ ਬੁਧੀ ਕੇਤੀਆ; ਕੇਤੇ ਬੇਦ ਬੀਚਾਰ ॥

ਹੋਰ ਮਨ ਦੇ ਹਠ ਕਰਕੇ ਕੇਤੀਆ = ਕਿਤਨੀਆਂ ਹੀ ਬੁਧੀ = ਅਕਲਾਂ ਲੋਕ ਵਰਤਦੇ ਹਨ, ਕੇਤੇ = ਕਿਤਨੇ ਹੀ ਲੋਕ ਵੇਦ ਪੜ੍ਹ ਕੇ ਕਰਮ ਉਪਾਸਨਾ ਗਿਆਨ ਦੀ ਵੀਚਾਰ ਕਰਦੇ ਹਨ।

## ਕੇਤੇ ਬੰਧਨ ਜੀਅ ਕੇ; ਗੁਰਮੁਖਿ ਮੋਖ ਦੁਆਰ ॥

ਕੇਤੇ = ਕਿਤਨੇ ਹੀ ਜੀਅ = ਜੀਵਾਂ ਕੇ = ਦੇ ਅਗਿਆਨ ਕਰਕੇ ਹੰਗਤਾ ਦੇ ਬੰਧਨ ਪਏ ਹੋਏ ਹਨ ਕਿ ਮੈਂ ਕਰਤਾ ਹਾਂ, ਭੋਗਤਾ ਹਾਂ, ਪਰੰਤੂ ਜਿਹੜੇ ਗੁਰਮੁਖ ਹਨ ਉਹ ਸੰਸਾਰ ਰੂਪੀ ਦੁਆਰ = ਦਰਵਾਜ਼ੇ ਤੋਂ ਮੋਖ = ਮੁਕਤ ਹਨ **ਵਾ:** ਗੁਰਮੁਖਾਂ ਨੂੰ ਗੁਰਾਂ ਦੁਆਰਾ ਮੁਕਤੀ ਦਾ ਦੁਆਰਾ ਗਿਆਨ ਪ੍ਰਾਪਤ ਹੋਇਆ ਹੈ।

## ਸਚਹੁ ਓਰੈ ਸਭੁ ਕੋ; ਉਪਰਿ ਸਚੁ ਆਚਾਰੁ ॥੫॥

ਹੇ ਭਾਈ ! ਸੱਚ ਨਾਮ ਤੋਂ ਸਭ ਕੁਝ ਓਰੈ = ਉਰ੍ਹੇ ਹੀ ਹੈ, ਭਾਵ ਸਭ ਸਾਧਨ ਨਾਮ ਤੋਂ ਨੀਵੇਂ ਹਨ, ਸਤਿਨਾਮ ਸਰੂਪ ਲੱਖਣ ਦੇ ਬਰਾਬਰ ਨਹੀਂ ਹੋ ਸਕਦੇ। ਸਾਰਿਆਂ ਦੇ ਉਪਰ ਸੱਚੇ ਨਾਮ ਦਾ ਆਚਾਰੁ = ਕਰਤੱਵ ਹੈ ॥੫॥

## ਸਭੁ ਕੋ ਊਚਾ ਆਖੀਐ; ਨੀਚੁ ਨ ਦੀਸੈ ਕੋਇ ॥

ਹੰਕਾਰ ਛੱਡ ਕੇ ਆਪਣੇ ਆਪ ਤੋਂ ਸਾਰਿਆਂ ਨੂੰ ਉੱਚਾ ਆਖੀਐ = ਕਹੀਏ, ਇਉਂ ਮਨ ਵਿਚ ਗ਼ਰੀਬੀ ਆ ਜਾਂਦੀ ਹੈ ਭਾਵ ਨਿਮਰਤਾ ਆ ਜਾਂਦੀ ਹੈ। ਗੁਰਮੁਖ ਆਪ ਨੀਵੇਂ ਬਣਦੇ ਹਨ ਤੇ ਉਹਨਾਂ ਦੀ ਨਿਗ੍ਹਾ ਵਿਚ ਆਪ ਤੋਂ ਨੀਚੁ = ਨੀਵਾਂ ਕੋਇ = ਕੋਈ ਨਹੀਂ ਦੀਸੈ = ਦਿਸਦਾ, ਸਾਰਿਆਂ ਵਿਚ ਪਰਮਾਤਮਾ ਦੀ ਜੋਤ ਹੋਣ ਕਰਕੇ ਉੱਚੇ ਹੀ ਦੇਖਦੇ ਹਨ। ਜੈਸਾ ਕਿ :

**ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨੫॥** *(ਸੂਹੀ ਮ: ੧, ਅੰਗ ੭੨੮)*

## ਇਕਨੈ ਭਾਂਡੇ ਸਾਜਿਐ; ਇਕੁ ਚਾਨਣੁ ਤਿਹੁ ਲੋਇ ॥

ਇਕ ਵਾਹਿਗੁਰੂ ਨੇ ਪੰਜਾਂ ਤੱਤਾਂ ਦੇ ਸਰੀਰ ਰੂਪੀ ਭਾਂਡੇ ਸਾਜਿਐ = ਬਣਾਉਣਾ ਕੀਤੇ ਹਨ **ਅਥਵਾ** ਕਾਰਨ, ਸੂਖਮ, ਸਥੂਲ, ਤਿੰਨ ਪ੍ਰਕਾਰ ਦੇ ਭਾਂਡੇ ਬਣਾਉਣਾ ਕੀਤੇ ਹਨ। ਇਕ ਗਿਆਨਵਾਨ ਨੂੰ ਤਿੰਨਾਂ ਲੋਕਾਂ ਦਾ ਚਾਨਣੁ = ਗਿਆਨ ਬਖ਼ਸ਼ਿਸ਼ ਕੀਤਾ ਹੈ। ਸਰੀਰ ਰੂਪੀ ਭਾਂਡੇ ਤਾਂ ਸਭਨਾਂ ਦੇ ਹੀ ਵਾਹਿਗੁਰੂ ਨੇ ਸਾਜੇ ਹਨ, ਪਰ ਤਿੰਨਾਂ ਲੋਕਾਂ ਵਿਚ ਚਾਨਣ ਦੇਣ ਵਾਲਾ ਗਿਆਨ ਦਾ ਪ੍ਰਕਾਸ਼ ਕਿਸੇ ਇਕ ਅੱਧੇ ਨੂੰ ਹੀ ਦਿੱਤਾ ਹੈ **ਅਥਵਾ** ਜਾਗਰਤ, ਸੁਪਨ, ਸੁਖੋਪਤ ਦਾ ਸਾਖੀ ਰੂਪ ਆਪ ਹੈ। ਸਵਰਗ ਲੋਕ, ਮਾਤ ਲੋਕ, ਪਾਤਾਲ ਲੋਕ ਤਿੰਨ ਲੋਇ = ਲੋਕਾਂ ਵਿਚ ਚਾਨਣਾ ਕਰਨ ਵਾਲਾ ਵੀ ਇਕ ਆਪ ਹੈ। ਤਿਹੁ = ਤਿੰਨ ਪ੍ਰਕਾਰ ਦੇ ਲੋਇ = ਲੋਕ ਰਾਜਸੀ, ਤਾਮਸੀ, ਸਾਤਕੀ ਵਿਚ ਇਕ ਆਪ ਦਾ ਹੀ ਚਾਨਣੁ = ਪ੍ਰਕਾਸ਼ ਹੈ।

## ਕਰਮਿ ਮਿਲੈ ਸਚੁ ਪਾਈਐ; ਧੁਰਿ ਬਖਸ ਨ ਮੇਟੈ ਕੋਇ ॥੬॥

ਜੇ ਚੰਗੇ ਕਰਮ ਕੀਤੇ ਹੋਣ ਤਾਂ ਸਚੁ = ਸੱਚ ਸਰੂਪ ਪਰਮੇਸ਼ਰ ਦਾ ਨਾਮ ਗੁਰੂ ਤੋਂ ਹੀ ਪਾਈਐ = ਪ੍ਰਾਪਤ ਹੁੰਦਾ ਹੈ। ਧੁਰਿ = ਆਦਿ ਤੋਂ **ਵਾ:** ਆਦਿ ਰੂਪ ਪਰਮੇਸ਼ਰ ਦਾ ਗੁਰੂ ਸਾਹਿਬ ਜੀ ਸਰੂਪ ਹਨ ਜਿਸ ਨੂੰ ਬਖਸ =

ਬਖ਼ਸ਼ੀਸ਼ ਦੇ ਦੇਣ, ਉਸ ਬਖ਼ਸ਼ਿਸ਼ ਨੂੰ ਕੋਇ = ਕੋਈ ਮੇਟੈ = ਮਿਟਾ ਨ = ਨਹੀਂ ਸਕਦਾ ਭਾਵ ਨਾਸ਼ ਨਹੀਂ ਕਰ ਸਕਦਾ ॥੬॥ ਜੈਸਾ ਕਿ :

**ਦੁਸ਼ਟ ਛਾਹ ਛ੍ਵੈ ਸਕੈ ਨ ਕੋਈ ॥੨੩॥** *(ਚੌਪਈ ਸਾਹਿਬ, ਸ੍ਰੀ ਦਸਮ ਗ੍ਰੰਥ, ਪੰਨਾ ੧੩੮੬)*

## ਸਾਧੁ ਮਿਲੈ ਸਾਧੂ ਜਨੈ; ਸੰਤੋਖੁ ਵਸੈ ਗੁਰ ਭਾਇ ॥

ਸਾਧੁ = ਸਾਧਨਾ ਕਰਨ ਵਾਲਾ ਜਗਿਆਸੂ ਜੇ ਸਾਧੂ = ਤੱਤ ਬੇਤੇ ਮਹਾਤਮਾ ਜਨਾਂ ਦੇ ਨਾਲ ਮਿਲ ਜਾਵੇ ਉਸ ਦੇ ਅੰਦਰ ਸੰਤੋਖ ਆਦਿ ਸਾਰੇ ਗੁਣ ਆ ਕਰਕੇ ਵਸ ਜਾਂਦੇ ਹਨ ਤੇ ਗੁਣਾਂ ਕਰਕੇ ਸਤਿਗੁਰਾਂ ਨੂੰ ਭਾਇ = ਭਾ ਜਾਂਦਾ ਭਾਵ ਚੰਗਾ ਲੱਗਦਾ ਹੈ **ਵਾ:** ਜੇ ਸਿੱਖ ਗੁਰੂ ਸਾਹਿਬ ਜੀ ਨੂੰ ਭਾਇ = ਭਾ ਜਾਵੇ ਤਾਂ ਉਹਦੇ ਅੰਦਰ ਤ੍ਰਿਸ਼ਨਾ ਆਦਿ ਦੀ ਭੁੱਖ ਮਿਟ ਜਾਂਦੀ ਹੈ।

## ਅਕਥ ਕਥਾ ਵੀਚਾਰੀਐ; ਜੇ ਸਤਿਗੁਰ ਮਾਹਿ ਸਮਾਇ ॥

ਜੇ = ਜੇਕਰ ਗੁਰੂ ਸਾਹਿਬ ਜੀ ਦੀ ਆਗਿਆ **ਵਾ:** ਧਿਆਨ ਤੇ ਪਿਆਰ ਮਾਹਿ = ਵਿਚ ਜਗਿਆਸੂ ਸਮਾਇ = ਸਮਾਅ ਜਾਵੇ ਤਾਂ ਬ੍ਰਹਮ ਦੀ ਅਕਥ = ਕਥਨ ਤੋਂ ਰਹਿਤ ਸਰੂਪ ਲੱਖਣਾ ਵਾਲੀ ਕਥਾ ਦੀ ਲੱਖਣਾ ਬਿਰਤੀ ਦੁਆਰਾ ਵੀਚਾਰੀਐ = ਵੀਚਾਰ ਪ੍ਰਾਪਤ ਹੁੰਦੀ ਹੈ।

## ਪੀ ਅੰਮ੍ਰਿਤੁ ਸੰਤੋਖਿਆ; ਦਰਗਹਿ ਪੈਧਾ ਜਾਇ ॥੭॥

ਜੋ ਪੁਰਖ ਅੰਮ੍ਰਿਤ ਨਾਮ ਨੂੰ ਪੀ ਕੇ ਸੰਤੋਖਿਆ = ਸੰਤੁਸ਼ਟ ਹੋ ਜਾਂਦਾ ਹੈ, ਭਾਵ ਜਿਸ ਦੀ ਰਸਾਂ ਕਸਾਂ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ। ਉਹ ਫੇਰ ਸੱਚੀ ਦਰਗਾਹ ਵਿਚ ਜੱਸ ਰੂਪੀ ਪੁਸ਼ਾਕ ਪੈਧਾ = ਪਹਿਨ ਕੇ ਜਾਇ = ਜਾਂਦਾ ਹੈ **ਵਾ:** ਉਸ ਨੂੰ ਭਗਤੀ ਰੂਪ ਸਿਰੋਪਾਉ ਪਹਿਨਾਇਆ ਜਾਂਦਾ ਹੈ ॥੭॥

## ਘਟਿ ਘਟਿ ਵਾਜੈ ਕਿੰਗੁਰੀ; ਅਨਦਿਨੁ ਸਬਦਿ ਸੁਭਾਇ ॥

ਉਸ ਗੁਰਮੁਖ ਦੀ ਐਸੀ ਦ੍ਰਿਸ਼ਟੀ ਖੁੱਲ੍ਹ ਜਾਂਦੀ ਹੈ ਕਿ ਚਾਰੇ ਖਾਣੀਆਂ ਦੇ ਘਟਿ ਘਟਿ = ਘਟਾਂ ਘਟਾਂ ਵਿਚ ਉਸ ਪਰਮੇਸ਼ਰ ਦੀ ਚੇਤਨ ਸੱਤਾ ਰੂਪੀ ਕਿੰਗੁਰੀ = ਬੀਣਾ ਵਾਜੈ = ਵੱਜ ਰਹੀ ਪ੍ਰਤੀਤ ਹੁੰਦੀ ਹੈ **ਵਾ:** ਅਨਹਦ ਸ਼ਬਦ ਰੂਪੀ ਬੀਣਾ ਵੱਜਦੀ ਹੈ **ਵਾ:** ਜਿਹੜੀ ਚੇਤਨ ਸੱਤਾ ਰੂਪ ਘਟਿ ਘਟਿ = ਸਰੀਰਾਂ ਸਰੀਰਾਂ ਵਿਚ ਕਿੰਗੁਰੀ ਵੱਜ ਰਹੀ ਹੈ, ਉਹ ਅਜਪਾ ਜਾਪ ਰੂਪ ਹੋ ਕਰਕੇ ਵਾਜੈ = ਪ੍ਰਗਟ ਹੋ ਜਾਂਦੀ ਹੈ, ਜੋ ਅਨਦਿਨੁ = ਰਾਤ ਦਿਨੇ ਸੁਭਾਇ = ਸੁਭਾਵਿਕ ਹੀ ਸ਼ਬਦ ਦੀ ਕਮਾਈ ਕਰਦਾ ਹੈ **ਵਾ:** ਰਾਤ ਦਿਨੇ ਗੁਰਾਂ ਦੇ ਸਬਦਿ = ਉਪਦੇਸ਼ ਵਿਚ ਸੁਭਾਇ (ਸੁ + ਭਾਇ) ਸੁ = ਸ੍ਰੇਸ਼ਟ ਭਾਇ = ਪ੍ਰੇਮ ਕਰਦਾ ਹੈ।

## ਵਿਰਲੇ ਕਉ ਸੋਝੀ ਪਈ; ਗੁਰਮੁਖਿ ਮਨੁ ਸਮਝਾਇ ॥

ਪਰ ਕਿਸੇ ਵਿਰਲੇ ਨੂੰ ਹੀ ਇਸ ਪ੍ਰਕਾਰ ਦੀ ਸੋਝੀ = ਸੂਝ ਪਈ = ਪੈਂਦੀ ਹੈ, ਜਿਸ ਗੁਰਮੁਖ ਨੇ ਆਪਣਾ ਮਨ ਗੁਰੂ ਸਾਹਿਬ ਜੀ ਦੇ ਸ਼ਬਦ ਨਾਲ ਸਮਝਾਇ = ਸਮਝਾ ਲਿਆ ਹੈ।

## ਨਾਨਕ ਨਾਮੁ ਨ ਵੀਸਰੈ; ਛੂਟੈ ਸਬਦੁ ਕਮਾਇ ॥੮॥੧੪॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਗੁਰਮੁਖ ਨੂੰ ਇਕ ਪਲ ਵੀ ਨਾਮ ਨਹੀਂ ਵੀਸਰੈ = ਭੁੱਲਦਾ, ਕਿਉਂਕਿ ਉਹ ਸ਼ਬਦ ਦੀ ਕਮਾਇ = ਕਮਾਈ ਕਰਕੇ ਛੂਟੈ = ਮੁਕਤ ਹੋ ਜਾਂਦਾ ਹੈ ॥੮॥੧੪॥

## ਸਿਰੀਰਾਗੁ ਮਹਲਾ ੧ ॥

ਸਤਿਗੁਰੂ ਸਾਹਿਬ ਜੀ ਵੈਰਾਗਮਈ ਉਪਦੇਸ਼ ਬਖ਼ਸ਼ਸ਼ ਕਰਦੇ ਹਨ :

## ਚਿਤੇ ਦਿਸਹਿ ਧਉਲਹਰ; ਬਗੇ ਬੰਕ ਦੁਆਰ ॥

ਹੇ ਭਾਈ ! ਜੋ ਚਿਤੇ = ਚਿੱਤਰਕਾਰੀ ਕੀਤੇ ਹੋਏ ਧਉਲਹਰ = ਰਾਜ ਮੰਦਰ (ਚੂਨੇ ਗਚ ਪੱਕੇ ਮਕਾਨ) ਦਿਸਹਿ = ਦਿਸਦੇ ਹਨ, ਅਤੇ ਜਿਨ੍ਹਾਂ ਦੇ ਬਗੇ = ਸਫ਼ੈਦ (ਚਿੱਟੇ) ਬੰਕ = ਸੁੰਦਰ ਕਲਬੂਤੀ ਦੁਆਰ = ਦਰਵਾਜ਼ੇ ਹਨ ਭਾਵ ਜਿਨ੍ਹਾਂ ਦੇ ਸੁੰਦਰ ਦਰਵਾਜ਼ੇ ਤੇ ਚੂਨੇ ਦੇ ਥਾਂ ਸੰਗਮਰਮਰ ਦਾ ਚਿੱਟਾ ਚੂਨਾ ਲਾਇਆ ਹੋਵੇ।

## ਕਰਿ ਮਨ ਖੁਸੀ ਉਸਾਰਿਆ; ਦੂਜੈ ਹੇਤਿ ਪਿਆਰਿ ॥

ਜਿਨ੍ਹਾਂ ਨੇ ਮਨ ਦੀਆਂ ਖ਼ੁਸ਼ੀਆਂ ਕਰਿ = ਕਰਕੇ ਇਹੋ ਜਿਹੇ ਮਕਾਨਾਂ ਨੂੰ ਉਸਾਰਿਆ = ਉਸਾਰ ਲਿਆ ਹੈ, ਉਨ੍ਹਾਂ ਦਾ ਦੂਜੈ = ਦਵੈਤ-ਭਾਵ ਵਿਚ ਹੇਤਿ = ਪ੍ਰੇਮ ਤੇ ਪਦਾਰਥਾਂ ਨਾਲ ਪਿਆਰ ਹੈ **ਵਾ:** ਇਹ ਸਾਰੇ ਦੂਜੈ = ਦਵੈਤ ਨਾਲ ਪਿਆਰ ਪਾਉਣ ਦਾ ਹੀ ਹੇਤਿ = ਕਾਰਨ ਹਨ।

## ਅੰਦਰੁ ਖਾਲੀ ਪ੍ਰੇਮ ਬਿਨੁ; ਢਹਿ ਢੇਰੀ ਤਨੁ ਛਾਰੁ ॥੧॥

ਜੇਕਰ ਉਹ ਮੰਦਰ ਅੰਦਰੋਂ ਪ੍ਰੇਮੀਆਂ **ਵਾ:** ਪ੍ਰੇਮਾ-ਭਗਤੀ ਕਰਨ ਵਾਲੇ ਗੁਰਮੁਖਾਂ ਦੇ ਰਹਿਣ ਤੋਂ ਬਿਨੁ = ਬਗ਼ੈਰ ਖ਼ਾਲੀ ਹਨ ਭਾਵ ਗੁਰਮੁਖ ਜਨਾਂ ਦਾ ਨਿਵਾਸ ਨਹੀਂ ਹੈ ਤਾਂ ਉਹ ਮਕਾਨ ਤੇ ਉਨ੍ਹਾਂ ਵਿਚ ਵੱਸਣ ਵਾਲੇ ਤਨੁ = ਸਰੀਰ ਢਹਿ ਕੇ ਛਾਰੁ = ਸੁਆਹ ਦੀ ਢੇਰੀ ਹੋ ਜਾਣਗੇ ॥੧॥

### ਦੂਸਰਾ ਅਰਥ

**ਚਿਤੇ ਦਿਸਹਿ ਧਉਲਹਰ; ਬਗੇ ਬੰਕ ਦੁਆਰ ॥**

ਜਿਨ੍ਹਾਂ ਦੇ ਸਰੀਰ ਰੂਪੀ ਮੰਦਰ ਅਨੇਕਾਂ ਭੇਖਾਂ ਰੂਪ ਚਿੱਤਰਕਾਰੀਆਂ ਨਾਲ ਚਿਤਰੇ ਹੋਏ ਦਿਸਹਿ = ਦਿਸਦੇ ਹਨ ਅਤੇ ਬੰਕ = ਸੁੰਦਰ ਬਗੇ = ਚਿੱਟੇ ਪੁਸ਼ਾਕੇ ਦੁਆਰਿਆਂ ਵਾਲੇ ਸਰੀਰ 'ਤੇ ਪਹਿਨੇ ਹੋਏ ਹਨ।

**ਕਰਿ ਮਨ ਖੁਸੀ ਉਸਾਰਿਆ; ਦੂਜੈ ਹੇਤਿ ਪਿਆਰਿ ॥**

ਉਨ੍ਹਾਂ ਨੇ ਦੂਜੈ = ਦਵੈਤ-ਭਾਵ ਵਿਚ ਹਿਤ ਪਿਆਰ ਕਰ ਕੇ ਜੋ ਮਨ ਦੀਆਂ ਖ਼ੁਸ਼ੀਆਂ ਨਾਲ ਸਰੀਰ ਰੂਪ ਮੰਦਰ ਨੂੰ ਉਸਾਰਨਾ ਕੀਤਾ ਹੈ ਭਾਵ ਚੰਗੇ ਪਦਾਰਥ ਖੁਆ ਕੇ ਰਿਸ਼ਟ ਪੁਸ਼ਟ ਕੀਤਾ ਹੈ; ਪਰ

**ਅੰਦਰੁ ਖਾਲੀ ਪ੍ਰੇਮ ਬਿਨੁ; ਢਹਿ ਢੇਰੀ ਤਨੁ ਛਾਰੁ ॥੧॥**

ਉਨ੍ਹਾਂ ਦਾ ਹਿਰਦਾ ਅੰਦਰੋਂ ਵਾਹਿਗੁਰੂ ਦੇ ਪ੍ਰੇਮ = ਪਿਆਰ ਤੋਂ ਬਿਨੁ = ਬਗ਼ੈਰ ਖ਼ਾਲੀ = ਖੋਖਲਾ ਹੈ, ਅੰਤ ਨੂੰ ਉਨ੍ਹਾਂ ਦਾ ਸਰੀਰ ਢਹਿ = ਡਿੱਗ ਕੇ ਸੁਆਹ ਦੀ ਢੇਰੀ ਹੋ ਜਾਵੇਗਾ ॥੧॥

## ਭਾਈ ਰੇ; ਤਨੁ ਧਨੁ ਸਾਥਿ ਨ ਹੋਇ ॥

ਹੇ ਭਾਈ ! ਤਨੁ = ਅਸਥੂਲ ਸਰੀਰ ਧਨੁ = ਮਾਇਆ **ਵਾ:** ਤਨੁ = ਪੁੱਤਰ ਅਤੇ ਮਾਇਆ ਅੰਤ ਨੂੰ ਤੇਰੇ ਸਾਥਿ = ਸਾਥੀ ਨਹੀਂ ਹੋਇ = ਹੋਣਗੇ।

## ਰਾਮ ਨਾਮੁ ਧਨੁ ਨਿਰਮਲੋ; ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ਰਹਾਉ॥

ਕੇਵਲ ਰਾਮ = ਪਰਮੇਸ਼ਰ ਦਾ ਨਾਮ ਰੂਪੀ ਨਿਰਮਲ ਧਨ ਹੀ ਪ੍ਰਲੋਕ ਵਿਚ ਸਾਥ ਜਾਣ ਵਾਲਾ ਹੈ **ਵਾ:**

ਪਰਮੇਸ਼ਰ ਦਾ ਨਾਮ ਰੂਪੀ ਧਨ ਹੀ ਹਿਰਦੇ ਵਿੱਚੋਂ ਅਸੱਤ ਜੜ੍ਹ ਦੁਖ ਰੂਪ ਮਾਇਆ ਦੀ ਮੈਲ ਨੂੰ ਧੋ ਕੇ ਨਿਰਮਲੋ = ਸ਼ੁੱਧ ਕਰਨ ਵਾਲਾ ਹੈ ਪਰੰਤੂ ਇਹ ਨਾਮ ਤਾਂ ਪ੍ਰਾਪਤ ਹੁੰਦਾ ਹੈ ਜੇਕਰ ਸੋਇ = ਉਹ ਪ੍ਰਭੁ = ਪਰਮੇਸ਼ਰ ਆਪ ਗੁਰੁ ਰੂਪ ਹੋ ਕੇ ਨਾਮ ਦੀ ਦਾਤ ਦੇਣਾ ਕਰੇ **ਵਾ:** ਜਿਨ੍ਹਾਂ ਨੂੰ ਗੁਰੂ ਸਾਹਿਬ ਜੀ ਬਖ਼ਸ਼ਸ਼ ਕਰ ਕੇ ਨਾਮ ਦੀ ਦਾਤ ਦਿੰਦੇ ਹਨ, ਉਨ੍ਹਾਂ ਨੂੰ ਪਰਮੇਸ਼ਰ ਦੀ ਸੋਇ = ਸ਼ੋਭਾ ਕਰਨੀ ਪ੍ਰਾਪਤ ਹੁੰਦੀ ਹੈ ॥੧॥ਰਹਾਉ॥

## ਰਾਮ ਨਾਮੁ ਧਨੁ ਨਿਰਮਲੋ; ਜੇ ਦੇਵੈ ਦੇਵਣਹਾਰੁ ॥

ਹੇ ਭਾਈ! ਰਾਮ = ਪਰਮੇਸ਼ਰ ਦਾ ਨਾਮ ਹੀ ਅਸਲੀ ਧਨ ਹੈ ਜੋ ਮਨ ਨੂੰ ਨਿਰਮਲੋ = ਸ਼ੁੱਧ ਕਰਨ ਵਾਲਾ ਹੈ, ਪਰ ਜੇ = ਜੇਕਰ ਦੇਵਣਹਾਰ ਪ੍ਰਭੂ ਕਿਸੇ ਨੂੰ ਗੁਰੂ ਸਰੂਪ ਹੋ ਕੇ ਨਾਮ ਦੀ ਦਾਤ ਦੇ ਦੇਵੇ। ਤਾਂ

## ਆਗੈ ਪੂਛ ਨ ਹੋਵਈ; ਜਿਸੁ ਬੇਲੀ ਗੁਰੁ ਕਰਤਾਰੁ ॥

ਉਹਨਾਂ ਤੋਂ ਆਗੈ = ਅੱਗੇ ਪ੍ਰਲੋਕ ਵਿਚ ਲੇਖੇ ਜੋਖੇ ਦੀ ਪੂਛ = ਪੁੱਛ-ਗਿੱਛ ਨਹੀਂ ਹੋਵਈ = ਹੋਵੇਗੀ, ਜਿਨ੍ਹਾਂ ਦਾ ਬੇਲੀ = ਮਿੱਤਰ ਸਹਾਇਕ ਗੁਰੂ ਅਕਾਲ ਪੁਰਖ ਕਰਤਾ ਪੁਰਖ ਆਪ ਹੈ।

## ਆਪਿ ਛਡਾਏ ਛੁਟੀਐ; ਆਪੇ ਬਖਸਣਹਾਰੁ ॥੨॥

ਜੇਕਰ ਉਹ ਪਰਮੇਸ਼ਰ ਆਪ ਬੰਧਨਾਂ **ਵਾ:** ਦੁੱਖਾਂ ਤੋਂ ਛਡਾਏ = ਛੁਡਾਉਣਾ ਕਰੇ, ਤਦੋਂ ਹੀ ਛੁਟੀਐ = ਛੁਟੀਦਾ ਹੈ, ਪਰਮੇਸ਼ਰ ਆਪੇ = ਆਪ ਹੀ ਗੁਰਾਂ ਦੀ ਸ਼ਰਨ ਵਿਚ ਪਾ ਕੇ ਗੁਨਾਹਾਂ ਨੂੰ ਬਖ਼ਸ਼ ਕੇ ਗੁਣਾਂ ਨੂੰ ਬਖਸਣਹਾਰੁ = ਬਖ਼ਸ਼ਣੇ ਵਾਲਾ ਹੈ **ਵਾ:** ਆਪ ਹੀ ਗੁਰਾਂ ਦੁਆਰਾ ਨਾਮ ਦੀ ਦਾਤ ਬਖ਼ਸ਼ਣੇ ਵਾਲਾ ਹੈ ॥੨॥

[ਅੰਗ ੬੩]

## ਮਨਮੁਖੁ ਜਾਣੈ ਆਪਣੇ; ਧੀਆ ਪੂਤ ਸੰਜੋਗੁ ॥

ਜੋ ਕਰਮਾਂ ਅਨੁਸਾਰ ਧੀਆ = ਬੇਟੀਆਂ ਤੇ ਪੂਤ = ਪੁੱਤਰਾਂ ਦਾ ਸੰਜੋਗੁ = ਮਿਲਾਪ ਹੋਇਆ ਹੈ, ਇਨ੍ਹਾਂ ਨੂੰ ਮਨਮੁਖ ਪੁਰਖ ਆਪਣੇ ਜਾਣੈ = ਸਮਝੀ ਬੈਠਾ ਹੈ **ਵਾ:** ਤ੍ਰਿਸ਼ਨਾ ਰੂਪੀ ਧੀ, ਲੋਭ ਰੂਪੀ ਪੁੱਤਰ ਦਾ ਸੰਯੋਗੀ ਹੋ ਰਿਹਾ ਹੈ।

## ਨਾਰੀ ਦੇਖਿ ਵਿਗਾਸੀਅਹਿ; ਨਾਲੇ ਹਰਖੁ ਸੁ ਸੋਗੁ ॥

ਇਸਤਰੀ ਨੂੰ ਦੇਖ ਦੇਖ ਕੇ ਖ਼ੁਸ਼ ਹੋ ਰਿਹਾ ਹੈ ਕਿਉਂਕਿ ਵਿਸ਼ੇ-ਵਾਸ਼ਨਾ ਹੈ। ਗੰਦੀ ਵਾਸ਼ਨਾ ਦੀ ਪੂਰਤੀ ਲਈ ਜਦੋਂ ਇਹ ਇਸਤਰੀ ਸਾਹਮਣੇ ਹੁੰਦੀ ਹੈ ਤਾਂ ਅੰਦਰ ਖ਼ੁਸ਼ੀ ਮਹਿਸੂਸ ਕਰਦਾ ਹੈ। ਇਹ ਵਿਗਾਸੀਅਹਿ = ਖ਼ੁਸ਼ੀ ਜੋ ਹੈ ਇਸ ਦੇ ਨਾਲੇ = ਨਾਲ ਹੀ ਸੋਗ = ਗ਼ਮ ਭੀ ਹੈ। ਸੁ = ਉਨ੍ਹਾਂ ਕਾਮੀ ਪੁਰਸ਼ਾਂ ਨੂੰ ਕਦੀ ਖ਼ੁਸ਼ੀ, ਕਦੀ ਗ਼ਮੀ ਬਣੀ ਹੀ ਰਹਿੰਦੀ ਹੈ। ਬੱਚਾ ਜੰਮਿਆ ਵਧਾਈਆਂ, ਮਰ ਗਿਆ ਤਾਂ ਮਕਾਣਾਂ, ਐਸਾ ਹੁੰਦਾ ਰਹਿੰਦਾ ਹੈ **ਵਾ:** ਮਾਇਆ ਰੂਪ ਨਾਰੀ = ਇਸਤਰੀ ਹੈ। ਮਾਇਆ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ। ਜੇ ਮਿਲੇ ਤਾਂ ਖ਼ੁਸ਼ੀ, ਨਾ ਮਿਲੇ ਤਾਂ ਸੋਗੁ = ਗ਼ਮ ਵਿਚ ਡੁੱਬ ਜਾਂਦਾ ਹੈ।

## ਗੁਰਮੁਖਿ ਸਬਦਿ ਰੰਗਾਵਲੇ; ਅਹਿਨਿਸਿ ਹਰਿ ਰਸੁ ਭੋਗੁ ॥੩॥

ਪਰੰਤੂ ਗੁਰਮੁਖਾਂ ਦਾ ਅਸਲੀ ਮਨੋਰਥ ਇਹ ਹੈ ਕਿ ਗੁਰੂ ਦੇ ਸਬਦਿ = ਉਪਦੇਸ਼ ਵਿਚ ਲੱਗ ਕੇ ਆਪਣੇ ਮਨ ਨੂੰ ਨਾਮ ਦੇ ਰੰਗ ਵਿਚ ਰੰਗ ਲਿਆ ਹੈ। ਇਸ ਲਈ ਰੰਗਾਵਲੇ = ਅਨੰਦਿਤ ਹੋ ਰਹੇ ਹਨ। ਅਹਿਨਿਸਿ = ਦਿਨ ਰਾਤ ਹਰੀ ਪਰਮੇਸ਼ਰ ਦੇ ਪ੍ਰੇਮ-ਰਸ ਨੂੰ **ਵਾ:** ਆਤਮਾ ਅਨੰਦ ਨੂੰ ਭੋਗੁ = ਮਾਣਦੇ ਹਨ ॥੩॥

## ਚਿਤੁ ਚਲੈ ਵਿਤੁ ਜਾਵਣੋ; ਸਾਕਤ ਡੋਲਿ ਡੋਲਾਇ ॥

ਹੇ ਜੀਵ! ਜਿਸ ਵਿਤੁ = ਧਨ ਵਿਚ ਤੇਰਾ ਚਿਤ ਲੱਗਿਆ ਹੋਇਆ ਹੈ, ਇਹ ਧਨ ਜਾਵਣੋ = ਚਲੇ ਜਾਣ ਵਾਲਾ ਹੈ। ਚੇਤਨ ਮਾਇਆ ਇਸਤਰੀ-ਪੁੱਤਰ ਆਦਿ ਵੀ ਚਲੈ = ਚਲੇ ਜਾਣਗੇ **ਵਾ:** ਵਿਤੁ = ਧਨ ਜੋ ਜੜ੍ਹ ਰੂਪ ਹੈ, ਉਹ ਵੀ ਜਾਵਣੋ = ਚਲੇ ਜਾਣ ਵਾਲਾ ਹੈ। ਸਾਕਤ = ਬੇਮੁੱਖ ਪੁਰਸ਼ ਇਸ ਧਨ ਨਾਲ ਪ੍ਰੀਤ ਕਰਕੇ ਮਨ ਨੂੰ ਡੋਲਾਇ = ਡੁਲਾਉਂਦਾ ਹੈ। ਜਿਵੇਂ ਡੋਲਿ = ਚੰਡੋਲ ਚਾਰ ਚੁਫੇਰੇ ਚੱਕਰ ਕੱਟਦਾ ਹੈ, ਇਸੇ ਪ੍ਰਕਾਰ ਚੰਡੋਲ ਦੀ ਨਿਆਈਂ ਸਾਕਤ ਪੁਰਸ਼ ਚਾਰ ਚੁਫੇਰੇ ਪਦਾਰਥਾਂ ਵਿਚ ਚਿਤ ਨੂੰ ਡੁਲਾ ਰਿਹਾ ਹੈ।

## ਬਾਹਰਿ ਢੂੰਢਿ ਵਿਗੁਚੀਐ; ਘਰ ਮਹਿ ਵਸਤੁ ਸੁਥਾਇ ॥

ਬਾਹਰਿ = ਦੂਸਰੇ ਅਸਥਾਨਾਂ ਜਾਂ ਦੂਸਰੇ ਮੁਲਕਾਂ ਵਿਚ ਢੂੰਢਿ = ਲੱਭਦਾ ਹੋਇਆ ਕਿ ਮਾਇਆ ਮਿਲ ਜਾਵੇ, ਉਸ ਵਿਚ ਵਿਗੁਚੀਐ = ਖ਼ਰਾਬ ਹੁੰਦਾ ਹੈ। ਹੇ ਜੀਵ! ਤੇਰੇ ਘਰਿ = ਅੰਤਹਕਰਨ ਮਹਿ = ਵਿਚ ਆਤਮਾ ਰੂਪ ਕੀਮਤੀ ਵਸਤੂ ਹੈ। ਉਸ ਨੂੰ ਸਾਧ ਸੰਗਤ ਰੂਪੀ ਸੁਥਾਇ = ਸ੍ਰੇਸ਼ਟ ਥਾਂ ਵਿੱਚੋਂ ਪ੍ਰਾਪਤ ਕਰ।

## ਮਨਮੁਖਿ ਹਉਮੈ ਕਰਿ ਮੁਸੀ; ਗੁਰਮੁਖਿ ਪਲੈ ਪਾਇ ॥੪॥

ਜਿਹੜੀ ਮਨਮੁਖਾਂ ਦੀ ਸ੍ਰਿਸ਼ਟੀ **ਵਾ:** ਬਿਰਤੀ ਹੈ, ਇਹ ਹਉਮੈ = ਹੰਗਤਾ ਕਰਿ = ਕਰਕੇ ਮੁਸੀ = ਲੁੱਟੀ ਗਈ ਹੈ। ਗੁਰਮੁਖਾਂ ਦੇ ਹਿਰਦੇ ਰੂਪੀ ਪਲੈ = ਝੋਲੀ ਵਿਚ ਪਰਮੇਸ਼ਰ ਦਾ ਨਾਮ ਪਾਇ = ਪਾਇਆ ਹੋਇਆ ਹੈ ॥੪॥

***ਨੋਟ :*** 'ਕਰਿ' ਅਤੇ 'ਮੁਸੀ' ਪਾਠ ਹੀ ਕਰਨਾ ਹੈ। 'ਕਰਿਮੁ-ਸੀ' ਐਸਾ ਨਹੀਂ ਕਰਨਾ। ਜਿਥੇ ਕਰਮ ਸ਼ਬਦ ਆਉਂਦਾ ਹੈ, ਉਥੇ 'ਰ' ਮੁਕਤਾ ਹੁੰਦਾ ਹੈ। ਇਥੇ 'ਰ' ਨੂੰ ਸਿਹਾਰੀ ਹੈ, ਇਸ ਲਈ 'ਕਰਿ' ਤੇ 'ਮੁਸੀ' ਪਾਠ ਹੀ ਸ਼ੁੱਧ ਹੈ।

## ਸਾਕਤ ਨਿਰਗੁਣਿਆਰਿਆ; ਆਪਣਾ ਮੂਲੁ ਪਛਾਣੁ ॥

ਹੇ ਨਿਰਗੁਣਿਆਰਿਆ = ਗੁਣਾਂ ਤੋਂ ਰਹਿਤ, ਸਾਕਤ = ਸ਼ਕਤੀ ਦੇ ਉਪਾਸ਼ਕ ਜੀਵ! ਤੂੰ ਆਪਣੇ ਮੂਲੁ = ਮੁੱਢ ਆਤਮਾ ਸਰੂਪ ਨੂੰ ਪਛਾਣੁ = ਪਛਾਨਣਾ ਕਰ ਜਿਸ ਸਰੀਰ ਦਾ ਤੂੰ ਹੰਕਾਰ ਕਰਦਾ ਹੈਂ।

## ਰਕਤੁ ਬਿੰਦੁ ਕਾ ਇਹੁ ਤਨੋ; ਅਗਨੀ ਪਾਸਿ ਪਿਰਾਣੁ ॥

ਹੇ ਜੀਵ! ਜੋ ਇਹ ਤਨੋ = ਸਰੀਰ ਹੈ ਜਿਸ ਨੂੰ ਤੂੰ ਆਪਣਾ ਮੰਨੀ ਬੈਠਾ ਹੈਂ, ਇਹ ਮਾਤਾ ਦੇ ਰਕਤ = ਖ਼ੂਨ ਅਤੇ ਪਿਤਾ ਦੀ ਬਿੰਦ ਤੋਂ ਪੈਦਾ ਹੋਇਆ ਹੈ। ਜੈਸਾ ਕਿ :

**ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥** *(ਮਾਰੂ ਸੋਲਹੇ ਮ: ੧, ਅੰਗ ੧੦੨੨)*

ਇਹੁ = ਇਹ ਤਨੋ = ਸਰੀਰ ਮਾਤਾ ਦੇ ਰਕਤ = ਲਹੂ ਤੇ ਪਿਤਾ ਦੇ ਬਿੰਦੁ = ਵੀਰਜ ਕਾ = ਦਾ ਬਣਿਆ ਹੋਇਆ ਹੈ, ਇਸ ਨੂੰ ਅਗਨੀ = ਅੱਗ ਦੇ ਪਾਸਿ = ਕੋਲ ਹੀ ਪਿਰਾਣੁ = ਪਛਾਨਣਾ ਕਰ ਭਾਵ ਇਸੇ ਸਰੀਰ ਨੂੰ ਮਾਤਾ ਦੀ ਜਠਰ ਅਗਨੀ ਦੇ ਪਾਸ ਰੱਖ ਕੇ ਪਕਾਉਣਾ ਕੀਤਾ ਹੈ। ਉਹ ਜਠਰ ਅਗਨੀ ਐਸੀ ਹੈ ਜੇਕਰ ਮਾਤਾ ਕੱਚੇ ਰੋੜ ਵੀ ਖਾ ਲੈਣਾ ਕਰੇ ਤਾਂ ਉਹ ਵੀ ਹਜ਼ਮ ਹੋ ਸਕਦੇ ਹਨ। ਐਸੀ ਪਰਬਲ ਅਗਨੀ ਦੇ ਵਿਚ ਰੱਖ ਕੇ ਤੈਨੂੰ ਪਕਾਉਣਾ ਕੀਤਾ ਹੈ। ਜਿਸ ਸਰੀਰ ਦੇ ਅੰਦਰ ਪੌਣ ਦਾ ਥੰਭਾ ਹੈ, ਤੂੰ ਆਪਣੇ ਸਰੀਰ ਨੂੰ ਇਸ ਤਰ੍ਹਾਂ ਪਿਰਾਣੁ = ਪਛਾਨਣਾ ਕਰ। ਜੈਸਾ ਕਿ :

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥** *(ਸੋਰਠਿ ਰਵਿਦਾਸ ਜੀ, ਅੰਗ ੬੫੯)*

## ਪਵਣੈ ਕੈ ਵਸਿ ਦੇਹੁਰੀ; ਮਸਤਕਿ ਸਚੁ ਨੀਸਾਣੁ ॥੫॥

ਜੋ ਦੇਹੁਰੀ = ਦੇਹ ਹੈ, ਉਹ ਪਵਣੈ = ਪੌਣ ਭਾਵ ਸੁਆਸਾਂ ਦੇ ਵਸ ਵਿਚ ਰੱਖੀ ਹੋਈ ਹੈ। ਜਿਸ ਵਕਤ ਸੁਆਸ ਖ਼ਤਮ ਹੋ ਜਾਂਦੇ ਹਨ, ਉਸੇ ਵੇਲੇ ਦੇਹ ਸਮਾਪਤ ਹੋ ਜਾਂਦੀ ਹੈ। ਜੋ ਤੇਰੇ ਮਸਤਕਿ = ਮੱਥੇ ਉੱਤੇ ਨੀਸਾਣੁ = ਲੇਖ ਲਿਖੇ ਹੋਏ ਹਨ ਕਿ ਤੈਨੂੰ ਇਤਨੀ ਮਾਣ-ਵਡਿਆਈ, ਜੱਸ ਮਿਲਣਾ ਹੈ, ਇਤਨਾ ਸੁੱਖ ਭੋਗਣਾ ਹੈ ਆਦਿ ਇਹ ਸਚੁ = ਸੱਚਾ ਨਿਸਚਾ ਕਰਕੇ ਜਾਣ ਲੈਣਾ ਕਰ ਜਿਸ ਨਾਲ ਤੇਰੇ ਅੰਦਰ ਸੱਚਾ ਪਰਮੇਸ਼ਰ ਸਾਖਿਆਤ ਹੋ ਜਾਵੇਗਾ ॥੫॥

## ਬਹੁਤਾ ਜੀਵਣੁ ਮੰਗੀਐ; ਮੁਆ ਨ ਲੋੜੈ ਕੋਇ ॥

ਹੇ ਭਾਈ! ਹਰ ਕੋਈ ਬਹੁਤਾ ਜੀਵਣੁ = ਜਿਉਣਾ ਹੀ ਮੰਗੀਐ = ਮੰਗਦਾ ਹੈ, ਕੋਇ = ਕੋਈ ਵੀ ਮੁਆ = ਮਰਨਾ ਨ ਲੋੜੈ = ਨਹੀਂ ਚਾਹੁੰਦਾ।

## ਸੁਖ ਜੀਵਣੁ ਤਿਸੁ ਆਖੀਐ; ਜਿਸੁ ਗੁਰਮੁਖਿ ਵਸਿਆ ਸੋਇ ॥

ਸੁਖ = ਸੁੱਖਾਂ ਦਾ ਜੀਵਨ ਤਿਸੁ = ਉਸ ਗੁਰਮੁਖ ਜਨ ਦਾ ਆਖੀਐ = ਕਹੀਦਾ ਹੈ, ਜਿਸ ਦੇ ਹਿਰਦੇ ਵਿਚ ਗੁਰਾਂ ਦੀ ਸੰਗਤ ਦੁਆਰਾ ਸੋਇ = ਉਹ ਪਰਮੇਸ਼ਰ ਵਸਿਆ ਹੋਇਆ ਹੈ।

## ਨਾਮ ਵਿਹੂਣੇ ਕਿਆ ਗਣੀ; ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥

ਜਿਹੜੇ ਪਰਮੇਸ਼ਰ ਦੇ ਨਾਮ ਤੋਂ ਵਿਹੂਣੇ = ਬਿਨਾਂ ਹਨ, ਉਨ੍ਹਾਂ ਦੀ ਕਿਆ ਗਣੀ = ਕੀ ਗਿਣਤੀ ਕਰੀਏ ਭਾਵ ਉਹ ਗਿਣਤੀ ਵਿਚ ਨਹੀਂ ਹਨ। ਜਿਸੁ = ਜਿਨ੍ਹਾਂ ਨੂੰ ਹਰਿ = ਹਰੀ ਵਾਹਿਗੁਰੂ ਦੇ ਦਰਸੁ = ਦਰਸ਼ਨ ਨ ਹੋਇ = ਪ੍ਰਾਪਤ ਨਹੀਂ ਹੋਏ ॥੬॥

## ਜਿਉ ਸੁਪਨੈ ਨਿਸਿ ਭੁਲੀਐ; ਜਬ ਲਗਿ ਨਿਦ੍ਰਾ ਹੋਇ ॥

ਜਿਉ = ਜਿਸ ਪ੍ਰਕਾਰ ਨਿਸਿ = ਰਾਤ ਨੂੰ ਸੁਪਨੇ ਵਿਚ ਪੁਰਖ ਭੁਲੀਐ = ਭੁੱਲਿਆ ਫਿਰਦਾ ਹੈ, ਇਹ ਉਤਨਾ ਚਿਰ ਭੁੱਲਿਆ ਰਹਿੰਦਾ ਹੈ, ਜਬ = ਜਦੋਂ ਲਗਿ = ਤਕ ਨਿਦ੍ਰਾ = ਨੀਂਦ ਵਿਚ ਹੋਇ = ਹੁੰਦਾ ਹੈ **ਅਥਵਾ** ਇਸ ਪ੍ਰਕਾਰ ਜੀਵ ਅਵਸਥਾ ਰੂਪੀ ਰਾਤ ਵਿਚ ਅਵਿੱਦਿਆ ਰੂਪੀ ਨੀਂਦ ਦੇ ਸਹਿਤ, ਸੰਸਾਰ ਰੂਪੀ ਸੁਪਨੇ ਦੇ ਅੰਦਰ ਭੁਲੀਐ = ਭੁੱਲਿਆ ਹੋਇਆ ਹੈ।

## ਇਉ ਸਰਪਨਿ ਕੈ ਵਸਿ ਜੀਅੜਾ; ਅੰਤਰਿ ਹਉਮੈ ਦੋਇ ॥

ਇਉ = ਇਸੇ ਪ੍ਰਕਾਰ, ਜੀਅੜਾ = ਜੀਵ ਮਾਇਆ ਰੂਪੀ ਸਰਪਨਿ = ਸੱਪਨੀ **ਵਾ:** ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਰੂਪੀ ਸੱਪਾਂ ਕੈ = ਦੇ ਵਸਿ = ਅਧੀਨ ਹੈ, ਜਿਸ ਕਰਕੇ ਹਿਰਦੇ ਦੇ ਅੰਤਰਿ = ਅੰਦਰ ਹਉਮੈ = ਹੰਗਤਾ ਤੇ ਦੋਇ = ਦਵੈਤ ਹੈ **ਅਥਵਾ** ਜਿਸ ਪ੍ਰਕਾਰ ਸੱਪਾਂ ਵਿਚ ਦੋ ਮੁਖਾਂ ਵਾਲੀ ਸਰਪਨੀ ਹੁੰਦੀ ਹੈ। ਇਸੇ ਪ੍ਰਕਾਰ ਜੀਵ ਨੂੰ ਰਾਗ ਦਵੈਸ਼ ਰੂਪੀ **ਵਾ:** ਮਾਇਆ ਰੂਪੀ ਦੋ-ਮੂੰਹੀ ਸੱਪਣੀ ਚਿੰਬੜੀ ਹੋਈ ਹੈ ਜਿਸ ਕਰਕੇ ਦੋ ਭੇਦ ਜੀਵ ਅਤੇ ਈਸ਼ਰ, ਜੰਮਣ ਤੇ ਮਰਣ, ਲੋਕ ਤੇ ਪਰਲੋਕ, ਮਿੱਤਰ ਤੇ ਸ਼ਤਰੂ, ਸੁੱਖ ਤੇ ਦੁੱਖ ਆਦਿ ਜੋ ਦੋ ਪ੍ਰਤੀਤ ਹੋ ਰਹੇ ਹਨ।

## ਗੁਰਮਤਿ ਹੋਇ ਵੀਚਾਰੀਐ; ਸੁਪਨਾ ਇਹੁ ਜਗੁ ਲੋਇ ॥੭॥

ਜੇਕਰ ਗੁਰੂ ਦੀ ਮਤਿ ਹਿਰਦੇ ਵਿਚ ਹੋਵੇ ਤਾਂ ਇਹ ਵੀਚਾਰ ਪ੍ਰਾਪਤ ਹੁੰਦੀ ਹੈ ਕਿ ਇਹ ਸਾਰੇ ਜਗੁ =

ਜਗਤ ਦਾ ਲੋਇ = ਪ੍ਰਕਾਸ਼ ਸੁਪਨੇ ਦੀ ਨਿਆਈਂ ਹੈ **ਵਾ:** ਇਹੁ = ਇਸ ਜਗੁ-ਸੰਸਾਰ ਦੇ ਸਾਰੇ ਲੋਇ = ਲੋਕ **ਵਾ:** ਤਿੰਨੇ ਲੋਕ ਸੁਪਨੇ ਦੀ ਨਿਆਈਂ ਮਿਥਿਆ ਹਨ **ਅਥਵਾ** ਜਿਸ ਨੂੰ ਗੁਰਮਤਿ = ਗੁਰਾਂ ਦੀ ਸਿੱਖਿਆ ਦੀ ਵੀਚਾਰ ਪ੍ਰਾਪਤ ਹੁੰਦੀ ਹੈ। ਉਹ ਇਸ ਸੰਸਾਰ ਦਾ ਜੋ ਲੋਇ = ਪ੍ਰਕਾਸ਼ ਰੂਪ ਸਾਖੀ ਚੇਤਨ ਹੈ, ਉਸ ਨੂੰ ਸਮਝ ਲੈਂਦਾ ਹੈ ॥੭॥

## ਅਗਨਿ ਮਰੈ ਜਲੁ ਪਾਈਐ; ਜਿਉ ਬਾਰਿਕ ਦੂਧੈ ਮਾਇ ॥

ਜਿਵੇਂ ਪਾਣੀ ਪਾਉਣ ਕਰਕੇ ਅਗਨਿ = ਪ੍ਰਤੱਖ ਅੱਗ ਮਰੈ = ਮਰ ਜਾਂਦੀ ਹੈ ਭਾਵ ਬੁਝ ਜਾਂਦੀ ਹੈ, ਇਸੇ ਪ੍ਰਕਾਰ ਤ੍ਰਿਸ਼ਨਾ ਰੂਪੀ ਅਗਨੀ ਸੰਤੋਖ ਰੂਪੀ ਜਲ = ਪਾਣੀ ਪਾਉਣ ਕਰਕੇ ਮਰੈ = ਮਰ ਜਾਂਦੀ ਹੈ ਭਾਵ ਮਿਟ ਜਾਂਦੀ ਹੈ। ਜਿਉਂ = ਜਿਵੇਂ ਬਾਰਿਕ = ਬੱਚੇ ਨੂੰ ਮਾਇ = ਮਾਤਾ ਦਾ ਦੁੱਧ ਮਿਲ ਜਾਵੇ ਤਾਂ ਉਹ ਤ੍ਰਿਪਤ ਹੋ ਜਾਂਦਾ ਹੈ, ਇਸੇ ਪ੍ਰਕਾਰ ਬੱਚੇ ਦੀ ਨਿਆਈਂ ਮਨ ਹੈ, ਸ੍ਰੇਸ਼ਟ ਮੱਤ ਮਾਤਾ ਦੀ ਨਿਆਈਂ ਹੈ। ਜੇਕਰ ਉਸ ਦੇ ਕੋਲੋਂ ਨਿਸ਼ਕਾਮ ਕਰਮਾਂ ਰੂਪੀ ਦੁੱਧ ਮਿਲ ਜਾਵੇ ਤਾਂ ਤ੍ਰਿਪਤੀ ਹੋ ਜਾਂਦੀ ਹੈ **ਅਥਵਾ** ਮਾਤਾ-ਪਿਤਾ ਦੀ ਨਿਆਈਂ ਗੁਰੂ ਸਾਹਿਬ ਜੀ ਹਨ। ਮਨ ਬੱਚੇ ਦੀ ਨਿਆਈਂ ਹੈ, ਜੇਕਰ ਉਪਦੇਸ਼ ਦਾ ਦੁੱਧ ਮਿਲ ਜਾਵੇ ਤਾਂ ਤ੍ਰਿਪਤ ਹੋ ਜਾਂਦਾ ਹੈ।

## ਬਿਨੁ ਜਲ ਕਮਲ ਸੁ ਨਾ ਥੀਐ; ਬਿਨੁ ਜਲ ਮੀਨੁ ਮਰਾਇ ॥

ਜਿਵੇਂ ਜਲ = ਪਾਣੀ ਤੋਂ ਬਿਨਾਂ ਕਮਲ ਪੈਦਾ ਨਹੀਂ ਥੀਐ = ਹੁੰਦਾ ਅਤੇ ਜਲ = ਪਾਣੀ ਤੋਂ ਬਿਨੁ = ਬਗ਼ੈਰ ਮੀਨੁ = ਮੱਛੀ ਮਰਾਇ = ਮਰ ਜਾਂਦੀ ਹੈ **ਵਾ:** ਇਸੇ ਪ੍ਰਕਾਰ ਪ੍ਰੇਮ ਰੂਪੀ ਜਲ ਤੋਂ ਬਿਨਾਂ ਹਿਰਦੇ ਵਿਚ ਸ਼ੁਭ ਗੁਣਾਂ ਰੂਪੀ ਕਮਲ ਪੈਦਾ ਨਹੀਂ ਹੁੰਦਾ। ਨਾਮ ਰੂਪੀ ਜਲ ਤੋਂ ਬਿਨਾਂ ਬੁੱਧ ਰੂਪੀ ਮੱਛੀ ਮਰਾਇ = ਮਰਦੀ ਜੰਮਦੀ ਰਹਿੰਦੀ ਹੈ।

## ਨਾਨਕ ਗੁਰਮੁਖਿ ਹਰਿ ਰਸਿ ਮਿਲੈ; ਜੀਵਾ ਹਰਿ ਗੁਣ ਗਾਇ ॥੮॥੧੫॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਹੜੇ ਗੁਰਮੁਖ ਹਨ, ਉਨ੍ਹਾਂ ਨੂੰ ਹਰਿ = ਪਰਮੇਸ਼ਰ ਦਾ ਨਾਮ ਜਪ ਕੇ ਆਤਮਕ ਰਸਿ = ਅਨੰਦ ਮਿਲੈ = ਮਿਲਦਾ ਹੈ, ਉਹ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਗਾ-ਗਾ ਕੇ ਜੀਵਾ = ਜਿਉਂਦੇ ਹਨ **ਵਾ:** ਜਿਨ੍ਹਾਂ ਨੂੰ ਮੁਖੀ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਦਾ ਰਸ ਪ੍ਰਾਪਤ ਹੋਇਆ ਹੈ, ਉਹ ਗੁਰਮੁਖਾਂ ਦੀ ਸੰਗਤ ਕਰਕੇ ਪਰਮੇਸ਼ਰ ਦੇ ਗੁਣ ਗਾ ਕੇ ਜੀਵਾ = ਜਿਉਂਦੇ ਹਨ ॥੮॥੧੫॥

## ਸਿਰੀਰਾਗੁ ਮਹਲਾ ੧ ॥
## ਡੂੰਗਰੁ ਦੇਖਿ ਡਰਾਵਣੋ; ਪੇਈਅੜੈ ਡਰੀਆਸੁ ॥

ਵੇਦਾਂ ਸ਼ਾਸਤ੍ਰਾਂ ਨੂੰ ਵਾਚ ਕੇ ਪ੍ਰਲੋਕ ਦੇ ਰਸਤੇ ਵਿਚ ਡਰਾਵਣੋ = ਭਿਆਨਕ ਡੂੰਗਰੁ = ਪਹਾੜ ਦੇਖਿ = ਵੇਖ ਕੇ ਇਸ ਮਾਤ ਲੋਕ ਰੂਪੀ ਪੇਈਅੜੈ = ਪੇਕੇ ਘਰ ਵਿਚ ਜਗਿਆਸੂ ਰੂਪ ਇਸਤਰੀ ਦੀ ਬੁੱਧੀ ਡਰੀਆਸੁ = ਡਰ ਰਹੀ ਹੈ, ਕਿ ਜਦੋਂ ਪ੍ਰਲੋਕ ਨੂੰ ਜਾਣਾ ਪਿਆ ਤਾਂ ਸਾਡਾ ਕੀ ਹਾਲ ਹੋਵੇਗਾ; ਕਿਉਂਕਿ :

## ਊਚਉ ਪਰਬਤੁ ਗਾਖੜੋ; ਨਾ ਪਉੜੀ ਤਿਤੁ ਤਾਸੁ ॥

ਪ੍ਰਲੋਕ ਰਸਤੇ ਵਿਚ ਆਉਣ ਵਾਲੇ ਊਚਉ = ਉੱਚੇ ਪਰਬਤੁ = ਪਹਾੜਾਂ ਉੱਤੇ ਚੜ੍ਹਨਾ ਬੜਾ ਗਾਖੜੋ = ਕਠਨ ਹੈ, ਤਿਤੁ = ਤਿਸ ਉੱਤੇ ਚੜ੍ਹਨ ਲਈ ਤਾਸੁ = ਉਸ ਜਗਿਆਸੂ ਰੂਪ ਇਸਤਰੀ ਦੇ ਕੋਲ ਪੁੰਨਾਂ ਰੂਪ ਪੌੜੀ ਨਾ = ਨਹੀਂ ਹੈ।

## ਦੂਸਰਾ ਅਰਥ

**ਡੂੰਗਰੁ ਦੇਖਿ ਡਰਾਵਣੋ; ਪੇਈਅੜੈ ਡਰੀਆਸੁ ॥**

ਇਸੇ ਪ੍ਰਕਾਰ ਜਮਾਂ ਦੇ ਰਸਤੇ ਵਿਚ ਪੰਜਾਂ ਵਿਕਾਰਾਂ ਰੂਪੀ ਭੈਦਾਇਕ ਪਹਾੜਾਂ ਨੂੰ ਦੇਖ ਕੇ ਇਸ ਮਾਤ ਲੋਕ ਰੂਪੀ ਪੇਕੇ ਘਰ ਵਿਚ ਅਧਿਕਾਰੀ ਰੂਪ ਇਸਤਰੀ ਡਰ ਰਹੀ ਹੈ; ਕਿ :

**ਊਚਉ ਪਰਬਤੁ ਗਾਖੜੋ; ਨਾ ਪਉੜੀ ਤਿਤੁ ਤਾਸੁ ॥**

ਇਹ ਕਾਮ, ਕ੍ਰੋਧ ਆਦਿਕ ਉੱਚੇ ਤੇ ਕਠਨ ਪਹਾੜ ਹਨ, ਤਿਤੁ = ਤਿਸ ਪਹਾੜਾਂ 'ਤੇ ਚੜ੍ਹਨ ਲਈ ਤਾਸੁ = ਉਸ ਅਧਿਕਾਰੀ ਰੂਪ ਇਸਤਰੀ ਕੋਲ ਸਾਧਨਾਂ ਰੂਪੀ ਪਉੜੀ ਨਹੀਂ ਹੈ।

## ਤੀਸਰਾ ਅਰਥ

**ਡੂੰਗਰੁ ਦੇਖਿ ਡਰਾਵਣੋ; ਪੇਈਅੜੈ ਡਰੀਆਸੁ ॥**

ਸਰੀਰ ਦੇ ਛੇ ਚੱਕਰਾਂ ਰੂਪ ਭਿਆਨਕ ਪਹਾੜਾਂ ਨੂੰ ਦੇਖ ਕੇ ਜੋਗੀ ਦੀ ਪੇਕੇ ਘਰ ਦੀ ਨਿਆਈਂ ਸੰਸਾਰਾਕਾਰ ਹੋਈ ਬਿਰਤੀ ਡਰ ਰਹੀ ਹੈ ਭਾਵ ਯੋਗਾਕਾਰ ਬਿਰਤੀ ਨਾ ਹੋਣ ਕਰਕੇ ਭੈ-ਭੀਤ ਹੋ ਰਹੀ ਹੈ ਕਿ ਇਨ੍ਹਾਂ ਨੂੰ ਸਿੱਧ ਕਰ ਕੇ ਦਸਵੇਂ ਦੁਆਰ ਕਿਵੇਂ ਪਹੁੰਚਣਾ ਕਰਾਂਗੇ ਭਾਵ ਨਹੀਂ ਪਹੁੰਚ ਸਕਦੇ; ਕਿਉਂਕਿ :

**ਊਚਉ ਪਰਬਤੁ ਗਾਖੜੋ; ਨਾ ਪਉੜੀ ਤਿਤੁ ਤਾਸੁ ॥**

ਦਸਵੇਂ ਦੁਆਰ ਦੇ ਰਸਤੇ ਵਿਚ ਆਉਣ ਵਾਲੇ ਚੱਕਰਾਂ ਰੂਪੀ ਉੱਚੇ ਪਹਾੜਾਂ ਉੱਤੇ ਚੜ੍ਹਨਾ ਬੜਾ ਕਠਿਨ ਹੈ, ਤਿਸ ਪਹਾੜਾਂ ਉੱਤੇ ਚੜ੍ਹਨ ਲਈ ਉਸ ਜੋਗੀ ਕੋਲ ਪ੍ਰਾਣਾਯਾਮ ਰੂਪੀ ਪਉੜੀ ਨਹੀਂ ਹੈ।

## ਚੌਥਾ ਅਰਥ

**ਡੂੰਗਰੁ ਦੇਖਿ ਡਰਾਵਣੋ; ਪੇਈਅੜੈ ਡਰੀਆਸੁ ॥**

ਪੰਜਾਂ ਕੋਸ਼ਾਂ ਰੂਪੀ ਭਿਆਨਕ ਪਹਾੜਾਂ ਨੂੰ ਵੇਖ ਕੇ ਇਸ ਮਾਤ ਲੋਕ ਰੂਪੀ ਪੇਕੇ ਘਰ ਵਿਚ ਅਧਿਕਾਰੀ ਦੀ ਸੰਸਾਰਾਕਾਰ ਹੋਈ ਬਿਰਤੀ ਡਰ ਰਹੀ ਹੈ ਕਿ ਕਿਸ ਪ੍ਰਕਾਰ ਪਰਮੇਸ਼ਰ ਦੀ ਪ੍ਰਾਪਤੀ ਕਰਾਂਗੇ **ਵਾ:** ਕਿਸ ਪ੍ਰਕਾਰ ਬ੍ਰਹਮਾਕਾਰ ਬਿਰਤੀ ਹੋਵੇਗੀ; ਕਿਉਂਕਿ :

**ਊਚਉ ਪਰਬਤੁ ਗਾਖੜੋ; ਨਾ ਪਉੜੀ ਤਿਤੁ ਤਾਸੁ ॥**

ਪੰਜੇ ਕੋਸ਼ਾਂ ਰੂਪੀ ਉੱਚੇ ਪਹਾੜਾਂ ਉੱਤੇ ਚੜ੍ਹਨਾ ਬੜਾ ਕਠਨ ਹੈ, ਤਿਸ ਉੱਤੇ ਚੜ੍ਹਣ ਲਈ ਉਸ ਅਧਿਕਾਰੀ ਕੋਲ ਭਗਤੀ ਰੂਪ ਪਉੜੀ ਨਹੀਂ ਹੈ।

**ਅਥਵਾ** ਪਰਮੇਸ਼ਰ ਦੀ ਪ੍ਰਾਪਤੀ **ਵਾ:** ਭਗਤੀ ਉੱਚੇ ਪਰਬਤ 'ਤੇ ਚੜ੍ਹਣ ਦੀ ਨਿਆਈਂ ਬੜੀ ਕਠਨ ਹੈ **ਅਥਵਾ** ਪਰਮੇਸ਼ਰ ਦਾ ਊਚਉ = ਉੱਚਾਪਨ ਇਹ ਹੈ ਕਿ ਉਹ ਤਿੰਨਾਂ ਗੁਣਾਂ ਤੋਂ ਅਤੀਤ ਤੇ ਮਨ, ਬਾਣੀ, ਸਰੀਰ ਦਾ ਵਿਸ਼ਾ ਨਹੀਂ ਹੈ, ਜੋ ਪੰਜੇ ਕੋਸ਼ਾਂ[੧] ਰੂਪ ਪਹਾੜਾਂ ਤੋਂ ਪਰ੍ਹੇ ਹੈ, ਐਸੇ ਪਰਮੇਸ਼ਰ ਦੇ ਸਰੂਪ ਦੀ ਪ੍ਰਾਪਤੀ ਬੜੀ ਕਠਨ ਹੈ।

**ਅਥਵਾ** ਉੱਚੇ ਪਰਬਤ ਦੀ ਨਿਆਈਂ ਬੈਕੁੰਠ ਉੱਚਾ ਹੈ, ਉਸ ਉੱਤੇ ਪਹੁੰਚਣਾ ਬੜਾ ਗਾਖੜੋ = ਔਖਾ

---

੧. ਵੇਦਾਂਤ ਗ੍ਰੰਥਾਂ ਵਿਚ ਪੰਜ ਕੋਸ਼ ਮੰਨੇ ਹਨ ਜੋ ਆਤਮਾ ਉੱਤੇ ਗਿਲਾਫ ਦੀ ਤਰ੍ਹਾਂ ਪੜਦਾ ਰੂਪ ਹਨ।
ੳ. **ਅੰਨਮਯ ਕੋਸ਼ :** ਅੰਨ ਤੋਂ ਉਤਪਨ ਤੇ ਅੰਨ ਦੇ ਹੀ ਆਸਰੇ ਰਹਿਣ ਵਾਲਾ ਸਥੂਲ ਸਰੀਰ ਜੋ ਪੰਜਾਂ ਤੱਤਾਂ (ਅਕਾਸ਼, ਵਾਯੂ, ਅਗਨੀ, ਜਲ, ਪ੍ਰਿਥਵੀ) ਦਾ ਰਚਤ ਹੈ ਇਹ ਅੰਨਮਯ ਕੋਸ਼ ਹੈ। ☛

ਹੈ। ਜਿਸ ਕੋਲ ਉਪਾਸ਼ਨਾ, ਭਗਤੀ ਰੂਪੀ ਪਉੜੀ ਨਹੀਂ ਹੈ, ਉਹ ਭਗਤੀ ਤੋਂ ਹੀਣਾ ਮਨੁੱਖ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਕਰ ਸਕਦਾ।

**ਵਾ:** ਬ੍ਰਹਮ ਪਰਬਤੁ = ਪਹਾੜ ਦੀ ਨਿਆਈਂ ਉੱਚਾ ਹੈ, ਜਿਸ ਦੀ ਪ੍ਰਾਪਤੀ ਰੂਪ ਪਉੜੀ 'ਤੇ ਚੜ੍ਹਨਾ ਬੜਾ ਗਾਖੜੋ = ਕਠਨ ਹੈ ਭਾਵ ਉਸ ਦੀ ਪ੍ਰਾਪਤੀ ਸੌਖੀ ਨਹੀਂ ਹੈ, ਤਿਸ ਜੀਵ ਕੋਲ ਉਸ ਉੱਚੇ ਬ੍ਰਹਮ ਦੀ ਪ੍ਰਾਪਤੀ ਲਈ ਨਾ ਤਾਂ ਬ੍ਰਹਮ ਵਿੱਦਿਆ ਰੂਪੀ **ਵਾ:** ਨਾ ਹੀ ਗਿਆਨ ਦੀਆਂ ਸੱਤ ਭੂਮਿਕਾ[1] ਸ਼ੁਭ ਇੱਛਾ, ਸੁਵਿਚਾਰਨਾ, ਤਨੂਮਾਨਸਾ, ਸਤ੍ਵਾਪਦ, ਅਸੰਸਕਤ, ਪਦਾਰਥ ਅਭਾਵਨੀ ਅਤੇ ਤੁਰੀਆ ਪਦ ਰੂਪੀ ਪਉੜੀ ਹੈ।

## ਗੁਰਮੁਖਿ ਅੰਤਰਿ ਜਾਣਿਆ; ਗੁਰਿ ਮੇਲੀ ਤਰੀਆਸੁ ॥੧॥

ਜਿਹੜੇ ਗੁਰਮਖਿ ਹਨ, ਉਨ੍ਹਾਂ ਨੇ ਅੰਤਰਿ = ਅੰਤਸ਼ਕਰਨ ਵਿਚ ਹੀ ਬ੍ਰਹਮ ਸਰੂਪ ਆਤਮਾ ਨੂੰ ਜਾਣ ਲਿਆ ਹੈ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਤਾਈਂ ਮੇਲੀ = ਮੇਲ ਲੈਣਾ ਕੀਤਾ ਹੈ, ਜਿਸ ਨਾਲ ਉਹ ਜੀਵ ਸੰਸਾਰ ਸਮੁੰਦਰ ਤੋਂ ਤਰੀਆਸੁ = ਤਰ ਗਏ ਹਨ **ਅਥਵਾ** ਆਸਾ ਰੂਪ ਨਦੀ ਤੋਂ ਤਰ ਕੇ ਮੁਕਤੀ ਰੂਪ ਕਿਨਾਰੇ ਉੱਤੇ ਪਹੁੰਚ ਗਏ ਹਨ॥੧॥

## ਭਾਈ ਰੇ; ਭਵਜਲੁ ਬਿਖਮੁ ਡਰਾਂਉ ॥

ਚੇਤਨ ਦੀ ਅੰਸ਼ ਹੋਣ ਕਰਕੇ ਸਤਿਗੁਰੂ ਜੀ ਸਾਰਿਆਂ ਨੂੰ ਭਾਈ ਕਹਿੰਦੇ ਹਨ ਜਾਂ ਜੀਵ ਨੂੰ ਭਰਾਤਾ ਕਹਿੰਦੇ ਹਨ ਕਿ ਹੇ ਜੀਵ! ਸੰਸਾਰ ਸਮੁੰਦਰ ਦੀ ਨਿਆਈਂ ਹੈ ਜਿਸ ਵਿਚ ਭੈ ਰੂਪੀ ਜਲ ਹੈ। ਉਸ ਨੂੰ ਤਰਨਾ ਬੜਾ ਬਿਖਮੁ = ਕਠਿਨ ਹੈ। ਉਸ ਵਿਚ ਪੰਜਾਂ ਕੋਸ਼ਾਂ ਰੂਪ ਪਹਾੜ ਹਨ ਅਤੇ ਡਰਾਂਉ = ਡਰ ਦੇਣ ਵਾਲੀ ਲਹੂ ਅਤੇ ਪਾਕ ਦੀ ਵੈਤਰਨੀ ਨਦੀ ਵਗ ਰਹੀ ਹੈ ਜਿਸ ਨੂੰ ਦੇਖ ਕੇ ਬੜਾ ਡਰ ਆਉਂਦਾ ਹੈ। ਮੁਸਲਮਾਨਾਂ ਦੇ ਮੱਤ ਅਨੁਸਾਰ ਵਾਲ ਨਾਲੋਂ ਭੀ ਬਰੀਕ ਪੁਲ ਹੈ, ਉਸ ਦੇ ਉਪਰੋਂ ਪੁੰਨੀ ਪੁਰਖ ਲੰਘ ਜਾਂਦੇ ਹਨ ਪਰੰਤੂ ਪਾਪੀਆਂ ਦੇ ਅੰਗ ਝੜ ਕੇ ਇਸ ਵਿਚ ਹੀ ਡਿਗ ਜਾਂਦੇ ਹਨ, ਇਸ ਲਈ ਇਹ ਬੜਾ ਕਠਿਨ ਹੈ। ਪੁਰਾਣਕ ਮਤ ਅਨੁਸਾਰ ੧੮ ਨਰਕ ਭੋਗ ਕੇ ੮੪ ਲੱਖ ਜੂਨ ਭੋਗਣੀ ਪੈਂਦੀ ਹੈ। ਜੈਸਾ ਕਿ :

**ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥** *(ਮਾਰੂ ਮ: ੧, ਅੰਗ ੧੦੨੮)*

ਇਉਂ ਜੀਵ ਦੇ ਕੋਲੋਂ ਲੇਖਾ ਲਿਆ ਜਾਂਦਾ ਹੈ। ਜਿਸ ਤਰ੍ਹਾਂ ਤਿਲਾਂ ਨੂੰ ਕੋਹਲੂ ਵਿਚ ਪੀੜਿਆ ਜਾਂਦਾ ਹੈ, ਇਸ ਤਰ੍ਹਾਂ ਪਾਪੀਆਂ ਨੂੰ ਪਰਲੋਕ ਵਿਚ ਪੀੜ ਕੇ ਲੇਖਾ ਲਿਆ ਜਾਂਦਾ ਹੈ। ਪਰਲੋਕ ਦੀ ਗਲੀ 'ਤੇ ਰਸਤਾ ਖੰਡੇ ਦੀ ਧਾਰ ਵਾਂਗ ਤਿੱਖਾ ਅਤੇ ਕਠਿਨ ਹੈ।

---

☛ਅ. **ਪ੍ਰਾਣਮਯ ਕੋਸ਼ :** ਪੰਜ ਕਰਮ ਇੰਦ੍ਰੀਆਂ ਤੇ ਪੰਜ ਪ੍ਰਾਣ (ਪ੍ਰਾਣ, ਅਪਾਨ, ਸਮਾਨ, ਉਦਾਨ, ਵਯਾਨ) ਨੂੰ ਮਿਲਾ ਕੇ ਪ੍ਰਾਣਮਯ ਕੋਸ਼ ਹੈ।

ੲ. **ਮਨੋਮਯ ਕੋਸ਼ :** ਪੰਜੇ ਗਿਆਨ ਇੰਦ੍ਰੇ ਤੇ ਅੰਤਸ਼ਕਰਣ ਦੀ ਸੰਕਲਪ ਵਿਕਲਪ ਰੂਪ ਵਿਰਤੀ (ਮਨ) ਇਹ ਮਨੋਮਯ ਕੋਸ਼ ਹੈ।

ਸ. **ਵਿਗਿਆਨਮਯ ਕੋਸ਼ :** ਪੰਜ ਗਿਆਨ ਇੰਦਰੇ ਤੇ ਅੰਤਸ਼ਕਰਣ ਦੀ ਨਿਸਚੇ ਰੂਪ ਵਿਰਤੀ (ਬੁੱਧੀ) ਮਿਲਾ ਕੇ ਵਿਗਿਆਨਮਯ ਕੋਸ਼ ਹੈ।

ਹ. **ਅਨੰਦਮਯ ਕੋਸ਼ :** ਸਤੋਗੁਣ ਵਸ਼ਿਸ਼ਟ ਜੀਵ ਆਤਮਾ ਦਾ ਅਵਰਨ ਵਾ: ਸਖੋਪਤੀ ਅਵਸਥਾ ਵਿਚ ਚੇਤਨ ਦੇ ਅਭਾਸ ਸਹਿਤ ਜੋ ਅਗਿਆਨ ਹੈ ਇਹ ਅਨੰਦਮਯ ਕੋਸ਼ ਹੈ।

੧. ***ਨੋਟ :*** ਜਪੁ ਜੀ ਸਾਹਿਬ ਦੀ ੩੨ਵੀਂ (ਇਕਦੂ ਜੀਭੌ...) ਵਾਲੀ ਪਉੜੀ ਵਿਚ ਸੱਤੇ ਭੂਮਿਕਾ ਦੀ ਵਿਆਖਿਆ ਵਿਸਤਾਰ ਪੂਰਬਕ ਪੜ੍ਹੋ ਜੀ।

## ਪੂਰਾ ਸਤਿਗੁਰੁ ਰਸਿ ਮਿਲੈ; ਗੁਰੁ, ਤਾਰੇ ਹਰਿ ਨਾਉ ॥੧॥ਰਹਾਉ॥

ਜੇਕਰ ਪੂਰਨ ਸਤਿਗੁਰੂ ਮਹਾਰਾਜ ਜੀ ਤੋਂ ਰਸਿ = ਪ੍ਰੇਮ ਦੀ ਪ੍ਰਾਪਤੀ ਹੋ ਜਾਵੇ **ਵਾ:** ਰਸਿ = ਪ੍ਰੇਮ ਨਾਲ ਸਤਿਗੁਰੂ ਸਾਹਿਬ ਜੀ ਮਿਲ ਜਾਣ ਤਾਂ ਗੁਰੂ ਸਾਹਿਬ ਜੀ ਹਰਿ = ਹਰੀ ਪਰਮੇਸ਼ਰ ਦਾ ਨਾਮ ਰੂਪੀ ਜਹਾਜ਼ ਦੇ ਕੇ ਸੰਸਾਰ ਸਮੁੰਦਰ ਤੋਂ ਤਾਰ ਦਿੰਦੇ ਹਨ ਭਾਵ ਕਿ ਪਾਰ ਕਰ ਦਿੰਦੇ ਹਨ, ਕਿਉਂਕਿ ਸਤਿਗੁਰੂ ਸਾਹਿਬ ਜੀ ਆਪ ਮੁਕਤ ਰੂਪ ਹਨ।[੧]

ਹੋਰਨਾਂ ਨੂੰ ਨਾਮ ਦੇ ਜਹਾਜ਼ ਉੱਤੇ ਚੜ੍ਹਾ ਕੇ ਤਾਰ ਦੇਣਾ ਕਰਦੇ ਹਨ। ਆਸਾ ਰੂਪ ਨਦੀ ਤੋਂ ਭਗਤੀ ਰੂਪ ਬੇੜੀ ਦੇ ਕੇ ਰਾਗ ਦਵੈਸ਼ ਨਾਲਿਆਂ ਤੋਂ **ਵਾ:** ਸੰਕਲਪ ਵਿਕਲਪ ਰੂਪੀ ਨਾਲਿਆਂ ਤੋਂ ਪ੍ਰੇਮ ਰੂਪੀ ਤੁਲਹਾ ਦੇ ਕੇ ਸੰਸਾਰ ਸਮੁੰਦਰ ਤੋਂ ਗਿਆਨ ਰੂਪੀ ਜਹਾਜ਼ ਦੇ ਕੇ ਤਾਰ ਦਿੰਦੇ ਹਨ॥੧॥ਰਹਾਉ॥

## ਚਲਾ ਚਲਾ ਜੇ ਕਰੀ; ਜਾਣਾ ਚਲਣਹਾਰੁ ॥

(**ਚੱਲਾ** ਅੱਧਕ ਸਹਿਤ ਬੋਲੋ)

ਚੱਲਣ ਦੀ ਗੱਲ ਤਾਂ ਹਰ ਇਕ ਅਗਿਆਨੀ ਭੀ ਕਹਿ ਦਿੰਦਾ ਹੈ ਕਿ ਚਲੇ ਹੀ ਜਾਣਾ ਹੈ, ਇਥੇ ਸਦਾ ਨਹੀਂ ਰਹਿਣਾ। ਵੇਦਾਂ-ਸ਼ਾਸਤਰਾਂ ਦੇ ਸੁਣਨ ਵਾਲਿਆਂ ਨੇ ਭੀ ਸੁਣ ਸੁਣ ਕੇ ਕਿ ਚਲੇ ਜਾਣਾ ਹੈ, ਜਾਣ ਦੀ ਐਸੀ ਗੱਲ ਤਾਂ ਕਰਦੇ ਰਹੀਏ, ਪਰੰਤੂ ਚਿੱਤ ਵਿਚ ਵੈਰਾਗ ਨਾ ਹੋਵੇ ਐਵੇਂ ਹੀ ਚਲੇ ਜਾਣ ਦੀਆਂ ਗੱਲਾਂ ਕਰਦੇ ਰਹੀਏ। ਪਰੰਤੂ ਸਮਝਣਾ ਚਾਹੀਦਾ ਹੈ ਕਿ ਚੱਲਣਹਾਰ ਕਿਹੜੀ ਚੀਜ਼ ਹੈ ? ਪ੍ਰਾਣ ਚਲੇ ਜਾਂਦੇ ਹਨ, ਹਰ ਰੋਜ਼ ਸੁਆਸ ਘਟਦੇ ਹਨ ਭਾਵ ਚਲੇ ਜਾਂਦੇ ਹਨ। ਦਿਨ ਪ੍ਰਤੀ ਦਿਨ ਅੰਗ ਮੁੜਦੇ ਜਾਂਦੇ ਹਨ। ਇਕ ਦਿਨ ਦੇਹ ਵਿੱਚੋਂ ਸੂਖਮ ਸਰੀਰ ਨੇ ਨਿਕਲ ਕੇ ਚਲੇ ਜਾਣਾ ਹੈ। ਇਉਂ ਚੱਲਣ ਵਾਲੀਆਂ ਚੀਜ਼ਾਂ ਨੂੰ ਸਮਝਣਾ ਚਾਹੀਦਾ ਹੈ ਕਿ ਕਿਹੜੀਆਂ ਵਸਤੂਆਂ ਚਲੀਆਂ ਜਾਣ ਵਾਲੀਆਂ ਹਨ।

## ਜੋ ਆਇਆ ਸੋ ਚਲਸੀ; ਅਮਰੁ ਸੁ ਗੁਰੁ ਕਰਤਾਰੁ ॥

ਜੋ ਕੋਈ ਵੀ ਸੰਸਾਰ ਵਿਚ ਜਨਮ ਧਾਰ ਕੇ ਆਇਆ ਹੈ, ਉਹ ਪਿੱਛੇ ਚਲਿਆ ਗਿਆ ਸੀ, ਹੁਣ ਚਲਿਆ ਜਾ ਰਿਹਾ ਹੈ ਅਤੇ ਅੱਗੇ ਨੂੰ ਚਲਸੀ = ਚਲਾ ਜਾਏਗਾ। ਅਮਰ ਰਹਿਣ ਵਾਲੇ ਕਰਤਾਰ ਰੂਪ ਗੁਰੂ ਸਾਹਿਬ ਜੀ ਹਨ ਜੋ ਸਦਾ ਹੀ ਅਮਰੁ = ਮਰਨ ਤੋਂ ਰਹਿਤ ਹਨ।

## ਭੀ ਸਚਾ ਸਾਲਾਹਣਾ; ਸਚੈ ਥਾਨਿ ਪਿਆਰੁ ॥੨॥

ਭੀ = ਫੇਰ ਉਸ ਸੱਚੇ ਪਰਮੇਸ਼ਰ ਨੂੰ ਹੀ ਸਾਲਾਹਣਾ ਕਰੀਏ ਜੋ ਸਦਾ ਹੀ ਸਥਿਰ ਹੈ। ਸਚੈ ਥਾਨਿ = ਸੱਚੇ ਸਾਧਸੰਗਤ ਰੂਪੀ ਥਾਂ ਵਿਚ ਪਿਆਰ ਕਰਕੇ ਸੱਚੇ ਨੂੰ ਸਲਾਹਿਆ ਜਾਂਦਾ ਹੈ **ਵਾ:** ਸੱਚੇ ਹਿਰਦੇ ਰੂਪੀ ਥਾਨਿ ਵਿਚ ਪਿਆਰ ਕਰਕੇ ਸੱਚੇ ਨੂੰ ਸਲਾਹਿਆ ਜਾਂਦਾ ਹੈ। ਸੱਚੇ ਹਿਰਦੇ ਰੂਪੀ ਥਾਨ ਵਿਚ ਪਿਆਰ ਕਰਕੇ ਸਰੂਪ ਰੂਪੀ ਥਾਨ ਪ੍ਰਾਪਤ ਕਰ ਲਈਦਾ ਹੈ **ਵਾ:** ਤੁਰੀਆ ਪਦ ਰੂਪ ਸੱਚਾ ਥਾਨ ਪ੍ਰਾਪਤ ਹੋ ਜਾਂਦਾ ਹੈ॥੨॥

## ਦਰ ਘਰ ਮਹਲਾ ਸੋਹਣੇ; ਪਕੇ ਕੋਟ ਹਜਾਰ ॥

ਹੇ ਭਾਈ ! ਉਨ੍ਹਾਂ ਦੇ ਦਰ = ਦਰਵਾਜ਼ੇ, ਘਰ ਤੇ ਮਹਿਲ ਵੀ ਸੋਹਣੇ ਹਨ ਜਿਨ੍ਹਾਂ ਵਿਚ ਵਾਹਿਗੁਰੂ ਦਾ ਨਾਮ ਜਪਿਆ ਜਾਂਦਾ ਹੈ **ਵਾ:** ਸਰੀਰ ਰੂਪੀ ਘਰ ਤੇ ਮੁੱਖ ਰੂਪੀ ਦਰ = ਦਰਵਾਜ਼ੇ, ਅੰਤਸ਼ਕਰਨ ਰੂਪ ਮਹਿਲ ਸੋਹਣੇ = ਸ਼ੋਭਾ ਵਾਲੇ ਹਨ। (ਇਸ ਦਾ ਅਰਥ ਉਪਰਲੀ ਪੰਗਤੀ ਨੂੰ ਧਿਆਨ ਵਿਚ ਰੱਖ ਕੇ ਕਰਨਾ ਕਿ ਜਿਨ੍ਹਾਂ ਦਾ

---

੧. **ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥** *(ਅੰਗ ੨੯੫)*

ਸਤਿਸੰਗਤ ਰੂਪੀ ਥਾਨ ਨਾਲ ਪਿਆਰ ਹੈ, ਉਹਨਾਂ ਦਾ ਹੀ ਇਹ ਸਭ ਕੁਝ ਸਫਲਾ ਮੰਨਿਆ ਹੈ।) ਉਹਨਾਂ ਦੇ ਪੱਕੇ ਰਾਜਿਆਂ-ਮਹਾਰਾਜਿਆਂ ਦੀ ਨਿਆਈਂ ਕੋਟ = ਕਿਲ੍ਹੇ ਬਣੇ ਹੋਏ ਹਨ ਅਤੇ ਹਜ਼ਾਰਾਂ ਗੁਣਾਂ ਦੇ ਸਮੇਤ ਹਨ। ਪਰਉਪਕਾਰ ਆਦਿ, ਲੋਕ ਭਲਾਈ ਦੇ ਕੰਮ ਹਜ਼ਾਰਾਂ ਜੀਵਾਂ ਨੂੰ ਅੰਨ ਦਾਨ ਦੇਣ ਰੂਪ ਹਜ਼ਾਰਾਂ ਪੁੰਨ ਸਫਲੇ ਹਨ **ਵਾ:** ਉਹ ਨਿਸ਼ਕਾਮ ਕਰਮਾਂ ਰੂਪੀ ਦ੍ਰਿੜ੍ਹਤਾ ਵਾਲੇ ਸੱਚੇ ਕਰਮ ਅਤੇ ਹਜ਼ਾਰਾਂ ਸ਼ੁਭ ਗੁਣਾਂ ਦੇ ਸਮੇਤ ਹਨ।

***ਦੂਸਰਾ ਅਰਥ :*** ਉਹ ਸਤਿਸੰਗਤ ਰੂਪੀ ਦਰ, ਬੈਕੁੰਠ ਰੂਪੀ ਘਰ ਤੇ ਸੱਚਖੰਡ ਰੂਪੀ ਮਹੱਲ ਵਿਚ ਸੋਹਣੇ = ਸੋਭਦੇ ਹਨ, ਜਿਨ੍ਹਾਂ ਦੇ ਚਿਤ ਨਿਸ਼ਕਾਮ ਕਰਮ ਕਰਨ ਵਿਚ ਪੱਕੇ ਹਨ, ਉਨ੍ਹਾਂ ਨੂੰ ਦਸਵੇਂ ਦੁਆਰ ਰੂਪੀ ਕੋਟ ਪ੍ਰਾਪਤ ਹੋਇਆ ਹੈ ਅਤੇ ਹਜ਼ਾਰਾਂ ਜੋਗੀ ਉਸ ਆਨੰਦ ਦੇ ਵਿਚ ਸੋਭਦੇ ਹਨ।

***ਤੀਸਰਾ ਅਰਥ :*** ਜੇਕਰ ਕੋਈ ਸੋਹਣੇ ਦਰ = ਦਰਵਾਜ਼ਿਆਂ ਵਾਲਾ ਘਰ ਤੇ ਸੁੰਦਰ ਮਹਿਲ ਬਣਾ ਲਵੇ, ਅਨੇਕਾਂ ਪੱਕੇ ਕੋਟ = ਕਿਲ੍ਹੇ ਬਣਾ ਲੈਣਾ ਕਰੇ ਅਤੇ ਪਹਿਰਾ ਦੇਣ ਲਈ ਹਜ਼ਾਰਾਂ ਫ਼ੌਜਾਂ ਰੱਖ ਲੈਣਾ ਕਰੇ।

## ਹਸਤੀ ਘੋੜੇ ਪਾਖਰੇ; ਲਸਕਰ ਲਖ ਅਪਾਰ ॥

ਹਸਤੀ = ਹਾਥੀ, ਘੋੜੇ ਖ਼ਰੀਦ ਕਰਕੇ ਉਹਨਾਂ ਉਪਰ ਸੁਨਹਿਰੀ ਪਾਖਰੇ = ਕਾਠੀਆਂ ਪਾ ਲੈਣੀਆਂ ਕਰੇ ਅਤੇ ਲਖ = ਲੱਖਾਂ ਦੀ ਗਿਣਤੀ ਵਿਚ ਲਸਕਰ = ਫ਼ੌਜਾਂ ਹੁਕਮ ਮੰਨਣ ਵਾਲੀਆਂ ਅਪਾਰ = ਬੇਅੰਤ ਹੋਣ।

## ਕਿਸ ਹੀ ਨਾਲਿ ਨ ਚਲਿਆ; ਖਪਿ ਖਪਿ ਮੁਏ ਅਸਾਰ ॥੩॥

ਇਸ ਤਰ੍ਹਾਂ ਦੇ ਸਾਰੇ ਪਦਾਰਥ ਅੰਤ ਸਮੇਂ ਕਿਸੇ ਦੇ ਨਾਲ ਨ ਚਲਿਆ = ਚੱਲਣਾ ਨਹੀਂ ਕਰਦੇ। ਪਦਾਰਥਾਂ ਵਿਚ ਅਸਾਰ = ਬੇਸੰਭਾਲ ਹੋ ਕੇ ਖਪਿ = ਮਰ ਗਏ ਹਨ। ਕਿਸੇ ਨੇ ਕੋਈ ਅਸਾਰ = ਖ਼ਬਰ ਨਹੀਂ ਰੱਖੀ ਕਿ ਕਿਤਨੇ ਇਸ ਤਰ੍ਹਾਂ ਪਦਾਰਥਾਂ ਦੇ ਮੋਹ ਵਿਚ ਖਪਿ ਖਪਿ = ਖਚਤ ਹੋ ਹੋ ਕੇ ਭਾਵ ਦੁਖੀ ਹੋ ਕੇ ਮਰ ਗਏ ਹਨ ਭਾਵ ਨਾਸ ਹੋ ਗਏ ਹਨ। ਮੁਸਲਮਾਨਾਂ ਦੀਆਂ ਕਿਤਾਬਾਂ ਵਿਚ ਲਿਖਿਆ ਹੈ ਕਿ ਇਕ ਪੈਰ ਰੱਖੀਏ ਤਾਂ ਬਾਦਸ਼ਾਹ ਦੀ ਕਬਰ ਉੱਤੇ ਅਤੇ ਦੂਜਾ ਪੈਰ ਰੱਖੀਏ ਤਾਂ ਵਜ਼ੀਰ ਦੀ ਕਬਰ ਉੱਤੇ ਟਿਕਦਾ ਹੈ ਭਾਵ ਕਿ ਇਤਨੇ ਬਾਦਸ਼ਾਹ ਅਤੇ ਵਜ਼ੀਰ ਹੋ ਚੁੱਕੇ ਹਨ। ਇਸ ਤਰ੍ਹਾਂ ਪਦਾਰਥਾਂ ਵਿਚ ਖਪ ਖਪ ਕੇ ਮੁਏ = ਮਰ ਗਏ, ਉਹਨਾਂ ਨੇ ਪਰਮੇਸ਼ਰ ਦੀ ਅਸਾਰ = ਖ਼ਬਰ ਨਹੀਂ ਕਰਨਾ ਕੀਤੀ ॥੩॥

## ਸੁਇਨਾ ਰੁਪਾ ਸੰਚੀਐ; ਮਾਲੁ ਜਾਲੁ ਜੰਜਾਲੁ ॥

ਜੇਕਰ ਸੁਇਨਾ = ਸਵਰਨ ਰੁਪਾ = ਚਾਂਦੀ ਸੰਚੀਐ = ਇਕੱਠੀ ਕਰ ਲੈਣਾ ਕਰੀਏ ਤਾਂ ਮਾਲੁ = ਹਾਥੀ ਘੋੜੇ ਆਦਿ ਸਮੂਹ ਪਦਾਰਥਾਂ ਦਾ ਜਾਲੁ = ਫੰਧਾ ਜੰਜਾਲੁ = ਬੰਧਨ ਰੂਪ ਹੀ ਹੈ।

## ਸਭ ਜਗ ਮਹਿ ਦੋਹੀ ਫੇਰੀਐ; ਬਿਨੁ ਨਾਵੈ ਸਿਰਿ ਕਾਲੁ ॥

ਭਾਵੇਂ ਸਭ = ਸਾਰੇ ਜਗ = ਜਗਤ ਮਹਿ = ਵਿਚ ਦੋਹੀ = ਢੰਡੋਰਾ ਫੇਰੀਐ = ਫਿਰਾ ਦੇਈਏ ਕਿ ਮੇਰੇ ਵਰਗਾ ਕੋਈ ਨਹੀਂ ਹੈ। ਪਰ ਪਰਮੇਸ਼ਰ ਦਾ ਨਾਵੈ = ਨਾਮ ਜਪਣ ਤੋਂ ਬਿਨੁ ਬਗ਼ੈਰ ਸਿਰ ਉੱਤੇ ਕਾਲ ਖੜ੍ਹਾ ਹੀ ਰਹਿੰਦਾ ਹੈ।

## ਪਿੰਡੁ ਪੜੈ ਜੀਉ ਖੇਲਸੀ; ਬਦਫੈਲੀ ਕਿਆ ਹਾਲੁ ॥੪॥

(**ਪੜੈ** ਪੋਲਾ ਬੋਲੋ)

ਪਿੰਡੁ = ਸਰੀਰ ਤਾਂ ਇਥੇ ਪੜੈ = ਪਿਆ ਰਹਿ ਜਾਵੇਗਾ ਅਤੇ ਜੀਉ = ਜੀਵ-ਆਤਮਾ ਸੰਸਾਰ ਦੀ ਖੇਡ

ਨੂੰ ਖੇਡ ਕੇ ਅੱਗੇ ਚਲਿਆ ਜਾਵੇਗਾ ਜਿਵੇਂ ਜੂਆਰੀ ਜੂਏ ਦੀ ਖੇਡ ਵਿਚ ਆਪਣੀ ਪੂੰਜੀ ਹਾਰ ਕੇ ਖ਼ਾਲੀ ਹੱਥ ਪਸ਼ਚਾਤਾਪ ਕਰਦਾ ਚਲਿਆ ਜਾਂਦਾ ਹੈ॥੪॥ ਜੈਸਾ ਕਿ :

**ਚਲੇ ਜੁਆਰੀ ਦੁਇ ਹਥ ਝਾਰਿ॥** *(ਭੈਰਉ ਕਬੀਰ ਜੀ, ਅੰਗ ੧੧੫੯)*

ਜਿਹੜੇ ਪੁਰਸ਼ ਬਦਫੈਲੀ = ਭੈੜੇ ਕਰਮ ਕਰਦੇ ਹਨ, ਮਾਸ, ਸ਼ਰਾਬ ਆਦਿ ਦਾ ਸੇਵਨ ਕਰਦੇ ਹਨ, ਪਰਾਏ ਸਰੀਰ ਨਾਲ ਬਿਭਚਾਰ ਕਰਦੇ ਹਨ, ਉਹਨਾਂ ਦੀ ਅੰਤ ਨੂੰ ਪਰਲੋਕ ਵਿਚ ਕਿਆ = ਕੀ ਹਾਲੁ = ਹਾਲਾਤ ਹੋਵੇਗੀ ? ਜਿਵੇਂ ਵਿਜੈ ਮੁਕਤ ਸ਼ਾਸਤਰ ਵਿਚ ਕਲਗ਼ੀਧਰ ਪਾਤਸ਼ਾਹ ਜੀ ਨੇ ਐਸਾ ਲਿਖਿਆ ਹੈ ਕਿ ਪਰਲੋਕ ਵਿਚ ਤਮਾਕੂ ਪੀਣ ਵਾਲੇ ਨੂੰ ਕੁੱਤੇ ਦਾ ਬਿਸ਼ਟਾ ਖਾਣ ਲਈ ਦਿੱਤਾ ਜਾਂਦਾ ਹੈ ਅਤੇ ਸ਼ਰਾਬ ਪੀਣ ਵਾਲੇ ਨੂੰ ਕੁੱਤੇ ਦਾ ਪਿਸ਼ਾਬ ਪੀਣ ਲਈ ਦਿੱਤਾ ਜਾਂਦਾ ਹੈ। ਇਉਂ ਬਦਫੈਲੀ ਕਰਨ ਵਾਲੇ ਦਾ ਬੁਰਾ ਹਾਲ ਹੀ ਹੋਵੇਗਾ।

## ਪੁਤਾ ਦੇਖਿ ਵਿਗਸੀਐ; ਨਾਰੀ ਸੇਜ ਭਤਾਰ॥

(**ਵਿਗੱਸੀਐ** ਅੱਧਕ ਸਹਿਤ ਬੋਲੋ)

ਆਪਣੇ ਪੁਤਾ = ਪੁੱਤਰਾਂ ਨੂੰ ਦੇਖ ਦੇਖ ਕੇ ਜੀਵ ਵਿਗਸੀਐ = ਖਿੜਦਾ ਹੈ ਕਿ ਮੇਰੇ ਪੁੱਤਰ ਹੋਣਹਾਰ ਹਨ, ਮੇਰੇ ਪੁੱਤਰ ਨੌਜੁਆਨ ਹੋ ਕੇ ਧਨ ਕਮਾ ਕੇ ਲਿਆਉਣਗੇ। ਇਸ ਪ੍ਰਕਾਰ ਪੁੱਤਰਾਂ ਨੂੰ ਵੇਖ ਵੇਖ ਕੇ ਖਿੜਦਾ ਹੈ। ਨਾਰੀ = ਇਸਤਰੀ ਨੂੰ ਸੇਜਾ ਉੱਤੇ ਦੇਖ ਕੇ ਖ਼ੁਸ਼ ਹੁੰਦਾ ਹੈ **ਵਾ:** ਨਾਰੀ = ਇਸਤਰੀ ਆਪਣੇ ਭਤਾਰ = ਪਤੀ ਨੂੰ ਸੇਜਾ ਉੱਤੇ ਦੇਖ ਕੇ ਖ਼ੁਸ਼ ਹੁੰਦੀ ਹੈ।

## ਚੋਆ ਚੰਦਨੁ ਲਾਈਐ; ਕਾਪੜੁ ਰੂਪੁ ਸੀਗਾਰੁ॥

ਜੇਕਰ ਚੁਆ ਚੁਆ ਕੇ ਚੰਦਨ ਦਾ ਅਤਰ ਲਾ ਲੈਣਾ ਕਰੀਏ ਜਾਂ ਸਰੀਰ ਉੱਤੇ ਚੰਦਨ ਘਸਾ ਕੇ ਲੇਪ ਕਰ ਲੈਣਾ ਕਰੀਏ ਅਤੇ ਚੰਗੇ ਕਪੜੇ ਸਰੀਰ ਉੱਤੇ ਪਹਿਨ ਲੈਣਾ ਕਰੀਏ, ਬਨਾਵਟੀ ਪਦਾਰਥਾਂ ਨਾਲ ਰੂਪੁ = ਸਰੂਪ ਨਿਖਾਰ ਲੈਣਾ ਕਰੀਏ, ਅਨੇਕਾਂ ਗਹਿਣਿਆਂ ਆਦਿ ਦਾ ਸ਼ਿੰਗਾਰ ਕਰ ਲੈਣਾ ਕਰੀਏ।

## ਖੇਹੂ ਖੇਹ ਰਲਾਈਐ; ਛੋਡਿ ਚਲੈ ਘਰ ਬਾਰੁ॥੫॥

ਪਰੰਤੂ ਇਹ ਸਰੀਰ ਖੇਹੂ = ਮਿੱਟੀ ਰੂਪ ਹੈ ਅਤੇ ਅੰਤ ਵੇਲੇ ਖੇਹ = ਮਿੱਟੀ ਵਿਚ ਹੀ ਰਲਾਈਐ = ਰਲਾਇਆ ਜਾਣਾ ਹੈ।[੧]

ਇਉਂ ਜਿਹੜੇ ਘਰ ਆਪਣੇ ਲਈ ਬਣਾਉਣਾ ਕੀਤੇ ਸਨ, ਜਿਹਨਾਂ ਦੇ ਬਾਰੁ = ਦਰਵਾਜ਼ੇ ਚੰਦਨ ਦੇ ਲੱਗੇ ਹੋਏ ਸਨ, ਇਹ ਜੀਵ ਉਹਨਾਂ ਨੂੰ ਇਕ ਛਿਨ ਵਿਚ ਛੋਡਿ ਚਲੈ = ਛੱਡ ਕੇ ਚਲੇ ਜਾਣਗੇ। ਜਿਹੜੇ ਸਰੀਰ ਵਾਸਤੇ ਘਰਬਾਰ ਬਣਾਉਣਾ ਕੀਤਾ ਸੀ, ਉਸ ਸਰੀਰ ਨੂੰ ਬਾਰ = ਉਜਾੜ ਵਿਚ ਛੱਡ ਆਉਣਗੇ ਭਾਵ ਸ਼ਮਸ਼ਾਨ ਭੂਮੀ ਭਾਵ ਕਬਰਾਂ ਵਿਚ ਲੈ ਜਾਣਗੇ **ਵਾ:** ਇਸ ਪ੍ਰਕਾਰ ਬਾਰੁ = ਇੰਦਰੀਆਂ ਰੂਪ ਦਰਵਾਜ਼ੇ ਵਾਲੇ ਘਰ = ਸਰੀਰ ਨੂੰ ਛੱਡ ਕੇ ਜੀਵ ਪਰਲੋਕ ਨੂੰ ਚਲੇ ਜਾਣਗੇ। ਸਰੀਰ ਇਥੇ ਹੀ ਰੁਲਦਾ ਰਹਿ ਜਾਵੇਗਾ॥੫॥ ਜੈਸਾ ਕਿ :

**ਊਚੇ ਮੰਦਰ ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥** *(ਸੂਹੀ, ਅੰਗ ੭੯੪)*

## ਮਹਰ ਮਲੂਕ ਕਹਾਈਐ; ਰਾਜਾ ਰਾਉ ਕਿ ਖਾਨੁ॥

ਮਹਰ ਗੁੱਜਰਾਂ ਦੇ ਲੰਬੜਦਾਰ (ਮੁਖੀ) ਦਾ ਨਾਮ ਅਤੇ ਮਲੂਕ ਬਲੋਚਾਂ ਦੇ ਲੰਬੜਦਾਰ ਦਾ ਨਾਮ ਹੁੰਦਾ

---

੧. **ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ॥** *(ਸਲੋਕ ਮਹਲਾ ੧, ਅੰਗ ੧੨੪੪)*

ਹੈ। ਇਉਂ ਮਹਰ ਮਲੂਕ ਕਹਾਈਏ ਭਾਵ ਆਪਣੇ ਆਪਣੇ ਕੌਮਾਂ ਦੇ ਆਗੂ ਬਣ ਜਾਈਏ। (ਮਲੂਕ ਨਾਮ ਮਲਕ ਜਮ੍ਹਾਂ ਕਰਨ ਤੋਂ ਹੈ ਤੇ ਮਲਕ ਨਾਮ ਧਨ ਸੰਪਦਾ ਬਿਭੂਤੀ ਦਾ ਨਾਮ ਹੈ। ਕੋਸ਼ਾਂ ਵਿਚ ਐਸੇ ਅਰਥ ਹਨ। ਇਸ ਕਰਕੇ ਬਾਦਸ਼ਾਹ ਦਾ ਨਾਮ ਮਲੂਕ ਪੈ ਗਿਆ।) ਜੇਕਰ ਪਾਤਸ਼ਾਹ ਕਹਾ ਲੈਣਾ ਕਰੀਏ ਜਾਂ ਰਾਜਾ = ਰਜਵਾੜਿਆਂ ਦੇ ਮਾਲਕ ਕਹਾ ਲੈਣਾ ਕਰੀਏ, ਰਾਉ = ਛੋਟੇ ਰਾਜੇ ਕਹਾ ਲੈਣਾ ਕਰੀਏ ਕਿ = ਜਾਂ ਖਾਨੁ = ਪਠਾਣਾਂ ਦਾ ਸਰਦਾਰ ਕਹਾ ਲਈਏ।

## ਚਉਧਰੀ ਰਾਉ ਸਦਾਈਐ; ਜਲਿ ਬਲੀਐ ਅਭਿਮਾਨ ॥

ਚਉਧਰੀ = ਜਿਸ ਦੇ ਕੋਲ ਚੌਧਰ ਹੋਵੇ। ਪੁਰਾਣੇ ਸਮੇਂ ਵਿਚ ਜਿਸ ਵਿਅਕਤੀ ਕੋਲ ਪਿੰਡ ਦੀ ਚੌਧਰ ਹੁੰਦੀ ਸੀ, ਉਸ ਨੂੰ ਚੌਧਰੀ ਭਾਵ ਨਗਰ ਦਾ ਮੁਖੀਆ ਅਤੇ ਹੁਣ ਬੋਲੀ ਵਿਚ ਸਰਪੰਚ ਕਿਹਾ ਜਾਂਦਾ ਹੈ ਅਤੇ ਰਾਉ = ਉਪਰਾਜ, ਅਮੀਰ (ਮਹਾਰਾਸ਼ਟਰ ਅਤੇ ਰਾਜਪੂਤਾਨੇ ਵਿਚ ਅਮੀਰਾਂ ਦੀ ਇਕ ਪਦਵੀ ਦਾ ਨਾਮ ਰਾਉ ਹੈ) ਇਉਂ ਐਸੀਆਂ ਵਡਿਆਈਆਂ ਪਾ ਕੇ ਚਉਧਰੀ, ਰਾਉ, ਰਾਜਾ, ਖ਼ਾਨ, ਮਹਰ, ਮਲੂਕ ਆਦਿ ਕਹਾ ਲਈਏ ਪਰੰਤੂ ਇਸ ਦਾ ਕੀ ਫਲ ਪ੍ਰਾਪਤ ਹੋਇਆ। ਐਵੇਂ ਹੀ ਹੰਕਾਰ ਵਿਚ ਜਲ ਬਲ ਕੇ ਸੁਆਹ ਹੋਈਦਾ ਹੈ, ਹੋਰ ਕੋਈ ਵੀ ਲਾਭ ਪ੍ਰਾਪਤ ਨਹੀਂ ਹੁੰਦਾ।

## ਮਨਮੁਖਿ ਨਾਮੁ ਵਿਸਾਰਿਆ; ਜਿਉ ਡਵਿ ਦਧਾ ਕਾਨੁ ॥੬॥

(**ਦਧਾ** ਭਾਰਾ ਬੋਲੋ)

ਮਨਮੁਖ ਜੀਵਾਂ ਨੇ ਪਰਮੇਸ਼ਰ ਦੇ ਨਾਮ ਨੂੰ ਵਿਸਾਰਿਆ = ਭੁਲਾ ਦਿੱਤਾ ਹੈ। ਜਿਉ = ਜਿਸ ਪ੍ਰਕਾਰ ਡਵਿ = ਡੌਂ ਅਗਨੀ ਦੇ ਨਾਲ ਕਾਨੁ = ਜੰਗਲ ਦਧਾ = ਸੜਿਆ ਹੁੰਦਾ ਹੈ, ਇਉਂ ਮਨਮੁਖ ਲੋਕ ਸੜੇ ਹੋਏ ਜੰਗਲ ਦੀ ਨਿਆਈਂ ਹਨ। ਜਿਵੇਂ ਅਗਨੀ ਵਿਚ ਸੜਿਆ ਕਾਨਾ ਉਪਰੋਂ ਤਾਂ ਪ੍ਰਤੀਤ ਹੁੰਦਾ ਹੈ ਪਰੰਤੂ ਉਹ ਨਿਰੀ ਸੁਆਹ ਹੀ ਹੁੰਦੀ ਹੈ, ਇਸ ਪ੍ਰਕਾਰ ਮਨਮੁਖਾਂ ਦੇ ਸਰੀਰਾਂ ਦੇ ਆਕਾਰ ਦਿਸਣ ਨੂੰ ਤਾਂ ਹਨ ਪਰੰਤੂ ਤ੍ਰਿਸ਼ਨਾ ਰੂਪੀ ਡੌਂ ਅਗਨੀ ਦੇ ਸਾੜੇ ਹੋਏ ਹਨ। ਜਿਸ ਤਰ੍ਹਾਂ ਕਾਨਾ ਸੜਿਆ ਹੋਇਆ ਉਪਰੋਂ ਲਿਸ਼ਕਦਾ ਹੈ, ਇਸ ਤਰ੍ਹਾਂ ਉਪਰੋਂ ਸਰੀਰ ਦੀ ਚਮਕ ਦਮਕ ਦਿੱਸਦੀ ਹੈ। ਇਨ੍ਹਾਂ ਵਿਚ ਨਾਮ ਬਾਣੀ ਤੇ ਪ੍ਰੇਮ ਦਾ ਕੋਈ ਵੀ ਰਸ ਨਹੀਂ ਹੈ, ਇਹ ਕਾਮ-ਕ੍ਰੋਧ ਦੀ ਡੌਂ ਅਗਨੀ ਵਿਚ ਸੜੇ ਹੋਏ ਹਨ॥੬॥

**[ਅੰਗ ੬੪]**

## ਹਉਮੈ ਕਰਿ ਕਰਿ ਜਾਇਸੀ; ਜੋ ਆਇਆ ਜਗ ਮਾਹਿ ॥

ਜਿੰਨੀ ਵੀ ਸ੍ਰਿਸ਼ਟੀ ਹੈ, ਉਹ ਹਉਮੈ ਕਰ ਕਰ ਕੇ ਚਲੀ ਗਈ, ਪਿੱਛੇ ਭੀ ਚਲੀ ਗਈ ਤੇ ਹੁਣ ਭੀ ਜਾ ਰਹੀ ਹੈ ਅਤੇ ਅੱਗੇ ਨੂੰ ਭੀ ਚਲੀ ਜਾਵੇਗੀ। ਜੋ ਵੀ ਜੀਵ ਜਨਮ ਧਾਰ ਕੇ ਜਗ = ਜਗਤ ਮਾਹਿ = ਵਿਚ ਆਇਆ ਹੈ, ਉਹ ਹਉਮੈ ਕਰ ਕਰ ਕੇ ਹੀ ਜਾਇਸੀ = ਜਾ ਰਿਹਾ ਹੈ।

## ਸਭੁ ਜਗੁ ਕਾਜਲ ਕੋਠੜੀ; ਤਨੁ ਮਨੁ ਦੇਹ ਸੁਆਹਿ ॥

ਸਾਰਾ ਸੰਸਾਰ ਕਾਜਲ = ਸਿਆਹੀ (ਕਾਲਖ) ਦੀ ਕੋਠੜੀ ਦੀ ਨਿਆਈਂ ਹੈ ਜਿਵੇਂ ਸੁਰਮੇ ਦੀ ਕੋਠੜੀ ਵਿਚ ਪੈ ਕੇ ਸਿਰ ਮੂੰਹ ਕਾਲਾ ਹੋ ਜਾਂਦਾ ਹੈ, ਇਸੇ ਤਰ੍ਹਾਂ ਸੰਸਾਰ ਵਿਸ਼ੇ-ਵਿਕਾਰਾਂ, ਪਾਪਾਂ ਦੀ ਕਾਲਖ ਦਾ ਭਰਿਆ ਹੋਇਆ ਹੈ। ਇਨ੍ਹਾਂ ਵਿਸ਼ਿਆਂ ਤਨੁ = ਨਾਲ ਲੱਗ ਕੇ ਦੇਹ = ਸਰੀਰ ਵੀ ਸੁਆਹ ਹੋ ਜਾਂਦਾ ਹੈ ਅਤੇ ਮਨ ਵੀ ਕਾਲਾ ਹੋ ਜਾਂਦਾ ਹੈ। ਇਸ ਕਰਕੇ ਲਾਹਨਤਾਂ ਦੀ ਸੁਆਹ ਪੈਂਦੀ ਹੈ ਪਰ ਬਚਿਆ ਕੌਣ ਹੈ ?

## ਗੁਰਿ ਰਾਖੇ ਸੇ ਨਿਰਮਲੇ; ਸਬਦਿ ਨਿਵਾਰੀ ਭਾਹਿ ॥੭॥

ਜਿਨ੍ਹਾਂ ਦੇ ਗੁਰੂ ਸਾਹਿਬ ਜੀ ਰਾਖੇ = ਰੱਖਿਆ ਕਰਨ ਵਾਲੇ ਹੋਏ ਹਨ, ਸੇ = ਉਹ ਪੁਰਸ਼ ਇਸ ਸੰਸਾਰ ਰੂਪੀ ਕੱਜਲ ਦੀ ਕੋਠੜੀ ਵਿਚ ਰਹਿੰਦੇ ਹੋਏ ਵਿਕਾਰਾਂ ਅਤੇ ਪਾਪਾਂ ਦੀ ਮੈਲ ਤੋਂ ਨਿਰਮਲੇ = ਸ਼ੁੱਧ ਹੋ ਗਏ ਹਨ, ਕਿਉਂਕਿ ਗੁਰੂ ਸਾਹਿਬ ਜੀ ਨੇ ਉਨ੍ਹਾਂ ਦੀ ਵਿਕਾਰਾਂ ਤੋਂ ਸਬਦਿ = ਉਪਦੇਸ਼ ਦੁਆਰਾ ਬਚਾ ਕੇ ਤ੍ਰਿਸ਼ਨਾ ਦੀ ਭਾਹਿ = ਅਗਨੀ ਨਿਵਾਰੀ = ਨਵਿਰਤ ਕਰ ਦਿੱਤੀ ਹੈ **ਵਾ:** ਕਾਲ ਦੀ ਅੱਗ ਮਾਇਆ ਦੀ ਇੱਛਾ ਰੂਪ ਅੱਗ, ਈਰਖਾ ਰੂਪ ਅੱਗ, ਗਰਭ ਦੀ ਅੱਗ, ਨਰਕਾਂ ਆਦਿ ਦੀ ਅੱਗ ਮੇਟ ਦਿੱਤੀ ਹੈ ॥੭॥

## ਨਾਨਕ ਤਰੀਐ ਸਚਿ ਨਾਮਿ; ਸਿਰਿ ਸਾਹਾ ਪਾਤਿਸਾਹੁ ॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਸੱਚੇ ਨਾਮ ਨੂੰ ਜਪ ਕੇ ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ। ਉਹ ਪਰਮੇਸ਼ਰ ਸਿਰਿ = ਸ਼ਿਰੋਮਣੀ ਹੈ। ਦੁਨੀਆਂ ਦੇ ਸਾਹਾ = ਸ਼ਾਹੂਕਾਰਾਂ ਦਾ ਵੀ ਪਾਤਿਸਾਹੁ = ਬਾਦਸ਼ਾਹ ਹੈ **ਵਾ:** ਕੁਬੇਰ ਭੰਡਾਰੀ, ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿ ਸਾਰਿਆਂ ਪੂਜਨੀਕਾਂ ਦਾ ਸਾਹਾ = ਪਾਤਸ਼ਾਹ ਰੂਪ ਹੈ। ਇਸ ਤਰ੍ਹਾਂ ਅਰਜ਼ ਕਰੀਏ; ਕਿ :

## ਮੈ ਹਰਿ ਨਾਮੁ ਨ ਵੀਸਰੈ; ਹਰਿ ਨਾਮੁ ਰਤਨੁ ਵੇਸਾਹੁ ॥

ਮੈ = ਮੈਨੂੰ ਕਦੇ ਵੀ ਹਰਿ = ਪਰਮੇਸ਼ਰ ਦਾ ਨਾਮ ਨ ਵੀਸਰੈ = ਭੁੱਲੇ ਕਿਉਂਕਿ ਮੈਂ ਤਾਂ ਸਤਿਗੁਰਾਂ ਪਾਸੋਂ ਹਰਿ = ਹਰੀ ਨਾਮ ਰੂਪੀ ਰਤਨੁ = ਮਾਣਕ ਹੀ ਵੇਸਾਹੁ = ਖ਼ਰੀਦਿਆ ਹੈ **ਵਾ:** ਮੈਨੂੰ ਨਾਮ ਰੂਪੀ ਰਤਨ ਦਾ ਹੀ ਵੇਸਾਹੁ = ਭਰੋਸਾ ਹੈ।

## ਮਨਮੁਖ ਭਉਜਲਿ ਪਚਿ ਮੁਏ; ਗੁਰਮੁਖਿ ਤਰੇ ਅਥਾਹੁ ॥੮॥੧੬॥

ਜਿਹੜੇ ਮਨਮੁਖ = ਮਨ ਦੇ ਹੀ ਆਖੇ ਲੱਗਣ ਵਾਲੇ, ਮਨਮਾਨੀਆਂ ਕਰਨ ਵਾਲੇ ਪੁਰਖ ਹਨ, ਉਹ ਅੰਤ ਨੂੰ ਭਉਜਲ = ਸੰਸਾਰ ਰੂਪੀ ਸਮੁੰਦਰ ਵਿਚ ਪਚਿ = ਖੱਚਤ ਹੋ ਕੇ ਵਿੱਚੇ ਹੀ ਮੁਏ = ਮਰ ਗਏ ਹਨ **ਵਾ:** ਮਰ ਰਹੇ ਹਨ। ਜਿਹੜੇ ਗੁਰਮੁਖ ਨਾਮ ਅਭਿਆਸੀ, ਜਿਨ੍ਹਾਂ ਦਾ ਜੀਵਨ ਗੁਰੂ ਦੇ ਮੁੱਖ ਤੋਂ ਨਿਕਲੇ ਉਪਦੇਸ਼ ਅਨੁਸਾਰ ਹੈ, ਉਹ ਅਥਾਹੁ = ਡੂੰਘੇ ਸੰਸਾਰ ਰੂਪੀ ਸਮੁੰਦਰ ਤੋਂ ਤਰੇ = ਤਰ ਗਏ ਭਾਵ ਮੁਕਤ ਹੋ ਗਏ ਹਨ ॥੮॥੧੬॥

## ਸਿਰੀਰਾਗੁ ਮਹਲਾ ੧ ਘਰੁ ੨ ॥

**ਉਥਾਨਕਾ :** ਸਤਿਗੁਰੂ ਨਾਨਕ ਦੇਵ ਮਹਾਰਾਜ ਜੀ ਜਿਸ ਵਕਤ ਮੱਕੇ ਗਏ ਤਾਂ ਮੱਕੇ ਜਾਣ ਤੋਂ ਬਾਅਦ ਭਾਈ ਮਰਦਾਨਾ ਜੀ ਸਤਿਗੁਰੂ ਪਾਤਸ਼ਾਹ ਜੀ ਨੂੰ ਆਖਣ ਲੱਗਾ ਕਿ ਪਾਤਸ਼ਾਹ ਜੀ ! ਮੈਂ ਆਪ ਜੀ ਦੀ ਕਿਰਪਾ ਸਦਕਾ ਮੱਕਾ ਦੇਖ ਲਿਆ ਹੈ, ਹੁਣ ਆਪ ਜੀ ਮੈਨੂੰ ਮਦੀਨਾ ਵੀ ਵਿਖਾ ਦੇਣਾ ਕਰੋ। ਜਿਥੇ ਮੁਹੰਮਦ ਸਾਹਿਬ ਦੀ ਕਬਰ ਮੌਜੂਦ ਹੈ। ਮੁਸਲਮਾਨ ਉਥੇ ਇਹ ਗੀਤ ਗਾਉਂਦੇ ਹਨ ਕਿ ਮੌਲਾ ਮੈਨੂੰ ਮਦੀਨੇ ਵਿਚ ਬੁਲਾ ਲੈ। ਸਤਿਗੁਰੂ ਸਾਹਿਬ ਜੀ ਆਖਣ ਲੱਗੇ ਕਿ ਮਰਦਾਨਿਆਂ ! ਮਦੀਨਾ ਇਥੋਂ ੨੪੦ ਮੀਲ ਦੂਰ ਹੈ।[੧] ਜੇਕਰ ਇਕ ਦਿਨ ਵਿਚ ੨੦-੨੦ ਕੋਹ ਤੁਰੀਏ ਤਾਂ ਬਾਰਾਂ ਦਿਨ ਦਾ ਰਸਤਾ ਹੈ। ਉਸ ਵਕਤ ਮਰਦਾਨਾ ਕਹਿਣ ਲੱਗਾ ਕਿ ਆਪ ਜੀ ਨੇ ਮੈਨੂੰ ਇਕ ਸ਼ਬਦ ਪੜ੍ਹਾ ਕੇ ਹਜ਼ਾਰਾਂ ਮੀਲ ਮੱਕੇ ਵਿਚ ਲਿਆਂਦਾ। ਹੁਣ ਕੀ ਔਖਾ ਹੈ ? ਆਪ ਜੀ ਕਿਰਪਾ ਕਰਕੇ ਮੈਨੂੰ ਜ਼ਰੂਰ ਮਦੀਨੇ ਵਿਚ ਲੈ ਕੇ ਚੱਲੋ। ਸਤਿਗੁਰੂ ਮਹਾਰਾਜ ਤੁਰ ਕੇ ਗਏ ਅਤੇ

੧. ਅੱਜ ਦੇ ਕਿਲੋਮੀਟਰ ਦੇ ਹਿਸਾਬ ਨਾਲ ਮੱਕੇ ਤੋਂ ਮਦੀਨਾ ਵਾਇਆ ਖੁਲਾਇਸ਼, ਖੁਵਾਲ ੪੪੦ ਕਿਲੋਮੀਟਰ ਹੈ।

ਬਾਰਾਂ ਦਿਨਾਂ ਵਿਚ ਉਥੇ ਪਹੁੰਚੇ। ਜਿਸ ਵਕਤ ਸਤਿਗੁਰੂ ਪਾਤਸ਼ਾਹ ਜੀ ਮਦੀਨੇ ਪਹੁੰਚੇ ਤਾਂ ਉਥੋਂ ਦੇ ਕਾਜ਼ੀ ਮੁਲਾਣੇ ਕਬਰ ਦੀ ਸੇਵਾ-ਸੰਭਾਲ ਕਰ ਰਹੇ ਸਨ। ਗੁਰੂ ਸਾਹਿਬ ਜੀ ਖੜਾਵਾਂ ਸਮੇਤ ਹੀ ਅੰਦਰ ਚਲੇ ਗਏ। ਜੋ ਉਥੇ ਕਾਜ਼ੀ, ਮੌਲਾਣੇ ਆਦਿ ਬੈਠੇ ਸਨ, ਉਹ ਐਸਾ ਦੇਖ ਕੇ ਕਹਿਣ ਲੱਗੇ ਕਿ ਮੁਹੰਮਦ ਸਾਹਿਬ ਦੀ ਕਬਰ ਦਾ ਆਦਰ ਸਤਿਕਾਰ ਨਹੀਂ ਕਰਦੇ। ਇਉਂ ਜਦੋਂ ਉਹ ਮਹਾਰਾਜ ਜੀ ਨੂੰ ਰੋਕਣ ਲੱਗੇ ਤਾਂ ਮੁਹੰਮਦ ਸਾਹਿਬ ਦੀ ਕਬਰ ਆਪਣੀ ਜਗ੍ਹਾ ਤੋਂ ਉੱਠ ਕੇ ਸਤਿਗੁਰੂ ਪਾਤਸ਼ਾਹ ਦੇ ਚਰਨਾਂ ਉੱਤੇ ਝੁਕ ਗਈ। ਝੁਕਣ ਤੋਂ ਬਾਅਦ ਫਿਰ ਆਪਣੀ ਥਾਂ 'ਤੇ ਟਿਕ ਗਈ। ਸਾਰੇ ਵੇਖ ਕੇ ਹੈਰਾਨ ਹੋ ਗਏ ਕਿ ਪਹਿਲਾਂ ਐਸਾ ਸੁਣਿਆ ਸੀ ਕਿ ਗੁਰੂ ਜੀ ਨੇ ਮੱਕਾ ਆਪਣੇ ਚਰਨਾਂ ਨਾਲ ਫੇਰਨਾ ਕੀਤਾ ਅਤੇ ਹੁਣ ਪ੍ਰਤੱਖ ਹੀ ਵੇਖ ਲਿਆ ਹੈ ਕਿ ਮੁਹੰਮਦ ਸਾਹਿਬ ਜੀ ਦੀ ਕਬਰ ਹਜ਼ੂਰ ਦੇ ਚਰਨਾਂ ਉੱਤੇ ਝੁਕ ਗਈ ਹੈ। ਤਾਂ ਉਨ੍ਹਾਂ ਦੇ ਅੱਗੇ ਅਸੀਂ ਕਿਉਂ ਨਾ ਝੁਕਣਾ ਕਰੀਏ। ਸਭ ਨੇ ਸਤਿਗੁਰੂ ਪਾਤਸ਼ਾਹ ਦੇ ਚਰਨੀਂ ਝੁਕ ਕੇ ਬੇਨਤੀ ਕੀਤੀ ਕਿ ਹਜ਼ੂਰ! ਇਹ ਮੁਹੰਮਦ ਸਾਹਿਬ ਦਾ ਮੁਕਾਮ ਹੈ, ਆਪ ਜੀ ਨੂੰ ਅਦਬ ਨਾਲ ਆਉਣਾ ਚਾਹੀਦਾ ਸੀ। ਆਪ ਜੀ ਖੜਾਵਾਂ ਪਾ ਕੇ ਆਏ ਅਤੇ ਮੁਹੰਮਦ ਸਾਹਿਬ ਜੀ ਦੀ ਕਬਰ ਆਪ ਜੀ ਦੇ ਅੱਗੇ ਝੁਕ ਗਈ। ਇਸਲਾਮ ਵਿਚ ਇਕ ਲੱਖ ਚੌਵੀ ਹਜ਼ਾਰ (੧੨੪੦੦੦) ਪੈਗ਼ੰਬਰ ਹੋਏ ਹਨ। ਹਜ਼ਾਰ ਖ਼ਲੀਫ਼ਾ ਹੋਇਆ ਹੈ। ਉਹਨਾਂ ਵਿਚ ਮੁਹੰਮਦ ਸਾਹਿਬ ਅਖ਼ੀਰੀ ਪੈਗ਼ੰਬਰ ਹੋਏ ਹਨ। ਜੇਕਰ ਉਹ ਤੁਹਾਡੇ ਅੱਗੇ ਝੁਕ ਗਏ ਤਾਂ ਅਸੀਂ ਵੀ ਤੁਹਾਡੀ ਸ਼ਰਨਾਗਤ ਹਾਂ। (ਇਹ ਸਾਰਾ ਪ੍ਰਸੰਗ 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿਚ ਆਉਂਦਾ ਹੈ) ਉਸ ਵੇਲੇ ਗੁਰੂ ਸਾਹਿਬ ਜੀ ਮਦੀਨੇ ਵਿਚ ਸਤਾਰ੍ਹਵੀਂ ਅਸ਼ਟਪਦੀ ਉਚਾਰ ਕੇ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ। ਸਿਰੀਰਾਗ ਵਿਚ ਮਹਲਾ ੧ = ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਘਰੁ ੨ = ਰਾਗ ਦੇ ਦੂਜੇ ਘਰੁ = ਸੁਰਤਾਲ ਵਿਚ ਉਚਾਰਨ ਕਰਦੇ ਹਨ।

## ਮੁਕਾਮੁ ਕਰਿ ਘਰਿ ਬੈਸਣਾ; ਨਿਤ ਚਲਣੈ ਕੀ ਧੋਖ ॥

ਸਤਿਗੁਰੂ ਮਹਾਰਾਜ ਸਾਹਿਬ ਜੀ ਕਹਿੰਦੇ ਹਨ ਕਿ ਜੀਵ ਨੇ ਇਸ ਸੰਸਾਰ ਨੂੰ ਮੁਕਾਮੁ = ਇਸਥਿਤ ਰਹਿਣ ਵਾਲਾ ਥਾਂ ਜਾਣ ਕਰਿ = ਕਰਕੇ ਬੈਸਣਾ = ਬੈਠਣਾ ਕੀਤਾ ਹੈ। ਪਰ ਫੇਰ ਵੀ ਨਿਤ = ਨਿਤਾਪ੍ਰਤੀ ਪ੍ਰਲੋਕ ਵਿਚ ਚਲਣੈ = ਚੱਲਣ ਕੀ = ਦੀ ਧੋਖ = ਚਿੰਤਾ ਲੱਗੀ ਰਹਿੰਦੀ ਹੈ।

## ਮੁਕਾਮੁ ਤਾ ਪਰੁ ਜਾਣੀਐ; ਜਾ ਰਹੈ ਨਿਹਚਲੁ ਲੋਕ ॥੧॥

ਮੁਕਾਮੁ = ਇਸਥਿਤ ਤਾਂ ਪਰੁ = ਵਿਸ਼ੇਸ਼ ਕਰਕੇ ਜਾਣੀਐ = ਜਾਨਣਾ ਕਰੀਏ। ਜਾ = ਜੇਕਰ ਮਾਤ ਲੋਕ ਨਿਹਚਲੁ = ਅਚੱਲ ਰਹੇ, ਜੇ ਐਸਾ ਹੋਵੇ ਤਾਂ ਇਹ ਵੀ ਸਮਝ ਲਈਏ ਕਿ ਮੁਹੰਮਦ ਸਾਹਿਬ ਦਾ ਹੀ ਇਹ ਮੁਕਾਮ ਕਾਇਮ ਰਹੇਗਾ। ਪਰੰਤੂ ਇਹ ਲੋਕ ਨਾ ਰਹਿਣ ਵਾਲਾ ਚਲਾਏਮਾਨ ਹੈ। ਅਚੱਲ ਤਾਂ ਕੇਵਲ ਇਕ ਪਰਮੇਸ਼ਰ ਹੀ ਹੈ ॥੧॥

## ਦੁਨੀਆ; ਕੈਸਿ ਮੁਕਾਮੇ ॥

ਦੁਨੀਆਂ ਵਿਚ ਕੈਸਿ = ਕਿਸ ਪ੍ਰਕਾਰ ਮੁਕਾਮੇ = ਇਸਥਿਤਤਾ ਹੋ ਸਕਦੀ ਹੈ **ਵਾ:** ਕਿਵੇਂ ਕਾਇਮ ਰਹਿਣਾ ਕਰੀਏ ?

## ਕਰਿ ਸਿਦਕੁ ਕਰਣੀ ਖਰਚੁ ਬਾਧਹੁ; ਲਾਗਿ ਰਹੁ ਨਾਮੇ ॥੧॥ਰਹਾਉ॥

ਹੇ ਭਾਈ! ਹਰ ਸਮੇਂ ਪਰਮੇਸ਼ਰ ਦਾ ਸਿਦਕੁ = ਭਰੋਸਾ ਅਤੇ ਭਗਤੀ ਰੂਪ ਖ਼ਰਚ ਪੱਲੇ ਵਿਚ ਬਾਧਹੁ = ਬੰਨ੍ਹਣਾ ਕਰੋ। ਨਿਤਾਪ੍ਰਤੀ ਹੀ ਪਰਮੇਸ਼ਰ ਦੇ ਨਾਮ ਵਿਚ ਲਾਗਿ ਰਹੁ = ਜੁੜੇ ਰਹਿਣਾ ਕਰੋ ਜਿਸ

ਕਰਕੇ ਜੀਵ ਦੁਨੀਆਂ ਵਿਚ ਇਸਥਿਤ ਰਹਿ ਸਕਦਾ ਹੈ ਅਰਥਾਤ ਧ੍ਰੂ ਅਤੇ ਪ੍ਰਹਿਲਾਦ ਦੀ ਸਾਰੀ ਦੁਨੀਆਂ ਵਿਚ ਮੁਕਾਮੁ = ਇਸਥਿਤਤਾ ਹੈ। ਕਬੀਰ ਸਾਹਿਬ ਜੀ ਦੇ ਸਮੇਂ ਦੇ ਰਾਜਿਆਂ ਦਾ ਕਿਸੇ ਨੂੰ ਵੀ ਨਹੀਂ ਪਤਾ ਪਰੰਤੂ ਕਬੀਰ ਸਾਹਿਬ ਜੀ ਨੂੰ ਸਾਰੀ ਦੁਨੀਆਂ ਜਾਣਦੀ ਹੈ। ਇਸ ਪ੍ਰਕਾਰ ਜੇਕਰ ਦੁਨੀਆਂ ਵਿਚ ਇਸਥਿਤ ਰਹਿਣਾ ਚਾਹੁੰਦੇ ਹੋ ਤਾਂ ਪਰਮੇਸ਼ਰ ਦੇ ਨਾਮ ਵਿਚ ਭਰੋਸਾ ਕਰਕੇ ਭਗਤੀ ਰੂਪ ਖ਼ਰਚ ਆਪਣੇ ਹਿਰਦੇ ਰੂਪੀ ਪੱਲੇ ਵਿਚ ਬੰਨ੍ਹ ਕੇ ਅਕਾਲ ਪੁਰਖ ਦੇ ਨਾਮ ਵਿਚ ਜੁੜੇ ਰਹਿਣਾ ਕਰੋ ॥੧॥ਰਹਾਉ॥

## ਜੋਗੀ ਤ ਆਸਣੁ ਕਰਿ ਬਹੈ; ਮੁਲਾ ਬਹੈ ਮੁਕਾਮਿ ॥

ਦੁਨੀਆਂ ਵਿਚ ਜੋਗੀ = ਜੋਗ ਮਤ ਧਾਰਨ ਵਾਲੇ ਤ = ਤਾਂ ਪ੍ਰਾਣਾਯਾਮ ਆਦਿ ਆਸਣ ਲਗਾ ਕਰਿ = ਕਰਕੇ ਬਹੈ = ਬੈਠੇ ਹਨ ਅਤੇ ਮੁਲਾ = ਮੌਲਾਣੇ ਲੋਕ ਤੱਕੀਏ, ਮਦਰੱਸੇ ਆਦਿ ਥਾਵਾਂ 'ਤੇ ਮੁਕਾਮਿ = ਇਸਥਿਤੀ ਕਰਕੇ ਬਹੈ = ਬੈਠੇ ਹਨ **ਵਾ:** ਮੁਹੰਮਦ ਸਾਹਿਬ ਦੇ ਕਾਬੇ ਅਤੇ ਮਦੀਨੇ ਵਿਚ ਹੀ ਮੁਕਾਮਿ = ਇਸਥਿਤੀ ਮੰਨੀ ਬੈਠੇ ਹਨ।

## ਪੰਡਿਤ ਵਖਾਣਹਿ ਪੋਥੀਆ; ਸਿਧ ਬਹਹਿ ਦੇਵ ਸਥਾਨਿ ॥੨॥

(ਦੂਜਾ ਪਾਠ **ਦੇਵਸਥਾਨਿ** ਇਕੱਠਾ)

ਜਿਹੜੇ ਪੰਡਿਤ = ਵਿਦਵਾਨ ਹਨ, ਉਹ ਤੀਰਥਾਂ ਆਦਿ 'ਤੇ ਬੈਠੇ ਹਨ ਅਤੇ ਪੋਥੀਆ = ਗੀਤਾ ਅਤੇ ਵੇਦਾਂ ਸੁਰਤੀਆਂ-ਸਿੰਮ੍ਰਿਤੀਆਂ ਨੂੰ ਵਖਾਣਹਿ = ਕਥਨ ਕਰਦੇ ਹਨ ਅਤੇ ਸਿਧ ਲੋਕ ਦੇਵ = ਦੇਵਤਿਆਂ ਦੇ ਸਥਾਨਿ = ਅਸਥਾਨ ਭਾਵ ਸੁਮੇਰ ਪਰਬਤ ਉੱਤੇ ਬੈਠ ਕੇ ਆਪਣੇ ਆਪ ਨੂੰ ਅਚੱਲ ਜਾਣਦੇ ਹਨ **ਵਾ:** ਦੇਵਸਥਾਨਿ = ਦੇਵਤੇ ਆਪਣੇ ਅਸਥਾਨਾਂ ਭਾਵ ਮੰਦਰਾਂ ਨੂੰ ਅਚੱਲ ਮੰਨੀ ਬੈਠੇ ਹਨ ॥੨॥

## ਸੁਰ ਸਿਧ ਗਣ ਗੰਧਰਬ, ਮੁਨਿ ਜਨ; ਸੇਖ ਪੀਰ ਸਲਾਰ ॥

ਇਸੇ ਪ੍ਰਕਾਰ ਸੁਰ = ਦੇਵਤੇ ਦੈਵੀ ਸੰਪਦਾ ਵਾਲੇ, ਸਿਧ = ਜਿਹੜੇ ਅਣਮਾ, ਮਹਿਮਾ ਆਦਿ ਸਿੱਧੀਆਂ ਸ਼ਕਤੀਆਂ ਵਾਲੇ ਅਤੇ ਗਣ = ਸ਼ਿਵਜੀ ਦੇ ਗਣ **ਅਥਵਾ** ਗਣ = ਵਿਸ਼ਨੂੰ ਜੀ ਦੇ ਬਿਸ਼ਨ ਗਣ ਆਦਿ, ਗੰਧਰਬ = ਹਾਹਾ, ਹੂਹੂ ਆਦਿ ਦੇਵਤਿਆਂ ਦੇ ਗਵੱਈਏ, ਮੁਨਿ = ਮੰਨਣਸ਼ੀਲ ਮਹਾਤਮਾ ਵਣਾਂ ਵਿਚ ਤਪ ਕਰਨ ਵਾਲੇ ਅਤੇ ਜਨ = ਦਾਸ, ਭਗਤ ਜਨ, (ਜਿਵੇਂ ਕੁਲ ਦੁਨੀਆਂ ਵਿਚ ਸਲੋਕ, ਸਮੀਪ, ਸਰੂਪ ਅਤੇ ਸਾਯੁਜ ਮੁਕਤੀਆਂ ਵਾਲੇ ਹੋਏ ਹਨ।) ਸੇਖ = ਮੁਸਲਮਾਨਾਂ ਵਿਚ ਸਤਿਕਾਰ ਵਾਲੇ, (ਜਿਵੇਂ ਹਿੰਦੂਆਂ ਵਿਚ ਬ੍ਰਾਹਮਣ ਹਨ, ਉਸੇ ਤਰ੍ਹਾਂ ਸੇਖ ਜਾਤੀ ਹੈ। ***ਨੋਟ :*** ਅੱਜ ਕੱਲ੍ਹ ਭਰਾਈਆਂ ਨੂੰ ਸ਼ੇਖ਼ ਕਹਿਣ ਲੱਗ ਪਏ, ਪਹਿਲਾਂ ਇਹ ਬਿਰਧ ਜਾਤੀ ਨੂੰ ਸ਼ੇਖ਼ ਕਿਹਾ ਕਰਦੇ ਸਨ) ਪੀਰ = ਜੋ ਮੁਸਲਮਾਨ ਦੇ ਮੁਰਸ਼ਦ ਹਨ, ਸਲਾਰ = ਸਰਦਾਰ, ਫ਼ਰਿਸ਼ਤੇ ਜਿਹੜੇ ਖ਼ੁਦਾ ਦੀ ਦਰਗਾਹ ਵੱਲੋਂ ਪੈਗ਼ੰਬਰੀ ਦਾ ਪੈਗ਼ਾਮ ਦੇਣ ਵਾਲੇ ਹਨ। ਜੈਸਾ ਕਿ :

**ਸਤਰਿ ਸੈਇ ਸਲਾਰ ਹੈ ਜਾ ਕੇ ॥** *(ਭੈਰਉ ਕਬੀਰ ਜੀ, ਅੰਗ ੧੧੬੧)*

ਜਿਸ ਨੇ ੭੦ ਹਜ਼ਾਰ ਫ਼ਰਿਸ਼ਤੇ ਹੀ ਰੱਖੇ ਹੋਏ ਹਨ।

## ਦਰਿ ਕੂਚ ਕੂਚਾ ਕਰਿ ਗਏ; ਅਵਰੇ ਭਿ ਚਲਣਹਾਰ ॥੩॥

ਇਤਿ ਆਦਿਕ ਸਾਰੇ ਹੀ ਇਸ ਕੂਚ = ਚਲੇ ਜਾਣ ਵਾਲੇ ਸੰਸਾਰ ਰੂਪੀ ਦਰਿ = ਦਰਵਾਜ਼ੇ ਵਿੱਚੋਂ ਕੂਚਾ = ਚਲਾਣਾ ਕਰ ਗਏ ਹਨ ਅਤੇ ਜਿਹੜੇ ਅਵਰੇ = ਹੋਰ ਰਹਿੰਦੇ ਹਨ, ਇਹ ਭਿ = ਵੀ ਸਾਰੇ ਚਲਣਹਾਰ = ਚਲੇ ਜਾਣ ਵਾਲੇ ਹਨ, ਭਾਵ ਮ੍ਰਿਤੂ ਨੂੰ ਪ੍ਰਾਪਤ ਹੋਣ ਵਾਲੇ ਹਨ ॥੩॥

## ਸੁਲਤਾਨ ਖਾਨ ਮਲੂਕ ਉਮਰੇ; ਗਏ ਕਰਿ ਕਰਿ ਕੂਚੁ ॥

ਸੁਲਤਾਨ = ਚੱਕਰਵਰਤੀ ਬਾਦਸ਼ਾਹ, ਖਾਨ = ਅਮੀਰ **ਵਾ:** ਮੁਸਲਮਾਨਾਂ ਦੇ ਪਠਾਣਾਂ ਵਿਚ ਸਰਦਾਰ ਮਲੂਕ = ਬਲੋਚਾਂ ਦੇ ਨੰਬਰਦਾਰ, ਉਮਰੇ = ਉਮਰਾਵ ਭਾਵ ਬਾਦਸ਼ਾਹ ਦੇ ਵਜ਼ੀਰ ਆਦਿ ਸਾਰੇ ਹੀ ਦੁਨੀਆਂ ਵਿੱਚੋਂ ਕੂਚ ਕਰ-ਕਰ ਚਲੇ ਗਏ ਹਨ।

## ਘੜੀ ਮੁਹਤਿ ਕਿ ਚਲਣਾ; ਦਿਲ ਸਮਝੁ ਤੂੰ ਭਿ ਪਹੂਚੁ ॥੪॥

ਹੇ ਭਾਈ! ਤੂੰ ਸਮਝਣਾ ਕਰ ਘੜੀ ਕਿ = ਜਾਂ ਮੁਹਤਿ = ਅੱਧੀ ਘੜੀ ਨੂੰ ਸੰਸਾਰ ਤੋਂ ਚਲਣਾ = ਚਲੇ ਜਾਣਾ ਹੈ। ਇਸ ਕਰਕੇ ਤੂੰ ਵੀ ਆਪਣੇ ਦਿਲ = ਹਿਰਦੇ ਵਿਚ ਸਮਝ ਕੇ ਚੱਲ ਕਿ ਮੈਂ ਭਿ = ਵੀ ਪ੍ਰਲੋਕ ਵਿਚ ਪਹੂਚੁ = ਪਹੁੰਚਣਾ ਹੈ ॥੪॥

## ਸਬਦਾਹ ਮਾਹਿ ਵਖਾਣੀਐ; ਵਿਰਲਾ ਤ ਬੂਝੈ ਕੋਇ ॥

ਜੋ ਵੇਦਾਂ ਦੇ ਸਬਦਾਹ = ਸ਼ਬਦਾਂ ਮਾਹਿ = ਵਿਚ ਵਖਾਣੀਐ = ਕਥਨ ਕਰੀਦਾ ਹੈ, ਉਸ ਨੂੰ ਕੋਈ ਵਿਰਲਾ ਹੀ ਬੂਝੈ = ਧਾਰਨ ਕਰਦਾ ਹੈ **ਵਾ:** ਜੇ ਸਬਦਾਹ = ਵਿਆਕਰਨਾਂ ਤਾਈਂ ਵਖਾਣੀਐ = ਕਥਨ ਕਰੀਏ ਤਾਂ ਕੋਈ ਵਿਰਲਾ ਹੀ ਸ਼ਬਦ ਸ਼ਾਸਤਰਾਂ ਦੁਆਰਾ ਸਮਝਦਾ ਹੈ **ਵਾ:** ਜੇ ਸਬਦਾਹ = ਸਬ + ਦਾਹ, ਸਬ = ਸਾਰੀਆਂ ਰਾਤਾਂ ਵਿਚ, ਦਾਹ = ਦਿਨਾਂ ਵਿਚ, ਮਾਹਿ = ਮਹੀਨਿਆਂ ਵਿਚ ਉਪਦੇਸ਼ ਹੀ ਕਥਨ ਕਰੀਏ, ਤਾਂ ਕੋਈ ਕੋਈ ਵਿਰਲਾ ਅਧਿਕਾਰੀ ਹੀ ਸਮਝ ਕੇ ਨਿਹਾਲ ਹੋਵੇਗਾ।

## ਨਾਨਕੁ ਵਖਾਣੈ ਬੇਨਤੀ; ਜਲਿ ਥਲਿ ਮਹੀਅਲਿ ਸੋਇ ॥੫॥

ਸਤਿਗੁਰੂ ਸਾਹਿਬ ਜੀ ਵਖਾਣੈ = ਕਥਨ ਕਰਦੇ ਹਨ ਕਿ ਅਸੀਂ ਤਾਂ ਬੇਨਤੀ ਹੀ ਕਰਦੇ ਹਾਂ ਕਿ ਉਹ ਪਰਮੇਸ਼ਰ ਜਲਿ = ਜਲਾਂ, ਥਲਿ = ਖ਼ੁਸ਼ਕ ਜਗਾ ਮਹੀਅਲਿ = ਵਿਚ **ਵਾ:** (ਮਹੀ + ਅਲਿ) ਮਹੀ = ਪ੍ਰਿਥਵੀ ਅਤੇ ਅਲਿ = ਆਕਾਸ਼ ਆਦਿ ਵਿਚ ਵਿਆਪਕ ਹੈ, ਉਸ ਵਿਚ ਇਕ ਚਿੱਤ ਹੋ ਕੇ ਜੁੜਨਾ ਕਰੋ ॥੫॥

## ਅਲਾਹੁ ਅਲਖੁ ਅਗੰਮੁ, ਕਾਦਰੁ; ਕਰਣਹਾਰੁ ਕਰੀਮੁ ॥

ਅਲਾਹੁ = ਉਹ ਪਾਕ ਭਾਵ ਪਵਿੱਤਰ ਰੂਪ ਹੈ। ਇਸ ਤਰ੍ਹਾਂ ਅਲਖੁ = ਲਖਣ ਤੋਂ ਰਹਿਤ ਹੈ। ਅਗੰਮੁ = ਸ਼ਾਸਤਰਾਂ ਕਰਕੇ ਗੰਮਤਾ ਨਹੀਂ ਅਤੇ ਮਨ ਦੇ ਸੰਕਲਪਾਂ ਤੇ ਵਿਕਲਪਾਂ ਦਾ ਵਿਸ਼ਾ ਨਹੀਂ ਭਾਵ ਗੰਮਤਾ ਤੋਂ ਰਹਿਤ ਹੈ। ਕਾਦਰੁ = ਕੁਦਰਤ ਦਾ ਮਾਲਕ ਹੈ। ਸਾਰੇ ਜਗਤ ਨੂੰ ਕਰਣਹਾਰੁ = ਰਚਣ ਵਾਲਾ ਅਤੇ ਕਰੀਮੁ = ਕਰਮ ਬਖ਼ਸ਼ੀ ਕਰਨ ਵਾਲਾ ਹੈ।

## ਸਭ ਦੁਨੀ ਆਵਣ ਜਾਵਣੀ; ਮੁਕਾਮੁ ਏਕੁ ਰਹੀਮੁ ॥੬॥

ਜੋ ਸਭ = ਸਾਰੀ ਦੁਨੀਆਂ ਹੈ ਜਿਸ ਦੇ ਵਿਚ ਦਵੈਤ ਦੀ ਨੀਹ ਹੈ, ਉਹ ਸਾਰੀ ਦੁਨੀਆਂ ਆਉਣ ਜਾਣ ਵਾਲੀ ਹੈ। ਜੋ ਏਕੁ = ਇਕ ਰਹੀਮੁ = ਰਹਿਮ ਚਿੱਤ ਪਰਮੇਸ਼ਰ ਹੈ ਉਹ ਹੀ ਮੁਕਾਮੁ = ਇਸਥਿਤ ਰਹਿਣ ਵਾਲਾ ਹੈ। ਉਸ ਤੋਂ ਬਿਨਾਂ ਨਾ ਕੋਈ ਪਿੱਛੇ ਇਸਥਿਤ ਸੀ ਅਤੇ ਨਾ ਕੋਈ ਅੱਗੇ ਨੂੰ ਇਸਥਿਤ ਰਹਿਣਾ ਕਰੇਗਾ, ਕੇਵਲ ਉਹ ਇਕ ਪਰਮੇਸ਼ਰ ਹੀ ਅਚੱਲ ਸਰੂਪ ਹੈ ॥੬॥

## ਮੁਕਾਮੁ ਤਿਸਨੋ ਆਖੀਐ; ਜਿਸੁ ਸਿਸਿ ਨ ਹੋਵੀ ਲੇਖੁ ॥

ਮੁਕਾਮੁ = ਇਸਥਿਤ ਤਿਸਨੋ = ਉਸ ਨੂੰ ਹੀ ਆਖੀਐ = ਆਖੀਦਾ ਹੈ, ਜਿਸ ਦੇ ਸਿਸਿ = ਸਿਰ ਉੱਤੇ

ਜੰਮਣ ਮਰਨ ਦੇ ਹਿਸਾਬ ਦਾ ਲੇਖਾ ਨਾ ਹੋਵੇ, ਉਹ ਇਕ ਪਰਮੇਸ਼ਰ ਹੀ ਹੈ, ਬਾਕੀ ਸਭ ਦੇ ਸਿਰ ਉੱਤੇ ਲੇਖ ਲਿਖੇ ਹੋਏ ਹਨ। ਜੈਸਾ ਕਿ :

**ਸਭਨਾ ਲਿਖਿਆ ਵੁੜੀ ਕਲਾਮ ॥** *(ਜਪੁ ਜੀ ਸਾਹਿਬ, ਅੰਗ ੩)*

ਸਾਰਿਆਂ ਦੇ ਮੱਥੇ 'ਤੇ ਲੇਖਾਂ ਦੀ ਵੁੜੀ = ਵਗੀ ਹੋਈ ਕਲਮ ਹੈ। ਜੈਸਾ ਕਿ :

**ਕਰੀ ਲੋਹ ਕਲਮੰ ਲਿਖਯੋ ਲੇਖ ਮਾਥੰ ॥** *(ਸ੍ਰੀ ਦਸਮ ਗ੍ਰੰਥ, ਪੰਨਾ ੪੧)*

## ਅਸਮਾਨੁ ਧਰਤੀ ਚਲਸੀ; ਮੁਕਾਮੁ ਓਹੀ ਏਕੁ ॥੭॥

ਅਸਮਾਨ ਤੇ ਧਰਤੀ ਵੀ ਚਲਸੀ = ਚਲੀ ਜਾਵੇਗੀ, ਕੇਵਲ ਓਹੀ = ਉਹ ਏਕੁ = ਇਕ ਪਰਮੇਸ਼ਰ ਹੀ ਮੁਕਾਮ = ਇਸਥਿਤ ਰਹਿਣ ਵਾਲਾ ਹੈ **ਅਥਵਾ** ਇਹ ਅਸਮਾਨ ਤਮੋਗੁਣ ਰੂਪ ਹੈ। ਅਗਿਆਨ ਵਿੱਚੋਂ ਪੈਦਾ ਹੋਇਆ ਹੈ, ਮਾਇਆ ਦਾ ਇਹ ਤਮੋ ਭਾਵ ਰੂਪ ਹੈ, ਧਰਤੀ ਵੀ ਚਲੀ ਜਾਵੇਗੀ **ਅਥਵਾ** ਨਿਆਇਕਾਂ ਨੂੰ ਸੰਸਾ ਪੈ ਗਿਆ ਕਿ ਧਰਤੀ ਵੀ ਚਲੀ ਜਾਵੇਗੀ, ਪਰ ਅਸਮਾਨ ਕਿਧਰ ਜਾਏਗਾ, ਪੁਲਾੜ ਤਾਂ ਰਹੇਗਾ ਹੀ। ਸੁਪਨੇ ਵਿਚ ਜਦੋਂ ਇਸ ਤਰ੍ਹਾਂ ਦਾ ਇਤਨਾ ਵੱਡਾ ਅਸਮਾਨ ਵੇਖਦੇ ਹਾਂ, ਜਦੋਂ ਜਾਗਦੇ ਹਾਂ ਤਾਂ ਕਿਧਰ ਚਲਾ ਜਾਂਦਾ ਹੈ। ਪਰਤੀਤ (ਪੁਰੀਤਤਿ) ਨਾਮੇ ਨਾੜੀ ਵਾਲ ਨਾਲੋਂ ੧੦੦ ਹਿੱਸਾ ਬਰੀਕ ਹੈ ਜਿਸ ਵਿਚ ਸੁਪਨਾ ਆਉਂਦਾ ਹੈ। ਉਸ ਵਿਚ ਜੀਵ ਇਤਨੇ ਪਹਾੜ, ਕਿਤਨੀ ਦੁਨੀਆਂ, ਕਿਤਨਾ ਵੱਡਾ ਆਕਾਸ਼, ਕਿਤਨਾ ਵੱਡਾ ਸਮੁੰਦਰ ਬਣਾ ਲੈਂਦਾ ਹੈ, ਜਦੋਂ ਜਾਗਦੇ ਹਨ ਤਾਂ ਕੋਈ ਚੀਜ਼ ਨਹੀਂ ਰਹਿੰਦੀ, ਇਉਂ ਸੂਖਮ ਵਿਚ ਅਸਥੂਲ ਪ੍ਰਤੀਤ ਹੁੰਦਾ ਹੈ। ਇਸੇ ਪ੍ਰਕਾਰ ਜੋ ਚੇਤਨ ਬ੍ਰਹਮ ਆਕਾਸ਼ ਦੀ ਨਿਆਈਂ ਪ੍ਰਤੀਤ ਹੁੰਦਾ ਹੈ ਕਿ ਜਦੋਂ ਫੁਰਨਾ ਰੋਕ ਲਿਆ, ਜਿਵੇਂ ਅਸਮਾਨ ਪਹਿਲਾਂ ਵੀ ਹੈ ਨਹੀਂ ਸੀ ਤੇ ਫੇਰ ਵੀ ਨਹੀਂ ਰਹੇਗਾ। ਇਸ ਤਰ੍ਹਾਂ ਨਿਆਇਕਾਂ ਨੂੰ ਇਹ ਸੰਸਾ ਨਹੀਂ ਰੱਖਣਾ ਚਾਹੀਦਾ। ਓਹੀ = ਉਹ ਏਕੁ = ਇਕ ਪਰਮੇਸ਼ਰ ਹੀ ਮੁਕਾਮੁ = ਇਸਥਿਤ ਰਹਿਣ ਵਾਲਾ ਹੈ, ਹੋਰ ਕੋਈ ਵੀ ਇਸਥਿਤ ਰਹਿਣ ਵਾਲਾ ਨਹੀਂ ਹੈ ॥੭॥

## ਦਿਨ ਰਵਿ ਚਲੈ, ਨਿਸਿ ਸਸਿ ਚਲੈ; ਤਾਰਿਕਾ ਲਖ ਪਲੋਇ ॥

ਕਾਲ ਦੇ ਮੂੰਹ ਵਿਚ ਦਿਨ = ਦਿਵਸ ਤੇ ਰਵਿ = ਸੂਰਜ ਵੀ ਚਲੈ = ਚਲਿਆ ਜਾ ਰਿਹਾ ਹੈ, ਨਿਸਿ = ਰਾਤਾਂ ਵੀ ਗੁਜ਼ਰ ਰਹੀਆਂ ਹਨ ਅਤੇ ਸਸਿ = ਚੰਦਰਮਾ ਵੀ ਚਲੈ = ਚਲਿਆ ਜਾ ਰਿਹਾ ਹੈ ਭਾਵ ਤੁਰਿਆ ਜਾ ਰਿਹਾ ਹੈ। ਇਹ ਲਖ = ਲੱਖਾਂ ਤਾਰਿਕਾ = ਤਾਰੇ ਵੀ ਪਲੋਇ = ਅਲੋਪ ਹੋ ਜਾਣਗੇ ਭਾਵ ਅੰਤ ਨੂੰ ਸਮਾਪਤ ਹੋ ਜਾਣਗੇ।

## ਮੁਕਾਮੁ, ਓਹੀ ਏਕੁ ਹੈ; ਨਾਨਕਾ ਸਚੁ ਬੁਗੋਇ ॥੮॥੧੭॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੁਕਾਮੁ = ਇਸਥਿਤ ਰਹਿਣ ਵਾਲਾ ਉਹ ਏਕੁ = ਇਕ ਅਕਾਲ ਪੁਰਖ ਵਾਹਿਗੁਰੂ ਹੀ ਹੈ। ਇਹ ਤਾਂ ਸਚੁ ਬੁਗੋਇ = ਕਥਨ ਕੀਤਾ ਹੈ ਭਾਵ ਉਚਾਰਨਾ ਕੀਤਾ ਹੈ। ਇਹ ਨਿਸਚੇ ਕਰੋ ਕਿ ਬਿਨਾਂ ਵਾਹਿਗੁਰੂ ਤੋਂ ਕੋਈ ਵੀ ਅਚੱਲ ਨਹੀਂ ਹੈ, ਨਾ ਰਹੇਗਾ, ਨਾ ਪਿੱਛੇ ਕੋਈ ਰਹਿਆ ਸੀ ਤੇ ਨਾ ਹੀ ਅੱਗੇ ਨੂੰ ਕੋਈ ਅਚੱਲ ਰਹੇਗਾ ॥੮॥੧੭॥

## ਮਹਲੇ ਪਹਿਲੇ ਸਤਾਰਹ ਅਸਟਪਦੀਆ ॥

ਇਹ ਮਹਲੇ ਪਹਿਲੇ = ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਸਤਾਰਹ = ਸਤਾਰਾਂ ਅਸਟਪਦੀਆਂ ਹਨ। ਜਦੋਂ ਇਹ ਸ਼ਬਦ ਪੜ੍ਹਨਾ ਹੋਵੇ ਤਾਂ ਇਹ ਅੱਖਰ ਨਾਲ ਪੜ੍ਹਨੇ ਹਨ, ਜਿਵੇਂ ਬਾਵਨ ਅਖਰੀ ਵਿਚ 'ਏਹੁ ਸਲੋਕ ਆਦਿ ਅੰਤ ਪੜ੍ਹਨਾ' ਪੜ੍ਹੀਦਾ ਹੈ। ਇਸ ਤਰ੍ਹਾਂ ਅਸਟਪਦੀ ਦੇ ਨਾਲ ਇਹ ਅੱਖਰ ਪੜ੍ਹਨੇ ਜ਼ਰੂਰੀ ਹਨ। ਇਥੇ ਪਹਿਲੇ ਪਾਤਸ਼ਾਹ ਦੀਆਂ ਸਤਾਰਾਂ ਅਸ਼ਟਪਦੀਆਂ ਸੰਪੂਰਨ ਹੋਈਆਂ ਹਨ।

# ਸਿਰੀਰਾਗੁ ਮਹਲਾ ੩ ਘਰੁ ੧ ਅਸਟਪਦੀਆ

## ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਨਿਵਾਸ ਕਰ ਰਹੇ ਸਨ। ਉਥੇ ਆਪ ਜੀ ਨੇ ਕਾਫ਼ੀ ਬਾਣੀ ਉਚਾਰਨ ਕੀਤੀ ਹੈ। ਇਹ ਸ਼ਬਦ ਵੀ ਉਹਨਾਂ ਵਿੱਚੋਂ ਹੀ ਹੈ। ਇਕ ਦਿਨ ਦੀਵਾਨ ਲੱਗਾ ਹੋਇਆ ਸੀ। ਗੁਰੂ ਜੀ ਦਾ ਉਪਦੇਸ਼ ਸੁਣਨ ਲਈ ਦੂਰ-ਦੁਰਾਡੇ ਤੋਂ ਅਤੇ ਨਜ਼ਦੀਕ ਦੇ ਪਿੰਡਾਂ ਤੋਂ ਭੀ ਸੰਗਤਾਂ ਆਈਆਂ ਹੋਈਆਂ ਸਨ। ਸੁੰਦਰ ਦੀਵਾਨ ਸਜਿਆ ਹੋਇਆ ਸੀ। ਇਕ ਪਾਸੇ ਗੁਰਮੁਖ ਵੈਰਾਗ ਧਾਰ ਕੇ ਬੈਠੇ ਸਨ ਤੇ ਇਕ ਪਾਸੇ ਜੀਵਨ ਮੁਕਤ ਭਾਈ ਪਾਰੋ ਜੈਸੇ ਗੁਰਮੁਖ ਬੈਠੇ ਸਨ। ਇਕ ਪਾਸੇ ਬਾਬਾ ਬੁੱਢਾ ਸਾਹਿਬ ਵਰਗੇ ਬ੍ਰਹਮ ਗਿਆਨੀ ਸਜੇ ਬੈਠੇ ਸਨ। ਇਥੇ ਹਿੰਦੁਸਤਾਨ ਦਾ ਮੁਗ਼ਲ ਬਾਦਸ਼ਾਹ ਅਕਬਰ ਨੰਗੇ ਪੈਰੀਂ ਚੱਲ ਕੇ ਦਰਸ਼ਨ ਕਰਨ ਆਇਆ ਸੀ। ਉਸ ਨੇ ਪੈਰਾਂ ਹੇਠ ਬਸਤਰ ਨਹੀਂ ਸੀ ਵਿਛਾਉਣ ਦਿੱਤੇ। ਇਤਨਾ ਅਦਬ ਕੀਤਾ ਸ੍ਰੀ ਗੁਰੂ ਅਮਰਦਾਸ ਜੀ ਦਾ। ਗੁਰੂ ਸਾਹਿਬ ਜੀ ਦਾ ਹੁਕਮ ਸੀ ਕਿ ਪਹਿਲਾਂ ਲੰਗਰ ਛਕੋ ਫੇਰ ਦਰਸ਼ਨ ਕਰੋ 'ਪਹਿਲੇ ਪੰਗਤ ਪਾਛੇ ਸੰਗਤ'। ਗੁਰੂ ਜੀ ਨੇ ਅਕਬਰ ਨੂੰ ਪੁੱਛਿਆ ਕਿ ਤੂੰ ਸਾਡਾ ਹੁਕਮ ਮੰਨਿਆ ਹੈ ਕਿ ਨਹੀਂ ਭਾਵ ਪਹਿਲਾਂ ਲੰਗਰ ਛਕਿਆ ਹੈ ਕਿ ਨਹੀਂ ? ਅਕਬਰ ਨੇ ਕਿਹਾ ਕਿ ਮਹਾਰਾਜ ! ਮੈਨੂੰ ਕਿਸੇ ਨੇ ਦੱਸਿਆ ਨਹੀਂ, ਇਸ ਲਈ ਮੈਂ ਹੁਕਮ ਅਦੂਲੀ ਕਰ ਬੈਠਾ ਹਾਂ। ਪਹਿਲਾਂ ਆਪ ਜੀ ਪਾਸ ਹੀ ਆ ਗਿਆ ਹਾਂ, ਮੁਆਫ਼ ਕਰਨਾ। ਫਿਰ ਗੁਰੂ ਜੀ ਆਪ ਬਾਦਸ਼ਾਹ ਸਮੇਤ ਲੰਗਰ ਦੀ ਪੰਗਤ ਵਿਚ ਬੈਠੇ। ਇਹ ਪਹਿਲੀ ਵਾਰ ਹੋਇਆ ਸੀ ਕਿ ਹਿੰਦੁਸਤਾਨ ਦਾ ਬਾਦਸ਼ਾਹ ਸਮਰਾਟ ਤੇ ਹਿੰਦੁਸਤਾਨ ਦਾ ਇਕ ਗ਼ਰੀਬ ਮਜ਼ਦੂਰ ਗੁਰੂ ਜੀ ਨੇ ਇਕ ਹੀ ਪੰਗਤ ਵਿਚ ਬਿਠਾ ਦਿੱਤੇ ਸਨ। ਲੋਕੀਂ ਹੈਰਾਨ ਸਨ। ਬਾਦਸ਼ਾਹ ਗੁਰੂ ਜੀ ਦੀ ਸਾਦਗੀ ਤੋਂ ਏਨਾ ਪ੍ਰਭਾਵਤ ਹੋਇਆ ਕਿ ਚਿਹਰਾ ਦੇਖ ਕੇ ਕਹਿੰਦਾ ਹੈ ਕਿ ਐਸੀ ਚਿਹਰੇ ਦੀ ਲਾਲੀ ਨੂਰ ਮੇਰੇ 'ਤੇ ਨਹੀਂ, ਤੁਸੀਂ ਕੀ ਖਾਂਦੇ ਹੋ ? ਤਾਂ ਗੁਰੂ ਜੀ ਨੇ ਬਿਨਾਂ ਲੂਣ ਤੋਂ ਓਗਰਾ ਦਿਖਾਇਆ ਕਿ ਮੇਰਾ ਖਾਣਾ ਇਹ ਹੈ। ਅਕਬਰ ਨੇ ਸੀਤ ਪ੍ਰਸ਼ਾਦ ਮੰਗਿਆ ਤਾਂ ਗੁਰੂ ਜੀ ਨੇ ਭਾਵਨਾ ਦੇਖ ਕੇ ਦੇ ਦਿੱਤਾ। ਉਸ ਵਿਚ ੩੬ ਪ੍ਰਕਾਰ ਦੇ ਭੋਜਨਾਂ ਦਾ ਰਸ ਆਇਆ, ਜੋ ਅੱਗੇ ਕਦੀ ਵੀ ਇਸ ਨੇ ਐਸੇ ਖਾਣੇ ਨਹੀਂ ਸੀ ਖਾਧੇ। ਅਕਬਰ ਵਿਸਮਾਦ ਹੋ ਗਿਆ ਸੀ ਕਿ ਮੇਰੇ ਖਾਣੇ ਵਿਚ ਕਦੀ ਐਸਾ ਸੁਆਦ ਨਹੀਂ ਸੀ ਆਇਆ। ਫਿਰ ਗੁਰੂ ਜੀ ਨੂੰ ਭੇਟਾ ਲਈ ਬੇਨਤੀ ਕੀਤੀ ਤਾਂ ਸਤਿਗੁਰਾਂ ਨੇ ਕਿਹਾ ਕਿ ਬਾਦਸ਼ਾਹ ! ਗੁਰੂ ਘਰ ਵਿਚ ਪਹਿਲਾਂ ਹੀ ਕੋਈ ਘਾਟਾ ਨਹੀਂ ਹੈ। ਇਸ ਲਈ ਸਾਨੂੰ ਕਿਸੇ ਭੇਟਾ ਦੀ ਲੋੜ ਨਹੀਂ। ਫਿਰ ਬੀਬੀ ਭਾਨੀ ਦੇ ਨਾਂ 'ਤੇ ੮੪ ਪਿੰਡਾਂ ਦਾ ਪਟਾ ਲਿਖ ਕੇ ਦਿੱਤਾ ਕਿ ਮਹਾਰਾਜ ! ਤੁਹਾਡੀ ਪੁੱਤਰੀ ਮੇਰੀ ਵੀ ਪੁੱਤਰੀ ਹੈ, ਧੀਆਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ, ਇਹ ਨਾ ਮੋੜਿਓ, ਧੀ ਲਈ ਹੈ। ਤਾਂ ਮਹਾਰਾਜ ਸਾਹਿਬ ਜੀ ਨੇ ਸਵੀਕਾਰ ਕੀਤਾ। ਇਤਨੇ ਵੱਡੇ ਤਿਆਗੀ ਸੀ ਕਿ ਰਸਦਾਂ ਦੇ ਗੱਡੇ ਖੜ੍ਹੇ ਰਹਿੰਦੇ ਪਰ ਜਿਤਨੀ ਲੋੜ ਹੁੰਦੀ ਲੰਗਰ ਵਿਚ ਉਤਨੀ ਹੀ ਰਸਦ ਲੈਂਦੇ, ਬਾਕੀ ਸ਼ਰਧਾਲੂ ਸਬਰ ਧਾਰ ਕੇ ਖੜ੍ਹੇ ਉਡੀਕਦੇ ਰਹਿੰਦੇ ਕਿ ਕਦੋਂ ਵਾਰੀ ਆਵੇ। ਰਾਤ ਨੂੰ ਬਰਤਨ ਸਾਫ਼ ਕਰਵਾ ਕੇ ਪਾਣੀ ਦੇ ਘੜੇ ਆਦਿ ਵੀ ਮੂਧੇ ਮਰਵਾ ਦਿੰਦੇ ਸਨ। ਐਸੇ ਤਿਆਗੀ ਸਨ। ਇਸ ਪ੍ਰਕਾਰ ਨਵਿਰਤੀ ਰੱਖਦੇ ਸਨ। ਸਵਾ ਪਹਿਰ ਰਾਤ ਗਈ ਤੱਕ ਜਿੰਨਾ ਲੰਗਰ ਵਰਤ ਜਾਵੇ, ਵਰਤਾ ਕੇ ਬਾਕੀ ਬਚਿਆ ਲੰਗਰ ਪਸ਼ੂਆਂ ਨੂੰ ਖੁਆ ਦਿੰਦੇ ਸਨ। ਜੋ ਉਸ ਤੋਂ ਵੀ ਬਚ ਜਾਵੇ, ਉਹ ਬਿਆਸ ਦਰਿਆ ਵਿਚ ਜਲ ਜੰਤੂਆਂ ਨੂੰ ਪਵਾ ਦਿੰਦੇ।

ਮਹਾਰਾਜ ਸਾਹਿਬ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ ! ਪਰਮੇਸ਼ਰ ਦੀ ਭਗਤੀ ਕਿਵੇਂ ਹੋ ਸਕਦੀ ਹੈ ? ਤਾਂ ਸਤਿਗੁਰੂ ਜੀ ਨੇ ਆਪਣੇ ਮੁਖਾਰਬਿੰਦ ਵਿੱਚੋਂ ਅੰਮ੍ਰਿਤ ਰੂਪ ਉਪਦੇਸ਼ ਬਖ਼ਸ਼ਿਆ।

ਸਿਰੀਰਾਗ ਵਿਚ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਰਾਗ ਦੇ ਪਹਿਲੇ ਘਰੁ = ਸੁਰਤਾਲ ਵਿਚ ਅਸਟਪਦੀਆ = ਅੱਠ ਪਦਾਂ ਵਾਲੇ ਸ਼ਬਦ ਉਚਾਰਦੇ ਹਨ। ਪਹਿਲਾਂ ਮੰਗਲ ਕੀਤਾ ਹੈ। ਇਸ ਨੂੰ ਵਸਤੂ

ਨਿਰਦੇਸ਼ਕ ਮੰਗਲ ਕਹਿੰਦੇ ਹਨ। ਜਿਸ ਵਿਚ ਉਸਤਤ ਸਹਿਤ ਨਿਰਨਾ ਹੋਵੇ, ਉਹ ਵਸਤੂ ਨਿਰਦੇਸ਼ਕ ਮੰਗਲ ਹੁੰਦਾ ਹੈ। ਇਸ ਵਿਚ ਬ੍ਰਹਮ ਦਾ ਉਸਤਤ ਸਹਿਤ ਨਿਰਨਾ ਹੈ। ੧ = ਅਦੁੱਤੀ, ਓ = ਸਰਬ ਦਾ ਪ੍ਰਕਾਸ਼ਕ, ਸਤਿ = ਨਾਸ ਤੋਂ ਰਹਿਤ, ਗੁਰ = ਚੇਤਨ, ਪ੍ਰਸਾਦਿ = ਅਨੰਦ ਸਰੂਪ, ਬ੍ਰਹਮ ਅਖੰਡ ਸਰੂਪ ਹੈ, ਸਤ ਚੇਤਨ ਅਨੰਦ ਸਰੂਪ ਹੈ। ਉਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ। ਸਤਿਗੁਰ ਪ੍ਰਸਾਦਿ = ਸਤਿਗੁਰਾਂ ਦੀ ਕ੍ਰਿਪਾ ਦੁਆਰਾ ਹੀ ਪ੍ਰਾਪਤੀ ਹੁੰਦੀ ਹੈ।

## ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ; ਬਿਨੁ ਗੁਰ ਭਗਤਿ ਨ ਹੋਇ ॥

ਹੇ ਭਾਈ ! ਜੇ ਮੁਖੀ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਕਰੇ = ਕਰਨ ਤਾਂ ਭਗਤਿ = ਭਗਤੀ ਕੀਜੈ = ਕੀਤੀ ਜਾ ਸਕਦੀ ਹੈ **ਵਾ:** ਗੁਰੂ ਸਾਹਿਬ ਜੀ ਨੇ ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਅੱਠੇ ਪਹਿਰ ਆਪਣੇ ਸਿਮਰਨ ਦਾ ਰੋਮ ਰੋਮ ਵਿਚ ਪ੍ਰਵਾਹ ਪਾ ਦਿੱਤਾ, ਉਨ੍ਹਾਂ ਦੀ ਸੰਗਤ ਵਿਚ ਮਿਲਿਆ ਜਾਵੇ ਅਤੇ ਗੁਰਮੁਖ ਵੀ ਕ੍ਰਿਪਾ ਦ੍ਰਿਸ਼ਟੀ ਕਰਨ ਤਾਂ ਫੇਰ ਭਗਤੀ ਕੀਤੀ ਜਾਂਦੀ ਹੈ। ਬਿਨੁ = ਬਿਨਾਂ ਸਤਿਗੁਰਾਂ ਤੋਂ ਕਿਸੇ ਪਾਸੋਂ ਵੀ ਭਗਤਿ = ਭਗਤੀ ਨ = ਨਹੀਂ ਹੋਇ = ਹੋ ਸਕਦੀ।

## ਆਪੈ ਆਪੁ ਮਿਲਾਏ ਬੂਝੈ; ਤਾ ਨਿਰਮਲੁ ਹੋਵੈ ਕੋਇ ॥

ਜੇ ਕੋਈ ਆਪੈ = ਆਪਣੇ ਆਪ ਨੂੰ ਗੁਰਾਂ ਦੇ ਸੰਗ ਨਾਲ ਮਿਲਾਏ = ਮਿਲਾਵੇ ਤਾਂ ਵਾਹਿਗੁਰੂ ਨੂੰ ਬੂਝੈ = ਸਮਝਦਾ ਹੈ। ਸਤਿਗੁਰੂ ਸਾਹਿਬ ਜੀ ਆਪਣੇ ਸਰੂਪ ਦੇ ਗਿਆਨ ਕਰਕੇ ਤ੍ਵੰ ਪਦ ਦੇ ਲੱਖ ਅਰਥ ਨੂੰ ਆਪ ਜੋ ਤੱਤ ਪਦ ਦਾ ਲੱਖ ਅਰਥ ਹੈ, ਉਸ ਵਿਚ ਮਿਲਾਏ = ਮਿਲਾ ਦਿੰਦੇ ਹਨ। ਪ੍ਰਤਕ ਜੋਤ ਨੂੰ ਅਦ੍ਵੈਤ ਅਨੰਦ ਵਿਚ ਮੇਲ ਦਿੰਦੇ ਹਨ, ਫੇਰ ਬੂਝੈ = ਸਮਝ ਆਉਂਦੀ ਹੈ, ਆਪਣੇ ਅੰਤਸ਼ਕਰਨ ਦੇ ਅੰਦਰ ਜੋ ਸਾਧਨਾ ਸੰਪੰਨ ਪੁਰਸ਼ ਹਨ, ਉਹਨਾਂ ਦੇ ਹਿਰਦੇ ਅੰਦਰ ਬ੍ਰਹਮ ਗਿਆਨ ਦੀ ਦ੍ਰਿਸ਼ਟੀ ਕਰਕੇ ਬ੍ਰਹਮਾਨੰਦ ਆਪਣੇ ਸਰੂਪ ਵਿਚ ਮਿਲਾਏ = ਮੇਲ ਲੈਂਦੇ ਹਨ ਤਾਂ ਬੂਝੈ = ਸਮਝ ਪੈਂਦੀ ਹੈ। ਤਾਂ ਕੋਇ = ਕੋਈ ਪੁਰਖ ਨਿਰਮਲੁ = ਸ਼ੁੱਧ (ਮੈਲ ਤੋਂ ਰਹਿਤ) ਹੋਵੈ = ਹੁੰਦਾ ਹੈ।

## ਹਰਿ ਜੀਉ ਸਚਾ ਸਚੀ ਬਾਣੀ; ਸਬਦਿ ਮਿਲਾਵਾ ਹੋਇ ॥੧॥

ਹਰਿ = ਅਕਾਲ ਪੁਰਖ ਵਾਹਿਗੁਰੂ ਆਪ ਵੀ ਸੱਚਾ ਹੈ ਤੇ ਉਹਦੀ ਧੁਰ ਕੀ ਬਾਣੀ ਵੀ ਸੱਚੀ ਹੈ ਸਤਿਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਕਰਕੇ ਹੀ ਵਾਹਿਗੁਰੂ ਨਾਲ ਮਿਲਾਵਾ = ਮਿਲਾਪ ਹੋਇ = ਹੁੰਦਾ ਹੈ ॥੧॥

## ਭਾਈ ਰੇ; ਭਗਤਿ ਹੀਣੁ ਕਾਹੇ ਜਗਿ ਆਇਆ ॥

ਮਹਾਰਾਜ ਸਾਹਿਬ ਜੀ ਚੇਤਨ ਦੀ ਅੰਸ਼ ਹੋਣੇ ਕਰਕੇ ਸਾਰਿਆਂ ਨੂੰ ਭਾਈ ਕਹਿੰਦੇ ਹਨ। ਰੇ = ਹੇ ਭਾਈ = ਭਰਾਵੋ ! ਜਿਹੜੇ ਪੁਰਖ ਪਰਮੇਸ਼ਰ ਦੀ ਭਗਤਿ = ਭਗਤੀ ਤੋਂ ਹੀਣੁ = ਖ਼ਾਲੀ ਹਨ, ਉਹ ਕਾਹੇ = ਕਿਸ ਵਾਸਤੇ ਜਗਿ = ਜਗਤ ਵਿਚ ਆਏ ਹਨ ?

## ਪੂਰੇ ਗੁਰ ਕੀ ਸੇਵ ਨ ਕੀਨੀ; ਬਿਰਥਾ ਜਨਮੁ ਗਵਾਇਆ ॥੧॥ਰਹਾਉ॥

ਜਿਨ੍ਹਾਂ ਨੇ ਪੂਰੇ = ਪੂਰਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਦੀ ਮਨੁੱਖਾ ਜਨਮ ਪਾ ਕੇ ਸੇਵ = ਟਹਿਲ ਨ = ਨਹੀਂ ਕੀਨੀ = ਕੀਤੀ, ਉਹਨਾਂ ਜੀਵਾਂ ਨੇ ਆਪਣਾ ਜਨਮ ਦੁਨੀਆਂ ਦੇ ਧੰਦਿਆਂ ਵਿਚ ਬਿਰਥਾ = ਬੇਅਰਥ ਹੀ ਗਵਾਇਆ = ਗਵਾ ਲਿਆ ਹੈ ॥੧॥ਰਹਾਉ॥

## ਆਪੇ ਹਰਿ ਜਗਜੀਵਨੁ ਦਾਤਾ; ਆਪੇ ਬਖਸਿ ਮਿਲਾਏ ॥

ਹੇ ਭਾਈ! ਹਰਿ = ਹਰੀ ਆਪੇ = ਆਪ ਹੀ ਸਾਰੇ ਜਗਤ ਦਾ ਜੀਵਨ ਰੂਪ ਹੈ ਤੇ ਆਪ ਹੀ ਸਤਿਗੁਰੂ ਜੀ ਦਾਤਾ ਰੂਪ ਹਨ। ਗੁਰੂ ਸਾਹਿਬ ਜੀ ਆਪੇ = ਆਪ ਹੀ ਸਿੱਖਾਂ ਦੇ ਔਗੁਣਾਂ ਨੂੰ ਬਖ਼ਸ਼ ਕੇ ਸਿੱਖਾਂ ਨੂੰ ਭਗਤੀ, ਸ਼ਰਧਾ ਤੇ ਗਿਆਨ ਬਖ਼ਸ਼ ਕੇ ਆਪਣੇ ਨਾਲ ਮਿਲਾਏ = ਮੇਲ ਲੈਂਦੇ ਹਨ।

## ਜੀਅ ਜੰਤ ਏ ਕਿਆ ਵੇਚਾਰੇ; ਕਿਆ ਕੋ ਆਖਿ ਸੁਣਾਏ ॥

ਬ੍ਰਹਮਾ ਆਦਿਕ ਮੱਛਰ ਦੀ ਨਿਆਈਂ ਸੂਖਮ ਸਥੂਲ ਤੁੱਛ ਜਿੰਨੇ ਵੀ ਜੀਅ-ਜੰਤ ਹਨ, ਏ = ਇਹ ਜੀਵ ਵੇਚਾਰੇ ਕਿਆ = ਕੀ ਕਰ ਸਕਦੇ ਹਨ। ਮਹਾਰਾਜ ਸਾਹਿਬ ਜੀ ਦੀ ਚੇਤਨ ਸੱਤਾ ਤੋਂ ਬਿਨਾਂ ਕਿਆ = ਕੀ ਕੋ = ਕੋਈ ਮੁਖੋਂ ਆਖਿ = ਕਥਨ ਕਰਕੇ ਸੁਣਾਏ = ਸੁਣਾ ਸਕਦਾ ਹੈ, ਭਾਵ ਕੁਝ ਵੀ ਨਹੀਂ ਕਹਿ ਸਕਦਾ।

## ਗੁਰਮੁਖਿ ਆਪੇ ਦੇ ਵਡਿਆਈ; ਆਪੇ ਸੇਵ ਕਰਾਏ ॥੨॥

ਜਿਨ੍ਹਾਂ ਗੁਰਮੁਖਾਂ ਨੂੰ ਗੁਰੂ ਸਾਹਿਬ ਜੀ ਆਪ ਨਾਮ ਜਪਣ ਦੀ ਵਡਿਆਈ = ਸ਼ੋਭਾ ਬਖ਼ਸ਼ ਦੇ = ਦਿੰਦੇ ਹਨ, ਉਹ ਨਾਮ ਜਪਦੇ ਹਨ ਤੇ ਹੋਰਨਾਂ ਨੂੰ ਨਾਮ ਜਪਾਉਂਦੇ ਹਨ, ਆਪ ਸੇਵਾ ਕਰਦੇ ਹਨ ਤੇ ਹੋਰਨਾਂ ਤੋਂ ਸੇਵਾ ਕਰਾਉਂਦੇ ਹਨ ॥੨॥

## ਦੇਖਿ ਕੁਟੰਬੁ ਮੋਹਿ ਲੋਭਾਣਾ; ਚਲਦਿਆ ਨਾਲਿ ਨ ਜਾਈ ॥

ਜਿਹੜੇ ਲੋਕ ਕੁਟੰਬੁ = ਇਸਤਰੀ ਤੋਂ ਪੁੱਤਰ, ਧੀਆਂ ਆਦਿ ਵਧਿਆ ਹੋਇਆ ਪਰਿਵਾਰ ਦੇਖ ਕੇ ਉਹਨਾਂ ਦੇ ਮੋਹ ਵਿਚ ਫਸ ਕੇ ਲੋਭਾਣਾ = ਲੁਭਾਏਮਾਨ ਹੁੰਦੇ ਹਨ, ਉਹਨਾਂ ਦੇ ਨਾਲ ਪਰਲੋਕ ਨੂੰ ਚੱਲਦਿਆਂ ਨਾ ਪੁੱਤਰਾਂ ਨੇ, ਨਾ ਧੀਆਂ ਨੇ, ਨਾ ਇਸਤਰੀ ਨੇ ਕਿਸੇ ਨੇ ਵੀ ਨਾਲ ਨਹੀਂ ਜਾਈ = ਜਾਣਾ। ਮੋਹ ਵਿਚ ਫਸੇ ਵਾਰ-ਵਾਰ ਜੂਨਾਂ ਵਿਚ ਆਉਣਗੇ। ਮਨੁੱਖਾ ਜਨਮ ਦੇ ਕਰਮ ਨਾ ਹੋਏ ਤਾਂ ਟੇਢੀਆਂ ਜੂਨਾਂ ਪਸ਼ੂ ਆਦਿ ਬਣ ਕੇ ਉਹਨਾਂ ਕੋਲ ਹੀ ਵਿਚਰਣਗੇ।

[ਅੰਗ ੬੫]

## ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ; ਤਿਸ ਕੀ ਕੀਮ ਨ ਪਾਈ ॥

ਸਤਿਗੁਰੂ ਸਾਹਿਬ ਜੀ ਦੀ ਜਿਨ੍ਹਾਂ ਨੇ ਸੇਵਿ = ਟਹਿਲ ਕੀਤੀ ਹੈ, ਉਹਨਾਂ ਨੇ ਗੁਣ = ਗੁਣਾਂ ਦੇ ਨਿਧਾਨੁ = ਖ਼ਜ਼ਾਨੇ ਪਰਮੇਸ਼ਰ ਵਾਹਿਗੁਰੂ ਨੂੰ ਪਾਇਆ = ਪ੍ਰਾਪਤ ਕੀਤਾ ਹੈ। ਤਿਸ = ਉਸ ਵਾਹਿਗੁਰੂ ਕੀ = ਦੀ ਕੀਮ = ਕੀਮਤ ਵੀ ਨ = ਨਹੀਂ ਪਾਈ ਜਾ ਸਕਦੀ **ਵਾ:** ਉਸ ਤੱਤ ਬੇਤੇ ਦੀ ਸੰਸਾਰ ਦੇ ਪਾਸੋਂ ਕੀਮਤ ਨਹੀਂ ਪਾਈ ਜਾ ਸਕਦੀ, ਐਸਾ ਗੁਣਾਂ ਦਾ ਖ਼ਜ਼ਾਨਾ ਜਿਨ੍ਹਾਂ ਨੂੰ ਬਖ਼ਸ਼ਿਆ ਹੈ।

## ਪ੍ਰਭੁ ਸਖਾ ਹਰਿ ਜੀਉ ਮੇਰਾ; ਅੰਤੇ ਹੋਇ ਸਖਾਈ ॥੩॥

ਪ੍ਰਭੁ = ਮਾਲਕ ਹਰਿ = ਵਾਹਿਗੁਰੂ ਮਾਤਾ ਦੇ ਗਰਭ ਵਿਚ ਵੀ ਮੇਰਾ ਸਖਾ = ਮਿੱਤਰ ਸੀ, ਆਪਣਾ ਸਿਮਰਨ ਦੇ ਕੇ ਗਰਭ ਵਿਚ ਵੀ ਰੱਖਿਆ ਕੀਤੀ, ਸੜਨ ਨਹੀਂ ਦਿੱਤਾ, ਇਸ ਮਾਤ ਲੋਕ ਵਿਚ ਵੀ ਹਰੀ ਸਾਡਾ ਜੀਵਨ ਰੂਪ ਹੈ। ਮਹਾਰਾਜ ਸਾਹਿਬ ਹੀ ਅੰਤੇ = ਅੰਤ ਨੂੰ ਸਾਡੇ ਮਿੱਤਰ ਦੀ ਨਿਆਈਂ ਸਖਾਈ = ਸਹਾਇਕ ਹੋਇ = ਹੋਣਗੇ ॥੩॥

## ਪੇਈਅੜੈ ਜਗਜੀਵਨੁ ਦਾਤਾ; ਮਨਮੁਖਿ ਪਤਿ ਗਵਾਈ ॥

ਇਸ ਸੰਸਾਰ ਰੂਪੀ ਪੇਈਅੜੈ = ਪੇਕੇ ਘਰ ਵਿਚ ਜਗਜੀਵਨੁ = ਜਗਤ ਦਾ ਜੀਵਨ ਦਾਤਾ ਪਰਮੇਸ਼ਰ ਹੀ ਹੈ। ਜੀਵ ਸਾਰੇ ਇਸਤਰੀਆਂ ਦੀ ਨਿਆਈਂ ਹਨ। ਇਹ ਸੰਸਾਰ ਪੇਕੇ ਘਰ ਦੀ ਨਿਆਈਂ ਹੈ। ਇਸ ਲੋਕ ਵਿਚ ਆ ਕੇ ਮਨਮੁਖਾਂ ਨੇ ਹਰੀ ਵਾਹਿਗੁਰੂ ਦੀ ਭਗਤੀ ਨਹੀਂ ਕੀਤੀ ਤੇ ਵਿਕਾਰਾਂ ਵਿਚ ਲੱਗ ਕੇ ਪਤਿ = ਇੱਜ਼ਤ ਹੀ ਗਵਾਈ = ਗਵਾ ਲਈ ਹੈ।

## ਬਿਨੁ ਸਤਿਗੁਰ ਕੋ ਮਗੁ ਨ ਜਾਣੈ; ਅੰਧੇ ਠਉਰ ਨ ਕਾਈ ॥

ਸਤਿਗੁਰੂ ਸਾਹਿਬ ਜੀ ਤੋਂ ਬਿਨੁ = ਬਿਨਾਂ ਕੋ = ਕੋਈ ਭਾਉ ਭਗਤੀ ਦਾ ਮਗੁ = ਰਸਤਾ ਨ = ਨਹੀਂ ਜਾਣੈ = ਜਾਣ ਸਕਦਾ। ਅੰਧੇ = ਅਗਿਆਨੀ ਜੀਵਾਂ ਨੂੰ ਪਰਲੋਕ ਵਿਚ ਵੀ ਕੋਈ ਠਉਰ = ਟਿਕਾਣਾ ਨਹੀਂ। ਟੇਢੀਆਂ ਜੂਨਾਂ ਵਿਚ ਹੀ ਭਰਮਦੇ ਰਹਿੰਦੇ ਹਨ **ਵਾ:** ਅੰਧੇ = ਅਗਿਆਨੀ ਜੀਵ ਨੂੰ ਤੁਰੀਆ ਪਦ ਰੂਪੀ, ਸੱਚਖੰਡ ਰੂਪੀ ਕੋਈ ਵੀ ਥਾਉਂ ਪ੍ਰਾਪਤ ਨਹੀਂ ਹੁੰਦਾ। ਜੈਸਾ ਕਿ :

**ਨਾ ਇਤ ਕੇ ਨਾ ਉਤ ਕੇ ਵਿਚੇ ਖਾਂਦੇ ਕੁਤਕੇ।**
**ਧੋਬੀ ਦਾ ਕੁਤਾ ਨਾ ਘਰ ਕੋ ਨਾ ਘਾਟ ਕੋ।** *(ਲੌਕਿਕ ਪ੍ਰਮਾਣ)*

ਧੋਬੀ ਦਾ ਕੁੱਤਾ ਨਾ ਤਾਂ ਘਰ ਵਿਚ ਰਹਿ ਸਕਦਾ ਹੈ ਤੇ ਨਾ ਹੀ ਘਾਟ 'ਤੇ ਜਾਣ ਜੋਗਾ ਹੁੰਦਾ ਹੈ। ਇਉਂ ਨਾ ਤਾਂ ਉਹ ਇਤ = ਇਸ ਲੋਕ ਦੇ ਨਾ ਹੀ ਉਤ = ਪਰਲੋਕ ਦੇ, ਉਹ ਵਿੱਚੇ ਹੀ ਕੁਤਕੇ = ਡੰਡੇ ਖਾਂਦੇ ਫਿਰਦੇ ਹਨ ਭਾਵ ਜੂਨਾਂ ਵਿਚ ਭਰਮਦੇ ਹਨ।

## ਹਰਿ ਸੁਖਦਾਤਾ ਮਨਿ ਨਹੀ ਵਸਿਆ; ਅੰਤਿ ਗਇਆ ਪਛੁਤਾਈ ॥੪॥

ਹਰਿ = ਹਰੀ ਅਕਾਲ ਪੁਰਖ ਸਾਰੇ ਸੁਖਦਾਤਾ = ਸੁੱਖਾਂ ਦਾ ਦਾਤਾ ਜਿਨ੍ਹਾਂ ਦੇ ਮਨ ਵਿਚ ਨਹੀਂ ਵਸਿਆ, ਉਹ ਅੰਤ ਨੂੰ ਪਛੁਤਾਈ = ਪਸ਼ਚਾਤਾਪ ਕਰਕੇ ਪ੍ਰਲੋਕ ਨੂੰ ਚਲੇ ਗਇਆ = ਗਏ ਹਨ ॥੪॥

## ਪੇਈਅੜੈ ਜਗਜੀਵਨੁ ਦਾਤਾ; ਗੁਰਮਤਿ ਮੰਨਿ ਵਸਾਇਆ ॥

ਜੋ ਜਗਜੀਵਨੁ = ਜਗਤ ਦਾ ਜੀਵਨ ਰੂਪ ਤੇ ਸਭ ਦਾ ਦਾਤਾ ਹੈ, ਉਸ ਨੂੰ ਜਿਨ੍ਹਾਂ ਨੇ ਇਸ ਸੰਸਾਰ ਰੂਪੀ ਪੇਈਅੜੈ = ਪੇਕੇ ਘਰ ਵਿਚ ਰਹਿ ਕੇ ਗੁਰਮਤਿ = ਗੁਰੂ ਦੀ ਸਿੱਖਿਆ ਦੁਆਰਾ ਆਪਣੇ ਮੰਨਿ = ਹਿਰਦੇ ਵਿਚ ਵਸਾਇਆ = ਵਸਾਉਣਾ ਕੀਤਾ ਹੈ।

## ਅਨਦਿਨੁ ਭਗਤਿ ਕਰਹਿ ਦਿਨੁ ਰਾਤੀ; ਹਉਮੈ ਮੋਹੁ ਚੁਕਾਇਆ ॥

ਉਹ ਅਨਦਿਨੁ = ਇਕ-ਰਸ ਦਿਨੁ ਰਾਤੀ = ਦਿਨ ਰਾਤ ਭਗਤੀ ਕਰਹਿ = ਕਰਦੇ ਹਨ, ਉਹਨਾਂ ਨੂੰ ਅਵਿੱਦਿਆ ਰੂਪੀ ਰਾਤ ਤੋਂ ਬ੍ਰਹਮ ਗਿਆਨ ਰੂਪੀ ਦਿਨ ਦਾ ਗਿਆਨ ਹੋ ਗਿਆ ਹੈ ਅਤੇ ਸਤਿਗੁਰਾਂ ਨੇ ਉਨ੍ਹਾਂ ਦੀ ਹਉਮੈ = ਹੰਗਤਾ ਮਮਤਾ ਅਤੇ ਸੰਬੰਧੀਆਂ ਦਾ ਮੋਹ ਚੁਕਾਇਆ = ਚੁਕਾ ਦਿੱਤਾ ਹੈ।

***ਨੋਟ :*** ਇਹ ਜਿਥੇ ਅਨਦਿਨੁ ਤੇ ਦਿਨੁ ਰਾਤੀ ਇਕੱਠੇ ਆਉਣ, ਤਿੰਨ ਅਰਥ ਕਰਨੇ ਹਨ :

੧. ਇਕ ਤਾਂ ਨਿਰੰਤਰ ਰਾਤ ਦਿਨ ਭਗਤੀ ਕਰਦੇ ਹਨ। ੨. ਉਹ ਰਾਤ ਦਿਨ ਭਗਤੀ ਕਰਦੇ ਹਨ। ਦਿਨ ਰਾਤੀ ਉਹਨਾਂ ਦਾ ਹਉਮੈ ਦਾ ਮੋਹ ਚੁਕਾਇਆ ਹੈ, ਦੋਵੇਂ ਪਾਸੀਂ ਲਾਉਣਾ। ੩. ਉਹ ਰਾਤ ਦਿਨ ਭਗਤੀ ਕਰਦੇ ਹਨ। ਉਹਨਾਂ ਦੀ ਅਵਿੱਦਿਆ ਰੂਪੀ ਰਾਤ ਨਵਿਰਤ ਹੋ ਗਈ ਭਾਵ ਦੂਰ ਹੋ ਗਈ ਹੈ ਅਤੇ ਬ੍ਰਹਮ ਗਿਆਨ ਰੂਪੀ ਦਿਨ ਚੜ੍ਹ ਗਿਆ ਹੈ।

## ਜਿਸੁ ਸਿਉ ਰਾਤਾ ਤੈਸੋ ਹੋਵੈ; ਸਚੇ ਸਚਿ ਸਮਾਇਆ ॥੫॥

ਜਿਸ ਵਾਹਿਗੁਰੂ ਦੇ ਸਿਉ = ਨਾਲ ਪੁਰਸ਼ ਦਾ ਚਿੱਤ ਰਾਤਾ = ਰੰਗਿਆ ਜਾਂਦਾ ਹੈ, ਉਹ ਤੈਸੋ = ਉਸੇ ਦਾ ਹੀ ਸਰੂਪ ਹੋਵੈ = ਹੋ ਜਾਂਦਾ ਹੈ। ਜਿਵੇਂ ਗੰਗਾ ਵਿਚ ਮਿਲਣ ਵਾਲੇ ਸਾਰੇ ਨਾਲੇ ਗੰਗਾ ਰੂਪ ਹੋ ਜਾਂਦੇ ਹਨ। ਸੱਚੇ ਅਕਾਲ ਪੁਰਖ ਵਾਹਿਗੁਰੂ ਨੇ ਸੱਚਾ ਨਾਮ ਜਪਣ ਵਾਲਿਆਂ ਨੂੰ ਆਪਣੇ ਵਿਚ ਹੀ ਸਮਾਇਆ = ਸਮਾਅ ਲਿਆ ਹੈ ਭਾਵ ਅਭੇਦ ਕਰ ਲਿਆ ਹੈ ॥੫॥

## ਆਪੇ ਨਦਰਿ ਕਰੇ ਭਾਉ ਲਾਏ; ਗੁਰ ਸਬਦੀ ਬੀਚਾਰਿ ॥

ਜਿਨ੍ਹਾਂ 'ਤੇ ਆਪ ਪਰਮੇਸ਼ਰ ਨਿਸ਼ਕਾਮ ਕਰਮਾਂ ਕਰਕੇ ਪੂਰਬਲੇ ਪੁੰਨਾਂ ਦਾ ਪ੍ਰੇਰਿਆ ਹੋਇਆ ਕ੍ਰਿਪਾ ਦੀ ਨਦਰਿ = ਦ੍ਰਿਸ਼ਟੀ ਕਰੇ = ਕਰਦਾ ਹੈ, ਉਨ੍ਹਾਂ ਦੇ ਹਿਰਦੇ ਅੰਦਰ ਭਾਉ = ਪ੍ਰੇਮ ਭਾਵਨਾ, ਸ਼ਰਧਾ ਲਾਏ = ਲਾ ਦਿੰਦਾ ਹੈ ਤੇ ਫੇਰ ਉਹ ਪੁਰਖ ਗੁਰ = ਸਤਿਗੁਰਾਂ ਦੇ ਸਬਦੀ = ਉਪਦੇਸ਼ ਦੀ ਬੀਚਾਰਿ = ਵਿਚਾਰ ਕਰਦਾ ਹੈ।

## ਸਤਿਗੁਰੁ ਸੇਵਿਐ ਸਹਜੁ ਊਪਜੈ; ਹਉਮੈ ਤ੍ਰਿਸਨਾ ਮਾਰਿ ॥

ਜੋ ਸਤਿਗੁਰਾਂ ਦੀ ਸੇਵਿਐ = ਟਹਲ ਕਰਦੇ ਹਨ, ਉਹਨਾਂ ਦੇ ਹਿਰਦੇ ਵਿਚ ਸਹਜੁ = ਗਿਆਨ ਊਪਜੈ = ਪੈਦਾ ਹੋ ਜਾਂਦਾ ਹੈ ਫੇਰ ਸਤਿਗੁਰੂ ਜੀ ਗਿਆਨ ਕਰਵਾ ਕੇ ਉਨ੍ਹਾਂ ਦੀ ਦੇਹ ਦੀ ਹਉਮੈ = ਹੰਗਤਾ, ਮਮਤਾ, ਰਸਾਂ ਕਸਾਂ ਤੇ ਭੋਗਾਂ ਦੀ ਤ੍ਰਿਸਨਾ ਮਾਰਿ = ਮਾਰ ਦਿੰਦੇ ਹਨ **ਵਾ:** ਉਹ ਗੁਰਮੁਖ ਮਾਰਿ = ਮੌਤ ਨੂੰ ਮਾਰ ਲੈਂਦੇ ਹਨ ਭਾਵ ਜੰਮਣ ਮਰਨ ਤੋਂ ਮੁਕਤ ਹੋ ਜਾਂਦੇ ਹਨ।

## ਹਰਿ ਗੁਣਦਾਤਾ ਸਦ ਮਨਿ ਵਸੈ; ਸਚੁ ਰਖਿਆ ਉਰ ਧਾਰਿ ॥੬॥

ਜਿਨ੍ਹਾਂ ਦੇ ਹਰਿ = ਹਰੀ ਸਰਬ ਗੁਣਾਂ ਦਾ ਦਾਤਾ ਸਦ = ਸਦਾ ਮਨਿ = ਹਿਰਦੇ ਵਿਚ ਵਸੈ = ਵਸਦਾ ਹੈ, ਉਹਨਾਂ ਨੇ ਸਚੁ = ਸੱਚੇ ਨਾਮ ਨੂੰ ਉਰ = ਹਿਰਦੇ ਵਿਚ ਧਾਰਿ = ਧਾਰਨ ਕਰਕੇ ਰੱਖਿਆ ਹੈ ਭਾਵ ਵਸਾ ਕੇ ਰੱਖਿਆ ਹੈ ॥੬॥

## ਪ੍ਰਭੁ ਮੇਰਾ ਸਦਾ ਨਿਰਮਲਾ; ਮਨਿ ਨਿਰਮਲਿ ਪਾਇਆ ਜਾਇ ॥

ਮੇਰਾ ਪ੍ਰਭੁ = ਅਕਾਲ ਪੁਰਖ ਸਦਾ ਨਿਰਮਲਾ = ਉੱਜਲ ਸਰੂਪ ਹੈ, ਮਾਇਆ ਦੀ ਮੈਲ ਤੋਂ ਰਹਿਤ ਹੈ। ਜਿਨ੍ਹਾਂ ਦਾ ਮਨ ਨਿਰਮਲਿ = ਸ਼ੁੱਧ ਹੈ, ਉਹਨਾਂ ਦੁਆਰਾ ਹਰੀ ਵਾਹਿਗੁਰੂ ਨੂੰ ਪਾਇਆ ਜਾਇ = ਜਾ ਸਕਦਾ ਹੈ।

## ਨਾਮੁ ਨਿਧਾਨੁ ਹਰਿ ਮਨਿ ਵਸੈ; ਹਉਮੈ ਦੁਖੁ ਸਭੁ ਜਾਇ ॥

ਜਿਨ੍ਹਾਂ ਦੇ ਮਨ ਵਿਚ ਹਰਿ = ਹਰੀ ਦੇ ਨਾਮ ਦਾ ਨਿਧਾਨੁ = ਖ਼ਜ਼ਾਨਾ ਵਸੈ = ਵਸ ਜਾਂਦਾ ਹੈ, ਉਹਨਾਂ ਦੇ ਸਰੀਰ ਦੀ ਹਉਮੈ = ਹੰਗਤਾ, ਮਮਤਾ, ਜੰਮਣ ਮਰਨ ਆਦਿ ਦੇ ਦੁੱਖ ਸਭੁ = ਸਾਰੇ ਚਲੇ ਜਾਇ = ਜਾਂਦੇ ਹਨ।

## ਸਤਿਗੁਰਿ ਸਬਦੁ ਸੁਣਾਇਆ; ਹਉ ਸਦ ਬਲਿਹਾਰੈ ਜਾਉ ॥੭॥

ਜਿਸ ਸਤਿਗੁਰੂ ਜੀ ਨੇ ਸਬਦੁ = ਉਪਦੇਸ਼ ਨੂੰ ਸੁਣਾਇਆ ਹੈ, ਹਉ = ਮੈਂ ਉਹਨਾਂ ਗੁਰਾਂ ਤੋਂ ਸਦ = ਸਦਾ ਬਲਿਹਾਰੈ = ਕੁਰਬਾਨ ਜਾਉ = ਜਾਂਦਾ ਹਾਂ ॥੭॥

## ਆਪਣੈ ਮਨਿ ਚਿਤਿ ਕਹੈ ਕਹਾਏ; ਬਿਨੁ ਗੁਰ ਆਪੁ ਨ ਜਾਈ ॥

ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੁਆਰਾ ਸ਼ਬਦ ਦੀ ਕਮਾਈ ਕਰ ਕੇ ਨਾਮ ਨਹੀਂ ਜਪਿਆ, ਉਹ ਆਪਣੇ ਮਨ ਵਿਚ ਚਿਤਿ = ਚਿਤਵਣੀ ਕਰਦੇ ਰਹਿੰਦੇ ਹਨ ਕਿ ਮੈਂ ਹਉਮੈ ਛੱਡੀ ਹੈ। ਅਸੀਂ ਬ੍ਰਹਮ ਰੂਪ ਹੋ ਗਏ ਹਾਂ। ਜਿਉਂ ਦੇ ਤਿਉਂ ਬਣ ਗਏ ਹਾਂ। ਆਪਣੇ ਚੇਲਿਆਂ ਚਾਟੜਿਆਂ ਨੂੰ ਸੀਤ ਪ੍ਰਸਾਦ ਦਿੰਦੇ ਹਨ। ਉਹਨਾਂ ਤੋਂ ਆਪਣੀ ਉਪਮਾ ਤੇ ਵਡਿਆਈ ਦੇ ਸ਼ਬਦ ਕਹਾ ਲੈਂਦੇ ਹਨ। ਇਸ ਪ੍ਰਕਾਰ ਉਹ ਕਹੈ = ਕਹਿੰਦੇ ਕਹਾਏ = ਕਹਾਉਂਦੇ ਹਨ। ਪਰ ਸਤਿਗੁਰੂ ਜੀ ਤੋਂ ਬਿਨੁ = ਬਗ਼ੈਰ ਆਪੁ = ਆਪਾ-ਭਾਵ ਹੰਕਾਰ ਨ = ਨਹੀਂ ਨਵਿਰਤ ਹੁੰਦਾ ਭਾਵ ਆਪਾ-ਭਾਵ ਜਾਈ = ਜਾਂਦਾ ਨਹੀਂ, ਭਾਵੇਂ ਕਿੰਨਾ ਕਹੀ ਤੇ ਕਹਾਈ ਜਾਣ।

## ਹਰਿ ਜੀਉ ਭਗਤਿ ਵਛਲੁ ਸੁਖਦਾਤਾ; ਕਰਿ ਕਿਰਪਾ ਮੰਨਿ ਵਸਾਈ ॥

ਹਰਿ = ਹਰੀ ਅਕਾਲ ਪੁਰਖ ਜੀ ਭਗਤਿ = ਭਗਤੀ ਕਰਨ ਵਾਲੇ ਭਗਤਾਂ ਦਾ ਵਛਲੁ = ਪਿਆਰਾ ਹੈ ਜੋ ਸਰਬ ਸੁੱਖਾਂ ਦਾ ਦਾਤਾ ਹੈ। ਜਿਨ੍ਹਾਂ 'ਤੇ ਗੁਰੂ ਸਾਹਿਬ ਜੀ ਨੇ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ, ਉਹਨਾਂ ਦੇ ਮੰਨਿ = ਹਿਰਦੇ ਵਿਚ ਵਾਹਿਗੁਰੂ ਦਾ ਨਾਮ ਵਸਾਈ = ਵਸਾ ਦਿੱਤਾ ਹੈ।

## ਨਾਨਕ ਸੋਭਾ ਸੁਰਤਿ ਦੇਇ ਪ੍ਰਭੁ; ਆਪੇ ਗੁਰਮੁਖਿ ਦੇ ਵਡਿਆਈ ॥੮॥੧॥੧੮॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਉਹਨਾਂ ਨੂੰ ਪ੍ਰਭੁ = ਪਰਮੇਸ਼ਰ ਨੇ ਭਗਤੀ ਦੀ ਸੁਰਤਿ = ਗਿਆਤ **ਵਾ:** (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਦੀ ਸੋਭਾ = ਵਡਿਆਈ ਦੇਇ = ਦਿੱਤੀ ਹੈ। ਆਪੇ = ਆਪ ਗੁਰਮੁਖਾਂ ਦੇ ਤਾਈਂ ਬ੍ਰਹਮ ਗਿਆਨ ਦੀ ਵਡਿਆਈ = ਸ਼ੋਭਾ ਦਿੱਤੀ ਹੈ **ਵਾ:** ਗੁਰਮੁਖ ਸੁਰਤ ਦੇ ਨਾਲ, ਭਾਉ ਭਗਤੀ ਨਾਲ ਸ੍ਵਨ ਕਰਦੇ ਰਹਿੰਦੇ ਹਨ। ਵਾਹਿਗੁਰੂ ਆਪ ਹੀ ਗੁਰਮੁਖਾਂ ਨੂੰ ਆਪਣੇ ਸਰੂਪ ਦੀ ਵਡਿਆਈ = ਸ਼ੋਭਾ ਬਖ਼ਸ਼ ਦਿੰਦਾ ਹੈ ॥੮॥੧॥੧੮॥ ਜੈਸਾ ਕਿ :

**ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥** *(ਗਉੜੀ ਸੁਖਮਨੀ ਮ: ੫, ਅੰਗ ੨੭੩)*

## ਸਿਰੀਰਾਗੁ ਮਹਲਾ ੩ ॥

## ਹਉਮੈ ਕਰਮ ਕਮਾਵਦੇ; ਜਮਡੰਡੁ ਲਗੈ ਤਿਨ ਆਇ ॥

ਜਿਹੜੇ ਜੀਵ ਹਉਮੈ = ਹੰਗਤਾ ਮਮਤਾ ਦੇ ਸਹਿਤ ਨਿੱਤ, ਨਮਿੱਤ, ਪ੍ਰਾਸਚਿਤ, ਨਿਖੇਧ, ਕਾਮਕ ਕਰਮਾਂ ਨੂੰ ਕਮਾਵਦੇ = ਕਮਾਉਂਦੇ ਹਨ। ਤਿਨ = ਤਿਨ੍ਹਾਂ ਨੂੰ ਜਮ-ਡੰਡ, ਲੋਕ-ਡੰਡ, ਪਿੱਤਰ-ਡੰਡ, ਦੇਵ-ਡੰਡ, ਰਾਜ-ਡੰਡ ਆਇ = ਆ ਕੇ ਲਗੈ = ਲੱਗਦੇ ਹਨ **ਵਾ:** ਉਨ੍ਹਾਂ ਦੇ ਸਿਰ ਵਿਚ ਜਮਾਂ ਦੇ ਡੰਡੇ ਵੱਜਦੇ ਹਨ।

## ਜਿ ਸਤਿਗੁਰੁ ਸੇਵਨਿ ਸੇ ਉਬਰੇ; ਹਰਿ ਸੇਤੀ ਲਿਵ ਲਾਇ ॥੧॥

ਜਿ = ਜਿਹੜੇ ਸਤਿਗੁਰੂ ਸੱਚੇ ਪਾਤਸ਼ਾਹ ਦਾ ਸੇਵਨਿ = ਭਜਨ ਕਰਦੇ ਹਨ, ਸੇ = ਉਹ ਜਮਾਂ ਦੇ ਡੰਡ ਤੋਂ ਉਬਰੇ = ਬਚ ਜਾਂਦੇ ਹਨ ਕਿਉਂਕਿ ਉਹ ਵਾਹਿਗੁਰੂ ਦੇ ਸੇਤੀ = ਨਾਲ ਲਿਵ = ਬਿਰਤੀ ਨੂੰ ਲਾਇ = ਲਗਾ ਕੇ ਰਹਿੰਦੇ ਹਨ ॥੧॥

## ਮਨ ਰੇ; ਗੁਰਮੁਖਿ ਨਾਮੁ ਧਿਆਇ ॥

ਰੇ = ਹੇ ਮਨਾਂ ! ਗੁਰਮੁਖਿ = ਮੁਖੀ ਗੁਰਾਂ ਦੁਆਰਾ ਵਾਹਿਗੁਰੂ ਦੇ ਨਾਮ ਨੂੰ ਧਿਆਇ = ਧਿਆਉਣਾ ਕਰ।

## ਧੁਰਿ ਪੂਰਬਿ ਕਰਤੈ ਲਿਖਿਆ; ਤਿਨਾ ਗੁਰਮਤਿ ਨਾਮਿ ਸਮਾਇ ॥੧॥ਰਹਾਉ॥

ਜਿਨ੍ਹਾਂ ਦੇ ਧੁਰਿ = ਧੁਰੋਂ ਪੂਰਬ ਨਿਸ਼ਕਾਮ ਕਰਮ ਕਰਤੈ = ਕਰਤਾ ਪੁਰਖ ਨੇ ਮੱਥੇ 'ਤੇ ਲਿਖਿਆ = ਲਿਖ ਦਿੱਤਾ ਹੈ, ਤਿਨਾ = ਉਹਨਾਂ ਦਾ ਗੁਰਮਤਿ ਦੁਆਰਾ ਨਾਮ ਜਪਣ ਵਿਚ ਮਨ ਸਮਾਇ = ਸਮਾਅ ਗਿਆ ਹੈ। ਉਹਨਾਂ ਨੂੰ ਨਾਮ ਕਰਕੇ ਮਸਤੀ ਚੜ੍ਹੀ ਹੈ ਤੇ ਉਹ ਨਾਮੀ ਵਿਚ ਅਭੇਦ ਹੋ ਜਾਂਦੇ ਹਨ ॥੧॥ਰਹਾਉ॥

## ਵਿਣੁ ਸਤਿਗੁਰ ਪਰਤੀਤਿ ਨ ਆਵਈ; ਨਾਮਿ ਨ ਲਾਗੋ ਭਾਉ ॥

ਸਤਿਗੁਰੂ ਸਾਹਿਬ ਤੋਂ ਬਗ਼ੈਰ ਜੀਵ ਨੂੰ ਨਾਮ **ਵਾ:** ਪਰਮੇਸ਼ਰ ਵਿਚ ਪਰਤੀਤਿ = ਭਰੋਸਾ ਨਹੀਂ ਆਵਈ = ਆ ਸਕਦਾ। ਜੋ ਕੁਝ ਬੋਲ ਕੇ ਲੋਕਾਂ ਨੂੰ ਸੁਣਾਉਂਦਾ ਹੈ ਉਹਦੀ ਵੀਚਾਰ ਨਹੀਂ ਪ੍ਰਾਪਤ ਹੁੰਦੀ। ਨਾਮ ਵਿਚ ਭਾਉ = ਪ੍ਰੇਮ ਨ = ਨਹੀਂ ਲਾਗੋ = ਲੱਗਦਾ, ਸੰਸਾਰਕ ਕਾਰ-ਵਿਹਾਰਾਂ ਵਿਚ ਹੀ ਫਸਿਆ ਰਹਿੰਦਾ ਹੈ।

## ਸੁਪਨੈ ਸੁਖੁ ਨ ਪਾਵਈ; ਦੁਖ ਮਹਿ ਸਵੈ ਸਮਾਇ ॥੨॥

ਉਹ ਸੁਪਨੇ ਮਾਤਰ ਵੀ ਸੁਖ ਨ = ਨਹੀਂ ਪਾਵਈ = ਪਾ ਸਕਦਾ **ਵਾ:** ਉਹ ਸੰਸਾਰ ਸੁਪਨੇ ਵਿਚ ਆਤਮਾ ਦੇ ਸੁਖ ਨੂੰ ਨਹੀਂ ਪਾਵਈ = ਪਾ ਸਕਦਾ। ਐਸਾ ਜੀਵ ਦੁਖ ਮਹਿ = ਵਿਚ ਸਵੈ = ਸੌਂਦਾ ਹੋਇਆ ਸਮਾਇ = ਸਮਾਇਆ ਰਹਿੰਦਾ ਹੈ **ਅਥਵਾ** ਦੁਖ = ਕਲੇਸ਼ਾਂ ਮਹਿ = ਵਿਚ ਸਵੈ = ਬੇਹੋਸ਼ ਹੋ ਕੇ ਸਮਾਇ = ਪਿਆ ਰਹਿੰਦਾ ਹੈ। ਇਸ ਪ੍ਰਕਾਰ ਉਹਨਾਂ ਦਾ ਜੀਵਨ ਜੰਮਣ ਮਰਨ ਦੇ ਦੁਖ ਵਿਚ ਹੀ ਅਵਿੱਦਿਆ ਰੂਪ ਨੀਂਦ ਕਾਰਨ ਸੇਵੇ = ਸੌਂ ਕੇ ਸਮਾਇ = ਗੁਜ਼ਰਦਾ ਰਹਿੰਦਾ ਹੈ ॥੨॥

## ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ; ਕਿਰਤੁ ਨ ਮੇਟਿਆ ਜਾਇ ॥

ਜੇ ਉਹਨਾਂ ਨੂੰ ਹਰਿ ਹਰਿ = ਵਾਹਿਗੁਰੂ ਵਾਹਿਗੁਰੂ ਨਾਮ ਜਪਣ ਦਾ ਉਪਦੇਸ਼ ਕੀਚੈ = ਕਰੀਏ ਅਤੇ ਬਹੁਤੇ ਸੁੱਖ ਦੇਣ ਨੂੰ ਲੋਚੀਐ = ਚਾਹੁੰਦੇ ਰਹੀਏ ਤਾਂ ਵੀ ਹਰੀ ਵਾਹਿਗੁਰੂ ਦੇ ਨਾਮ ਨੂੰ ਜਪਦੇ ਨਹੀਂ, ਉਹਨਾਂ ਦੇ ਕਿਰਤੁ = ਕਰਮ ਮੇਟਿਆ = ਮੇਟੇ ਨ = ਨਹੀਂ ਜਾਇ = ਜਾਂਦੇ **ਅਥਵਾ** ਜੀਵ ਤੋਂ ਪੂਰਬਲੇ ਜਨਮਾਂ ਦੇ ਮਾੜੇ ਕਰਮਾਂ ਕਰਕੇ ਹਰੀ ਦਾ ਨਾਮ ਨਹੀਂ ਜਪਿਆ ਜਾਂਦਾ, ਭਾਵੇਂ ਉਹ ਕਿੰਨਾ ਨਾਮ ਜਪਣ ਨੂੰ ਲੋਚੀ ਜਾਣ।

## ਹਰਿ ਕਾ ਭਾਣਾ ਭਗਤੀ ਮੰਨਿਆ; ਸੇ ਭਗਤ ਪਏ ਦਰਿ ਥਾਇ ॥੩॥

ਜਿਨ੍ਹਾਂ ਭਗਤਾਂ ਨੇ ਹਰਿ = ਪਰਮੇਸ਼ਰ ਕਾ = ਦਾ ਭਾਣਾ = ਹੁਕਮ ਮੰਨਿਆ ਹੈ ਭਾਵ ਰਜ਼ਾ ਵਿੱਚ ਚੱਲਦੇ ਹਨ, ਸੇ = ਉਹ ਮਹਾਰਾਜ ਦੇ ਭਗਤ ਵਾਹਿਗੁਰੂ ਦੀ ਦਰਿ = ਦਰਗਾਹ ਰੂਪੀ ਥਾਇ = ਥਾਂ ਭਾਵ ਲੇਖੇ ਵਿਚ ਪਏ ਹਨ ਭਾਵ ਪ੍ਰਵਾਨਗੀ ਵਿਚ ਪਏ ਹਨ ॥੩॥

## ਗੁਰੁ ਸਬਦੁ ਦਿੜਾਵੈ ਰੰਗ ਸਿਉ; ਬਿਨੁ ਕਿਰਪਾ ਲਇਆ ਨ ਜਾਇ ॥

ਗੁਰੂ ਸਾਹਿਬ ਜੀ ਸਿੱਖ ਦੇ ਹਿਰਦੇ ਵਿਚ ਰੰਗ ਸਿਉ = ਪ੍ਰੇਮ ਦੇ ਸਹਿਤ ਸਬਦੁ = ਉਪਦੇਸ਼ ਦਿੜਾਵੈ = ਦ੍ਰਿੜ੍ਹ, ਪ੍ਰਪੱਕ ਕਰਾਉਂਦੇ ਹਨ। ਸਤਿਗੁਰੂ ਜੀ ਦੀ ਕਿਰਪਾ ਤੋਂ ਬਿਨੁ = ਬਿਨਾਂ ਪਰਮੇਸ਼ਰ ਦਾ ਅਨੰਦ ਲਇਆ = ਲਿਆ ਨ = ਨਹੀਂ ਜਾਂਦਾ, ਸਭ ਖ਼ਾਲੀ ਹੀ ਰਹਿ ਜਾਂਦੇ ਹਨ।

## ਜੇ ਸਉ ਅੰਮ੍ਰਿਤੁ ਨੀਰੀਐ; ਭੀ ਬਿਖੁ ਫਲੁ ਲਾਗੈ ਧਾਇ ॥੪॥

ਜੇ ਤੁੰਮੇ ਨੂੰ ਸਉ = ਸੈਂਕੜੇ ਵਾਰੀ ਮਿੱਠੇ ਪਦਾਰਥਾਂ ਨਾਲ ਜੈਸਾ ਕਿ ਕਮਾਦ ਦਾ ਰਸ ਜਾਂ ਸ਼ਹਿਦ ਜਾਂ ਦੇਵਪੁਰੀ 'ਚੋਂ ਸਵਰਗਾਂ 'ਚੋਂ ਦੇਵਤਿਆਂ ਦਾ ਅੰਮ੍ਰਿਤ ਨੀਰੀਐ = ਸਿੰਚੀਏ, ਫੇਰ ਵੀ ਤੁੰਮਿਆਂ ਨੂੰ ਬਿਖੁ ਫਲੁ = ਜ਼ਹਿਰ ਵਰਗਾ ਕੌੜਾ ਫਲ ਹੀ ਲੱਗਦਾ ਹੈ। ਇਸੇ ਤਰ੍ਹਾਂ ਨਾਸਤਕ ਮਨਮੁਖ ਵਿਸ਼ਈ ਪੁਰਸ਼ ਨੂੰ ਜੋ ਤੁੰਮੇ

ਦੀ ਨਿਆਈਂ ਹੈ, ਜੇ ਸਉ = ਸੈਂਕੜੇ ਸ਼ਾਸਤਰਾਂ ਦੁਆਰਾ ਗਿਆਨ ਦੀਆਂ ਗੱਲਾਂ, ਮੁਕਤੀ ਦੀਆਂ ਗੱਲਾਂ, ਬ੍ਰਹਮਾਨੰਦ ਰੂਪੀ ਅੰਮ੍ਰਿਤ ਨੀਰੀਐ = ਸਿੰਚੀਏ ਫੇਰ ਵੀ ਵਿਸ਼ਿਆਂ ਵਿਚ ਚਿੱਤ ਜੁੜਿਆ ਹੋਣ ਕਰਕੇ ਵਿਸ਼ੇ ਫਲ ਹੀ ਲੱਗੇਗਾ ਭਾਵ ਵਿਸ਼ੇ ਭੋਗਣ ਵਾਸਤੇ ਹੀ ਧਾਇ = ਦੌੜਦਾ ਫਿਰਦਾ ਰਹੇਗਾ ॥੪॥

## ਸੇ ਜਨ ਸਚੇ ਨਿਰਮਲੇ; ਜਿਨ ਸਤਿਗੁਰ ਨਾਲਿ ਪਿਆਰੁ ॥

ਸੇ = ਉਹ ਜਨ = ਪੁਰਸ਼ ਨਿਰਮਲੇ = ਸ਼ੁੱਧ ਪਵਿੱਤਰ ਹਨ, ਜਿਨ੍ਹਾਂ ਦਾ ਸਤਿਗੁਰ ਸੱਚੇ ਪਾਤਸ਼ਾਹ ਨਾਲ ਪਿਆਰੁ = ਸਨੇਹ ਹੈ।

## ਸਤਿਗੁਰ ਕਾ ਭਾਣਾ ਕਮਾਵਦੇ; ਬਿਖੁ ਹਉਮੈ ਤਜਿ ਵਿਕਾਰੁ ॥੫॥

ਜਿਹੜੇ ਗੁਰੂ ਸਾਹਿਬ ਜੀ ਕਾ = ਦਾ ਭਾਣਾ = ਹੁਕਮ ਕਮਾਵਦੇ = ਕਮਾਉਂਦੇ ਹਨ, ਸਤਿਗੁਰੂ ਜੀ ਦੇ ਉਪਦੇਸ਼ ਨੂੰ ਕਮਾਉਂਦੇ ਹਨ, ਉਹਨਾਂ ਨੇ ਬਿਖੁ = ਜ਼ਹਿਰ ਰੂਪ ਵਿਸ਼ੇ ਅਤੇ ਦੇਹ ਦੀ ਹਉਮੈ = ਹੰਗਤਾ, ਕਾਮ, ਕ੍ਰੋਧ ਆਦਿਕ ਵਿਕਾਰ ਤਜਿ = ਛੱਡ ਦਿੱਤੇ ਹਨ ॥੫॥

## ਮਨਹਠਿ ਕਿਤੈ ਉਪਾਇ ਨ ਛੂਟੀਐ; ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥

ਜੇਕਰ ਮਨ ਦੇ ਹਠਿ = ਜ਼ਿੱਦ ਕਰਕੇ ਹੋਰ ਕਿਤੈ = ਕਿਤਨੇ ਉਪਾਇ = ਯਤਨ ਕਰੀਏ, ਪਰ ਗੁਰ-ਉਪਦੇਸ਼ ਨੂੰ ਨਾ ਕਮਾਏ ਤਾਂ ਜੰਮਣ ਮਰਣ ਤੋਂ ਛੂਟੀਐ = ਛੁਟਕਾਰਾ ਨਹੀਂ ਹੁੰਦਾ, ਭਾਵ ਮੁਕਤੀ ਹੋਰ ਕਿਸੇ ਵੀ ਯਤਨ ਨਾਲ ਨਹੀਂ ਮਿਲਦੀ। ਭਾਵੇਂ ਕੋਈ ਸਿਮ੍ਰਿਤਿ = ਸਿੰਮ੍ਰਿਤੀਆਂ ਤੇ ਸ਼ਾਸਤ੍ਰਾਂ ਨੂੰ ਜਾਇ = ਜਾ ਕੇ ਸੋਧਹੁ = ਵੀਚਾਰ ਕਰ ਕੇ ਦੇਖ ਲਵੇ।

## ਮਿਲਿ ਸੰਗਤਿ ਸਾਧੂ ਉਬਰੇ; ਗੁਰ ਕਾ ਸਬਦੁ ਕਮਾਇ ॥੬॥

ਜਿਹੜੇ ਮਹਾਤਮਾ ਜਨ ਗੁਰ = ਸਤਿਗੁਰਾਂ ਕਾ = ਦਾ ਸਬਦੁ = ਉਪਦੇਸ਼ ਕਮਾਇ = ਕਮਾਉਂਦੇ ਹਨ, ਜੋ ਉਨ੍ਹਾਂ ਸਾਧੂ = ਸ੍ਰੇਸ਼ਟ ਜਨਾਂ ਦੀ ਸੰਗਤ ਵਿਚ ਮਿਲ ਕੇ ਨਾਮ ਨੂੰ ਜਪਦੇ ਹਨ, ਉਹ ਜਮਾਂ ਤੋਂ ਉਬਰੇ = ਬਚ ਜਾਂਦੇ ਹਨ ॥੬॥

## ਹਰਿ ਕਾ ਨਾਮੁ ਨਿਧਾਨੁ ਹੈ; ਜਿਸੁ ਅੰਤੁ ਨ ਪਾਰਾਵਾਰੁ ॥

ਹਰੀ ਪਰਮੇਸ਼ਰ ਕਾ = ਦਾ ਨਾਮ ਹੀ ਨਿਧਾਨੁ = ਖ਼ਜ਼ਾਨਾ ਹੈ ਜਿਸ ਨਾਮ ਰੂਪੀ ਖ਼ਜ਼ਾਨੇ ਦੇ ਪਾਰਾਵਾਰੁ = ਪਾਰ ਉਰਵਾਰ ਦਾ ਅੰਤ ਨਹੀਂ ਹੈ।

## ਗੁਰਮੁਖਿ ਸੇਈ ਸੋਹਦੇ; ਜਿਨ ਕਿਰਪਾ ਕਰੇ ਕਰਤਾਰੁ ॥੭॥

ਸੇਈ = ਉਹ ਗੁਰਮੁਖਿ ਸੋਹਦੇ = ਸ਼ੋਭਨੀਕ ਹਨ ਜਿਹਨਾਂ 'ਤੇ ਕਰਤਾਰੁ = ਵਾਹਿਗੁਰੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੇ = ਕਰਦਾ ਹੈ, ਉਹਨਾਂ ਨੂੰ ਨਾਮ ਵਿਚ ਜੋੜ ਲੈਂਦਾ ਹੈ ॥੭॥

## ਨਾਨਕ ਦਾਤਾ ਏਕੁ ਹੈ; ਦੂਜਾ ਅਉਰੁ ਨ ਕੋਇ ॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਏਕੁ = ਇਕ ਅਕਾਲ ਪੁਰਖ ਹੀ ਸਾਰਿਆਂ ਦਾ ਦਾਤਾ ਹੈ। ਦੂਜਾ = ਦੂਸਰਾ ਅਉਰੁ = ਹੋਰ ਕੋਈ ਵੀ ਸੰਸਾਰ ਵਿਚ ਦਾਤ ਦੇਣ ਵਾਲਾ ਨਹੀਂ ਹੈ। ਫੇਰ ਮਹਾਰਾਜ ! ਪਰਮੇਸ਼ਰ ਕਿਵੇਂ ਪਾਈਦਾ ਹੈ ?

## ਗੁਰ ਪਰਸਾਦੀ ਪਾਈਐ; ਕਰਮਿ ਪਰਾਪਤਿ ਹੋਇ ॥੮॥੨॥੧੯॥

ਗੁਰ ਪਰਸਾਦੀ = ਗੁਰਾਂ ਦੀ ਕਿਰਪਾ ਕਰਕੇ ਪਰਮੇਸ਼ਰ ਪਾਈਐ = ਪਾਈਦਾ ਹੈ ਪਰ ਪੂਰਬਲੇ ਨਿਸ਼ਕਾਮ ਕਰਮਾਂ ਕਰਕੇ ਹੀ ਗੁਰੂ ਦੀ ਪ੍ਰਾਪਤੀ ਹੁੰਦੀ ਹੈ **ਵਾ:** ਗੁਰਾਂ ਦੀ ਕਿਰਪਾ ਕਰਕੇ (ਪਰਾ + ਪਤਿ) ਪਰਾ = ਉਤ ਕਰਿਸ਼ਟ ਪਤਿ ਦੀ ਪ੍ਰਾਪਤੀ ਹੁੰਦੀ ਹੈ ॥੮॥੨॥੧੯॥

[ਅੰਗ ੬੬]

## ਸਿਰੀਰਾਗੁ ਮਹਲਾ ੩ ॥

## ਪੰਖੀ ਬਿਰਖਿ ਸੁਹਾਵੜਾ; ਸਚੁ ਚੁਗੈ ਗੁਰ ਭਾਇ ॥

ਜੋ ਜੀਵ ਆਤਮਾ ਰੂਪੀ ਪੰਖੀ = ਪੰਛੀ, ਬਿਧ ਨਿਖੇਧ ਰੂਪੀ ਖੰਭਾਂ ਨੂੰ ਧਾਰਨ ਕਰ ਕੇ ਸੰਸਾਰ ਰੂਪੀ ਬਿਰਖਿ = ਬ੍ਰਿਛ ਤੇ ਸੁਹਾਵੜਾ = ਸ਼ੋਭਨੀਕ ਹੋ ਰਹੇ ਹਨ **ਵਾ:** ਵੈਰਾਗ ਬਿਬੇਕ ਰੂਪੀ ਖੰਭਾਂ ਨੂੰ ਧਾਰਨ ਕਰ ਕੇ ਸਤਿਸੰਗ ਰੂਪੀ ਬ੍ਰਿਛ 'ਤੇ ਸ਼ੋਭਨੀਕ ਹੋ ਰਹੇ ਹਨ **ਵਾ:** ਗੁਰੂ ਸਾਹਿਬ ਕਲਪਤਰ ਬ੍ਰਿਛ ਦੀ ਨਿਆਈਂ ਸੁਹਾਵੜਾ = ਸ਼ੋਭਨੀਕ ਹਨ ਜਿਨ੍ਹਾਂ ਨੂੰ ਅਮਰ ਫਲ ਲੱਗਦਾ ਹੈ। ਜਿਹੜੇ ਗੁਰੂ ਸਾਹਿਬ ਜੀ ਪਾਸੋਂ ਸਚੁ = ਸੱਚੇ ਨਾਮ ਦਾ ਚੋਗਾ ਚੁਗੈ = ਚੁਗਦੇ ਹਨ, ਉਹੋ ਗੁਰੂ ਸਾਹਿਬ ਜੀ ਨੂੰ ਭਾਇ = ਭਾ ਜਾਂਦੇ ਹਨ। ਉਨ੍ਹਾਂ ਦੇ ਹਿਰਦੇ ਵਿਚ ਪਰਮੇਸ਼ਰ ਦਾ ਪ੍ਰੇਮ ਪੈਦਾ ਹੋ ਜਾਂਦਾ ਹੈ **ਵਾ:** ਉਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਦਾ ਭਾਇ = ਪ੍ਰਕਾਸ਼ ਹੋ ਜਾਂਦਾ ਹੈ।

## ਹਰਿ ਰਸੁ ਪੀਵੈ ਸਹਜਿ ਰਹੈ; ਉਡੈ ਨ ਆਵੈ ਜਾਇ ॥

ਐਸੇ ਜੀਵ ਰੂਪੀ ਪੰਛੀ ਹਰਿ = ਹਰੀ ਪਰਮੇਸ਼ਰ ਦੇ ਰਸੁ = ਆਤਮ ਰਸ ਨੂੰ ਪੀਵੈ = ਪੀਣਾ ਕਰਦੇ ਹਨ ਅਤੇ ਸਦਾ ਸਹਜਿ = ਸ਼ਾਂਤੀ ਵਿਚ ਰਹਿੰਦੇ ਹਨ। ਫਿਰ ਉਹ ਜੀਵ ਰੂਪੀ ਪੰਛੀ ਵਾਸ਼ਨਾ ਕਰਕੇ ਉਡੈ = ਉੱਡਦੇ ਨਹੀਂ **ਅਥਵਾ** ਉਹ ਸੰਕਲਪਾਂ-ਵਿਕਲਪਾਂ ਰੂਪ ਖੰਭਾਂ ਨਾਲ ਉਡੈ = ਉਡਾਰੀ ਨਹੀਂ ਮਾਰਦੇ ਅਤੇ ਆਵੈ ਜਾਇ = ਜੰਮਣ ਮਰਣ ਵਿਚ ਨਹੀਂ ਆਉਂਦੇ, ਜਿਸ ਨਾਲ ਉਹ ਲੋਕ ਪਰਲੋਕ ਨਹੀਂ ਜਾਂਦੇ ਭਾਵ ਮੁਕਤ ਹੋ ਜਾਂਦੇ ਹਨ।

## ਨਿਜ ਘਰਿ ਵਾਸਾ ਪਾਇਆ; ਹਰਿ ਹਰਿ ਨਾਮਿ ਸਮਾਇ ॥੧॥

ਉਹ ਨਿਜ = ਆਪਣੇ ਸਰੂਪ ਰੂਪੀ ਘਰ ਵਿਚ ਵਾਸਾ = ਟਿਕਾਣਾ ਪਾਇਆ = ਪਾ ਲੈਂਦੇ ਹਨ ਅਤੇ ਹਰਿ = ਹਰੀ ਪਰਮੇਸ਼ਰ ਜੋ ਹਰਿ = ਸਾਰਿਆਂ ਨੂੰ ਹਰਿਆ-ਭਰਿਆ ਕਰਨ ਵਾਲਾ ਹੈ, ਉਸ ਅਕਾਲ ਪੁਰਖ ਦੇ ਨਾਮ ਵਿਚ ਸਮਾਇ = ਮਿਲ ਜਾਂਦੇ ਹਨ ॥੧॥ ਫਿਰ ਉਹ ਆਪਣੇ ਮਨ ਨੂੰ ਇਸ ਤਰ੍ਹਾਂ ਕਹਿੰਦੇ ਹਨ :

## ਮਨ ਰੇ; ਗੁਰ ਕੀ ਕਾਰ ਕਮਾਇ ॥

ਰੇ = ਹੇ ਮੇਰੇ ਮਨਾਂ ! ਤੂੰ ਗੁਰ = ਸਤਿਗੁਰੂ ਦੀ ਦੱਸੀ ਹੋਈ ਸਿੱਖਿਆ ਅਨੁਸਾਰ ਭਗਤੀ ਅਤੇ ਟਹਿਲ ਰੂਪੀ ਕਾਰ = ਕਮਾਈ ਨੂੰ ਕਮਾਇ = ਕਮਾਉਣਾ ਕਰ।

## ਗੁਰ ਕੈ ਭਾਣੈ ਜੇ ਚਲਹਿ; ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ਰਹਾਉ॥

ਜੇ = ਜੇਕਰ ਗੁਰ = ਸਤਿਗੁਰਾਂ ਕੈ = ਦੇ ਭਾਣੈ = ਰਜ਼ਾ ਵਿਚ ਚਲਹਿ = ਚੱਲੇਂਗਾ ਤਾਂ ਤੂੰ ਅਨਦਿਨੁ = ਦਿਨ ਰਾਤ ਹਰਿ = ਹਰੀ ਪਰਮੇਸ਼ਰ ਦੇ ਨਾਇ = ਨਾਮ ਵਿਚ ਰਾਚਹਿ = ਰਚ ਜਾਵੇਂਗਾ **ਅਥਵਾ** ਅਕਾਲ ਪੁਰਖ ਦੇ ਨਾਮ ਵਿਚ ਲਿਵਲੀਨ ਹੋ ਜਾਵੇਂਗਾ। ਜਿਵੇਂ ਘਿਉ ਤੇ ਖੰਡ ਰਚ ਕੇ ਇਕ ਰੂਪ ਹੋ ਜਾਂਦੇ ਹਨ, ਇਸ ਪ੍ਰਕਾਰ

ਵਾਹਿਗੁਰੂ ਦੇ ਨਾਮ ਵਿਚ ਰਚ ਕੇ ਅਭੇਦ ਹੋ ਜਾਵੇਂਗਾ। ਪਰਮੇਸ਼ਰ ਦਾ ਨਾਮ ਘੀ ਦੀ ਨਿਆਈਂ ਹੈ ਅਤੇ ਪ੍ਰੇਮ ਖੰਡ ਦੀ ਨਿਆਈਂ ਹੈ ਅਤੇ ਇਉਂ ਨਾਮ ਦੇ ਦੁਆਰਾ ਪ੍ਰੇਮ ਦੇ ਸਹਿਤ ਇਕ ਰੂਪ ਹੋ ਜਾਵੇਂਗਾ ॥੧॥ਰਹਾਉ॥

## ਪੰਖੀ ਬਿਰਖ ਸੁਹਾਵੜੇ; ਊਡਹਿ ਚਹੁ ਦਿਸਿ ਜਾਹਿ ॥

ਜੀਵ ਰੂਪ ਪੰਖੀ = ਪੰਛੀ ਸਰੀਰ ਰੂਪ ਬਿਰਖ = ਬ੍ਰਿਛ ਵਿਚ ਵਾਸਾ ਪਾ ਰਹੇ ਹਨ **ਅਥਵਾ** ਸੰਸਾਰ ਰੂਪੀ ਬ੍ਰਿਛ ਵਿਚ ਜੀਵ ਰੂਪੀ ਪੰਛੀ ਸੁਹਾਵੜੇ = ਸ਼ੋਭਨੀਕ ਹੋ ਰਹੇ ਹਨ। ਵਾਸ਼ਨਾ ਰੂਪ ਖੰਭਾਂ ਨਾਲ ਊਡਹਿ = ਉੱਡ ਉੱਡ ਕੇ ਚਹੁ = ਚਾਰੇ ਦਿਸਿ = ਦਿਸ਼ਾਵਾਂ ਦੇ ਪਦਾਰਥ, ਕਦੇ ਸਵਰਗਾਂ ਵਿਚ, ਕਦੇ ਮਾਤ ਲੋਕ ਦੇ ਪਦਾਰਥਾਂ ਵਿਚ, ਇਸ ਪ੍ਰਕਾਰ ਚਾਰੇ ਦਿਸ਼ਾਵਾਂ ਪੂਰਬ, ਪੱਛਮ, ਉੱਤਰ, ਦੱਖਣ **ਵਾ:** ਚਾਰ ਖਾਣੀਆਂ ਅੰਡਜ, ਜੇਰਜ, ਸੇਤਜ, ਉਤਭੁਜ ਵਿਚ ਜਾਹਿ = ਦੌੜਦੇ ਰਹਿੰਦੇ ਹਨ।

## ਜੇਤਾ ਊਡਹਿ ਦੁਖ ਘਣੇ; ਨਿਤ ਦਾਝਹਿ ਤੈ ਬਿਲਲਾਹਿ ॥

ਜੇਤਾ = ਜਿੰਨਾ ਵਾਸ਼ਨਾ ਵਿਚ ਊਡਹਿ = ਉਡਾਰੀਆਂ ਮਾਰਦੇ ਹਨ, ਉਤਨਾ ਹੀ ਘਣੇ = ਬਹੁਤੇ ਜੰਮਣ ਮਰਣ ਦੇ ਦੁੱਖ ਪ੍ਰਾਪਤ ਕਰਦੇ ਹਨ ਤੇ ਨਿਤ = ਹਮੇਸ਼ਾ ਤ੍ਰਿਸ਼ਨਾ ਦੀ ਅੱਗ ਵਿਚ ਦਾਝਹਿ = ਸੜਦੇ ਰਹਿੰਦੇ ਹਨ। ਤੈ = ਅਤੇ ਨਰਕ ਵਿਚ ਜਾਂ ਮਾਤਾ ਦੇ ਗਰਭ ਵਿਚ ਕ੍ਰੋਧ ਵਿਚ ਦਾਝਹਿ = ਸੜਦੇ ਰਹਿੰਦੇ ਹਨ ਅਤੇ ਬਿਲਲਾਹਿ = ਵਿਰਲਾਪ ਕਰਦੇ ਹਨ।

## ਬਿਨੁ ਗੁਰ ਮਹਲੁ ਨ ਜਾਪਈ; ਨਾ ਅੰਮ੍ਰਿਤ ਫਲ ਪਾਹਿ ॥੨॥

ਗੁਰ = ਸਤਿਗੁਰੂ ਸਾਹਿਬ ਤੋਂ ਬਿਨੁ = ਬਗ਼ੈਰ ਮਹਲੁ = ਸਰੂਪ ਰੂਪੀ, ਸੱਚਖੰਡ ਰੂਪੀ, ਤੁਰੀਆ ਪਦ ਰੂਪੀ ਮਹਿਲ ਨ ਜਾਪਈ = ਜਾਣਿਆ ਨਹੀਂ ਜਾ ਸਕਦਾ ਅਤੇ ਅੰਮ੍ਰਿਤ ਫਲ = ਮ੍ਰਿਤੂ ਤੋਂ ਰਹਿਤ ਹੋਣ ਵਾਲਾ ਅਮਰ ਫਲ, ਬ੍ਰਹਮਾਨੰਦ ਰੂਪ, ਅੰਮ੍ਰਿਤ ਨਾਮ ਰੂਪੀ ਫਲ ਨਹੀਂ ਪਾਹਿ = ਪਾਇਆ ਜਾ ਸਕਦਾ ॥੨॥

## ਗੁਰਮੁਖਿ ਬ੍ਰਹਮੁ ਹਰੀਆਵਲਾ; ਸਾਚੈ ਸਹਜਿ ਸੁਭਾਇ ॥

ਗੁਰੂ ਸਾਹਿਬ ਜੀ ਗੁਰਮੁਖਾਂ ਦੇ ਤਾਈਂ ਬ੍ਰਹਮ ਸਰੂਪ ਹਰੀਆਵਲੇ ਬ੍ਰਿਛ ਮਿਲੇ ਹਨ ਜੋ ਨਿਤਾਪ੍ਰਤੀ ਸਿੱਖਾਂ ਨੂੰ ਵੀ ਭਾਉ-ਭਗਤੀ ਅਤੇ ਸ਼ੁਭ ਗੁਣਾਂ ਰੂਪ ਹਰੀਆਵਲ ਬਖ਼ਸ਼ਿਸ਼ ਕਰਕੇ ਹਰੇ ਭਰੇ ਕਰਦੇ ਰਹਿੰਦੇ ਹਨ। ਗੁਰੂ ਸਾਹਿਬ ਜੀ ਸਾਚੈ = ਸੱਚੇ ਅਕਾਲ ਪੁਰਖ ਦਾ ਸਰੂਪ ਹਨ। ਜੋ ਸਹਜਿ = ਸੁਭਾਵਿਕ ਹੀ (ਸੁ + ਭਾਇ) ਸੁ = ਸ੍ਰੇਸ਼ਟ, ਭਾਇ = ਪ੍ਰੇਮ ਦੇਣ ਵਾਲੇ ਹਨ **ਵਾ:** ਸਹਜਿ = ਸੁਭਾਵਿਕ ਹੀ ਗਿਆਨ ਦਾ ਸੁਭਾਇ = ਪ੍ਰਕਾਸ਼ ਦੇਣ ਵਾਲੇ ਹਨ **ਅਥਵਾ** ਗੁਰੂ ਸਾਹਿਬ ਜੀ ਬ੍ਰਹਮ ਰੂਪ ਹਰੀਆਵਲੇ ਬ੍ਰਿਛ ਹਨ ਜਾਂ ਬ੍ਰਹਮ ਵਿਚ ਹੀ ਚੇਤਨਪੁਣਾ ਰੂਪ ਹਰੀਆਵਲਤਾ ਹੈ ਜੋ ਕਿ ਗੁਰਮੁਖ ਜਨਾਂ ਨੇ ਜਾਣਿਆ ਹੈ। ਸਾਚੈ = ਸੱਚੇ ਨਾਮ ਨੂੰ ਜਪਦੇ ਅਤੇ ਸਹਜੇ ਹੀ ਉਸ ਦੇ ਭਾਇ = ਪ੍ਰਕਾਸ਼ ਨੂੰ ਪਾਉਂਦੇ ਹਨ।

## ਸਾਖਾ ਤੀਨਿ ਨਿਵਾਰੀਆ; ਏਕ ਸਬਦਿ ਲਿਵ ਲਾਇ ॥

ਉਨ੍ਹਾਂ ਨੇ ਤੀਨਿ = ਤਿੰਨ ਸਾਖਾ = ਸ਼ਾਖਾਵਾਂ—ਰਾਜਸੀ, ਤਾਮਸੀ, ਸਾਤਕੀ ਆਦਿ ਸੁਭਾਅ ਨਿਵਾਰੀਆ = ਛੱਡ ਦੇਣਾ ਕੀਤੇ ਹਨ **ਵਾ:** ਤਮੋਗੁਣ ਕਰਕੇ ਕਰਮ-ਕਾਂਡ, ਰਜੋਗੁਣ ਕਰਕੇ ਉਪਾਸ਼ਨਾ, ਸਤੋਗੁਣ ਕਰਕੇ ਗਿਆਨ ਦੇ ਜੋ ਬਚਨ ਕਰਦੇ ਸਨ, ਉਹ ਵੀ ਨਿਵਾਰੀਆ = ਤਿਆਗ ਦਿੱਤੇ ਹਨ। ਐਸੀਆਂ ਤਿੰਨ ਸਾਖਾਂ ਛੱਡ ਕੇ ਏਕ = ਇਕ ਗੁਰਾਂ ਦੇ ਸਬਦਿ = ਉਪਦੇਸ਼ ਵਿਚ ਚਿੱਤ ਦੀ ਲਿਵ = ਬਿਰਤੀ ਲਾਇ = ਲਾ ਲਈ ਹੈ। ਨਾਮ ਵਿਚ ਲਿਵ ਲਾ ਲਈ ਹੈ **ਅਥਵਾ** ਜਾਗਰਤ, ਸੁਪਨ, ਸੁਖੋਪਤ ਵੀ ਮੇਟ ਦਿੱਤੀਆਂ ਹਨ। ਬਾਲ,

ਜੁਆਨੀ ਅਤੇ ਬਿਰਧਪੁਣਾ ਦੀ ਹੰਗਤਾ ਛੱਡ ਦੇਣਾ ਕੀਤੀ ਹੈ **ਵਾ:** ਉੱਤਮ, ਮੱਧਮ, ਕਨਿਸ਼ਟਪੁਣਾ ਅਤੇ ਦੇਵਤਾ, ਦੈਂਤ, ਮਨੁੱਖ ਆਦਿ ਤਿੰਨਾਂ ਸਾਖਾਂ ਨੂੰ ਉਨ੍ਹਾਂ ਨੇ ਮੇਟ ਦਿੱਤਾ ਹੈ। ਪੁੱਤਰ ਦੀ, ਧਨ ਦੀ, ਲੋਕਾਂ ਦੀ ਵਡਿਆਈ ਦੀ, ਤਿੰਨੇ ਇੱਛਾ ਮੇਟ ਲਈਆਂ ਹਨ; ਜੈਸਾ ਕਿ :

**ਸੁਤ ਬਿਤ ਲੋਕ ਈਖਨਾ ਤੀਨੀ॥**

ਉਨ੍ਹਾਂ ਨੇ ਅੱਠੇ ਪਹਿਰ ਇਕ ਸਬਦਿ = ਉਪਦੇਸ਼ ਵਿਚ ਹੀ ਲਿਵ = ਬਿਰਤੀ ਲਾਉਣਾ ਕੀਤੀ ਹੈ।

## ਅੰਮ੍ਰਿਤ ਫਲੁ ਹਰਿ ਏਕੁ ਹੈ; ਆਪੇ ਦੇਇ ਖਵਾਇ ॥੩॥

ਅੰਮ੍ਰਿਤ = ਅਮਰ ਕਰਨ ਵਾਲਾ ਫਲ ਇਕ ਕੇਵਲ ਹਰਿ = ਹਰੀ ਪਰਮੇਸ਼ਰ ਦਾ ਨਾਮ ਹੀ ਹੈ। ਜਿਨ੍ਹਾਂ ਨੂੰ ਸਤਿਗੁਰੂ ਸਾਹਿਬ ਜੀ ਆਪ ਖਵਾਇ = ਖਵਾ ਦੇਇ = ਦਿੰਦੇ ਹਨ, ਉਹ ਹੀ ਤੱਤ ਬੇਤੇ ਮਹਾਂਪੁਰਸ਼ ਉਸ ਨੂੰ ਖਾਂਦੇ ਹਨ॥੩॥

## ਮਨਮੁਖ ਊਭੇ ਸੁਕਿ ਗਏ; ਨਾ ਫਲੁ ਤਿੰਨਾ ਛਾਉ ॥

ਮਨਮੁਖਾਂ ਦੇ ਨਿਸ਼ਰਧਕਪੁਣੇ ਕਰਕੇ ਹਿਰਦੇ ਊਭੇ = ਖੜ੍ਹੇ ਹੋਏ ਸੁੱਕੇ ਬ੍ਰਿਛ ਦੀ ਨਿਆਈਂ ਹੋ ਗਏ ਹਨ, ਜਿਵੇਂ ਸੋਕੜ ਬ੍ਰਿਛ ਦੀਆਂ ਜੜ੍ਹਾਂ ਤੇ ਟਾਹਣੀਆਂ ਸੁੱਕ ਜਾਂਦੀਆਂ ਹਨ, ਨਾ ਹੀ ਉਸ ਨੂੰ ਕੋਈ ਫਲ ਲੱਗਦਾ ਹੈ ਤੇ ਨਾ ਹੀ ਤਿਨ੍ਹਾਂ ਬ੍ਰਿਛਾਂ ਦੀ ਛਾਉ = ਛਾਂ ਹੁੰਦੀ ਹੈ, ਇਸੇ ਪ੍ਰਕਾਰ ਮਨਮੁਖਾਂ ਦੀ ਸ਼ਰਧਾ ਰੂਪੀ ਜੜ੍ਹ ਸੁੱਕ ਗਈ ਤੇ ਸ਼ੁਭ ਗੁਣਾਂ ਰੂਪੀ ਟਾਹਣੀਆਂ ਵੀ ਸੁੱਕ ਗਈਆਂ ਹਨ, ਨਾ ਹੀ ਉਨ੍ਹਾਂ ਨੂੰ ਬ੍ਰਹਮ ਗਿਆਨ ਰੂਪੀ ਫਲ ਲੱਗਦਾ ਹੈ, ਨਾ ਹੀ ਉਨ੍ਹਾਂ ਕੋਲ ਸ਼ਾਂਤੀ ਰੂਪੀ ਛਾਂ ਹੁੰਦੀ ਹੈ।

## ਤਿੰਨਾ ਪਾਸਿ ਨ ਬੈਸੀਐ; ਓਨਾ ਘਰੁ ਨ ਗਿਰਾਉ ॥

ਤਿੰਨਾ = ਉਨ੍ਹਾਂ ਖੜ ਸੁੱਕ ਬ੍ਰਿਛਾਂ ਦੇ ਪਾਸ ਕੋਈ ਵੀ ਬੈਸੀਐ = ਨਹੀਂ ਬੈਠਦਾ। ਜੇਕਰ ਚੰਗਾ ਘਰ ਬਣਾਉਣਾ ਹੋਵੇ ਜਾਂ ਧਰਮਸ਼ਾਲ ਆਦਿ ਬਣਾਉਣੀ ਹੋਵੇ ਜਾਂ ਗਿਰਾਉ = ਪਿੰਡ ਦਾ ਕੋਈ ਸਾਂਝਾ ਥਾਂ ਬਣਾਉਣਾ ਹੋਵੇ, ਉਸ ਵਿਚ ਐਸੇ ਸੁੱਕੇ ਬ੍ਰਿਛ ਨੂੰ ਲਿਆਉਣਾ ਨਹੀਂ ਕਰਦੇ। **ਵਾ:** ਉਨ੍ਹਾਂ ਬ੍ਰਿਛ ਰੂਪ ਮਨਮੁਖਾਂ ਭਾਵ ਕੁਸੰਗੀਆਂ ਦੇ ਪਾਸ ਨ = ਨਹੀਂ ਬੈਸੀਐ = ਬੈਠਣਾ ਚਾਹੀਦਾ, ਨਾ ਉਨ੍ਹਾਂ ਨੂੰ ਸਰੂਪ ਰੂਪੀ ਘਰ ਦੀ ਪ੍ਰਾਪਤੀ ਹੁੰਦੀ ਹੈ ਅਤੇ ਨਾ ਹੀ ਸਤਿਸੰਗਤ ਰੂਪੀ ਗਿਰਾਉ ਦੀ ਪ੍ਰਾਪਤੀ ਹੋਈ ਹੈ। ਉਹ ਖ਼ਾਲੀ ਹੀ ਤੁਰੇ ਫਿਰਦੇ ਹਨ।

## ਕਟੀਅਹਿ ਤੈ ਨਿਤ ਜਾਲੀਅਹਿ; ਓਨ੍ਾ ਸਬਦੁ ਨ ਨਾਉ ॥੪॥

ਲੋਕ ਉਸ ਨੂੰ ਕਟੀਅਹਿ = ਕੱਟਦੇ ਹਨ ਅਤੇ ਨਿਤ = ਨਿਤਾਪ੍ਰਤੀ ਹੀ ਜਾਲੀਅਹਿ = ਸਾੜਦੇ ਹਨ, ਉਨ੍ਹਾਂ ਦੀ ਐਸੀ ਹਾਲਤ ਹੁੰਦੀ ਹੈ **ਅਥਵਾ** ਉਨ੍ਹਾਂ ਮਨਮੁਖ ਰੂਪੀ ਖੜ ਸੁੱਕ ਬ੍ਰਿਛਾਂ ਨੂੰ ਮਾਤਾ ਦੇ ਗਰਭ ਵਿਚ ਜਾਲੀਅਹਿ = ਸਾੜਿਆ ਜਾਂਦਾ ਹੈ ਅਤੇ ਨਿੱਤ ਜੂਨਾਂ ਵਿਚ ਫੇਰਨ ਰੂਪ ਕੱਟਿਆ ਜਾਂਦਾ ਹੈ **ਵਾ:** ਜਮ ਰੂਪੀ ਲੱਕੜਹਾਰਾ ਕਟੀਅਹਿ = ਕੱਟਦਾ ਹੈ ਤੇ ਨਿੱਤ ਹੀ ਨਰਕਾਂ ਦੀ ਅੱਗ ਵਿਚ ਜਾਲੀਅਹਿ = ਸਾੜਦਾ ਹੈ, ਕਿਉਂਕਿ ਓਨ੍ਾ = ਉਨ੍ਹਾਂ ਨੇ ਗੁਰਾਂ ਦੇ ਸਬਦੁ = ਉਪਦੇਸ਼ ਦੁਆਰਾ ਪਰਮੇਸ਼ਰ ਦਾ ਨਾਉ = ਨਾਮ ਨ = ਨਹੀਂ ਜਪਿਆ॥੪॥

## ਹੁਕਮੇ ਕਰਮ ਕਮਾਵਣੇ; ਪਇਐ ਕਿਰਤਿ ਫਿਰਾਉ ॥

ਜੀਵ ਪਰਮੇਸ਼ਰ ਦੇ ਹੁਕਮ ਵਿਚ ਕਰਮਾਂ ਨੂੰ ਕਮਾਵਣੇ = ਕਮਾਉਣਾ ਕਰਦੇ ਹਨ ਅਤੇ ਪਇਐ = ਪਏ ਹੋਏ ਕਰਮਾਂ ਦੇ ਅਨੁਸਾਰ ਹੀ ਜੂਨਾਂ ਵਿਚ ਭੌਂਦੇ ਫਿਰਾਉ = ਫਿਰਦੇ ਹਨ ਭਾਵ ਉਹ ਮੁਕਤ ਨਹੀਂ ਹੋ ਸਕਦੇ।

## ਹੁਕਮੇ ਦਰਸਨੁ ਦੇਖਣਾ; ਜਹ ਭੇਜਹਿ ਤਹ ਜਾਉ ॥

ਗੁਰੂ ਸਾਹਿਬ ਜੀ ਦਾ ਬਚਨ ਮੰਨ ਕੇ ਗੁਰਮੁਖ ਵਾਹਿਗੁਰੂ ਦਾ ਦਰਸ਼ਨ ਕਰਦੇ ਹਨ। ਫਿਰ ਮਹਾਰਾਜ ਜਿਥੇ ਭੇਜਣ, ਉਥੇ ਖ਼ੁਸ਼ ਹੋ ਕੇ ਜਾਂਦੇ ਹਨ। ਸੇਵਾ ਲਈ ਕੋਈ ਵੀ ਹੁਕਮ ਕਰਨ ਤਾਂ ਉਹ ਖਿੜੇ ਮੱਥੇ ਪ੍ਰਵਾਨ ਕਰਦੇ ਹਨ। ਉਹ ਹੁਕਮ ਵਿਚ ਦੁਨੀਆਂ ਦੇ ਉਧਾਰ ਵਾਸਤੇ ਆਉਂਦੇ ਹਨ ਅਤੇ ਉਹ ਲੱਖਾਂ ਦਾ ਭਲਾ ਕਰ ਕੇ ਬੈਕੁੰਠ ਵਿਚ ਜਾ ਵਸਦੇ ਹਨ। ਜੈਸਾ ਕਿ :

**ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥** *(ਮਾਰੂ ਮ: ੩, ਅੰਗ ੯੯੩)*

**ਅਥਵਾ** ਸਤਿਗੁਰੂ ਜਿਥੇ ਵੀ ਆਪਣੇ ਸਰੂਪ ਵਿਚ ਭੇਜਦੇ ਹਨ, ਉਹ ਉਥੇ ਹੀ ਵਾਹਿਗੁਰੂ ਦੇ ਸਰੂਪ ਵਿਚ ਲੀਨ ਹੋ ਜਾਂਦੇ ਹਨ।

## ਹੁਕਮੇ ਹਰਿ ਹਰਿ ਮਨਿ ਵਸੈ; ਹੁਕਮੇ ਸਚਿ ਸਮਾਉ ॥੫॥

ਹੁਕਮੇ = ਭਾਣੇ ਵਿਚ ਹੀ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਮਨ ਵਿਚ ਵਸੈ = ਵਸ ਜਾਂਦਾ ਹੈ ਅਤੇ ਹੁਕਮੇ = ਭਾਣਾ ਮੰਨਣ ਨਾਲ ਹੀ ਸਚਿ = ਸੱਚੇ ਦੇ ਸਰੂਪ ਵਿਚ ਸਮਾਉ = ਮਿਲਾਪ ਹੋ ਜਾਂਦਾ ਹੈ ॥੫॥

## ਹੁਕਮੁ ਨ ਜਾਣਹਿ ਬਪੁੜੇ; ਭੂਲੇ ਫਿਰਹਿ ਗਵਾਰ ॥

ਜਿਹੜੇ ਤੁੱਛ ਜੀਵ ਬਪੁੜੇ = ਵਿਚਾਰੇ ਪਰਮੇਸ਼ਰ ਦੇ ਹੁਕਮ ਨੂੰ ਜਾਣਹਿ = ਜਾਣਦੇ ਨਹੀਂ ਕਿ ਹੁਕਮ ਕੀ ਹੈ, ਉਹ ਗਵਾਰ = ਮੂਰਖ ਹੁਕਮ ਵੱਲੋਂ ਭੂਲੇ = ਬੇਸਮਝ ਹੀ ਫਿਰਹਿ = ਤੁਰੇ ਫਿਰਦੇ ਹਨ, ਉਹ ਇਕ ਹਰੀ ਪਰਮੇਸ਼ਰ ਦੇ ਹੁਕਮ ਨੂੰ ਸਮਝਦੇ ਨਹੀਂ ਹਨ।

## ਮਨਹਠਿ ਕਰਮ ਕਮਾਵਦੇ; ਨਿਤ ਨਿਤ ਹੋਹਿ ਖੁਆਰੁ ॥

ਜਿਹੜੇ ਮਨ ਦੀ ਹਠਿ = ਜ਼ਿੱਦ ਨਾਲ ਕਰਮ ਕਮਾਵਦੇ = ਕਮਾਉਂਦੇ ਹਨ। ਜਲਧਾਰੇ, ਧੂਣੀਆਂ ਧੁਖਾਉਣੀਆਂ ਆਦਿਕ ਕਰਦੇ ਹਨ, ਉਹ ਨਿਤ ਨਿਤ = ਨਿਤਾ ਪ੍ਰਤੀ ਹੰਕਾਰ ਵਿਚ ਜਤ ਸਤ ਗਵਾ ਕੇ ਖੁਆਰੁ = ਦੁਖੀ ਹੋਹਿ = ਹੁੰਦੇ ਹਨ।

## ਅੰਤਰਿ ਸਾਂਤਿ ਨ ਆਵਈ; ਨਾ ਸਚਿ ਲਗੈ ਪਿਆਰੁ ॥੬॥

ਉਹਨਾਂ ਦੇ ਅੰਤਰਿ = ਅੰਦਰ ਸਾਂਤਿ = ਸ਼ਾਂਤੀ ਨ = ਨਹੀਂ ਆਵਈ = ਆਉਂਦੀ। ਸਦਾ ਵਿਸ਼ੇ-ਵਿਕਾਰਾਂ ਵਿਚ ਮਨ ਜਲਦੇ ਰਹਿੰਦੇ ਹਨ ਅਤੇ ਸਚਿ = ਸੱਚੇ ਨਾਮ ਵਿਚ ਉਹਨਾਂ ਦਾ ਪਿਆਰੁ = ਸਨੇਹ ਨ = ਨਹੀਂ ਲਗੈ = ਲੱਗਦਾ ॥੬॥

## ਗੁਰਮੁਖੀਆ ਮੁਹ ਸੋਹਣੇ; ਗੁਰ ਕੈ ਹੇਤਿ ਪਿਆਰਿ ॥

ਉਨ੍ਹਾਂ ਗੁਰਮੁਖੀਆ ਸਖੀਆਂ ਦੇ ਅੰਤਹਕਰਣ ਰੂਪੀ ਮੁਹ = ਚਿਹਰੇ ਸੋਹਣੇ = ਸ਼ੋਭਨੀਕ ਹਨ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਪਰਮੇਸ਼ਰ ਦੇ ਪਿਆਰ ਦਾ ਹੇਤਿ = ਕਾਰਨ ਸਮਝਿਆ ਹੈ **ਵਾ:** ਗੁਰਾਂ ਨਾਲ ਜਿਨ੍ਹਾਂ ਨੇ ਹੇਤਿ = ਪ੍ਰੇਮ ਕੀਤਾ ਹੈ, ਉਹਨਾਂ ਦਾ ਵਾਹਿਗੁਰੂ ਵਿਚ ਪਿਆਰ ਲੱਗਾ ਹੈ।

## ਸਚੀ ਭਗਤੀ ਸਚਿ ਰਤੇ; ਦਰਿ ਸਚੈ ਸਚਿਆਰ ॥

ਉਹ ਪਰਮੇਸ਼ਰ ਦੀ ਸੱਚੀ ਭਗਤੀ ਕਰਦੇ ਹਨ ਤੇ ਮਨ ਕਰਕੇ ਸੱਚੇ ਨਾਮ ਵਿਚ ਰਤੇ = ਰੰਗੇ ਰਹਿੰਦੇ ਹਨ ਅਤੇ ਸਚੈ = ਸੱਚੀ ਦਰਿ = ਦਰਗਾਹ ਵਿਚ ਸਚਿਆਰ = ਸੱਚ ਦੀ ਪ੍ਰਾਪਤੀ ਵਾਲੇ ਹਨ।

## ਆਏ ਸੇ ਪਰਵਾਣੁ ਹੈ; ਸਭ ਕੁਲ ਕਾ ਕਰਹਿ ਉਧਾਰੁ ॥੭॥

ਸੇ = ਉਹ ਮਨੁੱਖ ਜਨਮ ਧਾਰ ਕੇ ਆਏ ਹੋਏ ਪਰਵਾਣੁ = ਸਫਲੇ ਹੈ = ਹਨ ਭਾਵ ਪ੍ਰਮਾਣੀਕ ਹਨ, ਉਹ ਆਪ ਤਾਂ ਮੁਕਤ ਹੀ ਹਨ ਅਤੇ ਆਪਣੀਆਂ ਸਭ = ਸਾਰੀਆਂ ਕੁਲਾਂ ਕਾ = ਦਾ ਵੀ ਉਧਾਰੁ = ਕਲਿਆਣ ਕਰਹਿ = ਕਰ ਲੈਂਦੇ ਹਨ ॥੭॥

## ਸਭ ਨਦਰੀ ਕਰਮ ਕਮਾਵਦੇ; ਨਦਰੀ ਬਾਹਰਿ ਨ ਕੋਇ ॥

ਗੁਰਮੁਖ ਸਭ = ਸਾਰੇ ਇਉਂ ਜਾਣਦੇ ਹਨ ਕਿ ਪਰਮੇਸ਼ਰ ਦੀ ਨਦਰੀ = ਕ੍ਰਿਪਾ ਦ੍ਰਿਸ਼ਟੀ ਨਾਲ ਹੀ ਜੀਵ ਚੰਗੇ ਕਰਮ ਕਮਾਵਦੇ = ਕਮਾਉਂਦੇ ਹਨ। ਪਰਮੇਸ਼ਰ ਸਭਨਾਂ ਨੂੰ ਆਪਣੀ ਨਦਰੀ = ਨਦਰਿ ਤੋਂ ਬਾਹਰ ਕਿਸੇ ਨੂੰ ਵੀ ਨਹੀਂ ਰੱਖਦਾ ਭਾਵ ਮਹਾਰਾਜ ਦੀ ਨਦਰਿ ਤੋਂ ਬਿਨਾਂ ਕੋਈ ਨਹੀਂ ਹੈ।

## ਜੈਸੀ ਨਦਰਿ ਕਰਿ ਦੇਖੈ ਸਚਾ; ਤੈਸਾ ਹੀ ਕੋ ਹੋਇ ॥

ਜੀਵਾਂ ਦੇ ਕਰਮਾਂ ਅਨੁਸਾਰ ਜੈਸੀ ਨਦਰਿ = ਦ੍ਰਿਸ਼ਟੀ ਕਰਿ = ਕਰਕੇ ਪਰਮੇਸ਼ਰ ਦੇਖੈ = ਦੇਖਦਾ ਹੈ, ਉਹ ਜੀਵ ਫਲ ਪ੍ਰਾਪਤ ਕਰਕੇ ਉਹੋ ਜਿਹਾ ਹੀ ਹੋ ਜਾਂਦਾ ਹੈ। ਕੋਈ ਕਰਮ-ਕਾਂਡੀ ਸਵਰਗ ਵਿਚ, ਕੋਈ ਮਾਤ ਲੋਕ ਵਿਚ, ਕੋਈ ਟੇਢੀਆਂ ਜੂਨਾਂ ਵਿਚ, ਕੋਈ ਬ੍ਰਹਮ ਲੋਕ ਵਿਚ ਜਿਹੋ ਜਿਹੀ ਸੱਚੇ ਵਾਹਿਗੁਰੂ ਦੀ ਨਦਰਿ ਹੋਵੇ, ਉਹੋ ਜਿਹੇ ਫਲ ਵਾਲੇ ਹੋ ਜਾਂਦੇ ਹਨ।

## ਨਾਨਕ ਨਾਮਿ ਵਡਾਈਆ; ਕਰਮਿ ਪਰਾਪਤਿ ਹੋਇ ॥੮॥੩॥੨੦॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ ਜਪਣ ਵਾਲੇ ਨੂੰ ਸਾਰੀਆਂ ਵਡਿਆਈਆਂ ਪ੍ਰਾਪਤ ਹੁੰਦੀਆਂ ਹਨ। ਸਤਿਗੁਰਾਂ ਦੀ ਕਿਰਪਾ ਕਰਕੇ ਚੰਗੇ ਕਰਮਾਂ ਕਰਕੇ ਨਾਮ ਦੀ ਪ੍ਰਾਪਤੀ ਹੁੰਦੀ ਹੈ **ਵਾ:** ਜਿਨ੍ਹਾਂ ਨੂੰ ਨਾਮ ਪ੍ਰਾਪਤ ਹੁੰਦਾ ਹੈ, ਉਨ੍ਹਾਂ ਨੂੰ ਕਰਮ ਬਖ਼ਸ਼ੀ ਕਰਕੇ (ਪਰਾ + ਪਤਿ) ਪਰਾ = ਉਤਕ੍ਰਿਸ਼ਟ ਪਤਿ = ਇੱਜ਼ਤ ਪ੍ਰਾਪਤ ਹੁੰਦੀ ਹੈ ਭਾਵ ਪਰਮੇਸ਼ਰ ਦੀ ਪ੍ਰਾਪਤੀ ਰੂਪ ਇੱਜ਼ਤ ਪ੍ਰਾਪਤ ਹੁੰਦੀ ਹੈ ॥੮॥੩॥੨੦॥

## ਸਿਰੀਰਾਗੁ ਮਹਲਾ ੩ ॥

**ਉਥਾਨਕਾ :** ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਸਾਹਿਬ ਬਿਰਾਜਮਾਨ ਸਨ। ਸਤਿਗੁਰਾਂ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਗ਼ਰੀਬ ਨਿਵਾਜ਼ ! ਪਰਮੇਸ਼ਰ ਕਿਵੇਂ ਧਿਆਇਆ ਜਾ ਸਕਦਾ ਹੈ ? ਤਾਂ ਹਜ਼ੂਰ ਫ਼ੁਰਮਾਨ ਕਰਦੇ ਹਨ :

## ਗੁਰਮੁਖਿ ਨਾਮੁ ਧਿਆਈਐ; ਮਨਮੁਖਿ ਬੂਝ ਨ ਪਾਇ ॥

ਹੇ ਭਾਈ ! ਮੁਖੀ ਜੋ ਗੁਰੂ ਸਾਹਿਬ ਜੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਉਹਨਾਂ ਤੋਂ ਵਰੋਸਾਏ ਹੋਏ ਗੁਰਮੁਖ ਜੋ ਗੁਰਸਿੱਖ ਹਨ ਬਾਬਾ ਬੁੱਢਾ ਸਾਹਿਬ ਜੈਸੇ, ਜਿਨ੍ਹਾਂ ਦੀ ਅਵਸਥਾ ਰੋਮ ਰੋਮ ਵਿਚ ਨਾਮ ਧਿਆਈਐ = ਧਿਆਉਣ ਦੀ ਹੈ। ਜੈਸਾ ਕਿ :

**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥** *(ਰਾਮਕਲੀ ਮ: ੧, ਅੰਗ ੯੪੧)*

ਉਹਨਾਂ ਗੁਰਸਿੱਖਾਂ ਦੀ ਸੰਗਤ ਦੁਆਰਾ ਨਾਮ ਨੂੰ ਧਿਆਈਐ = ਧਿਆਉਣਾ ਕਰੇ। ਧਿਆਤਾ ਧਿਆਨ ਧੇਯ ਤ੍ਰਿਕੁਟੀ ਨੂੰ ਮੇਟ ਕੇ ਧਿਆਤਾ ਤੇ ਧਿਆਨਪੁਣੇ ਦਾ ਅੰਤਰਾ ਮੇਟ ਕੇ ਇਹ ਤਿੰਨਾਂ ਦਾ ਇੱਕੋ ਰੂਪ ਹੋ ਜਾਣਾ, ਇਹ ਜੁਗਤ ਗੁਰਮੁਖਾਂ ਤੋਂ ਪਾਈਦੀ ਹੈ, ਇਸ ਕਰਕੇ ਨਾਮ ਗੁਰਮੁਖਾਂ ਦੁਆਰਾ ਧਿਆਈਦਾ ਹੈ। ਪਰ ਜਿਹੜੇ ਮਨਮੁਖ

ਲੋਕ ਹਨ, ਉਹਨਾਂ ਨੂੰ ਇਸ ਗੱਲ ਦੀ ਬੂਝ = ਸਮਝ ਪ੍ਰਾਪਤ ਨਹੀਂ ਹੈ ਕਿਉਂਕਿ ਮਨਮੁਖ ਜੋ ਮਨ ਵਿਚ ਆਵੇ, ਓਹੀ ਕਰਦੇ ਹਨ, ਕਿਸੇ ਦਾ ਕਹਿਆ ਨਹੀਂ ਮੰਨਦੇ ਭਾਵੇਂ ਬ੍ਰਹਮਾ ਵੀ ਚੱਲ ਕੇ ਆ ਜਾਵੇ। ਜੈਸਾ ਕਿ :

**ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥** *(ਗਉੜੀ ਕਬੀਰ ਜੀ, ਅੰਗ ੩੩੨)*

## ਗੁਰਮੁਖਿ ਸਦਾ ਮੁਖ ਊਜਲੇ; ਹਰਿ ਵਸਿਆ ਮਨਿ ਆਇ ॥

ਗੁਰਮੁਖਾਂ ਦੇ ਸਦਾ = ਹਮੇਸ਼ਾ ਹੀ ਮੁੱਖ ਊਜਲੇ = ਨਿਰਮਲੇ ਹਨ, ਕਿਉਂਕਿ ਗੁਰਮੁਖਾਂ ਦੇ ਮਨ ਵਿਚ ਹਰਿ = ਪਰਮੇਸ਼ਰ ਆਪ ਹੀ ਆਇ = ਆ ਕੇ ਵਸਿਆ = ਵਸ ਗਿਆ ਹੈ।

## ਸਹਜੇ ਹੀ ਸੁਖੁ ਪਾਈਐ; ਸਹਜੇ ਰਹੈ ਸਮਾਇ ॥੧॥

ਸਹਜੇ = ਗਿਆਨ ਕਰਕੇ ਹੀ ਸੁੱਖ ਨੂੰ ਪਾਈਐ = ਪਾਉਂਦੇ ਹਨ, ਵਾਹਿਗੁਰੂ ਦਾ ਗਿਆਨ ਉਹਨਾਂ ਨੂੰ ਹੋ ਗਿਆ ਹੈ **ਵਾ:** ਸਹਜੇ = ਨਿਰਯਤਨ ਹੀ ਸੁੱਖ ਪ੍ਰਾਪਤ ਕਰ ਲਿਆ ਹੈ, ਉਹ ਸਹਜੇ = ਸਹਿਜ ਅਵਸਥਾ ਵਿਚ ਸਮਾਇ = ਸਮਾ ਰਹੈ = ਰਹੇ ਹਨ **ਵਾ:** ਸਹਜੇ = ਗਿਆਨ ਸਰੂਪ ਵਿਚ ਮਿਲੇ ਰਹਿੰਦੇ ਹਨ।

## ਭਾਈ ਰੇ; ਦਾਸਨਿ ਦਾਸਾ ਹੋਇ ॥

ਰੇ = ਹੇ ਭਾਈ = ਭਰਾਵੋ! ਵਾਹਿਗੁਰੂ ਦੇ ਦਾਸਨਿ = ਦਾਸਾਂ ਦੇ ਮਨ, ਬਾਣੀ, ਸਰੀਰ ਕਰਕੇ ਦਾਸ ਹੋਇ = ਹੋਣਾ ਕਰੋ।

## ਗੁਰ ਕੀ ਸੇਵਾ ਗੁਰ ਭਗਤਿ ਹੈ; ਵਿਰਲਾ ਪਾਏ ਕੋਇ ॥੧॥ਰਹਾਉ॥

ਜੋ ਸਤਿਗੁਰੂ ਸਾਹਿਬ ਜੀ ਦੀ ਸੇਵਾ = ਟਹਿਲ ਕਰਨੀ ਹੈ, ਇਹੋ ਹੀ ਗੁਰੂ ਸਾਹਿਬ ਜੀ ਦੀ ਵੱਡੀ ਭਗਤੀ ਹੈ **ਵਾ:** ਗੁਰੂ ਸਾਹਿਬ ਜੀ ਦੇ ਚਰਨਾਂ ਵਿਚ (ਭ + ਗਤਿ) ਭ = ਪ੍ਰੇਮ ਦੇ ਸਹਿਤ ਗਤਿ = ਪ੍ਰਾਪਤ ਹੋਣਾ **ਵਾ:** ਜੋ ਹਿਰਦੇ ਦੇ ਅੰਦਰ ਭ = ਭਾਵਨਾ ਗਤਿ = ਪ੍ਰਾਪਤ ਹੋਣੀ ਹੈ **ਵਾ:** ਭ = ਭੈ ਦਾ ਗਤਿ = ਨਾਸ਼ ਹੋਣਾ ਹੀ ਗੁਰਾਂ ਦੀ ਭਗਤੀ ਹੈ। ਸਤਿਗੁਰੂ ਸਾਹਿਬ ਜੀ ਦੀ ਸੇਵਾ = ਟਹਿਲ, ਭਗਤੀ ਕਰਨੀ ਹੈ। ਪਰ ਕੋਈ ਕੋਈ ਵਿਰਲਾ ਹੀ ਸੱਚੀ ਭਗਤੀ ਪਾਏ = ਪ੍ਰਾਪਤ ਕਰ ਸਕਦਾ ਹੈ ॥੧॥ਰਹਾਉ॥

## ਸਦਾ ਸੁਹਾਗੁ ਸੁਹਾਗਣੀ; ਜੇ ਚਲਹਿ ਸਤਿਗੁਰ ਭਾਇ ॥

ਜਿਹੜੀਆਂ ਬੀਬੀਆਂ ਸੁਹਾਗਣੀ = ਸੁਹਾਗਵੰਤੀਆਂ ਹਨ, ਉਹ ਪਤੀ ਦੀ ਸੇਵਾ ਕਰਕੇ ਪਤੀ ਨੂੰ ਪ੍ਰਸੰਨ ਕਰਦੀਆਂ ਹਨ, ਦਾਸੀਆਂ ਬਣ ਕੇ ਟਹਿਲ ਕਰਦੀਆਂ ਹਨ। ਉਹਨਾਂ ਨੂੰ ਸਦਾ = ਹਮੇਸ਼ਾ ਹੀ ਸੁਹਾਗੁ = ਅਨੰਦ ਬਣਿਆ ਰਹਿੰਦਾ ਹੈ। ਇਸੇ ਪ੍ਰਕਾਰ ਜੋ ਜਗਿਆਸੂ ਰੂਪ ਇਸਤਰੀਆਂ ਸੁਹਾਗਣੀ = ਸੁਹਾਗਵੰਤੀਆਂ ਭਾਵ ਗੁਰੂ ਵਾਲੀਆਂ ਹਨ, ਉਹਨਾਂ ਨੂੰ ਸਦਾ ਹੀ ਭਗਤੀ ਦਾ ਸੁਹਾਗੁ = ਅਨੰਦ ਬਣਿਆ ਰਹਿੰਦਾ ਹੈ। ਜੇ = ਜੋ ਸਤਿਗੁਰੂ ਸੱਚੇ ਪਾਤਸ਼ਾਹ ਦੀ ਭਾਇ = ਆਗਿਆ ਅਨੁਸਾਰ ਹੋ ਕੇ ਚਲਹਿ = ਚੱਲਦੀਆਂ ਹਨ।

## ਸਦਾ ਪਿਰੁ ਨਿਹਚਲੁ ਪਾਈਐ; ਨਾ ਓਹੁ ਮਰੈ ਨ ਜਾਇ ॥

ਜਿਹੜਾ ਸਦਾ = ਹਮੇਸ਼ਾ ਨਿਹਚਲੁ = ਅਚੱਲ ਰਹਿਣ ਵਾਲਾ ਪਿਰੁ = ਪਤੀ ਅਕਾਲ ਪੁਰਖ ਹੈ, ਉਸ ਵਾਹਿਗੁਰੂ ਸਰੂਪ ਨੂੰ ਪਾਈਐ = ਪਾਈਦਾ ਹੈ ਕਿਉਂਕਿ ਓਹੁ = ਉਹ ਪਰਮੇਸ਼ਰ ਨਾ ਹੀ ਮਰੈ = ਮਰਦਾ ਹੈ, ਨਾ ਕਿਤੇ ਜਾਇ = ਜਾਂਦਾ ਹੈ। ਜਿਵੇਂ ਦੁਨਿਆਵੀ ਪਤੀ ਔਰਤ ਨੂੰ ਛੱਡ ਕੇ ਚਲਿਆ ਜਾਂਦਾ ਹੈ, ਪਰ ਵਾਹਿਗੁਰੂ ਪਤੀ ਕਿਤੇ ਜਾਂਦਾ ਨਹੀਂ ਹੈ। ਦੁਨਿਆਵੀ ਪਤੀ ਮਰ ਕੇ ਵੀ ਚਲਾ ਜਾਂਦਾ ਹੈ ਪਰ ਵਾਹਿਗੁਰੂ ਸਦਾ ਅਮਰ ਰੂਪ ਹੈ।

## ਸਬਦਿ ਮਿਲੀ ਨਾ ਵੀਛੁੜੈ; ਪਿਰ ਕੈ ਅੰਕਿ ਸਮਾਇ ॥੨॥

ਗੁਰੂ ਸਾਹਿਬ ਦੇ ਸ਼ਬਦ ਦੀ ਕਮਾਈ ਕਰਕੇ ਜਿਨ੍ਹਾਂ ਦੀ ਸੁਰਤ ਮਿਲੀ ਹੋਈ ਹੈ, ਉਹ ਕਦੇ ਵੀ ਵਾਹਿਗੁਰੂ ਨਾਲੋਂ ਵੀਛੁੜੈ = ਵਿਛੜਦੇ ਨਹੀਂ ਹਨ। ਉਹ ਪਿਰ = ਪਤੀ ਅਕਾਲ ਪੁਰਖ ਵਾਹਿਗੁਰੂ ਕੈ = ਦੇ ਅੰਕਿ = ਸਰੂਪ **ਵਾ:** ਪਿਆਰ ਵਿਚ ਸਮਾਇ = ਅਭੇਦ ਹੋਏ ਰਹਿੰਦੇ ਹਨ ਭਾਵ ਮਿਲੇ ਰਹਿੰਦੇ ਹਨ ॥੨॥

## ਹਰਿ ਨਿਰਮਲੁ ਅਤਿ ਊਜਲਾ; ਬਿਨੁ ਗੁਰ ਪਾਇਆ ਨ ਜਾਇ ॥

ਹਰੀ ਅਕਾਲ ਪੁਰਖ ਵਾਹਿਗੁਰੂ ਅਤਿ = ਅਤਿਅੰਤ ਨਿਰਮਲੁ = ਮਲ ਮਾਇਆ ਤੋਂ ਰਹਿਤ ਸ਼ੁੱਧ ਸਰੂਪ ਹੈ ਭਾਵ ਜਿਸ ਨੂੰ ਅਸੱਤ ਜੜ੍ਹ ਦੁੱਖ ਰੂਪ ਮਾਇਆ ਦੀ ਮੈਲ ਨਹੀਂ ਹੈ **ਵਾ:** ਅਤਿ ਊਜਲਾ = ਅਤਿਅੰਤ ਹੀ ਮੈਲ ਰਹਿਤ ਜੱਸ ਰੂਪ ਉਜਾਲੇ ਵਾਲਾ ਹੈ **ਵਾ:** ਜਿਨ੍ਹਾਂ ਦਾ ਅਤਸ਼ੇ ਕਰਕੇ ਮਨ ਉੱਜਲਾ ਹੈ, ਉਨ੍ਹਾਂ ਨੂੰ ਹਰੀ ਨਿਰਮਲ ਸਰੂਪ ਪ੍ਰਾਪਤ ਹੋਇਆ ਹੈ (ਨਿਰਮਲ ਤੇ ਉੱਜਲ ਪ੍ਰਾਇਵਾਚੀ ਸ਼ਬਦ ਹਨ।) ਇਸ ਕਰਕੇ ਹਰੀ ਪਰਮੇਸ਼ਰ ਅਤਿਅੰਤ ਨਿਰਮਲ ਤੋਂ ਵੀ ਨਿਰਮਲ ਹੈ, ਅਤਿਅੰਤ ਉੱਜਲ ਹੈ, ਅਤਿਅੰਤ ਪ੍ਰਕਾਸ਼ ਰੂਪ ਹੈ, ਜਿਸ ਦੇ ਅੰਦਰ ਵਿਖੇਪਤਾ ਦੀ ਮੈਲ ਨਹੀਂ, ਮਲ ਵਿਖੇਪ ਅਵਰਨ ਆਦਿ ਦੀ ਕੋਈ ਮੈਲ ਨਹੀਂ ਹੈ। ਸਤਿਗੁਰੂ ਸਾਹਿਬ ਜੀ ਦੀ ਕ੍ਰਿਪਾ ਤੋਂ ਬਿਨਾਂ ਵਾਹਿਗੁਰੂ ਪਾਇਆ ਨਹੀਂ ਜਾਂਦਾ।

## ਪਾਠੁ ਪੜੈ ਨਾ ਬੂਝਈ; ਭੇਖੀ ਭਰਮਿ ਭੁਲਾਇ ॥

(**ਪੜੈ** ਦਾ ਉਚਾਰਣ ਭਾਰਾ ਹੈ)

ਕਈ ਲੋਕ ਵਿਆਕਰਣ ਦੇ ਪਾਠ ਪੜ੍ਹ ਲੈਂਦੇ ਹਨ, ਉਸ ਦੇ ਵਿੱਚੋਂ ਪਦ ਅਰਥ ਆਦਿਕਾਂ ਨੂੰ, ਸੰਧੀਆਂ ਨੂੰ ਸੋਧ ਸੋਧ ਕੇ ਨਿਰਣਾ ਕਰਕੇ ਦੱਸਦੇ ਹਨ। ਨ ਬੂਝਈ = ਪਰ ਗਿਆਨ ਦੀ ਸੋਝੀ ਨਹੀਂ ਹੈ, ਪਰਮੇਸ਼ਰ ਦੀ ਸੋਝੀ ਨਹੀਂ ਹੈ। ਉਹ ਭੇਖਾਂ ਦੇ ਭਰਮ ਵਿਚ ਭੁੱਲੇ ਫਿਰਦੇ ਹਨ।

## ਗੁਰਮਤੀ ਹਰਿ ਸਦਾ ਪਾਇਆ; ਰਸਨਾ ਹਰਿ ਰਸੁ ਸਮਾਇ ॥੩॥

ਜਿਨ੍ਹਾਂ ਗੁਰਮੁਖਾਂ ਨੇ ਗੁਰਮਤੀ (ਗੁਰ + ਮਤੀ) ਗੁਰ = ਸਤਿਗੁਰਾਂ ਦੀ ਮਤੀ = ਸਿੱਖਿਆ ਦੁਆਰਾ ਸਦਾ = ਹਮੇਸ਼ਾ ਰਹਿਣ ਵਾਲੇ ਪਰਮੇਸ਼ਰ ਦੇ ਸਰੂਪ ਨੂੰ ਪਾਇਆ = ਪਾ ਲਿਆ ਹੈ, ਉਨ੍ਹਾਂ ਦੀ ਹਰ ਵਕਤ ਰਸਨਾ ਹਰਿ = ਪਰਮੇਸ਼ਰ ਦੇ ਨਾਮ ਰਸ ਵਿਚ ਸਮਾਇ = ਸਮਾਈ ਰਹਿੰਦੀ ਹੈ **ਵਾ:** ਜਦੋਂ ਰਸਨਾ ਦੁਆਰਾ ਹਰੀ ਕੀਰਤਨ ਭਜਨ ਕਰਦੇ ਹਨ ਤਾਂ ਸੁਣਨ ਵਾਲਿਆਂ ਸਾਰਿਆਂ ਦੀ ਰਸਨਾ ਰਸ ਵਿਚ ਸਮਾਇ = ਸਮਾਅ ਜਾਂਦੀ ਹੈ ॥੩॥

## ਮਾਇਆ ਮੋਹੁ ਚੁਕਾਇਆ; ਗੁਰਮਤੀ ਸਹਜਿ ਸੁਭਾਇ ॥

ਗੁਰਮੁਖ ਜਨਾਂ ਨੇ ਮਾਇਆ ਦੇ ਮੋਹ ਨੂੰ ਚੁਕਾਇਆ = ਚੁਕਾ ਦਿੱਤਾ ਭਾਵ ਦੂਰ ਕਰ ਦਿੱਤਾ ਹੈ ਅਤੇ ਸਹਜਿ = ਸ਼ਾਂਤੀ ਸੁਭਾਇ = ਸੁਭਾਅ ਧਾਰਨ ਕੀਤਾ ਹੈ **ਵਾ:** ਸਹਜਿ = ਸੁਤੇ-ਸਿੱਧ ਪਦਾਰਥ ਆਈ ਜਾਵੇ ਤਾਂ ਵਰਤਾਈ ਜਾਂਦੇ ਹਨ ਤੇ ਆਪ ਪਦਾਰਥਾਂ ਤੋਂ ਨਿਰਲੇਪ, ਸ਼ਾਂਤੀ ਸੁਭਾਅ ਵਿਚ ਰਹਿੰਦੇ ਹਨ।

[**ਅੰਗ ੬੭**]

## ਬਿਨੁ ਸਬਦੈ ਜਗੁ ਦੁਖੀਆ ਫਿਰੈ; ਮਨਮੁਖਾ ਨੋ ਗਈ ਖਾਇ ॥

ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਸਬਦੈ = ਉਪਦੇਸ਼ ਦੀ ਕਮਾਈ ਨਹੀਂ ਕੀਤੀ, ਉਹ ਸਾਰਾ ਜਗੁ = ਜਗਤ ਦੁਖੀ ਤੁਰਿਆ ਫਿਰੈ = ਫਿਰਦਾ ਹੈ। ਮਨਮੁਖਾਂ ਨੂੰ ਤਾਂ ਇਹ ਮਾਇਆ ਖਾ ਹੀ ਗਈ ਹੈ। ਅਸਹਿਤਾ, ਖਿਆਤਾ, ਖੀਣਤਾ ਇਹ ਦੁੱਖ ਬਣੇ ਰਹਿੰਦੇ ਹਨ।

## ਸਬਦੇ ਨਾਮੁ ਧਿਆਈਐ; ਸਬਦੇ ਸਚਿ ਸਮਾਇ ॥੪॥

ਗੁਰੂ ਸਾਹਿਬ ਜੀ ਦੇ ਸਬਦੇ = ਉਪਦੇਸ਼ ਦੁਆਰਾ ਨਾਮ ਨੂੰ ਧਿਆਈਐ = ਧਿਆਉਣਾ ਕਰੀਏ। ਗੁਰੂ ਸਾਹਿਬ ਜੀ ਦੇ ਸ਼ਬਦ ਦੀ ਸੱਚੀ ਕਮਾਈ ਕਰਕੇ ਸਬਦੇ = ਬ੍ਰਹਮ ਵਿਚ ਅਭੇਦ ਹੋਈਦਾ ਹੈ ॥੪॥

## ਮਾਇਆ ਭੂਲੇ ਸਿਧ ਫਿਰਹਿ; ਸਮਾਧਿ ਨ ਲਗੈ ਸੁਭਾਇ ॥

ਜਿਹੜੇ ਸਿੱਧ ਹਨ, ਸਿੱਧੀਆਂ ਦੇ ਮਾਲਕ, ਮਛੰਦਰ ਨਾਥ, ਗੋਰਖ ਨਾਥ ਆਦਿ ਵੱਡੇ ਵੱਡੇ ਰਾਜ ਛੱਡ ਕੇ ਜੋਗੀਆਂ ਦੇ ਚੇਲੇ ਬਣ ਗਏ। ਪਰ ਮਾਇਆ ਦੀ ਡੋਲਾਉਣ ਵਾਲੀ ਸ਼ਕਤੀ ਨੇ ਸਿੱਧਾਂ ਨੂੰ ਭੁਲਾ ਦਿੱਤਾ ਹੈ ਜੋ ਰਿੱਧੀਆਂ ਸਿੱਧੀਆਂ ਦਿਖਾ ਕੇ ਆਪਣੀ ਪੂਜਾ ਵਿਚ ਲੱਗ ਗਏ ਹਨ। ਬ੍ਰਹਮ ਚਿੰਤਨ ਨੂੰ ਛੱਡ ਕੇ ਜਿਹੜੀ ਆਪਣੀ ਪੂਜਾ ਵਾਸਤੇ ਸ਼ਕਤੀਆਂ ਦਿਖਾਉਣੀਆਂ ਹਨ, ਇਹ ਸਭ ਮਾਇਆ ਹੀ ਹੈ। ਜੈਸਾ ਕਿ :

**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥** *(ਵਾਰ ਵਡਹੰਸ, ਮ: ੩, ਅੰਗ ੫੯੩)*

ਇਸ ਕਰਕੇ ਉਨ੍ਹਾਂ ਦੀ ਸੁਭਾਇ = ਸੁਤੇ-ਸਿਧ ਨਿਰਵਿਕਲਪ ਸਮਾਧਿ = ਸਮਾਧੀ ਨਹੀਂ ਲੱਗਦੀ, ਜਿਹੜੇ ਆਪਣੀ ਦੇਹ ਦੀ ਪੂਜਾ ਦਾ ਲਾਲਚ ਛੱਡ ਕੇ ਰਿੱਧੀਆਂ ਸਿੱਧੀਆਂ ਕਰਾਮਾਤਾਂ ਛੱਡ ਕੇ ਬ੍ਰਹਮ ਚਿੰਤਨ ਕਰਦੇ ਹਨ, ਉਨ੍ਹਾਂ ਦੀ ਸੁਭਾਵਿਕ ਹੀ ਸਮਾਧੀ ਲੱਗ ਜਾਂਦੀ ਹੈ। ਪਰ ਇਹਨਾਂ ਸਿੱਧਾਂ ਦੀ ਸਮਾਧੀ ਉਨ੍ਹਾਂ ਸਹਿਜ ਜੋਗੀਆਂ ਵਾਂਗੂ ਨਹੀਂ ਲੱਗਦੀ, ਕਿਉਂਕਿ ਮਛੰਦਰ ਨਾਥ ਰਿਧੀ ਸਿਧੀ ਦੀ ਸ਼ਕਤੀ ਨਾਲ ਸੰਗਲਾਦੀਪ ਦੇ ਮਹਾਰਾਜੇ ਅਮਰੂ ਦੀ ਦੇਹ ਵਿਚ ਪਰ ਕਾਇਆ ਪ੍ਰਵੇਸ਼ ਸਿੱਧੀ ਦੁਆਰਾ ਮਰੇ ਰਾਜੇ ਦੀ ਦੇਹ ਵਿਚ ਵੜ ਕੇ ਪਦਮਣੀਆਂ ਦੇ ਸੁੱਖ ਭੋਗਦਾ ਰਿਹਾ। ਗੋਰਖ ਨਾਥ ਕੱਢ ਕੇ ਲਿਆਇਆ ਸੀ। ਜਦੋਂ ਗੋਰਖ ਨਾਥ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਬੇਨਤੀ ਕੀਤੀ ਸੀ ਕਿ ਮੇਰੇ ਗੁਰੂ ਨੂੰ ਗਿਆਨ ਦਿਉ, ਕਿਉਂਕਿ ਜੋਗੀਆਂ ਲਈ ਇਸ ਨੇ ਬੜਾ ਕਲੰਕ ਖੱਟ ਦਿੱਤਾ ਹੈ। ਮੇਰੀ ਗਿਣਤੀ ਜਤੀਆਂ ਵਿਚ ਹੈ ਤੇ ਮੇਰਾ ਗੁਰੂ ਮਛੰਦਰ ਨਾਥ ਘਰ ਬਾਰ ਬਣਾ ਬੈਠਾ ਸੀ। ਤਾਂ ਗੁਰੂ ਨਾਨਕ ਸਾਹਿਬ ਜੀ ਨੇ ਕਿਹਾ :

**ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥**
**ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥** *(ਅੰਗ ੮੭੭)*

ਇਸ ਪ੍ਰਕਾਰ ਗੁਰੂ ਸਾਹਿਬ ਜੀ ਦਾ ਉਪਦੇਸ਼ ਸੁਣ ਕੇ ਮਛੰਦਰ ਨਾਥ ਨੂੰ ਅਕਲ ਆਈ ਸੀ ਤਾਂ ਇਥੇ ਸਤਿਗੁਰੂ ਜੀ ਇਸ ਪ੍ਰਕਾਰ ਕਥਨ ਕਰਦੇ ਹਨ ਕਿ ਸਿੱਧਾਂ ਦੀ ਸੁਭਾਵਿਕ ਸੁਤੇ-ਸਿੱਧ ਸਮਾਧੀ ਨਹੀਂ ਲੱਗਦੀ ਜਿਵੇਂ ਗੁਰਮੁਖਾਂ ਦੀ ਸੁਤੇ-ਸਿੱਧ ਸਮਾਧੀ ਲੱਗੀ ਰਹਿੰਦੀ ਹੈ। ਮਾਇਆ ਦਾ ਪ੍ਰਭਾਵ ਕਰਕੇ ਇਹਨਾਂ ਸਿੱਧਾਂ ਦੀ ਸਮਾਧੀ ਨਹੀਂ ਲੱਗਦੀ।

## ਤੀਨੇ ਲੋਅ ਵਿਆਪਤ ਹੈ; ਅਧਿਕ ਰਹੀ ਲਪਟਾਇ ॥

ਮਾਇਆ ਸਮਾਨ ਰੂਪ ਹੋਣ ਕਰਕੇ ਤੀਨੇ = ਤਿੰਨ ਲੋਅ = ਲੋਕਾਂ ਵਿਚ ਵਿਆਪਤ ਹੋ ਰਹੀ ਹੈ ਭਾਵ ਚਿੰਬੜੀ ਹੋਈ ਹੈ। ਤਿੰਨੇ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਵੀ ਛਲ ਲਏ ਹਨ। ਮਨਮੁਖਾਂ ਨੂੰ ਅਧਿਕ = ਵਿਸ਼ੇਸ਼ ਕਰਕੇ ਲਪਟਾਇ = ਲਪਟ ਰਹੀ ਹੈ ਭਾਵ ਸਾਰਿਆਂ ਨੂੰ ਅਧਿਕਤਾ ਕਰਕੇ ਆਪਣੇ ਵਿਚ ਫਸਾ ਰਹੀ ਹੈ।

## ਬਿਨੁ ਗੁਰ ਮੁਕਤਿ ਨ ਪਾਈਐ; ਨਾ ਦੁਬਿਧਾ ਮਾਇਆ ਜਾਇ ॥੫॥

ਸਤਿਗੁਰੂ ਤੋਂ ਬਿਨੁ = ਬਿਨਾਂ ਮੁਕਤਿ = ਮੁਕਤੀ ਨ = ਨਹੀਂ ਪਾਈਐ = ਪਾਈ ਜਾ ਸਕਦੀ ਅਤੇ ਨਾ ਹੀ ਮਾਇਆ ਦੀ ਇੱਛਾ ਭਾਵ ਦੁਬਿਧਾ = ਦੁਚਿਤਾ ਪੁਣਾ ਜਾਂਦਾ ਹੈ। ਦੁਬਿਧਾ ਹੀ ਬਣੀ ਰਹਿੰਦੀ ਹੈ ॥੫॥

## ਮਾਇਆ ਕਿਸ ਨੋ ਆਖੀਐ; ਕਿਆ ਮਾਇਆ ਕਰਮ ਕਮਾਇ ॥

ਸਤਿਗੁਰੂ ਸਾਹਿਬ ਜੀ ਸਿੱਖ ਮੁਖ ਦੁਆਰਾ ਪ੍ਰਸ਼ਨ ਕਰਦੇ ਹਨ ਕਿ ਮਾਇਆ ਕਿਸ ਨੋ = ਕਿਸ ਨੂੰ ਆਖੀਐ = ਕਹੀਦਾ ਹੈ। ਦੂਸਰਾ ਪ੍ਰਸ਼ਨ ਕਿ ਸਤਿਗੁਰੂ ਜੀ ਮਾਇਆ ਕਿਆ = ਕੀ ਕਰਮ ਕਮਾਇ = ਕਮਾਉਂਦੀ ਹੈ ਤਾਂ ਗੁਰੂ ਜੀ ਉੱਤਰ ਦਿੰਦੇ ਹਨ:

## ਦੁਖਿ ਸੁਖਿ ਏਹੁ ਜੀਉ ਬਧੁ ਹੈ; ਹਉਮੈ ਕਰਮ ਕਮਾਇ ॥

ਇਹ ਜੋ ਜੀਉ = ਜੀਵ ਪੁਣਾ ਹੈ, ਇਹ ਵੀ ਮਾਇਆ ਕਰਕੇ ਹੀ ਹੈ। ਇਸ ਜੀਵ ਨੂੰ ਮਾਇਆ ਕਰਕੇ ਹੀ ਦੁੱਖ ਤੇ ਮਾਇਆ ਕਰਕੇ ਹੀ ਵਿਸ਼ੇ ਸੁੱਖ ਆਦਿ ਦਾ ਬਧੁ = ਬੰਧਨ ਪਿਆ ਹੋਇਆ ਹੈ **ਅਥਵਾ** ਇਹ ਜੀਵ ਦੁੱਖ ਵਿਚ ਦੁੱਖ ਤੇ ਵਿਸ਼ੇ ਵਿਚ ਸੁੱਖ ਮੰਨਦਾ ਹੈ। ਇਸ ਕਰਕੇ ਮਾਇਆ ਦੇ ਬਧੁ = ਬੰਧਨ ਵਿਚ ਬੱਝਾ ਹੋਇਆ ਹੈ। ਮਾਇਆ ਕੰਮ ਕੀ ਕਰਦੀ ਹੈ, ਇਸ ਦੇ ਉੱਤਰ ਵਿਚ ਕਹਿੰਦੇ ਹਨ ਕਿ ਇਹ ਮਾਇਆ ਜੀਵ ਦੇ ਕੋਲੋਂ ਹਉਮੈ = ਹੰਗਤਾ ਦੇ ਕਰਮ ਕਮਾਉਂਦੀ ਹੈ ਜਿਹੜੇ ਹਉਮੈ ਸਹਿਤ ਕਰਮ ਹਨ, ਸਭ ਮਾਇਕੀ ਹਨ।

**ਦ੍ਰਿਸ਼ਟਾਂਤ ਮਾਇਆ ਦਾ :** ਵੇਦਾਂਤੀਆਂ ਨੇ ਮਾਇਆ ਅਨਰਬਚਨੀ ਮੰਨੀ ਹੈ, ਅਨਰਬਚਨੀ = ਜਿਸ ਦੀ ਕਥਨੀ ਨਾ ਹੋ ਸਕੇ, ਭਾਵ ਜੋ ਕਥਨ ਵਿਚ ਨਾ ਆਵੇ। ਜੈਸਾ ਕਿ:

**ਲਖਹੁ ਅਨਿਰਵਚਨੀ ਇਹੁ ਯਾਂਤੇ।** *(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਜਿਹੜੀਆਂ ਨੌਂ ਜੁਗਤੀਆਂ ਨਾ ਸਹਾਰੇ:

**ਨਾ ਸਤ ਹੈ, ਨਾ ਅਸੱਤ ਹੈ, ਨਾ ਸੱਤ ਅਸੱਤ ਉਭੇ ਹੈ।**
**ਨਾ ਭਿੰਨ ਹੈ, ਨਾ ਅਭਿੰਨ ਹੈ, ਨਾ ਭਿੰਨ ਅਭਿੰਨ ਉਭੇ ਹੈ।**
**ਨਾ ਸਵੈਵ ਹੈ, ਨਾ ਨਿਰਵੈਵ ਹੈ, ਨਾ ਸਵੈਵ ਨਿਰਵੈਵ ਉਭੇ ਹੈ।**

**ਨਾ ਸੱਤ ਹੈ :** ਇਸੇ ਪ੍ਰਕਾਰ ਜੇ ਮਾਇਆ ਨੂੰ ਸੱਤ ਸਰੂਪ ਕਹਿਣਾ ਕਰੀਏ ਤਾਂ ਸੱਤ ਪਦਾਰਥ ਉਹ ਹੁੰਦਾ ਹੈ, ਜੋ ਤਿੰਨਾਂ ਕਾਲਾਂ ਵਿਚ ਨਾਸ਼ ਨਾ ਹੋਵੇ, ਪਰੰਤੂ ਬ੍ਰਹਮ ਗਿਆਨ ਹੋਣ ਨਾਲ ਮਾਇਆ ਦਾ ਪ੍ਰਤੀਤ ਹੋਣਾ ਨਾਸ਼ ਹੋ ਜਾਂਦਾ ਹੈ। ਇਸੇ ਕਾਰਨ ਮਾਇਆ ਸੱਤ ਸਰੂਪ ਵੀ ਨਹੀਂ ਕਹੀ ਜਾ ਸਕਦੀ।

**ਨਾ ਅਸੱਤ ਹੈ :** ਜੇਕਰ ਮਾਇਆ ਨੂੰ ਅਸੱਤ ਭਾਵ ਝੂਠੀ ਕਹੀਏ ਤਾਂ ਅਸੱਤ ਪਦਾਰਥ ਉਹ ਕਹੀਦਾ ਹੈ, ਜੋ ਤਿੰਨਾਂ ਕਾਲਾਂ ਵਿਚ ਭਾਸਦਾ ਨਾ ਹੋਵੇ, ਪਰ ਮਾਇਆ ਅਨੇਕਾਂ ਰੂਪਾਂ ਕਰਕੇ ਤਿੰਨਾਂ ਕਾਲਾਂ ਵਿਚ ਪ੍ਰਤੀਤ ਹੋ ਰਹੀ ਹੈ। ਜੈਸਾ ਕਿ:

**ਮਾਇਆ ਬਿਆਪਤ ਬਹੁ ਪਰਕਾਰੀ ॥ ਸੰਤ ਜੀਵਹਿ ਪ੍ਰਭ ਓਟ ਤੁਮਾਰੀ ॥੧॥ਰਹਾਉ॥** *(ਅੰਗ ੧੮੨)*

ਜਿਸ ਪ੍ਰਕਾਰ ਮਨੁੱਖ ਦਾ ਪ੍ਰਤੀਬਿੰਬ ਪ੍ਰਤੀਤ ਹੁੰਦਾ ਹੈ, ਪਰ ਪਕੜ ਵਿਚ ਨਹੀਂ ਆ ਸਕਦਾ। ਜੇਕਰ ਇਹ ਕਹੀਏ ਕਿ ਪ੍ਰਤੀਬਿੰਬ ਨਹੀਂ ਹੈ ਤਾਂ ਸਾਹਮਣੇ ਭਾਸ ਰਿਹਾ ਹੈ (ਦਿਖਾਈ ਦੇ ਰਿਹਾ ਹੈ) ਅਤੇ ਜੇਕਰ ਇਹ ਕਹਿਣਾ ਕਰੀਏ ਕਿ ਪ੍ਰਤੀਬਿੰਬ ਮੌਜੂਦ ਹੈ ਤਾਂ ਹੱਥਾਂ ਦੀ ਪਕੜ ਵਿਚ ਨਹੀਂ ਆ ਸਕਦਾ। ਜਾਗ੍ਰਤ ਅਵਸਥਾ ਵਿਚ ਜਾਗ੍ਰਤ ਦੇ ਪਦਾਰਥਾਂ ਦਾ ਸਰੂਪ ਹੋ ਕੇ ਦਿਸ ਰਹੀ ਹੈ। ਸੁਪਨ ਅਵਸਥਾ ਵਿਚ ਸੁਪਨ ਦੇ ਪਦਾਰਥਾਂ ਦਾ ਸਰੂਪ ਹੋ ਕੇ ਦਿਸ ਰਹੀ ਹੈ। ਸੁਖੋਪਤੀ ਅਵਸਥਾ ਵਿਚ ਕਿ ਮੈਂ ਬੜਾ ਸੁਖ ਨਾਲ ਸੁੱਤਾ ਪਰ ਕੁਝ ਵੀ ਜਾਣ ਨਾ ਸਕਿਆ। ਉਥੇ ਅਗਿਆਨ ਰੂਪ ਕਰਕੇ ਦਿਸ ਰਹੀ ਹੈ। ਇਸ ਕਰਕੇ ਮਾਇਆ ਅਸੱਤ ਸਰੂਪ ਵੀ ਨਹੀਂ ਕਹੀ ਜਾ ਸਕਦੀ।

**ਨਾ ਸੱਤ ਅਸੱਤ ਉਭੇ ਹੈ :** ਜੇਕਰ ਇਹ ਕਹਿ ਦੇਈਏ ਕਿ ਨ ਸਤ = ਸੱਚੀ ਹੈ ਤੇ ਨਾ ਹੀ ਅਸੱਤ = ਝੂਠੀ

ਹੈ, ਕਿਉਂਕਿ ਸੱਤ ਅਤੇ ਅਸੱਤ ਉਭੇ = ਦੋਵੇਂ ਵਿਰੋਧੀ ਹਨ। ਵਿਰੋਧੀ ਸੁਭਾਅ ਇੱਕੋ ਸਮੇਂ ਵਿਚ ਇਕ ਵਸਤੂ ਵਿਚ ਨਹੀਂ ਰਹਿ ਸਕਦੇ। ਜਿਵੇਂ ਦਿਨ ਹੁੰਦਾ ਹੈ ਉਦੋਂ ਰਾਤ ਨਹੀਂ ਹੁੰਦੀ, ਭਾਵ ਜਿਥੇ ਚਾਨਣਾ ਹੋਵੇ ਉਥੇ ਹਨੇਰਾ ਨਹੀਂ। ਜਿਥੇ ਹਨੇਰਾ ਹੈ, ਉਥੇ ਚਾਨਣਾ ਨਹੀਂ। ਇਹ ਇੱਕੋ ਕਾਲ ਸਮੇਂ ਵਿਚ ਨਹੀਂ ਰਹਿ ਸਕਦੇ। ਇਸੇ ਕਰਕੇ ਦੋਨੋਂ ਰੂਪ ਕਰਕੇ ਵੀ ਨਹੀਂ ਕਹੀ ਜਾ ਸਕਦੀ।

**ਨਾ ਭਿੰਨ ਹੈ** : ਬ੍ਰਹਮ ਤੋਂ ਮਾਇਆ ਭਿੰਨ = ਵੱਖਰੀ ਵੀ ਨਹੀਂ ਕਹੀ ਜਾ ਸਕਦੀ, ਕਿਉਂਕਿ ਬ੍ਰਹਮ ਤੋਂ ਬਿਨਾਂ ਮਾਇਆ ਕਿਤੇ ਪ੍ਰਤੀਤ ਨਹੀਂ ਹੁੰਦੀ। ਬ੍ਰਹਮ ਦੀ ਸੱਤਾ ਕਰਕੇ ਹੀ ਇਹ ਭਾਸ ਰਹੀ ਹੈ, ਜੇਕਰ ਮਾਇਆ ਬ੍ਰਹਮ ਤੋਂ ਭਿੰਨ ਹੋਵੇ ਤਾਂ ਬ੍ਰਹਮ ਤੋਂ ਇਸ ਦਾ ਆਸਰਾ ਵੱਖਰਾ ਸਿੱਧ ਹੋਣਾ ਚਾਹੀਦਾ ਹੈ। ਪਰੰਤੂ ਬ੍ਰਹਮ ਤੋਂ ਭਿੰਨ = ਵੱਖਰਾ ਹੋਰ ਕੋਈ ਪਦਾਰਥ ਨਹੀਂ ਹੈ, ਜੋ ਮਾਇਆ ਦਾ ਆਸਰਾ ਹੋਵੇ। ਇਸ ਕਰਕੇ ਮਾਇਆ ਬ੍ਰਹਮ ਤੋਂ ਭਿੰਨ ਵੀ ਨਹੀਂ ਹੈ।

**ਨਾ ਅਭਿੰਨ ਹੈ** : ਨਾ ਹੀ ਮਾਇਆ ਬ੍ਰਹਮ ਵਿਚ ਅਭਿੰਨ = ਮਿਲਿਆ ਹੋਇਆ ਸਰੂਪ ਹੈ, ਉਸ ਨੂੰ ਅਭਿੰਨ ਸਰੂਪ ਕਹਿੰਦੇ ਹਨ, ਜੋ ਮਿਲਿਆ ਹੋਵੇ। ਜੇ ਬ੍ਰਹਮ ਵਿਚ ਮਾਇਆ ਅਭਿੰਨ ਹੋਵੇ ਤਾਂ ਇਸ ਦਾ ਬ੍ਰਹਮ ਤੋਂ ਵੱਖਰਾ ਨਾਮ ਮਾਇਆ ਨਹੀਂ ਹੋਣਾ ਚਾਹੀਦਾ। ਇਸ ਕਰਕੇ ਇਸ ਨੂੰ ਬ੍ਰਹਮ ਨਾਲ ਅਭਿੰਨ = ਅਭੇਦ ਭਾਵ ਮਿਲਿਆ ਹੋਇਆ ਸਰੂਪ ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਬ੍ਰਹਮ ਸੱਤ ਚਿੱਤ ਅਨੰਦ ਸਰੂਪ ਹੈ। ਪਰੰਤੂ ਮਾਇਆ ਅਸੱਤ ਜੜ ਦੁਖ ਰੂਪ ਹੈ। ਬ੍ਰਹਮ ਦਾ ਇਹ ਸੁਭਾਅ ਨਹੀਂ ਹੈ, ਬ੍ਰਹਮ ਨਿਰਵਿਕਾਰ ਹੈ ਤੇ ਮਾਇਆ ਵਿਕਾਰ ਰੂਪ ਹੈ, ਕਿਉਂਕਿ ਮਾਇਆ ਬਾਲਕ, ਜਵਾਨੀ ਤੇ ਬੁਢੇਪੇ ਆਦਿ ਵਿਕਾਰਾਂ ਨੂੰ ਪ੍ਰਾਪਤ ਹੋਣ ਵਾਲੀ ਹੈ। ਇਸ ਕਰਕੇ ਬ੍ਰਹਮ ਵਿਚ ਮਿਲੀ ਹੋਈ ਵੀ ਨਹੀਂ ਹੈ।

**ਨਾ ਭਿੰਨ ਅਭਿੰਨ ਉਭੇ ਹੈ** : ਜੇਕਰ ਇਤਨਾ ਕਹਿ ਦੇਈਏ ਕਿ ਭਿੰਨ ਅਭਿੰਨ ਉਭੇ = ਦੋਵੇਂ ਪ੍ਰਕਾਰ ਹੀ ਹੈ। ਇਹ ਦੋਵੇਂ ਰੂਪ ਬਣ ਨਹੀਂ ਸਕਦੀ, ਕਿਉਂਕਿ ਜਿਥੇ ਭਿੰਨ ਹੈ, ਉਥੇ ਅਭਿੰਨ ਨਹੀਂ ਕਹਿ ਸਕਦੇ ਅਤੇ ਜਿਥੇ ਅਭਿੰਨ ਹੈ, ਉਥੇ ਭਿੰਨ ਰੂਪ ਨਹੀਂ ਕਹਿ ਸਕਦੇ। ਇਸ ਕਰਕੇ ਦੋਵੇਂ ਰੂਪ ਕਰਕੇ ਵੀ ਨਹੀਂ ਕਹੀ ਜਾ ਸਕਦੀ, ਕਿਉਂਕਿ ਬ੍ਰਹਮ ਤੇ ਮਾਇਆ ਦੋਵੇਂ ਵੱਖਰੇ ਹਨ, ਇਸ ਕਰਕੇ ਮਾਇਆ ਭਿੰਨ ਅਭਿੰਨ ਉਭੇ = ਦੋਵੇਂ ਰੂਪ ਵੀ ਨਹੀਂ ਹੈ।

**ਨ ਸਵੈਵ ਹੈ** : ਵੈਵ ਨਾਉਂ ਅੰਗਾਂ ਦਾ ਹੈ, ਜੇਕਰ ਮਾਇਆ ਨੂੰ ਸਵੈਵ (ਸ + ਵੈਵ) = ਸਹਿਤ ਅੰਗਾਂ ਵਾਲੀ ਕਹੀਏ ਤਾਂ ਵੀ ਕਹਿਣੀ ਨਹੀਂ ਬਣਦੀ, ਕਿਉਂਕਿ ਸਰੀਰ (ਅੰਗ) ਸਾਹਮਣੇ ਹੀ ਚਿਖਾ ਵਿਚ ਸੜ ਜਾਂਦੇ ਹਨ।[੧] ਸਵੈਵ ਪਦਾਰਥ ਉਹ ਹੁੰਦਾ ਹੈ, ਜੋ ਕਿਸੇ ਕਾਰਨ ਨਾਲ (ਜਨੁ) ਜਨਮ ਦੁਆਰਾ ਉਤਪੰਨ ਹੁੰਦਾ ਹੈ, ਜਿਵੇਂ ਅੰਗਾਂ ਵਾਲੇ ਦੀ ਉਤਪਤੀ ਦਾ ਕੋਈ ਕਾਰਨ ਹੁੰਦਾ ਹੈ, ਪੈਦਾ ਕਰਨ ਵਾਸਤੇ, ਮਾਇਆ ਦਾ ਕਾਰਨ ਕੋਈ ਬਣ ਨਹੀਂ ਸਕਦਾ।

ਵੇਦਾਂਤ ਮੱਤ ਵਾਲਿਆਂ ਨੇ ਮਾਇਆ ਅਨਾਦੀ ਮੰਨੀ ਹੈ। ਜੇਕਰ ਸ਼ੁੱਧ ਚੇਤਨ ਨੂੰ ਮਾਇਆ ਦਾ ਕਾਰਨ ਮੰਨੀਏ ਤਾਂ ਸ਼ੁੱਧ ਚੇਤਨ ਨਿਰ-ਵਿਕਾਰ ਹੈ। ਮਾਇਆ ਦੇ ਕਾਰਨ ਨਾਲ ਵਿਕਾਰ ਹੋ ਜਾਵੇਗਾ। ਜੇ ਵਿਕਾਰੀ ਹੋ ਗਿਆ ਤਾਂ ਸਾਰੇ ਸ਼ਾਸਤਰ ਵੇਦ ਨਿਸਫਲ ਚਲੇ ਜਾਣਗੇ। ਜੀਵ ਤੇ ਈਸ਼ ਇਹ ਦੋਨੋਂ ਮਾਇਆ ਦੇ ਕਾਰਜ ਭਾਵ ਪੁਤਲੇ ਹਨ। ਜਿਵੇਂ ਪੁੱਤਰ ਆਪਣੀ ਮਾਤਾ ਦਾ ਕਾਰਨ ਨਹੀਂ ਬਣ ਸਕਦਾ, ਇਸੇ ਪ੍ਰਕਾਰ ਬਾਕੀ ਜੜ੍ਹ ਪਰਪੰਚ ਤਾਂ ਕੀ ਕਾਰਨ ਬਣ ਸਕਦਾ ਹੈ। ਇਸ 'ਤੇ ਇਹ ਵੀ ਮਾਇਆ ਦਾ ਕਾਰਨ ਨਹੀਂ ਹੈ। ਕੋਈ ਸਿੱਧ ਨਾ ਹੋਣ ਕਰਕੇ ਮਾਇਆ ਸਵੈਵ ਨਹੀਂ ਹੈ।

**ਨਾ ਨਿਰਵੈਵ ਹੈ** : ਜੇਕਰ ਮਾਇਆ ਨੂੰ ਨਿਰਵੈਵ ਭਾਵ ਅੰਗਾਂ ਤੋਂ ਰਹਿਤ ਕਹਿ ਦੇਈਏ ਉਹ ਵੀ ਬਣਦਾ ਨਹੀਂ, ਕਿਉਂਕਿ ਸਰੀਰਾਂ ਦਾ ਕੋਈ ਵੀ ਅੰਗ ਮਾਇਆ ਤੋਂ ਬਿਨਾਂ ਨਹੀਂ, ਸਾਰੇ ਅੰਗ **ਵਾ**: ਪਰਪੰਚ ਦੀ ਰਚਨਾ

---

੧. **ਹਸਤ ਪਾਵ ਝਰੇ ਖਿਨ ਭੀਤਰਿ ਅਗਨਿ ਸੰਗਿ ਲੈ ਜਾਰਿਓ॥** *(ਮਾਰੂ ਮਃ ੫, ਅੰਗ ੧੦੦੦)*

ਮਾਇਆ ਦੁਆਰਾ ਹੀ ਬਣੀ ਹੋਈ ਹੈ। **ਵਾ**: ਮਾਇਆ ਦਾ ਰੂਪ ਹੈ, ਜੋ ਸਭ ਨੂੰ ਦਿਸ ਰਿਹਾ ਹੈ। ਇਸ ਕਰਕੇ ਨਿਰਵੈਵ ਵੀ ਨਹੀਂ ਕਹੀ ਜਾ ਸਕਦੀ।

**ਨਾ ਸਵੈਵ ਨਿਰਵੈਵ ਉਭੇ ਹੈ** : ਨਾ ਹੀ ਉਭੇ = ਦੋਨੋਂ ਪ੍ਰਕਾਰ ਹੈ, ਕਿਉਂਕਿ ਅੰਗਾਂ ਵਾਲੀ ਵਸਤੂ ਦਾ ਬਿਨਾਂ ਅੰਗਾਂ ਵਾਲੀ ਵਸਤੂ ਨਾਲ ਵਿਰੋਧ ਹੈ। ਇਸ ਕਰਕੇ ਦੋਨੋਂ ਪ੍ਰਕਾਰ ਕਹਿਣਾ ਵੀ ਬਣਦਾ ਨਹੀਂ।

ਇਸ ਪ੍ਰਕਾਰ ਜੋ ਨੌਂ ਜੁਗਤੀਆਂ ਨੂੰ ਨਾ ਸਹਾਰੇ ਵੇਦਾਂਤ ਵਿਚ ਇਸ ਨੂੰ ਅਨਰਵਚਨੀ ਕਿਹਾ ਹੈ।

ਇਸ ਕਰਕੇ ਮਾਇਆ ਨੂੰ ਅਚਰਜ ਰੂਪ ਵੀ ਕਿਹਾ ਹੈ :

**ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ॥** *(ਸਿਰੀਰਾਗ ਕਬੀਰ ਜੀ, ਅੰਗ ੯੨)*

**ਜੋ ਅਨਹੋਤੀ ਬਾਤ ਕੋ ਹੋਤੀ ਕਰ ਦਿਖਲਾਇ। ਅਰ ਹੋਤੀ ਬਾਤ ਕਾ ਤਾ ਕਾ ਲੋਪ ਕਰਾਏ।**
**ਤਾ ਕਾ ਲੋਪ ਕਰਾਏ ਯਹ ਮਾਇਆ ਕਾ ਰੂਪ। ਸਾਚ ਕੋ ਝੂਠ ਦਿਖਾਏ ਝੂਠ ਕੋ ਸਾਚ ਸਰੂਪ।**
**ਲਖਨਾ ਸੇ ਪ੍ਰਤੀਤ ਹੋਏ ਆਪ ਨਾ ਭਾਸੈ ਜੋਇ। ਯਹੀ ਮਾਇਆ ਜਾਨ ਨ ਸਤ ਵਖਾਇ ਜੋਇ।**
*(ਕੁੰਡਲੀਆ ਗਿਰਧਰ ਕਵੀ)*

**ਘਟਨ ਅਘਟਨ ਪਟੀਸੀ ਮਾਇਆ ਹੈ ਅਘਟਨ ਘਟਨਾ ਸੁ ਘਨੇਰੀ।** *(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)*

ਮਾਯਾ (ਮਾ + ਯਾ) ਮਾ = ਨਾ ਯਾ = ਜੋ ਭਾਵ ਇਸ ਦਾ ਸੰਧੀ ਪ੍ਰਛੇਦ ਕਰਕੇ ਇਹ ਅਰਥ ਬਣਿਆ ਕਿ ਜੋ ਨਾ ਹੋਵੇ ਉਹ ਮਾਇਆ ਹੈ।

ਇਸੇ ਪ੍ਰਕਾਰ ਮਾਇਆ ਦੀ ਬ੍ਰਹਮ ਤੋਂ ਪਰ੍ਹੇ ਕੋਈ ਵੀ ਹੋਂਦ ਨਹੀਂ ਹੈ, ਪਰ ਪ੍ਰਬਲ ਐਸੀ ਹੈ ਕਿ ਸਾਰੇ ਸੰਸਾਰ ਨੂੰ ਅਗਿਆਨ ਦੇ ਪੜਦੇ ਨਾਲ ਢਕੀ ਬੈਠੀ ਹੈ। ਜਿਵੇਂ ਕਿ ਅਮਰ ਵੇਲ ਦੀ (ਜਿਸ ਨੂੰ ਆਕਾਸ਼ੀ ਵੇਲ ਵੀ ਕਹਿੰਦੇ ਹਨ) ਆਪਣੀ ਜੜ੍ਹ ਧਰਤੀ ’ਤੇ ਨਹੀਂ ਲੱਗੀ ਹੁੰਦੀ। ਬਾਕੀ ਹੋਰ ਸਾਰੇ ਬਨਸਪਤੀ ਦੇ ਪੌਦਿਆਂ ਦੀ ਲੱਗੀ ਹੁੰਦੀ ਹੈ। ਪਰ ਜਿਸ ਬ੍ਰਿਛ ਦੇ ਉੱਤੇ ਅਮਰ ਵੇਲ ਚੜ੍ਹ ਜਾਵੇ, ਉਸੇ ਬ੍ਰਿਛ ਨੂੰ ਢੱਕ ਲੈਣ ਵਾਲੀ ਹੈ। ਜਿਵੇਂ ਅਮਰ ਵੇਲ ਨੂੰ ਕੇਵਲ ਆਸਰਾ ਤਾਂ ਬ੍ਰਿਛ ਦਾ ਹੈ, ਪਰ ਉਸੇ ਨੂੰ ਆਛਾਦਨ ਕਰ ਦਿੰਦੀ ਹੈ। ਏਸੇ ਪ੍ਰਕਾਰ ਮਾਯਾ ਬ੍ਰਹਮ ਦੇ ਆਸਰੇ ਪੈਦਾ ਹੋ ਕੇ ਉਸੇ ਨੂੰ ਹੀ ਆਛਾਦਨ ਕਰ ਦਿੰਦੀ ਹੈ ਭਾਵ ਜੀਵਾਂ ਨੂੰ ਉਸਦਾ ਸਰੂਪ ਪ੍ਰਤੀਤ ਨਹੀਂ ਹੋਣ ਦਿੰਦੀ।

**ਦੂਸਰਾ ਦ੍ਰਿਸ਼ਟਾਂਤ** : ਜਿਵੇਂ ਆਮ ਪਾਣੀ ਜਾਂ ਬਰਸਾਤ ਦੇ ਪਾਣੀ ਦੇ ਟਿਕਾਣੇ ਟੋਭੇ ਆਦਿ ਹਨ, ਲੰਬਾ ਸਮਾਂ ਪਾਣੀ ਖੜ੍ਹਾ ਰਹੇ ਤਾਂ ਉਸ ਵਿਚ ਬੂਰ ਪੈਦਾ ਹੋ ਜਾਂਦਾ ਹੈ। ਬੂਰ ਕਦੇ ਕਿਸੇ ਵਿਅਕਤੀ ਨੇ ਬਾਹਰ ਤੋਂ ਲਿਆ ਕੇ ਕਿਸੇ ਸਾਧਨ ਨਾਲ ਟੋਭੇ ਵਿਚ ਨਹੀਂ ਸੁੱਟਿਆ ਅਤੇ ਬੂਰ ਆਕਾਸ਼ ਤੋਂ ਵੀ ਨਹੀਂ ਡਿੱਗਿਆ। ਕੇਵਲ ਪਾਣੀ ਦੇ ਵਿੱਚੋਂ ਹੀ ਪੈਦਾ ਹੋਇਆ ਹੈ ਅਤੇ ਉਹੋ ਬੂਰ ਫੇਰ ਪਾਣੀ ਨੂੰ ਹੀ ਇਤਨਾ ਆਛਾਦਨ (ਢੱਕ) ਲੈਂਦਾ ਹੈ ਕਿ ਪਾਣੀ ਨੂੰ ਦਿੱਸਣ ਤੋਂ ਹਟਾ ਦਿੰਦਾ ਹੈ। ਬੂਰ ਪਾਣੀ ਵਿੱਚੋਂ ਪੈਦਾ ਹੋਇਆ ਅਤੇ ਬੂਰ ਖੜਾ ਵੀ ਪਾਣੀ ਦੇ ਹੀ ਆਸਰੇ ਹੈ ਅਤੇ ਜੇਕਰ ਬੂਰ ਨੂੰ ਪਾਣੀ ਤੋਂ ਹਟਾ ਦਿੱਤਾ ਜਾਏ ਤਾਂ ਕੇਵਲ ਪਾਣੀ ਹੀ ਰਹਿ ਜਾਂਦਾ ਹੈ ਜੇਕਰ ਪਾਣੀ ਨਾ ਹੋਵੇ ਤਾਂ ਬੂਰ ਵੀ ਨਹੀਂ ਰਹਿ ਸਕਦਾ।

**ਦਾ ਦ੍ਰਿਸ਼ਟਾਂਤ** : ਮਾਇਆ ਬ੍ਰਹਮ ਦੇ ਵਿੱਚੋਂ ਹੀ ਪੈਦਾ ਹੋਈ ਹੈ ਅਤੇ ਬ੍ਰਹਮ ਦੀ ਸੱਤਾ ਪਾ ਕੇ ਬੂਰ ਦੀ ਤਰ੍ਹਾਂ ਪਾਣੀ ਰੂਪ ਬ੍ਰਹਮ ਨੂੰ ਢੱਕ ਲੈਂਦੀ ਹੈ। ਜਿਵੇਂ ਪਾਣੀ ਦਾ ਪਿਆਸਾ ਮਨੁੱਖ ਬੂਰ ਨੂੰ ਵੇਖ ਕੇ ਘਬਰਾਉਂਦਾ ਨਹੀਂ ਐਸਾ ਜਾਣਦਾ ਹੈ ਕਿ ਬੂਰ ਦੇ ਹੇਠਾਂ ਪਾਣੀ ਹੈ। ਪਾਣੀ ਦੇ ਦਰਸ਼ਨ ਕਰਨ ਲਈ ਅਤੇ ਪੀ ਕੇ ਪਿਆਸ ਬੁਝਾਉਣ ਲਈ ਹੱਥ ਨਾਲ ਝੋਲ ਮਾਰ ਕੇ ਬੂਰ ਨੂੰ ਦੂਰ (ਪਰ੍ਹੇ) ਹਟਾ ਦਿੰਦਾ ਹੈ। ਫੇਰ ਪਾਣੀ ਦੇ ਦਰਸ਼ਨ ਅਤੇ ਪਿਆਸ ਬੁਝਾ ਲੈਂਦਾ ਹੈ।

ਇਸੇ ਤਰ੍ਹਾਂ ਬ੍ਰਹਮ ਨੂੰ ਪ੍ਰਾਪਤ ਕਰਨ ਵਾਲਾ ਜਗਿਆਸੂ ਮਾਇਕੀ ਪਦਾਰਥਾਂ **ਵਾ**: ਮਾਇਕੀ ਸੰਸਾਰ ਨੂੰ ਦੇਖ ਕੇ ਘਬਰਾਉਂਦਾ ਨਹੀਂ, ਬਲਕਿ ਐਸਾ ਜਾਣਦਾ ਹੈ ਕਿ ਇਹ ਮਾਇਕੀ ਪਦਾਰਥ ਬ੍ਰਹਮ ਦੀ ਸੱਤਾ ਕਰਕੇ

ਹੀ ਹਨ। ਆਤਮਾਕਾਰ ਬਿਰਤੀ ਕਰਨਾ ਹੀ ਮਾਇਆ ਰੂਪ ਬੂਰ ਨੂੰ ਪਰ੍ਹੇ ਹਟਾਉਣਾ ਹੈ। ਭਾਵ ਕਿ ਬ੍ਰਹਮ ਦੀ ਵਿਚਾਰ ਰੂਪ ਝੋਲ ਦੇ ਕੇ ਵੈਰਾਗ ਬਿਬੇਕ ਰੂਪੀ ਨੇਤਰਾਂ ਨਾਲ **ਵਾ:** ਬ੍ਰਹਮਾਕਾਰ ਦ੍ਰਿਸ਼ਟੀ ਦੁਆਰਾ ਬ੍ਰਹਮ ਨੂੰ ਦੇਖ ਲਈਦਾ ਹੈ ਅਤੇ ਪ੍ਰਾਪਤੀ ਦੀ ਇੱਛਾ ਰੂਪ ਪਿਆਸ ਬੁਝਾ ਲਈਦੀ ਹੈ।

ਜਿਵੇਂ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਾਇਆ ਦਾ ਸਰੂਪ ਕਥਨ ਕੀਤਾ ਹੈ; ਜੈਸਾ ਕਿ :

**ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥** *(ਸੋਰਠਿ ਮ: ੧, ਅੰਗ ੬੩੫)*

ਸ੍ਰੀ ਗੁਰੂ ਅਮਰਦਾਸ ਜੀ ਨੇ ਇਥੇ ਮਾਇਆ ਦਾ ਸਰੂਪ ਦੱਸਿਆ ਹੈ ਅਤੇ ਹੋਰ ਵੀ ਬਚਨ ਆਉਂਦੇ ਹਨ; ਜੈਸਾ ਕਿ :

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥** *(ਰਾਮਕਲੀ ਮ: ੩, ਅੰਗ ੯੨੧)*

ਇਹੋ ਹੀ ਮਾਇਆ ਹੈ, ਜਿਹੜੀ ਇੱਕੋ ਸਮੇਂ ਦੋ ਕੰਮ ਕਰਦੀ ਹੈ। ਬ੍ਰਹਮ ਤੋਂ ਤੋੜਨਾ ਅਤੇ ਆਪਣੇ ਵਿਚ ਜੋੜਨਾ। ਹਰੀ ਪਰਮੇਸ਼ਰ ਦਾ ਵਿਸਰਨਾ ਦੂਜੇ ਭਾਉ = ਦਵੈਤ ਭਾਵਨਾ ਵਿਚ ਲਾਉਣਾ ਇਹ ਮਾਇਆ ਹੈ।

ਇਸੇ ਸਿਧਾਂਤ ਨੂੰ ਸਮਝਣ ਲਈ ਕੁਝ ਹੋਰ ਵਿਚਾਰ ਹੈ। ਜਿਵੇਂ ਕਿ ਇਸਤਰੀ ਪ੍ਰਾਪਤ ਹੋਈ ਤੋਂ ਪਰਮਾਤਮਾ ਵਿਸਰ ਗਿਆ। ਇਸਤਰੀ ਦੇ ਵਿਸ਼ੇ ਰਸ ਵਿਚ ਲੰਪਟ ਹੋਣਾ ਇਹ ਮਾਇਆ ਦਾ ਰੂਪ ਹੈ, ਭਾਵ ਇਸਤਰੀ, ਪੁੱਤਰ, ਧਨ, ਪਦਾਰਥ, ਵਡਿਆਈ ਆਦਿ ਨੂੰ ਦੇਖ ਕੇ ਪਰਮਾਤਮਾ ਭੁੱਲ ਜਾਣਾ ਇਹ ਮਾਇਆ ਦੇ ਰੂਪ ਹਨ। ਜੇਕਰ ਪਰਮਾਤਮਾ ਦੀ ਬਖ਼ਸ਼ਿਸ਼ ਸਮਝਦਾ ਹੈ ਤਾਂ ਬ੍ਰਹਮ ਦਾ ਚਿੰਤਨ ਹੈ।

ਮਾਇਆ ਤਿੰਨ ਪ੍ਰਕਾਰ ਦੀ ਹੋਰ ਵੀ ਕਥਨ ਕੀਤੀ ਹੈ: ਜੈਸਾ ਕਿ :

**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥**

*(ਕੇਦਾਰਾ ਬਾਣੀ ਕਬੀਰ ਜੀਉ, ਅੰਗ ੧੧੨੩)*

**ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥** *(ਭੈਰਉ ਕਬੀਰ ਜੀ, ਅੰਗ ੧੧੬੦)*

## ਬਿਨੁ ਸਬਦੈ ਭਰਮੁ ਨ ਚੂਕਈ; ਨਾ ਵਿਚਹੁ ਹਉਮੈ ਜਾਇ ॥੬॥

ਸਤਿਗੁਰੂ ਸਾਹਿਬ ਜੀ ਦੇ ਸਬਦੈ = ਉਪਦੇਸ਼ ਤੋਂ ਬਿਨੁ = ਬਿਨਾਂ ਜੀਵਾਂ ਨੂੰ ਜੋ ਜੜ੍ਹ ਚੇਤਨ ਰੂਪ ਹੋ ਕੇ ਮਾਇਆ ਚਿੰਬੜੀ ਹੋਈ ਹੈ, ਉਸ ਦਾ ਭਰਮੁ = ਭੁਲੇਖਾ ਚੂਕਈ = ਚੁੱਕਿਆ ਨ = ਨਹੀਂ ਜਾਂਦਾ ਅਤੇ ਨਾ ਹੀ ਜੀਵਾਂ ਦੇ ਵਿਚਹੁ = ਹਿਰਦੇ ਅੰਦਰੋਂ ਸਾਧਨਾ ਦੀ ਹਉਮੈ = ਹੰਗਤਾ ਮਮਤਾ ਜਾਇ = ਜਾਂਦੀ ਹੈ। ਜਿਵੇਂ ਲੋਮਸ ਰਿਖੀ ਨੂੰ ਲੰਮੀ ਉਮਰ ਦੀ ਹੰਗਤਾ ਬਣੀ ਰਹੀ ਸੀ ॥੬॥

## ਬਿਨੁ ਪ੍ਰੀਤੀ ਭਗਤਿ ਨ ਹੋਵਈ; ਬਿਨੁ ਸਬਦੈ ਥਾਇ ਨ ਪਾਇ ॥

ਸਤਿਗੁਰੂ ਸਾਹਿਬ ਜੀ ਦੀ ਪ੍ਰੀਤੀ ਤੋਂ ਬਿਨੁ = ਬਿਨਾਂ ਪਰਮੇਸ਼ਰ ਦੀ ਭਗਤਿ = ਭਗਤੀ ਨ = ਨਹੀਂ ਹੋਵਈ = ਹੋ ਸਕਦੀ ਅਤੇ ਸਤਿਗੁਰੂ ਸਾਹਿਬ ਜੀ ਦੇ ਸਬਦੈ = ਉਪਦੇਸ਼ ਕਮਾਏ ਤੋਂ ਬਿਨੁ = ਬਿਨਾਂ ਬੈਕੁੰਠ ਵਿਚ ਥਾਇ = ਥਾਂ ਪਾਇ = ਪ੍ਰਾਪਤ ਨ = ਨਹੀਂ ਹੁੰਦਾ **ਵਾ:** ਸੱਚਖੰਡ, ਤੁਰੀਆ ਪਦ ਰੂਪੀ ਥਾਂ ਪ੍ਰਾਪਤ ਨਹੀਂ ਹੁੰਦਾ।

## ਸਬਦੇ ਹਉਮੈ ਮਾਰੀਐ; ਮਾਇਆ ਕਾ ਭ੍ਰਮੁ ਜਾਇ ॥

ਗੁਰੂ ਸਾਹਿਬ ਜੀ ਦੇ ਸਬਦੇ = ਉਪਦੇਸ਼ ਦੁਆਰਾ ਹਉਮੈ = ਹੰਗਤਾ ਮਮਤਾ ਨੂੰ ਮਾਰੀਐ = ਮਾਰਨਾ ਕਰੀਏ ਤਾਂ ਜੋ ਮਾਇਆ ਪਹਿਲਾਂ ਭਰਮ ਕਰਕੇ ਪ੍ਰਤੀਤ ਹੋ ਰਹੀ ਸੀ, ਉਸ ਮਾਇਆ ਕਾ = ਦਾ ਭਰਮ ਅੰਦਰੋਂ ਚਲਾ ਜਾਇ = ਜਾਂਦਾ ਹੈ; ਜੈਸਾ ਕਿ :

**ਮਹਾ ਮਾਇਆ ਤਾ ਕੀ ਹੈ ਛਾਇਆ ॥** *(ਗੋਂਡ ਮ: ੫, ਅੰਗ ੮੬੮)*

## ਨਾਮੁ ਪਦਾਰਥੁ ਪਾਈਐ; ਗੁਰਮੁਖਿ ਸਹਜਿ ਸੁਭਾਇ ॥੭॥

ਗੁਰੂ ਸਾਹਿਬ ਦੁਆਰਾ ਹੀ ਨਾਮ ਰੂਪੀ ਪਦਾਰਥ ਪਾਈਐ = ਪਾਈਦਾ ਹੈ ਤਾਂ ਗੁਰਮੁਖਾਂ ਨੂੰ ਸੁਭਾਇ = ਸੁਭਾਵਿਕ ਹੀ ਸਹਜਿ = ਗਿਆਨ ਪ੍ਰਾਪਤ ਹੁੰਦਾ ਹੈ ਭਾਵ ਵਾਹਿਗੁਰੂ ਦਾ ਪ੍ਰਕਾਸ਼ ਹੋ ਜਾਂਦਾ ਹੈ ॥੭॥

## ਬਿਨੁ ਗੁਰ ਗੁਣ ਨ ਜਾਪਨੀ; ਬਿਨੁ ਗੁਣ ਭਗਤਿ ਨ ਹੋਇ ॥

ਸਤਿਗੁਰੂ ਤੋਂ ਬਗ਼ੈਰ ਸਤਿ, ਸੰਤੋਖ, ਦਇਆ, ਧਰਮ, ਸ਼ਰਧਾ ਆਦਿਕ ਗੁਣਾਂ ਨੂੰ ਨ ਜਾਪਨੀ = ਜਾਣ ਨਹੀਂ ਸਕੀਦਾ ਅਤੇ ਬਿਨੁ = ਬਿਨਾਂ ਸ਼ੁਭ ਗੁਣ ਧਾਰਨ ਤੋਂ ਪਰਮੇਸ਼ਰ ਦੀ ਭਗਤਿ = ਭਗਤੀ ਨਹੀਂ ਹੋਇ = ਹੋ ਸਕਦੀ।

## ਭਗਤਿ ਵਛਲੁ, ਹਰਿ ਮਨਿ ਵਸਿਆ; ਸਹਜਿ ਮਿਲਿਆ ਪ੍ਰਭੁ ਸੋਇ ॥

ਜੋ ਭਗਤੀ ਕਰਾਉਣ ਵਾਲਾ ਵਛਲੁ = ਪਿਆਰਾ ਹਰਿ = ਪਰਮੇਸ਼ਰ ਹੈ, ਜਿਹਨਾਂ ਦੇ ਮਨ ਵਿਚ ਵਸਿਆ = ਵਸ ਗਿਆ ਹੈ, ਉਹਨਾਂ ਨੂੰ ਸੋਇ = ਉਸ ਪ੍ਰਭੂ ਦੇ ਤੱਤ ਪਦ ਦਾ ਲੱਖ ਅਰਥ ਸਹਜਿ = ਸੁਤੇ-ਸਿੱਧ ਹੀ ਮਿਲਿਆ = ਮਿਲ ਗਿਆ ਹੈ ਭਾਵ ਪ੍ਰਾਪਤ ਹੋ ਗਿਆ ਹੈ।

## ਨਾਨਕ ਸਬਦੇ ਹਰਿ ਸਾਲਾਹੀਐ; ਕਰਮਿ ਪਰਾਪਤਿ ਹੋਇ ॥੮॥੪॥੨੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਾਂ ਦੇ ਸਬਦੇ = ਉਪਦੇਸ਼ ਦੁਆਰਾ ਹੀ ਹਰਿ = ਹਰੀ ਵਾਹਿਗੁਰੂ ਨੂੰ ਸਾਲਾਹੀਐ = ਸਲਾਹੁਣਾ ਕਰੀਦਾ ਹੈ। ਗੁਰੂ ਸਾਹਿਬ ਜੀ ਦੀ ਕ੍ਰਿਪਾ ਹੋਵੇ, ਨਿਸ਼ਕਾਮ ਕਰਮ ਕੀਤੇ ਹੋਣ ਤਾਂ ਨਾਮ ਦੀ ਪਰਾਪਤਿ = ਪ੍ਰਾਪਤੀ ਹੋਇ = ਹੁੰਦੀ ਹੈ ॥੮॥੪॥੨੧॥

## ਸਿਰੀਰਾਗੁ ਮਹਲਾ ੩ ॥
## ਮਾਇਆ ਮੋਹੁ ਮੇਰੈ ਪ੍ਰਭਿ ਕੀਨਾ; ਆਪੇ ਭਰਮਿ ਭੁਲਾਏ ॥

ਮੇਰੇ ਪ੍ਰਭਿ = ਪਰਮੇਸ਼ਰ ਨੇ ਐਸਾ ਮਾਇਆ ਦਾ ਮੋਹ ਰਚਨਾ ਕੀਨਾ = ਕੀਤਾ ਹੈ ਅਤੇ ਉਸ ਨੇ ਆਪ ਹੀ ਜੀਵਾਂ ਨੂੰ ਭਰਮਿ = ਭੁਲੇਖੇ ਵਿਚ ਭੁਲਾਏ = ਭੁਲਾ ਦੇਣਾ ਕੀਤਾ ਹੈ **ਅਥਵਾ** ਇਸ ਜੀਵ ਨੇ ਪਰਮੇਸ਼ਰ ਦੁਆਰਾ ਰਚੇ ਹੋਏ ਮਾਇਆ ਦੇ ਮੋਹ ਦੇ ਭਰਮਿ = ਭੁਲੇਖੇ ਦੇ ਕਾਰਨ ਆਪਣੇ ਨਿਜ ਸਰੂਪ ਨੂੰ ਭੁਲਾਏ = ਭੁਲਾ ਦਿੱਤਾ ਹੈ।

## ਮਨਮੁਖਿ ਕਰਮ ਕਰਹਿ ਨਹੀ ਬੂਝਹਿ; ਬਿਰਥਾ ਜਨਮੁ ਗਵਾਏ ॥

ਮਨਮੁਖ ਲੋਕ ਕਰਮਾਂ ਨੂੰ ਕਰਹਿ = ਕਰਦੇ ਹਨ ਤੇ ਪਰਮੇਸ਼ਰ ਦੀ ਰਜਾ ਨੂੰ ਬੂਝਹਿ = ਸਮਝਦੇ ਨਹੀਂ ਹਨ ਅਤੇ ਆਪਣਾ ਜਨਮ ਐਵੇਂ ਹੀ ਬਿਰਥਾ = ਵਿਅਰਥ ਗਵਾ ਰਹੇ ਹਨ।

## ਗੁਰਬਾਣੀ ਇਸੁ ਜਗ ਮਹਿ ਚਾਨਣੁ; ਕਰਮਿ ਵਸੈ ਮਨਿ ਆਏ ॥੧॥

ਗੁਰੂ ਦੀ ਬਾਣੀ ਇਸ ਜਗ = ਜਗਤ (ਸੰਸਾਰ) ਮਹਿ = ਵਿਚ ਚਾਨਣੁ = ਗਿਆਨ ਦਾ ਪ੍ਰਕਾਸ਼ ਕਰਨ ਵਾਲੀ ਹੈ। ਜੈਸਾ ਕਿ :

**ਨਾਮ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥** *(ਜੈਤਸਰੀ ਮ: ੫, ਅੰਗ ੭੦੦)*

ਜੇਕਰ ਜੀਵ ਨੇ ਪੂਰਬਲੇ ਨਿਸ਼ਕਾਮ ਕਰਮ ਕੀਤੇ ਹੋਣ **ਵਾ:** ਜੇਕਰ ਗੁਰਾਂ ਦੀ ਕਰਮਿ = ਕਿਰਪਾ ਹੋਵੇ ਤਾਂ ਇਹ ਬਾਣੀ ਮਨ ਵਿਚ ਆਏ = ਆ ਕੇ ਵਸੈ = ਵਸ ਜਾਂਦੀ ਹੈ ॥੧॥

## ਮਨ ਰੇ; ਨਾਮੁ ਜਪਹੁ ਸੁਖੁ ਹੋਇ ॥

ਰੇ = ਹੇ ਮਨਾਂ ! ਤੂੰ ਪਰਮੇਸ਼ਰ ਦੇ ਨਾਮ ਨੂੰ ਜਪਹੁ = ਜਪਣਾ ਕਰ, ਜਿਸ ਨਾਲ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਵੇਗੀ।

## ਗੁਰੁ ਪੂਰਾ ਸਾਲਾਹੀਐ; ਸਹਜਿ ਮਿਲੈ ਪ੍ਰਭੁ ਸੋਇ ॥੧॥ਰਹਾਉ॥

ਪੂਰਾ = ਪੂਰਨ ਗੁਰੁ = ਸਤਿਗੁਰੂ ਸਾਹਿਬ ਜੀ ਨੂੰ ਸਾਲਾਹੀਐ = ਸਲਾਹੁਣਾ ਕਰੀਏ **ਵਾ:** ਪੂਰਨ ਸਤਿਗੁਰੂ ਅਕਾਲ ਪੁਰਖ ਰੂਪ ਬਾਣੀ ਦੀ ਸਾਲਾਹੀਐ = ਸਿਫ਼ਤ ਕਰੀਏ ਤਾਂ ਸੋਇ = ਉਹ ਪ੍ਰਭੁ = ਪਰਮੇਸ਼ਰ ਸਹਜਿ = ਸੁਭਾਵਿਕ ਹੀ ਮਿਲੈ = ਮਿਲ ਪੈਂਦਾ ਹੈ **ਵਾ:** ਸ਼ਾਂਤੀ ਪੂਰਵਕ ਉਸ ਪ੍ਰਭੂ ਦੇ ਸਰੂਪ ਵਿਚ ਮਿਲ ਜਾਈਦਾ ਹੈ ॥੧॥ਰਹਾਉ॥

## ਭਰਮੁ ਗਇਆ ਭਉ ਭਾਗਿਆ; ਹਰਿ ਚਰਣੀ ਚਿਤੁ ਲਾਇ ॥

ਜਿਨ੍ਹਾਂ ਨੇ ਹਰਿ = ਪਰਮੇਸ਼ਰ ਦੇ ਚਰਣੀ = ਚਰਨਾਂ ਕਮਲਾਂ ਵਿਚ ਚਿਤੁ = ਹਿਰਦੇ ਨੂੰ ਲਾਇ = ਲਾਉਣਾ ਭਾਵ ਜੋੜਨਾ ਕੀਤਾ ਹੈ, ਉਨ੍ਹਾਂ ਦੇ ਅੰਤਸ਼ਕਰਣ ਵਿੱਚੋਂ ਪੰਜ ਪ੍ਰਕਾਰ ਦਾ ਭਰਮ[੧] ਚਲਾ ਗਿਆ ਹੈ ਤੇ ਸੱਤ ਪ੍ਰਕਾਰ ਦਾ ਭਉ = ਡਰ[੨] ਵੀ ਭਾਗਿਆ = ਨੱਸ ਗਿਆ ਹੈ ਭਾਵ ਨਵਿਰਤ ਹੋ ਗਿਆ ਹੈ।

## ਗੁਰਮੁਖਿ ਸਬਦੁ ਕਮਾਈਐ; ਹਰਿ ਵਸੈ ਮਨਿ ਆਇ ॥

ਗੁਰਮੁਖ ਜਨਾਂ ਨੇ ਗੁਰੂ ਦੇ ਸਬਦੁ = ਉਪਦੇਸ਼ ਦੀ ਕਮਾਈਐ = ਟਹਿਲ ਕਮਾਈ ਕੀਤੀ ਹੈ ਜਿਸ ਨਾਲ ਉਨ੍ਹਾਂ ਦੇ ਹਿਰਦੇ ਵਿਚ ਹਰਿ = ਹਰੀ ਪਰਮੇਸ਼ਰ ਆ ਕੇ ਵਸੈ = ਵਸ ਜਾਂਦਾ ਹੈ।

## ਘਰਿ ਮਹਲਿ ਸਚਿ ਸਮਾਈਐ; ਜਮਕਾਲੁ ਨ ਸਕੈ ਖਾਇ ॥੨॥

ਸਾਧਸੰਗ ਰੂਪੀ ਘਰ ਵਿਚ ਮਿਲ ਕੇ ਤੁਰੀਆ ਪਦ ਰੂਪੀ ਮਹਿਲ ਦੁਆਰਾ ਪਰਮੇਸ਼ਰ ਵਿਚ ਸਮਾਈਐ = ਅਭੇਦ ਹੋ ਜਾਈਦਾ ਹੈ **ਅਥਵਾ** ਮਹਲਿ = ਸਰੂਪ ਰੂਪੀ ਸੱਚੇ ਨਾਮ ਵਿਚ ਸਮਾਅ ਜਾਈਦਾ ਹੈ, ਜਿਸ ਨਾਲ ਉਸ ਨੂੰ ਜਮਕਾਲ **ਵਾ:** ਜੰਮਣ ਮਰਣ ਰੂਪੀ ਕਾਲ ਖਾਇ = ਨਾਸ਼ ਨਹੀਂ ਕਰ ਸਕਦਾ ॥੨॥

## ਨਾਮਾ ਛੀਬਾ ਕਬੀਰੁ, ਜੋੁਲਾਹਾ; ਪੂਰੇ ਗੁਰ ਤੇ ਗਤਿ ਪਾਈ ॥

ਦੁਨੀਆਂ ਦੇ ਲੋਕ ਭਗਤ ਨਾਮਾ = ਨਾਮਦੇਵ ਜੀ ਨੂੰ ਛੀਂਬਾ ਅਤੇ ਭਗਤ ਕਬੀਰ ਜੀ ਨੂੰ ਜੁਲਾਹਾ ਭਾਵ ਨੀਵੀਂ ਜਾਤੀ ਵਾਲਾ ਸੰਬੋਧਨ ਕਰਦੇ ਸਨ। ਉਨ੍ਹਾਂ ਭਗਤਾਂ ਨੇ ਵੀ ਪੂਰੇ ਗੁਰੂ ਜੀ ਦੀ ਕਿਰਪਾ ਤੇ = ਤੋਂ ਗਤਿ = ਮੁਕਤੀ ਦੀ ਪਾਈ = ਪ੍ਰਾਪਤੀ ਕੀਤੀ ਸੀ।

## ਬ੍ਰਹਮ ਕੇ ਬੇਤੇ ਸਬਦੁ ਪਛਾਣਹਿ; ਹਉਮੈ ਜਾਤਿ ਗਵਾਈ ॥

ਫਿਰ ਇਹ ਬ੍ਰਹਮ ਸਰੂਪ ਕੇ = ਦੇ ਬੇਤੇ = ਜਾਣੂੰ ਹੋ ਗਏ ਅਤੇ ਇਨ੍ਹਾਂ ਨੇ ਸਬਦੁ = ਬ੍ਰਹਮ ਨੂੰ ਪਛਾਣਹਿ = ਪਛਾਣ ਲਿਆ **ਵਾ:** ਸਬਦੁ = ਗੁਰ-ਉਪਦੇਸ਼ ਨੂੰ ਪਛਾਣਹਿ = ਪਛਾਣ ਕਰਕੇ ਬ੍ਰਹਮ ਦੇ ਜਾਣੂੰ ਹੋ ਗਏ ਅਤੇ ਅੰਦਰੋਂ ਜਾਤ ਪਾਤ ਦੀ ਹਉਮੈ = ਹੰਗਤਾ ਮਮਤਾ ਗਵਾਈ = ਗਵਾ ਦਿੱਤੀ ਭਾਵ ਨਾ ਜੁਲਾਹਾ ਪੁਣਾ ਰਿਹਾ ਨਾ ਛੀਂਬਾ ਪੁਣਾ ਰਿਹਾ।

---

੧. ਇਸੇ ਪੋਥੀ ਵਿਚ ਗੁਰਬਾਣੀ ਦੀ ਤੁਕ "ਸਾਧਸੰਗਿ ਭ੍ਰਮੁ ਜਾਲੇ" ॥ (ਅੰਗ ੭੯) ਤੇ ਪੰਜ ਪ੍ਰਕਾਰ ਦੇ ਭਰਮ ਦੀ ਵੀਚਾਰ ਪੜ੍ਹੋ।
੨. ਸੱਤ ਪ੍ਰਕਾਰ ਦੇ ਭੈ ਬਾਰੇ "ਮਨ ਰੇ, ਸਚੁ ਮਿਲੈ ਭਉ ਜਾਇ ॥" (ਅੰਗ ੧੮) ਵਾਲੀ ਤੁਕ 'ਤੇ ਪੜ੍ਹੋ।

## ਸੁਰਿ ਨਰ, ਤਿਨ ਕੀ ਬਾਣੀ ਗਾਵਹਿ; ਕੋਇ ਨ ਮੇਟੈ ਭਾਈ ॥੩॥

ਹੇ ਭਾਈ! ਤਿਨ = ਉਨ੍ਹਾਂ ਭਗਤਾਂ ਕੀ = ਦੀ ਬਾਣੀ ਨੂੰ ਸੁਰਿ = ਦੇਵਤੇ ਅਤੇ ਨਰ = ਮਨੁੱਖ ਗਾਵਹਿ = ਗਾਉਂਦੇ ਹਨ। ਉਨ੍ਹਾਂ ਦੀ ਬਾਣੀ **ਵਾ:** ਜੱਸ ਨੂੰ ਕੋਈ ਵੀ ਮੇਟ ਨਹੀਂ ਸਕਦਾ ॥੩॥

## ਦੈਤ ਪੁਤੁ, ਕਰਮ ਧਰਮ ਕਿਛੁ ਸੰਜਮ ਨ ਪੜੈ; ਦੂਜਾ ਭਾਉ ਨ ਜਾਣੈ ॥

(**ਪੜੈ** ਭਾਰਾ ਬੋਲੋ)

ਹੋਰ ਦੇਖੋ ਦੈਂਤ ਹਰਨਾਖਸ਼ ਦੇ ਪੁਤੁ = ਪੁੱਤਰ ਪ੍ਰਹਿਲਾਦ ਭਗਤ ਨੇ ਕਿਸੇ ਪ੍ਰਕਾਰ ਦਾ ਦੈਂਤਾਂ ਵਾਲਾ ਕਰਮ, ਕੋਈ ਵੀ ਹਿੰਸਾ ਆਦਿ ਕਰਨ ਵਾਲਾ ਧਰਮ, ਸੰਜਮ = ਇੰਦਰੀਆਂ ਦਾ ਦਮਨ ਕਰਕੇ ਯੱਗ ਅਤੇ ਹਵਨ ਆਦਿ ਅਤੇ ਹੋਰ ਕਿਸੇ ਪ੍ਰਕਾਰ ਦੀ ਨੀਤੀ ਦੀ ਪੜ੍ਹਾਈ ਆਦਿ ਪੜੈ = ਪੜ੍ਹਨਾ ਨਹੀਂ ਕੀਤੀ, ਬਲਕਿ ਉਸ ਦੇ ਹਿਰਦੇ ਅੰਦਰ ਐਸੀ ਮੱਤ ਦਾ ਪ੍ਰਕਾਸ਼ ਹੋ ਗਿਆ ਕਿ ਉਹ ਦੂਜਾ = ਦਵੈਤ-ਭਾਵ ਨੂੰ ਜਾਣੈ = ਜਾਣਦਾ ਨਹੀਂ ਸੀ।

## ਸਤਿਗੁਰੁ ਭੇਟਿਐ ਨਿਰਮਲੁ ਹੋਆ; ਅਨਦਿਨੁ ਨਾਮੁ ਵਖਾਣੈ ॥

ਜਿਸ ਵਕਤ ਇੰਦਰ ਮੁਲਤਾਨ ਲੁੱਟ ਕੇ ਭਗਤ ਪ੍ਰਹਿਲਾਦ ਦੀ ਮਾਤਾ ਨੂੰ ਜ਼ਬਰਦਸਤੀ ਬਲ ਦੁਆਰਾ ਲੈ ਕੇ ਜਾ ਰਿਹਾ ਸੀ ਤਾਂ ਉਸੇ ਵੇਲੇ ਰਸਤੇ ਵਿਚ ਨਾਰਦ ਮੁਨੀ ਮਿਲੇ। ਗਰਭਵਤੀ ਕਿਆਦੂ ਪ੍ਰਹਿਲਾਦ ਦੀ ਮਾਤਾ ਨੂੰ ਇੰਦਰ ਕੋਲੋਂ ਛੁਡਵਾ ਕੇ ਆਪਣੇ ਆਸ਼ਰਮ ਵਿਚ ਰੱਖਿਆ। ਪਰਮੇਸ਼ਰ ਦੇ ਨਾਮ ਦੀ ਕਥਾ ਸੁਣਾ ਕੇ ਗਰਭ ਦੇ ਬਾਲਕ ਨੂੰ ਭਗਤੀ ਦੇ ਸੰਸਕਾਰ ਦਿੱਤੇ, ਜਿਸ ਕਰਕੇ ਪ੍ਰਹਿਲਾਦ ਜੰਮਦਾ ਹੀ ਹਰੀ ਭਗਤ ਹੋਇਆ। ਜਦੋਂ ਸਤਿਗੁਰੂ ਦੇ ਰੂਪ ਵਿਚ ਰਿਸ਼ੀ ਨਾਰਦ ਆ ਕੇ ਭੇਟਿਐ = ਮਿਲਿਆ ਤਾਂ ਪ੍ਰਹਿਲਾਦ ਦਾ ਮਨ ਨਿਰਮਲੁ = ਮੈਲ ਤੋਂ ਰਹਿਤ ਹੋਆ = ਹੋ ਗਿਆ, ਜੋ ਅਨਦਿਨੁ = ਦਿਨ ਰਾਤ ਪਰਮੇਸ਼ਰ ਦਾ ਨਾਮੁ ਵਖਾਣੈ = ਵਖਿਆਨ ਕਰਦਾ ਰਹਿੰਦਾ ਸੀ।

## ਏਕੋ ਪੜੈ ਏਕੋ ਨਾਉ ਬੂਝੈ; ਦੂਜਾ ਅਵਰੁ ਨ ਜਾਣੈ ॥੪॥

ਏਕੋ = ਇਕ ਵਾਹਿਗੁਰੂ ਦੇ ਨਾਮ ਦੀ ਪੜੈ = ਪੜ੍ਹਾਈ ਪੜ੍ਹਦਾ ਸੀ ਤੇ ਏਕੋ = ਇੱਕੋ ਨਾਉ = ਨਾਮ ਨੂੰ ਹਿਰਦੇ ਵਿਚ ਬੂਝੈ = ਸਮਝਦਾ ਸੀ। ਦੂਜਾ ਹੋਰ ਅਵਰ ਸਥਾਨ ਵਿਚ ਪ੍ਰਹਿਲਾਦ ਭਗਤ ਕੁਝ ਵੀ ਜਾਣਦਾ ਨਹੀਂ ਸੀ। (ਪਰਮੇਸ਼ਰ ਨੇ ਇਸ ਦੀ ਰੱਖਿਆ ਕੀਤੀ। ਅੱਜ ਵੀ ਮੁਲਤਾਨ ਵਿਚ ਯਾਦਗਾਰ ਹੈ, ਜਿਸ ਥੰਮ੍ਹ ਨੂੰ ਪਾੜ ਕੇ ਭਗਵਾਨ ਪ੍ਰਗਟ ਹੋਏ ਸਨ।) ॥੪॥

## ਖਟੁ ਦਰਸਨ ਜੋਗੀ ਸੰਨਿਆਸੀ; ਬਿਨੁ ਗੁਰ ਭਰਮਿ ਭੁਲਾਏ ॥

ਜੋਗੀ, ਸੰਨਿਆਸ ਆਦਿ ਖਟੁ ਦਰਸਨ = ਛੇ ਭੇਖਾਂ ਵਾਲੇ ਗੁਰ = ਸਤਿਗੁਰਾਂ ਦੀ ਸ਼ਰਨ ਵਿਚ ਪਏ ਤੋਂ ਬਿਨੁ = ਬਗ਼ੈਰ ਭਰਮਿ = ਭੁਲੇਖਿਆਂ ਵਿਚ ਹੀ ਭੁਲਾਏ = ਭੁੱਲਣ ਵਿਚ ਆ ਰਹੇ ਹਨ।

## ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ; ਹਰਿ ਜੀਉ ਮੰਨਿ ਵਸਾਏ ॥

ਸਤਿਗੁਰੂ ਦੀ ਜੇ ਸੇਵਹਿ = ਸੇਵਾ ਕਰਨ ਤਾਂ ਗਤਿ = ਮੁਕਤੀ ਦੀ ਮਿਤਿ = ਮਰਯਾਦਾ ਨੂੰ ਪਾਵਹਿ = ਪਾ ਸਕਦੇ ਹਨ ਭਾਵ ਪ੍ਰਾਪਤ ਕਰ ਸਕਦੇ ਹਨ। ਸਤਿਗੁਰਾਂ ਦੁਆਰਾ ਸ੍ਰਵਨ ਕਰਕੇ, ਮੰਨਣ ਕਰਕੇ, ਨਿਧਿਆਸਣ ਕਰਕੇ ਕਮਾਈ ਕਰਨ ਤਾਂ ਵਾਹਿਗੁਰੂ ਮੰਨਿ = ਮਨ ਵਿਚ ਵਸਾਏ = ਵਸ ਆਉਂਦਾ ਹੈ।

## ਸਚੀ ਬਾਨੀ ਸਿਉ ਚਿਤੁ ਲਾਗੈ; ਆਵਣੁ ਜਾਣੁ ਰਹਾਏ ॥੫॥

ਜਿਨ੍ਹਾਂ ਦਾ ਸੱਚੀ ਬਾਨੀ ਸਿਉ = ਨਾਲ ਚਿਤੁ = ਹਿਰਦਾ ਲਾਗੈ = ਲੱਗ ਜਾਵੇ ਤਾਂ ਉਹ ਆਵਣੁ ਜਾਣੁ = ਜੰਮਣ ਮਰਣ ਤੋਂ ਰਹਾਏ = ਰਹਿਤ ਹੋ ਜਾਂਦੇ ਹਨ ॥੫॥

## ਪੰਡਿਤ ਪੜਿ ਪੜਿ ਵਾਦੁ ਵਖਾਣਹਿ; ਬਿਨੁ ਗੁਰ ਭਰਮਿ ਭੁਲਾਏ ॥

ਪੰਡਿਤ = ਵਿਦਵਾਨ ਲੋਕ ਵੇਦਾਂ, ਸ਼ਾਸਤਰਾਂ, ਪੁਰਾਣਾਂ, ਸੁਰਤੀਆਂ, ਸਿੰਮ੍ਰਿਤੀਆਂ ਆਦਿ ਨੂੰ ਪੜ੍ਹ ਪੜ੍ਹ ਕੇ ਵਾਦੁ = ਝਗੜੇ ਹੀ ਵਖਾਣਹਿ = ਕਥਨ ਕਰਦੇ ਰਹਿੰਦੇ ਹਨ। ਗੁਰੂ ਤੋਂ ਬਿਨਾਂ ਭਰਮਿ = ਭੁਲੇਖੇ ਵਿਚ ਹੀ ਭੁਲਾਏ = ਭੁੱਲਦੇ ਫਿਰਦੇ ਹਨ। ਜਿਵੇਂ ਬੇਣੀ ਪੰਡਤ ਊਠ ਉੱਤੇ ਪੁਸਤਕਾਂ ਲੱਦ ਕੇ ਲੋਕਾਂ ਨੂੰ ਜਿੱਤ ਜਿੱਤ ਕੇ ਹੰਕਾਰ ਵਿਚ ਭਰਮਦਾ ਫਿਰਦਾ ਸੀ। ਜਿਸ ਵਕਤ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਸ਼ਰਨ ਆਇਆ ਤਾਂ ਉਹ ਸਾਰੇ ਗ੍ਰੰਥ ਉਸ ਨੇ ਬਿਆਸਾ ਵਿਚ ਰੋੜ੍ਹ ਦਿੱਤੇ ਅਤੇ ਗੁਰੂ ਸਾਹਿਬ ਜੀ ਦਾ ਸਿੱਖ ਬਣ ਗਿਆ। ਇਸ ਪ੍ਰਕਾਰ ਪੜ੍ਹਾਈ ਦੇ ਹੰਕਾਰ ਵਿਚ ਭੌਂਦੇ ਫਿਰਦੇ ਹਨ।

## ਲਖ ਚਉਰਾਸੀਹ ਫੇਰੁ ਪਇਆ; ਬਿਨੁ ਸਬਦੈ ਮੁਕਤਿ ਨ ਪਾਏ ॥

ਉਹਨਾਂ ਨੂੰ ਫੇਰੁ = ਦੁਬਾਰਾ ਚਉਰਾਸੀਹ = ਚੌਰਾਸੀ ਲੱਖ ਜੂਨਾਂ ਦਾ ਚੱਕਰ ਪੈ ਗਿਆ। ਫੇਰ ਉਹ ਬਿਨੁ ਸਬਦੈ = ਬਿਨਾਂ ਗੁਰੂ ਦੇ ਉਪਦੇਸ਼ ਤੋਂ ਮੁਕਤੀ ਨਹੀਂ ਪਾ ਸਕਦੇ।

## ਜਾ ਨਾਉ ਚੇਤੈ ਤਾ ਗਤਿ ਪਾਏ; ਜਾ ਸਤਿਗੁਰੁ ਮੇਲਿ ਮਿਲਾਏ ॥੬॥

ਜਾ = ਜੇਕਰ ਪਰਮੇਸ਼ਰ ਦੇ ਨਾਉ = ਨਾਮ ਨੂੰ ਚੇਤੈ = ਯਾਦ ਕਰਨਗੇ ਤਾਂ ਗਤਿ = ਮੁਕਤੀ ਪ੍ਰਾਪਤ ਹੋ ਜਾਵੇਗੀ ਅਤੇ ਜਾ = ਜੇਕਰ ਸਤਿਗੁਰੂ ਜੀਵ ਦੇ ਸ਼ੁਭ ਗੁਣਾਂ ਦਾ ਪ੍ਰੇਰਿਆ ਹੋਇਆ ਪਰਮੇਸ਼ਰ ਨਾਲ ਮੇਲ ਦੇਵੇ ਤਾਂ ਵਾਹਿਗੁਰੂ ਦੇ ਸਰੂਪ ਵਿਚ ਮਿਲਿਆ ਜਾ ਸਕਦਾ ਹੈ ॥੬॥

## ਸਤਸੰਗਤਿ ਮਹਿ ਨਾਮੁ ਹਰਿ ਉਪਜੈ; ਜਾ ਸਤਿਗੁਰੁ ਮਿਲੈ ਸੁਭਾਏ ॥

ਸਤਿਸੰਗਤ ਮਹਿ = ਵਿਚ ਹਰਿ = ਵਾਹਿਗੁਰੂ ਦਾ ਨਾਮ ਉਪਜੈ = ਪ੍ਰਗਟ ਹੁੰਦਾ ਹੈ, ਭਾਵ ਹਿਰਦੇ ਵਿਚ ਪ੍ਰਗਟ ਹੁੰਦਾ ਹੈ, ਜਾ = ਜਦੋਂ ਸਤਿਗੁਰੁ = ਸਤਿਗੁਰੂ ਜੀ ਦਾ ਮਿਲੈ = ਮਿਲਾਪ ਹੁੰਦਾ ਹੈ ਤਾਂ ਸਿੱਖ ਸੁਭਾਏ = ਸੁਭਾਇਮਾਨ ਭਾਵ ਸ਼ੋਭਾ ਵਾਲਾ ਹੁੰਦਾ ਹੈ **ਵਾ:** ਸੁ = ਸ੍ਰੇਸ਼ਟ ਭਾਇ = ਭਾਵਨਾ ਵਾਲਾ ਹੁੰਦਾ ਹੈ।

**[ਅੰਗ ੬੮]**

## ਮਨੁ ਤਨੁ ਅਰਪੀ ਆਪੁ ਗਵਾਈ; ਚਲਾ ਸਤਿਗੁਰ ਭਾਏ ॥

ਆਪਣੀ ਮਤ ਛੱਡ ਕੇ ਮਨ, ਤਨੁ = ਸਰੀਰ ਵੀ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਅਰਪੀ = ਅਰਪਨਾ ਕਰੀਏ ਤੇ ਆਪੁ = ਆਪਾ-ਭਾਵ ਹੰਕਾਰ ਗਵਾਈ = ਗਵਾਉਣਾ ਕਰੀਏ। ਸਤਿਗੁਰਾਂ ਦੇ ਭਾਏ = ਭਾਣੇ ਅਨੁਸਾਰ ਮਨ ਤੇ ਸਰੀਰ ਕਰਕੇ ਚਲਾ = ਚੱਲਣਾ ਕਰੀਏ।

## ਸਦ ਬਲਿਹਾਰੀ ਗੁਰ ਅਪੁਨੇ ਵਿਟਹੁ; ਜਿ ਹਰਿ ਸੇਤੀ ਚਿਤੁ ਲਾਏ ॥੭॥

ਅਸੀਂ ਸਦ = ਹਮੇਸ਼ਾ ਆਪਣੇ ਸਤਿਗੁਰਾਂ ਦੇ ਵਿਟਹੁ = ਉਪਰੋਂ ਬਲਿਹਾਰੀ = ਕੁਰਬਾਨ ਜਾਂਦੇ ਹਾਂ। ਜਿ = ਜਿਹੜੇ ਹਰਿ = ਹਰੀ ਦੇ ਸੇਤੀ = ਨਾਲ ਚਿਤੁ ਨੂੰ ਲਾਏ = ਲਾ ਦਿੰਦੇ ਹਨ ॥੭॥

## ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ; ਹਰਿ ਸੇਤੀ ਰੰਗਿ ਰਾਤਾ ॥

ਸੋ = ਉਹੋ ਹੀ ਬ੍ਰਾਹਮਣ ਹੈ ਜੋ = ਜਿਹੜਾ ਬ੍ਰਹਮ ਸਰੂਪ ਨੂੰ ਬਿੰਦੇ = ਜਾਣਦਾ ਹੈ ਅਤੇ ਜਿਸ ਦਾ ਹਰੀ ਦੇ ਰੰਗਿ = ਪ੍ਰੇਮ ਨਾਲ ਚਿਤ ਰਾਤਾ = ਰੰਗਿਆ ਹੋਇਆ ਹੈ; ਜੈਸਾ ਕਿ :

**ਜਨਮ ਜਾਇ ਤੇ ਸੂਦਰਾ, ਸੰਸਕਾਰੇ ਦਿਜੋਤਮਾ।**
**ਬੇਦ ਪਾਠੀ ਭਵੇਤ ਬਿਪਰਾ, ਬ੍ਰਹਮ ਜਨੰਤੀ ਇਤੀ ਬ੍ਰਾਹਮਣਾ।** *(ਸੁਰਤੀ ਪ੍ਰਮਾਣ)*

## ਪ੍ਰਭੁ ਨਿਕਟਿ ਵਸੈ, ਸਭਨਾ ਘਟ ਅੰਤਰਿ; ਗੁਰਮੁਖਿ ਵਿਰਲੈ ਜਾਤਾ ॥

ਪ੍ਰਭੁ = ਅਕਾਲ ਪੁਰਖ ਵਾਹਿਗੁਰੂ ਨਿਕਟਿ = ਨੇੜੇ ਹੀ ਭਾਵ ਸਭਨਾ = ਸਾਰਿਆਂ ਦੇ ਘਟ = ਹਿਰਦੇ ਅੰਤਰਿ = ਅੰਦਰ ਹੀ ਵਸੈ = ਵਸਦਾ ਹੈ। ਪਰ ਕਿਸੇ ਵਿਰਲੇ ਗੁਰਮੁਖ ਨੇ ਹੀ ਜਾਤਾ = ਜਾਣਿਆ ਹੈ, ਜਿਨ੍ਹਾਂ ਨੇ ਸੱਚੇ ਨਾਮ ਦੀ ਕਮਾਈ ਕੀਤੀ ਹੈ।

## ਨਾਨਕ ਨਾਮੁ ਮਿਲੈ ਵਡਿਆਈ; ਗੁਰ ਕੈ ਸਬਦਿ ਪਛਾਤਾ ॥੮॥੫॥੨੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਨਾਮ ਕਰਕੇ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ = ਸ਼ੋਭਾ ਮਿਲਦੀ ਹੈ। ਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਦੁਆਰਾ ਹੀ ਵਾਹਿਗੁਰੂ ਨੂੰ ਪਛਾਤਾ = ਪਛਾਣਿਆ ਜਾਂਦਾ ਹੈ ॥੮॥੫॥੨੨॥

## ਸਿਰੀਰਾਗੁ ਮਹਲਾ ੩ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਗੋਇੰਦਵਾਲ ਸਾਹਿਬ ਸਿੱਖਾਂ ਨੂੰ ਪਰਮ ਉਪਦੇਸ਼ ਦੇ ਰਹੇ ਸਨ।

## ਸਹਜੈ ਨੋ ਸਭ ਲੋਚਦੀ; ਬਿਨੁ ਗੁਰ ਪਾਇਆ ਨ ਜਾਇ ॥

ਸਹਜੈ = ਗਿਆਨ ਨੂੰ ਸਾਰੀ ਦੁਨੀਆਂ ਲੋਚਦੀ = ਚਾਹੁੰਦੀ ਹੈ। ਸਤਿਗੁਰਾਂ ਤੋਂ ਬਿਨੁ = ਬਗ਼ੈਰ ਬ੍ਰਹਮ ਗਿਆਨ ਪਾਇਆ ਨਹੀਂ ਜਾਂਦਾ। ਜਿਸ ਪ੍ਰਕਾਰ ਜਿਵੇਂ ਬਬੀਹਾ ਬੱਦਲ ਦੇ ਰਾਹੀਂ ਸਵਾਂਤੀ ਬੂੰਦ ਪ੍ਰਾਪਤ ਕਰ ਸਕਦਾ ਹੈ ਭਾਵੇਂ ਕਿਤਨੇ ਸਮੁੰਦਰ ਕਿਤਨੇ ਦਰਿਆ ਪਾਨੀ ਨਾਲ ਭਰੇ ਹੋਣ, ਪਰ ਬਬੀਹੇ ਨੂੰ ਉਹਨਾਂ ਦਾ ਕੋਈ ਲਾਭ ਨਹੀਂ ਹੈ। ਬਬੀਹਾ ਜੇ ਮੂੰਹ ਰਾਹੀਂ ਪਾਨੀ ਪੀਵੇ ਤਾਂ ਕੰਠ ਰਾਹੀਂ ਨਿਕਲ ਜਾਂਦਾ ਹੈ। ਇਸੇ ਪ੍ਰਕਾਰ ਜਿੰਨੇ ਵੇਦ ਸ਼ਾਸਤਰ ਹਨ, ਸਾਰੇ ਸਮੁੰਦਰ ਦੀ ਨਿਆਈਂ ਗਿਆਨ ਦੇ ਭਰੇ ਹੋਏ ਹਨ। ਪਰ ਅਧਿਕਾਰੀ ਜਨ ਦੇ ਦਿਲ ਵਿਚ ਨਹੀਂ ਵਸਦਾ, ਗੁਰੂ ਸਾਹਿਬ ਜੀ ਬੱਦਲ ਦੀ ਨਿਆਈਂ ਹੋ ਕੇ ਉਪਦੇਸ਼ ਰੂਪ ਬ੍ਰਹਮ ਗਿਆਨ ਦੀ ਸਵਾਂਤੀ ਬੂੰਦ ਦਾ ਮੀਂਹ ਵਰਸਾਉਂਦੇ ਹਨ ਤਾਂ ਸਿੱਖ ਗਿਆਨ ਪ੍ਰਾਪਤ ਕਰਕੇ ਨਿਹਾਲ ਹੋ ਜਾਂਦਾ ਹੈ। ਇਸੇ ਕਰਕੇ ਗੁਰੂ ਜੀ ਕਹਿੰਦੇ ਹਨ ਕਿ ਸਾਰੀ ਦੁਨੀਆਂ ਹੀ ਗਿਆਨ ਨੂੰ ਲੋਚਦੀ = ਚਾਹੁੰਦੀ ਹੈ ਜੋ ਬਿਨਾਂ ਸਤਿਗੁਰਾਂ ਤੋਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

## ਪੜਿ ਪੜਿ ਪੰਡਿਤ ਜੋਤਕੀ ਥਕੇ; ਭੇਖੀ ਭਰਮਿ ਭੁਲਾਇ ॥

(**ਪੜਿ ਪੜਿ** ਭਾਰਾ ਬੋਲੋ)

ਪੜ੍ਹ ਪੜ੍ਹ ਕੇ ਪੰਡਿਤ = ਵਿਦਵਾਨ ਵੀ ਥੱਕ ਗਏ। ਜੋਤਕੀ = ਜੋਤਸ਼ੀ, ਜੋਤਸ਼ ਲਾ ਲਾ ਕੇ ਸਮੇਂ ਦਾ ਗਿਆਨ ਕਿ ਕਿਸ ਸਮੇਂ ਹਨੇਰੀ ਆਵੇਗੀ, ਤੂਫ਼ਾਨ ਆਵੇਗਾ, ਬੱਦਲ ਆਵੇਗਾ, ਕਾਲ ਪਵੇਗਾ। ਇਉਂ ਕਹਿ ਕਹਿ ਕੇ ਥੱਕ ਚੁੱਕੇ ਹਨ। ਭੇਖੀ ਭਰਮ ਵਿਚ ਭੁੱਲੇ ਹੋਏ ਹਨ ਕਿ ਅਸੀਂ ਭੇਖਾਂ ਨਾਲ ਹੀ ਵੱਡੇ ਬਣ ਜਾਵਾਂਗੇ।

ਇਉਂ ਭਰਮ ਵਿਚ ਭੁੱਲਣੇ ਕਰਕੇ ਥੱਕ ਚੁੱਕੇ ਹਨ। ਚਾਰ ਧਾਮਾਂ ਦੇ ਦਰਸ਼ਨ ਕਰਕੇ, ਤੀਰਥਾਂ 'ਤੇ ਵਿਚਰਦੇ ਹੋਏ ਭਰਮ ਕਰਕੇ ਥੱਕ ਚੁੱਕੇ ਹਨ।

## ਗੁਰ ਭੇਟੇ ਸਹਜੁ ਪਾਇਆ; ਆਪਣੀ ਕਿਰਪਾ ਕਰੇ ਰਜਾਇ ॥੧॥

ਸਤਿਗੁਰੂ ਜੀ ਜਿਨ੍ਹਾਂ ਨੂੰ ਭੇਟੇ = ਮਿਲੇ ਹਨ, ਉਨ੍ਹਾਂ ਨੇ ਸਹਜੁ = ਗਿਆਨ ਨੂੰ ਪਾਇਆ ਹੈ। ਜਿਨ੍ਹਾਂ 'ਤੇ ਪਰਮੇਸ਼ਰ ਹੁਕਮ ਚਲਾਉਣ ਵਾਲਾ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਦਾ ਹੈ, ਉਹੋ ਹੀ ਵਾਹਿਗੁਰੂ ਦੀ ਰਜਾਇ = ਆਗਿਆ ਵਿਚ ਚੱਲਦੇ ਹਨ॥੧॥

## ਭਾਈ ਰੇ; ਗੁਰ ਬਿਨੁ ਸਹਜੁ ਨ ਹੋਇ ॥

ਰੇ = ਹੇ ਭਾਈ ! ਸਤਿਗੁਰੂ ਸਾਹਿਬ ਜੀ ਦੀ ਕ੍ਰਿਪਾ ਤੋਂ ਬਿਨੁ = ਬਿਨਾਂ ਕਿਸੇ ਨੂੰ ਸਹਜੁ = ਗਿਆਨ ਪ੍ਰਾਪਤ ਨਹੀਂ ਹੋ ਸਕਦਾ।

## ਸਬਦੈ ਹੀ ਤੇ ਸਹਜੁ ਊਪਜੈ; ਹਰਿ ਪਾਇਆ ਸਚੁ ਸੋਇ ॥੧॥ਰਹਾਉ॥

ਸਤਿਗੁਰੂ ਸਾਹਿਬ ਜੀ ਦੇ ਸਬਦੈ = ਉਪਦੇਸ਼ ਤੇ = ਤੋਂ ਹੀ ਸਹਜੁ = ਗਿਆਨ ਊਪਜੈ = ਪੈਦਾ ਹੁੰਦਾ ਹੈ। ਜਿਹਨਾਂ ਨੂੰ ਗਿਆਨ ਪ੍ਰਾਪਤ ਹੁੰਦਾ ਹੈ, ਉਹਨਾਂ ਨੇ ਸੱਚੇ ਹਰਿ = ਅਕਾਲ ਪੁਰਖ ਵਾਹਿਗੁਰੂ ਨੂੰ ਪਾਇਆ ਹੈ ਅਤੇ ਸੋਇ = ਉਹ ਉਲਟ ਕੇ ਪਰਮੇਸ਼ਰ ਦਾ ਰੂਪ ਹੀ ਹੋ ਗਏ ਹਨ॥੧॥ਰਹਾਉ॥

## ਸਹਜੇ ਗਾਵਿਆ ਥਾਇ ਪਵੈ; ਬਿਨੁ ਸਹਜੈ ਕਥਨੀ ਬਾਦਿ ॥

ਜਦੋਂ ਸਹਜੇ = ਗਿਆਨ ਹੋਵੇ ਤਾਂ ਹੀ ਪਰਮੇਸ਼ਰ ਦਾ ਜੱਸ ਗਾਵਿਆ = ਗਾਇਆ ਹੋਇਆ, ਪਰਮੇਸ਼ਰ ਦੀ ਦਰਗਾਹ ਵਿਚ ਥਾਇ = ਥਾਂ ਪਵੈ = ਪੈਂਦਾ ਹੈ ਭਾਵ ਕਬੂਲ ਹੁੰਦਾ ਹੈ। ਬਿਨੁ = ਬਿਨਾਂ ਸਹਜੈ = ਗਿਆਨ ਤੋਂ ਕਥਨੀ = ਕਥਾ ਕਰਨੀ ਇਹ ਵੀ ਇਕ ਬਾਦਿ = ਝਗੜਾ ਹੀ ਹੈ **ਅਥਵਾ** ਜਿਸ ਨੂੰ ਆਪ ਸਰੂਪ ਦਾ ਸਹਜੈ = ਗਿਆਨ ਨਹੀਂ ਹੋਇਆ, ਉਹਨਾਂ ਦਾ ਕਥਨੀ = ਕਥਨ ਕਰਨਾ ਬਾਦਿ = ਬੇਅਰਥ ਹੀ ਹੈ।

## ਸਹਜੇ ਹੀ ਭਗਤਿ ਊਪਜੈ; ਸਹਜਿ ਪਿਆਰਿ ਬੈਰਾਗਿ ॥

ਸਹਜੇ = ਗਿਆਨ ਕਰਕੇ ਹੀ ਪਰਮੇਸ਼ਰ ਦੀ ਭਗਤਿ = ਭਗਤੀ ਊਪਜੈ = ਪੈਦਾ ਹੁੰਦੀ ਹੈ ਭਾਵ ਪਰਮੇਸ਼ਰ ਦੀ ਭਗਤੀ ਜੀਵਨ ਮੁਕਤੀ ਵਾਸਤੇ ਕਰੀਦੀ ਹੈ। ਪਰਮੇਸ਼ਰ ਦਾ ਸਹਜਿ = ਗਿਆਨ ਕਰਕੇ ਹੀ ਪਿਆਰ ਪੈਦਾ ਹੁੰਦਾ ਹੈ ਤੇ ਗਿਆਨ ਕਰਕੇ ਹੀ ਪਦਾਰਥਾਂ ਵੱਲੋਂ ਵੈਰਾਗ ਹੁੰਦਾ ਹੈ। ਜਿਵੇਂ ਮਨੁੱਖ ਦਾ ਗੁਣ ਜਾਂ ਰੂਪ ਪਹਿਲਾਂ ਜਾਣਿਆ ਜਾਵੇ ਤਾਂ ਉਸ ਵਿਚ ਪ੍ਰੀਤੀ ਹੁੰਦੀ ਹੈ, ਉਸੇ ਤਰ੍ਹਾਂ ਪਰਮੇਸ਼ਰ ਦੇ ਗੁਣਾਂ ਦਾ ਪਹਿਲਾਂ ਗਿਆਨ ਹੋਵੇ ਤਾਂ ਉਸ ਦੀ ਭਗਤੀ ਹੁੰਦੀ ਹੈ।

## ਸਹਜੈ ਹੀ ਤੇ ਸੁਖ ਸਾਤਿ ਹੋਇ; ਬਿਨੁ ਸਹਜੈ ਜੀਵਣੁ ਬਾਦਿ ॥੨॥

ਸਹਜੈ = ਅਪਰੋਖ ਗਿਆਨ ਕਰਕੇ ਹੀ ਆਤਮਾਨੰਦ ਸੁਖ ਦੀ ਪ੍ਰਾਪਤੀ ਹੁੰਦੀ ਹੈ। ਸਾਰੀਆਂ ਵਿਸ਼ੇ-ਵਿਕਾਰਾਂ ਦੀਆਂ ਵਾਸ਼ਨਾਵਾਂ ਨਾਸ਼ ਹੋ ਜਾਂਦੀਆਂ ਹਨ ਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਬਿਨਾਂ ਸਹਜੈ = ਗਿਆਨ ਤੋਂ ਜੀਵਨ ਬਾਦਿ = ਵਿਅਰਥ ਹੀ ਹੈ॥੨॥

## ਸਹਜਿ ਸਾਲਾਹੀ ਸਦਾ ਸਦਾ; ਸਹਜਿ ਸਮਾਧਿ ਲਗਾਇ ॥

ਗੁਰਮੁਖ ਜਨ ਸਹਜਿ = ਗਿਆਨ ਕਰਕੇ ਹੀ ਸਦਾ = ਨਿਤ ਰੂਪ ਪਰਮੇਸ਼ਰ ਨੂੰ ਸਦਾ = ਹਮੇਸ਼ਾ

ਸਾਲਾਹੀ = ਸਲਾਹੁਣਾ ਕਰਦੇ ਹਨ ਅਤੇ ਸਹਜਿ = ਗਿਆਨ ਕਰਕੇ ਨਿਰਵਿਕਲਪ ਸਮਾਧਿ = ਸਮਾਧੀ ਲਗਾਇ = ਲਾਉਂਦੇ ਹਨ ਭਾਵ ਬਿਰਤੀ ਨੂੰ ਟਿਕਾਉਂਦੇ ਹਨ।

## ਸਹਜੇ ਹੀ ਗੁਣ ਊਚਰੈ; ਭਗਤਿ ਕਰੇ ਲਿਵ ਲਾਇ ॥

ਸਹਜੇ = ਗਿਆਨ ਕਰਕੇ ਹੀ ਰਸਨਾ ਦੁਆਰਾ ਪਰਮੇਸ਼ਰ ਦੇ ਗੁਣਾਂ ਨੂੰ ਊਚਰੈ = ਉਚਾਰਨ ਕਰਦੇ ਹਨ ਅਤੇ ਵਿਦੇਹ ਮੁਕਤੀ ਵਾਸਤੇ ਮਨ ਦੀ ਲਿਵ = ਬਿਰਤੀ ਲਾਇ = ਲਗਾ ਕੇ ਪਰਮੇਸ਼ਰ ਦੀ ਭਗਤਿ = ਭਗਤੀ ਕਰੇ = ਕਰਦੇ ਹਨ।

## ਸਬਦੇ ਹੀ ਹਰਿ ਮਨਿ ਵਸੈ; ਰਸਨਾ ਹਰਿ ਰਸੁ ਖਾਇ ॥੩॥

ਗੁਰੂ ਸਾਹਿਬ ਜੀ ਦੇ ਸਬਦੇ = ਉਪਦੇਸ਼ ਕਰਕੇ ਹੀ ਹਰਿ = ਪਰਮੇਸ਼ਰ ਮਨ ਵਿਚ ਵਸੈ = ਵਸਦਾ ਹੈ। ਉਹਨਾਂ ਦੀ ਰਸਨਾ ਵੀ ਹਰਿ ਰਸੁ = ਹਰੀ ਦੇ ਨਾਮ ਰਸ ਨੂੰ ਖਾਇ = ਖਾਂਦੀ ਭਾਵ ਧਾਰਨ ਕਰਦੀ ਹੈ ॥੩॥

## ਸਹਜੇ ਕਾਲੁ ਵਿਡਾਰਿਆ; ਸਚ ਸਰਣਾਈ ਪਾਇ ॥

ਸੱਚੇ ਅਕਾਲ ਪੁਰਖ ਦੀ ਸਰਣਾਈ = ਸ਼ਰਨ ਵਿਚ ਆਪਣੇ ਆਪ ਨੂੰ ਪਾ ਕੇ ਭਾਵ ਸਹਜੇ = ਗਿਆਨ ਕਰਕੇ ਹੀ ਕਾਲ ਨੂੰ ਵਿਡਾਰਿਆ = ਮੇਟਿਆ ਹੈ ਭਾਵ ਕੱਟਿਆ ਹੈ।

## ਸਹਜੇ ਹਰਿ ਨਾਮੁ ਮਨਿ ਵਸਿਆ; ਸਚੀ ਕਾਰ ਕਮਾਇ ॥

ਪਰਮੇਸ਼ਰ ਦਾ ਨਾਮ ਸਹਜੇ = ਗਿਆਨ ਕਰਕੇ ਹੀ ਮਨ ਵਿਚ ਵਸਿਆ = ਵਸਦਾ ਹੈ। ਉਹਨਾਂ ਗੁਰਮੁਖਾਂ ਨੇ ਸੱਚੀ ਪਰਮੇਸ਼ਰ ਦੀ ਕਾਰ ਨਾਮ ਜਪਣਾ ਤੇ ਜਪਾਉਣਾ ਰੂਪ ਕਮਾਇ = ਕਮਾਉਣਾ ਕੀਤੀ ਹੈ।

## ਸੇ ਵਡਭਾਗੀ ਜਿਨੀ ਪਾਇਆ; ਸਹਜੇ ਰਹੇ ਸਮਾਇ ॥੪॥

ਸੇ = ਉਹ ਵਡਭਾਗੀ = ਵੱਡਿਆਂ ਭਾਗਾਂ ਵਾਲੇ ਹਨ, ਜਿਨੀ = ਜਿਨ੍ਹਾਂ ਨੇ ਪ੍ਰਭੂ ਅਕਾਲ ਪੁਰਖ ਨੂੰ ਪਾਇਆ = ਪਾ ਲਿਆ ਹੈ। ਉਹ ਹਰ ਵਕਤ ਸਹਜੇ = ਸੁਤੇ-ਸਿੱਧ ਪਰਮੇਸ਼ਰ ਨਾਲ ਸਮਾਇ = ਸਮਾਏ ਰਹੇ = ਰਹਿੰਦੇ ਹਨ ਭਾਵ ਮਿਲੇ ਹੋਏ ਹਨ ॥੪॥

## ਮਾਇਆ ਵਿਚਿ, ਸਹਜੁ ਨ ਊਪਜੈ; ਮਾਇਆ ਦੂਜੈ ਭਾਇ ॥

ਜਿੰਨਾ ਚਿਰ ਮਾਇਆ ਵਿਚ ਚਿੱਤ ਲੱਗਿਆ ਹੋਇਆ ਹੈ, ਉਤਨਾ ਚਿਰ ਸਹਜੁ = ਗਿਆਨ ਨ = ਨਹੀਂ ਊਪਜੈ = ਪੈਦਾ ਹੋ ਸਕਦਾ। ਮਾਇਆ ਕਰਕੇ ਹੀ ਦੂਜੈ ਭਾਇ = ਦਵੈਤ ਭਾਵ ਵਿਚ ਚਿੱਤ ਲੱਗਾ ਹੋਇਆ ਹੈ। ਦੂਜੀਆਂ ਚੀਜ਼ਾਂ ਵਿਚ ਹੀ ਪ੍ਰੇਮ ਕਰਦਾ ਹੈ।

## ਮਨਮੁਖ ਕਰਮ ਕਮਾਵਣੇ; ਹਉਮੈ ਜਲੈ ਜਲਾਇ ॥

ਮਨਮੁਖ ਲੋਕ ਨਿੱਤ, ਨਮਿੱਤ, ਪ੍ਰਾਸ਼ਚਿਤ, ਨਿਖੇਧ ਕਰਮਾਂ ਨੂੰ ਕਮਾਉਂਦੇ ਹਨ। ਉਹ ਆਪ ਹਉਮੈ = ਹੰਗਤਾ ਦੀ ਅਗਨੀ ਵਿਚ ਜਲੈ = ਸੜਦੇ ਹਨ ਤੇ ਹੋਰਨਾਂ ਨੂੰ ਵੀ ਤਰਕਾਂ ਮਾਰਨ ਰੂਪ ਜਲਾਇ = ਸਾੜਦੇ ਹਨ।

## ਜੰਮਣੁ ਮਰਣੁ ਨ ਚੂਕਈ; ਫਿਰਿ ਫਿਰਿ ਆਵੈ ਜਾਇ ॥੫॥

ਐਸੇ ਪੁਰਖਾਂ ਦਾ ਜੰਮਣ ਮਰਨ ਸਿਰ ਤੋਂ ਚੂਕਈ = ਚੁੱਕਿਆ ਨਹੀਂ ਜਾਂਦਾ। ਚਉਰਾਸੀ ਦੇ ਫੇਰਿਆਂ

ਵਿਚ ਹਲਟ ਦੀਆਂ ਟਿੰਡਾਂ ਦੀ ਤਰ੍ਹਾਂ ਫਿਰਿ ਫਿਰਿ = ਮੁੜ ਮੁੜ ਕੇ ਆਵੈ = ਆਉਂਦੇ ਜਾਇ = ਜਾਂਦੇ ਰਹਿੰਦੇ ਹਨ ॥੫॥

## ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ; ਤ੍ਰੈ ਗੁਣ ਭਰਮਿ ਭੁਲਾਇ ॥

ਤ੍ਰਿਹੁ = ਤਿੰਨ ਗੁਣਾਂ (ਰਾਜਸੀ, ਤਾਮਸੀ, ਸਾਤਕੀ) ਵਿਚ ਰਹਿਣ ਕਰਕੇ ਤੁਰੀਆ ਪਦ ਰੂਪੀ ਸਹਜੁ = ਗਿਆਨ ਨ = ਨਹੀਂ ਪਾਈਐ = ਪਾਈਦਾ, ਤ੍ਰੈ ਗੁਣ = ਤਿੰਨ ਗੁਣਾਂ ਦੀ ਉਪਾਸ਼ਨਾ ਕਰਨ ਵਾਲੇ ਜੀਵ ਭਰਮ ਵਿਚ ਭੁਲਾਇ = ਭੁੱਲੇ ਫਿਰਦੇ ਹਨ।

## ਪੜੀਐ ਗੁਣੀਐ ਕਿਆ ਕਥੀਐ; ਜਾ ਮੁੰਢਹੁ ਘੁਥਾ ਜਾਇ ॥

ਉਹ ਉਤਨਾ ਚਿਰ ਵੇਦਾਂ ਨੂੰ ਪੜੀਐ = ਪੜ੍ਹ ਕੇ ਅਰਥਾਂ ਨੂੰ ਗੁਣੀਐ = ਵਿਚਾਰ ਕੇ ਤੇ ਹੋਰਨਾਂ ਨੂੰ ਕਥਾ ਕਰਨ ਵਾਲੇ ਹੋ ਕੇ ਕਿਆ = ਕੀ ਕਥੀਐ = ਕਥਨ ਕਰਨਗੇ, ਜਾ = ਜਿਹੜੇ ਮੁੰਢਹੁ = ਮੁੱਢ ਤੋਂ ਭਾਵ ਜਨਮ ਤੋਂ ਹੀ ਪਰਮੇਸ਼ਰ ਨੂੰ ਘੁਥਾ = ਭੁੱਲ ਜਾਇ = ਜਾਂਦੇ ਹਨ **ਵਾ:** ਮੂਲ ਰੂਪ ਜੋ ਪਰਮੇਸ਼ਰ ਹੈ ਉਸ ਤੋਂ ਘੁਥਾ = ਭੁੱਲੇ ਹੋਇਆਂ ਦਾ ਜੀਵਨ ਜਾਇ = ਜਾ ਰਿਹਾ ਹੈ।

## ਚਉਥੇ ਪਦ ਮਹਿ ਸਹਜੁ ਹੈ; ਗੁਰਮੁਖਿ ਪਲੈ ਪਾਇ ॥੬॥

ਜੋ ਚਉਥੇ ਪਦ = ਤੁਰੀਆ ਪਦ ਸਾਖੀ ਰੂਪ ਹੈ, ਉਸ ਦੇ ਮਹਿ = ਵਿਚ ਪਰਮੇਸ਼ਰ ਦੇ ਸਰੂਪ ਦਾ ਸਹਜੁ = ਗਿਆਨ ਹੈ। ਗੁਰੂ ਸਾਹਿਬ ਜੀ ਦੀ ਕ੍ਰਿਪਾ ਦੁਆਰਾ ਗੁਰਮੁਖਾਂ ਦੇ ਹਿਰਦੇ ਰੂਪ ਪੱਲੇ ਵਿਚ ਪਾਇ = ਪੈਂਦਾ ਹੈ ਭਾਵ ਗੁਰਮੁਖਾਂ ਨੂੰ ਪ੍ਰਾਪਤ ਹੁੰਦਾ ਹੈ ॥੬॥

## ਨਿਰਗੁਣ ਨਾਮੁ ਨਿਧਾਨੁ ਹੈ; ਸਹਜੇ ਸੋਝੀ ਹੋਇ ॥

ਹੇ ਨਿਰਗੁਣ = ਗੁਣਾਂ ਤੋਂ ਰਹਿਤ ਜੀਵ! ਪਰਮੇਸ਼ਰ ਦਾ ਨਾਮ ਹੀ ਅਸਲੀ ਨਿਧਾਨੁ = ਖ਼ਜ਼ਾਨਾ ਹੈ **ਵਾ:** ਨਿਰਗੁਣ = ਤਿੰਨਾਂ ਗੁਣਾਂ ਤੋਂ ਅਤੀਤ ਨਿਰਾਕਾਰ ਸਰੂਪ ਪਰਮੇਸ਼ਰ ਦਾ ਨਾਮ ਸਭ ਨਿੱਧੀਆਂ ਤੇ ਸੁੱਖਾਂ ਦਾ ਖ਼ਜ਼ਾਨਾ, ਹੈ ਪਰ ਸਹਜੇ = ਗਿਆਨ ਦੁਆਰਾ ਹੀ ਉਸ ਦੀ ਸੋਝੀ = ਸਮਝ ਹੋਇ = ਹੁੰਦੀ ਹੈ।

## ਗੁਣਵੰਤੀ ਸਾਲਾਹਿਆ; ਸਚੇ ਸਚੀ ਸੋਇ ॥

ਜਿਹੜੇ ਗੁਣਵੰਤੀ = ਗੁਣਾਂ ਦੇ ਸਹਿਤ ਮਹਾਤਮਾ ਜਨ ਹਨ, ਉਨ੍ਹਾਂ ਨੇ ਹੀ ਪਰਮੇਸ਼ਰ ਦੇ ਨਾਮ ਦੀ ਸਾਲਾਹਿਆ = ਸਿਫ਼ਤ ਕੀਤੀ ਹੈ, ਜਿਸ ਨਾਲ ਉਨ੍ਹਾਂ ਸੱਚੇ ਸਤਿਪੁਰਸ਼ਾਂ ਦੀ ਲੋਕ ਪਰਲੋਕ ਵਿਚ ਸੱਚੀ ਸੋਇ = ਸ਼ੋਭਾ ਹੁੰਦੀ ਹੈ।

## ਭੁਲਿਆ ਸਹਜਿ ਮਿਲਾਇਸੀ; ਸਬਦਿ ਮਿਲਾਵਾ ਹੋਇ ॥੭॥

ਜਿਹੜੇ ਜੀਵ ਅਗਿਆਨ ਕਰਕੇ ਭਰਮ ਵਿਚ ਭੁੱਲੇ ਹੋਏ ਹਨ, ਗੁਰੂ ਸਾਹਿਬ ਉਨ੍ਹਾਂ ਨੂੰ ਸਹਜਿ = ਗਿਆਨ ਦੁਆਰਾ ਸ਼ਾਂਤੀ ਦੇ ਕੇ ਆਪਣੇ ਨਿਜ ਸਰੂਪ ਵਿਚ ਪਹਿਲਾਂ ਵੀ ਮਿਲਾਇਸੀ = ਮਿਲਾਉਂਦੇ ਸੀ, ਹੁਣ ਵੀ ਮਿਲਾ ਰਹੇ ਹਨ ਅਤੇ ਅੱਗੇ ਨੂੰ ਵੀ ਮਿਲਾਉਂਦੇ ਰਹਿਣਗੇ ਜਿਸ ਕਰਕੇ ਸਤਿਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਵਾਹਿਗੁਰੂ ਦੇ ਸਰੂਪ ਵਿਚ ਮਿਲਾਵਾ = ਮਿਲਾਪ ਭਾਵ ਅਭੇਦਤਾ ਹੋ ਜਾਂਦੀ ਹੈ ॥੭॥

## ਬਿਨੁ ਸਹਜੈ ਸਭੁ ਅੰਧੁ ਹੈ; ਮਾਇਆ ਮੋਹੁ ਗੁਬਾਰੁ ॥

ਸਹਜੈ = ਗਿਆਨ ਤੋਂ ਬਿਨੁ = ਬਗ਼ੈਰ ਸਭੁ = ਸਾਰੇ ਮਨ ਬੁੱਧ ਰੂਪ ਨੇਤਰਾਂ ਤੋਂ ਬਿਨਾਂ ਵੀਚਾਰ ਰੂਪੀ ਨਿਗ੍ਹਾ

ਤੋਂ ਹੀਣੇ ਅੰਧੁ = ਅੰਨ੍ਹੇ ਹੀ ਹਨ ਅਤੇ ਮਾਇਆ ਦੇ ਮੋਹ ਕਾਰਨ ਅਗਿਆਨ ਦੇ ਗੁਬਾਰੁ = ਗੂੜ੍ਹੇ ਹਨੇਰੇ ਵਿਚ ਪਏ ਹੋਏ ਹਨ।

## ਸਹਜੇ ਹੀ ਸੋਝੀ ਪਈ; ਸਚੈ ਸਬਦਿ ਅਪਾਰਿ ॥

ਜਿਨ੍ਹਾਂ ਦੇ ਹਿਰਦੇ ਅੰਦਰ ਸਹਜੇ = ਗਿਆਨ ਹੈ, ਉਨ੍ਹਾਂ ਨੂੰ ਹੀ ਪਰਮੇਸ਼ਰ ਦੇ ਸਰੂਪ ਦੀ ਸੋਝੀ = ਸਮਝ ਪਈ = ਪੈਂਦੀ ਹੈ, ਐਸੇ ਜੀਵ ਹੀ ਸਚੈ = ਸੱਚੇ ਤੇ ਅਪਾਰਿ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਦੇ ਹਨ।

## ਆਪੇ ਬਖਸਿ ਮਿਲਾਇਅਨੁ; ਪੂਰੇ ਗੁਰ ਕਰਤਾਰਿ ॥੮॥

ਉਨ੍ਹਾਂ ਨੂੰ ਪੂਰੇ ਸਤਿਗੁਰੂ ਦੁਆਰਾ ਕਰਤਾਰਿ = ਪਰਮੇਸ਼ਰ ਵਾਹਿਗੁਰੂ ਨੇ ਆਪ ਹੀ ਬਖਸਿ = ਮਿਹਰ ਕਰ ਕੇ ਆਪਣੇ ਸਰੂਪ ਵਿਚ ਮਿਲਾਇਅਨੁ = ਅਭੇਦ ਕਰ ਲੈਣਾ ਕੀਤਾ ਹੈ ॥੮॥

## ਸਹਜੇ ਅਦਿਸਟੁ ਪਛਾਣੀਐ; ਨਿਰਭਉ ਜੋਤਿ ਨਿਰੰਕਾਰੁ ॥

ਅਦਿਸਟੁ = ਜੋ ਦਿਸਣ ਤੋਂ ਰਹਿਤ ਬ੍ਰਹਮ ਹੈ, ਉਸ ਨੂੰ ਸਹਜੇ = ਗਿਆਨ ਦੁਆਰਾ ਹੀ ਪਛਾਣੀਦਾ ਹੈ। ਉਹ ਪਰਮੇਸ਼ਰ ਨਿਰਭਉ = ਡਰ ਤੋਂ ਰਹਿਤ ਸਰੂਪ ਹੈ। ਨਿਰੰਕਾਰੁ = ਮਾਇਕੀ ਆਕਾਰਾਂ ਤੋਂ ਵੀ ਰਹਿਤ ਹੈ ਅਤੇ ਜੋਤਿ = ਪ੍ਰਕਾਸ਼ ਸਰੂਪ ਹੈ **ਅਥਵਾ** ਉਸ ਦਾ ਸਾਰਿਆਂ ਉੱਤੇ ਜੋਤਿ = ਪ੍ਰਕਾਸ਼ ਹੈ। ਅੰਤਹਕਰਨ ਵਿਚ, ਨੇਤਰਾਂ, ਚੰਦ ਸੂਰਜ, ਬਿਰਤੀ, ਪ੍ਰਕਿਰਤੀ, ਮਾਇਆ, ਸਾਰੇ ਖੰਡਾਂ ਬ੍ਰਹਿਮੰਡਾਂ ਆਦਿ ਵਿਚ ਵੀ ਉਸ ਦਾ ਹੀ ਪ੍ਰਕਾਸ਼ ਹੈ **ਵਾ:** ਉਹ ਆਪ ਸ੍ਵਯੰ ਪ੍ਰਕਾਸ਼ ਸਰੂਪ ਹੈ।

## ਸਭਨਾ ਜੀਆ ਕਾ ਇਕੁ ਦਾਤਾ; ਜੋਤੀ ਜੋਤਿ ਮਿਲਾਵਣਹਾਰੁ ॥

ਉਹ ਸਭਨਾ = ਸਾਰਿਆਂ ਜੀਵਾਂ ਕਾ = ਦਾ ਦਾਤਾ = ਦਾਤਾਂ ਦੇਣ ਵਾਲਾ ਇਕੁ = ਅਦੁੱਤੀ ਸਰੂਪ ਪਰਮੇਸ਼ਰ ਹੈ, ਤੇ ਉਹ ਜੋਤੀ ਅਦ੍ਵੈਤ ਸਰੂਪ ਪਰਮੇਸ਼ਰ ਜੀਵਾਂ ਦੀ ਪ੍ਰਤਕ ਜੋਤ ਨੂੰ ਆਪਣੇ ਸਰੂਪ ਵਿਚ ਮਿਲਾਉਣ ਵਾਲਾ ਹੈ।

## ਪੂਰੈ ਸਬਦਿ ਸਲਾਹੀਐ; ਜਿਸ ਦਾ ਅੰਤੁ ਨ ਪਾਰਾਵਾਰੁ ॥੯॥

ਪੂਰੇ ਸਤਿਗੁਰੂ ਜੀ ਦੇ ਸਬਦਿ = ਉਪਦੇਸ਼ ਦੁਆਰਾ ਹੀ ਉਸ ਦੀ ਸਲਾਹੀਐ = ਸਿਫ਼ਤ ਕੀਤੀ ਜਾਂਦੀ ਹੈ, ਜਿਸ ਪਰਮੇਸ਼ਰ ਦਾ ਲੋਕ-ਪਰਲੋਕ ਵਿਚ ਆਰ ਪਾਰ ਕਰਕੇ ਅੰਤ ਨਹੀਂ ਪਾਇਆ ਜਾ ਸਕਦਾ ॥੯॥

## ਗਿਆਨੀਆ ਕਾ ਧਨੁ ਨਾਮੁ ਹੈ; ਸਹਜਿ ਕਰਹਿ ਵਾਪਾਰੁ ॥

ਗਿਆਨੀਆ = ਗਿਆਨਵਾਨ ਪੁਰਸ਼ਾਂ ਦਾ ਧਨੁ = ਦੌਲਤ ਖ਼ਜ਼ਾਨਾ ਕੇਵਲ ਪਰਮੇਸ਼ਰ ਦਾ ਨਾਮ ਹੀ ਹੈ। ਉਹ ਸਹਜਿ = ਗਿਆਨ ਦੁਆਰਾ ਸ਼ਾਂਤੀ ਪੂਰਬਕ ਰਹਿ ਕੇ ਪਰਮੇਸ਼ਰ ਦੇ ਨਾਮ ਨੂੰ ਜਪਣ ਅਤੇ ਜਪਾਉਣ ਰੂਪ ਵਾਪਾਰੁ = ਵਣਜ ਕਰਦੇ ਹਨ।

## ਅਨਦਿਨੁ ਲਾਹਾ ਹਰਿ ਨਾਮੁ ਲੈਨਿ; ਅਖੁਟ ਭਰੇ ਭੰਡਾਰ ॥

ਉਹ ਅਨਦਿਨੁ = ਦਿਨ ਰਾਤ ਹੀ ਹਰਿ = ਹਰੀ ਪਰਮੇਸ਼ਰ ਦੇ ਨਾਮ ਦਾ ਲਾਹਾ = ਲਾਭ ਲੈਂਦੇ ਹਨ। ਪਰਮੇਸ਼ਰ ਨੇ ਉਨ੍ਹਾਂ ਦੇ ਹਿਰਦੇ ਰੂਪੀ ਭੰਡਾਰ = ਖ਼ਜ਼ਾਨੇ ਵਿਚ ਅਖੁਟ = ਕਦੇ ਵੀ ਨਾ ਖ਼ਤਮ ਹੋਣ ਵਾਲੇ ਸ਼ੁਭ ਗੁਣ ਭਰ ਦਿੱਤੇ ਹਨ।

## ਨਾਨਕ ਤੋਟਿ ਨ ਆਵਈ; ਦੀਏ ਦੇਵਣਹਾਰਿ ॥੧੦॥੬॥੨੩॥

ਸਤਿਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਕਰਕੇ ਵੀ ਤੋਟਿ = ਘਾਟਾ ਨਹੀਂ ਆਉਂਦਾ, ਜਿਨ੍ਹਾਂ ਨੂੰ ਦੇਵਣਹਾਰਿ = ਦਾਤਾਂ ਦੇਣ ਵਾਲੇ ਪਰਮੇਸ਼ਰ ਨੇ ਬਖ਼ਸ਼ਿਸ਼ ਕਰ ਕੇ ਸ਼ੁਭ ਗੁਣਾਂ ਦੀਆਂ ਦਾਤਾਂ ਦੇਣੀਆਂ ਕੀਤੀਆਂ ਹਨ ॥੧੦॥੬॥੨੩॥

[ਅੰਗ ੬੯]

## ਸਿਰੀਰਾਗੁ ਮਹਲਾ ੩ ॥

ਗ਼ਰੀਬ ਨਿਵਾਜ਼ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪਾਸ ਸਿੱਖਾਂ ਨੇ ਨਿਮਰਤਾ ਸਹਿਤ ਕੁਝ ਪ੍ਰਸ਼ਨ ਕੀਤੇ ਜਿਨ੍ਹਾਂ ਪ੍ਰਸ਼ਨਾਂ ਦਾ ਸਤਿਗੁਰੂ ਜੀ ਸਹਿਜ ਨਾਲ ਉੱਤਰ ਦਿੰਦੇ ਕਥਨ ਕਰਦੇ ਹਨ :

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਚਉਰਾਸੀ ਦੇ ਫੇਰ ਤੇ ਜੰਮਣ ਮਰਨ ਤੋਂ ਕਿਵੇਂ ਬਚਿਆ ਜਾ ਸਕਦਾ ਹੈ ?*
***ਗੁਰ ਉੱਤਰ :***

## ਸਤਿਗੁਰਿ ਮਿਲਿਐ, ਫੇਰੁ ਨ ਪਵੈ; ਜਨਮ ਮਰਣ ਦੁਖੁ ਜਾਇ ॥

ਜੋ ਜੀਵ ਸਤਿਗੁਰਾਂ ਦੇ ਨਾਲ ਮਨ ਦਾ ਮੇਲੀ ਹੋ ਕੇ ਜਦੋਂ ਮਿਲਿਐ = ਮਿਲਦਾ ਹੈ ਤਾਂ ਚਉਰਾਸੀ ਦੇ ਫੇਰਿਆਂ ਵਿਚ ਨਹੀਂ ਪਵੈ = ਪੈਂਦਾ ਅਤੇ ਜੰਮਣ ਮਰਨ ਦਾ ਦੁਖ ਵੀ ਚਲਿਆ ਜਾਇ = ਜਾਂਦਾ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਸਤਿ ਸਰੂਪ, ਚੇਤਨ ਰੂਪ ਹਨ, ਜੋ ਅਗਿਆਨ ਦਾ ਨਾਸ਼ ਕਰਨ ਵਾਲੇ ਤੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ।

***ਪ੍ਰਸ਼ਨ :*** *ਹੇ ਸਤਿਗੁਰੂ ! ਮਨ ਕਿਵੇਂ ਮਸਤ ਹੁੰਦਾ ਹੈ ?*
***ਗੁਰ ਉੱਤਰ :***

## ਪੂਰੈ ਸਬਦਿ ਸਭ ਸੋਝੀ ਹੋਈ; ਹਰਿ ਨਾਮੈ ਰਹੈ ਸਮਾਇ ॥੧॥

ਹੇ ਭਾਈ ! ਜਦੋਂ ਪੂਰੈ = ਪੂਰਨ ਸਤਿਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਸਭ = ਸਾਰੀ ਸੋਝੀ = ਗਿਆਤ ਹੋਈ = ਹੋ ਜਾਂਦੀ ਹੈ ਤਦੋਂ ਮਨ ਹਰਿ = ਪਰਮੇਸ਼ਰ ਦੇ ਨਾਮੈ = ਨਾਮ ਵਿਚ ਸਮਾਇ = ਮਸਤ ਹੋਇਆ ਰਹੈ = ਰਹਿੰਦਾ ਹੈ ॥੧॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਚਿੱਤ ਕਿਸ ਨਾਲ ਲਾਈਏ ? ਤਾਂ ਗੁਰੂ ਸਾਹਿਬ ਜੀ ਆਪਣੇ ਮਨ ਨੂੰ ਸੰਬੋਧਨ ਕਰਦੇ ਹੋਏ ਉੱਤਰ ਦਿੰਦੇ ਹਨ :*

## ਮਨ ਮੇਰੇ; ਸਤਿਗੁਰ ਸਿਉ ਚਿਤੁ ਲਾਇ ॥

ਹੇ ਮੇਰੇ ਪਿਆਰਿਆ ਮਨਾਂ ! ਮਨ ਦੇ ਅਜ਼ੀਜ਼ ਸਤਿਗੁਰੂ ਦੇ ਸਿਉ = ਨਾਲ ਚਿੱਤ ਦੀ ਬਿਰਤੀ ਨੂੰ ਬਾਕੀ ਹੋਰ ਸਾਰੇ ਪਾਸੇ ਛੱਡ ਕੇ ਲਾਇ = ਲਾਉਣਾ ਕਰ।

***ਪ੍ਰਸ਼ਨ :*** *ਮਹਾਰਾਜ ! ਨਵੀਨ ਵਸਤੂ ਕਿਹੜੀ ਹੈ ? ਤਾਂ ਗੁਰੂ ਜੀ ਉੱਤਰ ਦਿੰਦੇ ਹਨ :*

## ਨਿਰਮਲੁ ਨਾਮੁ ਸਦ ਨਵਤਨੋ; ਆਪਿ ਵਸੈ ਮਨਿ ਆਇ ॥੧॥ਰਹਾਉ॥

ਪਰਮੇਸ਼ਰ ਦਾ ਨਾਮ ਮਨ ਨੂੰ ਨਿਰਮਲੁ = ਉੱਜਲ ਕਰਨ ਵਾਲਾ ਸਦ = ਸਦਾ ਨਵਤਨੋ = ਨਵੀਨ ਤੇ ਮਲ, ਵਿਖੇਪ, ਅਵਰਨ ਦੀ ਮੈਲ ਧੋਣ ਵਾਲਾ ਹੈ ਅਤੇ ਸਤਿਗੁਰਾਂ ਦੀ ਕ੍ਰਿਪਾ ਦੁਆਰਾ ਆਪ ਮਨ ਵਿਚ

ਆਇ = ਆ ਕੇ ਵਸੈ = ਵਸਦਾ ਹੈ ਕਿਉਂਕਿ ਚੌਹਾਂ ਜੁੱਗਾਂ ਦੇ ਜੀਵਾਂ ਦਾ ਉਧਾਰ ਕਰਕੇ ਵੀ ਕਦੇ ਪੁਰਾਣਾ ਨਹੀਂ ਹੁੰਦਾ, ਸਦਾ ਨਵੀਨ ਸਰੂਪ ਹੀ ਰਹਿੰਦਾ ਹੈ ॥੧॥ਰਹਾਉ॥ ਜੈਸਾ ਕਿ :

**ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥** *(ਧਨਾਸਰੀ ਮ: ੧, ਅੰਗ ੬੬੦)*

ਉਸ ਪਰਮੇਸ਼ਰ ਦੇ ਅੱਗੇ ਇਉਂ ਬੇਨਤੀ ਕਰੀਏ ਕਿ :

## ਹਰਿ ਜੀਉ ਰਾਖਹੁ ਅਪੁਨੀ ਸਰਣਾਈ; ਜਿਉ ਰਾਖਹਿ ਤਿਉ ਰਹਣਾ ॥

ਹੇ ਹਰਿ ਜੀਉ = ਵਾਹਿਗੁਰੂ ਜੀ ! ਸਾਨੂੰ ਆਪਣੀ ਸਰਣਾਈ = ਸ਼ਰਨ ਵਿਚ ਰਾਖਹੁ = ਰੱਖਣਾ ਕਰੋ, ਜਿਉ = ਜਿਵੇਂ ਮਹਾਰਾਜ ਸਾਨੂੰ ਰਾਖਹਿ = ਰੱਖਣਾ ਕਰੋਗੇ, ਅਸੀਂ ਤਿਉ = ਉਸੇ ਪ੍ਰਕਾਰ ਹੀ ਰਹਿਣਾ ਕਰਾਂਗੇ ਭਾਵ ਆਪ ਜੀ ਦੀ ਰਜ਼ਾ ਮੰਨ ਕੇ ਸਦ ਪ੍ਰਸੰਨ ਰਹਾਂਗੇ। ਆਪ ਦੀ ਸ਼ਰਨ ਵਿਚ ਹੀ ਰਹਾਂਗੇ। ਜੈਸਾ ਕਿ :

**ਜੇ ਭੁਖ ਦੇਹਿ ਤ ਇਤ ਹੀ ਰਾਜਾ, ਦੁਖ ਵਿਚਿ ਸੂਖ ਮਨਾਈ ॥** *(ਅੰਗ ੭੫੭)*

***ਪ੍ਰਸ਼ਨ :*** *ਮਹਾਰਾਜ ! ਜੀਵਤ ਭਾਵ ਤੋਂ ਕਿਵੇਂ ਮਰਿਆ ਜਾਂਦਾ ਹੈ। ਗੁਰੂ ਜੀ ਉੱਤਰ ਦਿੰਦੇ ਹਨ :*

## ਗੁਰ ਕੈ ਸਬਦਿ ਜੀਵਤੁ ਮਰੈ; ਗੁਰਮੁਖਿ ਭਵਜਲੁ ਤਰਣਾ ॥੨॥

ਹੇ ਭਾਈ ! ਜੋ ਗੁਰਮੁਖ ਗੁਰਾਂ ਕੈ = ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਜੀਵਤੁ = ਜੀਵਪੁਣੇ ਵੱਲੋਂ ਮਰੈ = ਮਰ ਜਾਂਦਾ ਹੈ ਅਤੇ ਇਉਂ ਹੀ ਗੁਰਮੁਖ ਜਨਾਂ ਦਾ ਭਵਜਲੁ = ਸੰਸਾਰ-ਸਮੁੰਦਰ ਤੋਂ ਤਰਨਾ ਹੁੰਦਾ ਹੈ ॥੨॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਵੱਡਿਆਂ ਭਾਗਾਂ ਵਾਲਾ ਕਿਵੇਂ ਹੋਈਦਾ ਹੈ ?*

***ਗੁਰ ਉੱਤਰ :***

## ਵਡੈ ਭਾਗਿ ਨਾਉ ਪਾਈਐ; ਗੁਰਮਤਿ ਸਬਦਿ ਸੁਹਾਈ ॥

ਵਡੈ ਭਾਗਿ = ਵੱਡਿਆਂ ਭਾਗਾਂ ਵਾਲੇ ਉਹ ਹਨ ਜੋ ਪਰਮੇਸ਼ਰ ਦੇ ਨਾਮ ਨੂੰ ਪਾਉਂਦੇ ਹਨ ਅਤੇ ਗੁਰੂ ਸਾਹਿਬ ਜੀ ਦੀ ਮਤਿ = ਸਿੱਖਿਆ ਦੁਆਰਾ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਉਹਨਾਂ ਦਾ ਜੀਵਨ ਲੋਕ-ਪਰਲੋਕ ਵਿਚ ਸੁਹਾਈ = ਸ਼ੋਭਨੀਕ ਹੁੰਦਾ ਹੈ।

## ਆਪੇ ਮਨਿ ਵਸਿਆ ਪ੍ਰਭੁ ਕਰਤਾ; ਸਹਜੇ ਰਹਿਆ ਸਮਾਈ ॥੩॥

ਉਹਨਾਂ ਦੇ ਮਨ ਵਿਚ ਆਪ ਹੀ ਪ੍ਰਭੁ ਕਰਤਾ = ਅਕਾਲ ਪੁਰਖ ਵਾਹਿਗੁਰੂ ਵਸਿਆ = ਵਸ ਜਾਂਦਾ ਹੈ ਅਤੇ ਸਹਜੇ = ਗਿਆਨ ਵਿਚ ਮਸਤ ਹੋ ਕੇ ਸਮਾਈ = ਸਮਾਏ ਭਾਵ ਲੀਨ ਹੋਏ ਰਹਿੰਦੇ ਹਨ ॥੩॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਮਨਮੁਖਾਂ ਦੀ ਕਿਹੋ ਜਿਹੀ ਹਾਲਤ ਹੁੰਦੀ ਹੈ ?*

***ਗੁਰ ਉੱਤਰ :***

## ਇਕਨਾ ਮਨਮੁਖਿ ਸਬਦੁ ਨ ਭਾਵੈ; ਬੰਧਨਿ ਬੰਧਿ ਭਵਾਇਆ ॥

ਕਈ ਮਨਮੁਖ ਪੁਰਖ ਮਨ ਦੇ ਆਖੇ ਲੱਗਣ ਵਾਲੇ ਕਹਿੰਦੇ ਹਨ ਕਿ ਜਿਸ ਤਰ੍ਹਾਂ ਸਾਡਾ ਮਨ ਕਰੇਗਾ, ਉਸੇ ਤਰ੍ਹਾਂ ਹੀ ਕਰਾਂਗੇ। ਮਨ ਦੇ ਵਿਕਾਰ, ਐਬ, ਔਗੁਣ ਨਹੀਂ ਛੱਡਦੇ। ਇਹੋ ਜਿਹੇ ਮਨਮੁਖਾਂ ਨੂੰ ਗੁਰੂ ਸਾਹਿਬ ਜੀ ਦਾ ਸਬਦੁ = ਉਪਦੇਸ਼ ਨ ਭਾਵੈ = ਚੰਗਾ ਨਹੀਂ ਲੱਗਦਾ। ਉਹ ਮਨਮੁਖਤਾ ਦੇ ਬੰਧਨਾਂ ਵਿਚ ਬੰਧਿ = ਬੱਝੇ ਹੋਏ ਹਨ। ਜਦੋਂ ਪਰਾਲੱਬਧ ਰੂਪੀ ਕਰਮ ਭੋਗੇ ਜਾਂਦੇ ਹਨ ਫੇਰ ਜੂਨਾਂ ਦੇ ਬੰਧਨਾਂ ਵਿਚ ਇਨ੍ਹਾਂ ਨੂੰ ਭਵਾਇਆ = ਘੁਮਾਇਆ ਜਾਂਦਾ ਹੈ। ਇਉਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਕਰਤਾ ਭੁਗਤਾ ਆਦਿ ਦੇ ਬੰਧਨ ਪਏ ਰਹਿੰਦੇ ਹਨ ਤੇ ਅੰਤ ਨੂੰ ਕੈਦੀ ਕਰਕੇ ਭਾਵ ਬੰਨ੍ਹ ਕੇ ਜੂਨਾਂ ਵਿਚ ਭਵਾਏ ਜਾਂਦੇ ਹਨ।

## ਲਖ ਚਉਰਾਸੀਹ ਫਿਰਿ ਫਿਰਿ ਆਵੈ; ਬਿਰਥਾ ਜਨਮੁ ਗਵਾਇਆ ॥੪॥

ਇਉਂ ਚਉਰਾਸੀਹ = ਚੌਰਾਸੀ ਲੱਖ ਜੂਨਾਂ ਵਿਚ ਫਿਰਿ ਫਿਰਿ = ਮੁੜ ਮੁੜ ਕੇ ਆਵੈ = ਆਉਂਦੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੇ ਆਪਣਾ ਮਨੁੱਖਾ ਜਨਮ ਵਿਸ਼ਿਆਂ ਵਿਚ ਪੈਣ ਕਰਕੇ ਬਿਰਥਾ = ਵਿਅਰਥ ਹੀ ਗਵਾਇਆ = ਗਵਾ ਲਿਆ ਹੈ। ਜਿਵੇਂ ਸੁਕਦੇਵ ਮੁਨੀ ਨੇ ਆਪਣੇ ਪਿਤਾ ਨੂੰ ਕਿਹਾ ਸੀ ਕਿ ਮੇਰੇ ਨਾਲ ਮੋਹ ਨਾ ਕਰੋ। ਮੈਨੂੰ ਆਪਣੇ ੧੦੦ ਜਨਮ ਦਾ ਗਿਆਨ ਹੈ ਕਿ ਮੈਂ ਜੂਨਾਂ ਵਿਚ ਕਿਵੇਂ ਭਰਮਦਾ ਰਿਹਾ ਹਾਂ। ਇਕ ਜਨਮ ਵਿਚ ਮੈਂ ਗਧਾ ਬਣਿਆ, ਧੋਬੀ ਘਰ ਤੋਂ ਮੇਰੇ ਉਪਰ ਕੱਪੜੇ ਰੱਖ ਕੇ ਹਰ ਰੋਜ਼ ਘਾਟ 'ਤੇ ਜਾਇਆ ਕਰਦਾ ਸੀ। ਭਾਰ ਹੋਣ ਕਰਕੇ ਮੇਰੇ ਲਾਗਾ ਲੱਗ ਗਿਆ। ਜਿਤਨਾ ਚਿਰ ਮੈਂ ਧੋਬੀ ਨੂੰ ਕੰਮ ਦਿੰਦਾ ਰਿਹਾ, ਉਤਨਾ ਚਿਰ ਮੈਨੂੰ ਰੱਖਿਆ, ਜਦੋਂ ਮੈਂ ਤੁਰਨੋਂ ਰਹਿ ਗਿਆ ਤਾਂ ਧੋਬੀ ਮੈਨੂੰ ਗਾਰੇ ਵਿਚ ਫਸੇ ਹੋਏ ਨੂੰ ਛੱਡ ਗਿਆ। ਲਾਗਾ ਲੱਗਿਆ ਹੋਣ ਕਰਕੇ ਕਾਂ ਮੇਰੇ ਤਾਈਂ ਚੂੰਡ ਚੂੰਡ ਕੇ ਖਾਣ ਲੱਗੇ। ਲੋਕ ਮੇਰੇ ਉਪਰੋਂ ਪੈਰ ਰੱਖ ਰੱਖ ਕੇ ਤੁਰਨ ਲੱਗੇ। ਇਸ ਪ੍ਰਕਾਰ ਕਈ ਦਿਨ ਗਧੇ ਦੀ ਜੂਨ ਵਿਚ ਦੁੱਖ ਭੋਗ ਕੇ ਮਰਿਆ। ਫੇਰ ਮੈਂ ਬਿੱਲੇ ਦੀ ਜੂਨ ਪਾਈ। ਬਿੱਲੇ ਝੋਟਿਆਂ ਦੀ ਤਰ੍ਹਾਂ ਇਕ ਦੂਸਰੇ ਨਾਲ ਵੈਰ ਕਰਦੇ ਹਨ। ਗਲ ਘੁੱਟ ਕੇ ਮੈਨੂੰ ਬਿੱਲੇ ਮਾਰ ਦਿਆ ਕਰਨ। ਇਸ ਪ੍ਰਕਾਰ ਕਈ ਜਨਮ ਬਿੱਲਿਆਂ ਦੇ ਭੋਗੇ। ਕਈ ਜਨਮ ਹੋਰ ਜੂਨਾਂ ਵਿਚ ਭੋਗੇ। ੧੦੦ ਜਨਮਾਂ ਬਾਰੇ ਸੁਕਦੇਵ ਨੇ ਬਿਆਸ ਰਿਖੀ ਨੂੰ ਦੱਸਣਾ ਕੀਤਾ। ਇਸ ਪ੍ਰਕਾਰ ਜੀਵ ਚੌਰਾਸੀ ਲੱਖ ਜੂਨਾਂ ਵਿਚ ਵਾਰ ਵਾਰ ਫਿਰ ਕੇ ਆਉਂਦਾ ਹੈ॥੪॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਭਗਤਾਂ ਦੇ ਮਨ ਵਿਚ ਅਨੰਦ ਕਿਉਂ ਹੁੰਦਾ ਹੈ ?*
***ਗੁਰ ਉੱਤਰ :***

## ਭਗਤਾ ਮਨਿ ਆਨੰਦੁ ਹੈ; ਸਚੈ ਸਬਦਿ ਰੰਗਿ ਰਾਤੇ ॥

ਹੇ ਭਾਈ! ਪਰਮੇਸ਼ਰ ਦੀ ਭਗਤੀ ਕਰਨ ਵਾਲੇ ਭਗਤਾਂ ਦੇ ਮਨ ਵਿਚ ਵਾਹਿਗੁਰੂ ਦਾ ਸਦਾ ਹੀ ਆਨੰਦੁ = ਉਤਸ਼ਾਹ ਪ੍ਰਗਟ ਹੁੰਦਾ ਹੈ ਕਿਉਂਕਿ ਉਹ ਗੁਰਾਂ ਦੇ ਸੱਚੇ ਸਬਦਿ = ਉਪਦੇਸ਼ ਕਰਕੇ ਵਾਹਿਗੁਰੂ ਦੇ ਪ੍ਰੇਮ ਰੰਗ ਵਿਚ ਰਾਤੇ = ਰੱਤੇ ਰਹਿੰਦੇ ਹਨ; ਅਤੇ

## ਅਨਦਿਨੁ ਗੁਣ ਗਾਵਹਿ ਸਦ ਨਿਰਮਲ; ਸਹਜੇ ਨਾਮਿ ਸਮਾਤੇ ॥੫॥

ਉਹ ਹਰੀ ਦੇ ਨਿਰਮਲ = ਉੱਜਲ ਗੁਣਾਂ ਨੂੰ ਅਨਦਿਨੁ = ਰਾਤ ਦਿਨੇ ਸਦਾ ਹੀ ਗਾਵਹਿ = ਗਾਉਂਦੇ ਰਹਿੰਦੇ ਹਨ। ਇਸ ਕਰਕੇ ਉਹ ਪਰਮੇਸ਼ਰ ਦੇ ਨਾਮੀ ਸਰੂਪ ਵਿਚ ਸਹਜੇ = ਸੁਤੇ-ਸਿੱਧ ਹੀ ਸਮਾਤੇ = ਸਮਾਏ ਰਹਿੰਦੇ ਹਨ ਭਾਵ ਅਭੇਦ ਹੋਏ ਰਹਿੰਦੇ ਹਨ॥੫॥

***ਪ੍ਰਸ਼ਨ :*** *ਮਹਾਰਾਜ ਜੀ ! ਗੁਰਮੁਖ ਦਾ ਕਰਤੱਵ ਕੈਸਾ ਹੈ ਤੇ ਕਿਹੋ ਜਿਹੇ ਬਚਨ ਬੋਲਦੇ ਹਨ, ਤਾਂ ਗੁਰੂ ਜੀ ਉੱਤਰ ਦਿੰਦੇ ਹਨ :*

## ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ; ਸਭ ਆਤਮ ਰਾਮੁ ਪਛਾਣੀ ॥

ਹੇ ਭਾਈ! ਗੁਰਮੁਖ ਤਾਂ ਅੰਮ੍ਰਿਤ ਬਾਣੀ = ਅਮਰ ਕਰਨ ਵਾਲੀ ਮਿੱਠੀ ਬਾਣੀ ਰਸਨਾ ਕਰਕੇ ਬੋਲਹਿ = ਬੋਲਦੇ ਹਨ ਭਾਵ ਕਿਸੇ ਨੂੰ ਵੀ ਕੌੜਾ ਬਚਨ ਨਹੀਂ ਬੋਲਦੇ ਅਤੇ ਸਭ = ਸਾਰਿਆਂ ਦੀ ਆਤਮ = ਆਤਮਾ ਨੂੰ ਰਾਮੁ = ਪਰਮੇਸ਼ਰ ਰੂਪ ਕਰਕੇ ਪਛਾਣੀ = ਪਛਾਣਦੇ ਹਨ **ਵਾ:** ਸਾਰਿਆਂ ਵਿਚ ਆਤਮ ਰੂਪ ਕਰਕੇ ਪਰਮੇਸ਼ਰ ਨੂੰ ਪਛਾਣਦੇ ਹਨ **ਅਥਵਾ** ਸਭੁ = ਸਾਰਿਆਂ ਵਿਚ ਆਤਮ ਜੋ ਤੁਰੀਆ ਪਦ ਦਾ ਲਖਯ

ਅਰਥ ਰੂਪ ਤੂੰ ਪਦ ਦਾ ਲਖ ਅਰਥ ਸਾਖੀ ਰੂਪ ਹੈ **ਵਾ:** ਜੋ ਤੱਤ ਪਦ ਦਾ ਲਖ ਅਰਥ ਰੂਪ ਅਦ੍ਵੈਤ ਅਨੰਦ ਰੂਪ ਰਾਮੁ = ਪਰਮੇਸ਼ਰ ਹੈ **ਵਾ:** ਰਾਮ ਸਾਰਿਆਂ ਬ੍ਰਹਿਮੰਡਾਂ ਦਾ, ਪਿੰਡਾਂ ਦਾ ਮਾਲਕ ਹੈ, ਉਹਨਾਂ ਨੇ ਸਾਰਿਆਂ ਵਿਚ ਇੱਕੋ ਬ੍ਰਹਮ ਆਤਮਾ ਸੱਚ ਅਨੰਦ ਰੂਪ ਨੂੰ ਪਛਾਣੀ = ਪਛਾਣਿਆ ਹੈ।

## ਏਕੋ ਸੇਵਨਿ, ਏਕੁ ਅਰਾਧਹਿ; ਗੁਰਮੁਖਿ ਅਕਥ ਕਹਾਣੀ ॥੬॥

ਏਕੋ = ਇਕ ਵਾਹਿਗੁਰੂ ਦਾ ਹੀ ਸਰੀਰ ਕਰਕੇ ਸੇਵਹਿ = ਭਜਨ ਕਰਦੇ ਹਨ ਅਤੇ ਏਕੁ = ਇਕ ਪਰਮੇਸ਼ਰ ਨੂੰ ਹੀ ਮਨ ਕਰਕੇ ਅਰਾਧਹਿ = ਆਰਾਧਦੇ ਹਨ ਭਾਵ ਭਾਵਨਾ ਨਾਲ ਚੇਤੇ ਕਰਦੇ ਹਨ। ਗੁਰਮੁਖਾਂ ਦੀ ਅਕਥ = ਕਥਨ ਤੋਂ ਰਹਿਤ ਕਹਾਣੀ = ਕਥਾ ਹੈ, ਉਹ ਵਾਹਿਗੁਰੂ ਦੇ ਸਰੂਪ ਵਿਚ ਲੀਨ ਰਹਿੰਦੇ ਹਨ। ਵਾਹਿਗੁਰੂ ਦੀ ਅਕੱਥ ਕਥਾ ਜੋ ਸ਼ਕਤੀ ਬਿਰਤੀ ਕਰਕੇ, ਕਹੀ ਨਹੀਂ ਜਾਂਦੀ। ਲੱਖਣਾ ਬਿਰਤੀ ਦੁਆਰਾ ਜਗਿਆਸੂਆਂ ਦੇ ਹਿਰਦੇ ਵਿਚ ਵਸਾ ਦਿੰਦੇ ਹਨ॥੬॥

## ਸਚਾ ਸਾਹਿਬੁ ਸੇਵੀਐ; ਗੁਰਮੁਖਿ ਵਸੈ ਮਨਿ ਆਇ ॥

ਹੇ ਭਾਈ! ਇਸ ਕਰਕੇ ਆਪਾਂ ਵੀ ਉਸ ਸੱਚੇ ਸਾਹਿਬੁ = ਪਰਮੇਸ਼ਰ ਦਾ ਸੇਵੀਐ = ਸੇਵਨ ਕਰੀਏ ਭਾਵ ਸਿਮਰਨ ਕਰੀਏ **ਵਾ:** ਜੋ ਮਾਇਆ ਬਿਰਤੀ ਦੁਆਰਾ ਸਾਰਿਆਂ ਦਾ ਸੱਚਾ ਸਾਹਿਬੁ = ਮਾਲਕ ਹੈ, ਜੋ ਗੁਰਮੁਖਾਂ ਦੀ ਸੰਗਤ ਕਰਕੇ ਮਨ ਵਿਚ ਵਸੈ = ਵਸ ਆਇ = ਆਉਂਦਾ ਹੈ।

## ਸਦਾ ਰੰਗਿ ਰਾਤੇ ਸਚ ਸਿਉ; ਅਪਨੀ ਕਿਰਪਾ ਕਰੇ ਮਿਲਾਇ ॥੭॥

ਜਿਹੜੇ ਸਦਾ = ਹਮੇਸ਼ਾ ਸੱਚੇ ਦੇ ਸਿਉ = ਨਾਲ ਪ੍ਰੇਮ ਰੰਗਿ ਵਿਚ ਰਾਤੇ = ਰੱਤੇ ਹੋਏ ਹਨ, ਉਹਨਾਂ ਨੂੰ ਵਾਹਿਗੁਰੂ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ॥੭॥

## ਆਪੇ ਕਰੇ, ਕਰਾਏ ਆਪੇ; ਇਕਨਾ ਸੁਤਿਆ ਦੇਇ ਜਗਾਇ ॥

ਆਪ ਹੀ ਜੀਵ ਆਤਮਾ ਦਾ ਸਰੀਰ ਨਾਲ ਸੰਬੰਧ ਕਰੇ = ਕਰਨ ਵਾਲਾ ਹੈ ਤੇ ਆਪ ਹੀ ਜੀਵਾਂ ਦੇ ਕੋਲੋਂ ਸੱਤਾ ਦੇ ਕੇ ਕਰਮ ਕਰਾਏ = ਕਰਾਉਣ ਵਾਲਾ ਹੈ **ਵਾ:** ਆਪ ਹੀ ਸਤਿਗੁਰੂ ਰੂਪ ਹੋ ਕੇ ਉਪਦੇਸ਼ ਕਰਦਾ ਹੈ ਤੇ ਸਿੱਖਾਂ ਦੇ ਪਾਸੋਂ ਆਪ ਹੀ ਸ੍ਰਵਣ-ਮੰਨਣ ਨਿਧਿਆਸਣ ਕਰਾਏ = ਕਰਾਉਂਦਾ ਹੈ। ਜਿਹੜੇ ਅਵਿੱਦਿਆ ਦੀ ਨੀਂਦ ਵਿਚ ਸੁੱਤੇ ਪਏ ਹਨ, ਉਹਨਾਂ ਨੂੰ ਗਿਆਨ ਅਵਸਥਾ ਵਿਚ ਜਗਾਇ = ਜਗਾ ਦੇਇ = ਦਿੰਦਾ ਹੈ।

***ਪ੍ਰਸ਼ਨ :*** *ਕਿਨ੍ਹਾਂ ਨੂੰ ਮੇਲਦਾ ਹੈ? ਤਾਂ ਗੁਰੂ ਜੀ ਉੱਤਰ ਦਿੰਦੇ ਹਨ :*

## ਆਪੇ ਮੇਲਿ ਮਿਲਾਇਦਾ; ਨਾਨਕ, ਸਬਦਿ ਸਮਾਇ ॥੮॥੭॥੨੪॥

ਗੁਰੂ ਜੀ ਕਥਨ ਕਰਦੇ ਹਨ ਜਿਹੜੇ ਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਵਿਚ ਸਮਾਇ = ਲੀਨ ਹੋ ਜਾਂਦੇ ਹਨ ਭਾਵ ਸਮਾਅ ਜਾਂਦੇ ਹਨ। ਉਹਨਾਂ ਨੂੰ ਵਾਹਿਗੁਰੂ ਪਰਮੇਸ਼ਰ ਆਪ ਆਪਣੇ ਸਰੂਪ ਦੇ ਮੇਲ ਵਿਚ ਮਿਲਾਇਦਾ = ਮਿਲਾ ਲੈਂਦਾ ਹੈ, ਭਾਵ ਅਭੇਦ ਕਰ ਲੈਂਦਾ ਹੈ॥੮॥੭॥੨੪॥

## ਸਿਰੀਰਾਗੁ ਮਹਲਾ ੩ ॥

ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਮਨ ਕਿਸ ਪ੍ਰਕਾਰ ਸ਼ੁੱਧ ਹੁੰਦਾ ਹੈ? ਤਾਂ ਸਤਿਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ :

## ਸਤਿਗੁਰਿ ਸੇਵਿਐ ਮਨੁ ਨਿਰਮਲਾ; ਭਏ ਪਵਿਤੁ ਸਰੀਰ ॥

ਹੇ ਗੁਰਸਿਖੋ ! ਸਤਿਗੁਰਿ = ਸੱਚੇ ਗੁਰਾਂ ਦੀ ਸੇਵਿਐ = ਟਹਿਲ ਕਰਨ ਦੇ ਨਾਲ ਮਨੁ = ਅੰਤਸ਼ਕਰਣ ਪਾਪਾਂ ਵਿਕਾਰਾਂ ਦੀ ਮੈਲ ਤੋਂ ਛੁਟਕਾਰਾ ਪਾ ਕੇ ਨਿਰਮਲਾ = ਸ਼ੁੱਧ ਹੋ ਜਾਂਦਾ ਹੈ ਅਤੇ ਸੇਵਾ ਦੀ ਬਰਕਤ ਨਾਲ ਸਰੀਰ = ਤਨ ਵੀ ਪਵਿਤੁ = ਪਵਿੱਤਰ ਭਏ = ਹੋ ਜਾਂਦਾ ਹੈ।

ਜਿਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ੧੨ (ਬਾਰ੍ਹਾਂ) ਸਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਕੇ ਜੋ ਪਵਿੱਤਰਤਾ ਪ੍ਰਾਪਤ ਕੀਤੀ, ਉਹ ਇਤਿਹਾਸ ਦੇ ਪੰਨਿਆਂ 'ਤੇ ਜ਼ਾਹਿਰ ਹੈ ਕਿ ਜੇ ਸੇਵਾ ਕਰਦਿਆਂ ਅਚਾਨਕ ਕਿਸੇ ਪਾਪ ਆਤਮਾ ਦੇ ਸਰੀਰ ਦੀ ਹੱਡੀ ਧਰਤੀ 'ਤੇ ਪਈ ਹੋਈ ਗੁਰੂ ਅਮਰਦਾਸ ਜੀ ਦੇ ਚਰਨ ਨੂੰ ਛੋਹ ਗਈ ਤਾਂ ਉਹ ਨਰਕੀ ਜੀਵ ਨਰਕਾਂ ਤੋਂ ਨਿਕਲ ਕੇ ਬੈਕੁੰਠ ਧਾਮ ਨੂੰ ਚਲਾ ਗਿਆ ਸੀ। ਇਹ ਗੁਰ ਸੇਵਾ ਦੀ ਪਵਿੱਤਰਤਾ ਦਾ ਪ੍ਰਤੱਖ ਸਬੂਤ ਹੈ। ਸੋ ਇਸ ਪ੍ਰਕਾਰ ਗੁਰੂ ਦੀ ਸੇਵਾ ਕਰਨ ਵਾਲੇ ਦਾ ਤਨ ਤੇ ਮਨ ਪਵਿੱਤਰ ਹੋ ਜਾਂਦਾ ਹੈ। ਜਿਸ ਦੀ ਗੱਲ ਇਸ ਸ਼ਬਦ ਦੀ ਪਹਿਲੀ ਤੁਕ ਵਿਚ ਹੀ ਕੀਤੀ ਹੈ।

## ਮਨਿ ਆਨੰਦੁ ਸਦਾ ਸੁਖੁ ਪਾਇਆ; ਭੇਟਿਆ ਗਹਿਰ ਗੰਭੀਰੁ ॥

ਜਿਨ੍ਹਾਂ ਨੂੰ ਗਹਿਰ = ਡੂੰਘਾ ਗੰਭੀਰੁ = ਨਿਰਹੱਲ **ਵਾ:** ਡੂੰਘੇ ਤੋਂ ਡੂੰਘਾ ਭਾਵ ਬ੍ਰਹਮ ਸ੍ਰੋਤਰੀ ਬ੍ਰਹਮ ਨੇਸ਼ਟੀ ਸਤਿਗੁਰੂ ਭੇਟਿਆ = ਮਿਲਿਆ ਹੈ, ਉਨ੍ਹਾਂ ਨੇ ਮਨ ਵਿਚ ਪ੍ਰਭੂ ਪ੍ਰਾਪਤੀ ਦਾ ਅਨੰਦ ਤੇ ਸਦਾ = ਸਦੀਵ ਆਤਮਿਕ ਸੁਖ ਪਾਇਆ = ਪਾ ਲਿਆ ਹੈ।

## ਸਚੀ ਸੰਗਤਿ ਬੈਸਣਾ; ਸਚਿ ਨਾਮਿ ਮਨੁ ਧੀਰ ॥੧॥

ਜੋ ਸੱਚੇ ਪਰਮੇਸ਼ਰ ਦੇ ਨਾਮ ਦੀ ਕਮਾਈ ਕਰਨ ਵਾਲਿਆਂ ਦੀ ਸੰਗਤ ਵਿਚ ਬੈਸਣਾ = ਬੈਠਣਾ ਕਰਦੇ ਹਨ, ਉਨ੍ਹਾਂ ਨੇ ਸੱਚੇ ਨਾਮ ਦੁਆਰਾ ਧੀਰ = ਧੀਰਜਤਾ ਵਾਲੇ ਸੁਭਾਵ ਦੇ ਨਾਲ ਆਪਣੇ ਮਨ ਨੂੰ ਪਕੜ ਕੇ ਵਿਸ਼ਿਆਂ ਵੱਲੋਂ ਰੋਕ ਲੈਣਾ ਕੀਤਾ ਹੈ॥੧॥ ਜੈਸਾ ਕਿ :

**ਨੀਠਿ ਨੀਠਿ ਮਨੁ ਕੀਆ ਧੀਰਾ ॥** *(ਗਉੜੀ ਕਬੀਰ ਜੀ, ਅੰਗ ੩੪੧)*

ਜਿਸ ਪ੍ਰਕਾਰ ਜ਼ਿੱਦੀ ਘੋੜੇ ਨੂੰ ਪੁਚਕਾਰ ਪੁਚਕਾਰ ਕੇ ਚਾਲੇ ਪਾਈਦਾ ਹੈ, ਉਸੇ ਪ੍ਰਕਾਰ ਇਸ ਮਨ ਨੂੰ ਮਸਾਂ ਮਸਾਂ ਧੀਰਜਤਾ ਦੇ ਸਹਿਤ ਵਿਸ਼ੇ-ਵਿਕਾਰਾਂ ਵੱਲੋਂ ਮੋੜੀਦਾ ਹੈ।

## ਮਨ ਰੇ; ਸਤਿਗੁਰੁ ਸੇਵਿ ਨਿਸੰਗੁ ॥

ਰੇ = ਹੇ ਮਨ ! ਤੂੰ ਸਤਿਗੁਰੂ ਦੀ ਸੇਵਾ ਨਿਸੰਗੁ = ਸ਼ੰਕਾ ਤੋਂ ਰਹਿਤ ਹੋ ਕੇ ਕਰ ਭਾਵ ਸੇਵਾ ਕਰਨ ਲੱਗੇ ਸੰਗ ਨਹੀਂ ਕਰਨੀ ਚਾਹੀਦੀ।

ਉਪਰੋਕਤ ਉਪਦੇਸ਼ ਦਾ ਸਿਧਾਂਤ ਗੁਰੂ ਅਮਰਦਾਸ ਜੀ ਦੇ ਆਪਣੇ ਨਿੱਜੀ ਜੀਵਨ 'ਤੇ ਘਟਦਾ ਹੈ। ਇਤਿਹਾਸ ਵਿਚ ਜ਼ਿਕਰ ਹੈ ਕਿ ਜਦੋਂ ਗੁਰੂ ਅਮਰਦਾਸ ਜੀ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਜੀ ਦੀ ਸੇਵਾ ਵਿਚ ਜਲ ਭਰ ਕੇ ਲੈ ਜਾ ਰਹੇ ਸਨ ਅਤੇ ਕਿੱਲੇ ਨਾਲ ਅਟਕ ਕੇ ਡਿੱਗ ਪਏ ਤਾਂ ਜੁਲਾਹੇ ਨੇ ਕਿਹਾ ਕਿ ਅੱਧੀ ਰਾਤ ਨੂੰ ਕੌਣ ਤੁਰਿਆ ਫਿਰ ਰਿਹਾ ਹੈ ਤਾਂ ਅੱਗੋਂ ਜੁਲਾਹੀ ਕਹਿਣ ਲੱਗੀ ਕਿ ਅਮਰੂ ਨਿਥਾਵਾਂ ਹੋਵੇਗਾ। ਤਾਂ ਐਸਾ ਬਚਨ ਸੁਣ ਕੇ ਸਤਿਗੁਰੂ ਜੀ ਨੇ ਕਿਹਾ ਕਿ ਕਮਲੀਏ ! ਸਾਡੇ ਤਾਂ ਨਿਥਾਵਿਆਂ ਦਾ ਥਾਂ ਸਤਿਗੁਰੂ ਪਾਤਸ਼ਾਹ ਜੀ ਹਨ। ਉਸ ਸਮੇਂ ਜੁਲਾਹੀ ਕਮਲੀ ਹੋ ਗਈ। ਫਿਰ ਗੁਰੂ ਅਮਰਦਾਸ ਮਹਾਰਾਜ ਜੀ ਨੇ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਦਾ ਇਸ਼ਨਾਨ ਕਰਵਾਇਆ। ਜਦੋਂ ਇਸ਼ਨਾਨ ਕਰਕੇ ਸਮਾਧੀ ਵਿਚ

ਬੈਠੇ ਤਾਂ ਗੁਰੂ ਸਾਹਿਬ ਜੀ ਨੇ ਗੁਰੂ ਅਮਰਦਾਸ ਜੀ ਨੂੰ ਬੁਲਾ ਕੇ ਕਿਹਾ ਕਿ ਪੁਰਖਾ! ਤੁਹਾਨੂੰ ਕਿਸੇ ਨੇ ਕੁਝ ਕਿਹਾ ਸੀ? ਤਾਂ ਗੁਰੂ ਅਮਰਦਾਸ ਜੀ ਆਖਣ ਲੱਗੇ ਕਿ ਪਾਤਸ਼ਾਹ ਜੀ ਮੈਨੂੰ ਕਿਸੇ ਨੇ ਕੀ ਆਖਣਾ ਹੈ? ਉਸੇ ਵੇਲੇ ਜੁਲਾਹਾ ਆ ਗਿਆ। ਉਸ ਦੇ ਨਾਲ ਕਮਲੀ ਹੋਈ ਜੁਲਾਹੀ ਵੀ ਸੀ। ਜੁਲਾਹੀ ਨਿਆਣਿਆਂ ਨੂੰ ਮਾਰ ਕੁੱਟ ਰਹੀ ਸੀ। ਬੁਰਕ ਵੱਢੀ ਆਪਣੇ ਸਰੀਰ ਦੇ ਕੱਪੜੇ ਪਾੜ ਰਹੀ ਸੀ। ਜਿਸ ਵਕਤ ਗੁਰੂ ਅੰਗਦ ਸਾਹਿਬ ਜੀ ਦੇ ਦਰਸ਼ਨ ਕੀਤੇ, ਉਸੇ ਵਕਤ ਰਾਜ਼ੀ ਹੋ ਗਈ। ਫਿਰ ਮਹਾਰਾਜ ਆਖਣ ਲੱਗੇ ਕਿ ਭਾਈ! ਗੁਰੂ ਕਾ ਥਾਉ ਹੋ ਗਿਆ ਹੈ। ਜਿਥੇ ਗੁਰੂ ਅਮਰਦਾਸ ਜੀ ਗਾਗਰ ਲਈ ਆਉਂਦੇ ਸਨ ਅਤੇ ਕਿੱਲੇ ਨਾਲ ਅਟਕ ਕੇ ਤੁਹਾਡੇ ਕੁੰਡਲ ਵਿਚ ਡਿੱਗ ਪਏ ਸਨ। ਇਹ ਸਾਡਾ ਸਰੀਰ ਦੇ ਸ਼ਾਂਤ ਹੋਏ ਤੋਂ ਸਸਕਾਰ ਅਸਥਾਨ ਹੋਵੇਗਾ। ਤੁਸੀਂ ਜਿੰਨੇ ਪੈਸੇ ਮੰਗੋਗੇ, ਅਸੀਂ ਤੁਹਾਨੂੰ ਉਤਨੇ ਪੈਸੇ ਦੇ ਦਿੰਦੇ ਹਾਂ। ਹੁਣ ਤੁਸੀਂ ਖਡੂਰ ਸਾਹਿਬ ਵਿਚ ਨਾ ਵਸੋ। ਤਾਂ ਜੁਲਾਹੇ ਨੇ ਮਹਾਰਾਜ ਸਾਹਿਬ ਜੀ ਦਾ ਹੁਕਮ ਮੰਨਿਆ ਅਤੇ ਮਨ ਭਾਉਂਦੇ ਪੈਸੇ ਮੰਗੇ ਤੇ ਮਹਾਰਾਜ ਸਾਹਿਬ ਜੀ ਨੇ ਉਨ੍ਹਾਂ ਨੂੰ ਪੈਸੇ ਦੇ ਦਿੱਤੇ। (ਸੰਤ ਬਾਬਾ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ ਮਹਾਂਪੁਰਖਾਂ ਵੇਲੇ ਉਹ ਜੁਲਾਹਿਆਂ ਦਾ ਖ਼ਾਨਦਾਨ ਉਥੇ ਆਇਆ ਸੀ। ਸਤਿਗੁਰੂ ਜੀ ਦੇ ਬਚਨ ਦਾ ਭੈ ਕਰਦੇ ਉਥੇ ਪਾਣੀ ਨਹੀਂ ਪੀਂਦੇ ਕਿ ਸਤਿਗੁਰੂ ਜੀ ਦਾ ਸਾਨੂੰ ਬਚਨ ਹੈ ਕਿ ਤੁਸੀਂ ਇਥੇ ਪਾਣੀ ਵੀ ਨਹੀਂ ਪੀਣਾ। ਉਹ ਹੁਣ ਵੀ ਖਡੂਰ ਸਾਹਿਬ ਦਾ ਪਾਣੀ ਨਹੀਂ ਪੀਂਦੇ ਕਿ ਜੇਕਰ ਪੀਤਾ ਤਾਂ ਕਿਤੇ ਫੇਰ ਨਾ ਕਮਲੇ ਹੋ ਜਾਈਏ।) ਸੋ ਇਸ ਪ੍ਰਕਾਰ ਹੇ ਮਨ! ਸਤਿਗੁਰੂ ਦੀ ਸੇਵਾ ਇਸ ਤਰ੍ਹਾਂ ਸ਼ੰਕਾ ਤੋਂ ਰਹਿਤ ਹੋ ਕੇ ਕਰ, ਭਾਵੇਂ ਕੋਈ ਨਿਰਾਦਰ ਦੇ ਬਚਨ ਕਹੀ ਜਾਵੇ।

## ਸਤਿਗੁਰੁ ਸੇਵਿਐ ਹਰਿ ਮਨਿ ਵਸੈ; ਲਗੈ ਨ ਮੈਲੁ ਪਤੰਗੁ ॥੧॥ਰਹਾਉ॥

ਸਤਿਗੁਰੂ ਦੀ ਸੇਵਾ ਕਰਕੇ ਹਰਿ = ਹਰੀ ਪਰਮੇਸ਼ਰ ਜਿਨ੍ਹਾਂ ਦੇ ਮਨ ਵਿਚ ਵਸ ਜਾਂਦਾ ਹੈ ਉਨ੍ਹਾਂ ਦੇ ਪਤੰਗੁ = ਸਰੀਰ ਨੂੰ ਕਾਮ, ਕ੍ਰੋਧ ਆਦਿ ਦੀ ਮੈਲ ਨਹੀਂ ਲੱਗਦੀ **ਵਾ:** ਉਨ੍ਹਾਂ ਦੇ ਪਤੰਗੁ = ਅੰਤਹਕਰਨ ਵਿਚ ਅਵਿੱਦਿਆ ਰੂਪ ਮੈਲ ਨਹੀਂ ਲੱਗਦੀ **ਵਾ:** ਪਤੰਗੁ = ਰੰਚਕ ਮਾਤਰ ਵੀ ਉਨ੍ਹਾਂ ਨੂੰ ਮੈਲ ਨਹੀਂ ਵਿਆਪਦੀ। ਉਹ ਪਤੰਗੁ = ਸੂਰਜ ਵਾਂਗ ਉੱਜਲ ਜੀਵਨ ਵਾਲੇ ਹੋ ਜਾਂਦੇ ਹਨ ॥੧॥ਰਹਾਉ॥

## ਸਚੈ ਸਬਦਿ ਪਤਿ ਊਪਜੈ; ਸਚੇ ਸਚਾ ਨਾਉ ॥

ਸੱਚੇ ਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਨ ਕਰਕੇ ਪਤਿ = ਇੱਜ਼ਤ ਊਪਜੈ = ਪੈਦਾ ਹੁੰਦੀ ਹੈ ਅਤੇ ਉਹ ਹੀ ਜੀਵ ਸੱਚੇ ਹਨ ਜੋ ਸੱਚੇ ਪਰਮੇਸ਼ਰ ਦਾ ਨਾਮ ਜਪਦੇ ਹਨ।

## ਜਿਨੀ ਹਉਮੈ ਮਾਰਿ ਪਛਾਣਿਆ; ਹਉ ਤਿਨ ਬਲਿਹਾਰੈ ਜਾਉ ॥

ਜਿਨ੍ਹਾਂ ਨੇ ਹਉਮੈ = ਹੰਗਤਾ ਨੂੰ ਮਾਰ ਕੇ ਜੋਤੀ ਸਰੂਪ ਵਾਹਿਗੁਰੂ ਦੇ ਸਰੂਪ ਨੂੰ ਪਛਾਣ ਲਿਆ ਹੈ, ਹਉ = ਅਸੀਂ ਤਿਨ = ਉਹਨਾਂ ਤੋਂ ਬਲਿਹਾਰੈ = ਕੁਰਬਾਨ ਜਾਉ = ਜਾਂਦੇ ਹਾਂ।

## ਮਨਮੁਖ ਸਚੁ ਨ ਜਾਣਨੀ; ਤਿਨ ਠਉਰ ਨ ਕਤਹੂ ਥਾਉ ॥੨॥

ਜਿਹੜੇ ਮਨਮੁਖ ਲੋਕ ਸਚੁ = ਸਤ ਸਰੂਪ ਪਰਮੇਸ਼ਰ ਦੇ ਨਾਮ ਨੂੰ ਨਹੀਂ ਜਾਣਦੇ, ਉਨ੍ਹਾਂ ਨੂੰ ਕਤਹੂ = ਕਿਤੇ ਵੀ ਦਰਗਾਹ ਵਿਚ ਠਉਰ = ਠਹਿਰਣ ਵਾਸਤੇ ਥਾਉ = ਥਾਂ ਨ = ਨਹੀਂ ਮਿਲਦਾ ਅਤੇ ਨਾ ਹੀ ਮਨੁੱਖਾ ਜਨਮ ਮਿਲਦਾ ਹੈ ਅਰਥਾਤ ਐਸੇ ਮਨਮੁਖ ਲੋਕ ਟੇਢੀਆਂ ਜੂਨਾਂ ਭਾਵ ਵਿਸ਼ਟਾ ਦੇ ਕੀੜੇ ਬਣਦੇ ਹਨ ਅਤੇ ਉਨ੍ਹਾਂ ਨੂੰ ਨਾ ਸਾਧ ਸੰਗਤ ਥਾਂ ਅਤੇ ਨਾ ਹੀ ਲੋਕ-ਪਰਲੋਕ ਵਿਚ ਕਿਤੇ ਵੀ ਠਉਰ = ਟਿਕਾਣਾ ਮਿਲਦਾ ਹੈ ॥੨॥

## ਸਚੁ ਖਾਣਾ, ਸਚੁ ਪੈਨਣਾ; ਸਚੇ ਹੀ ਵਿਚਿ ਵਾਸੁ ॥

ਸਚੁ = ਸੱਚੇ ਪਰਮੇਸ਼ਰ ਦਾ ਨਾਮ ਸ੍ਰਵਨ ਕਰਨਾ ਇਹੋ ਹੀ ਖ਼ੁਰਾਕ ਖਾਣੀ ਹੈ ਅਤੇ ਜੋ ਸੱਚੇ ਨਾਮ ਦਾ ਮੰਨਣ ਕਰਨਾ ਹੈ, ਇਹੋ ਹੀ ਬਸਤਰਾਂ ਦਾ ਹੀ ਪੈਨ੍ਹਣਾ ਹੈ[1] ਅਤੇ ਸੱਚੇ ਦੇ ਨਾਮ ਦਾ ਨਿਧਿਆਸਣ ਕਰਨਾ, ਇਹੋ ਹੀ ਸੱਚੇ ਵਿਚ ਵਾਸੁ = ਨਿਵਾਸੁ ਕਰਨਾ ਹੈ।

## ਸਦਾ ਸਚਾ ਸਾਲਾਹਣਾ; ਸਚੈ ਸਬਦਿ ਨਿਵਾਸੁ ॥

ਸਦਾ = ਨਿਤਾਪ੍ਰਤੀ ਹੀ ਸਚਾ = ਸਤ ਸਰੂਪ ਅਕਾਲ ਪੁਰਖ ਦੀ ਸਾਲਾਹਣਾ = ਸਿਫ਼ਤ ਕਰਨੀ ਚਾਹੀਦੀ ਹੈ, ਜਿਸ ਕਰਕੇ ਸੱਚੇ ਸਤਿਗੁਰੂ ਦੇ ਸਬਦਿ = ਉਪਦੇਸ਼ ਵਿਚ ਨਿਵਾਸੁ = ਵਾਸਾ ਹੋ ਜਾਂਦਾ ਹੈ।

## ਸਭੁ ਆਤਮ ਰਾਮੁ ਪਛਾਣਿਆ; ਗੁਰਮਤੀ ਨਿਜ ਘਰਿ ਵਾਸੁ ॥੩॥

ਜਿਨ੍ਹਾਂ ਨੇ ਸਭੁ = ਸਾਰਿਆਂ ਵਿਚ ਬ੍ਰਹਮ ਆਤਮ ਰਾਮ ਨੂੰ ਪਛਾਣ ਲਿਆ ਹੈ, ਉਨ੍ਹਾਂ ਗੁਰਮਤੀਆਂ ਦਾ ਤੱਤ ਤ੍ਵੰ ਪਦ ਦਾ ਸ਼ੰਸੋਧਨ ਕਰਕੇ ਸਰੂਪ ਰੂਪੀ ਘਰ ਵਿਚ ਵਾਸਾ ਹੋਇਆ ਹੈ॥੩॥

## ਸਚੁ ਵੇਖਣੁ, ਸਚੁ ਬੋਲਣਾ; ਤਨੁ ਮਨੁ ਸਚਾ ਹੋਇ ॥

ਬ੍ਰਹਮਾਕਾਰ ਬਿਰਤੀ ਹੋਣ ਕਰਕੇ ਉਹ ਸਾਰੇ ਪਾਸੇ ਸਚੁ = ਸੱਚੇ ਪਰਮੇਸ਼ਰ ਨੂੰ ਹੀ ਵੇਖਣੁ = ਵੇਖਦੇ ਹਨ ਅਤੇ ਸੱਚੇ ਦੇ ਨਾਮ ਨੂੰ ਬੋਲਣਾ = ਬੋਲਦੇ ਹਨ। ਜੈਸਾ ਕਿ :

**ਜਤ੍ਰ ਜਾਉ ਤਤ ਬੀਠਲੁ ਭੈਲਾ ॥** *(ਆਸਾ ਬਾਣੀ ਨਾਮਦੇਉ ਜੀ, ਅੰਗ ੪੮੫)*

**ਜਤ੍ਰ ਜਤ੍ਰ ਮਨੋ ਜਾਤੀ ਤਤ੍ਰ ਤਤ੍ਰ ਬ੍ਰਹਮ ਦ੍ਰਿਸਟਾਤੀ ॥** *(ਧਰਮ ਸ਼ਾਸਤਰ)*

ਕਿਉਂਕਿ ਤਿਨ੍ਹਾਂ ਦੇ ਤਨੁ = ਸਰੀਰ ਮਨੁ = ਅੰਤਸ਼ਕਰਣ ਵਿਚ ਸੱਚਾ ਪ੍ਰਗਟ ਹੋਇ = ਹੋ ਗਿਆ ਹੈ।

## ਸਚੀ ਸਾਖੀ, ਉਪਦੇਸੁ ਸਚੁ; ਸਚੇ ਸਚੀ ਸੋਇ ॥

ਉਨ੍ਹਾਂ ਦੀ ਸਾਖੀ = ਸਿੱਖਿਆ ਵੀ ਸੱਚੀ ਹੈ, ਉਪਦੇਸ਼ ਵੀ ਸਚੁ = ਸੱਚਾ ਹੈ ਅਤੇ ਉਨ੍ਹਾਂ ਸੱਚੇ ਪੁਰਖਾਂ ਦੀ ਲੋਕ ਪ੍ਰਲੋਕ ਵਿਚ ਵੀ ਸੱਚੀ ਸੋਇ = ਸ਼ੋਭਾ ਹੁੰਦੀ ਹੈ **ਵਾ:** ਸਤਿਗੁਰਾਂ ਦੀ ਜਿਹੜੀ ਉਪਦੇਸ਼ ਰਹਿਤ ਰੱਖਣੀ, ਸਾਬਤ ਸੂਰਤ ਰੱਖਣੀ, ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ, ਧਰਮ ਦੀ ਕਿਰਤ ਕਰਨੀ, ਨਾਮ ਜਪਣਾ, ਇਹ ਵੀ ਸੱਚੀ ਸਾਖੀ = ਸਿੱਖਿਆ ਹੈ। ਜਿਹੜੇ ਸੱਚੇ ਨਾਮ ਦਾ ਸ੍ਰਵਨ ਕਰਦੇ ਹਨ ਅਤੇ ਸੱਚੇ ਨਾਮ ਦਾ ਮੰਨਣ ਕਰਦੇ ਹਨ, ਉਹ ਸੱਚੇ ਪੁਰਖਾਂ ਦੀ ਸੱਚੀ ਸੋਇ = ਸ਼ੋਭਾ ਹੈ।

## ਜਿੰਨੀ ਸਚੁ ਵਿਸਾਰਿਆ; ਸੇ ਦੁਖੀਏ ਚਲੇ ਰੋਇ ॥੪॥

ਜਿੰਨੀ = ਜਿਨ੍ਹਾਂ ਨੇ ਹਰੀ ਦੇ ਸੱਚੇ ਨਾਮ ਨੂੰ ਵਿਸਾਰਿਆ = ਭੁਲਾ ਦਿੱਤਾ ਹੈ, ਸੇ = ਉਹ ਇਸ ਲੋਕ ਵਿਚ ਅਤਿਅੰਤ ਦੁਖੀ ਰਹਿੰਦੇ ਹਨ ਤੇ ਉਹ ਅੰਤ ਨੂੰ ਪਰਲੋਕ ਵਿਚ ਰੋਂਦੇ ਹੀ ਚਲੇ ਜਾਂਦੇ ਹਨ ਭਾਵ ਜਮਾਂ ਦੇ ਵਸ ਹੋ ਕੇ ਚਲੇ ਜਾਂਦੇ ਹਨ॥੪॥

## ਸਤਿਗੁਰੁ ਜਿਨੀ ਨ ਸੇਵਿਓ; ਸੇ ਕਿਤੁ ਆਏ ਸੰਸਾਰਿ ॥

ਜਿਨ੍ਹਾਂ ਨੇ ਸਤਿਗੁਰੂ ਨਾਨਕ ਦੇਵ ਜੀ ਦਾ, ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਸੇਵਿਓ = ਭਜਨ ਨਹੀਂ

---

੧. **ਖਾਵਣਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਣਾ ॥੨॥**
**ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਣਾ ॥੩॥** *(ਅੰਗ ੧੦੧੯)*

ਕੀਤਾ, ਸੇ = ਉਹ ਕਿਤੁ = ਕਿਸ ਵਾਸਤੇ ਸੰਸਾਰਿ = ਦੁਨੀਆਂ ਵਿਚ ਮਨੁੱਖਾ ਜਨਮ ਧਾਰ ਕੇ ਆਏ ਹਨ ਅਰਥਾਤ ਉਨ੍ਹਾਂ ਨੇ ਆਪਣਾ ਮਨੁੱਖਾ ਜਨਮ ਨਿਸਫਲ ਹੀ ਗਵਾ ਲਿਆ ਹੈ, ਕੋਈ ਲਾਭ ਨਹੀਂ ਖੱਟਿਆ।

## ਜਮ ਦਰਿ ਬਧੇ ਮਾਰੀਅਹਿ; ਕੂਕ ਨ ਸੁਣੈ ਪੂਕਾਰ ॥

(**ਬੱਧੇ** ਅੱਧਕ ਸਹਿਤ ਬੋਲੋ)

ਐਸੇ ਪੁਰਖ ਜਮਾਂ ਦੇ ਦਰਿ = ਦਰਵਾਜ਼ੇ ਵਿਚ ਬਧੇ = ਬੰਨ੍ਹ ਕੇ ਮਾਰੀਅਹਿ = ਮਾਰੇ ਜਾਂਦੇ ਹਨ ਭਾਵ ਉਹ ਔਗੁਣਾਂ ਨੂੰ ਕਮਾਉਣੇ ਕਰਕੇ ਜਮਾਂ ਦੇ ਦਰ ਵਿਚ ਸੰਗਲਾਂ ਦੇ ਨਾਲ ਬੰਨ੍ਹੇ ਜਾਂਦੇ ਹਨ। ਜਿਵੇਂ ਜੇ ਕੈਦੀ ਨੂੰ ਪਹਿਲਾਂ ਮੁਸ਼ਕਾਂ ਦੇ ਕੇ ਬੰਨ੍ਹ ਲਈਏ ਤਾਂ ਚੰਗੀ ਕੁੱਟ ਪੈਂਦੀ ਹੈ। ਇਸ ਲੋਕ ਵਿਚ ਉਨ੍ਹਾਂ ਦੀ ਕੋਈ ਕੂਕ ਨਹੀਂ ਸੁਣਦਾ ਤੇ ਨਾ ਹੀ ਕੋਈ ਪੂਕਾਰ = ਫ਼ਰਿਆਦ ਸੁਣਦਾ ਹੈ। ਜਿਵੇਂ ਚੋਰ ਹੁੰਦਾ ਹੈ, ਉਸ ਨੂੰ ਜਦੋਂ ਕੁੱਟ ਪੈਂਦੀ ਹੈ ਤਾਂ ਉਸ ਵੇਲੇ ਉਸ ਦੀਆਂ ਕੂਕ = ਉਚੀ ਰੋਣ ਦੀ ਆਵਾਜ਼ ਕੋਈ ਤਰਸ ਕਰਕੇ ਨਹੀਂ ਸੁਣਦਾ ਤੇ ਨਾ ਕੋਈ ਪੂਕਾਰ = ਫ਼ਰਿਆਦ ਸੁਣਦਾ ਹੈ। ਸਾਰੇ ਕਹਿੰਦੇ ਹਨ ਕਿ ਇਸ ਦੇ ਕੁੱਟ ਪੈਣ ਦਿਉ। ਇਸੇ ਤਰ੍ਹਾਂ ਜਦੋਂ ਕੁਕਰਮੀ ਦੋਸ਼ੀ ਆਦਮੀ ਜਦੋਂ ਫੜੇ ਜਾਣ, ਜਿਵੇਂ ਪਚਾਦੇ ਚਾਂਗ ਜਿਹੀ ਮਾਰਦੇ ਹੁੰਦੇ ਹਨ, ਅੱਖਰ ਬੋਲ ਕੇ ਪੂਕਾਰ = ਫ਼ਰਿਆਦ ਕਰਦੇ ਹਨ, ਉਹਨਾਂ ਦੀ ਕੋਈ ਫ਼ਰਿਆਦ ਨਹੀਂ ਸੁਣਦਾ।

## ਬਿਰਥਾ ਜਨਮੁ ਗਵਾਇਆ; ਮਰਿ ਜੰਮਹਿ ਵਾਰੋ ਵਾਰ ॥੫॥

ਐਸੇ ਪੁਰਖਾਂ ਨੇ ਆਪਣਾ ਮਨੁੱਖਾ ਜਨਮ ਬਿਰਥਾ = ਵਿਅਰਥ ਹੀ ਗਵਾਇਆ = ਗਵਾ ਲਿਆ ਹੈ। ਚੌਰਾਸੀ ਦੇ ਫੇਰੇ ਵਿਚ ਵਾਰੋ ਵਾਰ = ਮੁੜ ਮੁੜ ਜੰਮਦੇ ਤੇ ਮਰਦੇ ਰਹਿੰਦੇ ਹਨ॥੫॥

[ਅੰਗ ੭੦]

## ਏਹੁ ਜਗੁ ਜਲਤਾ ਦੇਖਿ ਕੈ; ਭਜਿ ਪਏ ਸਤਿਗੁਰ ਸਰਣਾ ॥

ਏਹੁ = ਇਹ ਸਾਰਾ ਜਗੁ = ਸੰਸਾਰ ਤ੍ਰਿਸ਼ਨਾ ਦੀ ਅੱਗ, ਮਾਇਆ ਦੀ ਅੱਗ, ਕਾਲ ਦੀ ਅੱਗ, ਕਾਮ, ਕ੍ਰੋਧ, ਈਰਖਾ ਦੀ ਅੱਗ ਵਿਚ ਜਲਤਾ = ਸੜਦਾ ਦੇਖ ਕੇ ਗੁਰਸਿੱਖ ਭਜਿ = ਦੌੜ ਕੇ ਸਤਿਗੁਰਾਂ ਦੀ ਸਰਣਾ = ਸ਼ਰਨ ਵਿਚ ਪਏ ਹਨ। ਧੰਨ ਉਹ ਗੁਰਸਿੱਖ ਹਨ ਜੋ ਭੱਜ ਕਰਕੇ ਵਿਕਾਰਾਂ ਦੀ ਅੱਗ ਵਿੱਚੋਂ ਬਚੇ ਹਨ।

## ਸਤਿਗੁਰਿ ਸਚੁ ਦਿੜਾਇਆ; ਸਦਾ ਸਚਿ ਸੰਜਮਿ ਰਹਣਾ ॥

ਸਤਿਗੁਰੂ ਸਾਹਿਬ ਜੀ ਉਹਨਾਂ 'ਤੇ ਕ੍ਰਿਪਾ ਕਰਕੇ ਸੱਚਾ ਨਾਮ ਦਿੜਾਇਆ = ਪੱਕਾ ਕਰਵਾ ਦਿੰਦੇ ਹਨ ਭਾਵ ਚੰਗੀ ਤਰ੍ਹਾਂ ਵਸਾ ਦਿੰਦੇ ਹਨ। ਜੈਸਾ ਕਿ :

**ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥** *(ਵਾਰ ਗਉੜੀ, ਮ: ੫, ਅੰਗ ੩੧੭)*

ਉਹ ਸਦਾ ਸੱਚ ਬੋਲਦੇ ਹਨ ਤੇ ਝੂਠ ਬੋਲਣ ਤੋਂ ਸੰਜਮਿ = ਨਿਯਮ ਰੱਖਦੇ ਹਨ ਕਿ ਅਸੀਂ ਝੂਠ ਨਹੀਂ ਬੋਲਣਾ **ਵਾ:** ਸਦਾ ਸੰਜਮਿ = ਸਾਧਨਾ ਆਦਿ ਵਿਚ ਰਹਿੰਦੇ ਹਨ, ਸਦਾ = ਹਮੇਸ਼ਾ ਲਈ ਸੰਜਮਿ = ਇੰਦਰੀਆਂ ਨੂੰ ਦਮਨ ਕਰਕੇ ਭਾਵ ਵਿਸ਼ਿਆਂ ਵੱਲੋਂ ਰੋਕ ਕੇ ਸੰਜਮ ਵਿਚ ਰਹਿੰਦੇ ਹਨ, ਕਦੇ ਝੂਠੇ ਪੁਰਸ਼ਾਂ ਦੀ ਸੰਗਤ ਨਹੀਂ ਕਰਦੇ।

## ਸਤਿਗੁਰ ਸਚਾ ਹੈ ਬੋਹਿਥਾ; ਸਬਦੇ ਭਵਜਲੁ ਤਰਣਾ ॥੬॥

ਸਤਿਗੁਰੂ ਸੱਚੇ ਪਾਤਸ਼ਾਹ ਤਾਂ ਗਿਆਨ ਦੇ ਬੋਹਿਥਾ = ਜਹਾਜ਼ ਹਨ। (ਜਿਵੇਂ ਜਿਹੜੇ ਪਹਿਲਾਂ ਜਹਾਜ਼ ਹੁੰਦੇ ਸਨ, ਜਿਸ ਪਾਸੇ ਤੋਂ ਹਵਾ ਆਉਂਦੀ, ਉਸ ਪਾਸੇ ਚਾਦਰਾਂ ਬੰਨ੍ਹੀਆਂ ਜਾਂਦੀਆਂ ਸਨ ਤੇ ਜਹਾਜ਼ ਚੱਲ

ਪੈਂਦੇ ਸਨ। ਉਸ ਨੂੰ ਅਨੁਕੂਲੀ ਹਵਾ ਕਹਿੰਦੇ ਸਨ। ਹੁਣ ਇੰਜਣਾਂ ਵਾਲੇ ਜਹਾਜ਼ ਹਨ। ਇਹਨਾਂ ਵਿਚ ਟਿਕਟ ਦੀ ਲੋੜ ਪੈਂਦੀ ਹੈ।) ਇਉਂ ਗੁਰੂ ਸਾਹਿਬ ਜੀ ਦੀ ਸਬਦੇ = ਉਪਦੇਸ਼ ਰੂਪੀ ਟਿਕਟ ਕਰਕੇ ਭਵਜਲੁ = ਸੰਸਾਰ ਸਮੁੰਦਰ ਤੋਂ ਤਰਣਾ ਹੁੰਦਾ ਹੈ ॥੬॥

## ਲਖ ਚਉਰਾਸੀਹ ਫਿਰਦੇ ਰਹੇ; ਬਿਨੁ ਸਤਿਗੁਰ ਮੁਕਤਿ ਨ ਹੋਈ ॥

ਮਨਮੁਖ ਲੋਕ ਚੌਰਾਸੀ ਲੱਖ ਜੂਨਾਂ ਵਿਚ ਹੀ ਫਿਰਦੇ = ਚੱਕਰ ਕੱਟਦੇ ਰਹਿੰਦੇ ਹਨ। ਸਤਿਗੁਰੂ ਸਾਹਿਬ ਤੋਂ ਬਿਨਾਂ ਕਿਸੇ ਨੂੰ ਵੀ ਮੁਕਤਿ = ਸੁਤੰਤਰਤਾ ਪ੍ਰਾਪਤ ਨਹੀਂ ਹੋਈ ਤੇ ਨਾ ਹੀ ਅੱਗੇ ਨੂੰ ਹੋਵੇਗੀ।

## ਪੜਿ ਪੜਿ ਪੰਡਿਤ ਮੋਨੀ ਥਕੇ; ਦੂਜੈ ਭਾਇ ਪਤਿ ਖੋਈ ॥

ਜਿਹੜੇ ਪੰਡਿਤ = ਵਿਦਵਾਨ ਲੋਕ ਸ਼ਾਸਤਰ, ਪੁਰਾਣ, ਸਿੰਮ੍ਰਿਤੀਆਂ ਨੂੰ ਪੜ੍ਹ ਪੜ੍ਹ ਕੇ ਥੱਕ ਗਏ ਹਨ ਅਤੇ ਮੋਨੀ = ਮੋਨ ਧਾਰਣ ਵਾਲੇ ਚੁੱਪ ਧਾਰ ਕੇ ਥੱਕ ਗਏ ਹਨ। ਉਹਨਾਂ ਨੇ ਦੂਜੈ ਭਾਇ = ਦਵੈਤ ਭਾਵ ਵਿਚ ਹੀ ਆਪਣੀ ਪਤਿ = ਇੱਜ਼ਤ ਖੋਈ = ਗਵਾ ਲਈ ਹੈ। ਦਵੈਤ ਭਾਵ ਵਿਚ ਲੱਗੇ ਹੋਣ ਕਰਕੇ ਦੂਸਰੀਆਂ ਚੀਜ਼ਾਂ ਵਿਚ ਹੀ ਪ੍ਰੇਮ ਕਰਦੇ ਹਨ।

## ਸਤਿਗੁਰਿ ਸਬਦੁ ਸੁਣਾਇਆ; ਬਿਨੁ ਸਚੇ ਅਵਰੁ ਨ ਕੋਈ ॥੭॥

ਸਤਿਗੁਰੂ ਸਾਹਿਬ ਜੀ ਨੇ ਅੰਮ੍ਰਿਤ ਰੂਪ ਸਬਦਿ = ਉਪਦੇਸ਼ ਸੁਣਾਇਆ ਹੈ। ਸੱਚੇ ਪਾਤਸ਼ਾਹ ਤੋਂ ਬਿਨੁ = ਬ਼ਗੈਰ ਅਵਰ ਸਥਾਨ ਵਿਚ ਹੋਰ ਕੋਈ ਨਹੀਂ ਹੈ। ਇਸ ਪ੍ਰਕਾਰ ਜਿਸ ਵਕਤ ਪਾਰਸ ਦੇ ਨਾਲ ਅੱਠ ਧਾਤਾਂ ਸਪਰਸ਼ ਕਰ ਦੇਈਏ ਤਾਂ ਸੋਨਾ ਬਣ ਜਾਂਦੀਆਂ ਹਨ, ਇਸੇ ਤਰ੍ਹਾਂ ਚਾਰ ਵਰਨ ਤੇ ਚਾਰ ਮਜ਼੍ਹਬ ਹਨ। ਸਾਰਿਆਂ ਵਿਚ ਵਾਹਿਗੁਰੂ ਦੀ ਜੋਤ ਤੋਂ ਬਿਨਾਂ ਹੋਰ ਕੋਈ ਨਹੀਂ। ਜਦੋਂ ਨਾਮ ਦੀ ਕਮਾਈ ਕਰਦੇ ਹਨ ਤਾਂ ਅੰਦਰ ਸ਼ਬਦ ਦੀ ਪਾਰਸ ਕਲਾ ਵਰਤਦੀ ਹੈ। ਸੱਚੇ ਪਾਤਸ਼ਾਹ ਅੰਦਰ ਪ੍ਰਗਟ ਹੋ ਜਾਂਦੇ ਹਨ ॥੭॥

## ਜੋ ਸਚੈ ਲਾਏ ਸੇ ਸਚਿ ਲਗੇ; ਨਿਤ ਸਚੀ ਕਾਰ ਕਰੰਨਿ ॥

ਜੋ = ਜਿਹੜੇ ਗੁਰੂ ਸਾਹਿਬ ਜੀ ਨੇ ਸੱਚੇ ਨਾਮ ਵਿਚ ਲਾਏ ਹਨ, ਸੇ = ਉਹ ਸੱਚੇ ਦੇ ਸਿਮਰਨ ਵਿਚ ਲੱਗੇ ਹੋਏ ਹਨ ਤੇ ਨਿਤ = ਨਿਤਾਪ੍ਰਤੀ ਸੱਚਾਈ ਵਾਲੀ ਸੇਵਾ ਰੂਪੀ ਕਾਰ = ਕਮਾਈ ਨੂੰ ਕਰਦੇ ਹਨ ਅਤੇ ਹੋਰਨਾਂ ਤੋਂ ਵੀ ਨਾਮ ਦੀ ਕਮਾਈ ਕਰੰਨਿ = ਕਰਾਉਂਦੇ ਹਨ।

## ਤਿਨਾ ਨਿਜ ਘਰਿ ਵਾਸਾ ਪਾਇਆ; ਸਚੈ ਮਹਲਿ ਰਹੰਨਿ ॥

ਤਿਨਾ = ਉਹਨਾਂ ਗੁਰਮੁਖਾਂ ਨੇ ਨਿਜ ਘਰਿ = ਆਪਣੇ ਸਰੂਪ ਰੂਪੀ ਘਰਿ ਵਿਚ ਵਾਸਾ =ਨਿਵਾਸ ਪਾਇਆ ਹੈ। ਜਿਥੇ ਜੰਮਣਾ ਮਰਣਾ ਹੈ ਹੀ ਨਹੀਂ, ਐਸਾ ਘਰ ਗੁਰੂ ਜੀ ਨੇ ਬਖ਼ਸ਼ਿਆ ਹੈ **ਵਾ:** ਪਰਮੇਸ਼ਰ ਦਾ ਨਿਜ ਘਰ ਸਰੂਪ ਹੈ। ਉਹਨਾਂ ਨੇ ਸਰੂਪ ਰੂਪੀ ਘਰ ਵਿਚ ਵਾਸਾ ਪਾ ਲਿਆ ਹੈ। ਜਿਸ ਨੂੰ ਕਾਲ ਰੂਪੀ ਮੀਂਹ ਢਾਹ ਨਹੀਂ ਸਕਦਾ, ਕਾਲ ਰੂਪੀ ਪਾਣੀ ਡੋਬ ਨਹੀਂ ਸਕਦਾ, ਕਾਲ ਦੀ ਅਗਨੀ ਸਾੜ ਨਹੀਂ ਸਕਦੀ, ਐਸਾ ਉਸ ਅਬਿਨਾਸੀ ਸਰੂਪ ਦਾ ਸਰੂਪ ਰੂਪੀ ਘਰ ਪਾ ਲਿਆ ਹੈ। ਜੈਸਾ ਕਿ :

**ਸੋ ਘਰੁ ਗੁਰਿ ਨਾਨਕ ਕਉ ਦੀਆ ॥** *(ਗਉੜੀ ਮ: ੫, ਅੰਗ ੧੮੬)*

**ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥** *(ਸਿਰੀਰਾਗੁ ਮ: ੫, ਅੰਗ ੪੪)*

ਸਚੈ = ਸੱਚੇ ਮਹਲਿ = ਸਰੂਪ ਵਿਚ ਭਾਵ ਸੱਚਖੰਡ ਵਿਚ ਉਹ ਰਹੰਨਿ = ਰਹਿੰਦੇ ਹਨ **ਵਾ:** ਤੁਰੀਆ ਪਦ ਰੂਪੀ ਮਹਲ ਵਿਚ ਰਹਿੰਦੇ ਹਨ।

## ਨਾਨਕ ਭਗਤ ਸੁਖੀਏ ਸਦਾ; ਸਚੈ ਨਾਮਿ ਰਚੰਨਿ ॥੮॥੧੭॥੮॥੨੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜੇ ਤੱਤ ਬੇਤੇ ਮਹਾਂਪੁਰਖ ਭਗਤੀ ਕਰਨ ਵਾਲੇ ਹਨ, ਉਹ ਸਦਾ = ਹਮੇਸ਼ਾ ਆਤਮਾਨੰਦ ਨੂੰ ਪਾ ਕੇ ਲੋਕ-ਪਰਲੋਕ ਵਿਚ ਸੁਖੀਏ = ਸੁਹੇਲੇ ਹਨ। ਜਿਹੜੇ ਸੱਚੇ ਅਕਾਲ ਪੁਰਖ ਦੇ ਨਾਮ ਵਿਚ ਰਚੰਨਿ = ਰਚੇ ਰਹਿੰਦੇ ਹਨ, ਭਾਵ ਉਹਨਾਂ ਦੀ ਇਹ ਅਵਸਥਾ ਹੁੰਦੀ ਹੈ ਕਿ ਆਪਣੇ ਜੀਵਨ ਨੂੰ ਉੱਚਾ ਕਰਨ ਲਈ ਮਹਾਰਾਜ ਦੇ ਸੱਚੇ ਨਾਮ ਵਿਚ ਹਰ ਵਕਤ ਰਚੇ ਰਹਿੰਦੇ ਹਨ। ਜੇਕਰ ਅਸੀਂ ਸਦਾ ਸੁੱਖ ਚਾਹੁੰਦੇ ਹਾਂ ਤਾਂ ਗੁਰੂ ਸਾਹਿਬ ਜੀ ਦੇ ਅੰਮ੍ਰਿਤ ਨਾਮ ਉਪਦੇਸ਼ ਨੂੰ ਕਮਾ ਕੇ ਆਪਣੇ ਜੀਵਨ ਨੂੰ ਸੁਚੱਜਾ ਕਰਕੇ ਗੁਣਾਂ ਰੂਪੀ ਪਾਣੀ ਦੇ ਨਾਲ ਔਗੁਣਾਂ ਨੂੰ ਧੋ ਕੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਸ਼ਰਨ ਵਿਚ ਜਾਣਾ ਕਰੀਏ। ਗੁਰੂ ਸਾਹਿਬ ਜੀ ਦਾ ਸਦਾ ਬਖ਼ਸ਼ਿੰਦ ਬਿਰਦ ਹੈ। ਪਿਛਲੇ ਔਗੁਣਾਂ ਨੂੰ ਬਖ਼ਸ਼ ਕੇ ਅੱਗੇ ਵਾਸਤੇ ਸਿੱਧੇ ਰਸਤੇ ਪਾ ਲੈਂਦੇ ਹਨ ॥੮॥੧੭॥੮॥੨੫॥ ਜੈਸਾ ਕਿ :

**ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥** *(ਸੋਰਠਿ ਮ: ੫, ਅੰਗ ੬੨੪)*

***ਨੋਟ :*** ਸ਼ਬਦ ਦੇ ਅਖ਼ੀਰ ਵਿਚ ਜਿਹੜਾ ੮ ਅੰਕ ਹੈ, ਇਹ ਸ਼ਬਦ ਦੇ ਅੱਠਵੇਂ ਪਦ ਦਾ ਵਾਚਕ ਹੈ, ਕਿਉਂਕਿ ਅੱਠ ਅੱਠ ਪਦਾਂ ਦੇ ਸ਼ਬਦ ਹਨ। ਉਸ ਤੋਂ ਅੱਗੇ ੧੭ (ਸਤਾਰਾਂ) ਅੰਕ ਦਾ ਭਾਵ ਹੈ ਕਿ ਸਤਾਰਾਂ ਅਸ਼ਟਪਦੀਆਂ ਪਹਿਲੇ ਪਾਤਿਸ਼ਾਹ ਦੀਆਂ ਹਨ। ਫੇਰ ਅੱਗੇ ੮ (ਅੱਠ) ਅੰਕ ਜੋ ਤੀਸਰੇ ਪਾਤਿਸ਼ਾਹ ਦੀਆਂ ਅੱਠ ਅਸ਼ਟਪਦੀਆਂ ਦੀ ਸੂਚਨਾ ਦਿੰਦਾ ਹੈ ਅਤੇ ਪਿੱਛੇ ੨੫ ਅੰਕ, ਜੋ ਸਤਾਰਾਂ ਤੇ ਅੱਠ (੧੭ + ੮) ਦਾ ਜੋੜ ਕੀਤਾ ਹੋਇਆ ਹੈ।

ਅਗਲੀਆਂ ਦੋ ਅਸ਼ਟਪਦੀਆਂ ਪੰਚਮ ਪਾਤਸ਼ਾਹ ਜੀ ਦੀਆਂ ਹਨ।

## ਸਿਰੀਰਾਗੁ ਮਹਲਾ ੫ ॥

ਹੁਣ ਪੰਜਵੇਂ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਅਸ਼ਟਪਦੀ ਉਚਾਰਨ ਕਰਦੇ ਹਨ। ਪੰਜਵੇਂ ਪਾਤਸ਼ਾਹ ਜਗਤ ਗੁਰੂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜੋ ਮੰਜੀ ਸਾਹਿਬ ਬਣਿਆ ਹੋਇਆ ਹੈ, ਜਿਥੇ ਸਤਿਗੁਰਾਂ ਨੇ 'ਬਾਰਹਮਾਹਾ' ਦੀ ਬਾਣੀ ਉਚਾਰਨ ਕੀਤੀ। ਉਸ ਥਾਂ 'ਤੇ ਦੀਵਾਨ ਸਜਾ ਕੇ ਸੁਭਾਇਮਾਨ ਹੋ ਰਹੇ ਸਨ। ਸਤਿਗੁਰੂ ਪਾਤਸ਼ਾਹ ਜੀ ਦੇ ਪਾਸ ਸਿੱਖਾਂ ਨੇ ਆਪਣੀ ਦੁੱਖਾਂ ਤੇ ਕਲੇਸ਼ਾਂ ਦੀ ਨਵਿਰਤੀ ਵਾਸਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਸਾਰਿਆਂ ਦੁੱਖਾਂ ਤੇ ਕਲੇਸ਼ਾਂ ਤੋਂ ਕਿਸ ਪ੍ਰਕਾਰ ਬਚਿਆ ਜਾ ਸਕਦਾ ਹੈ? ਅਤੇ ਜੇਕਰ ਕੋਈ ਸਿਆਣਾ ਵੀ ਹੋਵੇ ਫਿਰ ਵੀ ਉਸ ਦੀ ਹਾਲਤ ਕਿਸ ਪ੍ਰਕਾਰ ਹੁੰਦੀ ਹੈ? ਐਸੇ ਬਚਨ ਸੁਣ ਕੇ ਸਤਿਗੁਰੂ ਪਾਤਸ਼ਾਹ ਸਿੱਖਾਂ ਨੂੰ ਪਰਮ ਪਵਿੱਤਰ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਜਾ ਕਉ ਮੁਸਕਲੁ ਅਤਿ ਬਣੈ; ਢੋਈ ਕੋਇ ਨ ਦੇਇ ॥

ਜਾ = ਜਿਨ੍ਹਾਂ ਪੁਰਖਾਂ ਕਉ = ਨੂੰ ਅਤਿ = ਅਤਿਅੰਤ ਮੁਸਕਲੁ = ਔਖਿਆਈ ਭਾਵ ਬੜੀ ਔਕੜ ਆ ਜਾਵੇ, ਅਨੇਕਾਂ ਤਰ੍ਹਾਂ ਦੇ ਪਏ ਹੋਏ ਕਲੇਸ਼ਾਂ ਵਿੱਚੋਂ ਛੁਟਕਾਰਾ ਪਾਉਣ ਲਈ ਕਿਸੇ ਪ੍ਰਕਾਰ ਦਾ ਰਸਤਾ ਨਾ ਲੱਭੇ ਅਤੇ ਕੋਈ ਵੀ ਢੋਈ = ਆਸਰਾ ਨਾ ਦੇਵੇ।

## ਲਾਗੂ ਹੋਏ ਦੁਸਮਨਾ; ਸਾਕ ਭਿ ਭਜਿ ਖਲੇ ॥

ਜਿਹੜੇ ਜੀਵ ਦੇ ਦੁਸਮਨਾ = ਵੈਰੀ ਪਿੱਛੇ ਲਾਗੂ = ਲੱਗੇ ਹੋਏ = ਹੋਣ ਤਾਂ ਸਾਕ = ਸੰਬੰਧੀ ਭਿ = ਵੀ ਭਜਿ = ਦੌੜ ਕੇ ਭਾਵ ਸ਼ੀਘਰਤਾ ਕਰਕੇ ਦੂਰ ਖਲੇ = ਖੜ੍ਹ ਜਾਣ ਅਰਥਾਤ ਸਾਥ ਤਿਆਗ ਦੇਣ।

## ਸਭੋ ਭਜੈ ਆਸਰਾ; ਚੁਕੈ ਸਭੁ ਅਸਰਾਉ ॥

(**ਭੱਜੈ** ਅੱਧਕ ਸਹਿਤ ਬੋਲੋ)

ਜਿਨ੍ਹਾਂ ਪੁਰਖਾਂ ਦਾ ਸਭੋ = ਸਾਰਿਆਂ ਪਾਸਿਆਂ ਤੋਂ ਆਸਰਾ = ਸਹਾਰਾ ਭਜੈ = ਭੱਜ ਭਾਵ ਚਲਿਆ ਜਾਵੇ ਅਤੇ ਰਾਜੇ ਜਾਂ ਪਿੰਡ ਦੇ ਪ੍ਰਧਾਨ ਆਦਿ ਸਭੁ = ਸਾਰਿਆਂ ਦਾ ਅਸਰਾਉ = ਆਸਰਾ ਚੁਕੈ = ਚੁੱਕਿਆ ਜਾਵੇ **ਵਾ:** ਪ੍ਰਲੋਕ ਵਿਚ ਅਸਰਾਉ = ਆਸਰਾ ਦੇਣ ਵਾਲੇ ਸਭੁ = ਸਾਰੇ ਸਾਧਨ ਵੀ ਚੁਕੈ = ਚੁੱਕੇ ਜਾਣ ਭਾਵ ਭੱਜ ਜਾਣ, ਇਉਂ ਜਿਸ ਪੁਰਖ ਦਾ ਕੋਈ ਵੀ ਟਿਕਾਣਾ ਨਾ ਰਹੇ।

## ਚਿਤਿ ਆਵੈ ਓਸੁ ਪਾਰਬ੍ਰਹਮੁ; ਲਗੈ ਨ ਤਤੀ ਵਾਉ ॥੧॥

ਐਸੀ ਬਿਪਤਾ ਦੀ ਘੜੀ ਵਿਚ ਘਿਰੇ ਹੋਏ ਜੀਵ ਨੂੰ ਜੇਕਰ ਉਸ ਪਾਰਬ੍ਰਹਮੁ = ਪਰਮੇਸ਼ਰ ਦਾ ਗੁਰੂ ਦੀ ਕਿਰਪਾ ਦੁਆਰਾ ਚਿਤਿ = ਚੇਤਾ ਆਵੈ = ਆ ਜਾਵੇ ਤਾਂ ਫਿਰ ਉਨ੍ਹਾਂ ਨੂੰ ਕੋਈ ਵੀ ਦੁੱਖ ਰੂਪ ਤਤੀ = ਤਪਸ਼ ਵਾਲੀ ਵਾਉ = ਹਵਾ ਨਹੀਂ ਲੱਗੇਗੀ **ਅਥਵਾ** ਉਨ੍ਹਾਂ ਨੂੰ ਮਾਤਾ ਦੇ ਗਰਭ ਦੀ ਜਠਰ ਅਗਨੀ ਰੂਪੀ ਤੱਤੀ ਹਵਾ ਨਹੀਂ ਲੱਗਦੀ। ਜਿਵੇਂ ਆਸੇ ਪਾਸੇ ਲੂਆਂ ਲੱਗਦੀਆਂ ਹਨ, ਇਉਂ ਕਿਸੇ ਪਾਸਿਉਂ ਦੁੱਖਦਾਇਕ ਬਿਪਤਾ ਵਾਲੀ ਖ਼ਬਰ ਨਹੀਂ ਮਿਲੇਗੀ। ਇਸ ਪ੍ਰਕਾਰ ਤ੍ਰਿਸ਼ਨਾ ਦੀ, ਨਰਕ ਦੀ, ਈਰਖਾ ਵਾਲਿਆਂ ਦੀ, ਦੁਸ਼ਮਣਾਂ ਵੱਲੋਂ ਕੋਈ ਦੁੱਖ ਦੇਣ ਵਾਲੀ ਅਤੇ ਜਮਦੂਤਾਂ ਵੱਲੋਂ ਨਰਕਾਂ ਆਦਿ ਦੀ ਕਿੰਚਤ ਮਾਤਰ ਵੀ ਕੋਈ ਦੁੱਖ ਰੂਪ ਤੱਤੀ ਹਵਾ ਨਹੀਂ ਲੱਗਦੀ॥੧॥

## ਸਾਹਿਬੁ; ਨਿਤਾਣਿਆ ਕਾ ਤਾਣੁ ॥

ਸਾਹਿਬੁ = ਮਾਲਕ ਪਰਮੇਸ਼ਰ ਨਿਤਾਣਿਆ = ਬਲ ਤੋਂ ਹੀਣਿਆਂ ਪੁਰਖਾਂ ਕਾ = ਦਾ ਆਪ ਹੀ ਤਾਣੁ = ਬਲ, ਆਸਰਾ ਰੂਪ ਹੈ **ਵਾ:** ਪਰਮੇਸ਼ਰ ਆਪ ਹੀ ਗਿਆਨ ਦੇ ਬਲ ਤੋਂ ਹੀਣਿਆਂ ਪੁਰਖਾਂ ਨੂੰ ਬਿਬੇਕ ਦਾ ਬਲ ਦੇਣ ਵਾਲਾ ਹੈ **ਵਾ:** ਸਰੀਰਕ ਬਲ ਤੋਂ ਹੀਣਿਆਂ, ਕਮਜ਼ੋਰ ਪੁਰਖਾਂ ਨੂੰ ਜਿਸਮਾਨੀ ਤਾਕਤ ਦਾ ਬਲ ਦੇਣ ਵਾਲਾ ਹੈ।

## ਆਇ ਨ ਜਾਈ, ਥਿਰੁ ਸਦਾ; ਗੁਰ ਸਬਦੀ ਸਚੁ ਜਾਣੁ ॥੧॥ਰਹਾਉ॥

ਪਰਮੇਸ਼ਰ ਨਾ ਹੀ ਜਨਮ ਧਾਰ ਕੇ ਆਇ = ਆਉਂਦਾ ਹੈ ਅਤੇ ਨਾ ਹੀ ਮਰ ਕੇ ਜਾਈ = ਜਾਂਦਾ ਹੈ। ਉਹ ਸਦਾ = ਨਿਤਾਪ੍ਰਤੀ ਹੀ ਥਿਰੁ = ਇਸਥਿਤ ਰਹਿਣ ਵਾਲਾ ਹੈ। ਗੁਰੂ ਦੇ ਸਬਦੀ = ਉਪਦੇਸ਼ ਦੁਆਰਾ ਤਿੰਨਾ ਕਾਲਾਂ ਵਿਚ ਨਾਸ ਰਹਿਤ ਸੱਚੇ ਪਰਮੇਸ਼ਰ ਨੂੰ ਜਾਨਣਾ ਕਰੋ **ਵਾ:** ਗੁਰ ਸਬਦੀ = ਜੋ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਵਾਲੇ ਸਤਿਪੁਰਸ਼, ਮਹਾਤਮਾ ਜਨ ਹਨ, ਉਨ੍ਹਾਂ ਦੁਆਰਾ ਹੀ ਸਚੁ = ਨਿਸਚਾ ਕਰਕੇ ਪਰਮੇਸ਼ਰ ਨੂੰ ਜਾਨਣਾ ਕਰੋ॥੧॥ਰਹਾਉ॥

## ਜੇ ਕੋ ਹੋਵੈ ਦੁਬਲਾ; ਨੰਗ ਭੁਖ ਕੀ ਪੀਰ ॥

ਜੇ ਕੋ = ਕੋਈ ਸਰੀਰ ਕਰਕੇ, ਮਾਇਆ ਕਰਕੇ, ਸੰਬੰਧੀਆਂ ਕਰਕੇ, ਵਿਹਾਰ ਕਰਕੇ ਬਹੁਤਾ ਦੁਬਲਾ = ਕਮਜ਼ੋਰ ਹੋਵੇ। ਨੰਗ = ਕੰਗਾਲ ਤੇ ਭੁੱਖ ਕੀ = ਦੀ ਪੀਰ = ਪੀੜਾ ਹੋਵੇ ਅਰਥਾਤ ਜੇਕਰ ਹੱਥ ਵਿਚ ਤਲੀ ਹੈ ਤਾਂ ਪੱਲੀ ਨਹੀਂ ਹੈ, ਜੇ ਪੱਲੀ ਹੈ ਤਾਂ ਤਲੀ ਨਹੀਂ ਹੈ। ਜੇ ਪੱਗ ਹੈ ਤਾਂ ਜੁੱਤੀ ਨਹੀਂ ਹੈ। ਜੇ ਜੁੱਤੀ ਹੈ ਤਾਂ ਕੱਪੜਾ ਨਹੀਂ। ਇਸ ਤਰ੍ਹਾਂ ਨੰਗਾ ਅਤੇ ਪੇਟੋਂ ਭੁੱਖਾ ਰਹਿੰਦਾ ਹੋਵੇ। ਕਈ ਕਈ ਪਹਿਰ ਅੰਨ ਖਾਣ ਨੂੰ ਨਾ ਮਿਲੇ। ਕਈ ਦਿਨ ਭੁੱਖੇ ਫਾਕੇ ਹੀ ਕੱਟਣੇ ਪੈਣ।

## ਦਮੜਾ ਪਲੈ ਨਾ ਪਵੈ; ਨਾ ਕੋ ਦੇਵੈ ਧੀਰ ॥

(**ਪੱਲੈ** ਅੱਧਕ ਸਹਿਤ ਬੋਲੋ)

ਕਿਸੇ ਪ੍ਰਕਾਰ ਦੀ ਕਿਰਤ ਅਤੇ ਮਜ਼ਦੂਰੀ ਕਰਕੇ ਦਮੜਾ = ਰੁਪਈਆ ਪੈਸਾ ਵੀ ਪੱਲੇ ਨਾ ਪਵੈ = ਪੈਂਦਾ ਹੋਵੇ (ਸਿੰਘਾਂ ਦੇ ਬੋਲੇ ਵਿਚ ਦਮੜੇ = ਰੁਪਇਆਂ ਨੂੰ ਕਹਿੰਦੇ ਹਨ) ਅਤੇ ਜਿਸ ਨੂੰ ਕੋ = ਕੋਈ ਧੀਰ = ਧੀਰਜ ਦੇਵੈ = ਦੇਣ ਵਾਲਾ ਨਾ ਰਹਿਆ ਹੋਵੇ।

## ਸੁਆਰਥੁ ਸੁਆਉ ਨ ਕੋ ਕਰੇ; ਨਾ ਕਿਛੁ ਹੋਵੈ ਕਾਜੁ ॥

ਨਾ ਆਪਣਾ ਸੁਆਰਥੁ = ਸਵੈ-ਪ੍ਰਯੋਜਨ ਅਤੇ ਨਾ ਕਿਸੇ ਦਾ ਸੁਆਉ = ਮਤਲਬ ਪੂਰਾ ਕਰ ਸਕਦਾ ਹੋਵੇ ਅਤੇ ਨਾ ਹੀ ਆਪਣੇ ਵੱਲੋਂ ਹੱਥਾਂ ਨਾਲ ਜਾਂ ਕੋਈ ਹੋਰ ਕਿਰਤ ਮਜ਼ਦੂਰੀ ਆਦਿ ਕਾਜੁ = ਕਾਰਜ ਕਰ ਸਕਦਾ ਹੋਵੇ।

## ਚਿਤਿ ਆਵੈ ਓਸੁ ਪਾਰਬ੍ਰਹਮੁ; ਤਾ ਨਿਹਚਲੁ ਹੋਵੈ ਰਾਜੁ ॥੨॥

ਇਹੋ ਜਿਹੇ ਕਮਜ਼ੋਰ ਦੇ ਚਿਤਿ = ਹਿਰਦੇ ਵਿਚ ਜੇ ਪਾਰਬ੍ਰਹਮੁ = ਪਰਮੇਸ਼ਰ ਯਾਦ ਆ ਜਾਵੇ ਤਾਂ ਮਹਾਰਾਜ ਸਾਹਿਬ ਉਸ ਨੂੰ ਕੁੱਲ ਦੁਨੀਆਂ ਦਾ ਬਾਦਸ਼ਾਹ ਬਣਾ ਦਿੰਦੇ ਹਨ। ਐਸੀ ਮਿਹਰ ਹੋ ਜਾਂਦੀ ਹੈ ਕਿ ਉਸ ਨੂੰ ਨਿਹਚਲੁ = ਅਚੱਲ ਰਾਜ ਦੀ ਪ੍ਰਾਪਤੀ ਹੋ ਜਾਂਦੀ ਹੈ॥੨॥

**ਸਾਖੀ—ਪਰਮੇਸ਼ਰ ’ਤੇ ਭਰੋਸਾ ਰੱਖਣ ਵਾਲੇ ਬੱਚੇ ਦੀ :** ਇਕ ਬ੍ਰਾਹਮਣ ਸੀ ਅਤੇ ਉਸ ਦੇ ਚਾਰ ਪੁੱਤਰ ਸਨ। ਤਿੰਨ ਪੁੱਤਰ ਕਿਰਤ ਕਰਦੇ ਸਨ। ਜੋ ਇਕ ਛੋਟਾ ਪੁੱਤਰ ਸੀ, ਉਹ ਸਤਿਸੰਗਤ ਕਰਿਆ ਕਰਦਾ ਸੀ। ਬ੍ਰਾਹਮਣ ਆਪਣੇ ਛੋਟੇ ਸਤਸੰਗੀ ਪੁੱਤਰ ਤੋਂ ਬੜਾ ਨਰਾਜ਼ ਰਹਿੰਦਾ ਸੀ ਕਿ ਬਾਕੀ ਸਾਰੇ ਕਿਰਤ ਕਰਦੇ ਹਨ, ਇਹ ਕੋਈ ਵੀ ਕੰਮ ਨਹੀਂ ਕਰਦਾ। ਨਿਕੰਮਾ ਵਿਹਲਾ ਹੀ ਰਹਿੰਦਾ ਹੈ। ਉਸ ਰਾਜ ਵਿਚ ਰਾਜੇ ਦੇ ਘਰ ਕੋਈ ਔਲਾਦ ਨਹੀਂ ਸੀ। ਰਾਜੇ ਨੇ ਬੜੇ ਜੋਤਸ਼ੀਆਂ ਕੋਲ ਜਾ ਕੇ ਪੁੱਛਣਾ ਕੀਤਾ ਕਿ ਮੇਰੇ ਘਰ ਪੁੱਤਰ ਕਿਸ ਪ੍ਰਕਾਰ ਹੋਵੇਗਾ ? ਤਾਂ ਜੋਤਸ਼ੀਆਂ ਨੇ ਕਿਹਾ ਕਿ ਜੇਕਰ ਦੇਵੀ ਪ੍ਰਸੰਨ ਹੋ ਕੇ ਤੈਨੂੰ ਵਰ ਦੇਣਾ ਕਰੇਗੀ ਤਾਂ ਤੇਰੇ ਪੁੱਤਰ ਪੈਦਾ ਹੋ ਸਕਦਾ ਹੈ। ਤਾਂ ਰਾਜਾ ਕਹਿਣ ਲੱਗਾ ਕਿ ਦੇਵੀ ਕਿਸ ਤਰ੍ਹਾਂ ਪ੍ਰਸੰਨ ਹੋ ਸਕਦੀ ਹੈ ? ਤਾਂ ਜੋਤਸ਼ੀ ਆਖਣ ਲੱਗਾ ਕਿ ਤੂੰ ਕਿਸੇ ਆਦਮੀ ਦਾ ਬੱਚਾ ਜਿਹੜਾ ਖ਼ੁਸ਼ੀ ਦੇ ਨਾਲ ਤੈਨੂੰ ਦੇ ਦੇਵੇ, ਉਸ ਦੀ ਬਲੀ ਦੇਣਾ ਕਰ। ਜੇਕਰ ਤੂੰ ਪੁੱਤਰ ਦਾ ਬਲੀਦਾਨ ਦੇਵੀ ਨੂੰ ਭੇਟ ਕਰੇਂਗਾ ਤਾਂ ਦੇਵੀ ਤੈਨੂੰ ਪੁੱਤਰ ਦਾ ਦਾਨ ਦੇਵੇਗੀ। ਇਹ ਗੱਲ ਸੁਣ ਕੇ ਰਾਜੇ ਨੇ ਸਾਰੇ ਰਾਜ ਵਿਚ ਢੰਡੋਰਾ ਫੇਰ ਦਿੱਤਾ ਕਿ ਜਿਹੜਾ ਮੈਨੂੰ ਖ਼ੁਸ਼ੀ ਨਾਲ ਪੁੱਤਰ ਦੇ ਦੇਵੇ ਤਾਂ ਮੈਂ ਉਸ ਦਾ ਘਰ ਧਨ ਦੌਲਤ ਨਾਲ ਭਰ ਦੇਵਾਂਗਾ। ਉਹ ਬ੍ਰਾਹਮਣ ਜੋ ਆਪਣੇ ਛੋਟੇ ਪੁੱਤਰ ਤੋਂ ਨਰਾਜ਼ ਰਹਿੰਦਾ ਸੀ। ਜਦੋਂ ਉਸ ਨੇ ਐਸਾ ਸੁਣਿਆ ਤਾਂ ਉਸ ਨੇ ਰਾਜੇ ਨੂੰ ਕਿਹਾ ਕਿ ਜੇਕਰ ਤੇਰੇ ਔਲਾਦ ਨਹੀਂ ਤਾਂ ਮੈਂ ਵੀ ਆਪਣੀ ਔਲਾਦ ਨੂੰ ਆਪਣੀ ਔਲਾਦ ਨਹੀਂ ਸਮਝਦਾ। ਇਸ ਪ੍ਰਕਾਰ ਲਾਲਚ ਵਸ ਹੋ ਕੇ ਰਾਜੇ ਤੋਂ ੧੦੦੦੦ ਰੁਪਏ ਲੈ ਕੇ ਛੋਟੇ ਬੱਚੇ ਨੂੰ ਰਾਜੇ ਕੋਲ ਦੇਣਾ ਕੀਤਾ। ਰਾਜੇ ਨੇ ਸਿਪਾਹੀਆਂ ਦੇ ਪਹਿਰੇ ਵਿਚ ਉਸ ਬੱਚੇ ਨੂੰ ਬੰਦੀ ਬਣਾ ਕੇ ਰੱਖਿਆ ਤੇ ਉਸ ਨੂੰ ਦੱਸ ਦੇਣਾ ਕੀਤਾ ਕਿ ਕੱਲ੍ਹ ਨੂੰ ਤੇਰੀ ਦੇਵੀ ਨੂੰ ਭੇਟਾ ਚੜ੍ਹਾ ਦੇਣੀ ਹੈ। ਜੇਕਰ ਤੇਰੀ ਕੋਈ ਅੰਤਿਮ ਇੱਛਾ ਹੈ ਤਾਂ ਦੱਸਣਾ ਕਰ ਤਾਂ ਉਸ ਬੱਚੇ ਨੇ ਕਿਹਾ ਕਿ ਮੇਰੀ ਅੰਤਿਮ ਇੱਛਾ ਇਸ਼ਨਾਨ ਕਰਕੇ ਧਰਮ ਕਰਮ ਕਰਨ ਦੀ ਹੈ। ਰਾਜੇ ਦਾ ਬਹੁਤ ਵੱਡਾ ਕਿਲ੍ਹਾ ਸੀ। ਉਸ ਦੇ ਵਿਚ ਹੀ ਪਾਣੀ ਦਾ ਇਕ ਕੁੰਡ ਭਰਿਆ ਹੋਇਆ ਸੀ। ਕਿਨਾਰੇ ’ਤੇ ਰੇਤਾ ਸੀ। ਸਿਪਾਹੀਆਂ ਦੇ ਪਹਿਰੇ ਵਿਚ ਇਸ ਬੱਚੇ ਨੂੰ ਸਵੇਰ ਹੁੰਦੇ ਸਾਰ ਹੀ ਇਸ਼ਨਾਨ ਕਰਵਾਇਆ ਗਿਆ। ਇਸ ਨੇ ਇਸ਼ਨਾਨ ਕਰ ਕੇ ਰੇਤੇ ਦੀ ਹੱਥਾਂ ਨਾਲ ਇਕ ਢੇਰੀ ਬਣਾਈ। ਉਸ ਨੂੰ ਗ਼ੌਰ ਨਾਲ ਤੱਕਦਾ ਰਿਹਾ ਤੇ ਉਸ ਢੇਰੀ ਨੂੰ

ਪੈਰ ਨਾਲ ਢਾਹ ਦਿੱਤਾ। ਫਿਰ ਦੂਜੀ ਢੇਰੀ ਬਣਾਈ। ਪਹਿਲੀ ਢੇਰੀ ਵਾਂਗ ਉਹ ਢੇਰੀ ਵੀ ਢਾਹ ਦਿੱਤੀ। ਫਿਰ ਤੀਜੀ ਢੇਰੀ ਬਣਾਈ, ਉਹ ਵੀ ਨਫ਼ਰਤ ਨਾਲ ਢਾਹ ਦਿੱਤੀ। ਫਿਰ ਚੌਥੀ ਢੇਰੀ ਬਣਾਈ, ਉਹ ਢਾਹੁਣ ਦੀ ਬਜਾਏ ਉਸ ਦੀ ਪੂਜਾ ਕਰਨ ਲੱਗਾ। ਪਰਿਕਰਮਾ ਕੀਤੀ, ਪੁਸ਼ਪ ਚੜ੍ਹਾਏ, ਹੱਥ ਜੋੜ ਕੇ ਧਰਤੀ ਨੂੰ ਮੱਥਾ ਲਾ ਕੇ ਨਮਸਕਾਰਾਂ ਕੀਤੀਆਂ। ਇਹ ਸਾਰਾ ਕੁਝ ਰਾਜਾ ਮਹਿਲਾਂ ਵਿਚ ਦੇਖਦਾ ਰਿਹਾ। ਰਾਜੇ ਨੇ ਬੱਚੇ ਨੂੰ ਕੋਲ ਬੁਲਾ ਕੇ ਪੁੱਛਿਆ ਕਿ ਤੂੰ ਇਹ ਕੀ ਕੀਤਾ ਹੈ ? ਤਾਂ ਬੁੱਧੀਵਾਨ ਬੱਚੇ ਨੇ ਉੱਤਰ ਦਿੱਤਾ ਕਿ ਹੇ ਰਾਜਨ ! ਢੇਰੀ ਦਾ ਅਰਥ ਆਸਰਾ ਹੁੰਦਾ ਹੈ। ਇਸ ਲਈ ਪਹਿਲੀ ਢੇਰੀ ਮਤਲਬ ਪਹਿਲਾ ਆਸਰਾ ਮਾਤਾ ਪਿਤਾ ਦਾ ਹੋਇਆ ਕਰਦਾ ਹੈ। ਪਰੰਤੂ ਮੇਰੇ ਮਾਤਾ ਪਿਤਾ ਨੇ ਧਨ ਦੇ ਲੋਭ ਵਿਚ ਮੈਨੂੰ ਦਸ ਹਜ਼ਾਰ (੧੦੦੦੦) ਰੁਪਏ ਲੈ ਕੇ ਤੇਰੇ ਕੋਲ ਵੇਚ ਦਿੱਤਾ। ਇਸ ਲਈ ਮੈਂ ਇਹ ਆਸਰਾ ਝੂਠਾ ਸਮਝ ਕੇ ਢਾਹ ਦਿੱਤਾ। ਦੂਸਰੀ ਢੇਰੀ ਦਾ ਮਤਲਬ ਹੈ ਕਿ ਸਰਕਾਰ, ਰਾਜੇ ਲੋਕ ਪਰਜਾ ਦੀ ਵਾੜ ਹੋਇਆ ਕਰਦੇ ਹਨ। ਪਰਜਾ ਦੀ ਰੱਖਿਆ ਕਰਨੀ ਕਰਦੇ ਹਨ। ਇਹ ਆਸਰਾ ਵੀ ਝੂਠਾ ਹੈ, ਕਿਉਂਕਿ ਤੂੰ ਮੈਨੂੰ ਪੁੱਤਰ-ਪ੍ਰਾਪਤੀ ਦੇ ਲੋਭ ਵਿਚ ਰੱਖਿਆ ਕਰਨ ਦੀ ਬਜਾਏ ਮੇਰੀ ਜਾਨ ਲੈਣ ਲੱਗਾ ਹੈਂ, ਇਸ ਕਰਕੇ ਮੈਂ ਦੂਜੀ ਢੇਰੀ ਵੀ ਢਾਹ ਦਿੱਤੀ ਹੈ। ਤੀਸਰਾ ਆਸਰਾ ਸਾਰਿਆਂ ਦੇ ਸਾਂਝੇ ਦੇਵੀ ਦੇਵਤੇ ਹੋਇਆ ਕਰਦੇ ਹਨ। ਪਰ ਜਿਹੜੀ ਦੇਵੀ ਇਕ ਦਾ ਪੱਖ ਕਰੇ, ਦੂਜੇ ਦੀ ਜਾਨ ਲੈ ਲਵੇ। ਦੇਵੀ ਮੈਨੂੰ ਖਾ ਕੇ ਤੈਨੂੰ ਪੁੱਤਰ ਦੇ ਰਹੀ ਹੈ ਤਾਂ ਇਹ ਆਸਰਾ ਵੀ ਝੂਠਾ ਅਤੇ ਨਿਕੰਮਾ ਹੈ। ਇਸ ਲਈ ਮੈਂ ਇਸ ਦੀ ਢੇਰੀ ਵੀ ਢਾਹ ਦਿੱਤੀ ਹੈ। ਮੈਨੂੰ ਆਪਣੇ ਮਾਤਾ ਪਿਤਾ, ਤੇਰੇ ਅਤੇ ਤੇਰੀ ਦੇਵੀ ਜਿਹੜੇ ਬੱਚੇ ਖਾਂਦੀ ਹੈ, ਤਿੰਨਾਂ ਤੋਂ ਨਫ਼ਰਤ ਹੋ ਚੁੱਕੀ ਹੈ। ਫਿਰ ਰਾਜੇ ਨੇ ਪੁੱਛਿਆ ਕਿ ਤੂੰ ਚੌਥੀ ਢੇਰੀ ਦੀ ਪੂਜਾ ਕਿਉਂ ਕੀਤੀ ? ਤਾਂ ਬੱਚੇ ਨੇ ਕਿਹਾ ਕਿ ਚੌਥੀ ਢੇਰੀ ਪਰਮਾਤਮਾ ਦੇ ਆਸਰੇ ਦੀ ਪ੍ਰਤੀਕ ਹੈ ਜੋ ਸਦਾ ਹੀ ਪੂਜਣਯੋਗ ਹੈ। ਜੇਕਰ ਉਸ ਨੇ ਚਾਹਿਆ ਤਾਂ ਮੇਰਾ ਕੋਈ ਵੀ ਵਾਲ ਵਿੰਗਾ ਨਹੀਂ ਕਰ ਸਕਦਾ। ਮੈਨੂੰ ਉਸ ਉੱਤੇ ਭਰੋਸਾ ਹੈ। ਜੇਕਰ ਪਰਮਾਤਮਾ ਨੂੰ ਐਸਾ ਭਾਇਆ ਕਿ ਮੇਰੇ ਸਰੀਰ ਦਾ ਅੰਤ ਤੇਰੇ ਹੱਥੋਂ ਹੀ ਹੋਣਾ ਹੈ ਤਾਂ ਉਸ ਦੀ ਰਜ਼ਾ ਵਿਚ ਹੀ ਰਹਾਂਗਾ। ਕਿਉਂਕਿ ਜੋ ਉਸ ਦੀ ਸ਼ਰਨ ਵਿਚ ਆ ਜਾਂਦਾ ਹੈ, ਉਹ ਉਸ ਦੀ ਰੱਖਿਆ ਜ਼ਰੂਰ ਕਰਦਾ ਹੈ। ਭਾਵੇਂ ਮੇਰੇ ਸਰੀਰ ਨੂੰ ਰੱਖਿਆ ਕਰਕੇ ਤੁਹਾਡੇ ਹੱਥੋਂ ਬਚਾਅ ਲਵੇ, ਭਾਵੇਂ ਸਰੀਰ ਦਾ ਅੰਤ ਕਰਵਾ ਕੇ ਆਪਣੇ ਚਰਨਾਂ ਵਿਚ ਟਿਕਾਣਾ ਦੇ ਦੇਵੇ। ਰੱਖਿਆ ਜ਼ਰੂਰ ਕਰੇਗਾ, ਭਾਵੇਂ ਸਰੀਰ ਦੀ ਕਰੇ, ਭਾਵੇਂ ਆਤਮਾ ਦੀ ਕਰੇ। ਇਹ ਸੁਣ ਕੇ ਰਾਜਾ ਬੜਾ ਹੈਰਾਨ ਹੋਇਆ ਤੇ ਸੋਚਣ ਲੱਗਾ ਕਿ ਜੇਕਰ ਮੈਂ ਇਸ ਨੂੰ ਦੇਵੀ ਦੀ ਭੇਟਾ ਕਰ ਦਿੱਤਾ ਤਾਂ ਕੀ ਪਤਾ ਮੇਰੇ ਪੁੱਤਰ ਪੈਦਾ ਹੋਵੇਗਾ ਵੀ ਕਿ ਨਹੀਂ ਅਤੇ ਜੇਕਰ ਪੈਦਾ ਹੋ ਵੀ ਗਿਆ ਤਾਂ ਸ਼ਾਇਦ ਇਸ ਜੈਸਾ ਲਾਇਕ, ਬੁੱਧੀਮਾਨ ਤੇ ਧਰਮੀ ਪੈਦਾ ਨਾ ਹੋਵੇ। ਮੈਂ ਕਿਉਂ ਨਾ ਇਸ ਨੂੰ ਹੀ ਆਪਣਾ ਪੁੱਤਰ ਬਣਾ ਕੇ ਰਾਜ ਗੱਦੀ 'ਤੇ ਬਿਠਾ ਦੇਵਾਂ। ਉਸ ਵੇਲੇ ਪਰਮਾਤਮਾ ਦੀ ਐਸੀ ਕਿਰਪਾ ਹੋਈ ਕਿ ਬੱਚੇ ਵੱਲੋਂ ਪਰਮੇਸ਼ਰ ਦੀ ਲਈ ਗਈ ਓਟ ਕਰਕੇ ਰਾਜੇ ਦਾ ਮਨ ਬਦਲ ਗਿਆ ਅਤੇ ਉਸ ਨੇ ਬੱਚੇ ਨੂੰ ਆਪਣਾ ਪੁੱਤਰ ਬਣਾ ਕੇ ਰਾਜ-ਗੱਦੀ ਦਾ ਮਾਲਕ ਬਣਾ ਦਿੱਤਾ। ਇਸ ਪ੍ਰਕਾਰ ਜਿਸ ਵੇਲੇ ਅਚੱਲ ਰਾਜ ਹੋ ਜਾਂਦਾ ਹੈ। ਬੱਚੇ ਨੇ ਮਿੱਟੀ ਦੀਆਂ ਢੇਰੀਆਂ ਢਾਹ ਦਿੱਤੀਆਂ ਸਨ। ਕੇਵਲ ਅਕਾਲ ਪੁਰਖ ਦੀ ਹੀ ਓਟ ਲੈਣਾ ਕੀਤੀ। ਜਿਨ੍ਹਾਂ ਦੇ ਵਾਹਿਗੁਰੂ ਚੇਤੇ ਆ ਜਾਵੇ ਤਾਂ ਉਨ੍ਹਾਂ ਦਾ ਅਚੱਲ ਰਾਜ ਹੋ ਜਾਂਦਾ ਹੈ। ਉਹ ਲੋਕ-ਪਰਲੋਕ ਦੇ ਮਾਲਕ ਬਣ ਜਾਂਦੇ ਹਨ ਅਤੇ ਉਨ੍ਹਾਂ ਨੂੰ ਨਿਹਚਲੁ = ਅਚੱਲ ਰਾਜ ਸਰੂਪ ਦਾ ਪ੍ਰਕਾਸ਼ ਭਾਵ ਗਿਆਨ ਪ੍ਰਾਪਤ ਹੋ ਜਾਂਦਾ ਹੈ।

## ਜਾ ਕਉ ਚਿੰਤਾ ਬਹੁਤੁ ਬਹੁਤੁ; ਦੇਹੀ ਵਿਆਪੈ ਰੋਗੁ ॥

ਜਾ = ਜਿਸ ਪੁਰਸ਼ ਕਉ = ਨੂੰ ਬਹੁਤੁ = ਬਹੁਤੀ, ਸੰਬੰਧੀਆਂ ਦੀ ਚਿੰਤਾ ਹੋਵੇ ਜਾਂ ਆਪਣੀ ਗ਼ਰੀਬੀ, ਕਮਜ਼ੋਰੀ ਦੀ ਬਹੁਤ = ਬਹੁਤੀ ਚਿੰਤਾ ਹੋਵੇ। ਦੇਹੀ = ਸਰੀਰ ਨੂੰ ਰੋਗੁ = ਦੁੱਖ ਵਿਆਪੈ = ਲੱਗਿਆ ਹੋਵੇ, ਜਿਵੇਂ ਤਪਦਿਕ, ਕੋਹੜ ਆਦਿ ਬਿਮਾਰੀਆਂ ਹੋਣ 'ਤੇ ਤੰਦਰੁਸਤੀ ਦੀ ਉਮੀਦ ਨਾ ਹੋਵੇ।

## ਗ੍ਰਿਸਤਿ ਕੁਟੰਬਿ ਪਲੇਟਿਆ; ਕਦੇ ਹਰਖੁ ਕਦੇ ਸੋਗੁ ॥

ਗ੍ਰਿਸਤਿ = ਘਰਬਾਰੀ ਹੋ ਕੇ ਕੁਟੰਬਿ = ਪਰਿਵਾਰ ਦੇ ਮੋਹ ਵਿਚ ਪਲੇਟਿਆ = ਖੱਚਤ ਹੋਇਆ ਹੋਵੇ, ਭਾਵ ਫਸਿਆ ਹੋਵੇ। ਕਦੇ ਜੰਮਿਆਂ ਦੀ ਹਰਖੁ = ਖ਼ੁਸ਼ੀ ਅਤੇ ਮਰਿਆਂ ਦਾ ਸੋਗੁ = ਗ਼ਮ ਪਿਆ ਰਹਿੰਦਾ ਹੋਵੇ।

## ਗਉਣੁ ਕਰੇ ਚਹੁ ਕੁੰਟ ਕਾ; ਘੜੀ ਨ ਬੈਸਣੁ ਸੋਇ ॥

ਫਿਰ ਉਹ ਮਾਇਆ ਦੀ ਪ੍ਰਾਪਤੀ ਵਾਸਤੇ ਚਹੁ ਕੁੰਟ = ਚਾਰੇ ਦਿਸ਼ਾਵਾਂ ਪੱਛਮ, ਉੱਤਰ, ਦੱਖਣ ਵਿਚ ਗਉਣੁ = ਗਵਨ ਕਰਦਾ ਫਿਰਦਾ ਹੋਵੇ। ਇਕ ਘੜੀ ਮਾਤਰ ਵੀ ਸੁਖ ਨਾਲ ਬੈਸਣੁ = ਬੈਠਣਾ ਤੇ ਸੋਇ = ਸੌਣਾ ਨਾ ਮਿਲੇ **ਵਾ:** ਸੋਇ = ਉਸ ਨੂੰ ਇਕ ਘੜੀ ਮਾਤਰ ਵੀ ਤ੍ਰਿਸ਼ਨਾ ਕਰਕੇ ਬੈਠਣਾ ਨਾ ਮਿਲੇ ਭਾਵ ਚਿੰਤਾ ਰੂਪ ਚਿਖਾ 'ਤੇ ਚੜ੍ਹਿਆ ਰਹਿੰਦਾ ਹੋਵੇ। ਘੜੀ ਮਾਤਰ ਵੀ ਸ਼ਾਂਤੀ ਦਾ ਟਿਕਾਅ ਨਾ ਆਵੇ।

## ਚਿਤਿ ਆਵੈ ਓਸੁ ਪਾਰਬ੍ਰਹਮ; ਤਨੁ ਮਨੁ ਸੀਤਲੁ ਹੋਇ ॥੩॥

ਅਗਰ ਐਸੇ ਦੁਖੀ ਪੁਰਸ਼ ਨੂੰ ਪਾਰਬ੍ਰਹਮ = ਪਰਮੇਸ਼ਰ ਯਾਦ ਆ ਜਾਵੇ ਭਾਵ ਹਰੀ ਦੇ ਨਾਮ ਨਾਲ ਜੁੜ ਜਾਵੇ, ਚਿੱਤ ਵਿਚ ਵਸ ਜਾਵੇ ਤਾਂ ਉਸ ਦਾ ਤਨੁ = ਸਰੀਰ ਮਨੁ = ਅੰਤਸ਼ਕਰਨ ਸੀਤਲੁ = ਠੰਢਾ ਹੋ ਜਾਵੇਗਾ, ਭਾਵ ਰੋਗ ਆਦਿਕਾਂ ਦੀ ਨਵਿਰਤੀ ਹੋ ਜਾਵੇਗੀ, ਮਨ ਦੀ ਸਾਰੀ ਕਲਪਨਾ ਮਿਟ ਜਾਵੇਗੀ ਅਤੇ ਸੀਤਲਤਾ ਹੋ ਜਾਵੇਗੀ ॥੩॥

## ਕਾਮਿ ਕਰੋਧਿ, ਮੋਹਿ ਵਸਿ ਕੀਆ; ਕਿਰਪਨ ਲੋਭਿ ਪਿਆਰੁ ॥

ਜਿਹੜੇ ਆਦਮੀ ਦਾ ਕਾਮ ਦਾ ਫੁਰਨਾ ਨਾ ਮਿਟਦਾ ਹੋਵੇ, ਮਨ ਵਿਚ ਵਿਸ਼ਿਆਂ ਦਾ ਪ੍ਰਵਾਹ ਹੀ ਚੱਲਦਾ ਰਹਿੰਦਾ ਹੋਵੇ, ਕਾਮ ਕਰਕੇ ਸਰੀਰ ਅਪਵਿੱਤਰ ਰਹਿੰਦਾ ਹੋਵੇ, ਕ੍ਰੋਧ ਕਰਕੇ ਸੜਦਾ ਹੀ ਰਹਿੰਦਾ ਹੋਵੇ, ਮੋਹ ਦਾ ਮਾਰਿਆ ਹਰ ਸਮੇਂ ਰੋਣੇ ਰੋਂਦਾ ਰਹਿੰਦਾ ਹੋਵੇ **ਵਾ:** ਮੋਹ ਨੇ ਵਸਿ = ਅਧੀਨ ਕਰ ਲਿਆ ਹੋਵੇ ਅਤੇ ਕਿਰਪਨ = ਸੂਮ ਹੋਵੇ, ਧਨ ਦਾ ਲੋਭਿ = ਲਾਲਚੀ ਹੋਵੇ, ਧਨ ਦੇ ਇਕੱਠੇ ਕਰਨ ਵਿਚ ਪਿਆਰੁ = ਸਨੇਹ ਹੋਵੇ।

## ਚਾਰੇ ਕਿਲਵਿਖ, ਉਨਿ ਅਘ ਕੀਏ; ਹੋਆ ਅਸੁਰ ਸੰਘਾਰੁ ॥

ਚਾਰੇ = ਚਾਰ ਕਿਲ = ਨਿਸਚੇ ਕਰਕੇ ਵਿਖ = ਜ਼ਹਿਰ ਵਰਗੇ ਦੁੱਖ ਦੇਣ ਵਾਲੇ ਅਘ = ਪਾਪ ਤੇ ਉਨਿ = ਉਸ ਪੁਰਸ਼ ਨੇ ਕੀਏ = ਕੀਤੇ ਹੋਣ ਅਤੇ ਅਸੁਰ = ਦੈਂਤ ਵਰਗੇ ਸੁਭਾਅ ਵਾਲਾ ਹੋਆ = ਹੋ ਕੇ ਜੀਵਾਂ ਨੂੰ ਸੰਘਾਰੁ = ਮਾਰ ਭਾਵ ਨਾਸ਼ ਕਰਨ ਵਾਲਾ ਹੋਵੇ **ਵਾ:** ਅਸੁਰ = ਆਸੁਰੀ ਸੰਪਦਾ ਕਰਕੇ ਸੰਘਾਰਿਆ ਹੋਵੇ **ਵਾ:** ਅਸੁਰ = ਦੈਂਤ ਬੁੱਧੀ ਵਾਲਾ ਮਾਰਨ ਯੋਗ ਹੋਵੇ ਅਰਥਾਤ ਇਹ ਸਤਿਗੁਰਾਂ ਨੇ ਪ੍ਰਮਾਣ ਦਿੱਤਾ ਹੈ। ਜਿਵੇਂ ਹਿੰਦੂ ਧਰਮ ਦੇ ਧਾਰਮਿਕ ਗ੍ਰੰਥਾਂ ਵਿਚ ਗੁਰ ਇਸਤਰੀ ਗਮਨ, ਸ਼ਰਾਬ ਪੀਣ ਵਾਲਾ, ਚੋਰੀ ਕਰਨ ਵਾਲਾ, ਬ੍ਰਾਹਮਣ ਦੇ ਮਾਰਨ ਵਾਲਾ, ਆਦਿ ਕਿਲਵਿਖ ਪਾਪ ਮੰਨੇ ਹਨ। ਗੁਰੂ ਸਾਹਿਬ ਜੀ ਨੇ ਚਾਰ ਬੱਜਰ ਪਾਪ ਮੰਨੇ ਹਨ। ਜਪੀ ਤਪੀ, ਬ੍ਰਹਮ ਗਿਆਨੀ ਦਾ ਮਾਰਨਾ, ਗਊ ਦਾ ਮਾਰਨਾ, ਕੰਨਿਆ ਮਾਰਨੀ ਜਾਂ ਵੇਚਣੀ, ਵਿਭਚਾਰੀ ਦਾ ਅੰਨ ਖਾਣਾ। ਜੈਸਾ ਕਿ :

**ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥**
**ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥** *(ਸਲੋਕ ਮ: ੩, ਅੰਗ ੧੪੧੩)*

## ਪੋਥੀ ਗੀਤ ਕਵਿਤ ਕਿਛੁ; ਕਦੇ ਨ ਕਰਨਿ ਧਰਿਆ ॥

(**ਕਵਿੱਤ** ਨਹੀਂ ਬੋਲਣਾ)

ਪੋਥੀ = ਧਾਰਮਿਕ ਗ੍ਰੰਥ, ਕਾਵਿ ਰਚਨਾ ਵਿਚ ਪਰਮੇਸ਼ਰ ਦਾ ਗੀਤ = ਜੱਸ, ਪ੍ਰਮਾਰਥ ਸੰਬੰਧੀ ਕਵਿਤ =

ਕਵਿਤਾ ਆਦਿ ਦਾ ਉਪਦੇਸ਼ ਕਿਛੁ = ਕੁਝ ਵੀ ਕਦੇ ਆਪਣੇ ਕਰਨਿ = ਕੰਨਾਂ ਵਿਚ ਨ = ਨਾ ਧਰਿਆ = ਧਾਰਨ ਕੀਤਾ ਹੋਵੇ।

## ਚਿਤਿ ਆਵੈ ਓਸੁ ਪਾਰਬ੍ਰਹਮੁ; ਤਾ ਨਿਮਖ ਸਿਮਰਤ ਤਰਿਆ ॥੪॥

ਅਗਰ ਉਸ ਨੂੰ ਪਾਰਬ੍ਰਹਮੁ = ਪਰਮੇਸ਼ਰ ਦਾ ਨਾਮ ਚਿਤਿ = ਚੇਤੇ ਆਵੈ = ਆ ਜਾਵੇ ਤਾਂ ਪਰਮੇਸ਼ਰ ਦੇ ਨਾਮ ਦਾ ਐਸਾ ਪ੍ਰਤਾਪ ਹੈ ਕਿ ਨਿਮਖ = ਛਿਨ ਮਾਤਰ ਭਾਵ ਅੱਖ ਦੇ ਖੋਲ੍ਹਣ ਅਤੇ ਬੰਦ ਕਰਨ ਦੇ ਸਮੇਂ ਵਿਚ ਸਿਮਰਤ = ਸਿਮਰਨ ਕਰਨ ਨਾਲ ਤਰਿਆ = ਤਰ ਜਾਵੇਗਾ ॥੪॥ ਜਿਸ ਪ੍ਰਕਾਰ ਅਜਾਮਲ ਅਤੇ ਗਣਕਾ ਆਦਿ ਤਰ ਗਏ ਸਨ। ਜੈਸਾ ਕਿ :

**ਅਜਾਮਲੁ ਉਧਰਿਆ ਕਹਿ ਏਕ ਬਾਰ ॥** *(ਅੰਗ ੧੧੯੨)*

ਜਿਸ ਅਜਾਮਲ ਨੂੰ ਮਹਾਂਪੁਰਸ਼ਾਂ ਦੁਆਰਾ ਨਾਮ ਮਿਲਿਆ ਸੀ। ਮਹਾਂਪੁਰਸ਼ਾਂ ਨੇ ਇਸ ਦੇ ਹਿਰਦੇ ਦੀ ਮਲੀਨਤਾ ਦੇਖ ਕੇ ਇਸ ਤੋਂ ਪੁੱਤਰ ਦੇ ਬਹਾਨੇ ਨਾਮ ਜਪਾਇਆ ਸੀ। ਪੁੱਤਰ ਦਾ ਨਾਮ ਨਾਰਾਇਣ ਰੱਖਿਆ ਸੀ; ਜੈਸਾ ਕਿ :

**ਅਜਾਮਲੁ ਕਉ ਅੰਤ ਕਾਲ ਮੈ ਨਾਰਾਇਨ ਸੁਧਿ ਆਈ ॥**
**ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥** *(ਰਾਮਕਲੀ ਮ: ੯, ਅੰਗ ੯੦੨)*

ਜਿਸ ਨਾਮ ਦੇ ਪ੍ਰਤਾਪ ਕਰਕੇ ਪਰਮਾਤਮਾ ਨੇ ਅਜਾਮਲ ਨੂੰ ਤਾਰਿਆ, ਪਰਮਾਤਮਾ ਐਸਾ ਮਿਹਰਵਾਨ ਹੈ, ਇਹ ਜਾਣਦੇ ਹੋਏ ਵੀ ਕਿ ਇਹ ਪੁੱਤਰ ਨੂੰ ਯਾਦ ਕਰਦਾ ਹੈ, ਆਪਣੇ ਨਾਮ ਦੀ ਲਾਜ ਰੱਖੀ। ਜਿੰਨਾ ਚਿਰ ਉਹ ਪੁੱਤਰ ਨਾਰਾਇਣ ਕਹਿੰਦਾ ਰਿਹਾ ਤਾਂ ਭਗਵਾਨ ਨਹੀਂ ਆਇਆ, ਜਦੋਂ ਇਕੱਲਾ ਨਾਰਾਇਣ ਕਹਿ ਕੇ ਪੁਕਾਰਿਆ ਤਾਂ ਇਕ ਛਿਨ ਵਿਚ ਹੀ ਭਗਵਾਨ ਪ੍ਰਗਟ ਹੋ ਗਿਆ।

## ਸਾਸਤ ਸਿੰਮ੍ਰਿਤਿ ਬੇਦ ਚਾਰਿ; ਮੁਖਾਗਰ ਬਿਚਰੇ ॥

ਸਾਸਤ = ਛੇ ਸ਼ਾਸਤਰ (ਸਾਂਖ, ਨਿਆਏ, ਵਿਸੇਖਕ, ਪਤੰਜਲ, ਪੂਰਵ-ਮੀਮਾਂਸਾ, ਵੇਦਾਂਤ) ਸਿੰਮ੍ਰਿਤਿ = ਸਿੰਮ੍ਰਿਤੀਆਂ, ਵਸ਼ਿਸ਼ਟ ਮਨੂ, ਯਾਗਵਲਕ ਆਦਿ, ਚਾਰ ਬੇਦ = ਸਾਮ, ਯਜੁਰ, ਅਥਰਬਣ, ਰਿਗ ਆਦਿ ਸਾਰੇ ਗ੍ਰੰਥ ਪੜ੍ਹਿਆ ਹੋਵੇ ਅਤੇ ਮੁਖਾਗਰ = ਮੁੱਖ ਅਤੇ ਕੰਠ 'ਚੋਂ ਬਿਨਾਂ ਗ੍ਰੰਥ ਦੇਖੇ ਭਾਵ ਮੂੰਹ ਜ਼ਬਾਨੀ ਬਿਚਰੇ = ਉਚਾਰਨ ਕਰੇ, ਭਾਵ ਇਤਨਾ ਵੱਡਾ ਵਿਦਵਾਨ ਹੋਵੇ।

## ਤਪੇ ਤਪੀਸਰ ਜੋਗੀਆ; ਤੀਰਥਿ ਗਵਨੁ ਕਰੇ ॥

ਚਾਹੇ ਤਪੇ = ਤਪ ਕਰਨ ਵਾਲਾ ਹੋਵੇ, ਤਪੀਸਰ = ਧੂਣੀਆਂ ਤਪਾਉਂਦਾ ਹੋਵੇ, ਵਰਤ ਰੱਖਦਾ ਹੋਵੇ, ਜਲ ਧਾਰਾ ਕਰਦਾ ਹੋਵੇ। ਜੋਗੀਆ = ਜੋਗ ਸਾਧਨ ਕਰਨ ਵਾਲਾ, ਦਸਵੇਂ ਦੁਆਰ ਵਿਚ ਸੁਆਸ ਚੜ੍ਹਾਉਣ ਜਾਣਦਾ ਹੋਵੇ, ਇਤਨਾ ਵੱਡਾ ਜੋਗੀ ਕਹਾਉਂਦਾ ਹੋਵੇ। ਇਕੱਲਾ ਤਪਾ ਨਾਮ ਨਾ ਹੋਵੇ। ਤਪ ਕਰਨ ਨੂੰ ਤਪੀਆਂ ਦਾ ਈਸ਼ਰ ਹੋਵੇ ਅਤੇ ਜੋਗ ਸਾਧਨਾ ਕਰਨ ਵਾਲਾ ਹੋਵੇ। ਸਾਰਿਆਂ ਤੀਰਥਾਂ 'ਤੇ ਗਵਨੁ = ਵਿਚਰਨ ਕਰਦਾ ਹੋਵੇ।

## ਖਟੁ ਕਰਮਾ ਤੇ ਦੁਗੁਣੇ; ਪੂਜਾ ਕਰਤਾ ਨਾਇ ॥

(**ਨਾਇ** ਭਾਰਾ ਬੋਲੋ)

ਖਟ = ਛੇ ਕਰਮ, ਵਿੱਦਿਆ ਪੜ੍ਹਨੀ ਤੇ ਪੜ੍ਹਾਉਣੀ, ਦਾਨ ਲੈਣਾ ਤੇ ਦੇਣਾ, ਯੱਗ ਕਰਨਾ ਤੇ ਕਰਾਉਣਾ, ਇਹਨਾਂ ਛੇ ਕਰਮਾਂ ਤੇ = ਤੋਂ ਦੁਗੁਣੇ = ਦੂਣੇ ਭਾਵ ਬਾਰਾਂ ਕਰਮ, ਛੇ ਉਪਰਲੇ ਤੇ ਛੇ ਕਰਮ ਸੰਧਿਆ, ਇਸ਼ਨਾਨ, ਤਰਪਨ, ਗਾਇਤ੍ਰੀ, ਅਥਿਤ ਪੂਜਾ, ਦੇਵ ਅਰਚਨ। ਇਹਨਾਂ ਉਪਰੋਕਤ ਬਾਰਾਂ ਕਰਮਾਂ ਨੂੰ ਨਾਇ = ਨਹਾ ਕੇ ਕਰਦਾ ਹੋਵੇ ਅਤੇ ਠਾਕੁਰਾਂ ਦਾ ਪੂਜਾ = ਪੂਜਨ ਕਰਦਾ ਹੋਵੇ। ਪਰ ਜੇ ਉਸ ਨੂੰ :

## ਰੰਗੁ ਨ ਲਗੀ ਪਾਰਬ੍ਰਹਮ; ਤਾ ਸਰਪਰ ਨਰਕੇ ਜਾਇ ॥੫॥

ਪਾਰਬ੍ਰਹਮ = ਪਰਮੇਸ਼ਰ ਦੇ ਨਾਮ ਦਾ ਚਿੱਤ ਵਿਚ ਰੰਗੁ = ਪ੍ਰੇਮ ਨਹੀਂ ਲਗੀ = ਲੱਗਿਆ ਤਾਂ ਐਨੇ ਸਾਧਨ ਕਰਕੇ ਵੀ ਉਹ ਮੁਕਤ ਨਹੀਂ ਹੋ ਸਕਦਾ। ਤਾ = ਉਹ ਸਰਪਰ = ਜ਼ਰੂਰ ਬਰ ਜ਼ਰੂਰ ਨਰਕ ਵਿਚ ਹੀ ਜਾਇ = ਜਾਵੇਗਾ। ਪਰਮੇਸ਼ਰ ਦੇ ਸਿਮਰਨ ਦੀ ਹੀ ਵਡਿਆਈ ਹੈ। ਨਾਮ ਤੋਂ ਬਗ਼ੈਰ ਕਿਸੇ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ ॥੫॥

## ਰਾਜ ਮਿਲਕ ਸਿਕਦਾਰੀਆ; ਰਸ ਭੋਗਣ ਬਿਸਥਾਰ ॥

ਜੇ ਰਾਜ = ਰਜਵਾੜਿਆਂ ਦਾ ਮਾਲਕ, ਮਿਲਕ = ਜਗੀਰਾਂ ਹੋਣ, ਸਿਕਦਾਰੀਆ = ਠਾਣੇਦਾਰ ਹੋਵੇ ਭਾਵ ਸਰਦਾਰੀਆਂ ਕਰਨ ਵਾਲਾ ਹੋਵੇ। ਅਨੇਕ ਪ੍ਰਕਾਰ ਦੇ ਰਸ ਖੱਟਾ ਮਿੱਠਾ **ਵਾ:** ੩੬ ਪ੍ਰਕਾਰ ਦੇ ਬਿਸਥਾਰ = ਫੈਲਾਅ ਪੂਰਬਕ ਰਸਾਂ ਨੂੰ ਭੋਗਣ = ਮਾਨਣ ਵਾਲਾ ਹੋਵੇ।

## ਬਾਗ ਸੁਹਾਵੇ ਸੋਹਣੇ; ਚਲੈ ਹੁਕਮੁ ਅਫਾਰ ॥

ਸੁਹਾਵੇ = ਸੋਹਣੇ ਬਾਗ = ਬਗ਼ੀਚਿਆਂ ਵਿਚ ਸੋਹਣੇ ਫੁਹਾਰਿਆਂ, ਫੁੱਲਾਂ ਵਿਚ ਆਪਣੇ ਮਕਾਨ, ਅਟਾਰੀਆਂ ਬਣਾਏ ਹੋਣ ਭਾਵ ਸ਼ੀਸ਼ ਮਹੱਲ ਆਦਿ ਬਣਾਏ ਹੋਣ, ਹੁਕਮ ਵੀ ਐਸਾ ਚਲੈ = ਚੱਲਦਾ ਹੋਵੇ, ਅਫਾਰ = ਕੋਈ ਵੀ ਨਾ ਮੋੜਦਾ ਹੋਵੇ **ਵਾ:** ਹੁਕਮ ਚੱਲਦਾ ਹੋਵੇ, ਹੰਕਾਰ ਵਿਚ ਹੀ ਆਫਰਿਆ ਹੋਵੇ।

## ਰੰਗ ਤਮਾਸੇ ਬਹੁ ਬਿਧੀ; ਚਾਇ ਲਗਿ ਰਹਿਆ ॥

ਬਹੁ = ਬਹੁਤ ਬਿਧੀ = ਬਿਧੀਆਂ ਕਰਕੇ ਰੰਗ = ਖ਼ੁਸ਼ੀ ਨਾਲ ਵੇਸਵਾ ਦੇ ਨਾਚ, ਨਟਾਂ ਦੇ ਤਮਾਸ਼ੇ ਤੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਆਦਿ ਵੇਖਣ ਦੇ ਚਾਇ = ਉਤਸ਼ਾਹ ਵਿਚ ਲਗਿ = ਲੱਗਿਆ ਰਹਿਆ = ਰਹਿੰਦਾ ਹੋਵੇ।

## ਚਿਤਿ ਨ ਆਇਓ ਪਾਰਬ੍ਰਹਮੁ; ਤਾ ਸਰਪ ਕੀ ਜੂਨਿ ਗਇਆ ॥੬॥

ਅਜਿਹੇ ਐਸ਼ੋ-ਇਸ਼ਰਤ ਕਰਨ ਵਾਲੇ ਪੁਰਖ ਨੂੰ ਜੇ ਪਾਰਬ੍ਰਹਮੁ = ਪਰਮੇਸ਼ਰ ਚਿਤਿ = ਚੇਤੇ ਨਹੀਂ ਆਇਓ = ਆਉਂਦਾ ਤਾਂ ਸਰਪ = ਸੱਪ ਕੀ = ਦੀ ਜੂਨ ਵਿਚ ਗਇਆ = ਜਾਵੇਗਾ। ਜਿਵੇਂ ਨੌਖ ਰਾਜਾ ਰਿਖੀਆਂ ਦੇ ਸਰਾਪ ਕਰਕੇ ਸਵਰਗ ਵਿੱਚੋਂ ਸੱਪ ਬਣ ਕੇ ਡਿੱਗਿਆ ਸੀ। ਇਸ ਪ੍ਰਕਾਰ ਉਹ ਸਰਪ ਸਰਪ ਕਹਿੰਦਾ ਸੀ। ਸੰਸਕ੍ਰਿਤ ਵਿਚ ਸਰਪ ਨਾਮ ਸ਼ੀਘਰ ਦਾ ਹੈ ਭਾਵ ਛੇਤੀ ਚੱਲਣਾ ਕਰੋ। ਰਿਖੀਆਂ ਨੇ ਕਿਹਾ ਕਿ ਕਾਮੀਆ, ਤੂੰ ਸਰਪ ਬਣ, ਅਸੀਂ ਕਿਉਂ ਬਣੀਏ ? ਇਸ ਕਰਕੇ ਸੱਪ ਦੀ ਜੂਨੀ ਵਿਚ ਪਿਆ ਸੀ। ਜੋ ਮਾਇਆ ਦਾ ਮੋਹ ਕਰਦਾ ਹੈ, ਉਹ ਵੀ ਸੱਪ ਦੀ ਜੂਨ ਨੂੰ ਪ੍ਰਾਪਤ ਕਰਦਾ ਹੈ ॥੬॥

## ਬਹੁਤੁ ਧਨਾਢਿ ਅਚਾਰਵੰਤੁ; ਸੋਭਾ ਨਿਰਮਲ ਰੀਤਿ ॥

ਚਾਹੇ ਬਹੁਤੁ ਧਨਾਢਿ = ਦੌਲਤਮੰਦ ਹੋਵੇ **ਵਾ:** (ਧਨ + ਆਢਿ) ਧਨ = ਧਨੀਆਂ ਦਾ ਆਢਿ = ਆਸਰਾ ਹੋਵੇ। ਸ਼ਾਹੂਕਾਰ ਹੋਵੇ, ਕਰੋੜਾਂਪਤੀ ਹੋਵੇ। ਅਚਾਰਵੰਤੁ = ਸ੍ਰੇਸ਼ਟਾਚਾਰ ਵਾਲਾ ਹੋਵੇ **ਵਾ:** ਚੰਗੇ ਅਚਾਰ ਵਾਲਾ ਹੋਵੇ, ਅਚਾਰਵੰਤੀ ਹੋਵੇ। ਨਿਰਮਲ = ਪਵਿੱਤਰ ਚੰਗੀ ਰੀਤਿ = ਮਰਯਾਦਾ ਹੋਵੇ। ਸੰਬੰਧੀਆਂ ਵਿਚ ਸੋਭਾ = ਵਡਿਆਈ ਵੀ ਹੋਵੇ।

## ਮਾਤ ਪਿਤਾ ਸੁਤ ਭਾਈਆ; ਸਾਜਨ ਸੰਗਿ ਪਰੀਤਿ ॥

ਮਾਤ = ਮਾਤਾ, ਪਿਤਾ ਸੁਤ = ਪੁੱਤਰਾਂ ਤੇ ਭਾਈਆ = ਭਰਾਵਾਂ ਅਤੇ ਪਿਆਰੇ ਸਾਜਨ = ਮਿੱਤਰਾਂ ਦੇ ਸੰਗਿ = ਨਾਲ ਪਰੀਤਿ = ਪ੍ਰੇਮ ਹੋਵੇ।

## ਲਸਕਰ ਤਰਕਸ ਬੰਦ ਬੰਦ; ਜੀਉ ਜੀਉ ਸਗਲੀ ਕੀਤ ॥

ਚਾਰ ਪ੍ਰਕਾਰ ਦੀਆਂ (ਪੈਦਲ, ਘੋੜ ਸਵਾਰ, ਹਾਥੀਆਂ ਤੇ ਰੱਥਾਂ ਵਾਲੀਆਂ) ਲਸਕਰ = ਫ਼ੌਜਾਂ ਤੀਰ ਕਮਾਨ ਤਰਕਸ = ਭੱਥੇ ਆਦਿ ਸ਼ਸਤ੍ਰਾਂ ਨੂੰ ਬੰਦ = ਬੰਨ੍ਹ ਕੇ ਬੰਦ = ਨਮਸਕਾਰਾਂ ਕਰਦੀਆਂ ਹੋਣ ਅਤੇ ਸਗਲੀ = ਸਾਰੀ ਦੁਨੀਆਂ ਜੀਉ ਜੀਉ = ਜੀ ਜੀ ਕੀਤ = ਕਰਦੀ ਹੋਵੇ ਭਾਵ ਸਭ ਸਤਿਕਾਰ ਕਰਨ ਵਾਲੇ ਹੋਣ, ਕੋਈ ਵੀ ਨਿਰਾਦਰ ਕਰਨ ਵਾਲਾ ਨਾ ਹੋਵੇ।

## ਚਿਤਿ ਨ ਆਇਓ ਪਾਰਬ੍ਰਹਮੁ; ਤਾ ਖੜਿ ਰਸਾਤਲਿ ਦੀਤ ॥੭॥

ਦੁਨੀਆਂ ਵਿਚ ਐਸੇ ਆਦਰ ਸਤਿਕਾਰ ਪ੍ਰਾਪਤ ਕਰਨ ਵਾਲੇ ਪੁਰਸ਼ ਨੂੰ ਜੇਕਰ ਪ੍ਰਾਰਬ੍ਰਹਮੁ = ਪਰਮੇਸ਼ਰ ਹਿਰਦੇ ਵਿਚ ਚਿਤਿ = ਚੇਤੇ ਨਾ ਆਇਓ = ਆਇਆ ਤਾਂ ਐਸੇ ਪੁਰਸ਼ ਨੂੰ ਰਸਾਤਲਿ = ਨਰਕ ਦੇ ਵਿਚ ਖੜਿ = ਲਿਜਾ ਕੇ ਦੀਤ = ਦਿੱਤਾ (ਮਾਝੇ ਦੀ ਬੋਲੀ ਵਿਚ ਲੈ ਜਾਣ ਨੂੰ ਖੜਨਾ ਕਹਿੰਦੇ ਹਨ) ਜਾਂਦਾ ਹੈ। ਧਰਤੀ ਦੇ ਛੇਵੇਂ ਪਾਤਾਲ ਦਾ ਨਾਮ ਰਸਾਤਲ ਹੈ ॥੭॥

## ਕਾਇਆ ਰੋਗੁ ਨ ਛਿਦ੍ਰੁ ਕਿਛੁ; ਨਾ ਕਿਛੁ ਕਾੜਾ ਸੋਗੁ ॥

ਕਾਇਆ = ਸਰੀਰ ਨੂੰ ਕਿਛੁ = ਕੋਈ ਵੀ ਰੋਗੁ = ਦੁੱਖ ਨਾ ਲੱਗਿਆ ਹੋਵੇ, ਨਾ ਕੋਈ ਛਿਦ੍ਰੁ = ਦੋਸ਼ ਲੱਗਿਆ ਹੋਵੇ, ਨਾ ਹੀ ਕਾੜਾ = ਝੋਰਾ ਤੇ ਨਾ ਹੀ ਸੋਗੁ = ਗ਼ਮ ਜਾਂ ਫ਼ਿਕਰ ਲੱਗਿਆ ਹੋਵੇ ਭਾਵ ਜ਼ਬਾਨ ਨਾ ਥਥਲਾਂ ਦੀ ਹੋਵੇ, ਕੰਨ ਨਾ ਪਾਟੇ ਹੋਣ, ਨੱਕ ਨਾ ਵੱਢਿਆ ਹੋਵੇ, ਲੱਤ ਛੋਟੀ ਵੱਡੀ ਨਾ ਹੋਵੇ, ਦੰਦ ਨਾ ਉਖੜੇ ਹੋਣ।

## ਮਿਰਤੁ ਨ ਆਵੀ ਚਿਤਿ ਤਿਸੁ; ਅਹਿਨਿਸਿ ਭੋਗੈ ਭੋਗੁ ॥

ਤਿਸ ਵੇਪ੍ਰਵਾਹ ਵਿਅਕਤੀ ਨੂੰ ਮਿਰਤਿ = ਮੌਤ ਚਿਤਿ = ਚੇਤੇ ਹੀ ਨਾ ਆਵੀ = ਆਉਂਦੀ ਹੋਵੇ ਤੇ ਅਹਿਨਿਸਿ = ਰਾਤ ਦਿਨ ਪਦਾਰਥਾਂ ਦੇ ਭੋਗਾਂ ਨੂੰ ਨਿਸ਼ੰਗ ਹੋ ਕੇ ਭੋਗੈ = ਭੋਗਦਾ ਹੋਵੇ।

## ਸਭ ਕਿਛੁ, ਕੀਤੋਨੁ ਆਪਣਾ; ਜੀਇ, ਨ ਸੰਕ ਧਰਿਆ ॥

ਜਿਸ ਨੇ ਸਭ = ਸਾਰਾ ਕਿਛੁ = ਕੁਝ ਆਪਣਾ ਹੀ ਕੀਤੋਨੁ = ਬਣਾ ਲਿਆ ਹੋਵੇ ਕਿ ਮੇਰੀ ਹੀ ਦੁਨੀਆਂ ਹੈ ਅਤੇ ਜੀਇ = ਹਿਰਦੇ ਦੇ ਵਿਚ ਕੋਈ ਵੀ ਸੰਕ = ਸ਼ੰਕਾ ਨਾ ਧਾਰਦਾ ਹੋਵੇ।

[ਅੰਗ ੭੧]

## ਚਿਤਿ ਨ ਆਇਓ ਪਾਰਬ੍ਰਹਮੁ; ਜਮਕੰਕਰ ਵਸਿ ਪਰਿਆ ॥੮॥

ਜੇਕਰ ਐਸੇ ਅਮੀਰ ਆਦਮੀ ਦੇ ਪਾਰਬ੍ਰਹਮੁ = ਪਰਮੇਸ਼ਰ ਚਿਤਿ = ਚੇਤੇ ਨਾ ਆਇਓ = ਆਇਆ ਤਾਂ ਉਹ ਜਮਕੰਕਰ = ਜਮਦੂਤਾਂ ਦੇ ਵੱਸ ਪਰਿਆ = ਪੈ ਜਾਂਦਾ ਹੈ। ਭਾਵੇਂ ਇਸ ਪ੍ਰਕਾਰ ਪਿਛਲੀਆਂ ਪਉੜੀਆਂ ਵਿਚ ਘਾਟਾ ਦੱਸਿਆ ਹੈ ਕਿ ਪਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਕਿੰਨਾ ਵੀ ਧਨੀ ਹੋਵੇ, ਕਿੱਡਾ ਵਿਦਵਾਨ ਹੋਵੇ, ਤਪੀਆ ਹੋਵੇ, ਜੋਗੀ ਹੋਵੇ, ਤੀਰਥ ਯਾਤਰੂ ਹੋਵੇ, ਬਾਗ਼ ਬਗ਼ੀਚੀ ਬਣਾਉਣ ਜਾਣਦਾ ਹੋਵੇ, ਬੜੀਆਂ

ਫ਼ੌਜਾਂ ਦਾ ਮਾਲਕ ਹੋਵੇ, ਫਿਰ ਵੀ ਉਹ ਵਾਹਿਗੁਰੂ ਦੇ ਭੁਲਣੇ ਕਰਕੇ ਨਰਕਾਂ ਵਿਚ ਜਮਾਂ ਦੇ ਵਸ ਪੈਂਦਾ ਹੈ। ਹੁਣ ਸਤਿਗੁਰੂ ਸਾਹਿਬ ਜੀ ਨੌਵੀਂ ਪਉੜੀ ਵਿਚ ਫ਼ੈਸਲਾ ਕਰਦੇ ਹੋਏ ਐਸਾ ਫ਼ੁਰਮਾਨ ਕਰਦੇ ਹਨ॥੮॥

## ਕਿਰਪਾ ਕਰੇ ਜਿਸੁ ਪਾਰਬ੍ਰਹਮੁ; ਹੋਵੈ ਸਾਧੂ ਸੰਗੁ ॥

ਜਿਨ੍ਹਾਂ ਉੱਤੇ ਪਾਰਬ੍ਰਹਮੁ = ਪਰਮੇਸ਼ਰ ਵਾਹਿਗੁਰੂ ਆਪਣੀ ਕਿਰਪਾ ਦ੍ਰਿਸ਼ਟੀ ਕਰ ਦੇਵੇ, ਉਹਨਾਂ ਨੂੰ ਸ੍ਰੇਸ਼ਟ ਮਹਾਂਪੁਰਖਾਂ ਦੀ **ਵਾ:** ਮਨ ਨੂੰ ਸਾਧਣ ਵਾਲੇ ਪੁਰਖਾਂ ਦੀ ਸੰਗਤ ਪ੍ਰਾਪਤ ਹੋਵੈ = ਹੁੰਦੀ ਹੈ। ਜਿਸ ਦੀ ਬਾਬਤ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ:

**ਗੁਰਮੁਖਿ ਸਾਧਿ ਅਸਾਧੁ ਸਾਧੁ ਵਖਾਣੀਐ।** *(ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੧੫)*

ਪਰਮੇਸ਼ਰ ਦੀ ਕਿਰਪਾ ਨਾਲ ਸਾਧੂਆਂ ਦੀ ਸੰਗਤ ਪ੍ਰਾਪਤ ਹੁੰਦੀ ਹੈ।

**ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥** *(ਅੰਗ ੭੯੪)*

## ਜਿਉ ਜਿਉ ਓਹੁ ਵਧਾਈਐ; ਤਿਉ ਤਿਉ ਹਰਿ ਸਿਉ ਰੰਗੁ ॥

ਜਿਉ ਜਿਉ = ਜਿਵੇਂ ਜਿਵੇਂ ਓਹੁ = ਉਹ ਪੁਰਸ਼ ਸਤਿਸੰਗਤ ਦੇ ਨਾਲ ਸ਼ਰਧਾ ਵਧਾਈਐ = ਵਧਾਉਣੀ ਕਰੇਗਾ, ਤਿਉ ਤਿਉ = ਤਿਵੇਂ ਤਿਵੇਂ ਉਸ ਨੂੰ ਹਰਿ = ਹਰੀ ਪਰਮੇਸ਼ਰ ਦੇ ਸਿਉ = ਨਾਲ ਰੰਗੁ = ਪ੍ਰੇਮ ਹੋ ਜਾਵੇਗਾ **ਵਾ:** ਸਤਿਸੰਗਤ ਦੇ ਫਲ ਦੀ ਪ੍ਰਾਪਤੀ ਕਰਕੇ ਅਕਾਲ ਪੁਰਖ ਦੇ ਅਨੰਦ ਸਰੂਪ ਦੀ ਪ੍ਰਾਪਤੀ ਦਾ ਰੰਗ ਚੜ੍ਹ ਜਾਵੇਗਾ।

## ਦੁਹਾ ਸਿਰਿਆ ਕਾ ਖਸਮੁ ਆਪਿ; ਅਵਰੁ ਨ ਦੂਜਾ ਥਾਉ ॥

ਦੁਹਾ ਸਿਰਿਆ = ਦੋਹਾਂ ਸਿਰੇ ਭਾਵ ਲੋਕ ਪ੍ਰਲੋਕ **ਵਾ:** ਉਤਪਤੀ ਪਰਲੌ ਅਮੀਰੀ ਗ਼ਰੀਬੀ ਆਦਿ ਸਾਰਿਆਂ ਕਾ = ਦਾ ਖਸਮੁ = ਮਾਲਕ ਪਰਮੇਸ਼ਰ ਆਪ ਹੀ ਹੈ। ਉਸ ਤੋਂ ਬਿਨਾਂ ਅਵਰੁ = ਹੋਰ ਕੋਈ ਦੂਜਾ ਥਾਉ = ਟਿਕਾਣਾ ਨਹੀਂ ਹੈ।

## ਸਤਿਗੁਰ ਤੁਠੈ ਪਾਇਆ; ਨਾਨਕ ਸਚਾ ਨਾਉ ॥੯॥੧॥੨੬॥

ਹੇ ਭਾਈ! ਜਿਨ੍ਹਾਂ ਉਪਰ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਸਾਹਿਬ ਜੀ) ਤੁਠੈ = ਪ੍ਰਸੰਨ ਹੋਏ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੇ ਸੱਚੇ ਪਰਮੇਸ਼ਰ ਦਾ ਨਾਉ = ਨਾਮ ਪ੍ਰਾਪਤ ਕੀਤਾ ਹੈ। ਉਨ੍ਹਾਂ ਨੂੰ ਹੀ ਪਰਮੇਸ਼ਰ ਦਾ ਨਾਮ ਯਾਦ ਆਉਂਦਾ ਹੈ। ਉਨ੍ਹਾਂ ਦੇ ਸਾਰੇ ਦੁੱਖ ਕਲੇਸ਼ ਮਿਟ ਜਾਂਦੇ ਹਨ॥੯॥੧॥੨੬॥

## ਸਿਰੀਰਾਗੁ ਮਹਲਾ ੫ ਘਰੁ ੫ ॥

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਘਰੁ = ਸੁਰਤਾਲ ਵਿਚ ਆਪ ਹੀ ਸਿੱਖ ਦੁਆਰਾ ਕੀਤੇ ਪ੍ਰਸ਼ਨ ਤੇ ਆਪਣੇ ਵੱਲੋਂ ਦਿੱਤੇ ਹੋਏ ਉੱਤਰ ਦਿੰਦਿਆਂ ਸ਼ਬਦ ਉਚਾਰਨ ਕਰਦੇ ਹਨ।

## ਜਾਨਉ ਨਹੀ; ਭਾਵੈ ਕਵਨ ਬਾਤਾ ॥

ਹੇ ਸਤਿਗੁਰੂ ਜੀ! ਮੈਂ ਨਹੀਂ ਜਾਨਉ = ਜਾਣਦਾ ਕਿ ਪਰਮੇਸ਼ਰ ਨੂੰ ਕਵਨੁ = ਕਿਹੜੀ ਬਾਤਾ = ਗੱਲ ਭਾਵੈ = ਚੰਗੀ ਲੱਗਦੀ ਹੈ। ਕਿਹੜੇ ਸਾਧਨ ਦੁਆਰਾ ਮੈਂ ਪਰਮੇਸ਼ਰ ਨੂੰ ਪਾ ਸਕਦਾ ਹਾਂ। ਮੈਂ ਕਿਹੜਾ ਸਾਧਨ ਕਰਾਂ। ਮੈਨੂੰ ਇਸ ਗੱਲ ਦੀ ਸੋਝੀ ਨਹੀਂ ਹੈ। ਹੇ ਗੁਰੂ ਸਾਹਿਬ ਜੀ! ਕਿਰਪਾ ਕਰਕੇ ਮੈਨੂੰ ਦੱਸਣਾ ਕਰੋ। ਅਗਲੀ ਪੰਗਤੀ ਵਿਚ ਸਤਿਗੁਰੂ ਉੱਤਰ ਦਿੰਦੇ ਹਨ:

## ਮਨ; ਖੋਜਿ ਮਾਰਗੁ ॥੧॥ਰਹਾਉ॥

ਹੇ ਭਾਈ ! ਵਾਹਿਗੁਰੂ ਦੀ ਪ੍ਰਾਪਤੀ ਦਾ ਮਾਰਗੁ = ਰਸਤਾ ਮਨ ਵਿੱਚੋਂ ਹੀ ਖੋਜਿ = ਲੱਭਣਾ ਕਰ ॥੧॥ਰਹਾਉ॥ ਜੈਸਾ ਕਿ :

**ਮਨ ਮਹਿ ਆਪਿ ਮਨ ਅਪੁਨੇ ਮਾਹਿ ॥** *(ਗਉੜੀ ਮ: ੫, ਅੰਗ ੨੭੯)*

ਕਿਉਂਕਿ ਸਾਰਿਆਂ ਦੇ ਮਨ ਵਿਚ ਪਰਮੇਸ਼ਰ ਨਿਵਾਸ ਕਰਦਾ ਹੈ। ਇਸ ਲਈ ਮਨ ਹੀ ਉਸ ਦੇ ਲੱਭਣ ਦਾ ਰਸਤਾ ਹੈ।

## ਧਿਆਨੀ; ਧਿਆਨੁ ਲਾਵਹਿ ॥

ਹੇ ਗ਼ਰੀਬ ਨਿਵਾਜ਼ ਪਾਤਸ਼ਾਹ ਜੀ ! ਜਿਹੜੇ ਧਿਆਨੀ ਲੋਕ ਧਿਆਨ ਦੀ ਪ੍ਰਕਿਰਿਆ ਦੁਆਰਾ ਤ੍ਰਾਟਕ ਸਾਧ ਕੇ ਧਿਆਨ ਨੂੰ ਲਾਵਹਿ = ਲਾਉਂਦੇ ਹਨ ਅਰਥਾਤ ਕਿਸੇ ਕਾਲੀ ਚੀਜ਼ ਨੂੰ ਨਿਰੰਤਰ ਦੇਖਦੇ ਰਹਿੰਦੇ ਹਨ, ਜਦੋਂ ਕਾਲੀ ਚੀਜ਼ ਚਿੱਟੇ ਕਾਗ਼ਜ਼ ਦੀ ਤਰ੍ਹਾਂ ਪ੍ਰਤੀਤ ਹੋਣ ਲੱਗ ਜਾਵੇ ਤਾਂ ਫਿਰ ਕੀੜੀ 'ਤੇ ਨਿਗਾਹ ਟਿਕਾਉਣ ਲੱਗ ਜਾਂਦੇ ਹਨ। ਫੁਰਨੇ ਦੀ ਸ਼ਕਤੀ ਦੁਆਰਾ ਕੀੜੀ ਨੂੰ ਹਿੱਲਣ ਤੋਂ ਰੋਕ ਦਿੰਦੇ ਹਨ। ਜਦੋਂ ਤੱਕ ਚਾਹੁਣ, ਕੀੜੀ ਹਿੱਲ ਨਹੀਂ ਸਕਦੀ। ਫਿਰ ਉਹ ਦੂਸਰੇ ਹੋਰ ਲੋਕਾਂ 'ਤੇ ਅਸਰ ਪਾਉਣ ਲੱਗ ਜਾਂਦੇ ਹਨ। ਇਸ ਤਰ੍ਹਾਂ ਆਪਣੀ ਦੇਖਣ-ਸ਼ਕਤੀ ਦੁਆਰਾ ਨਰਮ ਦਿਲ ਵਾਲੇ ਚਿੱਤ ਨੂੰ ਕਮਜ਼ੋਰ ਕਰਕੇ ਉਸ ਨੂੰ ਆਪਣੇ ਵਸ ਵਿਚ ਕਰ ਲੈਂਦੇ ਹਨ। ਉਨ੍ਹਾਂ ਨੂੰ ਜੋ ਮਨਾਉਣਾ ਚਾਹੁਣ, ਉਹ ਹੀ ਮਨਾ ਲੈਂਦੇ ਹਨ, ਕਿਉਂਕਿ ਉਨ੍ਹਾਂ ਦੀਆਂ ਅੱਖਾਂ ਵਿਚ ਇਤਨੀ ਤਾਕਤ ਆ ਜਾਂਦੀ ਹੈ। ਇਉਂ ਮਹਾਰਾਜ ਜੀ ! ਕਈ ਹੋਰ ਵੀ ਧਿਆਨੀ ਲੋਕ, ਜਿਵੇਂ ਪਤੰਜਲੀ ਲੋਕ ਹਨ, ਉਹ ਵੀ ਧਿਆਨ ਲਗਾਉਂਦੇ ਹਨ। ਪਤੰਜਲੀ ਲੋਕ ਬਿਰਤੀ ਨਿਰੋਧ ਕਰਨ ਨੂੰ ਹੀ ਧਿਆਨ ਸਮਝਦੇ ਹਨ। ਉਹ ਪ੍ਰਮਾਣ, ਵਿਪਰਜਯ, ਨਿੰਦ੍ਰਾ, ਸਿਮਰਤੀ, ਵਿਕਲਪ ਆਦਿ ਪੰਜ ਪ੍ਰਕਾਰ ਦੀਆਂ ਬਿਰਤੀਆਂ ਨੂੰ ਰੋਕ ਲੈਣ ਦੇ ਨਾਮ ਨੂੰ ਹੀ ਨਿਰੋਧ ਮੰਨਦੇ ਹਨ। ਇਸ ਤੋਂ ਇਲਾਵਾ ਪੰਜ ਪ੍ਰਕਾਰ ਦੀਆਂ ਬਿਰਤੀਆਂ ਨਿਰੋਧ ਕਰਨ ਦਾ ਨਾਮ ਯੋਗ ਵੀ ਹੈ। ਜੈਸਾ ਕਿ :

**ਜੋਗਾਸ ਚਿਤ ਬ੍ਰਿਤੀ ਨਿਰੋਧਾ:**

ਇਸ ਪ੍ਰਕਾਰ ਪਤੰਜਲੀ ਲੋਕ ਇਉਂ ਧਿਆਨ ਨੂੰ ਲਾਉਂਦੇ ਹਨ।

## ਗਿਆਨੀ; ਗਿਆਨੁ ਕਮਾਵਹਿ ॥

ਇਸ ਤਰ੍ਹਾਂ ਸ਼ਾਂਖ ਸ਼ਾਸਤਰ ਆਦਿ ਨੂੰ ਮੰਨਣ ਵਾਲੇ ਗਿਆਨੀ ਤੱਤਾਂ ਦੇ ਗਿਆਨ ਨੂੰ ਕਮਾਵਹਿ = ਕਮਾਉਣ ਵਿਚ ਹੀ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਅਨੁਸਾਰ ੨੫ ਪ੍ਰਕਿਰਤੀਆਂ ਭਾਵ ਇਕ ਇਕ ਤੱਤ ਦੀਆਂ ਪੰਜ ਪ੍ਰਕਾਰ ਦੀਆਂ ਪ੍ਰਕਿਰਿਆ ਦੀ ਵਿਚਾਰ ਕਰਨਾ ਹੀ ਗਿਆਨ ਹੈ। ਇਸ ਪ੍ਰਕਾਰ ਉਹ ਐਸੀ ਵੀਚਾਰ ਅਤੇ ਨਿਰਨੇ ਕਰਨ ਦੇ ਢੰਗ ਨੂੰ ਹੀ ਗਿਆਨ ਮੰਨੀ ਬੈਠੇ ਹਨ ਅਤੇ ਐਸਾ ਕਹਿੰਦੇ ਹਨ ਕਿ ਇਹੋ ਗਿਆਨ ਹੀ ਕਮਾਉਣਾ ਚਾਹੀਦਾ ਹੈ।

## ਪ੍ਰਭੁ; ਕਿਨਹੀ ਜਾਤਾ ॥੧॥

ਹੇ ਸਤਿਗੁਰੂ ਜੀ ! ਧਿਆਨੀਆਂ ਵਿੱਚੋਂ ਜਾਂ ਗਿਆਨੀਆਂ ਵਿੱਚੋਂ ਪ੍ਰਭੁ = ਸੁਆਮੀ ਮਾਲਕ ਨੂੰ ਕਿਨਹੀ = ਕਿਸ ਨੇ ਜਾਤਾ = ਜਾਣਿਆ ਹੈ ? ਹਜ਼ੂਰ ਕਹਿਣ ਲੱਗੇ ਕਿ ਧਿਆਨੀ ਧਿਆਨ ਲਾ ਕੇ ਪਦਾਰਥ ਹੀ ਦੇਖਦੇ ਰਹਿੰਦੇ ਹਨ ਅਤੇ ਗਿਆਨੀ ਦੁਨੀਆਂ ਦੇ ਪਦਾਰਥਾਂ ਅਤੇ ਵਿਗਿਆਨ ਵਿੱਦਿਆ ਦੁਆਰਾ ਨਿਰਨੇ ਹੀ

ਕਰਦੇ ਰਹਿੰਦੇ ਹਨ। ਇਸ ਕਰਕੇ ਵਾਹਿਗੁਰੂ ਪਰਮੇਸ਼ਰ ਨੂੰ ਨਹੀਂ ਜਾਣ ਸਕਦੇ, ਇਸ ਕਰਕੇ ਹੇ ਭਾਈ! ਗੁਰਾਂ ਦੀ ਕਿਰਪਾ ਦੁਆਰਾ ਕਿਨਹੀ = ਕਿਸੇ ਵਿਰਲੇ ਨੇ ਹੀ ਪ੍ਰਭੁ = ਪਰਮੇਸ਼ਰ ਨੂੰ ਜਾਤਾ = ਜਾਣਿਆ ਹੈ॥੧॥

## ਭਗਉਤੀ; ਰਹਤ ਜੁਗਤਾ॥

ਹੇ ਸਤਿਗੁਰੂ! ਇਕ ਭਗਉਤੀ = ਭਗਉਤੀਏ (ਰਾਸਧਾਰੀਏ) ਰਾਸ ਪਾਉਣ ਵਿਚ ਹੀ ਜੁਗਤਾ = ਜੁੜੇ ਰਹਤ = ਰਹਿੰਦੇ ਹਨ ਜਿਵੇਂ ਭਗਵਾਨ ਰਾਮ, ਕ੍ਰਿਸ਼ਨ, ਸੀਤਾ, ਲਛਮਣ, ਰਾਧਾ, ਬਲਭੱਦਰ ਆਦਿ ਦੇ ਸਵਾਂਗ ਬਣਾ ਕੇ ਰਾਸਾਂ ਪਾਉਂਦੇ ਹਨ, ਇਨ੍ਹਾਂ ਰਾਸਾਂ ਨੂੰ ਹੀ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਹਨ।

### ਭਗਉਤੀ ਸ਼ਬਦ ਦੀ ਵਿਚਾਰ :

ਨਿਰਤਕਾਰੀ ਕਰਨ ਵਾਲੇ ਰਾਸਧਾਰੀਆਂ ਦਾ ਨਾਮ ਵੀ ਭਗਉਤੀ ਹੈ। ਭਗਉਤੀ ਇਕ ਪੰਥ ਹੈ, ਜੋ ਭਗਵਤੀ ਅਤੇ ਦੇਵਤਿਆਂ ਦੇ ਉਪਾਸ਼ਕ ਹਨ ਅਤੇ ਉਨ੍ਹਾਂ ਦੇ ਆਕਾਰ ਬਣਾ ਬਣਾ ਕੇ ਨਿਰਤਕਾਰੀ ਕਰਦੇ ਹਨ। ਕੁਮੱਖਿਆ ਦੇਵੀ ਨੂੰ ਪ੍ਰਸੰਨ ਕਰਨ ਵਾਸਤੇ ਜਿਹੜੇ ਉਸ ਦੇ ਚਾਲੇ 'ਤੇ ਜਾਂਦੇ ਹਨ, ਉਹ ਵੀ ਭਗਉਤੀ ਕਹਾਉਂਦੇ ਹਨ। ਭਗਵੇ ਕੱਪੜੇ ਪਹਿਨਣ ਵਾਲਿਆਂ ਨੂੰ ਵੀ ਭਗਉਤੀਏ ਕਹਿੰਦੇ ਹਨ। ਪਾਰਵਤੀ ਦੇ ਚਰਨਾਮ੍ਰਿਤ ਲੈਣ ਵਾਲਿਆਂ ਨੂੰ ਭਗਉਤੀਏ ਕਹਿੰਦੇ ਹਨ। ਪਰੰਤੂ ਅਸਲ ਵਿਚ ਭਗਉਤੀ ਭਗਵੰਤ ਦਾ ਨਾਮ ਹੈ। ਉਹ ਭਗਵੰਤ = ਪਰਮੇਸ਼ਰ ਦੀ ਭਗਤੀ ਰੂਪੀ ਰਾਸ ਵਿਚ ਜੁੜੇ ਰਹਿਣਾ ਹੀ ਭਗਉਤੀਏ ਕਿਹਾ ਗਿਆ ਹੈ। ਭਗਉਤੀ = ਭਗਵੰਤ ਦੀ ਭਗਤੀ ਦੇ ਵਿਚ ਇਕ-ਰਸ ਜੁੜੇ ਰਹਿਣਾ ਹੀ ਭਗਉਤੀ ਹੈ; ਜੈਸਾ ਕਿ :

**ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ॥੧॥** *(ਪ੍ਰਭਾਤੀ ਮ: ੫, ਅੰਗ ੧੩੪੮)*

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਗੁਰਮਤਿ ਸੁਧਾਕਰ' ਵਿਚ ਭਗਉਤੀ ਦਾ ਅਰਥ ਭਗਵੰਤ ਕੀਤਾ ਹੈ। 'ਅਮਰ ਕੋਸ਼' ਵਾਲਿਆਂ ਨੇ ਭਗਉਤੀ ਦੇ ਚਾਰ ਅਰਥ ਕੀਤੇ ਹਨ—੧. ਭਗਵਤੀ, ੨. ਸ੍ਰੀ ਸਾਹਿਬ (ਕਿਰਪਾਨ), ੩. ਭਗਵਤੀ ਛੰਦ, ੪. ਭਗਵੰਤ ਅਤੇ ਰਾਸਧਾਰੀਆਂ ਦਾ ਨਾਮ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਭਗਉਤੀ ਦੇ ਅਰਥ ਕਰਦਿਆਂ ਭਗਉਤੀ ਨਾਮ ਅਕਾਲ ਪੁਰਖ ਦੀ ਸ਼ਕਤੀ ਵਰਣਨ ਕੀਤਾ ਹੈ, ਜੈਸਾ ਕਿ :

**ਪ੍ਰਿਥਮ ਭਗਉਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥**

ਪ੍ਰਿਥਮ = ਪਹਿਲਾਂ ਭਗਉਤੀ = ਭਗਵੰਤ ਪਰਮੇਸ਼ਰ ਦਾ ਨਾਮ ਸਿਮਰਿ ਕੈ = ਯਾਦ ਕਰਕੇ ਫੇਰ ਗੁਰੂ ਨਾਨਕ ਦੇਵ ਜੀ ਨੂੰ ਧਿਆ ਲੈਣਾ ਕਰੋ। ਇਉਂ ਇਥੇ ਭਗਉਤੀ ਅਕਾਲ ਪੁਰਖ ਦਾ ਵਾਚਕ ਨਾਮ ਹੈ। ਭਗਉਤੀ ਜੋ ਇਸਤਰੀ-ਲਿੰਗ ਕਰਕੇ ਕਿਹਾ ਗਿਆ ਹੈ, ਉਸ ਨੂੰ ਪੁਲਿੰਗ ਕਰਕੇ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਅੰਗਾਂ ਤੋਂ ਰਹਿਤ ਹੈ। ਇਸ ਲਈ ਚੇਤਨ ਸੱਤਾ ਦਾ ਵਰਣਨ ਇਸਤਰੀ-ਲਿੰਗ ਵਿਚ ਕੀਤਾ ਜਾਂਦਾ ਹੈ ਅਤੇ ਅਕਾਲ ਪੁਰਖ ਆਦਿ ਪੁਲਿੰਗ ਸ਼ਬਦਾਂ ਵਿਚ ਵਰਤਿਆ ਜਾਂਦਾ ਹੈ। ਉਹ ਲਿੰਗ ਪੁਲਿੰਗ ਤੋਂ ਪਰ੍ਹੇ ਹੈ ਪਰੰਤੂ ਇਨ੍ਹਾਂ ਸ਼ਬਦਾਂ ਦੁਆਰਾ ਉਸ ਦੀ ਸ਼ਕਤੀ ਦਾ ਹੀ ਵਰਣਨ ਕੀਤਾ ਗਿਆ ਹੈ। ਜੈਸਾ ਕਿ :

**ਲਈ ਭਗਉਤੀ ਦੁਰਗਸ਼ਾਹ ਵਰ ਜਾਗਨ ਭਾਰੀ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੨੭)*

ਇਸ ਜਗ੍ਹਾ 'ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਗਉਤੀ ਦਾ ਅਰਥ ਸ੍ਰੀ ਸਾਹਿਬ (ਕਿਰਪਾਨ) ਕੀਤਾ ਹੈ ਕਿ ਦੁਰਗਸ਼ਾਹ = ਦੁਰਗਾ ਨੇ ਸ੍ਰੀ ਸਾਹਿਬ (ਕਿਰਪਾਨ) ਹੱਥ ਵਿਚ ਪਕੜੀ। ਇਸ ਪ੍ਰਕਾਰ ਭਗਉਤੀ ਨਾਮ ਕਿਰਪਾਨ ਦਾ ਵੀ ਹੈ। ਜੈਸਾ ਕਿ :

**ਸ੍ਰੀ ਭਗਉਤੀ ਜੀ ਸਹਾਇ॥**

ਇਹ ਕਿਰਪਾਨ ਦਾ ਵਾਚਕ ਹੈ ਭਾਵ ਕਿਰਪਾਨ ਦੀ ਸਹਾਇਤਾ।

**ਵਾਰ ਸ੍ਰੀ ਭਗਉਤੀ ਜੀ ਕੀ॥**

ਇਥੇ ਭਗਉਤੀ = ਚੰਡੀ ਦਾ ਨਾਮ ਹੈ।

## ਜੋਗੀ, ਕਹਤ; ਮੁਕਤਾ॥

ਜੋਗੀ ਕਹਤ = ਕਹਿੰਦੇ ਹਨ ਕਿ ਅਸੀਂ ਮੁਕਤਾ = ਮੁਕਤ ਹੋਏ ਹਾਂ। ਜੋਗ ਸਾਧਨਾਂ ਦੁਆਰਾ ਦਸਵੇਂ ਦੁਆਰ ਥਾਈਂ ਪ੍ਰਾਣ ਛੱਡ ਕੇ ਬ੍ਰਹਮ ਲੋਕ ਵਿਚ ਜਾ ਰਹਿਣਾ। ਉਹ ਇਸ ਸਾਧਨ ਨੂੰ ਹੀ ਮੁਕਤੀ ਮੰਨੀ ਬੈਠੇ ਹਨ।

## ਤਪਸੀ; ਤਪਹਿ ਰਾਤਾ॥੨॥

ਤਪਸੀ = ਤਪੱਸਵੀ ਲੋਕ ਤਪਹਿ = ਧੂਣੀਆਂ ਤਪਾਉਣਾ, ਵਰਤ ਰੱਖਣੇ, ਜਲਧਾਰੇ ਕਰਨੇ, ਮੀਂਹ ਆਦਿ ਸਹਾਰਦੇ ਹੋਏ ਇਸ ਤਰ੍ਹਾਂ ਦੇ ਤਪ ਵਿਚ ਰਾਤਾ = ਰੰਗੇ ਹੋਏ ਰਾਜਸੀ, ਤਾਮਸੀ ਅਤੇ ਸਾਂਤਕੀ ਆਦਿ ਸੁਭਾਵਾਂ ਵਿਚ ਮਗਨ ਰਹਿੰਦੇ ਹਨ॥੨॥

## ਮੋਨੀ; ਮੋਨਿਧਾਰੀ॥

ਮੋਨੀ = ਨਾ ਬੋਲਣ ਵਾਲੇ, ਮੋਨਿਧਾਰੀ = ਜਿਨ੍ਹਾਂ ਨੇ ਸਦਾ ਲਈ ਚੁੱਪ ਧਾਰਨ ਕੀਤੀ ਹੋਈ ਹੈ। ਉਨ੍ਹਾਂ ਦਾ ਐਸਾ ਮੱਤ ਹੈ ਕਿ ਬਾਰਾਂ ਸਾਲ ਮੋਨ ਰੱਖੀਏ ਤੇ ਉਸ ਤੋਂ ਬਾਅਦ ਜੋ ਮੂੰਹੋਂ ਬੋਲੀਏ, ਉਹ ਪੂਰਾ ਹੋ ਜਾਂਦਾ ਹੈ। ਇਸ ਪ੍ਰਕਾਰ ਜੋ ਮੋਨੀ ਲੋਕ ਹਨ, ਉਹ ਮੋਨ ਨੂੰ ਹੀ ਧਾਰੀ ਰੱਖਦੇ ਹਨ। ਉਹ ਮੋਨ ਧਾਰਨ ਕਰਨ ਨੂੰ ਹੀ ਜੀਵਨ-ਮੁਕਤੀ ਦਾ ਸਾਧਨ ਮੰਨਦੇ ਹਨ, ਜਦੋਂ ਕਿ ਅਸਲ ਮੋਨ ਇਸ ਤੋਂ ਵਿਪਰੀਤ ਹੈ। ਕੇਵਲ ਚੁੱਪ ਕਰਨਾ ਹੀ ਮੋਨ ਨਹੀਂ ਹੈ। ਮੋਨ ਕੀ ਹੈ ? ਇਸ ਦੀ ਪ੍ਰੀਭਾਸ਼ਾ ਇਸ ਤਰ੍ਹਾਂ ਹੈ। ਮੋਨ ਚਾਰ ਪ੍ਰਕਾਰ ਦਾ ਮੰਨਿਆ ਗਿਆ ਹੈ :

੧. ਕਾਸ਼ਟ ਮੋਨ : ਕਾਸ਼ਟ = ਲੱਕੜ ਵਾਂਗ ਕਠੋਰ ਹਠ ਰੱਖ ਕੇ ਕਿਸੇ ਨਾਲ ਗੱਲ ਨਾ ਕਰਨੀ, ਜਿਵੇਂ ਕਈ ਮੋਨੀ ਸ਼ਿਲੇ ਕੱਟਣ ਲਈ ਕਰਦੇ ਹਨ।

੨. ਗੁੰਗ ਮੋਨ : ਜਮਾਂਦਰੂ ਹੀ ਬੋਲਣ ਦੀ ਸ਼ਕਤੀ ਨਾ ਮਿਲਣੀ।

੩. ਜੜ੍ਹ ਮੋਨ : ਕਿਸੇ ਦੇ ਕਹੇ ਹੋਏ ਬਚਨ ਸੁਣ ਕੇ ਚੁੱਪ ਕਰ ਜਾਣਾ। ਫਿਰ ਅੱਗੋਂ ਗੱਲ ਨਾ ਆਉਣੀ।

੪. ਗਿਆਨ ਮੋਨ : ਸਾਰੇ ਸੰਕਲਪ ਖ਼ਤਮ ਹੋ ਜਾਣੇ ਅਤੇ ਸਾਰਿਆਂ ਵਿਚ ਪਰਮਾਤਮਾ ਦੀ ਪਰੀਪੂਰਨ ਸੱਤਾ ਜਾਣ ਕੇ ਮੋਨ ਧਾਰ ਲੈਣਾ ਹੀ ਗਿਆਨ ਹੈ। ਇਹ ਮੋਨ ਹੀ ਪਰਮੇਸ਼ਰ ਦੀ ਦਰਗਾਹ ਵਿਚ ਪ੍ਰਵਾਨੀਕ ਹੈ। ਜੀਵਨ-ਮੁਕਤੀ ਦਾ ਹਿਤੂ ਹੈ। ਇਸ ਤੋਂ ਬਿਨਾਂ ਬਾਕੀ ਤਿੰਨ ਮੋਨ ਪਰਮੇਸ਼ਰ ਦੀ ਪ੍ਰਾਪਤੀ ਲਈ ਪ੍ਰਮਾਣਿਤ ਨਹੀਂ ਹਨ। ਇਸ ਪ੍ਰਕਾਰ ਮੋਨੀ ਮੋਨ ਨੂੰ ਹੀ ਧਾਰੀ ਰੱਖਦੇ ਹਨ; ਜੈਸਾ ਕਿ :

**ਯਹ ਮੈਂ ਮਮ ਯਹਿ ਨਾਹਿ ਮਮ, ਸਬ ਬਿਕਲਪ ਭਏ ਛੀਨ॥**
**ਪਰਮਾਤਮ ਪੂਰਨ ਸਕਲ ਜਾਨ ਮੌਨਤਾ ਲੀਨ॥** *(ਵਿਚਾਰਮਾਲਾ, ਅਧਿ: ੧)*

## ਸਨਿਆਸੀ; ਬ੍ਰਹਮਚਾਰੀ॥

ਸਨਿਆਸੀ ਸੰਨਿਆਸ ਨੂੰ ਬ੍ਰਹਮਕਾਰੀ ਬ੍ਰਹਮਚਰਜ ਨੂੰ ਹੀ ਪਰਮੇਸ਼ਰ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਹਨ ਅਰਥਾਤ ਸਨਿਆਸੀ = ਸਾਰੀਆਂ ਆਸਾਂ ਤੋਂ ਸੁੰਨ ਹੋ ਜਾਣਾ। ਹਜ਼ੂਰ ਨੇ ਸੰਨਿਆਸ ਦੇ ਲੱਖਣ ਕੀਤੇ ਹਨ, ਜੈਸਾ ਕਿ :

**ਰੇ ਮਨ ਐਸੋ ਕਰ ਸੰਨਿਆਸਾ ॥**
**ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥ਰਹਾਉ॥**
**ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ ॥**
**ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥** *(ਰਾਮਕਲੀ ਪਾ: ੧੦, ਸ੍ਰੀ ਦਸਮ ਗ੍ਰੰਥ, ਪੰਨਾ ੭੦੯)*

ਐਸਾ ਸੰਨਿਆਸੀ ਹੋਣਾ ਪ੍ਰਵਾਨੀਕ ਹੈ, ਜੋ ਦੱਤਾ ਤ੍ਰੈ ਦੇ ਆਸਰੇ ਲੈਣ ਵਾਲੇ ਗਿਰੀ, ਪੁਰੀ, ਪਾਰਬਤੀ, ਭਾਰਥੀ ਆਦਿ ਦਸ ਨਾਮ ਸੰਨਿਆਸੀਆਂ ਦੇ ਹਨ। ਦੱਤਾ ਤ੍ਰੈ ਨੇ ਜਿਨ੍ਹਾਂ ਜਿਨ੍ਹਾਂ ਥਾਵਾਂ ’ਤੇ ਜਾ ਕੇ ਚੇਲੇ ਬਣਾਏ, ਉਹ ਉਨ੍ਹਾਂ ਥਾਵਾਂ ਦੇ ਨਾਮ ਨਾਲ ਹੀ ਸੰਨਿਆਸੀ ਪ੍ਰਸਿੱਧ ਹੋਏ। ਜਿਹੜੇ ਭਾਰਥ ਵਿਚ ਜਾ ਕੇ ਬਣਾਏ, ਉਹ ਭਾਰਥੀ ਬਣੇ। ਜੋ ਆਸ਼ਰਮਾਂ ਵਿਚ ਬਣਾਏ, ਉਹ ਆਸ਼ਰਮੀ ਹੋਏ। ਜਿਹੜੇ ਨਗਰਾਂ, ਪੁਰੀਆਂ ਵਿਚ ਬਣਾਏ, ਉਹ ਪੁਰੀਏ ਹੋਏ। ਜਿਹੜੇ ਪਹਾੜਾਂ ਵਿਚ ਬਣਾਏ, ਉਹ ਗਿਰੀ ਹੋਏ। ਇਉਂ ਦਸ ਨਾਮ ਸੰਨਿਆਸੀਆਂ ਦੇ ਹਨ। ਗਿਰੀ ਕਹਿੰਦੇ ਹਨ ਕਿ ਅਸੀਂ ਚੰਗੇ ਹਾਂ, ਪੁਰੀ ਵਾਲੇ ਕਹਿੰਦੇ ਹਨ ਕਿ ਅਸੀਂ ਚੰਗੇ ਹਾਂ। ਸਾਰੇ ਆਪਣੇ ਆਪਣੇ ਪੰਥ ਨੂੰ ਚੰਗੇ ਕਹਿੰਦੇ ਹਨ, ਪਰੰਤੂ ਅਸਲ ਵਿਚ ਜਿਨ੍ਹਾਂ ਦੀਆਂ ਆਸੀ = ਆਸਾਂ, ਸਨ = ਸੁੰਨ ਹੋ ਗਈਆਂ ਹਨ, ਉਹ ਹੀ ਅਸਲੀ ਸੰਨਿਆਸੀ ਹਨ। ਬ੍ਰਹਮਚਾਰੀ = ਜੱਤ ਰੱਖਣਾ, ਗ੍ਰਿਹਸਤ ਆਸ਼ਰਮ ਨੂੰ ਅੰਗੀਕਾਰ ਨਾ ਕਰਨਾ, ਬਲਕਿ ੨੫ ਸਾਲ ਵਿੱਦਿਆ ਪੜ੍ਹਨ ਵਿਚ ਹੀ ਲਾ ਦੇਵੇ। ਇਸ ਤਰ੍ਹਾਂ ਸਮਾਂ ਬਤੀਤ ਕਰਨਾ, ਜਿਸ ਦੇ ਪ੍ਰਥਾਏ ਗੁਰੂ ਬਾਬਾ ਜੀ ਇਸ ਤਰ੍ਹਾਂ ਕਥਨ ਕਰਦੇ ਹਨ; ਜੈਸਾ ਕਿ :

**ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥** *(ਰਾਮਕਲੀ ਮ: ੧, ਅੰਗ ੯੦੩)*

## ਉਦਾਸੀ; ਉਦਾਸਿ ਰਾਤਾ ॥੩॥

ਉਦਾਸੀ ਉਦਾਸਿ = ਉਪਰਾਮ ਰਹਿਣ ਵਿਚ ਹੀ ਰਾਤਾ = ਰੰਗੇ ਰਹਿੰਦੇ ਹਨ। ਕਈ ਇਹ ਕਹਿੰਦੇ ਹਨ ਕਿ ਅਸੀਂ ਬਾਬਾ ਸ੍ਰੀ ਚੰਦ ਜੀ ਨੂੰ ਨਹੀਂ ਮੰਨਦੇ। ਅਸੀਂ ਸਨਕ ਸਨੰਦਨ ਤੋਂ ਪੈਦਾ ਹੋਏ ਹਾਂ। ਉਹ ਇਸ ਅਵਸਥਾ ਵਿਚ ਹੀ ਰਹਿਣਾ ਪਸੰਦ ਕਰਦੇ ਹਨ ਅਤੇ ਨਾਲ ਇਸ ਤੁਕ ਨੂੰ ਪੜ੍ਹ ਲੈਂਦੇ ਹਨ ਕਿ ‘ਸਿਵ ਸਨਕਾਦਕ ਭਏ ਉਦਾਸੀ’। ਪਰੰਤੂ ਉਦਾਸੀਨ ਭੇਖ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਚੱਲਿਆ ਹੈ। ਗੁਰੂ ਨਾਨਕ ਬਾਬਾ ਜੀ ਨੇ ਚਾਰ ਉਦਾਸੀਆਂ ਧਾਰਨ ਕੀਤੀਆਂ। ਉਦਾਸੀ ਨਾਮ ਉਪਰਾਮਤਾ ਦਾ ਹੈ। ਫਿਰ ਗੁਰੂ ਨਾਨਕ ਪਾਤਸ਼ਾਹ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਨੇ ਆਪਣੇ ਪਿਤਾ ਗੁਰੂ ਨਾਨਕ ਸਾਹਿਬ ਜੀ ਤੋਂ ਉਪਰਾਮਤਾ ਦਾ ਗੁਣ ਧਾਰਨ ਕੀਤਾ ਅਤੇ ਬਾਬਾ ਸ੍ਰੀ ਚੰਦ ਤੋਂ ਛੇਵੇਂ ਪਾਤਸ਼ਾਹ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਤੇ ਬਾਬਾ ਗੁਰਦਿੱਤਾ ਜੀ ਤੋਂ ਅੱਗੇ ਉਨ੍ਹਾਂ ਦੇ ਚਾਰ ਸ਼ਿਸ਼ ਬਾਲੂ ਹਸਨਾ ਜੀ, ਗੋਇੰਦ ਜੀ, ਫੂਲ ਜੀ ਅਤੇ ਅਲਮਸਤ ਜੀ। ਇਨ੍ਹਾਂ ਦੇ ਅੱਗੇ ਸਤਿਗੁਰਾਂ ਤੋਂ ਬਖ਼ਸ਼ਿਸ਼ਾਂ ਲੈ ਕੇ ਦਸ ਨਾਮ ਉਦਾਸੀ ਹੋਏ॥੩॥ ਜੈਸਾ ਕਿ :

**ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥** *(ਅੰਗ ੯੫੨)*

## ਭਗਤਿ; ਨਵੈ ਪ੍ਰਕਾਰਾ ॥

ਭਗਤਿ = ਭਗਤੀ ਕਰਨ ਵਾਲੇ ਰੱਬ ਦੇ ਪਿਆਰੇ ਨਵੈ = ਨੌਂ ਪ੍ਰਕਾਰਾ = ਤਰ੍ਹਾਂ ਦੇ ਕਹੇ ਹਨ।

ਨੌਂ ਪ੍ਰਕਾਰ ਦੇ ਭਗਤਾਂ ਦੀ ਗਿਣਤੀ ਇਸ ਪ੍ਰਕਾਰ ਹੈ—੧. ਗਿਆਨੀ, ੨. ਧਿਆਨੀ, ੩. ਮੋਨੀ, ੪. ਤਪਸੀ, ੫. ਸੰਨਿਆਸੀ, ੬. ਉਦਾਸੀ, ੭. ਜੋਗੀ, ੮. ਭਗਉਤੀ, ੯. ਬ੍ਰਹਮਚਾਰੀ।

***ਨੋਟ :*** ਇਹ ਪਾਠ ‘ਨਵੈ ਪਰਕਾਰਾ’ ਹੀ ਕਰਨਾ ਹੈ ਪਰੰਤੂ ਦੂਜੇ ਅਰਥ ਲਈ ਪਾਠ ‘ਨ’ ਅਤੇ ‘ਵੈ’ ਅਲੱਗ ਅਲੱਗ ਕਰਨੇ ਹਨ। (ਭਗਤਿ ਨ ਵੈ ਪ੍ਰਕਾਰਾ) ਵੈ = ਉਸ ਪਰਮੇਸ਼ਰ ਦੀ ਪਾਖੰਡ ਕੀਤਿਆਂ ਭਗਤਿ = ਭਗਤੀ ਨ = ਨਹੀਂ ਹੋ ਸਕਦੀ। ਪ੍ਰੇਮ ਦੁਆਰਾ ਹੀ ਹੋ ਸਕਦੀ ਹੈ। ਸ਼ਾਸਤਰਾਂ ਵਿਚ ਭਗਤੀ ਅਤੇ ਭਗਤ ਨੌਂ ਨੌਂ ਪ੍ਰਕਾਰ ਦੇ ਲਿਖੇ ਹਨ, ਜੈਸਾ ਕਿ :

| ਨੌਂ ਪ੍ਰਕਾਰ ਦੀ ਭਗਤੀ | ਭਗਤੀ ਕਰਨ ਵਾਲਿਆਂ ਦੇ ਨਾਮ |
|---|---|
| ੧. ਸ੍ਵਨ ਭਗਤੀ | ਰਾਜੇ ਪ੍ਰੀਛਤ ਨੇ ਕੀਤੀ |
| ੨. ਕੀਰਤਨ ਭਗਤੀ | ਸੁਖਦੇਵ ਮੁਨੀ ਨੇ ਕੀਤੀ |
| ੩. ਸਿਮਰਨ ਭਗਤੀ | ਪ੍ਰਹਿਲਾਦ ਭਗਤ ਨੇ ਕੀਤੀ |
| ੪. ਪਾਦਸੇਵਨ ਭਗਤੀ | ਲੱਛਮੀ ਨੇ ਕੀਤੀ |
| ੫. ਅਰਚਨ ਭਗਤੀ | ਪ੍ਰਿਥੂ ਰਾਜੇ ਨੇ ਕੀਤੀ |
| ੬. ਬੰਦਨ ਭਗਤੀ | ਅਕ੍ਰੂਰ ਨੇ ਕੀਤੀ |
| ੭. ਸਖਾ ਭਗਤੀ | ਅਰਜੁਨ ਨੇ ਕੀਤੀ |
| ੮. ਦਾਸਾ ਭਗਤੀ | ਹਨੂੰਮਾਨ ਨੇ ਕੀਤੀ |
| ੯. ਆਤਮ ਨਿਵੇਦਨ ਭਗਤੀ | ਬਲ ਰਾਜੇ ਨੇ ਕੀਤੀ |

ਇਸ ਤੋਂ ਇਲਾਵਾ ਗੁਰਮਤਿ ਅਨੁਸਾਰ ਨੌਂ ਪ੍ਰਕਾਰ ਦੀ ਭਗਤੀ ਇਸ ਪ੍ਰਕਾਰ ਹੈ, ਜਿਸ ਨੂੰ 'ਸ੍ਰੀ ਗੁਰਮੁਖ ਪ੍ਰਕਾਸ਼' ਵਿਚ ਮਹਾਂਪੁਰਖਾਂ ਨੇ ਐਸਾ ਲਿਖਿਆ ਹੈ :

**ਸਤਿ ਸੰਗਤਿ ਕੀ ਸੇਵਾ ਕਰਨੀ। ਮਿਲ ਸੰਗਤਿ ਮੇਂ ਉਮਰ ਗੁਜਰਨੀ।**
**ਦੂਜੀ ਇਤਿਹਾਸ ਹਰੀ ਗੁਰ ਸੁਣੀਏ। ਮਨ ਏਕਾਗਰ ਰਾਖੋ ਗੁਨੀਏ ॥੨੩੩॥**
**ਸਤਿਗੁਰ ਧਿਆਨ ਰਿਦੇ ਮੇਂ ਧਾਰੈ। ਪਦ ਅਰਬਿੰਦ ਮਨ ਭੌਰ ਵਿਚਾਰੈ।**
**ਚੌਥੀ ਪ੍ਰੇਮ ਸਹਿਤ ਗੁਨ ਗਾਵਨ। ਗਾਵਤ ਪੁਲਕਾਵਲ ਤਨ ਆਵਨ ॥੨੩੪॥**
**ਮਨ ਸਮ ਕਰ ਦਮ ਇੰਦ੍ਰੇ ਕੀਨੇ। ਸੁਰਗ ਚਾਹ ਕੇ ਕਰਮ ਤਜੀਨੇ।**
**ਪਰ ਕੇ ਦੋਖ ਨ ਮਨ ਮੇਂ ਧਾਰੈ। ਹਾਣ ਲਾਭ ਜਗ ਸਮਤਾ ਵਾਰੈ ॥੨੩੫॥**
**ਛਲ ਬਿਨ ਰਹੈ ਹਰਖ ਤਜ ਸੋਕਾ। ਸਤਵੀਂ ਬਿਧ ਭਗਤੀ ਹਰਿ ਲੋਕਾ।**
**ਨਿਹਚਾ ਪੱਕਾ ਰਾਖੈ ਸਦਹੀ। ਸ੍ਰੀ ਕਰਤਾਰ ਵਲੋਂ ਡੋਲ ਨ ਕਦਹੀ ॥੨੩੬॥**
**ਵਾਹਿਗੁਰੂ ਰੂਪ ਸਭੈ ਕੋ ਜਾਨੈ। ਬਿਆਪਕ ਸਭ ਕੇ ਬੀਚ ਪਛਾਨੈ।**
**ਭਗਤਿ ਕਰਤ ਮਾਯਾ ਨਹਿ ਮੋਹੈ। ਹਰਿ ਕੇ ਰੰਗ ਰਚਿਯੋ ਮਨ ਸੋਹੈ ॥੨੩੭॥**
**ਇਹ ਨਵ ਬਿਧ ਕੀ ਭਗਤਿ ਬਖਾਨੀ। ਇਸ ਧਾਰੇ ਉਧਰੈ ਸੋ ਪ੍ਰਾਨੀ।**
**ਕੁਲਾਂ ਸਹਿਤ ਭਵ ਸਾਗਰ ਤਰੈ। ਸੰਗ ਸੰਮੂਹ ਪ੍ਰੇਮੀ ਉਧਰੈ ॥੨੩੮॥**

*(ਸ੍ਰੀ ਗੁਰਮੁਖ ਪ੍ਰਕਾਸ਼, ਪੰਨਾ ੪੮੬-੮੭)*

ਇਸ ਪ੍ਰਕਾਰ ਸ਼ਾਸਤਰਾਂ ਅਤੇ ਹੋਰ ਗ੍ਰੰਥਾਂ ਵਿਚ ਵੀ ਨੌਂ ਪ੍ਰਕਾਰ ਦੀ ਹੀ ਭਗਤੀ ਮੰਨੀ ਹੈ।

## ਪੰਡਿਤੁ; ਵੇਦੁ ਪੁਕਾਰਾ ॥

ਪੰਡਿਤੁ = ਪੰਡਿਤ ਵੇਦਾਂ ਦੇ ਪੁਕਾਰਨ ਭਾਵ ਪੜ੍ਹਨ ਲੱਗੇ ਰਹਿੰਦੇ ਹਨ। ਜਿਵੇਂ ਯਾਗਵਲਕ ਰਿਖੀ ਵੇਦਾਂ ਦਾ ਹੀ ਪਾਠ ਕਰਦਾ ਰਹਿੰਦਾ ਸੀ। ਨਾਰਦ ਮੁਨੀ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਹੇ ਰਿਖੀ! ਕਿੰਨਾ ਚਿਰ ਵੇਦ ਪੜ੍ਹੀ ਜਾਵੇਂਗਾ ? ਜਦੋਂ ਬੁੱਢਾ ਹੋ ਗਿਆ ਤਾਂ ਕਫ ਨਾਲ ਗਲਾ ਰੁਕ ਜਾਵੇਗਾ, ਉਦੋਂ ਕਿਵੇਂ ਪੜ੍ਹੇਂਗਾ ? ਉਸ ਨੇ ਕਿਹਾ ਕਿ ਦਵਾਈਆਂ ਖਾ ਖਾ ਕੇ ਫਿਰ ਵੀ ਕੰਠ ਸਾਫ਼ ਰੱਖਾਂਗਾ। ਇਉਂ ਯਾਗਵਲਕ ਰਿਖੀ ਦੇ ਮਨ ਵਿਚ ਪੜ੍ਹਨ ਦਾ ਹੀ ਖ਼ਿਆਲ ਸੀ ਕਿ ਮੈਂ ਵੇਦਾਂ ਦਾ ਪਾਠ ਹੀ ਕਰਦਾ ਰਹਾਂ। ਇਉਂ ਪੰਡਿਤ ਵੇਦਾਂ ਦੇ ਪੁਕਾਰਨ ਵਿਚ ਲੱਗੇ ਰਹਿੰਦੇ ਹਨ।

## ਗਿਰਸਤੀ; ਗਿਰਸਤਿ ਧਰਮਾਤਾ ॥੪॥

(**ਗਿ-ਰਸਤੀ** ਬੋਲੋ)

ਗਿਰਸਤੀ = ਘਰਾਂ ਵਿਚ ਰਹਿਣ ਵਾਲੇ ਗਿਰਸਤਿ = ਗ੍ਰਿਹਸਤਪੁਣੇ ਦੇ ਧਰਮਾਤਾ = ਧਰਮ ਨੂੰ ਹੀ ਵੱਡਾ ਮੰਨੀ ਬੈਠੇ ਹਨ ਕਿ ਅਸੀਂ ਸਾਰਿਆਂ ਤੋਂ ਵੱਡੇ ਹਾਂ। ਸਾਡੇ ਵਰਗਾ ਕੋਈ ਨਹੀਂ ਹੈ। ਅਰਥਾਤ ਜਿਹੜੇ ਗ੍ਰਿਹਸਤੀ ਨਿਮਰਤਾ ਭਾਵ ਵਿਚ ਪਰਮਾਤਮਾ ਦੀ ਯਾਦ ਵਿਚ ਜੁੜੇ ਹਨ, ਉਹ ਤਾਂ ਪ੍ਰਵਾਨੀਕ ਹਨ, ਕਿਉਂਕਿ ਸਾਰੇ ਭੇਖਾਂ ਦਾ ਮੁੱਢ ਗ੍ਰਿਹਸਤ ਮੰਨਿਆ ਹੈ ਪਰੰਤੂ ਜੇਕਰ ਉਹ ਗ੍ਰਿਹਸਤੀਪੁਣੇ ਦਾ ਹੰਕਾਰ ਕਰਨ, ਗ੍ਰਿਹਸਤ ਧਰਮ ਦੀ ਮਸਤੀ ਵਿਚ ਇਹ ਸੋਚਣ ਕਿ ਅਸੀਂ ਸਭ ਤੋਂ ਵੱਡੇ ਹਾਂ। ਅਸੀਂ ਹੀ ਸਾਰੇ ਵਰਨਾਂ ਦੀ ਪਾਲਣਾ ਕਰਦੇ ਹਾਂ ਤਾਂ ਐਸਾ ਗ੍ਰਿਹਸਤੀ ਵੀ ਪਰਮੇਸ਼ਰ ਦੇ ਦਰ 'ਤੇ ਪ੍ਰਵਾਨ ਨਹੀਂ ਹੈ। ਇਹ ਠੀਕ ਹੈ ਕਿ ਗ੍ਰਿਹਸਤ ਨੂੰ ਪ੍ਰਧਾਨ ਮੰਨਿਆ ਹੈ ਪਰ ਨਾਲ ਇਹ ਵੀ ਸਪੱਸ਼ਟ ਹੈ ਕਿ ਭੈ-ਭਾਵਨੀ ਵਾਲਾ ਗ੍ਰਿਹਸਤੀ ਹੀ ਪ੍ਰਵਾਨ ਹੈ ॥੪॥

## ਇਕ ਸਬਦੀ; ਬਹੁਰੂਪਿ ਅਵਧੂਤਾ ॥

ਇਕ ਸਬਦੀ = ਬ੍ਰਹਮ ਦਾ ਇਕ ਅਲੱਖ ਹੋ ਅੱਖਰ ਨਾਲ ਉਚਾਰਨ ਕਰਕੇ ਭਿੱਖਸ਼ਾ ਮੰਗਣੀ, ਉਹ ਇਕ ਸ਼ਬਦੀ ਭੇਖ ਹੈ। ਦੂਸਰਾ ਇਕ ਵਾਰੀ ਅਲੱਖ ਹੋ, ਕਹਿ ਕੇ ਭੀਖ ਮੰਗਣੀ ਜੇ ਘਰ ਵਾਲਿਆਂ ਨੇ ਇਕ ਸ਼ਬਦ ਸੁਣ ਕੇ ਭਿਖਿਆ ਨਹੀਂ ਪਾਈ ਤਾਂ ਦੂਸਰੀ ਵਾਰ ਅਲੱਖ ਹੋ ਸ਼ਬਦ ਬੋਲਦੇ ਨਹੀਂ ਸੀ। ਇਸ ਕਰਕੇ ਵੀ ਇਹਨਾ ਦੀ ਇਕ ਸ਼ਬਦੀ ਸੰਗਿਆ ਹੈ। ਦੂਜੇ ਇਕ ਸਬਦੀ = ਵਿਆਕਰਨੀਏ, ਜਿਨ੍ਹਾਂ ਦਾ ਇਹ ਮੱਤ ਹੈ ਕਿ ਸ਼ਬਦ ਦੀ ਸ਼ੁੱਧੀ-ਅਸ਼ੁੱਧੀ ਬਿਨਾਂ ਗਿਆਨ ਨਹੀਂ ਹੁੰਦਾ, ਉਹ ਵਿਆਕਰਨ ਵਿਚ ਹੀ ਫਸੇ ਹੋਏ ਹਨ। ਤੀਜੇ ਇਕ ਸਬਦੀ = ਵੇਦਾਂਤੀ ਜਨ ਹਨ, ਜਿਨ੍ਹਾਂ ਦਾ ਮੱਤ ਵੇਦਾਂਤਵਾਕ ਦਾ ਸੰਬੰਧ ਸਰਵਣਾਂ ਦੇ ਨਾਲ ਹੋਣ ਤੋਂ ਉਸ ਵੇਲੇ ਪੁਰਸ਼ ਨੂੰ ਗਿਆਨ ਹੋ ਜਾਂਦਾ ਹੈ। ਵੇਦਾਂਤਵਾਕ ਦੇ ਸਰਵਣ ਨੂੰ ਹੀ ਮੁਕਤੀ ਦਾ ਸਾਧਨ ਮੰਨਦੇ ਹਨ। ਇਉਂ ਇਕ ਸਬਦੀ = ਵਿਆਕਰਨੀਏ ਅਤੇ ਵੇਦਾਂਤੀ ਲੋਕ ਹਨ। ਇਸ ਤੋਂ ਇਲਾਵਾ ਬਹੁ ਰੂਪਿ = ਬਹੁਰੂਪੀਏ ਭਾਵ ਵੱਖਰੇ ਵੱਖਰੇ ਰੂਪ ਬਣਾਉਣ ਵਾਲੇ ਅਵਧੂਤਾ = ਨਗਨ ਰਹਿਣ ਵਾਲੇ ਜੋ ਕਪੀਨ ਤੱਕ ਵੀ ਨਹੀਂ ਰੱਖਦੇ, ਸੰਖੀਏ ਆਦਿ ਖਾ ਕੇ ਠੰਡ ਆਦਿ ਤੋਂ ਬਚਦੇ ਹਨ। ਇਸ ਤਰ੍ਹਾਂ ਬਹੁਤੇ ਰੂਪ ਬਣਾਉਣ ਵਾਲੇ ਅਤੇ ਨਗਨਪੁਣੇ ਵਿਚ ਭਾਵ ਅਵਧੂਤਪੁਣੇ ਵਿਚ ਮਸਤ ਹੋਏ ਬੈਠੇ ਹਨ।

## ਕਾਪੜੀ; ਕਉਤੇ ਜਾਗੂਤਾ ॥

ਕਾਪੜੀ = ਇਹ ਕਾਪੜੀਆ ਭੇਖ ਹੈ। ਇਹ ਸਾਰੇ ਸਰੀਰ ਉੱਤੇ ਕੱਪੜੇ ਪਹਿਨਦੇ ਅਤੇ ਇਸ ਤੋਂ ਇਲਾਵਾ ਪੈਰਾਂ ਵਿਚ ਜੁਰਾਬਾਂ, ਹੱਥਾਂ ਵਿਚ ਦਸਤਾਨੇ, ਅੱਖਾਂ ਅੱਗੇ ਗੁਬਾਰੇ ਆਦਿ ਭਾਵ ਸਾਰੇ ਸਰੀਰ ਨੂੰ ਕੱਪੜਿਆਂ ਨਾਲ ਢੱਕ ਕੇ ਰੱਖਦੇ ਹਨ। ਕੇਦਾਰ ਨਾਥ ਜਿਥੇ ਸ਼ਿਵ ਜੀ ਭਸਮਾਸੁਰ ਦੈਂਤ ਤੋਂ ਡਰਦਾ ਹੋਇਆ ਝੋਟਾ ਬਣ ਕੇ ਨਿਕਲਿਆ ਸੀ, ਉਸ ਥਾਂ ਜਾ ਕੇ ਸ਼ਿਵ ਜੀ ਦੀ ਉਪਾਸਨਾ ਕਰਦੇ ਹਨ। ਇਹ ਆਪਣੇ ਆਪ ਨੂੰ ਕਾਪੜੀ ਭੇਖ ਵਾਲੇ ਕਹਾਉਂਦੇ ਹਨ। ਕਾਪੜੀ ਭੇਖ ਵਾਲੇ ਆਪਣੇ ਭੇਖ ਵਿਚ ਹੀ ਪ੍ਰਾਪਤੀ ਦਾ ਸਾਧਨ ਮੰਨਦੇ ਹਨ। ਕਉਤੇ = ਗਵੱਈਏ ਜਾਂ ਕਵਿਤਾ ਬਣਾਉਣ ਵਾਲੇ ਭਾਵ ਕਲਉਤ। ਕਈ ਕਲਉਤ ਕਹਿੰਦੇ ਹਨ ਕਿ ਸਾਡੇ ਵਰਗੀ ਆਵਾਜ਼ ਕਿਸੇ ਦੀ ਨਹੀਂ ਹੈ। ਕਲਉਤਾਂ ਦੇ ਬੱਚੇ ਆਪਣੇ ਆਪ ਨੂੰ ਮੁਕਤ ਸਮਝਦੇ ਹਨ। ਜਾਗੂਤਾ = ਜਾਗਰਾ ਭਾਵ ਜਗਰਾਤਾ। ਕਈ ਰਾਤ ਨੂੰ ਜਗਰਾਤਾ ਕਰਨ ਨੂੰ ਹੀ ਪ੍ਰਾਪਤੀ ਦਾ ਸਾਧਨ ਮੰਨੀ ਬੈਠੇ ਹਨ ਕਿ ਅਸੀਂ ਜਾਗ ਕੇ ਹੀ ਮੁਕਤ ਹੋ ਜਾਵਾਂਗੇ। ਅਗਰ ਜਾਗਣਾ ਹੀ ਮੁਕਤੀ ਦਾ ਹਿਤੂ ਹੈ ਤਾਂ ਚੋਰ ਅਤੇ ਯਾਰ ਬਹੁਤ ਜਾਗਦੇ ਹਨ। ਅਸਲੀਅਤ ਇਹ ਹੈ ਕਿ ਭਜਨ ਤੋਂ ਬਿਨਾਂ ਮੁਕਤੀ ਨਹੀਂ ਹੋਵੇਗੀ।

## ਇਕਿ; ਤੀਰਥਿ ਨਾਤਾ ॥੫॥

(**ਨਾਤਾ** ਭਾਰਾ ਬੋਲੋ)

ਇਕ ਤੀਰਥਿ ਨਾਤਾ = ਇਸ਼ਨਾਨ ਕਰਨ ਨੂੰ ਹੀ ਪਵਿੱਤਰ ਸਮਝਦੇ ਹਨ, ਜੇਕਰ ਤੀਰਥਾਂ ’ਤੇ ਨਹਾਉਣ ਨਾਲ ਪਵਿੱਤਰਤਾ ਮਿਲਦੀ ਹੋਵੇ ਤਾਂ; ਜੈਸਾ ਕਿ :

**ਮਿਲੈ ਜਿ ਤੀਰਥਿ ਨਾਤਿਆ ਡਡਾਂ ਜਲ ਵਾਸੀ।** *(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੯)*

ਫਿਰ ਤਾਂ ਡੱਡਾਂ ਵੀ ਮੁਕਤ ਹਨ ਜੋ ਜਲ ਵਿਚ ਹੀ ਰਹਿੰਦੀਆਂ ਹਨ, ਪਰੰਤੂ ਮਨ ਦੀ ਸਫ਼ਾਈ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ॥੫॥

## ਨਿਰਹਾਰ ਵਰਤੀ; ਆਪਰਸਾ ॥

(**ਆ-ਪੱਰਸਾ** ਬੋਲੋ)

ਨਿਰਹਾਰ = ਅਹਾਰ ਭਾਵ ਬਿਨਾਂ ਅੰਨ ਤੋਂ ਰਹਿਣ ਵਾਲੇ। ਵਰਤੀ = ਵਰਤ ਰੱਖਣ ਵਾਲੇ, ਜੋ ਇਕਾਦਸ਼ੀ ਦੇ ੨੪-੨੪ ਵਰਤ ਰੱਖਦੇ ਹਨ। ਆਪਰਸਾ = ਸਪਰਸ਼ ਨਾ ਕਰਨਾ। ਇਸ ਤਰ੍ਹਾਂ ਬਾਣਪ੍ਰਸਤੀ ਉਜਾੜਾਂ ਵਿਚ ਰਹਿੰਦੇ ਹਨ ਕਿ ਸਾਡੇ ਉੱਤੇ ਕਿਸੇ ਦਾ ਪਰਛਾਵਾਂ ਵੀ ਨਾ ਪੈ ਜਾਵੇ।

## ਇਕਿ ਲੂਕਿ; ਨ ਦੇਵਹਿ ਦਰਸਾ ॥

ਇਕ ਭੋਰਿਆਂ ਅਤੇ ਗੁਫ਼ਾਵਾਂ ਵਿਚ ਲੂਕਿ = ਛਿਪ ਕੇ ਰਹਿੰਦੇ ਹਨ। ਕਿਸੇ ਨੂੰ ਵੀ ਦਰਸਾ = ਦਰਸ਼ਨ ਨ = ਨਹੀਂ ਦੇਣਾ ਚਾਹੁੰਦੇ। ਪਰੰਤੂ ਮਗਰੋਂ ਪੂਜਾ ਕਰਵਾਉਣ ਵੇਲੇ ਬਾਹਰ ਬੈਠ ਜਾਂਦੇ ਹਨ। ਜਿਵੇਂ ਕਿ ਸਹੁ ਸੁਹਾਗਣ, ਜੋ ਕਿ ਉਹ ਵੀ ਐਸਾ ਹੀ ਪਾਖੰਡ ਰਚਦਾ ਸੀ, ਜਿਸ ਦੇ ਪਾਖੰਡ ਦੇ ਪਾਜ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਧੇੜਨਾ ਕੀਤਾ ਅਤੇ ਜਾਣੂ ਕਰਵਾਇਆ ਕਿ ਇਨ੍ਹਾਂ ਸਾਧਨਾਂ ਨਾਲ ਮੁਕਤੀ ਨਹੀਂ ਹੋਣੀ।

## ਇਕਿ; ਮਨ ਹੀ ਗਿਆਤਾ ॥੬॥

ਇਕ ਮਨ ਵਿਚ ਹੀ ਗਿਆਤਾ = ਗਿਆਨਵਾਨ ਬਣੇ ਬੈਠੇ ਹਨ। ਉਹ ਕਹਿੰਦੇ ਹਨ ਕਿ ਅਸੀਂ ਕਥਾ ਦਾ ਸਾਰਾ ਸਿਧਾਂਤ ਸਮਝ ਲਿਆ ਹੈ। ਇਉਂ ਮਨ ਦੇ ਗਿਆਤੇ ਬਣੇ ਬੈਠੇ ਹਨ॥੬॥

## ਘਾਟਿ ਨ; ਕਿਨਹੀ ਕਹਾਇਆ ॥

ਹੇ ਸਤਿਗੁਰੂ ਜੀ! ਉਪਰੋਕਤ ਕਥਨ ਕੀਤੇ ਹੋਇਆਂ ਵਿੱਚੋਂ ਕਿਨਹੀ = ਕਿਸੇ ਨੇ ਵੀ ਆਪਣੇ ਆਪ ਨੂੰ ਘਾਟਿ = ਘੱਟ ਨ = ਨਹੀਂ ਕਹਾਇਆ।

## ਸਭ ਕਹਤੇ ਹੈ; ਪਾਇਆ ॥

ਸਭ = ਸਾਰੇ ਕਹਤੇ = ਆਖਦੇ ਹਨ ਕਿ ਅਸੀਂ ਬ੍ਰਹਮ ਨੂੰ ਪਾ ਲਿਆ ਹੈ। ਜਿਵੇਂ ਪਟਨਾ ਸਾਹਿਬ ਕਿਸੇ ਨੇ ਅੰਨ ਛੱਡ ਦਿੱਤਾ। ਉਸ ਨੂੰ ਪੁੱਛਿਆ ਕਿ ਅੰਨ ਛੱਡਣ ਦਾ ਕੀ ਕਾਰਨ ਹੈ? ਉਹ ਕਹਿਣ ਲੱਗਿਆ ਕਿ ਮੈਂ ਪਰਮੇਸ਼ਰ ਨੂੰ ਪਾ ਕੇ ਅੰਨ ਛੱਡਿਆ ਹੈ। ਇਹੋ ਜਿਹੇ ਬਚਨ ਪਾਖੰਡ ਰੂਪ ਹਨ। ਜਿਹੜੇ ਇਸ ਤਰ੍ਹਾਂ ਦੇ ਬਚਨ ਕਹਿੰਦੇ ਹਨ ਕਿ ਅਸੀਂ ਪਰਮੇਸ਼ਰ ਨੂੰ ਪਾ ਲਿਆ ਹੈ, ਉਨ੍ਹਾਂ ਦਾ ਕਹਿਣਾ ਝੂਠਾ ਹੈ। ਪਰਮੇਸ਼ਰ ਨੂੰ ਪਾਉਣ ਵਾਲਾ ਐਸਾ ਨਹੀਂ ਕਹਿੰਦਾ, ਬਲਕਿ ਗੁਪਤ ਰੱਖਦਾ ਹੈ। ਜੈਸਾ ਕਿ :

**ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥** *(ਟੋਡੀ ਬਾਣੀ ਭਗਤਾਂ ਕੀ, ਅੰਗ ੭੧੮)*

***ਪ੍ਰਸ਼ਨ :*** *ਹੇ ਸਤਿਗੁਰੂ ! ਪਰਮੇਸ਼ਰ ਨੂੰ ਪ੍ਰਾਪਤ ਕਰਨ ਵਾਲਾ ਅਸਲੀ ਭਗਤ ਕਿਹੜਾ ਹੈ ?*
***ਗੁਰ ਉੱਤਰ :***

## ਜਿਸੁ ਮੇਲੇ; ਸੋ ਭਗਤਾ ॥੭॥

ਜਿਸ ਨੂੰ ਪਰਮੇਸ਼ਰ ਗੁਰਾਂ ਦੁਆਰਾ ਆਪਣੇ ਨਾਲ ਮੇਲੇ = ਮੇਲ ਲਵੇ। ਸੋ = ਉਹੋ ਹੀ ਪਰਮੇਸ਼ਰ ਨੂੰ ਪਾਉਣ ਵਾਲਾ ਅਸਲੀ ਭਗਤਾ = ਭਗਤ ਹੈ ॥੭॥

## ਸਗਲ; ਉਕਤਿ ਉਪਾਵਾ ॥

ਜਿਹੜੀਆਂ ਸਗਲ = ਸਾਰੀਆਂ ਕਥਨ ਦੀਆਂ ਉਕਤਿ = ਜੁਗਤੀਆਂ ਅਤੇ ਸਾਧਨਾਂ ਦੇ ਉਪਾਵਾ = ਯਤਨ ਹਨ, ਉਹ ਸਭ ਚਤੁਰਾਈਆਂ ਹਨ। ਹੇ ਸਤਿਗੁਰੂ ਜੀ ! ਮੈਂ ਪਰਮੇਸ਼ਰ ਦੀ ਪ੍ਰਾਪਤੀ ਲਈ ਕਿਹੜਾ ਯਤਨ ਕਰਾਂ ?

***ਗੁਰ ਉੱਤਰ :***

## ਤਿਆਗੀ; ਸਰਨਿ ਪਾਵਾ ॥

ਹੇ ਭਾਈ ! ਜੋ ਮਾਇਆ ਦੇ ਤਿਆਗੀ, ਹੰਗਤਾ ਦੇ ਤਿਆਗੀ, ਨਿਰਬਿਕਾਰ ਬ੍ਰਹਮਨੇਸ਼ਟੀ, ਬ੍ਰਹਮਸਰੋਤਰੀ, ਬ੍ਰਹਮਸਰੂਪ ਸਤਿਗੁਰੂ ਸੱਚੇ ਪਾਤਸ਼ਾਹ ਹਨ, ਐਸੇ ਗੁਰੂ ਦੀ ਸ਼ਰਨ ਪਾਵਾ = ਪੈਣਾ ਕਰ, ਜਿਥੇ ਜਾ ਕੇ ਮਾਇਆ ਅਤੇ ਹੰਗਤਾ ਦਾ ਤਿਆਗ ਹੋ ਜਾਂਦਾ ਹੈ।

## ਨਾਨਕੁ; ਗੁਰ ਚਰਣਿ ਪਰਾਤਾ ॥੮॥੨॥੨੭॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਹੇ ਭਾਈ ! ਉਸ ਵਾਹਿਗੁਰੂ ਦੀ ਪ੍ਰਾਪਤੀ ਲਈ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਚਰਨਾਂ ਨੂੰ ਪਰਾਤਾ = ਪ੍ਰਾਪਤ ਕਰ। ਜਿਸ ਨਾਲ ਪਰ = ਵਿਸ਼ੇਸ਼ ਕਰਕੇ ਰਾਤਾ = ਤਦਾਕਾਰ ਭਾਵ ਜੁੜਨਾ ਕਰ, ਇਹੋ ਹੀ ਉਸ ਦੀ ਪ੍ਰਾਪਤੀ ਦਾ ਸ੍ਰੇਸ਼ਟ ਯਤਨ ਹੈ। ਇਸ ਤੋਂ ਬਿਨਾਂ ਪਰਮੇਸ਼ਰ ਦੇ ਮਿਲਣ ਦਾ ਹੋਰ ਕੋਈ ਉਪਾਅ ਨਹੀਂ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਿੱਖਾ ! ਅਸੀਂ ਇਸ ਤਰੀਕੇ ਨਾਲ ਗੁਰੂ ਦੇ ਚਰਨ ਵਿਚ ਵਾਹਿਗੁਰੂ ਨੂੰ ਪਰਾਤਾ = ਪ੍ਰਾਪਤ ਕੀਤਾ ਹੈ ਅਤੇ ਇਸੇ ਤਰੀਕੇ ਨਾਲ ਤੂੰ ਵੀ ਗੁਰੂ ਸਾਹਿਬ ਦੇ ਚਰਨਾਂ ਦੁਆਰਾ ਵਾਹਿਗੁਰੂ ਪਰਮੇਸ਼ਰ ਨੂੰ ਪਰਾਤਾ = ਪ੍ਰਾਪਤ ਕਰ ॥੮॥੨॥੨੭॥

### ਦੂਸਰਾ ਅਰਥ

ਜਗਿਆਸੂ ਮਹਾਤਮਾ ਦੇ ਸੰਵਾਦ ਦੁਆਰਾ ਕਥਨ ਕਰਦੇ ਹਨ :

**ਜਾਨਉ ਨਹੀ; ਭਾਵੈ ਕਵਨ ਬਾਤਾ ॥ ਮਨ; ਖੋਜਿ ਮਾਰਗੁ ॥੧॥ਰਹਾਉ॥**

ਅੰਨਵੇਂ ਰੀਤੀ ਅਨੁਸਾਰ ਅਰਥ : ਹੇ ਮਹਾਤਮਾ ਜੀ ! ਮੈਂ ਆਪਣੇ ਮਨ ਵਿਚ ਬਹੁਤ ਸਾਰੇ ਮਾਰਗੁ = ਰਸਤੇ ਖੋਜਿ = ਖੋਜੇ ਹਨ, ਪਰ ਮੈਂ ਇਹ ਨਹੀਂ ਜਾਨਉ = ਜਾਣਦਾ ਕਿ ਹਰੀ ਨੂੰ ਕਵਨ = ਕਿਹੜੀ ਬਾਤਾ = ਗੱਲ ਭਾਵੈ = ਭਾਉਂਦੀ ਹੈ ? ॥੧॥ਰਹਾਉ॥

***ਪ੍ਰਸ਼ਨ :*** *ਹੇ ਜਗਿਆਸੂ ! ਤੂੰ ਕਿਹੜੇ ਕਿਹੜੇ ਰਸਤੇ ਖੋਜੇ ਹਨ ?*
***ਉੱਤਰ :***

**ਧਿਆਨੀ; ਧਿਆਨੁ ਲਾਵਹਿ ॥ ਗਿਆਨੀ; ਗਿਆਨੁ ਕਮਾਵਹਿ ॥**

ਧਿਆਨੀ = ਧਿਆਨ ਲਾਉਣ ਵਾਲੇ ਕਹਿੰਦੇ ਹਨ ਕਿ ਧਿਆਨ ਲਾਵਹਿ = ਲਾਉਣ ਵਿਚ ਹੀ ਹਰੀ ਪਰਮੇਸ਼ਰ ਪ੍ਰਾਪਤ ਹੁੰਦਾ ਹੈ। ਗਿਆਨੀ ਗਿਆਨ ਕਮਾਉਣ ਵਿਚ ਲੱਗੇ ਹੋਏ ਹਨ।

**ਪ੍ਰਭੁ; ਕਿਨਹੀ ਜਾਤਾ ॥੧॥**

ਪ੍ਰਭੁ = ਪਰਮੇਸ਼ਰ ਨੂੰ ਕਿਨ = ਕਿਸੇ ਨੇ ਹੀ ਜਾਤਾ = ਜਾਣਿਆ ਹੈ। (***ਨੋਟ :*** ਇਸ ਪੰਗਤੀ ਦਾ ਅਰਥ ਅੰਨਵੇਂ ਕਰਕੇ ਅਖ਼ੀਰ 'ਤੇ ਲਾਉਣਾ ਹੈ।)॥੧॥

**ਭਗਉਤੀ; ਰਹਤ ਜੁਗਤਾ ॥ ਜੋਗੀ, ਕਹਤ; ਮੁਕਤਾ ॥ ਤਪਸੀ; ਤਪਹਿ ਰਾਤਾ ॥੨॥**

ਭਗਉਤੀ = ਰਾਸਧਾਰੀਏ ਰਾਸ ਦੀ ਹੀ ਜੁਗਤਾ = ਜੁਗਤੀ ਵਿਚ ਰਹਿੰਦੇ ਹਨ। ਜੋਗੀ ਕਹਤ = ਕਹਿੰਦੇ ਹਨ ਕਿ ਅਸੀਂ ਹੀ ਮੁਕਤ ਹਾਂ। ਤਪਸੀ = ਤਪੱਸਵੀ ਲੋਕ ਤਪਹਿ = ਤਪ ਦੇ ਵਿਚ ਹੀ ਰਾਤਾ = ਰੱਤੇ ਹੋਏ ਹਨ ॥੨॥

**ਮੋਨੀ; ਮੋਨਿਧਾਰੀ ॥ ਸਨਿਆਸੀ; ਬ੍ਰਹਮਚਾਰੀ ॥ ਉਦਾਸੀ; ਉਦਾਸਿ ਰਾਤਾ ॥੩॥**

ਮੋਨੀ ਮੋਨ ਧਾਰਨ ਵਿਚ ਹੀ ਰੱਤੇ ਹੋਏ ਹਨ। ਸੰਨਿਆਸੀ ਸੰਨਿਆਸ ਪੁਣੇ ਵਿਚ ਅਤੇ ਬ੍ਰਹਮਚਾਰੀ ਬ੍ਰਹਮਚਰਜ ਪੁਣੇ ਵਿਚ ਰੱਤੇ ਹੋਏ ਹਨ, ਉਦਾਸੀ ਉਦਾਸ ਪੁਣੇ ਵਿਚ ਰਾਤਾ = ਰੱਤੇ ਹੋਏ ਹਨ, ਭਾਵ ਉਹ ਕਹਿੰਦੇ ਹਨ ਕਿ ਉਪਰਾਮ ਰਹਿਣ ਨਾਲ ਹੀ ਪਰਮੇਸ਼ਰ ਪ੍ਰਾਪਤ ਹੋ ਜਾਂਦਾ ਹੈ ॥੩॥

**ਭਗਤਿ; ਨਵੈ ਪ੍ਰਕਾਰਾ ॥ ਪੰਡਿਤੁ; ਵੇਦੁ ਪੁਕਾਰਾ ॥ ਗਿਰਸਤੀ; ਗਿਰਸਤਿ ਧਰਮਾਤਾ ॥੪॥**

ਭਗਤ ਜਨ ਨਵੈ = ਨੌਂ ਪਰਕਾਰਾ = ਪ੍ਰਕਾਰ ਦੀ ਭਗਤਿ = ਭਗਤੀ ਵਿਚ ਹੀ ਰੱਤੇ ਹੋਏ ਹਨ। ਪੰਡਿਤ ਵੇਦਾਂ ਨੂੰ ਪੁਕਾਰਨ ਵਿਚ ਲੱਗੇ ਹੋਏ ਹਨ। ਗਿਰਸਤੀ = ਗ੍ਰਿਹਸਥੀ ਗ੍ਰਿਹਸਤ ਧਰਮਾਤਾ = ਧਰਮ ਵਿਚ ਮਸਤ ਹੋਏ ਰਹਿੰਦੇ ਹਨ ॥੪॥

**ਇਕ ਸਬਦੀ; ਬਹੁਰੂਪਿ ਅਵਧੂਤਾ ॥ ਕਾਪੜੀ; ਕਉਤੇ ਜਾਗੂਤਾ ॥ ਇਕਿ; ਤੀਰਥਿ ਨਾਤਾ ॥੫॥**

ਇਕ ਸਬਦੀ = ਅਲੱਖ ਨੂੰ ਜਗਾਉਣ ਵਾਲੇ ਅਲੱਖ ਜਗਾਉਣ ਵਿਚ, ਬਹੁਰੂਪਿ = ਬਹਿਰੂਪੀਏ ਬਹੁਤੇ ਰੂਪਾਂ ਵਿਚ ਅਤੇ ਅਵਧੂਤਾ = ਵਿਰਕਤ ਸਾਧੂ ਵਿਰੱਕਤਪੁਣੇ ਵਿਚ ਮਸਤ ਰਹਿੰਦੇ ਹਨ। ਕਾਪੜੀ = ਕੱਪੜੇ ਰੱਖਣ ਵਾਲੇ, ਕਾਪੜੀ ਭੇਖ ਵਾਲੇ ਆਪਣੇ ਭੇਖ ਵਿਚ ਤੇ ਕਉਤੇ = ਕਵਿਤਾ ਰਚਣ ਵਾਲੇ ਆਪਣੀ ਕਵਿਤਾ ਵਿਚ ਅਤੇ ਜਾਗੂਤਾ = ਜਾਗਣ ਵਾਲੇ ਜਾਗਣ ਵਿਚ ਹੀ ਮਸਤ ਰਹਿੰਦੇ ਹਨ।

ਇਕ ਤੀਰਥਾਂ 'ਤੇ ਨਾਤਾ = ਨਹਾਉਣ ਵਾਲੇ ਭਾਵ ਤੀਰਥ ਦੇ ਇਸ਼ਨਾਨ ਕਰਨ ਨਾਲ ਹੀ ਪਰਮੇਸ਼ਰ ਦੀ ਪ੍ਰਾਪਤੀ ਮੰਨਦੇ ਹਨ ॥੫॥

**ਨਿਰਹਾਰ ਵਰਤੀ; ਆਪਰਸਾ ॥ ਇਕਿ ਲੂਕਿ; ਨ ਦੇਵਹਿ ਦਰਸਾ ॥ ਇਕਿ; ਮਨ ਹੀ ਗਿਆਤਾ ॥੬॥**

ਨਿਰਹਾਰ = ਭੋਜਨ ਤੋਂ ਰਹਿਤ ਭਾਵ ਅਹਾਰ ਦੇ ਤਿਆਗੀ ਪੁਰਖ, ਭੋਜਨ ਦੇ ਨਾ ਖਾਣ ਵਿਚ, ਵਰਤ ਰੱਖਣ ਵਾਲੇ ਵਰਤ ਵਿਚ, ਦੂਸਰੇ ਨੂੰ ਆਪਣੇ ਨਾਲ ਆਪਰਸਾ = ਨਾ ਛੂਹਣ ਦੇਣ ਵਾਲੇ ਅਸਪਰਸਤਾ ਵਿਚ ਮਸਤ ਹੋਏ ਰਹਿੰਦੇ ਹਨ। ਇਕ ਪਰਬਤਾਂ ਦੀਆਂ ਗੁਫ਼ਾਵਾਂ ਵਿਚ ਲੂਕਿ = ਲੁਕੇ ਰਹਿੰਦੇ ਹਨ, ਜੋ ਕਿਸੇ ਨੂੰ ਦਰਸਾ = ਦਰਸ਼ਨ ਭੀ ਨ = ਨਹੀਂ ਦੇਵਹਿ = ਦਿੰਦੇ।

ਇਕ ਆਪਣੇ ਮਨ ਦੇ ਵਿਚ ਹੀ ਤਿੰਨੇ ਲੋਕਾਂ ਦੇ ਗਿਆਤਾ = ਜਾਨਣ ਵਾਲੇ ਬਣੇ ਫਿਰਦੇ ਹਨ। ਇਸੇ ਵਿਚ ਹੀ ਪਰਮੇਸ਼ਰ ਦੀ ਪ੍ਰਾਪਤੀ ਮੰਨਦੇ ਹਨ ॥੬॥

**ਘਾਟਿ ਨ; ਕਿਨਹੀ ਕਹਾਇਆ ॥ ਸਭ ਕਹਤੇ ਹੈ; ਪਾਇਆ ॥**

ਇਉਂ ਕਿਸੇ ਨੇ ਭੀ ਆਪਣੇ ਆਪ ਨੂੰ ਘਾਟਿ = ਘੱਟ ਨਹੀਂ ਕਹਾਉਣਾ ਕੀਤਾ। ਸਭ = ਸਾਰੇ

ਕਹਤੇ = ਆਖਦੇ ਹਨ ਕਿ ਅਸੀਂ ਪਰਮੇਸ਼ਰ ਨੂੰ ਆਪਣੇ ਯਤਨਾਂ ਨਾਲ ਹੀ ਪਾਇਆ = ਪਾਉਣਾ ਕੀਤਾ ਹੈ। ਤਾਂ ਮਹਾਤਮਾ ਕਹਿਣ ਲੱਗੇ ਕਿ :

**...ਭਗਤਿ ਨ ਵੈ ਪ੍ਰਕਾਰਾ ॥**

ਹੇ ਭਾਈ ! ਵੈ = ਉਸ ਪ੍ਰਕਾਰ ਦੀ ਭਗਤਿ = ਭਗਤੀ ਕਰਨ ਨਾਲ ਪਰਮੇਸ਼ਰ ਨੂੰ ਨਹੀਂ ਪਾਇਆ ਜਾਂਦਾ।

**...ਪ੍ਰਭੁ ਕਿਨਹੀ ਜਾਤਾ ॥੧॥**

ਪ੍ਰਭੁ = ਪਰਮੇਸ਼ਰ ਨੂੰ ਕਿਨ = ਕਿਸੇ ਕਿਸੇ ਨੇ ਹੀ ਜਾਤਾ = ਜਾਣਿਆ ਹੈ ?

***ਪ੍ਰਸ਼ਨ :*** *ਕਿਸ ਨੇ ਜਾਣਿਆ ਹੈ ?*

***ਉੱਤਰ :***

**ਸਗਲ; ਉਕਤਿ ਉਪਾਵਾ ॥ ਤਿਆਗੀ; ਸਰਨਿ ਪਾਵਾ ॥**

ਜਿਸ ਨੇ ਸਗਲ = ਸਾਰੀਆਂ ਉਕਤੀਆਂ ਜੁਗਤੀਆਂ ਤੇ ਸੰਸਾਰਕ ਉਪਾਵਾ = ਯਤਨ ਤਿਆਗੀ = ਛੱਡ ਕੇ ਆਪਣੇ ਆਪ ਨੂੰ ਗੁਰਾਂ ਦੀ ਸਰਨਿ = ਓਟ ਵਿਚ ਪਾਵਾ = ਪਾਉਣਾ ਕੀਤਾ ਹੈ।

**ਨਾਨਕੁ; ਗੁਰ ਚਰਣਿ ਪਰਾਤਾ ॥੮॥੨॥੨੭॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਨੇ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਪੈ ਕੇ ਪਰਮੇਸ਼ਰ ਨੂੰ ਪਰਾਤਾ = ਪਛਾਣਿਆ ਹੈ ॥੮॥੨॥੨੭॥

**ਜਿਸੁ ਮੇਲੇ; ਸੋ ਭਗਤਾ ॥੭॥**

ਇਉਂ ਜਿਸ ਨੂੰ ਪਰਮੇਸ਼ਰ ਆਪਣੇ ਨਾਲ ਮੇਲ ਲੈਂਦਾ ਹੈ, ਸੋ = ਉਹੋ ਹੀ ਪਰਮੇਸ਼ਰ ਦੀ ਪ੍ਰੇਮਾ-ਭਗਤੀ ਕਰਨ ਵਾਲਾ ਅਸਲੀ ਭਗਤ ਹੈ ॥੭॥

# ੧ੴ ਸਤਿਗੁਰ ਪ੍ਰਸਾਦਿ ॥
# ਸਿਰੀਰਾਗੁ ਮਹਲਾ ੧ ਘਰੁ ੩ ॥

**ਉਥਾਨਕਾ :** ਜਾਗਦੀ ਜੋਤ, ਗ਼ਰੀਬ ਨਿਵਾਜ਼ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਬਾਰ ਦੇਸ਼ ਵਿਚ ਭਾਈ ਬਾਲਾ ਤੇ ਭਾਈ ਮਰਦਾਨਾ ਜੀ ਦੇ ਨਾਲ ਵਿਚਰ ਰਹੇ ਸਨ। ਬਾਰ ਦੇਸ਼ ਦੇ ਇਲਾਕੇ ਵਿਚ ਵਿਚਰਦਿਆਂ ਹੋਇਆਂ ਗੁਰੂ ਸਾਹਿਬ ਜੀ ਇਕ ਜਗ੍ਹਾ 'ਤੇ ਬਿਰਾਜਮਾਨ ਸਨ। ਗੁਰੂ ਸਾਹਿਬ ਜੀ ਦੇ ਸਨਮੁਖ ਸਿੱਖ ਸੰਗਤਾਂ ਬੈਠੀਆਂ ਸਨ। ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਅੱਗੇ ਇਕ ਥਾਂ 'ਤੇ ਲੁੱਡੀ ਪੈ ਰਹੀ ਹੈ, ਜਿਵੇਂ ਨੱਚਣ ਟੱਪਣ ਵਾਲੇ ਲੁੱਡੀ ਪਾਉਂਦੇ ਹਨ। ਜੇ ਆਪ ਜੀ ਦੀ ਆਗਿਆ ਹੋਵੇ, ਅਸੀਂ ਵੀ ਵੇਖ ਆਈਏ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਭਾਈ ! ਉਥੇ ਜਾ ਕੇ ਤੁਸੀਂ ਕੀ ਵੇਖਣਾ ਹੈ ? ਉਥੇ ਤਾਂ ਦੁਨਿਆਵੀ ਰੰਗ ਢੰਗ ਦਾ ਮਨ-ਪਰਚਾਵਾ ਹੈ। ਅਸੀਂ ਤੁਹਾਨੂੰ ਉਹ ਲੁੱਡੀ ਵਿਖਾਉਂਦੇ ਹਾਂ ਜੋ ਕਰਤਾਰ ਵੱਲੋਂ ਪੈ ਰਹੀ ਹੈ। (ਲੁੱਡੀ = ਖ਼ੁਸ਼ੀ। ਖ਼ੁਸ਼ੀ ਵਿਚ ਨੱਚਣਾ, ਟੱਪਣਾ, ਗਾਉਣਾ, ਗੋਲਾਕਾਰ ਬੰਨ੍ਹ ਕੇ ਧਮਾਲ ਪਾਉਣਾ, ਉਸ ਨੂੰ ਲੁੱਡੀ ਕਹਿੰਦੇ ਹਨ। ਸ੍ਰੀ ਹਜ਼ੂਰ ਸਾਹਿਬ ਵੱਲ ਮਰਹੱਟੇ ਲੋਕ ਖ਼ੁਸ਼ੀ ਵਿਚ ਕੁੱਦਣ ਨੂੰ ਲੁੱਡੀ ਕਹਿੰਦੇ ਹਨ)। ਇਸ ਪ੍ਰਕਾਰ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਭਾਈ ਮਰਦਾਨਾ ਜੀ ਨੂੰ ਤੇ ਹੋਰ ਸਿੱਖ ਸੰਗਤਾਂ ਨੂੰ ਸੰਬੋਧਨ ਕਰਦੇ ਹਨ ਕਿ ਹੇ ਭਾਈ ! ਪਰਮੇਸ਼ਰ ਵਾਹਿਗੁਰੂ ਦੀ ਐਸੀ ਸੋਹਣੀ ਖੇਲ ਹੈ। ਤੁਸੀਂ ਸਾਰੇ ਆਪਣੇ ਚਿਤ ਨੂੰ ਇਕਾਗਰ ਕਰਕੇ ਸੁਣਨਾ ਕਰੋ। ਤੁਸੀਂ ਹੋਰ ਲੁੱਡੀਆਂ ਵੇਖ ਕੇ ਕੀ ਕਰਨਾ ਹੈ ? ਜੋ

ਪਰਮੇਸ਼ਰ ਸੰਸਾਰ ਦੀ ਲੁੱਡੀ ਪਾ ਰਿਹਾ ਹੈ, ਉਸ ਨੂੰ ਇਸ ਸ਼ਬਦ ਵਿਚ ਕਥਨ ਕਰਕੇ ਸਤਿਗੁਰੂ ਸਾਹਿਬ ਜੀ ਪਹਿਲਾਂ ਮੰਗਲ ਕਰਦਿਆਂ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

੧ = ਅਦੁੱਤੀ ਓੰ = ਸਾਰਿਆਂ ਦਾ ਪ੍ਰਕਾਸ਼ਕ, ਸਤਿ = ਕਾਲ ਤੋਂ ਰਹਿਤ, ਗੁਰ = ਚੇਤਨ ਸਰੂਪ ਪ੍ਰਸਾਦਿ = ਅਨੰਦ ਸਰੂਪ ਵਾਹਿਗੁਰੂ ਹੈ। ਇਹ ਸ਼ਬਦ ਸਿਰੀਰਾਗੁ ਵਿਚ ਘਰੁ ੩ = ਰਾਗ ਦੇ ਤੀਸਰੇ ਸੁਰਤਾਲ ਵਿਚ ਸਤਿਗੁਰੂ ਸਾਹਿਬ ਜੀ ਪਰਮੇਸ਼ਰ ਦੇ ਸਨਮੁੱਖ ਬਿਰਤੀ ਕਰ ਕੇ ਉਚਾਰਨ ਕਰਦੇ ਹਨ। ਸੰਸਕ੍ਰਿਤੀ ਪੁਸਤਕਾਂ ਵਿਚ ਰਾਗ ਦੇ ਸੁਰਤਾਲ ਨੂੰ ਧਾਮ ਕਹਿੰਦੇ ਹਨ। ਪਾਤਸ਼ਾਹ ਜੀ ਨੇ 'ਘਰੁ' ਸ਼ਬਦ ਸ਼ੁਧ ਸਮਝ ਕੇ ਪੰਜਾਬੀ ਬੋਲੀ ਵਿਚ ਧਾਮਾਂ ਦੀ ਥਾਂ ਘਰ ਰੱਖਣਾ ਕੀਤਾ ਹੈ। ਇਸ ਤਰ੍ਹਾਂ ਗੁਰੂ ਸਾਹਿਬਾਨ ਜੀ ਨੇ ਸਤਾਰਾਂ ਘਰਾਂ ਵਿਚ ਗਾਉਣਾ ਕੀਤਾ।

## [1]ਜੋਗੀ ਅੰਦਰਿ, ਜੋਗੀਆ; ਤੂੰ ਭੋਗੀ ਅੰਦਰਿ, ਭੋਗੀਆ ॥

ਹੇ ਪਰਮੇਸ਼ਰ! ਤੂੰ ਜੋਗੀ = ਯੋਗਾਭਯਾਸੀ ਆਤਮਾ ਵਿਚ ਜੁੜੇ ਹੋਏ ਪੁਰਸ਼ਾਂ ਅੰਦਰ ਜੋਗੀ ਰੂਪ ਹੋ ਕੇ ਬਿਰਾਜਮਾਨ ਹੋ ਰਿਹਾ ਹੈਂ।

ਮਾਇਆ ਦੇ ਭੋਗੀ = ਭੋਗਣ ਵਾਲਿਆਂ ਦੇ ਅੰਦਰਿ = ਵਿਚ ਵੀ ਤੂੰ ਹੀ ਪਦਾਰਥ ਭੋਗੀਆ = ਭੋਗ ਰਿਹਾ ਹੈਂ। ਇਸ ਪ੍ਰਕਾਰ ਹੇ ਸੱਚੇ ਪਾਤਸ਼ਾਹ ਜੀ! ਤੂੰ ਸਾਰਿਆਂ ਵਿਚ ਸਰਬ ਰੂਪ ਹੋ ਕੇ ਵਰਤ ਰਿਹਾ ਹੈਂ **ਅਥਵਾ** ਜੋਗੀਆਂ ਨੇ ਜੋ ਜੋਗੀਆ = ਜੁੜਨਾ ਹੈ, ਭਾਵ ਚਿਤ ਦੀ ਇਕਾਗਰਤਾ ਹੋਣੀ ਹੈ, ਜਿਸ ਨੂੰ ਪਤੰਜਲੀ ਨੇ ਜੋਗ ਦੱਸਿਆ ਹੈ।

**ਜੋਗਾਸ ਚਿਤ ਬਿਰਤੀ ਨਿਰੋਧਾ॥** *(ਧਰਮ ਸ਼ਾਸਤਰ)*

ਚਿਤ ਦੀਆਂ ਬਿਰਤੀਆਂ ਰੋਕ ਲੈਣਾ ਜੋਗ ਹੈ।

**ਪੰਜ ਪ੍ਰਕਾਰ ਦੀਆਂ ਬਿਰਤੀਆਂ :** ਪ੍ਰਮਾਣ = ਦਿੱਸਣ ਵਾਲੀਆਂ ਚੀਜ਼ਾਂ ਵਿਚ ਪਰਚੇ ਰਹਿਣਾ। ਵਿਪਰਜਯ = ਆਪਣਾ ਸੁਭਾਅ ਉਲਟਾ ਬਣਾਈ ਰੱਖਣਾ। ਨਿੰਦਰਾ = ਨੀਂਦ ਆ ਜਾਣੀ। ਸਿਮਰਤੀ = ਪਿਛਲੀਆਂ ਗੱਲਾਂ ਯਾਦ ਕਰਦੇ ਰਹਿਣਾ। ਵਿਕਲਪ = ਕਮਾਈ ਥੋੜ੍ਹੀ ਹੋਣੀ ਅਤੇ ਫਲ ਦੀ ਇੱਛਾ ਜ਼ਿਆਦਾ ਕਰਨੀ, ਇਹ ਸਾਰੀਆਂ ਚਿੱਤ ਦੀਆਂ ਬਿਰਤੀਆਂ ਹਨ। ਇਸ ਤਰ੍ਹਾਂ ਦੀਆਂ ਬਿਰਤੀਆਂ ਨੂੰ ਰੋਕ ਲੈਣ ਨੂੰ ਪਤੰਜਲੀ ਜੀ ਨੇ ਜੋਗ ਮੰਨਿਆ ਹੈ। ਜੋ ਜੀਵ-ਆਤਮਾ ਨੂੰ ਪਰਮਾਤਮਾ ਵਿਚ ਜੋੜਨਾ ਹੈ, ਉਹ ਜੋਗ ਹੈ। ਤੱਤ ਬੇਤੇ ਮਹਾਂਪੁਰਖਾਂ ਨੇ ਵੀ ਚਿੱਤ ਦੀਆਂ ਬਿਰਤੀਆਂ ਨੂੰ ਸੰਸਾਰ ਵੱਲੋਂ ਮੇਟ ਕੇ, ਬ੍ਰਹਮਾਕਾਰ ਕਰਕੇ ਵਾਹਿਗੁਰੂ ਵਿਚ ਜੋੜਨ ਨੂੰ ਜੋਗ ਮੰਨਿਆ ਹੈ। ਜੋਗ ਇਕ ਮੰਤਰ ਵੀ ਹੈ, ਜਿਥੇ ਮੰਤਰ ਵਿਚ ਚਿੱਤ ਨੂੰ ਜੋੜਨਾ। ਲੈ ਜੋਗ = ਜੋ ਸੁਤੇ ਹੀ ਬਿਰਤੀਆਂ ਦਾ ਜੁੜੇ ਰਹਿਣਾ ਹੈ, ਜਿਵੇਂ ਕੋਈ ਵੀ ਫੁਰਨਾ ਹੀ ਨਾ ਫੁਰੇ। ਐਸੀ ਅਵਸਥਾ ਕਿਸੇ ਤੱਤ ਬੇਤੇ ਅਵਤਾਰਾਂ ਮਹਾਂਪੁਰਖਾਂ ਦੀ ਹੁੰਦੀ ਹੈ, ਜਿਨ੍ਹਾਂ ਅੰਦਰ ਲੈ ਜੋਗ ਹੁੰਦਾ ਹੈ। ਲੈ ਜੋਗ ਨੂੰ ਹਠ ਜੋਗ ਵੀ ਮੰਨਿਆ ਹੈ। ਹ = ਹਵਨ ਭਾਵ ਗਰਮੀ ਦੀ ਕਿਰਿਆ ਭਾਵ ਸੂਰਜ ਦੀ ਸੁਰ ਪਿੰਗਲਾ ਦੁਆਰਾ ਠ = ਠੰਡ ਭਾਵ ਚੰਦਰਮਾ ਦੀ ਸੁਰ ਇੜਾ ਦੁਆਰਾ ਪ੍ਰਾਣਾਂ ਨੂੰ ਚੜ੍ਹਾਉਣਾ ਇਸ ਨੂੰ ਹਠ ਜੋਗ ਕਹਿੰਦੇ ਹਨ। ਇਹ ਸਾਰੇ ਹਠ ਜੋਗ, ਮੰਤਰ ਜੋਗ, ਲੈ ਜੋਗ ਦੇ ਨਿਰਣੇ ਹਨ ਜਿਹੜੇ ਕਿ ਜੋਗੀ ਜਨਾਂ ਨੇ ਕਥਨ ਕੀਤੇ ਹਨ **ਅਥਵਾ** ਹੇ ਸੱਚੇ ਪਾਤਸ਼ਾਹ! ਤੂੰ ਉਨ੍ਹਾਂ ਜੋਗੀਆਂ ਦੇ ਅੰਦਰ ਜੋਗੀਆ = ਜੁੜਿਆ ਹੋਇਆ ਹੈਂ। ਆਪ ਹੀ ਉਨ੍ਹਾਂ ਦੀ ਬਿਰਤੀ ਨੂੰ ਜੋੜ ਕੇ ਜੋਗੀ ਰੂਪ ਹੋ ਕੇ ਜੁੜਿਆ ਹੋਇਆ ਹੈਂ। ਹੇ ਬ੍ਰਹਮ ਸਰੂਪ! ਉਹ ਅਨੰਦ ਸਰੂਪ ਲਈ ਬਿਰਤੀ ਦਾ ਜੋ ਨਿਰੋਧ ਕਰਦੇ ਹਨ ਜਿਸ ਨਾਲ ਅਨੰਦ ਸਰੂਪ ਬਿਰਤੀ ਦਾ ਭਾਨ (ਪ੍ਰਕਾਸ਼) ਹੁੰਦਾ ਹੈ, ਉਹ ਵੀ ਜੋਗੀ ਰੂਪ ਤੂੰ ਆਪ ਹੀ ਹੈਂ। ਭੋਗੀ = ਜੋ ਰਾਜੇ ਲੋਕ ਹਨ ਜਿਵੇਂ ਇੰਦਰ ਆਦਿ ਅਨੇਕਾਂ ਤਰ੍ਹਾਂ ਦੇ ਸੁੱਖਾਂ

---

੧. ***ਨੋਟ :*** ਇਹ ਪੰਗਤੀ ਭੋਗੀਆ (॥) 'ਤੇ ਪੂਰੀ ਹੁੰਦੀ ਹੈ। ਦਮਦਮੀ ਟਕਸਾਲ ਦੀਆਂ ਸੈਂਚੀਆਂ ਅਤੇ 'ਪਾਠ ਦਰਪਣ' ਵਿਚ ਵੀ ਭੋਗੀਆ (॥) 'ਤੇ ਪੰਗਤੀ ਪੂਰੀ ਹੋਈ ਲਿਖੀ ਹੈ। ਜੋਗੀਆ 'ਤੇ ਕੇਵਲ ਵਿਸ਼ਰਾਮ (;) ਹੈ।

ਦੇ ਭੋਗਾਂ ਨੂੰ ਭੋਗਣ ਵਾਲੇ ਹਨ। ਇਸ ਤਰ੍ਹਾਂ ਉਨ੍ਹਾਂ ਨਾਨ੍ਹਾਂ ਤਰ੍ਹਾਂ ਦੇ ਭੋਗ ਪਦਾਰਥਾਂ ਨੂੰ ਭੋਗਣ ਤੋਂ ਉਪਰੰਤ ਅੰਤ ਨੂੰ ਭੋਗ ਪਾਉਣ ਵਾਲਾ ਭਾਵ ਸਮਾਪਤੀ ਕਰਨ ਵਾਲਾ ਤੂੰ ਆਪ ਹੀ ਹੈਂ। ਜਿਹੜੇ ਸੰਸਾਰੀ ਜੀਵ ਹਨ, ਉਹ ਵਿਸ਼ਿਆਂ ਵਿਚ ਹੀ ਅਨੰਦ ਨੂੰ ਮੰਨੀ ਬੈਠੇ ਹਨ। ਇਉਂ ਉਹ ਭੋਗੀ ਲੋਕ ਭੋਗਾਂ ਭੋਗਣ ਵਿਚ ਅਨੰਦ ਮੰਨੀ ਬੈਠੇ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਵਿਸ਼ਿਆਂ ਵਿਚ ਹੀ ਲੰਪਟ ਹੋਏ ਬੈਠੇ ਹਨ। ਜੋ ਜੋਗੀ ਹਨ ਉਹ ਚਿੱਤ ਦੀ ਬਿਰਤੀ ਨੂੰ ਨਿਰੋਧ ਕਰਕੇ ਦਸਵੇਂ ਦੁਆਰ ਵਿਚ ਹੀ ਮਿੱਠੀ ਕਫ ਦੇ ਅਨੰਦ ਨੂੰ ਜੋਗਾ ਅਨੰਦ ਮੰਨਦੇ ਹਨ। ਉਪਾਸ਼ਕ ਲੋਕ ਆਪਣੇ ਇਸ਼ਟ ਦੇਵਤੇ ਦੇ ਦਰਸ਼ਨਾਂ ਵਿਚ ਹੀ ਅਨੰਦ ਮੰਨਦੇ ਹਨ। ਭਗਤੀ ਕਰਕੇ ਗਿਆਨ ਦੁਆਰਾ ਜਿਹੜਾ ਗਿਆਨਾਨੰਦ ਸਰੂਪ ਅਤੇ ਬ੍ਰਹਮਾਨੰਦ ਦੇ ਵਿਚ ਚਿਤ ਦੀ ਬਿਰਤੀ ਦਾ ਟਿਕਣਾ ਹੈ, ਉਸ ਨੂੰ ਜੀਵਨ ਮੁਕਤ ਕਿਹਾ ਹੈ। ਜਿਸ ਦੀਆਂ ਵਾਸ਼ਨਾਵਾਂ ਖ਼ਤਮ ਹੋ ਗਈਆਂ, ਉਹ ਪਰਮੇਸ਼ਰ ਦੇ ਇਸ ਅਨੰਦ ਵਿਚ ਤਦਾਕਾਰ ਹੋਇਆ ਹੈ। ਜੈਸਾ ਕਿ :

**ਬਿਖਿਆਨੰਦ ਸੰਸਾਰ ਹੈ, ਭਜਨਾ ਨੰਦ ਹਰਿ ਦਾਸ॥**
**ਬ੍ਰਹਮਾ ਨੰਦ ਜੀਵਨ ਮੁਕਤ ਭਈ ਬਾਸਨਾ ਨਾਸ॥੧੨॥** *(ਵਿਚਾਰਮਾਲਾ, ਅਧਿ. ੮)*

**ਵਾ:** ਹੇ ਸੱਚੇ ਪਾਤਸ਼ਾਹ ! ਭੋਗੀ = ਰਾਜਿਆਂ ਦੇ ਅੰਦਰ ਭੋਗ ਲਗਾਉਣ ਵਾਲਾ ਜਿਵੇਂ ਕਿ ਰਾਜਾ ਜਨਕ ਆਦਿਕ ਬਦੇਹੀ ਹੋਏ ਹਨ। ਰਾਜਾ ਜਨਕ ਦਾ ਇਕ ਪੈਰ ਪਦਮਣੀਆਂ ਘੁੱਟ ਦੀਆਂ ਸਨ ਅਤੇ ਦੂਜਾ ਪੈਰ ਤਪਦੇ ਹੋਏ ਕੜਾਹੇ ਵਿਚ ਰੱਖਿਆ ਹੋਇਆ ਸੀ।

ਫਿਰ ਵੀ ਰਾਜਾ ਜਨਕ ਇਹ ਕਹਿ ਰਿਹਾ ਸੀ ਕਿ ਮੇਰੀ ਬਿਰਤੀ ਇੱਕੋ ਜਿਹੀ ਹੈ। ਇਸ ਤਰ੍ਹਾਂ ਭੋਗਾਂ ਨੂੰ ਭੋਗਦੇ ਹੋਏ ਨਿਰਲੇਪ ਰਹਿਣ ਵਾਲੇ ਅਤੇ ਰਾਜਿਆਂ ਦੇ ਅੰਦਰ ਜੀਵਨ ਮੁਕਤੀ ਨੂੰ ਭੋਗਣ ਵਾਲਾ ਵੀ ਤੂੰ ਆਪ ਹੀ ਰਾਜਿਆਂ ਦਾ ਰਾਜਾ ਸਰੂਪ ਹੋ ਰਿਹਾ ਹੈਂ।

## ਤੇਰਾ ਅੰਤੁ ਨ ਪਾਇਆ; ਸੁਰਗਿ ਮਛਿ ਪਇਆਲਿ ਜੀਉ ॥੧॥

(**ਮਛਿ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਹੇ ਸੱਚੇ ਪਾਤਸ਼ਾਹ ਜੀ ! ਤੂੰ ਐਨਾ ਬੇਅੰਤ ਹੈਂ ਕਿ ਨਾ ਸਵਰਗ ਦੇ ਦੇਵੀ ਦੇਵਤਿਆਂ ਨੇ, ਨਾ ਮਛਿ = ਮਾਤ ਲੋਕ ਨੇ ਅਤੇ ਨਾ ਪਇਆਲਿ = ਪਾਤਾਲ ਲੋਕ ਨੇ ਕਿਸੇ ਨੇ ਵੀ ਤੇਰਾ ਅੰਤ ਨਹੀਂ ਪਾਉਣਾ ਕੀਤਾ। ਅਰਥਾਤ ਭੋਗੀ ਲੋਕ ਪਦਾਰਥਾਂ ਨੂੰ ਭੋਗਦੇ ਹਨ ਅਤੇ ਜੋਗੀ ਲੋਕ ਜੋਗ ਸਾਧਨਾਂ ਕਰਦੇ ਹਨ। ਫਿਰ ਵੀ ਜੋਗੀਆਂ ਅਤੇ ਭੋਗੀਆਂ ਨੇ ਤੇਰਾ ਅੰਤ ਨਹੀਂ ਪਾਇਆ। ਸਵਰਗ ਲੋਕ ਦੇ ਅੰਦਰ ਦੇਵੀ ਦੇਵਤੇ ਹਨ ਅਤੇ ਇੰਦਰ ਉਨ੍ਹਾਂ ਤੇਤੀ ਕਰੋੜ ਦੇਵੀ ਦੇਵਤਿਆਂ ਦਾ ਰਾਜਾ ਹੈ। ਬ੍ਰਹਸਪਤੀ ਉਨ੍ਹਾਂ ਦਾ ਗੁਰੂ ਹੈ ਅਤੇ ਪਾਤਾਲ ਦਾ ਰਾਜਾ ਬਲ ਰਾਜਾ ਹੈ। ਮਛਿ = ਮਾਤ ਲੋਕ, ਜਿਵੇਂ ਪਾਣੀ ਦੇ ਵਿਚਾਲੇ ਮੱਛ ਰਹਿੰਦਾ ਹੈ। ਇਹ ਲੋਕ ਵਿਚਕਾਰ ਹੋਣ ਕਰਕੇ ਪਾਤਸ਼ਾਹ ਨੇ ਇਸ ਨੂੰ ਮੱਛ ਲੋਕ, ਮੱਛੀ ਲੋਕ, ਮੱਛਤ ਲੋਕ ਦਾ ਨਾਮ ਵਰਤਿਆ ਹੈ। ਮੱਛਤ ਸ਼ਬਦ ਕੱਚਾ ਪ੍ਰਯੋਗ ਹੈ ਅਤੇ ਮੱਛ ਪੱਕਾ ਪ੍ਰਯੋਗ ਹੈ। ਮੱਛਤ ਨਾਮ ਵੀ ਮੱਛੀ ਦਾ ਹੈ। ਇਸ ਕਰਕੇ ਮਹਾਰਾਜ ਜੀ ਨੇ ਛੱਛੇ ਦੇ ਨਾਲ ਮਛਿ ਸ਼ਬਦ ਵਰਤਿਆ ਹੈ। ਇਸ ਤਰ੍ਹਾਂ ਮਛਿ = ਮੱਧ ਲੋਕ ਭਾਵ ਮਾਤ ਲੋਕ ਵਿਚ ਵੀ ਤੂੰ ਆਪ ਹੀ ਵਰਤ ਰਿਹਾ ਹੈਂ॥੧॥

## ਹਉ ਵਾਰੀ ਹਉ ਵਾਰਣੈ; ਕੁਰਬਾਣੁ ਤੇਰੇ ਨਾਵ ਨੋ ॥੧॥ਰਹਾਉ॥

ਹੇ ਸੱਚੇ ਪਾਤਸ਼ਾਹ ਜੀ ! ਹਉ = ਅਸੀਂ ਆਪ ਜੀ ਤੋਂ ਵਾਰੀ = ਕੁਰਬਾਨ ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਹਉ = ਹਉਮੈ ਨੂੰ ਵਾਰਣੈ = ਖ਼ਤਮ ਕਰਨਾ ਕੀਤਾ ਹੈ **ਵਾ:** ਅਸੀਂ ਮਨ, ਬਾਣੀ, ਸਰੀਰ ਕਰਕੇ ਵਾਰਣੈ = ਬਲਿਹਾਰ ਜਾਂਦੇ ਹਾਂ। ਹੇ ਪਰਮੇਸ਼ਰ ! ਜਿਵੇਂ ਆਪ ਜੀ ਪਵਿੱਤਰ ਹੋ, ਉਸੇ ਤਰ੍ਹਾਂ ਆਪ ਜੀ ਦਾ ਨਾਮ

ਵੀ ਪਵਿੱਤਰ ਹੈ। ਅਸੀਂ ਤੇਰੇ ਨਾਮ ਨੋ = ਤੋਂ ਵੀ ਕੁਰਬਾਣੁ = ਬਲਿਹਾਰ ਜਾਂਦੇ ਹਾਂ, ਜਿਸ ਨਾਮ ਕਰਕੇ ਤੇਰੇ ਸਰੂਪ ਦੀ ਸਾਖਿਆਤਤਾ ਹੁੰਦੀ ਹੈ ॥੧॥ਰਹਾਉ॥

## ਤੁਧੁ, ਸੰਸਾਰੁ ਉਪਾਇਆ; ਸਿਰੇ ਸਿਰਿ ਧੰਧੇ ਲਾਇਆ ॥

ਹੇ ਪਰਮੇਸ਼ਰ ਜੀਉ ! ਜਿਵੇਂ ਜਲ ਵਿੱਚੋਂ ਲਹਿਰ ਉੱਠਦੀ ਹੈ, ਉਸੇ ਤਰ੍ਹਾਂ ਤੁਧੁ = ਤੁਸੀਂ ਇਸ ਸੰਸਾਰ ਨੂੰ ਆਪਣੇ ਵਿੱਚੋਂ ਹੀ ਉਪਾਇਆ = ਉਤਪੰਨ ਕੀਤਾ ਹੈ ਅਤੇ ਜੀਵਾਂ ਨੂੰ ਸਿਰੇ ਸਿਰਿ = ਸਿਰਜ ਸਿਰਜ ਭਾਵ ਰਚ ਰਚ ਕੇ ਧੰਧੇ = ਕਾਰਜਾਂ ਵਿਚ ਲਾਇਆ = ਲਗਾਇਆ ਹੋਇਆ ਹੈ। ਭਾਵ ਜਿਹੋ ਜਿਹੀ ਕਿਸੇ ਦੀ ਵਾਸਨਾ ਸੀ, ਉਹੋ ਜਿਹੇ ਧੰਦਿਆਂ ਵਿਚ ਆਪ ਜੀ ਨੇ ਸੰਸਾਰ ਦੇ ਲੋਕਾਂ ਨੂੰ ਲਾਉਣਾ ਕੀਤਾ ਹੈ।

## ਵੇਖਹਿ ਕੀਤਾ ਆਪਣਾ; ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥

ਹੇ ਪਰਮੇਸ਼ਰ ! ਤੂੰ ਆਪਣੀ ਕੁਦਰਤਿ = ਸ਼ਕਤੀ ਕਰਿ = ਕਰਕੇ ਸੰਸਾਰ ਰੂਪ ਪਾਸਾ = ਚੌਂਪੜ ਦੀ ਖੇਡ ਦੀ ਗੋਟ ਭਾਵ ਜੀਵ ਰੂਪ ਨਰਦਾਂ ਸੁੱਟ ਕੇ ਤ੍ਰਿਗੁਣਤਾ ਰੂਪ ਪਾਸਾ ਆਪ ਹੀ ਢਾਲ ਰਿਹਾ ਹੈਂ ਅਤੇ ਆਪਣੇ ਪੈਦਾ ਕੀਤੇ ਹੋਏ ਪ੍ਰਪੰਚ ਨੂੰ ਆਪ ਹੀ ਵੇਖਹਿ = ਦੇਖਦਾ ਤੇ ਪਾਲਣਾ ਕਰਦਾ ਹੈਂ **ਵਾ:** ਜਿਨ੍ਹਾਂ ਦਾ ਉਸ ਪਰਮੇਸ਼ਰ ਵੱਲ ਪਾਸਾ ਢਾਲਿ = ਢਲਿਆ ਹੋਇਆ ਹੈ, ਉਨ੍ਹਾਂ ਦਾ ਪਰਮੇਸ਼ਰ ਨੇ ਤਿੰਨਾਂ ਗੁਣਾਂ ਵੱਲੋਂ ਆਪਣੇ ਵੱਲ ਪ੍ਰੇਮ ਨਾਲ ਪਾਸਾ ਢਾਲ ਲਿਆ ਹੈ। ਉਹ ਉਸ ਦੇ ਪ੍ਰੇਮ ਵਿਚ ਮਗਨ ਹੋ ਜਾਂਦੇ ਹਨ। ਜਿਵੇਂ ਸੋਨਾ ਢਾਲ ਕੇ ਡਲੀ ਦਾ ਰੂਪ ਧਾਰਨ ਕਰ ਲੈਂਦਾ ਹੈ, ਉਸੇ ਤਰ੍ਹਾਂ ਉਹ ਜੀਵ ਭਾਵ ਤੋਂ ਢਲ ਕੇ ਬ੍ਰਹਮ ਰੂਪ ਬਣ ਜਾਂਦੇ ਹਨ। ਇਸ ਤਰ੍ਹਾਂ ਜਿਨ੍ਹਾਂ ਨੇ ਤਿੰਨਾਂ ਗੁਣਾਂ ਵੱਲੋਂ ਭਾਵ ਸ੍ਰਵਨ, ਮੰਨਣ, ਨਿਧਿਆਸਣ ਵੱਲ ਪਾਸਾ ਢਾਲ ਦਿੱਤਾ ਹੈ, ਉਹ ਦੇਹ ਅਭਿਮਾਨ ਵੱਲੋਂ ਢਲਕ ਕੇ ਆਪਣੇ ਸਰੂਪ ਨੂੰ ਵੇਖਦੇ ਹਨ ॥੨॥

## ਪਰਗਟਿ; ਪਾਹਾਰੈ ਜਾਪਦਾ ॥

ਹੇ ਮਹਾਰਾਜ ! ਤੂੰ ਪਾਹਾਰੈ = ਪਸਾਰੇ ਵਿਚ ਪਰਗਟਿ = ਦਿਸਣ ਵਾਲਾ ਜਾਪਦਾ = ਜਾਣਿਆ ਜਾਂਦਾ ਹੈਂ। ਤੂੰ ਸਾਰੇ ਪਸਾਰੇ ਵਿਚ ਪ੍ਰਗਟ ਸਰੂਪ ਹੈਂ। ਤੇਰਾ ਪ੍ਰਤਾਪ ਸਾਰੀ ਦੁਨੀਆਂ ਜਾਣਦੀ ਹੈ। ਸਾਰੇ ਤੇਰੇ ਹੀ ਭੈ ਵਿਚ ਹਨ। ਇਸ ਲਈ ਤੂੰ ਗੁਪਤ ਨਹੀਂ ਹੈਂ। ਤੇਰਾ ਪ੍ਰਤਾਪ ਸੰਸਾਰ ਵਿਚ ਪ੍ਰਗਟ ਰੂਪ ਵਿਚ ਦਿਸ ਰਿਹਾ ਹੈ, ਭਾਵ ਜਾਪਦਾ = ਜਾਣਿਆ ਜਾਂਦਾ ਹੈ।

## ਸਭੁ ਨਾਵੈ ਨੋ; ਪਰਤਾਪਦਾ ॥

(ਦੂਸਰਾ ਪਾਠ **ਪਰ ਤਾਪਦਾ**)

ਹੇ ਪਰਮੇਸ਼ਰ ! ਸਭੁ = ਸਾਰਾ ਜਗ ਹੀ ਤੇਰੇ ਨਾਵੈ = ਨਾਮ ਨੋ = ਨੂੰ ਪਰਤਾਪਦਾ = ਲੋਚਦਾ ਭਾਵ ਚਾਹੁੰਦਾ ਹੈ। ਕੋਈ ਜਲਧਾਰੇ ਕਰਦਾ ਹੈ, ਕੋਈ ਧੂਣੀਆਂ ਤਾਪਦਾ ਹੈ ਆਦਿ ਇਨ੍ਹਾਂ ਸਾਧਨਾਂ ਨੂੰ ਕਰਦੇ ਹਨ **ਵਾ:** ਪਰ = ਵਿਸ਼ੇਸ਼ ਕਰਕੇ ਪਸ਼ਚਾਤਾਪ ਕਰਦੇ ਹਨ ਕਿ ਮੈਨੂੰ ਹੁਣ ਤੱਕ ਨਾਮ ਕਿਉਂ ਨਹੀਂ ਮਿਲਿਆ।

## ਸਤਿਗੁਰ ਬਾਝੁ ਨ ਪਾਇਓ; ਸਭ ਮੋਹੀ ਮਾਇਆ ਜਾਲਿ ਜੀਉ ॥੩॥

ਸਤਿਗੁਰ ਤੋਂ ਬਾਝੁ = ਬਗ਼ੈਰ ਅੰਮ੍ਰਿਤ ਨਾਮ ਨੂੰ ਕਿਸੇ ਨੇ ਵੀ ਨਹੀਂ ਪਾਇਆ। ਹੇ ਪਿਆਰੇ ਪਰਮੇਸ਼ਰ ਜੀ ! ਜਿਵੇਂ ਸ਼ਿਕਾਰੀ ਜਾਲ ਪਾ ਕੇ ਪੰਛੀਆਂ ਨੂੰ ਫਸਾ ਲੈਂਦਾ ਹੈ, ਉਸੇ ਤਰ੍ਹਾਂ ਮਾਇਆ ਰੂਪ ਸ਼ਿਕਾਰੀ ਨੇ ਮੋਹ ਰੂਪ ਜਾਲ ਤੇ ਪਦਾਰਥਾਂ ਰੂਪ ਚੋਗਾ ਪਾ ਕੇ ਸਭ = ਸਾਰੀ ਸ੍ਰਿਸ਼ਟੀ ਮੋਹੀ = ਮੋਹਿਤ ਕੀਤੀ ਹੋਈ ਹੈ ॥੩॥

## ਸਤਿਗੁਰ ਕਉ; ਬਲਿ ਜਾਈਐ ॥

ਉਸ ਮੋਹ ਰੂਪੀ ਜਾਲ ਦੇ ਬੰਧਨ ਤੋਂ ਮੁਕਤ ਕਰਾਉਣ ਵਾਲੇ ਸੱਚੇ ਸਤਿਗੁਰਾਂ ਕਉ = ਤੋਂ ਬਲਿ = ਬਲਿਹਾਰ ਭਾਵ ਕੁਰਬਾਨ ਜਾਈਐ = ਜਾਣਾ ਕਰੀਏ।

## ਜਿਤੁ ਮਿਲਿਐ; ਪਰਮ ਗਤਿ ਪਾਈਐ ॥

ਕਿਉਂਕਿ ਜਿਸ ਗ਼ਰੀਬ ਨਿਵਾਜ਼ ਸਤਿਗੁਰਾਂ ਨਾਲ ਮਿਲ ਕੇ ਪਰਮ ਗਤਿ = ਕੈਵਲ ਮੋਖਸ਼ ਦੀ ਪ੍ਰਾਪਤੀ ਹੁੰਦੀ ਹੈ। ਜੈਸਾ ਕਿ :

**ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥** *(ਗਉੜੀ ਮ: ੫, ਅੰਗ ੨੭੮)*

[ਅੰਗ ੭੨]

## ਸੁਰਿ ਨਰ ਮੁਨਿ ਜਨ ਲੋਚਦੇ; ਸੋ ਸਤਿਗੁਰ ਦੀਆ ਬੁਝਾਇ ਜੀਉ ॥੪॥

ਜਿਸ ਪਰਮੇਸ਼ਰ ਦੇ ਪਵਿੱਤਰ ਸਰੂਪ ਨੂੰ ਸੁਰਿ = ਦੇਵਤੇ ਨਰ = ਪੁਰਸ਼ ਮੁਨਿ = ਮੁਨੀ ਮੰਨਣਸ਼ੀਲ ਅਤੇ ਜਨ = ਭਗਤ ਆਦਿ ਸਾਰੇ ਹੀ ਲੋਚਦੇ = ਚਾਹੁੰਦੇ ਹਨ, ਸੋ = ਉਹ ਸਰਬ ਵਿਆਪੀ ਸਰੂਪ ਜਿਸ ਨੂੰ ਸਾਰੇ ਚਾਹੁੰਦੇ ਹਨ, ਉਹ ਸਤਿਗੁਰਾਂ ਨੇ ਆਪਣੀ ਸੰਗਤ ਦੁਆਰਾ ਬੁਝਾਇ = ਸਮਝਾ ਦੀਆ = ਦਿੱਤਾ ਹੈ ॥੪॥

## ਸਤਸੰਗਤਿ; ਕੈਸੀ ਜਾਣੀਐ ॥

***ਪ੍ਰਸ਼ਨ :*** *ਉਹ ਗੁਰਾਂ ਦੀ ਸਤਿਸੰਗਤ ਕੈਸੀ = ਕਿਹੋ ਜਿਹੀ ਜਾਣੀਐ = ਜਾਣੀਦੀ ਹੈ ?*
***ਗੁਰ ਉੱਤਰ :***

## ਜਿਥੈ; ਏਕੋ ਨਾਮੁ ਵਖਾਣੀਐ ॥

ਜਿਥੈ = ਜਿਸ ਥਾਂ 'ਤੇ ਦੇਸ਼ ਵਾਰਤਾ, ਕੌਮ ਵਾਰਤਾ, ਬਤੰਡਾਵਾਦ, ਆਦਿਕ ਸਾਰੇ ਕਲੇਸ਼ਾਂ ਦੀ ਬਜਾਏ ਇਕ ਪਰਮੇਸ਼ਰ ਦੇ ਨਾਮ ਦਾ ਹੀ ਵਖਾਣੀਐ = ਕਥਨ ਹੁੰਦਾ ਹੋਵੇ, ਉਸ ਨੂੰ ਸਤਿਸੰਗਤ ਕਹਿੰਦੇ ਹਨ। ਐਸੀ ਸੰਗਤ ਜਾਨਣਾ ਕਰੋ।

## ਏਕੋ ਨਾਮੁ ਹੁਕਮੁ ਹੈ; ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਗੁਰਾਂ ਦੀ ਸੰਗਤ ਵਿਚ ਏਕੋ = ਇਕ ਪਰਮੇਸ਼ਰ ਦੇ ਨਾਮ ਨੂੰ ਜਪਣ ਦਾ ਹੀ ਹੁਕਮ ਹੈ, ਉਹ ਨਾਮ ਸਤਿਗੁਰੂ ਜੀ ਨੇ ਗੁਰਮੁਖ ਜਨਾਂ ਨੂੰ ਬੁਝਾਇ = ਸਮਝਾ ਦੀਆ = ਦਿੱਤਾ ਹੈ ॥੫॥

## ਇਹੁ ਜਗਤੁ; ਭਰਮਿ ਭੁਲਾਇਆ ॥

ਇਹ ਸਾਰੇ ਜਗਤੁ = ਸੰਸਾਰ ਨੂੰ ਮਾਇਆ ਨੇ ਭਰਮਿ = ਭੁਲੇਖੇ ਵਿਚ ਭੁਲਾਇਆ = ਭੁਲਾ ਰੱਖਿਆ ਹੈ।

## ਆਪਹੁ ਤੁਧੁ; ਖੁਆਇਆ ॥

ਹੇ ਪਰਮੇਸ਼ਰ ! ਤੁਧੁ = ਤੁਸੀਂ ਆਪਹੁ = ਆਪ ਹੀ ਜੀਵਾਂ ਨੂੰ ਮਾਇਆ ਦੇ ਮੋਹ ਵਿਚ ਲਗਾ ਕੇ ਆਪਣੇ ਸਰੂਪ ਵੱਲੋਂ ਖੁਆਇਆ = ਭੁਲਾਇਆ ਹੋਇਆ ਹੈ।

## ਪਰਤਾਪੁ ਲਗਾ ਦੋਹਾਗਣੀ; ਭਾਗ ਜਿਨਾ ਕੇ ਨਾਹਿ ਜੀਉ ॥੬॥

(ਦੂਸਰਾ ਪਾਠ **ਪਰ ਤਾਪੁ**)

ਜਿਨ੍ਹਾਂ ਇਸਤਰੀਆਂ ਕੇ = ਦੇ ਭਾਗ = ਕਰਮਾਂ ਵਿਚ ਪਤੀ ਦੀ ਸੇਵਾ ਕਰਨ ਦਾ ਸੁਖ ਨਹੀਂ ਹੈ, ਉਨ੍ਹਾਂ ਦੋਹਾਗਣੀ = ਛੁੱਟੜ ਇਸਤਰੀਆਂ ਨੂੰ ਹਰ ਵਕਤ ਪਰਤਾਪੁ = ਪਸ਼ਚਾਤਾਪ ਲੱਗਿਆ ਰਹਿੰਦਾ ਹੈ, ਇਸੇ ਪ੍ਰਕਾਰ ਜਿਨ੍ਹਾਂ ਜੀਉ = ਜੀਵ ਰੂਪ ਇਸਤਰੀਆਂ ਕੇ = ਦੇ ਭਾਗ = ਕਰਮਾਂ ਵਿਚ ਪਤੀ ਪਰਮੇਸ਼ਰ ਦੀ ਪ੍ਰਾਪਤੀ ਦਾ ਸੁਖ ਨਾਹਿ = ਨਹੀਂ ਹੈ, ਉਨ੍ਹਾਂ ਮਨਮੁਖ ਰੂਪੀ ਦੋਹਾਗਣੀ = ਛੁੱਟੜ ਇਸਤਰੀਆਂ ਨੂੰ ਹਮੇਸ਼ਾ ਪਸ਼ਚਾਤਾਪ ਹੀ ਲੱਗਿਆ ਰਹਿੰਦਾ ਹੈ **ਵਾ:** (ਪਰ + ਤਾਪ) ਪਰ = ਵਿਸ਼ੇਸ਼ ਕਰਕੇ ਆਧੀ, ਬਿਆਧੀ, ਉਪਾਧੀ ਆਦਿ ਦਾ ਤਾਪ ਲੱਗਿਆ ਰਹਿੰਦਾ ਹੈ। ਭਾਵ ਉਹ ਕਦੇ ਵੀ ਪਤੀ ਪਰਮੇਸ਼ਰ ਦੇ ਅਨੰਦ ਨੂੰ ਨਹੀਂ ਮਾਣ ਸਕਦੀਆਂ ॥੬॥

## ਦੋਹਾਗਣੀ; ਕਿਆ ਨੀਸਾਣੀਆ ॥

ਦੋਹਾਗਣੀ = ਛੁੱਟੜ, ਭਾਵ ਦੁਰਾਚਾਰੀ ਹੋਈਆਂ ਇਸਤਰੀਆਂ ਦੀਆ ਕਿਆ = ਕਿਹੜੀਆਂ ਨੀਸਾਣੀਆ = ਨਿਸ਼ਾਨੀਆਂ ਹਨ ?

***ਗੁਰ ਉੱਤਰ :***

## ਖਸਮਹੁ ਘੁਥੀਆ; ਫਿਰਹਿ ਨਿਮਾਣੀਆ ॥

ਉਹ ਆਪਣੇ ਖਸਮਹੁ = ਮਾਲਕ ਪਤੀ ਦੀ ਸੇਵਾ ਤੋਂ ਔਗੁਣਾਂ ਕਾਰਨ ਘੁਥੀਆ = ਭੁੱਲੀਆਂ ਹੋਣ ਕਰਕੇ ਨਿਮਾਣੀਆ = ਸਤਿਕਾਰ ਤੋਂ ਰਹਿਤ ਤੁਰੀਆ ਫਿਰਹਿ = ਫਿਰਦੀਆਂ ਹਨ ਭਾਵ ਪੇਕੇ ਘਰ, ਸਹੁਰੇ ਘਰ ਸਤਿਕਾਰ ਨਹੀਂ ਮਿਲਦਾ।

## ਮੈਲੇ ਵੇਸ ਤਿਨਾ ਕਾਮਣੀ; ਦੁਖੀ ਰੈਣਿ ਵਿਹਾਇ ਜੀਉ ॥੭॥

ਤਿਨਾ = ਉਨ੍ਹਾਂ ਦੁਰਾਚਾਰੀ ਕਾਮਣੀ = ਇਸਤਰੀਆਂ ਨੇ ਮੈਲੇ = ਮਲੀਨ ਵੇਸ = ਲਿਬਾਸ ਭਾਵ ਸੋਗ ਰੂਪ ਮਲੀਨ ਬਸਤਰ ਪਹਿਨੇ ਹੁੰਦੇ ਹਨ ਅਤੇ ਉਨ੍ਹਾਂ ਦੀ ਰੈਣਿ = ਰਾਤ ਆਪਣੇ ਪਤੀ ਦੀਆਂ ਖ਼ੁਸ਼ੀਆਂ ਤੋਂ ਅਨੰਦ ਨਾ ਮਾਨਣ ਦੇ ਦੁਖ ਵਿਚ ਵਿਹਾਇ = ਬਤੀਤ ਹੋ ਜਾਂਦੀ ਹੈ ਜੀ ॥੭॥

### ਦੂਸਰਾ ਅਰਥ

**ਦੋਹਾਗਣੀ; ਕਿਆ ਨੀਸਾਣੀਆ ॥**

***ਪ੍ਰਸ਼ਨ :*** *ਮਨਮੁਖ ਰੂਪ ਦੋਹਾਗਣੀ = ਛੁੱਟੜ ਇਸਤਰੀਆਂ ਦੀਆਂ ਕੀ ਨਿਸ਼ਾਨੀਆਂ ਹਨ ?*

***ਉੱਤਰ :***

**ਖਸਮਹੁ ਘੁਥੀਆ; ਫਿਰਹਿ ਨਿਮਾਣੀਆ ॥**

ਉਹ ਆਪਣੇ ਖਸਮਹੁ = ਮਾਲਕ ਪਤੀ ਪਰਮੇਸ਼ਰ ਤੋਂ ਕਾਮ, ਕ੍ਰੋਧ, ਆਦਿ ਔਗੁਣਾਂ ਕਾਰਨ ਸਤ, ਸੰਤੋਖ, ਆਦਿ ਗੁਣਾਂ ਤੋਂ ਰਹਿਤ ਹੋਣ ਕਰਕੇ ਨਿਮਾਣੀਆ = ਸਤਿਕਾਰ ਤੋਂ ਰਹਿਤ ਤੁਰੀਆਂ ਫਿਰਦੀਆਂ ਹਨ ਭਾਵ ਉਨ੍ਹਾਂ ਨੂੰ ਨਾ ਇਸ ਲੋਕ ਵਿਚ ਤੇ ਨਾ ਹੀ ਪ੍ਰਲੋਕ ਵਿਚ ਸਤਿਕਾਰ ਮਿਲਦਾ ਹੈ **ਵਾ:** ਉਹ ਜੀਵ ਮਨਮੁਖ ਰੂਪ ਛੁੱਟੜ ਇਸਤਰੀਆਂ ਗਰਭ ਵਿਚ ਸੜਦੀਆਂ ਹੋਈਆਂ ਜੂਨਾਂ ਵਿਚ ਭਟਕਦੀਆਂ ਫਿਰਦੀਆਂ ਹਨ।

**ਮੈਲੇ ਵੇਸ ਤਿਨਾ ਕਾਮਣੀ; ਦੁਖੀ ਰੈਣਿ ਵਿਹਾਇ ਜੀਉ ॥੭॥**

ਤਿਨਾ = ਉਨ੍ਹਾਂ ਮਨਮੁਖ ਰੂਪ ਛੁੱਟੜ ਇਸਤਰੀਆਂ ਦੇ ਅੰਤਹਕਰਣ ਰੂਪ ਵੇਸ = ਲਿਬਾਸ ਹਉਮੈ, ਅਵਿੱਦਿਆ ਦੀ ਮੈਲ ਕਰਕੇ ਮੈਲੇ = ਮਲੀਨ ਹਨ **ਵਾ:** ਇੰਦਰੀਆਂ ਵਿਸ਼ੇ ਸਹਿਤ ਹੋਣ ਰੂਪੀ ਮੈਲੇ ਵੇਸ ਹਨ ਉਨ੍ਹਾਂ ਮਨਮੁਖ ਰੂਪ ਛੁੱਟੜ ਇਸਤਰੀਆਂ ਦੀ ਉਮਰ, ਅਵਸਥਾ ਰੂਪੀ ਰੈਣਿ = ਰਾਤ ਆਪਣੇ ਪਤੀ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾਂ ਦੁਖ ਦੇ ਵਿਚ ਹੀ ਗੁਜ਼ਰ ਜਾਂਦੀ ਹੈ ਜੀ ॥੭॥

## ਸੋਹਾਗਣੀ ਕਿਆ; ਕਰਮੁ ਕਮਾਇਆ ॥

ਹੇ ਸਤਿਗੁਰੂ ਜੀ! ਆਪਣੇ ਪਤੀ ਪਰਮੇਸ਼ਰ ਦੇ ਹੁਕਮ ਵਿਚ ਚੱਲਣ ਵਾਲੀਆਂ ਜੀਵ ਰੂਪ ਸੋਹਾਗਣੀ = ਸੁਹਾਗਣ ਇਸਤਰੀਆਂ ਦੇ ਲੱਛਣ ਦੱਸਣਾ ਕਰੋ ਕਿ ਉਹਨਾਂ ਨੇ ਕਿਆ = ਕਿਹੜਾ ਕਰਮ ਕਮਾਉਣਾ ਕੀਤਾ ਹੈ? ਤਾਂ ਹਜ਼ੂਰ ਨੇ ਫ਼ੁਰਮਾਇਆ :

## ਪੂਰਬਿ ਲਿਖਿਆ; ਫਲੁ ਪਾਇਆ ॥

ਜਿਨ੍ਹਾਂ ਨੇ ਪੂਰਬਿ = ਪਿਛਲੇ ਜਨਮ ਵਿਚ ਨਿਸ਼ਕਾਮ ਕਰਮ ਕੀਤੇ ਸਨ, ਉਨ੍ਹਾਂ ਦੇ ਸ਼ੁਭ ਕਰਮਾਂ ਦੀ ਪ੍ਰੇਰਣਾ ਅਨੁਸਾਰ ਈਸ਼ਵਰ ਨੇ ਉਨ੍ਹਾਂ ਜੀਵ ਰੂਪ ਇਸਤਰੀਆਂ ਦੇ ਮੱਥੇ 'ਤੇ ਪਤੀ ਪਰਮਾਤਮਾ ਦੀ ਪ੍ਰਾਪਤੀ ਰੂਪ ਸ਼ੁਭ ਲੇਖ ਲਿਖ ਦਿੱਤੇ ਹਨ ਕਿ ਉਨ੍ਹਾਂ ਨੂੰ ਪਤੀ ਪਰਮੇਸ਼ਰ ਦਾ ਮਿਲਾਪ ਅਤੇ ਗਿਆਨ ਰੂਪ ਫਲ ਪ੍ਰਾਪਤ ਹੋ ਜਾਵੇਗਾ।

## ਨਦਰਿ ਕਰੇਕੈ ਆਪਣੀ; ਆਪੇ ਲਏ ਮਿਲਾਇ ਜੀਉ ॥੮॥

(**ਕਰੇਕੈ** ਪਾਠ ਇਕੱਠਾ ਕਰਨਾ ਹੈ)

ਉਸ ਉੱਤੇ ਵਾਹਿਗੁਰੂ ਨੇ ਆਪਣੀ ਨਦਰਿ = ਕਿਰਪਾ ਦ੍ਰਿਸ਼ਟੀ ਕਰੇਕੈ = ਕਰਕੇ ਆਪਣੇ ਸਰੂਪ ਨਾਲ ਮੇਲ ਲਿਆ ਹੈ ਅਤੇ ਉਨ੍ਹਾਂ ਮੇਲੇ ਹੋਇਆਂ ਦੁਆਰਾ ਹੋਰ ਵਿਛੁੜੀਆਂ ਹੋਈਆਂ ਰੂਹਾਂ ਨੂੰ ਵੀ ਆਪਣੇ ਸਰੂਪ ਵਿਚ ਮਿਲਾਇ = ਮਿਲਾ ਲੈਣਾ ਕੀਤਾ ਹੈ ਜੀਉ = ਜੀ ॥੮॥

## ਹੁਕਮੁ; ਜਿਨਾ ਨੋ ਮਨਾਇਆ ॥

ਹੇ ਸੱਚੇ ਪਾਤਸ਼ਾਹ! ਜਿਨ੍ਹਾਂ ਪਾਸੋਂ ਮਹਾਰਾਜ ਜੀ ਨੇ ਹੁਕਮ ਮਨਾਉਣਾ ਕੀਤਾ ਹੈ, ਉਨ੍ਹਾਂ ਦਾ ਜੀਵਨ ਕਿਹੋ ਜਿਹਾ ਹੈ? ਤਾਂ ਸਤਿਗੁਰਾਂ ਨੇ ਕਿਹਾ ਕਿ ਸ਼ਬਦ ਦੀ ਕਮਾਈ ਕਰਨੀ, ਭਾਣੇ ਵਿਚ ਚੱਲਣਾ, ਆਪਣੀ ਮਨ ਮੱਤ ਛੱਡਣੀ, ਮਿੱਠਾ ਬੋਲਣਾ, ਸੰਤੋਖੀ ਜੀਵਨ ਹੋਣਾ, ਪ੍ਰਭੂ ਦੀ ਰਜ਼ਾ ਵਿਚ ਚੱਲਣਾ, ਨਾਮ ਵਿਚ ਲਿਵ ਲਾਉਣੀ, ਹਉਮੈ ਛੱਡਣੀ ਆਦਿ ਪਾਤਸ਼ਾਹ ਜੀ ਨੇ ਇਹ ਹੁਕਮ ਜਿਨ੍ਹਾਂ ਤੋਂ ਮਨਾਇਆ = ਮਨਾਉਣਾ ਕੀਤਾ ਹੈ।

## ਤਿਨ ਅੰਤਰਿ; ਸਬਦੁ ਵਸਾਇਆ ॥

ਤਿਨ = ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਨੂੰ ਅੰਤਰਿ = ਹਿਰਦੇ ਵਿਚ ਵਸਾਇਆ = ਵਸਾ ਲਿਆ ਹੈ, ਉਹ ਉਸ ਨੂੰ ਕਦੇ ਵੀ ਵਿਸਰਨ ਨਹੀਂ ਦਿੰਦੇ।

## ਸਹੀਆ ਸੇ ਸੋਹਾਗਣੀ; ਜਿਨ ਸਹ ਨਾਲਿ ਪਿਆਰੁ ਜੀਉ ॥੯॥

ਸੇ = ਉਹ ਸਹੀਆ = ਮਹਾਤਮਾ ਰੂਪ ਸਖੀਆਂ ਭਾਵ ਸਹੀ ਨਿਸਚੇ ਕਰਕੇ ਪਰਮੇਸ਼ਰ ਦੇ ਅਨੰਦ ਵਾਲੀਆਂ ਸੋਹਾਗਣੀ = ਸੁਹਾਗਵੰਤੀਆਂ ਹਨ, ਜਿਨ੍ਹਾਂ ਦਾ ਸਹ = ਪਤੀ ਅਕਾਲ ਪੁਰਖ ਵਾਹਿਗੁਰੂ ਨਾਲ ਪਿਆਰੁ = ਸਨੇਹ ਲੱਗਾ ਹੋਇਆ ਹੈ ਜੀਉ = ਜੀ ॥੯॥

## ਜਿਨਾ; ਭਾਣੇ ਕਾ ਰਸੁ ਆਇਆ ॥

ਜਿਨ੍ਹਾਂ ਨੂੰ ਭਾਣੇ = ਹੁਕਮ ਮੰਨਣ ਦਾ ਰਸੁ = ਪ੍ਰੇਮ ਆ ਗਿਆ ਹੈ।

## ਤਿਨ ਵਿਚਹੁ; ਭਰਮੁ ਚੁਕਾਇਆ ॥

ਜਿਹੜੇ ਭਾਣਾ ਮੰਨਦੇ ਹਨ, ਉਨ੍ਹਾਂ ਦੇ ਅੰਦਰੋਂ ਵਾਹਿਗੁਰੂ ਨੇ ਸਾਰੇ ਭਰਮਾਂ ਨੂੰ ਚੁਕਾਇਆ = ਖ਼ਤਮ ਕਰ ਦਿੱਤਾ ਹੈ। ਜਿਹੜੇ ਭਾਣਾ ਮੰਨਣ ਤੋਂ ਬਗ਼ੈਰ ਹਨ, ਉਹ ਸਦਾ ਹੀ ਭਰਮਦੇ ਫਿਰਦੇ ਹਨ।

## ਨਾਨਕ, ਸਤਿਗੁਰੁ ਐਸਾ ਜਾਣੀਐ; ਜੋ ਸਭਸੈ ਲਏ ਮਿਲਾਇ ਜੀਉ ॥੧੦॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਤਿਗੁਰੂ ਨੂੰ ਐਸਾ ਨਿਰੰਕਾਰ ਸਰੂਪ ਜਾਣੀਐ = ਜਾਨਣਾ ਕਰੋ ਕਿ ਜੋ ਵੀ ਉਸ ਦੀ ਸ਼ਰਨ ਆ ਜਾਂਦਾ ਹੈ ਭਾਵੇਂ ਉਹ ਕਿਸੇ ਵੀ ਜਾਤ, ਧਰਮ, ਨਗਰ, ਦੇਸ, ਕੌਮ ਦਾ ਕਿਉਂ ਨਾ ਹੋਵੇ, ਉਹ ਸਭਸੈ = ਸਾਰਿਆਂ ਨੂੰ ਹੀ ਆਪਣੇ ਵਿਚ ਮਿਲਾਇ = ਮੇਲ ਲਏ = ਲੈਂਦਾ ਹੈ ਜੀਉ = ਜੀ ॥੧੦॥ ਜੈਸਾ ਕਿ :

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥** *(ਬਿਹਾਗੜਾ ਮ: ੫, ਅੰਗ ੫੪੪)*

## ਸਤਿਗੁਰਿ ਮਿਲਿਐ; ਫਲੁ ਪਾਇਆ ॥

ਜਿਹੜੇ ਪੁਰਸ਼ ਸਤਿਗੁਰੂ ਪਾਤਸ਼ਾਹ ਨਾਲ ਮਿਲੇ ਹਨ, ਉਨ੍ਹਾਂ ਨੇ ਬ੍ਰਹਮ ਗਿਆਨ ਰੂਪੀ, ਮੁਕਤੀ ਰੂਪੀ ਅਤੇ ਧਰਮ ਅਰਥ ਕਾਮ, ਮੋਖ ਆਦਿ ਫਲ ਦੀ ਪ੍ਰਾਪਤੀ ਕਰ ਲਈ ਹੈ। ਹੇ ਪਾਤਸ਼ਾਹ ਜੀ ! ਬ੍ਰਹਮਾ ਨੰਦ, ਗਿਆਨ ਆਦਿ ਦਾ ਫਲ ਕਿਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ ?

***ਗੁਰ ਉੱਤਰ :***

## ਜਿਨਿ ਵਿਚਹੁ; ਅਹਕਰਣੁ ਚੁਕਾਇਆ ॥

ਜਿਨਿ = ਜਿਨ੍ਹਾਂ ਨੇ ਆਪਣੇ ਅੰਤਸ਼ਕਰਣ ਵਿਚਹੁ = ਅੰਦਰੋਂ ਵਿਸ਼ਿਆਂ ਰੂਪੀ ਜ਼ਹਿਰ ਘੋਲਣ ਵਾਲਾ ਅਹਕਰਣ = ਹੰਕਾਰ ਚੁਕਾਇਆ = ਚੁੱਕਾ ਭਾਵ ਦੂਰ ਕਰ ਦਿੱਤਾ ਹੈ। ਉਨ੍ਹਾਂ ਨੇ ਬ੍ਰਹਮਾਨੰਦ, ਗਿਆਨ ਫਲ ਨੂੰ ਪਾਉਣਾ ਕੀਤਾ ਹੈ।

## ਦੁਰਮਤਿ ਕਾ ਦੁਖੁ ਕਟਿਆ; ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥

ਜਿਨ੍ਹਾਂ ਜੀਉ = ਜੀਵਾਂ ਦੇ ਮਸਤਕਿ = ਮੱਥੇ ਉਪਰ ਸ਼ਿਰੋਮਣੀ ਨਿਸ਼ਕਾਮ ਭਾਗੁ = ਕਰਮ ਆਇ = ਆ ਕੇ ਬੈਠਾ = ਬੈਠ ਗਿਆ ਹੈ ਭਾਵ ਕਰਮ ਫਲ ਦੇਣ ਨੂੰ ਸਨਮੁਖ ਹੋਇਆ ਹੈ, ਉਨ੍ਹਾਂ ਦੇ ਹਿਰਦੇ ਵਿੱਚੋਂ ਸਤਿਗੁਰਾਂ ਨੇ ਦੁਰਮਤਿ = ਖੋਟੀ ਮੱਤ ਕਾ = ਦਾ ਦੁਖੁ ਕਟਿਆ = ਕੱਟ ਦਿੱਤਾ ਹੈ ॥੧੧॥

## ਅੰਮ੍ਰਿਤੁ; ਤੇਰੀ ਬਾਣੀਆ ॥

ਉਹ ਇਸ ਤਰ੍ਹਾਂ ਉਚਾਰਦੇ ਹਨ ਕਿ ਹੇ ਪਰਮੇਸ਼ਰ ! ਤੇਰੀ = ਤੁਹਾਡੀ ਸਤਿਨਾਮ ਰੂਪ ਬਾਣੀਆ = ਬਾਣੀ ਅੰਮ੍ਰਿਤੁ = ਅਮਰ ਕਰ ਦੇਣ ਵਾਲੀ ਹੈ **ਵਾ:** ਆਪ ਜੀ ਦੀਆਂ ਬਾਣੀਆਂ ਅੰਮ੍ਰਿਤ ਰੂਪ ਹਨ।

## ਤੇਰਿਆ ਭਗਤਾ ਰਿਦੈ; ਸਮਾਣੀਆ ॥

ਉਹ ਤੇਰਿਆ = ਤੁਹਾਡੇ ਭਗਤ ਜਨਾਂ ਦੇ ਰਿਦੈ = ਹਿਰਦੇ ਵਿਚ ਸਮਾਣੀਆ = ਸਮਾਅ ਰਹੀ ਹੈ।

## ਸੁਖ ਸੇਵਾ ਅੰਦਰਿ ਰਖਿਐ; ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥

ਹੇ ਪਰਮੇਸ਼ਰ ਜੀ! ਤੁਸੀਂ ਸਾਰੇ ਸੰਸਾਰਕ ਤੇ ਪੂਰਨ ਆਤਮਾਨੰਦ ਦੀ ਪ੍ਰਾਪਤੀ ਵਾਲੇ ਸੁਖ ਸਤਿਗੁਰਾਂ ਦੀ ਸੇਵਾ = ਟਹਿਲ ਅੰਦਰਿ = ਵਿਚ ਹੀ ਰਖਿਐ = ਰੱਖਣਾ ਕੀਤੇ ਹਨ **ਵਾ:** ਜਿਨ੍ਹਾਂ ਨੂੰ ਗੁਰਾਂ ਦੀ ਸੇਵਾ ਵਿਚ ਲਾ ਰੱਖਿਆ ਹੈ, ਉਨ੍ਹਾਂ ਦੇ ਅੰਦਰ ਆਤਮਾਨੰਦ ਦੀ ਪ੍ਰਾਪਤੀ ਦੇ ਸੁਖ ਪ੍ਰਾਪਤ ਹੋਏ ਹਨ ਅਤੇ ਉਨ੍ਹਾਂ ਨੂੰ ਆਪਣੀ ਕ੍ਰਿਪਾ ਨਦਰਿ = ਦ੍ਰਿਸ਼ਟੀ ਕਰਹਿ = ਕਰਕੇ ਸੰਸਾਰ-ਸਮੁੰਦਰ ਤੋਂ ਨਿਸਤਾਰਿ = ਤਾਰ ਦਿੰਦੇ ਹੋ॥੧੨॥

## ਸਤਿਗੁਰੁ; ਮਿਲਿਆ ਜਾਣੀਐ ॥

ਉਹੋ ਹੀ ਸਤਿਗੁਰੂ ਦੇ ਨਾਲ ਮਿਲਿਆ ਜਾਣਿਆ ਜਾਂਦਾ ਹੈ:

## ਜਿਤੁ ਮਿਲਿਐ; ਨਾਮੁ ਵਖਾਣੀਐ ॥

ਜਿਤੁ = ਜਿਸ ਦੇ ਮਿਲਿਐ = ਮਿਲਾਪ ਕਰਕੇ ਪਰਮੇਸ਼ਰ ਦਾ ਨਾਮ ਵਖਾਣੀਐ = ਕਥਨ ਹੋਵੇ ਭਾਵ ਸੁਤੇ ਹੀ ਪਰਮਾਤਮਾ ਚੇਤੇ ਆ ਜਾਵੇ, ਉਸ ਨੂੰ ਸਤਿਗੁਰੂ ਦੇ ਨਾਲ ਮਿਲਿਆ ਸਮਝਣਾ ਕਰੋ। ਉਹੋ ਹੀ ਤਨੋਂ ਮਨੋਂ ਗੁਰਸਿੱਖ ਹੈ, ਜਿਸ ਦੇ ਅੰਦਰ ਗੁਰੂ ਸਾਹਿਬ ਜੀ ਵਸੇ ਹੋਏ ਹਨ।

## ਸਤਿਗੁਰ ਬਾਝੁ ਨ ਪਾਇਓ; ਸਭ ਥਕੀ ਕਰਮ ਕਮਾਇ ਜੀਉ ॥੧੩॥

ਹੇ ਪਿਆਰੇ ਜੀ! ਇਸ ਅੰਮ੍ਰਿਤ ਨਾਮ ਨੂੰ ਸਤਿਗੁਰਾਂ ਤੋਂ ਬਾਝੁ = ਬਗ਼ੈਰ ਕਿਸੇ ਨੇ ਪਾਇਓ = ਪਾਉਣਾ ਨਹੀਂ ਕੀਤਾ। ਸਭ = ਸਾਰੀ ਸ੍ਰਿਸ਼ਟੀ ਕਰਮ-ਕਾਂਡ ਨੂੰ ਕਮਾ ਕਮਾ ਕੇ ਥੱਕ ਗਈ ਹੈ। ਭਾਵ ਨਿੱਤ, ਨਮਿੱਤ, ਪ੍ਰਾਸਚਿਤ ਆਦਿ ਕਰਮ ਕਮਾਉਂਦੇ ਹੋਏ ਥੱਕ ਗਏ ਹਨ॥੧੩॥

## ਹਉ; ਸਤਿਗੁਰ ਵਿਟਹੁ ਘੁਮਾਇਆ ॥

ਹਉ = ਅਸੀਂ ਤਾਂ ਸਤਿਗੁਰ = ਸੱਚੇ ਗੁਰਾਂ ਦੇ ਵਿਟਹੁ = ਉਪਰੋਂ ਘੁਮਾਇਆ = ਵਾਰਨੇ ਜਾਂਦੇ ਹਾਂ।

## ਜਿਨਿ; ਭ੍ਰਮਿ ਭੁਲਾ ਮਾਰਗਿ ਪਾਇਆ ॥

(**ਭੁਲਾ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਜਿਨਿ = ਜਿਨ੍ਹਾਂ ਸਤਿਗੁਰਾਂ ਨੇ ਭਰਮ ਦੇ ਵਿਚ ਭੁੱਲੇ, ਜੂਨਾਂ ਵਿਚ ਫਿਰਦੇ ਜੀਵਾਂ ਨੂੰ ਭਗਤੀ ਦੇ ਸਹਿਤ ਗਿਆਨ ਦੇ ਮਾਰਗਿ = ਰਸਤੇ 'ਤੇ ਪਾਇਆ = ਪਾ ਦਿੱਤਾ ਹੈ।

## ਨਦਰਿ ਕਰੇ ਜੇ ਆਪਣੀ; ਆਪੇ ਲਏ ਰਲਾਇ ਜੀਉ ॥੧੪॥

ਜੇ = ਜੇਕਰ ਸਤਿਗੁਰੂ ਜੀ ਆਪਣੀ ਨਦਰਿ = ਕ੍ਰਿਪਾ ਦ੍ਰਿਸ਼ਟੀ ਕਰੇ = ਕਰ ਦੇਣ ਤਾਂ ਵਾਹਿਗੁਰੂ ਆਪ ਹੀ ਜੀਵਾਂ ਨੂੰ ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਜਪਣ ਵਿਚ ਰਲਾ ਲੈਂਦਾ ਹੈ ਅਤੇ ਜੋ ਨਾਮ ਵਿਚ ਰਲੇ ਹੋਏ ਹਨ, ਉਨ੍ਹਾਂ ਨੂੰ ਆਪਣੇ ਸਰੂਪ ਵਿਚ ਰਲਾ ਲੈਂਦਾ ਹੈ॥੧੪॥

## ਤੂੰ; ਸਭਨਾ ਮਾਹਿ ਸਮਾਇਆ ॥

ਹੇ ਮੇਰੇ ਵਾਹਿਗੁਰੂ! ਤੂੰ ਸਭਨਾ = ਸਾਰਿਆਂ ਦੇ ਮਾਹਿ = ਵਿਚ ਸਮਾਇਆ = ਮਿਲਿਆ ਭਾਵ ਸਮਿਲਤ, ਤਦਾਕਾਰ ਹੋਇਆ ਹੈਂ।

## ਤਿਨਿ ਕਰਤੈ; ਆਪੁ ਲੁਕਾਇਆ ॥

ਹੇ ਕਰਤੈ = ਰਚਨਹਾਰ ਪ੍ਰਭੂ! ਪਰ ਤੂੰ ਤਿਨਿ = ਤਿਨ੍ਹਾਂ ਜੀਵਾਂ ਦੇ ਵਿਚ ਆਪਣੇ ਆਪ ਨੂੰ ਲੁਕਾਇਆ = ਲੁਕਾ ਕੇ ਰੱਖਿਆ ਹੋਇਆ ਹੈ। ਜੈਸਾ ਕਿ :

**ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥** *(ਸੋਰਠਿ ਮ: ੪, ਅੰਗ ੬੦੨)*

ਗੁਰੂ ਦੀ ਕਿਰਪਾ ਤੋਂ ਬਿਨਾਂ ਤੈਨੂੰ ਕੋਈ ਵੀ ਭਾਲ ਨਹੀਂ ਸਕਦਾ।

## ਨਾਨਕ ਗੁਰਮੁਖਿ ਪਰਗਟੁ ਹੋਇਆ; ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥੧੫॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਕਰਤਾਰਿ = ਪਰਮੇਸ਼ਰ ਜੀਉ = ਜੀ ! ਜਾ = ਜਿਨ੍ਹਾਂ ਕਉ = ਦੇ ਹਿਰਦੇ ਵਿਚ ਤੂੰ ਆਪਣੀ ਜੋਤਿ = ਗਿਆਤ ਗੁਰਾਂ ਦੁਆਰਾ ਧਰੀ = ਧਾਰਨ ਕੀਤੀ ਹੈ, ਤਿਨ੍ਹਾਂ ਗੁਰਮੁਖ ਜਨਾਂ ਨੂੰ ਤੂੰ ਪਰਗਟੁ = ਪ੍ਰਤੱਖ ਸਾਖਿਆਤ ਹੋਇਆ ਹੈਂ ॥੧੫॥

## ਆਪੇ, ਖਸਮਿ; ਨਿਵਾਜਿਆ ॥

ਖਸਮਿ = ਅਕਾਲ ਪੁਰਖ ਵਾਹਿਗੁਰੂ ਨੇ ਆਪ ਹੀ ਗੁਰਾਂ ਦੀ ਸੰਗਤ ਦੁਆਰਾ ਜੀਵ ਨੂੰ ਨਿਵਾਜਿਆ = ਵਡਿਆਇਆ ਹੈ।

## ਜੀਉ ਪਿੰਡੁ ਦੇ; ਸਾਜਿਆ ॥

ਸਾਰਿਆਂ ਨੂੰ ਜੀਉ = ਸੂਖਮ ਅਤੇ ਪਿੰਡੁ = ਸਥੂਲ ਸਰੀਰ ਦੇ ਕੇ ਅੰਗਾਂ ਪ੍ਰਤੰਗਾਂ ਨੂੰ ਆਪਣੀ ਚੇਤਨ ਸੱਤਾ ਪਾ ਕੇ ਸਾਜਿਆ = ਸਾਜਨਾ ਕੀਤਾ ਹੈ।

## ਆਪਣੇ ਸੇਵਕ ਕੀ, ਪੈਜ ਰਖੀਆ; ਦੁਇ ਕਰ ਮਸਤਕਿ ਧਾਰਿ ਜੀਉ ॥੧੬॥

ਪਰਮੇਸ਼ਰ ਨੇ ਆਪਣੇ ਦੁਇ = ਦੋਨੋਂ ਕਰ = ਹੱਥ ਭਾਵ ਕਿਰਪਾ ਤੇ ਰੋਜ਼ੀ ਦਾ ਹੱਥ ਅੰਤਹਕਰਣ ਰੂਪੀ ਮਸਤਕਿ = ਮੱਥੇ ਤੇ ਧਾਰਿ = ਧਰ ਕੇ ਆਪਣੇ ਸੇਵਕ = ਦਾਸਾਂ ਕੀ = ਦੀ ਪੈਜ = ਇੱਜ਼ਤ ਰਖੀਆ = ਰੱਖਣਾ ਕੀਤੀ ਹੈ **ਵਾ:** ਗੁਰਾਂ ਦੁਆਰਾ ਕਿਰਪਾ ਰੂਪੀ ਹੱਥ ਅੰਤਹਕਰਣ ਰੂਪੀ ਮੱਥੇ ਤੇ ਧਾਰਨ ਕਰ ਕੇ ਲੋਕ ਪ੍ਰਲੋਕ ਦੇ ਦੋਵੇਂ ਥਾਵਾਂ 'ਤੇ ਆਪਣੇ ਦਾਸਾਂ ਦੀ ਪੈਜ ਰੱਖਣਾ ਕੀਤੀ ਹੈ ॥੧੬॥

## ਸਭਿ ਸੰਜਮ; ਰਹੇ ਸਿਆਣਪਾ ॥

ਉਨ੍ਹਾਂ ਦੇ ਸਭਿ = ਸਾਰੇ ਸਾਧਨਾਂ ਦੇ ਸੰਜਮ = ਯਤਨ ਤੇ ਬੁੱਧੀ ਦੀਆਂ ਸਿਆਣਪਾ = ਚਤੁਰਾਈਆਂ ਪਿੱਛੇ ਹੀ ਰਹੇ = ਰਹਿ ਗਈਆਂ ਹਨ ਭਾਵ ਉਨ੍ਹਾਂ ਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ।

## ਮੇਰਾ ਪ੍ਰਭੁ; ਸਭੁ ਕਿਛੁ ਜਾਣਦਾ ॥

ਉਨ੍ਹਾਂ ਦਾ ਇਹ ਨਿਸਚਾ ਹੈ ਕਿ ਮੇਰਾ ਪ੍ਰਭੁ = ਪਰਮੇਸ਼ਰ ਅੰਤਰਜਾਮੀ ਸਭੁ = ਸਾਰਾ ਕਿਛੁ = ਕੁਝ ਜਾਣਦਾ ਹੈ। ਉਸ ਦੇ ਅੱਗੇ ਸੰਜਮ ਅਤੇ ਸਿਆਣਪ ਨੂੰ ਕੋਈ ਥਾਂ ਨਹੀਂ ਹੈ।

## ਪ੍ਰਗਟ ਪ੍ਰਤਾਪੁ ਵਰਤਾਇਓ; ਸਭੁ ਲੋਕੁ ਕਰੈ ਜੈਕਾਰੁ ਜੀਉ ॥੧੭॥

ਇਉਂ ਸੱਚੇ ਪਾਤਸ਼ਾਹ ਜੀ ਨੇ ਆਪਣੇ ਸੇਵਕਾਂ ਦਾ ਪ੍ਰਗਟ = ਪ੍ਰਤੱਖ ਰੂਪ ਵਿਚ ਪ੍ਰਤਾਪੁ = ਜੱਸ ਵਰਤਾਇਓ = ਵਰਤਾ ਦਿੱਤਾ ਹੈ। ਜਿੰਨੇ ਵੀ ਸਭੁ = ਸਾਰੇ ਲੋਕ ਹਨ, ਉਹ ਜੈ ਜੈਕਾਰ ਕਰੈ = ਕਰਦੇ ਹਨ ॥੧੭॥ ਉਨ੍ਹਾਂ ਦਾ ਇਹ ਨਿਸਚਾ ਹੈ; ਕਿ

## ਮੇਰੇ ਗੁਣ ਅਵਗਨ; ਨ ਬੀਚਾਰਿਆ ॥

ਪਰਮੇਸ਼ਰ ਨੇ ਮੇਰੇ = ਸਾਡੇ ਕਿਸੇ ਗੁਣਾਂ ਅਤੇ ਅਵਗਨ = ਔਗੁਣਾਂ ਨੂੰ ਬੀਚਾਰਿਆ = ਵੀਚਾਰਨਾ ਨਹੀਂ ਕੀਤਾ।

## ਪ੍ਰਭਿ; ਅਪਣਾ ਬਿਰਦੁ ਸਮਾਰਿਆ ॥

ਪ੍ਰਭਿ = ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਬਿਰਦੁ = ਧਰਮ ਨੂੰ ਆਪ ਹੀ ਸਮਾਰਿਆ = ਸੰਭਾਲਣਾ ਕੀਤਾ ਹੈ।

## ਕੰਠਿ ਲਾਇ ਕੈ ਰਖਿਓਨੁ; ਲਗੈ ਨ ਤਤੀ ਵਾਉ ਜੀਉ ॥੧੮॥

ਪਰਮੇਸ਼ਰ ਜੀ ਨੇ ਆਪਣੇ ਸੇਵਕਾਂ ਨੂੰ ਅਭੇਦ ਨਿਸਚੇ ਰੂਪੀ ਕੰਠਿ = ਗਲ ਨਾਲ ਲਾਇ = ਲਗਾ ਕੈ = ਕੇ ਰਖਿਓਨੁ = ਰੱਖਣਾ ਕੀਤਾ ਹੈ ਅਤੇ ਕਿਸੇ ਪ੍ਰਕਾਰ ਦੀ ਤ੍ਰਿਸ਼ਨਾ, ਈਰਖਾ, ਮਾਤਾ ਦੇ ਗਰਭ ਆਦਿ ਦੀ ਦੁਖ ਰੂਪ ਤਤੀ ਵਾਉ = ਹਵਾ ਨ = ਨਹੀਂ ਲਗੈ = ਲੱਗਣ ਦਿੱਤੀ ॥੧੮॥

## ਮੈ ਮਨਿ ਤਨਿ; ਪ੍ਰਭੂ ਧਿਆਇਆ ॥

ਮੈ = ਅਸੀਂ ਤਾਂ ਮਨਿ = ਹਿਰਦੇ ਦੇ ਸੰਕਲਪ ਦੁਆਰਾ ਧਿਆਨ ਜੋੜ ਕੇ ਤਨਿ = ਸਰੀਰ ਵਿਚ ਪ੍ਰਭੂ ਨੂੰ ਵਿਆਪਕ ਜਾਣ ਕੇ ਰੋਮ ਰੋਮ ਕਰਕੇ ਉਸ ਨੂੰ ਧਿਆਉਣਾ ਕੀਤਾ ਹੈ।

## ਜੀਇ ਇਛਿਅੜਾ; ਫਲੁ ਪਾਇਆ ॥

ਜਿਹੜੀ ਜੀਇ = ਹਿਰਦੇ ਦੀ ਪ੍ਰਭੂ ਪ੍ਰਾਪਤੀ ਦੀ ਇਛਿਅੜਾ = ਇੱਛਾ ਸੀ, ਉਸ ਧਰਮ, ਅਰਥ, ਕਾਮ, ਮੋਖ ਆਦਿ ਦੀ ਪ੍ਰਾਪਤੀ ਬ੍ਰਹਮ ਗਿਆਨ ਰੂਪੀ ਫਲ ਨੂੰ ਪਾਇਆ = ਪਾ ਲਿਆ ਹੈ।

## ਸਾਹ ਪਾਤਿਸਾਹ ਸਿਰਿ, ਖਸਮੁ ਤੂੰ; ਜਪਿ ਨਾਨਕ ਜੀਵੈ ਨਾਉ ਜੀਉ ॥੧੯॥

ਹੇ ਪਰਮੇਸ਼ਰ ! ਸਾਰਿਆਂ ਸਾਹ = ਪਾਤਸ਼ਾਹਾਂ ਦਾ ਪਾਤਸ਼ਾਹ ਸਿਰਿ = ਸ਼੍ਰੋਮਣੀ ਖਸਮੁ = ਮਾਲਕ ਤੂੰ ਆਪ ਹੀ ਹੈਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਆਪ ਜੀ ਦਾ ਐਸਾ ਪਵਿੱਤਰ ਨਾਉ = ਨਾਮ ਹੈ ਜਿਸ ਨੂੰ ਜਪ ਜਪ ਕੇ ਜੀਵੈ = ਜਿਊਣਾ ਕਰਦੇ ਹਾਂ ॥੧੯॥

**[ਅੰਗ ੭੩]**

## ਤੁਧੁ; ਆਪੇ ਆਪੁ ਉਪਾਇਆ ॥

ਹੇ ਪਰਮੇਸ਼ਰ ਜੀ ! ਤੁਧੁ = ਤੁਸੀਂ ਆਪੇ ਹੀ ਆਪਣੇ ਆਪ ਤੋਂ ਸੰਸਾਰ ਨੂੰ ਉਪਾਇਆ = ਪੈਦਾ ਕੀਤਾ ਹੈ; ਜੈਸਾ ਕਿ :

**ਓਅੰਕਾਰ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥** *(ਮਾਰੂ ਮ: ੫, ਅੰਗ ੧੦੦੩)*

## ਦੂਜਾ ਖੇਲੁ ਕਰਿ; ਦਿਖਲਾਇਆ ॥

ਜੋ ਇਹ ਦੂਜਾ = ਦੂਸਰਾ ਭਾਵ ਮਾਇਕੀ ਖੇਲ ਹੈ, ਉਹ ਚੰਮ ਦ੍ਰਿਸ਼ਟੀ ਵਾਲਿਆਂ ਨੂੰ ਨੇਤਰਾਂ ਦਾ ਵਿਸ਼ਾ ਕਰਿ = ਕਰਕੇ ਦਿਖਲਾਇਆ = ਵਿਖਾਉਣਾ ਕੀਤਾ ਹੈ **ਵਾ:** ਆਪਣੇ ਤੋਂ ਭਿੰਨ ਦੂਸਰਾ ਸੰਸਾਰ ਦਾ ਖੇਲ ਰਚ ਕੇ ਦਿਖਾਉਣਾ ਕੀਤਾ ਹੈ।

## ਸਭੁ ਸਚੋ ਸਚੁ ਵਰਤਦਾ; ਜਿਸੁ ਭਾਵੈ ਤਿਸੈ ਬੁਝਾਇ ਜੀਉ ॥੨੦॥

ਹੇ ਸੱਚੇ ਪਰਮੇਸ਼ਰ ਜੀ ! ਸਚੁ = ਨਿਸਚੇ ਕਰਕੇ ਤੂੰ ਹੀ ਸਭੁ = ਸਾਰਿਆਂ ਥਾਵਾਂ ਵਿਚ ਵਰਤਦਾ = ਵਰਤ ਰਿਹਾ ਹੈਂ, ਪਰੰਤੂ ਜਿਸ ਦੀ ਸ਼ਰਧਾ ਭਾਵਨਾ ਭਾਵੈ = ਭਾਅ ਜਾਵੇ ਉਸ ਨੂੰ ਆਪਣਾ ਸਤ ਚਿਤ ਅਨੰਦ ਸਰੂਪ ਬੁਝਾਇ = ਸਮਝਾ ਦਿੰਦਾ ਹੈਂ **ਅਥਵਾ** ਸਭੁ = ਸਾਰੇ ਹੀ ਸਮੁੰਦਰ ਰੂਪ ਪਰਮੇਸ਼ਰ ਸੱਚਾ ਹੈ, ਲਹਿਰ ਦੀ ਨਿਆਈਂ ਉਹੀ ਸੱਚਾ ਈਸ਼ਰ ਰੂਪ ਹੋ ਰਿਹਾ ਹੈ। ਝੱਗ ਦੀ ਨਿਆਈਂ ਸੱਚਾ ਸਰੀਰ ਰੂਪ ਹੋ ਰਿਹਾ ਹੈ। ਪਾਣੀ ਦੇ ਬੁਲਬੁਲੇ ਦੀ ਨਿਆਈਂ ਉਹੀ ਸੱਚਾ ਜੀਵ ਰੂਪ ਹੋ ਕੇ ਵਰਤਦਾ = ਵਰਤ ਰਿਹਾ ਹੈਂ, ਜਿਸ ਜੀਵ ਦੀ ਸ਼ਰਧਾ ਭਗਤੀ ਭਾਵਨਾ ਆਦਿ ਸਾਧਨ ਆਪ ਜੀ ਨੂੰ ਭਾਵੈ = ਭਾਅ ਜਾਂਦੇ ਹਨ, ਤਿਸੈ = ਤਿਨ੍ਹਾਂ ਨੂੰ ਆਪ ਹੀ ਆਪਣੇ ਸਰੂਪ ਦੀ ਸਖਿਆਤਤਾ ਬੁਝਾਇ = ਸਮਝਾ ਦਿੰਦੇ ਹੋ ॥੨੦॥

## ਗੁਰ ਪਰਸਾਦੀ; ਪਾਇਆ ॥ ਤਿਥੈ; ਮਾਇਆ ਮੋਹੁ ਚੁਕਾਇਆ ॥

ਸਤਿਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਜਿਨ੍ਹਾਂ ਨੇ ਆਪਣੇ ਨਿਜ ਸਰੂਪ ਨੂੰ ਪਾਇਆ = ਪਾਉਣਾ ਕੀਤਾ ਹੈ।

ਉਨ੍ਹਾਂ ਦੇ ਤਿਥੈ = ਤਿਸ ਜਗ੍ਹਾ ਭਾਵ ਅੰਤਸ਼ਕਰਣ ਵਿੱਚੋਂ ਪਰਮੇਸ਼ਰ ਨੇ ਮਾਇਆ ਦਾ ਮੋਹ ਚੁਕਾਇਆ = ਚੁੱਕ ਦਿੱਤਾ ਹੈ।

## ਕਿਰਪਾ ਕਰਿ ਕੈ ਆਪਣੀ; ਆਪੇ ਲਏ ਸਮਾਇ ਜੀਉ ॥੨੧॥

ਫੇਰ ਉਨ੍ਹਾਂ ਨੂੰ ਆਪਣੀ ਕਿਰਪਾ = ਦਇਆ ਦ੍ਰਿਸ਼ਟੀ ਕਰਿ ਕੈ = ਕਰ ਕੇ ਆਪਣੇ ਸਰੂਪ ਦੇ ਵਿਚ ਹੀ ਸਮਾਇ = ਸਮਾਅ ਲੈਣਾ ਕੀਤਾ ਹੈ ਜੀ ॥੨੧॥

## ਗੋਪੀ ਨੈ; ਗੋਆਲੀਆ ॥ ਤੁਧੁ ਆਪੇ; ਗੋਇ ਉਠਾਲੀਆ ॥

ਗੋਪੀ = ਗੋਪੀਆਂ ਜਮਨਾ ਨੈ = ਨਦੀ ਅਤੇ ਗੋਆਲੀਆ = ਗਵਾਲਿਆਂ ਵਿਚ ਵੀ ਤੂੰ ਆਪ ਹੀ ਵਰਤ ਰਿਹਾ ਹੈਂ। ਤੁਧੁ = ਤੂੰ ਆਪ ਹੀ ਕ੍ਰਿਸ਼ਨ ਰੂਪ ਹੋ ਕੇ ਗੋਇ = ਖਿੱਦੋ ਭਾਵ ਗੋਵਰਧਨ ਪਰਬਤ ਨੂੰ ਚੀਚੀ ਤੇ ਉਠਾਲੀਆ = ਉਠਾਉਣਾ ਕੀਤਾ ਸੀ। ਜਿਵੇਂ ਦੇਵਤਿਆਂ ਦਾ ਰਾਜਾ ਇੰਦਰ ਨਰਾਜ਼ ਹੋ ਗਿਆ ਸੀ ਕਿ ਗੋਕਲ ਵਾਸੀਆਂ ਨੇ ਮੇਰੀ ਪੂਜਾ ਛੱਡ ਦਿੱਤੀ ਹੈ ਤਾਂ ਕ੍ਰੋਧ ਵਿਚ ਆ ਕੇ ਮੀਂਹ ਵਰਸਾਉਣਾ ਸ਼ੁਰੂ ਕਰ ਦਿੱਤਾ, ਤਦੋਂ ਭਗਵਾਨ ਕ੍ਰਿਸ਼ਨ ਜੀ ਨੇ ਆਪਣੀ ਚੀਚੀ ਉਪਰ ਗੋਵਰਧਨ ਪਰਬਤ ਨੂੰ ੨੮ ਦਿਨ ਤਕ ਚੁੱਕ ਕੇ ਰੱਖਿਆ, ਇੰਦਰ ਵਰਖਾ ਕਰ ਕੇ ਹਾਰ ਗਿਆ ਪਰ ਗੋਕਲ ਨੂੰ ਰੋੜ ਨਾ ਸਕਿਆ ਸਾਰਾ ਪਾਣੀ ਜਮਨਾ ਨਦੀ ਵਿਚ ਹੀ ਪੈਂਦਾ ਰਿਹਾ।

***ਦੂਸਰਾ ਅਰਥ :*** ਗੋਪੀ = ਇੰਦਰੀਆਂ, ਗੁਵਾਲਿਆਂ ਦੀ ਨਿਆਈਂ ਮਨ ਆਦਿ ਇੰਦਰੇ, ਆਸਾ ਰੂਪ ਨਦੀ ਨੈ = ਹਨ। ਤੁਧੁ = ਤੂੰ ਆਪ ਹੀ ਇੰਦਰੀਆਂ ਤੇ ਮਨ ਆਦਿਕਾਂ ਕਰਕੇ ਸਰੀਰ ਰੂਪੀ ਗੋਇ = ਬਾਜ਼ੀ ਨੂੰ ਆਪਣੀ ਸੱਤਾ ਦੇ ਆਸਰੇ ਉਠਾਲੀਆ = ਉਠਾਇਆ ਹੋਇਆ ਹੈ।

***ਤੀਸਰਾ ਅਰਥ :*** ਗੋਪੀਆਂ ਦੀ ਨਿਆਈਂ ਬਿਰਤੀਆਂ, ਜਮਨਾ ਨੈ = ਨਦੀ ਦੀ ਨਿਆਈਂ ਭਗਤੀ ਦੇ ਪ੍ਰਵਾਹ ਵਿਚ ਵਗ ਰਹੀਆਂ ਹਨ, ਜਗਿਆਸੂ ਰੂਪ ਗੁਆਲਿਆਂ ਦੀ ਬਿਰਤੀ ਬ੍ਰਹਮਾਕਾਰ ਹੋਈ ਹੈ। ਉਨ੍ਹਾਂ ਦੇ ਅੰਦਰੋਂ ਤੂੰ ਆਪ ਹੀ ਸੰਸਾਰ ਦੀ ਗੋਇ = ਬਾਜ਼ੀ ਨੂੰ ਉਠਾਲੀਆ = ਉਠਾਉਣਾ ਕੀਤਾ ਹੈ **ਅਥਵਾ** ਇੰਦਰੀਆਂ ਰੂਪ ਗੋਪੀਆਂ, ਆਸਾ ਰੂਪ ਨਦੀਆਂ ਵਿਚ ਜੋ ਗੁਆਲਿਆਂ ਦੀ ਨਿਆਈਂ ਬਿਰਤੀਆਂ ਵਹਿ ਰਹੀਆਂ ਹਨ, ਇਨ੍ਹਾਂ ਨੂੰ ਤੂੰ ਆਪ ਹੀ ਜਗਿਆਸੂ ਦੇ ਹਿਰਦੇ ਵਿਚ ਉਠਾਉਣਾ ਭਾਵ ਲੈਅ ਕਰਨਾ ਕੀਤਾ ਹੈ, ਭਾਵ ਮਨ ਵਿਚ ਜੋ ਵਿਸ਼ਿਆਂ ਨੂੰ ਭੋਗਣ ਦੀ ਬਾਜ਼ੀ ਪੈ ਰਹੀ ਸੀ ਉਹ ਜਗਿਆਸੂਆਂ ਦੇ ਹਿਰਦੇ ਵਿੱਚੋਂ ਚੁੱਕ ਦਿੱਤੀ ਹੈ।

## ਹੁਕਮੀ ਭਾਂਡੇ ਸਾਜਿਆ; ਤੂੰ ਆਪੇ ਭੰਨਿ ਸਵਾਰਿ ਜੀਉ ॥੨੨॥

ਹੇ ਹੁਕਮੀ = ਹੁਕਮ ਕਰਨ ਵਾਲੇ ਪਰਮੇਸ਼ਰ ! ਤੂੰ ਆਪ ਹੀ ਆਪਣੇ ਹੁਕਮ ਵਿਚ ਹੀ ਪੰਜਾਂ ਤੱਤਾਂ ਦੁਆਰਾ ਸਥੂਲ ਅਤੇ ਸੂਖਮ ਤੱਤਾਂ ਦੁਆਰਾ ਸੂਖਮ ਸਰੀਰ ਰੂਪੀ ਭਾਂਡੇ = ਬਰਤਨ ਸਾਜਿਆ = ਸਾਜਨਾ ਕੀਤੇ ਹਨ। ਆਪ ਹੀ ਇਨ੍ਹਾਂ ਭਾਂਡਿਆਂ ਨੂੰ ਭੰਨਿ = ਭੰਨਣ ਵਾਲਾ ਭਾਵ ਪਰਲੋ ਕਰਨ ਵਾਲਾ ਹੈ ਅਤੇ ਫਿਰ ਆਪ ਹੀ ਸਵਾਰਿ = ਸਿਰਜ ਕੇ ਘਾੜਤ ਘੜਨ ਵਾਲਾ ਹੈ **ਵਾ:** ਆਪਣੇ ਹੁਕਮ ਦੁਆਰਾ ਸ੍ਰਵਨ ਮੰਨਣ ਨਿਧਿਆਸਣ ਰੂਪ ਭਾਂਡੇ ਸਾਜਣ ਵਾਲੇ ਵੀ ਆਪ ਹੀ ਹੋ। ਅਵਰਨ, ਅਗਿਆਨ ਨੂੰ ਭੰਨਣ ਅਤੇ ਬ੍ਰਹਮ ਗਿਆਨ ਭਾਵ ਅਪ੍ਰੋਖ ਗਿਆਨ ਨੂੰ ਸਵਾਰ ਦੇਣ ਵਾਲੇ ਵੀ ਆਪ ਹੀ ਹੋ ॥੨੨॥

## ਜਿਨ ਸਤਿਗੁਰ ਸਿਉ; ਚਿਤੁ ਲਾਇਆ ॥

ਜਿਨ੍ਹਾਂ ਨੇ ਸਤਿਗੁਰੂ ਦੇ ਸਿਉ = ਨਾਲ ਚਿੱਤ ਦੀ ਬਿਰਤੀ ਨੂੰ ਲਾਇਆ = ਜੋੜਨਾ ਕੀਤਾ ਹੈ।

## ਤਿਨੀ; ਦੂਜਾ ਭਾਉ ਚੁਕਾਇਆ ॥

ਉਨ੍ਹਾਂ ਦੇ ਅੰਦਰੋਂ ਗੁਰਾਂ ਨੇ ਦੂਜਾ ਭਾਉ = ਦਵੈਤ ਭਾਵ ਚੁਕਾਇਆ = ਚੁੱਕ ਦਿੱਤਾ ਹੈ।

## ਨਿਰਮਲ ਜੋਤਿ ਤਿਨ ਪ੍ਰਾਣੀਆ; ਓਇ ਚਲੇ ਜਨਮੁ ਸਵਾਰਿ ਜੀਉ ॥੨੩॥

ਉਨ੍ਹਾਂ ਪ੍ਰਾਣੀਆਂ ਦੇ ਅੰਦਰ ਨਿਰਮਲ = ਉੱਜਲ ਜੋਤਿ = ਗਿਆਤ ਭਾਵ ਬ੍ਰਹਮ ਸਰੂਪ ਦੀ ਜੋਤਿ ਪ੍ਰਗਟ ਹੋ ਜਾਂਦੀ ਹੈ, ਉਹ ਸੰਸਾਰ ਵਿੱਚੋਂ ਆਪਣੇ ਜਨਮ ਨੂੰ ਸਵਾਰ ਕੇ ਸਚਖੰਡ ਵਿਚ ਚਲੇ = ਤੁਰ ਜਾਂਦੇ ਹਨ ਪਰਮੇਸ਼ਰ ਵਿਚ ਅਭੇਦ ਹੋ ਜਾਂਦੇ ਹਨ ॥੨੩॥

## ਤੇਰੀਆ; ਸਦਾ ਸਦਾ ਚੰਗਿਆਈਆ ॥

ਜੋ ਤੇਰੀਆ = ਤੁਹਾਡੀਆਂ ਸਦਾ ਸਦਾ = ਹਮੇਸ਼ਾ ਹਮੇਸ਼ਾ ਚੰਗਿਆਈਆ = ਨੇਕੀਆਂ ਭਾਵ ਪਰਉਪਕਾਰ ਹਨ।

## ਮੈ ਰਾਤਿ ਦਿਹੈ; ਵਡਿਆਈਆਂ ॥

ਮੈ = ਅਸੀਂ ਉਨ੍ਹਾਂ ਪਰਉਪਕਾਰਾਂ ਨੂੰ ਰਾਤ ਦਿਹੈ = ਦਿਨ ਵਡਿਆਈਆਂ = ਸਲਾਹੁੰਦੇ ਹਾਂ।

## ਅਣਮੰਗਿਆ ਦਾਨੁ ਦੇਵਣਾ; ਕਹੁ ਨਾਨਕ ਸਚੁ ਸਮਾਲਿ ਜੀਉ ॥੨੪॥੧॥

ਇਸ ਪ੍ਰਕਾਰ ਅਣਮੰਗਿਆ = ਮੰਗਣ ਤੋਂ ਰਹਿਤ ਆਪ ਸਾਰੇ ਜੀਵਾਂ ਨੂੰ ਦਾਨ ਦੇਵਣਾ = ਦੇਣਾ ਕਰਦੇ ਹੋ। ਜਿਨ੍ਹਾਂ ਨੂੰ ਦਾਨ ਦੇਣਾ ਕਰਦੇ ਹੋ, ਉਨ੍ਹਾਂ ਨੂੰ ਅਣਮੰਗਿਆ ਕਰ ਦਿੰਦੇ ਹੋ ਭਾਵ ਉਹ ਕਿਸੇ ਅੱਗੇ ਹੱਥ

ਨਹੀਂ ਅੱਡਦੇ। ਸਤਿਗੁਰੂ ਸਾਹਿਬ ਜੀ ਕਹੁ = ਕਹਿੰਦੇ ਹਨ ਕਿ ਹੇ ਸਚੁ = ਸੱਚੇ ਪਾਤਸ਼ਾਹ! ਅਸੀਂ ਤੈਨੂੰ ਸਦਾ ਹੀ ਸਮਾਲਿ = ਸਿਮਰਦੇ ਰਹੀਏ ਭਾਵ ਯਾਦ ਕਰਦੇ ਰਹੀਏ। ਬਾਰ ਦੇਸ਼ ਵਿਚ ਜੋ ਲੁੱਡੀ ਪੈ ਰਹੀ ਸੀ, ਉਸ ਦੇ ਦੁਆਰਾ ਮਹਾਰਾਜ ਜੀ ਨੇ ਚੌਵੀ ਪਉੜੀਆਂ ਵਾਲੇ ਸ਼ਬਦ ਦਾ ਉਪਦੇਸ਼ ਬਖ਼ਸ਼ਿਆ ਹੈ। ਇਥੇ ਇਸ ਸ਼ਬਦ ਦੀ ਸਮਾਪਤੀ ਹੁੰਦੀ ਹੈ॥੨੪॥੧॥ ਅਗਲਾ ਛਿੰਜ ਦਾ ਸ਼ਬਦ ਪੰਜਵੇਂ ਪਾਤਸ਼ਾਹ ਜੀ ਦਾ ਆਵੇਗਾ।

## ਸਿਰੀਰਾਗੁ ਮਹਲਾ ੫ ॥

**ਉਥਾਨਕਾ :** ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਬਿਰਾਜਮਾਨ ਹੋ ਕੇ ਜੀਵਾਂ ਦਾ ਉਧਾਰ ਕਰ ਰਹੇ ਸਨ। ਜੀਵਾਂ 'ਤੇ ਕ੍ਰਿਪਾ ਦ੍ਰਿਸ਼ਟੀ ਕਰਕੇ ਜੀਅ ਦਾਨ ਦੇ ਰਹੇ ਸਨ। ਇਕ ਸਮੇਂ ਅੰਮ੍ਰਿਤਸਰ ਸਾਹਿਬ ਵਾਲੇ ਖੇਤਰ ਵਿਚ ਬੜੀ ਭਾਰੀ ਛਿੰਝ ਪਈ। ਵੱਡੀ ਗਿਣਤੀ ਵਿਚ ਲੋਕ ਪਹਿਲਵਾਨਾਂ ਦੀਆਂ ਕੁਸ਼ਤੀਆਂ ਦੇਖਣ ਆਏ। ਕੁਝ ਸਿੱਖ ਇਕੱਠੇ ਹੋ ਕੇ ਸਤਿਗੁਰੂ ਮਹਾਰਾਜ ਨੂੰ ਕਹਿਣ ਲੱਗੇ ਕਿ ਆਪ ਜੀ ਵੀ ਪਹਿਲਵਾਨਾਂ ਦੀ ਕੁਸ਼ਤੀ ਦੇਖਣ ਲਈ ਚੱਲਣਾ ਕਰੋ। ਤਾਂ ਸਤਿਗੁਰੂ ਜੀ ਨੇ ਆਖਣਾ ਕੀਤਾ ਕਿ ਹੇ ਗੁਰਸਿੱਖੋ! ਅਸੀਂ ਤਾਂ ਖ਼ੁਦ ਉਸ ਅਕਾਲ ਪੁਰਖ ਵਾਹਿਗੁਰੂ ਦੇ ਪਹਿਲਵਾਨ ਹਾਂ ਤੇ ਵਾਹਿਗੁਰੂ ਪਰਮੇਸ਼ਰ ਨੇ ਸਾਨੂੰ ਗੁਰਿਆਈ ਦਾ ਐਸਾ ਸਿਰੋਪਾਉ ਭਾਵ ਸਾਡੇ ਮੋਢੇ 'ਤੇ ਥਾਪੜਾ ਦੇ ਕੇ ਪਹਿਲਵਾਨ ਬਣਾਇਆ ਹੈ, ਜਿਸ ਨਾਲ ਅਸੀਂ ਆਪਣੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਪੰਜ ਵੈਰੀਆਂ 'ਤੇ ਜਿੱਤ ਪ੍ਰਾਪਤ ਕਰ ਲਈ ਹੈ।

ਹੇ ਸਿੱਖੋ! ਤੁਸਾਂ ਹੋਰ ਕਿਸੇ ਪਹਿਲਵਾਨ ਨੂੰ ਵੇਖ ਕੇ ਕੀ ਕਰਨਾ ਹੈ? ਤੁਸੀਂ ਵੀ ਉਸ ਵਾਹਿਗੁਰੂ ਦੇ ਪਹਿਲਵਾਨ ਬਣਨਾ ਕਰੋ। ਐਸੀ ਪਹਿਲਵਾਨੀ ਕਰੋ ਕਿ ਮਨ ਨੂੰ ਜਿੱਤਿਆ ਜਾਵੇ ਅਤੇ ਪੰਜਾਂ ਵਿਕਾਰਾਂ ਨੂੰ ਵਸ ਕਰਕੇ ਅਗਿਆਨ ਅਤੇ ਹਉਮੈ ਨੂੰ ਨਾਸ ਕੀਤਾ ਜਾ ਸਕੇ। ਇਸ ਪ੍ਰਕਾਰ ਛਿੰਜ ਦਾ ਪ੍ਰਕਰਣ ਬਣਾ ਕੇ ਸਤਿਗੁਰੂ ਜੀ ਸਿੱਖਾਂ ਤਾਈਂ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਪੈ ਪਾਇ; ਮਨਾਈ ਸੋਇ ਜੀਉ ॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪਿਆਰੇ ਜੀ! ਪਹਿਲਾਂ ਗੁਰਾਂ ਦੇ ਪੈ = ਚਰਨਾਂ ਵਿਚ ਆਪਣੇ ਆਪ ਨੂੰ ਪਾ ਕੇ ਸਤਿਗੁਰੂ ਦੀ ਕਿਰਪਾ ਦੁਆਰਾ ਸੋਇ = ਉਸ ਤੱਤਪਦ ਦੇ ਲਖ ਅਰਥ ਸਰੂਪ ਪਰਮੇਸ਼ਰ ਦੇ ਤਾਈਂ ਮਨਾਈ = ਮਨਾਉਣਾ ਕਰੀਏ। ਜਿਵੇਂ ਪਹਿਲਵਾਨ ਕੁਸ਼ਤੀ ਕਰਨ ਵੇਲੇ ਆਪਣੇ ਵਿਰੋਧੀ ਨੂੰ ਢਾਹੁਣ ਲਈ ਪਹਿਲਾਂ ਆਪਣੇ ਗੁਰੂ ਪੀਰ ਮੁਰਸ਼ਦ ਨੂੰ ਮਨਾਉਂਦਾ ਹੈ ਕਿ ਮੇਰੀ ਜਿੱਤ ਹੋਵੇ ਇਉਂ ਜਗਿਆਸੂ ਜਨ ਆਪਣੇ ਕਾਮ ਕ੍ਰੋਧ ਆਦਿ ਵੈਰੀਆਂ ਨੂੰ ਢਾਹੁਣ ਲਈ ਪਹਿਲਾਂ ਆਪਣੇ ਗੁਰੂ ਦੇ ਚਰਨੀਂ ਪੈ ਕੇ ਮਨਾਉਣਾ ਭਾਵ ਸਹਾਇਤਾ ਲਈ ਪੁਕਾਰ ਕਰਦਾ ਹੈ ਕਿ ਮੇਰੀ ਇਨ੍ਹਾਂ ਤੇ ਫ਼ਤਹਿ ਹੋਵੇ।

## ਸਤਿਗੁਰ ਪੁਰਖਿ ਮਿਲਾਇਆ;
## ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ਰਹਾਉ॥

ਪੂਰਨ ਸਤਿਗੁਰਾਂ ਨੇ ਅਕਾਲ ਪੁਰਖ ਦੇ ਨਾਲ ਮਿਲਾਇਆ = ਮਿਲਾਉਣਾ ਕੀਤਾ ਹੈ, ਤਿਸੁ = ਉਸ ਗੁਰੂ **ਵਾ:** ਪਰਮੇਸ਼ਰ ਦੇ ਜੇਵਡੁ = ਜਿੱਡਾ ਵੱਡਾ ਅਵਰੁ = ਹੋਰ ਕੋਈ ਨਹੀਂ ਹੈ। ਉਹ ਸਤਿਗੁਰੂ ਸਭ ਤੋਂ ਵੱਡਾ ਹੈ। ਉਸ ਦੇ ਸਮਾਨ ਅਵਤਾਰ, ਪੀਰ, ਪੈਗ਼ੰਬਰ, ਦੇਵਤੇ ਆਦਿ ਨਹੀਂ ਹੋ ਸਕਦੇ॥੧॥ਰਹਾਉ॥ ਜੈਸਾ ਕਿ :

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥** *(ਸੂਹੀ ਮ: ੫, ਅੰਗ ੭੫੦)*

**ਗੁਰ ਜੈਸਾ ਨਾਹੀ ਕੋ ਦੇਵ॥** *(ਭੈਰਉ ਮ: ੫, ਅੰਗ ੧੧੪੨)*

ਉਸ ਦੇ ਸਮਾਨ ਹੋਰ ਕਿਸੇ ਨੂੰ ਵਡਿਆਈ ਨਹੀਂ ਦਿੱਤੀ ਜਾ ਸਕਦੀ। ਉਹ ਜੈਸਾ ਵੀ ਹੈ, ਉਹ ਆਪ ਹੀ ਹੈ। ਉਸ ਦੇ ਤੁਲ ਕੋਈ ਦੂਸਰਾ ਨਹੀਂ ਹੋ ਸਕਦਾ। ਜੈਸਾ ਕਿ :

**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥੩॥** *(ਬਿਲਾਵਲੁ ਰਵਿਦਾਸ ਜੀ, ਅੰਗ ੮੫੮)*

**ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ ॥** *(ਅੰਗ ੧੩੯੬)*

## ਗੋਸਾਈ; ਮਿਹੰਡਾ ਇਠੜਾ ॥

ਗੋ = ਪ੍ਰਿਥਵੀ ਦਾ ਸਾਈ = ਮਾਲਕ ਭਾਵ ਧਰਤੀ ਦੀ ਪਾਲਣਾ ਕਰਨ ਵਾਲਾ ਅਕਾਲ ਪੁਰਖ ਵਾਹਿਗੁਰੂ ਮਿਹੰਡਾ[੧] = ਸਾਡਾ ਇਠੜਾ = ਪਿਆਰਾ ਹੈ।

## ਅੰਮ ਅਬੇ ਥਾਵਹੁ; ਮਿਠੜਾ ॥

(**ਅਬੇ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਉਹ ਅਕਾਲ ਪੁਰਖ ਵਾਹਿਗੁਰੂ ਸਾਨੂੰ ਅੰਮ = ਮਾਂ ਅਤੇ ਅਬੇ = ਪਿਤਾ ਥਾਵਹੁ = ਨਾਲੋਂ ਵੀ ਮਿਠੜਾ = ਪਿਆਰਾ ਲੱਗਦਾ ਹੈ **ਵਾ:** ਅੰਨਵੇਂ ਅਰਥ : ਮ = ਮਿਰਤੂ ਅੰ = ਰਹਿਤ ਜੋ ਮਿਰਤੂ ਤੋਂ ਰਹਿਤ ਅਬੇ = ਅਬਿਨਾਸੀ ਪਰਮੇਸ਼ਰ ਹੈ, ਉਹ ਸਾਨੂੰ ਲੋਕ ਪਰਲੋਕ, ਬੈਕੁੰਠ ਦੀਆਂ ਚਾਰ ਮੁਕਤੀਆਂ ਬ੍ਰਹਮ ਲੋਕ, ਮਾਤ ਲੋਕ, ਇੰਦਰ ਦੀ ਪਦਵੀ, ਸਵਰਗ ਦੇ ਸੁੱਖ, ਭਿਸਤ ਦੀਆਂ ਹੂਰਾਂ ਆਦਿ ਸਾਰੇ ਸੁੱਖਾਂ ਥਾਵਹੁ = ਨਾਲੋਂ ਮਿਠੜਾ = ਪਿਆਰਾ ਹੈ।

## ਭੈਣ ਭਾਈ ਸਭਿ ਸਜਣਾ; ਤੁਧੁ ਜੇਹਾ ਨਾਹੀ ਕੋਇ ਜੀਉ ॥੧॥

ਹੇ ਪਰਮੇਸ਼ਰ ਜੀ ! ਜਿੰਨੇ ਵੀ ਭੈਣ, ਭਰਾ ਅਤੇ ਹੋਰ ਸਾਰੇ ਸੱਜਣ, ਮਿੱਤਰ, ਸਾਕ-ਸੰਬੰਧੀ ਹਨ, ਇਨ੍ਹਾਂ ਵਿੱਚੋਂ ਤੁਧੁ = ਤੁਹਾਡੇ ਜੇਹਾ = ਜੈਸਾ ਕੋਇ = ਕੋਈ ਵੀ ਨਹੀਂ ਹੈ। ਇਹ ਸਾਰੇ ਉਤਨਾ ਚਿਰ ਹੀ ਹਨ ਜਿਤਨਾ ਚਿਰ ਆਪ ਜੀ ਦੀ ਕਿਰਪਾ ਦੁਆਰਾ ਚੇਤਨ ਸੱਤਾ ਮਿਲੀ ਹੋਈ ਹੈ। **ਅਥਵਾ** ਭੈਣ ਦੀ ਨਿਆਈਂ ਕਰੁਣਾ, ਮੁਦਤਾ, ਮੈਤ੍ਰੀ, ਅਪੇਖਿਆ, ਖਿਮਾ ਆਦਿ ਭਰਾਵਾਂ ਦੀ ਨਿਆਈਂ ਸਤ, ਸੰਤੋਖ, ਦਇਆ, ਧਰਮ ਆਦਿ ਅਤੇ ਸੱਜਣਾਂ ਦੀ ਨਿਆਈਂ ਸ੍ਰਵਣ, ਮੰਨਣ, ਨਿਧਿਆਸਣ ਵਿੱਚੋਂ ਤੁਹਾਡੇ ਮਿਲਾਪ ਦੇ ਸਦਰਸ਼ ਕੋਈ ਨਹੀਂ ਹੈ ॥੧॥

## ਤੇਰੈ ਹੁਕਮੇ; ਸਾਵਣੁ ਆਇਆ ॥

ਹੇ ਪਰਮੇਸ਼ਰ ਜੀ ! ਤੇਰੈ = ਤੁਹਾਡੇ ਹੁਕਮੇ = ਹੁਕਮ ਅਨੁਸਾਰ ਹੀ ਸਾਵਣ ਦਾ ਮਹੀਨਾ ਆਇਆ ਹੈ **ਵਾ:** ਇਸੇ ਪ੍ਰਕਾਰ ਹੇ ਪਰਮੇਸ਼ਰ ਜੀ ! ਤੁਹਾਡੇ ਹੁਕਮ ਅਨੁਸਾਰ ਹੀ ਸਾਨੂੰ ਚੌਰਾਸੀ ਲੱਖ ਜੂਨਾਂ ਭੋਗ ਕੇ ਮਨੁੱਖਾ ਜਨਮ, ਸੌਕ ਅਵਸਥਾ ਰੂਪੀ ਸਾਉਣ ਦਾ ਮਹੀਨਾ ਆ ਕੇ ਪ੍ਰਾਪਤ ਹੋਇਆ ਹੈ।

**ਦ੍ਰਿਸ਼ਟਾਂਤ :** ਜਿਸ ਪ੍ਰਕਾਰ ਸਾਵਣ ਮਹੀਨੇ ਵਿਚ ਬੱਦਲ ਵਰਸਦੇ ਹਨ, ਇਸੇ ਪ੍ਰਕਾਰ ਗੁਰੂ ਸਾਹਿਬ ਜੀ ਕਿਰਪਾ ਕਰਕੇ ਮਨੁੱਖਾਂ ਨੂੰ ਅੰਮ੍ਰਿਤ ਉਪਦੇਸ਼ ਬਖ਼ਸ਼ਦੇ ਹਨ। ਜਿਸ ਪ੍ਰਕਾਰ ਬੱਦਲ ਜਲ ਭਰ ਭਰ ਕੇ ਆਉਂਦੇ ਹਨ, ਉਸੇ ਪ੍ਰਕਾਰ ਗੁਰੂ ਸਾਹਿਬ ਜੀ ਪ੍ਰੇਮ ਰੂਪੀ ਜਲ ਨਾਲ ਭਰ ਕੇ ਪ੍ਰਗਟ ਸਰੂਪ ਧਾਰ ਕੇ ਜੀਵਾਂ ਦੀ ਕਲਿਆਣ ਵਾਸਤੇ ਅੰਮ੍ਰਿਤ ਉਪਦੇਸ਼ ਰੂਪੀ ਸਵਾਂਤੀ ਬੂੰਦ ਦੇ ਸਮਾਨ ਸਾਧਨ ਬਖ਼ਸ਼ਦੇ ਹਨ। ਜਦੋਂ ਵਰਖਾ ਹੁੰਦੀ ਹੈ ਤਾਂ ਉਸ ਵਰਖਾ ਵਿੱਚੋਂ ਸਵਾਂਤੀ ਬੂੰਦ ਟਪਕਦੀ ਹੈ ਜਿਸ ਨਾਲ ਬਬੀਹੇ ਦੀ ਤ੍ਰਿਪਤੀ ਹੁੰਦੀ ਹੈ। ਜੇਕਰ ਸਵਾਂਤੀ ਬੂੰਦ ਕੇਲੇ ਦੇ ਉੱਤੇ ਪੈ ਜਾਵੇ ਤਾਂ ਮੁਸ਼ਕ ਕਪੂਰ ਬਣ ਜਾਂਦਾ ਹੈ। ਟਾਹਲੀ ਅਤੇ ਬੇਰੀ ਉੱਤੇ ਪੈ ਜਾਵੇ ਤਾਂ ਚੰਦਨ ਬਣ ਜਾਂਦੇ ਹਨ। ਜੇਕਰ ਸਵਾਂਤੀ ਬੂੰਦ ਗਿੱਦੜ ’ਤੇ ਪੈ ਜਾਵੇ ਤਾਂ ਹਲਕ ਜਾਂਦਾ ਹੈ। ਸੱਪ ਉੱਤੇ ਪੈ ਜਾਵੇ ਤਾਂ ਜ਼ਹਿਰ ਬਣ ਜਾਂਦੀ ਹੈ। ਸਿੱਪੀ ਦੇ ਮੂੰਹ ਵਿਚ ਪੈ ਜਾਵੇ ਤਾਂ ਮੋਤੀ ਪੈਦਾ ਹੋ ਜਾਂਦਾ ਹੈ।

---

੧. ਲੰਮੇ ਦੇਸ਼ ਭਾਵ ਅਟਕ ਤੇ ਪਿਸ਼ਾਵਰ ਦੇ ਇਲਾਕੇ ਵਿਚ ਮੇਰਾ ਨੂੰ ਮਿਹੰਡਾ ਕਹਿੰਦੇ ਹਨ।

**ਦਾ ਦ੍ਰਿਸ਼ਟਾਂਤ** : ਇਸ ਪ੍ਰਕਾਰ ਗੁਰੂ ਸਾਹਿਬ ਜੀ ਅੰਮ੍ਰਿਤ ਉਪਦੇਸ਼ ਰੂਪੀ ਵਰਖਾ ਕਰਦੇ ਹਨ। ਜਿਹੜੇ ਬਬੀਹੇ ਦੀ ਨਿਆਈਂ ਉੱਤਮ ਅਧਿਕਾਰੀ ਹਨ, ਉਨ੍ਹਾਂ ਨੂੰ ਜਦੋਂ ਸਵਾਂਤੀ ਬੂੰਦ ਦੀ ਨਿਆਈਂ ਅੰਮ੍ਰਿਤ ਉਪਦੇਸ਼ ਦੀ ਪ੍ਰਾਪਤੀ ਹੁੰਦੀ ਹੈ ਤਾਂ ਉਹ ਬਬੀਹੇ ਦੀ ਨਿਆਈਂ ਤ੍ਰਿਪਤ ਹੁੰਦੇ ਹਨ। ਜਿਨ੍ਹਾਂ ਦੀ ਬੁੱਧੀ ਰੂਪੀ ਸਿੱਪੀ ਸਾਗਰ 'ਤੇ ਤੈਰਦੀ ਹੈ ਤਾਂ ਜਿਸ ਪ੍ਰਕਾਰ ਸਿੱਪੀ ਦੇ ਮੂੰਹ ਵਿਚ ਸਵਾਂਤੀ ਬੂੰਦ ਦੇ ਪੈ ਜਾਣ ਨਾਲ ਮੋਤੀ ਪੈਦਾ ਹੁੰਦਾ ਹੈ, ਉਸੇ ਤਰ੍ਹਾਂ ਗੁਰੂ ਦੇ ਉਪਦੇਸ਼ ਰੂਪੀ ਪ੍ਰੇਮ ਰੂਪ ਵਰਖਾ ਸਵਾਂਤੀ ਬੂੰਦ ਦੀ ਨਿਆਈਂ ਬੁੱਧੀ ਰੂਪ ਸਿੱਪੀ 'ਤੇ ਪੈਂਦੀ ਹੈ ਤਾਂ ਮੁਕਤੀ ਰੂਪੀ ਮੋਤੀ ਪੈਦਾ ਹੋ ਜਾਂਦਾ ਹੈ। ਜਿਵੇਂ ਗੋਤਾਖ਼ੋਰ ਟੁੱਭੀਆਂ ਮਾਰ ਕੇ ਉਨ੍ਹਾਂ ਮੋਤੀਆਂ ਨੂੰ ਸਿੱਪੀਆਂ ਵਿੱਚੋਂ ਕੱਢ ਲਿਆਉਂਦੇ ਹਨ, ਉਸੇ ਪ੍ਰਕਾਰ ਜੀਵਤ ਭਾਵ ਤੋਂ ਮਰੇ ਹੋਏ ਮਹਾਤਮਾ ਆਪਣੇ ਹਿਰਦੇ ਰੂਪੀ ਸਾਗਰ ਵਿਚ ਗਿਆਨ ਦੀ ਟੁੱਭੀ ਮਾਰ ਕੇ ਮੁਕਤੀ ਰੂਪ ਮੋਤੀ ਕੱਢ ਲਿਆਉਂਦੇ ਹਨ। ਸਿੱਪੀਆਂ ਦੋ ਜੁੜੀਆਂ ਹੁੰਦੀਆਂ ਹਨ। ਸਿੱਪੀ ਪਰਉਪਕਾਰ ਵਾਸਤੇ ਆਪਣਾ ਮੂੰਹ ਭਨਾ ਕੇ ਆਪਣੇ ਵਿੱਚੋਂ ਮੋਤੀ ਦਿੰਦੀ ਹੈ। ਇਸੇ ਤਰ੍ਹਾਂ ਪਰਉਪਕਾਰੀ ਗੁਰਮੁਖ ਜਨ ਆਪਣੀ ਸਮਾਧੀ ਤੋਂ ਉਥਾਨ ਹੋ ਕੇ ਸੰਸਾਰ ਦੀ ਕਲਿਆਣ ਵਾਸਤੇ ਆਪਣੀ ਹਉਮੈ ਨੂੰ ਭੰਨ ਕੇ ਜੀਵਾਂ ਨੂੰ ਮੁਕਤੀ ਰੂਪੀ ਮੋਤੀ ਬਖ਼ਸ਼ਦੇ ਹਨ। ਜਿਹੜੇ ਪ੍ਰੇਮੀ ਕੇਲੇ ਦੀ ਨਿਆਈਂ ਹਨ, ਉਨ੍ਹਾਂ ਦੇ ਹਿਰਦੇ ਅੰਦਰ ਮੁਸ਼ਕ ਕਪੂਰ ਦੀ ਨਿਆਈਂ ਮਹਾਂਵਾਕ ਪੈਂਦੇ ਹਨ ਅਤੇ ਅਹੰ ਬ੍ਰਹਮਾਸਮੀ, ਤੱਤ੍ਵਮੱਸੀ, ਪ੍ਰਗਯਾਨਮਾਨੰਦ, ਅਯੰਆਤਮਾ ਬ੍ਰਹਮ ਇਹ ਚਾਰ ਮਹਾਂਵਾਕ ਪ੍ਰਗਟ ਹੋ ਜਾਂਦੇ ਹਨ। ਜਿਹੜੇ ਬੇਰੀ ਦੀ ਨਿਆਈਂ ਨਿਮਰਤਾ ਵਾਲੇ ਪ੍ਰੇਮੀ ਹਨ। ਜੈਸਾ ਕਿ :

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥** *(ਸਲੋਕ ਮ: ੧, ਅੰਗ ੪੭੦)*

ਉਨ੍ਹਾਂ ਮਿਠਾਸ ਵਾਲੇ ਪ੍ਰੇਮੀਆਂ ਦੇ ਅੰਦਰ ਭਗਤੀ ਰੂਪ ਚੰਦਨ ਅਤੇ ਟਾਹਲੀ ਦੀ ਨਿਆਈਂ ਜਿਨ੍ਹਾਂ ਦੇ ਚਿੱਤ ਦੁਨੀਆਂ ਦੇ ਪਦਾਰਥਾਂ ਵੱਲੋਂ ਉਪਰਾਮ ਹੋ ਚੁੱਕੇ ਹਨ, ਉਨ੍ਹਾਂ ਦੇ ਅੰਦਰ ਵੈਰਾਗ ਰੂਪੀ ਚੰਦਨ ਪੈਦਾ ਹੋ ਜਾਂਦਾ ਹੈ। ਜੋ ਗਿੱਦੜ ਦੀ ਨਿਆਈਂ ਦਗ਼ੇਬਾਜ਼ ਵਿਅਕਤੀ ਹਨ, ਉਹਨਾਂ ਦੇ ਅੰਦਰ ਹੰਕਾਰ ਦਾ ਹਲਕਾਅ ਪੈਦਾ ਹੋ ਜਾਂਦਾ ਹੈ। ਉਹ ਵਿਅਕਤੀ ਹੰਕਾਰ ਵਿਚ ਹੀ ਭਰਮਦੇ ਫਿਰਦੇ ਹਨ। ਜਿਹੜੇ ਸੱਪ ਦੀ ਨਿਆਈਂ ਨਿੰਦਕ ਲੋਕ ਹਨ, ਜੋ ਸਤਿਗੁਰਾਂ ਦੇ ਉਪਕਾਰ ਨੂੰ ਨਹੀਂ ਸਮਝਦੇ, ਉਨ੍ਹਾਂ ਦੇ ਹਿਰਦੇ ਵਿਚ ਨਿੰਦਿਆ ਰੂਪੀ ਜ਼ਹਿਰ ਪੈਦਾ ਹੋ ਜਾਂਦੀ ਹੈ। ਇਸ ਪ੍ਰਕਾਰ ਸਵਾਂਤੀ ਬੂੰਦ ਤਾਂ ਪੈਂਦੀ ਹੈ ਜੇਕਰ ਉਹ ਆਪਣੇ ਨਛੱਤਰ ਦੁਆਰਾ ਵਰਖਾ ਵਿਚ ਵਰ੍ਹੀ ਹੋਵੇ। ਪਰੰਤੂ ਭਾਗਾਂ ਵਾਲੇ ਅਧਿਕਾਰੀ ਹੀ ਲਾਭ ਪ੍ਰਾਪਤ ਕਰਦੇ ਹਨ। ਆਪ ਜੀ ਦੇ ਹੁਕਮ ਵਿਚ ਹੀ ਇਹ ਸ਼ੌਕ ਅਵਸਥਾ ਮਨੁੱਖਾ ਜਨਮ ਰੂਪੀ ਸਾਵਣ ਦਾ ਮਹੀਨਾ ਪ੍ਰਾਪਤ ਹੋਇਆ ਹੈ। ਆਪ ਜੀ ਕ੍ਰਿਪਾਲੂ ਹੋ। ਗੁਰੂ ਰਾਮਦਾਸ ਰੂਪ ਹੋ ਕੇ ਅੰਮ੍ਰਿਤ ਨਾਮ ਦੀ ਵਰਖਾ ਕੀਤੀ ਹੈ।

## ਮੈ; ਸਤ ਕਾ ਹਲੁ ਜੋਆਇਆ ॥

ਸਾਉਣ ਦੇ ਮਹੀਨੇ ਜ਼ਿਮੀਂਦਾਰ ਸਾਉਣੀ ਬੀਜਦੇ ਹਨ ਅਤੇ ਪੈਲੀਆਂ ਵਿਚ ਹਲ ਜੋੜਦੇ, ਉਸੇ ਤਰ੍ਹਾਂ ਅਸੀਂ ਆਪ ਜੀ ਦੇ ਹੁਕਮ ਦੁਆਰਾ ਸਤਿ ਪ੍ਰਤੱਗੀ ਹੋਣਾ, ਸੱਚ ਬੋਲਣਾ, ਸਤਿ ਪੁਰਖਾਂ ਨਾਲ ਮਿਲਾਪ ਰੱਖਣਾ, ਕੂੜ ਨਹੀਂ ਬੋਲਣਾ, ਸੱਚਾਈ ਵਾਲੇ ਕੰਮ ਕਰਨੇ, ਸੱਤਿਆ ਰੱਖਣੀ, ਵਿਕਾਰਾਂ ਵਿਚ ਨਾ ਪਰਚਣਾ, ਧਰਮ ਦਾ ਸਤਿ ਰੱਖਣਾ ਆਦਿ ਐਸਾ ਹਲ ਜੋਆਇਆ = ਜੋੜਨਾ ਕੀਤਾ ਹੈ। (ਮਾਝੇ ਵਿਚ ਜੋੜਨਾ ਨੂੰ ਜੋਆਇਆ ਕਹਿੰਦੇ ਹਨ)। ਹੇ ਪਰਮੇਸ਼ਰ ਜੀ ! ਮੈਂ ਸਤ ਸੰਤੋਖ ਨੂੰ ਬੈਲ ਬਣਾ ਕੇ ਬੁੱਧ ਰੂਪ ਧਰਤੀ ਵਿਚ ਗੁਰਾਂ ਦੁਆਰਾ ਸਤ = ਸੱਚ ਕਾ = ਦਾ ਉਪਦੇਸ਼ ਗ੍ਰਹਿਣ ਕਰਨ ਰੂਪ ਹੱਲ ਜੋਆਇਆ = ਜੋੜਨਾ ਕੀਤਾ ਹੈ; ਅਤੇ

## ਨਾਉ ਬੀਜਣ ਲਗਾ ਆਸ ਕਰਿ; ਹਰਿ ਬੋਹਲ ਬਖਸ ਜਮਾਇ ਜੀਉ ॥੨॥

ਗਿਆਨ ਰੂਪੀ ਫਲ ਦੀ ਆਸ = ਉਮੀਦ ਕਰਿ = ਕਰ ਕੇ ਗੁਰਾਂ ਦੁਆਰਾ ਨਾਉ = ਨਾਮ ਰੂਪੀ ਬੀਜ

ਬੀਜਣ ਲੱਗਾ ਹਾਂ ਇਸ ਕਰਕੇ ਹੇ ਪਰਮੇਸ਼ਰ ਜੀ ! ਆਪ ਜੀ ਦਇਆ ਦ੍ਰਿਸ਼ਟੀ ਕਰ ਕੇ ਗਿਆਨ ਰੂਪੀ ਫਲ ਦਾ ਬਖ਼ਸ਼ਸ਼ ਰੂਪੀ ਬੋਹਲ ਜੰਮਾਇ = ਜਮਾਉਣਾ ਕਰੋ **ਅਥਵਾ** ਆਪ ਜੀ ਦੇ ਸਰੂਪ ਦੀ ਪ੍ਰਾਪਤੀ ਦੀ ਆਸ ਕਰ ਕੇ ਗੁਰਾਂ ਦੁਆਰਾ ਸ੍ਰਵਨ ਕਰ ਕੇ ਨਾਮ ਰੂਪੀ ਬੀਜ ਨੂੰ ਬੀਜਣ ਲੱਗਾ ਹਾਂ, ਇਸ ਕਰਕੇ ਹੇ ਹਰਿ = ਪਰਮੇਸ਼ਰ ਜੀਉ = ਜੀ ! ਆਪ ਜੀ ਕਿਰਪਾ ਕਰ ਕੇ ਮੰਨਣ ਰੂਪ ਖੇਤੀ ਦਾ ਜੰਮਣਾ, ਨਿਧਿਆਸਣ ਕਰਨ ਰੂਪ ਖੇਤ ਦਾ ਪੱਕਣਾ, ਤੱਤ ਤ੍ਵੰ ਪਦ ਦਾ ਸੰਸ਼ੋਧਨ ਕਰਨ ਰੂਪ ਖੇਤੀ ਦਾ ਖੜ ਪੱਕੇ ਹੋਣਾ, ਬ੍ਰਹਮ ਵਿੱਦਿਆ ਕਰਕੇ ਬ੍ਰਹਮਾਨੰਦ ਦੀ ਪ੍ਰਾਪਤੀ, ਸਰੂਪ ਦੀ ਸਖਿਆਤਤਾ ਆਦਿ ਬਖ਼ਸ਼ਿਸ਼ਾਂ ਰੂਪੀ ਬੋਹਲ ਨੂੰ ਜਮਾਉਣਾ ਕਰੋ ॥੨॥

## ਹਉ ਗੁਰ ਮਿਲਿ; ਇਕੁ ਪਛਾਣਦਾ ॥

ਹਉ = ਮੈਂ ਸਤਿਗੁਰਾਂ ਨਾਲ ਮਿਲ ਕੇ ਇਕ ਅਕਾਲ ਪੁਰਖ ਪਰਮਾਤਮਾ ਨੂੰ ਹੀ ਪਛਾਣਦਾ = ਪਹਿਚਾਣਦਾ ਹਾਂ।

## ਦੁਯਾ ਕਾਗਲੁ; ਚਿਤਿ ਨ ਜਾਣਦਾ ॥

(ਦੂਸਰਾ ਪਾਠ **ਕਾ ਗਲ**; **ਦੁਯਾ** ਦਾ ਉਚਾਰਣ **ਦੁਇਆ** ਕਰਨਾ ਹੈ, **ਕਾਗਲ** ਦਾ ਉਚਾਰਣ ਇਕੱਠਾ ਕਰਨਾ ਹੈ)

ਮੈਂ ਦੁਯਾ = ਦਵੈਤ ਵਾਲੀ ਗੱਲ ਨੂੰ ਕਾਗਲੁ = ਕਾਗਜ਼ ਉੱਤੇ ਚਿਤਰਕਾਰੀ ਕਰਕੇ ਚਿੱਤ ਵਿਚ ਵਸਾਉਣਾ ਨਹੀਂ ਜਾਣਦਾ **ਅਥਵਾ** ਅੰਤਹਕਰਣ ਰੂਪੀ ਕਾਗਲੁ = ਕਾਗਜ਼ ਨੂੰ ਦੁਯਾ = ਦਵੈਤ ਦੇ ਸਹਿਤ ਚਿਤਿ = ਚਿਤਰਕਾਰੀ ਕਰ ਕੇ ਕਾਲਾ ਕਰਨਾ ਨਹੀਂ ਜਾਣਦਾ **ਵਾ:** ਮੈਂ ਦੁਯਾ = ਦਵੈਤ ਵਾਲੀ ਕਾਗਲੁ (ਕਾ + ਗਲੁ) ਕਾ = ਕੋਈ ਗਲੁ = ਬਾਤ ਨੂੰ ਚਿਤਿ = ਚੇਤੇ ਕਰਨ ਜਾਂ ਚਿਤ ਵਿਚ ਵਸਾਉਣਾ ਨਹੀਂ ਜਾਣਦਾ।

## ਹਰਿ ਇਕਤੈ ਕਾਰੈ ਲਾਇਓਨੁ; ਜਿਉ ਭਾਵੈ ਤਿਵੈ ਨਿਬਾਹਿ ਜੀਉ ॥੩॥

ਮੈਨੂੰ ਤਾਂ ਗੁਰੂ ਸਾਹਿਬ ਜੀ ਨੇ ਇਕਤੈ = ਇਕ ਹਰਿ = ਅਕਾਲ ਪੁਰਖ ਦੇ ਸਿਮਰਨ ਦੀ ਕਾਰੈ = ਕਾਰ ਵਿਚ ਹੀ ਲਾਇਆ ਹੈ। ਹੁਣ ਜਿਉ = ਜਿਵੇਂ ਉਸ ਨੂੰ ਭਾਵੈ = ਭਾਉਂਦਾ ਹੈ, ਤਿਵੈ = ਉਸੇ ਤਰ੍ਹਾਂ ਇਸ ਕਾਰ ਨੂੰ ਨਿਬਾਹਿ = ਨਿਭਾਉਣਾ ਕਰਾਂਗਾ **ਵਾ:** ਹੇ ਹਰੀ ਜੀ ! ਜਿਵੇਂ ਆਪ ਜੀ ਨੂੰ ਭਾਉਂਦਾ ਹੈ ਤਿਵੇਂ ਹੀ ਨਿਭਾਉਣਾ ਕਰੋ ॥੩॥

## ਤੁਸੀ ਭੋਗਿਹੁ ਭੁੰਚਹੁ; ਭਾਈਹੋ ॥

ਹੇ ਭਾਈ ! ਤੁਸੀਂ ਆਪਣੇ ਆਤਮਕ ਅਨੰਦ ਨੂੰ ਆਪ ਭੋਗਿਹੁ = ਮਾਨਣਾ ਕਰੋ ਤੇ ਹੋਰਨਾਂ ਨੂੰ ਭੁੰਚਹੁ = ਵਰਤਾਉਣਾ ਕਰੋ **ਵਾ:** ਹੇ ਭਰਾਵੋ ! ਆਪ ਬ੍ਰਹਮਾਨੰਦ ਨੂੰ ਧਾਰਨ ਕਰੋ ਅਤੇ ਹੋਰਨਾਂ ਨੂੰ ਧਾਰਨ ਕਰਵਾਉ **ਵਾ:** ਆਪ ਸ੍ਰਵਨ ਕਰੋ ਅਤੇ ਹੋਰਨਾਂ ਨੂੰ ਭੁੰਚਹੁ = ਮੰਨਣ ਕਰਾਉ **ਵਾ:** ਤੁਸੀਂ ਜੀਵਨ ਮੁਕਤੀ ਦੇ ਅਨੰਦ ਨੂੰ ਆਪ ਮਾਨਣਾ ਕਰੋ ਅਤੇ ਹੋਰਨਾਂ ਨੂੰ ਸਰੂਪ ਦਾ ਗਿਆਨ ਦੇ ਕੇ ਭੁਚਾਉਣਾ ਕਰੋ।

## ਗੁਰਿ ਦੀਬਾਣਿ; ਕਵਾਇ ਪੈਨਾਈਓ ॥

ਗੁਰੂ ਸਾਹਿਬ ਜੋ ਸਾਰਿਆਂ ਦਾ ਆਸਰਾ ਰੂਪ ਹਨ, ਉਨ੍ਹਾਂ ਨੇ ਸਾਧ ਸੰਗਤ ਰੂਪ ਦੀਬਾਣਿ = ਸਭਾ ਦੇ ਆਸਰੇ ਭਗਤੀ ਰੂਪ **ਵਾ:** ਬ੍ਰਹਮ ਗਿਆਨ ਰੂਪੀ ਕਵਾਇ = ਪੁਸ਼ਾਕ ਪੈਨਾਈਓ = ਪਹਿਨਾਉਣਾ ਕੀਤੀ ਹੈ **ਵਾ:** ਗੁਰੂ ਦੀ ਸੰਗਤ ਰੂਪੀ ਦੀਬਾਣ ਵਿੱਚੋਂ ਮੈਨੂੰ ਗੁਰਤਾ-ਗੱਦੀ, ਜੱਸ ਰੂਪੀ ਪੁਸ਼ਾਕ ਪਹਿਨਾਉਣਾ ਕੀਤੀ ਹੈ **ਵਾ:** ਗੁਰਾਂ ਦੀ ਬਾਣੀ, ਨਾਮ ਰੂਪੀ ਪੁਸ਼ਾਕ ਪਹਿਨਣਾ ਕੀਤੀ ਹੈ; ਜੈਸਾ ਕਿ :

**ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥** *(ਸਲੋਕ ਮ: ੫, ਅੰਗ ੫੨੦)*

## ਹਉ ਹੋਆ ਮਾਹਰੁ ਪਿੰਡ ਦਾ; ਬੰਨਿ ਆਦੇ ਪੰਜਿ ਸਰੀਕ ਜੀਉ ॥੪॥

ਹੁਣ ਹਉ = ਮੈਂ ਆਪਣੇ ਸਰੀਰ ਰੂਪੀ ਪਿੰਡ = ਨਗਰ ਦਾ ਮਾਹਰੁ = ਮੁਖੀ ਹੋਆ = ਹੋ ਗਿਆ ਹਾਂ **ਵਾ:** ਸਰੀਰ ਦੇ ਭੇਤ ਪਾਉਣ ਦੀ ਮਾਹਰੁ = ਯੋਗਤਾ ਵਾਲਾ ਹੋ ਗਿਆ ਹਾਂ, ਸਤਿਗੁਰੂ ਜੀਉ = ਜੀ ਨੇ ਮੈਨੂੰ ਐਸਾ ਪਹਿਲਵਾਨ ਬਣਾਇਆ ਹੈ, ਜੋ ਸਤੁ, ਸੰਤੋਖ, ਦਇਆ, ਧਰਮ, ਵੀਚਾਰ ਆਦਿ ਦਾ ਸ਼ਰੀਕਾ ਕਰਨ ਵਾਲੇ ਪੰਜੇ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਰੂਪੀ ਸ਼ਰੀਕ ਸਨ ਉਨ੍ਹਾਂ ਨੂੰ ਸਮਦਮ ਆਦਿ ਸਾਧਨ ਰੂਪ ਰੱਸੇ ਨਾਲ ਬੰਨ੍ਹ ਕੇ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆਦੇ = ਲਿਆਂਦਾ ਹੈ ॥੪॥

## ਹਉ ਆਇਆ; ਸਾਮੈ੍ ਤਿਹੰਡੀਆ ॥

ਹੇ ਸੱਚੇ ਪਾਤਸ਼ਾਹ ! ਹਉ = ਮੈਂ ਤਿਹੰਡੀਆ = ਤੁਹਾਡੀ ਓਟ ਤੱਕ ਕੇ ਸਾਮੈ੍ = ਸ਼ਰਨ ਵਿਚ ਆਇਆ ਹਾਂ।

## ਪੰਜਿ ਕਿਰਸਾਣ; ਮੁਜੇਰੇ ਮਿਹਡਿਆ ॥

ਤਦੋਂ ਪੰਜੇ ਕਾਮ, ਕ੍ਰੋਧ ਆਦਿ **ਵਾ:** ਪੰਜੇ ਗਿਆਨ ਇੰਦਰੇ ਰੂਪੀ ਕਿਰਸਾਣ = ਜ਼ਿਮੀਂਦਾਰ ਮਿਹਡਿਆ = ਮੇਰੇ ਮੁਜੇਰੇ = ਮੁਜਾਰੇ ਭਾਵ ਖੇਤੀ ਕਰਨ ਵਾਲੇ ਕਾਮੇ ਹੋ ਗਏ ਹਨ, ਅਰਥਾਤ ਮੇਰੇ ਅਧੀਨ ਹੋ ਗਏ ਹਨ **ਅਥਵਾ** ਜੈਸੇ ਜ਼ਮੀਨ ਦਾ ਮਾਲਕ ਕਿਸੇ ਕਿਰਸਾਣ ਨੂੰ ਖੇਤੀ ਕਰਨ ਵਾਸਤੇ ਜ਼ਮੀਨ ਦੇਵੇ ਕਿ ਕਿਰਸਾਣ ਮੈਨੂੰ ਕਮਾਈ ਕਰਕੇ ਨਫ਼ਾ ਕਰਾ ਦੇਵੇਗਾ, ਪਰ ਇਸ ਤੋਂ ਉਲਟ ਲਾਭ ਦੇਣ ਦੀ ਬਜਾਏ ਉਹ ਮੁਜੇਰੇ[੧] = ਮਜਾਰਾ ਕਿਰਸਾਣ ਜ਼ਮੀਨ ਦਾ ਮਾਲਕ ਹੀ ਬਣ ਬੈਠੇ ਅਤੇ ਐਸਾ ਕਹੇ ਕਿ ਇਹ ਜ਼ਮੀਨ ਮੇਰੀ ਹੀ ਹੈ। ਫਿਰ ਜ਼ਿਮੀਂਦਾਰ ਸਰਕਾਰੀ ਸ਼ਕਤੀ ਨਾਲ ਉਨ੍ਹਾਂ ਮੁਜ਼ਾਰਿਆਂ ਤੋਂ ਕਬਜ਼ਾ ਛੁਡਾ ਕੇ ਆਪ ਮਾਲਕ ਬਣਦਾ ਹੈ ਅਤੇ ਦੁਬਾਰਾ ਉਨ੍ਹਾਂ ਨੂੰ ਐਸਾ ਅਹਿਸਾਸ ਕਰਵਾ ਦਿੰਦਾ ਹੈ ਕਿ ਤੁਸੀਂ ਮਾਲਕ ਨਹੀਂ ਬਲਕਿ ਮੇਰੇ ਕਾਮੇ ਹੋ। ਇਸੇ ਤਰ੍ਹਾਂ ਅੰਤ੍ਰੀਵ ਭਾਵ ਵਿਚ ਪੰਜੇ ਕਾਮ ਆਦਿਕ ਜੋ ਅਗਿਆਨ ਕਰਕੇ ਲਾਭਦਾਇਕ ਮੰਨੇ ਸੀ, ਆਪਣੀ ਅੰਤਹਕਰਨ ਦੀ ਧਰਤੀ ਇਨ੍ਹਾਂ ਹਵਾਲੇ ਕੀਤੀ ਸੀ, ਪਰ ਜਦੋਂ ਪਤਾ ਚੱਲਿਆ ਕਿ ਇਨ੍ਹਾਂ ਤੋਂ ਲਾਭ ਤਾਂ ਕੋਈ ਵੀ ਨਹੀਂ, ਕੇਵਲ ਨੁਕਸਾਨ ਹੀ ਹੈ। ਫਿਰ ਸੱਚੀ ਸਰਕਾਰ ਗੁਰੂ ਜੀ ਦੇ ਆਸਰੇ ਪੰਜ = ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜੋ ਮੁਜੇਰੇ = ਦਾਸ ਸਨ, ਉਹ ਜੀਵ- ਆਤਮਾ ਨੂੰ ਟੇਢੇ ਪਾਸੇ ਲਾਈ ਰੱਖਦੇ ਸਨ। ਪਰੰਤੂ ਗੁਰੂ ਸਾਹਿਬ ਜੀ ! ਤੁਸੀਂ ਕਿਰਪਾ ਕੀਤੀ ਕਿ ਜੋ ਮੁਜੇਰੇ ਮੇਰੇ ਅੰਤਹਕਰਨ ਰੂਪ ਧਰਤੀ ਦੇ ਮਾਲਕ ਬਣੇ ਬੈਠੇ ਸਨ, ਉਹ ਮਿਹਡਿਆ = ਮੇਰੇ ਮੁਜੇਰੇ = ਅਧੀਨ ਕਰ ਦਿੱਤੇ ਭਾਵ ਗੋਲੇ ਬਣਾ ਦਿੱਤੇ ਹਨ। ਹੁਣ ਆਪ ਜੀ ਦੀ ਐਸੀ ਦਇਆਲਤਾ ਹੋਈ ਕਿ ਜਿਹੜਾ ਕਾਮ ਅੱਗੇ ਗੰਦੀ ਵਾਸ਼ਨਾ ਫੈਲਾਉਂਦਾ ਸੀ, ਉਹ ਹੁਣ ਸ਼ੁੱਧ ਕਾਮਨਾ ਪਰਮਾਤਮਾ ਨੂੰ ਮਿਲਣ ਵਾਲੀ ਦਾ ਰੂਪ ਹੋ ਗਿਆ ਹੈ। ਇਸ ਕ੍ਰੋਧ ਦੀ ਬਿਰਤੀ ਤੀਖਣ ਸੀ। ਹੁਣ ਉਹ ਉਦੋਂ ਆਉਂਦਾ ਹੈ ਜਦੋਂ ਕਿਤੇ ਵਾਹਿਗੁਰੂ ਦੇ ਸਿਮਰਨ ਵਿਚ ਆਲਸ ਆਉਂਦੀ ਹੈ। ਮੋਹ ਪਹਿਲਾਂ ਸੰਸਾਰ ਅਤੇ ਸਰੀਰ ਦਾ ਸੀ, ਹੁਣ ਕੇਵਲ ਵਾਹਿਗੁਰੂ ਦੇ ਮਿਲਣ ਦਾ ਮੋਹ ਹੈ। ਜਿਹੜਾ ਲੋਭ ਪਹਿਲਾਂ ਪਦਾਰਥਾਂ ਦਾ ਸੀ, ਹੁਣ ਉਹ ਸਤਿਸੰਗਤ ਅਤੇ ਮੁਕਤ ਹੋਣ ਦਾ ਹੀ ਹੈ। ਅੱਗੇ ਹੰਕਾਰ ਦੇਹ ਦਾ ਸੀ ਕਿ ਜੋ ਕੁਝ ਵੀ ਹਾਂ, ਮੈਂ ਹੀ ਹਾਂ, ਐਸਾ ਸੀ ਪਰੰਤੂ ਹੁਣ ਅਸੀਂ ਕੁਝ ਨਹੀਂ ਹਾਂ। ਜੋ ਕੁੱਝ ਵੀ ਹੈ ਉਹ ਵਾਹਿਗੁਰੂ ਪਰਮੇਸ਼ਰ ਆਪ ਹੀ ਹੈ। ਮਹਾਰਾਜ ਜੀ ! ਆਪ ਜੀ ਨੇ ਜੋ ਇਹ ਕਿਰਸਾਣ ਮਾਲਕ ਬਣੀ ਬੈਠੇ ਸਨ, ਇਨ੍ਹਾਂ ਦਾ ਸ਼ੁੱਧ ਰੂਪ ਬਣਾ ਕੇ ਸਾਡੇ ਮੁਜੇਰੇ = ਦਾਸ ਬਣਾਉਣਾ ਕੀਤੇ ਹਨ।

## ਕੰਨੁ ਕੋਈ ਕਢਿ ਨ ਹੰਘਈ; ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥

ਪੰਜੇ ਕਾਮ, ਕ੍ਰੋਧ **ਵਾ:** ਪੰਜੇ ਗਿਆਨ ਇੰਦ੍ਰੀਏ ਰੂਪ ਕਿਰਸਾਣ ਹੁਣ ਕੋਈ ਵੀ ਮੰਦ ਕਿਰਿਆ ਕਰਨ ਰੂਪ

---

੧. ਕਿਸੇ ਮਾਲਕ ਦੀ ਜ਼ਮੀਨ ਲੈ ਕੇ ਵਾਹੁਣ ਵਾਲਿਆਂ ਨੂੰ ਮੁਜੇਰੇ ਕਹਿੰਦੇ ਹਨ।

ਕੰਨੁ = ਮੋਢਾ ਨਹੀਂ ਕੱਢ ਹੰਘਈ = ਸਕਦੇ, ਭਾਵ ਸਿਰ ਨਹੀਂ ਉੱਚਾ ਚੁੱਕ ਸਕਦੇ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਮਹਾਰਾਜ ਜੀ! ਆਪ ਜੀ ਦੀ ਕ੍ਰਿਪਾ ਸਦਕਾ ਸਰੀਰ ਰੂਪੀ ਗਿਰਾਉ = ਨਗਰ ਸਾਧਸੰਗਤ ਦੇ ਆਸਰੇ ਦੈਵੀ ਸੰਪਦਾ ਰੂਪੀ ਅਬਾਦੀ ਨਾਲ ਘੁਘਿ = ਸੰਘਣਾ ਹੋ ਕੇ (ਫਬ ਕੇ) ਵੁਠਾ = ਵਸ ਗਿਆ ਹੈ। ਪਹਿਲਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਜਾੜਾ ਪਾਈ ਜਾਂਦੇ ਸਨ॥੫॥

## ਹਉ ਵਾਰੀ; ਘੁੰਮਾ ਜਾਵਦਾ ॥

ਹੇ ਪਾਤਸ਼ਾਹ ਜੀ! ਹਉ = ਮੈਂ ਆਪ ਜੀ ਤੋਂ ਮਨ, ਬਾਣੀ ਕਰਕੇ ਵਾਰੀ = ਵਾਰਨੇ ਜਾਂਦਾ ਹਾਂ ਅਤੇ ਸਰੀਰ ਕਰਕੇ ਘੁੰਮਾ = ਕੁਰਬਾਨ ਜਾਵਦਾ = ਜਾਂਦਾ ਹਾਂ **ਵਾ:** ਹਉ = ਹੰਗਤਾ ਨੂੰ ਵਾਰੀ = ਕੁਰਬਾਨ ਭਾਵ ਨਵਿਰਤ ਕਰ ਕੇ ਤੁਹਾਡੇ ਤੋਂ ਘੁੰਮਾ = ਬਲਿਹਾਰ ਜਾਂਦਾ ਹਾਂ।

## ਇਕ ਸਾਹਾ; ਤੁਧੁ ਧਿਆਇਦਾ ॥

ਹੇ ਪਰਮੇਸ਼ਰ ਜੀ! ਮੈਂ ਇਕ ਸਾਹਾ = ਇਕ ਰਸ ਤੁਧੁ = ਤੁਹਾਡੇ ਨਾਮ ਨੂੰ ਹੀ ਧਿਆਇਦਾ = ਧਿਆਉਣਾ ਕਰਦਾ ਹਾਂ **ਵਾ:** ਹੇ ਸਾਹਾ = ਪਾਤਸ਼ਾਹ! ਮੈਂ ਇਕ ਤੈਨੂੰ ਹੀ ਧਿਆਉਂਦਾ ਹਾਂ **ਵਾ:** ਸਾਹਾ = ਨਿਰੰਤਰ ਧਿਆਉਣਾ ਕਰਦਾ ਹਾਂ।

## ਉਜੜੁ ਥੇਹੁ ਵਸਾਇਓ; ਹਉ ਤੁਧ ਵਿਟਹੁ ਕੁਰਬਾਣੁ ਜੀਉ ॥੬॥

ਹੇ ਮਹਾਰਾਜ ਜੀਉ = ਜੀ! ਤੁਸੀਂ ਮੇਰੇ ਕਾਮ, ਕ੍ਰੋਧ ਆਦਿ ਵਿਕਾਰਾਂ ਕਰਕੇ ਅੰਤਸ਼ਕਰਣ ਰੂਪੀ ਉਜੜੁ ਥੇਹੁ = ਉੱਜੜੇ ਹੋਏ ਨਗਰ ਨੂੰ ਸ਼ੁਭ ਗੁਣਾਂ ਦੇ ਸਹਿਤ ਵਸਾਇਓ = ਵਸਾਉਣਾ ਕੀਤਾ ਹੈ, ਇਸ ਕਰਕੇ ਹਉ = ਮੈਂ ਤੁਧੁ = ਤੁਹਾਡੇ ਵਿਟਹੁ = ਉਪਰੋਂ ਕੁਰਬਾਣੁ = ਬਲਿਹਾਰ ਜਾਂਦਾ ਹਾਂ। ਅਗਲੀ ਤੁਕ ਵਿਚ ਸਤਿਗੁਰੂ ਜੀ ਲਹਿੰਦੇ ਦੇਸ਼ ਦੀ ਬੋਲੀ ਨਾਲ ਝੰਗੀਆਂ ਦੀ ਬੋਲੀ ਮਿਲਾ ਕੇ ਸੰਗਤਾਂ ਨੂੰ ਉਪਦੇਸ਼ ਦਿੰਦੇ ਹਨ॥੬॥

## ਹਰਿ ਇਠੈ; ਨਿਤ ਧਿਆਇਦਾ ॥

ਹੇ ਹਰਿ = ਹਰੀ ਵਾਹਿਗੁਰੂ ਜੀ! ਆਪ ਜੀ ਮੈਨੂੰ ਅਤਿਅੰਤ ਇਠੈ = ਪਿਆਰੇ ਹੋ, ਮੈਂ ਨਿਤ = ਨਿਤਾਪ੍ਰਤੀ ਹੀ ਆਪ ਜੀ ਨੂੰ ਧਿਆਇਦਾ = ਧਿਆਉਣਾ ਕਰਦਾ ਹਾਂ।

## ਮਨਿ ਚਿੰਦੀ; ਸੋ ਫਲੁ ਪਾਇਦਾ ॥

ਜੋ ਮੈਂ ਮਨ ਵਿਚ ਚਿੰਦੀ = ਚਿਤਵਣੀ ਕਰਦਾ ਹਾਂ, ਸੁ = ਉਹੋ ਹੀ ਫਲ ਪਾਇਦਾ = ਪਾ ਲੈਂਦਾ ਹਾਂ **ਅਥਵਾ** ਜੋ ਉਸ ਪਿਆਰੇ ਹਰੀ ਨੂੰ ਨਿੱਤ ਧਿਆਉਂਦੇ ਹਨ, ਉਹ ਮਨ ਭਾਉਂਦੇ ਧਰਮ, ਅਰਥ, ਕਾਮ ਮੋਖ ਫਲ ਪ੍ਰਾਪਤ ਕਰ ਲੈਂਦੇ ਹਨ।

## ਸਭੇ ਕਾਜ ਸਵਾਰਿਅਨੁ; ਲਾਹੀਅਨੁ ਮਨ ਕੀ ਭੁਖ ਜੀਉ ॥੭॥

ਹੇ ਪਿਆਰੇ ਜੀ! ਮੇਰੇ ਪ੍ਰਤੱਖ **ਵਾ:** ਅੰਤਰੀਵ ਸਭੇ = ਸਾਰੇ ਕਾਜ = ਕਾਰਜਾਂ ਨੂੰ ਗੁਰਾਂ **ਵਾ:** ਪਰਮੇਸ਼ਰ ਨੇ ਸਵਾਰਿਅਨੁ = ਸੰਵਾਰਨਾ ਕੀਤਾ ਹੈ **ਵਾ:** ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦਾ ਰਚਨਾ, ਸਿੱਖਾਂ ਨੂੰ ਭਾਉ-ਭਗਤੀ ਤੇ ਮੁਕਤੀ ਬਖ਼ਸ਼ਣੀ, ਸਰੂਪਾਨੰਦ ਦੀ ਪ੍ਰਾਪਤੀ ਆਦਿ ਵਿਵਹਾਰਕ ਤੇ ਪ੍ਰਮਾਰਥ ਦੇ ਸਾਰੇ ਕਾਰਜ ਸੰਵਾਰ ਦਿੱਤੇ ਹਨ ਅਤੇ ਮਨ ਕੀ = ਦੀ ਆਸਾ ਤ੍ਰਿਸ਼ਨਾ ਰੂਪੀ ਸਾਰੀ ਭੁੱਖ ਵੀ ਲਾਹੀਅਨ = ਲਾਹ ਦਿੱਤੀ ਹੈ॥੭॥

## ਮੈ ਛਡਿਆ; ਸਭੋ ਧੰਧੜਾ ॥

ਮੈਂ ਦੁਨੀਆਂ ਵਿਚ ਭਰਮਾਉਣ ਵਾਲੇ ਸਭੋ = ਸਾਰੇ ਮਾਇਕੀ ਧੰਧੜਾ = ਧੰਦਿਆਂ ਨੂੰ ਛਡਿਆ = ਛੱਡ ਦਿੱਤਾ ਹੈ; ਅਤੇ

## ਗੋਸਾਈ ਸੇਵੀ; ਸਚੜਾ ॥

ਸਚੜਾ = ਸੱਚੇ ਗੋਸਾਈ = ਪਰਮੇਸ਼ਰ ਨੂੰ ਸੇਵੀ = ਸੇਵਨਾ ਕਰਦਾ ਹਾਂ **ਵਾ:** ਹੇ ਗੁਰਸਿੱਖੋ ! ਤੁਸੀਂ ਵੀ ਉਸ ਸੱਚੇ ਗੋਸਾਈ = ਧਰਤੀ ਦੇ ਮਾਲਕ ਪਰਮੇਸ਼ਰ ਨੂੰ ਸੇਵੀ = ਅਰਾਧਨਾ ਕਰੋ ਭਾਵ ਭਜਨ ਸਿਮਰਨ ਕਰੋ।

## ਨਉ ਨਿਧਿ ਨਾਮੁ ਨਿਧਾਨੁ ਹਰਿ; ਮੈ ਪਲੈ ਬਧਾ ਛਿਕਿ ਜੀਉ ॥੮॥

ਹਰਿ = ਪਰਮੇਸ਼ਰ ਦਾ ਨਉ = ਨੌਂ ਨਿਧਿ = ਨਿਧੀਆਂ ਦੇਣ ਵਾਲਾ ਨਾਮ ਰੂਪੀ ਨਿਧਾਨੁ = ਖ਼ਜ਼ਾਨਾ ਮੈਂ ਆਪਣੇ ਹਿਰਦੇ ਰੂਪੀ ਪਲੈ = ਪੱਲੇ ਵਿਚ ਛਿਕਿ = ਖਿੱਚ, ਘੁੱਟ ਕੇ ਸ਼ਰਧਾ ਰੂਪੀ ਗੰਢ ਨਾਲ ਬਧਾ = ਬੰਨ੍ਹ ਲੈਣਾ ਕੀਤਾ ਹੈ ॥੮॥

## ਮੈ ਸੁਖੀ ਹੂੰ; ਸੁਖੁ ਪਾਇਆ ॥

ਹੇ ਗੁਰਸਿੱਖੋ ! ਮੈਂ ਸਾਰੇ ਸੁਖੀ = ਸੁੱਖਾਂ ਹੂੰ = ਤੋਂ ਸ੍ਰੇਸ਼ਟ ਆਤਮਾਨੰਦ ਰੂਪੀ ਸੁਖ ਪਾਇਆ = ਪਾਉਣਾ ਕੀਤਾ ਹੈ **ਵਾ:** ਮੈ = ਅਸੀਂ ਵਾਹਿਗੁਰੂ ਹੂੰ = ਤੋਂ ਆਤਮਾਨੰਦ ਰੂਪ ਸੁੱਖ ਨੂੰ ਪਾਇਆ = ਪ੍ਰਾਪਤ ਕਰਕੇ ਸੁਖੀ ਹੋ ਗਿਆ ਹਾਂ।

## ਗੁਰਿ; ਅੰਤਰਿ ਸਬਦੁ ਵਸਾਇਆ ॥

ਸਤਿਗੁਰੂ ਸਾਹਿਬ ਜੀ ਨੇ ਸਾਡੇ ਹਿਰਦੇ ਅੰਤਰਿ = ਅੰਦਰ ਆਪਣਾ ਸਬਦੁ = ਉਪਦੇਸ਼ ਵਸਾਇਆ = ਵਸਾ ਦਿੱਤਾ ਹੈ, ਜਿਸ ਦੇ ਕਾਰਨ ਸਾਨੂੰ ਐਸੇ ਸੁੱਖ ਦੀ ਪ੍ਰਾਪਤੀ ਹੋ ਗਈ ਹੈ। ਭਾਵ ਗੁਰੂ ਸਾਹਿਬ ਜੀ ਨੇ ਕਥਨ ਕੀਤਾ ਕਿ ਸਾਨੂੰ ਸਤਿਗੁਰਾਂ ਨੇ ਆਤਮਕ ਅਨੰਦ ਦੇ ਸੁੱਖ ਦੀ ਬਖ਼ਸ਼ਿਸ਼ ਕਰਨਾ ਕੀਤੀ ਹੈ।

## ਸਤਿਗੁਰਿ ਪੁਰਖਿ ਵਿਖਾਲਿਆ; ਮਸਤਕਿ ਧਰਿ ਕੈ ਹਥੁ ਜੀਉ ॥੯॥

ਹੇ ਪਿਆਰੇ ਜੀ ! ਮੇਰੇ ਅੰਤਹਕਰਣ ਰੂਪੀ ਮਸਤਕਿ = ਮੱਥੇ ਉਪਰ ਆਪਣਾ ਕ੍ਰਿਪਾ ਰੂਪੀ ਹੱਥ ਧਰ ਕੇ ਸਤਿਗੁਰ ਪੁਰਖ ਨੇ ਪਰਮੇਸ਼ਰ ਦੇ ਸਰੂਪ ਨੂੰ ਪ੍ਰਗਟ ਕਰ ਕੇ ਵਿਖਾਲਿਆ = ਵਿਖਾ ਦਿੱਤਾ ਹੈ ॥੯॥

## ਮੈ ਬਧੀ; ਸਚੁ ਧਰਮ ਸਾਲ ਹੈ ॥ ਗੁਰਸਿਖਾ; ਲਹਦਾ ਭਾਲਿ ਕੈ ॥

ਮੈਂ ਗੁਰਾਂ ਦੀ ਕ੍ਰਿਪਾ ਦੁਆਰਾ ਸਚੁ = ਸੱਚੇ ਪਰਮੇਸ਼ਰ ਦੇ ਗੁਣ ਗਾਉਣ ਲਈ ਸਾਧਸੰਗਤ ਰੂਪ ਧਰਮ ਦੀ ਸਾਲ = ਜਗ੍ਹਾ ਬਧੀ = ਬੰਨਣਾ ਕੀਤੀ ਹੈ **ਵਾ:** ਬ੍ਰਹਮ ਵਿੱਦਿਆ ਰੂਪੀ ਧਰਮ ਦਾ ਅਸਥਾਨ ਬਧੀ = ਬੰਨ੍ਹਣਾ ਕੀਤਾ ਹੈ।

ਉਸ ਸਾਧਸੰਗਤ ਰੂਪੀ ਥਾਂ ਵਿਚ ਭਾਲਿ = ਖੋਜ ਕੈ = ਕੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿਕ ਗੁਰੂ ਰਾਮਦਾਸ ਸਾਹਿਬ ਜੀ ਉਪਰ ਸ਼ਰਧਾ ਭਾਵਨਾ ਰੱਖਣ ਵਾਲੇ ਗੁਰਸਿੱਖਾਂ ਨੂੰ ਲਹਦਾ = ਲੱਭਦਾ ਹਾਂ **ਵਾ:** ਗੁਰੂ ਰਾਮਦਾਸ ਸਾਹਿਬ ਜੀ ਦੇ ਦਿੱਤੇ ਹੋਏ ਉਪਦੇਸ਼ ਦੁਆਰਾ ਬ੍ਰਹਮ ਨੂੰ ਭਾਲਿ = ਖੋਜਣ ਵਾਲੇ ਗੁਰਸਿੱਖਾਂ ਕੈ = ਦੇ ਤਾਈਂ ਲੱਭਦਾ ਹਾਂ **ਵਾ:** ਗੁਰਸਿਖਾ = ਗੁਰੂ ਸਿੱਖਾਂ ਦੇ ਤਾਈਂ ਖੋਜ-ਖੋਜ ਕੇ ਸਤਿਗੁਰਾਂ ਦੀ ਸਿੱਖਿਆ ਗੁਰਸਿੱਖਾਂ ਤੋਂ ਲੈਂਦੇ ਹਾਂ।

## ਦੂਸਰਾ ਅਰਥ

**ਮੈ ਬਧੀ; ਸਚੁ ਧਰਮ ਸਾਲ ਹੈ ॥ ਗੁਰਸਿਖਾ ਲਹਦਾ; ਭਾਲਿ ਕੈ ॥**

ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਸੱਚੀ ਧਰਮਸਾਲਾ ਬੰਨੀ ਹੈ ਤੇ ਸ੍ਰੀ ਗੁਰੁ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਤਕ (ਗੁਰ + ਸਿਖਾ) ਗੁਰ = ਗੁਰਬਾਣੀ ਰਾਹੀਂ ਦਿੱਤੀ ਹੋਈ ਸਿਖਾ = ਸਿੱਖਿਆ ਭਾਵ ਸ੍ਰੀ ਗੋਇੰਦਵਾਲ ਸਾਹਿਬ ਜਾ ਕੇ ਪੋਥੀਆ ਭਾਲ ਕੇ ਲਿਆਂਦੀਆ ਤੇ ਪੋਥੀਆਂ ਸਾਹਿਬ ਨੂੰ ਆਪਣਾ ਸਰੂਪ ਬਣਾ ਕੇ ਗੁਰਸਿੱਖਾਂ ਨੂੰ ਇਸ ਬਾਣੀ ਦੇ ਲੜ ਲਾਉਣਾ ਕੀਤਾ ਹੈ।

## ਤੀਸਰਾ ਅਰਥ

**ਮੈ ਬਧੀ; ਸਚੁ ਧਰਮ ਸਾਲ ਹੈ ॥ ਗੁਰਸਿਖਾ ਲਹਦਾ; ਭਾਲਿ ਕੈ ॥**

ਮੈਂ ਗੁਰਾਂ ਦੀ ਕ੍ਰਿਪਾ ਦੁਆਰਾ ਸੱਚੇ ਪਰਮੇਸ਼ਰ ਦੇ ਗੁਣ ਗਾਉਣ ਲਈ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਚਨਾ ਬੰਨਣਾ ਕੀਤੀ ਹੈ ਅਤੇ ਗੁਰਸਿੱਖਾਂ ਵਿੱਚੋਂ ਭਾਲਿ = ਖੋਜ ਕੇ ਬਾਬਾ ਬੁੱਢਾ ਜੀ ਨੂੰ ਲਾਦਾ = ਲੱਭਣਾ ਕੀਤਾ ਹੈ ਭਾਵ ਗ੍ਰੰਥੀ ਸਥਾਪਤ ਕੀਤਾ ਹੈ। ਅਰਥਾਤ ਸਤਿਗੁਰਾ ਨੇ ਸੋਚਿਆ ਕਿ

ਉਹ ਸਿੱਖ ਲੱਭੀਏ ਜਿਸ ਨੂੰ ਹੰਕਾਰ ਨਾ ਹੋਵੇ। ਸਤਿਗੁਰੂ ਜੀ ਨੇ ਭਾਲਿ = ਲੱਭ ਲੱਭ ਕੇ ਇਕ ਬ੍ਰਹਮ ਗਿਆਨੀ ਸਿੱਖ ਜੋ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਵਰੋਸਾਏ ਹੋਏ ਸਨ, ਬਾਬਾ ਬੁੱਢਾ ਸਾਹਿਬ ਜੀ ਨੂੰ ਸੇਵਕ ਦੀ ਵਸਤੂ ਜਾਣ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਾਹਿਬ ਦੀ ਸੇਵਾ ਬਖ਼ਸ਼ਣਾ ਕੀਤੀ। ਮਹਾਰਾਜ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਪਾਤਸ਼ਾਹ ਦੀ ਬਾਣੀ ਨੂੰ ਭਾਲਿ = ਖੋਜ ਕੇ ਲਿਖਵਾਉਣਾ ਕੀਤਾ। ਫਿਰ ਭਗਤ ਕਬੀਰ ਜੀ, ਰਾਮਾਨੰਦ ਜੀ, ਰਵਿਦਾਸ ਜੀ, ਸਧਨਾ ਜੀ—ਆਦਿ ਭਗਤਾਂ ਦੀ ਬਾਣੀ ਨੂੰ ਭਾਲਿ = ਲੱਭ ਕੇ ਲਿਖਵਾਉਣਾ ਕੀਤਾ। ਭਾਈ ਗੁਰਦਾਸ ਜੀ ਨੂੰ ਸੰਸਾ ਹੋ ਗਿਆ ਸੀ। ਫਿਰ ਮਹਾਰਾਜ ਜੀ ਨੇ ਸ੍ਰੀ ਰਾਮਸਰ ਵਿਚ ਉਨ੍ਹਾਂ ਭਗਤਾਂ ਦੇ ਦਰਸ਼ਨ ਭਾਈ ਗੁਰਦਾਸ ਜੀ ਨੂੰ ਕਰਵਾਏ। ਉਨ੍ਹਾਂ ਭਗਤਾਂ ਨੇ ਦੱਸਿਆ ਕਿ ਮੇਰਾ ਨਾਮ ਕਬੀਰ ਹੈ, ਰਵਿਦਾਸ ਹੈ, ਸਧਨਾ ਹੈ।

ਉਨ੍ਹਾਂ ਸਾਰਿਆਂ ਭਗਤਾਂ ਦਾ ਭਾਈ ਗੁਰਦਾਸ ਜੀ ਨੇ ਸਤਿਕਾਰ ਕੀਤਾ ਤੇ ਉਨ੍ਹਾਂ ਭਗਤਾਂ ਨੇ ਵੀ ਭਾਈ ਸਾਹਿਬ ਜੀ ਦਾ ਸਤਿਕਾਰ ਕੀਤਾ। ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਗੁਰੂ ਸਾਹਿਬ ਜੀ ਦੀ ਸਿੱਖਿਆ ਨੂੰ ਭਾਲਿ = ਖੋਜ ਕੇ ਭਗਤਾਂ ਦੀ ਬਾਣੀ, ਆਪਣੀ ਬਾਣੀ ਦੀ ਅਸਥਾਪਨ ਕਰਨਾ ਕੀਤੀ।

# ਪੈਰ ਧੋਵਾ ਪਖਾ ਫੇਰਦਾ; ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥

ਹੇ ਪਿਆਰੇ ਜੀ ! ਮੈਂ ਉਨ੍ਹਾਂ ਗੁਰਸਿੱਖਾਂ ਦੇ (ਸੱਜਾ ਖੱਬਾ) ਪੈਰ = ਚਰਨ ਧੋਵਾ = ਧੋਂਦਾ ਹਾਂ, ਗਰਮੀ ਦੀ ਰੁੱਤ ਵਿਚ ਪੱਖਾ ਫੇਰਦਾ = ਝੱਲਣਾ ਕਰਦਾ ਹਾਂ ਅਤੇ ਤਿਸੁ = ਉਸ ਗੁਰਸਿੱਖਾਂ ਦੇ ਨਿਵਿ ਨਿਵਿ = ਝੁਕ ਝੁਕ ਕੇ ਪਾਇ = ਪੈਰੀਂ ਲਗਾ = ਲੱਗਦਾ ਹਾਂ ॥੧੦॥

ਜਿਸ ਵੇਲੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਸੰਗਤਾਂ ਪਿਸ਼ਾਵਰ ਤੋ ਚੱਲ ਕੇ ਆ ਰਹੀਆਂ ਸਨ, ਲੰਬਾ ਸਫ਼ਰ ਤਹਿ ਕਰਨ ਕਰਕੇ ਸੰਗਤਾਂ ਨੂੰ ਕੁਝ ਥਕਾਵਟ ਹੋਈ ਤਾਂ ਸੰਗਤਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਤਕਰੀਬਨ ਦੋ ਕੁ ਕੋਹ ਦੂਰ (ਪਿਪਲੀ ਸਾਹਿਬ) ਵਾਲੇ ਅਸਥਾਨ 'ਤੇ ਨਿਵਾਸ ਕੀਤਾ ਸੰਗਤਾਂ ਦਾ ਆਉਣਾ ਸੁਣ ਕੇ ਸਤਿਗੁਰੂ ਪਾਤਸ਼ਾਹ ਜੀ ਨੇ ਮਾਤਾ ਗੰਗਾ ਜੀ ਅਤੇ ਸਿੱਖਾਂ ਨੂੰ ਨਾਲ ਲੈ ਕੇ, ਦਾਲਾਂ ਦੀਆਂ ਬਾਲਟੀਆਂ ਅਤੇ ਪ੍ਰਸ਼ਾਦਿਆਂ ਦੇ ਟੋਕਰੇ ਚੁੱਕੇ ਅਤੇ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਹੋ ਗਏ। ਕਿਸੇ ਨੇ ਵੀ ਮਹਾਰਾਜ ਸਾਹਿਬ ਦੇ ਸਰੂਪ ਨੂੰ ਨਹੀਂ ਪਛਾਣਿਆ। ਸੰਗਤਾਂ ਦੇ ਚਰਨਾਂ ਨੂੰ ਆਪਣੇ ਹੱਥੀਂ ਧੋਣਾ

ਕੀਤਾ। ਗਰਮੀ ਤੋਂ ਪਾਤਸ਼ਾਹ ਜੀ ਨੇ ਸੰਗਤਾਂ ਨੂੰ ਆਪਣੇ ਹੱਥੀਂ ਪੱਖਾ ਝੱਲਣਾ ਕੀਤਾ। ਉਸ ਤੋਂ ਉਪਰੰਤ ਸੰਗਤਾਂ ਨੂੰ ਪ੍ਰਸ਼ਾਦਾ ਛਕਾਇਆ ਅਤੇ ਜੂਠੇ ਭਾਂਡੇ ਮਾਂਜਣਾ ਕੀਤੇ। ਗੁਰੂ ਸਾਹਿਬ ਜੀ ਨੇ, ਮਾਤਾ ਜੀ ਨੇ ਅਤੇ ਭਾਈ ਗੁਰਦਾਸ ਆਦਿ ਸਿੱਖਾਂ ਨੇ ਸੰਗਤਾਂ ਨੂੰ ਨਮਸਕਾਰ ਕੀਤੀ ਅਤੇ ਰਾਤੋ-ਰਾਤ ਸੇਵਾ ਕਰਕੇ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚ ਗਏ। ਇਸ ਪ੍ਰਕਾਰ ਪਾਤਸ਼ਾਹ ਜੀ ਨੇ ਆਪ ਐਸੇ ਕੌਤਕ ਕਰਕੇ ਸਾਨੂੰ ਜੀਵਾਂ ਨੂੰ ਸੁਮੱਤ ਦੇਣ ਲਈ ਐਸੀ ਸੇਵਾ ਦੀ ਮਰਯਾਦਾ ਕਾਇਮ ਕਰਨਾ ਕੀਤੀ।

***ਦੂਸਰਾ ਅਰਥ :*** ਚਰਨਾਂ ਦਾ ਧਿਆਨ ਧਰਨ ਰੂਪ ਚਰਨ ਧੋਣਾ ਕਰਦੇ ਹਾਂ ਅਤੇ ਸੰਸਾਰ ਵੱਲੋਂ ਪੱਖ ਫੇਰ ਕੇ ਗੁਰਸਿੱਖਾਂ ਵੱਲ ਪੱਖ ਕਰਨ ਰੂਪ ਪੱਖਾ ਫੇਰਨਾ ਕਰਦੇ ਹਾਂ ਅਤੇ ਉਨ੍ਹਾਂ ਪਿਆਰਿਆਂ ਦੇ ਅਭਿਮਾਨ ਵੱਲੋਂ ਨਿਵਿ = ਝੁਕ ਕੇ, ਤੇ ਗੁਣਾਂ ਦੇ ਅਭਿਮਾਨ ਵੱਲੋਂ ਨਿਵਿ = ਝੁਕ ਕੇ ਪਾਇ = ਚਰਨੀਂ ਲਗਾ = ਲੱਗਦੇ ਹਾਂ।

**[ਅੰਗ ੭੪]**

## ਸੁਣਿ ਗਲਾ; ਗੁਰ ਪਹਿ ਆਇਆ ॥

(**ਗਲਾ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਜਦੋਂ ਗੁਰੂ ਸਾਹਿਬ ਜੀ ਦੀਆਂ ਸੰਸਾਰ-ਸਮੁੰਦਰ ਤੋਂ ਤਾਰਨ ਵਾਲੀਆਂ ਵਡਿਆਈ ਰੂਪ ਗੱਲਾਂ ਸੁਣਿ = ਸ੍ਰਵਨ ਕਰ ਕੇ **ਵਾ:** ਗੁਰੂ ਸਾਹਿਬ ਜੀ ਦੀਆਂ ਸ੍ਰਵਨ, ਮੰਨਣ, ਨਿਧਿਆਸਣ, ਤੱਤ ਤ੍ਵੰ ਪਦ ਦਾ ਸੰਸ਼ੋਧਨ ਤੇ ਸੱਚ ਸਰੂਪ ਵਿਚ ਲੀਨਤਾ ਪਾਉਣ ਵਾਲੀਆਂ ਗੱਲਾਂ ਸੁਣ ਕੇ ਉਪਦੇਸ਼ ਲੈਣ ਵਾਸਤੇ ਗੁਰਾਂ ਪਹਿ = ਕੋਲ ਆਇਆ।

## ਨਾਮੁ ਦਾਨੁ; ਇਸਨਾਨੁ ਦਿੜਾਇਆ ॥

ਤਾਂ ਗੁਰਾਂ ਨੇ ਅੰਮ੍ਰਿਤ ਨਾਮ ਦਾ ਜਪਣਾ, ਧਰਮ ਦੀ ਕਿਰਤ ਕਰ ਕੇ ਦਾਨ ਕਰਨਾ ਅਤੇ ਅੰਮ੍ਰਿਤ ਵੇਲੇ ਇਸ਼ਨਾਨ ਕਰਨਾ, ਇਹ ਦਿੜਾਇਆ = ਪੱਕਾ ਕਰਵਾ ਦਿੱਤਾ।

## ਸਭੁ ਮੁਕਤੁ ਹੋਆ ਸੈਸਾਰੜਾ; ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਨੂੰ ਸਤਿਗੁਰੂ ਜੀ ਨੇ ਗੁਰਸਿੱਖੀ ਦੀ ਦਾਤ ਦੇ ਕੇ ਭਗਤੀ ਰੂਪੀ ਬੇੜੀ ਤੇ ਚਾੜ ਦਿੱਤਾ ਜਿਸ ਕਰਕੇ ਸਭ = ਸਾਰੇ ਸੰਸਾਰ ਦੇ ਬੰਧਨ ਤੋਂ ਮੈਂ ਮੁਕਤ ਹੋਆ = ਹੋ ਗਿਆ ਹਾਂ **ਅਥਵਾ** ਜੋ ਜੋ ਗੁਰਾਂ ਦੀ ਸੰਗਤ ਨਾਲ ਮਿਲ ਕੇ ਭਗਤੀ ਰੂਪੀ ਬੇੜੀ ਤੇ ਚੜ੍ਹਨਗੇ ਉਹ ਸਾਰੇ ਹੀ ਸੰਸਾਰਕ ਬੰਧਨਾਂ ਤੋਂ ਮੁਕਤ ਹੋ ਜਾਣਗੇ ॥੧੧॥

## ਸਭ ਸ੍ਰਿਸਟਿ; ਸੇਵੇ ਦਿਨੁ ਰਾਤਿ ਜੀਉ ॥

ਹੇ ਪ੍ਰਭੂ ! ਸਭ = ਸਾਰੀ ਸ੍ਰਿਸਟਿ = ਦੁਨੀਆਂ ਆਪ ਜੀ ਦੀ ਦਿਨ ਰਾਤ ਸੇਵੇ = ਅਰਾਧਨਾ ਕਰਦੀ ਹੈ। ਕੋਈ ਧਰਮ ਵਾਸਤੇ, ਕੋਈ ਮੁਕਤੀ ਵਾਸਤੇ, ਕੋਈ ਕਾਮਨਾ ਪੂਰੀ ਕਰਨ ਲਈ ਅਤੇ ਕੋਈ ਪਦਾਰਥਾਂ ਲਈ ਅਰਾਧਨਾ ਕਰਦਾ ਹੈ।

## ਦੇ ਕੰਨੁ; ਸੁਣਹੁ ਅਰਦਾਸਿ ਜੀਉ ॥

ਹੇ ਸੱਚੇ ਪਾਤਸ਼ਾਹ ਜੀ! ਕੰਨ ਦੇ ਕੇ ਭਾਵ ਧਿਆਨ ਦੇ ਕੇ ਸਾਡੀ ਅਰਦਾਸਿ = ਬੇਨਤੀ ਨੂੰ ਸੁਣਹੁ = ਸੁਣਨਾ ਕਰੋ। ਜੈਸਾ ਕਿ :

**ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥** *(ਤਿਲੰਗ ਮ: ੧, ਅੰਗ ੭੨੧)*

## ਠੋਕਿ ਵਜਾਇ ਸਭ ਡਿਠੀਆ; ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥

ਅਸੀਂ ਸਭ = ਸਾਰੀ ਸ੍ਰਿਸ਼ਟੀ ਨੂੰ ਠੋਕਿ ਵਜਾਇ = ਪਰਤਾਵਾ, ਨਿਰਣਾ ਕਰ ਕੇ ਡਿਠੀਆ = ਵੇਖਿਆ ਹੈ (ਇਸੇ ਤਰ੍ਹਾਂ ਪੰਡਤ ਤਾਰਾ ਸਿੰਘ ਨੇ ਵਜਾਇ ਦੇ ਅਰਥ ਜਗ੍ਹਾ ਜਗ੍ਹਾ ਕੀਤੇ ਹਨ) **ਵਾ:** ਠੋਕ ਕੇ, ਅਜ਼ਮਾਇਸ਼ ਕਰਕੇ ਜਗ੍ਹਾ ਜਗ੍ਹਾ ਜਾ ਕੇ ਸਾਰੀ ਸ੍ਰਿਸ਼ਟੀ ਨੂੰ ਡਿਠੀਆ = ਵੇਖਿਆ ਹੈ। ਕਿਸੇ ਦੇ ਹੱਥ ਵਿਚ ਕੁਝ ਨਹੀਂ ਹੈ। ਭਾਵ ਕੋਈ ਕੁਝ ਨਹੀਂ ਕਰ ਸਕਦਾ। ਜਿਨ੍ਹਾਂ 'ਤੇ ਤੁਸੀਂ ਤੁਸਿ = ਪ੍ਰਸੰਨ ਹੋਏ ਹੋ, ਉਨ੍ਹਾਂ ਨੂੰ ਆਪ ਕ੍ਰਿਪਾ ਕਰਕੇ ਜੰਮਣ ਮਰਣ ਦੇ ਬੰਧਨ ਭਾਵ ਜਮਾਂ ਤੋਂ ਛੁਡਾ ਲਿਆ ਹੈ। ਉਹਨਾਂ ਨੂੰ ਆਪਣੇ ਸਰੂਪ ਦੀ ਬਖ਼ਸ਼ਿਸ਼ ਕਰ ਕੇ ਸੰਸਾਰ ਤੋਂ ਮੁਕਤ ਕਰ ਦਿੱਤਾ ਹੈ ॥੧੨॥

## ਹੁਣਿ ਹੁਕਮੁ ਹੋਆ; ਮਿਹਰਵਾਣ ਦਾ ॥ ਪੈ; ਕੋਇ ਨ ਕਿਸੈ ਰਞਾਣਦਾ ॥

ਮਿਹਰਵਾਣ = ਕ੍ਰਿਪਾਲੂ ਪਰਮੇਸ਼ਰ ਦਾ ਹੁਣ ਇਹ ਹੁਕਮ ਹੋਆ = ਹੋ ਗਿਆ ਹੈ। ਗੁਰੂ ਸਾਹਿਬ ਜੀ ਨੇ ਸੰਗਤਾਂ ਦੇ ਹਿਰਦੇ ਅੰਦਰ ਧਰਮ ਦਾ ਰਾਜ ਕਾਇਮ ਕਰ ਦਿੱਤਾ ਹੈ ਕਿ ਪੈ = ਫਿਰ ਜਬਰਦਸਤ ਕੋਇ = ਕੋਈ ਵੀ ਕਿਸੇ ਨੂੰ ਰਞਾਣਦਾ = ਦੁਖ ਨ = ਨਹੀਂ ਦੇ ਸਕਦਾ **ਵਾ:** ਰਞਾਣਦਾ = ਦਬਾ ਨਾਲ ਪਾਪੀ ਨਹੀਂ ਬਣਾ ਸਕਦਾ। ਅਕਾਲ ਪੁਰਖ ਵਾਹਿਗੁਰੂ ਦੀ ਇਹ ਹੁਕਮੁ = ਆਗਿਆ ਹੋ ਗਈ ਹੈ **ਵਾ:** ਹੁਣ ਇਸ ਸਰੀਰ ਦਾ ਅੰਤਹਕਰਨ ਰੂਪੀ ਨਗਰ ਵਿਚ ਮਿਹਰਵਾਨ ਅਕਾਲ ਪੁਰਖ ਦਾ ਹੁਕਮ ਇਸਥਿਤ ਹੋ ਗਿਆ ਹੈ।

### ਦੂਸਰਾ ਅਰਥ

**ਹੁਣਿ ਹੁਕਮੁ ਹੋਆ; ਮਿਹਰਵਾਣ ਦਾ ॥ ਪੈ; ਕੋਇ ਨ ਕਿਸੈ ਰਞਾਣਦਾ ॥**

ਜਦੋਂ ਮਿਹਰਵਾਣ = ਕ੍ਰਿਪਾਲੂ ਗੁਰਾਂ ਦਾ ਉਪਦੇਸ਼ ਸ੍ਰਵਨ ਕੀਤਾ ਤਾਂ ਗੁਰਾਂ ਤੋਂ ਪਰਮੇਸ਼ਰ ਦੇ ਸਿਮਰਨ ਕਰਨ ਦਾ ਹੁਕਮ ਪ੍ਰਾਪਤ ਹੋਇਆ। ਤਾਂ ਫੇਰ ਕੋਇ = ਕੋਈ ਵੀ ਅਗਿਆਨ ਆਦਿ ਔਗੁਣ ਪੈ = ਭਾਰੂ ਹੋ ਕੇ ਕਿਸੇ ਪ੍ਰਕਾਰ ਦਾ ਦੁਖ ਨਹੀਂ ਦੇ ਸਕਦਾ। ਅਰਥਾਤ ਅਗਿਆਨ ਗਿਆਨ ਨੂੰ ਕਾਮ ਵਸਤੂ ਵਿਚਾਰ ਨੂੰ, ਕ੍ਰੋਧ ਸ਼ਾਂਤੀ ਨੂੰ ਲੋਭ ਸੰਤੋਖ ਨੂੰ, ਮੋਹ ਬਿਬੇਕ ਨੂੰ ਤੇ ਹੰਕਾਰ ਨਿਮਰਤਾ ਨੂੰ ਦਬਾਅ ਨਹੀਂ ਸਕਦਾ।

## ਸਭ ਸੁਖਾਲੀ ਵੁਠੀਆ; ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥

ਸਭ = ਸਾਰੀਆਂ ਸੰਗਤਾਂ ਸੁਖਾਲੀ = ਸੁੱਖ ਦੇ ਸਹਿਤ ਵੁਠੀਆ = ਵਸੀਆਂ ਹਨ। ਮਹਾਰਾਜ ਸਾਹਿਬ ਜੀ ਨੇ ਇਹੁ = ਇਹੀ ਹਲੇਮੀ = ਗ਼ਰੀਬੀ ਦਾ ਰਾਜ ਬਖ਼ਸ਼ ਦਿੱਤਾ ਹੈ **ਵਾ:** ਇਉਂ ਜਦੋਂ ਹਿਰਦੇ ਵਿਚ ਹਲੇਮੀ = ਗ਼ਰੀਬੀ ਦਾ ਰਾਜ ਹੋ ਗਿਆ, ਉਸ ਵੇਲੇ ਹਿਰਦੇ ਵਿਚ ਸਾਰੇ ਸ਼ੁਭ ਗੁਣ ਸੁਖਾਲੀ = ਸੁਖ ਦੇ ਸਹਿਤ ਵੁਠੀਆ = ਵਸ ਗਏ। ਮਹਾਰਾਜ ਸਾਹਿਬ ਜੀ ਨੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਮਾਰ ਕੇ ਕੱਢ ਦਿੱਤੇ। ਗ਼ਰੀਬੀ ਵਾਲੇ ਹਿਰਦੇ ਵਿਚ ਸਰੂਪਾਨੰਦ ਵਾਹਿਗੁਰੂ ਦਾ ਰਾਜੁ = ਪ੍ਰਕਾਸ਼ ਹੋ ਗਿਆ ਭਾਵ ਗਿਆਨ ਪ੍ਰਾਪਤ ਹੋ ਗਿਆ ॥੧੩॥

## ਝਿੰਮਿਝਿੰਮਿ; ਅੰਮ੍ਰਿਤੁ ਵਰਸਦਾ ॥

(ਦੂਸਰਾ ਪਾਠ **ਝਿੰਮਿ ਝਿੰਮਿ** ਵੱਖਰਾ)

ਗੁਰੂ ਰੂਪੀ ਬੱਦਲ ਝਿੰਮਿਝਿੰਮਿ = ਇਕ ਰਸ ਨਾਮ ਅੰਮ੍ਰਿਤ ਦੀ ਉਪਦੇਸ਼ ਰੂਪੀ ਵਰਖਾ ਵਰਸਾ ਰਹੇ ਹਨ

**ਅਥਵਾ** ਜਿਵੇਂ ਸਾਉਣ ਦੇ ਮਹੀਨੇ ਝਿੰਮਿਝਿੰਮਿ = ਇਕ ਰਸ ਜਿਸ ਵਿਚ ਬਿਜਲੀ ਦਾ ਲਿਸ਼ਕਾਰਾ ਪਵੇ। ਟਿਕ ਟਿਕ ਕੇ ਬੱਦਲ ਵਰਸਦਾ = ਵਰਸੇ, ਜੋ ਇਕ ਰਸ ਝੜੀ ਲਾ ਕੇ ਵਰਸੇ ਉਸ ਨੂੰ ਝਿੰਮਿ ਝਿੰਮਿ ਕਹਿੰਦੇ ਹਨ **ਵਾ:** ਝਿੰਮਿਝਿੰਮਿ = ਥਿੰਮ ਥਿੰਮ ਕੇ ਬੱਦਲ ਵਰਸ ਰਿਹਾ ਹੈ। ਜੈਸਾ ਕਿ :

**ਝਿਮਿਝਿਮਿ ਵਰਸੈ ਅੰਮ੍ਰਿਤ ਧਾਰਾ ॥** *(ਮਾਝ ਮ: ੫, ਅੰਗ ੧੦੨)*

ਗੁਰੂ ਸਾਹਿਬ ਜੀ ਨੇ ਇਸੇ ਪ੍ਰਕਾਰ ਜੋ ਝਿੰਮਿ ਝਿੰਮਿ ਕੇ ਜਿਹੜਾ ਸਤੋਗੁਣ ਮਾਇਆ ਦੀ ਬਿਰਤੀ ਦਾ ਚਮਕਾਰਾ ਪਾਉਣਾ ਹੈ, ਸਾਰੀ ਦੁਨੀਆਂ ਦਾ ਪਤਾ ਲੱਗ ਜਾਣਾ ਜੋ ਕੁਝ ਵਰਤਦਾ ਹੈ, ਮਨ ਨੇ ਅਡੋਲ ਹੋ ਕੇ ਵਾਹਿਗੁਰੂ ਵਿਚ ਲਿਵ ਲਾਈ ਰੱਖਣੀ। ਇਹ ਸਤੋਗੁਣੀ ਬਿਰਤੀ ਦੇ ਚਮਕਾਰੇ ਹਨ। ਹਿਰਨ ਗਰਭ ਦੇ ਪ੍ਰਕਾਸ਼ ਦਾ ਪਤਾ ਲੱਗ ਜਾਣਾ, ਅੱਬਿਆਕ੍ਰਿਤ ਦਾ ਪਤਾ ਲੱਗ ਜਾਣਾ, ਵਿਰਾਟ ਦਾ ਪਤਾ ਲੱਗ ਜਾਣਾ, ਗੁਰੂ ਮਹਾਰਾਜ ਦੇ ਸਰੂਪ ਦੀ ਸਾਖਿਆਤਤਾ ਹੋ ਜਾਣੀ, ਦਸਾਂ ਪਾਤਸ਼ਾਹਾਂ ਨੇ ਪ੍ਰਤੱਖ ਹੋ ਕੇ ਦਰਸ਼ਨ ਬਖ਼ਸ਼ਿਸ਼ ਕਰ ਦੇਣੇ। ਪਰ ਸੁਰਤ ਨੇ ਪ੍ਰੇਮ ਵਿਚ ਲੀਨ ਹੋਈ ਨੇ ਐਨਾ ਅਜਰ (ਜਰਨ) ਵਾਲੀ ਹੋ ਜਾਣਾ। ਜੈਸਾ ਕਿ :

**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥** *(ਅੰਗ ੧੩੮੪)*

ਸਤਿਗੁਰੂ ਜੀ ਬੱਦਲ ਦੀ ਨਿਆਈਂ ਕਿਰਪਾ ਕਰ ਰਹੇ ਹਨ। ਜਿਵੇਂ ਬੱਦਲ ਝਿੰਮਿਝਿੰਮਿ = ਥਿੰਮ ਥਿੰਮ ਕੇ ਚਮਕਾਰੇ ਦੇ ਸਹਿਤ ਵਰਸਦਾ ਹੁੰਦਾ ਹੈ, ਇਸੇ ਪ੍ਰਕਾਰ ਅੰਦਰੋਂ ਬ੍ਰਹਮਾਨੰਦ ਰੂਪੀ ਝਿੰਮਿ ਝਿੰਮਿ ਕੇ, ਟਿਕ ਟਿਕ ਕੇ ਅੰਮ੍ਰਿਤ ਨਾਮ ਇਕ-ਰਸ ਵਰਸ ਰਿਹਾ ਹੈ ਭਾਵ ਵਰਖਾ ਹੋ ਰਹੀ ਹੈ।

## ਬੋਲਾਇਆ ਬੋਲੀ; ਖਸਮ ਦਾ ॥

ਹੇ ਖਸਮ = ਮਾਲਕ ਪਰਮੇਸ਼ਰ ਜੀ ! ਮੈਂ ਆਪ ਜੀ ਦਾ ਬੁਲਾਇਆ ਹੋਇਆ ਹੀ ਬਚਨ ਬੋਲਦਾ ਹਾਂ।

## ਬਹੁ ਮਾਣੁ ਕੀਆ ਤੁਧੁ ਉਪਰੇ; ਤੂੰ ਆਪੇ ਪਾਇਹਿ ਥਾਇ ਜੀਉ ॥੧੪॥

ਹੇ ਅੰਤਰਜਾਮੀ ! ਮੈਂ ਤਾਂ ਤੁਧੁ = ਤੁਹਾਡੇ ਉਪਰ ਬਹੁ = ਬਹੁਤ ਸਾਰਾ ਮਾਣ ਕੀਆ = ਕੀਤਾ ਹੈ ਤੂੰ ਹੀ ਮੇਰਾ ਲੋਕ ਪ੍ਰਲੋਕ ਵਿਚ ਆਸਰਾ ਰੂਪ ਹੈਂ ਤੇ ਤੂੰ ਆਪ ਹੀ ਮੇਰੀ ਭਾਉ-ਭਗਤੀ ਰੂਪ ਘਾਲਣਾ ਥਾਇ = ਲੇਖੇ ਵਿਚ ਪਾਇਹਿ = ਪਾਉਣ ਵਾਲਾ ਹੈਂ **ਵਾ:** ਮੇਰੀ ਕਮਾਈ ਥਾਇ ਪਾਉਣ ਵਾਲਾ ਹੈਂ॥੧੪॥

## ਤੇਰਿਆ ਭਗਤਾ; ਭੁਖ ਸਦ ਤੇਰੀਆ ॥

ਹੇ ਮਹਾਰਾਜ ਜੀ ! ਤੇਰਿਆ = ਤੇਰੇ ਭਗਤ ਜਨਾਂ ਨੂੰ ਸਦ = ਹਮੇਸ਼ਾ ਤੇਰੀਆ = ਤੇਰੀ ਪ੍ਰਾਪਤੀ ਦੀ **ਵਾ:** ਨਾਮ ਦੀ ਭੁੱਖ ਲੱਗੀ ਰਹਿੰਦੀ ਹੈ।

## ਹਰਿ; ਲੋਚਾ ਪੂਰਨ ਮੇਰੀਆ ॥

ਹੇ ਹਰਿ = ਪਰਮੇਸ਼ਰ ਜੀ ! ਤੁਸੀਂ ਮੇਰੀਆ = ਮੇਰੀ ਵੀ ਲੋਚਾ = ਇੱਛਾ ਪੂਰਨ ਕਰੋ। ਕਿ

## ਦੇਹੁ ਦਰਸੁ ਸੁਖਦਾਤਿਆ; ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥

ਹੇ ਸਰਬ ਸੁਖਦਾਤਿਆ = ਸੁੱਖਾਂ ਦੇ ਦਾਤੇ ਅਕਾਲ ਪੁਰਖ ਜੀ ! ਮੈਨੂੰ ਆਪਣੇ ਦਰਸੁ = ਦਰਸ਼ਨਾਂ ਦੀ ਬਖ਼ਸ਼ਿਸ਼ ਦੇਹੁ = ਦੇਣਾ ਕਰੋ ਅਤੇ ਮੈਨੂੰ ਗਲ ਵਿਚ ਮਿਲਾ ਲੈਹੁ = ਲੈਣਾ ਕਰੋ ਭਾਵ ਆਪਣੇ ਵਿਚ ਅਭੇਦ ਕਰ ਲਵੋ **ਅਥਵਾ** ਜਿਵੇਂ ਸਰਗੁਣ ਸਰੂਪ ਵਿਚ ਗੁਰੂ ਰਾਮਦਾਸ ਸਾਹਿਬ ਰੂਪ ਹੋ ਕੇ ਪ੍ਰਤੱਖ ਗਲ ਨਾਲ ਮਿਲਾ ਲੈਣਾ ਕੀਤਾ ਹੈ **ਵਾ:** ਇਸ ਪ੍ਰਕਾਰ ਤੱਤ ਤੂੰ ਪਦ ਦਾ ਸੰਸ਼ੋਧਨ ਕਰਵਾ ਕੇ ਨਿਰਗੁਣ ਸਰੂਪ ਵਿਚ ਵੀ ਅਭੇਦ ਨਿਸਚੇ ਰੂਪ ਕੰਠ ਨਾਲ ਮਿਲਾ ਲੈਣਾ ਕਰੋ॥੧੫॥

## ਤੁਧੁ ਜੇਵਡੁ; ਅਵਰੁ ਨ ਭਾਲਿਆ ॥

ਹੇ ਮਹਾਰਾਜ ! ਮੈਂ ਸਾਰੀ ਦੁਨੀਆਂ ਨੂੰ ਭਾਲਿਆ = ਖੋਜ ਕੇ ਵੇਖਿਆ ਹੈ ਪਰ ਤੁਧੁ = ਤੁਹਾਡੇ ਜੇਵਡੁ = ਜਿੱਡਾ ਵੱਡਾ ਅਵਰੁ = ਹੋਰ ਕੋਈ ਨਹੀਂ ਹੈ **ਵਾ:** ਅਵਰ ਸਥਾਨ ਵਿਚ ਕੋਈ ਨਹੀਂ ਹੈ।

## ਤੂੰ; ਦੀਪ ਲੋਅ ਪਇਆਲਿਆ ॥

ਹੇ ਸੱਚੇ ਪਾਤਸ਼ਾਹ ! ਤੂੰ ਸੱਤਾਂ ਦੀਪ = ਦੀਪਾਂ, ਚੌਦਾਂ ਲੋਅ = ਲੋਕਾਂ ਅਤੇ ਸੱਤਾਂ ਪਇਆਲਿਆ = ਪਾਤਾਲਾਂ ਵਿਚ ਪਰੀਪੂਰਨ ਹੈਂ **ਵਾ:** ਜਿਨ੍ਹਾਂ ਦਾ ਹਿਰਦਾ ਗ਼ਰੀਬੀ (ਨਿਮਰਤਾ) ਵਾਲਾ ਹੋ ਗਿਆ, ਉਹਨਾਂ ਦੇ ਅੰਦਰ ਨਿਰਾਵਰਨ, ਨਿਰਵਿਖੇਪ ਸ਼ਕਤੀ ਦੇ ਕੇ ਅਪਰੋਖ ਗਿਆਨ ਦੇ ਦੀਪ = ਦੀਵੇ ਦਾ ਲੋਅ = ਪ੍ਰਕਾਸ਼ ਕੀਤਾ ਹੈ। ਇਉਂ ਨਿਮਰਤਾ ਵਾਲਿਆਂ ਨੇ ਤੇਰੇ ਸਰੂਪ ਨੂੰ ਪਇਆਲਿਆ = ਪਾ ਲਿਆ ਹੈ ਭਾਵ ਤੈਨੂੰ ਪ੍ਰਾਪਤ ਕਰ ਲਿਆ ਹੈ।

## ਤੂੰ ਥਾਨਿ ਥਨੰਤਰਿ ਰਵਿ ਰਹਿਆ;
## ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥

ਹੇ ਮਹਾਰਾਜ ਜੀ ! ਤੂੰ ਥਾਨਿ = ਅਸਥਾਨਾਂ ਵਿਚ ਅਤੇ ਥਨੰਤਰਿ = ਜਿਹੜੇ ਥਾਵਾਂ ਵਿਚ ਹੋਰ ਅਸਥਾਨ ਹਨ **ਵਾ:** ਉਹਨਾਂ ਅਸਥਾਨਾਂ ਅਤੇ ਅਸਥਾਨਾਂ ਵਿਚ ਵੱਸਣ ਵਾਲੇ ਜੀਵਾਂ ਵਿਚ ਰਵਿ ਰਹਿਆ = ਵਿਆਪਕ ਹੋ ਰਿਹਾ ਹੈਂ **ਵਾ:** ਸਰੀਰਾਂ ਰੂਪੀ ਥਾਨਿ = ਅਸਥਾਨ ਵਿਚ ਅਤੇ ਥਨੰਤਰਿ = ਜੀਵ ਆਤਮਾ ਵਿਚ ਰਵਿ ਰਹਿਆ = ਵਿਆਪਕ ਹੋ ਰਿਹਾ ਹੈਂ। ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਸਤਿਗੁਰੂ ਸੱਚੇ ਪਾਤਸ਼ਾਹ ਜੀ ! ਤੇਰੇ ਭਗਤਾਂ ਨੂੰ ਤੇਰਾ ਸੱਚਾ ਅਧਾਰੁ = ਆਸਰਾ ਹੈ, ਸੱਚੇ ਨਾਮ ਦੇ ਆਸਰੇ ਤੇਰੇ ਭਗਤ ਜਿਉਂਦੇ ਹਨ, ਜੋ ਤਿੰਨਾਂ ਕਾਲਾਂ ਵਿਚ ਨਾਸ਼ ਤੋਂ ਰਹਿਤ ਹੈ ॥੧੬॥ ਜੈਸਾ ਕਿ :

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥** *(ਜਪੁ ਜੀ ਸਾਹਿਬ, ਅੰਗ ੧)*

ਸਿੱਖਾਂ ਨੇ ਕਿਹਾ ਕਿ ਮਹਾਰਾਜ ! ਕੁਸ਼ਤੀ ਦੀ ਗੱਲ ਨਹੀਂ ਦੱਸੀ, ਤਾਂ ਹਜ਼ੂਰ ਫ਼ੁਰਮਾਉਂਦੇ ਹਨ :

## ਹਉ ਗੋਸਾਈ ਦਾ; ਪਹਿਲਵਾਨੜਾ ॥

ਹਉ = ਮੈਂ ਗੋਸਾਈ = ਅਕਾਲ ਪੁਰਖ ਵਾਹਿਗੁਰੂ ਦਾ ਪਹਿਲਵਾਨੜਾ = ਪਹਿਲਵਾਨ ਬਣਾਇਆ ਹੋਇਆ ਹਾਂ। ਕਿਉਂਕਿ ਮੈਂ ਕਾਮ ਆਦਿ ਮੱਲਾਂ ਨੂੰ ਜਿੱਤਿਆ ਹੋਇਆ ਹੈ।

## ਮੈ ਗੁਰ ਮਿਲਿ; ਉਚ ਦੁਮਾਲੜਾ[੧] ॥

ਮੈਂ ਗੁਰੂ ਰਾਮਦਾਸ ਮਹਾਰਾਜ ਜੀ ਦੇ ਨਾਲ ਮਿਲ ਕੇ ਜੱਸ ਰੂਪ ਉੱਚਾ ਦੁਮਾਲੜਾ = ਦਸਤਾਰਾ ਸਾਜਿਆ ਹੈ। (ਇਥੋਂ ਹੀ ਨਿਹੰਗਾਂ ਸਿੰਘਾਂ ਨੇ ਦਸਤਾਰ ਦਾ ਨਾਮ ਦੁਮਾਲਾ ਰੱਖਿਆ ਹੋਇਆ ਹੈ। ਦੁਮਾਲਾ ਫਰਲੇ ਵਾਲਾ ਹੁੰਦਾ ਹੈ ਅਤੇ ਉੱਚਾ ਹੁੰਦਾ ਹੈ।) **ਵਾ:** ਮੈਂ ਪੂਰੇ ਗੁਰਾਂ ਨਾਲ ਮਿਲ ਕੇ ਤਿੰਨਾਂ ਲੋਕਾਂ ਵਿਚ ਦਮਾਲੜਾ

---

੧. ਦੁਮਾਲੜਾ = ਸ਼ਮਲਾ, ਦਸਤਾਰ **ਅਥਵਾ** ਸਾਫ਼ੇ ਦਾ ਲਟਕਦਾ ਹੋਇਆ ਸਿਰਾ ਕਲਗੀ ਦੀ ਤਰ੍ਹਾਂ ਸਿਰ ਉਪਰ ਠਹਿਰਾਉਣ ਵਾਲਾ ਦਸਤਾਰ ਦਾ ਚਿੱਲਾ **ਅਥਵਾ** ਸਾਫ਼ੇ ਦਾ ਲੜ। ਉਪਰ ਆਈ ਪੰਗਤੀ ਦੇ ਪ੍ਰਕਰਣ ਅਨੁਸਾਰ ਮੱਲ ਅਖਾੜੇ ਵਿਚ ਜੋ ਪਹਿਲਵਾਨ ਫ਼ਤਹਿ ਪਾਉਂਦਾ ਹੈ, ਉਸ ਨੂੰ ਸਰਬੰਦ ਮਿਲਦਾ ਹੈ। ਜਿਸ ਦਾ ਉੱਚਾ ਲੜ ਤੁਰਲੇ ਦੀ ਤਰ੍ਹਾਂ ਸਿਰ ਉੱਤੇ ਫਹਿਰਾ ਕੇ ਉਹ ਸਭ ਨੂੰ ਆਪਣੀ ਫ਼ਤਹਿ ਪ੍ਰਗਟ ਕਰਦਾ ਹੈ। ਐਸੇ ਹੀ ਕਾਮਾਦਿਕ ਵਿਕਾਰ ਪਛਾੜਨ ਪੁਰ ਸਤਿਗੁਰੂ ਜੀ ਨੇ ਆਪਣੇ ਸੇਵਕ ਨੂੰ ਖਿੱਲਤ ਬਖ਼ਸ਼ਿਆ ਹੈ। (ਮਹਾਨ ਕੋਸ਼)

(ਦੁ + ਮਾਲੜਾ) ਦੁ = ਦਵੈਤ ਨੂੰ ਮਾਲੜਾ = ਮਲਨ ਵਾਲਾ ਭਗਤੀ ਰੂਪ ਦਸਤਾਰਾ ਸਜਾਇਆ ਹੋਇਆ ਹੈ **ਵਾ:** ਮੈਂ ਗੁਰਾਂ ਦੀ ਸੰਗਤ ਕਰਕੇ ਉਚ = ਸ੍ਰੇਸ਼ਟ ਗੁਰਤਾ ਗੱਦੀ ਰੂਪ ਪਦਵੀ ਭਾਵ ਦੁਮਾਲੜਾ ਸਜਿਆ ਹੋਇਆ ਹੈ।

## ਸਭ ਹੋਈ ਛਿੰਝ ਇਕਠੀਆ; ਦਯੁ ਬੈਠਾ ਵੇਖੈ ਆਪਿ ਜੀਉ ॥੧੭॥

(**ਦਯੁ** ਦਾ ਉਚਾਰਣ **ਦਈਉ** ਕਰਨਾ ਹੈ; **ਇਕੱਠੀਆ** ਬੋਲੋ)

ਜਿਵੇਂ ਬਹੁਤ ਸਭ = ਸਾਰੀ ਲੋਕਾਂ ਦੀ ਭੀੜ ਛਿੰਝ = ਮੱਲ ਅਖਾੜੇ ਵਿਚ ਪਹਿਲਵਾਨਾਂ ਦੀ ਕੁਸ਼ਤੀ ਦੇਖਣ ਲਈ ਇਕਠੀਆ = ਇਕੱਠੀ ਹੋਈ = ਹੁੰਦੀ ਹੈ, ਇਸੇ ਪ੍ਰਕਾਰ ਸਾਰੀ ਸ੍ਰਿਸ਼ਟੀ ਰੂਪ ਛਿੰਝ = ਅਖਾੜੇ ਵਿਚ ਗੁਰਮੁਖ ਤੇ ਮਨਮੁਖ ਰੂਪ ਪਹਿਲਵਾਨਾਂ ਦੀ ਇਕੱਤ੍ਰਤਾ ਹੋਈ ਹੈ ਇਸ ਸ੍ਰਿਸ਼ਟੀ ਦੀ ਛਿੰਝ ਨੂੰ ਪਵਾਉਣ ਵਾਲਾ ਦਯੁ = ਪ੍ਰੇਰਕ ਪਰਮੇਸ਼ਰ ਆਪ ਹੀ ਘਟਾ ਘਟਾ ਵਿਚ ਬੈਠਾ = ਇਸਥਿਤ ਹੋਇਆ ਵੇਖੈ = ਵੇਖ ਰਿਹਾ ਹੈ ਜੀ। ਜਿਵੇਂ ਕੁਸ਼ਤੀ ਵਿਚ ਪਹਿਲਵਾਨ ਇਕ ਦੂਜੇ ਨੂੰ ਢਾਹ ਲੈਂਦੇ ਹਨ, ਇਸ ਤਰ੍ਹਾਂ ਕਈਆਂ ਨੂੰ ਕਾਮ ਢਾਹ ਲੈਂਦਾ ਹੈ। ਕਈਆਂ ਨੂੰ ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ ਆਦਿ ਢਾਹ ਲੈਂਦੇ ਹਨ। ਕਈਆਂ ਨੇ ਇਨ੍ਹਾਂ ਔਗੁਣਾਂ ਨੂੰ ਜਿੱਤ ਲਿਆ ਹੈ। ਇਉਂ ਵਾਹਿਗੁਰੂ ਆਪ ਹੀ ਸਾਰਿਆਂ ਦੇ ਅੰਦਰ ਵੇਖ ਰਿਹਾ ਹੈ॥੧੭॥

***ਪ੍ਰਸ਼ਨ :*** *ਹੇ ਸਤਿਗੁਰੂ ! ਪ੍ਰਤੱਖ ਛਿੰਝ ਵਿਚ ਤਾਂ ਟੰਮਕ ਤੇ ਭੇਰੀਆਂ ਆਦਿ ਨਗਾਰੇ ਵਜਦੇ ਹਨ, ਇਸ ਸ੍ਰਿਸ਼ਟੀ ਰੂਪੀ ਛਿੰਝ ਵਿਚ ਟੰਮਕ ਤੇ ਭੇਰੀਆਂ ਕਿਹੜੀਆਂ ਹਨ ?*

***ਗੁਰ ਉੱਤਰ :***

## ਵਾਤ ਵਜਨਿ; ਟੰਮਕ ਭੇਰੀਆ ॥

ਹੇ ਭਾਈ ! ਜੋ ਜੀਵ ਵਾਤ = ਮੁਖ ਦੁਆਰਾ ਬਚਨ ਬੋਲ ਰਹੇ ਹਨ, ਇਹੋ ਹੀ ਟੰਮਕ = ਛੋਟੇ ਨਗਾਰੇ ਤੇ ਭੇਰੀਆ = ਵੱਡੇ ਨਗਾਰੇ ਵਜਨਿ = ਵਜ ਰਹੇ ਹਨ **ਵਾ:** ਜਿਹੜੇ ਮਹਾਵਾਕ ਜੀਵ ਅਤੇ ਈਸ਼ ਦੇ ਸਰੂਪ ਦੀ ਏਕਤਾ ਕਰਾਉਂਦੇ ਹਨ। ਉਹ ਭੇਰੀਆ = ਵੱਡੇ ਨਗਾਰੇ ਜੋ ਜੀਵ ਅਤੇ ਈਸ਼ ਦੇ ਸਰੂਪ ਨੂੰ ਵੱਖੋ-ਵੱਖਰਾ ਦੱਸ ਕੇ ਆਤਮਾ ਸਰੂਪ ਦੇ ਤਾਈਂ ਈਸ਼ਰ ਦੇ ਸਰੂਪ ਦਾ ਚਿੰਤਨ, ਜੀਵ ਨੂੰ ਮਾਇਆ ਦੇ ਸਰੂਪ ਸਹਿਤ ਵਖਿਆਨ ਕਰਦੇ ਹਨ **ਵਾ:** ਈਸ਼ਵਰ ਨੂੰ ਈਸ਼ਵਰ ਦਾ ਤੱਤ ਪਦ ਅਤੇ ਜੀਵ ਦਾ ਤੂੰ ਪਦ ਜੋ ਕਥਨ ਕਰਦੇ ਹਨ ਜਿਹੜੇ ਇਸ ਪ੍ਰਕਾਰ ਦੇ ਵਾਕ ਹਨ, ਇਨ੍ਹਾਂ ਨੂੰ ਤੱਟਸਥੀ ਵਾਕ ਕਹਿੰਦੇ ਹਨ। ਇਉਂ ਇਹ ਟੰਮਕ = ਛੋਟੀਆਂ ਭੇਰੀਆਂ ਹਨ। ਤਟਸਥੀ ਵਾਕ ਕੀ ਹੁੰਦੇ ਹਨ ? ਜਿਹੜੇ ਵਾਕ ਕਦੇ ਹੋਣ ਅਤੇ ਕਦੇ ਨਾ ਹੋਣ, ਉਹ ਤੱਟਸਥੀ ਵਾਕ ਹੁੰਦੇ ਹਨ। ਜਿਹੜੇ ਸਰੂਪ ਦੀ ਸਾਖਿਆਤਤਾ ਕਰਨ ਵਾਲੇ ਹਨ, ਉਨ੍ਹਾਂ ਨੂੰ ਮਹਾਂਵਾਕ ਭਾਵ ਵੱਡੀਆਂ ਵੱਡੀਆਂ ਭੇਰੀਆਂ ਕਿਹਾ ਜਾਂਦਾ ਹੈ। ਇਸ ਤਰ੍ਹਾਂ ਜਿਹੜੇ ਅਵਾਂਤਰ ਵਾਕ ਜੀਵ ਅਤੇ ਈਸ਼ ਨੂੰ ਭਿੰਨ ਭਿੰਨ ਦਰਸਾਉਣ ਵਾਲੇ ਟੰਮਕ = ਛੋਟੀਆਂ ਭੇਰੀਆਂ ਹਨ। ਤੱਤਪਦ ਅਤੇ ਤੂੰ ਪਦ ਭਾਵ ਜੀਵ ਅਤੇ ਈਸ਼ ਦੋਹਾਂ ਦੀ ਏਕਤਾ ਕਰਾਉਣ ਵਾਲੇ ਭੇਰੀਆ = ਵੱਡੇ ਦਮਾਮਿਆਂ ਦੀ ਨਿਆਈਂ ਵਾਜੇ = ਵੱਜਣ ਵਾਲੇ ਹਨ।

## ਮਲ ਲਥੇ; ਲੈਦੇ ਫੇਰੀਆ ॥

(**ਮੱਲ** ਅੱਧਕ ਸਹਿਤ ਬੋਲੋ)

ਜਿਸ ਪ੍ਰਕਾਰ ਪਹਿਲਵਾਨ ਬਸਤਰ ਲਾਹ ਕੇ ਅਖਾੜੇ ਵਾਲੀ ਜਗ੍ਹਾ ਵਿਚ ਖੜ੍ਹ ਜਾਂਦੇ ਹਨ ਤੇ ਅਖਾੜੇ ਵਿਚ ਕੁਸ਼ਤੀ ਕਰਨ ਵਾਸਤੇ ਫੇਰੀਆਂ ਪਾਉਣ ਲੱਗ ਜਾਂਦੇ ਹਨ, ਇਸੇ ਪ੍ਰਕਾਰ ਗੁਰਮੁਖ ਤੇ ਮਨਮੁਖ ਰੂਪ ਮਲ = ਪਹਿਲਵਾਨ ਸੰਸਾਰ ਰੂਪੀ ਅਖਾੜੇ ਵਿਚ ਲਥੇ = ਉਤਰੇ ਹੋਏ ਫੇਰੀਆਂ ਲੈਂਦੇ ਹਨ **ਅਥਵਾ** ਗੁਰਮੁਖ ਜਨ ਸੰਸਾਰ ਵੱਲੋਂ ਸਤਿਸੰਗਤ ਦੁਆਰਾ ਮਨ ਨੂੰ ਫੇਰ ਕੇ ਵਾਹਿਗੁਰੂ ਵੱਲ ਲਾ ਲੈਂਦੇ ਹਨ ਅਤੇ ਮਨਮੁਖ ਕੁਸੰਗਤ ਵਿਚ ਲੱਗਣ ਕਰਕੇ ਜੂਨਾਂ ਵਿਚ ਫੇਰੀਆਂ ਲੈਂਦੇ ਭਾਵ ਚੱਕਰ ਕੱਢਦੇ ਰਹਿੰਦੇ ਹਨ।

## ਨਿਹਤੇ ਪੰਜਿ ਜੁਆਨ ਮੈ; ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥

(**ਨਿਹਤੇ** ਪਾਠ ਇਕੱਠਾ ਹੈ, ਉਚਾਰਣ ਵਿਚ **ਨਿਹ-ਤੇ** ਬੋਲੋ, **ਨਿਹੱਤੇ** ਨਹੀਂ ਕਰਨਾ)

ਜਦੋਂ ਗੁਰ = ਸਤਿਗੁਰੂ ਸਾਹਿਬ ਜੀ ਨੇ ਮੇਰੀ ਬੁੱਧ ਰੂਪ ਕੰਡਿ = ਪਿੱਠ ਦੇ ਉੱਤੇ ਕਿਰਪਾ ਰੂਪੀ ਥਾਪੀ ਦਿੱਤੀ ਤਾਂ ਉਸ ਵੇਲੇ ਮੈਂ ਪੰਜੇ ਕਾਮ ਆਦਿਕਾ ਜਵਾਨਾਂ ਨੂੰ ਨਿਹਤੇ = ਕਾਬੂ ਕਰ ਲਿਆ **ਅਥਵਾ** ਪੰਜੇ ਕਾਮ ਆਦਿਕ ਜਵਾਨਾਂ ਨੂੰ ਸਮਦਮ ਰੂਪੀ ਰੱਸਿਆਂ ਨਾਲ ਨਿਹਤੇ = ਨਰੜ ਬੰਨ੍ਹ ਲਿਆ ਹੈ ਭਾਵ ਪੰਜਾਂ ਜਵਾਨਾਂ ਨੂੰ ਢਾਹ ਲਿਆ ਤਾਂ ਸਤਿਗੁਰਾਂ ਨੇ ਮੇਰੀ ਬੁੱਧ ਰੂਪ ਪਿੱਠ ਦੇ ਉੱਤੇ ਭਗਤੀ ਰੂਪ (ਗੁਰਤਾ-ਗੱਦੀ) ਰੂਪ ਥਾਪੀ ਦਿੱਤੀ ਕਿ ਤੁਸੀਂ ਮੇਰਾ ਹੀ ਸਰੂਪ ਹੋ। (ਜਿਹੜਾ ਤਾਕਤ ਵਾਲਾ ਬਲਦ ਦੂਸਰੇ ਕਮਜ਼ੋਰ ਬਲਦ ਨੂੰ ਅੱਗੇ ਨਾ ਵਧਣ ਦੇਵੇ ਤਾਂ ਉਸ ਨੂੰ ਜੂਲੇ ਦੇ ਨਾਲ ਨਰੜ ਦੇਣ ਨੂੰ ਨਿਹਤਾ ਕਹਿੰਦੇ ਹਨ)॥੧੮॥

## ਸਭ ਇਕਠੇ ਹੋਇ; ਆਇਆ ॥ ਘਰਿ ਜਾਸਨਿ; ਵਾਟ ਵਟਾਇਆ ॥

ਜਿਸ ਪ੍ਰਕਾਰ ਪ੍ਰਤੱਖ ਮੱਲ ਅਖਾੜੇ ਵਿਚ ਬਹੁਤ ਸਭ = ਸਾਰੇ ਪਹਿਲਵਾਨ ਇਕੱਠੇ ਹੋਇ = ਹੋ ਕੇ ਕੁਸ਼ਤੀ ਕਰਨ ਲਈ ਆਇਆ = ਆਉਂਦੇ ਹਨ।

ਪਰੰਤੂ ਜਦੋਂ ਕੁਸ਼ਤੀ ਕਰ ਕੇ ਵਾਪਸ ਘਰਾਂ ਨੂੰ ਜਾਸਨਿ = ਜਾਂਦੇ ਹਨ, ਤਾਂ ਆਪਸ ਵਿਚ ਵਾਟ = ਰਸਤਾ ਵਟਾਇਆ = ਬਦਲਾ ਕੇ ਜਾਂਦੇ ਹਨ ਭਾਵ ਜਿਸ ਰਾਹ ਜਿੱਤ ਵਾਲੇ ਪਹਿਲਵਾਨ ਜਾਂਦੇ ਹਨ, ਉਸ ਰਾਹ ਹਾਰ ਵਾਲੇ ਨਹੀਂ ਜਾਂਦੇ।

***ਦੂਸਰਾ ਅਰਥ :*** ਇਸੇ ਪ੍ਰਕਾਰ ਸੰਸਾਰ ਰੂਪੀ ਮੱਲ ਅਖਾੜੇ ਵਿਚ ਸਾਰੇ ਗੁਰਮੁਖ ਤੇ ਮਨਮੁਖ ਰੂਪ ਪਹਿਲਵਾਨ ਇਕੱਠੇ ਹੋਇ = ਹੋ ਕੇ ਆਏ ਹਨ ਪਰ ਜਿਸ ਵੇਲੇ ਪ੍ਰਲੋਕ ਰੂਪੀ ਘਰ ਨੂੰ ਜਾਂਦੇ ਹਨ ਤਾਂ ਆਪਸ ਵਿਚ ਰਸਤਾ ਬਦਲ ਕੇ ਜਾਂਦੇ ਹਨ ਭਾਵ ਗੁਰਮੁਖ ਜਨ ਕਾਮ ਆਦਿਕ ਨੂੰ ਜਿੱਤ ਕੇ ਸਰੂਪ ਰੂਪੀ ਘਰ ਵਿਚ ਪਹੁੰਚ ਜਾਂਦੇ ਹਨ ਤੇ ਇਸ ਦੇ ਉਲਟ ਮਨਮੁਖ ਕਾਮ ਆਦਿਕਾਂ ਵਿਚ ਹਾਰ ਕੇ ਜੰਮਣ ਮਰਨ ਦੀਆਂ ਵਾਟਾਂ ਵਿਚ ਪਏ ਜੂਨਾਂ ਵਿਚ ਫਿਰਦੇ ਹਨ **ਵਾ:** ਗੁਰਮੁਖ ਜਨ ਮੁਕਤ ਰੂਪ ਰਸਤੇ ਵਿਚ ਜਾਂਦੇ ਹਨ ਤੇ ਮਨਮੁਖ ਜਮ ਮਾਰਗ 'ਤੇ ਜਾਂਦੇ ਹਨ **ਵਾ:** ਗੁਰਮੁਖ ਜਨ ਸੰਸਾਰਕ ਵਾਟ ਨੂੰ ਬਦਲ ਕੇ ਸਰੂਪ ਰੂਪੀ ਘਰ ਵਿਚ ਜਾਂਦੇ ਹਨ ਤੇ ਮਨਮੁਖ ਭਗਤੀ ਰੂਪ ਰਸਤੇ ਨੂੰ ਬਦਲ ਕੇ ਨਰਕਾਂ ਰੂਪੀ **ਵਾ:** ਜੂਨਾਂ ਰੂਪੀ ਘਰ ਵਿਚ ਜਾਂਦੇ ਹਨ।

## ਗੁਰਮੁਖਿ ਲਾਹਾ ਲੈ ਗਏ; ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥

ਹੇ ਪਿਆਰੇ ਜੀ ! ਇਸ ਪ੍ਰਕਾਰ ਗੁਰਮੁਖ ਜਨ ਆਤਮਾਨੰਦ ਦਾ ਲਾਭ ਲੈ ਕੇ ਸੰਸਾਰ ਤੋਂ ਚਲੇ ਗਏ ਹਨ। ਅਤੇ ਮਨਮੁਖ ਲੋਕ ਆਪਣੇ ਮਨੁੱਖਾ ਜਨਮ ਦੀ ਸੁਆਸਾਂ ਰੂਪੀ ਪੂੰਜੀ ਨੂੰ ਮੂਲੁ = ਮੁੱਢ ਤੋਂ ਲੈ ਕੇ ਪਰਮੇਸ਼ਰ ਨੂੰ ਭੁੱਲ ਗਏ ਭਾਵ ਮੂਲੁ = ਮੁੱਢ ਰੂਪੀ ਪੂੰਜੀ ਨੂੰ ਗਵਾ ਕੇ ਪੁੰਨਾਂ ਨੂੰ ਨਾਸ਼ ਕਰਕੇ ਵਿਕਾਰਾਂ ਵਿਚ ਲਾ ਕੇ ਪ੍ਰਲੋਕ ਨੂੰ ਚਲੇ ਗਏ ਹਨ॥੧੯॥

## ਤੂੰ; ਵਰਨਾ ਚਿਹਨਾ ਬਾਹਰਾ ॥

ਹੇ ਪਰਮੇਸ਼ਰ ! ਤੂੰ ਖੱਤਰੀ, ਬ੍ਰਾਹਮਣ, ਸੂਦ, ਵੈਸ ਆਦਿ ਵਰਨਾਂ, ਕੰਠੀ, ਰੁਦਰਾਖਸ਼ੀ ਮਾਲਾ ਆਦਿ ਚਿਹਨਾ = ਚਿੰਨ੍ਹਾਂ ਤੋਂ ਬਾਹਰਾ = ਰਹਿਤ ਹੈਂ। ਜੈਸਾ ਕਿ :

**ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧)*

## ਹਰਿ ਦਿਸਹਿ; ਹਾਜਰੁ ਜਾਹਰਾ ॥

ਹੇ ਹਰਿ = ਪਰਮੇਸ਼ਰ ! ਤੂੰ ਬ੍ਰਹਮ ਗਿਆਨੀਆਂ ਨੂੰ ਜਾਹਰਾ = ਪ੍ਰਤੱਖ ਤੌਰ 'ਤੇ ਹਾਜਰੁ = ਨੇੜੇ ਦਿਸਹਿ = ਦਿਖ ਰਿਹਾ ਹੈਂ ਭਾਵ ਬ੍ਰਹਮ ਗਿਆਨੀ ਹਰ ਵਕਤ ਸਾਰਿਆਂ ਨੂੰ ਆਤਮਾ ਰੂਪ ਕਰ ਕੇ ਵੇਖਦੇ ਹਨ।

## ਸੁਣਿ ਸੁਣਿ ਤੁਝੈ ਧਿਆਇਦੇ; ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥

ਜਿਹੜੇ ਸ਼ਰਧਾ ਤੇ ਭਰੋਸੇ ਰੂਪੀ ਕੰਨਾਂ ਦੁਆਰਾ ਸਤ ਸ਼ਾਸਤਰਾਂ ਨੂੰ ਸ੍ਵਨ ਕਰ ਕੇ ਫਿਰ ਮੰਨਣ ਕਰਦੇ ਹਨ, ਉਹ ਤੁਝੈ = ਤੁਹਾਨੂੰ ਇਕ ਚਿਤ ਹੋ ਕੇ ਧਿਆਉਂਦੇ ਹਨ। ਹੇ ਗੁਣਤਾਸੁ = ਗੁਣਾਂ ਦੇ ਤਾਸੁ = ਖ਼ਜ਼ਾਨਾ ਰੂਪ ਪਰਮੇਸ਼ਰ ਜੀਉ ! ਜਿਹੜੇ ਤੇਰੇ ਭਗਤ ਹਨ, ਉਹ ਤੇਰੇ ਰੰਗ ਵਿਚ ਹੀ ਰਤੇ = ਰੰਗੇ ਰਹਿੰਦੇ ਹਨ ॥੨੦॥

## ਮੈ, ਜੁਗਿ ਜੁਗਿ; ਦਯੈ ਸੇਵੜੀ ॥

(**ਦਯੈ** ਦਾ ਉਚਾਰਣ **ਦਈਐ** ਕਰਨਾ ਹੈ)

ਗੁਰੂ ਸਾਹਿਬ ਜੀ ਆਖਣ ਲੱਗੇ ਕਿ ਹੇ ਗੁਰਸਿੱਖੋ ! ਮੈਂ ਤਾਂ ਇਉਂ ਚਾਹੁੰਦਾ ਹਾਂ ਕਿ ਜੁਗਿ ਜੁਗਿ = ਜੁਗਾਂ ਜੁਗਾਂ ਵਿਚ ਦਯੈ = ਪ੍ਰੇਰਕ ਪਰਮੇਸ਼ਰ ਵਾਹਿਗੁਰੂ ਦਾ ਸੇਵਕ ਬਣ ਕੇ ਸੇਵੜੀ = ਸੇਵਾ ਕਰਦਾ ਰਿਹਾਂ। ਗੁਰਸਿੱਖਾਂ ਨੇ ਕਿਹਾ ਕਿ ਪਾਤਸ਼ਾਹ ਜੀ ! ਇਹ ਕੀ ਫਲ ਹੋਇਆ ? ਜੁਗ ਜੁਗ ਵਿਚ ਜੰਮਦੇ ਹੀ ਰਹੋਗੇ। ਮਹਾਰਾਜ ਸਾਹਿਬ ਜੀ ਆਖਣ ਲੱਗੇ ਕਿ ਨਹੀਂ, ਜੁਗਾਂ ਜੁਗਾਂ ਵਿਚ ਆਉਣ ਦਾ ਮਤਲਬ ਨਹੀਂ, ਇਹ ਭਗਤ ਹੇਤ ਹੈ। ਭਗਤੀ ਦੇ ਹਿਤ ਵਾਸਤੇ ਬਚਨ ਕਹਿ ਰਹੇ ਹਾਂ। ਗੁਰਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ ਇਸ ਦਾ ਕੀ ਕਾਰਨ ਹੈ ?

## ਗੁਰਿ ਕਟੀ; ਮਿਹਡੀ ਜੇਵੜੀ ॥

ਮਹਾਰਾਜ ਸਾਹਿਬ ਨੇ ਫ਼ੁਰਮਾਇਆ ਕਿ ਗੁਰੂ ਨੇ ਵਿਚਾਰ ਰੂਪੀ ਤਲਵਾਰ ਨਾਲ ਮਿਹਡੀ = ਮੇਰੀ ਜੰਮਣ ਮਰਣ ਦੀ ਵਾਸ਼ਨਾ ਰੂਪੀ ਜੇਵੜੀ = ਰੱਸੀ ਇੱਕੋ ਵਾਰ ਕਟੀ = ਕੱਟ ਦਿੱਤੀ ਹੈ।

***ਦੂਸਰਾ ਅਰਥ :*** ਹੇ ਦਯੈ = ਪ੍ਰੇਰਕ ਪਰਮੇਸ਼ਰ ! ਮੈਨੂੰ ਜੁਗਿ = ਚਾਰ ਸਾਧਨਾ ਵਿਚ ਜੁਗਿ = ਜੁੜਨ ਰੂਪੀ ਸੇਵੜੀ = ਸੇਵਾ ਦੇਣਾ ਕਰੋ **ਵਾ:** ਮੈਨੂੰ ਜੁਗਾਂ ਜੁਗਾਂ ਵਿਚ ਗੁਰਾਂ ਦੀ ਸੇਵਾ ਦੇਣਾ ਕਰੋ ਕਿਉਂਕਿ ਗੁਰਾਂ ਨੇ ਮਿਹਡੀ = ਮੇਰੀ ਮਮਤਾ ਜਮਾਂ ਰੂਪੀ ਜੇਵੜੀ = ਰੱਸੀ ਕਟੀ = ਕੱਟ ਦਿੱਤੀ ਹੈ।

## ਹਉ ਬਾਹੁੜਿ ਛਿੰਝ ਨ ਨਚਊ; ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥੨॥੨੯॥

ਹਉ = ਮੈਂ ਬਾਹੁੜਿ = ਦੁਬਾਰਾ ਸੰਸਾਰ ਰੂਪੀ ਛਿੰਝ = ਮੱਲ ਅਖਾੜੇ ਵਿਚ ਨ = ਨਹੀਂ ਨਚਊ = ਨੱਚਾਂਗਾ, ਭਾਵ ਜੰਮਣ ਮਰਨ ਵਿਚ ਪੈ ਕੇ ਜੂਨਾਂ ਵਿਚ ਨਹੀਂ ਨੱਚਾਂਗਾ, ਕਿਉਂਕਿ ਮੈਂ ਮਨੁੱਖਾ ਜਨਮ ਰੂਪੀ ਅਉਸਰੁ = ਸਮੇਂ ਵਿਚ ਗੁਰਾਂ ਦੀ ਸੰਗਤ ਦੁਆਰਾ ਪਰਮੇਸ਼ਰ ਜੀ ਨੂੰ ਭਾਲਿ = ਖੋਜ ਕੇ ਲਧਾ = ਲੱਭ ਲਿਆ ਹੈ।

ਇਸ ਤਰ੍ਹਾਂ ਜੋ ਗੁਰਮੁਖ ਪਹਿਲਵਾਨ ਬਣ ਕੇ ਕੁਸ਼ਤੀਆਂ ਵਿਚ ਵਿਕਾਰਾਂ ਨੂੰ ਜਿੱਤਣਗੇ, ਉਹ ਮੁੜ ਕੇ ਜੂਨਾਂ ਵਿਚ ਨਹੀਂ ਆਉਣਗੇ। ਸੰਸਾਰ ਦੇ ਜੰਮਣ ਮਰਣ ਰੂਪੀ ਛਿੰਝ ਵਿਚ ਨਹੀਂ ਨੱਚਣਗੇ। ਜਿਨ੍ਹਾਂ ਨੇ ਮਨੁੱਖਾ ਜਨਮ ਦਾ ਸੋਹਣਾ ਅਉਸਰ ਭਾਲ ਕੇ ਗੁਰੂ ਸਾਹਿਬ ਦੁਆਰਾ ਵਾਹਿਗੁਰੂ ਨੂੰ ਭਾਲ ਲਿਆ ਹੈ, ਉਹ ਜੰਮਣ ਮਰਣ ਬਾਹਰੇ ਅਬਿਨਾਸ਼ੀ ਸਰੂਪ ਹਨ ॥੨੧॥੨॥੨੯॥

***ਨੋਟ :*** ਸੰਤ ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲਿਆਂ ਵੱਲੋਂ ਅਠਾਈਵੀਂ ਕਥਾ ਦੀ ਆਰੰਭਤਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਹੋਈ। 'ਜਪੁ ਜੀ ਸਾਹਿਬ' ਤਖ਼ਤ ਸਾਹਿਬ ਵਿਖੇ ਸੰਪੂਰਨ ਹੋਇਆ। 'ਰਹਰਾਸਿ' ਅਤੇ 'ਸੋਹਿਲਾ ਬਾਣੀ' ਦੇ ਤਿੰਨ ਸ਼ਬਦ ਸ੍ਰੀ ਪੰਜੋਖਰਾ ਸਾਹਿਬ ਵਿਖੇ ਹੋਏ। 'ਸੋਹਿਲਾ ਬਾਣੀ' ਦੇ ਚੌਥੇ ਸ਼ਬਦ ਤੋਂ ਉਪਰੋਕਤ ਸ਼ਬਦ ਦੀ ਸਮਾਪਤੀ ਤੱਕ ਕਥਾ ਨਾਢਾ ਸਾਹਿਬ ਵਿਖੇ ਹੋਈ। ਇਸ ਤੋਂ ਅੱਗੇ ੨ ਹਾੜ ਨੂੰ ਨਗਰ ਬ੍ਰਾਹਮਣ ਮਾਜਰਾ ਨਜ਼ਦੀਕ ਮੋਰਿੰਡਾ-ਕੁਰਾਲੀ ਵਿਖੇ ਆਰੰਭ ਹੋਈ। ਇਸ ਤੋਂ ਬਾਅਦ ਅਗਲਾ ਸ਼ਬਦ ਸ਼ੁਰੂ ਹੁੰਦਾ ਹੈ।

# ੴ ਸਤਿਗੁਰ ਪ੍ਰਸਾਦਿ ॥

## ਸਿਰੀਰਾਗੁ ਪਹਰੇ ਮਹਲਾ ੧ ਘਰੁ ੧ ॥

**ਉਥਾਨਕਾ :** ਇਹ ਸ਼ਬਦ ਗੁਰੂ ਨਾਨਕ ਸਾਹਿਬ ਜੀ ਨੇ ਕਸ਼ਮੀਰ ਦੇ ਇਲਾਕੇ ਵਿਚ ਉਚਾਰਿਆ ਸੀ। ਸੰਸਾਰ ਨੂੰ ਤਾਰਦੇ ਹੋਏ ਗੁਰੂ ਨਾਨਕ ਸਾਹਿਬ ਕਸ਼ਮੀਰ ਦੇ ਇਲਾਕੇ ਵਿਚ ਜੰਮੂ ਸ਼ਹਿਰ ਜੋ ਬੜਾ ਪ੍ਰਸਿੱਧ ਹੈ, ਇਥੇ ਜਾਮਾਵੰਤ ਦੀ ਗੁਫ਼ਾ ਹੈ। ਜਾਮਾਵੰਤ ਦੇ ਤਪ ਅਸਥਾਨ ਤੋਂ ਇਥੇ ਬਸਤੀ ਆਰੰਭ ਹੋਈ। ਜਾਮਾਵੰਤ ਦੀ ਗੁਫ਼ਾ ਦੇ ਨਾਂ ਤੋਂ ਜੰਮੂ ਸ਼ਹਿਰ ਪ੍ਰਸਿੱਧ ਹੋਇਆ। ਇਥੇ ਵਣਜਾਰਿਆਂ ਦੇ ਨਗਰ ਸਨ, ਜਿਨ੍ਹਾਂ ਵਿਚ ਟਾਂਡੇ ਨਾਮ ਦੇ ਨਗਰ ਵਿਚ ਗੁਰੂ ਸਾਹਿਬ ਜੀ ਬਿਰਾਜੇ ਸਨ। ਨਗਰ ਦੇ ਬਾਹਰ ਬਾਗ਼ ਸੀ, ਜਿਸ ਵਿਚ ਗੁਰੂ ਸਾਹਿਬ ਜੀ ਬਿਰਾਜਮਾਨ ਹੋਏ। ਇਨ੍ਹਾਂ ਵਣਜਾਰਿਆਂ ਦੇ ਰਾਜੇ ਦੇ ਘਰ ਕੋਈ ਔਲਾਦ ਨਹੀਂ ਸੀ। ਬੜੀ ਦੇਰ ਬਾਅਦ ਪੁੱਤਰ ਨੇ ਜਨਮ ਲਿਆ। ਪੁੱਤਰ ਜੰਮਣ ਦੀਆਂ ਖ਼ੁਸ਼ੀਆਂ ਵਿਚ ਲੋਕਾਂ ਨੂੰ ਬੜੀਆਂ ਵਧਾਈਆਂ ਵੰਡੀਆਂ ਗਈਆਂ। ਹਰ ਇਕ ਵਧਾਈ ਦੇਣ ਵਾਲੇ ਨੂੰ ਢਾਈ ਸੇਰ ਮਠਿਆਈ ਤੋਲ ਕੇ ਦਿੰਦੇ। ਮਾਸ ਸ਼ਰਾਬ ਦੇ ਦੌਰ ਚੱਲ ਪਏ। ਕਿਸੇ ਇਕ ਨੇ ਵੀ ਆ ਕੇ ਗੁਰੂ ਨਾਨਕ ਸਾਹਿਬ ਜੀ ਦੀ ਬਾਤ ਨਹੀਂ ਪੁੱਛੀ ਕਿ ਬਾਹਰ ਤਿੰਨ ਫ਼ਕੀਰ ਬੈਠੇ ਹਨ। ਰੋਟੀ ਤਾਂ ਕੀ, ਕਿਸੇ ਨੇ ਪਾਣੀ ਤੱਕ ਵੀ ਨਹੀਂ ਪੁੱਛਿਆ। ਭਾਈ ਮਰਦਾਨਾ ਬੜਾ ਹੈਰਾਨ ਹੋਇਆ ਕਿ ਇਹ ਕਿਹੋ ਜਿਹੇ ਲੋਕ ਹਨ। ਮਰਦਾਨੇ ਦੇ ਮਨ ਵਿਚ ਜਦੋਂ ਗੁਰੂ ਨਾਨਕ ਸਾਹਿਬ ਨੂੰ ਕੁਝ ਪਦਾਰਥ ਛਕਾਉਣ ਦੀ ਇੱਛਾ ਹੁੰਦੀ ਤਾਂ ਆਪਣੀ ਭੁੱਖ ਦਾ ਬਹਾਨਾ ਬਣਾ ਲੈਂਦਾ। ਬਹੁਤੀ ਵਾਰ ਇਸ ਤਰ੍ਹਾਂ ਹੀ ਹੁੰਦਾ ਸੀ। ਮਰਦਾਨੇ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਮੈਂ ਨਗਰ ਵਿਚ ਜਾ ਕੇ ਗੱਫਾ ਮੰਗ ਲੈ ਆਵਾਂ? ਤਾਂ ਗੁਰੂ ਸਾਹਿਬ ਜੀ ਨੇ ਆਖਿਆ ਕਿ ਮਰਦਾਨਿਆਂ! ਨਿਰੰਕਾਰ 'ਤੇ ਭਰੋਸਾ ਰੱਖ। ਜਦੋਂ ਮਰਦਾਨੇ ਨੇ ਵਾਰ ਵਾਰ ਕਿਹਾ ਕਿ ਮੈਨੂੰ ਭੁੱਖ ਤੰਗ ਕਰ ਰਹੀ ਹੈ ਤਾਂ ਮਹਾਰਾਜ ਸਾਹਿਬ ਜੀ ਨੇ ਨਗਰ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ। ਮਰਦਾਨਾ ਨਗਰ ਵਿਚ ਗਿਆ ਤੇ ਜਾ ਕੇ ਲੋਕਾਂ ਕੋਲੋਂ ਪੁੱਛਣ ਲੱਗਾ ਕਿ ਭਾਈ, ਇਹ ਰੌਣਕ ਮੇਲਾ ਕਿਸ ਲਈ ਹੋ ਰਿਹਾ ਹੈ? ਤਾਂ ਲੋਕਾਂ ਨੇ ਦੱਸਿਆ ਕਿ ਸਾਡੇ ਰਾਜੇ ਦੇ ਘਰ ਵਿਚ ਪੁੱਤਰ ਨੇ ਜਨਮ ਲਿਆ ਹੈ। ਉਸ ਦੀ ਖ਼ੁਸ਼ੀ ਵਿਚ ਜਿਹੜਾ ਵੀ ਵਧਾਈ ਦਿੰਦਾ ਹੈ, ਉਸ ਨੂੰ ਢਾਈ ਸੇਰ ਮਠਿਆਈ ਦਿੱਤੀ ਜਾਂਦੀ ਹੈ। ਤਾਂ ਮਰਦਾਨਾ ਜੀ ਨੇ ਵੀ ਜਾ ਵਧਾਈ ਦਿੱਤੀ। ਜਦੋਂ ਢਾਈ ਸੇਰ ਮਠਿਆਈ ਦੇਣ ਲੱਗੇ ਤਾਂ ਮਰਦਾਨੇ ਨੇ ਕਿਹਾ ਕਿ ਮੇਰੇ ਦੋ ਸਾਥੀ ਹੋਰ ਵੀ ਹਨ। ਉਦੋਂ ਸੇਰ ਕੱਚੇ ਹੁੰਦੇ ਸਨ। ਸਾਢੇ ਸੱਤ ਸੇਰ ਮਠਿਆਈ ਲੈ ਕੇ ਜਦੋਂ ਗੁਰੂ ਨਾਨਕ ਦੇਵ ਜੀ ਕੋਲ ਪਹੁੰਚਿਆ ਤਾਂ ਗੁਰੂ ਸਾਹਿਬ ਜੀ ਨੇ ਪੁੱਛਿਆ ਕਿ ਮਰਦਾਨਿਆਂ! ਇਹ ਪੰਡੋਕਲੀ ਕਿਸ ਚੀਜ਼ ਦੀ ਚੁੱਕੀ ਫਿਰਦਾ ਹੈਂ? ਤਾਂ ਮਰਦਾਨੇ ਨੇ ਸਾਰੀ ਵਾਰਤਾ ਕਹਿ ਸੁਣਾਈ। ਇਹ ਖ਼ੁਸ਼ੀਆਂ ਦੀ ਮਠਿਆਈ ਵਧਾਈਆਂ ਦੇਣ 'ਤੇ ਮਿਲੀ ਹੈ। ਤਾਂ ਮਹਾਰਾਜ ਨੇ ਕਿਹਾ ਕਿ ਇਹ ਮਠਿਆਈ ਨਾ ਅਸੀਂ ਖਾਣੀ ਹੈ ਨਾ ਤੁਸਾਂ ਕਿਸੇ ਨੇ ਖਾਣੀ ਹੈ। ਇਸ ਨੂੰ ਵਾਪਸ ਮੋੜ ਕੇ ਆਉ। ਮਰਦਾਨਾ ਔਖਾ ਸੌਖਾ ਹੋ ਕੇ ਮਠਿਆਈ ਵਾਪਸ ਕਰਨ ਚਲਾ ਗਿਆ। ਜਾ ਕੇ ਕਿਹਾ ਕਿ ਇਹ ਮਠਿਆਈ ਮੇਰਾ ਗੁਰੂ ਪ੍ਰਵਾਨ ਨਹੀਂ ਕਰਦਾ। ਇਸ ਨੂੰ ਵਾਪਸ ਲੈ ਲਵੋ। ਉਨ੍ਹਾਂ ਨੇ ਕਿਹਾ ਕਿ ਫ਼ਕੀਰ ਜੀ! ਮਠਿਆਈ ਵਾਪਸ ਮੋੜਨਾ ਬਦਸ਼ਗਨੀ ਹੋਵੇਗੀ। ਇਹ ਅਸੀਂ ਆਪਣੀ ਖ਼ੁਸ਼ੀ ਨਾਲ ਦਿੱਤੀ ਹੈ। ਇਸ ਨੂੰ ਅਸੀਂ ਵਾਪਸ ਨਹੀਂ ਲੈ ਸਕਦੇ। ਮਰਦਾਨਾ ਫਿਰ ਵਾਪਸ ਲੈ ਕੇ ਆ ਗਿਆ ਤੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ! ਉਨ੍ਹਾਂ ਨੇ ਮਠਿਆਈ ਵਾਪਸ ਨਹੀਂ ਕੀਤੀ ਤੇ ਨਾਲੇ ਇਸ ਨੂੰ ਖਾਣ ਵਿਚ ਨੁਕਸਾਨ ਵੀ ਕੀ ਹੈ? ਕਿਉਂਕਿ ਉਨ੍ਹਾਂ ਨੇ ਆਪਣੇ ਆਪ ਖ਼ੁਸ਼ੀ ਨਾਲ ਦਿੱਤੀ ਹੈ। ਤਾਂ ਗੁਰੂ ਜੀ ਨੇ ਕਿਹਾ ਕਿ ਹੇ ਮਰਦਾਨਿਆਂ! ਇਹ ਪੁੱਤ ਨਹੀਂ ਜਨਮਿਆ, ਇਹ ਪਿਛਲੇ ਜਨਮ ਦਾ ਲੇਖਾ ਲੈਣ ਆਇਆ ਹੈ। ਸਵੇਰ ਹੁੰਦਿਆਂ ਹੀ ਇਸ ਨੇ ਮਰ ਜਾਣਾ ਹੈ। ਇਸ ਲਈ

ਇਹ ਮਠਿਆਈ ਆਪਣੇ ਲਈ ਜ਼ਹਿਰ ਦੇ ਸਮਾਨ ਹੈ। ਇਸ ਨੂੰ ਵਾਪਸ ਕਰ ਕੇ ਆ। ਇਹ ਰੱਬੀ ਭੇਦ ਤੈਨੂੰ ਵਾਰ ਵਾਰ ਕਲਪਨਾ ਕਰਨ ਤੋਂ ਦੱਸਿਆ ਹੈ, ਨਹੀਂ ਤਾਂ ਇਹੋ ਜਿਹੇ ਰੱਬੀ ਵਰਤਾਰੇ ਦੱਸਣ ਦੇ ਨਹੀਂ ਹੁੰਦੇ। ਫਿਰ ਮਰਦਾਨਾ ਜੀ ਤੀਸਰੀ ਵਾਰ ਧੱਕੇ ਨਾਲ ਹੀ ਮਠਿਆਈ ਉਨ੍ਹਾਂ ਦੇ ਘਰ ਸੁੱਟ ਆਏ। ਅਗਲੇ ਦਿਨ ਇਨ੍ਹਾਂ ਦਾ ਪੁੱਤਰ ਮ੍ਰਿਤੂ ਨੂੰ ਪ੍ਰਾਪਤ ਹੋ ਗਿਆ। ਖ਼ੁਸ਼ੀਆਂ ਗ਼ਮੀਆਂ ਵਿਚ ਤਬਦੀਲ ਹੋ ਗਈਆਂ। ਗਾਉਣੇ ਵਜਾਉਣੇ ਬੰਦ ਹੋ ਗਏ ਅਤੇ ਰੋਣਾ ਪਿੱਟਣਾ ਸ਼ੁਰੂ ਹੋ ਗਿਆ। ਫਿਰ ਕਿਸੇ ਨੇ ਕਿਹਾ ਕਿ ਜਿਹੜੇ ਫ਼ਕੀਰ ਮਠਿਆਈ ਵਾਪਸ ਕਰ ਕੇ ਗਏ ਸਨ, ਸ਼ਾਇਦ ਉਨ੍ਹਾਂ ਦੀ ਕਿਸੇ ਕ੍ਰੋਪੀ ਨਾਲ ਪੁੱਤਰ ਮਰ ਗਿਆ ਹੈ। ਫਿਰ ਹੋਰ ਵਿਅਕਤੀਆਂ ਨੇ ਵੀ ਕਿਹਾ ਕਿ ਭਾਈ, ਉਹ ਫ਼ਕੀਰ ਦੋ ਤਿੰਨ ਦਿਨਾਂ ਤੋਂ ਭੁੱਖੇ ਬੈਠੇ ਹਨ। ਆਪਣੇ ਸਾਰੇ ਨਗਰ ਉੱਤੇ ਇਸ ਗੱਲ ਦਾ ਭਾਰ ਹੈ। 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚ ਲਿਖਿਆ ਹੈ ਕਿ ਫਿਰ ਉਹ ਮਰੇ ਹੋਏ ਬੱਚੇ ਨੂੰ ਲੈ ਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਆਏ। ਪਟਿਆਲੇ ਵਾਲੇ ਰਾਜਿਆਂ ਦੇ ਖ਼ਾਨਦਾਨ ਵਿਚ ਜੋ ਹੱਥ-ਲਿਖਤ ਪੁਰਾਣੀ ਤਵਾਰੀਖ਼ ਹੈ, ਉਸ ਦੇ ਵਿਚ ਵੀ ਐਸਾ ਲਿਖਿਆ ਹੈ ਕਿ ਮਰੇ ਬੱਚੇ ਨੂੰ ਗੁਰੂ ਸਾਹਿਬ ਜੀ ਪਾਸ ਲੈ ਕੇ ਆਏ ਸਨ ਤਾਂ ਸੱਚੇ ਪਾਤਸ਼ਾਹ ਜੀ ਨੇ ਪਹਿਲਾ ਸ਼ਬਦ ਵੈਰਾਗ ਪੈਦਾ ਕਰਨ ਵਾਸਤੇ ਅਤੇ ਮਰੇ ਹੋਏ ਬੱਚੇ ਦੇ ਪਿਤਾ ਅਤੇ ਉਸ ਦੇ ਚਾਚਾ ਜੋ ਬਹੁਤ ਹੀ ਵੈਰਾਗ ਕਰਦਾ ਸੀ, ਉਨ੍ਹਾਂ ਨੂੰ ਧੀਰਜ ਦੇਣ ਵਾਸਤੇ ਤੇ ਆਮ ਕਲਜੁਗੀ ਜੀਵਾਂ ਨੂੰ ਉਪਦੇਸ਼ ਦੇ ਕੇ ਤਾਰਨ ਲਈ ਇਹ ਸ਼ਬਦ ਉਚਾਰਨ ਕੀਤਾ। ਲੋਕਾਂ ਨੇ ਵਾਰ ਵਾਰ ਬੇਨਤੀ ਕੀਤੀ ਕਿ ਮਹਾਰਾਜ ਜੀ! ਮਸਾਂ ਮਸਾਂ ਇਸ ਦੀ ਜੜ੍ਹ ਮਨਿਆਦ ਲੱਗੀ ਸੀ, ਆਪ ਪੂਰਨ ਹੋ, ਕਿਰਪਾ ਕਰਕੇ ਇਸ ਬੱਚੇ ਨੂੰ ਜੀਵਨ ਦਾਨ ਬਖ਼ਸ਼ੋ। ਕੋਲੋਂ ਮਰਦਾਨਾ ਵੀ ਦਇਆ ਵਿਚ ਹੋ ਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ! ਕਿਰਪਾ ਕਰੋ। ਆਪ ਜੀ ਨੇ ਕਈਆਂ ਨੂੰ ਜੀਵਨ ਦਾਨ ਦਿੱਤਾ ਹੈ। ਤਾਂ ਗੁਰੂ ਜੀ ਬੇਨਤੀ ਮੰਨ ਕੇ ਕਹਿਣ ਲੱਗੇ ਕਿ ਮਰਦਾਨਿਆਂ! ਰਬਾਬ ਸੁਰ ਵਿਚ ਕਰ ਅਤੇ ਸਾਰੇ ਲੋਕਾਂ ਨੂੰ ਕਿਹਾ ਕਿ ਰੋਣ ਤੋਂ ਚੁੱਪ ਹੋ ਜਾਉ ਤੇ ਉਹ ਮਰੇ ਪੁੱਤਰ ਨੂੰ ਗੋਦ ਵਿਚ ਲੈ ਕੇ ਚੁੱਪ ਹੋ ਗਏ ਅਤੇ ਮਨ ਵਿਚ ਸ਼ਰਧਾ ਹੋ ਆਈ ਕਿ ਆਪ ਨਿਰੰਕਾਰ ਦਾ ਸਰੂਪ ਹਨ। ਸਾਡੇ ਪੁੱਤਰ ਨੂੰ ਜਿਊਂਦਾ ਕਰਨਗੇ। ਪਹਿਲਾ ਸ਼ਬਦ ਉਪਦੇਸ਼ ਲਈ ਉਚਾਰਨ ਕੀਤਾ। ਜਦੋਂ ਦੂਜਾ ਸ਼ਬਦ ਉਚਾਰਨ ਕੀਤਾ ਤਾਂ ਉਨ੍ਹਾਂ ਦਾ ਮਰਿਆ ਪੁੱਤਰ ਜਿਊਂਦਾ ਹੋ ਗਿਆ। ਇਥੋਂ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਵਣਜਾਰਿਆਂ ਵਿਚ ਪੈਦਾ ਅਤੇ ਪ੍ਰਫੁੱਲਿਤ ਹੋਈ।

***ਨੋਟ :*** ਇਸੇ ਟਾਂਡੇ ਨਗਰ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ, ਸੰਤ ਬਾਬਾ ਬਿਸ਼ਨ ਸਿੰਘ ਜੀ ਦੇ ਵਿਦਿਆਰਥੀ ਉਹਨਾਂ ਤੋਂ ਵਰੋਸਾਏ ਹੋਏ ਜਦੋਂ ਸੰਮਤ ੧੯੬੪, ੧੫ ਮਾਘ ਨੂੰ ਸੰਤ ਬਿਸ਼ਨ ਸਿੰਘ ਜੀ ਦਾ ਉਥੇ ਉਨ੍ਹਾਂ ਦਾ ਦੁਸ਼ਹਿਰਾ ਮਨਾ ਕੇ, ਫਿਰ ਹੋਲਾ ਮਹੱਲਾ ਮਨਾਇਆ। ਉਸ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੋਹ ਸੁਦੀ ਸਪਤਮੀ ਦਾ ਗੁਰਪੁਰਬ ਮਨਾਇਆ। ਸਿੱਖੀ ਪ੍ਰਚਾਰ ਕਰਦਿਆਂ ਦਸ ਹਜ਼ਾਰ ਮਾਈ ਭਾਈ ਨੂੰ ਅੰਮ੍ਰਿਤਪਾਨ ਕਰਵਾਇਆ। ੨੩ ਘੰਟੇ ਅੰਮ੍ਰਿਤ ਸੰਚਾਰ ਹੁੰਦਾ ਰਿਹਾ ਸੀ। ਅੰਮ੍ਰਿਤ ਦੁਬਾਰਾ ਦੁਬਾਰਾ ਤਿਆਰ ਕਰਕੇ ਛਕਾਉਣਾ ਪਿਆ। ਪੰਜ ਪਿਆਰਿਆਂ ਦੀ ਸੇਵਾ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ, ਸੰਤ ਬਾਬਾ ਭਾਗ ਸਿੰਘ ਜੀ ਮੱਤੋ ਵਾਲੇ (ਇਹ ਵੀ ਸੰਤ ਬਾਬਾ ਬਿਸ਼ਨ ਸਿੰਘ ਜੀ ਤੋਂ ਵਰੋਸਾਏ ਹੋਏ ਸਨ), ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ (ਇਨ੍ਹਾਂ ਨੇ ਵੀ ਬ੍ਰਹਮ ਵਿੱਦਿਆ ਦੀ ਦਾਤ ਬਾਬਾ ਬਿਸ਼ਨ ਸਿੰਘ ਜੀ ਪਾਸੋਂ ਲਈ) ਇਹ ਤਿੰਨੋਂ ਮਹਾਂਪੁਰਸ਼ ਉਸ ਨਗਰ ਵਿਚ ਗਏ ਸਨ। ਗਿਆਨੀ ਗੁਰਦਿਆਲ ਸਿੰਘ ਜੀ ਜੱਥੇਦਾਰ ਆਦਮਪੁਰੇ ਵਾਲੇ ਜਿਨ੍ਹਾਂ ਨੇ ਬੋਪਾਰਾਏ ਵਿਖੇ ੨੮ ਕਥਾ ਕੀਤੀਆਂ ਅਤੇ ਪੰਜਵੇਂ ਸਿੰਘ ਹੋਤੀ ਮਰਦਾਨ ਸੰਪਰਦਾ ਵਿੱਚੋਂ ਭਾਈ ਰਾਮ ਸਿੰਘ ਜੀ ਸਨ ਅਤੇ ਗ੍ਰੰਥੀ ਬਾਬਾ ਸ਼ਾਮ ਸਿੰਘ ਜੀ ਜਿਨ੍ਹਾਂ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਡੇਰਾ ਹੈ, ਉਹ ਸੁਤੇ ਹੀ (ਅਚਾਨਕ ਹੀ) ਉਥੇ ਆਏ ਹੋਏ ਸਨ। ਉਨ੍ਹਾਂ ਨੂੰ ਗ੍ਰੰਥੀ ਸਿੰਘ ਦੀ ਸੇਵਾ ਮਿਲੀ। ਇਸ ਤਰ੍ਹਾਂ ਇਨ੍ਹਾਂ ਮਹਾਂਪੁਰਖਾਂ ਨੇ ਪੰਜਾਂ ਪਿਆਰਿਆਂ ਦੀ ਸੇਵਾ ਵਿਚ ਲੱਗ ਕੇ ੧੦ ਹਜ਼ਾਰ ਪ੍ਰਾਣੀਆਂ ਨੂੰ ਅੰਮ੍ਰਿਤਪਾਨ ਕਰਵਾਇਆ ਸੀ। ਪਹਿਲਾਂ ਇਨ੍ਹਾਂ ਤਿੰਨਾਂ ਮਹਾਂਪੁਰਖਾਂ ਨੇ ਕਈ ਮਹੀਨੇ

ਉਨ੍ਹਾਂ ਲੋਕਾਂ ਨੂੰ ਤਿਆਰ ਕੀਤਾ। ਪੋਹ ਸੁਦੀ ਸਪਤਮੀ ਨੂੰ ਵੱਡੇ ਪੱਧਰ 'ਤੇ ਅੰਮ੍ਰਿਤ ਸੰਚਾਰ ਕੀਤਾ ਅਤੇ ਉਦੋਂ ਇਹ ਵੀ ਦੱਸਿਆ ਕਿ ਹੇ ਗੁਰੂ ਕੇ ਪਿਆਰਿਓ! ਇਹ ਉਹ ਹੀ ਨਗਰ ਹੈ ਜਿਥੇ ਗੁਰੂ ਨਾਨਕ ਸਾਹਿਬ ਜੀ ਨੇ ਤੁਹਾਡੇ ਬਜ਼ੁਰਗਾਂ ਨੂੰ ਜੀਵਨ ਦਾਨ ਦਿੱਤਾ ਸੀ। ਉਸ ਵੇਲੇ ਤੋਂ ਹੀ ਤੁਹਾਡਾ ਗੁਰੂ ਘਰ ਨਾਲ ਸੰਬੰਧ ਚਲਿਆ ਆ ਰਿਹਾ ਹੈ। ਤੁਸੀਂ ਗੁਰਮਤਿ ਵਾਲਾ ਪਹਿਰਾਵਾ ਧਾਰਨ ਕਰੋ। ਇਨ੍ਹਾਂ ਦੀਆਂ ਬੀਬੀਆਂ ਗੱਡੀਆਂ ਵਾਲਿਆਂ ਵਾਂਗ ਘੱਘਰੀਆਂ ਪਾਉਂਦੀਆਂ ਸਨ। ਮਹਾਪੁਰਖਾਂ ਕਿਹਾ ਕਿ ਤੁਸੀਂ ਗੁਰਸਿੱਖੀ ਲਿਬਾਸ ਧਾਰਨ ਕਰੋ। ਫਿਰ ਤੁਹਾਡੇ ਵਿੱਚੋਂ ਹੀ ਬਜ਼ੁਰਗਾਂ ਨੇ ਚੌਥੇ ਤੇ ਪੰਜਵੇਂ ਪਾਤਸ਼ਾਹ ਜੀ ਦੀ ਸੰਗਤ ਕੀਤੀ ਤਾਂ ਗੁਰੂ ਸਾਹਿਬ ਜੀ ਨੇ ਬਾਣੀ ਦੁਆਰਾ ਉਪਦੇਸ਼ ਬਖ਼ਸ਼ਿਆ। ਫਿਰ ਨੌਵੇਂ ਪਾਤਸ਼ਾਹ ਜੀ ਨੂੰ ਬਾਬਾ ਬਕਾਲੇ ਦੇ ਭੋਰੇ ਵਿਚ ਬੈਠਿਆਂ ਨੂੰ ਪ੍ਰਗਟ ਕਰਨ ਵਾਲਾ ਵੀ ਤੁਹਾਡਾ ਹੀ ਬਜ਼ੁਰਗ ਮੱਖਣ ਸ਼ਾਹ ਲੁਬਾਣਾ ਸੀ। ਫਿਰ ਨੌਵੇਂ ਪਾਤਸ਼ਾਹ ਜੀ ਦੇ ਧੜ ਦਾ ਸਸਕਾਰ ਕਰਨ ਵਾਲਾ ਵੀ ਤੁਹਾਡਾ ਬਜ਼ੁਰਗ ਲੱਖੀ ਸ਼ਾਹ ਵਣਜਾਰਾ ਸੀ। ਗੁਰੂ ਦੇ ਘਰ ਨਾਲ ਇਤਨਾ ਗਹਿਰਾ ਸੰਬੰਧ ਰੱਖਣ ਵਾਲਿਓ! ਤੁਸੀਂ ਗੁਰੂ ਘਰ ਨੂੰ ਛੱਡ ਕੇ ਕਿੱਧਰ ਭੁੱਲੇ ਫਿਰਦੇ ਹੋ? ਤਿੰਨਾਂ ਮਹਾਂਪੁਰਖਾਂ ਦੇ ਭਗਤੀ ਦੇ ਪ੍ਰਭਾਵ ਨਾਲ ਇਸ ਇਲਾਕੇ ਵਿਚ ੧੦ ਹਜ਼ਾਰ ਮਾਈ ਭਾਈ ਮਨਮਤਿ ਵਾਲੇ ਖਾਣੇ ਤਿਆਗ ਕੇ ਅੰਮ੍ਰਿਤਧਾਰੀ ਹੋਏ ਤੇ ਸਿੱਖੀ ਨਿਭਾਈ ਜੋ ਕਿ ਲੁਬਾਣੇ ਸਿੱਖਾਂ ਵਿਚ ਅੱਜ ਵੀ ਸਿੱਖੀ ਦਾ ਪ੍ਰਭਾਵ ਚਲਿਆ ਆ ਰਿਹਾ ਹੈ। ਸਭ ਕੁਝ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ਼ ਹੋਈ। ਜੇ ਉਨ੍ਹਾਂ ਨੇ ਇਸ ਨਗਰ ਵਿਚ ਚਰਨ ਪਾਏ ਤੇ ਵਣਜਾਰਿਆਂ ਦਾ ਪੁੱਤਰ ਜਿਉਂਦਾ ਕੀਤਾ ਤਾਂ ਉਥੇ ੧੦ ਹਜ਼ਾਰ ਮਾਈ ਭਾਈ ਨੇ ਅੰਮ੍ਰਿਤ ਛਕ ਕੇ ਇਕ ਨਵਾਂ ਇਤਿਹਾਸ ਰਚਨਾ ਕੀਤਾ। ਭਾਵੇਂ ਇਸ ਸ਼ਬਦ ਦੀ ਵਿਆਖਿਆ ਵਿਚ ਉਪਰੋਕਤ ਬਹੁਤ ਸਾਰੀਆਂ ਗੱਲਾਂ ਦੀ ਲੋੜ ਨਹੀਂ ਸੀ ਪਰੰਤੂ ਵਣਜਾਰਿਆਂ ਦੇ ਖ਼ਾਨਦਾਨ ਦਾ ਸੰਬੰਧ ਹੋਣ ਕਰਕੇ ਗੁਰੂ ਸਾਹਿਬ ਤੋਂ ਲੈ ਕੇ ਨੌਵੇਂ ਪਾਤਸ਼ਾਹ ਤੱਕ ਇਨ੍ਹਾਂ ਦੇ ਬਜ਼ੁਰਗਾਂ ਦਾ ਸਮੇਂ ਸਮੇਂ ਅਨੁਸਾਰ ਗੁਰੂ ਸਾਹਿਬਾਨ ਨਾਲ ਇਤਿਹਾਸਕ ਸੰਬੰਧ ਜੁੜਦਾ ਰਿਹਾ। ੧੦ ਹਜ਼ਾਰ ਅੰਮ੍ਰਿਤ ਅਭਿਲਾਖੀਆਂ ਦਾ ਇਕੱਠ ਇਕ ਅਹਿਮ ਘਟਨਾ ਸੀ। ਅੰਮ੍ਰਿਤ ਛਕਾਉਣ ਵਾਲੇ ਪੰਜਾਂ ਪਿਆਰਿਆਂ ਦੀ ਸੇਵਾ ਨਿਭਾਉਣ ਵਾਲੇ ਬ੍ਰਹਮ ਗਿਆਨੀਆਂ ਦੀ ਪੰਥ ਨੂੰ ਦੇਣ ਹੋਣ ਕਰਕੇ ਅਤੇ ਸਿੱਖ ਸੰਗਤਾਂ ਦੀ ਜਾਣਕਾਰੀ ਲਈ ਇਹ ਸਾਰੀ ਵਾਰਤਾ ਇਥੇ ਦਿੱਤੀ ਗਈ ਹੈ। ਜੋ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਬ੍ਰਾਹਮਣ ਮਾਜਰੇ ਨਗਰ ਵਿਚ ਪਹਿਲੇ ਦਿਨ ਕਥਾ ਆਰੰਭ ਕਰਨ ਲੱਗਿਆਂ ਵਿਸਥਾਰ ਨਾਲ ਕੀਤੀ ਸੀ, ਜਿਸ ਦਾ ਸੰਪੇਖ ਰੂਪ ਲਿਆ ਗਿਆ ਹੈ।

੧ = ਇਕ ਅਦਵੈਤ ਸਰੂਪ ਪਰਮੇਸ਼ਰ ੴ = ਸਾਰਿਆਂ ਦਾ ਪ੍ਰਕਾਸ਼ਕ ਸਤਿ = ਨਾਸ ਤੋਂ ਰਹਿਤ ਹੈ। ਗੁਰ = ਚੇਤਨ ਸਰੂਪ। ਪ੍ਰਸਾਦਿ = ਅਨੰਦ ਸਰੂਪ ਹੈ। ਸਤਿਗੁਰੂ ਜੀ ਦੀ ਕ੍ਰਿਪਾ ਕਰਕੇ ਪ੍ਰਾਪਤ ਹੁੰਦਾ ਹੈ। ਜਿਵੇਂ ਰਾਤ ਦੇ ਪਹਿਰ ਹੁੰਦੇ ਹਨ, ਇਸੇ ਪ੍ਰਕਾਰ ਉਮਰ ਦੇ ਪਹਿਰ ਹੁੰਦੇ ਹਨ। ਉਮਰ ਰੂਪੀ ਰਾਤ ਦਾ ਕਾਲ ਰੂਪੀ ਦਿਨ ਚੜ੍ਹਨਾ ਹੈ। ਇਹ ਪਹਿਰ ਉਮਰ ਦੇ ਹਿੱਸੇ ਬਣਾ ਕੇ ਕਥਨ ਕੀਤਾ ਹੈ। ਗਰਭ ਦੀ ਅਵਸਥਾ ਇਕ ਪਹਿਰ ਹੈ। ਦੂਸਰਾ ਪਹਿਰ ਬਾਲਕ ਅਵਸਥਾ ਹੈ। ਤੀਜਾ ਪਹਿਰ ਜਵਾਨੀ ਹੈ। ਚੌਥਾ ਪਹਿਰ ਢਲਦੀ ਜਵਾਨੀ ਹੈ। ਇਸ ਪ੍ਰਕਾਰ ਦੇ ਪਹਿਰ ਬਣਾ ਦਿੱਤੇ ਹਨ। ਪਹਿਲਾ ਪਹਿਰ ਹੈ ਜਨਮ ਬਾਲਕ ਅਵਸਥਾ, ਦੂਜਾ ਪਹਿਰ ਕਿਸ਼ੋਰ ਅਵਸਥਾ, ਤੀਜਾ ਪਹਿਰ ਜਵਾਨੀ ਹੈ, ਚੌਥਾ ਪਹਿਰ ਬੁਢੇਪਾ ਹੈ। ਇਸ ਪ੍ਰਕਾਰ ਦਾ ਅਲੰਕਾਰ ਬਣਾ ਕੇ ਉਪਦੇਸ਼ ਸਤਿਗੁਰੂ ਜੀ ਬਖ਼ਸ਼ਦੇ ਹਨ। ਆਪਾਂ ਨੂੰ ਗੁਰੂ ਸਾਹਿਬ ਜੀ ਪਰਮ ਪਵਿੱਤਰ ਸਿੱਖਿਆ ਦਿੰਦੇ ਹਨ। ਪਹਿਲੇ ਪਾਤਸ਼ਾਹ ਜੀ ਰਾਗ ਦੇ ਪਹਿਲੇ ਘਰੁ = ਸੁਰਤਾਲ ਵਿਚ ਉਚਾਰਦੇ ਹਨ :

**ਪਹਿਲੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਹੁਕਮਿ ਪਇਆ ਗਰਭਾਸਿ ॥**

ਪਹਿਲੈ = ਪਹਿਲੇ ਉਮਰ ਰੂਪੀ ਰੈਣਿ = ਰਾਤ ਕੈ = ਦੇ ਪਹਰੈ = ਪਹਿਰ ਭਾਵ ਹਿੱਸੇ ਵਿਚ ਹੇ ਜੀਵ ਰੂਪ! ਮਿਤ੍ਰਾ = ਸੱਜਣਾ! ਸ਼ੁਭ ਅਸ਼ੁਭ ਕਰਮ ਦੇ ਵਣਜਾਰਿਆ = ਵਣਜ ਵਪਾਰ ਕਰਨ ਵਾਲੇ ਵਾਹਿਗੁਰੂ ਦੇ

ਹੁਕਮਿ = ਭਾਣੇ ਵਿਚ ਤੇਰੀ ਪ੍ਰਾਲਬਧ ਅਨੁਸਾਰ ਤੈਨੂੰ ਗਰਭਾਸਿ = ਮਾਤਾ ਦੇ ਗਰਭ ਵਿਚ ਪਾਉਣਾ ਕੀਤਾ ਹੈ। ਉਸ ਪ੍ਰਾਲਬਧ ਰੂਪੀ ਕਰਮਾਂ ਅਨੁਸਾਰ ਗਰਭ ਦੇ ਆਸ = ਮੂੰਹ ਵਿਚ ਮਾਤਾ ਦੀ ਰਕਤ ਅਤੇ ਪਿਤਾ ਦੇ ਬਿੰਦ ਰੂਪ ਹੋ ਕੇ ਤੇਰਾ ਸਰੂਪ ਇਸਥਿਤ ਹੋਇਆ ਹੈ ਅਤੇ ਉਸ ਵਿਚ ਮਹਾਰਾਜ ਜੀ ਨੇ ਆਪਣੀ ਚੇਤਨ ਸੱਤਾ ਪਾਉਣਾ ਕੀਤੀ ਹੈ।

## ਉਰਧ ਤਪੁ ਅੰਤਰਿ ਕਰੇ, ਵਣਜਾਰਿਆ ਮਿਤ੍ਰਾ; ਖਸਮ ਸੇਤੀ ਅਰਦਾਸਿ ॥

ਹੇ ਵਣਜਾਰਿਆ = ਵਣਜਾਰੇ ਮਿੱਤਰ ਜੀਵ! ਉਸ ਸਮੇਂ ਤੂੰ ਉਰਧ = ਉਲਟਾ ਲਮਕਦਾ ਸੀ। ਤੇਰਾ ਮੁੱਖ ਥੱਲੇ ਅਤੇ ਪੈਰ ਉਪਰ ਸਨ। ਜਿਸ ਤਰ੍ਹਾਂ ਕੋਈ ਉਲਟਾ ਹੋ ਕੇ ਤਪ ਕਰਦਾ ਹੋਵੇ। ਇਸ ਪ੍ਰਕਾਰ ਤੂੰ ਮਾਤਾ ਦੇ ਗਰਭ ਰੂਪ ਬ੍ਰਿਛ ਦੇ ਨਾਲ ਲਟਕਿਆ ਹੋਇਆ ਸੀ। ਮਾਤਾ ਦੇ ਗਰਭ ਦੀ ਅੱਗ ਤੈਨੂੰ ਤਪਾ ਰਹੀ ਸੀ। ਉਹ ਐਸੀ ਅੱਗ ਹੈ ਜੇਕਰ ਮਾਤਾ ਰੋੜ ਵੀ ਖਾ ਲਵੇ ਤਾਂ ਉਹ ਵੀ ਹਜ਼ਮ ਹੋ ਜਾਂਦੇ ਹਨ। ਹੇ ਵਣਜਾਰੇ ਜੀਵ! ਤੂੰ ਇਸ ਪ੍ਰਕਾਰ ਤਪੱਸਿਆ ਕਰ ਰਿਹਾ ਸੀ। ਜੈਸਾ ਕਿ :

**ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥**
**ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ ॥** *(ਜੈਤਸਰੀ ਮ: ੫, ਅੰਗ ੭੦੬)*

ਉਸ ਵੇਲੇ ਤੂੰ ਖਸਮ = ਅਕਾਲ ਪੁਰਖ ਵਾਹਿਗੁਰੂ ਦੇ ਸੇਤੀ = ਅੱਗੇ ਅਰਦਾਸ ਕਰਦਾ ਸੀ ਕਿ ਹੇ ਸੱਚੇ ਪਾਤਸ਼ਾਹ! ਮੈਨੂੰ ਇਸ ਦੁੱਖ ਬਿਪਤਾ ਰੂਪੀ ਕੁੰਭੀ ਨਰਕ ਵਿੱਚੋਂ ਬਾਹਰ ਕੱਢਣਾ ਕਰੋ। ਤੇ ਮੈਂ ਤੇਰਾ ਸੁਆਸ ਸੁਆਸ ਭਜਨ ਕਰਾਂਗਾ ਅਤੇ ਧਰਮ ਦੀ ਕਿਰਤ ਦਾ ਹਿੱਸਾ ਤੇਰੇ ਨਾਮ 'ਤੇ ਦਿਆ ਕਰਾਂਗਾ।

## ਖਸਮ ਸੇਤੀ ਅਰਦਾਸਿ ਵਖਾਣੈ; ਉਰਧਿ ਧਿਆਨਿ ਲਿਵ ਲਾਗਾ ॥

ਉਸ ਵੇਲੇ ਖਸਮ = ਮਾਲਕ ਵਾਹਿਗੁਰੂ ਦੇ ਸੇਤੀ = ਸਾਥ ਭਾਵ ਅੱਗੇ ਤੂੰ ਅਰਦਾਸਿ = ਬੇਨਤੀ ਦੇ ਤਾਈਂ ਵਖਾਣੈ = ਕਥਨ ਕਰਦਾ ਸੀ। (ਸਤਿਗੁਰਾਂ ਦੇ ਨਾਉ ਲੈਣ ਨੂੰ ਹੀ ਅਰਦਾਸ ਕਹਿੰਦੇ ਹਨ।) ਭਾਵ ਖਿਨ ਖਿਨ ਮਨ ਵਿਚ ਬੇਨਤੀਆਂ ਕਰਦਾ ਸੀ। ਤੂੰ ਉਰਧਿ = ਉਲਟਾ ਲਮਕਦਾ ਸੀ **ਵਾ:** ਉਰਧ ਰੂਪ ਜੋ ਪਰਮੇਸ਼ਰ ਉੱਚਾ ਹੈ। ਤੇਰਾ ਚਿੱਤ ਲਿਵ ਲਾ ਕੇ ਉਸ ਦੇ ਧਿਆਨ ਵਿਚ ਲੱਗਾ ਹੋਇਆ ਸੀ। ਇਸ ਦੇ ਕਾਰਨ ਤੈਨੂੰ ਉਸ ਗਰਭ ਦੀ ਅੱਗ ਸਾੜ ਨਹੀਂ ਸਕੀ।

## ਨਾ ਮਰਜਾਦੁ ਆਇਆ ਕਲਿ ਭੀਤਰਿ; ਬਾਹੁੜਿ ਜਾਸੀ ਨਾਗਾ ॥

(**ਨਾਂਗਾ** ਬੋਲੋ)

ਜਦੋਂ ਤੂੰ ਕਲਿ = ਕਲਾ ਰੂਪ **ਵਾ:** ਸਤਜੁਗ, ਤ੍ਰੇਤਾ, ਦੁਆਪਰ ਅਤੇ ਕਲਜੁਗ ਆਦਿ ਸੰਸਾਰ ਦੇ ਇਨ੍ਹਾਂ ਯੁਗਾਂ ਭੀਤਰਿ = ਵਿਚ ਸਰੀਰ ਧਾਰਨ ਕੀਤਾ ਤਾਂ ਤੇਰੇ ਨਾ ਕੁਪੀਨ, ਨਾ ਲੰਗੋਟੀ, ਨਾ ਤੜਾਗੀ ਸੀ। ਤੂੰ ਸੰਸਾਰ ਦੀ ਮਰਜਾਦੁ = ਮਰਯਾਦਾ ਤੋਂ ਉਲਟ ਨੰਗਾ ਹੀ ਆਇਆ ਭਾਵ ਪੈਦਾ ਹੋਇਆ ਸੀ। ਸੰਸਾਰ ਤੋਂ ਬਾਹੁੜਿ = ਮੁੜਣ ਵੇਲੇ ਭਾਵ ਮਰ ਕੇ ਨਾਗਾ = ਨੰਗਾ ਹੀ ਜਾਏਂਗਾ। ਭਾਵ ਜਨਮ ਵੇਲੇ ਨੰਗਾ ਆਇਆ ਤੇ ਮਰਨ ਵਕਤ ਨੰਗਾ ਹੀ ਜਾਵੇਂਗਾ।

## ਜੈਸੀ ਕਲਮ ਵੁੜੀ ਹੈ ਮਸਤਕਿ; ਤੈਸੀ ਜੀਅੜੇ ਪਾਸਿ ॥

ਜੈਸੀ = ਜਿਹੋ ਜਿਹੀ ਜੀਵਾਂ ਦੀ ਕਰਨੀ ਅਨੁਸਾਰ ਇਨ੍ਹਾਂ ਦੇ ਅੰਤਹਕਰਨ ਰੂਪੀ ਮਸਤਕਿ = ਮੱਥੇ ਉਪਰ ਚੰਗੇ ਮੰਦੇ ਕਰਮਾਂ ਦੀ ਕਲਮ ਵੁੜੀ = ਵਗੀ ਹੋਈ ਹੈ, ਤੈਸੀ = ਉਹੋ ਜਿਹੀ ਹੀ ਜੀਅੜੇ = ਜੀਵਾਂ ਦੇ ਪਾਸਿ = ਕੋਲ ਹੈ। ਭਾਵ ਉਹੋ ਜਿਹਾ ਹੀ ਜੀਵ ਕਰਮ ਕਰਦੇ ਹਨ।

**ਸਾਖੀ—ਮੱਥੇ ਦੇ ਕਰਮ ਤੇ ਇਕ ਪੰਡਤ ਦੀ :** ਜਿਸ ਤਰ੍ਹਾਂ ਇਕ ਬਹੁਤ ਵਿਦਵਾਨ ਅਤੇ ਜੋਤਸ਼ੀ ਪੰਡਤ ਸੀ। ਉਸ ਨੇ ਵਿੱਦਿਆ ਪੜ੍ਹਨ ਤੋਂ ਬਾਅਦ ਦੈਵ ਸ਼ਕਤੀ ਪ੍ਰਾਪਤ ਕੀਤੀ ਕਿ ਮੈਂ ਮੱਥੇ ਦੇਖ ਕੇ ਲੇਖ ਪੜ੍ਹ ਲਿਆ ਕਰਾਂ। ਇਕ ਦਿਨ ਇਕ ਆਦਮੀ ਦਾ ਲੇਖ ਪੜ੍ਹਿਆ ਕਿ ਇਹ ਐਨੇ ਸਾਲ ਜੀਵੇਗਾ ਅਤੇ ਫਿਰ ਮਰ ਜਾਵੇਗਾ। ਇਸ ਦੀ ਖੋਪਰੀ ਸਿਵਿਆਂ ਵਿਚ ਪਈ ਹੋਵੇਗੀ। ਫਿਰ ਇਕ ਪੰਡਤ ਇਸ ਨੂੰ ਚੁੱਕ ਕੇ ਆਪਣੇ ਘਰ ਲੈ ਜਾਵੇਗਾ। ਫਿਰ ਪਤਾ ਨਹੀਂ ਕੀ ਹੋਵੇਗਾ। ਪੰਡਿਤ ਨੇ ਸੋਚਿਆ ਕਿ ਅਜ਼ਮਾਇਸ਼ ਕਰਨੀ ਚਾਹੀਦੀ ਹੈ ਕਿ ਬਾਅਦ ਵਿਚ ਖੋਪਰੀ ਦਾ ਕੀ ਹੋਵੇਗਾ ? ਜਦੋਂ ਸਮਾਂ ਪਾ ਕੇ ਉਸ ਵਿਅਕਤੀ ਦੀ ਮੌਤ ਹੋ ਗਈ ਤੇ ਉਸ ਦੀ ਖੋਪਰੀ ਸਿਵਿਆਂ ਵਿਚ ਹੀ ਰੁਲਦੀ ਰਹੀ ਪੰਡਤ ਉਸ ਦੀ ਅਜ਼ਮਾਇਸ਼ ਕਰਨ ਵਾਸਤੇ ਖੋਪਰੀ ਘਰ ਲੈ ਆਇਆ। ਉਸ ਨੇ ਖੋਪਰੀ ਆਪਣੀ ਘਰਵਾਲੀ ਬ੍ਰਾਹਮਣੀ ਦੇ ਸੰਦੂਕ ਵਿਚ ਰੱਖ ਦਿੱਤੀ। ਅਚਾਨਕ ਕਿਤੇ ਬ੍ਰਾਹਮਣੀ ਨੇ ਸੰਦੂਕ ਖੋਲ੍ਹਿਆ। ਉਸ ਨੇ ਸੋਚਿਆ ਕਿ ਪੰਡਿਤ ਨੇ ਮੇਰੇ ਮਾਰਨ ਵਾਸਤੇ ਇਹ ਖੋਪਰੀ ਲਿਆ ਕੇ ਰੱਖ ਦਿੱਤੀ ਹੈ ਕਿ ਇਹ ਮਰ ਜਾਵੇ। ਉਸ ਵੇਲੇ ਖੋਪਰੀ ਨੂੰ ਚੁੱਕ ਕੇ ਸੋਟੇ ਨਾਲ ਕੁੰਡੇ ਵਿਚ ਪਾ ਕੇ ਉਸ ਨੂੰ ਕੁੱਟ ਕੁੱਟ ਕੇ ਪੀਹ ਕੇ ਦਰਿਆ ਵਿਚ ਸੁੱਟ ਆਈ। ਕੁਝ ਦਿਨਾਂ ਬਾਅਦ ਉਸ ਪੰਡਿਤ ਨੂੰ ਖੋਪਰੀ ਦਾ ਚੇਤਾ ਆਇਆ। ਉਸ ਨੇ ਸੰਦੂਕ ਖੋਲ੍ਹ ਕੇ ਦੇਖਿਆ ਤਾਂ ਉਥੇ ਖੋਪਰੀ ਨਹੀਂ ਸੀ। ਉਸ ਨੇ ਆਪਣੀ ਘਰਵਾਲੀ ਨੂੰ ਪੁੱਛਿਆ ਕਿ ਸੰਦੂਕ ਵਿਚ ਖੋਪਰੀ ਪਈ ਸੀ, ਉਹ ਕਿਥੇ ਹੈ ? ਤਾਂ ਬ੍ਰਾਹਮਣੀ ਨੇ ਕਿਹਾ ਕਿ ਤੂੰ ਮੈਨੂੰ ਮਾਰਨ ਵਾਸਤੇ ਮਸਾਣ ਲਿਆ ਕੇ ਰੱਖੀ ਸੀ ਕਿ ਇਹ ਮਰ ਜਾਵੇ। ਬ੍ਰਾਹਮਣ ਨੇ ਪੁੱਛਿਆ ਕਿ ਹੁਣ ਖੋਪਰੀ ਕਿਥੇ ਹੈ ? ਤਾਂ ਬ੍ਰਾਹਮਣੀ ਨੇ ਕਿਹਾ ਕਿ ਮੈਂ ਉਸ ਨੂੰ ਪੀਹ ਕੇ ਦਰਿਆ ਵਿਚ ਸੁੱਟ ਆਈ ਹਾਂ। ਪੰਡਿਤ ਕਹਿਣ ਲੱਗਾ ਕਿ ਬਸ ! ਇਸ ਬਾਰੇ ਇਹ ਨਹੀਂ ਸੀ ਪਤਾ ਕਿ ਬਾਅਦ ਵਿਚ ਇਸ ਤਰ੍ਹਾਂ ਉਹ ਪੀਹ ਕੇ ਦਰਿਆ ਵਿਚ ਸੁੱਟਣੀ ਹੈ। ਇਸ ਪ੍ਰਕਾਰ ਜੀਵ ਨੂੰ ਇਹ ਨਹੀਂ ਪਤਾ ਕਿ ਕਿਹੋ ਜਿਹੀ ਕਲਮ ਵਗੀ ਹੈ। ਜਿਸ ਤਰ੍ਹਾਂ ਕਲਮ ਜੀਵਾਂ ਦੇ ਮੱਥੇ 'ਤੇ ਵਗੀ ਹੈ। ਉਹ ਜੀਵਾਂ ਦੇ ਪਾਸ ਫਲ ਦੇਣ ਲਈ ਰਹਿੰਦੀ ਹੈ।

## ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ; ਹੁਕਮਿ ਪਇਆ ਗਰਭਾਸਿ ॥੧॥

ਸਤਿਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣਾਧਾਰੀ ਜੀਵ ! ਤੂੰ ਉਮਰ ਰੂਪੀ ਰਾਤ ਦੇ ਪਹਿਲੈ = ਪਹਿਲੇ ਪਹਰੈ = ਪਹਿਰ ਵਿਚ ਪਰਮੇਸ਼ਰ ਦੇ ਹੁਕਮਿ ਅਨੁਸਾਰ ਮਾਤਾ ਦੇ ਗਰਭਾਸਿ = ਗਰਭ (ਪੇਟ) ਵਿਚ ਆ ਕੇ ਪਿਆ ਹੈਂ ॥੧॥

[ਅੰਗ ੭੫]

## ਦੂਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਵਿਸਰਿ ਗਇਆ ਧਿਆਨੁ ॥

ਹੇ ਚੰਗੇ ਮੰਦੇ ਕਰਮ ਕਰਨ ਵਾਲੇ ਜੀਵ ਰੂਪੀ ਵਣਜਾਰੇ, ਪਰਮੇਸ਼ਰ ਦੀ ਅੰਸ਼ ਹੋਣੇ ਕਰਕੇ ਮਿੱਤਰਾ ! ਉਮਰ ਰੂਪੀ ਰਾਤ ਦੇ ਦੂਜੇ ਪਹਿਰੈ = ਪਹਿਰ ਭਾਵ ਹਿੱਸੇ ਵਿਚ ਜਦੋਂ ਤੂੰ ਜਨਮ ਧਾਰਿਆ, ਉਸ ਵਕਤ ਤੈਨੂੰ ਪਰਮੇਸ਼ਰ ਦਾ ਧਿਆਨ ਵਿਸਰਿ = ਭੁੱਲ ਗਇਆ = ਗਿਆ। ਭਾਵ ਜਦੋਂ ਖਾਣ-ਪੀਣ ਦੀ ਤ੍ਰਿਸ਼ਨਾ ਜਾਗ ਪਈ ਤਾਂ ਵਾਹਿਗੁਰੂ ਦੇ ਨਾਮ ਦੀ ਲਿਵ ਛੁੱਟ ਗਈ। ਜੈਸਾ ਕਿ :

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥** *(ਰਾਮਕਲੀ ਮ: ੩, ਅੰਗ ੯੨੧)*

## ਹਥੋ ਹਥਿ ਨਚਾਈਐ, ਵਣਜਾਰਿਆ ਮਿਤ੍ਰਾ; ਜਿਉ ਜਸੁਦਾ ਘਰਿ ਕਾਨੁ ॥

(**ਜਸੁੱਦਾ** ਨਹੀਂ ਬੋਲਣਾ, **ਕਾਨੁ** ਭਾਰਾ ਬੋਲੋ)

ਹੇ ਜੀਵ ਰੂਪੀ ਵਣਜਾਰੇ ! ਪਰਮੇਸ਼ਰ ਦੀ ਚੇਤਨ ਅੰਸ਼ ਹੋਣ ਕਰਕੇ ਮਿੱਤਰਾ ! ਉਸ ਵਕਤ ਕਦੇ ਮਾਂ,

ਕਦੇ ਭੈਣ ਤੇ ਕਦੇ ਪਰਿਵਾਰ ਦੇ ਹੋਰ ਸੰਬੰਧੀ ਤੈਨੂੰ ਆਪਨਿਆਂ ਹੱਥਾਂ ਵਿਚ ਨਚਾਈਐ = ਨਚਾਉਂਦੇ ਭਾਵ ਖਿਡਾਉਂਦੇ ਹਨ ਭਾਵ ਖੁੱਦੋ ਦੀ ਤਰ੍ਹਾਂ ਉੱਪਰ ਉਛਾਲ-ਉਛਾਲ ਕੇ ਲਾਡ ਲਡਾਉਂਦੇ ਹਨ। ਜਿਵੇਂ ਮਾਤਾ ਯਸ਼ੋਦਾ ਜੀ ਦੇ ਘਰ ਭਗਵਾਨ ਕਾਨ੍ਹ = ਕ੍ਰਿਸ਼ਨ ਜੀ ਪਲੇ ਸਨ। ਆਹ ਮੇਰਾ ਕਾਨ ਹੈ, ਮੇਰਾ ਮੋਰ ਹੈ, ਮੇਰਾ ਲਾਡਲਾ ਪੁੱਤਰ ਹੈ, ਇਉਂ ਮਾਵਾਂ ਕਹਿ ਕਹਿ ਕੇ ਆਪਣੇ ਪੁੱਤਰ ਨੂੰ ਪਾਲਦੀਆਂ ਹਨ।

## ਹਥੋ ਹਥਿ ਨਚਾਈਐ ਪ੍ਰਾਣੀ; ਮਾਤ ਕਹੈ ਸੁਤੁ ਮੇਰਾ ॥

ਹੇ ਪ੍ਰਾਣਧਾਰੀ ਜੀਵ ! ਕਦੇ ਪਿਤਾ, ਕਦੇ ਸਾਕ ਸੰਬੰਧੀ ਤੈਨੂੰ ਆਪਣੇ ਹੱਥਾਂ ਵਿਚ ਨਚਾਈਐ = ਨਚਾਉਂਦੇ ਭਾਵ ਖਿਡਾਉਂਦੇ ਹਨ। ਮਾਤਾ ਕਹਿੰਦੀ ਹੈ ਕਿ ਇਹ ਕੇਵਲ ਮੇਰਾ ਹੀ ਸੁਤੁ = ਪੁੱਤਰ ਹੈ, ਹੋਰ ਕਿਸੇ ਦਾ ਨਹੀਂ, ਇਹ ਮੇਰੀ ਆਂਦਰਾਂ ਦਾ ਸਰੂਪ ਹੈ।

## ਚੇਤਿ ਅਚੇਤ, ਮੂੜ ਮਨ ਮੇਰੇ; ਅੰਤਿ ਨਹੀ ਕਛੁ ਤੇਰਾ ॥

ਹੇ ਮੇਰੇ ਅਚੇਤ = ਬੇਸਮਝ (ਅਗਿਆਤ) ਮੂੜ = ਮੂਰਖ ਮਨ ! ਤੈਨੂੰ ਉਹ ਹਰੀ ਵਾਹਿਗੁਰੂ ਭੁੱਲ ਗਿਆ ਹੈ। ਉਸ ਨੂੰ ਚੇਤਿ = ਚੇਤਨਾ ਕਰ ਭਾਵ ਉਸ ਵਾਹਿਗੁਰੂ ਦਾ ਸਿਮਰਨ ਕਰ। ਜੈਸਾ ਕਿ :

**ਦਾਤਿ ਪਿਆਰੀ ਵਿਸਰਿਆ ਦਾਤਾਰਾ ॥** *(ਧਨਾਸਰੀ ਮ: ੫, ਅੰਗ ੬੭੬)*

ਇਹਨਾਂ ਵਿੱਚੋਂ ਅੰਤ ਨੂੰ ਕੋਈ ਵੀ ਤੇਰਾ ਸਾਥੀ ਨਹੀਂ ਹੋਵੇਗਾ। ਸਭ ਕੁਝ ਇਥੇ ਹੀ ਛੱਡ ਕੇ ਚਲਾ ਜਾਵੇਂਗਾ।

## ਜਿਨਿ ਰਚਿ ਰਚਿਆ, ਤਿਸਹਿ ਨ ਜਾਣੈ; ਮਨ ਭੀਤਰਿ ਧਰਿ ਗਿਆਨੁ ॥

ਜਿਸ ਵਾਹਿਗੁਰੂ ਨੇ ਪਹਿਲਾਂ ਸੂਖਮ ਤੱਤਾਂ ਦੁਆਰਾ ਸਥੂਲ ਸਰੀਰ ਰਚਿਆ, ਪੰਜ ਗਿਆਨ-ਇੰਦਰੇ, ਪੰਜ ਕਰਮ-ਇੰਦਰੇ, ਪੰਜ ਪ੍ਰਾਣ ਮਨ ਅਤੇ ਬੁੱਧ, ਸਤਾਰਾਂ ਤੱਤਾਂ ਦੁਆਰਾ ਸੂਖਮ ਸਰੀਰ ਰਚਨਾ ਕੀਤਾ। ਫਿਰ ਪੱਚੀ ਪ੍ਰਕਿਰਤੀਆਂ ਦੁਆਰਾ ਸਥੂਲ ਸਰੀਰ ਦੇ ਅੰਗ ਪ੍ਰਤੰਗ ਬਣਾਏ ਹਨ। ਹਰੀ ਪਰਮਾਤਮਾ ਨੇ ਤੇਰਾ ਇਤਨਾ ਸੁੰਦਰ ਸਰੀਰ ਰਚਿਆ = ਬਣਾਉਣਾ ਕੀਤਾ ਹੈ। ਤੂੰ ਤਿਸਹਿ = ਉਸ ਵਾਹਿਗੁਰੂ ਨੂੰ ਜਾਣਦਾ ਹੀ ਨਹੀਂ। ਜਿਸ ਵਾਹਿਗੁਰੂ ਨੇ ਤੈਨੂੰ ਰਚਿਆ ਹੈ। ਤੈਨੂੰ ਚਾਹੀਦਾ ਹੈ ਕਿ ਮਨ ਦੇ ਭੀਤਰਿ = ਵਿਚ ਸਤਿਗੁਰਾਂ ਦੇ ਗਿਆਨ ਨੂੰ ਧਰਿ = ਧਾਰਨਾ ਕਰ।

## ਕਹੁ ਨਾਨਕ ਪ੍ਰਾਣੀ, ਦੂਜੈ ਪਹਰੈ; ਵਿਸਰਿ ਗਇਆ ਧਿਆਨੁ ॥੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਇਹ ਤੇਰੀ ਉਮਰ ਰੂਪੀ ਰਾਤ ਦਾ ਦੂਜੈ ਪਹਰੈ = ਦੂਜੇ ਪਹਿਰ ਦਾ ਹਿੱਸਾ ਹੈ। ਇਥੇ ਦੂਜਾ ਪਹਿਰ ਬਾਲਕ ਅਵਸਥਾ ਨੂੰ ਕਹਿੰਦੇ ਹਨ। ਬਾਲਕ ਅਵਸਥਾ ਵਿਚ ਫਸ ਕਰਕੇ ਤੈਨੂੰ ਪਰਮੇਸ਼ਰ ਦਾ ਧਿਆਨ ਹੀ ਵਿਸਰ ਗਿਆ॥੨॥ ਜੈਸਾ ਕਿ :

**ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥**
**ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥**
**ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥**
**ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥**
**ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥** *(ਮ: ੧, ਅੰਗ ੧੩੭)*

ਇਸ ਪ੍ਰਕਾਰ ਸਤਿਗੁਰੂ ਸਾਹਿਬ ਜੀ ਨੇ ਇਹ ਦਸ ਅਗਿਆਨ ਦੀਆਂ ਅਵਸਥਾਵਾਂ ਵੀ ਕਥਨ ਕੀਤੀਆਂ ਹਨ ਜਿਸ ਕਰਕੇ ਪਰਮਾਤਮਾ ਭੁੱਲ ਜਾਂਦਾ ਹੈ।

## ਤੀਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਧਨ ਜੋਬਨ ਸਿਉ ਚਿਤੁ ॥

ਹੇ ਜੀਵ ਰੂਪ ਵਣਜਾਰੇ ਪਰਮੇਸ਼ਰ ਦੀ ਚੇਤਨ ਸੱਤਾ ਦੀ ਅੰਸ ਹੋਣ ਕਰਕੇ ਮਿਤ੍ਰਾ = ਸੱਜਣਾਂ ! ਤੇਰੀ ਉਮਰ ਰੂਪੀ ਰਾਤ ਦੇ ਤੀਜੈ = ਤੀਸਰੇ ਪਹਿਰ ਦੇ ਹਿੱਸੇ ਵਿਚ ਜਦੋਂ ਕਿਸ਼ੋਰ ਅਵਸਥਾ ਆ ਗਈ ਤਾਂ ਤੇਰਾ ਚਿੱਤ ਹਰ ਵਕਤ ਧਨ = ਮਾਇਆ ਸਿਉ = ਨਾਲ ਅਤੇ ਜੋਬਨ = ਜਵਾਨੀ ਦੀ ਸੰਭਾਲ ਵਿਚ ਹੀ ਲੱਗਿਆ ਰਿਹਾ।

## ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ; ਬਧਾ ਛੁਟਹਿ ਜਿਤੁ ॥

(**ਬਧਾ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਹੇ ਜੀਵ ਰੂਪ ਵਣਜਾਰੇ ਮਿੱਤਰ ! ਤੂੰ ਕਦੇ ਵੀ ਉਸ ਹਰਿ = ਪਰਮੇਸ਼ਰ ਵਾਹਿਗੁਰੂ ਦਾ ਨਾਮ ਚੇਤਹੀ = ਚੇਤੇ ਨਹੀਂ ਕਰਦਾ। ਤੂੰ ਜਨਮ ਅਤੇ ਵਿਕਾਰਾਂ ਆਦਿ ਔਗੁਣਾਂ ਦੇ ਬੰਧਨਾਂ ਵਿਚ ਬਧਾ = ਬੰਨ੍ਹਿਆ ਹੋਇਆ ਹੈਂ। ਤੂੰ ਉਸ ਵਾਹਿਗੁਰੂ ਪਰਮੇਸ਼ਰ ਦੇ ਨਾਮ ਦਾ ਸਿਮਰਨ ਕਰਦਾ ਨਹੀਂ ਜਿਤੁ = ਜਿਸ ਕਰਕੇ ਤੂੰ ਮਾਇਆ ਦੇ ਬੰਧਨਾਂ ਤੋਂ ਛੁਟਹਿ = ਛੁੱਟ ਜਾਣਾ ਸੀ। ਜੈਸਾ ਕਿ :

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥** *(ਸੋਰਠਿ ਮ: ੧, ਅੰਗ ੫੯੫)*

## ਹਰਿ ਕਾ ਨਾਮੁ ਨ ਚੇਤੈ ਪ੍ਰਾਣੀ; ਬਿਕਲੁ ਭਇਆ ਸੰਗਿ ਮਾਇਆ ॥

ਹੇ ਪ੍ਰਾਣਾਧਾਰੀ ਜੀਵ ! ਤੂੰ ਉਸ ਹਰਿ = ਪਰਮੇਸ਼ਰ ਦਾ ਨਾਮ ਚੇਤੇ ਨਹੀਂ ਕਰਦਾ। ਤੂੰ ਮਾਇਆ ਦੇ ਨਾਲ ਬਿਕਲੁ = ਸ਼ਾਂਤੀ ਤੋਂ ਰਹਿਤ, ਵਿਆਕਲ, ਅਕਲ ਤੋਂ ਬਿਨਾਂ, ਬੇਸਮਝ ਹੋ ਰਿਹਾ ਹੈਂ। ਇਉਂ ਤੈਨੂੰ ਐਨਾ ਹੰਕਾਰ ਹੋ ਗਿਆ ਹੈ ਕਿ ਤੂੰ ਮਾਇਆ ਦੇ ਨਾਲ ਬਿਕਲੁ = ਵਿਆਕਲ ਹੋ ਗਿਆ ਹੈਂ।

## ਧਨ ਸਿਉ ਰਤਾ, ਜੋਬਨਿ ਮਤਾ; ਅਹਿਲਾ ਜਨਮੁ ਗਵਾਇਆ ॥

(**ਰੱਤਾ, ਮੱਤਾ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਤੂੰ ਧਨ = ਮਾਇਆ ਇਕੱਠੀ ਕਰਨ ਸਿਉ = ਨਾਲ ਰਤਾ = ਰੰਗਿਆ ਹੋਇਆ ਹੈਂ ਅਤੇ ਜੋਬਨਿ = ਜਵਾਨੀ ਵਿਚ ਹੀ ਮਤਾ = ਮਸਤ ਹੋਇਆ ਰਹਿੰਦਾ ਹੈਂ। ਇਹ ਸੁੰਦਰ ਮਨੁੱਖਾ ਜਨਮ ਅਹਿਲਾ = ਬਿਨਾਂ ਲਾਹੇ ਤੋਂ ਨਿਸਫਲ ਭਾਵ ਵਿਅਰਥ ਹੀ ਗਵਾ ਰਿਹਾ ਹੈਂ।

## ਧਰਮ ਸੇਤੀ ਵਾਪਾਰੁ ਨ ਕੀਤੋ; ਕਰਮੁ ਨ ਕੀਤੋ ਮਿਤੁ ॥

(**ਮਿੱਤੁ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਤੂੰ ਧਰਮ ਦੇ ਸੇਤੀ = ਨਾਲ ਵਾਪਾਰੁ = ਵਣਜ ਨ = ਨਹੀਂ ਕੀਤੋ = ਕੀਤਾ ਭਾਵ ਆਪ ਧਰਮ ਦੇ ਕਰਮ ਕਰਨੇ ਅਤੇ ਹੋਰਨਾਂ ਨੂੰ ਧਰਮ ਕਰਨ ਦਾ ਉਪਦੇਸ਼ ਦੇਣਾ। ਇਹ ਹੀ ਧਰਮ ਦਾ ਵਪਾਰ ਸੀ, ਜੋ ਤੂੰ ਨਹੀਂ ਕੀਤਾ ਅਤੇ ਕਰਮਾਂ ਨੂੰ ਮਿਤੁ = ਮਿੱਤਰ ਨ = ਨਹੀਂ ਬਣਾਉਣਾ ਕੀਤੋ = ਕੀਤਾ। ਜਿਨ੍ਹਾਂ ਨੇ ਮਿੱਤਰ ਬਣ ਕੇ ਤੇਰੀ ਪਰਲੋਕ ਵਿਚ ਸਹਾਇਤਾ ਕਰਨੀ ਸੀ, ਤੂੰ ਅਜਿਹੇ ਨਿਸ਼ਕਾਮ ਕਰਮਾਂ ਨੂੰ ਨਹੀਂ ਕੀਤਾ।

## ਕਹੁ ਨਾਨਕ ਤੀਜੈ ਪਹਰੈ ਪ੍ਰਾਣੀ; ਧਨ ਜੋਬਨ ਸਿਉ ਚਿਤੁ ॥੩॥

ਸਤਿਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਤੂੰ ਉਮਰ ਰੂਪੀ ਰਾਤ ਦੇ ਤੀਜੇ ਪਹਿਰ ਦੇ ਹਿੱਸੇ ਵਿਚ ਹਰ ਵਕਤ ਧਨ ਜੋੜਨ ਅਤੇ ਆਪਣੀ ਜੋਬਨ = ਜੁਆਨੀ ਸਿਉ = ਨਾਲ ਚਿਤੁ = ਚਿਤਵਣੀ ਲਾਈ ਹੋਈ ਹੈ ॥੩॥

## ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ; ਲਾਵੀ ਆਇਆ ਖੇਤੁ ॥

ਹੇ ਜੀਵ ! ਸ਼ੁਭ ਅਤੇ ਅਸ਼ੁਭ ਕਰਮ ਕਰਨ ਵਾਲੇ ਵਣਜਾਰੇ, ਪਰਮਾਤਮਾ ਦੀ ਚੇਤਨ ਸੱਤਾ ਦੀ ਅੰਸ਼ ਹੋਣ ਕਰਕੇ ਮਿਤ੍ਰਾ = ਸੱਜਣਾ ! ਤੇਰੀ ਉਮਰ ਰੂਪੀ ਰਾਤ ਦੇ ਚਉਥੇ ਪਹਿਰ ਦੇ ਹਿੱਸੇ ਵਿਚ, ਜਿਸ ਪ੍ਰਕਾਰ ਖੇਤ ਦੇ ਉੱਤੇ ਲਾਵੇ ਆ ਜਾਂਦੇ ਹਨ ਤਾਂ ਖੇਤ ਨੂੰ ਕੱਟਿਆ ਜਾਂਦਾ ਹੈ। (ਬੀਤੇ ਸਮੇਂ ਵਿਚ ਜਦੋਂ ਹੱਥਾਂ ਨਾਲ ਦਾਤਰੀਆਂ ਦੁਆਰਾ ਫ਼ਸਲ ਕੱਟੀ ਜਾਂਦੀ ਸੀ। ਫ਼ਸਲ ਕੱਟਣ ਵਾਲੇ ਮਜ਼ਦੂਰਾਂ ਦਾ ਨਾਮ ਲਾਵੇ ਸੀ।) ਤੇਰਾ ਸਰੀਰ ਰੂਪੀ ਖੇਤ ਫਸਲ ਪੱਕਣ ਦੀ ਨਿਆਈਂ ਧੌਲੇ ਆਉਣ ਰੂਪ ਪੱਕ ਜਾਣ ਤੋਂ, ਜਮਦੂਤ ਰੂਪੀ ਲਾਵੇ (ਕਾਮੇ) ਕੱਟਣ ਵਾਸਤੇ ਆ ਜਾਂਦੇ ਹਨ, (ਭਾਵੇਂ ਜਮਦੂਤ ਕਿਸੇ ਅਵਸਥਾ ਵਿਚ ਵੀ ਆ ਜਾਂਦੇ ਹਨ ਪਰ ਇਥੇ ਪਹਿਰਿਆਂ ਦੀ ਬਾਣੀ ਦੇ ਪ੍ਰਕਰਣ ਅਨੁਸਾਰ ਇਹੋ ਸਿਧਾਂਤ ਹੈ) **ਵਾ:** ਇਸ ਪ੍ਰਕਾਰ ਤੇਰਾ ਸੂਖਮ ਸਰੀਰ ਰੂਪੀ ਖੇਤ ਧੌਲਿਆਂ ਰੂਪ ਲਾਵੇ ਆ ਜਾਣ ਕਾਰਨ ਵੱਢਣ ਵਾਲਾ ਹੋ ਗਿਆ ਹੈ।

## ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ; ਕਿਸੈ ਨ ਮਿਲਿਆ ਭੇਤੁ ॥

ਹੇ ਜੀਵ ਰੂਪ ਵਣਜਾਰੇ ਮਿੱਤਰ ! ਜਦੋਂ ਜਮਾਂ ਨੇ ਆ ਕੇ ਪਕੜ ਲਿਆ ਤਾਂ ਪਤਾ ਨਹੀਂ ਲੱਗਦਾ ਕਿ ਕਿੱਧਰ ਨੂੰ ਲੈ ਗਏ। ਜਦੋਂ ਪਰਮੇਸ਼ਰ ਜੀਵ ਨੂੰ ਸੰਸਾਰ ਉੱਤੇ ਭੇਜਦਾ ਹੈ ਤਾਂ ਸਾਰੀ ਦੁਨੀਆਂ ਨੂੰ ਪਤਾ ਲੱਗ ਜਾਂਦਾ ਹੈ। ਪਰੰਤੂ ਜਦੋਂ ਸੁਆਸ ਪੂਰੇ ਹੋ ਜਾਂਦੇ ਹਨ, ਸੰਸਾਰ ਤੋਂ ਚਲਾ ਜਾਂਦਾ ਹੈ, ਉਸ ਵੇਲੇ ਕਿਸੇ ਨੂੰ ਵੀ ਕੋਈ ਭੇਤੁ = ਭੇਦ ਨਹੀਂ ਮਿਲਿਆ = ਮਿਲਦਾ।

## ਭੇਤੁ ਚੇਤੁ ਹਰਿ ਕਿਸੈ ਨ ਮਿਲਿਓ; ਜਾ ਜਮਿ ਪਕੜਿ ਚਲਾਇਆ ॥

ਹੇ ਜੀਵ ! ਜਾ = ਜਦੋਂ ਜਮਿ = ਜਮਦੂਤਾਂ ਨੇ ਤੈਨੂੰ ਪਕੜਿ = ਫੜ ਕੇ ਪਰਲੋਕ ਦੇ ਰਸਤੇ ਨੂੰ ਚਲਾਇਆ = ਤੋਰਨਾ ਕੀਤਾ ਤਾਂ ਕਿਸੇ ਨੂੰ ਵੀ ਭੇਤੁ = ਗੁਪਤ ਜਾਣਕਾਰੀ ਨਹੀਂ ਮਿਲਿਓ = ਮਿਲਦੀ ਕਿ ਜੀਵ ਕਿਥੇ ਚਲਾ ਗਿਆ। ਇਸ ਕਰਕੇ ਤੂੰ ਉਸ ਹਰਿ = ਹਰੀ ਵਾਹਿਗੁਰੂ ਨੂੰ ਚੇਤੁ = ਸਿਮਰਨਾ ਕਰ।

## ਝੂਠਾ ਰੁਦਨੁ ਹੋਆ ਦੋੁਆਲੈ; ਖਿਨ ਮਹਿ ਭਇਆ ਪਰਾਇਆ ॥

ਉਸ ਵਕਤ ਤੇਰੇ ਦੋੁਆਲੈ = ਆਲੇ-ਦੁਆਲੇ ਘੇਰਾ ਘੱਤ ਕੇ ਝੂਠਾ ਹੀ ਰੁਦਨੁ = ਰੋਣਾ ਰੋਂਦੇ ਹਨ। ਇਕ ਖਿਨ = ਛਿਨ ਮਹਿ = ਵਿਚ ਸਭ ਕੁਝ ਪਰਾਇਆ = ਬੇਗਾਨਾ ਭਇਆ = ਹੋ ਜਾਂਦਾ ਹੈ। ਉਹ ਹੀ ਸਾਕ-ਸੰਬੰਧੀ ਜਿਹੜੇ ਹਰ ਵਕਤ ਆਪਣਾ ਕਹਿੰਦੇ ਸਨ, ਉਹ ਹੀ ਇਸ ਨੂੰ ਸ਼ਮਸ਼ਾਨ ਭੂਮੀ ਵਿਚ ਲੈ ਜਾਂਦੇ ਹਨ। ਕਾਢੋ ਕਾਢੋ ਹੋਣ ਲੱਗ ਜਾਂਦੀ ਹੈ। ਫਿਰ ਕੋਈ ਵੀ ਸਿਆਣਦਾ ਨਹੀਂ। ਜੈਸਾ ਕਿ :

**ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥** *(ਬਾਰਹਮਾਹਾ ਮਾਂਝ ਮ: ੫, ਅੰਗ ੧੩੪)*

## ਸਾਈ ਵਸਤੁ ਪਰਾਪਤਿ ਹੋਈ; ਜਿਸੁ ਸਿਉ ਲਾਇਆ ਹੇਤੁ ॥

ਹੇ ਜੀਵ ! ਤੈਨੂੰ ਸਾਈ = ਉਹੀ ਵਸਤੁ = ਚੀਜ਼ ਪ੍ਰਾਪਤ ਹੋਈ ਹੈ, ਜਿਸ ਵਸਤੂ ਸਿਉ = ਨਾਲ ਤੂੰ ਹੇਤੁ = ਪ੍ਰੇਮ ਲਾਉਣਾ ਕੀਤਾ ਹੈ। ਜੇਕਰ ਤੇਰੀ ਸੁਰਤੀ ਮਰਨ ਵੇਲੇ ਮਾਇਆ ਵਿਚ ਸੀ ਤਾਂ ਤੈਨੂੰ ਸੱਪ ਦੀ ਜੂਨ ਪ੍ਰਾਪਤ ਹੋਈ। ਜੈਸਾ ਕਿ :

**ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸਰਪ ਜੋਨਿ ਵਲਿ ਵਲਿ ਅਉਤਰੈ ॥** *(ਗੂਜਰੀ ਤ੍ਰਿਲੋਚਨ ਜੀ, ਅੰਗ ੫੨੬)*

ਜੇਕਰ ਅੰਤ ਸਮੇਂ ਆਪਣਿਆਂ ਬੱਚਿਆਂ ਵਿਚ ਸੁਰਤੀ ਚਲੀ ਗਈ ਤਾਂ ਸੂਰ ਦੀ ਜੂਨੀ ਪ੍ਰਾਪਤ ਹੋਈ। ਤਥਾ :

**ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸੂਕਰ ਜੋਨਿ ਵਲਿ ਵਲਿ ਅਉਤਰੈ ॥** *(ਗੂਜਰੀ ਤ੍ਰਿਲੋਚਨ ਜੀ, ਅੰਗ ੫੨੬)*

ਇਸ ਤਰ੍ਹਾਂ ਤੈਨੂੰ ਉਸ ਪ੍ਰਕਾਰ ਦੀ ਜੂਨ ਪ੍ਰਾਪਤ ਹੁੰਦੀ ਗਈ, ਜਿਹੋ ਜਿਹਾ ਸੁਰਤ ਵਿਚ ਅੰਤ ਵੇਲੇ ਖ਼ਿਆਲ ਆਉਂਦਾ ਸੀ।

## ਕਹੁ ਨਾਨਕ ਪ੍ਰਾਣੀ, ਚਉਥੈ ਪਹਰੈ; ਲਾਵੀ ਲੁਣਿਆ ਖੇਤੁ ॥੪॥੧॥

ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਤੇਰੀ ਉਮਰ ਰੂਪੀ ਰਾਤ ਦੇ ਚਉਥੇ ਪਹਿਰ ਦੇ ਹਿੱਸੇ ਵਿਚ ਜਮਦੂਤ ਰੂਪੀ ਲਾਵੀ = ਵੱਢਣ ਵਾਲੇ ਤੇਰੇ ਸੂਖਮ ਸਰੀਰ ਰੂਪੀ ਖੇਤ ਨੂੰ ਲੁਣਿਆ = ਕੱਟ ਕੇ ਲੈ ਜਾਣਗੇ ॥੪॥੧॥

## ਸਿਰੀਰਾਗੁ ਮਹਲਾ ੧ ॥

ਜਦੋਂ ਵਣਜਾਰੇ ਲੋਕ ਮੁਰਦੇ ਬੱਚੇ ਨੂੰ ਲੈ ਕੇ ਆਏ ਤਾਂ ਭਾਈ ਮਰਦਾਨੇ ਨੂੰ ਮਹਾਰਾਜ ਸਾਹਿਬ ਜੀ ਨੇ ਕਿਹਾ ਕਿ ਮਰਦਾਨਿਆਂ, ਇਨ੍ਹਾਂ ਨੂੰ ਸੰਸਾ ਹੋ ਗਿਆ ਹੈ ਕਿ ਸਾਡੀ ਕੁਲ ਕਿਵੇਂ ਚੱਲੇਗੀ ? ਮਹਾਰਾਜ ਸਾਹਿਬ ਜੀ ਨੇ ਬਚਨ ਕੀਤਾ ਕਿ ਇਹ ਸਾਡੇ ਸਿੱਖ ਹੋਣਗੇ। ਐਸੇ ਬਚਨ ਕਰਕੇ ਪਾਤਸ਼ਾਹ ਜੀ ਨੇ ਉਹ ਮੁਰਦਾ ਬੱਚਾ ਜਿਊਂਦਾ ਕਰ ਦਿੱਤਾ। ਉਥਾਨਕਾ ਵਿਚ ਐਸਾ ਜ਼ਿਕਰ ਆਉਂਦਾ ਹੈ ਕਿ ਸਤਿਗੁਰੂ ਜੀ ਨੇ ਉਸ ਬੱਚੇ ਨੂੰ ਜਿਊਂਦਾ ਕੀਤਾ। ਉਨ੍ਹਾਂ ਦੀ ਕੁਲ ਵਿਚ ਲੱਖੀ ਸ਼ਾਹ ਵਣਜਾਰਾ, ਮੱਖਣ ਸ਼ਾਹ ਸਾਰੇ ਟਾਂਡੇ ਨਗਰ ਵਿਚ ਹੋਏ ਜਿਨ੍ਹਾਂ ਨੇ ਨੌਂਵੇਂ ਪਾਤਸ਼ਾਹ ਜੀ ਨੂੰ ਪ੍ਰਗਟ ਕੀਤਾ। ਭਾਈ ਮੱਖਣ ਸ਼ਾਹ ਲੁਬਾਣੇ ਨੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਬਾਬਾ ਬਕਾਲਾ ਦੇ ਭੋਰੇ ਵਿਚ ਪ੍ਰਗਟ ਕੀਤਾ। ਇਸ ਪ੍ਰਕਾਰ ਮਹਾਰਾਜ ਸਾਹਿਬ ਜੀ ਨੇ ਉਨ੍ਹਾਂ ਨੂੰ ਸਿੱਖੀ ਬਖ਼ਸ਼ਿਸ਼ ਕੀਤੀ। ਸੰਤ ਪ੍ਰੇਮ ਸਿੰਘ ਜੀ ਨੇ ਵੀ ਬਹੁਤ ਸਾਰੇ ਵਣਜਾਰਿਆਂ ਨੂੰ ਅੰਮ੍ਰਿਤ ਪਾਨ ਕਰਵਾਇਆ। ਸੋ ਇਸ ਪ੍ਰਕਾਰ ਜੋ ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਉਨ੍ਹਾਂ ਵਣਜਾਰਿਆਂ ਪ੍ਰਤੀ ਪਵਿੱਤਰ ਉਪਦੇਸ਼ ਬਖ਼ਸ਼ਿਸ਼ ਕੀਤਾ, ਉਹ ਇਸ ਪ੍ਰਕਾਰ ਹੈ :

## ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ; ਬਾਲਕ ਬੁਧਿ ਅਚੇਤੁ ॥

ਸਤਿਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਜੀਵ ਰੂਪੀ ਵਣਜਾਰੇ ਮਿਤ੍ਰਾ = ਸੱਜਣਾ ! ਤੇਰੀ ਉਮਰ ਰੂਪੀ ਰਾਤ ਦੇ ਪਹਿਲੇ ਪਹਿਰ ਦੇ ਹਿੱਸੇ ਵਿਚ ਬਾਲਕ ਦੀ ਅਵਸਥਾ ਹੈ। ਇਥੇ ਗੁਰੂ ਸਾਹਿਬ ਗਰਭ ਦੀ ਅਵਸਥਾ ਛੱਡਦੇ ਹਨ। ਬਾਲਕ ਅਵਸਥਾ ਤੋਂ ਸ਼ੁਰੂ ਕਰਦੇ ਹੋਏ ਮਹਾਰਾਜ ਸਾਹਿਬ ਫ਼ੁਰਮਾਨ ਕਰਦੇ ਹਨ ਕਿ ਹੇ ਜੀਵ ! ਬਾਲਕ ਅਵਸਥਾ ਵਿਚ ਬੁੱਧੀ ਅਚੇਤੁ = ਬੇਸਮਝ ਹੁੰਦੀ ਹੈ। ਭੁੱਲ ਵਿਚ ਲਿਵ ਟੁੱਟ ਜਾਂਦੀ ਹੈ। ਤੂੰ ਪਰਮਾਤਮਾ ਨੂੰ ਚੇਤੇ ਨਹੀਂ ਕਰਦਾ। ਤੂੰ ਐਸਾ ਚੇਤੇ ਕਰ ਜਿਵੇਂ ਭਗਤ ਧੰਨੇ ਨੇ ਬਾਲਕ ਅਵਸਥਾ ਵਿਚ ਪਰਮੇਸ਼ਰ ਨੂੰ ਪਾ ਲਿਆ। ਜੈਸਾ ਕਿ :

**ਧੰਨੈ ਸੇਵਿਆ ਬਾਲ ਬੁਧਿ ॥** *(ਬਸੰਤੁ ਮ: ੫, ਅੰਗ ੧੧੯੨)*

ਇਸੇ ਪ੍ਰਕਾਰ ਧ੍ਰੂ ਅਤੇ ਪ੍ਰਹਿਲਾਦ ਭਗਤ ਨੇ ਵੀ ਬਾਲਕ ਅਵਸਥਾ ਵਿਚ ਪਰਮੇਸ਼ਰ ਦੀ ਪ੍ਰਾਪਤੀ ਕੀਤੀ। ਜੈਸਾ ਕਿ :

**ਧ੍ਰੂ ਕਉ ਮਿਲਿਆ ਹਰਿ ਨਿਸੰਗ ॥** *(ਬਸੰਤ ਮ: ੫, ਅੰਗ ੧੧੯੨)*

ਤੂੰ ਅਚੇਤ ਬੁੱਧੀ ਵਾਲਾ ਬਣਿਆ ਫਿਰਦਾ ਹੈਂ। ਵਾਹਿਗੁਰੂ ਪਰਮੇਸ਼ਰ ਨੂੰ ਚੇਤੇ ਹੀ ਨਹੀਂ ਕਰਦਾ।

## ਖੀਰੁ ਪੀਐ, ਖੇਲਾਈਐ, ਵਣਜਾਰਿਆ ਮਿਤ੍ਰਾ; ਮਾਤ ਪਿਤਾ ਸੁਤ ਹੇਤੁ ॥

ਹੇ ਜੀਵ ਰੂਪੀ ਵਣਜਾਰਿਆ ਮਿਤ੍ਰਾ = ਸੱਜਣਾ ! ਤੈਨੂੰ ਮਾਤਾ ਖੀਰੁ = ਦੁੱਧ ਪਿਲਾਉਂਦੀ ਰਹਿੰਦੀ ਹੈ ਅਤੇ ਹੋਰ ਪਰਿਵਾਰ ਦੇ ਬਾਕੀ ਸਾਰੇ ਭੈਣ-ਭਰਾ ਆਦਿ ਤੈਨੂੰ ਖੇਲਾਈਐ = ਖਿਡਾਉਂਦੇ ਰਹਿੰਦੇ ਹਨ। ਮਾਤਾ ਪਿਤਾ ਇਉਂ ਆਪਣੇ ਸੁਤ = ਪੁੱਤਰ ਨਾਲ ਹੇਤੁ = ਪਿਆਰ ਕਰਦੇ ਹਨ ਕਿ ਇਹ ਸਾਡੀ ਕੁਲ ਨੂੰ ਵਧਾਉਣ ਵਾਲਾ ਸਾਡੀ ਕੁਲ ਨੂੰ ਦੁਨੀਆਂ ਵਿਚ ਕਾਇਮ ਰੱਖਣ ਵਾਲਾ ਹੈ।

## ਮਾਤ ਪਿਤਾ ਸੁਤ ਨੇਹੁ ਘਨੇਰਾ; ਮਾਇਆ ਮੋਹੁ ਸਬਾਈ ॥

ਮਾਤਾ ਪਿਤਾ ਦਾ ਆਪਣੇ ਸੁਤ = ਪੁੱਤਰ ਨਾਲ ਨੇਹੁ = ਮੋਹ ਘਨੇਰਾ = ਬਹੁਤ ਹੁੰਦਾ ਹੈ। ਇਹ ਸਾਰਾ ਮਾਇਆ ਦਾ ਹੀ ਮੋਹ ਹੈ। ਇਸ ਮਾਇਆ ਦੇ ਮੋਹ ਨਾਲ ਹੀ ਸਬਾਈ = ਸਾਰਿਆਂ ਦੀ ਪਾਲਣਾ ਹੋ ਰਹੀ ਹੈ।

## ਸੰਜੋਗੀ ਆਇਆ ਕਿਰਤੁ ਕਮਾਇਆ; ਕਰਣੀ ਕਾਰ ਕਰਾਈ ॥

ਹੇ ਜੀਵ ! ਜਿਹੜਾ ਤੂੰ ਪਿਛਲੇ ਜਨਮ ਵਿਚ ਕਿਰਤੁ = ਕਰਮ ਕਮਾਇਆ = ਕਮਾਉਣਾ ਕੀਤਾ ਸੀ, ਤੈਨੂੰ ਉਸ ਦੇ ਸੰਜੋਗੀ = ਮਿਲਾਪ ਨਾਲ ਇਹ ਦੇਹ ਮਿਲੀ ਹੈ ਜਿਸ ਨਾਲ ਤੂੰ ਦੁਨੀਆਂ ਵਿਚ ਆਇਆ ਹੈਂ। ਜੋ ਤੂੰ ਹੁਣ ਕਿਰਤ ਕਮਾਈ ਕਰੇਂਗਾ, ਉਸ ਦਾ ਸੰਜੋਗ ਤੈਨੂੰ ਅਗਲੇ ਜਨਮ ਵਿਚ ਮਿਲੇਗਾ। ਜੋ ਕਰਣੀ ਕਰਕੇ ਤੇਰੇ ਪਾਸੋਂ ਕਾਰ ਕਮਾਈ ਹੋਈ ਹੈ, ਤੈਨੂੰ ਉਸ ਦਾ ਹੀ ਚੰਗਾ ਮੰਦਾ ਫਲ ਮਿਲੇਗਾ। ਕਈ ਸੰਚਤ ਕਰਮਾਂ ਦੇ ਪ੍ਰੇਰੇ ਹੋਏ ਪਹਿਲਾਂ ਸਤਸੰਗੀ ਹੁੰਦੇ ਹਨ ਪਰੰਤੂ ਬਾਅਦ ਵਿਚ ਕੁਸੰਗੀ ਹੋ ਜਾਂਦੇ ਹਨ। ਆਪਣੇ ਸੁਭਾਅ ਤੋਂ ਵਿਗੜ ਕੇ ਸੰਭਾਲ ਨਹੀਂ ਰੱਖਦੇ ਅਤੇ ਭੈੜੇ ਹੋ ਜਾਂਦੇ ਹਨ। ਜਿਹੋ ਜਿਹੀ ਕਰਣੀ ਸਰੀਰ ਨਾਲ ਕਮਾਈ ਹੈ, ਉਸ ਦਾ ਫਲ ਜ਼ਰੂਰ ਮਿਲੇਗਾ।

## ਰਾਮ ਨਾਮ ਬਿਨੁ, ਮੁਕਤਿ ਨ ਹੋਈ; ਬੂਡੀ ਦੂਜੈ ਹੇਤਿ ॥

ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ ਕਿਸੇ ਦੀ ਮੁਕਤੀ ਨਾ ਤਾਂ ਅੱਜ ਤੱਕ ਹੋਈ ਹੈ ਅਤੇ ਨਾ ਹੀ ਅੱਗੇ ਨੂੰ ਕਦੇ ਹੋਵੇਗੀ। ਸਾਰੀ ਦੁਨੀਆਂ ਦੂਜੈ = ਦੂਸਰੇ ਸੰਬੰਧੀਆਂ ਅਤੇ ਪਦਾਰਥਾਂ ਆਦਿ ਵਿਚ ਹੇਤਿ = ਮੋਹ ਕਰਕੇ **ਵਾ:** ਦੂਜੈ = ਦਵੈਤ ਭਾਵ ਵਿਚ ਪ੍ਰੇਮ ਕਰਕੇ ਬੂਡੀ = ਡੁੱਬ ਰਹੀ ਹੈ।

## ਕਹੁ ਨਾਨਕ ਪ੍ਰਾਣੀ, ਪਹਿਲੈ ਪਹਰੈ; ਛੂਟਹਿਗਾ ਹਰਿ ਚੇਤਿ ॥੧॥

ਸਤਿਗੁਰ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਤੇਰੀ ਉਮਰ ਰੂਪੀ ਰਾਤ ਦਾ ਜੋ ਪਹਿਲਾ ਪਹਿਰ ਹੈ, ਉਸ ਵਿਚ ਤੇਰਾ ਹਰਿ = ਹਰੀ ਪਰਮੇਸ਼ਰ ਨੂੰ ਚੇਤਿ = ਚੇਤੇ ਕਰਕੇ ਹੀ ਛੂਟਹਿਗਾ = ਛੁਟਕਾਰਾ ਹੋਵੇਗਾ ॥੧॥

## ਦੂਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਭਰਿ ਜੋਬਨਿ ਮੈ ਮਤਿ ॥

(**ਮੈਂ** ਨਹੀਂ ਬੋਲਣਾ)

ਹੇ ਜੀਵ ਰੂਪ ਵਣਜਾਰੇ ਮਿੱਤਰ ! ਤੇਰੀ ਉਮਰ ਰੂਪੀ ਰੈਣਿ = ਰਾਤ ਕੈ = ਦੇ ਦੂਜੇ ਪਹਰ ਵਿਚ ਜੋਬਨਿ = ਜਵਾਨੀ ਭਰ ਗਈ ਤੇ ਤੂੰ ਜਵਾਨੀ ਰੂਪੀ ਮੈ = ਸ਼ਰਾਬ ਦੇ ਨਸ਼ੇ ਵਿਚ ਮਤਿ = ਮਸਤ ਹੋ ਗਿਆ **ਵਾ:** ਸ਼ਰਾਬ ਪੀ ਕੇ ਮਸਤ ਹੋਇਆ ਰਹਿੰਦਾ ਹੈਂ।

***ਨੋਟ :*** ਫ਼ਾਰਸੀ ਵਿਚ ਸ਼ਰਾਬ ਨੂੰ ਮੈ (ਮਯ) ਕਹਿੰਦੇ ਹਨ।

ਤੂੰ ਆਪਣੀ ਜਵਾਨੀ ਨੂੰ ਸ਼ਰਾਬ ਪੀ ਕੇ ਵਿਅਰਥ ਗਵਾ ਰਿਹਾ ਹੈਂ।

## ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ; ਅੰਧੁਲੇ ਨਾਮੁ ਨ ਚਿਤਿ ॥

ਹੇ ਜੀਵ ਰੂਪ ਵਣਜਾਰਿਆ ਮਿਤ੍ਰਾ = ਸੱਜਣਾ ! ਕਾਮ ਰੂਪੀ ਪ੍ਰੇਤ ਤੇਰੇ ਪਿੱਛੇ ਵਿਆਪਿਆ = ਲੱਗਿਆ ਹੋਇਆ ਹੈ ਜਿਸ ਨਾਲ ਤੂੰ ਅਹਿਨਿਸਿ = ਦਿਨ ਰਾਤ ਭੋਗਾਂ ਵਿਚ ਹੀ ਲੱਗਿਆ ਹੋਇਆ ਹੈਂ। ਤੂੰ ਮਨ ਅਤੇ ਬੁੱਧ ਰੂਪ ਨੇਤਰਾਂ ਅਤੇ ਵਿਚਾਰ ਰੂਪ ਨਿਗਾਹ ਤੋਂ ਬਿਨਾਂ ਅੰਧੁਲੇ = ਅੰਨ੍ਹਾ ਹੈਂ। ਤੂੰ ਪਰਮੇਸ਼ਰ ਦਾ ਨਾਮ ਚਿੱਤ ਵਿਚ ਧਾਰਨ ਨਹੀਂ ਕਰਦਾ।

## ਰਾਮ ਨਾਮੁ ਘਟ ਅੰਤਰਿ ਨਾਹੀ; ਹੋਰਿ ਜਾਣੈ ਰਸ ਕਸ ਮੀਠੇ ॥

ਤੇਰੇ ਘਟ = ਹਿਰਦੇ ਅੰਤਰਿ = ਵਿਚ ਰਾਮ = ਪਰਮੇਸ਼ਰ ਦਾ ਨਾਮ ਨਹੀਂ ਵਸਿਆ। ਹੋਰ ਜੀਭ ਦੇ ਸੁਆਦ ਕਾਰਨ ਰਸਾਂ ਕਸਾਂ ਦੇ ਅਰਕ ਕੱਢ ਕੇ ਪੀਣੇ, ਇਨ੍ਹਾਂ ਨੂੰ ਹੀ ਮੀਠੇ = ਮਿੱਠੇ ਜਾਣਦਾ ਹੈਂ।

## ਗਿਆਨੁ ਧਿਆਨੁ, ਗੁਣ ਸੰਜਮੁ ਨਾਹੀ; ਜਨਮਿ ਮਰਹੁਗੇ ਝੂਠੇ ॥

ਤੇਰੇ ਅੰਦਰ ਨਾ ਨਿਰਗੁਣ ਸਰੂਪ ਦਾ ਗਿਆਨ ਹੈ ਅਤੇ ਨਾ ਹੀ ਸਰਗੁਣ ਸਰੂਪ ਦਾ ਧਿਆਨ ਹੈ ਅਤੇ ਤੇਰੇ ਅੰਦਰ ਸਤਿ, ਸੰਤੋਖ ਆਦਿ ਗੁਣ ਨਹੀਂ ਹਨ। ਤੂੰ ਸੰਜਮੁ = ਇੰਦਰੀਆਂ ਨੂੰ ਰੋਕਣਾ ਨਹੀਂ ਜਾਣਦਾ। ਭਾਵ ਇਹੋ ਜਿਹਾ ਸੰਜਮ ਨਹੀਂ ਕੀਤਾ। ਜੈਸਾ ਕਿ :

**ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।** *(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੧)*

ਭਾਵ ਤੇਰੇ ਵਿਚ ਐਸੇ ਗੁਣ ਨਹੀਂ ਹਨ। ਸਦਾ ਝੂਠ ਵਿਚ ਲਿਵ = ਬਿਰਤੀ ਲਾਉਣ ਵਾਲੇ ਝੂਠੇ ਜੀਵ ! ਤੂੰ ਜਨਮਾਂ ਜਨਮਾਂਤਰਾਂ ਵਿਚ ਜੰਮਦਾ ਮਰਦਾ ਹੀ ਰਹੇਂਗਾ ਭਾਵ ਤੂੰ ਮੁਕਤੀ ਨਹੀਂ ਪਾਏਂਗਾ।

## ਤੀਰਥ ਵਰਤ, ਸੁਚਿ ਸੰਜਮੁ ਨਾਹੀ; ਕਰਮੁ ਧਰਮੁ ਨਹੀ ਪੂਜਾ ॥

ਹੇ ਜੀਵ ! ਤੂੰ ਤੀਰਥ ਦੀ ਨਿਆਈਂ ਸਤਿਗੁਰਾਂ ਦੀ ਟਹਿਲ ਨਹੀਂ ਕੀਤੀ। ਸਤਿਗੁਰੂ ਮਹਾਰਾਜ ਜੀ ਦਾ ਨਾਮ ਹੀ ਤੀਰਥ ਹੈ। ਜੈਸਾ ਕਿ :

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥** *(ਧਨਾਸਰੀ ਮ: ੧, ਅੰਗ ੬੮੭)*

ਵੱਡਿਆਂ ਨੂੰ ਪਿਤਾ ਸਮਝਣਾ, ਛੋਟਿਆਂ ਨੂੰ ਭਰਾ ਸਮਝਣਾ, ਸਾਰਿਆਂ ਨੂੰ ਭਲੇ ਸਮਝਣਾ ਅਤੇ ਆਪ ਨਾਲੋਂ ਉੱਚੇ ਜਾਨਣ ਰੂਪ ਵਰਤ ਨਹੀਂ ਰੱਖਿਆ **ਵਾ:** ਕਾਮ, ਕ੍ਰੋਧ ਆਦਿ ਵੱਲੋਂ ਚਿੱਤ ਨੂੰ ਸੰਕੋਚਣ ਕਰਨ ਰੂਪ ਵਰਤ ਨਹੀਂ ਰੱਖਿਆ। ਜੈਸਾ ਕਿ :

**ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥** *(ਗਉੜੀ ਮ; ੫, ਅੰਗ ੨੭੪)*

ਨਾ ਹੀ ਨਿਸ਼ਕਾਮ ਕਰਮ, ਨਾ ਹੀ ਗੁਰੂ ਸਾਹਿਬ ਜੀ ਵੱਲੋਂ ਦੱਸਿਆ ਹੋਇਆ ਧਰਮ ਅਤੇ ਨਾ ਹੀ ਪਰਮੇਸ਼ਰ ਦਾ ਪੂਜਾ = ਪੂਜਨ ਕੀਤਾ **ਵਾ:** ਪਰਮੇਸ਼ਰ ਨੂੰ ਅੰਤਰਜਾਮੀ ਜਾਣ ਕੇ ਉਸ ਵਿਚ ਧਿਆਨ ਲਾਉਣ ਰੂਪ ਪੂਜਨ ਨਹੀਂ ਕੀਤਾ।

## ਨਾਨਕ ਭਾਇ ਭਗਤਿ ਨਿਸਤਾਰਾ; ਦੁਬਿਧਾ ਵਿਆਪੈ ਦੂਜਾ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਹੇ ਜੀਵ ! ਭਾਇ = ਪ੍ਰੇਮਾ-ਭਗਤੀ ਦੁਆਰਾ ਸੰਸਾਰ-ਸਮੁੰਦਰ ਤੋਂ ਨਿਸਤਾਰਾ = ਤਰਨਾ ਹੁੰਦਾ ਹੈ। ਪਰ ਤੂੰ ਦੁਬਿਧਾ = ਦੁਚਿਤੇਪੁਣੇ ਕਰਕੇ ਦੂਜਾ = ਦਵੈਤ ਭਾਵ ਵਿਚ

ਵਿਆਪੈ = ਲੱਗ ਰਿਹਾ ਹੈਂ **ਵਾ:** ਦੁਬਿਧਾ ਕਰਕੇ ਦੂਜਾ = ਦੂਸਰਾ ਜੋ ਸੰਸਾਰ ਵਿਆਪ ਰਿਹਾ ਹੈ ਭਾਵ ਦਵੈਤ ਭਾਵਨਾ ਕਰ ਕੇ ਸਦਾ ਜਨਮ ਮਰਨ ਬਣਿਆ ਰਹਿੰਦਾ ਹੈ॥੨॥ ਜੈਸਾ ਕਿ :

**ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ॥੩॥** *(ਗੂਜਰੀ ਮ: ੩, ਅੰਗ ੪੯੧)*

## ਤੀਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਸਰਿ ਹੰਸ ਉਲਥੜੇ ਆਇ ॥

(**ਉਲੱਥੜੇ** ਬੋਲੋ)

ਹੇ ਜੀਵ ਰੂਪ ਮਿਤ੍ਰਾ = ਸੱਜਣਾ ! ਹੁਣ ਉਮਰ ਰੂਪੀ ਰਾਤ ਦੇ ਤੀਜੇ ਪਹਿਰ ਵਿਚ ਜਵਾਨੀ ਢਲਦੀ ਹੈ। (ਫ਼ਾਰਸੀ ਵਿਚ ਸਰਿ ਨਾਮ ਸਿਰ ਦਾ ਹੈ।) ਸਿਰ ਦੇ ਉੱਤੇ ਹੰਸਾਂ ਦੀ ਤਰ੍ਹਾਂ ਵਿਸ਼ੇਸ਼ ਕਰਕੇ ਸਾਰੇ ਕੇਸ ਚਿੱਟੇ ਭਾਵ ਧੌਲੇ ਹੋ ਗਏ। ਕਾਲਾ ਕੋਈ ਵੀ ਨਾ ਰਿਹਾ। ਇਸ ਮਾਨ ਸਰੋਵਰ ਰੂਪੀ ਸਰੀਰ ਉੱਤੇ ਹੰਸ ਉਲਥੜੇ = ਉਤਰ ਆਏ ਹਨ ਭਾਵ ਸਾਰੇ ਕੇਸ ਚਿੱਟੇ ਹੋ ਗਏ ਹਨ।

## ਜੋਬਨੁ ਘਟੈ ਜਰੂਆ ਜਿਣੈ, ਵਣਜਾਰਿਆ ਮਿਤ੍ਰਾ; ਆਵ ਘਟੈ ਦਿਨੁ ਜਾਇ ॥

ਹੇ ਜੀਵ ਰੂਪ ਵਣਜਾਰਿਆ ਮਿੱਤਰਾ ! ਤੇਰੀ ਜੋਬਨੁ = ਜਵਾਨੀ ਘਟੈ = ਖ਼ਤਮ ਭਾਵ ਘਟਦੀ ਜਾ ਰਹੀ ਹੈ ਅਤੇ ਤੈਨੂੰ ਜਰੂਆ = ਬੁਢੇਪਾ ਜਿਣੈ = ਜਿੱਤਦਾ ਜਾ ਰਿਹਾ ਹੈ। ਤੇਰੀ ਆਵ = ਉਮਰ ਦਿਨ ਦਿਨ ਕਰਕੇ ਘਟਦੀ ਜਾ ਰਹੀ ਹੈ ਭਾਵ ਤੇਰਾ ਸਰੀਰ ਕਮਜ਼ੋਰ ਹੁੰਦਾ ਜਾ ਰਿਹਾ ਹੈ। ਜੈਸਾ ਕਿ :

**ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ॥**
*(ਸਿਰੀਰਾਗੁ ਕਬੀਰ ਜੀਉ ਕਾ, ਅੰਗ ੯੧)*

**ਜੋ ਦਿਨ ਆਵਹਿ ਸੋ ਦਿਨ ਜਾਹੀ॥**
**ਕਰਨਾ ਕੂਚੁ ਰਹਨੁ ਥਿਰੁ ਨਾਹੀ॥** *(ਸੂਹੀ ਰਵਿਦਾਸ ਜੀਉ, ਅੰਗ ੭੯੩)*

[ਅੰਗ ੭੬]

## ਅੰਤਿ ਕਾਲਿ ਪਛੁਤਾਸੀ ਅੰਧੁਲੇ; ਜਾ ਜਮਿ ਪਕੜਿ ਚਲਾਇਆ॥

ਹੇ ਅੰਧੁਲੇ = ਅਗਿਆਨੀ ਜੀਵ ! ਜਦੋਂ ਤੇਰਾ ਅੰਤਿ = ਅਖ਼ੀਰ ਦਾ ਕਾਲਿ = ਸਮਾਂ ਆ ਗਿਆ ਤਾਂ ਤੈਨੂੰ ਮਨੁੱਖਾ ਦੇਹ ਦਾ ਬੇਅਰਥ ਖੋਹ ਜਾਣ ਦਾ ਪਛੁਤਾਸੀ = ਪਛੁਤਾਵਾ ਹੋਵੇਗਾ, ਜਾ = ਜਦੋਂ ਜਮਾਂ ਨੇ ਤੈਨੂੰ ਪਕੜ ਕਰਕੇ ਪਰਲੋਕ ਨੂੰ ਚਲਾਇਆ = ਤੋਰਿਆ।

## ਸਭੁ ਕਿਛੁ, ਅਪੁਨਾ ਕਰਿ ਕਰਿ ਰਾਖਿਆ; ਖਿਨ ਮਹਿ ਭਇਆ ਪਰਾਇਆ ॥

ਜੋ ਸਭੁ = ਸਾਰਾ ਕਿਛੁ = ਕੁਝ ਆਪਣਾ ਸੰਭਾਲ **ਵਾ:** ਜਾਣ ਕਰ ਕੇ ਰਾਖਿਆ = ਰੱਖਿਆ ਹੋਇਆ ਸੀ ਉਹ ਇਕ ਖਿਨ = ਛਿਨ ਮਹਿ = ਵਿਚ ਹੀ ਪਰਾਇਆ = ਬੇਗ਼ਾਨਾ ਭਇਆ = ਹੋ ਗਿਆ।

## ਬੁਧਿ ਵਿਸਰਜੀ, ਗਈ ਸਿਆਣਪ; ਕਰਿ ਅਵਗਣ ਪਛੁਤਾਇ ॥

(**ਵਿ-ਸਰਜੀ** ਬੋਲੋ)

ਬਿਰਧ ਅਵਸਥਾ ਵਿਚ ਤੇਰੀ ਬੁੱਧ ਵਿਸਰਜੀ = ਵਿਸਰ ਜਾਵੇਗੀ ਅਤੇ ਸ਼ਾਸਤਰਾਂ, ਗ੍ਰੰਥਾਂ, ਗਿਆਨ, ਸੰਸਾਰਕ ਸੋਝੀ ਆਦਿ ਦੀ ਸਾਰੀ ਸਿਆਣਪ ਗਈ = ਚਲੀ ਜਾਵੇਗੀ। ਔਗੁਣਾਂ ਕਰਕੇ ਤੇਰੇ ਪੱਲੇ ਕੇਵਲ ਪਛੁਤਾਵਾ ਹੀ ਰਹਿ ਜਾਵੇਗਾ ਕਿ ਮੈਨੂੰ ਇਸ ਤਰ੍ਹਾਂ ਦੇ ਔਗੁਣ ਪਾਪ ਨਹੀਂ ਕਰਨੇ ਚਾਹੀਦੇ ਸਨ। ਜੇਕਰ ਮੈਨੂੰ ਗਿਆਤ ਹੁੰਦਾ ਕਿ ਮੈਨੂੰ ਐਸਾ ਡੰਡ ਮਿਲਣਾ ਹੈ ਤਾਂ ਮੈਂ ਐਸੇ ਪਾਪ ਕਰਮ ਕਦਾਚਿਤ ਨਾ ਕਰਦਾ।

## ਕਹੁ ਨਾਨਕ ਪ੍ਰਾਣੀ, ਤੀਜੈ ਪਹਰੈ; ਪ੍ਰਭ ਚੇਤਹੁ ਲਿਵ ਲਾਇ ॥੩॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ! ਤੂੰ ਉਮਰ ਰੂਪੀ ਰਾਤ ਦੇ ਤੀਜੇ ਪਹਿਰ ਦੇ ਹਿੱਸੇ ਵਿਚ ਲਿਵ = ਬਿਰਤੀ ਨੂੰ ਜੋੜ ਕੇ ਸਦਾ ਪ੍ਰਭ = ਪਰਮੇਸ਼ਰ ਨੂੰ ਹੀ ਚੇਤਹੁ = ਯਾਦ ਕਰ ॥੩॥

## ਚਉਥੈ ਪਹਰੈ, ਰੈਣਿ ਕੈ ਵਣਜਾਰਿਆ ਮਿਤ੍ਰਾ; ਬਿਰਧਿ ਭਇਆ ਤਨੁ ਖੀਣੁ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ = ਸੱਜਣਾ! ਜਦੋਂ ਤੇਰੀ ਉਮਰ ਰੂਪੀ ਰਾਤ ਦਾ ਚੌਥੇ ਪਹਿਰ ਦਾ ਹਿੱਸਾ ਆਵੇਗਾ, ਤਾਂ ਤੇਰਾ ਤਨੁ = ਸਰੀਰ ਬਿਰਧਿ = ਬੁਢੇਪੇ ਵਿਚ ਖੀਣੁ = ਕਮਜ਼ੋਰ ਹੋ ਜਾਵੇਗਾ ਅਤੇ ਅੰਤ ਨੂੰ ਨਸ਼ਟ ਹੋ ਜਾਵੇਂਗਾ।

## ਅਖੀ ਅੰਧੁ ਨ ਦੀਸਈ, ਵਣਜਾਰਿਆ ਮਿਤ੍ਰਾ; ਕੰਨੀ ਸੁਣੈ ਨ ਵੈਣ ॥

ਹੇ ਜੀਵ ਰੂਪ ਵਣਜਾਰੇ ਮਿੱਤਰਾ! ਤੂੰ ਅਖੀ = ਨੇਤਰਾਂ ਤੋਂ ਅੰਧੁ = ਅੰਨ੍ਹਾ ਹੋ ਜਾਵੇਂਗਾ! ਤੇਰੇ ਨੇੜੇ ਪਈ ਹੋਈ ਵਸਤੂ ਵੀ ਤੈਨੂੰ ਨ ਦੀਸਈ = ਨਹੀਂ ਦਿਸੇਗੀ ਅਤੇ ਤੇਰੇ ਕੰਨੀ = ਕੰਨਾਂ ਨੂੰ ਮਾਰੀ ਹੋਈ ਵੈਣ = ਆਵਾਜ਼ ਵੀ ਨਹੀਂ ਸੁਣੇਗੀ।

## ਅਖੀ ਅੰਧੁ ਜੀਭ ਰਸੁ ਨਾਹੀ; ਰਹੇ ਪਰਾਕਉ ਤਾਣਾ ॥

(ਦੂਸਰਾ ਪਾਠ **ਪਰਾ ਕਉ**)

ਹੇ ਜੀਵ! ਤੇਰੀਆਂ ਅਖੀ = ਅੱਖਾਂ ਅੰਧੁ = ਅੰਨ੍ਹੀਆਂ ਭਾਵ ਨਿਗਾਹ ਤੋਂ ਹੀਣੀਆਂ ਹੋ ਜਾਣਗੀਆਂ ਅਤੇ ਤੇਰੀ ਜੀਭ = ਜ਼ੁਬਾਨ ਵਿਚ ਰਸ ਲੈਣ ਦੀ ਸੁਰਤੀ ਟੁੱਟ ਜਾਵੇਗੀ **ਵਾ:** ਤੇਰੀ ਜ਼ੁਬਾਨ ਵਿੱਚੋਂ ਪ੍ਰੇਮ ਰਸ ਵਾਲੇ ਬਚਨ ਨਹੀਂ ਨਿਕਲਣੇ ਅਤੇ ਪੂਰਬਲਾ ਇੰਦਰੀਆਂ ਦਾ, ਵੇਖਣ, ਸੁੰਘਣ, ਸੁਣਨ ਆਦਿ ਦਾ ਪਰਾਕਉ = ਬਲ ਅਤੇ ਸਰੀਰ ਦਾ ਤਾਣਾ = ਬਲ ਵੀ ਨਹੀਂ ਰਹੇਗਾ **ਵਾ:** ਤੈਨੂੰ ਪਰਾ = ਪਰਾਏ ਕਉ = ਦੇ ਮੋਢੇ ਫੜ ਕੇ ਕਿਸੇ ਦੇ ਆਸਰੇ ਤੁਰਨਾ ਪਏਗਾ। ਤੇਰੀ ਐਸੀ ਹਾਲਤ ਹੋ ਜਾਵੇਗੀ ਕਿ ਪਾਣੀ ਦਾ ਬਰਤਨ ਵੀ ਤੈਨੂੰ ਸੈਂਕੜੇ ਕੋਹਾਂ 'ਤੇ ਪਿਆ ਪ੍ਰਤੀਤ ਹੋਵੇਗਾ। ਜੈਸਾ ਕਿ :

**ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥੨੦॥** *(ਸਲੋਕ ਸੇਖ ਫਰੀਦ ਕੇ, ਅੰਗ ੧੩੭੮)*

## ਗੁਣ ਅੰਤਰਿ ਨਾਹੀ, ਕਿਉ ਸੁਖੁ ਪਾਵੈ; ਮਨਮੁਖ ਆਵਣ ਜਾਣਾ ॥

ਹੇ ਜੀਵ! ਤੇਰੇ ਅੰਦਰ ਕੋਈ ਵੀ ਗੁਣ ਨਹੀਂ ਹੈ, ਤੂੰ ਕਿਉ = ਕਿਵੇਂ ਸੁਖ ਨੂੰ ਪਾਵੈ = ਪ੍ਰਾਪਤ ਕਰੇਂਗਾ? ਤੂੰ ਆਪਣੇ ਮਨ ਨੂੰ ਹੀ ਮੁਖੀ ਬਣਾਇਆ ਹੋਇਆ ਹੈ। ਜੋ ਤੇਰਾ ਮਨ ਤੈਨੂੰ ਪ੍ਰੇਰਣਾ ਦਿੰਦਾ ਹੈ, ਤੂੰ ਉਹ ਕੁਝ ਹੀ ਕਰਦਾ ਹੈਂ। ਇਸ ਕਾਰਨ ਤੇਰਾ ਆਵਣ ਜਾਣਾ = ਜੰਮਣਾ ਮਰਣਾ ਲੱਗਿਆ ਹੋਇਆ ਹੈ।

## ਖੜੁ ਪਕੀ ਕੁੜਿ ਭਜੈ ਬਿਨਸੈ; ਆਇ ਚਲੈ ਕਿਆ ਮਾਣੁ ॥

(**ਭਜੈ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਜਿਵੇਂ ਖੜੁ = ਖੇਤੀ ਪਕੀ = ਪੱਕ ਕੇ ਕੁੜਿ = ਕੁੱਬੀ ਹੋ ਜਾਂਦੀ ਹੈ ਭਾਵ ਨੀਵੀਂ ਹੋ ਜਾਂਦੀ ਹੈ, ਫਿਰ ਉਹ ਭਜੈ = ਟੁੱਟ ਜਾਂਦੀ ਹੈ ਅਤੇ ਬਿਨਸੈ = ਅੰਤ ਨੂੰ ਨਾਸ ਹੋ ਜਾਂਦੀ ਹੈ **ਅਥਵਾ** ਇਸੇ ਪ੍ਰਕਾਰ ਤੇਰੀ ਉਮਰ ਦੀ ਸਰੀਰ ਰੂਪੀ ਖੇਤੀ ਪਕੀ = ਪੱਕ ਗਈ ਭਾਵ ਬਿਰਧ ਅਵਸਥਾ ਆ ਗਈ ਤਾਂ ਕੁੜਿ = ਕੁੱਬਾ ਹੋ ਜਾਵੇਂਗਾ ਅਤੇ ਅੰਤ ਨੂੰ ਤੇਰਾ ਸਰੀਰ ਬਿਨਸੈ = ਨਾਸ ਹੋ ਜਾਵੇਗਾ। ਜਦ ਤਨ ਨੇ ਆ ਕੇ ਚਲੈ = ਚਲਿਆ ਜਾਣਾ ਹੈ ਤਾਂ ਇਸ ਤਨ ਦਾ ਕਿਆ = ਕੀ ਮਾਣੁ = ਹੰਕਾਰ ਕਰਦਾ ਹੈਂ।

## ਕਹੁ ਨਾਨਕ, ਪ੍ਰਾਣੀ ਚਉਥੈ ਪਹਰੈ; ਗੁਰਮੁਖਿ ਸਬਦੁ ਪਛਾਣੁ ॥੪॥

ਸਤਿਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਸਰੀਰ ਦੀ ਉਮਰ ਰੂਪੀ ਰਾਤ ਦੇ ਚਉਥੈ = ਚੌਥੇ ਪਹਿਰ (ਬਿਰਧ ਅਵਸਥਾ) ਵਿਚ ਗੁਰਮੁਖਿ = ਮੁਖੀ ਗੁਰਾਂ ਦੇ ਸਬਦੁ = ਉਪਦੇਸ਼ ਦੁਆਰਾ ਸਤ ਸਰੂਪ ਨੂੰ ਪਛਾਣੁ = ਪਛਾਣਨਾ ਕਰਿ **ਵਾ:** ਗੁਰਮੁਖ ਬਣ ਕੇ ਸਬਦੁ = ਬ੍ਰਹਮ ਨੂੰ ਪਛਾਣਨਾ ਕਰ ॥੪॥

ਸਤਿਗੁਰੂ ਪਾਤਸ਼ਾਹ ਜੀ ਉਮਰ ਰੂਪੀ ਰਾਤ ਦੇ ਚਾਰੇ ਪਹਿਰ ਪੂਰੇ ਕਰਨ ਤੋਂ ਉਪਰੰਤ ਹੁਣ ਇਕ ਹੋਰ ਪੰਜਵੀਂ ਪਉੜੀ ਦੀ ਰਚਨਾ ਕਰਦੇ ਹੋਏ ਫ਼ੁਰਮਾਨ ਕਰਦੇ ਹਨ ਕਿ

## ਓੜਕੁ ਆਇਆ ਤਿਨ ਸਾਹਿਆ, ਵਣਜਾਰਿਆ ਮਿਤ੍ਰਾ; ਜਰੁ ਜਰਵਾਣਾ ਕੰਨਿ ॥

ਹੇ ਜੀਵ ਰੂਪੀ ਵਣਜਾਰੇ ਮਿੱਤਰਾ ! ਵਾਹਿਗੁਰੂ ਵੱਲੋਂ ਤੈਨੂੰ ਬਖ਼ਸ਼ਿਆ ਹੋਇਆ ਸਾਹਿਆ = ਸੁਆਸਾਂ ਦਾ ਜਦੋਂ ਓੜਕੁ = ਸਮਾਂ ਆਇਆ ਅਤੇ ਜਦੋਂ ਜਰੁ = ਬੁਢੇਪਾ ਆਇਆ ਤਾਂ ਤੇਰਾ ਜਰਵਾਣਾ = ਬਲ ਕੰਨਿ = ਕੰਨੇ 'ਤੇ ਭਾਵ ਮੋਢਿਆਂ 'ਤੇ ਆ ਜਾਵੇਗਾ। ਉਦੋਂ ਤੂੰ ਕਮਜ਼ੋਰ ਹੋ ਜਾਵੇਂਗਾ। ਉਦੋਂ ਤੇਰੀ ਸਾਰੀ ਅਕਲ ਨਾਸ ਹੋ ਜਾਵੇਗੀ **ਵਾ:** ਝੋਟੇ 'ਤੇ ਸਵਾਰ ਹੋਣ ਵਾਲਾ ਜਮ ਤੇਰੇ ਕੰਨਿ = ਮੋਢਿਆਂ 'ਤੇ ਆ ਜਾਵੇਗਾ।

## ਇਕ ਰਤੀ ਗੁਣ ਨ ਸਮਾਣਿਆ, ਵਣਜਾਰਿਆ ਮਿਤ੍ਰਾ; ਅਵਗਣ ਖੜਸਨਿ ਬੰਨਿ ॥

(ਦੂਸਰਾ ਪਾਠ **ਖੜ ਸਨਿ**)

ਫਿਰ ਉਹ ਤੈਨੂੰ ਕਹੇਗਾ ਕਿ ਤੂੰ ਰੱਤੀ ਜਿੰਨਾ ਇਕ ਵੀ ਗੁਣ ਨ ਸਮਾਣਿਆ = ਧਾਰਨ ਨਹੀਂ ਕੀਤਾ। ਹੇ ਜੀਵ ਰੂਪੀ ਵਣਜਾਰੇ ਮਿਤ੍ਰਾ = ਸੱਜਣਾ ! ਫਿਰ ਤੈਨੂੰ ਉਹ ਜਮ ਤੇਰੇ ਅਵਗਣ = ਔਗੁਣਾਂ ਕਰਕੇ ਤੈਨੂੰ ਬੰਨਿ ਕੇ ਨਾਲ ਖੜਸਨਿ = ਲੈ ਜਾਵੇਗਾ **ਵਾ:** (ਖੜ + ਸਨਿ) ਜਮਦੂਤ ਔਗੁਣਾਂ ਦੇ ਸਨਿ = ਸਮੇਤ ਹੀ ਤੈਨੂੰ ਪ੍ਰਲੋਕ ਨੂੰ ਖੜ = ਲੈ ਜਾਵੇਗਾ ਵਾ: (ਖੜ + ਸਨਿ) ਜਮਦੂਤ ਔਗੁਣਾਂ ਦੇ ਸਨਿ = ਸਮੇਤ ਹੀ ਤੈਨੂੰ ਪ੍ਰਲੋਕ ਨੂੰ ਖੜ = ਲੈ ਜਾਣਗੇ। (ਮਾਝੇ ਵਿਚ ਲੈ ਜਾਣ ਨੂੰ ਖੜਸਨਿ = ਖੜਨਾ ਕਹਿੰਦੇ ਹਨ।)

## ਗੁਣ ਸੰਜਮਿ ਜਾਵੈ, ਚੋਟ ਨ ਖਾਵੈ; ਨਾ ਤਿਸੁ ਜੰਮਣੁ ਮਰਣਾ ॥

ਜੋ ਹਿਰਦੇ ਅੰਦਰ ਸਤ, ਸੰਤੋਖ ਆਦਿ ਗੁਣ ਤੇ ਵਿਸ਼ਿਆਂ ਵੱਲੋਂ ਸੰਜਮਿ = ਪ੍ਰਹੇਜ਼ **ਵਾ:** ਸੰਜਮਿ = ਇੰਦਰੀਆਂ ਦਾ ਦਮਨ ਕਰਕੇ ਇਨ੍ਹਾਂ ਗੁਣਾਂ ਦੇ ਸਮੇਤ ਪ੍ਰਲੋਕ ਨੂੰ ਜਾਵੈ = ਜਾਵੇਗਾ ਉਹ ਜਮਾਂ ਦੀਆਂ ਚੋਟ = ਸੱਟਾਂ ਨ = ਨਹੀਂ ਖਾਵੈ = ਖਾਵੇਗਾ ਅਤੇ ਨਾ ਹੀ ਤਿਸੁ = ਉਸ ਨੂੰ ਜੰਮਣਾ ਮਰਨਾ ਹੋਵੇਗਾ।

## ਕਾਲੁ ਜਾਲੁ ਜਮੁ, ਜੋਹਿ ਨ ਸਾਕੈ; ਭਾਇ ਭਗਤਿ ਭੈ ਤਰਣਾ ॥

ਜਮ ਰੂਪੀ ਕਾਲ ਆਪਣੇ ਜਾਲ ਦੁਆਰਾ ਉਸ ਨੂੰ ਜੋਹਿ = ਦੇਖ ਨ = ਨਹੀਂ ਸਾਕੈ = ਸਕੇਗਾ ਭੈ ਦੇ ਸੰਯੁਕਤ ਹੋ ਕੇ ਭਾਇ = ਪ੍ਰੇਮਾ ਭਗਤਿ = ਭਗਤੀ ਕਰਨ ਦੇ ਨਾਲ ਸੰਸਾਰ ਸਾਗਰ ਤੋਂ ਤਰਣਾ ਹੁੰਦਾ ਹੈ।

## ਪਤਿ ਸੇਤੀ ਜਾਵੈ, ਸਹਜਿ ਸਮਾਵੈ; ਸਗਲੇ ਦੂਖ ਮਿਟਾਵੈ ॥

ਇਸ ਦੁਨੀਆਂ ਵਿੱਚੋਂ ਜਦੋਂ ਤੂੰ ਪਤਿ = ਇੱਜ਼ਤ ਦੇ ਸਹਿਤ ਜਾਵੇਂਗਾ ਤਾਂ ਸਹਿਜੇ ਹੀ ਪਰਮੇਸ਼ਰ ਦੇ ਵਿਚ ਸ਼ਾਂਤੀ ਨਾਲ ਅਭੇਦ ਹੋ ਜਾਵੇਂਗਾ ਜਿਵੇਂ ਸੱਪ ਕੁੰਜ ਨੂੰ ਛੱਡ ਕੇ ਪਰ੍ਹੇ ਹੋ ਜਾਂਦਾ ਹੈ। ਹਾਥੀ ਆਪਣੀ ਸੁੰਡ ਦੇ

ਨਾਲ ਗਲ ਵਿਚ ਪਈ ਮਾਲਾ ਨੂੰ ਲਾਹ ਕੇ ਸੁੱਟ ਦਿੰਦਾ ਹੈ। ਇਸ ਤਰ੍ਹਾਂ ਤੂੰ ਆਪਣੀ ਦੇਹ ਨੂੰ ਤਿਆਗ ਕੇ ਨਿਰਲੇਪ ਹੋ ਜਾਵੇਂਗਾ ਤੇ ਤੈਨੂੰ ਕੋਈ ਸੋਗ ਨਹੀਂ ਹੋਵੇਗਾ। ਫਿਰ ਜਿਹੜੇ ਤੇਰੀ ਸੰਗਤ ਕਰਨਗੇ, ਉਨ੍ਹਾਂ ਦੇ ਅਤੇ ਆਪਣੇ ਸਾਰੇ ਦੁੱਖਾਂ ਨੂੰ ਤੂੰ ਅਰਦਾਸ ਕਰ ਕੇ ਮਿਟਾਵੈ = ਬਖ਼ਸ਼ਾ ਲਵੇਂਗਾ ਭਾਵ ਦੁੱਖਾਂ ਤੋਂ ਬਚਾਅ ਲਵੇਂਗਾ।

## ਕਹੁ ਨਾਨਕ, ਪ੍ਰਾਣੀ ਗੁਰਮੁਖਿ ਛੁਟੈ; ਸਾਚੇ ਤੇ ਪਤਿ ਪਾਵੈ ॥੫॥੨॥

ਪਾਤਸ਼ਾਹ ਜੀ ਫ਼ੁਰਮਾਉਂਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ! ਤੂੰ ਗੁਰਮੁਖ ਬਣ ਕੇ ਸਤਿਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਬੰਧਨਾਂ ਤੋਂ ਛੁਟੈ = ਮੁਕਤ ਹੋ ਸਕਦਾ ਹੈਂ ਅਤੇ ਸੇਵਾ ਕਰਕੇ ਉਸ ਸੱਚੇ ਪਰਮੇਸ਼ਰ ਦੇ ਨਾਮ ਤੇ = ਦੁਆਰਾ ਪਤਿ = ਇੱਜ਼ਤ ਪ੍ਰਾਪਤ ਕਰ ਸਕੇਂਗਾ ॥੫॥੨॥

## ਸਿਰੀਰਾਗੁ ਮਹਲਾ ੪ ॥

ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੇ ਅੰਮ੍ਰਿਤ ਰੂਪ ਗੁਰਬਾਣੀ ਉਚਾਰਨ ਕਰਦਿਆਂ ਉਪਰੋਕਤ ਦੋ ਸ਼ਬਦ ਪਹਿਰਿਆਂ ਰੂਪ ਬਾਣੀ ਵਿਚ ਉਚਾਰਨ ਕੀਤੇ ਹਨ, ਜੋ ਵਣਜਾਰਿਆਂ ਦੇ ਦੇਸ਼ ਵਿਚ ਵਣਜਾਰਿਆਂ ਦੇ ਨਾਇਕ ਦੇ ਮਰੇ ਪੁੱਤਰ ਨੂੰ ਜਿਊਂਦਾ ਕੀਤਾ। ਜਿਸ ਦੇ ਵਣਜਾਰਿਆਂ ਦੇ ਨਾਇਕ ਅਤੇ ਉਸ ਦੇ ਪਰਿਵਾਰ ਨੇ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਧਾਰਨ ਕੀਤੀ ਤੇ ਫਿਰ ਸਾਰੇ ਵਣਜਾਰਿਆਂ ਨੇ ਸਿੱਖ ਬਣ ਕੇ ਸ਼ਬਦ ਦੀ ਕਮਾਈ ਕੀਤੀ। ਧਰਮਸਾਲ ਬਣਵਾਈ ਤੇ ਉਸ ਵਿਚ ਦੋ ਵੇਲੇ ਸਤਸੰਗ ਸ਼ੁਰੂ ਹੋਇਆ। ਉਸ ਤੋਂ ਬਾਅਦ ਜਦੋਂ ਇਹ ਬੱਚਾ ਜੋ ਗੁਰੂ ਨਾਨਕ ਦੇਵ ਜੀ ਨੇ ਜਿਊਂਦਾ ਕੀਤਾ ਸੀ, ਉਹ ਜਵਾਨ ਹੋਇਆ ਤਾਂ ਉਸ ਦੇ ਅੱਗੇ ਪੁੱਤਰ ਪੈਦਾ ਹੋਇਆ। ਇਸ ਦੇ ਮਨ ਵਿਚ ਬੜੀ ਜਗਿਆਸਾ ਜਾਗੀ ਕਿ ਜਿਸ ਗੁਰੂ ਨੇ ਮੇਰੇ ਪਿਤਾ ਨੂੰ ਜੀਵਨ-ਦਾਨ ਦਿੱਤਾ ਸੀ, ਮੈਂ ਉਸ ਗੁਰੂ ਦੇ ਦਰਸ਼ਨ ਕਰਾਂ। ਪਤਾ ਲੱਗਾ ਕਿ ਉਨ੍ਹਾਂ ਨੇ ਆਪਣਾ ਸਰੀਰ ਸੰਸਾਰ ਤੋਂ ਉਹਲੇ ਕਰ ਲਿਆ ਹੈ। ਉਨ੍ਹਾਂ ਦੀ ਗੱਦੀ ਦੇ ਉੱਤੇ ਚੌਥੇ ਥਾਂ 'ਤੇ ਸੋਢੀ ਸੁਲਤਾਨ ਗੁਰੂ ਰਾਮਦਾਸ ਸਾਹਿਬ ਜੀ ਬਿਰਾਜਮਾਨ ਹਨ। ਫਿਰ ਇਹ ਟਾਂਡੇ ਨਗਰ ਤੋਂ ਵਣਜਾਰਿਆਂ ਦੀ ਸੰਗਤ ਲੈ ਕੇ ਗੁਰੂ ਨਾਨਕ ਸਾਹਿਬ ਜੀ ਦੇ ਉਚਾਰਨ ਕੀਤੇ ਦੋ ਸ਼ਬਦ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ। ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀ! ਇਹ ਉਸ ਵੇਲੇ ਦੇ ਦੋ ਸ਼ਬਦ ਹਨ ਜਦੋਂ ਮੇਰੇ ਦਾਦਾ ਜੀ ਦੀਆਂ ਬੇਨਤੀਆਂ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਮੇਰੇ ਪਿਤਾ ਜੀ ਨੂੰ ਜਿਊਂਦਾ ਕੀਤਾ ਸੀ ਅਤੇ ਨਾਲ ਇਹ ਵੀ ਵਰ ਦਿੱਤਾ ਸੀ ਕਿ ਤੁਹਾਡੀ ਕੁਲ ਵਿਚ ਗੁਰੂ ਦੀ ਸਿੱਖੀ ਰਹੇਗੀ। ਉਸ ਨੌਜਵਾਨ ਨੇ ਗੁਰੂ ਰਾਮਦਾਸ ਜੀ ਦੇ ਚਰਨਾਂ ਉੱਤੇ ਸਿਰ ਧਰ ਕੇ ਬੇਨਤੀ ਕੀਤੀ ਕਿ ਜਿਸ ਤਰ੍ਹਾਂ ਮੇਰੇ ਦਾਦਾ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਦਿੱਤਾ ਸੀ, ਉਸੇ ਤਰ੍ਹਾਂ ਆਪ ਜੀ ਮੈਨੂੰ ਵੀ ਉਪਦੇਸ਼ ਬਖ਼ਸ਼ਣਾ ਕਰੋ। ਉਸ ਸਮੇਂ ਦੁੱਖ ਭੰਜਨੀ ਬੇਰ ਸਾਹਿਬ ਵਿਖੇ ਦੀਵਾਨ ਸਜਿਆ ਹੋਇਆ ਸੀ।

**ਚੰਦਰਮਾ ਦਾ ਅਲੰਕਾਰ :** ਜਿਵੇਂ ਪੂਰਨਮਾਸ਼ੀ ਦੀ ਰਾਤ ਨੂੰ ਚੰਦਰਮਾ ਆਕਾਸ਼ ਵਿਚ ਸੁਭਾਇਮਾਨ ਹੁੰਦਾ ਹੈ ਤੇ ਬਹੁਤ ਚਕੋਰ ਚੰਦਰਮਾ ਵੱਲ ਧਿਆਨ ਲਾ ਕੇ ਬੈਠੇ ਹੁੰਦੇ ਹਨ, ਇਉਂ ਗੁਰੂ ਸਾਹਿਬ ਜੀ ਚੰਦਰਮਾ ਦੀ ਨਿਆਈਂ ਅਤੇ ਸਿੱਖ ਚਕੋਰ ਦੀ ਨਿਆਈਂ ਹਨ। ਭਗਤੀ ਦੇ ਸ਼ਬਦ ਉਚਾਰਨ ਕੀਤੇ। ਨਿਰਮਲ ਗਿਆਨ ਕਰਕੇ ਸਿੱਖਾਂ ਦੀਆਂ ਨਿਰਮਲ ਬੁੱਧੀਆਂ ਕਲੀਆਂ ਦੀ ਨਿਆਈਂ ਖਿਲ ਰਹੀਆਂ ਸਨ। ਜਗਿਆਸੂ ਰੂਪ ਭੌਰੇ ਭਗਤੀ ਦੀ ਸੁਗੰਧੀ ਦਾ ਅਨੰਦ ਮਾਣ ਰਹੇ ਸਨ। ਜੈਸਾ ਕਿ ਕਬੀਰ ਜੀ ਨੇ ਐਸਾ ਕਥਨ ਕੀਤਾ ਹੈ :

**ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ ॥** *(ਗਉੜੀ ਥਿਤੀ ਕਬੀਰ ਜੀ, ਅੰਗ ੩੪੪)*

ਜਿਵੇਂ ਚੰਦਰਮਾ ਦੀਆਂ ਸੋਲ੍ਹਾਂ ਕਲਾ ਮੰਨੀਆਂ ਗਈਆਂ ਹਨ, ਇਉਂ ਗੁਰੂ ਸਾਹਿਬ ਜੀ ਦੇ ਵਿਚ ਵੀ ਸ਼ਾਂਤੀ, ਪ੍ਰੇਮ, ਕਰੁਣਾ, ਮੈਤਰੀ, ਮੁੱਦਤਾ, ਅਪੇਖਿਆ, ਧੀਰਜ, ਸਤਿ, ਸੰਤੋਖ, ਦਇਆ, ਧਰਮ, ਵੀਚਾਰ, ਚੌਥੀ,

ਪੰਜਵੀਂ, ਛੇਵੀਂ ਅਤੇ ਸੱਤਵੀਂ ਭੂਮਿਕਾ ਗੁਰੂ ਰਾਮਦਾਸ ਜੀ ਇਸ ਪ੍ਰਕਾਰ ੧੬ ਗੁਣਾਂ ਸਮੇਤ ਹਨ। ਉਂਜ ਗੁਰੂ ਜੀ ਦੇ ਗੁਣਾਂ ਦਾ ਪਾਰਾਵਾਰ ਨਹੀਂ। ਚੰਦਰਮਾ ਦੇ ਅਲੰਕਾਰ ਵਿਚ ਕੇਵਲ ੧੬ ਗੁਣ ਗਿਣੇ ਹਨ। ਇਉਂ ਵਣਜਾਰੇ ਸਿੱਖਾਂ ਦੀ ਬੇਨਤੀ ਮੰਨ ਕੇ ਗੁਰੂ ਨਾਨਕ ਸਾਹਿਬ ਜੀ ਦੀ ਉਚਾਰਨ ਕੀਤੀ ਪਹਿਰਿਆਂ ਦੀ ਬਾਣੀ ਦੇ ਢੰਗ ਤਰੀਕੇ ਨਾਲ ਗੁਰੂ ਰਾਮਦਾਸ ਜੀ ਉਚਾਰਨ ਕਰਦੇ ਹਨ। ਜੀਵ ਨੂੰ ਵਣਜਾਰਾ ਇਸ ਕਰਕੇ ਕਿਹਾ ਹੈ ਕਿ ਇਹ ਜੀਵ ਚੰਗੇ ਅਤੇ ਮੰਦੇ ਵਾਪਾਰ ਦਾ ਕਰਮ ਕਰਦਾ ਹੈ। ਚੰਗੇ ਕਰਮ ਨਾਲ ਚੰਗਿਆਈ ਅਤੇ ਦੁਨੀਆਂ ਵਿਚ ਜੱਸ ਵਡਿਆਈ ਮਿਲਦੀ ਹੈ। ਮੰਦੇ ਕਰਮ ਕਰਨ ਨਾਲ ਜੀਵ ਨੂੰ ਅਪਜਸ ਮਿਲਦਾ ਹੈ ਅਤੇ ਪਰਲੋਕ ਵਿਚ ਨਰਕ ਭੋਗਣਾ ਪੈਂਦਾ ਹੈ। ਇਸ ਚੰਗੇ ਅਤੇ ਮੰਦੇ ਕਰਮਾਂ ਦੇ ਵਣਜ ਕਰਨ ਕਰਕੇ ਇਸ ਜੀਵ ਨੂੰ ਮਹਾਰਾਜ ਜੀ ਨੇ ਵਣਜਾਰਾ ਉਚਾਰਨ ਕੀਤਾ ਹੈ। ਵਾਹਿਗੁਰੂ ਚੇਤਨ ਸਰੂਪ ਦੀ ਸਾਰਿਆਂ ਜੀਵਾਂ ਵਿਚ ਅੰਸ਼ ਹੋਣ ਕਰਕੇ ਜੋ ਸਾਰਿਆਂ ਨੂੰ ਜਿਉਂਦਾ ਰੱਖਦੀ ਹੈ, ਉਸ ਕਰਕੇ ਮਹਾਰਾਜ ਸਾਹਿਬ ਜੀ ਮਿੱਤਰ ਆਖਦੇ ਹਨ ਭਾਵ ਤੁਹਾਡੇ ਅੰਦਰ ਪਰਮਾਤਮਾ ਦੀ ਜੋਤਿ ਹੈ, ਇਸ ਕਰਕੇ ਸਾਨੂੰ ਜੀਵਾਂ ਨੂੰ ਮਿੱਤਰ ਕਿਹਾ ਹੈ। ਪਹਿਰ ਨਾਮ ਹਿੱਸੇ ਦਾ ਹੁੰਦਾ ਹੈ। ਜਿਸ ਪ੍ਰਕਾਰ ਚਾਰ ਪਹਿਰ ਦਿਨ ਅਤੇ ਚਾਰ ਪਹਿਰ ਰਾਤ ਦੇ ਹੁੰਦੇ ਹਨ, ਉਸੇ ਪ੍ਰਕਾਰ ਉਮਰ ਦੇ ਬਾਲਕ ਅਵਸਥਾ, ਕਿਸ਼ੋਰ ਅਵਸਥਾ, ਜਵਾਨੀ ਅਵਸਥਾ ਅਤੇ ਬੁਢੇਪਾ ਅਵਸਥਾ ਰੂਪ ਚਾਰ ਉਮਰ ਰੂਪੀ ਰਾਤ ਦੇ ਚਾਰ ਪਹਿਰ ਬਣਾ ਕੇ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ :

## ਪਹਿਲੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਹਰਿ ਪਾਇਆ ਉਦਰ ਮੰਝਾਰਿ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ = ਸੱਜਣਾ ! ਜਦੋਂ ਤੈਨੂੰ ਉਮਰ ਰੂਪੀ ਰਾਤ ਦੇ ਪਹਿਲੇ ਪਹਿਰ ਦਾ ਹਿੱਸਾ ਪ੍ਰਾਪਤ ਹੋਇਆ ਤਾਂ ਹਰਿ = ਹਰੀ ਪਰਮੇਸ਼ਰ ਨੇ ਤੇਰੀ ਕਰਣੀ ਅਨੁਸਾਰ ਤੈਨੂੰ ਮਾਤਾ ਦੇ ਗਰਭ ਮੰਝਾਰਿ = ਵਿਚ ਪਾਇਆ = ਪਾਉਣਾ ਕੀਤਾ।

## ਹਰਿ ਧਿਆਵੈ ਹਰਿ ਉਚਰੈ, ਵਣਜਾਰਿਆ ਮਿਤ੍ਰਾ; ਹਰਿ ਹਰਿ ਨਾਮੁ ਸਮਾਰਿ ॥

ਹੇ ਜੀਵ ਰੂਪ ਵਣਜਾਰਿਆ ਮਿਤ੍ਰਾ = ਸੱਜਣਾ ! ਉਥੇ ਤੈਨੂੰ ਇਹ ਵੀ ਸਮਝ ਨਹੀਂ ਸੀ ਕਿ ਮੈਂ ਕਿੱਧਰੋਂ ਆਇਆ ਹਾਂ ਅਤੇ ਕਿੱਧਰ ਨੂੰ ਜਾਣਾ ਹੈ। ਉਸ ਸਮੇਂ ਤੂੰ ਮਨ ਦੀ ਧਿਆਨ ਬਿਰਤੀ ਦੁਆਰਾ ਪਰਾ ਬਾਣੀ ਨਾਲ ਉਸ ਹਰਿ = ਹਰੀ ਪਰਮੇਸ਼ਰ ਨੂੰ ਧਿਆਵੈ = ਧਿਆਉਂਦਾ ਸੀ। ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਉਚਰੈ = ਉਚਾਰਨ ਕਰਦਾ ਸੀ। ਤੂੰ ਹਰਿ = ਹਰੀ ਵਾਹਿਗੁਰੂ ਨੂੰ ਪ੍ਰੇਮ ਨਾਲ ਸਮਾਰਿ = ਸਮਾਲਣਾ ਕਰਦਾ ਸੀ। ਹਰਿ = ਹਰੀ ਵਾਹਿਗੁਰੂ ਨੂੰ ਹੀ ਨਿਰੰਤਰ ਅਰਾਧਨ ਕਰਦਾ ਸੀ। ਉਸ ਸਮੇਂ ਤੈਨੂੰ ਆਪਣੇ ਪਿਛਲੇ ਸੌ ਜਨਮਾਂ ਦੀ ਸੋਝੀ ਪ੍ਰਾਪਤ ਹੋ ਗਈ ਸੀ। ਤੂੰ ਕਿਹੋ ਜਿਹੇ ਚੰਗੇ ਮੰਦੇ ਕਰਮ ਕੀਤੇ ਸਨ, ਉਸ ਪਸਚਾਤਾਪ ਵਿਚ ਤੂੰ ਪਰਮੇਸ਼ਰ ਨੂੰ ਹੀ ਉਚਰੈ = ਚੇਤੇ ਕਰਦਾ ਰਹਿੰਦਾ ਸੀ ਕਿ ਹੇ ਅਕਾਲ ਪੁਰਖ ! ਮੈਨੂੰ ਇਸ ਕੁੰਭੀ ਨਰਕ ਵਿੱਚੋਂ ਬਚਾਉਣਾ ਕਰ। ਮੈਂ ਤੇਰਾ ਸੁਆਸ ਸੁਆਸ ਸਿਮਰਨ ਕਰਾਂਗਾ। ਧਰਮ ਦੀ ਕਿਰਤ ਕਰ ਕੇ ਵੰਡ ਕੇ ਖਾਵਾਂਗਾ ਅਤੇ ਤੇਰੇ ਨਾਮ 'ਤੇ ਦਸਵਾਂ ਹਿੱਸਾ ਦਿਆ ਕਰਾਂਗਾ। ਇਸ ਤਰ੍ਹਾਂ ਤੂੰ ਸਦਾ ਹੀ ਉਸ ਹਰੀ ਵਾਹਿਗੁਰੂ ਦੇ ਨਾਮ ਨੂੰ ਹੀ ਸਮਾਰਿ = ਸਿਮਰਦਾ ਸੀ।

## ਹਰਿ ਹਰਿ ਨਾਮੁ ਜਪੇ ਆਰਾਧੇ; ਵਿਚਿ ਅਗਨੀ ਹਰਿ ਜਪਿ ਜੀਵਿਆ ॥

ਹਰਿ = ਹਰੀ ਪਰਮੇਸ਼ਰ ਜੋ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲਾ ਹੈ, ਤੂੰ ਉਸ ਦੇ ਨਾਮ ਨੂੰ ਪਰਾ ਬਾਣੀ ਦੁਆਰਾ ਜਪੇ = ਜਪਦਾ ਸੀ ਤੇ ਇਕ ਮਨ ਹੋ ਕੇ ਆਰਾਧੇ = ਯਾਦ ਕਰਦਾ ਸੀ। ਹੇ ਜੀਵ ! ਮਾਤਾ ਦੀ ਗਰਭ ਦੀ ਅੱਗ ਇਤਨੀ ਪ੍ਰਬਲ ਹੁੰਦੀ ਹੈ ਕਿ ਜੇਕਰ ਉਹ ਉਸ ਵਕਤ ਰੋੜ ਵੀ ਖਾ ਲਵੇ ਤਾਂ ਉਸ ਅਗਨੀ ਵਿਚ ਉਹ ਵੀ ਹਜ਼ਮ ਹੋ ਜਾਂਦੇ ਹਨ। ਐਸੀ ਅਗਨੀ ਦੇ ਵਿਚ ਤੇਰਾ ਫੁੱਲ ਨਾਲੋਂ ਵੀ ਜ਼ਿਆਦਾ

ਕੋਮਲ ਸਰੀਰ ਹਰਿ = ਪਰਮੇਸ਼ਰ ਵਾਹਿਗੁਰੂ ਦੇ ਸਿਮਰਨ ਕਰਕੇ ਹੀ ਜੀਵਿਆ = ਜਿਊਂਦਾ ਰਹਿ ਸਕਿਆ ਹੈ। ਉਸ ਅਕਾਲ ਪੁਰਖ ਦਾ ਤੇਰੇ ਸਰੀਰ ਉੱਤੇ ਐਸਾ ਪਰਉਪਕਾਰ ਹੈ।

## ਬਾਹਰਿ ਜਨਮੁ ਭਇਆ ਮੁਖਿ ਲਾਗਾ; ਸਰਸੇ ਪਿਤਾ ਮਾਤ ਥੀਵਿਆ ॥

ਜਦੋਂ ਤੇਰਾ ਸਰੀਰ ਮਾਤਾ ਦੇ ਗਰਭ ਵਿੱਚੋਂ ਬਾਹਰ ਆਇਆ ਭਾਵ ਜਨਮ ਭਇਆ = ਹੋਇਆ ਤਾਂ ਸਾਰੇ ਤੇਰੇ ਮੁਖਿ = ਮੂੰਹ ਦੇ ਤਾਈਂ ਦੇਖਣ ਲਾਗਾ = ਲਗੇ। ਤੇਰਾ ਪਿਤਾ ਵੀ ਬੜਾ ਪ੍ਰਸੰਨ ਹੋਇਆ ਕਿ ਮੇਰੇ ਘਰ ਪੁੱਤਰ ਪੈਦਾ ਹੋਇਆ ਹੈ। ਤੇਰੀ ਮਾਤਾ ਵੀ ਪ੍ਰੇਮ ਦੇ ਸਹਿਤ ਭਿੱਜ ਗਈ ਕਿ ਮੈਨੂੰ ਪਰਮੇਸ਼ਰ ਨੇ ਪੁੱਤਰ ਦੀ ਦਾਤ ਦਿੱਤੀ ਹੈ। ਇਸ ਪ੍ਰਕਾਰ ਤੇਰੇ ਮਾਤਾ ਪਿਤਾ ਸਮੇਤ ਅਨੰਦ ਦੇ ਸਰਸੇ = ਸਹਿਤ ਰਸ ਦੇ ਥੀਵਿਆ = ਹੋ ਗਏ।

## ਜਿਸ ਕੀ ਵਸਤੁ, ਤਿਸੁ ਚੇਤਹੁ ਪ੍ਰਾਣੀ; ਕਰਿ ਹਿਰਦੈ ਗੁਰਮੁਖਿ ਬੀਚਾਰਿ ॥

ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਜੇਕਰ ਤੇਰੇ ਕੋਲ ਪ੍ਰਾਣ ਹਨ ਤੇ ਦੌਲਤ ਅਤੇ ਸੰਬੰਧੀ ਹੈ। ਜੇਕਰ ਪ੍ਰਾਣ ਨਾ ਹੋਣ ਤਾਂ ਮੁਰਦੇ ਨੂੰ ਕੌਣ ਪਛਾਣਦਾ ਹੈ। ਜਿਸ ਵਾਹਿਗੁਰੂ ਨੇ ਤੈਨੂੰ ਪੁੱਤ ਅਤੇ ਪੋਤਰੇ ਭਾਵ ਪਦਾਰਥਾਂ ਰੂਪੀ ਵਸਤੁ = ਵਸਤੂਆਂ ਦੀ ਦਾਤ ਬਖ਼ਸ਼ੀ ਹੈ, ਤੂੰ ਤਿਸੁ = ਉਸ ਅਕਾਲ ਪੁਰਖ ਨੂੰ ਚੇਤੇ ਕਰ। ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ਤੂੰ ਤਿਸੁ = ਉਸ ਅਕਾਲ ਪੁਰਖ ਨੂੰ ਚੇਤਹੁ = ਸਿਮਰਨਾ ਕਰਨਾ ਅਤੇ ਗੁਰਮੁਖਾਂ ਦੁਆਰਾ ਹਿਰਦੈ = ਅੰਤਸ਼ਕਰਨ ਵਿਚ ਉਸ ਵਾਹਿਗੁਰੂ ਦੀ ਵਿਚਾਰ ਕਰ।

## ਕਹੁ ਨਾਨਕ ਪ੍ਰਾਣੀ, ਪਹਿਲੈ ਪਹਰੈ; ਹਰਿ ਜਪੀਐ ਕਿਰਪਾ ਧਾਰਿ ॥੧॥

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ ਕਿ ਹੇ ਪ੍ਰਾਣਾਧਾਰੀ ਜੀਵ ! ਸਰੀਰ ਦੀ ਉਮਰ ਰੂਪੀ ਰਾਤ ਦੇ ਪਹਿਲੇ ਪਹਿਰ ਦੇ ਮਾਤਾ ਦੇ ਗਰਭ ਰੂਪੀ ਹਿੱਸੇ ਵਿਚ ਉਸ ਹਰਿ = ਹਰੀ ਪਰਮੇਸ਼ਰ ਦੇ ਅੱਗੇ ਅਰਦਾਸ ਕਰੋ ਕਿ ਹੇ ਅਕਾਲ ਪੁਰਖ ! ਸਾਡੇ 'ਤੇ ਕਿਰਪਾ ਧਾਰਿ = ਧਾਰਨੀ ਕਰੋ ਕਿ ਅਸੀਂ ਤੇਰੇ ਹੀ ਨਾਮ ਨੂੰ ਜਪਣਾ ਕਰੀਏ ॥੧॥

## ਦੂਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਮਨੁ ਲਾਗਾ ਦੂਜੈ ਭਾਇ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ = ਸੱਜਣਾ ! ਸਰੀਰ ਰੂਪੀ ਰਾਤ ਦੇ ਦੂਜੇ ਪਹਿਰ ਦੇ ਹਿੱਸੇ ਵਿਚ ਜਨਮ ਧਾਰ ਕੇ ਬਾਲਪਨ ਵਿਚ ਤੂੰ ਉਸ ਵਾਹਿਗੁਰੂ ਪਰਮੇਸ਼ਰ ਨੂੰ ਵਿਸਾਰ ਦਿੱਤਾ ਹੈ ਅਤੇ ਤੇਰਾ ਮਨ ਦੂਜੈ ਭਾਇ = ਦਵੈਤ ਭਾਵ ਵਿਚ ਪ੍ਰੇਮ ਕਰਨ ਲੱਗ ਪਿਆ ਹੈ **ਵਾ:** ਮਨ ਨੂੰ ਜਗਤ ਭਾਵ ਵਿਚ ਲਾ ਕੇ ਦੂਜੈ = ਦਵੈਤ ਵਿਚ ਭਾਵ ਪਦਾਰਥਾਂ ਆਦਿ ਦੇ ਭਾਇ = ਪ੍ਰੇਮ ਵਿਚ ਲੱਗ ਪਿਆ ਹੈਂ।

## ਮੇਰਾ ਮੇਰਾ ਕਰਿ ਪਾਲੀਐ, ਵਣਜਾਰਿਆ ਮਿਤ੍ਰਾ; ਲੇ ਮਾਤ ਪਿਤਾ ਗਲਿ ਲਾਇ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ = ਸੱਜਣਾ ! ਜਿਹੜੇ ਤੇਰੇ ਸੰਬੰਧੀ ਤੈਨੂੰ ਮੇਰਾ ਪੁੱਤਰ, ਮੇਰਾ ਭਾਈ ਆਦਿ ਮੇਰਾ ਮੇਰਾ ਕਰਕੇ ਪਾਲੀਐ = ਪਾਲਦੇ ਹਨ। ਕਦੇ ਮਾਤਾ, ਕਦੇ ਪਿਤਾ ਤੈਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਆਪਣੇ ਗਲਿ = ਕੰਠ ਨਾਲ ਲਾਇ = ਲਾ ਕੇ ਸਾਰੇ ਮੋਹ ਕਰਦੇ ਹਨ।

## ਲਾਵੈ ਮਾਤ ਪਿਤਾ, ਸਦਾ ਗਲ ਸੇਤੀ; ਮਨਿ ਜਾਣੈ ਖਟਿ ਖਵਾਏ ॥

ਮਾਤਾ ਪਿਤਾ ਕਦੇ ਵੀ ਆਪਣੇ ਬੱਚੇ ਨੂੰ ਨਹੀਂ ਭੁੱਲਦੇ, ਉਹ ਸਦਾ ਹਮੇਸ਼ਾ ਹੀ ਉਸ ਨੂੰ ਆਪਣੇ ਗਲ

ਸੇਤੀ = ਨਾਲ ਲਾਵੈ = ਲਾਈ ਰੱਖਦੇ ਹਨ। ਮਾਤਾ ਪਿਤਾ ਆਪਣੇ ਮਨ ਵਿਚ ਮੋਹ ਦੁਆਰਾ ਇਹ ਜਾਣੈ = ਸਮਝਦੇ ਹਨ ਕਿ ਸਾਡਾ ਪੁੱਤਰ ਵੱਡਾ ਹੋ ਗਿਆ ਹੈ। ਸਾਨੂੰ ਖਟਿ = ਖੱਟੀ ਖੱਟ ਕੇ ਖਵਾਏਗਾ। ਪਰੰਤੂ ਮਾਤਾ ਪਿਤਾ ਦੀ ਸੇਵਾ ਕਰਨ ਵਾਲਾ ਸਰਵਨ ਵਰਗਾ ਕੋਈ ਵਿਰਲਾ ਹੀ ਹੈ, ਜੋ ਅੰਨ੍ਹੇ ਮਾਤਾ ਪਿਤਾ ਦੀ ਸੇਵਾ ਵਿਚ ਵਹਿੰਗੀ ਚੁੱਕ ਕੇ ਸੇਵਾ ਲਈ ਹਰ ਸਮੇਂ ਤਿਆਰ ਭਾਵ ਹਾਜ਼ਰ ਰਹਿੰਦਾ ਸੀ। ਐਸੇ ਗੁਣਾਂ ਵਾਲਾ ਕੋਈ ਕੋਈ ਹੁੰਦਾ ਹੈ, ਨਹੀਂ ਤਾਂ ਦੁਨੀਆਂ ਵਿਚ ਸਪੁੱਤਰ ਅਤੇ ਲਾਇਕ ਕਹਾ ਕਹਾ ਕੇ ਬੁੱਢੇ ਮਾਪਿਆਂ ਦੀ ਟਹਿਲ ਸੇਵਾ ਨਹੀਂ ਕਰਦੇ। ਮਾਤਾ ਪਿਤਾ ਆਸ ਰੱਖਦੇ ਹਨ ਕਿ ਸਾਨੂੰ ਖੱਟੀ ਭਾਵ ਮਿਹਨਤ ਕਰਕੇ ਖਵਾਏਗਾ।

## ਜੋ ਦੇਵੈ, ਤਿਸੈ ਨ ਜਾਣੈ ਮੂੜਾ; ਦਿਤੇ ਨੋ ਲਪਟਾਏ ॥

ਜੋ ਵਾਹਿਗੁਰੂ ਸਾਰੀਆਂ ਦਾਤਾਂ ਦੇਵੈ = ਦਿੰਦਾ ਹੈ, ਤਿਸੈ = ਉਸ ਪਰਮੇਸ਼ਰ ਨੂੰ ਮੂੜਾ = ਮੂਰਖ ਜੀਵ ਜਾਣੈ = ਜਾਣਦਾ ਨਹੀਂ ਅਤੇ ਉਸ ਪਰਮੇਸ਼ਰ ਵਾਹਿਗੁਰੂ ਦੀਆਂ ਪੁੱਤਰ ਆਦਿ ਦਿੱਤੀਆਂ ਹੋਈਆਂ ਦਾਤਾਂ ਦੇ ਮੋਹ ਵਿਚ ਲਪਟਾਏ = ਗ੍ਰਸਿਆ ਰਹਿੰਦਾ ਹੈ।

## ਕੋਈ ਗੁਰਮੁਖਿ ਹੋਵੈ, ਸੁ ਕਰੈ ਵੀਚਾਰੁ; ਹਰਿ ਧਿਆਵੈ ਮਨਿ ਲਿਵ ਲਾਇ ॥

ਜੇਕਰ ਕੋਈ ਗੁਰਮੁਖ ਹੋਵੇ ਸੁ = ਉਹੋ ਹੀ ਉਸ ਬ੍ਰਹਮ ਦੀ ਵੀਚਾਰ ਕਰੈ = ਕਰਦਾ ਹੈ ਅਤੇ ਮਨ = ਹਿਰਦੇ ਵਿਚ ਲਿਵ ਲਾਇ = ਲਾ ਕੇ ਭਾਵ ਬਿਰਤੀ ਟਿਕਾ ਕੇ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਵੈ = ਧਿਆਉਂਦਾ ਹੈ।

## ਕਹੁ ਨਾਨਕ, ਦੂਜੈ ਪਹਰੈ ਪ੍ਰਾਣੀ; ਤਿਸੁ ਕਾਲੁ ਨ ਕਬਹੂੰ ਖਾਇ ॥੨॥

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ! ਸਰੀਰ ਰੂਪੀ ਰਾਤ ਦੇ ਦੂਜੇ ਪਹਿਰ ਦੇ ਬਾਲਪਨ ਰੂਪ ਹਿੱਸੇ ਵਿਚ ਜੋ ਉਸ ਪਰਮੇਸ਼ਰ ਵਾਹਿਗੁਰੂ ਨੂੰ ਯਾਦ ਕਰੇਗਾ, ਤਿਸੁ = ਉਸ ਨੂੰ ਕਾਲੁ = ਜਮ ਕਬਹੂ = ਕਦੇ ਵੀ ਨਹੀਂ ਖਾਇ = ਖਾ ਸਕੇਗਾ॥੨॥

## ਤੀਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਮਨੁ ਲਗਾ ਆਲਿ ਜੰਜਾਲਿ ॥

ਹੇ ਜੀਵ ਰੂਪੀ ਵਣਜਾਰਿਆ ਮਿੱਤਰਾ! ਸਰੀਰ ਰੂਪੀ ਰਾਤ ਦੇ ਤੀਜੇ ਪਹਿਰ ਦੇ ਜਵਾਨੀ ਰੂਪ ਹਿੱਸੇ ਵਿਚ ਜੀਵਾਂ ਦਾ ਮਨ ਹਰ ਵਕਤ ਆਲਿ = ਘਰ ਦੇ, ਜੰਜਾਲਿ = ਬੰਧਨਾਂ ਵਿਚ ਲੱਗਾ ਰਹਿੰਦਾ ਹੈ।

## ਧਨੁ ਚਿਤਵੈ ਧਨੁ ਸੰਚਵੈ, ਵਣਜਾਰਿਆ ਮਿਤ੍ਰਾ; ਹਰਿ ਨਾਮਾ ਹਰਿ ਨ ਸਮਾਲਿ ॥

ਹੇ ਵਣਜਾਰਿਆ ਮਿੱਤਰਾ! ਜੀਵ ਉਸ ਪਰਮੇਸ਼ਰ ਦਾ ਸਿਮਰਨ ਛੱਡ ਕੇ ਧਨੁ = ਦੌਲਤ ਭਾਵ ਸਦਾ ਹੀ ਮਾਇਕੀ ਪਦਾਰਥਾਂ ਨੂੰ ਚਿਤਵੈ = ਚੇਤੇ ਕਰਦਾ ਅਤੇ ਧਨ ਸੰਚਵੈ = ਧਨ ਨੂੰ ਇਕੱਠੇ ਕਰਨ ਵਿਚ ਹੀ ਲੱਗਾ ਰਹਿੰਦਾ ਹੈ। ਉਸ ਹਰਿ = ਹਰੀ ਪਰਮੇਸ਼ਰ ਦਾ ਨਾਮ ਜੋ ਸਾਰਿਆ ਨੂੰ ਹਰਿ = ਹਰੇ ਭਰੇ ਕਰਨ ਵਾਲਾ ਹੈ, ਉਸ ਨੂੰ ਕਦੇ ਵੀ ਸਮਾਲਿ = ਸਮਾਲਦਾ ਨਹੀਂ ਭਾਵ ਯਾਦ ਨਹੀਂ ਕਰਦਾ।

## ਹਰਿ ਨਾਮਾ, ਹਰਿ ਹਰਿ ਕਦੇ ਨ ਸਮਾਲੈ; ਜਿ ਹੋਵੈ ਅੰਤਿ ਸਖਾਈ ॥

ਜੋ ਹਰਿ = ਹਰੀ ਪਰਮੇਸ਼ਰ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲਾ ਹੈ, ਜੋ ਸਾਰਿਆਂ ਭਗਤਾਂ ਦੀ ਸਤਜੁਗ, ਤ੍ਰੇਤਾ, ਦੁਆਪਰ, ਕਲਜੁਗ ਚਾਰੇ ਯੁਗਾਂ ਵਿਚ ਰੱਖਿਆ ਕਰਦਾ ਹੈ, ਉਸ ਹਰਿ = ਹਰੀ ਪਰਮੇਸ਼ਰ ਦੇ ਨਾਮ ਤਾਈਂ ਕਦੇ ਵੀ ਸਮਾਲੈ = ਸੰਭਾਲਦਾ ਨਹੀਂ ਭਾਵ ਯਾਦ ਨਹੀਂ ਕਰਦਾ। ਜਿ = ਜਿਹੜੇ ਨਾਮ ਨੇ ਅੰਤ ਵੇਲੇ ਪ੍ਰਲੋਕ ਵਿਚ ਸਖਾਈ = ਸਹਾਇਤਾ ਕਰਨ ਵਾਲਾ ਹੋਵੈ = ਹੋਣਾ ਸੀ।

[ਅੰਗ ੭੭]

## ਇਹੁ ਧਨੁ ਸੰਪੈ ਮਾਇਆ ਝੂਠੀ; ਅੰਤਿ ਛੋਡਿ ਚਲਿਆ ਪਛੁਤਾਈ ॥

ਇਹ ਧਨੁ = ਰੋਕੜੀ ਹਾਥੀ, ਘੋੜੇ ਆਦਿ ਸੰਪੈ = ਵਿਭੂਤੀ ਜੜ੍ਹ ਚੇਤਨ ਰੂਪ ਮਾਇਆ ਸਭ ਝੂਠੀ ਹੈ, ਜਿਸ ਵੇਲੇ ਅੰਤ ਸਮੇਂ ਧਨ ਪਦਾਰਥ ਆਦਿਕ ਸੰਪਦਾ ਨੂੰ ਜੀਵ ਛੋਡਿ = ਛੱਡ ਕੇ ਪ੍ਰਲੋਕ ਨੂੰ ਚਲਿਆ = ਚਲਦਾ ਹੈ ਤਦ ਪਛੁਤਾਈ = ਪਛਤਾਵਾ ਕਰਦਾ ਹੈ।

## ਜਿਸਨੋ ਕਿਰਪਾ ਕਰੇ, ਗੁਰੁ ਮੇਲੇ; ਸੋ ਹਰਿ ਹਰਿ ਨਾਮੁ ਸਮਾਲਿ ॥

ਜਿਸਨੋ = ਜਿਸ ਤੇ ਪਰਮੇਸ਼ਰ ਕਿਰਪਾ = ਦਇਆ ਦ੍ਰਿਸ਼ਟੀ ਕਰੇ = ਕਰਦਾ ਹੈ ਉਸ ਨੂੰ ਸੁਮੱਤ ਦੇ ਕੇ ਗੁਰਾਂ ਨਾਲ ਮੇਲੇ = ਮੇਲਦਾ ਹੈ, ਸੋ = ਉਹੋ ਹੀ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਸਮਾਲਿ = ਯਾਦ ਕਰਦਾ ਹੈ।

## ਕਹੁ ਨਾਨਕ, ਤੀਜੈ ਪਹਰੈ ਪ੍ਰਾਣੀ; ਸੇ ਜਾਇ ਮਿਲੇ ਹਰਿ ਨਾਲਿ ॥੩॥

ਸਤਿਗੁਰੂ ਪਾਤਸ਼ਾਹ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਸਰੀਰ ਰੂਪੀ ਰਾਤ ਦੇ ਤੀਜੇ ਪਹਿਰ ਦੇ ਜਵਾਨੀ ਰੂਪ ਹਿੱਸੇ ਵਿਚ ਸੇ = ਉਹ ਉਸ ਹਰਿ = ਹਰੀ ਪਰਮੇਸ਼ਰ ਵਾਹਿਗੁਰੂ ਦੇ ਨਾਲ ਮਿਲ ਜਾਂਦੇ ਹਨ। ਜਿਸ ਪ੍ਰਕਾਰ ਗੰਗਾ ਸਮੁੰਦਰ ਵਿਚ ਮਿਲ ਜਾਂਦੀ ਹੈ, ਉਸ ਤਰ੍ਹਾਂ ਉਨ੍ਹਾਂ ਦੀ ਜੋਤ ਅਕਾਲ ਪੁਰਖ ਵਿਚ ਅਭੇਦ ਹੋ ਜਾਂਦੀ ਹੈ ॥੩॥

## ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਹਰਿ ਚਲਣ ਵੇਲਾ ਆਦੀ ॥

(**ਆਂਦੀ** ਬਿੰਦੀ ਸਹਿਤ ਬੋਲੋ)

ਹੇ ਜੀਵ ਰੂਪ ਵਣਜਾਰੇ ਮਿਤ੍ਰਾ = ਸੱਜਣਾ ! ਸਰੀਰ ਰੂਪੀ ਰਾਤ ਦੇ ਚੌਥੇ ਪਹਿਰ ਦੇ ਬਿਰਧ ਅਵਸਥਾ ਰੂਪ ਹਿੱਸੇ ਵਿਚ ਹਰਿ = ਹਰੇਕ ਜੀਵ ਦੇ ਚਲਣ = ਚਲੇ ਜਾਣ ਦਾ ਵੇਲਾ = ਸਮਾਂ ਆਦੀ = ਆ ਜਾਂਦਾ ਹੈ **ਵਾ:** ਹਰਿ = ਪਰਮੇਸ਼ਰ ਨੇ ਜੀਵਾਂ ਦੇ ਚਲਣ ਦੀ ਵੇਲਾ = ਘੜੀ ਆਦੀ = ਲਿਆਂਦੀ ਹੈ। ਜੈਸਾ ਕਿ :

**ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥**
**ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥** *(ਗਉੜੀ ਬਾਵਨ ਅੱਖਰੀ ਮਹਲਾ ੫, ਅੰਗ ੨੫੪)*

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥** *(ਪਉੜੀ, ਅੰਗ ੪੭੪)*

**ਜੋ ਜਨਮੈ ਸੋ ਜਾਨਹੁ ਮੂਆ ॥** *(ਆਸਾ ਮ: ੫, ਅੰਗ ੩੭੫)*

ਜਿਸ ਨੇ ਵੀ ਜਨਮ ਧਾਰਿਆ ਹੈ, ਉਸ ਸਮੇਂ ਅੰਤ ਸਮੇਂ ਆਪਣਾ ਸਰੀਰ ਤਿਆਗਣਾ ਪਵੇਗਾ, ਭਾਵੇਂ ਉਹ ਕਿਸੇ ਪਛੁਤਾਵੇ ਵਿਚ ਸਰੀਰ ਛੱਡਣਾ ਕਰੇ। ਜੈਸਾ ਕਿ :

**ਅੰਤ ਮਰੈ ਪਛੁਤਾਇ ਪ੍ਰਿਥੀ ਪਰ ਜੇ ਜਗ ਮੈ ਅਵਤਾਰ ਕਹਾਏ ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੫)*

ਵੱਡੇ ਵੱਡੇ ਅਵਤਾਰ ਕਹਾਉਣ ਵਾਲਿਆਂ ਨੂੰ ਵੀ ਦੁਨੀਆਂ ਤੋਂ ਕੂਚ ਕਰ ਕੇ ਜਾਣਾ ਪਿਆ। ਹਜ਼ੂਰ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਹੇ ਜੀਵ ! ਬਿਰਧ ਅਵਸਥਾ ਆ ਜਾਣ ਨਾਲ ਤੂੰ ਇਹ ਜਾਣ ਲੈਣਾ ਕਰ ਕਿ ਤੇਰਾ ਚੱਲਣ ਦਾ ਵੇਲਾ ਆਦੀ = ਆ ਗਿਆ ਹੈ। ਇਹ ਆਦਿ ਕਾਲ ਤੋਂ ਹੀ ਮਰਯਾਦਾ ਚਲੀ ਆ ਰਹੀ ਹੈ। ਜੋ ਵੀ ਸੰਸਾਰ 'ਤੇ ਪੈਦਾ ਹੋਇਆ ਹੈ, ਉਸ ਨੂੰ ਅੰਤ ਸਮੇਂ ਖ਼ਤਮ ਹੋਣਾ ਹੀ ਪੈਂਦਾ ਹੈ। ਜੈਸਾ ਕਿ :

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲ ॥** *(ਸਲੋਕ ਮਹਲਾ ੯, ਅੰਗ ੧੪੨੯)*

## ਕਰਿ ਸੇਵਹੁ ਪੂਰਾ ਸਤਿਗੁਰੂ, ਵਣਜਾਰਿਆ ਮਿਤ੍ਰਾ; ਸਭ ਚਲੀ ਰੈਣਿ ਵਿਹਾਦੀ ॥

(**ਵਿਹਾਂਦੀ** ਬਿੰਦੀ ਸਹਿਤ ਬੋਲੋ)

ਹੇ ਜੀਵ ਰੂਪ ਵਣਜਾਰਿਆ ਮਿਤ੍ਰਾ = ਸੱਜਣਾ! ਇਸ ਕਰਿ = ਕਰਕੇ ਪੂਰਾ = ਪੂਰਨ ਸਤਿਗੁਰਾਂ ਨੂੰ ਸੇਵਹੁ = ਸੇਵਨਾ ਕਰ ਕਿਉਂਕਿ ਤੇਰੀ ਉਮਰ ਰੂਪ ਰੈਣਿ = ਰਾਤ ਸਭ = ਸਾਰੀ ਵਿਹਾਦੀ = ਗੁਜਰਦੀ ਚਲੀ = ਜਾ ਰਹੀ ਹੈ।

## ਹਰਿ ਸੇਵਹੁ ਖਿਨੁ ਖਿਨੁ, ਢਿਲ ਮੂਲਿ ਨ ਕਰਿਹੁ; ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ ॥

ਹੇ ਭਾਈ! ਉਸ ਹਰਿ = ਹਰੀ ਅਕਾਲ ਪੁਰਖ ਵਾਹਿਗੁਰੂ ਦਾ ਸਿਮਰਨ ਖਿਨ ਖਿਨ ਕਾਲ ਵਿਚ ਕਰੋ। ਮੂਲਿ = ਕਦਾਚਿਤ ਵੀ ਢਿਲ = ਦੇਰ ਨਾ ਕਰੋ, ਜਿਤੁ = ਜਿਸ ਸੇਵਨ ਕਰਕੇ ਜੁੱਗਾਂ ਜੁੱਗਾਂ ਵਿਚ ਅਸਥਿਰੁ = ਇਸਥਿਤ ਹੋਵਹੁ = ਹੋਵੋਗੇ। ਭਾਵ (ਵਿਆਕਰਣ ਵਾਲੇ ਕਹਿੰਦੇ ਹਨ ਕਿ ਘੱਟ ਸ਼ਬਦ ਕਹਿਣ ਨਾਲ ਦੋ ਖਿਨ ਗੁਜ਼ਰ ਜਾਂਦੇ ਹਨ, ਨਿਆਇਕ ਮਤ ਵਾਲੇ ਕਹਿੰਦੇ ਹਨ ਕਿ ਪਿੱਪਲ ਦੇ ਪੱਤੇ ਵਿੱਚੋਂ ਸੂਈ ਕੱਢਣ ਦੇ ਜਿਤਨੇ ਸਮੇਂ ਨੂੰ ਚਾਰ ਖਿਨ ਗੁਜ਼ਰ ਜਾਂਦੇ ਹਨ) ਸਦਾ ਵਾਸਤੇ ਵਾਹਿਗੁਰੂ ਦੀ ਜੋਤਿ ਵਿਚ ਮਿਲ ਕੇ ਅਚੱਲ ਹੋ ਜਾਵੋਗੇ।

## ਹਰਿ ਸੇਤੀ, ਸਦ ਮਾਣਹੁ ਰਲੀਆ; ਜਨਮ ਮਰਣ ਦੁਖ ਖੋਵਹੁ ॥

ਫਿਰ ਤੁਸੀਂ ਉਸ ਹਰਿ = ਹਰੀ ਪਰਮੇਸ਼ਰ ਦੇ ਸੇਤੀ = ਨਾਲ ਮਿਲ ਕੇ ਸਦਾ ਹੀ ਰਲੀਆ = ਖ਼ੁਸ਼ੀਆਂ ਮਾਨਣਾ ਕਰੋਗੇ। ਜਨਮ ਦਾ ਦੁੱਖ ਅਤੇ ਮੌਤ ਦਾ ਦੁੱਖ ਖੋਵਹੁ = ਗਵਾ ਲੈਣਾ ਕਰੋਗੇ।

ਜੰਮਣ ਦੇ ਦੁੱਖ ਨੂੰ ਇਸ ਤਰ੍ਹਾਂ ਮੰਨਿਆ ਹੈ ਕਿ ਜਿਵੇਂ ਸੁਨਿਆਰਾ ਜਿੰਦਰੀ ਵਿੱਚੋਂ ਤਾਰ ਖਿੱਚਦਾ ਹੈ, ਇਵੇਂ ਮਾਤਾ ਦੇ ਗਰਭ ਵਿਚ ਬੱਚੇ ਦੀ ਪੈਦਾਇਸ਼ ਹੁੰਦੀ ਹੈ। ਉਸ ਸਮੇਂ ਬੱਚੇ ਨੂੰ ਸੌ ਜਨਮਾਂ ਦੀ ਸੋਝੀ ਭਾਵ ਗਿਆਨ ਹੁੰਦਾ ਹੈ। ਕਈ ਬੱਚੇ ਜੰਮਦੇ ਹੀ ਮਰ ਜਾਂਦੇ ਹਨ। ਕਈ ਮੁਰਦੇ ਹੀ ਜਨਮ ਲੈਂਦੇ ਹਨ। ਕਈਆਂ ਨੂੰ ਬੋਲਣ ਦੀ ਜਾਚ ਨਹੀਂ ਆਉਂਦੀ। ਮਾਤਾ ਦੇ ਗਰਭ ਵਿਚ ਪੈਦਾ ਹੋਣਾ ਸੁਖਾਲਾ ਕੰਮ ਨਹੀਂ। ਜਿਸ ਨੂੰ ਪੀੜਾ ਹੁੰਦੀ ਹੈ, ਉਹ ਹੀ ਮਹਿਸੂਸ ਕਰਦਾ ਹੈ। ਇਸ ਦੁੱਖ ਨੂੰ ਆਪਾਂ ਸਾਰੇ ਹੀ ਮਹਿਸੂਸ ਕਰਦੇ ਆਏ ਹਾਂ। ਬਾਲਕ ਬੁੱਧੀ ਵਿਚ ਅਚੇਤਪੁਣਾ, ਗਰਭ ਵਿਚ ਸੌ ਜਨਮਾਂ ਦਾ ਗਿਆਨ ਸੀ, ਪਰੰਤੂ ਸੰਸਾਰ ਵਿਚ ਮਾਇਆ ਦੇ ਪਸਾਰੇ ਕਰਕੇ ਸਭ ਕੁਝ ਹੀ ਭੁੱਲ ਗਿਆ ਹੈ। ਮਰਨ ਦੇ ਦੁੱਖ ਬਾਬਤ ਆਤਮ ਪੁਰਾਣ ਵਿਚ ਇਸ ਤਰ੍ਹਾਂ ਦਰਸਾਇਆ ਹੈ ਕਿ ਪਹਾੜਾਂ ਵਿਚ ਜਿਥੇ ਬਿੱਛੂ ਰਹਿੰਦੇ ਹਨ, ਲੋਕ ਉਨ੍ਹਾਂ ਬਿੱਛੂਆਂ ਦੀਆਂ ਖੱਡਾਂ ਦੇ ਅੱਗੇ ਭਾਰੀ ਪੱਥਰ ਦੀ ਸਿਲ ਰੱਖ ਦਿੰਦੇ ਹਨ ਕਿ ਸਾਡੇ ਡੰਗ ਨਾ ਮਾਰ ਦੇਵੇ। ਜਦੋਂ ਬਿੱਛੂ ਆਪਣੀ ਖੁੱਡ ਵਿੱਚੋਂ ਬਾਹਰ ਆਉਣ ਦੀ ਕੋਸ਼ਿਸ਼ ਵਿਚ ਉਸ ਸਿਲ ਨੂੰ ਆਪਣੇ ਰਸਤੇ ਦੀ ਰੁਕਾਵਟ ਸਮਝਦਾ ਹੈ ਤਾਂ ਉਹ ਕ੍ਰੋਧ ਵਿਚ ਆ ਕੇ ਉਸ ਸਿਲ 'ਤੇ ਡੰਗ ਮਾਰਦਾ ਹੈ। ਬਿੱਛੂ ਦੀ ਇਤਨੀ ਜ਼ਹਿਰ ਹੈ ਕਿ ਉਹ ਸਿਲ ਖਿੱਲਾਂ ਖਿੱਲਾਂ ਹੋ ਜਾਂਦੀ ਹੈ। ਉਹ ਜ਼ਹਿਰ ਦੇ ਕਾਰਨ ਟੁੱਟੀ ਹੋਈ ਸਿਲ ਸੰਖੀਆ ਬਣ ਕੇ ਲੋਕਾਂ ਦੇ ਕੰਮ ਆਉਂਦੀ ਹੈ। ਜੇਕਰ ੭੦ ਹਜ਼ਾਰ ਬਿੱਛੂ ਇਕ ਵਾਰ ਵਿਚ ਡੰਗ ਮਾਰਨ, ਇਤਨੀ ਪੀੜਾ ਮਰਨ ਵੇਲੇ ਦੀ ਹੁੰਦੀ ਹੈ। ਭਾਵੇਂ ਸਰੀਰ ਸੁਖਾਲਾ ਹੀ ਛੁੱਟ ਜਾਵੇ ਪਰੰਤੂ ਪੀੜ ਕੋਈ ਬੇਸੁਰਤ ਹੋਇਆ ਦੱਸ ਨਹੀਂ ਸਕਦਾ। ਕਈ ਰੋਂਦੇ ਬਰੜਾਉਂਦੇ ਮਰ ਜਾਂਦੇ ਹਨ ਅਤੇ ਕਈ ਗੁਰਮੁਖ ਜਨ ਜਿਨ੍ਹਾਂ ਦੀ ਹਉਮੈ ਮਿਟ ਗਈ ਹੈ, ਜੋ ਨਿਰਲੇਪ ਰਹਿੰਦੇ ਹਨ, ਉਨ੍ਹਾਂ ਦਾ ਸਰੀਰ ਸੁਖਾਲਾ ਹੀ ਕੂਚ ਕਰ ਜਾਂਦਾ ਹੈ। ਸੋ ਇਸ ਪ੍ਰਕਾਰ ਜੰਮਣ ਮਰਣ ਦਾ ਬੜਾ ਭਾਰੀ ਦੁੱਖ ਮੰਨਿਆ ਹੈ। ਇਸ ਤਰੀਕੇ ਨਾਲ ਜੰਮਣ ਅਤੇ ਮਰਣ ਦੇ ਦੁੱਖ ਨੂੰ ਤੁਸੀਂ ਮੇਟ ਲਵੋਗੇ।

## ਗੁਰ ਸਤਿਗੁਰ ਸੁਆਮੀ, ਭੇਦੁ ਨ ਜਾਣਹੁ; ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥

ਗੁਰ = ਪੂਜਨੀਕ, ਸਤਿ = ਨਾਸ ਤੋਂ ਰਹਿਤ, ਗੁਰ = ਚੇਤਨ ਸਰੂਪ ਭਾਵ ਪੂਰਨ ਸਤਿਗੁਰੂ ਤੇ ਸੁਆਮੀ = ਅਕਾਲ ਪੁਰਖ ਪਰਮੇਸ਼ਰ ਵਿਚ ਕੋਈ ਭੇਦੁ = ਅੰਤਰ ਨਾ ਜਾਨਣਾ ਕਰੋ। ਜਿਤੁ = ਜਿਸ ਸਤਿਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਸਾਹਿਬ ਜੀ, ਗੁਰੂ ਅਮਰਦਾਸ ਜੀ, ਸਤਿਗੁਰਾਂ ਦੇ ਨਾਲ ਮਿਲ ਕੇ ਹਰਿ = ਹਰੀ ਅਕਾਲ ਪੁਰਖ ਦੀ ਭਗਤੀ ਸੁਖਾਂਦੀ = ਸੁਖੈਨ ਹੁੰਦੀ ਹੈ। ਸਤਿਗੁਰੂ ਦੀ ਮੇਹਰ ਦਾ ਸਦਕਾ ਹੀ ਭਗਤੀ ਚੰਗੀ ਲੱਗਣ ਲੱਗ ਪੈਂਦੀ ਹੈ, ਨਹੀਂ ਤਾਂ ਅਟੁੱਟ ਸਿਮਰਨ ਵਿਚ ਸਾਡਾ ਚਿੱਤ ਕਿਸ ਤਰ੍ਹਾਂ ਜੁੜ ਸਕਦਾ ਹੈ ?

## ਕਹੁ ਨਾਨਕ, ਪ੍ਰਾਣੀ ਚਉਥੈ ਪਹਰੈ; ਸਫਲਿਓ ਰੈਣਿ ਭਗਤਾ ਦੀ ॥੪॥੧॥੩॥

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਸਰੀਰ ਰੂਪੀ ਰਾਤ ਦੇ ਚੌਥੇ ਪਹਿਰ ਦੇ ਹਿੱਸੇ ਵਿਚ ਜੋ ਭਗਤ ਜਨ ਹਨ, ਉਨ੍ਹਾਂ ਦੀ ਬਿਰਧ ਅਵਸਥਾ ਦੀ ਉਮਰ ਰੂਪੀ ਰਾਤ ਸਫਲੀ ਹੋ ਜਾਂਦੀ ਹੈ। ਉਨ੍ਹਾਂ ਦੀ ਹਰ ਵਕਤ ਨਾਮ ਵਿਚ ਲਿਵ ਲੱਗੀ ਰਹਿੰਦੀ ਹੈ। ਉਨ੍ਹਾਂ ਨੂੰ ਗਿਆਨ ਹੁੰਦਾ ਹੈ ॥੪॥੧॥੩॥ ਜੈਸਾ ਕਿ :

**ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥** *(ਸਲੋਕ ਮ: ੩, ਅੰਗ ੧੪੧੮)*

## ਸਿਰੀਰਾਗੁ ਮਹਲਾ ੫ ॥

ਅੰਮ੍ਰਿਤਸਰ ਸਾਹਿਬ ਗੁਰਦੁਆਰਾ ਮੰਜੀ ਸਾਹਿਬ, ਗੁਰੂ ਕੇ ਬਾਗ਼ ਵਿਚ ਦੀਵਾਨ ਸਜਿਆ ਹੋਇਆ ਸੀ। ਗ਼ਰੀਬ ਨਿਵਾਜ਼ ਸਤਿਗੁਰੂ, ਚੋਜੀ ਪਾਤਸ਼ਾਹ ਸੰਗਤਾਂ ਨੂੰ ਦਰਸ਼ਨ ਦੇ ਕੇ ਕਿਰਤਾਰਥ ਕਰ ਰਹੇ ਸਨ। ਉਸ ਵਕਤ ਭਾਈ ਮੱਖਣ ਸ਼ਾਹ ਜੀ ਦੇ ਦਾਦਾ ਜੀ ਮਹਾਰਾਜ ਸਾਹਿਬ ਜੀ ਦੀ ਸ਼ਰਨ ਵਿਚ ਆਏ ਤੇ ਬੇਨਤੀ ਕੀਤੀ ਕਿ ਹੇ ਪਾਤਸ਼ਾਹ ਜੀ ! ਜਿਸ ਤਰ੍ਹਾਂ ਮੇਰੇ ਬਜ਼ੁਰਗਾਂ ਨੂੰ ਸਤਿਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਉਪਦੇਸ਼ ਬਖ਼ਸ਼ਿਸ਼ ਕੀਤਾ ਸੀ, ਉਸੇ ਤਰ੍ਹਾਂ ਕਿਰਪਾ ਕਰਕੇ ਮੈਨੂੰ ਵੀ ਆਪ ਜੀ ਉਪਦੇਸ਼ ਬਖ਼ਸ਼ਿਸ਼ ਕਰੋ। ਤਾਂ ਸਤਿਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਵਣਜਾਰਿਆਂ ਸਿੱਖਾਂ ਦੇ ਪਰਥਾਇ ਉਚਾਰਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਪਹਿਰਿਆਂ ਦੀ ਬਾਣੀ ਦਾ ਸ਼ਬਦ ਜੋ ਵਣਜਾਰੇ ਸਿੱਖਾਂ ਨੂੰ ਦਿੱਤਾ ਸੀ, ਉਸ ਨੂੰ ਵਾਚਿਆ ਅਤੇ ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੀ ਪਹਿਰਿਆਂ ਦੀ ਬਾਣੀ ਦੇ ਦੋ ਸ਼ਬਦ ਵੀਚਾਰੇ ਜੋ ਗੁਰੂ ਰਾਮਦਾਸ ਜੀ ਦੇ ਪਾਸ ਲਿਆਏ ਸਨ। ਉਨ੍ਹਾਂ ਵਣਜਾਰਿਆਂ ਦੀ ਅਗਲੀ ਪੀੜ੍ਹੀ ਵਣਜਾਰਿਆਂ ਦੀ ਬੇਨਤੀ ਸੁਣ ਕੇ ਸਤਿਗੁਰਾਂ ਨੇ ਸਾਰਿਆਂ ਲਈ ਸਾਂਝਾ ਉਪਦੇਸ਼ ਬਖ਼ਸ਼ਿਸ਼ ਕੀਤਾ :

## ਪਹਿਲੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਧਰਿ ਪਾਇਤਾ ਉਦਰੈ ਮਾਹਿ ॥

ਸਤਿਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਚੰਗੇ ਅਤੇ ਮੰਦੇ ਕਰਮਾਂ ਦਾ ਵਣਜ ਕਰਨ ਵਾਲੇ ਵਣਜਾਰੇ ਅਤੇ ਪਰਮੇਸ਼ਰ ਦੀ ਅੰਸ਼ ਹੋਣ ਕਰਕੇ ਮਿੱਤਰਾ ! ਸਰੀਰ ਦੀ ਉਮਰ ਰੂਪ ਰਾਤ ਦੇ ਪਹਿਲੇ ਪਹਰੈ = ਹਿੱਸੇ ਵਿਚ ਤੇਰਾ ਮਾਤਾ ਦੇ ਉਦਰੈ = ਗਰਭ ਵਿਚ ਆਉਣ ਦਾ ਪਾਇਤਾ = ਪੈਂਤੜਾ[੧] ਧਰਿ = ਰੱਖ ਦਿੱਤਾ, ਜੋ ਕਿ ਰਕਤ-ਬਿੰਦ ਦਾ ਮਿਲਾਪ ਹੈ। ਜੈਸਾ ਕਿ :

**ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ ॥** *(ਮਾਰੂ ਮ: ੫, ਅੰਗ ੧੦੨੨)*

---

੧. ਕਿਸੇ ਥਾਂ ਪਹੁੰਚਣ ਤੋਂ ਪਹਿਲਾਂ ਕੁਝ ਚਿਰ ਲਈ ਕਿਤੇ ਠਹਿਰਨ ਨੂੰ ਪੈਂਤੜਾ ਕਹਿੰਦੇ ਹਨ ਅਥਵਾ ਹਿੰਦੂ ਮਤ ਅਨੁਸਾਰ ਜਿਵੇਂ ਕਿਸੇ ਯਾਤਰੂ ਦਾ ਬਾਹਰ ਯਾਤਰਾ ਤੇ ਜਾਣ ਲਈ ਅੱਜ ਹੀ ਮਹੂਰਤ ਨਿਕਲਦਾ ਹੋਵੇ ਪਰ ਕਿਸੇ ਕਾਰਜ ਦੇ ਸਬੱਬ ਕਰਕੇ ਜਾ ਨਹੀਂ ਸਕਦਾ ਫੇਰ ਉਹ ਆਪਣੇ ਗਲ ਦਾ ਕੋਈ ਕੱਪੜਾ, ਤਾਂਬਾ, ਚੌਲ ਤੇ ਹਲਦੀ ਦੀ ਗੰਢ ਇਹ ਚਾਰੇ ਚੀਜ਼ਾਂ ਇਕੱਠੀਆਂ ☛

ਅਤੇ ਜਦੋਂ ਤਕ ਜੀਵਾਂ ਦੇ ਜਿਉਣ ਦੀ ਮੁਹਲਤਿ = ਅਵਧੀ ਕਰ ਦਿੱਤੀ ਹੈ ਭਾਵ ਹੱਦ ਬੰਨਣਾ ਕੀਤੀ ਹੈ ਤਦੋਂ ਤਕ ਜੀਵ ਕਰਮਾਂ ਨੂੰ ਕਮਾਹਿ = ਕਮਾਉਂਦਾ ਹੈ। ਅਰਥਾਤ ਵਾਹਿਗੁਰੂ ਨੇ ਜੀਵ ਦੇ ਜਮਾਉਣ ਦੇ ਤਾਈਂ ਆਪਣੀ ਜੋਤਿ ਪਾ ਕੇ ਮਾਤਾ ਦੇ ਗਰਭ ਵਿਚ ਟਿਕਾਅ ਕੀਤਾ ਹੈ। ਰਕਤ ਅਤੇ ਬਿੰਦ ਦੇ ਮਿਲਾਪ ਤੋਂ ਪੈਦਾ ਹੋਣ ਤੋਂ ਜੀਵ ਦੀ ਪੈਦਾਇਸ਼ ਕੀਤੀ ਹੈ। ਜਿਸ ਪ੍ਰਕਾਰ ਪਹਿਲਵਾਨ ਆਪਣਾ ਦਿਨ ਦੱਸ ਕੇ ਕੁਸ਼ਤੀ ਕਰਨ ਲਈ ਪੈਂਤੜਾ ਰੱਖਦੇ ਹਨ, ਇਸੇ ਪ੍ਰਕਾਰ ਮਾਤਾ ਦੇ ਗਰਭ ਵਿਚ ਪੈਂਤੜਾ ਰੱਖਿਆ ਹੈ। ਸੱਚੇ ਪਾਤਸ਼ਾਹ ਜੀ ਨੇ ਮਾਤਾ ਦੇ ਧਰ ਵਿਚ ਉਸ ਦੇ ਪੇਟ ਵਿਚ ਤੇਰੇ ਤਾਈਂ ਪੈਦਾ ਕੀਤਾ ਹੈ। ਹੇ ਜੀਵ! ਤੂੰ ਅਕਾਲ ਪੁਰਖ ਦੀ ਆਗਿਆ ਨਾਲ ਜਨਮ ਧਾਰਨ ਕੀਤਾ ਹੈ।

## ਦਸੀ ਮਾਸੀ ਮਾਨਸੁ ਕੀਆ, ਵਣਜਾਰਿਆ ਮਿਤ੍ਰਾ; ਕਰਿ ਮੁਹਲਤਿ ਕਰਮ ਕਮਾਹਿ ॥

(**ਦੱਸੀ** ਨਹੀਂ ਕਰਨਾ, **ਦਸੀਂ** ਬੋਲੋ)

ਹੇ ਜੀਵ ਰੂਪ ਵਣਜਾਰੇ ਮਿਤ੍ਰਾ = ਸੱਜਣਾ! ਤੈਨੂੰ ਨੌਂ ਮਹੀਨੇ ਗੁਜ਼ਰ ਜਾਣ ਤੋਂ ਬਾਅਦ, ਦਸੀ = ਦਸਵੇਂ ਮਾਸੀ = ਮਹੀਨੇ ਲੱਗਣ 'ਤੇ ਅਕਾਲ ਪੁਰਖ ਨੇ ਮਾਨਸੁ = ਮਨੁੱਖਾ ਦੇਹ ਵਿਚ ਪੈਦਾ ਕੀਆ = ਕੀਤਾ। ਜੋ ਵੀ ਤੇਰੀ ਕਰਨੀ ਸੀ, ਉਸ ਦੇ ਅਨੁਸਾਰ ਪ੍ਰਾਲਬਧ ਬਣਾਉਣਾ ਕੀਤੀ ਕਿ ਤੂੰ ਇਤਨੇ ਸਾਲ ਜਿਊਣਾ ਹੈ, ਐਸਾ ਪ੍ਰਤਾਪ ਹੋਵੇਗਾ। ਇਤਨੀ ਜੱਸ ਵਡਿਆਈ ਹੋਵੇਗੀ, ਐਸੀ ਵਿੱਦਿਆ ਪ੍ਰਾਪਤ ਹੋਵੇਗੀ, ਐਨੀ ਦੌਲਤ, ਇਤਨਾ ਅਪਜਸ ਆਦਿ। ਜਿਹੜੇ ਤੇਰੇ ਕੀਤੇ ਹੋਏ ਕਰਮ ਸਨ, ਉਸ ਦੇ ਅਨੁਸਾਰ ਅਕਾਲ ਪੁਰਖ ਨੇ ਮੁਹਲਤਿ = ਅਰਸਾ ਭਾਵ ਹੱਦ ਬਣਾ ਦਿੱਤੀ ਕਿ ਐਨੇ ਸਮੇਂ ਵਿਚ ਤੂੰ ਮੈਨੂੰ ਪ੍ਰਾਪਤ ਕਰ ਸਕਦਾ ਹੈਂ। ਨਿਸ਼ਕਾਮ ਕਰਮ ਕਰਕੇ ਤੇਰਾ ਚਿੱਤ ਸ਼ੁੱਧ ਹੋ ਸਕਦਾ ਹੈ ਤੇ ਭਗਤੀ ਕਰਕੇ ਤੂੰ ਮੈਨੂੰ ਮਿਲ ਪਵੇਂਗਾ।

## ਮੁਹਲਤਿ ਕਰਿ ਦੀਨੀ ਕਰਮ ਕਮਾਣੇ; ਜੈਸਾ ਲਿਖਤੁ ਧੁਰਿ ਪਾਇਆ ॥

ਪਿਛਲੇ ਜਨਮ ਦੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਮੁਹਲਤਿ = ਹੱਦ ਬਣਾਉਣਾ ਕਰ ਦੀਨੀ = ਦਿੱਤੀ ਹੈ ਕਿ ਇਤਨੇ ਸਾਲ ਤੂੰ ਜੀਵਤ ਰਹੇਂਗਾ ਤੇ ਇਸ ਤੋਂ ਵੱਧ ਜਿਉਂਦਾ ਨਹੀਂ ਰਹਿ ਸਕੇਂਗਾ। ਹੇ ਜੀਵ! ਜੈਸਾ = ਜਿਹੋ ਜਿਹਾ ਤੇਰਾ ਕਰਤਵ ਸੀ, ਉਹੋ ਜਿਹਾ ਧੁਰੋਂ ਹੀ ਅਕਾਲ ਪੁਰਖ ਨੇ ਲੇਖ ਤੇਰੇ ਮੱਥੇ ਉੱਤੇ ਲਿਖ ਪਾਇਆ = ਪਾ ਦਿੱਤਾ ਹੈ। ਪੁਰਾਣੇ ਸਮੇਂ ਵਿਚ ਜਿਵੇਂ ਕਿਸੇ ਨੂੰ ਕੈਦ ਕਰਨਾ ਹੋਵੇ ਤਾਂ ਉਸ ਦੇ ਗਲ ਵਿਚ ਪਟਾ ਲਿਖ ਕੇ ਪਾ ਦਿੱਤਾ ਜਾਂਦਾ ਹੈ, ਉਸੇ ਤਰ੍ਹਾਂ ਇਸ ਦੇਹ ਦੇ ਅੰਦਰ ਪ੍ਰਵੇਸ਼ ਕਰਨ ਤੋਂ ਉਸ ਦੇ ਲੇਖ ਅਕਾਲ ਪੁਰਖ ਲਿਖ ਕੇ ਪਾ ਦਿੰਦਾ ਹੈ। ਜੈਸਾ ਕਿ:

**ਕਰੀ ਲੋਹ ਕਲਮੰ ਲਿਖਯੋ ਲੇਖ ਮਾਥੰ ॥** *(ਸ੍ਰੀ ਦਸਮ ਗ੍ਰੰਥ, ਪੰਨਾ ੪੧)*

## ਮਾਤ ਪਿਤਾ ਭਾਈ ਸੁਤ ਬਨਿਤਾ; ਤਿਨ ਭੀਤਰਿ ਪ੍ਰਭੂ ਸੰਜੋਇਆ ॥

ਮਾਤ = ਮਾਂ, ਪਿਤਾ = ਪਿਓ, ਭਾਈ = ਭਰਾ, ਸੁਤ = ਪੁੱਤਰ ਅਤੇ ਬਨਿਤਾ = ਇਸਤਰੀ ਆਦਿ ਪਰਿਵਾਰ ਵਿਚ ਪ੍ਰਭੂ = ਸੁਆਮੀ ਮਾਲਕ ਨੇ ਤਿਨ = ਉਨ੍ਹਾਂ ਸੰਬੰਧੀਆਂ ਭੀਤਰਿ = ਵਿਚ ਤੈਨੂੰ ਭਲੀ ਪ੍ਰਕਾਰ ਕਰਕੇ ਸੰਜੋਇਆ = ਜੋੜ ਦਿੱਤਾ **ਵਾ:** ਤੇਰਾ ਚਿੱਤ ਉਨ੍ਹਾਂ ਸੰਬੰਧੀਆਂ ਵਿਚ ਸੰਜੋਇਆ = ਸੰਜੋਗਵਸ ਹੋ ਗਿਆ। ਜਦੋਂ

---

☛ ਕਰ ਕੇ ਸ਼ੁਭ ਮਹੂਰਤ ਸਮੇਂ ਉਸ ਪਾਸੇ ਰੱਖ ਆਉਂਦਾ ਹੈ, ਜਿਸ ਪਾਸੇ ਜਾਣਾ ਹੋਵੇ ਤੇ ਯਾਤਰਾ ਜਾਣ ਦੇ ਸਮੇਂ ਉਸ ਪੋਟਲੀ ਨੂੰ ਚੁੱਕ ਕੇ ਨਾਲ ਲੈ ਜਾਂਦਾ ਹੈ ਇਸ ਨੂੰ ਪੈਂਤੜਾ ਜਾ ਪਾਇਤਾ ਆਖਦੇ ਹਨ। ਇਸੇ ਤਰ੍ਹਾਂ ਜੀਵ ਦੇ ਪਹਿਰਨ ਦਾ ਕੱਪੜਾ ਸਰੀਰ ਹੈ, ਇਸ ਸਰੀਰ ਦੀ ਰਚਨਾ ਮਾਤਾ ਦੇ ਗਰਭ ਵਿਚ ਪਰਮੇਸ਼ਰ ਨੇ ਸ਼ੁਰੂ ਕਰ ਦਿੱਤੀ ਹੈ ਮਾਨੋਂ ਇਹੀ ਜੀਵ ਦੀ ਸੰਸਾਰਕ ਯਾਤਰਾ ਲਈ ਪਹਿਲਾ ਪੈਂਤੜਾ ਧਰ ਦਿੱਤਾ ਹੈ।

ਤੂੰ ਇਨ੍ਹਾਂ ਵਿਚ ਆ ਕੇ ਮਿਲ ਗਿਆ ਤਾਂ ਤੂੰ ਐਸਾ ਆਖਣ ਲੱਗਾ ਕਿ ਇਹ ਮੇਰੀ ਮਾਤਾ ਹੈ, ਮੇਰਾ ਪਿਤਾ ਹੈ, ਮੇਰੀ ਇਸਤਰੀ ਹੈ, ਮੇਰੇ ਬੱਚੇ ਹਨ ਆਦਿ। ਇਸ ਪ੍ਰਕਾਰ ਤੂੰ ਉਨ੍ਹਾਂ ਵਿਚ ਜੁੜ ਗਿਆ।

## ਕਰਮ ਸੁਕਰਮ ਕਰਾਏ ਆਪੇ; ਇਸੁ ਜੰਤੈ ਵਸਿ ਕਿਛੁ ਨਾਹਿ ॥

ਅਕਾਲ ਪੁਰਖ ਵਾਹਿਗੁਰੂ ਜਿਨ੍ਹਾਂ ਉੱਤੇ ਕਰਮ = ਕਿਰਪਾ ਦ੍ਰਿਸ਼ਟੀ ਕਰ ਦਿੰਦਾ ਹੈ, ਉਨ੍ਹਾਂ ਜੀਵਾਂ ਤੋਂ ਆਪ ਹੀ ਉਹ ਸੁਕਰਮ = ਸ੍ਰੇਸ਼ਟ ਕਰਮ ਕਰਵਾ ਲੈਂਦਾ ਹੈ। ਉਹ ਜੀਵ ਅਕਾਲ ਪੁਰਖ ਵਾਹਿਗੁਰੂ ਦੀ ਰਜ਼ਾ ਵਿਚ ਚੱਲਦੇ ਹੋਏ ਇਹੋ ਹੀ ਆਖਦੇ ਹਨ ਕਿ ਇਸ ਜੰਤੈ = ਜੀਵ ਦੇ ਵਸ ਵਿਚ ਕਿਛੁ = ਕੁਝ ਵੀ ਨਹੀਂ ਹੈ। ਉਹ ਵਾਹਿਗੁਰੂ ਹੀ ਸਾਡੇ ਕੋਲੋਂ ਸਮਾਨ ਕਰਮ, ਸ੍ਰੇਸ਼ਟ ਕਰਮ, ਵਿਸ਼ੇਸ਼ ਪੁੰਨਦਾਨ ਕਰਨਾ, ਗ਼ਰੀਬੀ ਰੱਖਣੀ, ਪੁੰਨ ਕਰਕੇ ਨੀਚ ਅਖਵਾਉਣਾ, ਹੰਕਾਰ ਛੱਡਣਾ ਆਦਿ ਐਸੇ ਕਰਮ ਕਮਾਉਂਦਾ ਹੈ। ਜੈਸਾ ਕਿ :

**ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥** *(ਪਉੜੀ ਅੰਗ ੪੬੫)*

**ਅਥਵਾ** ਜਿਹੋ ਜਿਹੀ ਜੀਵ ਦੀ ਕਰਨੀ ਅਨੁਸਾਰ ਪ੍ਰਾਲਬਧ ਬਣੀ ਹੈ, ਉਸ ਦੇ ਹਿਸਾਬ ਨਾਲ ਅਕਾਲ ਪੁਰਖ ਵਾਹਿਗੁਰੂ ਪ੍ਰੇਰਣਾ ਕਰਕੇ ਕਰਮ ਕਰਾਉਂਦਾ ਹੈ। ਇਹ ਪਰਮੇਸ਼ਰ ਅਕਾਲ ਪੁਰਖ ਦੀ ਨੇਤ ਹੈ ਕਿ ਇਸ ਜੀਵ ਦੇ ਕੁਝ ਵੀ ਵਸ ਨਹੀਂ ਹੈ। ਕਰਮਾਂ ਅਨੁਸਾਰ ਜੀਵ ਨੂੰ ਤੋਰਿਆ ਫੇਰਿਆ ਜਾਂਦਾ ਹੈ।

## ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ; ਧਰਿ ਪਾਇਤਾ ਉਦਰੈ ਮਾਹਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ! ਉਮਰ ਦੇ ਪਹਿਲੇ ਪਹਿਰ ਦੇ ਹਿੱਸੇ ਵਿਚ ਤੇਰਾ ਇਸ ਪ੍ਰਕਾਰ ਮਾਤਾ ਦੇ ਉਦਰੈ = ਗਰਭ ਵਿਚ ਪਾਇਤਾ = ਪੈਂਤੜਾ ਰੱਖਣਾ ਕੀਤਾ ਹੈ **ਵਾ:** ਪ੍ਰਭੂ ਨੇ ਮਾਤਾ ਦੇ ਧਰਿ = ਨਾਭੀ ਦੇ ਚੱਕਰ ਦੇ ਅੰਦਰ ਤੇਰੇ ਤਾਈਂ ਪਾਇਤਾ = ਪਾਉਣਾ ਕੀਤਾ ਹੈ ॥੧॥

## ਦੂਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਭਰਿ ਜੁਆਨੀ ਲਹਰੀ ਦੇਇ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ = ਸੱਜਣਾ! ਜਦੋਂ ਤੇਰੀ ਉਮਰ ਰੂਪੀ ਰਾਤ ਦਾ ਦੂਜਾ ਪਹਿਰ ਆਇਆ, ਉਸ ਵੇਲੇ ਤੇਰੀ ਜਵਾਨੀ ਜਿਵੇਂ ਸੂਰਜ ਚੜ੍ਹਨ ਤੋਂ ਕਮਲ ਦੀਆਂ ਪੰਖੜੀਆਂ ਖਿੜ ਪੈਂਦੀਆਂ ਹਨ, ਤੇ ਮਹਿਕ ਆਉਣ ਲੱਗ ਪੈਂਦੀ ਹੈ, ਇਸੇ ਤਰ੍ਹਾਂ ਜਵਾਨੀ ਰੂਪ ਸੂਰਜ ਦੇ ਚੜ੍ਹਨ ਤੋਂ ਚਿੱਤ ਰੂਪੀ ਕਮਲ ਦੀਆਂ ਇੱਛਾ ਰੂਪੀ ਪੰਖੜੀਆਂ ਖਿੜ ਪੈਂਦੀਆਂ ਹਨ। ਉਸ ਦੇ ਵਿੱਚੋਂ ਵਾਸ਼ਨਾ ਰੂਪੀ ਮਹਿਕਾਂ ਨਿਕਲਣ ਲੱਗ ਪੈਂਦੀਆਂ ਹਨ। ਜਿਸ ਪ੍ਰਕਾਰ ਸਮੁੰਦਰ ਵਿਚ ਪਾਣੀ ਦੀਆਂ ਲਹਿਰਾਂ ਉਠਦੀਆਂ ਹਨ, ਉਸ ਪ੍ਰਕਾਰ ਜਵਾਨੀ ਰੂਪ ਸਮੁੰਦਰ ਵਿਚ ਕਾਮ, ਕ੍ਰੋਧ ਆਦਿ ਦੀਆਂ ਲਹਿਰਾਂ ਉੱਠਦੀਆਂ ਹਨ। ਉਸ ਵਕਤ ਕਿਸੇ ਦੇ ਤਾਈਂ ਦਿਲ ਵਿਚ ਐਸਾ ਖ਼ਿਆਲ ਨਹੀਂ ਆਉਂਦਾ, ਜੈਸਾ ਕਿ :

**ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾ ਧੀਆਂ ਜਾਣੈ।** *(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੧)*

ਇਹ ਸੰਕਲਪ ਵੀ ਭੁੱਲ ਜਾਂਦੇ ਹਨ। ਸਾਰਿਆਂ ਦੇ ਤਾਈਂ ਵਿਕਾਰਾਂ ਦੀ ਦ੍ਰਿਸ਼ਟੀ ਨਾਲ ਤੱਕਦਾ ਰਹਿੰਦਾ ਹੈ।

## ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ; ਮਨੁ ਮਤਾ ਅਹੰਮੇਇ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ = ਸੱਜਣਾ! ਤੂੰ ਬੁਰਾ ਭਲਾ ਨਹੀਂ ਪਛਾਣਈ = ਪਛਾਣਦਾ ਕਿਉਂਕਿ ਤੇਰਾ ਮਨ, ਅਹੰਮੇਇ = ਹੰਕਾਰ ਵਿਚ ਮਤਾ = ਮਸਤਿਆ ਹੋਇਆ ਹੈ **ਅਥਵਾ** ਪਰਾਏ ਦੇ ਘਰਾਂ ਵਿਚ ਤੱਕਣਾ, ਚੋਰੀ ਕਰਕੇ ਖਾਣਾ, ਇਹ ਸਭ ਕੁਝ ਬੁਰਾ ਹੈ। ਆਪਣੇ ਧਰਮ ਵਿਚ ਰਹਿਣਾ, ਆਪਣੇ ਹੱਥੀਂ ਕਮਾ ਕੇ ਖਾਣਾ ਭਲਾ ਹੈ। ਤੂੰ ਇਸ ਦੀ ਪਹਿਚਾਣ ਨਹੀਂ ਕਰਦਾ ਸਗੋਂ ਇਹ ਕਹਿੰਦਾ ਹੈਂ ਕਿ ਧਰਮ ਡਰਾਉਣ ਧਮਕਾਉਣ

ਲਈ ਬਣਾਏ ਹਨ। ਆਮ ਜੂਨਾਂ ਵਾਲਾ ਆਦਮੀ ਕੋਈ ਵੀ ਕਰਮ ਕਰ ਲਵੇ, ਸਭ ਕੁਝ ਹਜ਼ਮ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਵਿਚਾਰ ਕਰਨਾ ਕਰਦਾ ਹੈ। ਤੇਰਾ ਮਨ ਅਹੰਕਾਰ ਦੇ ਨਿਸਚੇ ਵਿਚ ਬਹੁਤਾ ਮਸਤਿਆ ਹੋਇਆ ਹੈ।

## ਬੁਰਾ ਭਲਾ ਨ ਪਛਾਣੈ ਪ੍ਰਾਣੀ; ਆਗੈ ਪੰਥੁ ਕਰਾਰਾ ॥

ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਮੰਦੇ ਕਰਮ ਕਰਨੇ, ਪਾਪ ਕਰਨੇ, ਸ਼ਰਾਬ ਪੀਣੀ, ਚੋਰੀ ਕਰਨੀ ਆਦਿ ਬੁਰਾ = ਖੋਟੇ ਕਰਮ ਹਨ ਅਤੇ ਸਤਿਸੰਗਤ ਕਰਨੀ, ਨੇਕੀ ਕਰਨੀ, ਸੇਵਾ ਕਰਨੀ, ਸਾਰਿਆਂ ਨਾਲ ਪਿਆਰ ਕਰਨਾ ਆਦਿ ਭਲਾ = ਚੰਗੇ ਕੰਮ ਹਨ। ਐਸੇ ਬੁਰੇ ਅਤੇ ਭਲੇ ਕਰਮ ਨੂੰ ਪਛਾਣੈ = ਪਛਾਣਦਾ ਨਹੀਂ। ਆਗੈ = ਅੱਗੇ ਪਰਲੋਕ ਦਾ ਪੰਥ = ਰਸਤਾ ਬੜਾ ਕਰਾਰਾ = ਕਠਨ ਹੈ। ਜਿਸ ਤਰ੍ਹਾਂ ਤਿਲਾਂ ਨੂੰ ਤੇਲ ਕੱਢਣ ਵਾਸਤੇ ਕੋਹਲੂ ਵਿਚ ਪੀੜਿਆ ਜਾਂਦਾ ਹੈ। ਜੈਸਾ ਕਿ :

**ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥** *(ਮਾਰੂ ਮ: ੧, ਅੰਗ ੧੦੨੮)*

## ਪੂਰਾ ਸਤਿਗੁਰੁ ਕਬਹੂੰ ਨ ਸੇਵਿਆ; ਸਿਰਿ ਠਾਢੇ ਜਮ ਜੰਦਾਰਾ ॥

ਪੂਰਨ ਸਤਿਗੁਰੂ ਨਾਨਕ ਦੇਵ ਸਾਹਿਬ ਦਾ ਕਦੇ ਵੀ ਸਿਮਰਨ ਭਜਨ ਨਹੀਂ ਕੀਤਾ। ਤੇਰੇ ਸਿਰ ਦੇ ਉਪਰ ਜਮ = ਜਲਾਦਾਂ ਦੀ ਨਿਆਈਂ, ਜੰਦਾਰਾ = ਜਿੰਦ ਦਾ ਵੈਰੀ ਭਾਵ ਦੁਸ਼ਮਣ ਬਣ ਕੇ **ਵਾ:** ਜੰਦਾਰਾ = ਡੰਡਾ ਲੈ ਕੇ ਠਾਢੇ = ਖੜ੍ਹਾ ਹੈ।

## ਧਰਮ ਰਾਇ ਜਬ ਪਕਰਸਿ ਬਵਰੇ; ਤਬ ਕਿਆ ਜਬਾਬੁ ਕਰੇਇ ॥

ਹੇ ਬਵਰੇ = ਝੱਲੇ ਜੀਵ ! ਜਦੋਂ ਧਰਮਰਾਜ ਤੇਰੀ ਭੈੜੀ ਕਰਤੂਤ ਅਨੁਸਾਰ ਡੰਨ ਦੇਣ ਲਈ ਤੈਨੂੰ ਪਕਰਸਿ = ਪਕੜ ਲਵੇਗਾ, ਤਬ = ਉਸ ਵੇਲੇ ਤੂੰ ਕਿਆ = ਕੀ ਜਵਾਬ ਦੇਣਾ ਕਰੇਇ = ਕਰੇਂਗਾ ? ਉਸ ਸਮੇਂ ਤੇਰੇ ਕੋਲੋਂ ਬੋਲਿਆ ਨਹੀਂ ਜਾਵੇਗਾ।

## ਕਹੁ ਨਾਨਕ, ਦੂਜੈ ਪਹਰੈ ਪ੍ਰਾਣੀ; ਭਰਿ ਜੋਬਨੁ ਲਹਰੀ ਦੇਇ ॥੨॥

ਹੇ ਪ੍ਰਾਣਾਧਾਰੀ ਜੀਵ ! ਉਮਰ ਰੂਪੀ ਰਾਤ ਦੇ ਦੂਜੇ ਪਹਰੈ = ਹਿੱਸੇ ਵਿਚ ਜੋਬਨੁ = ਜਵਾਨੀ, ਕਾਮ, ਕ੍ਰੋਧ ਰੂਪ ਤ੍ਰਿਸ਼ਨਾ ਰੂਪੀ ਅਤੇ ਵਿਕਾਰਾਂ ਰੂਪ ਲਹਰੀ = ਲਹਿਰਾਂ ਦੀ ਭਰਿ = ਭਰੀ ਹੋਈ ਹੈ ॥੨॥

## ਤੀਜੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਬਿਖੁ ਸੰਚੈ ਅੰਧੁ ਅਗਿਆਨੁ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ ! ਉਮਰ ਰੂਪੀ ਰੈਣਿ = ਰਾਤ ਕੈ = ਦੇ ਤੀਜੈ = ਤੀਸਰੇ ਪਹਰੈ = ਪਹਰ ਦੀ ਅਧਖੜ ਉਮਰ ਵਿਚ ਅਗਿਆਨੁ ਕਰ ਕੇ ਵਿਚਾਰ ਰੂਪ ਨੇਤਰਾਂ ਤੋਂ ਹੀਣ ਅੰਧੁ = ਅੰਨਾ ਹੋਇਆ ਬਿਖੁ = ਵਿਸ਼ੇ **ਵਾ:** ਵਿਹੁ ਰੂਪ ਮਾਇਆ ਨੂੰ ਸੰਚੈ = ਇਕੱਤਰ ਕਰਦਾ ਹੈਂ।

## ਪੁਤ੍ਰਿ ਕਲਤ੍ਰਿ ਮੋਹਿ ਲਪਟਿਆ, ਵਣਜਾਰਿਆ ਮਿਤ੍ਰਾ; ਅੰਤਰਿ ਲਹਰਿ ਲੋਭਾਨੁ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ = ਸੱਜਣਾ ! ਪੁੱਤਰ ਅਤੇ ਕਲਤ੍ਰਿ = ਇਸਤਰੀ ਦੇ ਮੋਹ ਵਿਚ ਲਪਟਿਆ = ਲੰਪਟ ਹੋ ਰਿਹਾ ਹੈਂ ਅਤੇ ਤੇਰੇ ਹਿਰਦੇ ਅੰਤਰਿ = ਵਿਚ ਲੋਭਾਨੁ = ਲੋਭ ਦੀ ਤ੍ਰਿਸ਼ਨਾ ਰੂਪ ਲਹਿਰ ਹੈ **ਵਾ:** ਤ੍ਰਿਸ਼ਨਾ ਰੂਪ ਲਹਿਰ ਕਰਕੇ ਪਦਾਰਥਾਂ ਵਿਚ ਲੋਭਾਨੁ = ਲੁਭਾਇਮਾਨ ਹੋ ਰਿਹਾ ਹੈਂ।

## ਅੰਤਰਿ ਲਹਰਿ ਲੋਭਾਨੁ ਪਰਾਨੀ; ਸੋ ਪ੍ਰਭੁ ਚਿਤਿ ਨ ਆਵੈ ॥

ਹੇ ਪ੍ਰਾਣੀ ! ਤੇਰਾ ਅੰਤਰਿ = ਅੰਦਰ ਤੋਂ ਤ੍ਰਿਸ਼ਨਾ ਦੀ ਲਹਿਰ ਕਰਕੇ ਚਿਤਿ = ਹਿਰਦਾ ਲੋਭਾਨੁ = ਲੁਭਾਇਮਾਨ ਹੋ ਰਿਹਾ ਹੈ। ਸੋ = ਉਹ ਸਮਰੱਥ ਪ੍ਰਭੁ = ਵਾਹਿਗੁਰੂ ਕਦੇ ਵੀ ਤੇਰੇ ਚਿਤਿ = ਚੇਤੇ ਨਹੀਂ ਆਵੈ = ਆਉਂਦਾ।

## ਸਾਧਸੰਗਤਿ ਸਿਉ ਸੰਗੁ ਨ ਕੀਆ; ਬਹੁ ਜੋਨੀ ਦੁਖੁ ਪਾਵੈ ॥

ਸਾਧਸੰਗਤਿ = ਸ੍ਰੇਸ਼ਟ ਜਨਾਂ ਦੀ ਸੰਗਤ ਦੇ ਸਿਉ = ਨਾਲ ਕਦੇ ਸੰਗੁ = ਮਿਲਾਪ ਨ = ਨਹੀਂ ਕੀਆ = ਕੀਤਾ। ਜੈਸਾ ਕਿ :

**ਸਾਧਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ ॥** *(ਮਾਰੂ ਕਬੀਰ ਜੀ, ਅੰਗ ੧੧੦੫)*

**ਵਾ:** ਸਾਧਸੰਗਤ ਤੋਂ ਸੰਗੁ = ਸੰਗਦਾ ਹੀ ਰਿਹਾ, ਇਸ ਕਰਕੇ ਬਹੁ = ਬਹੁਤ ਜੋਨੀ = ਜੂਨਾਂ ਵਿਚ ਪੈ ਕੇ ਦੁਖੁ = ਕਸ਼ਟ ਪਾਵੈ = ਪਾਵੇਂਗਾ **ਵਾ:** ਤੈਨੂੰ ਦੁਖ ਰੂਪ ਫਲ ਪ੍ਰਾਪਤ ਹੋਵੇਗਾ। ਜੈਸਾ ਕਿ :

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥**

*(ਗਉੜੀ ਗੁਆਰੇਰੀ ਮ: ੫, ਅੰਗ ੧੭੬)*

## ਸਿਰਜਨਹਾਰੁ ਵਿਸਾਰਿਆ ਸੁਆਮੀ; ਇਕ ਨਿਮਖ ਨ ਲਗੋ ਧਿਆਨੁ ॥

ਤੂੰ ਉਸ ਸਿਰਜਨਹਾਰੁ = ਸੰਸਾਰ ਦੇ ਰਚਨਹਾਰ ਸੁਆਮੀ = ਮਾਲਕ ਪ੍ਰਭੂ ਪਰਮੇਸ਼ਰ ਨੂੰ ਵਿਸਾਰਿਆ = ਭੁਲਾ ਦਿੱਤਾ ਹੈ। ਤੇਰਾ ਉਸ ਪਰਮੇਸ਼ਰ ਵਿਚ ਇਕ ਨਿਮਖ = ਅੱਖ ਦੇ ਖੋਲ੍ਹਣ ਅਤੇ ਬੰਦ ਕਰਨ ਜਿਤਨਾ ਸਮਾਂ ਵੀ ਧਿਆਨ ਨ ਲਗੋ = ਨਹੀਂ ਲੱਗਿਆ।

## ਕਹੁ ਨਾਨਕ ਪ੍ਰਾਣੀ, ਤੀਜੈ ਪਹਰੈ; ਬਿਖੁ ਸੰਚੇ ਅੰਧੁ ਅਗਿਆਨੁ ॥੩॥

ਹੇ ਪ੍ਰਾਣਾਧਾਰੀ ਜੀਵ ! ਤੇਰੀ ਉਮਰ ਰੂਪੀ ਰਾਤ ਦੇ ਤੀਜੇ ਪਹਰੈ = ਹਿੱਸੇ ਵਿਚ ਅਗਿਆਨ ਦੇ ਸਹਿਤ ਵਿਚਾਰ ਰੂਪੀ ਨੇਤਰਾਂ ਤੋਂ ਅੰਧੁ = ਅੰਨ੍ਹਾ ਹੋਇਆ, ਮਾਇਆ ਰੂਪੀ ਬਿਖੁ = ਜ਼ਹਿਰ ਨੂੰ ਸੰਚੇ = ਇਕੱਠਾ ਕਰਨ ਵਿਚ ਹੀ ਲੱਗਾ ਰਿਹਾ। ਜਿਵੇਂ ਕੋਈ ਜ਼ਹਿਰ ਨੂੰ ਅੰਮ੍ਰਿਤ ਜਾਣ ਕੇ ਆਪਣੇ ਪੱਲੇ ਬੰਨ੍ਹ ਲੈਣਾ ਕਰੇ, ਹੇ ਜੀਵ ! ਤੇਰੀ ਐਸੀ ਹਾਲਤ ਹੈ। ਕਿਸੇ ਨੂੰ ਧੋਖਾ ਦੇ ਦਿੱਤਾ, ਕਿਸੇ ਨੂੰ ਜ਼ਹਿਰ ਦੇ ਕੇ ਮਾਰ ਦੇਣਾ ਆਦਿ, ਇਸ ਪ੍ਰਕਾਰ ਕੇਵਲ ਮਾਇਆ ਇਕੱਠੀ ਕਰਨ ਦਾ ਹੀ ਮਨੋਰਥ ਬਣਾਈ ਰੱਖਿਆ ॥੩॥

## ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਦਿਨੁ ਨੇੜੈ ਆਇਆ ਸੋਇ ॥

ਚੰਗੇ ਅਤੇ ਮੰਦੇ ਕਰਮ ਕਰਨ ਕਰਕੇ ਵਣਜਾਰੇ ਅਤੇ ਪਰਮੇਸ਼ਰ ਦੀ ਅੰਸ਼ ਹੋਣ ਕਰਕੇ ਮਿਤ੍ਰਾ = ਸੱਜਣਾ ! ਤੇਰੀ ਉਮਰ ਰੂਪੀ ਰਾਤ ਦੇ ਚੌਥੇ ਪਹਿਰ ਦੇ ਹਿੱਸੇ ਦੀ ਬਿਰਧ ਅਵਸਥਾ ਵਿਚ ਸੋਇ = ਉਹ ਦਿਨ ਭਾਵ ਮੌਤ ਵਾਲਾ ਸਮਾਂ ਨੇੜੈ = ਨਿਕਟ ਆਇਆ ਹੈ, ਜਿਸ ਨੂੰ ਸੁਣ ਕੇ ਜੀਵ ਸੁੰਨ ਹੋ ਜਾਂਦਾ ਹੈ, ਮੌਤ ਦਾ ਐਸਾ ਭੈ ਹੈ ਕਿ ਜੀਵ ਆਪਣੀ ਮੌਤ ਤਾਂ ਦੂਰ ਦੀ ਗੱਲ ਹੈ, ਕਿਸੇ ਦੀ ਮੌਤ ਸੁਣ ਕੇ ਵੀ ਸੁੰਨ ਹੋ ਜਾਂਦਾ ਹੈ। ਪਰੰਤੂ ਫਿਰ ਵੀ ਉਹ ਮੌਤ ਦਾ ਸਮਾਂ ਜਿਸ ਨੂੰ ਜੀਵ ਸੁਣਨਾ ਨਹੀਂ ਚਾਹੁੰਦਾ ਸੀ, ਉਹ ਨੇੜੇ ਆ ਰਿਹਾ ਹੈ।

## ਗੁਰਮੁਖਿ ਨਾਮੁ ਸਮਾਲਿ ਤੂੰ, ਵਣਜਾਰਿਆ ਮਿਤ੍ਰਾ; ਤੇਰਾ ਦਰਗਹ ਬੇਲੀ ਹੋਇ ॥

ਹੇ ਜੀਵ ਰੂਪੀ ਵਣਜਾਰੇ ਮਿਤ੍ਰਾ = ਸੱਜਣਾ ! ਤੂੰ ਗੁਰਮੁਖਾਂ ਦੀ ਸੰਗਤ ਕਰ ਕੇ ਉਸ ਪਰਮੇਸ਼ਰ ਦੇ ਨਾਮ ਨੂੰ ਸਮਾਲਿ = ਚੇਤੇ ਭਾਵ ਯਾਦ ਕਰ। ਜੇਕਰ ਤੂੰ ਉਸ ਵਾਹਿਗੁਰੂ ਦੇ ਨਾਮ ਨੂੰ ਚੇਤੇ ਰੱਖੇਂਗਾ ਤਾਂ ਉਹ ਤੇਰਾ

ਦਰਗਹ = ਸੱਚਖੰਡ ਵਿਚ ਬੇਲੀ = ਮਿੱਤਰਾਂ ਦੀ ਨਿਆਈਂ ਰੱਖਿਆ ਕਰਨ ਵਾਲਾ ਹੋਇ = ਹੋਵੇਗਾ **ਵਾ:** ਦਰ = ਦੁਨੀਆਂ ਰੂਪੀ ਦਰਵਾਜੇ ਵਿਚ ਅਤੇ ਹਿਰਦੇ ਰੂਪੀ ਗਹ = ਜਗ੍ਹਾ ਵਿਚ ਵੀ ਤੇਰਾ ਬੇਲੀ = ਸਹਾਇਕ ਹੋਵੇਗਾ।

[ਅੰਗ ੭੮]

## ਗੁਰਮੁਖਿ ਨਾਮੁ ਸਮਾਲਿ ਪਰਾਣੀ; ਅੰਤੇ ਹੋਇ ਸਖਾਈ ॥

ਹੇ ਪ੍ਰਾਣਾਧਾਰੀ ਜੀਵ ! ਤੂੰ ਗੁਰਮੁਖਾਂ ਦੀ ਸੰਗਤ ਕਰ ਕੇ ਵਾਹਿਗੁਰੂ ਦੇ ਨਾਮ ਨੂੰ ਸਮਾਲਿ = ਸਿਮਰਨਾ ਭਾਵ ਯਾਦ ਕਰ। ਉਸ ਪਰਮੇਸ਼ਰ ਦਾ ਜਪਿਆ ਹੋਇਆ ਨਾਮ ਤੇਰਾ ਅੰਤ ਵੇਲੇ ਸਖਾਈ = ਸਹਾਇਤਾ ਕਰੇਗਾ।

## ਇਹੁ ਮੋਹੁ ਮਾਇਆ, ਤੇਰੈ ਸੰਗਿ ਨ ਚਾਲੈ; ਝੂਠੀ ਪ੍ਰੀਤਿ ਲਗਾਈ ॥

ਇਹ ਤੈਨੂੰ ਜੋ ਪਦਾਰਥਾਂ ਅਤੇ ਮਾਇਆ ਇਕੱਠੀ ਕਰਨ ਦਾ ਮੋਹ ਲੱਗਿਆ ਹੋਇਆ ਹੈ, ਉਹ ਅੰਤ ਵੇਲੇ ਤੇਰੇ ਸੰਗਿ = ਨਾਲ ਨਹੀਂ ਚੱਲੇਗਾ। ਤੂੰ ਝੂਠੀ ਹੀ ਪ੍ਰੀਤਿ = ਲਗਨ ਇਹਨਾਂ ਨਾਲ ਲਗਾਈ = ਲਗਾਉਣਾ ਕੀਤੀ ਹੈ।

## ਸਗਲੀ ਰੈਣਿ ਗੁਦਰੀ ਅੰਧਿਆਰੀ; ਸੇਵਿ ਸਤਿਗੁਰੁ ਚਾਨਣੁ ਹੋਇ ॥

ਤੇਰੀ ਸਗਲੀ = ਸਾਰੀ ਉਮਰ ਰੂਪੀ ਰੈਣਿ = ਰਾਤ ਅੰਧਿਆਰੀ = ਅਵਿੱਦਿਆ ਰੂਪ ਹਨੇਰੇ ਵਿਚ ਗੁਦਰੀ = ਗੁਜ਼ਰਦੀ ਭਾਵ ਬਤੀਤ ਹੁੰਦੀ ਜਾ ਰਹੀ ਹੈ। ਜੇਕਰ ਤੂੰ ਸਤਿਗੁਰੂ ਸਾਹਿਬ ਜੀ ਦੀ ਸੇਵਿ = ਸੇਵਾ ਕਰੇਂ ਤਾਂ ਤੈਨੂੰ ਗਿਆਨ ਰੂਪ ਚਾਨਣੁ = ਪ੍ਰਕਾਸ਼ ਦੀ ਪ੍ਰਾਪਤੀ ਹੋਇ = ਹੋ ਸਕਦੀ ਹੈ।

## ਕਹੁ ਨਾਨਕ, ਪ੍ਰਾਣੀ ਚਉਥੈ ਪਹਰੈ; ਦਿਨੁ ਨੇੜੈ ਆਇਆ ਸੋਇ ॥੪॥

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਉਂਦੇ ਹਨ ਕਿ ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ ! ਉਮਰ ਰੂਪੀ ਰਾਤ ਦੇ ਚੌਥੇ ਪਹਿਰ ਦੇ ਹਿੱਸੇ ਵਿਚ ਮੌਤ ਦਾ ਦਿਨ ਜੋ ਸਾਰਿਆਂ ਦੇ ਸਿਰ 'ਤੇ ਆਇਆ ਸੀ, ਹੁਣ ਸੋਇ = ਉਹ ਤੇਰੇ ਵੀ ਨੇੜੈ = ਨਜਦੀਕ ਆਉਣ ਵਾਲਾ ਹੈ ॥੪॥

## ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ; ਉਠਿ ਚਲੇ ਕਮਾਣਾ ਸਾਥਿ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ = ਸੱਜਣਾ ! ਜਦੋਂ ਤੈਨੂੰ ਉਸ ਗੋ = ਵੇਦਾਂ ਕਰਕੇ, ਵਿੰਦ = ਜਾਨਣੇ ਯੋਗ ਪਰਮੇਸ਼ਰ ਦੇ ਲਿਖੇ ਅਨੁਸਾਰ ਹੁਕਮ ਆਇਆ = ਆ ਗਿਆ, ਫਿਰ ਤੂੰ ਰੁਕ ਨਹੀਂ ਸਕੇਂਗਾ। ਤੇਰੇ ਚੰਗੇ ਤੇ ਮੰਦੇ, ਕਮਾਣਾ = ਕਮਾਏ ਹੋਏ ਕਰਮ ਗਵਾਹੀ ਦੇਣ ਲਈ ਪ੍ਰਲੋਕ ਨੂੰ ਸਾਥਿ = ਨਾਲ ਉੱਠ ਕੇ ਚਲੇ = ਚੱਲਣਾ ਕਰਨਗੇ **ਵਾ:** ਕਮਾਣਾ = ਸ਼ਸਤ੍ਰਧਾਰੀ ਧਨੁੱਖ ਧਾਰਨ ਕਰਨ ਵਾਲੇ ਜਮਾਂ ਦੇ ਨਾਲ ਉੱਠ ਕੇ ਚਲੇ ਜਾਣਾ ਪਵੇਗਾ।

## ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ; ਓਨੀ ਤਕੜੇ ਪਾਏ ਹਾਥ ॥

ਹੇ ਜੀਵ ਰੂਪ ਵਣਜਾਰੇ ਮਿਤ੍ਰਾ ! ਉਨ੍ਹਾਂ ਜਮਾਂ ਨੇ ਤੈਨੂੰ ਇਕ ਰੱਤੀ ਮਾਤਰ ਬਿਲਮ = ਦੇਰੀ ਨਹੀਂ ਕਰਨ ਦੇਵਨੀ = ਦੇਣੀ। ਉਨ੍ਹਾਂ ਨੇ ਤੈਨੂੰ ਤਕੜੇ = ਮਜ਼ਬੂਤ ਹੱਥ ਪਾਏ ਹੋਏ ਹਨ ਜੋ ਤੈਨੂੰ ਜਿਉਂਦਾ ਨਹੀਂ ਰਹਿਣ ਦੇਣਗੇ।

## ਲਿਖਿਆ ਆਇਆ ਪਕੜਿ ਚਲਾਇਆ; ਮਨਮੁਖ ਸਦਾ ਦੁਹੇਲੇ ॥

ਜਦੋਂ ਲਿਖਿਆ ਹੋਇਆ ਸਮਾਂ ਪੂਰਾ ਹੋ ਆਇਆ ਭਾਵ ਮੌਤ ਦਾ ਸੱਦਾ ਆ ਗਿਆ ਤਾਂ ਜਮਾਂ ਨੇ ਪਕੜਿ = ਫੜ ਕੇ ਪ੍ਰਲੋਕ ਵੱਲ ਨੂੰ ਚਲਾਇਆ = ਤੋਰ ਲੈਣਾ ਹੈ, ਉਸ ਵੇਲੇ ਮਨਮੁਖ ਪੁਰਖ ਸਦਾ = ਹਮੇਸ਼ਾ ਹੀ ਦੁਹੇਲੇ = ਦੁਖੀ ਹੁੰਦੇ ਹਨ।

## ਜਿਨੀ ਪੂਰਾ ਸਤਿਗੁਰੁ ਸੇਵਿਆ; ਸੇ ਦਰਗਹ ਸਦਾ ਸੁਹੇਲੇ ॥

ਜਿਨੀ = ਜਿਨ੍ਹਾਂ ਨੇ ਪੂਰੇ ਸਤਿਗੁਰੂ ਦੁਆਰਾ ਪਰਮੇਸ਼ਰ ਦਾ ਸੇਵਿਆ = ਭਜਨ ਕੀਤਾ ਹੈ, ਸੇ = ਉਹ ਪਰਮੇਸ਼ਰ ਵਾਹਿਗੁਰੂ ਦੀ ਦਰਗਾਹ ਵਿਚ ਸਦਾ ਸੁਹੇਲੇ = ਸੁਖੀ ਰਹਿਣਗੇ **ਵਾ:** ਪਰਮੇਸ਼ਰ ਦੀ ਸਾਧ ਸੰਗਤ ਰੂਪੀ ਦਰਗਾਹ ਵਿਚ ਸਦਾ ਸੁਹੇਲੇ = ਸੁਖੀ ਹਨ **ਵਾ:** (ਦਰ + ਗਹ) ਸੰਸਾਰ ਰੂਪੀ ਦਰ ਦੀ ਗਹ = ਜਗ੍ਹਾ ਵਿਚ ਸਦਾ ਸੁਹੇਲੇ ਹਨ **ਵਾ:** ਤੁਰੀਆ ਪਦ ਰੂਪੀ ਦਰ ਅਤੇ ਸੱਚਖੰਡ ਰੂਪੀ ਜਗ੍ਹਾ ਵਿਚ ਸਦਾ ਸੁਹੇਲੇ ਹਨ।

## ਕਰਮ ਧਰਤੀ ਸਰੀਰੁ, ਜੁਗ ਅੰਤਰਿ; ਜੋ ਬੋਵੈ ਸੋ ਖਾਤਿ ॥

ਇਸ ਜੁਗ = ਚਾਰ ਜੁਗੀ ਪ੍ਰਪੰਚ ਅੰਤਰਿ = ਅੰਦਰ ਮਨੁੱਖਾ ਸਰੀਰ ਰੂਪੀ ਧਰਤੀ ਕਰਮਾਂ ਰੂਪੀ ਬੀਜ ਬੀਜਣ ਦੀ ਹੈ, ਜੋ = ਜਿਹੜਾ ਵੀ ਜਿਹੋ ਜਿਹਾ ਕਰਮਾਂ ਰੂਪੀ ਬੀਜ ਬੋਵੈ = ਬੀਜੇਗਾ, ਸੋ = ਉਹੋ ਜਿਹਾ ਹੀ ਖਾਤਿ = ਖਾਣਾ ਕਰੇਗਾ; ਜੈਸਾ ਕਿ :

**ਕਰਮ ਧਰਤੀ ਸਰੀਰੁ ਕਲਿਜੁਗ ਵਿਚਿ, ਜੇਹਾ ਕੋ ਬੀਜੇ ਤੇਹਾ ਕੋ ਖਾਏ ॥** *(ਸਲੋਕ ਮ: ੪, ਅੰਗ ੩੦੮)*

## ਕਹੁ ਨਾਨਕ ਭਗਤ ਸੋਹਹਿ ਦਰਵਾਰੇ; ਮਨਮੁਖ ਸਦਾ ਭਵਾਤਿ ॥੫॥੧॥੪॥

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਹੜੇ ਉਸ ਅਕਾਲ ਪੁਰਖ ਦੇ ਭਗਤ ਹਨ, ਉਹ ਸੱਚਖੰਡ ਰੂਪੀ ਦਰਵਾਰੇ = ਦਰਬਾਰ ਵਿਚ ਸੋਹਹਿ = ਸੋਂਹਦੇ ਭਾਵ ਬ੍ਰਹਮ ਸਰੂਪ ਵਿਚ ਇਸਥਿਤ ਹੋਏ ਹਨ। ਜੋ ਮਨਮੁਖ ਹਨ, ਉਹ ਸਦਾ ਜੂਨਾਂ ਵਿਚ ਹੀ ਭਵਾਤਿ = ਭੌਂਦੇ ਭਾਵ ਵਾਸ਼ਨਾ ਕਰਕੇ ਫਿਰਦੇ ਰਹਿੰਦੇ ਹਨ ਅਤੇ ਜੰਮਣ ਮਰਨ ਵਿਚ ਆਉਂਦੇ ਜਾਂਦੇ ਹਨ ॥੫॥੧॥੪॥

## ਸਿਰੀਰਾਗੁ ਮਹਲਾ ੪ ਘਰੁ ੨ ਛੰਤ

ਇਕ ਦਿਨ ਗੁਰੂ ਅਮਰਦਾਸ ਸਾਹਿਬ ਜੀ ਨੇ ਆਪਣੇ ਬ੍ਰਹਮ ਗਿਆਨੀ ਸਿੱਖ ਡੱਲੇ ਗ੍ਰਾਮ ਨਿਵਾਸੀ ਭਾਈ ਪਾਰੋ ਜੀ ਨੂੰ ਪਰਖਣਾ ਕਰਨ ਲਈ ਕਿਹਾ ਕਿ ਤੁਸੀਂ ਗੁਰਤਾ ਗੱਦੀ ਦੇ ਲਾਇਕ ਹੋ। ਕੀ ਤੁਹਾਨੂੰ ਗੱਦੀ ਦੇ ਦੇਈਏ ? ਤਾਂ ਭਾਈ ਪਾਰੋ ਜੀ ਨੇ ਕਿਹਾ ਕਿ ਪਾਤਸ਼ਾਹ ਜੀ ! ਮੈਨੂੰ ਸਿੱਖੀ ਵਿਚ ਹੀ ਅਨੰਦ ਹੈ। ਇਸ ਲਈ ਸਿੱਖੀ ਦਾਨ ਬਖ਼ਸ਼ੋ। ਮੈਂ ਆਪਣੇ ਆਪ ਨੂੰ ਸਿੱਖੀ ਸਰੂਪ ਵਿਚ ਹੀ ਦੇਖਣਾ ਚਾਹੁੰਦਾ ਹਾਂ, ਗੁਰੂ ਸਰੂਪ ਵਿਚ ਨਹੀਂ। ਇਸ ਕਰਕੇ ਗੁਰੂ ਉਸ ਨੂੰ ਹੀ ਬਣਾਉ ਜਿਸ ਨੂੰ ਧੁਰਾਂ ਤੋਂ ਬਣਾਉਣ ਦਾ ਹੁਕਮ ਹੈ। ਤਾਂ ਸਤਿਗੁਰੂ ਸਾਹਿਬ ਜੀ ਨੇ ਕਿਹਾ ਕਿ ਭਾਈ ਪਾਰੋ ਜੀ ! ਇਹ ਤਾਂ ਤੁਹਾਡੀ ਪਰਖਣਾ ਸੀ ਕਿ ਤੁਸੀਂ ਸਿੱਖੀ ਵਿਚ ਕਿਤਨਾ ਦ੍ਰਿੜ੍ਹ ਹੋ ? ਤੁਸਾਂ ਸਿੱਖੀ ਮੰਗ ਕੇ ਸਭ ਕੁਝ ਮੰਗ ਲਿਆ ਪਰ ਹੁਣ ਇਉਂ ਕਰੋ ਕਿ ਭਾਈ ਜੇਠਾ ਜੀ ਦੀ ਪਰਖਣਾ ਕਰੋ, ਕੀ ਉਹ ਗੁਰੂ ਦੇ ਬਣਨ ਦੇ ਯੋਗ ਹਨ ? ਭਾਈ ਪਾਰੋ ਜੀ ਨੇ ਜਾ ਕੇ ਗੁਰੂ ਰਾਮਦਾਸ ਜੀ ਪਾਸ ਬੇਨਤੀ ਕੀਤੀ ਕਿ ਜੀਵ ਰੂਪ ਇਸਤਰੀ ਪੇਕੇ ਘਰ ਵਿਚ ਅਗਿਆਤ ਬੇਸਮਝ ਹੈ। ਇਸ ਨੂੰ ਪਤੀ ਰੂਪ ਪਰਮੇਸ਼ਰ ਦਾ ਦਰਸ਼ਨ ਕਿਵੇਂ ਹੋਵੇ ? ਉਸ ਵੇਲੇ ਭਾਈ ਪਾਰੋ ਜੀ ਨੂੰ ਉੱਤਰ ਦਿੰਦਿਆਂ ਜੋ ਸਤਿਗੁਰਾਂ ਨੇ ਬਚਨ ਕਹੇ ਸਨ ਜਾਂ ਭਾਈ ਪਾਰੋ ਜੀ ਨੇ ਪ੍ਰਸ਼ਨ ਕੀਤਾ ਸੀ। ਇਸ ਵਾਰਤਾ ਨੂੰ ਗੁਰੂ ਰਾਮਦਾਸ ਜੀ ਗੁਰਤਾ ਗੱਦੀ 'ਤੇ ਸੁਭਾਇਮਾਨ

ਹੋ ਕੇ ਗੁਰੂ ਸਿੱਖ ਦੇ ਸੰਵਾਦ ਦੁਆਰਾ ਘਰੁ ੨ = ਦੂਸਰੇ ਸੁਰਤਾਲ ਵਿਚ ਛੰਤ = ਜੱਸ ਰੂਪ ਬਾਣੀ ਦਾ ਸ਼ਬਦ ਉਚਾਰਨ ਕਰਦੇ ਹਨ।

**ਛੰਤ :** ਛੰਤ ਜੱਸ ਰੂਪ ਬਾਣੀ ਦਾ ਨਾਮ ਹੈ, ਜਿਸ ਵਿਚ ਸੰਗੀਤ ਅਤੇ ਕਾਵਿ ਦੋਵੇਂ ਸਮਿਲਤ ਹੋਣ **ਅਥਵਾ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਤਿਆ ਗਿਆ ਇਕ ਸ਼ੈਲੀਗਤ ਕਾਵਿ ਰੂਪ ਹੈ, ਇਸ ਦਾ ਛੰਦ ਨਾਲੋਂ ਕੁਝ ਭੇਦ ਹੈ। ਭਾਈ ਕਾਨ੍ਹ ਸਿੰਘ ਜੀ ਨੇ ਪਦ-ਕਾਵਿ ਦਾ ਨਾਂ 'ਛੰਤ' ਦੱਸਿਆ ਹੈ, ਡਾ. ਸ.ਸ. ਕੋਹਲੀ ਅਨੁਸਾਰ ਪ੍ਰਭੂ ਦੀ ਉਸਤਤੀ ਸੰਬੰਧੀ ਪਵਿੱਤਰ ਕਾਵਿ ਨੂੰ ਛੰਤ ਦਾ ਨਾਂ ਦਿੱਤਾ ਜਾਂਦਾ ਹੈ। ਪਰ ਇਨ੍ਹਾਂ ਦੋਹਾਂ ਅਰਥਾਂ ਨਾਲ ਛੰਤ ਦਾ ਸਰੂਪ ਸਪੱਸ਼ਟ ਨਹੀਂ ਹੁੰਦਾ।

ਇਹ ਸੰਸਕ੍ਰਿਤ ਦੇ 'ਛੰਦਸ' ਸ਼ਬਦ ਦਾ ਤਦਭਾਵ ਰੂਪ ਹੈ, ਅਤੇ ਇਸ ਦਾ ਪ੍ਰਚਲਨ ਲੋਕ ਕਾਵਿ ਵਿਚ ਹੋਇਆ ਹੈ। ਵਿਆਹ ਵੇਲੇ ਲਾੜਾ ਆਪਣੀਆਂ ਸਾਲੀਆਂ ਦੇ ਕਹਿਣ ਤੋਂ ਆਮ ਕਰਕੇ ਛੰਤ ਸੁਣਾਉਂਦਾ ਹੈ, ਜਿਸ ਵਿਚ ਮਨੋਰੰਜਨ, ਵਿਅੰਗ ਅਤੇ ਹਾਸੇ ਤੇ ਤੱਤ ਮੌਜੂਦ ਰਹਿੰਦੇ ਹਨ।

ਗੁਰੂ ਸਾਹਿਬਾਨ ਜੀ ਨੇ ਲੋਕ-ਕਾਵਿ ਪਰੰਪਰਾਵਾਂ ਨੂੰ ਬੜੀ ਉਦਾਰਤਾ ਨਾਲ ਅਪਣਾਇਆ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ੈਲੀਗਤ ਲੋਕ ਕਾਵਿ ਰੂਪ ਨੂੰ ਸਥਾਨ ਮਿਲਿਆ ਹੈ, ਹੋਰ ਗੰਭੀਰਤਾ ਨਾਲ ਦੇਖੀਏ ਤਾਂ 'ਛੰਤ' ਸਿਰਲੇਖ ਆਮ ਕਰਕੇ ਉਨ੍ਹਾਂ ਮੰਗਲ-ਮਈ ਸ਼ਬਦਾਂ ਨੂੰ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਜੀਵਾਤਮਾ ਰੂਪੀ ਨਾਇਕਾ ਨੂੰ ਵਿਯੋਗ ਦਾ ਅਨੁਭਵ, ਸੰਯੋਗ ਸੁਖ ਦੀ ਅਭਿਲਾਖਾ, ਪ੍ਰੀਤਮ ਦੀ ਉਡੀਕ ਅਤੇ ਕਦੇ ਕਦੇ ਪ੍ਰਾਪਤ ਹੋਣ ਵਾਲੇ ਸੰਯੋਗ ਸੁਖ ਦੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਅਧੀਨ ਅਸ਼ਟਪਦੀਆਂ ਦੇ ਬਾਅਦ ਇਨ੍ਹਾਂ ਨੂੰ ਸੰਕਲਿਤ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਅਧਿਕਾਂਸ਼ ਛੰਤਾਂ ਦੀ ਪਦ-ਸੰਖਿਆ ਚਾਰ-ਚਾਰ ਹੁੰਦੀ ਹੈ ਅਤੇ ਹਰ ਪਦ ਵਿਚ ਛੇ-ਛੇ ਪੰਕਤੀਆਂ ਹੁੰਦੀਆਂ ਹਨ। ਇਹ ਚਾਰ ਤੁਕੇ ਭੀ ਤੇ ਛੇ ਤੁਕੇ ਭੀ ਆਏ ਹਨ।

ਸੰਗੀਤ ਵਿਦਯਾ ਅਨੁਸਾਰ ਛੰਦ ਜਾਂ ਛੰਤ ਇਕ ਪ੍ਰਬੰਧ ਹੈ। ਖਟਪਦੀ ਪ੍ਰਬੰਧ ਦੇ ਭੇਦਾਂ ਵਿੱਚੋਂ ਇਕ ਭੇਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਰਾਗਾਂ ਵਿਚ ਛੰਤ ਵਿਦਮਾਨ ਹਨ। ਗਾਉਣ ਲਈ ਤਾਰ ਦੀ ਸੂਚਨਾ ਵੀ ਥਾਓਂ ਥਾਈਂ ਨਾਲੋ ਨਾਲ 'ਘਰੁ ੧' ਜਾਂ 'ਘਰੁ ੪' ਆਦਿ ਲਿਖ ਕੇ ਕੀਤੀ ਹੋਈ ਹੈ।

## ੧ੴ ਸਤਿਗੁਰ ਪ੍ਰਸਾਦਿ ॥

੧ = ਅਦੁੱਤੀ ੴ = ਸਰਬ ਦਾ ਪ੍ਰਕਾਸ਼ਕ ਸਤਿ = ਨਾਸ ਤੋਂ ਰਹਿਤ ਗੁਰ = ਚੇਤਨ ਸਰੂਪ ਪ੍ਰਸਾਦਿ = ਅਨੰਦ ਸਰੂਪ **ਵਾ:** ਸਤਿਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮੁੰਧ ਇਆਣੀ ਪੇਈਅੜੈ; ਕਿਉ ਕਰਿ ਹਰਿ ਦਰਸਨੁ ਪਿਖੈ ॥

ਜਗਿਆਸੂ ਸਿੱਖ ਨੇ ਪ੍ਰਸ਼ਨ ਕੀਤਾ ਕਿ ਜੀਵ ਰੂਪੀ ਇਆਣੀ = ਅਗਿਆਤ ਮੁੰਧ = ਇਸਤਰੀ ਇਸ ਮਾਤ ਲੋਕ ਰੂਪੀ ਪੇਈਅੜੈ = ਪੇਕੇ ਘਰ ਵਿਚ ਬੇ-ਸਮਝ ਹੈ, ਭਾਵ ਇਸ ਨੂੰ ਨਿਜ ਸਰੂਪ ਦੀ ਵਿਚਾਰ ਨਹੀਂ, ਪਰੰਤੂ ਪ੍ਰਾਪਤੀ ਦਾ ਸ਼ੌਕ ਰੱਖਦੀ ਹੈ, ਇਸ ਲਈ ਇਹ ਕਿਉ = ਕਿਸ ਪ੍ਰਕਾਰ ਹਰਿ = ਪਰਮੇਸ਼ਰ ਦੇ ਦਰਸਨੁ = ਦੀਦਾਰ ਨੂੰ ਪਿਖੈ = ਦੇਖਣਾ ਕਰੇਗੀ ? ਮਾਤ ਲੋਕ ਰੂਪੀ **ਵਾ:** ਇਆਣੀ = ਅਗਿਆਨ ਦੇ ਸਹਿਤ ਹੈ। ਭਾਵੇਂ ਸ਼ੌਕ ਤਾਂ ਹੈ ਪਰ ਅਗਿਆਨ ਹੋਣ ਕਰਕੇ ਗਿਆਨ ਤੋਂ ਹੀਣੀ ਹੋਣ ਦੇ ਕਾਰਨ ਨਿਜ ਸਰੂਪ ਅਕਾਲ ਪੁਰਖ ਪਰਮੇਸ਼ਰ ਪਤੀ ਦੀ ਪ੍ਰਾਪਤੀ ਨਹੀਂ ਕਰ ਸਕਦੀ। ਸ਼ਾਸਤਰ ਸੰਸਕਾਰਾਂ ਤੋਂ ਇਆਣੀ = ਬੇਸਮਝ ਹੈ। ਕਿਸ ਪ੍ਰਕਾਰ ਦਰਸ਼ਨਾਂ ਨੂੰ ਪਿਖੈ = ਦੇਖ ਸਕੇਗੀ ? ਤਾਂ ਸਤਿਗੁਰੂ ਪਾਤਸ਼ਾਹ ਜੀ ਨੇ ਐਸਾ ਉਪਦੇਸ਼ ਭਾਵ ਉੱਤਰ ਦਿੱਤਾ :

## ਹਰਿ ਹਰਿ ਅਪਨੀ ਕਿਰਪਾ ਕਰੇ; ਗੁਰਮੁਖਿ ਸਾਹੁਰੜੈ ਕੰਮ ਸਿਖੈ ॥

(**ਸਿੱਖੈ** ਅੱਧਕ ਸਹਿਤ ਬੋਲੋ)

ਹੇ ਭਾਈ ਪਾਰੋ ਜੀ ! ਜਦੋਂ ਸਾਰਿਆਂ ਨੂੰ ਹਰਿ = ਹਰੇ-ਭਰੇ ਕਰਨ ਵਾਲਾ ਹਰਿ = ਹਰੀ ਪਰਮੇਸ਼ਰ ਆਪਨੀ ਕਿਰਪਾ = ਦਇਆ ਦ੍ਰਿਸ਼ਟੀ ਕਰ ਦੇਵੇ ਤਾਂ ਜਗਿਆਸੂ ਜੀਵ ਰੂਪ ਇਸਤਰੀ ਗੁਰਾਂ ਦੁਆਰਾ ਗੁਰਮੁਖ ਬਣ ਕੇ ਪ੍ਰਲੋਕ ਰੂਪੀ ਸਾਹੁਰੜੈ = ਸਹੁਰੇ ਘਰ ਵਿਚ ਜਾਣ ਦਾ ਕੰਮ = ਕਾਰਜ ਸਿਖੈ = ਸਿੱਖ ਲੈਂਦੀ ਹੈ।

## ਸਾਹੁਰੜੈ ਕੰਮ ਸਿਖੈ ਗੁਰਮੁਖਿ; ਹਰਿ ਹਰਿ ਸਦਾ ਧਿਆਏ ॥

ਨਿਸ਼ਕਾਮ ਹੋ ਕਰਕੇ ਸੇਵਾ ਦੁਆਰਾ ਗੁਰਮੁਖਾਂ ਵਾਲੀ ਅਵਸਥਾ ਨੂੰ ਪਾ ਕੇ ਇਉਂ ਪ੍ਰਲੋਕ ਰੂਪੀ ਸਾਹੁਰੜੈ = ਸਹੁਰੇ ਘਰ ਭਾਵ ਪਰਮੇਸ਼ਰ ਦੇ ਘਰ ਦੀ ਪ੍ਰਾਪਤੀ ਦਾ ਕੰਮ ਸਿਖੈ = ਸਿਖ ਲੈਣਾ ਕਰੇ **ਵਾ:** ਭਗਤੀ ਰੂਪੀ, ਆਤਮਾ ਕਾਰ ਬਿਰਤੀ ਕਰਨ ਰੂਪ ਆਦਿ ਕੰਮ = ਕਾਰਜ ਸਿਖ ਲਵੇ। ਹਰਿ = ਹਰ ਵਕਤ ਸਤਿਗੁਰੂ ਦੇ ਉਪਦੇਸ਼ ਦੇ ਤਾਈਂ ਹਰਿ = ਪਰਮੇਸ਼ਰ ਦੇ ਨਾਮ ਨੂੰ ਮਨ, ਬਾਣੀ ਅਤੇ ਸਰੀਰ ਕਰਕੇ ਸਦਾ = ਹਮੇਸ਼ਾ ਧਿਆਏ = ਧਿਆਉਣਾ ਕਰੇ।

## ਸਹੀਆ ਵਿਚਿ ਫਿਰੈ ਸੁਹੇਲੀ; ਹਰਿ ਦਰਗਹ ਬਾਹ ਲੁਡਾਏ ॥

ਉਹ ਸ਼ਰਧਾਵਾਨ ਜਗਿਆਸੂ ਰੂਪ ਇਸਤਰੀ ਮਹਾਤਮਾ, ਤੱਤ ਬੇਤੇ, ਬ੍ਰਹਮ ਗਿਆਨੀ ਰੂਪ ਸਹੀਆ = ਸਖੀਆਂ ਵਿਚ ਆਤਮ ਰਸ ਵਿਚ ਸੁਹੇਲੀ = ਸੁਖਾਲੀ, ਸੁਖ ਪੂਰਬਕ ਫਿਰੈ = ਫਿਰਦੀ ਹੈ। ਹਰਿ = ਪਰਮੇਸ਼ਰ ਦੀ ਦਰਗਹ = ਸੱਚਖੰਡ ਰੂਪ ਸਹੁਰੇ ਘਰ ਵਿਚ ਬਾਹ = ਭੁਜਾ ਨੂੰ ਸ਼ੁਭਗੁਣਾਂ ਦੇ ਸਹਿਤ ਲੁਡਾਏ = ਹਿਲਾ ਕੇ ਅਨੰਦ ਸਹਿਤ ਚੱਲਦੀ ਹੈ **ਅਥਵਾ** ਬਿਰਤੀ ਰੂਪ ਭੁਜਾ ਦੇ ਤਾਈਂ ਹਰੀ ਦੇ ਦਰ = ਅੰਦਰ ਗਹ = ਤੁਰੀਆ ਪਦ ਦੀ ਜਗ੍ਹਾ ਵਿਚ ਬਿਰਤੀ ਨੂੰ ਬ੍ਰਹਮਾਕਾਰ ਕਰਕੇ ਬੇਪ੍ਰਵਾਹੀ ਭਾਵ ਬੇਫ਼ਿਕਰੀ ਨਾਲ ਹਿਲਾ ਕੇ ਚੱਲਦੀ ਹੈ।

## ਲੇਖਾ, ਧਰਮਰਾਇ ਕੀ ਬਾਕੀ; ਜਪਿ ਹਰਿ ਹਰਿ ਨਾਮੁ, ਕਿਰਖੈ ॥

(**ਕਿਰੱਖੈ** ਦਾ ਉਚਾਰਣ ਅੱਧਕ ਸਹਿਤ ਹੈ)

ਜਨਮਾਂ ਜਨਮਾਂਤਰਾਂ ਦਾ ਸੰਚਤ ਕਰਮਾਂ ਰੂਪ ਲੇਖਾ = ਹਿਸਾਬ ਕਿਤਾਬ ਹੈ। ਉਹ ਧਰਮ ਰਾਜੇ ਦਾ ਬਾਕੀ = ਬਕਾਇਆ ਹੈ। ਉਸ ਬਕਾਏ ਰੂਪ ਨਿਕੰਮੇ ਘਾਹ ਨੂੰ ਹਿਰਦੇ ਰੂਪ ਧਰਤੀ ਵਿੱਚੋਂ ਤੇ ਦੈਵੀ ਗੁਣਾਂ ਦੀ ਖੇਤੀ ਵਿੱਚੋਂ ਹਰਿ = ਜੋ ਸਾਰਿਆਂ ਨੂੰ ਹਰੇ-ਭਰੇ ਕਰਨ ਵਾਲੇ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਜਪ ਕੇ ਵਿਚਾਰ ਰੂਪ ਖੁਰਪੇ ਨਾਲ ਕਿਰਖੈ = ਪੁੱਟ ਦੇਵੇ **ਵਾ:** ਵਿਕਾਰਾਂ ਰੂਪੀ ਨਿਕੰਮੇ ਨਦੀਨ ਨੂੰ ਪੁੱਟਣਾ ਕਰੇ।

## ਮੁੰਧ ਇਆਣੀ ਪੇਈਅੜੈ; ਗੁਰਮੁਖਿ ਹਰਿ ਦਰਸਨੁ ਦਿਖੈ ॥੧॥

ਜਿਸ ਜੀਵ ਰੂਪੀ ਮੁੰਧ = ਇਸਤਰੀ ਨੇ ਪੇਈਅੜੈ = ਮਾਤ ਲੋਕ ਰੂਪੀ ਪੇਕੇ ਘਰ ਵਿਚ ਸੰਸਕਾਰਾਂ ਤੋਂ ਇਆਣੀ = ਅਗਿਆਤ ਹੋਣ ਕਰਕੇ ਸੰਸਾਰਾਕਾਰ ਬਿਰਤੀ ਨੂੰ ਧਾਰਨ ਕੀਤਾ ਹੋਇਆ ਹੈ। ਉਹ ਗੁਰਾਂ ਦੁਆਰਾ ਗੁਰਮੁਖ ਬਣ ਕੇ ਹਰਿ = ਹਰੀ ਪਰਮੇਸ਼ਰ ਦੇ ਦਰਸ਼ਨ ਦਿਖੈ = ਦੇਖ ਲੈਂਦੀ ਹੈ ॥੧॥

ਭਾਈ ਪਾਰੋ ਜੀ ਨੂੰ ਪਤਾ ਸੀ ਕਿ ਸਤਿਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਗੁਰੂ ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਵਿਆਹ ਹੋਇਆ ਹੈ। ਅੰਤਰੀਵ ਵਿਚਾਰ ਪੁੱਛਣ ਵਾਸਤੇ ਭਾਈ ਪਾਰੋ ਜੀ ਸਤਿਗੁਰੂ ਸਾਹਿਬ ਜੀ ਦੀ ਪਰਖ ਕਰਨ ਲਈ ਆਇਆ ਸੀ। ਭਾਈ ਪਾਰੋ ਜੀ ਨੇ ਵਿਆਹ ਪਰਥਾਇ ਪੁੱਛਿਆ ਕਿ ਆਪ ਜੀ ਦਾ ਵਿਆਹ ਹੋਇਆ ਹੈ, ਇਸ ਦੀ ਬਾਬਤ ਦੱਸੋ। ਤਾਂ ਮਹਾਰਾਜ ਜੀ ਨੇ ਭਾਈ ਪਾਰੋ ਜੀ ਨੂੰ ਵਿਆਹ ਦੇ ਅੰਤਰੀਵ ਭਾਵ ਬਾਰੇ ਦਰਸਾਇਆ ਕਿ ਸੰਸਾਰੀ ਵਿਆਹ

ਬਾਰੇ ਕੀ ਪੁੱਛਦੇ ਹੋ, ਪ੍ਰਮਾਰਥੀ ਵਿਆਹ ਬਾਰੇ ਸਮਝੋ। ਸਾਡਾ ਅਸਲੀ ਵਿਆਹ ਤਾਂ ਉਸ ਦਿਨ ਹੋਇਆ ਜਿਸ ਦਿਨ ਪੂਰੇ ਪਰਮੇਸ਼ਰ ਸਰੂਪ ਸਤਿਗੁਰਾਂ ਦੀ ਪ੍ਰਾਪਤੀ ਹੋਈ ਸੀ।

## ਵੀਆਹੁ ਹੋਆ ਮੇਰੇ ਬਾਬੁਲਾ; ਗੁਰਮੁਖੇ ਹਰਿ ਪਾਇਆ ॥

ਹੇ ਮੇਰੇ ਬਾਬੁਲਾ = ਪਿਤਾ ਰੂਪ ਭਾਈ ਪਾਰੋ ਜੀ! ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਸਾਡਾ ਪਰਮੇਸ਼ਰ ਦੀ ਪ੍ਰਾਪਤੀ ਰੂਪ ਵੀਆਹੁ = ਵਿਆਹ ਹੋਆ = ਹੋਇਆ ਹੈ **ਵਾ:** (ਵੀ + ਆਹੁ) ਵੀ = ਪੂਰਬ ਜੋ ਪਤੀ ਪਰਮੇਸ਼ਰ ਦੀ ਆਹੁ = ਪ੍ਰਾਪਤੀ ਹੋਣੀ ਹੈ, ਇਹ ਸਾਡਾ ਵਿਆਹ ਹੋਇਆ ਹੈ। ਮੁਖੀ ਗੁਰੂ ਦੁਆਰਾ ਹਰਿ = ਹਰੀ ਪਰਮੇਸ਼ਰ ਰੂਪ ਪਤੀ ਨੂੰ ਪਾਇਆ = ਪ੍ਰਾਪਤ ਕੀਤਾ ਹੈ। ਜਿਵੇਂ ਵਿਆਹ ਵੇਲੇ ਹਨੇਰਾ ਦੂਰ ਕਰਨ ਲਈ ਰੋਸ਼ਨੀ ਕੀਤੀ ਜਾਂਦੀ ਹੈ, ਅੱਗ ਆਦਿ ਬਾਲੀ ਜਾਂਦੀ ਹੈ। ਇਸੇ ਪ੍ਰਕਾਰ

## ਅਗਿਆਨੁ ਅੰਧੇਰਾ ਕਟਿਆ; ਗੁਰ ਗਿਆਨੁ ਪ੍ਰਚੰਡੁ ਬਲਾਇਆ ॥

ਸਤਿਗੁਰੂ ਨੇ ਸਾਡਾ ਅਗਿਆਨ ਰੂਪੀ ਅੰਧੇਰਾ = ਹਨੇਰਾ ਕਟਿਆ = ਨਾਸ਼ ਭਾਵ ਖ਼ਤਮ ਕਰ ਦਿੱਤਾ ਹੈ। ਸੱਚੇ ਗੁਰ = ਸਤਿਗੁਰੂ ਜੀ ਨੇ ਅਗਿਆਨ ਦਾ ਹਨੇਰਾ ਮੇਟਣ ਵਾਸਤੇ ਪ੍ਰਚੰਡ = ਤਿੱਖਾ ਬ੍ਰਹਮ ਗਿਆਨ ਰੂਪੀ ਅਪਰੋਖ ਗਿਆਨ ਬਲਾਇਆ = ਪ੍ਰਕਾਸ਼ਿਆ ਭਾਵ ਜਗਾਉਣਾ ਕੀਤਾ ਹੈ।

## ਬਲਿਆ ਗੁਰ ਗਿਆਨੁ, ਅੰਧੇਰਾ ਬਿਨਸਿਆ; ਹਰਿ ਰਤਨੁ ਪਦਾਰਥੁ ਲਾਧਾ ॥

ਗੁਰੂ ਸਾਹਿਬ ਜੀ ਦਾ ਬਖ਼ਸ਼ਿਸ਼ ਕੀਤਾ ਗਿਆਨ ਜਦੋਂ ਬਲਿਆ = ਪ੍ਰਕਾਸ਼ ਹੋਇਆ ਤਾਂ ਅਗਿਆਨ ਰੂਪ ਅੰਧੇਰਾ = ਹਨੇਰੇ ਦਾ ਬਿਨਸਿਆ = ਨਾਸ਼ ਹੋ ਗਿਆ। ਦੁਨੀਆਂ ਦੇ ਸਮੁੱਚੇ ਪਦਾਰਥਾਂ ਤੋਂ ਜੋ ਉੱਤਮ ਪਦਾਰਥ ਹੈ, ਉਹ ਕੇਵਲ ਹਰਿ = ਹਰੀ ਪਰਮੇਸ਼ਰ ਦਾ ਨਾਮ ਜੋ ਰਤਨ ਰੂਪ ਹੈ, ਉਹ ਸਾਨੂੰ ਲਾਧਾ = ਲੱਭ ਗਿਆ ਹੈ **ਵਾ:** ਤੱਤ ਪਦ ਅਤੇ ਤੂੰ ਪਦ ਦੇ ਲਖਯ ਅਰਥ ਦੇ ਰੂਪ ਵਿਚ ਪ੍ਰਾਪਤ ਹੋ ਗਿਆ ਹੈ।

## ਹਉਮੈ ਰੋਗੁ ਗਇਆ ਦੁਖੁ ਲਾਥਾ; ਆਪੁ ਆਪੈ ਗੁਰਮਤਿ ਖਾਧਾ ॥

ਹਉਮੈ ਦਾ ਰੋਗੁ ਗਇਆ = ਖ਼ਤਮ ਹੋ ਗਿਆ ਅਤੇ ਜੰਮਣ ਮਰਨ ਦਾ ਦੁੱਖ ਲਾਥਾ = ਲਹਿ ਗਿਆ। ਤੇ ਗੁਰਮਤਿ (ਗੁਰ + ਮਤਿ) = ਗੁਰੂ ਦੀ ਸਿੱਖਿਆ ਦੁਆਰਾ ਆਪਣੇ ਸਰੂਪ ਦੇ ਗਿਆਨ ਕਰਕੇ ਆਪਣੇ ਅੰਦਰੋਂ ਅਵਰਨ ਕਰਨ ਵਾਲੇ ਅਗਿਆਨ ਨੂੰ ਖਾਧਾ = ਖਾ ਲਿਆ ਭਾਵ ਮੇਟ ਲੈਣਾ ਕੀਤਾ **ਅਥਵਾ** ਗੁਰ ਸਿੱਖਿਆ ਦੁਆਰਾ ਆਪ ਆਪਣੇ ਅੰਤਹਕਰਣ ਦੇ ਅੰਦਰ ਤੂੰ ਪਦ ਦੇ ਲਖਯ ਅਰਥ ਨੂੰ ਜਾਣ ਕੇ ਤੱਤ ਪਦ ਦੇ ਲਖਯ ਅਰਥ ਦੁਆਰਾ ਆਪਣੇ ਨਿਜ ਸਰੂਪ ਦੇ ਅਨੰਦ ਨੂੰ ਖਾਧਾ = ਖਾ ਲਿਆ ਭਾਵ ਧਾਰਨ ਕੀਤਾ ਹੈ।

## ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ; ਨਾ ਕਦੇ ਮਰੈ ਨ ਜਾਇਆ ॥

ਅਸੀਂ ਅਕਾਲ = ਕਾਲ ਤੋਂ ਰਹਿਤ ਮੂਰਤਿ = ਸਰੂਪ ਵਰੁ = ਪਤੀ ਪਰਮੇਸ਼ਰ ਅਬਿਨਾਸੀ = ਜੋ ਨਾਸ ਤੋਂ ਰਹਿਤ ਹੈ, ਉਸ ਦੀ ਪ੍ਰਾਪਤੀ ਕੀਤੀ ਹੈ। ਉਹ ਅਕਾਲ ਪੁਰਖ ਪਰਮੇਸ਼ਰ ਦਾ ਐਸਾ ਸਰੂਪ ਹੈ ਉਹ ਨਾ ਕਦੇ = ਕਦਾਚਿਤ ਮਰੈ = ਮਰਦਾ ਹੈ ਅਤੇ ਨਾ ਹੀ ਛੱਡ ਕੇ ਕਿਤੇ ਜਾਇਆ = ਜਾਂਦਾ ਹੈ **ਵਾ:** ਨਾ ਹੀ ਜੂਨਾਂ ਵਿਚ ਜਾਇਆ = ਜਾਂਦਾ ਹੈ ਭਾਵ ਉਹ ਜੰਮਣ ਮਰਨ ਤੋਂ ਰਹਿਤ ਹੈ।

## ਵੀਆਹੁ ਹੋਆ ਮੇਰੇ ਬਾਬੋਲਾ; ਗੁਰਮੁਖੇ ਹਰਿ ਪਾਇਆ ॥੨॥

ਹੇ ਮੇਰੇ ਬਾਬੋਲਾ = ਪਿਤਾ ਸਰੂਪ ਭਾਈ ਪਾਰੋ ਜੀ! ਜਦੋਂ ਦੀ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ

ਪ੍ਰਾਪਤੀ ਹੋਈ ਹੈ, ਉਦੋਂ ਤੋਂ ਸਾਡਾ ਪਰਮੇਸ਼ਰ ਨਾਲ ਵੀ ਵੀਆਹੁ = ਮੇਲ ਹੋ ਗਿਆ ਹੈ। ਗੁਰਮੁਖੇ = ਮੁਖੀ ਗੁਰਾਂ ਦੁਆਰਾ ਅਕਾਲ ਪੁਰਖ ਪਰਮੇਸ਼ਰ ਨੂੰ ਪਾਇਆ = ਪਾ ਲੈਣਾ ਕੀਤਾ ਹੈ ॥੨॥

ਅੱਗੇ ਪ੍ਰਸ਼ਨ ਕੀਤਾ ਕਿ ! ਵਿਆਹ ਨੂੰ ਕੋਈ ਜੰਞ ਵੀ ਆਈ ਸੀ, ਜਿਵੇਂ ਦੁਨਿਆਵੀ ਵਿਆਹ ਵੇਲੇ ਜੰਞ ਆਉਂਦੀ ਹੈ ? ਤਾਂ ਸਤਿਗੁਰੂ ਪਾਤਸ਼ਾਹ ਜੀ ਨੇ ਐਸਾ ਫ਼ੁਰਮਾਉਣਾ ਕੀਤਾ :

## ਹਰਿ ਸਤਿ ਸਤੇ, ਮੇਰੇ ਬਾਬੁਲਾ; ਹਰਿ ਜਨ ਮਿਲਿ ਜੰਞ ਸੁਹੰਦੀ ॥

(**ਸਤਿ**, **ਸਤੇ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਹੇ ਹਰਿ = ਹਰੀ ਸਰੂਪ ਸਤਿ = ਸੱਚੇ ਸਤੇ = ਸੱਤ ਪ੍ਰਤੱਗੀ ਬਾਬੁਲਾ = ਮੇਰੇ ਪਿਤਾ ਸਰੂਪ ਭਾਈ ਪਾਰੋ ਜੀ ! ਜੋ ਸੱਚੇ ਨਿਸਚੇ ਵਾਲੇ, ਅਕਾਲ ਪੁਰਖ ਦੇ ਸਿਮਰਨ ਨੂੰ ਜਪਣ ਵਾਲੇ ਹਰੀ ਦੇ ਸੰਤ ਹਨ, ਜਿਨ੍ਹਾਂ ਨਾਲ ਮਿਲ ਕੇ ਭਾਵ ਉਨ੍ਹਾਂ ਦੀ ਸੰਗਤ ਕਰਕੇ ਵਾਹਿਗੁਰੂ ਦਾ ਸਿਮਰਨ ਸੁਣ ਕੇ ਮਨ ਟਿਕਾਅ ਵਿਚ ਆਇਆ, ਐਸੇ ਸਤਿ ਪ੍ਰਤੱਗੀ, ਬ੍ਰਹਮ ਗਿਆਨੀ, ਤੱਤ ਬੇਤੇ ਸਾਡੀ ਜੰਞ ਵਿਚ ਸੁਹੰਦੀ = ਸ਼ੋਭਨੀਕ ਹੋ ਰਹੇ ਸਨ।

## ਪੇਵਕੜੈ ਹਰਿ ਜਪਿ ਸੁਹੇਲੀ; ਵਿਚਿ ਸਾਹੁਰੜੈ ਖਰੀ ਸੋਹੰਦੀ ॥

ਪੇਵਕੜੈ = ਮਾਤ ਲੋਕ ਰੂਪੀ ਪੇਕੇ ਘਰ ਵਿਚ ਸਾਡੀ ਬਿਰਤੀ ਹਰਿ = ਪਰਮੇਸ਼ਰ ਦਾ ਜਪਿ = ਸਿਮਰਨ ਕਰ ਕੇ ਸੁਹੇਲੀ = ਸੁਖੀ ਹੋ ਰਹੀ ਹੈ। ਸਾਹੁਰੜੈ = ਪਰਲੋਕ ਰੂਪੀ ਸਹੁਰੇ ਘਰ ਵਿਚ ਸਾਡੀ ਬਿਰਤੀ ਖਰੀ = ਚੰਗੀ ਸੋਹੰਦੀ = ਸ਼ੋਭਨੀਕ ਹੋਵੇਗੀ **ਵਾ:** ਆਤਮਾਕਾਰ ਬਿਰਤੀ ਹੋਣ ਕਰਕੇ ਖਰੀ = ਚੰਗੀ ਸੋਹੰਦੀ = ਸ਼ੋਭਨੀਕ ਹੋ ਰਹੀ ਹੈ। ਪੇਵਕੜੈ = ਸੰਸਾਰ ਰੂਪੀ ਪੇਕੇ ਘਰ ਵਿਚ ਸੰਸਾਰਾਕਾਰ ਬਿਰਤੀ ਹੁੰਦੀ ਹੋਈ ਵੀ ਸੰਗਤ ਨਾਲ ਮਿਲ ਕੇ ਭਾਵ ਨਾਮ ਜਪ ਕੇ ਸੁਹੇਲੀ = ਸੁਖੀ ਹੁੰਦੀ ਹੈ, ਸਾਹੁਰੜੈ = ਸਹੁਰੇ ਘਰ ਵਿਚ ਭਾਵ ਨਿਜ ਸਰੂਪੀ ਘਰ ਵਿਚ ਆਤਮਾਕਾਰ ਬਿਰਤੀ ਹੋ ਕੇ, ਖਰੀ = ਚੰਗੀ, ਸੋਹੰਦੀ = ਸ਼ੋਭਨੀਕ ਹੋਈ ਹੈ।

## ਸਾਹੁਰੜੈ ਵਿਚਿ ਖਰੀ ਸੋਹੰਦੀ; ਜਿਨਿ ਪੇਵਕੜੈ ਨਾਮੁ ਸਮਾਲਿਆ ॥

ਉਸ ਦੀ ਆਤਮਾਕਾਰ ਬਿਰਤੀ ਹੋਣ ਕਰਕੇ ਪਰਲੋਕ ਰੂਪ ਸਾਹੁਰੜੈ = ਸਹੁਰੇ ਘਰ ਵਿਚ ਖਰੀ = ਚੰਗੀ ਸੋਹੰਦੀ = ਸ਼ੋਭਨੀਕ ਹੁੰਦੀ ਹੈ। ਜਿਸ ਜਗਿਆਸੂ ਰੂਪ ਇਸਤਰੀ ਨੇ ਪੇਵਕੜੈ = ਪੇਕੇ ਘਰ ਵਿਚ ਰਹਿੰਦਿਆਂ ਹੋਇਆਂ ਆਪਣੇ ਪਤੀ ਨੂੰ ਸਮਾਲਿਆ = ਚੇਤੇ ਕੀਤਾ ਹੈ **ਅਥਵਾ** ਜਿਨ੍ਹਾਂ ਜੀਵ ਰੂਪੀ ਇਸਤਰੀਆਂ ਨੇ ਪੇਵਕੜੈ = ਸੰਸਾਰ ਰੂਪੀ ਪੇਕੇ ਘਰ ਵਿਚ ਰਹਿ ਕਰ ਕੇ ਸੰਸਾਰਾਕਾਰ ਬਿਰਤੀ ਹੁੰਦੇ ਹੋਏ ਖਾਂਦਿਆਂ, ਪੀਂਦਿਆਂ, ਆਦਿ ਵਿਚ ਪਤੀ ਰੂਪ ਪਰਮੇਸ਼ਰ ਦੇ ਨਾਮ ਨੂੰ ਸਮਾਲਿਆ = ਯਾਦ ਕੀਤਾ ਹੈ।

## ਸਭੁ ਸਫਲਿਓ ਜਨਮੁ, ਤਿਨਾ ਦਾ ਗੁਰਮੁਖਿ; ਜਿਨਾ ਮਨੁ ਜਿਣਿ ਪਾਸਾ ਢਾਲਿਆ ॥

ਤਿਨਾ = ਉਨ੍ਹਾਂ ਗੁਰਮੁਖਾਂ ਦਾ ਸਭੁ = ਸਾਰਾ ਮਨੁੱਖਾ ਜਨਮ ਸਫਲਿਓ = ਸਹਿਤ ਗਿਆਨ ਫਲ ਦੇ ਹੈ। ਜਿਨ੍ਹਾਂ ਨੇ ਆਪਣੇ ਮਨ ਨੂੰ ਕਾਮ, ਕ੍ਰੋਧ ਆਦਿ ਵਿਕਾਰਾਂ ਤੋਂ ਜਿਣਿ = ਜਿੱਤ ਕਰਕੇ ਪਰਮੇਸ਼ਰ ਵੱਲ ਪਾਸਾ ਢਾਲਿਆ = ਢਾਲ ਲਿਆ ਹੈ **ਵਾ:** ਤਿੰਨਾਂ ਗੁਣਾਂ ਤੋਂ ਅਤੀਤ ਹੋ ਕੇ ਸ੍ਰਵਨ, ਮੰਨਣ, ਨਿਧਿਆਸਣ ਵੱਲ ਜਾਂ ਸਤ ਚਿਤ ਅਨੰਦ ਸਰੂਪ ਵੱਲ ਪਾਸਾ ਢਾਲ ਲਿਆ ਹੈ।

## ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ; ਵਰੁ ਪਾਇਆ ਪੁਰਖੁ ਅਨੰਦੀ ॥

ਹਰਿ = ਪਰਮੇਸ਼ਰ ਦੇ ਸੰਤ ਜਨਾਂ ਨਾਲ ਮਿਲ ਕੇ ਸਾਡਾ ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਕਾਰਜ ਸੋਹਿਆ = ਸ਼ੋਭਨੀਕ ਹੋਇਆ ਹੈ ਅਤੇ ਪੁਰਖੁ = ਪੂਰਨ ਅਨੰਦੀ = ਅਨੰਦ ਸਰੂਪ ਵਰੁ = ਪਤੀ ਪਰਮੇਸ਼ਰ ਨੂੰ ਪਾਇਆ = ਪਾ ਲਿਆ ਹੈ।

## ਹਰਿ ਸਤਿ ਸਤਿ, ਮੇਰੇ ਬਾਬੋਲਾ; ਹਰਿ ਜਨ ਮਿਲਿ ਜੰਞ ਸੁੋਹੰਦੀ ॥੩॥

ਹੇ ਮੇਰੇ ਬਾਬੋਲਾ = ਪਿਤਾ ਸਰੂਪ ਭਾਈ ਪਾਰੋ ਜੀ! ਉਹ ਹਰਿ = ਹਰੀ ਪਰਮੇਸ਼ਰ ਸਤਿ = ਨਿਸਚੇ ਕਰ ਕੇ ਸਤਿ ਸਰੂਪ ਹੈ। ਉਹ ਹਰੀ ਦੇ ਜਨਾਂ ਨਾਲ ਮਿਲ ਕੇ ਸਾਡੀ ਜੰਞ ਸੋਹੰਦੀ = ਸ਼ੋਭਨੀਕ ਹੋਈ ॥੩॥

ਅੱਗੇ ਜਗਿਆਸੂ ਸਿੱਖ ਦਾ ਪ੍ਰਸ਼ਨ ਹੋਇਆ ਕਿ ਸਤਿਗੁਰੂ ਜੀ! ਤੁਸੀਂ ਕੋਈ ਆਪਣੇ ਗੁਰੂ ਤੋਂ ਦਾਜ ਦਹੇਜ ਵੀ ਲੈਣਾ ਕੀਤਾ ਸੀ? ਤਾਂ ਸਤਿਗੁਰੂ ਪਾਤਸ਼ਾਹ ਆਖਣ ਲੱਗੇ:

## ਹਰਿ ਪ੍ਰਭੁ ਮੇਰੇ ਬਾਬੁਲਾ; ਹਰਿ ਦੇਵਹੁ ਦਾਨੁ ਮੈ ਦਾਜੋ ॥

ਹਰਿ = ਹਰੀ ਪ੍ਰਭੁ = ਸੁਆਮੀ ਅਕਾਲ ਪੁਰਖ ਦਾ ਸਰੂਪ ਮੇਰੇ ਬਾਬੁਲਾ = ਪਿਤਾ ਸਤਿਗੁਰੂ ਜੀ ਨੂੰ ਅਸੀਂ ਇਹੋ ਹੀ ਬੇਨਤੀ ਕੀਤੀ ਕਿ ਮੈ = ਮੈਨੂੰ ਹਰਿ = ਹਰੀ ਦੀ ਪ੍ਰਾਪਤੀ ਦਾ ਦਾਨ, ਨਾਮ ਦਾ ਦਾਨ, ਬ੍ਰਹਮ ਗਿਆਨ ਦਾ ਦਾਨ ਆਦਿ ਐਸਾ ਦਾਜੋ = ਦਹੇਜ ਦੇਵਹੁ = ਦੇਣਾ ਕਰੋ। **ਵਾ:** ਜਿਵੇਂ ਲੜਕੀਆਂ ਨੂੰ ਵਿਆਹ ਸਮੇਂ ਭਾਂਡੇ, ਗਹਿਣੇ, ਬਸਤਰ ਆਦਿ ਦਿੱਤੇ ਜਾਂਦੇ ਹਨ। ਇਸੇ ਤਰ੍ਹਾਂ ਸਾਨੂੰ ਸ੍ਰਵਣ ਰੂਪੀ ਭਾਂਡੇ, ਪ੍ਰੇਮ ਰੂਪੀ ਬਸਤਰ, ਮੰਨਣ ਰੂਪੀ ਭੂਖਣ ਦਿਓ ਜੀ।

[ਅੰਗ ੭੯]

## ਹਰਿ ਕਪੜੋ ਹਰਿ ਸੋਭਾ ਦੇਵਹੁ; ਜਿਤੁ ਸਵਰੈ ਮੇਰਾ ਕਾਜੋ ॥

ਹੇ ਸਤਿਗੁਰੂ ਜੀ! ਹਰਿ = ਪਰਮੇਸ਼ਰ ਦਾ ਨਾਮ ਰੂਪੀ ਕਪੜੋ = ਬਸਤਰ, ਹਰਿ = ਪਰਮੇਸ਼ਰ ਦੀ ਸੋਭਾ = ਉਸਤਤ ਕਰਨੀ ਦੇਵਹੁ = ਦੇਣਾ ਕਰੋ ਜਿਤੁ = ਜਿਸ ਕਰਕੇ ਮੇਰਾ ਲੋਕ ਪ੍ਰਲੋਕ ਦਾ ਕਾਜੋ = ਕਾਰਜ ਸਵਰੈ = ਸੁਧਰ ਜਾਵੇ।

## ਹਰਿ ਹਰਿ ਭਗਤੀ ਕਾਜੁ ਸੁਹੇਲਾ; ਗੁਰਿ ਸਤਿਗੁਰਿ ਦਾਨੁ ਦਿਵਾਇਆ ॥

ਹੇ ਭਾਈ! ਜਿਨ੍ਹਾਂ ਨੇ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੀ ਭਗਤੀ ਕੀਤੀ ਹੈ, ਉਨ੍ਹਾਂ ਦਾ ਮੁਕਤੀ ਰੂਪ ਕਾਜੁ = ਕਾਰਜ ਸੁਹੇਲਾ = ਸ਼ੋਭਨੀਕ ਹੋ ਗਿਆ ਹੈ। ਗੁਰ = ਚੇਤਨ ਸਰੂਪ ਸਤਿਗੁਰਿ = ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਵਾਹਿਗੁਰੂ ਪਾਸੋਂ ਬ੍ਰਹਮ ਗਿਆਨ ਦਾ ਦਾਨ ਦਿਵਾਇਆ = ਦਿਵਾਉਣਾ ਕੀਤਾ ਭਾਵ ਪ੍ਰਾਪਤ ਕਰਵਾਉਣਾ ਕੀਤਾ ਹੈ।

## ਖੰਡਿ ਵਰਭੰਡਿ ਹਰਿ ਸੋਭਾ ਹੋਈ; ਇਹੁ ਦਾਨੁ ਨ ਰਲੈ ਰਲਾਇਆ ॥

ਹਰਿ = ਪਰਮੇਸ਼ਰ ਦਾ ਨਾਮ ਜਪਣ ਕਰਕੇ ਨੌਂ ਖੰਡਾਂ ਅਤੇ ਇੱਕੀ ਪੁਰੀਆਂ ਵਾਲੇ ਵਰਭੰਡਿ = ਬ੍ਰਹਿਮੰਡ ਵਿਚ ਸੋਭਾ = ਵਡਿਆਈ ਪ੍ਰਾਪਤ ਹੋਈ ਹੈ, ਸਤਿਗੁਰਾਂ ਦਾ ਦਿੱਤਾ ਹੋਇਆ ਇਹ ਨਾਮ ਰੂਪੀ ਦਾਨ ਵਿਹਾਰਕ ਦਾਨਾਂ ਨਾਲ ਰਲਾਇਆ ਹੋਇਆ ਰਲ ਨਹੀਂ ਸਕਦਾ।

## ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ; ਸੁ ਕੂੜੁ ਅਹੰਕਾਰੁ ਕਚੁ ਪਾਜੋ ॥

ਮਨਮੁਖ ਲੋਕ ਵਿਆਹ ਦੇ ਸਮੇਂ ਲੜਕੀ ਦੇ ਪਰਿਵਾਰ ਤੋਂ ਰੁਪਏ ਪੈਸੇ ਆਦਿ ਦਾਜ ਲੈਣਾ ਕਰਦੇ ਹਨ ਕਿ ਅਸੀਂ ਉਤਨਾ ਚਿਰ ਲੜਕੀ ਨਹੀਂ ਵਿਆਹੁਣੀ। ਦੂਸਰੇ ਪਾਸੇ ਲੜਕੀ ਦੇ ਪਰਿਵਾਰ ਵਾਲੇ ਵੀ ਦਾਜ ਦਹੇਜ ਰੱਖ ਰੱਖ ਕੇ ਭਾਵ ਕਿ ਲੋਕਾਂ ਵਿਚ ਗੱਲ ਫੈਲ ਜਾਵੇ ਕਿ ਫਲਾਣੇ ਨੇ ਆਪਣੀ ਲੜਕੀ ਨੂੰ ਇਤਨਾ

ਦਾਜ ਦਿੱਤਾ ਹੈ। ਲਾਗੀਆਂ ਨੂੰ ਭੇਜ ਭੇਜ ਕੇ ਦੱਸਣਾ ਕਿ ਭਾਵੇਂ ਲੜਕੀ ਨੂੰ ਸਾਰਿਆਂ ਨੇ ਦਾਜ ਦਹੇਜ ਦੇਣਾ ਹੈ, ਪਰੰਤੂ ਮਨਮੁਖ ਲੋਕ ਇਸ ਤਰ੍ਹਾਂ ਦਿਖਾਵਾ ਕਰਕੇ ਦਾਜ ਨੂੰ ਰੱਖ ਰੱਖ ਕੇ ਦਿਖਾਉਂਦੇ ਹਨ **ਅਥਵਾ** ਜੋ ਮਨਮੁਖ ਲੋਕ ਹਨ ਉਹ ਸੰਸਾਰ ਨੂੰ ਗਿਆਨ ਤੋਂ ਹੀਣੇ ਪਾਖੰਡ ਰੂਪ ਦਾਜ ਦਾ ਦਿਖਾਵਾ ਕਰਦੇ ਹਨ ਕਿ ਅਸੀਂ ਇਤਨੀ ਕਮਾਈ ਕੀਤੀ ਹੈ। ਮੈਨੂੰ ਸ਼ੁਭ ਇੱਛਾਵਾਂ ਦੀ ਪ੍ਰਾਪਤੀ ਹੋਈ ਹੈ। ਇਉਂ ਅਵਸਥਾ ਰੂਪ ਦਾਜ ਰੱਖ ਰੱਖ ਦਿਖਾਉਂਦੇ ਹਨ। ਸੁ = ਉਹ ਕੂੜੁ = ਝੂਠ, ਅਹੰਕਾਰ ਦਾ ਕਚੁ = ਕਚਿਆਈ ਵਾਲਾ ਨਿਰਾ ਪਾਜੋ = ਪਾਖੰਡ ਹੈ **ਵਾ:** ਜਿਹੜੇ ਮਨਮੁਖ ਲੋਕ ਹਨ, ਉਹ ਅਵਸਥਾ ਰੂਪ ਦਾਜ ਰੱਖ ਕੇ ਭਾਵ ਕਿ ਇਹ ਤੁਰੀਆ ਪਦ ਅਵਸਥਾ ਦੀ ਚੌਥੀ ਭੂਮਿਕਾ ਦੀ ਸ਼ੁਭ ਇੱਛਾ ਦੀ ਪ੍ਰਾਪਤੀ ਹੈ। ਇਉਂ ਅਵਸਥਾ ਰੂਪੀ ਦਾਜ ਰੱਖ ਰੱਖ ਕੇ ਵਿਖਾਉਂਦੇ ਹਨ। ਉਨ੍ਹਾਂ ਦਾ ਝੂਠ ਝੱਟ ਹੀ ਲੋਭ ਕਰਕੇ, ਵਿਕਾਰ ਕਰਕੇ ਮਿਟ ਜਾਂਦਾ ਹੈ।

## ਹਰਿ ਪ੍ਰਭ ਮੇਰੇ ਬਾਬੁਲਾ; ਹਰਿ ਦੇਵਹੁ ਦਾਨੁ ਮੈ ਦਾਜੋ ॥੪॥

ਹੇ ਮੇਰੇ ਬਾਬੁਲਾ = ਪਿਤਾ ਸਰੂਪ ਹਰਿ = ਪਰਮੇਸ਼ਰ ਪ੍ਰਭ = ਸੁਆਮੀ ਅਕਾਲ ਪੁਰਖ ਦਾ ਰੂਪ ਸਤਿਗੁਰੂ ਜੀ ! ਸਾਨੂੰ ਹਰੀ ਦੀ ਪ੍ਰਾਪਤੀ ਵਾਲਾ ਦਾਜੋ = ਦਾਜ ਅਤੇ ਬ੍ਰਹਮ ਗਿਆਨ ਰੂਪੀ ਨਾਮ ਦਾ ਦਾਨ ਦੇਵਹੁ = ਦੇਣਾ ਕਰੋ ਭਾਵ ਬਖ਼ਸ਼ਿਸ਼ ਕਰੋ ॥੪॥

## ਹਰਿ ਰਾਮ ਰਾਮ, ਮੇਰੇ ਬਾਬੋਲਾ; ਪਿਰ ਮਿਲਿ ਧਨ ਵੇਲ ਵਧੰਦੀ ॥

ਜਿਵੇਂ ਪਤੀ ਨਾਲ ਲਾਵਾਂ ਹੋਣ ਤੋਂ ਸਹੁਰੇ ਘਰ ਨੂੰ ਜਾਂਦੀ ਹੋਈ ਬੀਬੀ ਰਾਮ ਸੱਤ ਰਾਮ ਸੱਤ ਦਾ ਸ਼ਬਦ ਕਹਿੰਦੀ ਹੈ। ਹਿੰਦੂ ਸੰਸਕਾਰਾਂ ਵਾਲੀਆਂ ਬੀਬੀਆਂ ਹੁਣ ਵੀ ਰਾਮ ਸੱਤ ਜਾਂ ਰਾਮ ਰਾਮ ਕਹਿ ਕੇ ਵਿਦਾ ਹੁੰਦੀਆਂ ਹਨ। ਗੁਰਮਤਿ ਸੰਸਕਾਰਾਂ ਵਾਲੀਆਂ ਬੀਬੀਆਂ ਸਤਿ ਸ੍ਰੀ ਅਕਾਲ ਜਾਂ ਗੁਰੂ ਦੀ ਬਖ਼ਸ਼ੀ ਫ਼ਤਹਿ ਬੁਲਾ ਕੇ ਜਾਂਦੀਆਂ ਹਨ। ਇਸੇ ਤਰ੍ਹਾਂ ਅੰਤਰੀਵ ਭਾਵ ਵਿਚ ਜਦੋਂ ਵਾਹਿਗੁਰੂ ਨਾਲ ਜਗਿਆਸੂ ਦਾ ਸਦੀਵ ਮੇਲ ਹੋ ਜਾਂਦਾ ਹੈ ਤਾਂ ਪਿਤਾ ਦੀ ਨਿਆਈਂ ਗੁਰੂ ਨੂੰ ਰਾਮ ਰਾਮ ਸ਼ਬਦ ਕਿਹਾ ਹੈ ਕਿ ਹੇ ਗੁਰੂ ਜੀ ! ਆਪ ਜੀ ਦਾ ਧੰਨਵਾਦ **ਅਥਵਾ** ਹੇ ਮੇਰੇ ਬਾਬੋਲਾ = ਪਿਤਾ ਸਮਾਨ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਰਾਮ = ਰਮੇ ਹੋਏ ਰਾਮ = ਪਰਮੇਸ਼ਰ ਰੂਪ ਗੁਰੂ ਜੀ ! ਤੁਹਾਨੂੰ ਮੇਰੀ ਮਨ, ਬਾਣੀ, ਸਰੀਰ ਕਰਕੇ ਨਮਸਕਾਰ ਹੈ, ਕਿਉਂਕਿ ਤੁਹਾਡੇ ਦੁਆਰਾ ਪਿਰ = ਪਤੀ ਅਕਾਲ ਪੁਰਖ ਨਾਲ ਮਿਲ ਕਰਕੇ ਮੇਰੀ ਜਗਿਆਸੂ ਰੂਪ ਧਨ = ਇਸਤਰੀ ਦੀ ਸ਼ੁਭ ਗੁਣਾਂ ਦੀ ਕਰੁਣਾ, ਮੈਤਰੀ, ਮੁਦਤਾ, ਅਪੇਖਿਆ ਆਦਿ ਵੇਲ ਵਧੰਦੀ = ਵਧੀ ਹੈ **ਵਾ:** ਸਿੱਖਾਂ ਤੋਂ ਹੋਰ ਸਿੱਖ ਬਣਨ ਰੂਪ ਵੇਲ ਵਧਦੀ ਹੈ। ਜਿਸ ਦੀ ਬਾਬਤ ਭਾਈ ਗੁਰਦਾਸ ਜੀ ਕਥਨ ਕਰਦੇ ਹਨ :

**ਗੁਰ ਸਿਖਹੁ ਗੁਰ ਸਿਖੁ ਹੈ ਪੀਰ ਪੀਰਹੁ ਕੋਈ।** *(ਭਾਈ ਗੁਰਦਾਸ ਜੀ, ਵਾਰ ੧੩, ਪਉੜੀ ੨)*

**ਵਾ:** ਸ਼ੁੱਭ ਇੱਛਾ, ਸ਼ੁੱਭ ਵੀਚਾਰਨਾ ਆਦਿ ਭੂਮਿਕਾ **ਵਾ:** ਭਗਤੀ ਰੂਪ ਵੇਲ ਵਧਦੀ ਹੈ।

## ਹਰਿ ਜੁਗਹ ਜੁਗੋ, ਜੁਗ ਜੁਗਹ ਜੁਗੋ; ਸਦ ਪੀੜੀ ਗੁਰੂ ਚਲੰਦੀ ॥

ਜਿਹੜਾ ਹਰਿ = ਪਰਮੇਸ਼ਰ ਜੁਗਹ = ਸਤਿਜੁਗ, ਜੁਗੋ = ਤ੍ਰੇਤੇ, ਜੁਗ = ਦੁਆਪੁਰ ਅਤੇ ਜੁਗਹ = ਕਲਿਜੁਗ ਵਿਚ ਹਾਜ਼ਰ ਭਾਵ ਵਿਆਪਕ ਹੈ, ਉਸ ਪਰਮੇਸ਼ਰ ਵਿਚ ਜੁਗੋ = ਜੁੜੀ ਹੋਈ ਸਦ = ਹਮੇਸ਼ਾ ਹੀ ਗੁਰੂ ਦੀ ਪੀੜ੍ਹੀ ਦਰ ਪੀੜ੍ਹੀ ਚਲੰਦੀ = ਚੱਲੀ ਆ ਰਹੀ ਹੈ।

***ਦੂਸਰਾ ਅਰਥ :*** ਜੋ ਹਰਿ = ਪਰਮੇਸ਼ਰ ਚੌਹਾਂ ਜੁੱਗਾਂ ਵਿਚ ਵਿਆਪਕ ਹੈ ਉਸ ਵਿਚ ਗੁਰਾਂ ਦੁਆਰਾ ਜੁਗੋ = ਜੁੜੀ ਹੋਈ ਜਗਿਆਸੂਆਂ ਦੀ ਸਦਾ ਹੀ ਪੀੜ੍ਹੀ ਚੱਲੀ ਆ ਰਹੀ ਹੈ।

***ਤੀਸਰਾ ਅਰਥ :*** ਜੋ ਹਰੀ ਸਾਰੇ ਸੰਸਾਰ ਦੇ ਅੰਦਰ ਵਿਆਪਕ ਰੂਪ ਹੋ ਕੇ ਜੁਗਹ = ਜੁੜਿਆ ਹੋਇਆ

ਹੈ ਅਤੇ ਜਿਸ ਨੇ ਆਪ ਹੀ ਚਾਰ ਜੁਗ ਬਨਾਉਣੇ ਕੀਤੇ ਹਨ। ਇਹ ਜੋ ਜੁਗਹ = ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਜੁਗੋ = ਚਾਰੇ ਵਰਨ (ਖੱਤ੍ਰੀ, ਬ੍ਰਾਹਮਣ, ਸੂਦ, ਵੈਸ਼) **ਵਾ:** ਚਾਰੇ ਵੇਦ, ਚਾਰੇ ਕਤੇਬ, ਚਾਰੇ ਅੰਤਹਕਰਨ ਆਦਿ ਗੁਰੂ = ਪੂਜਨੀਕ ਪਰਮੇਸ਼ਰ ਦੀ ਸਦ = ਹਮੇਸ਼ਾ ਪੀੜ੍ਹੀ ਚੱਲੀ ਆ ਰਹੀ ਹੈ।

***ਚੌਥਾ ਅਰਥ :*** ਜੋ ਜੁਗਹ = ਚਾਰੇ ਸਾਧਨਾਂ (ਬਿਬੇਕ, ਵੈਰਾਗ, ਖਟ ਸੰਪਤੀ, ਮੋਖ ਇੱਛਾ) ਵਿਚ ਜੁਗੋ = ਜੁੜੇ ਹਨ, ਅਤੇ ਜੋ ਜੁਗ = ਚਾਰੇ ਸਾਧਨਾਂ (ਸ੍ਵਣ, ਮੰਨਣ, ਨਿਧਿਆਸਣ, ਤਤ ਤ੍ਵੰ ਦੇ ਸੰਸ਼ੋਧਨ) ਵਿਚ ਜੁੜੇ ਹਨ ਅਤੇ ਜੋ ਜੁਗਹ = ਚਾਰੇ ਭੂਮਿਕਾ (ਸਤ੍ਵਾਪਦ, ਅਸੰਸਕਤ, ਪਦਾਰਥ ਅਭਾਵਨੀ, ਤੁਰੀਆ ਪਦ) ਵਿਚ ਜੁਗੋ = ਜੁੜੇ ਹੋਏ ਹਨ, ਇਹ ਜੁੜੇ ਹੋਇਆਂ ਦੀ ਗੁਰੂ = ਚੇਤਨ ਸਰੂਪ ਦੀ ਸਦਾ ਹੀ ਪੀੜ੍ਹੀ ਚੱਲੀ ਆ ਰਹੀ ਹੈ।

## ਜੁਗਿ ਜੁਗਿ ਪੀੜੀ ਚਲੈ, ਸਤਿਗੁਰ ਕੀ; ਜਿਨੀ ਗੁਰਮੁਖਿ ਨਾਮੁ ਧਿਆਇਆ ॥

ਇਸ ਪ੍ਰਕਾਰ ਸਤਿਗੁਰਾਂ ਦੀ ਜੁਗਿ ਜੁਗਿ = ਜੁੱਗਾਂ ਜੁੱਗਾਂ ਵਿਚ ਪਰਮੇਸ਼ਰ ਨਾਲ ਜੁੜਨ ਦੀ ਪੀੜ੍ਹੀ ਦਰ ਪੀੜ੍ਹੀ ਚਲੈ = ਚੱਲਦੀ ਆ ਰਹੀ ਹੈ, ਜਿਨੀ = ਜਿਨ੍ਹਾਂ ਗੁਰਮੁਖਾਂ ਨੇ ਐਸੇ ਗੁਰਾਂ ਦੁਆਰਾ ਨਾਮ ਧਿਆਇਆ = ਧਿਆਉਣਾ ਕੀਤਾ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਗਏ ਹਨ।

***ਦੂਸਰਾ ਅਰਥ :*** ਜਿਨੀ = ਜਿਨ੍ਹਾਂ ਨੇ ਗੁਰ + ਮੁਖਿ = ਮੁਖੀ ਗੁਰਾਂ ਦੁਆਰਾ ਸੰਗਤ ਵਿਚ ਮਿਲ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕੀਤਾ ਹੈ। ਉਹ ਗੁਰਾਂ ਦੇ ਉਪਦੇਸ਼ ਨਾਲ ਜੁਗਿ = ਜੁੜ ਕਰਕੇ ਜੁਗਿ = ਦੋ ਭਾਵ ਜੀਵ ਤੇ ਈਸ਼ ਦੀ ਏਕਤਾ ਨੂੰ ਪ੍ਰਾਪਤ ਕਰਦੇ ਹਨ, ਇਉਂ ਉਨ੍ਹਾਂ ਤੱਤ ਬੇਤਿਆਂ ਦੀ ਸਤਿਗੁਰਾਂ ਦੇ ਉਪਦੇਸ਼ ਦੁਆਰਾ ਸੰਪ੍ਰਦਾ ਰੂਪੀ ਪੀੜ੍ਹੀ ਚਲੈ = ਚੱਲਦੀ ਆ ਰਹੀ ਹੈ।

***ਤੀਸਰਾ ਅਰਥ :*** ਜੁਗਿ ਜੁਗਿ = ਜੁੱਗਾਂ ਜੁੱਗਾਂ ਵਿਚ ਸਤਿਗੁਰਾਂ ਦੁਆਰਾ ਉਹ ਜਗਿਆਸੂਆਂ ਦੀ ਸੰਪ੍ਰਦਾ ਰੂਪੀ ਪੀੜ੍ਹੀ ਚੱਲੀ ਆ ਰਹੀ ਹੈ, ਜਿਨ੍ਹਾਂ ਨੇ ਗੁਰ + ਮੁਖਿ = ਮੁਖੀ ਗੁਰਾਂ ਨਾਲ ਮਿਲ ਕੇ ਨਾਮ ਧਿਆਉਣਾ ਕੀਤਾ ਹੈ।

***ਚੌਥਾ ਅਰਥ :*** ਜਿਨ੍ਹਾਂ ਗੁਰਮੁਖਾਂ ਨੇ ਨਾਮ ਧਿਆਇਆ = ਧਿਆਉਣਾ ਕੀਤਾ ਹੈ, ਇਹ ਜੁਗਿ ਜੁਗਿ = ਜੁੱਗਾਂ ਜੁੱਗਾਂ ਵਿਚ ਸਤਿਗੁਰਾਂ ਦੀ ਨਾਦੀ ਬੰਸ ਚੱਲੀ ਆ ਰਹੀ ਹੈ **ਵਾ:** ਜੁਗਿ = ਦੋ ਅਤੇ ਜੁਗਿ = ਦੋ ਭਾਵ ਚਾਰ ਅਰਥਾਤ ਸਤਿਗੁਰੂ ਜੀ ਦੀ ਚਾਰ ਪ੍ਰਕਾਰ (ਬੇਦੀ, ਤ੍ਰੇਹਣ, ਭੱਲੇ ਅਤੇ ਸੋਢੀਆਂ) ਦੀ ਬਿੰਦੀ ਬੰਸ ਚੱਲੀ ਆ ਰਹੀ ਹੈ।

## ਹਰਿ ਪੁਰਖੁ, ਨ ਕਬ ਹੀ ਬਿਨਸੈ ਜਾਵੈ; ਨਿਤ ਦੇਵੈ ਚੜੈ ਸਵਾਇਆ ॥

ਹਰਿ = ਹਰੀ ਪਰਮੇਸ਼ਰ ਐਸਾ ਪੂਰਨ ਪੁਰਖ ਹੈ ਜੋ ਕਿ ਕਬ ਹੀ = ਕਦੇ ਵੀ ਬਿਨਸੈ = ਨਾਸ਼ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਜੂਨਾਂ ਵਿਚ ਜਾਵੈ = ਜਾਂਦਾ ਹੈ। ਨਿਤ = ਨਿਤਾਪ੍ਰਤੀ ਦਿੱਤਾ ਹੋਇਆ ਆਪ ਜੀ ਦੇ ਨਾਮ ਦਾ ਅਤੇ ਬ੍ਰਹਮ ਗਿਆਨ ਦਾ ਦਾਨ, ਤੁਰੀਆ ਪਦ ਪਦਵੀਆਂ ਦੀ ਪ੍ਰਾਪਤੀ ਰੂਪ ਦਾਨ ਸਵਾਇਆ = ਬਹੁਤਾ ਭਾਵ ਦੂਣਾ ਚੌਣਾ ਹੋਇਆ ਚੜੈ = ਚੜ੍ਹਦਾ ਜਾਂਦਾ ਹੈ।

## ਨਾਨਕ ਸੰਤ ਸੰਤ ਹਰਿ ਏਕੋ; ਜਪਿ ਹਰਿ ਹਰਿ ਨਾਮੁ ਸੋਹੰਦੀ ॥

ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਸੰਤ = ਉੱਤਮ (ਸ੍ਰੇਸ਼ਟ) ਮਹਾਤਮਾ ਜਨ ਹਰਿ = ਹਰੀ ਵਾਹਿਗੁਰੂ ਦਾ ਸਰੂਪ ਹਨ ਅਤੇ ਹਰੀ ਵਾਹਿਗੁਰੂ ਸੰਤ = ਸ਼ਾਂਤ ਆਤਮਾ ਮਹਾਂਪੁਰਖ ਦਾ ਸਰੂਪ ਹੈ, ਦੋਨੋਂ ਏਕੋ = ਇੱਕੋ ਹੀ ਅਭੇਦ ਰੂਪ ਹਨ। **ਵਾ:** ਸ੍ਰੀ ਗੁਰੂ ਨਾਨਕ ਦੇਵ ਜੀ ਸੰਤ = ਸਾਂਤ ਸਰੂਪ ਹਰੀ ਵਾਹਿਗੁਰੂ ਦਾ ਰੂਪ ਹਨ ਅਤੇ ਹਰੀ ਸੰਤ = ਸ਼ਾਂਤ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਹੈ। ਭਾਵ ਦੋਨੋਂ ਇੱਕੋ

ਸਰੂਪ ਹਨ। ਤਿੰਨਾਂ ਸੰਤਾਂ ਦੇ ਦੁਆਰੇ ਭਾਵ ਸਤਿਸੰਗਤ ਦੇ ਵਿਚ ਹਰਿ ਹਰਿ ਪਰਮੇਸ਼ਰ ਦੇ ਨਾਮ ਨੂੰ ਜਪ ਕਰ ਕੇ ਮੈਂ ਸੋਹੰਦੀ = ਸ਼ੋਭਨੀਕ ਹੋਈ ਹਾਂ।

## ਹਰਿ ਰਾਮ ਰਾਮ ਮੇਰੇ ਬਾਬੁਲਾ; ਪਿਰ ਮਿਲਿ ਧਨ, ਵੇਲ ਵਧੰਦੀ ॥੫॥੧॥

ਹੇ ਮੇਰੇ ਬਾਬੁਲਾ = ਪਿਤਾ ਸਮਾਨ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਰਾਮ = ਰਮੇ ਹੋਏ ਰਾਮ = ਪਰਮੇਸ਼ਰ ਦਾ ਰੂਪ ਸਤਿਗੁਰੂ ਜੀ ! ਆਪ ਜੀ ਦੇ ਉਪਦੇਸ਼ ਦੁਆਰਾ ਮੇਰੀ ਜਗਿਆਸੂ ਰੂਪ ਧਨ = ਇਸਤਰੀ ਦੀ ਅਭਾਸ ਬਿਰਤੀ ਦੀ ਸਾਖੀ ਚੇਤਨ ਪਿਰ = ਪਤੀ ਨਾਲ ਮਿਲ ਕੇ ਸੰਪਰਦਾ ਰੂਪੀ, ਭਗਤੀ ਰੂਪੀ ਵੇਲ ਵਧੰਦੀ = ਵਧਦੀ ਹੈ। ਇਹ ਪੰਜ ਪਉੜੀਆਂ ਵਾਲਾ ਸ਼ਬਦ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਭਾਈ ਪਾਰੋ ਜੀ ਦੇ ਪਰਖਣਾ ਕਰਨ ਤੋਂ ਉਚਾਰਨ ਕੀਤਾ॥੫॥੧॥

## ਸਿਰੀਰਾਗੁ ਮਹਲਾ ੫ ਛੰਤ

**ਉਥਾਨਕਾ :** ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਭਾਈ ਕਲਿਆਣਾ ਜੀ ਨਾਮ ਦਾ ਗੁਰਮੁਖ ਸਿੱਖ ਬੇਨਤੀ ਕਰਨ ਲਈ ਪਹੁੰਚਿਆ। ਉਸ ਨੇ ਬੇਨਤੀ ਕੀਤੀ ਕਿ ਹੇ ਪਾਤਸ਼ਾਹ ਜੀ ! ਪਰਮੇਸ਼ਰ ਨੂੰ ਕਿਵੇਂ ਚੇਤੇ ਕੀਤਾ ਜਾਵੇ ? ਤਾਂ ਪਰਮ ਕਿਰਪਾਲੂ, ਜਗਤ ਗੁਰੂ ਜੀ ਛੰਤਾਂ ਦੀ ਬਾਣੀ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ। ਇਸੇ ਭਾਈ ਕਲਿਆਣਾ ਜੀ ਦੀ ਮੰਡੀ ਵਾਲੇ ਰਾਜੇ ਦੇ ਜ਼ੁਲਮ ਕਰਨ 'ਤੇ ਗੁਰੂ ਸਾਹਿਬ ਜੀ ਨੇ ਰੱਖਿਆ ਕੀਤੀ ਸੀ। ਜਦੋਂ ਰਾਜਾ ਮੂਰਛਾ ਖਾ ਕੇ ਧਰਤੀ 'ਤੇ ਡਿੱਗ ਪਿਆ ਸੀ ਤਾਂ ਇਸੇ ਭਾਈ ਕਲਿਆਣਾ ਜੀ ਦੀ ਅਰਦਾਸ ਦੇ ਨਾਲ ਠੀਕ ਹੋ ਕੇ ਰਾਜੇ ਨੇ ਸਿੱਖੀ ਧਾਰਨ ਕੀਤੀ ਤੇ ਭਾਈ ਕਲਿਆਣਾ ਜੀ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਿਆ। ਰਾਜੇ ਦੇ ਸ਼ੰਕਾ ਕਰਨ ਤੋਂ ਕਿ 'ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥ (ਰਾਮਕਲੀ ਮ: ੧, ਅੰਗ ੯੩੭)' ਜੇਕਰ ਲੇਖ ਹੀ ਨਹੀਂ ਮਿਟ ਸਕਦੇ ਤਾਂ ਗੁਰੂ ਦੀ ਸ਼ਰਨ ਵਿਚ ਆਉਣ ਦਾ ਕੀ ਲਾਭ ਹੈ ? ਤਾਂ ਗੁਰੂ ਸਾਹਿਬ ਜੀ ਨੇ ਉਸ ਦੇ ਲੇਖਾਂ ਵਿਚ ਜਿਹੜੇ ੫੦ ਸਾਲ ਜਨਮ ਲੈ ਕੇ ਗ਼ਰੀਬੀ ਵਿਚ ਗੁਜ਼ਾਰਨੇ ਸਨ, ਉਹ ਸਾਰੇ ਇਕ ਸੁਪਨੇ ਵਿਚ ਹੀ ਭੁਗਤਾ ਦਿੱਤੇ। ਗੁਰੂ ਸਾਹਿਬ ਜੀ ਨੇ ਭਾਈ ਕਲਿਆਣਾ ਜੀ ਅਤੇ ਮੰਡੀ ਵਾਲੇ ਰਾਜੇ ਨੂੰ ਸਾਂਝਾ ਉਪਦੇਸ਼ ਬਖ਼ਸ਼ਿਸ਼ ਕੀਤਾ।

ਸਿਰੀਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਛੰਤਾਂ ਦੀ ਬਾਣੀ ਵਿਚ ਮਨ ਨੂੰ ਸੰਬੋਧਨ ਕਰਦਿਆਂ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ੧ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਸਰੂਪ ਪਰਮੇਸ਼ਰ, ੴ = ਸਰਬ ਕਾ ਪ੍ਰਕਾਸ਼ਕ, ਸਤਿ = ਨਾਸ ਤੋਂ ਰਹਿਤ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ **ਵਾ:** ਸਤਿਗੁਰ ਪ੍ਰਸਾਦਿ = ਸਤਿਗੁਰ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਮਨ ਪਿਆਰਿਆ ਜੀਉ ਮਿਤ੍ਰਾ; ਗੋਬਿੰਦ ਨਾਮੁ ਸਮਾਲੇ ॥

ਹੇ ਮੇਰੇ ਪਿਆਰੇ ਮਨਾ ! ਚੇਤਨ ਦੀ ਅੰਸ਼ ਹੋਣ ਕਰਕੇ ਮਿਤ੍ਰਾ = ਸੱਜਣਾ ਜੀ ! (ਜੀਉ ਸਤਿਕਾਰ ਦਾ ਵਾਚਕ ਹੈ) ਤੂੰ ਗੋਬਿੰਦ (ਗੋ + ਬਿੰਦ) ਗੋ = ਵੇਦਾਂ ਕਰਕੇ ਬਿੰਦ = ਜਾਣਨੇ ਯੋਗ ਪਰਮੇਸ਼ਰ ਦੇ ਨਾਮ ਨੂੰ ਸਮਾਲੇ = ਯਾਦ ਕਰ।

## ਮਨ ਪਿਆਰਿਆ ਜੀ ਮਿਤ੍ਰਾ; ਹਰਿ ਨਿਬਹੈ ਤੇਰੈ ਨਾਲੇ ॥

ਹੇ ਮੇਰੇ ਪਿਆਰੇ ਮਿੱਤਰ ਮਨਾਂ ਜੀ **ਵਾ:** ਹੇ ਮਨ ਦੇ ਪਿਆਰਿਆਂ ਅਤੇ ਜੀਅ ਦੇ ਮਿੱਤਰਾ ! ਤੂੰ ਸਦਾ

ਜੀਵਨ ਨੂੰ ਪਾ ਕੇ ਜਿਊਂਦਾ ਹੋ ਜਾਵੇਂਗਾ, ਜੋ ਹਰਿ = ਹਰੀ ਪਰਮੇਸ਼ਰ ਦਾ ਨਾਮ ਹੈ, ਉਹ ਪਰਲੋਕ ਵਿਚ ਵੀ ਤੇਰੇ ਨਾਲੇ = ਸਾਥ ਨਿਬਹੈ = ਨਿਭੇਗਾ ਭਾਵ ਤੇਰੀ ਸਹਾਇਤਾ ਕਰੇਗਾ।

## ਸੰਗਿ ਸਹਾਈ ਹਰਿ ਨਾਮੁ ਧਿਆਈ; ਬਿਰਥਾ ਕੋਇ ਨ ਜਾਏ ॥

ਉਸ ਹਰਿ = ਅਕਾਲ ਪੁਰਖ ਪਰਮੇਸ਼ਰ ਦਾ ਨਾਮ ਸਦਾ ਹੀ ਧਿਆਈ = ਧਿਆਉਣਾ ਕਰੀਏ, ਜੋ ਲੋਕ ਪਰਲੋਕ ਵਿਚ ਸੰਗਿ = ਸਾਥੀ ਹੋ ਕੇ ਸਹਾਈ = ਸਹਾਇਤਾ ਕਰਨ ਵਾਲਾ ਹੈ। ਜਿਹੜਾ ਵੀ ਉਸ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕਰਦਾ ਹੈ, ਉਹ ਉਸ ਦੀ ਕਿਰਪਾ ਨਾਲ ਪੂਰਨ ਰੂਪ ਵਿਚ ਲਬਾ-ਲਬ ਭਰ ਜਾਂਦਾ ਹੈ। ਉਹ ਬਿਰਥਾ = ਖ਼ਾਲੀ ਨਹੀਂ ਜਾਂਦਾ **ਅਥਵਾ** ਹਉਮੈ ਦੀ ਬਿਰਥਾ = ਪੀੜ, ਜਮਾਂ ਦੀ ਪੀੜ, ਜੰਮਣ ਮਰਣ ਦੀ ਪੀੜ ਆਦਿ ਜਾਏ = ਪੈਂਦਾ ਨ = ਨਹੀਂ ਹੁੰਦੀ ਅਤੇ ਧਰਮ, ਅਰਥ, ਕਾਮ, ਮੋਖ ਆਦਿ ਦੀ ਪ੍ਰਾਪਤੀ ਹੋ ਜਾਂਦੀ ਹੈ।

## ਮਨ ਚਿੰਦੇ ਸੇਈ ਫਲ ਪਾਵਹਿ; ਚਰਣ ਕਮਲ ਚਿਤੁ ਲਾਏ ॥

ਤਿੰਨਾਂ ਲੋਕਾਂ ਵਿਚ ਧਰਮ, ਅਰਥ, ਕਾਮ, ਮੋਖ ਜੋ ਵੀ ਤੇਰਾ ਮਨ ਚਿੰਦੇ = ਇੱਛਾ ਕਰੇਗਾ, ਤੂੰ ਸੇਈ = ਉਸ ਫਲ ਦੀ ਪ੍ਰਾਪਤੀ ਕਰ ਲਵੇਂਗਾ। ਹੇ ਪਿਆਰਿਆ! ਤੂੰ ਉਸ ਅਕਾਲ ਪੁਰਖ ਦੇ ਚਰਨਾਂ ਦਾ ਪੂਜਨੀਕ ਬਣ ਜੋ ਹਰ ਸਮੇਂ ਸਾਰਿਆਂ ਦਾ ਆਸਰਾ ਰੂਪ ਪ੍ਰਕਾਸ਼ਵਾਨ, ਹੇਤ ਰੱਖਣ ਵਾਲਾ, ਅਧਿਸ਼ਠਾਨ ਸਰੂਪ ਹੈ, ਉਸ ਦੇ ਚਰਨਾਂ ਨੂੰ ਧਿਆ ਕੇ ਉਸ ਦੇ ਚਰਨਾਂ ਕਮਲਾਂ ਵਿਚ ਚਿੱਤ = ਹਿਰਦੇ ਦੀ ਬਿਰਤੀ ਨੂੰ ਲਾਏ = ਲਾਉਣਾ ਕਰ।

## ਜਲਿ ਥਲਿ ਪੂਰਿ ਰਹਿਆ ਬਨਵਾਰੀ; ਘਟਿ ਘਟਿ ਨਦਰਿ ਨਿਹਾਲੇ ॥

ਉਹ ਸੰਸਾਰ ਰੂਪੀ (ਬਨ + ਵਾਰੀ) ਬਨ = ਵਣ (ਜੰਗਲ) ਦਾ ਵਾਰੀ = ਵਾਲੀ ਭਾਵ ਮਾਲਕ ਪਰਮੇਸ਼ਰ ਸਾਰੇ ਜਲਾਂ ਥਲਾਂ ਵਿਚ ਪੂਰਿ = ਪੂਰਨ ਹੋ ਰਿਹਾ ਹੈ। ਜੈਸਾ ਕਿ :

**ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥** *(ਗਉੜੀ ਗੁਆਰੇਰੀ ਅਸ਼ਟਪਦੀ ਕਬੀਰ ਜੀ ਕੀ, ਅੰਗ ੩੩੧)*

ਜਲ ਦੀ ਨਿਆਈਂ ਜਿਨ੍ਹਾਂ ਦੇ ਅੰਦਰ ਪ੍ਰੇਮ ਦਾ ਪ੍ਰਵਾਹ ਪੈਂਦਾ ਹੈ, ਉਨ੍ਹਾਂ ਦੇ ਰਿਦੇ ਵਿਚ ਵੀ ਉਹ ਪੂਰਨ ਹੋ ਰਿਹਾ ਹੈ। ਥਲਾਂ ਦੀ ਨਿਆਈਂ ਖ਼ੁਸ਼ਕ ਸਕਾਮੀ ਭਾਵ ਜੋ ਕਾਮਨਾ ਪੂਰੀਆਂ ਕਰਨ ਹੀ ਜਾਣਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਵੀ ਉਹ ਸੰਸਾਰ ਦਾ ਬਾਨੀ ਪੂਰਨ ਰੂਪ ਵਿਚ ਹੋ ਰਿਹਾ ਹੈ **ਵਾ:** ਸ੍ਰਿਸ਼ਟੀ ਦੇ ਅੰਦਰ ਸਮੁੰਦਰਾਂ ਦੇ ਤਾਈਂ ਅਤੇ ਸਾਰੀਆਂ ਥਾਵਾਂ 'ਤੇ ਉਹ ਪਰਮੇਸ਼ਰ ਪੂਰਨ ਹੋ ਰਿਹਾ ਹੈ। ਉਹ ਘਟਿ ਘਟਿ = ਘਟਾਂ ਘਟਾਂ ਵਿਚ ਸਾਰਿਆਂ ਨੂੰ ਆਪਣੀ ਨਦਰਿ = ਦ੍ਰਿਸ਼ਟੀ ਨਾਲ ਵੇਖ ਰਿਹਾ ਹੈ **ਵਾ:** ਜੇਕਰ ਪਰਮੇਸ਼ਰ ਕਿਰਪਾ ਦ੍ਰਿਸ਼ਟੀ ਕਰ ਦੇਵੇ ਤਾਂ ਦਿਬ ਦ੍ਰਿਸ਼ਟੀ, ਗਿਆਨ ਦੀ ਬਿਰਤੀ ਨਾਲ ਉਸ ਪਰਮੇਸ਼ਰ ਨੂੰ ਤੂੰ ਵੀ ਘਟਾਂ ਘਟਾਂ ਵਿਚ ਨਿਹਾਲੇ = ਵੇਖਣਾ ਕਰੇਂਗਾ।

## ਨਾਨਕੁ ਸਿਖ ਦੇਇ ਮਨ ਪ੍ਰੀਤਮ; ਸਾਧਸੰਗਿ ਭ੍ਰਮੁ ਜਾਲੇ ॥੧॥

(**ਸਿੱਖ** ਅੱਧਕ ਸਹਿਤ ਬੋਲੋ)

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਮੇਰੇ ਪਿਆਰੇ ਮਨ! ਜੋ ਤੈਨੂੰ ਸਿਖ = ਸਿੱਖਿਆ ਦੇਇ = ਦੇਣਾ ਕੀਤੀ ਹੈ, ਉਸ ਨੂੰ ਧਾਰਨ ਕਰ ਅਤੇ ਸਤਸੰਗ ਦੇ ਨਾਲ ਮਿਲ ਕੇ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਭਰਮ ਜਾਲੇ = ਸਾੜਿਆ ਜਾਂਦਾ ਹੈ। ਜਿਥੇ ਦੋ ਸਿੱਖ ਮਿਲ ਜਾਣ ਅਤੇ ਉਨ੍ਹਾਂ ਵਿਚ ਸਤਿ

ਦੀ ਵੀਚਾਰ ਹੋਣ ਲੱਗ ਜਾਵੇ ਤਾਂ ਉਹ ਸਤਸੰਗ ਹੈ। ਉਨ੍ਹਾਂ ਨਾਲ ਮਿਲ ਕੇ ਹਿਰਦੇ ਅੰਦਰ ਪਏ ਹੋਏ ਭਰਮ ਨਿਕਲ ਜਾਂਦੇ ਹਨ॥੧॥

ਭਰਮ ਦੀ ਵੀਚਾਰ ਕੇਵਲ 'ਭਰਮ' ਸ਼ਬਦ ਦਾ ਅਰਥ ਸਮਝਣ ਨਾਲ ਹੀ ਨਹੀਂ ਆ ਜਾਂਦੀ। ਇਸ ਦੀ ਵੀਚਾਰ ਇਸ ਪ੍ਰਕਾਰ ਹੈ :

## ਪੰਜ ਪ੍ਰਕਾਰ ਦਾ ਭਰਮ

'ਭਰਮ' ਸ਼ਬਦ ਗੁਰਬਾਣੀ ਵਿਚ ਬਹੁਤ ਸਾਰੇ ਥਾਵਾਂ 'ਤੇ ਆਵੇਗਾ। ਇਸ ਨੂੰ ਵਿਸਥਾਰ ਨਾਲ ਸਮਝਣ ਲਈ ਵਿਆਖਿਆ ਦੀ ਲੋੜ ਹੈ।

***ਪ੍ਰਸ਼ਨ :*** *ਭਰਮ ਕੀ ਹੈ ?*

**ਮਾਧਵੇ ਕਿਆ ਕਹੀਐ ਭ੍ਰਮੁ ਐਸਾ॥** *(ਅੰਗ ੬੫੭)*

ਇਸ ਤੁਕ ਵਿਚ ਜਗਿਆਸੂ ਮੁਖ ਦੁਆਰਾ ਪ੍ਰਸ਼ਨ ਹੈ ਕਿ ਭਰਮ ਕੀ ਹੈ ?

***ਉੱਤਰ :*** ਅਗਲੀ ਤੁਕ ਸਪੱਸ਼ਟ ਕਰਦੀ ਹੈ :

**ਜੈਸਾ ਮਾਨੀਐ ਹੋਇ ਨ ਤੈਸਾ॥੧॥ਰਹਾਉ॥** *(ਅੰਗ ੬੫੭)*

ਅਸਲੀਅਤ ਤੋਂ ਉਲਟ ਪ੍ਰਤੀਤ ਹੋਣਾ ਇਸ ਦਾ ਨਾਮ ਭਰਮ = ਭੁਲੇਖਾ ਹੈ, ਜੈਸਾ ਕਿ ਰੱਸੀ ਵਿਚ ਸੱਪ ਦਾ ਪ੍ਰਤੀਤ ਹੋਣਾ, ਸਿੱਪੀ ਵਿਚ ਚਾਂਦੀ ਦਾ, ਅਕਾਸ਼ ਵਿਚ ਨੀਲਾਪਣ, ਗਰਮੀ ਦੀ ਰੁੱਤ ਵਿਚ ਸੂਰਜ ਨਾਲ ਤਪੇ ਹੋਏ ਰੇਤੇ ਵਿਚ ਪਾਣੀ ਪ੍ਰਤੀਤ ਹੋਣਾ, ਜਿਸ ਨੂੰ ਮ੍ਰਿਗ-ਤ੍ਰਿਸ਼ਨਾ ਦਾ ਜਲ ਕਿਹਾ ਜਾਂਦਾ ਹੈ ਅਤੇ ਮਿਰਗ ਦੀ ਨਾਭੀ ਵਿਚ ਪੈਦਾ ਹੋਈ ਕਸਤੂਰੀ ਦਾ ਭਰਮ ਮ੍ਰਿਗ ਨੂੰ ਝਾੜੀਆਂ ਵਿਚ ਜਾਂ ਹੋਰ ਕਿਸੇ ਥਾਂ ਪ੍ਰਤੀਤ ਹੋਣਾ। ਜੈਸਾ ਕਿ :

**ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥** *(ਅੰਗ ੬੪੪)*
**ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ॥੧੫॥** *(ਅੰਗ ੩੦੯)*
**ਜੈਸੇ ਕੁਰੰਕ ਨਹੀ ਪਾਇਓ ਭੇਦੁ॥ ਤਨਿ ਸੁਗੰਧ ਢੂਢੈ ਪ੍ਰਦੇਸੁ॥** *(ਅੰਗ ੧੧੯੬)*

ਇਸੇ ਪ੍ਰਕਾਰ ਅਸੱਤ ਪ੍ਰਤੀਤੀ, ਸੱਤਯ ਦਾ ਗਿਆਨ ਹੁੰਦਿਆਂ ਹੀ ਨਾਸ ਹੋ ਜਾਂਦੀ ਹੈ।

***ਪ੍ਰਸ਼ਨ :*** *ਭਰਮ ਦੀਆਂ ਕਿਸਮਾਂ ਕਿੰਨੀਆਂ ਹਨ ?*

***ਉੱਤਰ :*** ਭਰਮ ਦੀਆਂ ਪੰਜ ਕਿਸਮਾਂ ਹਨ। ਜੈਸਾ ਕਿ :

**ਭੇਦ ਭਰਮ ਕਰਤਤ ਭਰਮ, ਪੁਨ ਸੰਗ ਭਰਮ ਵਿਕਾਰ॥**
**ਬ੍ਰਹਮ ਇਤਰ ਜਗ ਸਤ ਹੈ, ਪਾਂਚੋ ਭਰਮ ਸੰਸਾਰ॥**

੧. **ਭੇਦ ਭਰਮ :** ਆਤਮਾ, ਜੋ ਚੇਤਨ ਬ੍ਰਹਮ ਦੀ ਸ਼ੁੱਧ ਅੰਸ਼ ਹੈ ਅਤੇ ਸਦਾ ਹੀ ਭੇਦ ਰਹਿਤ ਹੈ। ਉਸ ਵਿਚ ਅਗਿਆਨ ਕਰਕੇ ਜੀਵ ਨੂੰ ਬ੍ਰਹਮ ਨਾਲੋਂ ਭੇਦ = ਭਿੰਨਤਾ ਪ੍ਰਤੀਤ ਹੋਣੀ, ਇਹ ਭੇਦ ਭਰਮ ਹੈ, ਭੇਦ ਭਰਮ ਵੀ ਅੱਗੋਂ ਪੰਜ ਪ੍ਰਕਾਰ ਦਾ ਹੁੰਦਾ ਹੈ : (ੳ) ਜੀਵ ਈਸ਼ਰ ਦਾ ਭੇਦ, (ਅ) ਜੀਵ ਜੀਵ ਦਾ ਭੇਦ, (ੲ) ਜੀਵ ਜੜ੍ਹ ਦਾ ਭੇਦ, (ਸ) ਜੜ੍ਹ ਜੜ੍ਹ ਦਾ ਭੇਦ, (ਹ) ਜੜ੍ਹ ਈਸ਼ਰ ਦਾ ਭੇਦ।

(ੳ) **ਜੀਵ ਈਸਰ ਦਾ ਭੇਦ :** ਜੀਵ ਈਸਰ ਨੂੰ ਸਰਬੱਗ ਮੰਨਦਾ ਹੈ ਤੇ ਜੀਵ ਨੇ ਆਪਣੇ ਆਪ ਨੂੰ ਅਲਪਗ ਮੰਨਿਆ ਹੈ। ਈਸ਼ਰ ਨੂੰ ਸਰਬ ਕਲਾ ਸਮਰੱਥ ਮੰਨਿਆ ਹੋਇਆ ਹੈ ਤੇ ਜੀਵ ਨੇ ਆਪਣੇ ਆਪ ਨੂੰ ਅਸਮਰੱਥ ਮੰਨਿਆ ਹੋਇਆ ਹੈ। ਜੀਵ ਨੇ ਈਸ਼ਰ ਨੂੰ ਸੁਤੰਤਰ ਤੇ ਆਪਣੇ ਆਪ ਨੂੰ

ਪਤੰਤਰ ਮੰਨਿਆ ਹੋਇਆ ਹੈ। ਜੀਵ ਨੇ ਈਸ਼ਰ ਨੂੰ ਕਰਮ ਫਲ ਦੇਣ ਵਾਲਾ ਤੇ ਆਪਣੇ ਆਪ ਨੂੰ ਕਰਮਾਂ ਦਾ ਭੋਗਣ ਵਾਲਾ ਮੰਨਿਆ ਹੋਇਆ ਹੈ। ਈਸ਼ਰ ਵਿਚ ਛੇ ਗੁਣ ਹਨ :

**ਧਰਮ ਸੁਜਸ ਵੈਰਾਗ ਪੁਨ ਐਸੂਰਜ ਸ੍ਰੇਯ ਬਿਗਿਆਨ।**
**ਇਹ ਖਟ ਭਗਾ ਸੰਪੰਨ ਜੋ, ਤਾਹਿ ਕਹਤ ਭਗਵਾਨ।** *(ਧਰਮ ਸ਼ਾਸਤਰ)*

ਧਰਮ ਦਾ ਮਾਲਕ, ਯਸ = ਸ਼ੋਭਾ, ਵੈਰਾਗ = ਨਿਰਲੇਪਤਾ, ਅਸ਼ਵਰਯ = ਧਨ ਪਦਾਰਥਾਂ ਦੇ ਮਾਲਕ ਹੋਣ ਦਾ ਭਾਵ, ਸ੍ਰੇਯ = ਮੁਕਤ, ਵਿਗਿਆਨ = ਵਿਸ਼ੇਸ਼ ਕਰਕੇ ਗਿਆਨ, ਅੰਤਰਯਾਮਤਾ ਇਹ ਖਟ = ਛੇ ਭਗਾ = ਚਿੰਨ੍ਹ ਵਿਚ ਜੋ ਸੰਪੰਨ = ਸੰਪੂਰਨ ਹੈ, ਤਾਹਿ = ਉਸ ਨੂੰ ਹੀ ਭਗਵਾਨ = ਈਸ਼ਰ ਕਹਿਤ = ਕਹਿੰਦੇ ਹਨ। ਈਸ਼ਵਰ ਦੇ ਵਿਚ ਮਾਇਆ ਸਬਲ ਦੇ ਕਾਰਨ ਇਹ ਖਟ ਗੁਣ ਹਨ; ਜੈਸਾ ਕਿ :

**ਉਤਪਤਿ ਲੈਤਾ ਪਾਲਨਾ ਅੰਤਰਜਾਮੀ ਜਾਨ।**
**ਜੀਵ ਗਤਾਗਤ ਕਰਮ ਫਲ ਖਟ ਗੁਣ ਈਸ ਬਖਾਨ।**

ਇਸੇ ਪ੍ਰਕਾਰ ਜੀਵ ਵਿਚ ਅਗਿਆਨ ਦੀ ਉਪਾਧੀ ਕਰਕੇ ਛੇ ਵਿਕਾਰ ਹਨ :

**ਛੁਧਾ ਪਿਆਸਾ ਸੋਕ ਪੁਨ, ਹਰਖ ਜਨਮ ਅਰੁ ਅੰਤ।**
**ਏ ਖਟ ਉਰਮੀ ਧਰਮ ਤਨ, ਆਤਮ ਰਹਿਤ ਅਨੰਤ ॥੬॥** *(ਵਿਚਾਰ ਮਾਲਾ ਅਧਿ: ੫)*

ਸਰੀਰ ਦਾ ਜੰਮਣਾ ਤੇ ਮਰਨਾ, ਭੁੱਖ ਪਿਆਸ ਪ੍ਰਾਣਾਂ ਦੀ, ਹਰਖ ਸੋਗ ਮਨ ਦਾ, ਇਹ ਛੇ ਵਿਕਾਰ ਜੀਵ ਦੀਆਂ ਤਿੰਨਾਂ ਦੇਹਾਂ ਦੇ ਹਨ, ਪਰ ਅਗਿਆਨ ਕਰਕੇ ਆਤਮਾ ਵਿਚ ਮੰਨਦਾ ਹੈ। ਜੀਵ ਈਸ਼ਰ ਦਾ ਭੇਦ ਅਵਿੱਦਿਆ ਮਾਇਆ ਉਪਾਧੀ ਦੀ ਦ੍ਰਿਸ਼ਟੀ ਕਰਕੇ ਪ੍ਰਤੀਤਹੋ ਰਿਹਾ ਹੈ।

(ਅ) **ਜੀਵ ਜੀਵ ਦਾ ਭੇਦ :** ਇਹ ਜੀਅ ਜੰਤ ਤੇ ਮੈਂ ਮਨੁੱਖ ਹਾਂ।

(ੲ) **ਜੀਵ ਜੜ੍ਹ ਦਾ ਭੇਦ :** ਜੀਵ ਨੇ ਆਪਣੇ ਆਪ ਨੂੰ ਪ੍ਰਾਣਾਂਧਾਰੀ ਤੇ ਜੜ੍ਹ ਵਸਤੂਆਂ ਨੂੰ ਨਿਰਜਿੰਦ ਮੰਨਣਾ, ਇਹ ਜੀਵ ਜੜ੍ਹ ਦਾ ਭੇਦ ਹੈ।

(ਸ) **ਜੜ੍ਹ ਜੜ੍ਹ ਦਾ ਭੇਦ :** ਜੜ੍ਹ ਪਦਾਰਥ ਜਿਵੇਂ ਧਰਤੀ ਤੇ ਬ੍ਰਿਛ ਜਾਂ ਧਰਤੀ, ਪਾਣੀ, ਅਗਨੀ, ਆਕਾਸ਼ ਆਦਿ ਸਾਰੇ ਹੀ ਜੜ੍ਹ ਹਨ, ਪਰ ਕਿਸੇ ਵਿਚ ਤਮੋਗੁਣ ਦੀ ਤੇ ਕਿਸੇ ਵਿਚ ਸਤੋਗੁਣ ਦੀ ਬਹੁਲਤਾ ਹੈ।

(ਹ) **ਈਸ਼ਰ ਤੇ ਜੜ੍ਹ ਦਾ ਭੇਦ :** ਈਸ਼ਰ ਨੇ ਮਾਇਆ ਨੂੰ ਆਪਣੇ ਅਧੀਨ ਕੀਤਾ ਹੋਇਆ ਹੈ ਤੇ ਮਾਇਆ ਦੇ ਗੁਣਾਂ ਕਰਕੇ ਈਸ਼ਰ ਨਾਲੋਂ ਜੜ੍ਹ ਪਦਾਰਥ ਵੱਖਰਾ ਪ੍ਰਤੀਤ ਹੋ ਰਿਹਾ ਹੈ।

੨. **ਕਰਤੱਵ ਭਰਮ :** ਆਤਮਾ, ਜੋ ਕਿ ਸਦਾ ਹੀ ਕਰਤਾ ਭੋਗਤਾ ਆਦਿਕ ਧਰਮਾਂ ਤੋਂ ਰਹਿਤ ਹੈ। ਪਰ ਅਗਿਆਨ ਕਰਕੇ ਆਤਮਾ ਵਿਚ ਕਰਤਾ ਭੋਗਤਾ ਦੀ ਪ੍ਰਤੀਤੀ ਹੋਣੀ **ਵਾ:** ਪਰਮੇਸ਼ਰ 'ਤੇ ਦੋਸ਼ ਲਾਉਣਾ ਕਿ ਸਾਥੋਂ ਪਾਪ-ਪੁੰਨ ਉਸੇ ਨੇ ਹੀ ਕਰਵਾਏ ਹਨ, ਇਸ ਨੂੰ ਕਰਤੱਤ ਭਰਮ ਕਹਿੰਦੇ ਹਨ।

੩. **ਸੰਗ ਭਰਮ :** ਆਤਮਾ, ਜੋ ਕਿ ਤਿੰਨਾਂ ਦੇਹਾਂ ਤੇ ਪੰਜੇ ਕੋਸ਼ਾਂ ਤੋਂ ਸਦਾ ਹੀ ਅਸੰਗ ਹੈ, ਇਸ ਵਿਚ ਦੇਹ ਆਦਿਕ ਦੇ ਸੰਗ ਦੀ ਪ੍ਰਤੀਤੀ ਹੋਣੀ ਦੇਹ ਦੇ ਧਰਮਾਂ ਨੂੰ ਆਪਣੇ ਆਤਮਾ ਦੇ ਧਰਮ ਮੰਨ ਲੈਣਾ ਜੈਸਾ ਕਿ ਮੈਂ ਬ੍ਰਾਹਮਣ ਹਾਂ, ਖੱਤਰੀ ਹਾਂ, ਕਾਲਾ ਚਿੱਟਾ ਹਾਂ, ਸੰਨਿਆਸੀ ਹਾਂ, ਗ੍ਰਿਹਸਤੀ ਹਾਂ। ਮੈਂ ਜੰਮਦਾ-ਮਰਦਾ ਹਾਂ, ਇਹ ਸੰਗ ਭਰਮ ਹੈ।

੪. **ਵਿਕਾਰ ਭਰਮ :** ਜੀਵ, ਜੋ ਬ੍ਰਹਮ ਦੀ ਸ਼ੁੱਧ ਅੰਸ਼ ਹੈ, ਉਸ ਵਿਚ ਅਗਿਆਨ ਕਰਕੇ ਵਿਕਾਰ ਭਾਵ ਬਦਲਣਾ

ਹੋਰ ਦੀ ਹੋਰ ਸ਼ਕਲ ਹੋ ਜਾਣਾ ਇਹ ਦੇਹ ਆਦਿਕ ਦਾ ਧਰਮ ਹੈ। ਅਗਿਆਨ ਕਰਕੇ ਆਤਮਾ ਨੂੰ ਵਿਕਾਰੀ ਭਾਵ ਬਦਲਣ ਵਾਲਾ ਮੰਨ ਲੈਣਾ **ਅਥਵਾ** ਜਗਤ ਬ੍ਰਹਮ ਦਾ ਵਿਕਾਰ ਹੈ, ਇਸ ਨੂੰ ਵਿਕਾਰ ਭਰਮ ਕਹਿੰਦੇ ਹਨ।

੫. **ਬ੍ਰਹਮ ਇਤਰ ਜਗ ਸਤ ਹੈ :** ਅਗਿਆਨ ਕਰਕੇ ਜੀਵ ਦੀ ਜਗਤ ਵਿਚ ਬ੍ਰਹਮ ਤੋਂ ਇਤਰ = ਭਿੰਨ ਮੰਨ ਕੇ ਜੋ ਸਤਿਆਬੁੱਧੀ ਹੋ ਰਹੀ ਹੈ, ਭਾਵ ਸੰਸਾਰ ਸੱਚਾ ਪ੍ਰਤੀਤ ਹੋ ਰਿਹਾ ਹੈ, ਇਹ ਪੰਜਵਾਂ ਭਰਮ ਹੈ।

## ਨਵਿਰਤੀ

ਇਹਨਾਂ ਪੰਜ ਪ੍ਰਕਾਰ ਦੇ ਭਰਮਾਂ ਦੀ ਨਵਿਰਤੀ ਵਾਸਤੇ ਧਰਮ ਸ਼ਾਸਤਰਾਂ ਨੇ ਐਸੀਆਂ ਜੁਗਤੀਆਂ ਦੱਸੀਆਂ ਹਨ :

**ਬਿੰਬ ਪ੍ਰਤਿਬਿੰਬ ਲੋਹਤ ਸਫਟਕ ਘਟਾਕਾਸ਼ ਗੁਣ ਮਾਰ।**
**ਕਨਕ ਕੁੰਡਲ ਦ੍ਰਿਸ਼ਟਾਂਤ ਦੇ, ਪਾਂਚੋ ਭਰਮ ਨਿਵਾਰ।**

## ਭੇਦ ਭਰਮ ਦੀ ਨਵਿਰਤੀ

੧. **ਬਿੰਬ ਪ੍ਰਤਿਬਿੰਬ :** ਜਿਵੇਂ ਇਕ ਬਿੰਬ ਰੂਪੀ ਸੂਰਜ ਦਾ ਹਜ਼ਾਰਾਂ ਪਾਣੀ ਦੇ ਭਰੇ ਘੜਿਆਂ ਵਿਚ ਪ੍ਰਤਿਬਿੰਬ ਵੱਖਰਾ-ਵੱਖਰਾ ਭਾਸਦਾ ਹੈ, ਪਰੰਤੂ ਸੂਰਜ ਅਸੰਗ ਹੈ, ਪ੍ਰਤਿਬਿੰਬ ਘੜੇ ਅਤੇ ਪਾਣੀ ਦੀ ਉਪਾਧੀ ਕਰਕੇ ਭਿੰਨ ਪ੍ਰਤੀਤ ਹੁੰਦਾ ਹੈ। ਜੇ ਘੜੇ ਨੂੰ ਡੰਡਾ ਮਾਰ ਕੇ ਭੰਨ ਦੇਈਏ ਤਾਂ ਪ੍ਰਤਿਬਿੰਬ, ਬਿੰਬ ਰੂਪ ਸੂਰਜ ਵਿਚ ਹੀ ਅਭੇਦ ਰੂਪ ਹੈ। ਇਸੇ ਪ੍ਰਕਾਰ ਮਾਇਆ ਉਪਾਧੀ ਕਰਕੇ ਬ੍ਰਹਮ ਬਿੰਬ ਦਾ ਮਾਇਆ ਦੀ ਸਤੋਮਈ ਅੰਸ਼ ਵਿਚ ਈਸ਼ਵਰ ਰੂਪ ਪ੍ਰਤਿਬਿੰਬ ਦਿਸਦਾ ਹੈ ਅਤੇ ਮਲਨ ਸਤੋਮਈ ਅੰਸ਼ ਵਿਚ ਪ੍ਰਤਿਬਿੰਬ ਜੀਵ ਰੂਪ ਕਰਕੇ ਭਾਸ ਰਿਹਾ ਹੈ। ਸ਼ੁੱਧ ਅਤੇ ਮਲਨ ਮਾਇਆ ਦੀ ਅੰਸ਼ **ਵਾ:** ਅੰਤਹਕਰਣ ਰੂਪੀ ਘੜਿਆਂ ਨੂੰ ਗਿਆਨ ਰੂਪ ਡੰਡੇ ਨਾਲ ਭੰਨ ਦੇਈਏ ਤਾਂ ਬ੍ਰਹਮ ਰੂਪੀ ਬਿੰਬ ਦਾ ਜੀਵ ਰੂਪੀ ਪ੍ਰਤਿਬਿੰਬ ਬ੍ਰਹਮ ਰੂਪ ਸੂਰਜ ਵਿਚ ਮਿਲ ਜਾਂਦਾ ਹੈ। ਜੈਸਾ ਕਿ :

**ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥**
**ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥** *(ਅੰਗ ੪੭੫)*

ਅਸਲ ਵਿਚ :

**ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ ॥** *(ਅੰਗ ੧੧੫੩)*

ਇਤਿਆਦਿਕ ਗੁਰਬਾਣੀ ਦੇ ਗਿਆਨ ਰੂਪ ਬਚਨਾਂ ਅਨੁਸਾਰ ਜੀਵ ਅਤੇ ਬ੍ਰਹਮ ਦੇ ਭੇਦ ਨੂੰ ਮਿਥਿਆ ਜਾਣ ਕੇ ਅਭੇਦ ਨਿਸਚੇ ਕਰੇ। ਇਸ ਤਰੀਕੇ ਨਾਲ ਸਾਰੇ ਭੇਦਾਂ ਨੂੰ ਨਾਸ ਕਰੇ।

**ਦੂਸਰਾ ਦ੍ਰਿਸ਼ਟਾਂਤ :** ਜਿਵੇਂ ਸ਼ੀਸ਼ੇ ਦੀ ਉਪਾਧੀ ਕਰਕੇ ਬਿੰਬ ਰੂਪ ਚਿਹਰੇ ਦਾ ਪ੍ਰਤਿਬਿੰਬ ਸ਼ੀਸ਼ੇ ਦੇ ਵਿਚ ਦਿਖਾਈ ਦੇ ਰਿਹਾ ਹੈ। ਉਹ ਪ੍ਰਤਿਬਿੰਬ ਆਪਣੇ ਚਿਹਰੇ ਨਾਲੋਂ ਵੱਖਰਾ ਨਹੀਂ, ਕਿਉਂਕਿ ਸ਼ੀਸ਼ੇ ਦੇ ਪਾਸੇ ਕਰਨ ਨਾਲ ਉਹ ਪਰਛਾਵਾਂ (ਪ੍ਰਤਿਬਿੰਬ) ਦਿਸਦਾ ਨਹੀਂ। ਇਸੇ ਵਾਸਤੇ ਉਸ ਦਾ ਅਲੱਗ ਦਿਸਣਾ ਸ਼ੀਸ਼ੇ ਕਰਕੇ ਹੈ, ਜੋ ਕਿ ਭਰਮ ਰੂਪ ਸੀ, ਉਸ ਪ੍ਰਤਿਬਿੰਬ ਦਾ ਵੱਖਰਾ ਪ੍ਰਤੀਤ ਹੋਣਾ ਮਿਥਿਆ ਰੂਪ ਸੀ। ਉਸ ਮਿਥਿਆ ਰੂਪ ਦਾ ਨਾਸ ਕਰਕੇ ਬਿੰਬ ਪ੍ਰਤਿਬਿੰਬ ਦਾ ਨਿਸਚੇ ਹੋ ਜਾਂਦਾ ਹੈ।

ਇਸੇ ਢੰਗ ਨਾਲ ਅਗਿਆਨ ਸਹਿਤ ਅੰਤਸ਼ਕਰਣ ਰੂਪ ਸ਼ੀਸ਼ੇ ਕਰਕੇ ਬਿੰਬ ਰੂਪ ਬ੍ਰਹਮ ਦਾ ਪ੍ਰਤਿਬਿੰਬ ਰੂਪ ਜੀਵ ਪ੍ਰਤੀਤ ਹੋ ਰਿਹਾ ਹੈ। ਇਸੇ ਕਰਕੇ ਪ੍ਰਤਿਬਿੰਬ ਰੂਪ ਜੀਵ ਬਿੰਬ ਰੂਪ ਬ੍ਰਹਮ ਨਾਲੋਂ ਅਲੱਗ ਨਹੀਂ, ਉਸ ਦਾ ਵੱਖਰਾਪਣ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਜੈਸਾ ਕਿ :

**ਐਸੋ ਰਾਮ ਰਾਇ ਅੰਤਰਜਾਮੀ॥ ਜੈਸੇ ਦਰਪਨ ਮਾਹਿ ਬਦਨ ਪਰਵਾਨੀ॥** *(ਅੰਗ ੧੩੧੮)*

**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥** *(ਅੰਗ ੬੮੪)*

## ਦੂਸਰੇ ਕਰਤੱਤ ਭਰਮ ਦੀ ਨਵਿਰਤੀ

੨. **ਲੋਹਤ ਸਫਟਕ** : ਲੋਹਤ = ਲਾਲ ਰੰਗ ਦਾ ਫੁੱਲ, ਸਫਟਕ = ਬਿਲੌਰ **ਵਾ:** ਚਿੱਟੇ ਰੰਗ ਦੀ ਮਣੀ, ਜਿਸ ਪ੍ਰਕਾਰ ਚਿੱਟੇ ਰੰਗ ਦੀ ਮਣੀ (ਬਿਲੌਰ) ਕੋਲ ਲਾਲ ਰੰਗ ਦਾ ਫੁੱਲ ਰੱਖ ਦੇਈਏ, ਉਸ ਦਾ ਰੰਗ ਮਣੀ ਵਿਚ ਪ੍ਰਤੀਤ ਹੁੰਦਾ ਹੈ।

ਲਾਲ ਰੰਗ ਦਾ ਫੁੱਲ ਪਰ੍ਹੇ ਕਰਨ ਨਾਲ ਮਣੀ ਦੇ ਵਿਚ ਲਾਲ ਰੰਗ ਨਹੀਂ ਭਾਸਦਾ। ਇਸੇ ਕਰਕੇ ਲਾਲ ਰੰਗ ਮਣੀ ਦਾ ਧਰਮ ਨਹੀਂ, ਭਰਮ ਕਰਕੇ ਮਣੀ ਵਿਚ ਪ੍ਰਤੀਤ ਹੁੰਦਾ ਹੈ। ਇਸੇ ਪ੍ਰਕਾਰ ਅੰਤਸ਼ਕਰਣ ਦਾ ਧਰਮ ਜੋ ਕਰਤਾ ਭੋਗਤਾਪੁਣਾ ਹੈ, ਸੋ ਸ਼ੁੱਧ ਆਤਮਾ ਵਿਖੇ ਕਲਪਤਦਾਤਮ ਸੰਬੰਧ ਕਰਕੇ ਦਿਸ ਰਿਹਾ ਹੈ, ਭਾਵ ਪ੍ਰਤੀਤੀ ਮਾਤਰ ਹੈ। ਪਰ ਉਹ ਅੰਤਸ਼ਕਰਣ ਦਾ ਧਰਮ ਹੈ, ਜਿਵੇਂ ਕਿ ਸੁਖੋਪਤੀ ਅਵਸਥਾ ਵਿਚ ਅੰਤਸ਼ਕਰਣ ਅਤੇ ਆਤਮਾ ਦਾ ਵਿਯੋਗ ਹੋਣੇ ਕਰਕੇ ਆਤਮਾ ਵਿਚ ਭਾਸਦਾ ਨਹੀਂ। ਇਸ ਕਰਕੇ ਆਤਮਾ ਦਾ ਧਰਮ ਨਹੀਂ ਹੈ। ਪਰੰਤੂ ਆਤਮਾ ਵਿਖੇ ਕਰਤਾ ਭੋਗਤਾਪੁਣਾ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਇਸ ਰੀਤ ਨਾਲ ਸਫਟਕ ਮਣੀ ਵਿਚ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਦੁਆਰਾ ਕਰਤਾ ਭੋਗਤਾਪੁਣੇ ਦੀ ਨਵਿਰਤੀ ਹੁੰਦੀ ਹੈ।

## ਤੀਸਰੇ ਸੰਗ ਭਰਮ ਦੀ ਨਵਿਰਤੀ

੩. **ਘਟਾਕਾਸ਼** : ਇਸ ਦ੍ਰਿਸ਼ਟਾਂਤ ਦੇ ਨਾਲ ਤੀਸਰਾ ਜਿਸ ਦਾ ਨਾਮ ਸੰਗ ਭਰਮ ਹੈ, ਉਸ ਦੀ ਨਵਿਰਤੀ ਕਰੀ ਹੈ। ਜਿਵੇਂ ਘੁਮਿਆਰ ਅਨੇਕਾਂ ਭਾਂਡੇ ਬਣਾਉਂਦਾ ਹੈ। ਘੁਮਿਆਰ ਦੇ ਘੜਾ ਬਣਾਉਣ ਸਮੇਂ ਜੋ ਆਕਾਸ਼ ਹੈ, ਘੜੇ ਨਾਲ ਨਹੀਂ ਬਣਦਾ। ਜੇਕਰ ਘੜਾ ਭੰਨ ਦੇਈਏ ਤਾਂ ਆਕਾਸ਼ ਟੁੱਟਦਾ ਨਹੀਂ, ਪਰੰਤੂ ਘੜਾ ਬਣਨ ਦੇ ਨਾਲ ਘੜੇ ਵਿਚ ਪੈਣ ਵਾਲੇ ਆਕਾਸ਼ ਨੂੰ ਘਟਾਕਾਸ਼ ਕਿਹਾ ਜਾਂਦਾ ਹੈ। ਆਕਾਸ਼ ਤਾਂ ਪਹਿਲਾਂ ਹੀ ਹੈ। ਬਣਿਆ ਤਾਂ ਘੜਾ ਹੈ। ਜਦੋਂ ਘੜਾ ਭੰਨ ਦੇਣਾ ਕਰੀਏ ਤਾਂ ਆਕਾਸ਼ ਦਾ ਕੁਝ ਨਹੀਂ ਵਿਗੜਦਾ, ਉਹ ਆਕਾਸ਼ ਹੀ ਰਹਿੰਦਾ ਹੈ। ਇਸੇ ਤਰ੍ਹਾਂ ਆਤਮਾ ਹੈ ਤਾਂ ਬ੍ਰਹਮ ਦਾ ਹੀ ਇਕ ਹਿੱਸਾ ਜਿਵੇਂ ਘੜੇ ਵਾਲਾ ਆਕਾਸ਼ ਮਹਾਂ ਆਕਾਸ਼ ਦਾ ਰੂਪ ਹੈ, ਇਸੇ ਪ੍ਰਕਾਰ ਬ੍ਰਹਮ ਦਾ ਸਰੂਪ ਜੀਵ ਦੇ ਵਿਚ ਆਤਮਾ ਰੂਪ ਹੋ ਕਰਕੇ ਹੈ। ਜੀਵ-ਆਤਮਾ ਬਣ ਕੇ ਵੀ ਆਤਮਾ ਬ੍ਰਹਮ ਦਾ ਸਰੂਪ ਹੈ। ਜੋ ਗੁਣ ਬ੍ਰਹਮ ਵਿਚ ਸਤਿ, ਚੇਤਨ, ਅਨੰਦ ਵਾਲੇ ਹਨ, ਉਹ ਗੁਣ ਹੀ ਆਤਮਾ ਵਿਚ ਹਨ। ਸਮਝਣ ਲਈ ਹੋਰ ਵੀਚਾਰ : ਪਾਣੀ, ਮਿੱਟੀ ਅਤੇ ਆਕਾਸ਼ ਤਿੰਨਾਂ ਦੁਆਰਾ ਘੁਮਿਆਰ ਘੜੇ ਦੀ ਬਣਤਰ ਬਣਾਉਂਦਾ ਹੈ। ਜਿਤਨਾ ਆਕਾਰ ਘੜੇ ਦਾ ਹੈ ਉਹ ਆਕਾਰ ਆਕਾਸ਼ ਦਾ ਪ੍ਰਤੀਤ ਹੁੰਦਾ ਹੈ। ਚੇਤਨ ਆਕਾਸ਼ ਦੀ ਨਿਆਈਂ ਹੈ ਅਤੇ ਮਿੱਟੀ ਦੀ ਨਿਆਈਂ ਪੰਜ ਤੱਤ ਹਨ ਅਤੇ ਪਾਣੀ ਦੀ ਨਿਆਈਂ ਅਗਿਆਨ ਹੈ ਤੇ ਘੁਮਿਆਰ ਦੀ ਨਿਆਈਂ ਈਸ਼ਵਰ ਹੈ ਜੋ ਸਰੀਰਾਂ ਰੂਪ ਘੜਿਆਂ ਦੀ ਘਾੜਤ ਘੜਦਾ ਹੈ; ਜੈਸਾ ਕਿ :

**ਘਾੜਤ ਤਿਸ ਕੀ ਅਪਰ ਅਪਾਰ॥** *(ਮ: ੧, ਅੰਗ ੯੫੬)*

**ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ॥੩॥** *(ਭੈਰਉ ਮ: ੩, ਅੰਗ ੧੧੨੮)*

ਸਥੂਲ, ਸੂਖਮ ਅਤੇ ਕਾਰਨ ਦੇਹਾਂ ਨੂੰ ਈਸ਼ਵਰ ਘੜਦਾ ਹੈ ਪਰੰਤੂ ਇਨ੍ਹਾਂ ਦੇਹਾਂ ਵਿਚ ਆਕਾਸ਼ ਦੀ ਨਿਆਈਂ ਚੇਤਨ ਨਿਰਲੇਪ ਰਹਿੰਦਾ ਹੈ। ਇਸੇ ਕਰਕੇ ਜੀਵਾਂ ਦੇ ਸੰਗ ਰਹਿੰਦਾ ਹੋਇਆ ਵੀ ਅਸੰਗ

ਹੈ। ਉਸ ਨੂੰ ਸੰਗ ਦੋਸ਼ ਨਹੀਂ ਹੈ। ਘਟਾਕਾਸ਼ ਦੇ ਦ੍ਰਿਸ਼ਟਾਂਤ ਨਾਲ ਸੰਗ ਦੋਸ਼ ਦੀ ਨਵਿਰਤੀ ਹੈ ਜੋ ਸਾਰਿਆਂ ਅਗਿਆਨੀਆਂ ਨੂੰ ਪਰਮਾਤਮਾ ਦਾ ਸੰਗ ਭਰਮ ਹੋ ਰਿਹਾ ਹੈ। ਉਸ ਦੀ ਨਵਿਰਤੀ ਵਿਚ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਵੀ ਐਸਾ ਫ਼ੁਰਮਾਨ ਕੀਤਾ ਹੈ।

**ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥** *(ਸੂਹੀ ਮ: ੫, ਅੰਗ ੭੩੬)*

ਹਜ਼ਾਰਾਂ ਘੜਿਆਂ ਵਿਚ ਇੱਕੋ ਹੀ ਆਕਾਸ਼ ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਘੜਾ ਚੁੱਕੀ ਜਾਵੇ ਤਾਂ ਆਕਾਸ਼ ਵੀ ਨਾਲ ਤੁਰਦਾ ਪ੍ਰਤੀਤ ਹੁੰਦਾ ਹੈ। ਵਾਸਤਵ ਵਿਚ ਆਕਾਸ਼ ਅਚੱਲ ਹੈ ਪਰੰਤੂ ਘੜੇ ਕਰਕੇ ਚਲਾਏਮਾਨ ਦਿਸਦਾ ਹੈ। ਇਸ ਤਰ੍ਹਾਂ ਸਰੀਰ ਦੇ ਤੁਰਨ ਫਿਰਨ ਨਾਲ, ਸਰੀਰ ਦੇ ਜੰਮਣ ਮਰਣ ਨਾਲ ਨਾ ਬ੍ਰਹਮ ਤੁਰਦਾ ਫਿਰਦਾ ਹੈ ਅਤੇ ਨਾ ਜੰਮਦਾ ਮਰਦਾ ਹੈ। ਇਸ ਨੂੰ ਸੱਤਾ ਦੇਣ ਵਾਸਤੇ ਰਹਿੰਦਾ ਨਾਲ ਹੀ ਹੈ। ਪਰੰਤੂ ਸੰਗ ਭਰਮ ਤੋਂ ਦੂਰ ਹੈ। ਇਸ ਪ੍ਰਕਾਰ ਸੰਗ ਭਰਮ ਦੀ ਨਵਿਰਤੀ ਕਹੀ ਹੈ।

## ਚੌਥੇ ਵਿਕਾਰ ਭਰਮ ਦੀ ਨਵਿਰਤੀ

੪. **ਗੁਣਮਾਰ** : ਗੁਣ = ਰੱਸੀ, ਮਾਰ = ਸੱਪ। ਰੱਸੀ ਅਤੇ ਸੱਪ ਦਾ ਦ੍ਰਿਸ਼ਟਾਂਤ ਦੇ ਕੇ ਵਿਕਾਰ ਭਰਮ ਦੀ ਨਵਿਰਤੀ ਕੀਤੀ ਹੈ। ਬਦਲੇ ਹੋਏ ਰੂਪ ਨੂੰ ਵਿਕਾਰ ਕਹਿੰਦੇ ਹਨ। ਜਿਵੇਂ ਬਾਲਕ ਦੀ ਦੇਹ ਬਦਲ ਕੇ ਜਵਾਨ ਹੋ ਜਾਂਦੀ ਹੈ। ਜਵਾਨੀ ਬਦਲ ਕੇ ਬੁਢਾਪਾ ਆ ਜਾਂਦਾ ਹੈ। ਪਰਮਾਤਮਾ ਵਿਚ ਐਸਾ ਨਹੀਂ ਹੈ, ਉਸ ਦੇ ਵਿਚ ਖਟ ਵਿਕਾਰਾਂ ਵਿੱਚੋਂ ਕੋਈ ਵੀ ਵਿਕਾਰ ਨਹੀਂ ਹੈ। ਇਹ ਵਿਕਾਰ ਤਾਂ ਦੇਹ ਨੂੰ ਵਿਆਪਦੇ ਹਨ। ਬਾਲਕ ਅਵਸਥਾ, ਕਿਸ਼ੋਰ ਅਵਸਥਾ, ਜਵਾਨ ਅਵਸਥਾ, ਢਲਦੀ ਜਵਾਨੀ, ਬੁਢਾਪਾ ਅਤੇ ਕਾਲ ਇਹ ਦੇਹ ਦੇ ਵਿਕਾਰ ਜੋ ਆਤਮਾ ਵਿਚ ਪ੍ਰਤੀਤ ਹੋ ਰਹੇ ਹਨ। ਇਹ ਵਿਕਾਰ ਭਰਮ ਹੈ; ਜੈਸਾ ਕਿ :

**ਨਾ ਇਹੁ ਬੂਢਾ ਨਾ ਇਹੁ ਬਾਲਾ ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥** *(ਗੋਂਡ ਮ: ੫, ਅੰਗ ੮੬੮)*

ਕਾਮ, ਕ੍ਰੋਧ ਆਦਿ ਵਿਕਾਰ ਵੀ ਅੰਤਸ਼ਕਰਣ ਵਿਚ ਹਨ, ਬ੍ਰਹਮ ਵਿਚ ਨਹੀਂ। ਉਸ ਦਾ ਸਰੂਪ ਸ਼ੁੱਧ ਹੈ। ਵਿਕਾਰ ਭਰਮ ਜੋ ਬ੍ਰਹਮ ਨੂੰ ਵਿਕਾਰੀ ਮੰਨਣਾ ਇਸ ਦੀ ਨਵਿਰਤੀ ਗੁਣਮਾਰ (ਸੱਪ, ਰੱਸੀ) ਦੇ ਦ੍ਰਿਸ਼ਟਾਂਤ ਨਾਲ ਕੀਤੀ ਹੈ ਕਿ ਜਿਵੇਂ ਸਮਾਨ ਅੰਧਕਾਰ ਵਿਚ ਪਈ ਹੋਈ ਰੱਸੀ ਸੱਪ ਪ੍ਰਤੀਤ ਹੁੰਦਾ ਹੈ ਪਰੰਤੂ ਉਹ ਸੱਪ ਨਹੀਂ ਹੁੰਦਾ, ਉਸ ਦਾ ਵਾਸਤਵ ਰੂਪ ਰੱਸੀ ਹੈ, ਇਸੇ ਪ੍ਰਕਾਰ ਅਸਤੀ, ਭਾਂਤੀ, ਪ੍ਰੇਯ ਰੂਪ ਚੇਤਨ ਬ੍ਰਹਮ ਨੂੰ ਜੀਵ ਅਗਿਆਨ ਕਰਕੇ ਜੰਮਣ ਮਰਨ ਵਾਲਾ ਸੰਸਾਰ ਰੂਪ ਸੱਪ ਮੰਨੀ ਬੈਠਾ ਹੈ ਅਤੇ ਦੁਖੀ ਹੁੰਦਾ ਹੈ। ਜਦੋਂ ਦੀਵਾ ਲਿਆ ਕੇ ਵੇਖਿਆ ਗਿਆ ਤਾਂ ਰੱਸੀ ਦਾ ਵਾਸਤਵਿਕ ਰੂਪ ਦਿਖਾ ਦਿੱਤਾ। ਚਾਨਣੇ ਨੇ ਸੱਪ ਅਤੇ ਸੱਪ ਦੇ ਭੈ ਦੀ ਨਵਿਰਤੀ ਕਰ ਦਿੱਤੀ। ਇਸੇ ਪ੍ਰਕਾਰ ਜੰਮਣ ਮਰਨ ਦਾ ਭੈ ਆਤਮਾ ਵਿਚ ਭਰਮ ਕਰਕੇ ਪ੍ਰਤੀਤ ਹੁੰਦਾ ਹੈ। ਜਦੋਂ ਗਿਆਨ ਦਾ ਦੀਵਾ ਅੰਤਸ਼ਕਰਣ ਵਿਚ ਪ੍ਰਕਾਸ਼ ਹੋ ਜਾਵੇ ਤਾਂ ਅਗਿਆਨ ਦੇ ਅੰਧਕਾਰ ਵਿਚ ਜੋ ਸੱਪ ਦੀ ਨਿਆਈਂ ਸੰਸਾਰ ਪ੍ਰਤੀਤ ਹੁੰਦਾ ਸੀ, ਉਸ ਦੀ ਨਵਿਰਤੀ ਹੋ ਕੇ ਬ੍ਰਹਮ ਦਿਸਣ ਲੱਗ ਪੈਂਦਾ ਹੈ। ਜਿਵੇਂ ਰੱਸੀ ਦੇ ਅਗਿਆਨ ਕਰਕੇ ਸੱਪ ਪ੍ਰਤੀਤ ਹੋਣ ਲੱਗ ਪੈਂਦਾ ਹੈ, ਉਸ ਸੱਪ ਨੂੰ ਡੰਡੇ ਸੋਟੇ ਨਾਲ ਨਹੀਂ ਮਾਰਿਆ ਜਾ ਸਕਦਾ, ਉਸ ਦੀ ਨਵਿਰਤੀ ਰੱਸੀ ਦੇ ਵਾਸਤਵ ਰੂਪ ਦਾ ਗਿਆਨ ਹੈ। ਇਸ ਤਰ੍ਹਾਂ ਉਸ ਬ੍ਰਹਮ ਦਾ ਵਾਸਤਵ ਰੂਪ ਸਤਿ, ਚੇਤਨ, ਅਨੰਦ ਹੈ ਜੋ ਬ੍ਰਹਮ ਦੇ ਅਗਿਆਨ ਦੁਆਰਾ ਜੰਮਣ, ਮਰਨ, ਦੁੱਖ, ਸੁੱਖ ਵਾਲਾ ਸੰਸਾਰ ਪ੍ਰਤੀਤ ਹੁੰਦਾ ਹੈ। ਜਦੋਂ ਗਿਆਨ ਦੁਆਰਾ ਸਤ, ਚੇਤਨ, ਅਨੰਦ ਦਿਸ ਜਾਵੇ ਤਾਂ ਸੰਸਾਰ ਦੀ ਨਵਿਰਤੀ ਹੋ ਜਾਂਦੀ ਹੈ। ਰੱਸੀ ਸੱਪ ਦੇ ਦ੍ਰਿਸ਼ਟਾਂਤ ਦੁਆਰਾ ਵਿਕਾਰ ਭਰਮ ਦੀ ਨਵਿਰਤੀ ਕਹੀ ਹੈ।

## ਬ੍ਰਹਮ ਇਤਰ ਜਗ ਸਤ ਹੈ ਭਰਮ ਦੀ ਨਵਿਰਤੀ

੫. **ਕਨਕ ਕੁੰਡਲ** : ਕਨਕ = ਸੋਨਾ, ਕੁੰਡਲ = ਗੋਲਾਕਾਰ ਗਹਿਣਾ। ਜਿਵੇਂ ਸੋਨੇ ਦੇ ਕੜੇ, ਨੱਥ, ਮੁੰਦਰੀ ਆਦਿ ਬਣੇ ਹੁੰਦੇ ਹਨ। ਇੱਕੋ ਸੋਨੇ ਦੇ ਅਨੇਕਾਂ ਗਹਿਣੇ ਬਣ ਕੇ ਵੱਖਰੇ ਵੱਖਰੇ ਨਾਮ ਪੈ ਜਾਂਦੇ ਹਨ। ਗਹਿਣੇ ਬਣ ਕੇ ਵੀ ਸੋਨਾ ਕੋਈ ਪਿੱਤਲ ਤਾਂਬਾ ਨਹੀਂ ਬਣ ਜਾਂਦਾ। ਪਰੰਤੂ ਲੋਕ ਉਸ ਨੂੰ ਸੋਨਾ ਕਹਿਣ ਦੀ ਬਜਾਏ ਗਹਿਣੇ ਕਹਿ ਦਿੰਦੇ ਹਨ। ਸੋਨੇ ਦੇ ਅਨੇਕਾਂ ਨਾਮ ਕਲਪੇ ਹੋਏ ਜੋ ਵੱਖਰੇ ਵੱਖਰੇ ਪ੍ਰਤੀਤ ਹੁੰਦੇ ਹਨ। ਜਦੋਂ ਕੁਠਾਲੀ ਵਿਚ ਸਾਰੇ ਗਹਿਣੇ ਪਾ ਕੇ ਸੁਨਿਆਰਾ ਉਨ੍ਹਾਂ ਨੂੰ ਢਾਲ ਦਿੰਦਾ ਹੈ ਤਾਂ ਕੜਾ, ਮੁੰਦਰੀ, ਨੱਥ ਆਦਿ ਦਾ ਨਾਮ ਵੀ ਮਿਟ ਜਾਂਦਾ ਹੈ ਤੇ ਉਸ ਦਾ ਰੂਪ ਵੀ ਮਿਟ ਜਾਂਦਾ ਹੈ, ਕੇਵਲ ਸੋਨਾ ਰਹਿ ਜਾਂਦਾ ਹੈ। ਇਸ ਦਾ ਰੂਪ ਗੁਰਬਾਣੀ ਵਿਚ ਸਤਿਗੁਰੂ ਸਾਹਿਬ ਜੀ ਨੇ ਐਸਾ ਕਥਨ ਕੀਤਾ ਹੈ :

**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥** *(ਧਨਾਸਰੀ ਮ: ੫, ਅੰਗ ੬੭੨)*

ਜਿਵੇਂ ਸਾਰਿਆਂ ਗਹਿਣਿਆਂ ਨੂੰ ਢਾਲ ਕੇ ਇਕ ਡਲੀ ਬਣਾ ਲਈਦੀ ਹੈ, ਫਿਰ ਗਹਿਣੇ ਦਾ ਨਾਮ ਅਤੇ ਸ਼ਕਲ ਨਹੀਂ ਰਹਿੰਦੀ, ਕੇਵਲ ਸੋਨਾ ਹੀ ਰਹਿ ਜਾਂਦਾ ਹੈ, ਇਸੇ ਪ੍ਰਕਾਰ ਪ੍ਰੇਮ ਦੀ ਕੁਠਾਲੀ ਤਪ ਕਰਨ ਰੂਪ ਅੱਗ ਦੇ ਕਰਕੇ ਨਾਮ ਦਾ ਸੁਹਾਗਾ, ਰਾਗ ਦਵੈਸ਼ ਦੀ ਮੈਲ ਕੱਟ ਕੇ ਮਨ ਨੂੰ ਸ਼ੁੱਧ ਬਣਾ ਲਈਦਾ ਹੈ। ਮਨ ਦੀ ਮੈਲ ਕਰਕੇ ਸੰਸਾਰ ਅਨੇਕਾਂ ਰੂਪਾਂ ਵਿਚ ਦਿਸਦਾ ਸੀ ਜਦੋਂ ਮਨ ਜੋਤ ਸਰੂਪ ਹੋ ਗਿਆ। ਆਪਣੇ ਮੂਲ ਦੀ ਪਹਿਚਾਣ ਹੋ ਗਈ ਕਿ ਮੈਂ ਤਾਂ ਬ੍ਰਹਮ ਹਾਂ ਇਉਂ ਇਹ ਭਰਮ ਨਵਿਰਤ ਹੋ ਜਾਵੇਗਾ। ਇਸ ਪ੍ਰਕਾਰ ਇੰਨ੍ਹਾਂ ਪੰਜ ਪ੍ਰਕਾਰ ਦੇ ਦ੍ਰਿਸ਼ਟਾਂਤਾਂ ਦੁਆਰਾ ਪੰਜ ਪ੍ਰਕਾਰ ਦੇ ਭਰਮ ਸਾਧ ਕਰਕੇ ਪੰਜ ਪ੍ਰਕਾਰ ਦੇ ਭਰਮ ਦੀ ਨਵਿਰਤੀ ਕਰ ਲਈਦੀ ਹੈ। ਭਰਮ ਦੀ ਨਵਿਰਤੀ ਸਾਧਸੰਗਤ ਦੁਆਰਾ ਹੀ ਹੋ ਸਕਦੀ ਹੈ। ਸੰਤਾਂ ਦੀ ਸੰਗਤ ਕਰਕੇ ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਵਸ ਜਾਂਦਾ ਹੈ, ਭਗਤੀ ਅਤੇ ਗਿਆਨ ਦੁਆਰਾ ਹੀ ਭਰਮ ਦੀ ਨਵਿਰਤੀ ਹੁੰਦੀ ਹੈ। ਬਾਕੀ ਭਰਮ ਦੇ ਦੋਹਰੇ ਕੰਠ ਕਰਨ ਨਾਲ, ਨਵਿਰਤੀ ਦੇ ਦ੍ਰਿਸ਼ਟਾਂਤ ਕੰਠ ਕਰਨ ਨਾਲ, ਭਰਮ ਦੀਆਂ ਗੱਲਾਂ ਕਰਨ ਨਾਲ ਦੂਰ ਨਹੀਂ ਹੁੰਦਾ। ਭਰਮ ਦੀ ਨਵਿਰਤੀ ਪਰਮੇਸ਼ਰ ਦੀ ਕਿਰਪਾ ਦੁਆਰਾ ਹੁੰਦੀ ਹੈ। ਇਸ ਪ੍ਰਕਾਰ ਸਾਧਸੰਗਤ ਕਰਨ ਕਰਕੇ ਇਹ ਗਿਆਨ ਅਗਨੀ ਦੁਆਰਾ ਭਰਮ ਦੇ ਤਾਈਂ ਸਾੜਨਾ ਕਰੇ।

## ਮਨ ਪਿਆਰਿਆ ਜੀ ਮਿਤ੍ਰਾ; ਹਰਿ ਬਿਨੁ ਝੂਠੁ ਪਸਾਰੇ ॥

ਹੇ ਮੇਰੇ ਪਿਆਰੇ ਮਿੱਤਰ ਮਨਾਂ ਭਾਵ ਜਗਿਆਸੂ ਉੱਤਮ ਅਧਿਕਾਰੀ ਜਨ ਜੀ ! ਹਰਿ = ਹਰੀ ਪਰਮਾਤਮਾ ਤੋਂ ਬਿਨੁ = ਬਗ਼ੈਰ ਸਾਰਾ ਝੂਠੁ = ਕੂੜ ਦਾ ਹੀ ਪਸਾਰੇ = ਫੈਲਾਅ ਹੈ, ਜਿਸ ਵਿਚ ਜੀਵ ਦਾ ਮਨ ਪਰਚਿਆ ਹੋਇਆ ਹੈ।

## ਮਨ ਪਿਆਰਿਆ ਜੀਉ ਮਿਤ੍ਰਾ; ਬਿਖੁ ਸਾਗਰੁ ਸੰਸਾਰੇ ॥

ਹੇ ਮੇਰੇ ਮਨ ਦੇ ਪਿਆਰੇ ਮਿੱਤਰ ਜੀ ! ਇਹ ਸਾਰਾ ਸੰਸਾਰ ਬਿਖੁ = ਜ਼ਹਿਰ ਦਾ ਸਾਗਰੁ = ਸਮੁੰਦਰ ਹੈ, ਇਸ ਵਿਚ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਮਾਇਆ ਦੀ ਇੱਛਾ ਇਹ ਜ਼ਹਿਰ ਹੈ।

## ਚਰਣ ਕਮਲ ਕਰਿ ਬੋਹਿਥੁ ਕਰਤੇ; ਸਹਸਾ ਦੂਖੁ ਨ ਬਿਆਪੈ ॥

ਹੇ ਮੇਰੇ ਮਨਾ ! ਕਰਤੇ = ਕਰਤਾ ਪੁਰਖ ਦੇ ਚਰਨਾਂ ਕਮਲਾਂ ਦਾ ਧਿਆਨ ਕਰਨ ਰੂਪੀ ਬੋਹਿਥ = ਜਹਾਜ਼ ਬਣਾ ਲੈਣਾ ਕਰ। ਤਾਂ ਪ੍ਰਮਾਣਗਤ, ਪ੍ਰਮੇਯਗਤ, ਵਿਪਰਜੇ ਆਦਿਕ ਸਹਸਾ = ਸੰਸੇ ਅਤੇ ਜੰਮਣ ਮਰਣ ਦਾ ਦੂਖ = ਕਲੇਸ਼ ਨ = ਨਹੀਂ ਬਿਆਪੈ = ਲੱਗੇਗਾ।

**ਤਿੰਨ ਪ੍ਰਕਾਰ ਦੇ ਸੰਸੇ** : (੧) ਪ੍ਰਮਾਣਗਤ ਸੰਸਾ, (੨) ਪ੍ਰਮੇਯਗਤ ਸੰਸਾ, (੩) ਵਿਪਰਜੇ ਸੰਸਾ।

੧. **ਪ੍ਰਮਾਣਗਤ ਸੰਸਾ** : ਪ੍ਰਮਾਣਗਤ ਸੰਸਾ ਉਸ ਨੂੰ ਕਹਿੰਦੇ ਹਨ, ਜਿਵੇਂ ਕਿ ਕਿਸੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਨਾ ਕਦੇ ਸੁਣਿਆ ਤੇ ਨਾ ਹੀ ਕਦੇ ਪੜ੍ਹਿਆ ਹੋਵੇ। ਉਸ ਨੂੰ ਇਹ ਸੰਸਾ ਹੈ ਕਿ ਗੁਰਬਾਣੀ ਵਿਚ ਅਦ੍ਵੈਤ ਜਾਂ ਦ੍ਵੈਤ ਦਾ ਕਥਨ ਹੈ ? ਇਹ ਪ੍ਰਮਾਣਗਤ ਸੰਸਾ ਹੈ। ਇਹ ਸ੍ਵਣ ਕਰਕੇ ਨਾਸ਼ ਹੋਵੇਗਾ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸ੍ਵਣ ਅਤੇ ਦਰਸ਼ਨ ਕੀਤੇ ਤਾਂ ਹੁਕਮ ਆਇਆ, ਜੈਸਾ ਕਿ :

**ਸਾਹਿਬੁ ਮੇਰਾ ਏਕੋ ਹੈ ॥ ਏਕੋ ਹੈ ਭਾਈ ਏਕੋ ਹੈ ॥੧॥** *(ਆਸਾ ਮ: ੧, ਅੰਗ ੩੫੦)*

ਤਥਾ : **ਏਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ ॥੭॥** *(ਆਸਾ ਮ: ੫, ਅੰਗ ੪੩੨)*

ਇਸ ਤਰ੍ਹਾਂ ਸ੍ਵਣ ਕਰਨ ਨਾਲ ਪ੍ਰਮਾਣਗਤ ਸੰਸਾ ਨਾਸ਼ ਹੋ ਗਿਆ ਕਿ ਗੁਰਬਾਣੀ ਵਿਚ ਅਦ੍ਵੈਤ ਦਾ ਕਥਨ ਹੈ।

੨. **ਪ੍ਰਮੇਯਗਤ ਸੰਸਾ** : ਪ੍ਰਮੇਯਗਤ ਸੰਸਾ ਉਸ ਨੂੰ ਕਹਿੰਦੇ ਹਨ ਕਿ ਜੀਵ ਈਸ਼ਵਰ ਦਾ ਭੇਦ ਗਿਆਨ ਸੱਤ ਹੈ ਜਾਂ ਅਭੇਦ ਗਿਆਨ ਸੱਤ ਹੈ ? ਮਨ ਵਿਚ ਵਿਚਾਰ ਆਉਣੀ ਕਿ ਉਹ ਸਰਬੱਗ ਹੈ। ਮੈਂ ਅਲਪੱਗ ਹਾਂ, ਏਕਤਾ ਕਿਸ ਪ੍ਰਕਾਰ ਹੋਵੇਗੀ, ਇਸ ਦੀ ਨਵਿਰਤੀ ਅਭੇਦ ਦੀਆਂ ਸਾਧਕ ਅਤੇ ਭੇਦ ਦੀਆਂ ਬਾਧਕ ਜੁਗਤੀਆਂ ਦੁਆਰਾ ਮੰਨਣ ਕਰਨ ਨਾਲ ਹੁੰਦੀ ਹੈ। ਸਾਧਕ ਜੁਗਤੀ ਉਸ ਨੂੰ ਕਹਿੰਦੇ ਹਨ, ਜਿਸ ਵਿਚ ਜੀਵ ਈਸ਼ ਦਾ ਅਭੇਦ ਗਿਆਨ ਨਿਸਚੇ ਕੀਤਾ ਹੋਵੇ। ਬਾਧਕ ਜੁਗਤੀ ਉਸ ਨੂੰ ਕਹਿੰਦੇ ਹਨ, ਜਿਸ ਦੁਆਰਾ ਜੀਵ ਤੇ ਈਸ਼ ਦਾ ਭੇਦ ਗਿਆਨ ਨਿਸਚੇ ਕੀਤਾ ਹੋਵੇ।

੩. **ਵਿਪਰਜੇ ਸੰਸਾ** : ਵਿਪਰਜੇ ਸੰਸਾ ਉਸ ਨੂੰ ਕਹਿੰਦੇ ਹਨ, ਧਰਮ ਸ਼ਾਸਤਰਾਂ ਗੁਰੂ ਦੇ ਉਪਦੇਸ਼ਾਂ ਤੋਂ ਉਲਟ ਸਮਝਣਾ ਜਾਂ ਕਹਿਣਾ। ਜੇ ਰੱਬ ਹੋਵੇ ਤਾਂ ਦਿਸਦਾ ਕਿਉਂ ਨਹੀਂ, ਇਸ ਕਰਕੇ ਰੱਬ ਹੈ ਨਹੀਂ। ਇਸ ਦੀ ਨਵਿਰਤੀ ਨਿਧਿਆਸਣ ਨਾਲ ਹੋਵੇਗੀ। ਨਿਧਿਆਸਣ ਉਸ ਨੂੰ ਕਹਿੰਦੇ ਹਨ, ਜਿਸ ਵਿਚ ਸਜਾਤੀ ਬਿਰਤੀ ਦਾ ਗ੍ਰਹਿਣ ਭਾਵ ਸਤ, ਸੰਤੋਖ, ਸ਼ੁਭ ਗੁਣ ਧਾਰਨ ਕਰਕੇ ਬ੍ਰਹਮ ਗਿਆਨ ਨੂੰ ਪੈਦਾ ਕਰਨ ਵਾਲੀ ਸਜਾਤੀ ਬਿਰਤੀ ਹੈ। ਪੰਜੇ ਕਾਮ, ਕ੍ਰੋਧ ਆਦਿਕ ਦਾ ਤਿਆਗ ਕਰਨਾ, ਜੋ ਅਗਿਆਨ ਨੂੰ ਪੈਦਾ ਕਰਨ ਵਾਲੀ ਬਿਰਤੀ ਹੈ, ਵਿਜਾਤੀ ਬਿਰਤੀ ਹੈ।

ਜਿਸ ਦੇ ਅੰਦਰ ਦਵੈਤ ਹੈ, ਉਹ ਜੀਵ ਪਸ਼ੂ ਦੇ ਸਮਾਨ ਹਨ। ਜਿਵੇਂ ਕਿ ਵੀਚਾਰ ਸਾਗਰ ਵਿਚ ਲਿਖਿਆ ਹੈ ਕਿ ਜਿਹੜਾ ਮਨ ਵਿਚ ਦਵੈਤ ਨੂੰ ਧਾਰਨ ਕਰਦਾ ਹੈ, ਉਸ ਦਾ ਜੰਮਣ ਮਰਨ ਦਾ ਭੈ ਵੇਦ ਨੇ ਉਚਾਰਨ ਕੀਤਾ ਹੈ। ਜੋ ਬ੍ਰਹਮ ਦੀ ਵੀਚਾਰ ਕਰਦੇ ਹਨ, ਉਨ੍ਹਾਂ ਦੀ ਦਵੈਤ ਮਿਟ ਕੇ ਇਹੋ ਜਿਹੀ ਅਵਸਥਾ ਬਣ ਜਾਂਦੀ ਹੈ ਕਿ ਉਹ ਸਾਰੀ ਥਾਂ 'ਤੇ ਉਸ ਪਰਮੇਸ਼ਰ ਦੀ ਜੋਤ ਨੂੰ ਹੀ ਦੇਖਦੇ ਹਨ। ਜੈਸਾ ਕਿ :

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥**
**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥** *(ਸੋਰਠਿ ਮ: ੫, ਅੰਗ ੬੧੭)*

ਜਿਵੇਂ ਦੁੱਧ ਦੇ ਅੰਦਰ ਘਿਉ ਮਿਲਿਆ ਹੁੰਦਾ ਹੈ ਅਤੇ ਸਾਰੀ ਬਨਸਪਤੀ ਦੇ ਅੰਦਰ ਅੱਗ ਮਿਲੀ ਹੁੰਦੀ ਹੈ, ਇਸੇ ਪ੍ਰਕਾਰ ਊਚ-ਨੀਚ, ਛੋਟੇ-ਵੱਡੇ ਜੀਵਾਂ ਵਿਚ ਪਰਮਾਤਮਾ ਦੀ ਜੋਤ ਸਮਾਈ ਹੋਈ ਹੈ। ਉਹ ਮਾਧਉ = ਮਾਇਆ ਦਾ ਪਤੀ ਪਰਮੇਸ਼ਰ ਸਾਰਿਆਂ ਵਿਚ ਸਮਾਇਆ ਹੋਇਆ ਹੈ। ਪਰਮੇਸ਼ਰ ਸਾਰੇ ਆਕਾਰ ਰੂਪ ਦੇਸ਼ਾਂ ਵਿਚ, ਜੀਵਾਂ ਵਿਚ, ਦੇਵਤਿਆਂ, ਮਨੁੱਖਾਂ, ਦੈਂਤਾਂ ਆਦਿ ਦੇ ਅੰਦਰ ਮਿਲਿਆ ਹੋਇਆ ਹੈ। ਜਿਵੇਂ ਸਾਰੀ ਬਨਸਪਤੀ ਵਿਚ ਅੱਗ ਹੁੰਦੀ ਹੈ, ਇਸੇ ਪ੍ਰਕਾਰ ਚੇਤਨ ਸਾਰਿਆਂ ਵਿਚ ਵਿਆਪਕ ਹੈ। ਉਸ ਦੀ ਸੱਤਾ ਕਰਕੇ ਹੀ ਸਾਰੇ ਪ੍ਰਫੁੱਲਤ ਹੋ ਰਹੇ ਹਨ। ਇਸ ਪ੍ਰਕਾਰ ਅਭੇਦ ਦੀਆਂ ਸਾਧਕ ਜੁਗਤੀਆਂ ਭੇਦ ਦੀਆਂ ਬਾਧਕ ਜੁਗਤੀਆਂ ਦੁਆਰਾ ਮੰਨਣ ਕਰੀਏ ਤਾਂ ਪ੍ਰਮੇਯਗਤ ਸੰਸਾ ਮਿਟ ਜਾਂਦਾ ਹੈ। ਫਿਰ ਕਮਾਈ ਕਰਕੇ ਵਿਪਰਜੇ ਸੰਸਾ ਮਿਟਦਾ ਹੈ। ਸੁਜਾਤੀ ਬਿਰਤੀ ਵਾਲਾ ਹੋ ਕੇ, ਵਿਜਾਤੀ ਬਿਰਤੀ ਦਾ ਤਿਆਗ ਕਰਕੇ ਕਾਮ, ਕ੍ਰੋਧ ਆਦਿ ਦੀ ਨਵਿਰਤੀ ਕਰਕੇ ਫਿਰ ਨਿਧਿਆਸਣ

ਕਰਕੇ ਤੱਤ, ਤ੍ਵੰ ਪਦ ਦਾ ਸੰਸ਼ੋਧਨ ਕਰੇ ਤਾਂ ਸਰੂਪ ਦੀ ਸਾਖਿਆਤਤਾ ਹੁੰਦੀ ਹੈ। ਇਸ ਪ੍ਰਕਾਰ ਸਹਸਾ = ਸੰਸਾ ਪ੍ਰਮਾਣ, ਪ੍ਰਮੇਯਗਤ, ਵਿਪਰਜੇ ਆਦਿ, ਦੁਖ = ਜੰਮਣ, ਮਰਨ ਦੀ ਪੀੜਾ ਨ = ਨਹੀਂ ਬਿਆਪੈ = ਲੱਗੇਗੀ।

## ਗੁਰੁ ਪੂਰਾ ਭੇਟੈ ਵਡਭਾਗੀ; ਆਠ ਪਹਰ ਪ੍ਰਭੁ ਜਾਪੈ ॥

ਜਿਨ੍ਹਾਂ ਵਡਭਾਗੀ = ਵੱਡਿਆਂ ਭਾਗਾਂ ਵਾਲਿਆਂ ਨੂੰ ਪੂਰਨ ਗੁਰੁ = ਸਤਿਗੁਰੂ ਜੀ ਮਿਲ ਗਏ ਹਨ, ਉਨ੍ਹਾਂ ਦੀ ਵਡਿਆਈ ਦੀ ਇੱਛਾ ਭੱਜ ਗਈ ਹੈ। ਉਹ ਅੱਠੇ ਪਹਰ ਪ੍ਰਭੁ = ਵਾਹਿਗੁਰੂ ਨੂੰ ਜਾਪੈ = ਜਪਦੇ ਹਨ। ਜਿਸ ਨਾਲ ਉਨ੍ਹਾਂ ਦੇ ਹਿਰਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

## ਆਦਿ ਜੁਗਾਦੀ ਸੇਵਕ ਸੁਆਮੀ; ਭਗਤਾ ਨਾਮੁ ਅਧਾਰੇ ॥

ਜਿਹੜੇ ਆਦਿ = ਮੁੱਢ ਤੋਂ ਹੀ, ਜੁਗਾਦੀ = ਚੌਹਾਂ ਜੁਗਾਂ ਦੇ ਆਦਿ ਤੋਂ ਹੀ ਸੁਆਮੀ = ਅਕਾਲ ਪੁਰਖ ਪਰਮੇਸ਼ਰ ਦੇ ਸੇਵਕ = ਦਾਸ ਬਣੇ ਹਨ **ਵਾ:** ਆਦਿ ਜੁਗਾਦੀ = ਹਮੇਸ਼ਾ ਹਮੇਸ਼ਾਂ ਪਰਮੇਸ਼ਰ ਦੇ ਸੇਵਕ = ਦਾਸ ਹਨ, ਉਨ੍ਹਾਂ ਭਗਤਾ = ਸੇਵਕ ਜਨਾਂ ਨੂੰ ਪ੍ਰਮੇਸਰ ਦੇ ਨਾਮ ਦਾ ਹੀ ਅਧਾਰੇ = ਆਸਰਾ ਹੈ।

## ਨਾਨਕੁ ਸਿਖ ਦੇਇ ਮਨ ਪ੍ਰੀਤਮ; ਬਿਨੁ ਹਰਿ ਝੂਠ ਪਸਾਰੇ ॥੨॥

ਹੇ ਮੇਰੇ ਪ੍ਰੀਤਮ = ਪਿਆਰੇ ਮਿੱਤਰ ਮਨ! ਤੈਨੂੰ ਪੂਰੇ ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖ = ਸਿੱਖਿਆ ਦੇਇ = ਦੇਣਾ ਕੀਤੀ ਹੈ ਕਿ ਹਰਿ = ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ ਹੋਰ ਸਭ ਝੂਠ = ਕੂੜ ਦਾ ਹੀ ਪਸਾਰਾ ਹੈ॥੨॥

## ਮਨ ਪਿਆਰਿਆ ਜੀਉ ਮਿਤ੍ਰਾ; ਹਰਿ ਲਦੇ ਖੇਪ ਸਵਲੀ ॥

(**ਸਵੱਲੀ** ਦਾ ਉਚਾਰਣ ਅੱਧਕ ਸਹਿਤ ਹੈ)

ਹੇ ਮੇਰੇ ਮਨ ਦੇ ਪਿਆਰੇ ਮਿਤ੍ਰਾ = ਸੱਜਣਾ ਜੀਉ! ਹਰਿ = ਵਾਹਿਗੁਰੂ ਦੇ ਨਾਮ ਦੀ ਖੇਪ = ਪੂੰਜੀ ਸਵਲੀ = ਸਸਤੀ ਹੈ **ਵਾ:** ਸਵਲੀ = ਸਹਿਤ ਲਾਭ ਦੇ ਹੈ **ਵਾ:** ਹਰਿ = ਹਰੀ ਪਰਮੇਸ਼ਰ ਦੇ ਨਾਮ ਦੀ ਸਵਲੀ = ਸਸਤੀ ਖੇਪ = ਪੂੰਜੀ ਆਪਣੇ ਅੰਤਸ਼ਕਰਣ ਰੂਪ ਗੱਡੇ ਵਿਚ ਲਦੇ = ਲੱਦਣਾ ਕਰ **ਵਾ:** ਬ੍ਰਹਮ ਗਿਆਨ ਰੂਪੀ (ਸ + ਵਲੀ) ਵਲੀ = ਬਲ ਦੇ ਸਹਿਤ ਹੋ ਜਾਣਾ ਕਰ **ਵਾ:** ਹਰੀ ਨਾਮ ਦੀ ਪੂੰਜੀ ਹੋਰਨਾਂ ਸਾਧਨਾ ਨਾਲੋਂ ਸਵਲੀ = ਸਸਤੀ ਭਾਵ ਸੁਖੈਨ ਹੈ।

## ਮਨ ਪਿਆਰਿਆ ਜੀਉ ਮਿਤ੍ਰਾ; ਹਰਿ ਦਰੁ ਨਿਹਚਲੁ ਮਲੀ ॥

(**ਮੱਲੀ** ਦਾ ਉਚਾਰਣ ਅੱਧਕ ਸਹਿਤ ਹੈ)

ਹੇ ਮੇਰੇ ਮਨ ਦੇ ਪਿਆਰੇ ਮਿਤ੍ਰਾ = ਸੱਜਣਾ ਜੀਉ = ਜੀ। ਇਸ ਪ੍ਰਕਾਰ ਜੋ ਹਰਿ = ਹਰੀ ਪਰਮੇਸ਼ਰ ਦਾ ਦਰੁ = ਦਰਵਾਜ਼ਾ ਸਤਿਸੰਗਤ ਹੈ, ਉਸ ਨੂੰ ਨਿਹਚਲੁ = ਅਚੱਲ ਹੋ ਕੇ ਮਲੀ = ਮੱਲਣਾ ਕਰ **ਵਾ:** ਪਹਿਲਵਾਨ ਹੋ ਕੇ ਕਾਮ, ਕ੍ਰੋਧ, ਲੋਭ ਮੋਹ ਅਹੰਕਾਰ ਆਦਿ ਵਿਕਾਰਾਂ ਨੂੰ ਢਾਹ ਲਈਏ ਤਾਂ ਹਰੀ ਦਾ ਜੋ ਦਰੁ = ਗਿਆਨ ਹੈ ਉਸ ਨੂੰ ਨਿਹਚਲੁ = ਅਚੱਲ ਹੋ ਕੇ ਮਲੀ = ਮੱਲੀਦਾ ਹੈ।

## ਹਰਿ ਦਰੁ ਸੇਵੇ ਅਲਖ ਅਭੇਵੇ; ਨਿਹਚਲੁ ਆਸਣੁ ਪਾਇਆ ॥

ਹਰਿ = ਹਰੀ ਪਰਮੇਸ਼ਰ ਦੇ ਸਤਿਸੰਗਤ ਰੂਪੀ ਦਰੁ = ਦਰਵਾਜ਼ੇ ਵਿਚ ਇਸਥਿਤ ਹੋ ਕੇ ਉਸ ਦਾ ਸੇਵੇ = ਸਿਮਰਨ ਕਰਕੇ ਅਲਖ = ਲਖਣ ਤੋਂ ਰਹਿਤ, ਅਭੇਵੇ = ਭੇਦ ਰਹਿਤ ਵਾਹਿਗੁਰੂ ਦੇ ਨਿਹਚਲੁ = ਅਚੱਲ ਸਰੂਪ ਰੂਪੀ ਆਸਣੁ = ਟਿਕਾਣੇ ਨੂੰ ਪਾਇਆ = ਪ੍ਰਾਪਤ ਕਰ ਲਈਦਾ ਹੈ।

## ਤਹ ਜਨਮ ਨ ਮਰਣੁ, ਨ ਆਵਣ ਜਾਣਾ; ਸੰਸਾ ਦੂਖੁ ਮਿਟਾਇਆ ॥

ਉਹ ਐਸਾ ਅਚੱਲ ਆਸਣ ਹੈ ਤਹ = ਉੱਥੇ ਜਨਮ ਤੇ ਮਰਨ ਨਹੀਂ ਹੈ। ਵਾਸ਼ਨਾ ਕਰਕੇ ਲੋਕ ਪਰਲੋਕ ਵਿਚ ਆਵਣ = ਆਉਣਾ ਜਾਣਾ ਨ = ਨਹੀਂ ਹੋਵੇਗਾ। ਅਤੇ ਪ੍ਰਮਾਣ, ਪ੍ਰਮੇਯਗਤ ਰੂਪ ਸੰਸਾ = ਸੰਦੇਹ ਅਤੇ ਜਨਮ ਮਰਨ ਦੇ ਦੂਖੁ = ਦੁਖ ਨੂੰ ਵੀ ਮਿਟਾਇਆ = ਮਿਟਾ ਲਈਦਾ ਹੈ।

## ਚਿਤ੍ਰ ਗੁਪਤ ਕਾ ਕਾਗਦੁ ਫਾਰਿਆ; ਜਮਦੂਤਾ ਕਛੂ ਨ ਚਲੀ ॥

(**ਚਲੀ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਚਿਤ੍ਰ ਗੁਪਤ = ਪੁਰਾਣਾਂ ਅਨੁਸਾਰ ਧਰਮ ਰਾਜੇ ਦੇ ਮੁਨਸ਼ੀ ਜੋ ਸਾਰੇ ਜੀਵਾਂ ਦੇ ਕਰਮ ਗੁਪਤ ਗੀਤ ਨਾਲ ਲਿਖਦੇ ਹਨ **ਵਾ:** ਜੋ ਜੀਵਾਂ ਦੇ ਗੁਪਤ = ਲੁਕੇ ਹੋਏ ਕਰਮਾਂ ਨੂੰ ਚਿਤ੍ਰ = ਲਿਖਦਾ ਹੈ, (ਉਸ ਨੂੰ ਚਿਤ੍ਰ ਗੁਪਤ ਕਹਿੰਦੇ ਹਨ) ਭਗਤ ਜਨਾਂ ਦੇ ਪੁੰਨਾਂ ਅਤੇ ਪਾਪਾਂ ਦੇ ਲੇਖੇ ਕਾ = ਦਾ ਉਹ ਕਾਗਦੁ = ਕਾਗ਼ਜ਼ ਪਰਮੇਸ਼ਰ ਨੇ ਫਾਰਿਆ = ਪਾੜ ਦਿੱਤਾ ਹੈ ਅਤੇ ਜਮਦੂਤਾਂ ਦਾ ਵੀ ਕਛੂ = ਕੁਝ ਜ਼ੋਰ ਨ = ਨਹੀਂ ਚਲੀ = ਚਲਦਾ ਭਾਵ ਜਮਦੂਤ ਵੀ ਕੁਝ ਨਹੀਂ ਕਰ ਸਕਦੇ।

## ਨਾਨਕੁ ਸਿਖ ਦੇਇ ਮਨ ਪ੍ਰੀਤਮ; ਹਰਿ ਲਦੇ ਖੇਪ ਸਵਲੀ ॥੩॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਮੇਰੇ ਪ੍ਰੀਤਮ = ਪਿਆਰੇ ਮਿੱਤਰ ਮਨਾਂ! ਅਸੀਂ ਤੈਨੂੰ ਸਿਖ = ਸਿੱਖਿਆ ਦੇਇ = ਦਿੰਦੇ ਹਾਂ ਕਿ ਹਰਿ = ਹਰੀ ਪਰਮੇਸ਼ਰ ਦੀ ਨਾਮ ਰੂਪੀ ਖੇਪ = ਪੂੰਜੀ ਜੋ ਲਾਹੇ ਦੇ ਸਹਿਤ ਸਵਲੀ = ਸਸਤੀ ਹੈ, ਉਸ ਨੂੰ ਆਤਮਾਨੰਦ ਦੀ ਪ੍ਰਾਪਤੀ ਕਰਕੇ ਹਿਰਦੇ ਰੂਪੀ ਗੱਡੇ ਵਿਚ ਲਦੇ = ਲੱਦਣਾ ਕਰ ॥੩॥

## ਮਨ ਪਿਆਰਿਆ ਜੀਉ ਮਿਤ੍ਰਾ; ਕਰਿ ਸੰਤਾ ਸੰਗਿ ਨਿਵਾਸੋ ॥

ਹੇ ਮੇਰੇ ਮਨ ਦੇ ਪਿਆਰੇ ਮਿੱਤਰ ਜਗਿਆਸੂ ਜਨ ਜੀ! ਚਿੱਤ ਦੀ ਬਿਰਤੀ ਨੂੰ ਟਿਕਾ ਕੇ ਸੰਤਾ = ਸਾਧੂਆਂ ਦੀ ਸੰਗਤ ਦੇ ਸੰਗਿ = ਨਾਲ ਨਿਵਾਸੋ = ਵਾਸਾ ਕਰ।

## ਮਨ ਪਿਆਰਿਆ ਜੀਉ ਮਿਤ੍ਰਾ; ਹਰਿ ਨਾਮੁ ਜਪਤ ਪਰਗਾਸੋ ॥

ਹੇ ਮੇਰੇ ਪਿਆਰੇ ਮਨ ਦੇ ਮਿੱਤਰ ਜਗਿਆਸੂ ਜਨ ਜੀਉ! ਜੇਕਰ ਸੰਗਤ ਵਿਚ ਰਹਿ ਕੇ ਸਾਧਨਾ ਨਹੀਂ ਕੀਤੀ, ਤਾਂ ਇਸ ਨਾਲ ਛੁਟਕਾਰਾ ਨਹੀਂ ਹੋਣਾ। ਸਾਧਸੰਗਤ ਵਿਚ ਪਰਮੇਸ਼ਰ ਦੇ ਨਾਮ ਦਾ ਜਪਤ = ਜਾਪ ਕਰ, ਜਿਸ ਨਾਲ ਤੇਰੇ ਹਿਰਦੇ ਅੰਦਰ ਪਰਮੇਸ਼ਰ ਦੇ ਗਿਆਨ ਦਾ ਪਰਗਾਸੋ = ਪ੍ਰਕਾਸ਼ ਹੋ ਜਾਵੇਗਾ।

[**ਅੰਗ ੮੦**]

## ਸਿਮਰਿ ਸੁਆਮੀ ਸੁਖਹਗਾਮੀ; ਇਛ ਸਗਲੀ ਪੁੰਨੀਆ ॥

ਸੁਆਮੀ = ਅਕਾਲ ਪੁਰਖ ਪਰਮੇਸ਼ਰ ਸਾਰੇ ਸੁਖਹ = ਸੁੱਖਾਂ ਦੀ ਗਾਮੀ = ਗੰਮਤਾ ਕਰਾਉਣ ਵਾਲਾ ਭਾਵ ਪ੍ਰਾਪਤੀ ਕਰਾਉਣ ਵਾਲਾ ਹੈ। ਉਸ ਨੂੰ ਸਿਮਰਿ = ਸਿਮਰਨਾ ਭਾਵ ਯਾਦ ਕਰ, ਜਿਸ ਨਾਲ ਸਗਲੀ = ਸਾਰੀਆਂ ਇਛ = ਇੱਛਾਵਾਂ ਭਾਵ ਜ਼ਰੂਰਤਾਂ ਪੁੰਨੀਆ = ਪੂਰੀਆਂ ਹੋ ਜਾਣਗੀਆਂ। ਜੀਵ ਦੀਆਂ ਚਾਰ ਪ੍ਰਕਾਰ ਦੀਆਂ ਇੱਛਾਵਾਂ ਮੰਨੀਆਂ ਹਨ—ਪਹਿਲੀ ਇੱਛਾ ਕੋਈ ਵੀ ਵਿਘਨ ਨ ਪਵੇ। ਦੂਸਰੀ ਇਹ ਕਿ ਮੇਰੀ ਦੁਨੀਆਂ

ਵਿਚ ਵਡਿਆਈ ਹੋਵੇ। ਤੀਸਰੀ ਕਿ ਮੈਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਵੇ। ਚੌਥੀ ਭਗਤਾਂ ਦੀ ਸਦਾ ਹੀ ਪਰਮੇਸ਼ਰ ਦੇ ਨਾਮ ਜਪਣ ਦੀ ਹੁੰਦੀ ਹੈ। ਇਸ ਪ੍ਰਕਾਰ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ। ਜਿਨ੍ਹਾਂ ਨੇ ਗੁਰਮੁਖ ਬਣ ਕੇ ਪਰਮੇਸ਼ਰ ਵਾਹਿਗੁਰੂ ਦੇ ਨਾਮ ਨੂੰ ਧਿਆਉਣਾ ਕੀਤਾ ਹੈ, ਉਨ੍ਹਾਂ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਨੂੰ ਕੋਈ ਵੀ ਵਿਘਨ ਨਹੀਂ ਵਿਆਪਦਾ। ਜੈਸਾ ਕਿ :

**ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥**

*(ਆਸਾ ਮ: ੪, ਅੰਗ ੪੫੧)*

ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਨੂੰ ਧਾਰਨ ਕਰਕੇ ਗੁਰਮੁਖ ਬਣਿਆ ਜਾ ਸਕਦਾ ਹੈ। ਗੁਰਮੁਖ ਬਣ ਕੇ ਨਾਮ ਧਿਆਉਣ ਦੀ ਲੋੜ ਹੈ। ਜਿਨ੍ਹਾਂ ਨੇ ਗੁਰਮੁਖ ਬਣ ਕੇ ਵਾਹਿਗੁਰੂ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕੀਤਾ ਹੈ ਉਨ੍ਹਾਂ ਨੇ ਪੂਰੇ ਸਤਿਗੁਰਾਂ ਨੂੰ ਮਨਾ ਲਿਆ ਹੈ। ਉਸ ਦੀ ਸਾਰੀ ਦੁਨੀਆਂ ਜੱਸ ਵਡਿਆਈ ਅਤੇ ਪੂਜਾ ਕਰਦੀ ਹੈ। ਜੈਸਾ ਕਿ :

**ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥** *(ਆਸਾ ਮ: ੪, ਅੰਗ ੪੫੧)*

ਅਤੇ ਪੂਰੇ ਸਤਿਗੁਰੂ ਦਾ ਸੇਵਨ ਕਰਨ ਨਾਲ ਸਦਾ ਸੁਖ ਦੀ ਪ੍ਰਾਪਤੀ ਹੁੰਦੀ ਹੈ। ਜੈਸਾ ਕਿ :

**ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨਾ ਸੁਖੁ ਸਦ ਹੋਈ ॥** *(ਆਸਾ ਮ: ੪, ਅੰਗ ੪੫੧)*

ਜਿਹੜੇ ਸਤਿਗੁਰੂ ਨਾਨਕ ਪਾਤਸ਼ਾਹ ਦੀ ਸ਼ਰਨ ਵਿਚ ਜਾ ਮਿਲੇ, ਉਨ੍ਹਾਂ ਨੂੰ ਅਕਾਲ ਪੁਰਖ ਪਰਮੇਸ਼ਰ ਦੀ ਪ੍ਰਾਪਤੀ ਹੋਈ ਹੈ। ਜੈਸਾ ਕਿ :

**ਜਿਨਾ ਨਾਨਕੁ ਸਤਿਗੁਰੁ ਭੇਟਿਆ ਤਿਨਾ ਮਿਲਿਆ ਹਰਿ ਸੋਈ ॥** *(ਆਸਾ ਮ: ੪, ਅੰਗ ੪੫੧)*

ਇਸ ਸ਼ਬਦ ਵਿਚ ਮਹਾਰਾਜ ਸਾਹਿਬ ਜੀ ਨੇ ਇਹੋ ਹੀ ਉਪਦੇਸ਼ ਬਖ਼ਸ਼ਿਆ ਹੈ ਕਿ ਜਿਸ ਨੇ ਵੀ ਉਸ ਪਰਮੇਸ਼ਰ ਵਾਹਿਗੁਰੂ ਦੀ ਯਾਦ ਵਿਚ ਜੁੜਨਾ ਕੀਤਾ, ਭਾਵ ਉਸ ਦੇ ਸਿਮਰਨ ਵਿਚ ਆਪਣੀ ਲਿਵ ਬਿਰਤੀ ਨੂੰ ਲਾਉਣਾ ਕੀਤਾ ਹੈ ਉਸ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ ਹਨ।

## ਪੁਰਬੇ ਕਮਾਏ ਸ੍ਰੀ ਰੰਗ ਪਾਏ; ਹਰਿ ਮਿਲੇ ਚਿਰੀ ਵਿਛੁੰਨਿਆ ॥

ਜਿਨ੍ਹਾਂ ਨੇ ਪੁਰਬੇ = ਪੂਰਬਲੇ ਕਰਮਾਂ ਅਨੁਸਾਰ ਨਿਸ਼ਕਾਮ ਕਰਮਾਂ ਦੀ ਕਮਾਏ = ਕਮਾਈ ਕਰਕੇ ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਪਾਉਣਾ ਕੀਤੇ ਹਨ, ਉਨ੍ਹਾਂ ਨੇ ਸ੍ਰੀ = ਸ਼ੋਭਾ ਦੇ ਮਾਲਕ ਅਤੇ ਰੰਗ = ਪ੍ਰੇਮ ਸਰੂਪ ਪਰਮੇਸ਼ਰ ਦੇ ਅਨੰਦ ਨੂੰ ਪਾਏ = ਪਾ ਲੈਣਾ ਕੀਤਾ ਹੈ, ਜੋ ਹਰਿ = ਹਰੀ ਪਰਮੇਸ਼ਰ ਚਿਰੀ = ਚਿਰਾਂ ਤੋਂ ਭਾਵ ਬੜੇ ਅਰਸੇ ਤੋਂ ਵਿਛੁੰਨਿਆ = ਵਿਛੜਿਆ ਹੋਇਆ ਸੀ। ਜੈਸਾ ਕਿ :

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**
**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥**
**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ਰਹਾਉ॥**

*(ਗਉੜੀ ਗੁਆਰੇਰੀ ਮ: ੫, ਅੰਗ ੧੭੬)*

ਚਉਰਾਸੀ ਲੱਖ ਜੂਨਾਂ ਨੂੰ ਭੋਗਦਿਆਂ ਭੋਗਦਿਆਂ ਨੂੰ ਇਹ ਮਨੁੱਖਾ ਦੇਹ ਦੀ ਪ੍ਰਾਪਤੀ ਹੋਣ ਤੋਂ ਬਾਅਦ ਅਕਾਲ ਪੁਰਖ ਵਾਹਿਗੁਰੂ ਨੇ ਕਿਰਪਾ ਕਰਕੇ ਮੇਲ ਲੈਣਾ ਕੀਤਾ। ਜੈਸਾ ਕਿ :

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥** *(ਆਸਾ ਮ: ੫ ਦੁਪਦੇ, ਅੰਗ ੩੭੮)*

## ਅੰਤਰਿ ਬਾਹਰਿ ਸਰਬਤਿ ਰਵਿਆ; ਮਨਿ ਉਪਜਿਆ ਬਿਸੁਆਸੋ ॥

(**ਸਰਬਤਿ** ਦਾ ਉਚਾਰਣ ਅੱਧਕ ਸਹਿਤ ਹੈ)

ਜਿਸ ਪ੍ਰਕਾਰ ਪਾਰਸ ਨੂੰ ਅੱਠ ਧਾਤਾਂ ਲਾ ਦੇਈਏ ਤਾਂ ਉਹ ਲੋਹਾ, ਪਿੱਤਲ, ਤਾਂਬਾ, ਜਿਸਤ, ਕਲੀ, ਸਿੱਕਾ ਆਦਿ ਤੋਂ ਸਾਰੀਆਂ ਧਾਤਾਂ ਨੂੰ ਹੀ ਸੋਨਾ ਬਣਾ ਦਿੰਦਾ ਹੈ। ਇਸ ਪ੍ਰਕਾਰ ਪਾਰਸ ਰੂਪੀ ਨਾਮ ਦੇ ਨਾਲ ਜਦੋਂ ਬਿਰਤੀ ਛੂਹ ਜਾਂਦੀ ਹੈ ਫਿਰ ਅੰਤਰਿ = ਹਿਰਦੇ ਵਿਚ ਵੀ ਅਤੇ ਬਾਹਰਿ = ਹਿਰਦੇ ਤੋਂ ਬਾਹਰ ਸੰਸਾਰ ਵਿਚ ਵੀ ਸਰਬਤਿ = ਸਾਰੇ ਪਾਸੇ ਉਹ ਵਾਹਿਗੁਰੂ ਪਰਮੇਸ਼ਰ ਹੀ ਰਵਿਆ = ਵਿਆਪਕ ਪ੍ਰਤੀਤ ਹੁੰਦਾ ਹੈ। ਮਨ ਵਿਚ ਨਾਮ ਦੀ ਨਿਸਚੇ ਰੂਪ ਪਾਰਸ ਦੀ ਕਲਾ ਵਰਤ ਜਾਂਦੀ ਹੈ। ਉਸ ਅਕਾਲ ਪੁਰਖ ਨੇ ਐਸੀ ਕਿਰਪਾ ਬਖ਼ਸ਼ਿਸ਼ ਕੀਤੀ ਹੈ ਕਿ ਮਨ ਵਿਚ ਐਸਾ ਬਿਸੁਆਸੋ = ਭਰੋਸਾ ਉਪਜਿਆ = ਪੈਦਾ ਹੋ ਗਿਆ ਕਿ ਵਾਹਿਗੁਰੂ ਦੇ ਨਾਮ ਦੁਆਰਾ ਦਿਬ ਦ੍ਰਿਸ਼ਟੀ ਖੁੱਲ੍ਹ ਜਾਣ ਕਰਕੇ ਅਕਾਲ ਪੁਰਖ ਪਰਮੇਸ਼ਰ ਸਾਰੀਆਂ ਥਾਵਾਂ 'ਤੇ ਪ੍ਰਤੀਤ ਹੋਣ ਲੱਗ ਪਿਆ ਹੈ।

## ਨਾਨਕੁ ਸਿਖ ਦੇਇ ਮਨ ਪ੍ਰੀਤਮ; ਕਰਿ ਸੰਤਾ ਸੰਗਿ ਨਿਵਾਸੋ ॥੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਮੇਰੇ ਪ੍ਰੀਤਮ = ਪਿਆਰੇ ਮਨ ! ਤੂੰ ਦੇਇ = ਦਿੱਤੀ ਹੋਈ ਸਿਖ = ਸਿੱਖਿਆ ਨੂੰ ਧਾਰਨ ਕਰ। ਤੂੰ ਸੰਤਾਂ, ਭਗਤਾਂ, ਮਹਾਂਪੁਰਖਾਂ ਦੀ ਸੰਗਿ = ਸੰਗਤ ਵਿਚ ਨਿਵਾਸੋ = ਨਿਵਾਸ ਕਰ, ਭਾਵ ਚਿੱਤ ਨੂੰ ਲਾਉਣਾ ਕਰ ॥੪॥

## ਮਨ ਪਿਆਰਿਆ ਜੀਉ ਮਿਤ੍ਰਾ; ਹਰਿ ਪ੍ਰੇਮ ਭਗਤਿ ਮਨੁ ਲੀਨਾ ॥

ਹੇ ਮੇਰੇ ਪਿਆਰੇ ਮਿੱਤਰ ਮਨਾ ਜੀਉ ! ਉਹ ਗੁਰਮੁਖ ਸੰਤ ਭਗਤ ਧੰਨ ਹਨ, ਜਿਨ੍ਹਾਂ ਦਾ ਮਨ ਹਰਿ = ਹਰੀ ਪਰਮੇਸ਼ਰ ਦੀ ਪ੍ਰੇਮਾ-ਭਗਤੀ ਵਿਚ ਲੀਨਾ = ਲੀਨ ਹੋ ਗਿਆ ਹੈ।

## ਮਨ ਪਿਆਰਿਆ ਜੀਉ ਮਿਤ੍ਰਾ; ਹਰਿ ਜਲ ਮਿਲਿ ਜੀਵੇ ਮੀਨਾ ॥

ਹੇ ਮੇਰੇ ਪਿਆਰੇ ਮਿਤ੍ਰਾ = ਸੱਜਣ ਮਨਾ ਜੀਉ ! ਜਿਸ ਪ੍ਰਕਾਰ ਮੀਨਾ = ਮੱਛੀਆਂ ਪਾਣੀ ਦੇ ਨਾਲ ਮਿਲ ਕੇ ਹੀ ਜਿਊਂਦੀਆਂ ਹਨ, ਉਸ ਪ੍ਰਕਾਰ ਹਰਿ = ਹਰੀ ਰੂਪ ਜਲ = ਪਾਣੀ ਨਾਲ ਮਿਲ ਕੇ ਹੀ ਗੁਰਮੁਖ ਭਗਤ ਗੁਰੂ ਦੇ ਪਿਆਰੇ ਜੀਵੇ = ਜਿਊਂਦੇ ਹਨ। ਗੁਰਮੁਖ ਪ੍ਰੇਮੀ ਜਨ ਮੱਛੀ ਦੀ ਨਿਆਈਂ ਹਨ। ਮੱਛੀ ਜਲ ਨਾਲ ਮਿਲ ਕੇ ਹੀ ਬਚਦੀ ਹੈ। ਜਿਵੇਂ ਇਕ ਵਾਰ ਮੱਛੀ ਨੇ ਕੱਛੂ ਨੂੰ ਪੁੱਛਣਾ ਕੀਤਾ ਕਿ ਪਾਣੀ ਕਿਸ ਨੂੰ ਕਹਿੰਦੇ ਹਨ, ਮੈਨੂੰ ਪਤਾ ਨਹੀਂ ਲੱਗ ਰਿਹਾ ? ਕੱਛੂ ਨੇ ਕਿਹਾ ਕਿ ਮੈਂ ਤੈਨੂੰ ਪਾਣੀ ਦੇ ਦਰਸ਼ਨ ਕਰਵਾਵਾਂਗਾ। ਤਾਂ ਇਕ ਦਿਨ ਕੱਛੂ ਮੱਛੀ ਨੂੰ ਆਖਣ ਲੱਗਾ ਕਿ ਮੇਰੀ ਕੰਢ 'ਤੇ ਬੈਠ ਜਾਣਾ ਕਰ ਤੇ ਆ ਤੈਨੂੰ ਮੈਂ ਪਾਣੀ ਵਿਖਾ ਕੇ ਲਿਆਉਂਦਾ ਹਾਂ। ਮੱਛੀ ਉਸ ਕੱਛੂ ਦੇ ਖੋਪੜ 'ਤੇ ਬੈਠ ਗਈ। ਕੱਛੂ ਨੇ ਛਾਲ ਮਾਰ ਕੇ ਮੱਛੀ ਨੂੰ ਰੇਤੇ ਉੱਤੇ ਸੁੱਟ ਦਿੱਤਾ। ਜਿਸ ਵੇਲੇ ਸੁੱਟਣਾ ਕੀਤਾ ਤਾਂ ਮੱਛੀ ਤੜਫਣ ਲੱਗੀ ਅਤੇ ਪਾਣੀ ਨੂੰ ਲੱਭਣ ਲੱਗੀ। ਕੱਛੂ ਨੇ ਮੱਛੀ ਨੂੰ ਪੂੰਛ ਤੋਂ ਖਿੱਚ ਕੇ ਪਾਣੀ 'ਚ ਲਿਆਉਣਾ ਕੀਤਾ। ਮੱਛੀ ਪੁੱਛਣ ਲੱਗੀ ਕਿ ਮੈਂ ਤੈਨੂੰ ਪਾਣੀ ਬਾਰੇ ਪੁੱਛਦੀ ਸੀ, ਤੂੰ ਤਾਂ ਮੈਨੂੰ ਮਾਰ ਹੀ ਦਿੱਤਾ ਸੀ। ਤਾਂ ਕੱਛੂ ਆਖਣ ਲੱਗਾ ਕਿ ਕਮਲੀਏ ! ਤੇਰਾ ਤਾਂ ਜੀਵਨ ਹੀ ਪਾਣੀ ਹੈ। ਪਾਣੀ ਤੋਂ ਬਿਨਾਂ ਤੂੰ ਜਿਊਂਦੀ ਨਹੀਂ ਰਹਿ ਸਕਦੀ। ਇਸ ਪ੍ਰਕਾਰ ਪਰਮੇਸ਼ਰ ਹੀ ਸਾਰਿਆਂ ਦਾ ਜੀਵਨ ਹੈ ਜਿਸ ਤੋਂ ਬਿਨਾਂ ਜੀਵ ਮੁਰਦੇ ਹੋ ਜਾਂਦੇ ਹਨ।

## ਹਰਿ ਪੀ ਆਘਾਨੇ ਅੰਮ੍ਰਿਤ ਬਾਨੇ; ਸ੍ਰਬ ਸੁਖਾ ਮਨ ਵੁਠੇ ॥

ਉਸ ਹਰਿ = ਹਰੀ ਦੀ ਜੋ ਨਾਮ ਅੰਮ੍ਰਿਤ ਰੂਪ ਬਾਨੇ = ਬਾਣੀ ਹੈ, ਗੁਰਮੁਖ ਜਨ ਉਸ ਨੂੰ ਪੀ ਕਰਕੇ

ਆਘਾਨੇ = ਰਜ ਗਏ ਹਨ **ਅਥਵਾ** ਗੁਰਮੁਖ ਜਨ ਹਰਿ = ਹਰੀ ਪਰਮੇਸ਼ਰ ਦੀ ਅੰਮ੍ਰਿਤ ਸਰੂਪ ਬਾਣੀ ਨੂੰ ਪੜ੍ਹ ਕੇ ਭਾਵ ਪੀ ਪੀ ਕੇ ਤ੍ਰਿਪਤ ਹੋ ਗਏ ਹਨ **ਵਾ:** ਪਰਮੇਸ਼ਰ ਦਾ ਰੂਪ ਮਿਰਤੂ ਤੋਂ ਰਹਿਤ ਹੋ ਗਏ ਹਨ **ਵਾ:** ਅੰਮ੍ਰਿਤ ਰੂਪ ਬਾਣੀ ਨੂੰ ਪੀ ਕੇ ਅੰਮ੍ਰਿਤ ਰੂਪ ਹੀ ਬਣ ਗਏ ਹਨ। ਫਿਰ ਸ੍ਰਬ = ਸਾਰਿਆਂ ਦਾ ਮੂਲ ਸੁਖਾ = ਸੁਖ ਸਰੂਪ ਉਹ ਬ੍ਰਹਮ ਉਨਾਂ ਦੇ ਮਨ ਵਿਚ ਵੂਠੇ = ਵਸ ਗਿਆ ਹੈ। ਗੁਰੂ ਦੇ ਦਰ ਤੋਂ ਲੈ ਕੇ ਬ੍ਰਹਮਾ ਦੇ ਦਰ ਤੱਕ ਜੋ ਗਿਆਰਾਂ ਪ੍ਰਕਾਰ ਦੇ ਸੁੱਖ ਅਤੇ ਬੈਕੁੰਠ ਦੀਆਂ ਮੁਕਤੀਆਂ ਮੰਨੀਆਂ ਹਨ, ਉਨ੍ਹਾਂ ਦੇ ਸਾਰੇ ਸੁੱਖ ਮਨ ਵਿਚ ਆ ਕੇ ਵਸ ਗਏ ਭਾਵ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਗਈ ਹੈ।

## ਸ੍ਰੀਧਰ ਪਾਏ ਮੰਗਲ ਗਾਏ; ਇਛ ਪੁੰਨੀ ਸਤਿਗੁਰ ਤੁਠੇ ॥

ਸ੍ਰੀ = ਮਾਇਆ ਨੂੰ ਧਾਰਨ ਕਰਨ ਵਾਲਾ **ਵਾ:** ਸ਼ੋਭਾ ਦੇ ਧਾਰਨ ਵਾਲਾ, ਜੋ ਸ਼੍ਰੋਮਣੀ ਪਰਮੇਸ਼ਰ ਹੈ, ਉਸ ਸਾਰਿਆਂ ਦੇ ਧਰ = ਆਸਰਾ ਰੂਪ ਨੂੰ ਗੁਰਮੁਖ ਜਨਾਂ ਨੇ ਪਾਏ = ਪਾ ਲਿਆ ਹੈ। ਐਸੇ ਗੁਰਮੁਖ ਜਨ ਅਕਾਲ ਪੁਰਖ ਦੇ ਮੰਗਲ = ਮੰਗਲਾਚਾਰ **ਅਥਵਾ** ਮੰਗਲਾਂ ਨੂੰ ਕੀਰਤਨ ਦੇ ਵਿਚ ਗਾਏ = ਗਾਉਂਦੇ ਹਨ। ਉਸ ਵਾਹਿਗੁਰੂ ਦੇ ਗੁਣ ਅਨੰਦ ਵਿਚ ਆ ਕੇ ਗਾਉਂਦੇ ਹਨ। ਫਿਰ ਸਤਿਗੁਰੂ ਨੇ ਤੁਠੇ = ਪ੍ਰਸੰਨ ਹੋ ਕੇ ਆਪਣੇ ਪਿਆਰਿਆਂ ਦੀਆਂ ਸਾਰੀਆਂ ਇਛ = ਇੱਛਾਵਾਂ ਜੀਵਨ ਮੁਕਤੀ, ਬਿਦੇਹ ਮੁਕਤੀ, ਬ੍ਰਹਮ ਗਿਆਨ ਆਦਿ ਦੀ ਬਖ਼ਸ਼ਿਸ਼ ਕਰਕੇ ਪੁੰਨੀ = ਪੂਰੀਆਂ ਕਰ ਦਿੱਤੀਆਂ ਹਨ।

## ਲੜਿ ਲੀਨੇ ਲਾਏ, ਨਉ ਨਿਧਿ ਪਾਏ; ਨਾਉ ਸਰਬਸੁ ਠਾਕੁਰਿ ਦੀਨਾ ॥

(**ਸਰਬਸੁ** ਦਾ ਉਚਾਰਣ ਇਕੱਠਾ ਹੈ)

ਜੋ ਗੁਰਾਂ ਨੇ ਆਪਣੇ ਸ਼ਰਨ ਰੂਪੀ ਲੜਿ = ਪੱਲੇ ਨਾਲ ਲਾਏ = ਲਾ ਲੀਨੇ = ਲਏ ਹਨ, ਉਨ੍ਹਾਂ ਨੇ ਨਉ ਨਿਧਿ = ਨੌਂ ਨਿੱਧੀਆਂ ਨੂੰ ਪਾਏ = ਪਾ ਲਿਆ ਹੈ **ਵਾ:** ਨੌਂ ਨਿਧੀਆਂ ਦੇ ਆਸਰਾ ਰੂਪ ਪਰਮੇਸ਼ਰ ਨੂੰ ਪਾਉਣਾ ਕੀਤਾ ਹੈ ਅਤੇ ਨਾਮ ਜਪਣ ਵਾਲਿਆਂ ਨੂੰ ਠਾਕੁਰਿ = ਸੁਆਮੀ ਪਰਮੇਸ਼ਰ ਨੇ ਖ਼ੁਸ਼ ਹੋ ਕੇ ਆਪਣਾ ਸਰਬੰਸ ਹੀ ਦੇ ਦੀਨਾ = ਦਿੱਤਾ ਹੈ **ਵਾ:** ਜਿਨ੍ਹਾਂ ਨੇ ਸਰਬਸੁ = ਸਰਬੰਸ ਹੀ ਪਰਮੇਸ਼ਰ ਨੂੰ ਦੇ ਦਿੱਤਾ ਭਾਵ ਜਿਨ੍ਹਾਂ ਨੇ ਸਭ ਕੁਝ ਪਰਮੇਸ਼ਰ ਦਾ ਹੀ ਸਮਝਿਆ ਹੈ, ਉਨ੍ਹਾਂ ਨੂੰ ਪਰਮੇਸ਼ਰ ਦਾ ਨਾਮ ਮਿਲਿਆ ਹੈ। ਜਿਸ ਨੂੰ ਠਾਕੁਰਿ = ਸੁਆਮੀ ਮਾਲਕ ਨੇ ਨਾਮ ਦੇ ਦਿੱਤਾ, ਉਸ ਨੂੰ ਵਾਹਿਗੁਰੂ ਨੇ ਸਰਬੰਸ ਦੇ ਦਿੱਤਾ। ਉਨ੍ਹਾਂ ਤੋਂ ਕੁਝ ਵੀ ਲੁਕੋ ਕੇ ਨਹੀਂ ਰੱਖਿਆ। ਉਨ੍ਹਾਂ ਨੂੰ ਨਾਮ ਵੀ ਦਿੱਤਾ ਅਤੇ ਉਨ੍ਹਾਂ ਤੋਂ ਸਰਬੰਸ ਵੀ ਵਾਰ ਦੇਣਾ ਕੀਤਾ।

## ਨਾਨਕ ਸਿਖ ਸੰਤ ਸਮਝਾਈ, ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥

ਗੁਰੂ ਅਰਜਨ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਸੰਤ ਸਰੂਪ ਗੁਰੂ ਰਾਮਦਾਸ ਸਾਹਿਬ ਜੀ ਨੇ ਇਹ ਸਿਖ = ਸਿੱਖਿਆ ਸਮਝਾਈ ਭਾਵ ਬਖ਼ਸ਼ਿਸ਼ ਕੀਤੀ ਹੈ। ਇਉਂ ਸਾਡਾ ਮਨ ਹਰਿ = ਹਰੀ ਪਰਮੇਸ਼ਰ ਦੇ ਪ੍ਰੇਮਾ-ਭਗਤੀ ਵਿਚ ਲੀਨਾ = ਲੀਨ ਹੋ ਗਿਆ ਹੈ। ਹੇ ਗੁਰਸਿੱਖੋ! ਜਦੋਂ ਤੁਹਾਡਾ ਮਨ ਵੀ ਇਸ ਪ੍ਰਕਾਰ ਲੀਨ ਹੋ ਜਾਵੇਗਾ ਤਾਂ ਤੁਸੀਂ ਵੀ ਉਸ ਸੱਚੇ ਨੂੰ ਸਮਝ ਕੇ ਨਿਹਾਲ ਹੋ ਜਾਵੋਗੇ। ਜੰਮਣ ਮਰਣ ਤੋਂ ਰਹਿਤ ਹੋ ਜਾਵੋਗੇ। ਜੋ ਅੰਮ੍ਰਿਤ ਸਰੂਪ ਪ੍ਰੇਮ-ਭਗਤੀ ਦਾ ਉਪਦੇਸ਼ ਦਿਲ ਵਿਚ ਵਸਾਉਣਗੇ, ਗੁਰੂ ਸਾਹਿਬ ਜੀ ਕਿਰਪਾ ਕਰਕੇ ਉਨ੍ਹਾਂ ਨੂੰ ਆਪ ਆਪਣੇ ਹਿਰਦੇ ਵਿਚ ਵਸਾਉਣਗੇ ॥੫॥੧॥੨॥

## ਸਿਰੀਰਾਗ ਕੇ ਛੰਤ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥

**ਉਥਾਨਕਾ :** ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਗੁਰੂ ਕੇ ਬਾਗ਼ ਵਾਲੇ ਥਾਂ 'ਤੇ ਬਿਰਾਜਮਾਨ ਸਨ, ਜਿਥੇ ਹਰ ਰੋਜ਼ ਦੀਵਾਨ ਸਜਾ ਕੇ ਸਿੱਖ ਸੰਗਤਾਂ ਨੂੰ ਪਰਮੇਸ਼ਰ ਦੇ ਨਾਲ ਜੋੜਨ ਦਾ

ਉਪਦੇਸ਼ ਕਰਦੇ ਸਨ। ਇਕ ਦਿਨ ਲੰਮੇ ਦੇਸ਼ ਤੋਂ ਕੁਝ ਸੰਗਤ ਆਈ। (ਲੰਮਾ ਦੇਸ਼ ਨਨਕਾਣੇ ਸਾਹਿਬ ਦੇ ਨਾਲ ਲੱਗਦੇ ਇਲਾਕੇ ਦਾ ਨਾਮ ਹੈ)। ਉਥੋਂ ਦੀ ਸੰਗਤ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਪਾਤਸ਼ਾਹ ਜੀ ! ਸਾਡੇ ਦੇਸ਼ ਦੀ ਬੋਲੀ ਵਿਚ ਉਪਦੇਸ਼ ਬਖ਼ਸ਼ੋ। ਤਾਂ ਸਤਿਗੁਰੂ ਪਾਤਸ਼ਾਹ ਜੀ ਨੇ ਲੰਮੇ ਦੇਸ਼ ਦੀ ਬੋਲੀ ਨੂੰ ਸਨਮਾਨ ਦੇਣ ਲਈ ਛੰਤਾਂ ਦੀ ਬਾਣੀ ਨਾਲ ਡੱਖਣਾ ਉਚਾਰਨ ਕਰਕੇ ਉਨ੍ਹਾਂ ਦੇ ਪ੍ਰਥਾਏ ਗੁਰੂ ਅਤੇ ਸਿੱਖ ਦੇ ਸੰਵਾਦ ਦੁਆਰਾ ਸ਼ਬਦ ਉਚਾਰਨ ਕਰਦਿਆਂ ਸਰਬ ਸਾਂਝਾ ਉਪਦੇਸ਼ ਬਖ਼ਸ਼ਸ਼ ਕੀਤਾ। (ਇਸ ਤਰ੍ਹਾਂ ਮਾਰੂ ਰਾਗ ਵਿਚ ਵੀ ਡੱਖਣੇ ਦੀ ਵਾਰ ਹੈ। ਉਹ ਵੀ ਇਨ੍ਹਾਂ ਪ੍ਰੇਮੀਆਂ ਦੇ ਪ੍ਰਥਾਏ ਉਚਾਰਨ ਕੀਤੀ ਹੋਈ ਹੈ।)

੧ = ਅਦੁੱਤੀ, ਓਂ = ਸਰਬ ਦਾ ਪ੍ਰਕਾਸ਼ਕ, ਸਤਿ = ਨਾਸ ਤੋਂ ਰਹਿਤ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ।

**ਡਖਣਾ ॥** ਦੋਹੇ ਦੀ ਚਾਲ ਦਾ ਇਕ ਛੰਦ ਜੋ ਸੋਰਠੇ ਦੀ ਚਾਲ ਪਰ ਭੀ ਹੁੰਦਾ ਹੈ, ਪਰ ਇਸ ਦੀ ਭਾਸ਼ਾ ਉਹ ਵਰਤੀ ਦੀ ਹੈ ਜੋ ਮੁਲਤਾਨ ਤੋਂ ਸਿੰਧ ਤਕ ਬਹਾਬਲਪੁਰ ਆਦਿ ਸਥਾਨਾਂ ਤੇ ਬੋਲਦੇ ਹਨ। ਇਸ ਵਿਚ ਦ, ਡ, ਸ ਤੇ ਹ ਦੀ ਸਵਰਨਤਾ ਬਹੁਤ ਹੁੰਦੀ ਹੈ, ਜੈਸਾ ਕਿ ਦਿਖਾਊ = ਡਿਖਾਊ ਸਭ = ਹਭ। ਡੱਖਣਾ ਇਸ ਕਰਕੇ ਕਹਿੰਦੇ ਹਨ ਕਿ ਮੁਲਤਾਨ ਤੋਂ ਅਗਲਾ ਇਲਾਕਾ ਪੰਜਾਬ ਦੇ ਦੱਖਣ ਵੱਲ ਹੈ। ਜਿਸ ਪ੍ਰਕਾਰ ਮਾਰੂ ਦੀ ਵਾਰ ਵਿਚ 'ਸਲੋਕ ਡੱਖਣਾ ਮਹਲਾ ੫' ਆਉਂਦਾ ਹੈ, ਉਥੇ ਪਹਿਲਾਂ ਡੱਖਣਾ ਨਹੀਂ ਲਿਖਿਆ 'ਸਲੋਕ ਮਹਲਾ ੫' ਲਿਖਿਆ ਹੈ। ਇਸ ਕਰਕੇ ਇਹ ਸਲੋਕ ਦਾ ਵਾਚਕ ਹੈ। ਪਹਿਲੇ ਸਲੋਕ ਦੋਹਰੇ ਦੇ ਤਰੀਕੇ ਦੇ ਹਨ। ਦੋਹਰਾ '੩੨' ਅੱਖਰਾਂ ਦਾ ਹੁੰਦਾ ਹੈ। ਕਈ ਦੋਹਰੇ ਸਤਿਗੁਰਾਂ ਨੇ ਸੁਤੰਤਰ ਰੱਖੇ ਹਨ। ਸੋ ਇਹ ਸਲੋਕ ਦਾ ਵਾਚਕ ਹੀ ਸਮਝਣਾ ਚਾਹੀਦਾ ਹੈ। ਦੱਖਣ ਦੇਸ਼ ਵਿਚ 'ਦ' ਅੱਖਰ ਲੱਗਦਾ ਹੈ ਅਤੇ 'ਡ' ਨੂੰ ਸਵਰਨੀ ਅੱਖਰ ਮੰਨ ਕੇ 'ਦ' ਦੇ ਥਾਂ 'ਤੇ 'ਡ' ਅੱਖਰ ਡੱਖਣਾ ਹੈ। ਜਿਵੇਂ 'ਲੰਦਨ' ਨੂੰ 'ਲੰਡਨ' ਕਹਿੰਦੇ ਹਨ। ਸੋ ਇਸ ਪ੍ਰਕਾਰ ਇਨ੍ਹਾਂ ਦੀ ਬੋਲੀ ਵਿਚ 'ਦ' ਨੂੰ 'ਡ' ਕਹਿੰਦੇ ਹਨ।

ਸਤਿਗੁਰੂ ਸਾਹਿਬ ਜੀ ਸਿੱਖ ਮੁਖ ਦੁਆਰਾ ਪਹਿਲਾਂ ਆਪ ਪ੍ਰਸ਼ਨ ਕਰਦੇ ਹਨ ਤੇ ਫੇਰ ਆਪ ਹੀ ਉੱਤਰ ਦੇਣਗੇ।

## ਹਠ ਮਝਾਹੂ, ਮਾ ਪਿਰੀ; ਪਸੇ ਕਿਉ ਦੀਦਾਰ ॥

(**ਪਸੇ** ਦਾ ਉਚਾਰਣ ਅੱਧਕ ਸਹਿਤ ਹੈ)

ਸਤਿਗੁਰੂ ਸਾਹਿਬ ਜੀ ਨੂੰ ਸਿੱਖਾਂ ਨੇ ਬੇਨਤੀ ਕਰਕੇ ਪੁੱਛਿਆ ਕਿ ਹੇ ਪਾਤਸ਼ਾਹ ਜੀ ! ਵੇਦਾਂ, ਸ਼ਾਸਤਰਾਂ ਅਤੇ ਆਪ ਦੇ ਦੁਆਰਾ ਇਹ ਸੁਣਿਆ ਹੈ ਕਿ ਜੋ ਮਾ = ਮੇਰਾ ਪਿਰੀ = ਪਤੀ ਰੂਪ ਪਰਮੇਸ਼ਰ ਹੈ, ਉਹ ਹਠ = ਹਿਰਦਿਆਂ ਮਝਾਹੂ = ਵਿਚ ਹੈ। ਸਾਰਿਆਂ ਦੇ ਹਿਰਦਿਆਂ ਵਿਚ ਪਰਮੇਸ਼ਰ ਆਪ ਨਿਵਾਸ ਕਰਦਾ ਹੈ। ਜੈਸਾ ਕਿ :

**ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ ॥** *(ਸਾਰਗ ਮ: ੫, ਅੰਗ ੧੨੦੯)*

ਇਸ ਪ੍ਰਕਾਰ ਪਤੀ ਪਰਮੇਸ਼ਰ ਸਾਰਿਆਂ ਦੇ ਹਿਰਦੇ ਵਿਚ ਵਸਦਾ ਹੈ। ('ਪਸੇ' ਸੰਸਕ੍ਰਿਤ ਵਿਚ ਦੇਖਣ ਦਾ ਨਾਂ ਹੈ। 'ਦੀਦਾਰ' ਫ਼ਾਰਸੀ ਦਾ ਲਫ਼ਜ਼ ਵਰਤਿਆ ਹੈ। ਬੋਲੀ ਪੰਜਾਬੀ ਦੀ ਹੈ।) ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਉਸ ਅਕਾਲ ਪੁਰਖ ਪਰਮੇਸ਼ਰ ਦਾ ਕਿਵੇਂ ਦੀਦਾਰ = ਦਰਸ਼ਨ ਪਸੇ = ਦੇਖਿਆ ਜਾਵੇ ? ਕਿਰਪਾ ਕਰਕੇ ਆਪ ਜੀ ਦੱਸਣਾ ਕਰੋ, ਤਾਂ ਸਤਿਗੁਰੂ ਸਾਹਿਬ ਜੀ ਕਿਰਪਾਲੂ ਹੋ ਕੇ ਉੱਤਰ ਦਿੰਦੇ ਹਨ :

## ਸੰਤ ਸਰਣਾਈ ਲਭਣੇ; ਨਾਨਕ ਪ੍ਰਾਣ ਅਧਾਰ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ ! ਪ੍ਰਾਣਾਂ ਦੇ ਅਧਾਰ = ਆਸਰਾ ਪਰਮੇਸ਼ਰ ਜੀ ਸੰਤ = ਸ਼ਾਂਤ ਚਿਤ ਮਹਾਂਪੁਰਖਾਂ ਦੀ ਸਰਣਾਈ = ਸ਼ਰਨ ਵਿਚ ਆਉਣ ਨਾਲ ਲਭਣੇ = ਲੱਭ ਪੈਂਦੇ ਹਨ ॥੧॥

ਅਰਥਾਤ ਅਸੀਂ ਭੁੱਲਣਹਾਰ ਉਸ ਦੇ ਪ੍ਰਕਾਸ਼ ਨੂੰ ਨਹੀਂ ਸਮਝਦੇ। ਅਨੇਕਾਂ ਪ੍ਰਕਾਰ ਦੇ ਪ੍ਰਕਾਸ਼ ਮੰਨੇ ਗਏ ਹਨ। ਜੋਗੀ ਜਨ ਦਸਵੇਂ ਦੁਆਰ ਵਿਚ ਪ੍ਰਕਾਸ਼ ਵੇਖ ਲੈਂਦੇ ਹਨ, ਅਭਿਆਸੀ ਜਨ ਹਿਰਦੇ ਦਾ ਚਾਨਣ ਬਿਰਤੀ ਦੁਆਰਾ ਵੇਖ ਲੈਂਦੇ ਹਨ। ਇਸੇ ਤਰ੍ਹਾਂ ਜਠਰ ਅਗਨੀ ਦੇ ਵੇਸ ਨੂੰ ਵੀ ਜਿਵੇਂ ਬਿਜਲੀ ਦੀਆਂ ਤਾਰਾਂ ਚਮਕਦੀਆਂ ਹਨ, ਇਉਂ ਉਸ ਚਾਨਣੇ ਨੂੰ ਵੇਖ ਲੈਂਦੇ ਹਨ। ਇਕ ਚਾਨਣਾ ਹਿਰਨ ਗਰਭ ਦਾ ਪ੍ਰਕਾਸ਼ ਸਾਰੇ ਹਨੇਰੇ ਵਿਚ ਚਾਨਣਾ ਹੀ ਚਾਨਣਾ ਪ੍ਰਤੀਤ ਹੁੰਦਾ ਹੈ। ਇਉਂ ਸਾਰੇ ਪਰਮੇਸ਼ਰ ਦਾ ਪ੍ਰਕਾਸ਼ ਹੋ ਜਾਂਦਾ ਹੈ। ਜੈਸਾ ਕਿ :

**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** *(ਧਨਾਸਰੀ ਮ: ੧, ਅੰਗ ੧੩)*

ਇਉਂ ਜਿਹੜਾ ਸਵੈ-ਪ੍ਰਕਾਸ਼ ਸਰੂਪ ਹੈ, ਉਹ ਸੰਤਾਂ ਦੀ ਸਰਣਾਈ = ਸ਼ਰਨ ਪੈਣ ਕਰਕੇ ਲਭਣੇ = ਲੱਭ ਜਾਂਦਾ ਹੈ। ਸਾਰਿਆਂ ਦੇ ਪ੍ਰਾਣਾਂ ਦਾ ਅਧਾਰ = ਆਸਰਾ ਰੂਪ ਉਹ ਹਰੀ ਪਰਮੇਸ਼ਰ ਆਪ ਹੀ ਹੈ।

***ਪ੍ਰਸ਼ਨ :*** *ਸਤਿਗੁਰੂ ਜੀ ਨੂੰ ਸਿੱਖਾਂ ਨੇ ਪੁੱਛਣਾ ਕੀਤਾ ਕਿ ਸਤਿਗੁਰੂ ਜੀ ! ਪਰਮੇਸ਼ਰ ਸੰਤਾਂ ਦੀ ਸੰਗਤ ਕਰਕੇ ਕਿਵੇਂ ਲੱਭਦਾ ਹੈ ?*

***ਗੁਰ ਉੱਤਰ :***

## ਛੰਤੁ ॥ ਚਰਨ ਕਮਲ ਸਿਉ ਪ੍ਰੀਤਿ; ਰੀਤਿ, ਸੰਤਨ ਮਨਿ ਆਵਏ ਜੀਉ ॥

(**ਰੀਤਿ** ਪਦ ਤੇ ਵੀ ਵਿਸ਼ਰਾਮ ਲੱਗ ਜਾਂਦਾ ਹੈ)

ਪਰਮੇਸ਼ਰ ਦੇ ਚਰਨਾਂ ਕਮਲਾਂ ਸਿਉ = ਨਾਲ ਪ੍ਰੀਤਿ = ਪ੍ਰੀਤੀ ਲਾਉਣ ਦੀ ਰੀਤਿ = ਮਰਿਯਾਦਾ ਕੇਵਲ ਸੰਤਨ = ਸੰਤਾਂ ਭਗਤਾਂ ਦੇ ਮਨ ਵਿਚ ਹੀ ਆਵਏ = ਆ ਸਕਦੀ ਹੈ ਜੀ **ਅਥਵਾ** ਜੋ ਨਿਰਗੁਣ ਸਰੂਪ ਦੇ ਅਧਿਸ਼ਠਾਨ ਰੂਪ ਚਰਨ ਹਨ, ਉਹ ਬਾਣੀ ਦੇ ਪਦ, ਸ਼ਬਦ ਰੂਪ ਚਰਨ ਹਨ। ਜੈਸਾ ਕਿ :

**ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਧਿਓ ਪਾਲ ॥** *(ਧਨਾਸਰੀ ਮ: ੫, ਅੰਗ ੬੮੦)*

ਇਹ ਸ਼ਬਦ ਰੂਪ ਚਰਨ ਸੰਤ ਜਨਾਂ ਦੇ ਹਿਰਦੇ ਵਿਚ ਵਸਦੇ ਹਨ। ਚਰਨਾਂ ਕਮਲਾਂ ਸਿਉ = ਨਾਲ ਜਿਹੜੀ ਪ੍ਰੀਤੀ ਕਰਨੀ ਹੈ, ਐਸੀ ਪ੍ਰੀਤ ਦੀ ਰੀਤਿ = ਮਰਯਾਦਾ ਹੋਰਨਾਂ ਨੂੰ ਨਹੀਂ ਪਤਾ, ਉਹ ਕੇਵਲ ਤੇ ਕੇਵਲ ਸੰਤਨ = ਸੰਤਾਂ ਦੇ ਮਨ ਵਿਚ ਹੀ ਆਵਏ = ਆਉਂਦੀ ਹੈ ਜੀ। ਮਹਾਰਾਜ ਸਾਹਿਬ ਜੀ ਦੇ ਚਰਨਾਂ ਕਮਲਾਂ ਨੂੰ ਅੰਦਰ ਵਸਦੇ ਜਾਣ ਕੇ ਪ੍ਰੀਤੀ ਪ੍ਰਗਟ ਕਰ ਲੈਣੀ, ਸਾਖਿਆਤ ਕਰ ਲੈਣਾ ਆਦਿ ਇਹ ਰੀਤਿ = ਮਰਯਾਦਾ ਸੰਤਾਂ ਭਗਤਾਂ, ਮਹਾਂਪੁਰਖ ਦੇ ਮਨ ਵਿਚ ਆਈ ਹੈ। ਦੂਸਰੇ ਦੁਨੀਆਂਦਾਰੀ ਸੰਸਾਰੀ ਲੋਕ ਬੁੱਤ ਮੂਰਤੀਆਂ ਆਦਿ ਨੂੰ ਵੇਖ ਵੇਖ ਕੇ ਹੀ ਖ਼ੁਸ਼ ਹੁੰਦੇ ਫਿਰਦੇ ਹਨ।

ਜਿਵੇਂ ਕਿ ਇਕ ਵਾਰੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੂੰ ਹਜ਼ੂਰ ਸਾਹਿਬ ਵਿਖੇ ਇਕ ਪ੍ਰੇਮੀ ਮਿਲਿਆ। ਉਹ ਗੁਰਮੁਖ ਹੋਤੀ ਮਰਦਾਨ ਦੀ ਸੰਪਰਦਾ ਵਾਲਿਆਂ ਨਾਲ ਸੰਬੰਧਿਤ ਸੀ। ਉਸ ਨੇ ਆਖਿਆ ਕਿ ਮੈਂ ਵਾਹਿਗੁਰੂ ਦਾ ਸਿਮਰਨ ਕਰਦਾ ਹਾਂ। ਇਕ ਦਿਨ ਸਿਮਰਨ ਕਰਦਿਆਂ ਕਰਦਿਆਂ ਮੇਰੇ ਮਨ ਅੰਦਰ ਭਾਵਨਾ ਹੋਈ ਕਿ ਮੈਨੂੰ ਮਹਾਰਾਜ ਸਾਹਿਬ ਜੀ ਦੇ ਦਰਸ਼ਨ ਹੋ ਜਾਣ ਤਾਂ ਉਸ ਵੇਲੇ ਮੈਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ। ਉਸ ਤੋਂ ਉਪਰੰਤ ਮੈਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਕਾਸ਼ ਹੋਇਆ ਵੇਖਿਆ ਤਾਂ ਪ੍ਰਕਾਸ਼ ਦੇ ਕੋਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ਼ਸਤਰਧਾਰੀ ਰੂਪ ਵਿਚ ਪ੍ਰਤੱਖ ਖੜ੍ਹੇ ਹੋਏ ਨਜ਼ਰ ਆਏ। ਮੈਂ ਮਹਾਰਾਜ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਸਦਾ ਹੀ ਇਸ ਤਰ੍ਹਾਂ ਦਰਸ਼ਨ ਹੁੰਦੇ ਰਹਿਣ ਤਾਂ ਸਤਿਗੁਰੂ ਸਾਹਿਬ ਜੀ ਆਖਣ ਲੱਗੇ ਕਿ ਸਿੱਖਾ ! ਤੇਰੀ ਭਾਵਨਾ ਦਰਸ਼ਨ ਹੋਣ ਦੀ ਸੀ, ਤੈਨੂੰ ਦਰਸ਼ਨ ਹੋ ਗਏ। ਤੂੰ ਜੰਮਣ ਮਰਣ ਵਿਚ ਨਹੀਂ ਪਵੇਂਗਾ। ਉਹ ਹੁਣ ਮੇਟ ਦਿੱਤਾ ਹੈ। ਇਹ ਤੈਨੂੰ ਦਰਸ਼ਨਾਂ ਦਾ ਫਲ ਪ੍ਰਾਪਤ ਹੋਇਆ ਹੈ। ਇਸੇ ਤਰ੍ਹਾਂ ਦਿੱਲੀ ਤੋਂ ਇਕ ਬੀਬੀ ਸੀ ਉਹ ਵੀ ਹਜ਼ੂਰ ਸਾਹਿਬ ਹੋਲੇ ਮਹੱਲੇ

ਦੇ ਦਿਹਾੜੇ ਕਾਰਨ ਗਈ ਹੋਈ ਸੀ। ਉਸ ਨੇ ਵੀ ਬਚਨ ਕੀਤਾ ਕਿ ਮੈਂ ਤੇ ਮੇਰਾ ਪਤੀ ਹਮੇਸ਼ਾ ਹੀ ਪਿਛਲੀ ਰਾਤ ਭਾਵ ਅੰਮ੍ਰਿਤ ਵੇਲੇ ਉੱਠ ਕੇ ਨਿੱਤਨੇਮ ਕਰਦੇ ਹੁੰਦੇ ਸਾਂ। ਇਕ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਿੱਤਨੇਮ ਕਰਦਿਆਂ ਮੇਰੇ ਪਤੀ ਨਿੱਤਨੇਮ ਕਰਕੇ ਉੱਠ ਕੇ ਚਲੇ ਗਏ। ਮੇਰਾ ਚਿੱਤ ਇਤਨਾ ਇਕਾਗਰ ਹੋ ਗਿਆ ਕਿ ਮੇਰਾ ਮਨ ਉਥੋਂ ਉੱਠਣ ਨੂੰ ਨਾ ਕਰੇ। ਮੈਂ ਹੋਰ ਸਮਾਂ ਲਾ ਕੇ ਨਿੱਤਨੇਮ ਕਰਦੀ ਰਹੀ। ਨਿੱਤਨੇਮ ਕਰਨ ਤੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਆਉਣਾ ਹੋਇਆ। ਹਜ਼ੂਰ ਪਾਤਸ਼ਾਹ ਘੋੜੇ 'ਤੇ ਸਵਾਰ ਸਨ। ਮੈਂ ਉਨ੍ਹਾਂ ਵੱਲ ਤੱਕਣ ਲੱਗੀ। ਪਾਤਸ਼ਾਹ ਜੀ ਦਾ ਤੇਜ ਪ੍ਰਕਾਸ਼ ਮੈਂ ਝੱਲ ਨਾ ਸਕੀ ਤੇ ਬੇਹੋਸ਼ ਹੋ ਕੇ ਡਿੱਗ ਪਈ। ਇਕ ਮਹੀਨਾ ਹੋਸ਼ ਨਾ ਆਈ। ਫਿਰ ਮੈਨੂੰ ਇਥੇ ਹਜ਼ੂਰ ਸਾਹਿਬ ਲਿਆਂਦਾ ਗਿਆ। ਪੰਜਾਂ ਪਿਆਰਿਆਂ ਨੇ ਮੇਰੇ ਰਾਜ਼ੀ ਹੋਣ ਦੀ ਅਰਦਾਸ ਕੀਤੀ। ਉਸ ਤੋਂ ਉਪਰੰਤ ਮੇਰੇ ਸਰੀਰ ਨੂੰ ਹੋਈ ਬੇਹੋਸ਼ੀ ਤੋਂ ਮੋੜ ਆਉਣ ਲੱਗਾ। ਪਾਤਸ਼ਾਹ ਜੀ ਦਾ ਐਸਾ ਸਰੂਪ ਸੀ ਕਿ ਮੇਰਾ ਚਿੱਤ ਮੋਹਿਆ ਗਿਆ। ਮੈਨੂੰ ਸਰੀਰ ਦੀ ਹੋਸ਼ ਨਾ ਰਹੀ। ਮਹਾਰਾਜ ਸਾਹਿਬ ਜੀ ਦੇ ਦਰਸ਼ਨਾਂ ਦਾ ਐਡਾ ਬਲ ਹੈ।

## ਦੂਤੀਆ ਭਾਉ ਬਿਪਰੀਤਿ; ਅਨੀਤਿ, ਦਾਸਾ ਨਹ ਭਾਵਏ ਜੀਉ ॥

(*ਨੋਟ: ਅਨੀਤਿ ਪਦ ਤੇ ਵੀ ਵਿਸ਼ਰਾਮ ਲੱਗ ਜਾਂਦਾ ਹੈ।*)

ਉਹ ਸੰਤ ਜਨ ਦੂਤੀਆ ਭਾਉ = ਦਵੈਤ ਭਾਵ ਤੋਂ ਬਿਪਰੀਤਿ = ਉਲਟ ਹੋ ਗਏ ਹਨ। ਜਿਹੜੀ ਦਵੈਤ ਭਾਵ ਹੈ, ਉਹ ਕਰੁਣਾ, ਮੈਤਰੀ, ਮੁਦਤਾ, ਅਪੇਖਿਆ ਆਦਿ ਅਨੀਤਿ = ਨੀਤੀ ਤੋਂ ਵਿਰੁੱਧ ਹੈ। ਦਾਸਾ = ਸੇਵਕਾਂ ਨੂੰ ਇਸ ਤੋਂ ਉਲਟ ਚੱਲਣਾ ਭਾਵਏ = ਚੰਗਾ ਨਹੀਂ ਲੱਗਦਾ ਜੀ।

## ਦਾਸਾ ਨਹ ਭਾਵਏ ਬਿਨੁ ਦਰਸਾਵਏ; ਇਕ ਖਿਨੁ ਧੀਰਜੁ ਕਿਉ ਕਰੈ ॥

ਮਹਾਰਾਜ ਸਾਹਿਬ ਦੇ ਦਾਸਾ = ਸੇਵਕਾਂ ਨੂੰ ਉਨ੍ਹਾਂ ਦੇ ਦਰਸਾਵਏ = ਦਰਸ਼ਨਾਂ ਤੋਂ ਬਿਨਾਂ ਹੋਰ ਕੁਝ ਵੀ ਭਾਵਏ = ਚੰਗਾ ਨਹ = ਨਹੀਂ ਲੱਗਦਾ। ਐਸੇ ਸੰਤ ਜਨ ਇਕ ਖਿਨੁ = ਛਿਨ ਮਾਤਰ ਵੀ ਕਿਉ = ਕਿਵੇਂ ਧੀਰਜੁ ਕਰਨ ਕਿਉਂਕਿ ਉਹ ਮਹਾਰਾਜ ਸਾਹਿਬ ਦੇ ਦਰਸ਼ਨਾਂ ਦੇ ਇਤਨੇ ਪਿਆਸੇ ਹਨ ਕਿ ਉਨ੍ਹਾਂ ਤੋਂ ਇਕ ਖਿਨ ਮਾਤਰ ਵੀ ਰਿਹਾ ਨਹੀਂ ਜਾਂਦਾ। ਜੈਸਾ ਕਿ:

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**
**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥** *(ਮਾਝ ਮ: ੫, ਅੰਗ ੯੬-੯੭)*

## ਨਾਮ ਬਿਹੂਨਾ ਤਨੁ ਮਨੁ ਹੀਨਾ; ਜਲ ਬਿਨੁ ਮਛੁਲੀ ਜਿਉ ਮਰੈ ॥

ਪਰਮੇਸ਼ਰ ਦੇ ਨਾਮ ਤੋਂ ਬਿਹੂਨਾ = ਬਿਨਾਂ ਰਹਿਣ ਨਾਲ ਤਨੁ = ਸਰੀਰ ਵੀ ਹੀਨਾ = ਨਿਰਬਲ ਹੋ ਜਾਂਦਾ ਹੈ ਅਤੇ ਵਿਸ਼ਿਆਂ ਦੀ ਸੰਗਤ ਕਰਕੇ ਮਨ ਵੀ ਗੁਣਾਂ ਤੋਂ ਹੀਨਾ = ਖ਼ਾਲੀ ਹੋ ਜਾਂਦਾ ਹੈ। ਪ੍ਰੇਮੀ ਸੰਤ ਜਨਾਂ ਦੀ ਐਸੀ ਹਾਲਤ ਹੁੰਦੀ ਹੈ ਜਿਉ = ਜਿਵੇਂ ਜਲ = ਪਾਣੀ ਤੋਂ ਬਿਨਾਂ ਮੱਛੀ ਤੜਫ ਤੜਫ ਕੇ ਮਰ ਜਾਂਦੀ ਹੈ। ਇਉਂ ਮਹਾਰਾਜ ਸਾਹਿਬ ਜੀ ਦੇ ਨਾਮ ਤੋਂ ਬਿਨਾਂ ਵਿਛੜ ਕੇ ਤੜਫ ਕੇ ਮਰ ਰਹੇ ਹਨ। ਉਸ ਪਰਮੇਸ਼ਰ ਦੇ ਨਾਮ ਤੋਂ ਭੁੱਲ ਜਾਣਾ ਹੀ ਮਰਨਾ ਹੈ।

ਜਿਵੇਂ ਪਾਰਸ ਨਾਮੇ ਗ੍ਰੰਥ ਵਿਚ ਐਸੇ ਬਚਨ ਆਉਂਦੇ ਹਨ ਕਿ ਮਹਾਤਮਾ ਤੋਂ ਕਿਸੇ ਨੇ ਪੁੱਛਿਆ ਕਿ ਸੰਤ ਜੀ! ਤੁਹਾਡਾ ਕੀ ਹਾਲ ਹੈ? ਤਾਂ ਅੱਗੋਂ ਮਹਾਤਮਾ ਜੀ ਨੇ ਆਖਣਾ ਕੀਤਾ ਕਿ ਮੈਂ ਪਹਿਲੇ ਪਹਿਰ ਵਿਚ ਅੱਜ ਬੇਹੋਸ਼ ਹੋ ਗਿਆ ਸੀ। ਦੂਜੇ ਪਹਿਰ ਵਿਚ ਫੇਰ ਮੌਤ ਹੋ ਗਈ। ਤੀਜੇ ਪਹਿਰ ਵਿਚ ਮੈਨੂੰ ਫੂਕ ਦਿੱਤਾ ਅਤੇ ਫਿਰ ਮੇਰਾ ਬ੍ਰਹਮ ਭੋਗ ਕਰ ਦਿੱਤਾ ਅਤੇ ਦੁਸਹਿਰਾ ਵੀ ਕਰ ਦਿੱਤਾ। ਹੁਣ ਚੌਥੇ ਪਹਿਰ ਮੈਂ ਜਿਊਂਦਾ ਹੋਇਆ ਹਾਂ। ਉਸ ਪ੍ਰੇਮੀ ਨੇ ਪੁੱਛਿਆ ਕਿ ਮੈਨੂੰ ਤੁਹਾਡੀ ਗੱਲ ਸਮਝ ਨਹੀਂ ਆਈ ਤਾਂ ਮਹਾਤਮਾ ਨੇ ਅੰਤਰੀਵ

ਭਾਵ ਵਿਚ ਕਿਹਾ ਕਿ ਮਨੁੱਖ ਦੀ ਜ਼ਿੰਦਗੀ ਦੇ ਚਾਰ ਪਹਿਰ ਹੁੰਦੇ ਹਨ। ਪਹਿਲਾ ਪਹਿਰ ਬਾਲਪਨ ਅਵਸਥਾ ਵਿਚ ਮੈਨੂੰ ਦੁਨੀਆਂਦਾਰ ਮਾਤਾ ਪਿਤਾ ਨੇ ਦੁਨਿਆਵੀ ਗੱਲਾਂ ਵਿਚ ਪਰਮਾਤਮਾ ਵੱਲੋਂ ਭੁਲਾ ਦਿੱਤਾ। ਮੈਨੂੰ ਪਰਮੇਸ਼ਰ ਵੱਲੋਂ ਬੇਹੋਸ਼ੀ ਹੋ ਗਈ। ਜੈਸਾ ਕਿ :

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥** *(ਰਾਮਕਲੀ ਮ: ੩, ਅੰਗ ੯੨੧)*

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥** *(ਸਿਰੀਰਾਗੁ ਮ: ੧, ਅੰਗ ੭੫)*

ਦੂਜਾ ਪਹਿਰ ਜਵਾਨੀ ਦਾ ਸੀ। ਉਸ ਦੇ ਵਿਚ ਵਿਸ਼ੇ-ਵਿਕਾਰਾਂ ਦੀ ਹਨੇਰੀ ਨੇ ਅੰਨ੍ਹਾ ਕਰਕੇ ਵਿਕਾਰਾਂ ਦੇ ਖੂਹ ਵਿਚ ਸਿੱਟ ਕੇ ਮਾਰ ਦਿੱਤਾ। ਤੀਸਰਾ ਅੱਧਖੜ ਉਮਰ ਦੇ ਪਹਿਰ ਸੰਸਾਰ ਦੇ ਵਿਹਾਰਾਂ ਵਿਚ ਦੁਨੀਆਂਦਾਰਾਂ ਦੀ ਸੰਗਤ ਕਰ ਕੇ ਰੂਹਾਨੀ ਜ਼ਿੰਦਗੀ ਨੂੰ ਧੰਦਿਆਂ ਵਿਚ ਸਾੜ ਦਿੱਤਾ। ਹੁਣ ਮੈਨੂੰ ਬੁਢਾਪੇ ਵਿਚ ਚੌਥੇ ਪਹਿਰ ਮਹਾਂਪੁਰਖਾਂ ਦੀ ਸੰਗਤ ਮਿਲੀ ਹੈ, ਜਿਸ ਨੇ ਮੈਨੂੰ ਦੁਬਾਰਾ ਜੀਵਨ ਦਿੱਤਾ ਹੈ। ਜੈਸਾ ਕਿ :

**ਆਖਾ ਜੀਵਾ ਵਿਸਰੈ ਮਰਿ ਜਾਉ ॥** *(ਆਸਾ ਮ: ੧, ਅੰਗ ੯)*

ਇਸ ਪ੍ਰਕਾਰ ਗੁਰਮੁਖ ਜਨਾਂ ਦੇ ਪ੍ਰੇਮ ਦੀ ਗੱਲ ਹੈ। ਜਿਵੇਂ ਜਲ ਤੋਂ ਬਿਨਾਂ ਮੱਛੀ ਮਰ ਜਾਂਦੀ ਹੈ, ਇਉਂ ਅਕਾਲ ਪੁਰਖ ਦੇ ਪਿਆਰਿਆਂ ਦੇ ਦਰਸ਼ਨਾਂ ਰੂਪ ਜਲ ਤੋਂ ਬਿਨਾਂ ਜੀਵ ਰੂਪੀ ਮੱਛੀ ਮਰ ਜਾਂਦੀ ਹੈ।

## ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ; ਗੁਣ ਸਾਧਸੰਗਿ ਮਿਲਿ ਗਾਵਏ ॥

ਮੇਰੇ ਪ੍ਰਾਣਾਂ ਦੇ ਅਧਾਰੇ = ਆਸਰੇ ਪਿਆਰੇ ਅਕਾਲ ਪੁਰਖ ਪਰਮੇਸ਼ਰ ਜੀ ਆਪ ਕਿਰਪਾ ਕਰਕੇ ਸਾਨੂੰ ਮਿਲ = ਮਿਲਣਾ ਕਰੋ। 'ਤੇ ਐਸੀ ਕਿਰਪਾ ਕਰੋ ਕਿ ਤੁਹਾਡੀ ਸਾਧ ਸੰਗਤ ਵਿਚ ਮਿਲ ਕੇ ਸ਼ੁਭ ਗੁਣਾਂ ਨੂੰ ਗਾਵਏ = ਗਾਉਣਾ ਕਰੀਏ।

## ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ; ਮਨਿ ਤਨਿ ਅੰਕਿ ਸਮਾਵਏ ॥੧॥

ਗੁਰੂ ਸਾਹਿਬ ਜੀ ਕਥਨ ਹਨ ਕਿ ਸਾਡੇ ਜਨਾਂ ਦੇ ਆਸਰਾ ਰੂਪ ਹੇ ਸੁਆਮੀ ਅਕਾਲ ਪੁਰਖ ਪਰਮੇਸ਼ਰ ! ਸਾਡੇ ਉੱਤੇ ਅਨੁਗ੍ਰਹੁ = ਕਿਰਪਾ ਦ੍ਰਿਸ਼ਟੀ ਧਾਰਨ ਕਰੋ। ਮਨ ਅਤੇ ਤਨ ਕਰਕੇ ਅੰਤਹਕਰਣ ਦਾ ਬਣਿਆ ਹੋਇਆ ਅਭਿਮਾਨ ਮਿਟ ਜਾਵੇ ਅਤੇ ਤਨ, ਮਨ ਕਰਕੇ ਅਸੀਂ ਤੇਰੇ ਅੰਕਿ = ਸਰੂਪ ਵਿਚ ਸਮਾਵਏ = ਸਮਾਅ ਜਾਈਏ। ਭਾਵ ਅਭੇਦ ਹੋ ਜਾਈਏ॥੧॥ ਜੈਸਾ ਕਿ :

**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥** *(ਰਾਮਕਲੀ ਮ: ੧, ਅੰਗ ੯੪੧)*

ਤਥਾ : **ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇ ਰੇ ॥** *(ਗੋਂਡ ਬਾਣੀ ਕਬੀਰ ਜੀ, ਅੰਗ ੮੭੦)*

## ਡਖਣਾ ॥ ਸੋਹੰਦੜੋ ਹਭ ਠਾਇ; ਕੋਇ ਨ ਦਿਸੈ ਡੂਜੜੋ ॥

ਐਸੇ ਸੰਤ ਜਨਾਂ ਨੂੰ ਉਹ ਪਰਮੇਸ਼ਰ ਹਭ = ਸਾਰਿਆਂ ਠਾਇ = ਥਾਵਾਂ ਭਾਵ ਹਿਰਦਿਆਂ, ਖਾਣੀਆਂ, ਖੰਡਾਂ ਬ੍ਰਹਿਮੰਡਾਂ ਵਿਚ ਵਾਹਿਗੁਰੂ ਜੋਤਿ ਭਾਵ ਪ੍ਰਕਾਸ਼ ਕਰਕੇ ਸੋਹੰਦੜੋ = ਸ਼ੋਭਨੀਕ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਉਸ ਪਰਮੇਸ਼ਰ ਵਾਹਿਗੁਰੂ ਤੋਂ ਬਿਨਾਂ ਹੋਰ ਕੋਇ = ਕੋਈ ਡੂਜੜੋ = ਦੂਜਾ ਨਹੀਂ ਦਿਸੈ = ਦਿਸਦਾ, ਕਿਉਂਕਿ :

## ਖੁਲੑੜੇ ਕਪਾਟ; ਨਾਨਕ ਸਤਿਗੁਰ ਭੇਟਤੇ ॥੧॥

ਸਤਿਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਭੇਟਤੇ = ਮਿਲਣ ਕਰਕੇ ਉਨ੍ਹਾਂ ਦੇ ਪੰਜਾਂ ਕੋਸ਼ਾਂ ਦੇ ਕਪਾਟ = ਤਖ਼ਤੇ **ਵਾ:** ਆਸਾ ਅੰਦੇਸਾ ਦੇ ਦਰਵਾਜ਼ੇ ਖੁਲੑੜੇ = ਖੁੱਲ੍ਹ ਗਏ ਹਨ ॥੧॥

## ਛੰਤੁ ॥ ਤੇਰੇ ਬਚਨ ਅਨੂਪ ਅਪਾਰ, ਸੰਤਨ ਆਧਾਰ; ਬਾਣੀ ਬੀਚਾਰੀਐ ਜੀਉ ॥

ਹੇ ਕਰਤਾ ਪੁਰਖ ਜੀ ! ਤੇਰੇ ਵੇਦ, ਸ਼ਾਸਤ੍ਰ, ਸੁਰਤੀ ਸਿਮਰਤੀ ਰੂਪ **ਵਾ:** ਗੁਰਾਂ ਦੀ ਬਾਣੀ ਰੂਪ ਬਚਨ = ਵਾਕ ਅਨੂਪ = ਉਪਮਾ ਤੋਂ ਰਹਿਤ ਤੇ ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਕਰਨ ਵਾਲੇ ਹਨ, ਉਹ ਬਚਨ ਸੰਤਨ = ਸੰਤ ਜਨਾਂ ਦਾ ਆਧਾਰ = ਆਸਰਾ ਰੂਪ ਹਨ ਇਸੇ ਕਰਕੇ ਸੰਤ ਜਨ ਉਸੇ ਬਾਣੀ ਦਾ ਬੀਚਾਰੀਐ = ਵੀਚਾਰ ਕਰਦੇ ਰਹਿੰਦੇ ਹਨ।

## ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ; ਕਿਉ ਮਨਹੁ ਬਿਸਾਰੀਐ ਜੀਉ ॥

ਹੇ ਪਰਮੇਸ਼ਰ ! ਉਹ ਪੂਰਨ ਬਿਸੁਆਸ = ਭਰੋਸਾ ਧਾਰ ਕੇ ਸਾਸ = ਸੁਆਸ ਲੈਂਦਿਆਂ ਗਿਰਾਸ = ਭੋਜਨ ਖਾਂਦਿਆਂ **ਵਾ:** ਹਰੇਕ ਸੁਆਸ ਨਾਲ ਤੇਰਾ ਨਾਮ ਸਿਮਰਤ = ਸਿਮਰਦੇ ਰਹਿੰਦੇ ਹਨ, ਇਸ ਕਰਕੇ ਉਹ ਸੰਤ ਜਨ ਤੇਰੇ ਨਾਮ ਨੂੰ ਕਿਉ = ਕਿਵੇਂ ਮਨ ਵਿੱਚੋਂ ਬਿਸਾਰੀਐ = ਭੁਲਾ ਸਕਦੇ ਹਨ **ਵਾ:** ਅਸੀਂ ਉਨ੍ਹਾਂ ਸੰਤ ਜਨਾਂ ਨੂੰ ਮਨ ਵਿੱਚੋਂ ਕਿਵੇਂ ਭੁਲਾ ਸਕਦੇ ਹਾਂ ਭਾਵ ਨਹੀਂ ਭੁਲਾ ਸਕਦੇ।

## ਕਿਉ ਮਨਹੁ ਬੇਸਾਰੀਐ, ਨਿਮਖ ਨਹੀ ਟਾਰੀਐ; ਗੁਣਵੰਤ ਪ੍ਰਾਨ ਹਮਾਰੇ ॥

ਉਹ ਸੰਤ ਜਨ ਮਨ ਵਿੱਚੋਂ ਪਰਮੇਸ਼ਰ ਨੂੰ ਕਿਉ = ਕਿਵੇਂ ਭੁਲਾ ਸਕਦੇ ਹਨ, ਉਹ ਤਾਂ ਇਕ ਨਿਮਖ = ਛਿਨ ਮਾਤਰ ਵੀ ਨਾਮ ਸਿਮਰਨ ਵੱਲੋਂ ਚਿਤ ਨੂੰ ਟਾਰੀਐ = ਟਾਲਦੇ ਨਹੀਂ, ਸਗੋਂ ਉਹ ਤਾਂ ਇਉਂ ਕਹਿੰਦੇ ਹਨ ਕਿ ਗੁਣਵੰਤ = ਗੁਣਾਂ ਵਾਲਾ ਪਰਮੇਸ਼ਰ ਹਮਾਰੇ = ਸਾਡੇ ਪ੍ਰਾਣਾਂ ਦਾ ਆਸਰਾ ਰੂਪ ਹੈ ਅਤੇ ਉਨ੍ਹਾਂ ਨੂੰ ਇਹ ਨਿਸਚਾ ਹੋ ਜਾਂਦਾ ਹੈ ਕਿ :

## ਮਨ ਬਾਂਛਤ ਫਲ ਦੇਤ ਹੈ ਸੁਆਮੀ; ਜੀਅ ਕੀ ਬਿਰਥਾ ਸਾਰੇ ॥

ਸੁਆਮੀ = ਅਕਾਲ ਪੁਰਖ ਮਾਲਕ ਮਨ ਬਾਂਛਤ = ਮਨ ਭਾਉਂਦੇ ਧਰਮ, ਅਰਥ, ਕਾਮ, ਮੋਖ ਆਦਿ ਸਾਰੇ ਫਲ ਦੇਤ = ਦੇਣ ਵਾਲਾ ਹੈ। ਅਤੇ ਜੀਅ = ਜੀਵਾਂ ਦੀ ਬਿਰਥਾ = ਪੀੜਾ ਨੂੰ ਆਪ ਹੀ ਸਾਰੇ = ਸੰਭਾਲਦਾ ਭਾਵ ਸਾਰ ਲੈਂਦਾ ਹੈ **ਵਾ:** ਜਿਹੋ ਜਿਹੀ ਕਿਸੇ ਦੀ ਬਿਰਥਾ = ਪੀੜਾ ਹੈ, ਉਹ ਉਸ ਨੂੰ ਅਤੇ ਉਸ ਦੇ ਸਾਰੇ ਕੰਮਾਂ ਨੂੰ ਆਪਣੀ ਕਿਰਪਾ ਕਰਕੇ ਆਪ ਹੀ ਸੰਭਾਲਦਾ ਹੈ।

## ਅਨਾਥ ਕੇ ਨਾਥੇ, ਸ੍ਰਬ ਕੈ ਸਾਥੇ; ਜਪਿ ਜੂਐ ਜਨਮੁ ਨ ਹਾਰੀਐ ॥

ਉਹ ਅਨਾਥ = ਯਤੀਮਾਂ ਦੇ ਜਿਨ੍ਹਾਂ ਦਾ ਕੋਈ ਵੀ ਨਹੀਂ ਹੁੰਦਾ, ਉਨ੍ਹਾਂ ਦਾ ਨਾਥ = ਮਾਲਕ ਹੈ ਅਤੇ ਉਨ੍ਹਾਂ ਸ੍ਰਬ = ਸਾਰਿਆਂ ਕੈ = ਦੇ ਸਦਾ ਹੀ ਸਾਥੇ = ਸਾਥ ਰਹਿਣ ਵਾਲਾ ਹੈ। ਜੈਸਾ ਕਿ :

**ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥** *(ਸ੍ਰੀ ਦਸਮ ਗ੍ਰੰਥ, ਪੰਨਾ ੧੦)*

ਇਸ ਅਮੋਲਕ ਮਨੁੱਖਾ ਜਨਮ ਨੂੰ ਸ਼ਬਦ ਸਪਰਸ਼ ਰੂਪ ਰਸ, ਗੰਧ ਆਦਿ ਵਿਸ਼ਿਆਂ ਰੂਪੀ **ਵਾ:** ਸੰਸਾਰ ਰੂਪੀ ਜੂਏ ਵਿਚ ਨਾ ਹਾਰੀਐ = ਹਾਰੀਏ ਭਾਵ ਵਿਸ਼ਿਆਂ ਵਿਚ ਲੱਗ ਕੇ ਵਿਅਰਥ ਨਾ ਗਵਾਈਏ।

## ਨਾਨਕ ਕੀ ਬੇਨੰਤੀ ਪ੍ਰਭ ਪਹਿ; ਕ੍ਰਿਪਾ ਕਰਿ ਭਵਜਲੁ ਤਾਰੀਐ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪ੍ਰਭ = ਅਕਾਲ ਪੁਰਖ ਜੀ ! ਸਾਡੀ ਦਾਸਰਿਆਂ ਕੀ = ਦੀ ਤਾਂ ਤੁਹਾਡੇ ਪਹਿ = ਪਾਸ ਹੀ ਬੇਨੰਤੀ = ਅਰਦਾਸ ਹੈ। ਜੈਸਾ ਕਿ :

**ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥**
**ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸੇ ॥੨॥**

*(ਸੂਹੀ ਮ: ੪ ਘਰੁ ੭, ਅੰਗ ੭੩੫)*

ਆਪ ਹੀ ਆਪਣੇ ਪਿਆਰਿਆਂ ਨੂੰ ਕਿਰਪਾ ਕਰਕੇ ਭਵਜਲੁ = ਸੰਸਾਰ ਸਮੁੰਦਰ ਤੋਂ ਤਾਰੀਐ = ਤਾਰ ਲੈਣਾ ਕਰੋ ॥੨॥

## ਡਖਣਾ ॥ ਧੂੜੀ ਮਜਨੁ, ਸਾਧ ਖੇ; ਸਾਈ ਥੀਏ ਕ੍ਰਿਪਾਲ ॥

(**ਸਾਂਈ** ਬੋਲੋ)

ਜਦੋਂ ਸਾਈ = ਮਾਲਕ ਪਰਮੇਸ਼ਰ ਕ੍ਰਿਪਾਲ = ਦਇਆਲੂ ਥੀਏ = ਹੁੰਦਾ ਹੈ ਤਾਂ ਸਾਧ = ਸ੍ਰੇਸ਼ਟ ਜਨਾਂ ਦੇ ਚਰਨਾਂ ਖੇ = ਦੀ ਧੂੜੀ ਵਿਚ ਮਜਨੁ = ਇਸ਼ਨਾਨ ਹੁੰਦਾ ਹੈ **ਵਾ:** ਜੇ ਸਾਧੂਆਂ ਦੀ ਚਰਨ ਧੂੜੀ ਵਿਚ ਇਸ਼ਨਾਨ ਕੀਤਾ ਜਾਵੇ ਤਾਂ ਮਾਲਕ ਪਰਮੇਸ਼ਰ ਕ੍ਰਿਪਾਲੂ ਹੁੰਦਾ ਹੈ **ਅਥਵਾ** ਸੰਤਾਂ ਦੀ ਅਤੇ ਸਾਧ ਸੰਗਤ ਦੀ ਜੋ ਧੂੜ ਹੈ, ਉਹ ਮਜਨੁ = ਇਸ਼ਨਾਨ ਦਾ ਪੁਰਬ ਲੱਗਾ ਹੋਇਆ ਹੈ। ਜਿਸ ਪ੍ਰਕਾਰ ੧੨ ਸਾਲ ਬਾਅਦ ਹਰਿਦੁਆਰ, ਪਰਾਗ ਰਾਜ, ਉਜੈਨ ਆਦਿ ਦਾ ਕੁੰਭ ਲੱਗਦਾ ਹੈ। ਸਾਧ-ਸੰਗਤ ਦੀ ਧੂੜ ਖੇ = ਵਿਖੇ ਮਜਨੁ = ਪੁਰਬ ਦਾ ਇਸ਼ਨਾਨ ਹੈ। ਜੈਸਾ ਕਿ ਭਾਈ ਗੁਰਦਾਸ ਜੀ ਵੀ ਇਸ ਪ੍ਰਕਾਰ ਕਥਨ ਕਰਦੇ ਹਨ। ਯਥਾ :

**ਤਪੜ ਝਾੜਿ ਵਿਛਾਇ ਧੂੜੀ ਨਾਇਆ।** *(ਭਾਈ ਗੁਰਦਾਸ ਜੀ, ਵਾਰ ੨੦, ਪਉੜੀ ੧੦)*

ਸਾਧਸੰਗਤ ਦੇ ਬੈਠਣ ਵਾਲੇ ਤੱਪੜ ਝਾੜਨੇ ਧੂੜੀ ਵਿਚ ਇਸ਼ਨਾਨ ਕਰਨਾ ਹੈ। ਸੰਗਤਾਂ ਵਾਲੀ ਥਾਂ 'ਤੇ ਝਾੜੂ ਲਾਉਣਾ, ਪ੍ਰਕਾਸ਼ ਵਾਲੀ ਥਾਂ 'ਤੇ ਝਾੜੂ ਲਾਉਣਾ, ਇਸ ਨੂੰ ਭਾਈ ਸਾਹਿਬ ਜੀ ਨੇ ਸੁਤੇ-ਸਿੱਧ ਇਸ਼ਨਾਨ ਦੱਸਿਆ ਹੈ। ਇਸ ਪ੍ਰਕਾਰ ਜਿਨ੍ਹਾਂ ਨੂੰ ਸਾਧਸੰਗਤ ਦੀ ਧੂੜੀ ਖੇ = ਵਿਖੇ ਮਜਨੁ = ਪੁਰਬ ਦਾ ਇਸ਼ਨਾਨ ਪ੍ਰਾਪਤ ਹੋਇਆ ਹੈ, ਉਨ੍ਹਾਂ ਉੱਤੇ ਸਾਈ = ਪ੍ਰਭੂ ਮਾਲਕ ਕ੍ਰਿਪਾਲ = ਕਿਰਪਾਲੂ ਭਾਵ ਦਇਆਲ ਹੋਇਆ ਹੈ।

## ਲਧੇ ਹਭੇ ਥੋਕੜੇ; ਨਾਨਕ ਹਰਿ ਧਨੁ ਮਾਲ ॥੧॥

(**ਲੱਧੇ** ਦਾ ਉਚਾਰਣ ਅੱਧਕ ਸਹਿਤ ਹੈ)

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੂੰ ਹਰਿ = ਪਰਮੇਸ਼ਰ ਦਾ ਨਾਮ ਰੂਪੀ ਧਨ, ਸ੍ਰਵਣ ਰੂਪੀ ਘੋੜੇ, ਮੰਨਣ ਰੂਪੀ ਰਥ ਤੇ ਨਿਧਿਆਸਣ ਰੂਪੀ ਹਾਥੀ ਆਦਿ ਮਾਲ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਹਭੇ = ਸਾਰੇ ਧਰਮ, ਅਰਥ, ਕਾਮ, ਮੋਖ ਆਦਿ ਥੋਕੜੇ = ਪਦਾਰਥ ਵੀ ਲਧੇ = ਲੱਭ ਜਾਂਦੇ ਹਨ ॥੧॥

## ਛੰਤੁ ॥
## ਸੁੰਦਰ ਸੁਆਮੀ ਧਾਮ, ਭਗਤਹ ਬਿਸ੍ਰਾਮ; ਆਸਾ ਲਗਿ ਜੀਵਤੇ ਜੀਉ ॥

ਸੁਆਮੀ = ਮਾਲਕ ਪਰਮੇਸ਼ਰ ਦਾ ਸੁੰਦਰ = ਸੋਹਣਾ ਸੰਗਤ ਰੂਪੀ, ਸਚਖੰਡ ਰੂਪ ਧਾਮ = ਘਰ ਹੈ। ਉਸ ਘਰ ਵਿਚ ਭਗਤ ਜਨ ਬਿਸ੍ਰਾਮ = ਇਸਥਿਤੀ ਪਾਉਂਦੇ ਹਨ ਅਤੇ ਉਸੇ ਪਰਮੇਸ਼ਰ ਦੀ ਹੀ ਆਸਾ ਵਿਚ ਲੱਗ ਕਰਕੇ ਜੀਵਤੇ = ਜਿਉਂਦੇ ਹਨ ਕਿ ਸਾਨੂੰ ਉਸ ਪ੍ਰਭੂ ਦੀ ਪ੍ਰਾਪਤੀ ਹੋਵੇਗੀ।

[ਅੰਗ ੮੧]

## ਮਨਿ ਤਨੇ ਗਲਤਾਨ, ਸਿਮਰਤ ਪ੍ਰਭ ਨਾਮ; ਹਰਿ ਅੰਮ੍ਰਿਤੁ ਪੀਵਤੇ ਜੀਉ ॥

ਭਗਤ ਜਨ ਹਰੀ ਪਰਮੇਸ਼ਰ ਦੇ ਨਾਲ ਸਿਮਰਤ = ਸਿਮਰਨ ਵਿਚ ਬਿਰਤੀ ਜੋੜ ਕੇ ਮਨ ਅਤੇ ਤਨ

ਕਰਕੇ ਗਲਤਾਨ = ਮਸਤ ਭਾਵ ਮਸਤਾਨੇ ਰਹਿੰਦੇ ਹਨ **ਵਾ:** ਮਨ ਤਨ ਕਰਕੇ ਗਲਤਾਨ = ਮਸਤ ਹੋ ਕੇ ਪਰਮੇਸ਼ਰ ਦੇ ਨਾਮ ਨੂੰ ਸਿਮਰਦੇ ਹਨ ਅਤੇ ਹਰੀ ਦੇ ਨਾਮ ਰੂਪੀ ਅੰਮ੍ਰਿਤ ਨੂੰ ਪੀਵਤੇ = ਪੀਂਦੇ ਹਨ ਜੀ।

## ਅੰਮ੍ਰਿਤੁ ਹਰਿ ਪੀਵਤੇ, ਸਦਾ ਥਿਰੁ ਥੀਵਤੇ; ਬਿਖੈ ਬਨੁ ਫੀਕਾ ਜਾਨਿਆ ॥

ਉਹ ਹਰਿ = ਹਰੀ ਪਰਮੇਸ਼ਰ ਦੇ ਅੰਮ੍ਰਿਤ ਰੂਪੀ ਨਾਮ ਨੂੰ ਪੀਵਤੇ = ਪੀਂਦੇ ਹਨ ਅਤੇ ਬ੍ਰਹਮ ਰੂਪ ਵਿਚ ਸਦਾ = ਹਮੇਸ਼ਾ ਥਿਰੁ = ਇਸਥਿਤ ਥੀਵਤੇ = ਹੁੰਦੇ ਹਨ। ਉਨ੍ਹਾਂ ਨੇ ਬਿਖੈ = ਵਿਸ਼ਿਆਂ ਦੇ ਬਨੁ = ਪਾਣੀ ਨੂੰ ਫੀਕਾ = ਨਿਰਸ ਭਾਵ ਫਿੱਕਾ ਜਾਨਿਆ = ਸਮਝਿਆ ਹੈ। ਜੈਸਾ ਕਿ :

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥** *(ਬਿਲਾਵਲੁ ਮ: ੫, ਅੰਗ ੮੦੨)*

## ਭਏ ਕਿਰਪਾਲ ਗੋਪਾਲ ਪ੍ਰਭ ਮੇਰੇ; ਸਾਧਸੰਗਤਿ ਨਿਧਿ ਮਾਨਿਆ ॥

ਜਿਨ੍ਹਾਂ ਉੱਤੇ ਮੇਰੇ ਪ੍ਰਭ = ਸੁਆਮੀ ਮਾਲਕ ਗੋਪਾਲ = ਪਰਮੇਸ਼ਰ ਜੀ ਕਿਰਪਾਲ = ਕ੍ਰਿਪਾਲੂ ਭਏ = ਹੋਏ ਹਨ, ਉਨ੍ਹਾਂ ਨੇ ਸਾਧਸੰਗਤ ਵਿੱਚੋਂ ਪਰਮੇਸ਼ਰ ਦੇ ਨਾਮ ਰੂਪੀ ਨਿਧਿ = ਖ਼ਜ਼ਾਨੇ ਦੇ ਸੁਖ ਨੂੰ ਮਾਨਿਆ = ਮਾਣ ਲਿਆ ਹੈ **ਵਾ:** ਉਨ੍ਹਾਂ ਨੇ ਸਾਧਸੰਗਤ ਨੂੰ ਸੁਖਾਂ ਦੀ ਨਿਧੀ ਕਰਕੇ ਮੰਨਿਆ ਹੈ।

## ਸਰਬਸੋ ਸੂਖ, ਆਨੰਦ ਘਨ ਪਿਆਰੇ; ਹਰਿ ਰਤਨੁ ਮਨ ਅੰਤਰਿ ਸੀਵਤੇ ॥

ਹੇ ਪਿਆਰੇ ! ਉਨ੍ਹਾਂ ਭਗਤਾਂ ਨੂੰ ਬੈਕੁੰਠ ਦੀਆਂ ਮੁਕਤੀਆਂ, ਜੀਵਨ ਮੁਕਤੀ ਦੇ ਆਦਿ ਸਰਬਸੋ = ਸਾਰੇ ਸੂਖ = ਸੁਖ ਤੇ ਘਨਾ = ਬਹੁਤਾ ਅਨੰਦ ਭਾਵ ਬ੍ਰਹਮਾਨੰਦ ਪ੍ਰਾਪਤ ਹੋਇਆ ਹੈ ਕਿਉਂਕਿ ਉਨ੍ਹਾਂ ਨੇ ਹਰੀ ਪਰਮੇਸ਼ਰ ਦੇ ਨਾਮ ਰੂਪੀ ਰਤਨ ਨੂੰ ਹਿਰਦੇ ਅੰਤਰਿ = ਵਿਚ ਧਾਰਨ ਕਰ ਕੇ ਬ੍ਰਹਮਾਕਾਰ ਬਿਰਤੀ ਰੂਪੀ ਸੂਈ ਨਾਲ ਮਹਾਂਵਾਕ ਰੂਪੀ ਧਾਗੇ ਦੁਆਰਾ ਮਨ ਰੂਪੀ ਬਸਤਰ ਨੂੰ ਸੀਵਤੇ = ਸਿਉਂ ਲਿਆ ਹੈ **ਵਾ:** ਹਰੀ ਨਾਮ ਰੂਪੀ ਰਤਨ ਨੂੰ ਹਿਰਦੇ ਵਿਚ ਧਾਰਨ ਕਰ ਕੇ ਵੀਚਾਰ ਰੂਪੀ ਸੂਈ ਦੁਆਰਾ ਮਨ ਰੂਪੀ ਬਸਤਰ ਨੂੰ ਸਿਉਂ ਕੇ ਸਾਧਸੰਗਤ ਰੂਪੀ ਚੋਲੇ ਦਾ ਰੂਪ ਦੇ ਦਿੱਤਾ ਹੈ।

## ਇਕੁ ਤਿਲੁ ਨਹੀ ਵਿਸਰੈ, ਪ੍ਰਾਨ ਆਧਾਰਾ;
## ਜਪਿ ਜਪਿ ਨਾਨਕ ਜੀਵਤੇ ॥੩॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਭਗਤ ਜਨਾਂ ਨੂੰ ਪ੍ਰਾਣਾਂ ਦਾ ਆਧਾਰਾ = ਆਸਰਾ ਰੂਪ ਪਰਮੇਸ਼ਰ ਇਕ ਤਿਲੁ = ਥੋੜ੍ਹੇ ਮਾਤਰ ਵੀ ਵਿਸਰੈ = ਭੁੱਲਦਾ ਨਹੀਂ। ਉਹ ਭਗਤ ਜਨ ਤਾਂ ਪਰਮੇਸ਼ਰ ਵਾਹਿਗੁਰੂ ਦੇ ਨਾਮ ਨੂੰ ਜਪ ਜਪ ਕੇ ਜੀਵਤੇ = ਜਿਉਂਦੇ ਹਨ ॥੩॥

## ਡਖਣਾ ॥ ਜੋ ਤਉ ਕੀਨੇ ਆਪਣੇ; ਤਿਨਾ ਕੂੰ ਮਿਲਿਓਹਿ ॥

ਹੇ ਪ੍ਰਭੂ ! ਜੋ = ਜਿਹੜੇ ਤਉ = ਤੁਸੀਂ ਆਪਣੇ ਸੇਵਕ ਬਣਾਉਣਾ ਕੀਨੇ = ਕੀਤੇ ਹਨ। ਤਿਨਾ = ਉਨ੍ਹਾਂ ਕੂੰ = ਨੂੰ ਸਰੂਪ ਧਾਰ ਕੇ, ਅਵਤਾਰ ਧਾਰ ਕੇ ਆਪ ਹੀ ਮਿਲਿਓਹਿ = ਮਿਲ ਪਿਆ ਹੈਂ ਭਾਵ ਦਰਸ਼ਨ ਦੇਣਾ ਕਰਦਾ ਹੈਂ।

## ਆਪੇ ਹੀ ਆਪਿ ਮੋਹਿਓਹੁ; ਜਸੁ ਨਾਨਕ ਆਪਿ ਸੁਣਿਓਹਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਕੋਲੋਂ ਆਪਿ = ਆਪਣਾ ਜੱਸ ਸੁਣਿਓਹਿ = ਸੁਣ ਕੇ ਤੂੰ ਆਪੇ ਆਪ ਹੀ ਮੋਹਿਓਹੁ = ਮੋਹਿਆ ਗਿਆ ਹੈਂ ॥੧॥

## ਛੰਤੁ ॥

## ਪ੍ਰੇਮ ਠਗਉਰੀ ਪਾਇ, ਰੀਝਾਇ; ਗੋਬਿੰਦ ਮਨੁ ਮੋਹਿਆ ਜੀਉ ॥

ਜਿਨ੍ਹਾਂ ਨੇ ਪ੍ਰੇਮ ਰੂਪੀ ਠਗਉਰੀ = ਠੱਗ ਬੂਟੀ ਪਾਇ = ਪਾ ਕੇ ਪਰਮੇਸ਼ਰ ਨੂੰ ਰੀਝਾਇ = ਪ੍ਰਸੰਨ ਕਰ ਲਿਆ ਹੈ, ਉਨ੍ਹਾਂ ਦੀ ਪ੍ਰੇਮਾ-ਭਗਤੀ ਵੇਖ ਕੇ ਪਰਮੇਸ਼ਰ ਦਾ ਮਨ ਵੀ ਮੋਹਿਤ ਹੋ ਗਿਆ ਹੈ **ਵਾ:** ਉਨ੍ਹਾਂ ਨੇ ਗੋਬਿੰਦ = ਗਿਆਨ ਕਰਕੇ ਪ੍ਰਾਪਤ ਹੋਣੇ ਯੋਗ ਪਰਮੇਸ਼ਰ ਦੀ ਪ੍ਰੇਮਾ-ਭਗਤੀ ਵਿਚ ਆਪਣਾ ਮਨ ਮੋਹਿਤ ਕਰ ਲਿਆ ਹੈ।

## ਸੰਤਨ ਕੈ ਪਰਸਾਦਿ, ਅਗਾਧਿ; ਕੰਠੇ ਲਗਿ ਸੋਹਿਆ ਜੀਉ ॥

ਉਹੋ ਹੀ ਸੰਤਨ = ਸੰਤਾਂ ਦੀ ਕੈ ਪਰਸਾਦਿ = ਕਿਰਪਾ ਕਰਕੇ ਅਗਾਧਿ = ਬੇਅੰਤ ਪ੍ਰਭੂ ਦੇ ਅਭੇਦ ਨਿਸਚੇ ਰੂਪੀ ਕੰਠੇ = ਗਲ ਨਾਲ ਲਗ ਕੇ ਸੋਹਿਆ = ਸ਼ੋਭਨੀਕ ਹੋਏ ਹਨ ਜੀ।

## ਹਰਿ ਕੰਠਿ ਲਗਿ ਸੋਹਿਆ, ਦੋਖ ਸਭਿ ਜੋਹਿਆ;
## ਭਗਤਿ ਲਖ੍ਹਣ ਕਰਿ ਵਸਿ ਭਏ ॥

(**ਲਖਣ** ਦਾ ਉਚਾਰਣ **ਲਖਿਅਣ** ਹੈ)

ਜੋ ਹਰਿ = ਹਰੀ ਪਰਮੇਸ਼ਰ ਦੇ ਅਭੇਦ ਨਿਸਚੇ ਰੂਪ ਕੰਠਿ = ਗਲ ਨਾਲ ਲਗਿ = ਲੱਗ ਕੇ ਸੋਹਿਆ = ਸ਼ੋਭਨੀਕ ਹੋਏ ਹਨ ਉਹਨਾਂ ਨੇ ਆਪਣੇ ਅੰਦਰੋਂ ਸਭਿ = ਸਾਰੇ ਦੋਖ = ਦੋਸ਼ਾਂ ਨੂੰ ਜੋਹਿਆ = ਤਾੜਨਾ ਕੀਤਾ ਹੈ ਅਤੇ ਉਨ੍ਹਾਂ ਦੇ ਭਗਤਿ = ਭਗਤੀ ਰੂਪੀ ਲਖ੍ਹਣ = ਲੱਛਣਾਂ ਕਰਿ = ਕਰਕੇ ਹੀ ਪਰਮੇਸ਼ਰ ਜੀ ਵਸਿ = ਅਧੀਨ ਭਏ = ਹੋਏ ਹਨ।

## ਮਨਿ ਸਰਬ ਸੁਖ ਵੁਠੇ, ਗੋਵਿਦ ਤੁਠੇ; ਜਨਮ ਮਰਣਾ ਸਭਿ ਮਿਟਿ ਗਏ ॥

ਗੋਵਿਦ = ਪਰਮੇਸ਼ਰ ਵਾਹਿਗੁਰੂ ਦੀ ਤੁਠੇ = ਪ੍ਰਸੰਨਤਾ ਕਰਕੇ ਮਨ ਵਿਚ ਬ੍ਰਹਮਾ ਦੇ ਦਰਜੇ ਤੱਕ ਅਤੇ ਹੋਰ ਦਰਜੇ ਦੇ ਜਿੰਨੇ ਵੀ ਸਰਬ = ਸਾਰੇ ਸੁੱਖ ਹਨ, ਉਹ ਉਨ੍ਹਾਂ ਦੇ ਹਿਰਦੇ ਅੰਦਰ ਵੁਠੇ = ਵਸ ਗਏ ਹਨ ਅਤੇ ਉਨ੍ਹਾਂ ਦੇ ਜੰਮਣ ਮਰਣ ਆਦਿ ਸਭਿ = ਸਾਰੇ ਦੁੱਖ ਮਿਟਿ = ਖ਼ਤਮ ਭਾਵ ਨਸ਼ਟ ਹੋ ਗਏ ਹਨ।

## ਸਖੀ ਮੰਗਲੋ ਗਾਇਆ, ਇਛ ਪੁਜਾਇਆ; ਬਹੁੜਿ ਨ ਮਾਇਆ ਹੋਹਿਆ ॥

ਜਿਨ੍ਹਾਂ ਮਹਾਤਮਾ ਰੂਪ ਸਖੀਆਂ ਨਾਲ ਮਿਲ ਕੇ ਪਰਮੇਸ਼ਰ ਵਾਹਿਗੁਰੂ ਦੇ ਮੰਗਲੋ = ਜਸ ਭਾਵ ਵਡਿਆਈ ਨੂੰ ਗਾਇਆ = ਗਾਉਣਾ ਕੀਤਾ ਹੈ, ਉਨ੍ਹਾਂ ਦੀਆਂ ਸਾਰੀਆਂ ਇਛ = ਇੱਛਾਵਾਂ ਪੁਜਾਇਆ = ਪੂਰੀਆਂ ਹੋ ਗਈਆਂ ਹਨ, ਜਿਸ ਕਰਕੇ ਉਨ੍ਹਾਂ ਨੂੰ ਬਹੁੜਿ = ਦੁਬਾਰਾ ਮਾਇਆ ਦੇ ਹੋਹਿਆ = ਧੱਕੇ ਨਹੀਂ ਪੈਣਗੇ। ਜਿਸ ਪ੍ਰਕਾਰ ਸਮੁੰਦਰ ਵਿਚ ਤੂਫ਼ਾਨ ਆ ਜਾਣ ਕਾਰਨ ਲਹਿਰਾਂ ਉੱਠਦੀਆਂ ਹਨ, ਪਾਣੀ ਧੱਕੇ ਮਾਰਦਾ ਹੈ। ਉਨ੍ਹਾਂ ਧੱਕਿਆਂ ਦੇ ਕਾਰਨ ਜਹਾਜ਼ ਡੁੱਬ ਜਾਂਦੇ ਹਨ। ਪਰ ਸ਼ੁਭ ਗੁਣਾਂ ਦੀ ਪੂੰਜੀ ਵਾਲਾ ਨਾਮ ਰੂਪੀ ਜਹਾਜ਼ ਜਿਸ ਨੂੰ ਚਲਾਉਣ ਲਈ ਸਤਿਗੁਰੂ ਆਪ ਬੈਠੇ ਹਨ, ਉਹ ਆਪਣੀ ਬਖ਼ਸ਼ਿਸ਼ ਦੁਆਰਾ ਮਾਇਆ ਦੇ ਧੱਕੇ ਨਹੀਂ ਪੈਣ ਦੇਣਗੇ।

## ਕਰੁ ਗਹਿ ਲੀਨੇ, ਨਾਨਕ ਪ੍ਰਭ ਪਿਆਰੇ; ਸੰਸਾਰੁ ਸਾਗਰੁ ਨਹੀ ਪੋਹਿਆ ॥੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪ੍ਰਭੂ ਪਿਆਰੇ ਨੇ ਜਿਨ੍ਹਾਂ ਦੇ ਮਨ ਰੂਪੀ ਹੱਥ ਨੂੰ ਗਹਿ = ਪਕੜ ਕੇ ਆਪਣੇ ਵਿਚ ਲੀਨੇ = ਲੀਨ ਕਰ ਲਿਆ ਹੈ। ਫਿਰ ਉਨ੍ਹਾਂ ਨੂੰ ਸੰਸਾਰ ਸਾਗਰੁ = ਸਮੁੰਦਰ ਦਾ ਕੋਈ ਵੀ ਦੁੱਖ ਪੋਹਿਆ = ਪੋਂਹਦਾ ਨਹੀਂ ਭਾਵ ਕਿ ਉਨ੍ਹਾਂ ਨੂੰ ਸੰਸਾਰ ਸਮੁੰਦਰ ਵਿਚ ਗ਼ੋਤੇ ਨਹੀਂ ਖਾਣੇ ਪੈਣਗੇ ॥੪॥

# ਡਖਣਾ ॥ ਸਾਈ ਨਾਮੁ ਅਮੋਲੁ; ਕੀਮ ਨ ਕੋਈ ਜਾਣਦੋ ॥

(**ਸਾਂਈ** ਬੋਲੋ)

ਸਤਿਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰੇਮੀਉ ! ਸੁਣਨਾ ਕਰੋ ਕਿ ਸਾਈ = ਸੁਆਮੀ, ਮਾਲਕ, ਵਾਹਿਗੁਰੂ ਦਾ ਨਾਮ ਹੀ ਅਮੋਲੁ = ਅਮੋਲਕ ਹੈ ਭਾਵ ਜਿਸ ਦਾ ਕੋਈ ਮੁੱਲ ਨਹੀਂ ਹੈ। ਐਸੇ ਨਾਮ ਦੀ ਪ੍ਰਾਪਤੀ ਰੂਪੀ ਕੀਮ = ਕੀਮਤ ਕੋਈ ਵੀ ਨ = ਨਹੀਂ ਜਾਣਦੋ = ਜਾਣਦਾ।

**ਸਾਖੀ—ਦੋ ਸ਼ਾਹੂਕਾਰ ਭਰਾਵਾਂ ਦੀ :** ਇਸ ਨਾਮ ਦੀ ਕੀਮਤ ਬਾਬਤ ਐਸੀ ਵੀਚਾਰ ਆਉਂਦੀ ਹੈ। ਇਕ ਨਗਰ ਵਿਚ ਦੋ ਸ਼ਾਹੂਕਾਰ ਭਰਾ ਰਹਿੰਦੇ ਸਨ, ਜੋ ਆਪਣੇ ਮਾਇਕੀ ਕੰਮਾਂ ਵਿਚ ਹੀ ਪਰਮੇਸ਼ਰ ਨੂੰ ਭੁੱਲੇ ਹੋਏ ਸਨ। ਉਸ ਨਗਰ ਤੋਂ ਬਾਹਰ ਇਕ ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼ਾਂ ਨੇ ਨਿਵਾਸ ਕੀਤਾ। ਨਾਮ ਦੇ ਪ੍ਰਤਾਪ ਨਾਲ ਲੋਕੀ ਸਤਸੰਗੀ ਬਣ ਗਏ। ਹੌਲੀ ਹੌਲੀ ਸਾਰਾ ਨਗਰ ਅਤੇ ਉਨ੍ਹਾਂ ਸ਼ਾਹੂਕਾਰਾਂ ਭਰਾਵਾਂ ਵਿੱਚੋਂ ਇਕ ਸ਼ਾਹੂਕਾਰ ਵੀ ਸਤਸੰਗੀ ਬਣ ਗਿਆ। ਇਕ ਦਿਨ ਮਹਾਂਪੁਰਸ਼ਾਂ ਨੇ ਪੁੱਛਿਆ ਕਿ ਭਾਈ, ਤੁਹਾਡੇ ਨਗਰ ਵਿਚ ਕੋਈ ਸਤਸੰਗ ਤੋਂ ਵਾਂਝਾ ਤਾਂ ਨਹੀਂ ਰਹਿ ਗਿਆ ? ਤਾਂ ਸਾਰੇ ਲੋਕਾਂ ਨੇ ਸ਼ਾਹੂਕਾਰ ਦੇ ਭਰਾ ਸਮੇਤ ਉਸ ਦੇ ਭਰਾ ਦੀ ਦੱਸ ਪਾਈ ਕਿ ਇਕ ਉਹ ਹੀ ਇਕੱਲਾ ਸਤਸੰਗ ਵਿਚ ਨਹੀਂ ਆਇਆ, ਬਲਕਿ ਸਤਸੰਗ ਜਾਣ ਵਾਲਿਆਂ ਨੂੰ ਬੁਰਾ ਭਲਾ ਕਹਿੰਦਾ ਹੈ। ਮਹਾਂਪੁਰਸ਼ਾਂ ਨੇ ਪਰਉਪਕਾਰੀ ਸੁਭਾਅ ਅਨੁਸਾਰ ਉਸ ਦਾ ਭਲਾ ਕਰਨ ਵਾਸਤੇ ਉਸ ਦੇ ਘਰ ਜਾਣਾ ਕੀਤਾ। ਜਦੋਂ ਸੰਗਤਾਂ ਸਮੇਤ ਮਹਾਂਪੁਰਸ਼ ਉਸ ਦੇ ਘਰ ਗਏ ਤਾਂ ਸ਼ਾਹੂਕਾਰ ਦੇ ਸਤਸੰਗੀ ਭਰਾ ਨੇ ਮਹਾਤਮਾ ਅਤੇ ਸਤਸੰਗੀਆਂ ਵਾਸਤੇ ਪ੍ਰਸ਼ਾਦ ਪਾਣੀ ਤਿਆਰ ਕਰਵਾਇਆ। ਸ਼ਾਹੂਕਾਰ ਦੇ ਨਾਸਤਕ ਭਰਾ ਨੇ ਪੁੱਛਿਆ ਕਿ ਇਹ ਇਕੱਠ ਕਿਸ ਲਈ ਹੋਣ ਲੱਗਾ ਹੈ ? ਤਾਂ ਉਸ ਦੇ ਸਤਸੰਗੀ ਭਰਾ ਨੇ ਦੱਸਿਆ ਕਿ ਮਹਾਤਮਾ ਜੀ ਆਪਣੇ ਘਰ ਆ ਰਹੇ ਹਨ। ਇਸ ਨੇ ਆਪਣੇ ਭਰਾ ਅਤੇ ਮਹਾਤਮਾ ਨੂੰ ਬੁਰਾ ਭਲਾ ਕਿਹਾ ਅਤੇ ਅੰਦਰੋਂ ਦਰਵਾਜ਼ਾ ਬੰਦ ਕਰ ਕੇ ਆਪਣੇ ਕਮਰੇ ਵਿਚ ਬੈਠ ਗਿਆ। ਮਹਾਤਮਾ ਜੀ ਆਏ, ਪ੍ਰਸ਼ਾਦ ਪਾਣੀ ਛਕਿਆ ਅਤੇ ਪੁੱਛਿਆ ਕਿ ਤੇਰਾ ਭਰਾ ਕਿਥੇ ਹੈ ? ਤਾਂ ਸ਼ਾਹੂਕਾਰ ਕਹਿਣ ਲੱਗਾ ਕਿ ਮਹਾਤਮਾ ਜੀ ! ਮੇਰਾ ਭਰਾ ਨਾਸਤਕ ਹੈ, ਉਹ ਆਪ ਜੀ ਦੇ ਦਰਸ਼ਨ ਨਹੀਂ ਕਰਨਾ ਚਾਹੁੰਦਾ। ਇਸ ਕਰਕੇ ਉਹ ਅੰਦਰੋਂ ਦਰਵਾਜ਼ਾ ਬੰਦ ਕਰ ਕੇ ਬੈਠਾ ਹੋਇਆ ਹੈ। ਤਾਂ ਮਹਾਤਮਾ ਜੀ ਨੇ ਕਿਹਾ ਕਿ ਜੇਕਰ ਰੋਗੀ ਕੋਲ ਵੈਦ ਨੂੰ ਜਾਣਾ ਪਵੇ ਤਾਂ ਵੈਦ ਦਾ ਅਪਮਾਨ ਨਹੀਂ। ਇਸੇ ਤਰ੍ਹਾਂ ਇਹ ਹਉਮੈ ਦਾ ਰੋਗੀ ਹੈ। ਨਾਮ ਦੀ ਦਵਾਈ ਦੇਣ ਵਾਸਤੇ ਸਾਡਾ ਅਜਿਹੇ ਮਾਨਸਿਕ ਰੋਗੀ ਕੋਲ ਜਾਣ ਨਾਲ ਕੋਈ ਅਪਮਾਨ ਨਹੀਂ। ਮਹਾਤਮਾ ਜੀ ਉਸ ਦੇ ਦਰਵਾਜ਼ੇ ਅੱਗੇ ਗਏ ਅਤੇ ਦਰਵਾਜ਼ਾ ਖੜਕਾ ਕੇ ਕਿਹਾ ਕਿ ਪ੍ਰੇਮੀਆ ! ਦਰਵਾਜ਼ਾ ਖੋਲ੍ਹ ! ਤਾਂ ਉਸ ਨੇ ਕਿਹਾ ਕਿ ਮੈਂ ਨਾ ਤਾਂ ਤੁਹਾਡੇ ਦਰਸ਼ਨ ਕਰਨਾ ਚਾਹੁੰਦਾ ਹਾਂ ਅਤੇ ਨਾ ਹੀ ਕੋਈ ਮੇਰਾ ਤੁਹਾਡੇ ਨਾਲ ਮਤਲਬ ਹੈ। ਮਹਾਤਮਾ ਜੀ ਕਹਿਣ ਲੱਗੇ ਕਿ ਤੈਨੂੰ ਮਿਲੇ ਬਿਨਾਂ ਅਸੀਂ ਜਾਣਾ ਨਹੀਂ ਅਤੇ ਜੇਕਰ ਤੂੰ ਦਰਵਾਜ਼ਾ ਨਹੀਂ ਖੋਲ੍ਹੇਂਗਾ ਤਾਂ ਦਰਵਾਜ਼ਾ ਤੋੜ ਦਿੱਤਾ ਜਾਵੇਗਾ। ਦਰਵਾਜ਼ੇ ਦੇ ਟੁੱਟਣ ਦੇ ਭੈ ਕਾਰਨ ਉਸ ਨੇ ਕੁੰਡਾ ਖੋਲ੍ਹ ਦਿੱਤਾ। ਰੁੱਖੀ ਆਵਾਜ਼ ਵਿਚ ਮਹਾਤਮਾ ਜੀ ਨੂੰ ਕਹਿਣ ਲੱਗਾ ਕਿ ਦੱਸੋ ਕੀ ਗੱਲ ਹੈ ? ਤਾਂ ਮਹਾਤਮਾ ਜੀ ਨੇ ਕਿਹਾ ਕਿ ਅਸੀਂ ਇਸ ਨਗਰ ਵਿਚ ਸਾਰਿਆਂ ਤੋਂ ਨਾਮ ਜਪਾਇਆ ਹੈ, ਬਸ ਇਕ ਤੂੰ ਹੀ ਬਾਕੀ ਹੈਂ। ਇਕ ਵਾਰ ਆਪਣੇ ਮੁੱਖ ਤੋਂ ਰਾਮ ਕਹਿ ਦੇ ਤਾਂ ਕਿ ਤੇਰਾ ਵੀ ਭਲਾ ਹੋ ਜਾਵੇ। ਉਸ ਸ਼ਾਹੂਕਾਰ ਨੇ ਕ੍ਰੋਧ ਵਿਚ ਬੜੀ ਨਫ਼ਰਤ ਨਾਲ ਗਾਲ੍ਹ ਕੱਢ ਕੇ ਕਿਹਾ ਕਿ ਮੈਂ ਉਸ ਦਾ ਨਾਮ ਕਿਉਂ ਲਵਾਂ ? ਮਹਾਤਮਾ ਬੜੇ ਪ੍ਰਸੰਨ ਹੋਏ ਅਤੇ ਕਹਿਣ ਲੱਗੇ ਕਿ ਪ੍ਰੇਮੀਆ ! ਮੌਤ ਤੇਰੇ ਬੂਹੇ 'ਤੇ ਖੜ੍ਹੀ ਹੈ। ਮੈਂ ਤੇਰਾ ਅੰਤ ਵੇਲਾ ਸੰਭਾਲਣ ਲਈ ਹੀ ਆਇਆ ਸੀ। ਤੂੰ ਅੱਠ ਦਿਨਾਂ ਵਿਚ ਸੰਸਾਰ ਤੋਂ ਕੂਚ ਕਰ ਜਾਣਾ ਹੈ। ਜਦੋਂ ਤੂੰ ਪਰਲੋਕ ਵਿਚ ਜਾਵੇਂਗਾ ਤਾਂ ਤੈਨੂੰ ਗਾਲ੍ਹ ਕੱਢ ਕੇ ਕਹੇ ਹੋਏ ਰਾਮ ਦੇ ਨਾਮ ਦਾ ਫਲ ਪੁੱਛਿਆ ਜਾਵੇਗਾ ਕਿ ਇਸ ਦਾ ਤੈਨੂੰ ਕੀ ਫਲ ਦੇਈਏ ? ਤਾਂ ਉਸ ਸਮੇਂ ਤੂੰ ਧਰਮਰਾਜ ਨੂੰ ਇਹ ਕਹੀਂ ਕਿ ਮੈਨੂੰ ਇਸ ਦਾ ਮੁੱਲ ਚਾਹੀਦਾ ਹੈ। ਬਸ ਤੇਰੀ ਇਸ ਵਿਚ

ਹੀ ਕਲਿਆਨ ਹੋ ਜਾਵੇਗੀ। ਸ਼ਾਹੂਕਾਰ ਦੱਸੇ ਹੋਏ ਸਮੇਂ ਅਨੁਸਾਰ ਮਿਰਤੂ ਨੂੰ ਪ੍ਰਾਪਤ ਹੋਇਆ। ਜਮਦੂਤ ਪਕੜ ਕੇ ਧਰਮਰਾਜ ਕੋਲ ਲੈ ਗਏ। ਜਦੋਂ ਧਰਮਰਾਜ ਨੇ ਲੇਖਾ ਜੋਖਾ ਕੀਤਾ ਕਿ ਸਾਰੀ ਉਮਰ ਵਿਚ ਕੇਵਲ ਇਕ ਵਾਰ ਰਾਮ ਦਾ ਨਾਮ ਗਾਲ੍ਹ ਕੱਢ ਕੇ ਲਿਆ ਹੋਇਆ ਹੈ। ਧਰਮਰਾਜ ਨੇ ਪੁੱਛਿਆ ਕਿ ਤੈਨੂੰ ਇਸ ਦਾ ਕੀ ਫਲ ਦੇਈਏ ? ਤਾਂ ਇਸ ਨੇ ਉਸ ਦਾ ਮੁੱਲ ਮੰਗਿਆ। ਧਰਮਰਾਜ ਇਸ ਦਾ ਕੋਈ ਮੁੱਲ ਨਹੀਂ ਪਾ ਸਕਦਾ ਸੀ। ਇਸ ਲਈ ਉਸ ਨੇ ਬੈਕੁੰਠ ਵਿਚ ਭਗਵਾਨ ਕੋਲ ਭੇਜਿਆ ਕਿ ਇਹ ਨਾਮ ਦਾ ਮੁੱਲ ਮੰਗਦਾ ਹੈ, ਹੁਣ ਕੀ ਕੀਤਾ ਜਾਵੇ ? ਤਾਂ ਭਗਵਾਨ ਨੇ ਕਿਹਾ ਕਿ ਇਸ ਨੂੰ ਇਥੇ ਮੇਰੇ ਕੋਲ ਹੀ ਛੱਡ ਜਾਉ। ਰਸਤੇ ਵਿਚ ਵਾਪਸ ਜਾਂਦੇ ਦੂਤਾਂ ਨੂੰ ਨਾਰਦ ਮੁਨੀ ਜੀ ਮਿਲੇ ਤੇ ਨਾਰਦ ਮੁਨੀ ਜੀ ਨੂੰ ਜਦੋਂ ਦੱਸਿਆ ਕਿ ਨਾਮ ਦਾ ਮੁੱਲ ਮੰਗਣ ਵਾਲੇ ਨੂੰ ਛੱਡ ਕੇ ਆਏ ਹਾਂ ਤਾਂ ਨਾਰਦ ਮੁਨੀ ਜੀ ਨੇ ਕਿਹਾ ਕਿ ਇਸ ਤਰ੍ਹਾਂ ਫਿਰ ਕੋਈ ਹੋਰ ਵੀ ਨਾਮ ਦਾ ਮੁੱਲ ਮੰਗੇਗਾ। ਮੈਂ ਪਤਾ ਕਰਕੇ ਆਉਂਦਾ ਹਾਂ ਕਿ ਇਸ ਦਾ ਕੀ ਨਿਰਨਾ ਹੋਇਆ। ਨਾਰਦ ਮੁਨੀ ਜੀ ਭਗਵਾਨ ਦੇ ਦਰਬਾਰ ਗਏ ਅਤੇ ਭਗਵਾਨ ਜੀ ਨੂੰ ਪੁੱਛਿਆ ਕਿ ਭਗਵਾਨ ਜੀ! ਇਸ ਨੂੰ ਨਾਮ ਦਾ ਕੀ ਮੁੱਲ ਦਿੱਤਾ ਹੈ ? ਤਾਂ ਭਗਵਾਨ ਨੇ ਕਿਹਾ ਕਿ ਹੇ ਨਾਰਦ! ਨਾਮ ਅਮੋਲਕ ਹੈ। ਇਸ ਦਾ ਕੋਈ ਮੁੱਲ ਨਹੀਂ ਹੁੰਦਾ। ਇਸ ਕਰਕੇ ਇਸ ਦੀ ਕੋਈ ਵੀ ਕੀਮਤ ਨਹੀਂ ਜਾਣਦਾ ਕਿਉਂਕਿ ਇਸ ਦੀ ਕੋਈ ਕੀਮਤ ਹੈ ਹੀ ਨਹੀਂ। ਇਸ ਦੀ ਕੀਮਤ ਮੇਰੇ ਸਰੂਪ ਦੀ, ਬੈਕੁੰਠ ਦੀ ਪ੍ਰਾਪਤੀ ਹੈ ਜੋ ਕਿ ਇਸ ਨੂੰ ਪ੍ਰਾਪਤ ਹੋਈ ਹੈ। ਇਸ ਪ੍ਰਕਾਰ ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਪਰਮੇਸ਼ਰ ਦਾ ਨਾਮ ਬੇਮੁੱਲਾ ਹੈ। ਉਸ ਪਰਮੇਸ਼ਰ ਦੇ ਨਾਮ ਦੀ ਕੀਮਤ ਕੋਈ ਵੀ ਨਹੀਂ ਜਾਣਦਾ।

## ਜਿਨਾ ਭਾਗ ਮਥਾਹਿ; ਸੇ ਨਾਨਕ ਹਰਿ ਰੰਗੁ ਮਾਣਦੋ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਮਥਾਹਿ = ਮੱਥੇ 'ਤੇ ਸ਼ਿਰੋਮਣੀ ਭਾਗ ਹਨ, ਸੇ = ਉਹ ਉਸ ਹਰਿ = ਹਰੀ ਪਰਮੇਸ਼ਰ ਦੇ ਨਾਮ ਦੇ ਰੰਗੁ = ਅਨੰਦ ਨੂੰ ਮਾਣਦੋ = ਮਾਨਣਾ ਕਰਦੇ ਹਨ ॥੧॥

## ਛੰਤੁ ॥ ਕਹਤੇ ਪਵਿਤ੍ਰ, ਸੁਣਤੇ ਸਭਿ ਧੰਨੁ; ਲਿਖਤੀ, ਕੁਲੁ ਤਾਰਿਆ ਜੀਉ ॥

ਪਰਮੇਸ਼ਰ ਦੇ ਜੱਸ, ਨਾਮ ਨੂੰ ਕਹਤੇ = ਕਹਿਣ ਵਾਲੇ ਪਵਿਤ੍ਰ = ਨਿਰਮਲ, ਉੱਜਲ ਜੀਵਨ ਵਾਲੇ ਬਣ ਜਾਂਦੇ ਹਨ, ਸੁਣਤੇ = ਸ੍ਰਵਨ ਕਰਨ ਵਾਲੇ ਵੀ ਸਭਿ = ਸਾਰੇ ਧੰਨੁ = ਧੰਨਤਾ ਦੇ ਯੋਗ ਹਨ ਅਤੇ ਪਰਮੇਸ਼ਰ ਦੇ ਨਾਮ ਦੀ ਮਹਿਮਾ, ਲਿਖਤੀਂ = ਲਿਖਣ ਵਾਲਿਆਂ ਨੇ ਆਪਣੀ ਕੁਲ ਨੂੰ ਤਾਰਿਆ = ਤਾਰ ਲਿਆ ਹੈ। ਜਿਵੇਂ ਭਾਈ ਗੁਰਦਾਸ ਜੀ ਨੇ ਬਾਣੀ ਲਿਖਣ ਦੀ ਸੇਵਾ ਕੀਤੀ। ਇਸ ਤਰ੍ਹਾਂ ਲਿਖਣ ਵਾਲਿਆਂ ਨੇ ਵੀ ਉਸ ਪਰਮੇਸ਼ਰ ਦੀ ਕਿਰਪਾ ਦੁਆਰਾ ਆਪਣੀ ਕੁਲ ਨੂੰ ਤਾਰਿਆ ਹੈ **ਅਥਵਾ** ਜੋ ਪ੍ਰੀਤ ਰੂਪੀ ਰਸਨਾ ਨਾਲ ਪਰਮੇਸ਼ਰ ਦੇ ਨਾਮ ਨੂੰ ਕਹਤੇ = ਉਚਾਰਨ ਕਰਦੇ ਹਨ ਉਹ ਪਵਿੱਤਰ ਹਨ, ਜੋ ਸ਼ਰਧਾ ਨਾਲ ਸੁਣਤੇ = ਸ੍ਰਵਨ ਕਰਦੇ ਹਨ, ਉਹ ਧੰਨ ਹੋ ਗਏ ਹਨ ਅਤੇ ਜਿਨ੍ਹਾਂ ਨੇ ਆਪਣੇ ਹਿਰਦੇ ਰੂਪੀ ਕਾਗਜ਼ 'ਤੇ ਪ੍ਰੇਮ ਰੂਪੀ ਕਲਮ ਨਾਲ ਪਰਮੇਸ਼ਰ ਦੇ ਨਾਮ ਨੂੰ ਲਿਖਤੀਂ = ਲਿਖਣਾ ਕੀਤਾ, ਉਨ੍ਹਾਂ ਨੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰਿਆ = ਤਾਰਨਾ ਕੀਤਾ ਹੈ।

## ਜਿਨ ਕਉ ਸਾਧੂ ਸੰਗੁ, ਨਾਮ ਹਰਿ ਰੰਗੁ; ਤਿਨੀ ਬ੍ਰਹਮੁ ਬੀਚਾਰਿਆ ਜੀਉ ॥

ਜਿਨ = ਜਿਨ੍ਹਾਂ ਕਉ = ਨੂੰ ਸਾਧੂ = ਮਹਾਤਮਾ ਦੀ ਸੰਗੁ = ਸੰਗਤ ਪ੍ਰਾਪਤ ਹੋਈ ਹੈ, ਉਨ੍ਹਾਂ ਨੂੰ ਹਰਿ = ਹਰੀ ਪਰਮੇਸ਼ਰ ਦੇ ਨਾਮ ਦਾ ਰੰਗ ਚੜ੍ਹ ਗਿਆ ਹੈ। ਤਿਨੀ = ਉਨ੍ਹਾਂ ਨੇ ਬ੍ਰਹਮੁ = ਅਕਾਲ ਪੁਰਖ ਨੂੰ ਬੀਚਾਰਿਆ = ਵਿਚਾਰਨਾ ਕੀਤਾ ਹੈ ਜੀ।

## ਬ੍ਰਹਮੁ ਬੀਚਾਰਿਆ, ਜਨਮੁ ਸਵਾਰਿਆ; ਪੂਰਨ ਕਿਰਪਾ ਪ੍ਰਭਿ ਕਰੀ ॥

ਉਨ੍ਹਾਂ ਦਾ ਜੀਵਨ ਧੰਨਤਾ ਦੇ ਯੋਗ ਹੈ ਜਿਨ੍ਹਾਂ ਨੇ ਬ੍ਰਹਮੁ = ਅਕਾਲ ਪੁਰਖ ਦੀ ਵੀਚਾਰ ਕਰ ਕੇ ਆਪਣੇ ਜਨਮ ਨੂੰ ਸਵਾਰਿਆ = ਸੰਵਾਰਨਾ ਕੀਤਾ ਹੈ ਅਤੇ ਉਨ੍ਹਾਂ ਤੇ ਹੀ ਪ੍ਰਭਿ = ਸੁਆਮੀ ਮਾਲਕ ਨੇ ਪੂਰਨ ਕਿਰਪਾ = ਮਿਹਰ ਕਰੀ = ਕੀਤੀ ਹੈ।

## ਕਰੁ ਗਹਿ ਲੀਨੇ, ਹਰਿ ਜਸੋ ਦੀਨੇ; ਜੋਨਿ ਨਾ ਧਾਵੈ ਨਹ ਮਰੀ ॥

ਜਿਨ੍ਹਾਂ ਦਾ ਮਨ ਰੂਪੀ ਕਰੁ = ਹੱਥ ਗੁਰਾਂ ਦੁਆਰਾ ਪਰਮੇਸ਼ਰ ਨੇ ਆਪਣੀ ਲਿਵ ਰੂਪੀ ਭੁਜਾ ਦੇ ਨਾਲ ਗਹਿ = ਪਕੜ ਲੀਨੇ = ਲਿਆ ਹੈ ਉਨ੍ਹਾਂ ਨੂੰ ਹਰਿ = ਪਰਮੇਸ਼ਰ ਨੇ ਆਪਣਾ ਜਸੋ = ਜੱਸ (ਸਿਫ਼ਤਿ-ਸਾਲਾਹ) ਦੀਨੇ = ਦੇਣਾ ਕੀਤਾ ਹੈ, ਫਿਰ ਉਹ ਜੋਨਿ = ਜੂਨਾਂ ਵਿਚ ਨਾ = ਨਹੀਂ ਧਾਵੈ = ਦੌੜਨਗੇ ਅਤੇ ਨਾ ਹੀ ਮਰੀ = ਮਰਦੇ ਹਨ **ਵਾ:** ਉਨ੍ਹਾਂ ਨੂੰ ਹਉਮੈ ਦੀ ਮਰੀ = ਬੀਮਾਰੀ ਨਹੀਂ ਪਵੇਗੀ। ਜਿਸ ਪ੍ਰਕਾਰ ਭੇਡਾਂ ਆਦਿਕ ਨੂੰ ਮਰੀ ਪੈ ਜਾਂਦੀ ਹੈ। ਮਨੁੱਖਾਂ ਨੂੰ ਵੀ ਅਨੇਕਾਂ ਤਰ੍ਹਾਂ ਕਰਕੇ ਬਿਮਾਰੀਆਂ ਪੈ ਜਾਂਦੀਆਂ ਹਨ। ਜਿਵੇਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਸਾਰੀ ਦਿੱਲੀ ਵਿਚ ਪਈ ਹੋਈ ਮਰੀ ਦੀ ਬਿਮਾਰੀ ਆਪਣੇ ਚਰਨਾਂ ਦੇ ਜਲ ਨਾਲ ਮੇਟ ਦਿੱਤੀ ਸੀ। ਇਸ ਪ੍ਰਕਾਰ ਜਿਨ੍ਹਾਂ 'ਤੇ ਕਿਰਪਾ ਹੋ ਗਈ, ਉਨ੍ਹਾਂ ਨੂੰ ਮਰੀ ਨਹੀਂ ਪੈਂਦੀ ਅਤੇ ਉਹ ਜੂਨਾਂ ਵਿਚ ਨਹੀਂ ਦੌੜਦੇ।

## ਸਤਿਗੁਰ ਦਇਆਲ ਕਿਰਪਾਲ ਭੇਟਤ; ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥

(***ਨੋਟ:*** ਹਰੇ ਪਦ ਤੇ ਵੀ ਬਿਸ੍ਰਾਮ ਲੱਗ ਜਾਂਦਾ ਹੈ।)

ਜਦੋਂ ਸਤਿਗੁਰਾਂ ਦੀ ਦਇਆਲਤਾ ਕਰਕੇ ਕਿਰਪਾਲ = ਕ੍ਰਿਪਾਲੂ ਪਰਮੇਸ਼ਰ ਨੂੰ ਭੇਟਤ = ਮਿਲੇ ਤਾਂ ਪਰਮੇਸ਼ਰ ਨੇ ਕਾਮ ਕ੍ਰੋਧ ਨੂੰ ਹਰੇ = ਨਾਸ਼ ਕਰ ਦਿੱਤਾ ਤੇ ਲੋਭ ਆਦਿਕ ਵਿਕਾਰਾਂ ਨੂੰ ਵੀ ਮਾਰਿਆ = ਖ਼ਤਮ ਕਰ ਦਿੱਤਾ **ਅਥਵਾ** ਕਿਰਪਾਲ = ਕਿਰਪਾ ਦੇ ਘਰ ਦਿਆਲੂ ਸਤਿਗੁਰਾਂ ਦੇ ਭੇਟਤ = ਮਿਲਣ ਨਾਲ ਕਾਮ, ਕ੍ਰੋਧ ਹਰੇ = ਦੂਰ ਹੋ ਗਏ ਤੇ ਲੋਭ ਆਦਿਕਾਂ ਨੂੰ ਮਾਰ ਦਿੱਤਾ **ਅਥਵਾ** ਦਿਆਲੂ ਕ੍ਰਿਪਾਲੂ ਸਤਿਗੁਰਾਂ ਦੇ ਨਾਲ ਮਿਲਣ ਕਰਕੇ ਦੈਵੀ ਗੁਣਾਂ ਦੇ ਸਹਿਤ ਹਰੇ ਭਰੇ ਹੋ ਗਏ ਅਤੇ ਕਾਮ ਕ੍ਰੋਧ ਲੋਭ ਆਦਿ ਆਸੁਰੀ ਸੰਪਦਾ ਨੂੰ ਮਾਰ ਦਿੱਤਾ।

## ਕਥਨੁ ਨ ਜਾਇ, ਅਕਥੁ ਸੁਆਮੀ; ਸਦਕੈ ਜਾਇ ਨਾਨਕੁ ਵਾਰਿਆ ॥੫॥੧॥੩॥

ਸੁਆਮੀ = ਮਾਲਕ ਪਰਮੇਸ਼ਰ ਦਾ ਸਰੂਪ ਅਕਥੁ = ਕਹਿਣ ਤੋਂ ਰਹਿਤ ਹੈ, ਜੋ ਕਥਨੁ = ਵਖਿਆਣ ਨਹੀਂ ਕੀਤਾ ਜਾਇ = ਜਾ ਸਕਦਾ। ਜੈਸਾ ਕਿ :

**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥** *(ਗਉੜੀ ਕਬੀਰ ਜੀ, ਅੰਗ ੩੩੪)*

ਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਸੈਂਕੜੇ ਵਾਰ ਮਨ, ਬਾਣੀ ਅਤੇ ਸਰੀਰ ਕਰਕੇ ਸਦਕੈ ਵਾਰਿਆ = ਕੁਰਬਾਨ ਬਲਿਹਾਰ ਜਾਂਦੇ ਹਾਂ ॥੫॥੧॥੩॥

## ਸਿਰੀਰਾਗੁ ਮਹਲਾ ੪ ਵਣਜਾਰਾ[੧]

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪਾਸ ਕੁਝ ਵਣਜਾਰੇ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ

---

੧. ਵਣਜਾਰਾ = ਵਾਪਾਰ ਕਰਨ ਵਾਲਾ ਸੌਦਾਗਰ, ਵਪਾਰੀ, ਖ਼ਾਸ ਕਰ ਉਹ ਵਪਾਰੀ ਜੋ ਆਪਣਾ ਮਾਲ ਲੱਦ ਕੇ ਦੇਸ਼ ਪ੍ਰਦੇਸ਼ ਵਿਚ ਜਾ ਕੇ ਵੇਚਦਾ ਹੈ। ਖ਼ਾਸ ਕਰ ਇਹ ਲੋਕ ਅਨਾਜ ਦਾ ਵਾਪਾਰ ਕਰਦੇ ਹਨ ਇਸ ਕਰਕੇ ਖ਼ਿਆਲ ਜਾਂਦਾ ਹੈ ਕਿ ਇਸ ਪਦ ਦਾ ਮੂਲ ਫ਼ਾਰਸੀ ਨਾ ਹੋਵੇ—ਫ਼ਾਰਸੀ, ਬ੍ਰਿੰਜ = ਚਾਵਲ + ਆਰ = ਲਿਆਉਣ ਵਾਲਾ ਭਾਵ ਚਾਵਲ ਆਦਿ ਅੰਨ ਲਿਆਉਣ ਵਾਲਾ।
ਇਕ ਜਾਤ ਦਾ ਨਾਂ ਜੋ ਵਿਸ਼ੇਸ਼ ਕਰਕੇ ਉਪਰ ਲਿਖੇ ਤਰੀਕੇ ਦਾ ਵਣਜ ਫਿਰ ਤੁਰ ਕੇ ਕਰਦੇ ਹਨ ਪਰੰਤੂ ਅੰਤਰੀਵ ਭਾਵ ਵਿਚ ਵਣਜਾਰੇ ਤੋਂ ਭਾਵ ਹਰ ਜੀਵ ਦਾ ਹੈ ਜੋ ਨਾਮ ਰੂਪੀ ਸੌਦਾ ਖ਼ਰੀਦਣ ਤੇ ਸੁਆਸਾਂ ਰੂਪੀ ਪੂੰਜੀ ਲੈ ਕੇ ਇਥੇ ਆਇਆ ਹੈ।

ਅਸੀਂ ਦੁਨਿਆਵੀਂ ਵਾਪਾਰ ਕਰਨ ਵਾਲੇ ਵਣਜਾਰੇ ਹਾਂ, ਸਾਨੂੰ ਸਾਡੇ ਕਿੱਤੇ ਅਨੁਸਾਰ ਉਪਦੇਸ਼ ਬਖ਼ਸ਼ਸ਼ ਕਰੋ ਤਾਂ ਸਿਰੀਰਾਗ ਦੇ ਅੰਦਰ ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਬਾਣੀ ਦਾ ਨਾਮ 'ਵਣਜਾਰਾ' ਰੱਖ ਕੇ ਜੀਵ ਨੂੰ ਵਣਜਾਰਾ ਬਣਾ ਕੇ ਉਪਦੇਸ਼ ਬਖ਼ਸ਼ਸ਼ ਕੀਤਾ ਕਿ ਵਣਜ ਤਾਂ ਸਾਰੇ ਕਰਦੇ ਹਨ। ਕੋਈ ਵਿਕਾਰਾਂ ਦਾ, ਕੋਈ ਸ਼ੁਭ ਕਰਮਾਂ ਦਾ ਅਤੇ ਕੋਈ ਨਿਸ਼ਕਾਮ ਕਰਮਾਂ ਦਾ ਕਰਦਾ ਹੈ। ਇਉਂ ਸਾਰੇ ਜੀਵ ਹੀ ਵਣਜਾਰੇ ਹਨ ਪਰੰਤੂ ਅਸਲੀ ਵਣਜਾਰਾ ਉਹ ਪੁਰਖ ਹੈ ਜੋ ਪਰਮੇਸ਼ਰ ਦੇ ਨਾਮ ਦਾ ਵਣਜ ਕਰਦਾ ਹੈ। ਉਹ ਸਤਿਗੁਰਾਂ ਦੁਆਰਾ ਲੋਕ ਪਰਲੋਕ ਵਿਚ ਸੁੱਖ ਭੋਗਦਾ ਹੈ ਅਤੇ ਉਹ ਪਰਮੇਸ਼ਰ ਵਾਹਿਗੁਰੂ ਦੇ ਦਰ ਵਿਚ ਆਦਰ ਪਾਉਂਦਾ ਹੈ ਅਤੇ ਅਕਾਲ ਪੁਰਖ ਪਰਮਾਤਮਾ ਉਸ ਨੂੰ ਆਪਣੇ ਸਰੂਪ ਵਿਚ ਲੀਨਤਾ ਬਖ਼ਸ਼ਿਸ਼ ਕਰਦਾ ਹੈ। ਸੋ ਇਸ ਪ੍ਰਕਾਰ ਸਤਿਗੁਰੂ ਪਾਤਸ਼ਾਹ ਜੀ ਐਸਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ੧ੴ ਸਤਿਨਾਮੁ ਗੁਰਪ੍ਰਸਾਦਿ ॥[1]

੧ = ਅਦ੍ਵੈਤ ਸਰੂਪ ਪਰਮੇਸ਼ਰ, ੴ = ਸਾਰਿਆਂ ਦਾ ਪ੍ਰਕਾਸ਼ਕ, ਸਤਿਨਾਮੁ (ਸਤਿ + ਨਾਮੁ) ਸਤਿ = ਜੋ ਸਾਰਿਆਂ ਦੇ ਸਰੂਪ ਲੱਖਣ ਕਰਕੇ ਉਹ ਸਦਾ ਹੀ ਸੱਚ ਰਹਿਣ ਵਾਲਾ ਨਾਮ = ਪ੍ਰਸਿੱਧ ਹੈ। ਗੁਰਪ੍ਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ। (ਇਸ ਮੰਗਲ ਨੂੰ ਮਹਾਰਾਜ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੋ ਵਾਰ ਲਿਖਿਆ ਹੈ। ਇਕ ਵਾਰ ਇਸ ਸ਼ਬਦ ਵਿਚ '੮੧' ਅੰਗ 'ਤੇ, ਦੂਸਰਾ 'ਬਿਹਾਗੜਾ ਮਹਲਾ ੫ ਘਰੁ ੨ ੧ੴ ਸਤਿਨਾਮੁ ਗੁਰਪ੍ਰਸਾਦਿ॥' ਅੰਗ ੫੪੪ ਉੱਤੇ ਅੰਕਤ ਹੈ।)

## ਹਰਿ ਹਰਿ ਉਤਮੁ ਨਾਮੁ ਹੈ; ਜਿਨਿ ਸਿਰਿਆ ਸਭੁ ਕੋਇ ਜੀਉ ॥

ਹੇ ਪਿਆਰੇ ਜੀ ! ਸਾਰਿਆਂ ਦੇ ਇੰਦਰਿਆਂ, ਮਨਾਂ, ਪ੍ਰਾਣਾਂ, ਬੁੱਧੀਆਂ, ਤੱਤਾਂ ਤੇ ਸੂਰਜ, ਚੰਦ ਆਦਿਕ ਨੂੰ ਹਰਿ = ਹਰੇ ਭਰੇ ਕਰਕੇ ਪ੍ਰਕਾਸ਼ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਸਾਰਿਆਂ ਨਾਮਾਂ ਨਾਲੋਂ ਉਤਮੁ = ਸ੍ਰੇਸ਼ਟ ਹੈ, ਜਿਸ ਪਰਮੇਸ਼ਰ ਨੇ ਖੰਡ ਬ੍ਰਹਿਮੰਡ ਆਦਿ ਸਭੁ ਕੋਇ = ਕੋਈ ਸਿਰਿਆ = ਪੈਦਾ ਕੀਤਾ ਹੈ।

## ਹਰਿ ਜੀਅ ਸਭੇ ਪ੍ਰਤਿਪਾਲਦਾ; ਘਟਿ ਘਟਿ ਰਮਈਆ ਸੋਇ ॥

ਹਰਿ = ਹਰੀ ਪਰਮੇਸ਼ਰ ਹੀ ਸਭੇ = ਸਾਰੇ ਜੀਅ = ਜੀਵਾਂ ਦੀ ਪ੍ਰਤਿਪਾਲਦਾ = ਪਾਲਣਾ ਕਰਨ ਵਾਲਾ ਹੈ[2] ਅਤੇ ਸੋਇ = ਉਹ ਪਰਮੇਸ਼ਰ ਘਟਿ ਘਟਿ = ਘਟਾਂ ਘਟਾਂ ਵਿਚ ਰਮਈਆ = ਰਮਿਆ ਹੋਇਆ ਹੈ **ਵਾ:** ਸੋਇ = ਤੱਤ ਪਦ ਦਾ ਲਖ ਅਰਥ ਰੂਪ ਪਰਮੇਸ਼ਰ ਸਾਰਿਆਂ ਘਟਿ = ਸਰੀਰਾਂ ਤੇ ਘਟਿ = ਅੰਤਹਕਰਣ ਵਿਚ ਰਮਿਆ ਹੋਇਆ ਹੈ।

## ਸੋ ਹਰਿ ਸਦਾ ਧਿਆਈਐ; ਤਿਸੁ ਬਿਨੁ ਅਵਰੁ ਨ ਕੋਇ ॥

ਇਸ ਕਰਕੇ ਸੋ = ਉਸ ਹਰਿ = ਪਰਮੇਸ਼ਰ ਨੂੰ ਸਦਾ = ਨਿਤਾਪ੍ਰਤੀ ਹੀ ਧਿਆਈਐ = ਧਿਆਉਣਾ ਕਰੀਏ। ਤਿਸੁ = ਉਸ ਵਾਹਿਗੁਰੂ ਤੋਂ ਬਿਨੁ = ਬਗ਼ੈਰ ਅਵਰੁ = ਹੋਰ ਕੋਇ = ਕੋਈ ਵੀ ਜੀਵ ਦਾ ਰਾਖਾ ਨਹੀਂ ਹੈ।

## ਜੋ ਮੋਹਿ ਮਾਇਆ ਚਿਤੁ ਲਾਇਦੇ; ਸੇ ਛੋਡਿ ਚਲੇ ਦੁਖੁ ਰੋਇ ॥

ਜੋ ਉਸ ਵਾਹਿਗੁਰੂ ਨੂੰ ਛੱਡ ਕੇ ਮਾਇਆ ਦੇ ਮੋਹ ਵਿਚ ਚਿਤੁ = ਅੰਤਸ਼ਕਰਣ ਦੀ ਬਿਰਤੀ ਨੂੰ

---

੧. ***ਨੋਟ :*** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਮੰਗਲਾਂ ਦਾ ਵੇਰਵਾ 'ਗੁਰਬਾਣੀ ਅਰਥ ਭੰਡਾਰ' ਦੀ ਪਹਿਲੀ ਪੋਥੀ ਦੇ ਪੰਨਾ ੬੦੬ ਉਪਰ ਵਿਸਥਾਰ ਸਹਿਤ ਪੜ੍ਹੋ ਜੀ।

੨. **ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜ਼ਮਾਨ ਕੋ ਦੈ ਹੈ॥** *(ਦਸਮ ਗ੍ਰੰਥ, ਪੰਨਾ ੩੫)*

ਲਾਇਦੇ = ਲਾ ਲੈਂਦੇ ਹਨ, ਸੇ = ਉਹ ਦੁਨੀਆਂ ਵਿਚ ਸਾਰੇ ਪਦਾਰਥਾਂ ਨੂੰ ਛੋਡਿ = ਛੱਡ ਕੇ ਦੁੱਖ ਭੋਗਦੇ, ਅੰਤ ਨੂੰ ਰੋਂਦੇ ਚਲੇ = ਤੁਰ ਜਾਂਦੇ ਹਨ। ਫਿਰ ਉਨ੍ਹਾਂ ਦੀ ਰੱਖਿਆ ਕਰਨ ਵਿਚ ਕੋਈ ਸਮਰੱਥ ਨਹੀਂ ਹੁੰਦਾ।

## ਜਨ ਨਾਨਕ ਨਾਮੁ ਧਿਆਇਆ; ਹਰਿ ਅੰਤਿ ਸਖਾਈ ਹੋਇ ॥੧॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਗੁਰਮੁਖ ਜਨਾਂ ਨੇ ਧਿਆਤਾਕਾਰ ਬਿਰਤੀ ਕਰਕੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਹਰਿ = ਪਰਮੇਸ਼ਰ ਅੰਤ ਸਮੇਂ ਉਨ੍ਹਾਂ ਦਾ ਸਖਾਈ = ਸਹਾਇਕ ਹੋਇ = ਹੁੰਦਾ ਹੈ ॥੧॥

## ਮੈ ਹਰਿ ਬਿਨੁ; ਅਵਰੁ ਨ ਕੋਇ ॥

ਮੈ = ਮੈਨੂੰ ਹਰਿ = ਹਰੀ ਪਰਮੇਸ਼ਰ ਤੋਂ ਬਿਨੁ = ਬਗ਼ੈਰ, ਕੋਇ = ਕੋਈ ਅਵਰ = ਹੋਰ ਆਸਰਾ ਨਹੀਂ ਹੈ।

## ਹਰਿ ਗੁਰ ਸਰਣਾਈ ਪਾਈਐ, ਵਣਜਾਰਿਆ ਮਿਤ੍ਰਾ; ਵਡਭਾਗਿ ਪਰਾਪਤਿ ਹੋਇ ॥੧॥ਰਹਾਉ॥

ਹੇ ਸ਼ੁਭ ਅਸ਼ੁਭ ਕਰਮਾਂ ਕਰਕੇ ਵਣਜਾਰੇ ਅਤੇ ਚੇਤਨ ਦੀ ਅੰਸ਼ ਹੋਣ ਕਰਕੇ ਮਿੱਤਰਾ ! ਉਸ ਹਰਿ = ਪਰਮੇਸ਼ਰ ਨੂੰ ਗੁਰੂ ਦੀ ਸਰਣਾਈ = ਸ਼ਰਨ ਵਿਚ ਪੈ ਕੇ ਹੀ ਪਾਈਐ = ਪਾਈਦਾ ਹੈ। ਪਰ ਵਡਭਾਗਿ = ਵੱਡਿਆਂ ਭਾਗਾਂ ਵਾਲਿਆਂ ਨੂੰ ਹੀ ਗੁਰੂ ਦੀ ਪ੍ਰਾਪਤੀ ਹੋਇ = ਹੁੰਦੀ ਹੈ ॥੧॥ਰਹਾਉ॥

[ਅੰਗ ੮੨]

## ਸੰਤ ਜਨਾ ਵਿਣੁ ਭਾਈਆ; ਹਰਿ ਕਿਨੈ ਨ ਪਾਇਆ ਨਾਉ ॥

ਚੇਤਨ ਦੀ ਅੰਸ਼ ਹੋਣ ਕਰਕੇ ਪਾਤਸ਼ਾਹ ਜੀ ਸਾਰਿਆਂ ਨੂੰ ਭਾਈਆ = ਭਾਈ ਆਖਦੇ ਹਨ ਕਿ ਹੇ ਭਾਈ ! ਸੰਤ ਜਨਾਂ ਦੀ ਸੰਗਤ ਤੋਂ ਵਿਣੁ = ਬਿਨਾਂ ਉਸ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਕਿਨੈ = ਕਿਸੇ ਨੇ ਵੀ ਨ ਪਾਇਆ = ਪ੍ਰਾਪਤ ਨਹੀਂ ਕੀਤਾ।

## ਵਿਚਿ ਹਉਮੈ ਕਰਮ ਕਮਾਵਦੇ; ਜਿਉ ਵੇਸੁਆ ਪੁਤੁ, ਨਿਨਾਉ ॥

(**ਪੁਤੁ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਜੋ ਮਨਮੁਖ ਜੀਵ ਗੁਰਾਂ ਤੋਂ ਨਾਮ ਪ੍ਰਾਪਤ ਕੀਤੇ ਤੋਂ ਬਗ਼ੈਰ ਹਉਮੈ = ਹੰਗਤਾ ਮਮਤਾ ਵਿਚ ਲੱਗ ਕੇ ਸਕਾਮ ਕਰਮ ਕਮਾਵਦੇ = ਕਮਾਉਂਦੇ ਹਨ, ਉਹ ਕਰਮ ਇਸ ਪ੍ਰਕਾਰ ਹਨ ਜਿਉ = ਜਿਵੇਂ ਵੇਸੁਆ = ਦੁਰਾਚਾਰਨ ਇਸਤਰੀ ਦਾ ਪੁਤੁ = ਪੁੱਤਰ ਨਿਨਾਉ = ਪਿਤਾ ਦੇ ਨਾਂ ਤੋਂ ਰਹਿਤ ਹੁੰਦਾ ਹੈ, ਭਾਵ ਜਿਵੇਂ ਵੇਸਵਾ ਦਾ ਪੁੱਤਰ ਕਿਸੇ ਸਭਾ ਵਿਚ ਆਪਣੇ ਪਿਤਾ ਦਾ ਨਾਮ ਨਾ ਦੱਸਣ ਕਰਕੇ ਚੰਗਾ ਨਹੀਂ ਸਮਝਿਆ ਜਾਂਦਾ। ਤਿਵੇਂ ਗੁਰਾਂ ਤੋਂ ਹੀਣ ਪੁਰਖ ਦੇ ਯਗ, ਤਪ, ਦਾਨ ਆਦਿ ਹੋਰ ਕਰਮ ਵੀ ਪਰਮੇਸ਼ਰ ਦੀ ਦਰਗਾਹ ਅਤੇ ਸਤਿਸੰਗਤ ਵਿਚ ਸੋਭਾ ਦਾ ਕਾਰਨ ਨਹੀਂ ਬਣਦੇ; ਜੈਸਾ ਕਿ :

**ਬੇਸੁਆ ਕੇਰੇ ਪੂਤ ਜਿਉ ਪਿਤਾ ਨਾਮੁ ਤਿਸੁ ਜਾਇ ॥** *(ਸਲੋਕ ਮ: ੩, ਅੰਗ ੧੪੧੫)*

ਵੇਸਵਾ ਦੇ ਪੁੱਤਰ ਦੇ ਪਿਉ ਦਾ ਕੀ ਨਾਮ ਦੱਸਿਆ ਜਾਵੇ। ਨਿਗੁਰੇ ਦੇ ਗੁਰੂ ਰੂਪ ਪਿਤਾ ਦਾ ਕੋਈ ਨਾਮ ਨਹੀਂ ਹੁੰਦਾ। ਨਿਗੁਰੇ ਦੇ ਜਿਤਨੇ ਵੀ ਕਰਮ ਹੁੰਦੇ ਹਨ, ਉਹ ਹਉਮੈ ਸਹਿਤ ਹੁੰਦੇ ਹਨ। ਜਿਨ੍ਹਾਂ ਨੇ ਗੁਰੂ ਸਾਹਿਬ ਤੋਂ ਉਪਦੇਸ਼ ਨਹੀਂ ਲਿਆ, ਉਹ ਵੇਸਵਾ ਦੇ ਪੁੱਤਰ ਵਾਂਗ ਨਿਨਾਉ ਹੀ ਹੁੰਦੇ ਹਨ ਜੋ ਕਿ ਕਿਸੇ ਗੁਰੂ ਪੀਰ ਦੇ ਨਹੀਂ ਹੁੰਦੇ। ਜਿਸ ਪ੍ਰਕਾਰ ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ।

## ਪਿਤਾ ਜਾਤਿ ਤਾ ਹੋਈਐ; ਗੁਰੁ ਤੁਠਾ ਕਰੇ ਪਸਾਉ ॥

ਜੇਕਰ ਗੁਰੁ = ਸਤਿਗੁਰੂ ਸਾਹਿਬ ਜੀ ਤੁਠਾ = ਪ੍ਰਸੰਨ ਹੋ ਕੇ ਪਸਾਉ = ਮਿਹਰ ਦੀ ਦ੍ਰਿਸ਼ਟੀ ਦੁਆਰਾ ਨਾਮ ਦੀ ਦਾਤ ਦੇਣਾ ਕਰੇ = ਕਰਨ ਤਾਂ ਪਿਤਾ ਪਰਮੇਸ਼ਰ ਦੀ ਜਾਤਿ = ਜਾਤੀ ਵਾਲੇ ਹੋਈਐ = ਹੋਈਦਾ ਹੈ ਭਾਵ ਪਰਮੇਸ਼ਰ ਦੀ ਸਤ ਚਿਤ ਅਨੰਦ ਸਰੂਪ ਦੀ ਪ੍ਰਾਪਤੀ ਰੂਪ ਜਾਤੀ ਵਾਲਾ ਹੋਈਦਾ ਹੈ।

## ਵਡਭਾਗੀ ਗੁਰੁ ਪਾਇਆ; ਹਰਿ ਅਹਿਨਿਸਿ ਲਗਾ ਭਾਉ ॥

ਜਿਨ੍ਹਾਂ ਵਡਭਾਗੀ = ਵੱਡਿਆਂ ਭਾਗਾਂ ਵਾਲਿਆਂ ਨੇ ਗੁਰੂ ਦੇ ਦਰਸ਼ਨਾਂ ਨੂੰ ਪਾਇਆ = ਪਾਉਣਾ ਕੀਤਾ ਹੈ। (ਜਿਸ ਪ੍ਰਕਾਰ ਭਾਈ ਲਾਲੋ ਜੀ ਨੇ ਸਤਿਗੁਰੂ ਪਾਤਸ਼ਾਹ ਜੀ ਦੇ ਦਰਸ਼ਨ ਕੀਤੇ ਤਾਂ ਉਸ ਦਾ ਮਨ ਇਕਾਗਰ ਹੋ ਗਿਆ। ਭਾਈ ਮਰਦਾਨਾ ਜੀ ਨੇ ਪੁੱਛਿਆ ਕਿ ਪਾਤਸ਼ਾਹ ਜੀ! ਇਹ ਸੰਤ ਕੌਣ ਹੈ ? ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਇਹ ਕਈ ਜਨਮਾਂ ਤੋਂ ਉਪਾਸਨਾ ਕਰ ਰਿਹਾ ਸੀ। ਇਸ ਨੂੰ ਸਾਡੇ ਮਿਲਾਪ ਦੀ ਲੋੜ ਸੀ, ਇਸ ਕਰਕੇ ਇਸ ਨੂੰ ਦਰਸ਼ਨ ਹੋ ਗਏ। ਉਸ ਵੇਲੇ ਐਸਾ ਪਰਮੇਸ਼ਰ ਦਾ ਅਨੰਦ ਪ੍ਰਾਪਤ ਹੋਇਆ ਕਿ ਚਿੱਤ ਇਕਾਗਰ ਹੋ ਗਿਆ ਅਤੇ ਭਾਈ ਲਾਲੋ ਜੀ ਦੀਆਂ ਸਾਰੀਆਂ ਮਨ ਦੀਆਂ ਵਾਸ਼ਨਾਵਾਂ ਮਿਟ ਗਈਆਂ) ਉਨ੍ਹਾਂ ਨੂੰ ਹਿਰਦੇ ਅੰਦਰ ਐਸਾ ਸਤਿਗੁਰਾਂ ਦੇ ਮਿਲਣ ਦਾ ਰਸ ਪ੍ਰਾਪਤ ਹੋਇਆ ਕਿ ਉਨ੍ਹਾਂ ਨੂੰ ਅਹਿ = ਦਿਨ ਨਿਸਿ = ਰਾਤ ਹਰ ਵੇਲੇ ਹਰਿ = ਪਰਮੇਸ਼ਰ ਦਾ ਭਾਉ = ਪ੍ਰੇਮ ਲੱਗਾ ਰਹਿੰਦਾ ਹੈ।

## ਜਨ ਨਾਨਕਿ ਬ੍ਰਹਮੁ ਪਛਾਣਿਆ; ਹਰਿ ਕੀਰਤਿ ਕਰਮ ਕਮਾਉ ॥੨॥

ਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਜਨ = ਭਗਤ ਜਨਾ ਨੇ ਬ੍ਰਹਮੁ = ਪਰਮੇਸ਼ਰ ਸਾਰਿਆਂ ਵਿਚ ਆਤਮਾ ਰੂਪ ਕਰਕੇ ਪਛਾਣਿਆ = ਜਾਣ ਲਿਆ ਹੈ ਅਤੇ ਉਹ ਹਰਿ = ਹਰੀ ਪਰਮੇਸ਼ਰ ਦੀ ਕੀਰਤਿ = ਵਡਿਆਈ **ਵਾ:** ਕੀਰਤਿ = ਕੀਰਤਨ ਦੀ ਭਗਤੀ ਰੂਪ ਕਰਮ = ਕਰਣੀ ਨੂੰ ਕਮਾਉ = ਕਮਾਉਂਦੇ ਹਨ ॥੨॥

## ਮਨਿ; ਹਰਿ ਹਰਿ ਲਗਾ ਚਾਉ ॥

ਉਨ੍ਹਾਂ ਦੇ ਮਨ ਵਿਚ ਹਰਿ = ਹਰੀ ਪਰਮੇਸ਼ਰ ਜੋ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਹੈ, ਉਸ ਦੇ ਨਾਮ ਦਾ ਚਾਉ = ਉਤਸ਼ਾਹ ਲਗਾ = ਲੱਗਿਆ ਰਹਿੰਦਾ ਹੈ।

## ਗੁਰਿ ਪੂਰੈ ਨਾਮੁ ਦ੍ਰਿੜਾਇਆ; ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ਰਹਾਉ॥

ਪੂਰੇ = ਪੂਰਿਆਂ ਗੁਰਾਂ ਨੇ ਪਰਮੇਸ਼ਰ ਦਾ ਨਾਮ ਚੰਗੀ ਤਰ੍ਹਾਂ ਦ੍ਰਿੜਾਇਆ = ਦ੍ਰਿੜ੍ਹ ਕਰਵਾ ਦਿੱਤਾ ਹੈ। ਜਿਨ੍ਹਾਂ ਦੇ ਹਿਰਦੇ ਵਿਚ ਪਾਪਾਂ ਦੇ ਹਰਿ = ਹਾਰਕ ਪ੍ਰਭ = ਪਰਮੇਸ਼ਰ ਦਾ ਨਾਮ ਵਸਿਆ ਹੈ, ਉਨ੍ਹਾਂ ਨੂੰ ਨਾਮੀ ਹਰਿ = ਪਰਮੇਸ਼ਰ ਮਿਲਿਆ = ਮਿਲ ਗਿਆ ਭਾਵ ਪ੍ਰਾਪਤ ਹੋ ਗਿਆ ਹੈ ॥੧॥ਰਹਾਉ॥ ਜੈਸਾ ਕਿ :

**ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥** *(ਸਿਰੀਰਾਗੁ ਮ: ੧, ਅੰਗ ੫੫)*

## ਜਬ ਲਗੁ, ਜੋਬਨਿ ਸਾਸੁ ਹੈ; ਤਬ ਲਗੁ ਨਾਮੁ ਧਿਆਇ ॥

ਹੇ ਭਾਈ! ਜਬੁ ਲਗੁ = ਜਿਤਨਾ ਚਿਰ ਤੇਰੇ ਵਿਚ ਸਾਸੁ = ਸੁਆਸ ਚੱਲਦੇ ਹਨ ਅਤੇ ਤੇਰੇ ਉੱਤੇ ਜੋਬਨਿ = ਜਵਾਨੀ ਹੈ, ਤਬ ਲਗੁ = ਉਤਨਾ ਚਿਰ ਤੂੰ ਪਰਮੇਸ਼ਰ ਦੇ ਨਾਮ ਨੂੰ ਧਿਆਉਣ ਰੂਪੀ ਵਣਜ ਕਰ। ਜਗਿਆਸੂ ਜਨਾਂ ਨੇ ਸਤਿਗੁਰੂ ਪਾਤਸ਼ਾਹ ਜੀ ਨੂੰ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ! ਐਸੀ ਵਣਜ ਕਰਨ ਨਾਲ ਕਿਸ ਫਲ ਦੀ ਪ੍ਰਾਪਤੀ ਹੋਵੇਗੀ ? ਤਾਂ ਹਜ਼ੂਰ ਪਾਤਸ਼ਾਹ ਜੀ ਨੇ ਐਸਾ ਫ਼ੁਰਮਾਨ ਕੀਤਾ :

## ਚਲਦਿਆ ਨਾਲਿ ਹਰਿ ਚਲਸੀ; ਹਰਿ ਅੰਤੇ ਲਏ ਛਡਾਇ ॥

ਜਦੋਂ ਸਰੀਰ ਛੱਡ ਕੇ ਪਰਲੋਕ ਨੂੰ ਜਾਣਾ ਹੋਵੇਗਾ ਤਾਂ ਸੂਖਮ ਸਰੀਰ ਦੇ ਨਾਲ ਕੇਵਲ ਅਕਾਲ ਪੁਰਖ ਪਰਮੇਸ਼ਰ ਦਾ ਜਪਿਆ ਹੋਇਆ ਨਾਮ ਰੂਪੀ ਧਨ ਚੱਲੇਗਾ। ਬਾਕੀ ਘਰ ਬਾਰ, ਪਦਾਰਥ ਆਦਿ ਸਾਰੇ ਇਥੇ ਹੀ ਰਹਿ ਜਾਣਗੇ, ਕੋਈ ਸਹਾਇਤਾ ਨਹੀਂ ਕਰੇਗਾ। ਉਸ ਹਰਿ = ਹਰੀ ਪਰਮੇਸ਼ਰ ਨੇ ਜਿਨ੍ਹਾਂ 'ਤੇ ਕਿਰਪਾ ਕੀਤੀ, ਜਿਨ੍ਹਾਂ ਨੂੰ ਨਾਮ ਦੀ ਪੂੰਜੀ ਪ੍ਰਾਪਤ ਹੋ ਗਈ, ਉਨ੍ਹਾਂ ਨੂੰ ਅੰਤੇ = ਅੰਤ ਵੇਲੇ ਛਡਾਇ = ਛੁਡਾ ਭਾਵ ਬਚਾਅ ਲਏ = ਲੈਣਾ ਕੀਤਾ ਹੈ ਭਾਵ ਕਿ ਜਮਾਂ ਦੇ ਵਸ ਅਤੇ ਜੂਨਾਂ ਵਿਚ ਭਟਕਣ ਨਹੀਂ ਦਿੰਦਾ ਸਗੋਂ ਆਪਣੇ ਸਰੂਪ ਵਿਚ ਮੇਲ ਲੈਂਦਾ ਹੈ।

## ਹਉ ਬਲਿਹਾਰੀ ਤਿਨ ਕਉ; ਜਿਨ ਹਰਿ ਮਨਿ ਵੁਠਾ ਆਇ ॥

ਹਉ = ਅਸੀਂ ਤਿਨ = ਉਨ੍ਹਾਂ ਪਿਆਰਿਆਂ ਕਉ = ਤਾਈਂ ਬਲਿਹਾਰੀ = ਕੁਰਬਾਨ ਜਾਂਦੇ ਹਾਂ ਜਿਨ੍ਹਾਂ ਦੇ ਮਨ ਵਿਚ ਹਰਿ = ਅਕਾਲ ਪੁਰਖ ਪ੍ਰਸੰਨਤਾ ਸਹਿਤ ਆਇ = ਆ ਕੇ ਵੁਠਾ = ਵਸ ਗਿਆ ਹੈ। ਜਿਸ ਪ੍ਰਕਾਰ ਬੱਦਲ ਵਰ੍ਹਦਾ ਹੈ, ਇਸ ਪ੍ਰਕਾਰ ਉਨ੍ਹਾਂ ਦੇ ਅੰਦਰ ਅਜਪਾ ਜਾਪ ਵਰਖਾ ਦੀ ਨਿਆਈਂ ਹੋ ਗਿਆ। ਵਰਖਾ ਪੈਣ ਵੇਲੇ ਸਾਰੇ ਪਸ਼ੂ-ਪੰਛੀ ਬ੍ਰਿਖਾਂ 'ਤੇ ਟਿਕਾਣਾ ਕਰਦੇ ਹਨ। ਇਸੇ ਤਰ੍ਹਾਂ ਸੰਸਾਰਕ ਜੀਵਾਂ ਦੇ ਅੰਦਰ ਨਾਮ ਦੀ ਵਰਖਾ ਹੁੰਦੀ ਹੈ ਤਾਂ ਉਸ ਵੇਲੇ ਪਸ਼ੂਆਂ ਦੇ ਸਮਾਨ ਸੁਭਾਅ, ਪੰਛੀਆਂ ਦੀ ਨਿਆਈਂ ਉਡਾਰੀਆਂ ਮਾਰਨ ਵਾਲਾ ਮਨ ਵੀ ਸ਼ਰਧਾ ਰੂਪੀ ਬ੍ਰਿਖਸ਼ ਉੱਤੇ ਟਿਕਾਣਾ ਕਰ ਲੈਂਦਾ ਹੈ **ਅਥਵਾ** ਜਿਨ੍ਹਾਂ ਦੇ ਮਨ ਵਿਚ ਹਰਿ = ਹਰੀ ਪਰਮੇਸ਼ਰ ਬੱਦਲ ਦੀ ਨਿਆਈਂ ਵਰਸਿਆ ਹੈ ਉਨ੍ਹਾਂ ਦੇ ਹਿਰਦੇ ਅੰਦਰੋਂ ਸਾਰਿਆਂ ਥਾਵਾਂ 'ਤੇ ਜਾਪ ਚੱਲਣ ਲੱਗ ਪੈਂਦਾ ਹੈ। ਜਿਸ ਪ੍ਰਕਾਰ ਵਰਖਾ ਉਪਰੋਂ ਹੁੰਦੀ ਹੈ ਤਾਂ ਖੜ੍ਹੇ ਹੋਏ ਸੋਮਿਆਂ ਦਾ ਪਾਣੀ ਉਪਰ ਨੂੰ ਹੀ ਨਿਕਲ ਆਉਂਦਾ ਹੈ, ਇਸ ਪ੍ਰਕਾਰ ਨਾਭੀ ਵਿੱਚੋਂ ਵੀ ਅਤੇ ਦਸਵੇਂ ਦੁਆਰ 'ਚੋਂ ਧੁਨੀ ਪ੍ਰਗਟ ਹੁੰਦੀ ਹੈ, ਫਿਰ ਰੋਮ ਰੋਮ ਵਿਚ ਸਿਮਰਨ ਦਾ ਪ੍ਰਵਾਹ ਚੱਲਣ ਲੱਗ ਪੈਂਦਾ ਹੈ। ਜਦੋਂ ਮਨ ਵਿਚ ਪਰਮੇਸ਼ਰ ਵਸ ਜਾਵੇ ਤਾਂ ਇਸ ਪ੍ਰਕਾਰ ਦਾਤ ਪ੍ਰਾਪਤ ਹੁੰਦੀ ਹੈ।

## ਜਿਨੀ ਹਰਿ ਹਰਿ ਨਾਮੁ ਨ ਚੇਤਿਓ; ਸੇ ਅੰਤਿ ਗਏ ਪਛੁਤਾਇ ॥

ਜਿਨੀ = ਜਿਨ੍ਹਾਂ ਨੇ ਹਰਿ = ਹਰੀ ਪਰਮੇਸ਼ਰ ਜੋ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲਾ ਹੈ, ਉਸ ਦੇ ਨਾਮ ਨੂੰ ਨਾ ਚੇਤਿਓ = ਚੇਤੇ ਨਹੀਂ ਕੀਤਾ, ਸੇ = ਉਹ ਅੰਤਿ ਭਾਵ ਮੌਤ ਦੇ ਸਮੇਂ ਦੁਨੀਆਂ ਤੋਂ ਪਛੁਤਾਇ = ਪਸ਼ਚਾਤਾਪ ਕਰਦੇ ਹੋਏ ਦੁੱਖ ਦੇ ਸਹਿਤ ਸੋਗ ਵਿਚ ਆਵਾਗਉਣ ਦੇ ਚੱਕਰਾਂ ਵਿਚ ਚਲੇ ਗਏ ਹਨ।

## ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ; ਜਨ ਨਾਨਕ ਨਾਮੁ ਧਿਆਇ ॥੩॥

ਜਿਨ੍ਹਾਂ ਦੇ ਧੁਰਿ = ਧੁਰੋਂ ਹੀ ਮਸਤਕਿ = ਮੱਥੇ ਉੱਤੇ ਉਸ ਹਰਿ = ਹਰੀ ਪਰਮੇਸ਼ਰ ਨੇ ਸ਼ੁਭ, ਨਿਸ਼ਕਾਮ ਕਰਮਾਂ ਦੇ ਲੇਖ ਲਿਖ ਦਿੱਤੇ ਹਨ, ਗੁਰੂ ਜੀ ਕਥਨ ਕਰਦੇ ਹਨ ਕਿ ਉਹ ਭਗਤ ਜਨ ਗੁਰਾਂ ਦੁਆਰਾ ਬਖ਼ਸ਼ਿਆ ਹੋਇਆ ਪਰਮੇਸ਼ਰ ਦਾ ਨਾਮ ਧਿਆਇ = ਧਿਆਉਣਾ ਕਰਦੇ ਹਨ ॥੩॥

## ਮਨ; ਹਰਿ ਹਰਿ ਪ੍ਰੀਤਿ ਲਗਾਇ ॥

ਆਪਣੇ ਮਨ ਦੇ ਵਿਚ ਹਰਿ ਹਰਿ = ਹਰੀ ਪਰਮਾਤਮਾ ਦੀ ਪ੍ਰੀਤਿ = ਪ੍ਰੀਤੀ ਲਗਾਇ = ਲਗਾਉਣਾ ਕਰੀਏ।

## ਵਡਭਾਗੀ ਗੁਰੁ ਪਾਇਆ; ਗੁਰ ਸਬਦੀ ਪਾਰਿ ਲਘਾਇ ॥੧॥ਰਹਾਉ॥

ਵਡਭਾਗੀ = ਵੱਡੇ ਭਾਗਾਂ ਵਾਲਿਆਂ ਨੇ ਪੂਰੇ ਗੁਰੁ = ਸਤਿਗੁਰਾਂ ਨੂੰ ਪਾਇਆ = ਪਾਉਣਾ ਕੀਤਾ ਹੈ ਅਤੇ

ਗੁਰਾਂ ਨੇ ਸਬਦੀ = ਉਪਦੇਸ਼ ਦੀ ਕਮਾਈ ਕਰਾ ਕੇ ਸੰਸਾਰ-ਸਮੁੰਦਰ ਵਿੱਚੋਂ ਨਾਮ ਦੇ ਜਹਾਜ਼ 'ਤੇ ਚਾੜ੍ਹ ਕੇ ਉਨ੍ਹਾਂ ਨੂੰ ਮੁਕਤੀ ਰੂਪ ਕਿਨਾਰੇ 'ਤੇ ਪਾਰ ਲਘਾਇ = ਲੰਘਾ ਦਿੱਤਾ ਹੈ ॥੧॥ਰਹਾਉ॥

## ਹਰਿ ਆਪੇ ਆਪੁ ਉਪਾਇਦਾ; ਹਰਿ ਆਪੇ ਦੇਵੈ ਲੇਇ ॥

ਹਰਿ = ਹਰੀ ਪਰਮੇਸ਼ਰ ਐਸਾ ਹੈ ਕਿ ਜਿਸ ਪ੍ਰਕਾਰ ਜਲ ਵਿੱਚੋਂ ਹੀ ਲਹਿਰ ਉੱਠਦੀ ਹੈ, ਇਸ ਪ੍ਰਕਾਰ ਉਹ ਸੰਸਾਰ ਨੂੰ ਆਪੇ ਆਪੁ = ਆਪਣੇ ਆਪ ਤੋਂ ਹੀ ਉਪਾਇਦਾ = ਪੈਦਾ ਕਰਦਾ ਹੈ। ਉਹ ਹਰਿ = ਹਰੀ ਪਰਮੇਸ਼ਰ ਆਪ ਹੀ ਸਾਰਿਆਂ ਨੂੰ ਰੋਜ਼ੀ ਦੇਵੈ = ਦਿੰਦਾ ਹੈ। ਆਪ ਹੀ ਸਾਰੀਆਂ ਜਿੰਦਾਂ ਨੂੰ, ਦੇਹ ਰੂਪੀ ਪੁਸ਼ਾਕਾਂ ਨੂੰ ਲੈ ਜਾਂਦਾ ਹੈ। ਜਦੋਂ ਚਿਤ ਕਰੇ ਆਪ ਹੀ ਗੁਰੂ ਸਰੂਪ ਹੋ ਕੇ ਦੇਣ ਵਾਲਾ ਅਤੇ ਆਪ ਹੀ ਸਿੱਖ ਹੋ ਕੇ ਨਾਮ ਦੀ ਦਾਤ ਲੈਣ ਵਾਲਾ ਹੈ **ਵਾ:** ਆਪ ਹੀ ਈਸ਼ਰ ਹੋ ਕੇ ਦਾਤ ਨੂੰ ਦਿੰਦਾ ਹੈ, ਆਪ ਹੀ ਅਧਿਕਾਰੀ ਉਪਾਸ਼ਕ ਹੋ ਕੇ ਲੇਇ = ਲੈਣਾ ਕਰਦਾ ਹੈ।

## ਹਰਿ ਆਪੇ ਭਰਮਿ ਭੁਲਾਇਦਾ; ਹਰਿ ਆਪੇ ਹੀ ਮਤਿ ਦੇਇ ॥

ਜਿਨ੍ਹਾਂ ਦਾ ਚਿੱਤ ਨਿਸਚੇ ਤੋਂ ਰਹਿਤ ਬੇਸਿਦਕ ਵਾਲਾ ਹੈ, ਉਨ੍ਹਾਂ ਨੂੰ ਹਰਿ = ਹਰੀ ਪਰਮੇਸ਼ਰ ਆਪ ਹੀ ਉਨ੍ਹਾਂ ਦਾ ਚਿੱਤ ਭਰਮ ਵਾਲਾ ਜਾਣ ਕੇ ਭਰਮ ਵਿਚ ਹੀ ਭੁਲਾਇਦਾ = ਭੁਲਾ ਦਿੰਦਾ ਹੈ, ਕਿਉਂਕਿ ਉਸ ਦਾ ਨਾਮ ਫਲ ਬਰ ਦਾਤਾ ਹੈ। ਜੈਸੀ ਕੋਈ ਕਰਨੀ ਕਰਦਾ ਹੈ, ਉਹ ਪਰਮੇਸ਼ਰ ਉਸ ਨੂੰ ਉਸ ਦੇ ਅਨੁਸਾਰ ਫਲ ਦਿੰਦਾ ਹੈ। ਇਸ ਪ੍ਰਕਾਰ ਜਿਨ੍ਹਾਂ ਦਾ ਮਨ ਭਰਮ ਵਿਚ ਨਿਸਚਾ ਕਰਦਾ ਹੈ, ਉਨ੍ਹਾਂ ਨੂੰ ਭਰਮ ਵਿਚ ਹੀ ਭੁਲਾ ਦਿੰਦਾ ਹੈ। ਜਿਨ੍ਹਾਂ ਨੂੰ ਸੰਗਤ 'ਤੇ ਨਿਸਚਾ ਹੋ ਗਿਆ, ਉਨ੍ਹਾਂ ਨੂੰ ਹਰਿ = ਹਰੀ ਪਰਮੇਸ਼ਰ ਆਪ ਹੀ ਆਪਣੀ ਪ੍ਰਾਪਤੀ ਵਾਲੀ ਆਤਮ ਵਿਸ਼ੈਣੀ, ਮਤਿ = ਬੁੱਧ ਬਖ਼ਸ਼ਿਸ਼ ਕਰ ਦੇਇ = ਦਿੰਦਾ ਹੈ।

## ਗੁਰਮੁਖਾ ਮਨਿ ਪਰਗਾਸੁ ਹੈ; ਸੇ ਵਿਰਲੇ ਕੇਈ ਕੇਇ ॥

ਗੁਰਮੁਖਾਂ ਦੇ ਮਨ ਵਿਚ ਪਰ = ਵਿਸ਼ੇਸ਼ ਕਰਕੇ ਗਿਆਨ ਦਾ ਗਾਸੁ = ਚਾਨਣਾ ਹੈ, ਸੇ = ਉਹ ਐਸੇ ਗੁਰਮੁਖ ਜਨ ਬਹੁਤੇ ਨਹੀਂ ਹੁੰਦੇ, ਕੇਈ ਕੇਇ = ਕੋਈ ਕੋਈ ਵਿਰਲੇ ਵਿਰਲੇ ਹੋਇਆ ਕਰਦੇ ਹਨ। ਜੈਸਾ ਕਿ :

**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥** *(ਗੂਜਰੀ ਮ: ੫, ਅੰਗ ੪੯੫)*

ਸਾਰੇ ਜੀਵ ਹੀ ਵਿਕਾਰਾਂ ਵਿਚ ਫਸੇ ਹੋਏ ਹਨ। ਕਰੋੜਾਂ ਵਿੱਚੋਂ ਕੋਈ ਇਕ ਹੀ ਦੁਨੀਆਂ ਵਿਚ ਪਰਮੇਸ਼ਰ ਦੇ ਨਾਮ ਵਾਲਾ ਲੱਭਦਾ ਹੈ। ਜੈਸਾ ਕਿ :

**ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥** *(ਅੰਗ ੧੪੧੧)*

## ਹਉ ਬਲਿਹਾਰੀ ਤਿਨ ਕਉ; ਜਿਨ ਹਰਿ ਪਾਇਆ ਗੁਰਮਤੇ ॥

(**ਗੁਰਮੱਤੇ** ਦਾ ਉਚਾਰਣ ਅੱਧਕ ਸਹਿਤ ਹੈ)

ਤਿਨ = ਉਨ੍ਹਾਂ ਪਿਆਰਿਆਂ ਕਉ = ਤਾਈਂ ਹਉ = ਅਸੀਂ ਬਲਿਹਾਰੀ = ਕੁਰਬਾਨ ਜਾਂਦੇ ਹਾਂ, ਜਿਨ = ਜਿਨ੍ਹਾਂ ਨੇ ਗੁਰੂ ਦੀ ਮਤੇ = ਮੱਤ ਦੁਆਰਾ ਹਰਿ = ਹਰੀ ਪਰਮੇਸ਼ਰ ਨੂੰ ਪਾਇਆ ਹੈ।

## ਜਨ ਨਾਨਕਿ ਕਮਲੁ ਪਰਗਾਸਿਆ; ਮਨਿ ਹਰਿ ਹਰਿ ਵੁਠੜਾ ਹੇ ॥੪॥

ਗੁਰੂ ਜੀ ਕਥਨ ਕਰਦੇ ਹਨ ਜਿਸ ਪ੍ਰਕਾਰ ਤਲਾਬ ਦੇ ਵਿਚ ਖਲੋਤਾ ਕਮਲ ਸੂਰਜ ਚੜ੍ਹਨ ਨਾਲ ਪਰਗਾਸਿਆ = ਖਿੜ ਜਾਂਦਾ ਹੈ, ਉਸੇ ਪ੍ਰਕਾਰ ਜਿਨ੍ਹਾਂ ਦੇ ਹਿਰਦੇ ਰੂਪੀ ਤਲਾਬ ਵਿਚ ਪ੍ਰੇਮ ਰੂਪੀ ਪਾਣੀ ਭਰਿਆ ਹੋਇਆ ਹੈ, ਉਹ ਕਮਲ ਦੀ ਨਿਆਈਂ ਮਹਾਂਪੁਰਖ ਪਰਮੇਸ਼ਰ ਸਰੂਪ ਸੂਰਜ ਦੇ ਦਰਸ਼ਨ ਕਰਕੇ ਅਨੰਦ ਰੂਪ

ਵਿਚ ਖਿੜ ਜਾਂਦੇ ਹਨ। ਉਨ੍ਹਾਂ ਦੇ ਮਨ ਵਿਚ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲਾ ਹਰਿ = ਪਰਮੇਸ਼ਰ ਵੂਠੜਾ = ਵਸ ਗਿਆ ਹੇ = ਹੈ **ਵਾ:** ਉਨ੍ਹਾਂ ਨੇ ਹੋਰ ਕਰਤੱਵਾਂ ਦਾ ਹੇ (ਹੇਯ) = ਤਿਆਗ ਕਰ ਦਿੱਤਾ ਹੈ ॥੪॥

## ਮਨਿ; ਹਰਿ ਹਰਿ ਜਪਨੁ ਕਰੇ ॥

ਗੁਰਮੁਖ ਜਨ ਮਨ ਕਰਕੇ ਹਰਿ = ਹਰੀ ਪਰਮੇਸ਼ਰ ਜੋ ਹਰਿ = ਸਭ ਨੂੰ ਹਰੇ ਭਰੇ ਕਰਨ ਵਾਲਾ ਹੈ, ਉਸ ਦਾ ਜਪਨੁ = ਸਿਮਰਨ ਕਰੇ = ਕਰਦੇ ਹਨ।

## ਹਰਿ ਗੁਰ ਸਰਣਾਈ ਭਜਿ ਪਉ ਜਿੰਦੂ; ਸਭ ਕਿਲਵਿਖ ਦੁਖ, ਪਰਹਰੇ ॥੧॥ਰਹਾਉ॥

(**ਭੱਜਿ** ਦਾ ਉਚਾਰਣ ਅੱਧਕ ਸਹਿਤ ਹੈ)

ਹੇ ਮੇਰੀ ਜਿੰਦੂ = ਜ਼ਿੰਦੇ ! ਹਰਿ = ਪਰਮੇਸ਼ਰ ਸਰੂਪ ਗੁਰ = ਸਤਿਗੁਰਾਂ ਦੀ ਸਰਣਾਈ = ਸ਼ਰਨ ਵਿਚ ਭਜਿ = ਦੌੜ ਕੇ ਪਉ = ਪੈਣਾ ਕਰ, ਜਿਸ ਨਾਲ ਤੇਰੇ ਸਭ = ਸਾਰੇ ਕਿਲਵਿਖ = ਪਾਪ ਤੇ ਜੰਮਣ ਮਰਨ ਦੇ ਦੁਖ ਪਰਹਰੇ (ਪਰ + ਹਰੇ) ਪਰ = ਵਿਸ਼ੇਸ਼ ਕਰਕੇ ਹਰੇ = ਨਾਸ਼ ਹੋ ਜਾਣਗੇ ॥੧॥ਰਹਾਉ॥

## ਘਟਿ ਘਟਿ ਰਮਈਆ, ਮਨਿ ਵਸੈ; ਕਿਉ ਪਾਈਐ ਕਿਤੁ ਭਤਿ ॥

ਹੇ ਸਤਿਗੁਰੂ ਜੀ ! ਜੋ ਰਮਈਆ = ਰਮਿਆ ਹੋਇਆ ਪਰਮੇਸ਼ਰ ਸਾਰਿਆਂ ਘਟਿ ਘਟਿ = ਸਰੀਰਾਂ ਸਰੀਰਾਂ ਦੇ ਮਨਿ = ਮਨਾਂ ਵਿਚ ਵਸੈ = ਵਸ ਰਿਹਾ ਹੈ, ਉਸ ਨੂੰ ਕਿਉ = ਕਿਵੇਂ ਪਾਈਐ = ਪਾਈਦਾ ਹੈ ?

***ਗੁਰ ਉੱਤਰ :*** (ਕਿਤੁ ਭਤਿ) ਕਿਤੁ = ਕੀਰਤੀ ਦੀ ਭਤਿ = ਭਾਂਤ ਨਾਲ ਪਾਈਦਾ ਹੈ ਭਾਵ ਪਰਮੇਸ਼ਰ ਦੇ ਗੁਣ ਗਾਉਣ ਨਾਲ ਉਸ ਦੀ ਪ੍ਰਾਪਤੀ ਹੁੰਦੀ ਹੈ **ਅਥਵਾ** ਘਟਿ ਘਟਿ = ਘਟਾਂ ਘਟਾਂ ਵਿਚ ਜਿੰਨੇ ਵੀ ਸਰੀਰ ਹਨ ਅੰਡਜ, ਜੇਰਜ, ਸੇਤਜ, ਉਤਭੁਜ ਆਦਿ ਚਾਰ ਖਾਣੀਆਂ ਇਨ੍ਹਾਂ ਸਾਰੀਆਂ ਖਾਣੀਆਂ ਦੇ ਮਨਾਂ ਵਿਚ ਪਰਮੇਸ਼ਰ ਵਸਦਾ ਹੈ। ਅਰਥਾਤ ਅੰਡਜ = ਆਂਡਿਆਂ ਤੋਂ ਪੈਦਾ ਹੋਣ ਵਾਲੀਆਂ, ਜੇਰਜ = ਜੇਰ ਤੋਂ ਪੈਦਾ ਹੋਣ ਵਾਲੀਆਂ, ਸੇਤਜ = ਮੁੜ੍ਹਕੇ ਭਾਵ ਪਸੀਨੇ ਤੋਂ ਪੈਦਾ ਹੋਣ ਵਾਲੀਆਂ, ਉਤਭੁਜ = ਧਰਤੀ ਤੋਂ ਪੈਦਾ ਹੋਣ ਵਾਲੀਆਂ ਆਦਿਕ। ਇਨ੍ਹਾਂ ਵਿਚ ਮਨੁੱਖ ਨੂੰ ਹੀ ਜਾਗਦੇ ਦਿਮਾਗ਼ ਵਾਲਾ ਮੰਨਿਆ ਹੈ। ਪੱਥਰ ਸਖੋਪਤੀ ਅਵਸਥਾ ਜੜ੍ਹ ਰੂਪ ਹੁੰਦੇ ਹਨ। ਪਾਂਬਰ ਪੁਰਖ ਘਣ ਸਖੋਪਤੀ ਅਵਸਥਾ ਦੀ ਨਿਆਈਂ ਹਨ। ਜੋ ਵਿਸ਼ਈ ਪੁਰਸ਼ ਹਨ, ਉਹ ਸਖੋਪਤ ਬਿਰਛਾਂ ਦੀ ਨਿਆਈਂ ਹਨ ਅਤੇ ਬਾਕੀ ਜਗਿਆਸੂ ਲੋਕ ਸੁਪਨ ਅਵਸਥਾ ਦੀ ਨਿਆਈਂ ਹਨ। ਇਸ ਤਰ੍ਹਾਂ ਜੋ ਬ੍ਰਹਮ ਗਿਆਨੀ ਹੁੰਦੇ ਹਨ, ਉਹ ਜਾਗਦੇ ਦਿਮਾਗ਼ ਵਾਲੇ ਮੰਨੇ ਜਾਂਦੇ ਹਨ। ਇਸ ਪ੍ਰਕਾਰ ਜੋ ਘਟਾਂ ਘਟਾਂ ਵਿਚ ਰਮਈਆ = ਰਮਿਆ ਹੋਇਆ ਹੈ, ਉਹ ਸਾਰਿਆਂ ਦੇ ਮਨਾਂ ਵਿਚ ਵਸਿਆ ਹੋਇਆ ਹੈ। ਗੁਰਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਪਾਤਸ਼ਾਹ ਜੀ ! ਉਸ ਪਰਮੇਸ਼ਰ ਨੂੰ ਕਿਉ = ਕਿਸ ਤਰ੍ਹਾਂ ਕਿਤੁ ਭਤਿ = ਕਿਹੜੇ ਤਰੀਕੇ ਨਾਲ ਪਾਈਐ = ਪਾਉਣਾ ਕਰੀਏ ? ਹਜ਼ੂਰ ਨੇ ਫ਼ੁਰਮਾਨ ਕੀਤਾ ਕਿ ਤੁਹਾਡਾ ਪ੍ਰਸ਼ਨ ਪੰਜ ਅੱਖਰਾਂ ਵਿਚ ਸੀ, ਅਸੀਂ ਚਾਰ ਅੱਖਰਾਂ ਵਿਚ ਉੱਤਰ ਦਿੰਦੇ ਹਾਂ ਕਿ ਕਿਤੁ = ਕੀਰਤਨ ਦੇ ਭਾਵ ਪਰਮੇਸ਼ਰ ਦੇ ਜੱਸ ਰੂਪੀ ਭਤਿ = ਤਰੀਕੇ ਨਾਲ ਹੀ ਉਸ ਦੀ ਪ੍ਰਾਪਤੀ ਹੁੰਦੀ ਹੈ। ਪਰਮੇਸ਼ਰ ਦੇ ਨਾਮ ਦੀ ਕੀਰਤ ਕਲਪਤਰ ਬਿਰਛ ਦੀ ਨਿਆਈਂ ਹੈ। ਸੂਰਜ ਦੀਆਂ ਕਿਰਨਾਂ ਦੀ ਨਿਆਈਂ ਹੈ। ਐਸੀ ਪ੍ਰਤੀਬਿੰਬ ਪ੍ਰਕਾਸ਼ ਕਰਨ ਵਾਲੀ ਹੈ ਕਿ ਹਿਰਦੇ ਵਿਚ ਇਸ ਦਾ ਪ੍ਰਕਾਸ਼ ਹੋ ਜਾਣਾ ਐਸੇ ਭਤਿ = ਤਰੀਕੇ ਨਾਲ ਉਸ ਨੂੰ ਪਾਇਆ ਜਾ ਸਕਦਾ ਹੈ।

## ਗੁਰੁ ਪੂਰਾ ਸਤਿਗੁਰੁ ਭੇਟੀਐ; ਹਰਿ ਆਇ ਵਸੈ ਮਨਿ ਚਿਤਿ ॥

ਗੁਰੁ = ਚੇਤਨ ਸਰੂਪ ਪੂਰਾ = ਪੂਰਨ ਸਤਿਗੁਰਾਂ ਦੇ ਭੇਟੀਐ = ਮਿਲਣ ਨਾਲ ਹਰਿ = ਹਰੀ ਪਰਮੇਸ਼ਰ ਮਨਿ = ਹਿਰਦੇ ਦੀ ਚਿਤਿ = ਚਿਤਵਣੀ ਵਿਚ ਆਇ = ਆ ਕੇ ਵਸੈ = ਵਸ ਜਾਂਦਾ ਹੈ।

## ਮੈ ਧਰ ਨਾਮੁ ਅਧਾਰੁ ਹੈ; ਹਰਿ ਨਾਮੈ ਤੇ ਗਤਿ ਮਤਿ ॥

ਮੈ = ਮੈਨੂੰ ਉਸ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਦਾ ਹੀ ਅਧਾਰੁ = ਆਸਰਾ ਹੈ ਅਤੇ ਇਕ ਉਸੇ ਦੀ ਹੀ ਧਰ = ਟੇਕ ਹੈ **ਵਾ:** ਮਨ ਕਰਕੇ ਧਰ = ਟੇਕ ਹੈ, ਸਰੀਰ ਕਰਕੇ ਆਸਰਾ ਹੈ ਅਤੇ ਹਰਿ = ਪਰਮੇਸ਼ਰ ਦੇ ਨਾਮੈ = ਨਾਮ ਤੇ = ਤੋਂ ਹੀ ਗਤਿ = ਮੁਕਤੀ ਵਾਲੀ ਆਤਮ ਵਿਸ਼ੈਣੀ ਮਤਿ = ਬੁੱਧੀ ਪਾਈਦੀ ਹੈ **ਵਾ:** ਪਰਮੇਸ਼ਰ ਦੀ ਗਤਿ = ਪ੍ਰਾਪਤੀ ਦੀ ਮਤਿ = ਸਿੱਖਿਆ **ਵਾ:** ਗਤਿ = ਗਿਆਨ ਵਾਲੀ ਮੱਤ **ਵਾ:** ਗਤਿ = ਪਵਿੱਤਰਤਾ ਵਾਲੀ ਮੱਤ ਆਦਿ ਨਾਮ ਕਰਕੇ ਹੀ ਪ੍ਰਾਪਤ ਹੁੰਦੀ ਹੈ।

## ਮੈ ਹਰਿ ਹਰਿ ਨਾਮੁ ਵਿਸਾਹੁ ਹੈ; ਹਰਿ ਨਾਮੇ ਹੀ ਜਤਿ ਪਤਿ ॥

ਮੈ = ਮੈਨੂੰ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਦਾ ਹੀ ਵਿਸਾਹੁ = ਭਰੋਸਾ ਹੈ **ਵਾ:** ਮੈਂ ਸ਼ਰਧਾ ਰੂਪੀ ਪੂੰਜੀ ਦੇ ਕੇ ਗੁਰਾਂ ਤੋਂ ਹਰੀ ਪਰਮੇਸ਼ਰ ਦੇ ਨਾਮ ਨੂੰ ਹੀ ਵਿਸਾਹੁ = ਖ਼ਰੀਦਣਾ ਕੀਤਾ ਹੈ ਅਤੇ ਹਰਿ = ਪਰਮੇਸ਼ਰ ਦਾ ਨਾਮ ਹੀ ਮੇਰੀ ਉੱਤਮ ਜਾਤਿ = ਜਾਤ ਤੇ ਪਤਿ = ਇੱਜ਼ਤ ਹੈ **ਵਾ:** ਆਤਮ ਵਿਸ਼ੈਣੀ ਜਾਤ = ਬੁੱਧੀ ਤੇ ਪਤਿ = ਪਤੀ ਪਰਮੇਸ਼ਰ ਦੀ ਪ੍ਰਾਪਤੀ ਵੀ ਨਾਮ ਕਰਕੇ ਹੀ ਹੁੰਦੀ ਹੈ।

## ਜਨ ਨਾਨਕ ਨਾਮੁ ਧਿਆਇਆ; ਰੰਗਿ ਰਤੜਾ ਹਰਿ ਰੰਗਿ ਰਤਿ ॥੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਪ੍ਰੇਮੀ ਜਨਾਂ ਨੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ ਹੈ, ਉਨ੍ਹਾਂ ਦਾ ਚਿਤ ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਰਤੜਾ = ਰੰਗਿਆ ਗਿਆ ਹੈ ਜੋ ਹਰੀ ਸਾਰਿਆਂ ਰੰਗਾਂ ਵਿਚ ਰਤਿ = ਰੰਗਿਆ ਹੋਇਆ ਹੈ **ਵਾ:** ਸਾਰਿਆਂ ਰੰਗਾਂ ਵਿਚ ਰਤੜਾ = ਰੰਗਿਆ ਹੋਇਆ ਜੋ ਹਰੀ ਹੈ, ਉਸ ਦੇ ਰੰਗ ਵਿਚ ਇਕ-ਰਸ ਮਨ ਬਾਣੀ ਸਰੀਰ ਕਰਕੇ ਰੰਗਿਆ ਗਿਆ ਹੈ।

ਜਿਹੜਾ ਮਨ ਪਹਿਲਾਂ ਅਨੇਕਾਂ ਤਰ੍ਹਾਂ ਦੇ ਪਦਾਰਥਾਂ, ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ਅਤੇ ਦੁਨੀਆਂ ਦੇ ਹੋਰ ਰੰਗਾਂ ਵਿਚ ਰੱਤਿਆ ਹੋਇਆ ਸੀ, ਹੁਣ ਅਕਾਲ ਪੁਰਖ ਦੀ ਐਸੀ ਕਿਰਪਾ ਹੈ ਕਿ ਉਹ ਕੇਵਲ ਹਰੀ ਦੇ ਰੰਗ ਵਿਚ ਹੀ ਰੰਗਿਆ ਗਿਆ ਹੈ ॥੫॥

## ਹਰਿ ਧਿਆਵਹੁ; ਹਰਿ ਪ੍ਰਭੁ ਸਤਿ ॥

ਉਹ ਹਰਿ = ਪਰਮੇਸ਼ਰ ਨੂੰ ਸਦਾ ਹੀ ਧਿਆਵਹੁ = ਧਿਆਉਣਾ ਕਰੋ, ਜੋ ਹਰਿ = ਹਰੀ ਪ੍ਰਭੁ = ਪਰਮੇਸ਼ਰ ਸਤਿ ਸਰੂਪ ਹੈ।

## ਗੁਰ ਬਚਨੀ ਹਰਿ ਪ੍ਰਭੁ ਜਾਣਿਆ; ਸਭ ਹਰਿ ਪ੍ਰਭੁ ਤੇ ਉਤਪਤਿ ॥੧॥ਰਹਾਉ॥

ਜਿਨ੍ਹਾਂ ਪ੍ਰੇਮੀਆਂ ਨੇ ਸਤਿਗੁਰਾਂ ਦੇ ਬਚਨੀ = ਬਚਨਾਂ ਦੁਆਰਾ ਭਾਵ ਅੰਮ੍ਰਿਤ ਸਰੂਪ ਬਾਣੀ ਦੁਆਰਾ ਉਸ ਹਰਿ = ਅਕਾਲ ਪੁਰਖ ਪ੍ਰਭੂ ਨੂੰ ਜਾਣਿਆ = ਜਾਣ ਲਿਆ ਹੈ, ਜਿੰਨੀ ਵੀ ਸ੍ਰਿਸ਼ਟੀ ਹੈ, ਉਨ੍ਹਾਂ ਨੂੰ ਇਹ ਸੋਝੀ ਹੋ ਗਈ ਹੈ ਕਿ ਸਭ = ਸਾਰੀ ਸ੍ਰਿਸ਼ਟੀ ਹਰਿ = ਹਰੀ ਪ੍ਰਭੁ = ਪਰਮੇਸ਼ਰ ਤੇ = ਤੋਂ ਹੀ ਉਤਪਤਿ = ਉਤਪੰਨ (ਪੈਦਾ) ਹੋਈ ਹੈ **ਵਾ:** ਅੰਤਹਕਰਣ ਦੇ ਅੰਦਰ ਪਰਮੇਸ਼ਰ ਦੇ ਹਰੀ ਨਾਮ ਕਰਕੇ ਹੀ ਸਭ = ਸਾਰੇ ਸ਼ੁਭ ਗੁਣ ਉਤਪਤਿ = ਪੈਦਾ ਹੁੰਦੇ ਹਨ ॥੧॥ਰਹਾਉ॥

## ਜਿਨ ਕਉ ਪੂਰਬਿ ਲਿਖਿਆ; ਸੇ ਆਇ ਮਿਲੇ ਗੁਰ ਪਾਸਿ ॥

ਜਿਨ੍ਹਾਂ ਕਉ = ਦੇ ਮੱਥੇ 'ਤੇ ਪਰਮੇਸ਼ਰ ਨੇ ਪੂਰਬਿ = ਪੂਰਬਲੇ ਪੁੰਨਾਂ ਦੇ ਪ੍ਰੇਰੇ ਹੋਏ ਨੇ ਗੁਰਾਂ ਦੀ ਪ੍ਰਾਪਤੀ ਦਾ

ਲੇਖ ਲਿਖ ਦਿੱਤਾ ਹੈ, ਸੇ = ਉਹ ਇਸ ਜਨਮ ਵਿਚ ਗੁਰੂ ਜੀ ਦੇ ਪਾਸਿ = ਕੋਲ ਆਇ = ਆ ਕੇ ਮਿਲੇ ਹਨ **ਅਥਵਾ** ਜਿਨ੍ਹਾਂ ਨੂੰ ਪਰਮੇਸ਼ਰ ਨੇ ਪੂਰਬਲੇ ਕਰਮਾਂ ਦੇ ਲਿਖੇ ਅਨੁਸਾਰ ਮਨੁੱਖਾ ਜਨਮ ਦਿੱਤਾ ਹੈ, ਸੇ = ਉਹ ਮਨੁੱਖਾ ਜਨਮ ਪਾ ਕੇ ਸਤਿਗੁਰਾਂ ਦੇ ਪਾਸਿ = ਨੇੜੇ ਆਇ = ਆ ਕੇ ਮਿਲੇ ਹਨ **ਵਾ:** ਸੂਖਮ, ਅਸਥੂਲ ਅਤੇ ਕਾਰਨ ਤਿੰਨਾਂ ਦੇਹਾਂ ਦਾ ਅਧਿਆਸ ਛੱਡ ਕੇ ਤਿੰਨਾਂ ਗੁਣਾਂ ਦਾ ਤਿਆਗ ਕਰਕੇ ਗੁਰੂ ਪਾਸ ਆ ਕੇ ਮਿਲੇ ਹਨ।

## ਸੇਵਕ ਭਾਇ, ਵਣਜਾਰਿਆ ਮਿਤ੍ਰਾ; ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥

ਹੇ ਸ਼ੁਭ-ਅਸ਼ੁਭ ਕਰਮਾਂ ਕਰਕੇ ਵਣਜਾਰਿਆ ਅਤੇ ਪਰਮੇਸ਼ਰ ਦੀ ਅੰਸ਼ ਹੋਣ ਕਰਕੇ ਮਿੱਤਰਾ! ਜਿਨ੍ਹਾਂ ਨੇ ਸੇਵਕ = ਦਾਸਾ ਭਾਇ = ਭਾਵ ਧਾਰਨ ਕੀਤਾ ਹੈ, ਗੁਰੁ = ਸਤਿਗੁਰੂ ਸਾਹਿਬ ਜੀ ਨੇ ਉਨ੍ਹਾਂ ਦੇ ਹਿਰਦੇ ਅੰਦਰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਦਾ ਪ੍ਰਗਾਸਿ = ਪ੍ਰਕਾਸ਼ ਕਰ ਦਿੱਤਾ ਹੈ।

## ਧਨੁ ਧਨੁ ਵਣਜੁ ਵਾਪਾਰੀਆ; ਜਿਨ ਵਖਰੁ ਲਦਿਅੜਾ ਹਰਿ ਰਾਸਿ ॥

ਨਾਮ ਦਾ ਵਣਜੁ = ਵਾਪਾਰ ਧਨੁ = ਧੰਨਤਾ ਦੇ ਯੋਗ ਹੈ ਅਤੇ ਜਿਹੜੇ ਨਾਮ ਦੇ ਵਾਪਾਰੀਆ = ਵਣਜ ਕਰਨ, ਵਾਪਾਰ ਕਰਨ ਵਾਲੇ ਜਗਿਆਸੂ ਜਨ ਹਨ ਉਹ ਵੀ ਧਨੁ = ਧੰਨਤਾ ਦੇ ਯੋਗ ਹਨ **ਵਾ:** ਧੰਨ ਉਹ ਵਾਪਾਰੀ ਸੰਤ ਜਨ ਹਨ, ਜਿਨ੍ਹਾਂ ਨੇ ਵਣਜਾਰੇ ਬਣ ਕੇ ਨਾਮ ਰੂਪ ਵਣਜ ਦਾ ਵਾਪਾਰ ਕੀਤਾ ਹੈ, ਜਿਨ੍ਹਾਂ ਨੇ ਹਰੀ ਪਰਮੇਸ਼ਰ ਦੇ ਨਾਮ ਦੀ ਸ਼ਰਧਾ ਰੂਪੀ ਰਾਸਿ = ਪੂੰਜੀ ਦੇ ਵਖਰੁ = ਸੌਦੇ ਤਾਈਂ ਅੰਤਹਕਰਣ ਰੂਪੀ ਗੱਡੇ ਵਿਚ ਲਦਿਅੜਾ = ਲੱਦਣਾ ਕੀਤਾ ਭਾਵ ਧਾਰਨ ਕੀਤਾ ਹੈ।

## ਗੁਰਮੁਖਾ ਦਰਿ ਮੁਖ ਉਜਲੇ; ਸੇ ਆਇ ਮਿਲੇ ਹਰਿ ਪਾਸਿ ॥

ਐਸੇ ਗੁਰਮੁਖਾਂ ਦੇ ਮੁੱਖ ਪਰਮੇਸ਼ਰ ਦੀ ਦਰਿ = ਦਰਗਾਹ ਸੱਚਖੰਡ ਵਿਚ ਉਜਲੇ = ਨਿਰਮਲੇ ਹੁੰਦੇ ਹਨ **ਵਾ:** ਗੁਰਮੁਖ ਜਨਾਂ ਦੇ ਸਤਿਸੰਗਤ ਰੂਪੀ, ਤੁਰੀਆ ਪਦ ਰੂਪੀ ਦਰ ਵਿਚ ਅੰਤਕਰਣ ਰੂਪੀ ਮੁਖ ਉਜਲੇ ਹੁੰਦੇ ਹਨ ਅਤੇ ਸੇ = ਉਹ ਹਰਿ = ਹਰੀ ਪਰਮੇਸ਼ਰ ਦੇ ਪਾਸ ਆਇ = ਆ ਕੇ ਮਿਲ ਗਏ ਹਨ **ਵਾ:** ਉਨ੍ਹਾਂ ਨੂੰ ਹਰੀ ਪਾਸਿ = ਨੇੜਿਉਂ ਹੀ ਮਿਲ ਗਿਆ ਅਤੇ ਉਨ੍ਹਾਂ ਦੀ ਜਮਾਂ ਦੀ ਫਾਹੀ ਕੱਟੀ ਗਈ ਹੈ।

## ਜਨ ਨਾਨਕ ਗੁਰੁ ਤਿਨ ਪਾਇਆ; ਜਿਨਾ ਆਪਿ ਤੁਠਾ ਗੁਣਤਾਸਿ ॥੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ = ਉਨ੍ਹਾਂ ਗੁਰਮੁਖ ਜਨਾਂ ਨੇ ਪੂਰੇ ਗੁਰੁ = ਸਤਿਗੁਰਾਂ ਨੂੰ ਪਾਇਆ ਹੈ, ਜਿਨ੍ਹਾਂ ਦੇ ਪੂਰਬਲੇ ਨਿਸ਼ਕਾਮ ਕਰਮ ਵੇਖ ਕੇ ਗੁਣਤਾਸਿ = ਗੁਣਾਂ ਦਾ ਖ਼ਜ਼ਾਨਾ ਪਰਮੇਸ਼ਰ ਆਪ ਤੁਠਾ = ਪ੍ਰਸੰਨ ਹੋਇਆ ਹੈ ॥੬॥

## ਹਰਿ ਧਿਆਵਹੁ; ਸਾਸਿ ਗਿਰਾਸਿ ॥

ਸਾਸਿ ਗਿਰਾਸਿ = ਆਉਂਦੇ ਜਾਂਦੇ ਸੁਆਸਾਂ **ਵਾ:** ਹਰੇਕ ਸੁਆਸ ਅਤੇ ਗਿਰਾਸਿ = ਮੁਖ ਵਿਚ ਗਰਾਹੀ ਪਾਉਂਦਿਆਂ ਸਦਾ ਹੀ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਵਹੁ = ਧਿਆਉਣਾ ਕਰੋ।

## ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ; ਹਰਿ ਨਾਮੁ ਜਿਨਾ ਰਹਰਾਸਿ ॥੧॥ਰਹਾਉ॥੧॥

ਤਿਨਾ = ਉਨ੍ਹਾਂ ਗੁਰਮੁਖਾਂ ਦੇ ਮਨ ਵਿਚ ਪ੍ਰਭੂ ਦੀ ਪ੍ਰੀਤਿ = ਲਗਨ ਲੱਗੀ ਹੋਈ ਹੈ। ਜਿਨ੍ਹਾਂ ਦੇ ਪਾਸ ਪਰਮੇਸ਼ਰ ਦੇ ਨਾਮ ਦੀ ਰਹਰਾਸਿ = ਰਹੁ ਰੀਤੀ ਭਾਵ ਮਰਯਾਦਾ ਹੈ **ਵਾ:** ਹਰੀ ਨਾਮ ਦੀ ਜਿਨ੍ਹਾਂ ਕੋਲ ਰਹਰਾਸਿ (ਰਹ + ਰਾਸਿ) ਰਾਸਿ = ਪੂੰਜੀ ਰਹ ਆਈ ਹੈ ॥੧॥ਰਹਾਉ॥੧॥

# ਸਿਰੀਰਾਗੁ ਕੀ ਵਾਰ ਆਰੰਭ

**[ਅੰਗ ੮੩]**

## ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਬਾਈ ਵਾਰਾਂ ਬਾਰੇ ਜਾਣਕਾਰੀ :

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ ੩੧ ਰਾਗਾਂ ਅੰਦਰ ਬਾਣੀ ਦਰਜ ਹੈ ਅਤੇ ਕੁਝ ਰਾਗ ਮੁਕਤ ਬਾਣੀ ਵੀ ਹੈ; ਜੈਸਾ ਕਿ :

ਕਬਿੱਤ : **ਸ੍ਰੀ ਰਾਗ ਮਾਝ ਗਉੜੀ, ਆਸਾ, ਸੰਗ ਭਈ ਬਉਰੀ, ਗੂਜਰੀ ਗੰਧਾਰੀ ਤੇ ਬਿਹਾਗੜਾ ਸੁਹਾਇਓ ਹੈ।**
**ਵਡਹੰਸ ਸੋਰਠਿ ਧਨਾਸਰੀ ਤੇ ਜੈਤਸਰੀ, ਟੋਡੀ ਤੇ ਬੈਰਾੜੀ, ਔ ਤਿਲੰਗ ਸੂਹੀ ਛਾਇਓ ਹੈ।**
**ਬਿਲਾਵਲੁ ਤੇ ਗੌਂਡ ਰਾਮਕਲੀ ਨਟ ਮਾਲੀ ਗਉੜਾ, ਮਾਰੂ ਤੇ ਤੁਖਾਰੀ ਔ ਕਿਦਾਰ ਭੈਰਉ ਪਾਇਓ ਹੈ।**
**ਬਸੰਤ ਸਾਰੰਗ ਮਲਾਰ ਕਾਨੜਾ ਕਲਿਆਨ ਰਾਗ, ਪ੍ਰਭਾਤੀ ਤੇ ਬਿਭਾਸ ਜੈਜਾਵੰਤੀ ਗੁਣ ਗਾਇਓ ਹੈ।**

ਇਨ੍ਹਾਂ ੩੧ ਰਾਗਾਂ ਵਿੱਚੋਂ ੧੭ (ਸਤਾਰਾਂ) ਰਾਗਾਂ ਅੰਦਰ ਬਾਈ ਵਾਰਾਂ ਅੰਕਿਤ ਹਨ :

| **ਰਾਗਾਂ ਦੇ ਨਾਮ** | | — | **ਵਾਰਾਂ ਦੇ ਨਾਮ** |
|---|---|---|---|
| ੧. | ਸਿਰੀਰਾਗੁ | — | ੧ ਸਿਰੀਰਾਗ ਕੀ ਵਾਰ ਮਹਲਾ ੪ (ਅੰਗ ੮੩) |
| ੨. | ਰਾਗੁ ਮਾਝ | — | ੨ ਵਾਰ ਮਾਝ ਕੀ ਮਹਲਾ ੧ (ਅੰਗ ੧੩੭) |
| ੩. | ਰਾਗੁ ਗਉੜੀ | — | ੩ ਗਉੜੀ ਕੀ ਵਾਰ ਮਹਲਾ ੪ (ਅੰਗ ੩੦੦) |
| | | | ੪ ਗਉੜੀ ਕੀ ਵਾਰ ਮਹਲਾ ੫ (ਅੰਗ ੩੧੮) |
| ੪. | ਰਾਗੁ ਆਸਾ | — | ੫ ਆਸਾ ਮਹਲਾ ੧ ਵਾਰ ਸਲੋਕਾ ਨਾਲਿ (ਅੰਗ ੪੬੨) |
| ੫. | ਰਾਗੁ ਗੂਜਰੀ | — | ੬ ਗੂਜਰੀ ਕੀ ਵਾਰ ਮਹਲਾ ੩ (ਅੰਗ ੫੦੮) |
| | | | ੭ ਗੂਜਰੀ ਕੀ ਵਾਰ ਮਹਲਾ ੫ (ਅੰਗ ੫੧੭) |
| ੬. | ਰਾਗੁ ਬਿਹਾਗੜਾ | — | ੮ ਬਿਹਾਗੜੇ ਕੀ ਵਾਰ ਮਹਲਾ ੪ (ਅੰਗ ੫੪੮) |
| ੭. | ਰਾਗੁ ਵਡਹੰਸੁ | — | ੯ ਵਡਹੰਸ ਕੀ ਵਾਰ ਮਹਲਾ ੪ (ਅੰਗ ੫੮੫) |
| ੮. | ਰਾਗੁ ਸੋਰਠਿ | — | ੧੦ ਸੋਰਠਿ ਵਾਰ ਮਹਲੇ ੪ ਕੀ (ਅੰਗ ੬੪੨) |
| ੯. | ਰਾਗੁ ਜੈਤਸਰੀ | — | ੧੧ ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ (ਅੰਗ ੭੦੫) |
| ੧੦. | ਰਾਗੁ ਸੂਹੀ | — | ੧੨ ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ (ਅੰਗ ੭੮੫) |
| ੧੧. | ਰਾਗੁ ਬਿਲਾਵਲੁ | — | ੧੩ ਬਿਲਾਵਲ ਕੀ ਵਾਰ ਮਹਲਾ ੪ (ਅੰਗ ੮੪੯) |
| ੧੨. | ਰਾਗੁ ਰਾਮਕਲੀ | — | ੧੪ ਰਾਮਕਲੀ ਕੀ ਵਾਰ ਮਹਲਾ ੩ (ਅੰਗ ੯੪੭) |
| | | | ੧੫ ਰਾਮਕਲੀ ਕੀ ਵਾਰ ਮਹਲਾ ੫ (ਅੰਗ ੯੫੭) |
| | | | ੧੬ ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂੰਮਿ ਆਖੀ (ਅੰਗ ੯੬੬) |
| ੧੩. | ਰਾਗੁ ਮਾਰੂ | — | ੧੭ ਮਾਰੂ ਵਾਰ ਮਹਲਾ ੩ (ਅੰਗ ੧੦੮੬) |
| | | | ੧੮ ਮਾਰੂ ਵਾਰ ਮਹਲਾ ੫ ਡਖਣੇ ਮ: ੫ (ਅੰਗ ੧੦੯੪) |
| ੧੪. | ਰਾਗੁ ਬਸੰਤੁ | — | ੧੯ ਬਸੰਤ ਕੀ ਵਾਰ ਮਹਲੁ ੫ (ਅੰਗ ੧੧੯੩) |
| ੧੫. | ਰਾਗੁ ਸਾਰੰਗ | — | ੨੦ ਸਾਰੰਗ ਕੀ ਵਾਰ ਮਹਲਾ ੪ (ਅੰਗ ੧੨੩੭) |

੧੬. ਰਾਗੁ ਮਲਾਰ — ੨੧ ਵਾਰ ਮਲਾਰ ਕੀ ਮਹਲਾ ੧ (ਅੰਗ ੧੨੭੮)
੧੭. ਰਾਗੁ ਕਾਨੜਾ — ੨੨ ਕਾਨੜੇ ਕੀ ਵਾਰ ਮਹਲਾ ੪ (ਅੰਗ ੧੩੧੨)

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਤਿੰਨਾਂ ਰਾਗਾਂ (ਮਾਝ, ਆਸਾ, ਮਲਾਰ) ਵਿਚ ਤਿੰਨ ਵਾਰਾਂ ਦਰਜ ਹਨ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀਆਂ ਚਾਰ ਰਾਗਾਂ (ਗੂਜਰੀ, ਸੂਹੀ, ਰਾਮਕਲੀ, ਮਾਰੂ ਰਾਗ) ਵਿਚ ਚਾਰ ਵਾਰਾਂ ਦਰਜ ਹਨ। ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਅੱਠ ਰਾਗਾਂ (ਸ੍ਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲੁ, ਸਾਰੰਗ, ਕਾਨੜਾ) ਵਿਚ ਅੱਠ ਵਾਰਾਂ ਦਰਜ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਛੇ ਰਾਗਾਂ (ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਡਖਣਾ ਤੇ ਬਸੰਤਰਾਗ) ਵਿਚ ਛੇ ਵਾਰਾਂ ਦਰਜ ਹਨ।

ਗੁਰੂ ਸਾਹਿਬਾਨਾਂ ਤੋਂ ਇਲਾਵਾ ਗੁਰਸਿੱਖ ਭਾਈ ਸੱਤੇ ਤੇ ਬਲਵੰਡ ਦੀ ਰਾਮਕਲੀ ਰਾਗ ਅੰਦਰ ਇਕ ਵਾਰ ਦਰਜ ਹੈ।

ਇਨ੍ਹਾਂ ਬਾਈ ਵਾਰਾਂ ਅੰਦਰ ਨੌਂ ਧੁਨਾਂ, ਨੌਂ ਸੂਰਮਿਆਂ ਦੇ ਨਾਂ ਤੇ ਚਾੜ੍ਹੀਆਂ ਗਈਆਂ ਹਨ।

੧. ਮਾਝ ਰਾਗੁ ਵਿਚ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ (ਅੰਗ ੧੩੭)
੨. ਗਉੜੀ ਰਾਗੁ ਵਿਚ ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ (ਅੰਗ ੩੧੮)
੩. ਆਸਾ ਰਾਗੁ ਵਿਚ ਟੁੰਡੇ ਅਸਰਾਜੈ ਕੀ ਧੁਨੀ (ਅੰਗ ੪੬੨)
੪. ਗੂਜਰੀ ਰਾਗੁ ਵਿਚ ਸਿਕੰਦਰ ਬਿਰਾਹਿਮ ਕੀ ਵਾਰ ਕੀ ਧੁਨੀ (ਅੰਗ ੫੦੮)
੫. ਵਡਹੰਸੁ ਰਾਗੁ ਵਿਚ ਲਲਾਂ ਬਹਲੀਮਾ ਕੀ ਧੁਨਿ (ਅੰਗ ੫੮੫)
੬. ਰਾਮਕਲੀ ਰਾਗੁ ਵਿਚ ਜੋਧੈਵੀਰੈ ਪੂਰਬਣੀ ਕੀ ਧੁਨੀ (ਅੰਗ ੯੪੭)
੭. ਸਾਰੰਗ ਰਾਗੁ ਵਿਚ ਰਾਇ ਮਹਮੇ ਹਸਨੇ ਕੀ ਧੁਨਿ (ਅੰਗ ੧੨੩੭)
੮. ਮਲਾਰ ਰਾਗੁ ਵਿਚ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ (ਅੰਗ ੧੨੭੮)
੯. ਕਾਨੜਾ ਰਾਗੁ ਵਿਚ ਮੂਸੇ ਕੀ ਵਾਰ ਕੀ ਧੁਨੀ (ਅੰਗ ੧੩੧੨)

ਧੁਨਾਂ ਦੇ ਚਾੜ੍ਹਨ ਦਾ ਹੁਕਮ ਪੰਚਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਆਪ ਦਿੱਤਾ ਸੀ; ਜੈਸਾ ਕਿ :

**ਸ੍ਰੀ ਸਤਿਗੁਰ ਦਿਖਿ ਲਗੋ ਦਿਵਾਨ। ਬੁੱਢੇ ਆਦਿਕ ਸਭਿ ਇਕ ਠਾਨ।**
**ਹਰਿ ਗੁਵਿੰਦ ਕੋ ਕਹਾ ਸੁਨਾਈ। ਆਗਯਾ ਮੋਰ ਸੁਨੋ ਚਿਤੁ ਲਾਈ॥੬੮੯॥**
**ਸਾਹਿਬ ਬੁੱਢੇ ਬਚਨ ਬਖਾਨਾ। ਤੁਮ ਕਰਨੇ ਹੈ ਜੁਧ ਮਹਾਨਾ।**
**ਗ੍ਰਿੰਥ ਬੀੜ ਹਮ ਜੋਇ ਲਿਖਾਈ। ਬਾਈ ਵਾਰ ਸੁਨਹੁ ਮਨੁ ਲਾਈ॥੬੯੦॥**
**ਮਨ ਪਸੰਦ ਸੁਨਿ ਵਾਰ ਜੁ ਪਾਵੋ। ਤਬੈ ਧੁਨਾ ਤੁਮ ਤਾਹਿ ਚੜ੍ਹਾਵੋ।**
**ਬਾਨੀ ਔਰ ਨਹੀ ਤੁਮ ਕਰਨੀ। ਸਤਿ ਬਚਨ ਸੁਨਹੋ ਮਮ ਸ੍ਵਨੀ॥੬੯੧॥**

*(ਗੁਰ ਬਿਲਾਸ ਪਾ: ੬, ਅਧਿਆਇ ੪, ਪੰਨਾ ੧੧੮)*

ਇਕ ਸਮੇਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੀਵਾਨ ਵਿਚ ਬੈਠੇ ਸਨ ਤੇ ਢਾਡੀ ਨੱਥੇ, ਅਬਦੁੱਲੇ ਨੂੰ ਕਿਹਾ ਕਿ ਸੂਰਮਿਆਂ ਦੀਆਂ ਵਾਰਾਂ ਸੁਣਾਓ, ਉਨ੍ਹਾਂ ਨੇ ਦੋ ਮਹੀਨਿਆਂ ਵਿਚ ਸੂਰਮਿਆਂ ਦੀਆਂ ਵਾਰਾਂ ਸੁਣਾਈਆਂ; ਜੈਸਾ ਕਿ :

**ਭਿੰਨ ਭਿੰਨ ਸਭ ਵਾਰ ਉਚਾਰੈ। ਢਾਢੀ ਅਬਦੁਲ ਬਡ ਛਬਿ ਧਾਰੈ।**
**ਧੁਨਿ ਯੁਤ ਬਾਈ ਵਾਰ ਸੁਨਾਈ। ਦੋਇ ਮਾਸ ਮਹਿ ਨਿਜ ਮਨੁ ਲਾਈ॥੧੭੭॥**

**ਚੌਪਈ॥ ਬਾਈ ਵਾਰ ਕੀ ਧੁਨਿ ਸੁਨਿ ਬਾਈ। ਨੌ ਧੁਨਿ ਊਪਰਿ ਵਾਰ ਚੜਾਈ।**
**ਕਰੇ ਯਾਦ ਗੁਰ ਅਰਜਨ ਬੈਨਾ। ਮਨ ਪਸੰਦ ਚਾੜ੍ਹੋ ਧਰਿ ਚੈਨਾ॥੧੭੯॥**
**ਭਗਤ ਸਿੰਘ ਜੋ ਗੁਰ ਕੋ ਭਾਈ। ਹਰਿ ਗੁਵਿੰਦ ਧੁਨਿ ਸੋਇ ਚੜਾਈ॥੧੮੦॥**
**ਦੋਹਰਾ॥ ਸਾਹਿਬ ਬੁੱਢੇ ਕੀ ਤਬੈ, ਸ੍ਰੀ ਗੁਰ ਆਗਯਾ ਪਾਇ।**
**ਨੌ ਧੁਨਿ ਚਾੜ੍ਹੀ ਵਾਰ ਕੀ, ਸੁਨੋ ਸੋਇ ਚਿਤੁ ਲਾਇ॥੧੮੭॥**
**ਕਬਿੱਤ॥ ਮਲਕ ਮੁਰੀਦ ਸੂਰ, ਚੰਦ੍ਰਹੜਾ ਜੁੱਧ ਪੂਰ, ਤਾ ਕੀ ਧੁਨਿ ਸੁਨਿ ਵਾਰ ਮਾਝ ਕੀ ਚੜ੍ਹਾਈ ਹੈ।**
**ਕਮਾਲ ਰਾਇ ਧਾਰਿ ਕ੍ਰੋਧ ਮੋਜਦੀ ਜਿਉ ਕੀਨੋ ਜੋਧ, ਤਾਕੀ ਧੁਨਿ ਸੁਨਿ ਵਾਰ ਗਉੜੀ ਕੀ ਲਖਾਈ ਹੈ।**
**ਟੁੰਡੇ ਅਸ ਭਯੋ ਜਸੁ, ਕੀਨੋ ਬਡੋ ਜੁੱਧ ਰਸ, ਧੁਨਿ ਸੋ ਅਪਾਰ ਤਾਹਿ ਆਸਾਵਾਰ ਪਾਈ ਹੈ।**
**ਸਿਕੰਦਰ ਸੋ ਬਡੋ ਬਲ, ਬ੍ਰਾਹਮ ਸੋ ਜੁੱਧ ਭਲ, ਤਾਕੀ ਧੁਨਿ ਬੈਰੀ ਦਲ ਗੂਜਰੀ ਧਰਾਈ ਹੈ॥੧੮੮॥**
**ਸਵੈਯਾ॥ ਸੁਨਿਕੈ ਧੁਨਿ ਔਰ ਲਲਾ ਬਹਿਲੀਮ ਕੀ ਯੁਧ ਕੀਯੋ ਵਡਹੰਸ ਚੜ੍ਹਾਈ।**
**ਜੋਧ ਸੁ ਵੀਰ ਭਯੋ ਰਣਧੀਰ ਪੂਰਬਾਣੀ ਸੋਂ ਰਸ ਰੁਦ੍ਰ ਮਚਾਈ।**
**ਸੋ ਧੁਨਿ ਰਾਮਕਲੀ ਸੁਭ ਰਾਗ ਮੈ ਹੋਇ ਦਯਾਲ ਗੁਰੂ ਜੀ ਲਿਖਾਈ।**
**ਮਹਮੇ ਹਸਨੇ ਜਿਮ ਜੁੱਧ ਕੀਯੋ, ਧੁਨਿ ਸੁੰਦਰ ਸਾਰੰਗ ਵਾਰ ਧਰਾਈ॥੧੮੯॥**
**ਸੋਰਠਾ॥ ਪੁਨਿ ਰਾਣੇ ਕੈਲਾਸ, ਮਾਲਦੇਵ ਜਿਮ ਜੁੱਧ ਕੀ ਕੀਯੋ।**
**ਤਿਹ ਧੁਨਿ ਗੁਰੂ ਪ੍ਰਕਾਸੁ ਮਲਾਰ ਵਾਰ ਮੈ ਸੋ ਲਿਖੀ॥੧੯੦॥**
**ਦੋਹਰਾ॥ ਮੂਸੇ ਵਾਰ ਕੀ ਧੁਨਿ ਸੁਨੀ, ਸ੍ਰੀ ਗੁਰ ਮਨਿ ਹਰਖਾਇ।**
**ਵਾਰ ਕਾਨੜੇ ਪਰਿ ਲਿਖੀ, ਸੋ ਧੁਨਿ ਗੁਰ ਪ੍ਰਗਟਾਇ॥੧੯੧॥**

*(ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮, ਪੰਨਾ ੨੨੩-੨੪)*

**ਵਾਰ** : ਇਹ ਪਦ ਸੰਸਕ੍ਰਿਤ ਦੇ ਪਦ ਵਾਰਤਾ ਤੋਂ ਸੰਖੇਪ ਹੋ ਕੇ ਬਣਿਆ ਲੱਗਦਾ ਹੈ, ਵਾਰਤਾ = ਖ਼ਬਰ, ਹਾਲ, ਕਿਸੇ ਹੋਏ ਵਾਕਿਆ ਬਾਬਤ ਹਾਲ, ਕਥਾ ਦਾ ਉਪ ਕਥਨ, ਕਥਾ ਵਾਰਤਾ,

ਪਹਿਲਾਂ ਇਹ ਪਦ ਸਾਰੀ ਹੋਈ ਘਟਨਾ ਦੀਆਂ ਖ਼ਬਰਾਂ, ਫੇਰ ਜੰਗਾਂ ਯੁੱਧਾਂ ਦੀਆਂ ਖ਼ਬਰਾਂ 'ਤੇ ਵਰਤੀਦਾ ਸੀ। ਉਨ੍ਹਾਂ ਦੇ ਹਾਲਾਤ ਦੇ ਕਥਾ ਰੂਪ ਵਰਨਣ 'ਤੇ ਆ ਗਿਆ, ਕਾਵਯ ਰਚਨਾ ਵਿਚ ਹੋਈਆਂ ਬੀਰ ਰਸੀ ਘਟਨਾਵਾਂ ਨੂੰ ਸੁਣਨ ਵਾਲਿਆਂ ਨੇ ਯਾਦ ਰੱਖਣ ਲਈ ਛੰਦਾਂ ਵਿਚ ਸੰਖੇਪ ਵੇਰਵੇ ਰਚ ਲਏ ਤੇ ਨਾਲ ਢੱਡ ਸਾਰੰਗੀ ਆਦਿ ਸਾਜ਼ ਰੱਖ ਲਏ, ਇਸ ਪ੍ਰਕਾਰ ਉਨ੍ਹਾਂ ਨੇ ਵਾਪਰੀ ਹੋਈ ਘਟਨਾ ਦੇ ਹਾਲਾਤ ਸੁਣਾਉਣੇ, ਵੇਰਵੇ ਦੇਣੇ ਅਤੇ ਵਿਚ ਰਚੇ ਛੰਦ ਗੌਣੇ, ਜਿਨ੍ਹਾਂ ਦੀ ਕਿ ਮਾਨੋ ਵਿਆਖਿਆ ਕਰ ਰਹੇ ਹਨ, ਅਜਿਹੇ ਛੰਦ ਪਉੜੀ ਕਹਿਲਾਏ ਜੋ ਹਾਲਾਤ ਦਾ ਸਿਲਸਿਲਾ ਉਸ ਵਿਚ ਡੰਡਿਆਂ ਵਾਂਗੂੰ ਤੁਰਦਾ ਹੈ।

ਪਹਿਲਾਂ ਇਹ ਛੰਦ ਨਿਸ਼੍ਰੇਨੀ ਛੰਦ ਵਿਚ ਸਨ, (ਨਿਸ਼੍ਰੇਨੀ = ਪਉੜੀ) ਇਹ ਜੰਗਾਂ ਜੁੱਧਾਂ ਦੇ ਹਾਲਾਤ ਤੇ ਯੋਧਿਆਂ ਦੀ ਸੂਰਬੀਰਤਾ ਦਾ ਜੱਸ ਪੰਜਾਬੀ ਕਵੀਆਂ ਨੇ ਬਹੁਤ ਕਰਕੇ ਇਸੇ ਛੰਦ ਵਿਚ ਲਿਖਿਆ ਹੈ ਅਤੇ ਇਥੋਂ ਜੱਸ ਗਾ ਕੇ, ਵਿਆਖਿਆ ਕਰ ਕੇ ਵਿਚ ਪ੍ਰਮਾਣ ਤੇ ਸਿੱਖਿਆ ਰੂਪ ਸਲੋਕ ਨਾਲ ਲਾ ਲਾ ਕੇ ਸੁਣਾਉਣ ਦਾ ਰਿਵਾਜ ਪਿਆ। ਜਦੋਂ ਢਾਢੀ ਵਾਰਾਂ ਲਾਉਂਦੇ ਜੰਗਾਂ ਜੁੱਧਾਂ ਦੇ ਹਾਲ ਵਾਰਤਿਕ ਵਿਚ ਸੁਣਾਉਂਦੇ, ਉਸ ਦਾ ਸੰਖੇਪ ਪਉੜੀ ਵਿਚ ਦਿੰਦੇ ਹੁੰਦੇ ਸਨ, ਵਿਚ ਸਲੋਕ ਦਿਆ ਕਰਦੇ ਸਨ, ਜਿਨ੍ਹਾਂ ਦਾ ਸੰਬੰਧ ਕਦੇ ਚੱਲ ਰਹੇ ਪ੍ਰਸੰਗ ਨਾਲ, ਕਦੇ ਵਿਅੰਗ ਨਾਲ, ਕਦੇ ਧੁਨੀ ਵਿਚ, ਕਦੇ ਉਪਦੇਸ਼ ਰੂਪ ਵਿਚ ਹੁੰਦਾ ਸੀ। ਇਸੇ ਤਰ੍ਹਾਂ ਗੁਰਬਾਣੀ ਦੀਆਂ ਵਾਰਾਂ ਵਿਚ ਸਲੋਕਾਂ ਦਾ ਸੰਬੰਧ ਪਉੜੀਆਂ ਨਾਲ ਕਿਤੇ ਸਿੱਧਾ, ਕਿਤੇ ਵਿਅੰਗ, ਧੁਨੀ ਆਦਿ ਨਾਲ ਕਦੇ ਆਪਣੇ ਕਿਸੇ ਸਿਧਾਂਤ ਦੇ ਇਸ਼ਾਰੇ ਵਤ ਹੁੰਦਾ ਹੈ, ਪਰ ਅਕਸਰ ਵਾਰਾਂ ਤੇ ਪਉੜੀਆਂ ਦੇ ਭਾਵ ਕਿਵੇਂ ਨ ਕਿਵੇਂ ਢੁੱਕਵੇਂ ਹੀ ਹੁੰਦੇ ਹਨ।

ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕੀਤੀ, ਉਸ ਵੇਲੇ ਸਤਿਗੁਰੂ ਜੀ ਨੇ, ਸਿੱਖਾਂ ਨੂੰ ਯੋਧੇ ਬਣਾਉਣ ਵਾਸਤੇ ਧਰਮ ਦੀ ਰੱਖਿਆ ਕਰਨ ਵਾਸਤੇ ਆਪ ਸ਼ਸਤ੍ਰਧਾਰੀ ਹੋਏ ਤੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਬਾਬਾ ਬੁੱਢਾ ਜੀ ਤੋਂ ਪਹਿਨਣੀਆਂ ਕੀਤੀਆਂ। ਉਸ ਵੇਲੇ ਸਤਿਗੁਰੂ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਸੂਰਮਿਆਂ ਦੀਆਂ ਵਾਰਾਂ ਨੱਥੇ ਅਬਦੁਲੇ ਢਾਡੀਆਂ ਕੋਲੋਂ ਸੁਣਿਆ ਕਰਦੇ ਸਨ, ਉਨ੍ਹਾਂ ਵਾਰਾਂ ਵਿਚ ਜਿਹੜੀ ਧੁਨੀ ਪਸੰਦ ਆਉਂਦੀ, ਉਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਈ ਗੁਰਦਾਸ ਜੀ ਤੋਂ ਲਿਖਵਾਉਂਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨੌਂ ਧੁਨਾਂ ਪਉੜੀ ਦੀਆਂ ਰਾਗੀਆਂ ਦੇ ਗਾਉਣ ਲਈ ਠਹਿਰਾਈਆਂ ਹਨ, ਵਾਰਾਂ ਦੇ ਕੀਰਤਨ ਵਿਚ ਸਲੋਕਾਂ ਦੇ ਮਗਰੋਂ ਪਉੜੀ ਏਕਤਾਲ = ਯੱਕਾ, ਤਿੰਨ ਤਾਲ, ਪੰਜ ਤਾਲ = ਆਸਾਵਰੀ ਢਾਈ ਤਾਲ ਰੂਪਕ ਵਿਚ ਗਾਈਆਂ ਜਾਂਦੀਆਂ ਹਨ, ਪਉੜੀ ਗਾਉਣ ਵੇਲੇ ਪਖਾਵਜ = ਜੋੜੀ ਦੀ ਗਤ ਨਹੀਂ ਵਜਾਈ ਜਾਂਦੀ, ਸਿਰਫ਼ ਸਾਜ ਹੀ ਵਜਾਈਦਾ ਹੈ, ਇਸੇ ਲਈ ਪਉੜੀ ਗਾ ਕੇ ਉਸ ਦਾ ਪਾਠ ਸੁਣਾਇਆ ਜਾਂਦਾ ਹੈ, ਜਿਸ ਤੋਂ ਸ੍ਰੋਤੇ ਸ਼ਬਦਾਂ ਦਾ ਅਰਥ ਸਮਝ ਸਕਣ। ਪਉੜੀ ਲਾਉਣੀ ਪੁਰਾਤਨ ਰਬਾਬੀਆਂ ਅਤੇ ਰਾਗੀਆਂ ਦਾ ਇਕ ਖ਼ਾਸ ਹੁਨਰ ਹੁੰਦਾ ਸੀ, ਹੁਣ ਕੀਰਤਨ ਕਰਨ ਵਾਲੇ ਪਉੜੀਆਂ ਦੇ ਗਾਉਣ ਦੀ ਧਾਰਨਾ ਭੁੱਲਦੇ ਜਾਂਦੇ ਹਨ ਅਤੇ ਸਵੇਰੇ ਸੰਝ ਰਾਤ ਨੂੰ ਚੌਂਕੀ ਦਾ ਭੋਗ ਪਾਉਣ ਵੇਲੇ ਬਿਲਾਵਲ ਕਾਨੜੇ ਆਦਿ ਦੀਆਂ ਪਉੜੀਆਂ ਪੁਰਾਤਨ ਰੀਤ ਅਨੁਸਾਰ ਨਹੀਂ ਗਾਉਂਦੇ, ਪਉੜੀ ਦਾ ਵਜਨ ਚੌਪਈ, ਹੰਸ ਗਤ, ਦੋਹਿਰਾ ਆਦਿ ਅਨੇਕ ਵਜਨਾਂ ਦਾ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੨੨ ਵਾਰਾਂ ਹਨ, ਉਨ੍ਹਾਂ ਦੀਆਂ ਪਉੜੀਆਂ ਦਾ ਵਜਨ ਇਕ ਨਹੀਂ, ਅਨੇਕਾਂ ਹਨ, ਪਉੜੀ ਇਕ ਛੰਦ ਦੀ ਚਾਲ ਦਾ ਨਾਮ ਹੈ, ਜਿਸ ਦੇ ਚਾਰ ਚਰਨ ਪੂਰੇ ਹਨ ਤੇ ਇਕ ਚਰਨ ਕੁਝ ਮਾਤਰਾ ਘੱਟ ਹੁੰਦਾ ਹੈ, ਉਂਜ ਵਾਰਾਂ ਦੀਆਂ ਪਉੜੀਆਂ ਵਿਚ ਚਰਨ ਵੱਧ ਘੱਟ ਰਚ ਲੈਣਾ ਵਿਹਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ ਵਿਚ ਪਉੜੀਆਂ ਦੇ ਆਮ ਤੌਰ ’ਤੇ ਪੰਜ ਪੰਜ ਜਾਂ ਅੱਠ ਅੱਠ ਕਰਕੇ ਚਰਨ ਬਹੁਤ ਕਰਕੇ ਹਨ, ਸਹਜੇ ਸਹਜੇ ਇਸ ਪਦ ਦਾ ਪੰਜਾਬੀ ਵਿਚ ਅਰਥ ਹੋ ਗਿਆ “ਬੀਰ ਰਸ ਯੋਧਿਆਂ ਦੇ ਗੁਣ ਕਥਨ ਦਾ ਗੀਤ”।

ਗੁਰੂ ਸਾਹਿਬਾਂ ਨੇ ਜੋ ਵਾਰਾਂ ਕਹੀਆਂ ਹਨ, ਜਿਨ੍ਹਾਂ ਵਿਚ ਸ਼ਾਂਤਿ ਰਸੀ ਯਤਨਾਂ ਦਾ ਆਸੁਰੀ ਸੰਪਦਾ ਉਤੇ ਦੈਵੀ ਸੰਪਦਾ ਦੀ ਫ਼ਤਹਿ ਦਾ, ਤੇ ਦੈਵੀ ਸੰਪਦਾ ਦੇ ਸੁਆਮੀ ਪਰਮੇਸ਼ਰ ਦਾ ਗੁਣ ਕਥਨ ਸ਼ਾਮਿਲ ਕੀਤਾ ਤੇ ਸਿੱਖਿਆ ਉਪਦੇਸ਼ ਤੇ ਹੋਰ ਉੱਤਮ ਭਾਵਾਂ ਦੇ ਗੁਰਬਾਣੀ ਦੇ ਸਲੋਕ ਵਿਚ ਗਾਇਨ ਦੀ ਆਗਿਆ ਕੀਤੀ, ਜਿਨ੍ਹਾਂ ਦੇ ਨਾਲ ਮਿਲਣ ਨਾਲ ਉਪਰੋਕਤ ਭਾਵ ਪੂਰੇ ਤੇ ਸਪੱਸ਼ਟ ਦਿਸ ਪੈਂਦੇ ਹਨ।

## ੴ ਸਤਿਗੁਰ ਪ੍ਰਸਾਦਿ ॥
## ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥

ਸ੍ਰੀ ਗੁਰੂ ਅਰਜਨ ਦੇਵ ਜੀ ਇਥੇ ਭਾਈ ਗੁਰਦਾਸ ਜੀ ਪਾਸੋਂ ਸਿਰੀਰਾਗ ਕੀ ਵਾਰ ਲਿਖਵਾਉਂਦੇ ਹਨ। ਸਿਰੀਰਾਗ ਕੀ ਵਾਰ ਆਰੰਭ ਕਰਨ ਸਮੇਂ ਪਹਿਲਾਂ ਮੰਗਲ ਕੀਤਾ ਹੈ। ੧ = ਅਦਵੈਤ ਸਰੂਪ ਪਰਮੇਸ਼ਰ, ਓ = ਸਾਰਿਆਂ ਦਾ ਪ੍ਰਕਾਸ਼ਕ ਹੈ। ਸਤਿ = ਤ੍ਰੈਕਾਲ ਅਬਾਧ ਸਰੂਪ ਹੈ, ਗੁਰ = ਚੇਤਨ ਸਰੂਪ ਅਤੇ ਪ੍ਰਸਾਦਿ = ਅਨੰਦ ਸਰੂਪ ਹੈ। ਸਤਿਗੁਰਾਂ ਦੀ ਕ੍ਰਿਪਾ ਦੁਆਰਾ ਪ੍ਰਾਪਤ ਹੁੰਦਾ ਹੈ। ਸਿਰੀਰਾਗ ਕੀ ਵਾਰ = ਪਉੜੀਆਂ, ਵਾਰ = ਸੂਰਮਿਆਂ ਦੇ ਮੁਕਾਬਲਿਆਂ ਦਾ ਨਾਮ ਹੈ। ਜਿਥੇ ਦੋਹਾਂ ਪਾਸਿਆਂ ਤੋਂ ਵਾਰ ਹੋਣ, ਇਸ ਪ੍ਰਕਾਰ ਸੂਰਮਿਆਂ ਦੇ ਵਾਰ ਆਪੋ ਵਿਚ ਹੀ ਹੁੰਦੇ ਹਨ। ਇੱਧਰ ਬਿਬੇਕ ਤੇ ਮੋਹ ਦੇ ਆਪੋ ਵਿੱਚੀਂ ਵਾਰ ਹੋ ਰਹੇ ਹਨ। ਗੁਰਮੁਖ ਜਨਾਂ ਦੀ ਬਿਬੇਕ ਦੀ ਜਿੱਤ ਹੁੰਦੀ ਹੈ ਅਤੇ ਮਨਮੁਖਾਂ ਦੇ ਮੋਹ ਦੀ ਹਾਰ ਹੁੰਦੀ ਹੈ। ਇਸ ਪ੍ਰਕਾਰ ਪਾਤਸ਼ਾਹ

ਜੀ ਨੇ ੨੨ ਵਾਰਾਂ ਉਚਾਰਨ ਕੀਤੀਆਂ। ਵਾਰ ਦੇ ਨਾਲ ਜਿਹੜਾ ਮਹਲਾ ਹੋਵੇ, ਉਹ ਪਉੜੀਆਂ ਸਾਰੀਆਂ ਉਸ ਪਾਤਸ਼ਾਹ ਜੀ ਦੀਆਂ ਹੁੰਦੀਆਂ ਹਨ। ਸਿਰੀਰਾਗ ਦੀ ਇਸ ਵਾਰ ਦੇ ਨਾਲ 'ਮਹਲਾ ੪' ਹੈ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀਆਂ ਪਉੜੀਆਂ ਆਉਣਗੀਆਂ। ਇਸ ਕਰਕੇ ਪਉੜੀ ਦੇ ਨਾਲ ਮਹਲੇ ਲਿਖੇ ਹਨ। ਜਿਥੇ ਵਾਰ ਵਿਚ ਪਉੜੀਆਂ ਦੀ ਹੋਰ ਲੋੜ ਸੀ, ਉਥੇ 'ਪਉੜੀ ਨਵੀਂ ਮਹਲਾ ੫' 'ਪਉੜੀ ਮ: ੫', 'ਪਉੜੀ ਪੰਜਵਾ' ਆਦਿ ਲਿਖਣਾ ਕੀਤਾ। ਇਸ ਪ੍ਰਕਾਰ ਮਹਾਰਾਜ ਸਾਹਿਬ ਜੀ ਨੇ ਵਾਰਾਂ ਰਚਨਾ ਕੀਤੀਆਂ ਹਨ। ਪਹਿਲੀਆਂ ਵਾਰਾਂ ਇਕੱਲੀਆਂ ਪਉੜੀਆਂ ਦੀਆਂ ਹੁੰਦੀਆਂ ਸਨ। ਫਿਰ ਗੁਰੂ ਅਰਜਨ ਸਾਹਿਬ ਜੀ ਨੇ 'ਸਲੋਕ' ਲਿਖਾਏ ਇਨ੍ਹਾਂ ਸਲੋਕਾਂ ਦੇ ਨਾਲ ਇਹ ਵਾਰ ਆਵੇਗੀ।

## ਸਲੋਕ ਮ: ੩ ॥

ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਪਾਵਨ ਹਜ਼ੂਰੀ ਵਿਚ ਕਿਸੇ ਰਾਗੀ ਨੇ ਸਿਰੀਰਾਗ ਦਾ ਗਾਇਨ ਕੀਤਾ ਤਾਂ ਸੰਗਤਾਂ ਰਾਗੀ (ਗਵੱਈਏ) ਦਾ ਇਸ ਤਰ੍ਹਾਂ ਦਾ ਰਾਗ ਸੁਣ ਕੇ ਬੜੀਆਂ ਪ੍ਰਸੰਨ ਹੋਈਆਂ ਤਾਂ ਹਜ਼ੂਰ ਪਾਤਸ਼ਾਹ ਜੀ ਨੇ ਉਸ ਵੇਲੇ ਸੰਗਤਾਂ ਦੇ ਪ੍ਰਥਾਏ ਉਪਦੇਸ਼ ਬਖ਼ਸ਼ਿਸ਼ ਕੀਤਾ।

## ਰਾਗਾ ਵਿਚਿ ਸ੍ਰੀਰਾਗੁ ਹੈ; ਜੇ ਸਚਿ ਧਰੇ ਪਿਆਰੁ ॥

ਰਾਗਾਂ ਵਿਚ ਸਿਰੀਰਾਗ ਗਾਇਆ ਹੋਇਆ ਉਨ੍ਹਾਂ ਦਾ ਸਫਲ ਹੈ। ਜੇਕਰ ਗਾਉਣ ਵਾਲਾ ਸਚੇ ਪਰਮੇਸ਼ਰ ਵਿਚ ਪਿਆਰੁ = ਪ੍ਰੇਮ ਧਰੇ = ਰੱਖਣਾ ਕਰੇ **ਅਥਵਾ** ਦੁਨੀਆਂ ਦੇ ਰਾਗਾ = ਪ੍ਰੇਮਾਂ ਵਿੱਚੋਂ ਓਹੀ ਸ੍ਰੀ = ਸ਼੍ਰੋਮਣੀ ਰਾਗੁ = ਪ੍ਰੇਮ ਹੈ, ਜੇ = ਜੋ ਸੱਚ ਸਰੂਪ ਪਰਮੇਸ਼ਰ ਵਿਚ ਪਿਆਰੁ = ਪ੍ਰੇਮ ਧਰੇ = ਧਾਰਨਾ ਹੈ।

## ਸਦਾ ਹਰਿ ਸਚੁ ਮਨਿ ਵਸੈ; ਨਿਹਚਲ ਮਤਿ ਅਪਾਰੁ ॥

(**ਮੱਤਿ** ਮੱਤ ਦਾ ਉਚਾਰਣ ਅੱਧਕ ਸਹਿਤ ਹੈ)

ਸਦਾ = ਹਮੇਸ਼ਾ ਹੀ ਹਰਿ = ਹਰੀ ਪਰਮੇਸ਼ਰ ਦਾ ਸਚੁ = ਸੱਚਾ ਨਾਮ ਮਨ ਵਿਚ ਵਸੈ = ਵਸ ਜਾਵੇ ਤਾਂ ਨਿਹਚਲ = ਅਚੱਲ ਮੱਤ ਅਤੇ ਅਪਾਰੁ = ਪਾਰਾਵਾਰ ਤੋਂ ਰਹਿਤ ਸਰੂਪ ਦੀ ਪ੍ਰਾਪਤੀ ਹੋ ਜਾਂਦੀ ਹੈ **ਵਾ:** ਅਪਾਰੁ = ਬੇਅੰਤ ਗੁਣਾਂ ਵਾਲੇ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਂਦੀ ਹੈ।

## ਰਤਨੁ ਅਮੋਲਕੁ ਪਾਇਆ; ਗੁਰ ਕਾ ਸਬਦੁ ਬੀਚਾਰੁ ॥

ਗੁਰ = ਸਤਿਗੁਰਾਂ ਕਾ = ਦਾ ਸਬਦੁ = ਉਪਦੇਸ਼ ਬੀਚਾਰੁ = ਵਿਚਾਰਨ ਵਾਲਿਆਂ ਨੇ ਨਾਮ ਰੂਪੀ, ਬ੍ਰਹਮ ਰੂਪੀ ਅਮੋਲਕੁ = ਬੇਕੀਮਤੀ ਰਤਨ ਨੂੰ ਪਾਇਆ = ਪਾਉਣਾ ਕੀਤਾ ਹੈ **ਵਾ:** ਉਨ੍ਹਾਂ ਦੀ ਹੋਰ ਕਿਸੇ ਵਿਚ ਵੀ ਰਤਨੁ (ਰਤ + ਨੁ) ਰਤ = ਪ੍ਰੀਤੀ ਨੁ = ਨਹੀਂ ਰਹਿੰਦੀ।

## ਜਿਹਵਾ ਸਚੀ ਮਨੁ ਸਚਾ; ਸਚਾ ਸਰੀਰ ਅਕਾਰੁ ॥

ਉਨ੍ਹਾਂ ਦੀ ਸੱਚ ਬੋਲਣ ਕਰਕੇ ਜਿਹਵਾ = ਜ਼ੁਬਾਨ ਸੱਚੀ ਹੈ ਤੇ ਸੱਚੇ ਨਾਮ ਵਿਚ ਬਿਰਤੀ ਲਾਉਣ ਕਰਕੇ ਮਨ ਵੀ ਸੱਚਾ ਭਾਵ ਸਫਲਾ ਹੈ **ਵਾ:** ਉਨ੍ਹਾਂ ਦੀ ਜਿਹਵਾ ਸੱਚੀ ਬਾਣੀ ਬੋਲਦੀ ਹੈ ਤੇ ਮਨ ਵਿਚ ਸੱਚਾ ਵਸਿਆ ਹੋਇਆ ਹੈ। ਸਰੀਰ ਦਾ ਆਕਾਰ ਵੀ ਸੱਚੇ ਪਰਮੇਸ਼ਰ ਦੇ ਪ੍ਰਾਇਣ ਹੋਇਆ ਹੈ **ਵਾ:** ਉਨ੍ਹਾਂ ਨੂੰ ਸੰਸਾਰ ਦਾ ਸਾਰਾ ਆਕਾਰ ਵੀ ਸੱਚਾ ਪ੍ਰਤੀਤ ਹੁੰਦਾ ਹੈ **ਵਾ:** ਉਨ੍ਹਾਂ ਦੇ ਸਰੀਰ ਵਿਚ ਸੱਚਾ ਪ੍ਰਭੂ ਵਸਣੇ ਕਰਕੇ ਉਹ ਸੱਚੇ ਪਰਮੇਸ਼ਰ ਦਾ ਅਕਾਰੁ = ਸਰੂਪ ਹੀ ਬਣ ਗਏ ਹਨ **ਵਾ:** ਜਿਨ੍ਹਾਂ ਦੀ ਜ਼ਬਾਨ ਵਿਚ ਨਾਮ ਜਪਣ ਰੂਪ ਸੱਚੀ ਪ੍ਰੀਤੀ ਹੈ, ਉਨ੍ਹਾਂ ਦੇ ਮਨ ਵਿਚ ਸੱਚਾ ਵਾਹਿਗੁਰੂ ਪ੍ਰਗਟ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਸਾਰੇ ਪਰਪੰਚ ਦੇ ਆਕਾਰ ਅਤੇ ਸਰੀਰ ਦੇ ਰੋਮ ਰੋਮ ਵਿਚ ਸੱਚਾ ਸਰੂਪ ਹੀ ਦਿਸਦਾ ਹੈ।

## ਨਾਨਕ ਸਚੈ ਸਤਿਗੁਰਿ ਸੇਵਿਐ; ਸਦਾ ਸਚੁ ਵਾਪਾਰੁ ॥੧॥

ਗੁਰੂ ਜੀ ਕਥਨ ਕਰਦੇ ਹਨ ਜਿਨ੍ਹਾਂ ਨੇ ਇੱਕ ਚਿਤ ਹੋ ਕੇ ਸਤਿਗੁਰਾਂ ਦਾ ਸੇਵਿਐ = ਸੇਵਨ ਭਾਵ ਪੂਜਨ ਕੀਤਾ ਹੈ, ਉਹ ਸਦਾ ਹੀ ਸੱਚੇ ਨਾਮ ਨੂੰ ਆਪ ਜਪਦੇ ਅਤੇ ਹੋਰਨਾਂ ਨੂੰ ਜਪਾਉਣ ਦਾ ਵਾਪਾਰੁ = ਵਣਜ ਕਰਦੇ ਹਨ ॥੧॥

## ਮ: ੩ ॥ ਹੋਰੁ ਬਿਰਹਾ ਸਭ ਧਾਤੁ ਹੈ; ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥

ਹੋਰ ਦੁਨਿਆਵੀ ਬਿਰਹਾ = ਪ੍ਰੇਮ ਸਭ = ਸਾਰੇ ਧਾਤੁ = ਦੌੜ ਜਾਣ ਵਾਲੇ ਹਨ **ਵਾ:** ਧਾਤੁ = ਮਾਇਆ ਦੀ ਹੀ ਅੰਸ਼ ਹਨ, ਜਬ = ਜਦੋਂ ਲਗੁ = ਤਕ ਸਾਹਿਬ = ਮਾਲਕ ਪਰਮੇਸ਼ਰ ਨਾਲ ਪ੍ਰੀਤਿ = ਪ੍ਰੀਤੀ ਨ = ਨਹੀਂ ਹੋਇ = ਹੁੰਦੀ **ਅਥਵਾ** ਜਦੋਂ ਤਕ ਹਿਰਦੇ ਵਿਚ ਮਾਲਕ ਪਰਮੇਸ਼ਰ ਦੀ ਪ੍ਰੀਤੀ ਨਾ ਹੋਵੇ ਤਾਂ ਉਦੋਂ ਤਕ ਹੋਰ ਪ੍ਰੇਮ ਸਾਰੇ ਮਾਇਆ ਰੂਪ ਹੀ ਹਨ **ਵਾ:** ਜਦੋਂ ਤੱਕ ਉਸ ਪ੍ਰਿਥਵੀ ਦੇ ਮਾਲਕ ਪਰਮੇਸ਼ਰ ਦੀ ਪ੍ਰੀਤੀ ਕਿਸੇ ਪੁਰਖ ਦੇ ਹਿਰਦੇ ਵਿਚ ਨਾ ਹੋਵੇ, ਉਦੋਂ ਤੱਕ ਸਾਰੀਆਂ ਮਾਇਕੀ ਪ੍ਰੀਤੀਆਂ ਹੀ ਹਨ।

## ਇਹੁ ਮਨੁ ਮਾਇਆ ਮੋਹਿਆ; ਵੇਖਣੁ ਸੁਨਣੁ ਨ ਹੋਇ ॥

ਇਹ ਮਨ ਮਾਇਆ ਦਾ ਮੋਹਿਆ = ਮੋਹਿਤ ਕੀਤਾ ਹੋਇਆ ਹੈ, ਇਸ ਲਈ ਇਸ ਦੇ ਪਾਸੋਂ ਵੈਰਾਗ, ਬਿਬੇਕ ਰੂਪੀ ਨੇਤ੍ਰਾ ਤੋਂ ਹੀਨਾ ਹੋਣ ਕਰਕੇ ਸੱਚ ਸਰੂਪ ਦੇ ਦਰਸ਼ਨ ਵੇਖਣੁ = ਦੇਖਣੇ ਤੇ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਤੋਂ ਬਗ਼ੈਰ ਹੋਣ ਕਰਕੇ ਜੱਸ ਸੁਨਣ = ਸ੍ਰਵਨ ਨ = ਨਹੀਂ ਹੋਇ = ਹੁੰਦਾ; ਜੈਸਾ ਕਿ :

**ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥** *(ਸਿਰੀਰਾਗੁ ਮ: ੧, ਅੰਗ ੨੪)*

## ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ; ਅੰਧਾ ਕਿਆ ਕਰੇਇ ॥

ਸਹ = ਮਾਲਕ ਸਤਿਗੁਰਾਂ ਦੇ ਦਰਸ਼ਨ ਦੇਖੇ = ਵੇਖੇ ਤੋਂ ਬਿਨੁ = ਬਗ਼ੈਰ ਹਿਰਦੇ ਵਿਚ ਪ੍ਰੀਤਿ = ਪ੍ਰੀਤੀ ਉਪਜੈ = ਪੈਦਾ ਨ = ਨਹੀਂ ਹੋ ਸਕਦੀ **ਵਾ:** ਹਿਰਦੇ ਵਿਚ ਪ੍ਰੀਤੀ ਪੈਦਾ ਹੋਈ ਤੋਂ ਬਿਨਾਂ ਸਹ = ਮਾਲਕ ਪਰਮੇਸ਼ਰ ਦੇ ਦਰਸ਼ਨ ਨਹੀਂ ਹੋ ਸਕਦੇ ਫੇਰ ਬਿਬੇਕ ਵੈਰਾਗ **ਵਾ:** ਮਨ ਬੁੱਧ ਰੂਪੀ ਨੇਤਰਾਂ ਵਿਚ ਪ੍ਰੀਤੀ ਰੂਪੀ ਨਿਗ੍ਹਾ ਤੋਂ ਬਿਨਾਂ ਅੰਧਾ = ਅਗਿਆਨੀ ਜੀਵ ਕਿਆ = ਕੀ ਕਰੇਇ = ਕਰ ਸਕਦਾ ਹੈ ਭਾਵ ਉਨ੍ਹਾਂ ਨੂੰ ਸਰੂਪ ਦੀ ਸਾਖਿਆਤਤਾ ਨਹੀਂ ਹੋ ਸਕਦੀ।

## ਨਾਨਕ ਜਿਨਿ ਅਖੀ ਲੀਤੀਆ; ਸੋਈ ਸਚਾ ਦੇਇ ॥੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨਿ = ਜਿਸ ਵਾਹਿਗੁਰੂ ਨੇ ਜਿਨ੍ਹਾਂ ਦੀਆਂ ਬਿਬੇਕ ਵੈਰਾਗ ਰੂਪੀ ਅਖੀ = ਅੱਖਾਂ ਖੋਹ ਲੀਤੀਆ = ਲਈਆਂ ਹਨ, ਜੇਕਰ ਸੋਈ = ਉਹ ਸਚਾ = ਸਤਯ ਸਰੂਪ ਵਾਹਿਗੁਰੂ ਦੇਇ = ਦੇ ਦੇਵੇ ਤਾਂ ਉਹ ਜੀਵ ਦੁਬਾਰਾ ਫੇਰ ਸਰੂਪ ਨੂੰ ਦੇਖ ਸਕਦੇ ਹਨ **ਅਥਵਾ** ਜਿਨਿ = ਜਿਨਾ ਗੁਰਮੁਖਾਂ ਨੇ ਸਤਿਗੁਰੂ ਸਾਹਿਬ ਜੀ ਤੋਂ ਗਿਆਨ ਰੂਪੀ ਅਖੀ = ਅੱਖਾਂ ਲੀਤੀਆ = ਲਈਆਂ ਹਨ, ਸੋਈ = ਉਹੋ ਹੀ ਗੁਰਮੁਖ ਜਗਿਆਸੂ ਜਨਾ ਨੂੰ ਸੱਚੇ ਅਕਾਲ ਪੁਰਖ ਦਾ ਉਪਦੇਸ਼ ਦੇਇ = ਦਿੰਦੇ ਹਨ ॥੨॥

## ਪਉੜੀ ॥ ਹਰਿ ਇਕੋ, ਕਰਤਾ ਇਕੁ; ਇਕੋ ਦੀਬਾਣੁ ਹਰਿ ॥

ਹੇ ਭਾਈ! ਇੱਕੋ ਇਕ ਹਰਿ = ਪਰਮੇਸ਼ਰ ਹੀ ਜਗਤ ਦਾ ਕਰਤਾ = ਰਚਨ ਵਾਲਾ ਹੈ ਅਤੇ ਇੱਕੋ ਹਰੀ ਹੀ ਲੋਕ ਪ੍ਰਲੋਕ ਵਿਚ ਦੀਬਾਣੁ = ਆਸਰਾ ਰੂਪ ਹੈ।

## ਹਰਿ ਇਕਸੈ ਦਾ ਹੈ ਅਮਰੁ; ਇਕੋ ਹਰਿ ਚਿਤਿ ਧਰਿ ॥

ਇਕ ਉਸ ਹਰਿ = ਹਰੀ ਅਕਾਲ ਪੁਰਖ ਦਾ ਹੀ ਸਾਰਿਆਂ ਵਿਚ ਅਮਰੁ = ਹੁਕਮ ਵਰਤਦਾ ਹੈ। ਇੱਕੋ ਹੀ ਉਸ ਹਰਿ = ਹਰੀ ਪਰਮੇਸ਼ਰ ਵਾਹਿਗੁਰੂ ਨੂੰ ਚਿਤਿ = ਹਿਰਦੇ ਵਿਚ ਧਰਿ = ਧਾਰਨ ਭਾਵ ਵਸਾਉਣਾ ਕਰ।

## ਹਰਿ ਤਿਸੁ ਬਿਨੁ ਕੋਈ ਨਾਹਿ; ਡਰੁ ਭ੍ਰਮੁ ਭਉ ਦੂਰਿ ਕਰਿ ॥

ਤਿਸੁ = ਉਸ ਹਰਿ = ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਵੀ ਰੱਖਿਆ ਕਰਨ ਵਾਲਾ ਨਾਹਿ = ਨਹੀਂ ਹੈ। ਉਸ ਪਰਮੇਸ਼ਰ ਦੇ ਨਾਮ ਕਰਕੇ ਹੀ ਇਸ ਲੋਕ ਦਾ ਡਰੁ = ਭੈ ਅਤੇ ਪੰਜ ਪ੍ਰਕਾਰ ਦਾ ਭਰਮ ਅਤੇ ਪ੍ਰਲੋਕ ਦਾ ਮੌਤ ਦਾ ਭਉ = ਖੌਫ ਦੂਰ ਹੋ ਜਾਂਦਾ ਹੈ।

## ਹਰਿ ਤਿਸੈ ਨੋ ਸਾਲਾਹਿ; ਜਿ ਤੁਧੁ ਰਖੈ ਬਾਹਰਿ ਘਰਿ ॥

ਤਿਸੈ = ਉਸ ਹਰਿ = ਵਾਹਿਗੁਰੂ ਨੋ = ਨੂੰ ਇਕ ਚਿੱਤ ਹੋ ਕੇ ਸਾਲਾਹਿ = ਸਲਾਹੁਣਾ ਕਰ, ਜਿ = ਜਿਹੜਾ ਵਾਹਿਗੁਰੂ ਤੁਧੁ = ਤੁਹਾਡੀ ਮਾਤਾ ਦੇ ਗਰਭ ਰੂਪੀ ਘਰ ਵਿਚ ਰਖੈ = ਰੱਖਿਆ ਕਰਦਾ ਹੈ ਤੇ ਬਾਹਰਿ = ਸੰਸਾਰ ਰੂਪੀ ਘਰ ਵਿਚ ਰਹਿੰਦੇ ਹੋਏ ਵੀ ਸੱਪ, ਨੂੰਹੇ ਅਤੇ ਹੋਰ ਕਈ ਪ੍ਰਕਾਰ ਦੇ ਵਿਘਨਾਂ ਤੋਂ ਬਚਾਉਣਾ ਕਰਦਾ ਹੈ **ਵਾ:** ਜੋ ਸਤਿਸੰਗਤ ਰੂਪੀ ਘਰ ਵਿਚ ਵੀ ਅਤੇ ਸੰਸਾਰ ਵਿਚ ਬਾਹਰ ਰਹਿੰਦੇ ਹੋਏ ਵੀ ਤੇਰੀ ਰੱਖਿਆ ਕਰਦਾ ਹੈ, ਉਸ ਨੂੰ ਤੂੰ ਸਦਾ ਹੀ ਸਲਾਹੁਣਾ ਕਰ।

## ਹਰਿ ਜਿਸਨੋ ਹੋਇ ਦਇਆਲੁ; ਸੋ ਹਰਿ ਜਪਿ ਭਉ ਬਿਖਮੁ ਤਰਿ ॥੧॥

ਜਿਸਨੋ = ਜਿਸ ਉੱਤੇ ਉਹ ਹਰਿ = ਅਕਾਲ ਪੁਰਖ ਦਇਆਲੁ = ਦਇਆਲੂ ਹੁੰਦਾ ਹੈ, ਸੋ = ਉਹ ਹੀ ਉਸ ਪਰਮੇਸ਼ਰ ਦੇ ਨਾਮ ਨੂੰ ਜਪ ਕੇ ਭਉ = ਭੈਦਾਇਕ, ਬਿਖਮੁ = ਕਠਿਨ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਅਤੇ ਹੋਰਨਾਂ ਨੂੰ ਵੀ ਤਾਰ ਲੈਂਦਾ ਹੈ॥੧॥

## ਸਲੋਕ ਮ: ੧ ॥

**ਉਥਾਨਕਾ :** ਇਕ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਪਾਕਪਟਨ ਵਿਚ ਗਏ, ਉਥੇ ਭਗਤ ਫ਼ਰੀਦ ਜੀ ਦਾ ਗੱਦੀਨਸ਼ੀਨ ਪੋਤਾ ਸ਼ੇਖ਼ ਬ੍ਰਹਮ (ਸ਼ੇਖ਼ ਇਬਰਾਹੀਮ) ਸੀ, ਜੋ ਕੁਝ ਹੋਰ ਫ਼ਕੀਰਾਂ ਦੇ ਨਾਲ ਰਾਤ ਨੂੰ ਜਾਗਰਣ ਕਰਿਆ ਕਰਦਾ ਸੀ। ਇਕ ਸ਼ਾਹੂਕਾਰ ਨਿੱਤ ਹੀ ਇਨ੍ਹਾਂ ਫ਼ਕੀਰਾਂ ਲਈ ਦਾਲ-ਫੁਲਕਾ ਲਿਆ ਕੇ ਖਵਾਇਆ ਕਰਦਾ ਸੀ। ਉਹ ਦਾਲ-ਫੁਲਕਾ ਖਵਾ ਕੇ ਚਲਾ ਗਿਆ। ਪਿੱਛੋਂ ਸਤਿਗੁਰੂ ਜੀ ਉੱਥੇ ਆ ਪਹੁੰਚੇ। ਇਹਨਾਂ ਫ਼ਕੀਰਾਂ ਤੋਂ ਥੋੜ੍ਹੇ ਜਿਹੇ ਫ਼ਾਸਲੇ 'ਤੇ ਬਿਰਾਜ ਗਏ ਤੇ ਉਹ ਸ਼ਾਹੂਕਾਰ ਅੱਧੀ ਰਾਤ ਫੇਰ ਇਨ੍ਹਾਂ ਫ਼ਕੀਰਾਂ ਲਈ ਦੁੱਧ ਲੈ ਕੇ ਆਇਆ ਅਤੇ ਕਮਾਈ ਵਿਚ ਨਫ਼ਾ ਹੋਣ ਕਰਕੇ ਉਹ ਖ਼ੁਸ਼ੀ ਦੇ ਸਨਮਾਨ ਲਈ ਮੋਹਰਾਂ ਵੀ ਨਾਲ ਲੈ ਕੇ ਆਇਆ ਤੇ ਇਸ ਨੇ ਫ਼ਕੀਰਾਂ ਦੇ ਪਿਆਲਿਆਂ ਵਿਚ ਦੁੱਧ ਪਾ ਦਿੱਤਾ ਤੇ ਇਕ-ਇਕ ਮੋਹਰ ਰੱਖ ਦਿੱਤੀ। ਜਦੋਂ ਮੁੜਨ ਲੱਗਾ ਤਾਂ ਦੇਖਿਆ ਕਿ ਸਾਹਮਣੇ ਤਿੰਨ ਫ਼ਕੀਰ ਹੋਰ ਵੀ ਆਏ ਬੈਠੇ ਹਨ ਕਿ ਇਨ੍ਹਾਂ ਫ਼ਕੀਰਾਂ ਦੇ ਤਾਂ ਮੈਂ ਨਿੱਤ ਹੀ ਦਰਸ਼ਨ ਕਰਦਾ ਹਾਂ ਪਰ ਪ੍ਰਦੇਸੀ ਫ਼ਕੀਰਾਂ ਦਾ ਕੀ ਪਤਾ, ਫੇਰ ਮੁੜ ਕੇ ਮਿਲਣਗੇ ਜਾਂ ਨਹੀਂ, ਇਸ ਲਈ ਮੈਂ ਇਨ੍ਹਾਂ ਦੀ ਸੇਵਾ ਦਾ ਲਾਭ ਉਠਾ ਲੈਂਦਾ ਹਾਂ, ਗੁਰੂ ਜੀ ਨੂੰ ਸੁੱਤੇ ਜਾਣ ਕੇ ਜਗਾਉਣ ਤੋਂ ਸੰਕੋਚ ਕੀਤਾ, ਜੋ ਬਚਦਾ ਦੁੱਧ ਸੀ, ਉਹ ਸਾਰਾ ਹੀ ਉੱਥੇ ਰੱਖ ਦਿੱਤਾ ਅਤੇ ਮੋਹਰਾਂ ਦੀ ਥੈਲੀ, ਜਿਸ ਵਿਚ ਕਾਫ਼ੀ ਮੋਹਰਾਂ ਸਨ, ਉਹ ਵੀ ਉੱਥੇ ਹੀ ਭੇਟਾ ਕਰ ਦਿੱਤੀਆਂ ਤੇ ਨਮਸਕਾਰ ਕਰ ਕੇ ਚਲਿਆ ਗਿਆ। ਇਹ ਕੌਤਕ ਤਾਂ ਭਾਵੇਂ ਗੁਰੂ ਜੀ ਦਾ ਹੀ ਸੀ, ਪਰ ਉਨ੍ਹਾਂ ਦਾ ਮਾਣ ਤੋੜਨ ਲਈ ਭਾਣਾ ਵਰਤਾਇਆ।

ਸ਼ੇਖ਼ ਇਬਰਾਹੀਮ ਨੂੰ ਪਤਾ ਨਾ ਚੱਲਿਆ ਕਿ ਗੁਰੂ ਸਾਹਿਬ ਜੀ ਕੋਲ ਵੀ ਦੁੱਧ ਰੱਖਿਆ ਹੋਇਆ ਹੈ,

ਜਦੋਂ ਕੁਝ ਸਮੇਂ ਬਾਅਦ ਸਤਿਗੁਰੂ ਜੀ ਉੱਠੇ ਤਾਂ ਸ਼ੇਖ਼ ਬ੍ਰਹਮ ਨੇ ਸਲੋਕ ਬੋਲਿਆ "ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ" ਭਾਵ ਹੇ ਫ਼ਕੀਰ ਜੀ! ਪਹਿਲੇ ਪਹਿਰ ਫੁੱਲ ਤੇ ਪਿਛਲੀ ਰਾਤ ਨੂੰ ਫਲ ਲੱਗਦੇ ਹਨ ਭਾਵ ਅਸਾਂ ਨੇ ਰਾਤ ਦੇ ਪਹਿਲੇ ਪਹਰ ਦੁੱਧ, ਮੋਹਰਾਂ ਆਦਿ ਪਦਾਰਥਾਂ ਰੂਪੀ ਫੁੱਲ ਪ੍ਰਾਪਤ ਕੀਤੇ ਹਨ ਤੇ ਇਨ੍ਹਾਂ ਨੂੰ ਛੱਕ ਕੇ ਰਾਤ ਨੂੰ ਭਗਤੀ ਕਰ ਕੇ ਰਾਤਰੀ ਦੇ ਪਿਛਲੇ ਪਹਿਰ ਨੂੰ ਗਿਆਨ ਰੂਪੀ ਫਲ ਪ੍ਰਾਪਤ ਕਰਾਂਗੇ **ਅਥਵਾ** ਜਿਹੜੀ ਪਹਿਲੇ ਪਹਿਰ ਤਪੱਸਿਆ ਕਰਨੀ ਹੈ ਉਹ ਫੁੱਲ ਲੱਗਦੇ ਹਨ, ਟਿਕੀ ਰਾਤ ਨੂੰ ਤਪੱਸਿਆ ਕਰਨੀ ਫਲ ਲੱਗਦਾ ਹੈ।

**ਜੋ ਜਾਗੰਨਿ੍ ਲਹੰਨਿ ਸੇ ਸਾਈ ਕੰਨੋ ਦਾਤਿ ॥** *(ਅੰਗ ੧੩੮੪)*

ਜੋ ਜਾਗਦੇ ਭਾਵ ਉਨੀਂਦਰੇ ਰਹਿੰਦੇ ਹਨ ਉਹ ਸਾਈ = ਮਾਲਕ ਪਰਮੇਸ਼ਰ ਦੇ ਕੰਨੋ = ਪਾਸੋਂ ਦਾਤਾਂ ਨੂੰ ਪ੍ਰਾਪਤ ਕਰ ਲੈਂਦੇ ਹਨ, ਤੁਹਾਨੂੰ ਸੌਣ ਕਰਕੇ ਕੁਝ ਨਹੀਂ ਮਿਲਿਆ, ਜਦੋਂ ਸ਼ੇਖ਼ ਬ੍ਰਹਮ ਨੇ ਇਹ ਬਚਨ ਕਹੇ ਤਾਂ ਸਤਿਗੁਰਾਂ ਨੇ ਐਸਾ ਉਪਦੇਸ਼ ਬਖ਼ਸ਼ਸ਼ ਕੀਤਾ।

## ਦਾਤੀ ਸਾਹਿਬ ਸੰਦੀਆ; ਕਿਆ ਚਲੈ ਤਿਸੁ ਨਾਲਿ ॥

ਹੇ ਭਾਈ! ਇਹ ਸਾਰੀਆਂ ਦਾਤੀ = ਦਾਤਾਂ ਉਸ ਸਾਹਿਬ = ਮਾਲਕ ਪਰਮੇਸ਼ਰ ਸੰਦੀਆ = ਦੀਆਂ ਹਨ, ਤਿਸੁ = ਉਸ ਪਰਮੇਸ਼ਰ ਦੇ ਨਾਲ ਕਿਸੇ ਦਾ ਕਿਆ = ਕੀ ਜ਼ੋਰ ਚਲੈ = ਚੱਲ ਸਕਦਾ ਹੈ।

## ਇਕ ਜਾਗੰਦੇ ਨਾ ਲਹੰਨਿ; ਇਕਨਾ੍ ਸੁਤਿਆ ਦੇਇ ਉਠਾਲਿ ॥੧॥

ਇਕ ਜਾਗੰਦੇ = ਜਾਗਦੇ ਵੀ ਤੁਸੀਂ ਉਤਨੀ ਦਾਤ ਨਾ = ਨਹੀਂ ਲਹੰਨਿ = ਲੈ ਸਕਦੇ ਅਤੇ ਇਕਨਾ੍ ਨੂੰ ਪਰਮੇਸ਼ਰ ਸੁਤਿਆਂ ਪਿਆ ਨੂੰ ਉਠਾਲਿ = ਉਠਾ ਕੇ ਦੇਇ = ਦਿੰਦਾ ਹੈ, ਇਹ ਦੇਖਣਾ ਕਰੋ ਕਿ ਬਾਕੀ ਦਾ ਬਚਿਆ ਸਾਰਾ ਦੁੱਧ ਅਤੇ ਮੋਹਰਾਂ ਸਾਡੇ ਕੋਲ ਪਈਆਂ ਹਨ ॥੧॥

ਐਸਾ ਸੁਣ ਕੇ ਸਾਰੇ ਫ਼ਕੀਰ ਸਤਿਗੁਰਾਂ ਦੇ ਚਰਨੀਂ ਲੱਗ ਗਏ।

### ਦੂਸਰਾ ਅਰਥ

**ਦਾਤੀ ਸਾਹਿਬ ਸੰਦੀਆ; ਕਿਆ ਚਲੈ ਤਿਸੁ ਨਾਲਿ ॥**

ਇਹ ਸਾਰੀਆਂ ਦਾਤਾਂ ਮਾਲਕ ਪਰਮੇਸ਼ਰ ਦੀਆਂ ਹਨ, ਉਸ ਦੇ ਨਾਲ ਕਿਸੇ ਦਾ ਜ਼ੋਰ ਨਹੀਂ ਚੱਲ ਸਕਦਾ।

**ਇਕ ਜਾਗੰਦੇ ਨਾ ਲਹੰਨਿ; ਇਕਨਾ੍ ਸੁਤਿਆ ਦੇਇ ਉਠਾਲਿ ॥੧॥**

ਸਤਿਗੁਰੂ ਜੀ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਕਈ ਆਦਮੀ ਜਹਾਜ਼ 'ਤੇ ਚੜ੍ਹ ਕੇ ਵਾਪਾਰ ਕਰਨ ਲਈ ਕਿਸੇ ਹੋਰ ਦੇਸ ਵਿਚ ਚੱਲੇ ਸਨ, ਜਹਾਜ਼ ਚੱਲਣ ਵਿਚ ਅਜੇ ਕੁਝ ਸਮਾਂ ਬਾਕੀ ਸੀ, ਉਨ੍ਹਾਂ ਵਿੱਚੋਂ ਕੁਝ ਆਦਮੀ ਆਪਣਾ ਸਮਾਨ ਲੱਦ ਕੇ ਜਹਾਜ਼ ਵਿਚ ਸੌਂ ਗਏ ਤੇ ਕੁਝ ਨੇ ਸੋਚਿਆ ਕਿ ਜਦੋਂ ਜਹਾਜ਼ ਚੱਲਣ ਲੱਗੇਗਾ, ਉਦੋਂ ਚੜ੍ਹ ਜਾਵਾਂਗੇ ਇਹ ਸੋਚ ਕੇ ਉਹ ਸਮਾਨ ਰੱਖ ਕੇ ਬਜ਼ਾਰ ਵੇਖਣ ਲਈ ਤੁਰ ਪਏ ਤੇ ਬਜ਼ਾਰ ਵਿਚ ਹੀ ਪਰਚੇ ਰਹੇ, ਇਤਨੀ ਦੇਰ ਨੂੰ ਬਿਗਲ ਵੱਜਿਆ ਤਾਂ ਜਹਾਜ਼ ਤੁਰ ਪਿਆ, ਜਦੋਂ ਜਹਾਜ਼ ਤੁਰ ਪਿਆ ਤਾਂ ਉਨ੍ਹਾਂ ਨੇ ਖ਼ਿਆਲ ਨਾ ਕੀਤਾ, ਜਦੋਂ ਜਹਾਜ਼ ਦੂਰ ਚਲਾ ਗਿਆ ਤਾਂ ਪਛਤਾਵਾ ਕਰਨ ਲੱਗ ਪਏ ਅਤੇ ਜੋ ਜਹਾਜ਼ ਵਿਚ ਸੁੱਤੇ ਪਏ ਸਨ, ਉਨ੍ਹਾਂ ਨੂੰ ਦੂਸਰੇ ਵਾਪਾਰੀਆਂ ਨੇ ਉਠਾ ਕੇ ਕਿਹਾ ਕਿ ਸਾਡੇ ਨਾਲ ਵਾਪਾਰ ਕਰੋ ਉਨ੍ਹਾਂ ਨੇ ਉਠ ਕੇ ਵਾਪਾਰ ਕੀਤਾ ਤੇ ਲਾਭ ਪ੍ਰਾਪਤ ਕਰ ਲਿਆ।

ਇਸੇ ਪ੍ਰਕਾਰ ਜੋ ਇਕ ਸੱਜਣ ਜਨ ਜਾਗੰਦੇ = ਜਾਗਦੇ ਸਨ, ਉਹ ਜਹਾਜ਼ ਤੇ ਵੀ ਨਾ ਜਾ ਸਕੇ ਤੇ

ਉਨ੍ਹਾਂ ਦਾ ਸਮਾਨ ਵਾਧੂ ਪਿਆ ਜਾਣ ਕੇ ਚੋਰਾਂ ਆਦਿਕਾਂ ਨੇ ਲੁੱਟ ਲਿਆ, ਪਰ ਜੋ ਇਕ ਸੱਜਣ ਜਨ ਜਹਾਜ਼ ਵਿਚ ਸੁੱਤੇ ਪਏ ਸਨ ਉਨ੍ਹਾਂ ਨੂੰ ਦੂਸਰੇ ਵਾਪਾਰੀਆਂ ਨੇ ਉਠਾ ਕੇ ਵਾਪਾਰ ਕੀਤਾ ਤੇ ਨਫ਼ਾ ਪ੍ਰਾਪਤ ਕੀਤਾ।

ਇਸੇ ਪ੍ਰਕਾਰ ਸਾਰੇ ਜੀਵ ਸ਼ੁਭ ਗੁਣ, ਨਾਮ ਰੂਪੀ ਸੌਦੇ ਦਾ ਵਾਪਾਰ ਕਰਨ ਲਈ ਆਏ ਹੋਏ ਹਨ, ਉਨ੍ਹਾਂ ਵਿੱਚੋਂ ਜੋ ਜੀਵ ਜਾਗਦੇ ਦਿਮਾਗ਼ ਦੇ ਮੰਨਣ ਵਾਲੇ ਪੰਡਤ, ਵਿਦਵਾਨ ਆਦਿ ਲੋਕ ਸਤਿਸੰਗਤ ਰੂਪੀ ਜਹਾਜ਼ ਵਿਚ ਨਹੀਂ ਚੜ੍ਹੇ ਉਹ ਕੁਝ ਵੀ ਲਾਭ ਪ੍ਰਾਪਤ ਨਹੀਂ ਕਰ ਸਕਦੇ ਅਤੇ ਉਨ੍ਹਾਂ ਦੇ ਸ਼ੁਭ ਗੁਣਾਂ ਦੇ ਸੌਦੇ ਨੂੰ ਵੀ ਕਾਮ ਆਦਿਕ ਚੋਰ ਲੁੱਟ ਲੈਂਦੇ ਹਨ ਪਰ ਜੋ ਅਗਿਆਨੀ ਜੀਵ ਭਾਵੇਂ ਅਵਿੱਦਿਆ ਦੀ ਨੀਂਦ ਵਿਚ ਸੁੱਤੇ ਪਏ ਹਨ ਜੇਕਰ ਉਹ ਸਤਿਸੰਗਤ ਰੂਪੀ ਜਹਾਜ਼ ਉਪਰ ਚੜ੍ਹ ਜਾਣ ਤਾਂ ਪਰਮੇਸ਼ਰ ਜੀ ਉਨ੍ਹਾਂ ਨੂੰ ਅਵਿੱਦਿਆ ਦੀ ਨੀਂਦ ਤੋਂ ਬ੍ਰਹਮ ਗਿਆਨ ਦੀ ਜਾਗਰਤ ਅਵਸਥਾ ਵਿਚ ਉਠਾਲ ਦਿੰਦੇ ਹਨ॥੧॥

## ਤੀਸਰਾ ਅਰਥ

**ਦਾਤੀ ਸਾਹਿਬ ਸੰਦੀਆ; ਕਿਆ ਚਲੈ ਤਿਸੁ ਨਾਲਿ ॥**

ਬ੍ਰਹਮ ਵਿੱਦਿਆ ਰੂਪੀ ਦਾਤੀ = ਦਾਤਾਂ ਸਾਹਿਬ = ਮਾਲਕ ਪਰਮੇਸ਼ਰ ਦੀਆਂ ਹੀ ਬਖ਼ਸ਼ਸ਼ ਕੀਤੀਆਂ ਹੋਈਆਂ ਹਨ, ਇਹ ਕਿਆ = ਕਿਸ ਪ੍ਰਕਾਰ ਪ੍ਰਾਪਤ ਹੁੰਦੀਆਂ ਹਨ ? ਉੱਤਰ ਇਹ ਤਿਸੁ = ਉਸ ਪਰਮੇਸ਼ਰ ਦੀ ਆਗਿਆ ਦੇ ਨਾਲ ਚਲੈ = ਚੱਲਣ ਕਰਕੇ ਪ੍ਰਾਪਤ ਹੁੰਦੀਆਂ ਹਨ।

**ਇਕ ਜਾਗੰਦੇ ਨਾ ਲਹੰਨਿ; ਇਕਨ੍ਾ ਸੁਤਿਆ ਦੇਇ ਉਠਾਲਿ ॥੧॥**

ਇਕ ਗਿਆਨ ਅਵਸਥਾ ਵਿਚ ਜਾਗਦੇ ਹੋਏ ਬ੍ਰਹਮ ਗਿਆਨੀ ਤਾਂ ਪਰਮੇਸ਼ਰ ਦੇ ਨਾ ਲਹੰਨਿ (ਨਾਲ + ਹੰਨਿ) ਨਾਲ = ਸਾਥ ਹੀ ਮਿਲੇ ਹੋਏ ਹੰਨਿ = ਹਨ ਅਤੇ ਇਕਨ੍ਾ = ਕਈ ਜਗਿਆਸੂ ਜੋ ਅਵਿੱਦਿਆ ਦੀ ਨੀਂਦ ਵਿਚ ਸੁੱਤੇ ਪਏ ਹਨ, ਉਨ੍ਹਾਂ ਨੂੰ ਮਹਾਰਾਜ ਜੀ ਅਵਿੱਦਿਆ ਦੀ ਨੀਂਦ ਤੋਂ ਉਠਾਲਿ = ਉਠਾ ਭਾਵ ਜਗਾ ਕੇ ਬ੍ਰਹਮ ਗਿਆਨ ਦੀ ਬਖ਼ਸ਼ਸ਼ ਕਰ ਦੇਇ = ਦਿੰਦੇ ਹਨ॥੧॥

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਪਰਮੇਸ਼ਰ ਨੂੰ ਮਿਲਣ ਵਾਲੇ ਜਗਿਆਸੂ ਅਤੇ ਮਿਲਾਉਣ ਵਾਲੇ ਗੁਰੂ ਵਿਚ ਕਿਹੋ ਜਿਹੇ ਗੁਣ ਹੋਣੇ ਚਾਹੀਦੇ ਹਨ ?*

***ਗੁਰ ਉੱਤਰ :***

## ਮ: ੧ ॥ ਸਿਦਕੁ ਸਬੂਰੀ ਸਾਦਿਕਾ; ਸਬਰੁ ਤੋਸਾ ਮਲਾਇਕਾਂ ॥

ਸਾਦਿਕਾ = ਸ਼ਰਧਾਵਾਨ ਜਗਿਆਸੂ ਦੇ ਹਿਰਦੇ ਅੰਦਰ ਸਿਦਕੁ = ਭਰੋਸਾ ਤੇ ਸਬੂਰੀ = ਸੰਤੋਖ ਹੋਣਾ ਚਾਹੀਦਾ ਹੈ ਅਤੇ ਮਲਾਇਕਾਂ = ਦੇਵਤਿਆਂ ਵਰਗੇ ਸੁਭਾਅ ਵਾਲੇ ਸੰਤ ਜਨਾਂ ਦੇ ਪਾਸ ਸਬਰੁ = ਸੰਤੋਖ ਰੂਪੀ ਤੋਸਾ = ਖ਼ਰਚ ਹੋਣਾ ਚਾਹੀਦਾ ਹੈ **ਵਾ:** ਮਲਾਇਕਾਂ = ਦੇਵ ਸਰੂਪ ਗੁਰੂ ਦੇ ਅੰਦਰ ਸਬਰੁ = ਸੰਤੋਖ ਦਾ ਤੋਸਾ = ਖ਼ਰਚ ਹੋਣਾ ਚਾਹੀਦਾ ਹੈ ਭਾਵ ਗੁਰੂ ਸੰਤੋਖੀ ਹੋਣਾ ਚਾਹੀਦਾ ਹੈ।

## ਦੀਦਾਰੁ ਪੂਰੇ ਪਾਇਸਾ; ਥਾਉ ਨਾਹੀ ਖਾਇਕਾ ॥੨॥

ਇਹੋ ਜਿਹੇ ਸਿਦਕ ਵਾਲੇ ਜਗਿਆਸੂ ਜਨ ਸੰਤੋਖੀ ਗੁਰਾਂ ਨਾਲ ਮਿਲ ਕੇ ਪੂਰੇ = ਪੂਰਨ ਪਰਮੇਸ਼ਰ ਦਾ ਦੀਦਾਰੁ = ਦਰਸ਼ਨ ਪਾਇਸਾ = ਪਾ ਲੈਂਦੇ ਹਨ, ਪਰ ਖਾਇਕਾ = ਮੂਰਖਾਂ ਨੂੰ ਪਰਮੇਸ਼ਰ ਦੀ ਦਰਗਾਹ ਵਿਚ ਕੋਈ ਥਾਉ = ਥਾਂ ਨਾਹੀ = ਨਹੀਂ ਮਿਲਦਾ॥੨॥

## ਪਉੜੀ ॥ ਸਭ ਆਪੇ ਤੁਧੁ ਉਪਾਇ ਕੈ; ਆਪਿ ਕਾਰੈ ਲਾਈ ॥

ਹੇ ਪਰਮੇਸ਼ਰ ! ਤੁਧੁ = ਤੂੰ ਆਪ ਹੀ ਸਭ = ਸਾਰੀ ਸ੍ਰਿਸ਼ਟੀ ਉਪਾਇ ਕੈ = ਪੈਦਾ ਕਰਕੇ ਜਿਹੋ ਜਿਹੀ ਕਿਸੇ ਦੀ ਕਰਨੀ ਸੀ, ਉਸ ਦੀ ਵਾਸ਼ਨਾ ਅਨੁਸਾਰ ਆਪ ਹੀ ਸਾਰੀ ਸ੍ਰਿਸ਼ਟੀ ਕਾਰੈ = ਕਾਰਜ ਲਾਈ = ਲਾਉਣਾ ਕੀਤੀ ਹੈ।

## ਤੂੰ ਆਪੇ ਵੇਖਿ ਵਿਗਸਦਾ; ਆਪਣੀ ਵਡਿਆਈ ॥

ਤੂੰ ਆਪ ਹੀ ਸਾਰਿਆਂ ਦੀਆਂ ਕਰਤੂਤਾਂ ਵੇਖਿ = ਵੇਖਦਾ ਹੈਂ ਅਤੇ ਆਪ ਹੀ ਵਿਗਸਦਾ = ਪ੍ਰਸੰਨ ਹੁੰਦਾ ਹੈਂ ਅਤੇ ਆਪਣੀ ਵਡਿਆਈ = ਸ਼ੋਭਾ ਨੂੰ ਤੂੰ ਆਪ ਹੀ ਜਾਣਦਾ ਹੈਂ।

## ਹਰਿ ਤੁਧਹੁ ਬਾਹਰਿ ਕਿਛੁ ਨਾਹੀ; ਤੂੰ ਸਚਾ ਸਾਂਈ ॥

ਹੇ ਹਰਿ = ਹਰੀ ਪਰਮੇਸ਼ਰ ਤੁਧਹੁ = ਤੁਹਾਡੇ ਤੋਂ ਬਾਹਰ ਕਿਛੁ = ਕੁਝ ਵੀ ਨਹੀਂ ਹੈ। ਤੂੰ ਆਪ ਹੀ ਸਾਰਿਆਂ ਦਾ ਸੱਚਾ ਸਾਂਈ = ਸੁਆਮੀ ਮਾਲਕ ਹੈਂ।

## ਤੂੰ ਆਪੇ ਆਪਿ ਵਰਤਦਾ; ਸਭਨੀ ਹੀ ਥਾਈ ॥

ਤੂੰ ਆਪਣੇ ਆਪ ਵਿਚ ਹੀ ਵਰਤਦਾ = ਵਰਤ ਰਿਹਾ ਹੈਂ। ਲੋਕ ਪਰਲੋਕ, ਧਰਤੀ ਪਾਤਾਲ ਆਦਿ ਸਾਰੀਆਂ ਥਾਈ = ਥਾਵਾਂ ਵਿਚ ਆਪ ਹੀ ਵਿਆਪਕ ਹੈਂ।

## ਹਰਿ ਤਿਸੈ ਧਿਆਵਹੁ ਸੰਤ ਜਨਹੁ; ਜੋ ਲਏ ਛਡਾਈ ॥੨॥

ਹੇ ਸੰਤ ਜਨਹੁ = ਸ਼ਾਂਤ ਬਿਰਤੀ ਵਾਲੇ ਅਧਿਕਾਰੀ ਮਹਾਂਪੁਰਸ਼ੋ ! ਤੁਸੀਂ ਉਸ ਹਰਿ = ਪਰਮੇਸ਼ਰ ਨੂੰ ਇਕ ਚਿਤ ਹੋ ਕੇ ਧਿਆਵਹੁ = ਧਿਆਉਣਾ ਕਰੋ ਭਾਵ ਅਰਾਧਨਾ ਕਰੋ। ਉਹ ਪਰਮੇਸ਼ਰ ਐਸਾ ਕਿਰਪਾਲੂ ਦਇਆਲੂ ਹੈ ਜੋ ਅੰਤ ਵੇਲੇ ਜਮਾਂ ਤੋਂ ਛਡਾਈ = ਛੁਡਾ ਭਾਵ ਬਚਾਅ ਲਏ = ਲੈਂਦਾ ਹੈ ॥੨॥

## ਸਲੋਕ ਮ: ੧ ॥

**ਉਥਾਨਕਾ :** ਜਿਸ ਵਕਤ ਸ੍ਰੀ ਗੁਰੂ ਨਾਨਕ ਸਾਹਿਬ ਜੀ ਕਰਤਾਰਪੁਰ ਰਾਵੀ ਦੇ ਕਿਨਾਰੇ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ, ਉਸ ਵਕਤ ਇਕ ਫ਼ਕੀਰ ਗੁਰੂ ਪਾਤਸ਼ਾਹ ਜੀ ਕੋਲ ਆਇਆ। ਉਸ ਨੇ ਆਪਣੇ ਫੱਕੜਪੁਣੇ ਦਾ ਹੰਕਾਰ ਕੀਤਾ। ਉਸ ਨੂੰ ਵੇਖ ਕੇ ਹਜ਼ੂਰ ਨੇ ਪੁੱਛਿਆ ਕਿ ਆਪ ਕੌਣ ਹੋ ? ਤਾਂ ਉਹ ਕਹਿਣ ਲੱਗਾ ਕਿ ਫੱਕੜਾਂ ਦੀ ਜਾਤ ਫੱਕਰ ਹੀ ਹੁੰਦੀ ਹੈ। ਫੱਕਰ ਹੀ ਸਾਡਾ ਨਾਮ ਹੈ। ਇਉਂ ਉਸ ਫ਼ਕੀਰ ਨੇ ਅੱਗੇ ਹੰਕਾਰ ਦੇ ਬਚਨ ਕੀਤੇ। ਹਜ਼ੂਰ ਪਾਤਸ਼ਾਹ ਜੀ ਨੇ ਉਸ ਵੇਲੇ ਪਰਮ ਪਵਿੱਤਰ ਉਪਦੇਸ਼ ਉਸ ਦੇ ਪਰਥਾਏ ਉਚਾਰਨ ਕੀਤਾ :

## ਫਕੜ ਜਾਤੀ, ਫਕੜੁ ਨਾਉ ॥

ਹੇ ਭਾਈ ! ਜੋ ਹੰਕਾਰ ਦੇ ਸਹਿਤ ਫਕੜ = ਫੱਕਰਪੁਣੇ ਦੀ ਜਾਤੀ = ਜਾਤ ਅਤੇ ਫਕੜੁ = ਫੱਕਰਪੁਣੇ ਦਾ ਨਾਉ = ਨਾਮ ਹੈ, ਇਹ ਖ਼ੁਆਰ ਹੋਣ ਵਾਲਾ ਹੈ **ਵਾ:** ਜਾਤੀ ਦਾ ਅਭਿਮਾਨ ਵੀ ਫਕੜੁ = ਫਜ਼ੂਲ ਹੈ ਅਤੇ ਨਾਉ = ਨਾਮ ਦਾ ਅਭਿਮਾਨ ਵੀ ਫਕੜ = ਫਜ਼ੂਲ ਹੈ ਕਿਉਂਕਿ ਹਰੇਕ ਜਾਤੀ ਤੇ ਹਰੇਕ ਨਾਮ ਵਾਲੇ

## ਸਭਨਾ ਜੀਆ; ਇਕਾ ਛਾਉ ॥

ਸਭਨਾ = ਸਾਰਿਆਂ ਜੀਆ = ਜੀਵਾਂ 'ਤੇ ਇਕਾ = ਇਕ ਪਰਮੇਸ਼ਰ ਵਾਹਿਗੁਰੂ ਦਾ ਹੀ ਛਾਉ = ਆਸਰਾ

ਹੈ **ਵਾ:** ਸਾਰਿਆਂ ਵਿਚ ਇੱਕੋ ਹੀ ਚੇਤਨ ਛਾਇਆ ਹੋਇਆ ਹੈ। ਅਰਥਾਤ ਸਾਰਿਆਂ ਵਿਚ ਇਕ ਈਸ਼ਵਰ ਦਾ ਪਰਛਾਵਾਂ ਪੈਣ ਕਰਕੇ ਸਾਰੇ ਉਸ ਦੇ ਤਾਈਂ ਮਾਇਆ ਸਬਲ, ਅਬਿਆਕ੍ਰਿਤ, ਵਿਰਾਟ, ਹਿਰਨ ਗਰਭ, ਕਹਿਣ ਲੱਗ ਗਏ। ਇਸ ਪ੍ਰਕਾਰ ਆਤਮਾ ਦਾ ਪਰਛਾਵਾਂ ਪੈਣ ਕਰਕੇ ਉਸ ਦੇ ਤਾਈਂ ਪਰਾਗ, ਵਿਸ਼ਵਨਾਮੇ ਜੀਵ ਕਹਿਣ ਲੱਗ ਪਏ। ਸਾਰੇ ਜੀਵਾਂ ਦੇ ਅੰਦਰ ਮਾਇਆ, ਅਵਿੱਦਿਆ ਦੀ ਉਪਾਧੀ ਕਰਕੇ ਭੇਦ ਪ੍ਰਤੀਤ ਹੋ ਰਿਹਾ ਹੈ। ਇਉਂ ਵਾਹਿਗੁਰੂ ਦਾ ਸਾਰਿਆਂ 'ਤੇ ਇੱਕੋ ਜਿਹਾ ਛਾਉ = ਆਸਰਾ ਹੈ **ਅਥਵਾ** ਉਹ ਇਕਾ = ਇਕ ਪਰਮੇਸ਼ਰ ਹੀ ਚੇਤਨ ਸੱਤਾ ਦੇ ਛਾਉ = ਆਸਰੇ ਕਰਕੇ ਸਾਰਿਆਂ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ।

## ਆਪਹੁ; ਜੇ ਕੋ ਭਲਾ ਕਹਾਏ ॥

ਆਪਹੁ = ਆਪਣੇ ਆਪ ਨੂੰ ਜੇ = ਜੇਕਰ ਕੋ = ਕੋਈ ਜੀਵ ਜਾਤੀ ਜਾਂ ਵਡਿਆਈ ਦੇ ਆਸਰੇ ਬੇਸ਼ੱਕ ਭਲਾ = ਚੰਗਾ ਕਹਾਏ = ਅਖਵਾਉਣਾ ਕਰੇ।

## ਨਾਨਕ ਤਾ ਪਰੁ ਜਾਪੈ; ਜਾ ਪਤਿ ਲੇਖੈ ਪਾਏ ॥੧॥

ਗੁਰੂ ਜੀ ਕਥਨ ਕਰਦੇ ਹਨ ਪਰ ਜੀਵ ਤਾ = ਤਦ ਹੀ ਪਰੁ = ਵਿਸ਼ੇਸ਼ ਕਰਕੇ ਚੰਗਾ ਜਾਪੈ = ਜਾਨਿਆ ਜਾ ਸਕਦਾ ਹੈ, ਜਾ = ਜੇਕਰ ਵਾਹਿਗੁਰੂ ਦੇ ਲੇਖੇ ਵਿਚ ਪਤਿ = ਇੱਜ਼ਤ ਪਾਏ = ਪੈ ਜਾਵੇ **ਅਥਵਾ** ਜੇਕਰ ਵਾਹਿਗੁਰੂ ਦੇ ਦਰ 'ਤੇ ਪਤ ਲੇਖੇ ਵਿਚ ਪੈ ਜਾਵੇ ਤਾਂ ਵਿਸ਼ੇਸ਼ ਕਰਕੇ ਪਰਾ ਰੂਪ ਬ੍ਰਹਮ ਦਾ ਸਰੂਪ ਜਾਨਿਆ ਜਾ ਸਕਦਾ ਹੈ ॥੧॥

## ਮ: ੨ ॥

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਜੋਤੀ ਜੋਤ ਸਮਾਅ ਗਏ ਸਨ, ਤਦੋਂ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਬਹੁਤ ਵੈਰਾਗ ਦੇ ਸਹਿਤ ਹੋ ਕੇ ਖਡੂਰ ਸਾਹਿਬ ਇਕ ਕੋਠੜੀ ਵਿਚ ਬੈਠ ਗਏ। ਮਾਤਾ ਸਭਰਾਈ ਜੀ ਨੂੰ ਆਖਣ ਲੱਗੇ ਕਿ ਸਾਨੂੰ ਕੁਝ ਵੀ ਚੰਗਾ ਨਹੀਂ ਲੱਗਦਾ। ਸਾਡਾ ਬੂਹਾ ਬੰਦ ਕਰ ਦਿਉ ਤਾਂ ਇੱਟਾਂ ਲਾ ਕੇ ਉਪਰੋਂ ਲਿਪ ਦੇਣਾ ਕੀਤਾ। ਉਹ ਅਸਥਾਨ ਹੁਣ ਤਕ ਖਡੂਰ ਸਾਹਿਬ ਵਿਚ ਨਗਰ ਦੇ ਵਿਚਕਾਰ ਸਥਿਤ ਹੈ। ਗੁਰੂ ਸਾਹਿਬ ਉਸ ਕੋਠੜੀ ਵਿਚ ਛੇ ਮਹੀਨੇ ਬੈਠੇ ਰਹੇ; ਜੈਸਾ ਕਿ :

**ਬੀਤਿ ਗਏ ਇਸਿ ਰੀਤ ਛਿ ਮਾਸ ਅਲੋਪ ਭਏ ਨਹਿਂ ਕਾਹੂੰ ਲਿਖਾਈ।**

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅਧਿ: ੯)*

ਸੰਗਤਾਂ ਸਾਹਿਬ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਬਹੁਤ ਵਿਆਕੁਲ ਹੋ ਗਈਆਂ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਪ੍ਰੇਰਿਆ ਕਿ ਤੁਹਾਨੂੰ ਪਾਤਸ਼ਾਹ ਜੀ ਦਾ ਵਰ ਹੈ ਕਿ ਅਸੀਂ ਭਲੇ ਕਿਸੇ ਸਰੂਪ ਵਿਚ ਵੀ ਹੋਈਏ ਪਰ ਤੁਹਾਡੇ ਕੋਲੋਂ ਕਦੇ ਵੀ ਛਿਪੇ ਨਹੀਂ ਰਹਾਂਗੇ। ਸਭ ਕੁਝ ਤੁਸੀਂ ਅੰਤਰਜਾਮਤਾ ਨਾਲ ਜਾਣ ਲਵੋਗੇ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਆਖਿਆ ਕਿ ਆਪ ਸਾਡੇ ਆਗੂ ਬਣ ਕੇ ਚੱਲੋ। ਜਿਥੇ ਵੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਬਿਰਾਜਮਾਨ ਹੈ, ਉਸ ਨੂੰ ਪ੍ਰਗਟ ਕਰਨੀ ਕਰੋ। ਉਸ ਵਕਤ ਬਾਬਾ ਬੁੱਢਾ ਜੀ ਸੰਗਤਾਂ ਦੇ ਨਾਲ ਕਰਤਾਰਪੁਰ ਸਾਹਿਬ ਤੋਂ ਚੱਲ ਕੇ ਖਡੂਰ ਸਾਹਿਬ ਪੁੱਜੇ। ਖਡੂਰ ਸਾਹਿਬ ਆ ਕੇ ਮਾਤਾ ਸਭਰਾਈ ਜੀ ਦੇ ਸਮਝਾਏ ਹੋਏ ਬਚਨ ਕਰਕੇ ਚੁੱਪ ਹੀ ਰਹੇ। ਕੁਝ ਵੀ ਨਾ ਬੋਲੇ। ਸੰਗਤਾਂ ਸਮਝ ਗਈਆਂ ਕਿ ਮਾਤਾ ਜੀ ਨੂੰ ਗੁਰੂ ਸਾਹਿਬ ਜੀ ਨੇ ਕੁਝ ਵੀ ਦੱਸਣ ਤੋਂ ਰੋਕਿਆ ਹੋਇਆ ਹੈ। ਸੰਗਤਾਂ ਨੇ ਬਾਬਾ ਬੁੱਢਾ ਜੀ ਅੱਗੇ ਬੇਨਤੀ ਕੀਤੀ ਕਿ ਤੁਸੀਂ ਹੀ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਵਾਉ। ਬਾਬਾ ਬੁੱਢਾ ਜੀ ਨੇ ਇਧਰ ਉਧਰ ਤੱਕਣਾ ਕੀਤਾ, ਤਾਂ ਉਨ੍ਹਾਂ ਨੂੰ ਇਕ ਕੋਠੜੀ ਨਜ਼ਰ ਆਈ। ਉਸ ਕੋਠੜੀ

ਦਾ ਬੂਹਾ ਬੰਦ ਸੀ ਅਤੇ ਉਹ ਇੱਟਾਂ ਲਾ ਕੇ ਲਿਪਿਆ ਹੋਇਆ ਸੀ। ਬਾਬਾ ਬੁੱਢਾ ਜੀ ਆਖਣ ਲੱਗੇ ਕਿ ਮੈਨੂੰ ਗੁਰੂ ਸਾਹਿਬ ਜੀ ਇਸੇ ਕੋਠੜੀ ਵਿਚ ਪ੍ਰਤੀਤ ਹੁੰਦੇ ਹਨ। ਜਦੋਂ ਇੱਟਾਂ ਲਾਹ ਕੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ ਪਦਮ ਆਸਣ ਵਿਚ ਬਿਰਾਜਮਾਨ ਸਨ। ਸਤਿਗੁਰੂ ਸਾਹਿਬ ਜੀ ਦੇ ਚਰਨਾਂ ਨੂੰ ਨਮਸਕਾਰ ਕਰ ਕੇ ਬਾਬਾ ਬੁੱਢਾ ਸਾਹਿਬ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੀਉ ! ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਜੀ ਨੂੰ ਗੁਰਤਾ ਗੱਦੀ ਬਖ਼ਸ਼ਿਸ਼ ਕੀਤੀ ਹੈ ਪਰੰਤੂ ਆਪ ਜੀ ਇਥੇ ਇਕਾਂਤ ਵਿਚ ਬੈਠੇ ਹੋ। ਸਾਰੀਆਂ ਸੰਗਤਾਂ ਆਪ ਜੀ ਦੇ ਦਰਸ਼ਨਾਂ ਲਈ ਵਿਆਕੁਲ ਹਨ। ਸਾਰੀਆਂ ਸੰਗਤਾਂ ਕਰਤਾਰਪੁਰ ਸਾਹਿਬ ਤੋਂ ਚੱਲ ਕੇ ਆਪ ਜੀ ਦੇ ਦਰਸ਼ਨ ਕਰਨ ਆਈਆਂ ਹਨ। ਉਨ੍ਹਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰੋ। ਉਸ ਵਕਤ ਬਾਹਰ ਚਾਨਣੀ ਲਾਈ ਗਈ, ਆਸਣ ਵਿਛਾਇਆ ਗਿਆ, ਦੀਵਾਨ ਸਜਿਆ। ਉਸ ਤੋਂ ਉਪਰੰਤ ਜੋ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਰਹਿਣ ਵਾਲੇ ਪਿਆਰੇ ਸਿੱਖ ਸਨ, ਸਾਰਿਆਂ ਸਿੱਖਾਂ ਨੂੰ ਗਲ ਨਾਲ ਲਾ ਕੇ ਪਿਆਰ ਕੀਤਾ। ਫਿਰ ਸੰਗਤਾਂ ਦੀ ਬੇਨਤੀ ਕਰਨ ਤੋਂ ਸੁਖਾਸਨ ਵਿਛਾਏ ਗਏ। ਰਬਾਬੀਆਂ ਨੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਕੀਰਤਨ ਕੀਤਾ। ਉਸ ਤੋਂ ਉਪਰੰਤ ਪਹਿਲੇ ਦਿਨ ਸਤਿਗੁਰੂ ਸਾਹਿਬ ਜੀ ਨੇ ਆਪਣੇ ਮੁਖਾਰਬਿੰਦ ਤੋਂ ਇਸ ਤਰ੍ਹਾਂ ਬਾਣੀ ਉਚਾਰਨ ਕੀਤੀ :

## ਜਿਸੁ ਪਿਆਰੇ ਸਿਉ ਨੇਹੁ; ਤਿਸੁ ਆਗੈ ਮਰਿ ਚਲੀਐ ॥

ਹੇ ਗੁਰਸਿੱਖੋ ! ਜਿਸ ਪਿਆਰੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨਾਲ ਸਾਡਾ ਨੇਹੁ = ਪਿਆਰ ਹੈ। ਅਸੀਂ ਸਮਝਦੇ ਹਾਂ ਕਿ ਉਨ੍ਹਾਂ ਤੋਂ ਆਗੈ = ਪਹਿਲਾਂ ਹੀ ਮਰਿ = ਮਰ ਕੇ ਭਾਵ ਸਰੀਰ ਛੱਡ ਕੇ ਚਲੀਐ = ਚਲੇ ਜਾਂਦੇ ਤਾਂ ਚੰਗਾ ਸੀ।

## ਧ੍ਰਿਗੁ ਜੀਵਣੁ ਸੰਸਾਰਿ; ਤਾ ਕੈ ਪਾਛੈ ਜੀਵਣਾ ॥੨॥

ਤਾ = ਉਨ੍ਹਾਂ ਸਤਿਗੁਰਾਂ ਕੈ = ਦੇ ਚਲੇ ਜਾਣ ਤੋਂ ਪਾਛੈ = ਪਿੱਛੋਂ ਜੋ ਵਿਛੋੜੇ ਵਿਚ ਜੀਵਣਾ = ਜਿਉਣਾ ਹੈ, ਉਹ ਜੀਵਣੁ = ਜ਼ਿੰਦਗੀ ਸੰਸਾਰਿ = ਜਗਤ ਵਿਚ ਧ੍ਰਿਗੁ = ਧ੍ਰਿਕਾਰ ਯੋਗ ਹੈ ॥੨॥

### ਦੂਸਰਾ ਅਰਥ

**ਮ: ੨ ॥ ਜਿਸੁ ਪਿਆਰੇ ਸਿਉ ਨੇਹੁ; ਤਿਸੁ ਆਗੈ ਮਰਿ ਚਲੀਐ ॥**

ਜਿਸ ਪਿਆਰੇ = ਪ੍ਰੀਤਮ ਅਕਾਲ ਪੁਰਖ ਦੇ ਸਿਉ = ਨਾਲ ਸਤਿਗੁਰਾਂ ਦੁਆਰਾ ਨੇਹੁ = ਪਿਆਰ ਲਾਇਆ ਹੈ, ਤਿਸੁ = ਉਸ ਪਰਮੇਸ਼ਰ ਦੀ ਆਗੈ = ਆਗਿਆ ਵਿਚ ਜੀਵਤ ਭਾਵ ਤੋਂ ਮਰ ਕੇ ਚਲੀਏ, ਜਿਸ ਕਰਕੇ ਸਰੂਪ ਦੀ ਸਾਖਿਆਤਤਾ ਹੁੰਦੀ ਹੈ।

**ਧ੍ਰਿਗੁ ਜੀਵਣੁ ਸੰਸਾਰਿ; ਤਾ ਕੈ ਪਾਛੈ ਜੀਵਣਾ ॥੨॥**

ਤਾ = ਤਿਸ ਦੇ ਪਾਛੈ = ਪਿੱਛੇ ਭਾਵ ਬੇਮੁਖ ਹੋ ਕੇ ਜੋ ਸੰਸਾਰ ਦੀ ਤਰਫ਼ ਜੀਵਣਾ ਹੈ, ਉਸ ਜੀਵਨ ਨੂੰ ਧ੍ਰਿਗੁ = ਧ੍ਰਿਕਾਰ ਹੈ **ਵਾ:** ਤਿਸ ਪਰਮੇਸ਼ਰ ਦੀ ਆਗਿਆ ਨੂੰ ਪਾਛੈ = ਪਿੱਛੇ ਹਟਾ ਕੈ = ਕਰਕੇ ਜੋ ਸੰਸਾਰਾਕਾਰ ਬਿਰਤੀ ਕਰਨ ਰੂਪ ਜੀਵਣਾ ਹੈ ਇਹ ਜਿਉਣਾ ਧ੍ਰਿਕਾਰ ਯੋਗ ਹੈ ॥੨॥

## ਪਉੜੀ ॥ ਤੁਧੁ ਆਪੇ ਧਰਤੀ ਸਾਜੀਐ; ਚੰਦੁ ਸੂਰਜੁ ਦੁਇ ਦੀਵੇ ॥

ਗੁਰੂ ਰਾਮਦਾਸ ਪਾਤਸ਼ਾਹ ਜੀ ਸਿਰੀਰਾਗ ਦੀ ਵਾਰ ਦੀਆਂ ਪਉੜੀਆਂ ਵਿਚ ਫ਼ੁਰਮਾਨ ਕਰਦੇ ਹਨ

ਕਿ ਹੇ ਅੰਤਰਜਾਮੀ! ਤੁਧੁ = ਤੂੰ ਆਪ ਹੀ ਧਰਤੀ ਦੀ ਸਾਜੀਐ = ਸਾਜਨਾ ਕੀਤੀ ਹੈ ਅਤੇ ਚੰਦ ਸੂਰਜ ਦੁਇ = ਦੋ ਦੀਵੇ ਪ੍ਰਕਾਸ਼ ਕਰਨ ਲਈ ਰੱਖੇ ਹੋਏ ਹਨ ਭਾਵ ਰਾਤ ਦਾ ਚੰਦਰਮਾ ਤੇ ਦਿਨ ਦਾ ਸੂਰਜ।

## ਦਸ ਚਾਰਿ ਹਟ ਤੁਧੁ ਸਾਜਿਆ; ਵਾਪਾਰੁ ਕਰੀਵੇ ॥

(**ਹੱਟ** ਦਾ ਉਚਾਰਣ ਅੱਧਕ ਸਹਿਤ ਹੈ)

ਦਸ ਚਾਰਿ = ਚੌਦਾਂ ਲੋਕ[1] ਰੂਪ ਹਟ = ਦੁਕਾਨਾਂ ਪਰਮੇਸ਼ਰ ਜੀ ਤੁਧੁ = ਤੁਸੀਂ ਸਾਜਿਆ = ਸਾਜਣਾ ਕੀਤੀਆਂ ਹਨ। ਇਨ੍ਹਾਂ ਵਿਚ ਜਿਹੜੇ ਜੀਵ ਵੱਸ ਰਹੇ ਹਨ, ਉਹ ਸਾਰੇ ਆਪੋ-ਆਪਣੇ ਕਰਮਾਂ ਅਤੇ ਵਾਸ਼ਨਾ ਅਨੁਸਾਰ ਪਾਪਾਂ ਅਤੇ ਪੁੰਨਾਂ ਦੇ ਵਾਪਾਰ ਕਰੀਵੇ = ਕਰਦੇ ਹਨ। ਜਿਨ੍ਹਾਂ ਵਿਚ ਪਾਪ ਅਤੇ ਪੁੰਨ ਮਿਸ਼ਰਤ ਹਨ, ਉਹ ਮਾਤ ਲੋਕ ਵਾਲੇ ਮਨੁੱਖ ਹਨ। ਜਿਨ੍ਹਾਂ ਵਿਚ ਪੁੰਨ ਜ਼ਿਆਦਾ ਹਨ ਉਹ ਸਵਰਗ ਲੋਕ ਦੇ ਦੇਵਤੇ ਹਨ ਅਤੇ ਜਿਨ੍ਹਾਂ ਵਿਚ ਪਾਪਾਂ ਦੀ ਗਿਣਤੀ ਜ਼ਿਆਦਾ ਹੈ, ਉਹ ਪਾਤਾਲ ਲੋਕ ਦੇ ਦੈਂਤ ਹਨ। ਇਉਂ ਇਸ ਪ੍ਰਕਾਰ ਵਾਪਾਰ ਕਰ ਰਹੇ ਹਨ।

### ਦੂਸਰਾ ਅਰਥ

**ਪਉੜੀ ॥ ਤੁਧੁ ਆਪੇ ਧਰਤੀ ਸਾਜੀਐ; ਚੰਦੁ ਸੂਰਜੁ ਦੁਇ ਦੀਵੇ ॥**

ਹੇ ਪਰਮੇਸ਼ਰ! ਤੁਧੁ = ਤੁਸੀਂ ਆਪੇ = ਆਪ ਹੀ ਦੇਹ ਰੂਪੀ ਧਰਤੀ ਸਾਜੀਐ = ਸਾਜਣਾ ਕੀਤੀ ਹੈ ਅਤੇ ਚੰਦ, ਸੂਰਜ ਦੋ ਦੀਵਿਆਂ ਦੀ ਨਿਆਈਂ ਸੱਜਾ ਤੇ ਖੱਬਾ ਨੇਤਰ ਬਣਾਉਣਾ ਕੀਤੇ ਹਨ।

**ਦਸ ਚਾਰਿ ਹਟ ਤੁਧੁ ਸਾਜਿਆ; ਵਾਪਾਰੁ ਕਰੀਵੇ ॥**

ਇਸ ਦੇਹ ਰੂਪੀ ਧਰਤੀ ਦੇ ਅੰਦਰ ਦਸ ਇੰਦਰੇ ਅਤੇ ਚਾਰ ਅੰਤਹਕਰਣ ਰੂਪੀ ਦਸ ਚਾਰਿ = ਚੌਦਾਂ ਹਟ = ਦੁਕਾਨਾਂ ਨੂੰ ਤੁਧੁ = ਤੁਸੀਂ ਆਪ ਹੀ ਸਾਜਿਆ = ਬਣਾਉਣਾ ਕੀਤਾ ਹੈ। ਜੀਵ ਇਨ੍ਹਾਂ ਚੌਦਾਂ ਦੁਕਾਨਾਂ ਦੁਆਰਾ ਚੰਗੇ ਮੰਦੇ ਕਰਮਾਂ ਨੂੰ ਕਰਨ ਰੂਪੀ ਵਾਪਾਰੁ = ਵਣਜ ਕਰਦੇ ਹਨ।

### ਤੀਸਰਾ ਅਰਥ

**ਪਉੜੀ ॥ ਤੁਧੁ ਆਪੇ ਧਰਤੀ ਸਾਜੀਐ; ਚੰਦੁ ਸੂਰਜੁ ਦੁਇ ਦੀਵੇ ॥**

ਹੇ ਪਰਮੇਸ਼ਰ! ਤੁਧੁ = ਤੁਸੀਂ ਆਪੇ = ਆਪ ਹੀ ਗੁਰੂ ਰੂਪ ਹੋ ਕੇ ਸਾਧ ਸੰਗਤ ਰੂਪੀ ਧਰਤੀ ਸਾਜਣਾ ਕੀਤੀ ਹੈ, ਜਿਸ ਵਿਚ ਚੰਦ੍ਰਮਾ ਦੀ ਨਿਆਈਂ ਵੈਰਾਗ ਅਤੇ ਸੂਰਜ ਦੀ ਨਿਆਈਂ ਬਿਬੇਕ ਰੂਪੀ ਦੁਇ = ਦੋ ਦੀਵੇ ਜਗਾਏ ਹਨ **ਵਾ:** ਤੂੰ ਆਪ ਬ੍ਰਹਮ ਵਿੱਦਿਆ ਰੂਪੀ ਧਰਤੀ ਦੀ ਭੂਮਿਕਾ ਸਾਜੀ ਹੈ। ਜਿਸ ਵਿਚ ਚੰਦ੍ਰਮਾ ਦੀ ਨਿਆਈਂ ਪ੍ਰੋਖ ਗਿਆਨ ਅਤੇ ਸੂਰਜ ਦੀ ਨਿਆਈਂ ਅਪ੍ਰੋਖ ਗਿਆਨ ਰੂਪੀ ਦੋ ਦੀਵੇ ਆਪ ਹੀ ਜਗਾਉਣਾ ਕੀਤੇ ਹਨ।

ਪ੍ਰੋਖ ਗਿਆਨ ਮਾਤਾ ਦੇ ਗਰਭ ਵਿਚ ਹੁੰਦਾ ਹੈ, ਜਿਸ ਦੁਆਰਾ ਪਿਛਲੇ ਸੌ ਜਨਮਾਂ ਦਾ ਗਿਆਨ ਹੁੰਦਾ ਹੈ। ਅਪ੍ਰੋਖ ਗਿਆਨ ਤੱਤ ਬੇਤਿਆਂ ਨੂੰ ਹੁੰਦਾ ਹੈ। ਸੰਸਾਰ ਵਿਚ ਜੋ ਕੁਝ ਵਰਤ ਰਿਹਾ ਹੈ, ਉਸ ਸਾਰੇ ਦਾ ਗਿਆਨ ਹਸਤਾਮਲ ਵੱਤ ਹੋ ਜਾਂਦਾ ਹੈ। ਇਸ ਪ੍ਰਕਾਰ ਬ੍ਰਹਮ ਵਿੱਦਿਆ ਰੂਪੀ ਧਰਤੀ ਦੀ ਭੂਮਿਕਾ ਵਾਲਿਆਂ ਨੂੰ ਐਸੇ ਦੋ ਦੀਵੇ ਬਖ਼ਸ਼ਿਸ਼ ਕੀਤੇ ਹਨ।

---

੧. ਅਤਲ, ਵਿਤਲ, ਸੁਤਲ, ਰਸਾਤਲ, ਪਾਤਾਲ, ਮਹਾਤਲ, ਤਲਾਤਲ ਆਦਿ ਹੇਠਾਂ ਦੇ ਸੱਤ ਲੋਕ ਤੇ ਭੂਰ, ਮਹਿਰ, ਭੁਵ, ਜਨ, ਤਪ, ਗੋ, ਬ੍ਰਹਮਲੋਕ (ਭੂ:, ਭਵ:, ਸ੍ਵੈ:, ਮਹ:, ਜਨ:, ਤਪ: ਤੇ ਸਤਯ ਮਹਾਨ ਕੋਸ਼ ਅਨੁਸਾਰ) ਇਉਂ ਚੌਦਾਂ ਲੋਕ ਹਨ।

**ਦਸ ਚਾਰਿ ਹਟ ਤੁਧੁ ਸਾਜਿਆ; ਵਾਪਾਰੁ ਕਰੀਵੇ ॥**

ਹੇ ਪਰਮੇਸ਼ਰ! ਤੁਸੀਂ ਆਪ ਹੀ ਗੁਰਮੁਖ ਜਨਾਂ ਦਾ ਦਸਾਂ ਇੰਦ੍ਰੀਆਂ ਰੂਪੀ ਹੱਟਾਂ ਦਾ ਦਮਨ ਅਤੇ ਚਾਰੇ ਅੰਤਸ਼ਕਰਣ ਦਾ ਅਭਿਮਾਨ ਮੇਟ ਦਿੱਤਾ ਹੈ। ਫਿਰ ਉਹਨਾਂ ਦੇ ਹਿਰਦੇ ਵਿਚ ਬ੍ਰਹਮ ਗਿਆਨ ਨੂੰ ਸਜਾਉਣਾ ਕੀਤਾ ਹੈ। ਅਜਿਹੇ ਗੁਰਮੁਖ ਜਨ, ਤੱਤ ਬੇਤੇ ਗਿਆਨ ਦਾ ਹੀ ਵਾਪਾਰ ਕਰਦੇ ਹਨ।

## ਇਕਨਾ ਨੋ ਹਰਿ ਲਾਭੁ ਦੇਇ; ਜੋ ਗੁਰਮੁਖਿ ਥੀਵੇ ॥

ਹੇ ਹਰਿ = ਪਰਮੇਸ਼ਰ! ਇਕਨਾ ਨੂੰ ਆਪ ਹੀ ਆਪਣੀ ਪ੍ਰਾਪਤੀ ਦਾ ਲਾਭੁ = ਨਫ਼ਾ ਬਖ਼ਸ਼ ਦੇਇ = ਦਿੰਦਾ ਹੈਂ, ਜੋ = ਜਿਹੜੇ ਗੁਰਾਂ ਦੀ ਸੰਗਤ ਕਰਕੇ ਗੁਰਮੁਖ ਥੀਵੇ = ਹੋਏ ਹਨ।

## ਤਿਨ ਜਮਕਾਲੁ ਨ ਵਿਆਪਈ; ਜਿਨ ਸਚੁ ਅੰਮ੍ਰਿਤੁ ਪੀਵੇ ॥

ਹੇ ਪਰਮੇਸ਼ਰ! ਤਿਨ = ਉਨ੍ਹਾਂ ਨੂੰ ਕਾਲ ਕਰਨ ਵਾਲਾ ਜਮ ਨ ਵਿਆਪਈ = ਨਹੀਂ ਲੱਗ ਸਕਦਾ। ਜਿਨ = ਜਿਨ੍ਹਾਂ ਨੇ ਆਪ ਜੀ ਦੇ ਸੱਚੇ ਨਾਮ ਰੂਪ ਅੰਮ੍ਰਿਤ ਨੂੰ ਪੀਵੇ = ਪੀਤਾ ਹੈ।

## ਓਇ ਆਪਿ ਛੁਟੇ ਪਰਵਾਰ ਸਿਉ; ਤਿਨ ਪਿਛੈ ਸਭੁ ਜਗਤੁ ਛੁਟੀਵੇ ॥੩॥

ਓਇ = ਉਹ ਆਪਣੇ ਪਰਿਵਾਰ ਦੇ ਸਿਉ = ਸਮੇਤ ਜੰਮਣ ਮਰਣ ਦੇ ਬੰਧਨਾਂ ਤੋਂ ਛੁਟੇ = ਮੁਕਤ ਹੋ ਗਏ ਹਨ ਅਤੇ ਤਿਨ = ਉਨ੍ਹਾਂ ਦੇ ਪਿੱਛੇ ਸਭੁ = ਸਾਰੇ ਜਗਤ ਦਾ ਵੀ ਛੁਟੀਵੇ = ਛੁਟਕਾਰਾ ਹੋ ਜਾਂਦਾ ਹੈ॥੩॥

## ਸਲੋਕ ਮ: ੧ ॥

ਕਰਤਾਰਪੁਰ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਪਾਸ ਕੁਝ ਹਿੰਦੂ ਵਿਦਵਾਨ ਅਤੇ ਮੁਸਲਮਾਨ ਵਿਦਵਾਨ ਆਏ ਅਤੇ ਉਨ੍ਹਾਂ ਨੇ ਗੁਰੂ ਪਾਤਸ਼ਾਹ ਜੀ ਦੇ ਪਾਸ ਪ੍ਰਸ਼ਨ ਕੀਤੇ ਕਿ ਪਰਮਾਤਮਾ ਦੀ ਸ਼ਕਤੀ ਕਿਸ ਪ੍ਰਕਾਰ ਵਰਤ ਰਹੀ ਹੈ? ਪਰਮਾਤਮਾ ਕਿਥੇ ਵਸ ਰਹਿਆ ਹੈ ਅਤੇ ਅਸਲੀ ਬੰਦਾ ਕੌਣ ਹੁੰਦਾ ਹੈ? ਇਹਨਾਂ ਸਾਰੇ ਪ੍ਰਸ਼ਨਾਂ ਦਾ ਗੁਰੂ ਸਾਹਿਬ ਇਉਂ ਉੱਤਰ ਦਿੰਦੇ ਹਨ:

## ਕੁਦਰਤਿ ਕਰਿ ਕੈ; ਵਸਿਆ ਸੋਇ ॥

ਆਪਣੀ ਕੁਦਰਤਿ = ਸ਼ਕਤੀ ਦੁਆਰਾ ਸ੍ਰਿਸ਼ਟੀ ਨੂੰ ਕਰਿ ਕੈ = ਰਚ ਕਰਕੇ ਸੋਇ = ਉਹ ਪਰਮੇਸ਼ਰ ਇਸ ਵਿਚ ਵਸਿਆ ਹੋਇਆ ਹੈ। ਅਰਥਾਤ ਜਿਸ ਪ੍ਰਕਾਰ ਗੱਡੀ ਦੇ ਅੰਦਰ ਡਰਾਈਵਰ ਹੋਵੇ ਤਾਂ ਗੱਡੀ ਚੱਲਦੀ ਹੈ। ਪਰਮੇਸ਼ਰ ਨੇ ਜਦੋਂ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ। ਸਰੀਰ ਦੇ ਇੰਦਰੇ ਬਣਾਏ ਤਾਂ ਮਨ, ਪ੍ਰਾਣ, ਬੁੱਧ, ਸੂਖਮ ਅਤੇ ਅਸਥੂਲ ਸਰੀਰ ਆਦਿ ਦੀ ਘਾੜਤ ਘੜ ਦਿੱਤੀ। ਇਹ ਚੱਲ ਨਾ ਸਕੀ। ਉਸ ਵੇਲੇ ਪਰਮੇਸ਼ਰ ਨੇ ਸੋਚਿਆ ਕਿ ਮੇਰੇ ਤੋਂ ਬਿਨਾਂ ਚੱਲ ਨਹੀਂ ਸਕਦਾ। ਮੋਖਸ਼ ਪੰਥ ਵਿਚ ਐਸਾ ਜ਼ਿਕਰ ਆਉਂਦਾ ਹੈ। ਦਸਵੇਂ ਦੁਆਰ ਨੂੰ ਭੰਨ ਕੇ ਝਟ ਹੀ ਸਰੀਰ ਵਿਚ ਪ੍ਰਵੇਸ਼ ਕੀਤਾ। ਜਦੋਂ ਬੱਚਾ ਜਨਮ ਲੈਂਦਾ ਹੈ, ਉਸ ਦਾ ਤਾਲੂਆ ਬੜਾ ਪਤਲਾ ਹੁੰਦਾ ਹੈ ਤੇ ਟਸ ਟਸ ਕਰਦਾ ਹੁੰਦਾ ਹੈ। ਇਸ ਲਈ ਸਰੀਰ ਨੂੰ ਚਲਾਉਣ ਲਈ ਆਪ ਹੀ ਉਸ ਦੇ ਅੰਦਰ ਪ੍ਰਵੇਸ਼ ਹੋ ਕੇ ਵਸਿਆ ਹੈ। ਉਸ ਤੋਂ ਬਿਨਾਂ ਸੰਸਾਰ ਅਤੇ ਸਰੀਰ ਚੱਲ ਨਹੀਂ ਸਕਦੇ।

**[ਅੰਗ ੮੪]**

## ਵਖਤੁ ਵੀਚਾਰੇ; ਸੁ ਬੰਦਾ ਹੋਇ ॥

ਉਸ ਪਰਮੇਸ਼ਰ ਦੇ ਮਿਲਣ ਦਾ ਵਖਤੁ = ਸਮਾਂ ਜੋ ਵਿਚਾਰ ਲਵੇ, ਸੁ = ਉਹ ਹੀ ਬੰਦਾ ਹੁੰਦਾ ਹੈ। ਜੈਸਾ ਕਿ:

**ਭਈ ਪਰਾਪਤਿ ਮਾਨੁਖ ਦੇਹੁਰੀਆ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥** *(ਆਸਾ ਮ: ੫, ਅੰਗ ੧੨)*

ਜੋ ਵਕਤ ਨੂੰ ਨਾ ਵਿਚਾਰਨ, ਉਹ ਬੰਦਿਆਂ ਦੀ ਗਿਣਤੀ ਵਿਚ ਨਹੀਂ ਹਨ। ਇਸ ਪ੍ਰਕਾਰ ਪਰਮੇਸ਼ਰ ਦੇ ਮਿਲਣ ਦਾ ਵਖਤੁ = ਸਮਾਂ ਮਨੁੱਖਾ ਜਨਮ ਮਿਲਿਆ ਹੈ। ਕਾਮ, ਕ੍ਰੋਧ ਆਦਿ ਵਰਤਣ ਲਈ ਪਸ਼ੂਆਂ ਆਦਿ ਦੇ ਸੁਭਾਵਾਂ ਵਾਲੀਆਂ ਹੋਰ ਬਥੇਰੀਆਂ ਜੂਨਾਂ ਸਨ, ਜਿਨ੍ਹਾਂ ਨੂੰ ਭੋਗ ਕਰਕੇ ਮਨੁੱਖਾ ਜਨਮ ਵਿਚ ਆਇਆ ਹੈਂ। ਹੁਣ ਵਖਤੁ = ਸਮਾਂ ਬੰਦਗੀ ਕਰਨ ਦਾ ਮਿਲਿਆ ਹੈ। ਜੋ ਸਮੇਂ ਨੂੰ ਵੀਚਾਰ ਕੇ ਬੰਦਗੀ ਕਰੇ, ਸੁ = ਉਹ ਹੀ ਬੰਦਾ ਹੋਇ = ਹੁੰਦਾ ਹੈ।

## ਕੁਦਰਤਿ ਹੈ; ਕੀਮਤਿ ਨਹੀ ਪਾਇ॥

ਪਰਮੇਸ਼ਰ ਦੀ ਕੁਦਰਤਿ = ਸ਼ਕਤੀ ਤਾਂ ਜ਼ਰੂਰ ਹੈ ਪਰੰਤੂ ਉਸ ਦੀ ਕੀਮਤ ਪਾਇ = ਪਾਈ ਨਹੀਂ ਜਾ ਸਕਦੀ, ਕਿਉਂਕਿ ਪਰਮੇਸ਼ਰ ਆਪ ਹੀ ਬੇਕੀਮਤਾ ਹੈ ਤੇ ਉਸ ਦੀ ਕੁਦਰਤ ਵੀ ਬੇਕੀਮਤੀ ਹੈ, ਭਾਵ ਦੋਨੋਂ ਹੀ ਅਸਚਰਜ ਸਰੂਪ ਹਨ, ਜਿਸ ਦੀ ਬਾਬਤ ਕੋਈ ਵੀ ਅੱਖਰ ਕਹੇ ਨਹੀਂ ਜਾ ਸਕਦੇ।

## ਜਾ ਕੀਮਤਿ ਪਾਇ; ਤ ਕਹੀ ਨ ਜਾਇ॥

ਜਾ = ਜੇਕਰ ਤੱਤ ਬੇਤੇ ਮਹਾਂਪੁਰਖ ਪਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤਿ ਪਾਇ = ਪਾ ਵੀ ਲੈਣ ਤ = ਤਾਂ ਵੀ ਉਹਨਾਂ ਦੇ ਕੋਲੋਂ ਪ੍ਰਭੂ ਦੀ ਕੀਮਤ ਕਹੀ = ਕਥਨ ਨ = ਨਹੀਂ ਕੀਤੀ ਜਾਇ = ਜਾਂਦੀ। ਜਦੋਂ ਕੀਮਤ ਪਾ ਲਈ ਤਾਂ ਤੱਤ ਬੇਤੇ ਮਿਥਿਆ ਕਰਕੇ ਨਿਸਚੇ ਕਰ ਲੈਂਦੇ ਹਨ। ਕਹੀ ਨ ਜਾਇ = ਫਿਰ ਉਹ ਕਹਿਣ ਵਿਚ ਨਹੀਂ ਆ ਸਕਦੀ ਭਾਵ ਚੁੱਪ ਹੀ ਹੋਣਾ ਪੈਂਦਾ ਹੈ। ਪਰਮੇਸ਼ਰ ਦੇ ਸਰੂਪ ਨੂੰ ਕੀ ਕਿਹਾ ਜਾ ਸਕਦਾ ਹੈ, ਉਸ ਨੂੰ ਨਿਸਚੇ ਕਰਕੇ ਵੱਖਰਾ ਨਹੀਂ ਕਿਹਾ ਜਾ ਸਕਦਾ। ਜਦੋਂ ਕੀਮਤ ਪਾਈ ਜਾਂਦੀ ਹੈ ਤਾਂ ਹੋਰ ਰੂਪ ਕਰਕੇ ਕਹੀ ਨਹੀਂ ਜਾ ਸਕਦੀ **ਅਥਵਾ** ਪਰਮੇਸ਼ਰ ਦੀ ਐਸੀ ਬੇਅੰਤ ਰਚਨਾ ਹੈ ਜਦੋਂ ਜੀਵ ਮਿਥਿਆ ਨਿਸਚੇ ਰੂਪ ਕੀਮਤ ਪਾ ਲੈਂਦਾ ਹੈ ਤਾਂ ਨ ਜਾਇ = ਕਿਤੇ ਵੀ ਜੂਨਾਂ ਵਿਚ ਨਹੀਂ ਜਾਂਦਾ ਭਾਵ ਲੋਕ ਪਰਲੋਕ ਨੂੰ ਗਮਨ ਨਹੀਂ ਕਰਦਾ। ਪਾਤਸ਼ਾਹ ਜੀ ਨੂੰ ਮੁਸਲਮਾਨ ਵਿਦਵਾਨ ਕਹਿਣ ਲੱਗੇ ਕਿ ਸਾਡੇ ਸ਼ਰਈਅਤ ਲੋਕ ਸ਼ਰ੍ਹਾ ਦੀਆਂ ਕਿਤਾਬਾਂ ਅਨੁਸਾਰ ਨਿਰਨਾ ਕਰਦੇ ਹਨ ਤਾਂ ਹਜ਼ੂਰ ਨੇ ਫ਼ੁਰਮਾਨ ਕੀਤਾ:

## ਸਰੈ ਸਰੀਅਤਿ; ਕਰਹਿ ਬੀਚਾਰੁ॥

ਹੇ ਭਾਈ! ਜਿਹੜਾ ਪੈਗ਼ੰਬਰਾਂ ਦਾ ਸਰੀਅਤਿ = ਕਰਮ ਕਾਂਡ ਦਾ ਤਰੀਕਾ ਹੈ, ਉਸ ਸਰੈ = ਰਸਤੇ ਵਿਚ ਚੱਲਣ ਵਾਲੇ, ਸ਼ਰ੍ਹਾਂ ਦੀਆਂ ਵੀਚਾਰਾਂ ਕਰਹਿ = ਕਰਦੇ ਰਹਿੰਦੇ ਹਨ, **ਵਾ:** ਸਰਾਂ ਸਰੀਅਤਿ ਦੀਆਂ ਕਿਤਾਬਾਂ ਦੁਆਰਾ ਵਿਚਾਰਾਂ, ਕਰਕੇ ਅਨੇਕਾਂ ਪ੍ਰਕਾਰ ਦੇ ਨਿਰਣੇ ਕਰਦੇ ਰਹਿੰਦੇ ਹਨ।

## ਬਿਨੁ ਬੂਝੇ; ਕੈਸੇ ਪਾਵਹਿ ਪਾਰੁ॥

ਜਿੰਨਾ ਚਿਰ ਖ਼ੁਦਾ ਨੂੰ ਅਤੇ ਖ਼ੁਦਾ ਦੇ ਗਿਆਨ ਨੂੰ ਬੂਝੇ = ਸਮਝ ਨਹੀਂ ਲੈਂਦੇ, ਉਤਨਾ ਚਿਰ ਕੈਸੇ = ਕਿਵੇਂ ਸੰਸਾਰ ਤੋਂ ਪਾਰ ਲੰਘਣਾ ਪਾਵਹਿ = ਪਾਵੋਗੇ **ਵਾ:** ਗੁਰੂ ਤੋਂ ਪੁੱਛੇ ਬਗ਼ੈਰ ਸ਼ਰਾ ਕਰਕੇ ਪਰਮੇਸ਼ਰ ਦੇ ਪਾਰਾਵਾਰ ਨੂੰ ਕਿਵੇਂ ਪਾ ਸਕਦੇ ਹੋ ਭਾਵ ਨਹੀਂ ਪਾ ਸਕਦੇ।

***ਪ੍ਰਸ਼ਨ :*** *ਫਿਰ ਉਨ੍ਹਾਂ ਨੇ ਸਵਾਲ ਕੀਤਾ ਕਿ ਅਸੀਂ ਹਮੇਸ਼ਾ ਖ਼ੁਦਾ ਦੇ ਚਰਨਾਂ ਵਿਚ ਸਿਜਦਾ (ਨਮਸਕਾਰ) ਕਰਦੇ ਹਾਂ ਤਾਂ ਕੀ ਇਸ ਨਾਲ ਪਾਰ ਨਹੀਂ ਹੋਈਦਾ ?*

***ਉੱਤਰ :***

# ਸਿਦਕੁ ਕਰਿ ਸਿਜਦਾ; ਮਨੁ ਕਰਿ ਮਖਸੂਦੁ ॥

ਸਿਦਕੁ = ਭਰੋਸਾ ਕਰਨ ਰੂਪ ਹੀ ਖ਼ੁਦਾ ਨੂੰ ਸਿਜਦਾ ਕਰਿ = ਕਰੋ ਅਤੇ ਮਨ ਨੂੰ ਪਰਮੇਸ਼ਰ ਦੇ ਨਾਮ ਦਾ ਮਖਸੂਦੁ = ਲਾਭ ਲੈਣ ਵਾਲਾ ਬਣਾਉਣਾ ਕਰਿ = ਕਰੋ। ਅਰਥਾਤ ਜੇਕਰ ਮਨ ਅੰਦਰੋਂ ਜੁੜਿਆ ਨਹੀਂ ਤਾਂ ਡੰਡੇ ਵਤ ਪੈ ਕੇ ਕੀਤੀ ਹੋਈ ਨਮਸਕਾਰ ਵੀ ਪ੍ਰਵਾਨ ਨਹੀਂ ਹੁੰਦੀ। ਜਿਵੇਂ ਪਹਿਲਵਾਨ ਡੰਡ ਬੈਠਕਾਂ ਕੱਢਦਾ ਹੈ, ਉਹ ਅਭਿਆਸ ਵਿਚ ਪਰਮੇਸ਼ਰ ਨੂੰ ਯਾਦ ਨਹੀਂ ਕਰਦਾ, ਇਉਂ ਜਿਹੜੇ ਪਹਿਲਵਾਨਾਂ ਵਾਂਗ ਡੰਡ ਬੈਠਕਾਂ, ਡੰਡਉਤਾਂ ਹੀ ਕਰਦੇ ਹਨ, ਪਰਮੇਸ਼ਰ ਨੂੰ ਨਮਸਕਾਰ ਨਹੀਂ ਕਰਦੇ। ਕਈ ਮੂਧੇ ਮੂੰਹ ਹੀ ਪਏ ਰਹਿੰਦੇ ਹਨ। ਧਰਤੀ ਤੋਂ ਉਠਦੇ ਹੀ ਨਹੀਂ। ਇਸ ਪ੍ਰਕਾਰ ਰੋਗੀ ਮੂਧੇ ਮੂੰਹ ਹੀ ਪਏ ਰਹਿੰਦੇ ਹਨ। ਇਸ ਤਰ੍ਹਾਂ ਦੇ ਪਾਖੰਡ ਦਾ ਖੰਡਨ ਕੀਤਾ ਗਿਆ ਹੈ। ਮਹਾਰਾਜ ਸਾਹਿਬ ਜੀ ਆਖਣ ਲੱਗੇ ਕਿ ਇਸ ਤਰ੍ਹਾਂ ਕੀਤਾ ਹੋਇਆ ਸਿਜਦਾ ਖ਼ੁਦਾ ਨੂੰ ਕਬੂਲ ਨਹੀਂ ਹੁੰਦਾ, ਜੇਕਰ ਚਿਤ ਜੁੜਿਆ ਨਾ ਹੋਵੇ। ਜਿਵੇਂ ਨਵਾਬ ਦੌਲਤ ਖਾਂ ਜਦੋਂ ਸਿਜਦਾ ਕਰਨ ਲੱਗਾ ਸੀ ਤਾਂ ਇਕ ਪਾਸੇ ਤਾਂ ਉਹ ਨਮਾਜ਼ ਪੜ੍ਹਦਾ ਸੀ ਅਤੇ ਦੂਜੇ ਪਾਸੇ ਕੰਧਾਰ ਵਿਚ ਜਾ ਕੇ ਘੋੜੇ ਖ਼ਰੀਦ ਰਿਹਾ ਸੀ। ਜਦੋਂ ਕਾਜ਼ੀ ਸਿਜਦਾ ਕਰਦਾ ਸੀ ਅਤੇ ਨਾਲ ਹੀ ਉਸ ਦਾ ਧਿਆਨ ਆਪਣੇ ਘਰ ਵਿਚ ਘੋੜੀ ਦੇ ਵਛੇਰੇ ਵਿਚ ਸੀ। ਉਸ ਦੇ ਕੋਲ ਖੂਹ ਸੀ। ਉਹ ਇਹ ਸੋਚ ਰਿਹਾ ਸੀ ਕਿ ਕਿਤੇ ਮੇਰੀ ਘੋੜੀ ਦਾ ਵਛੇਰਾ ਖੂਹ ਵਿਚ ਨਾ ਡਿੱਗ ਜਾਵੇ। ਉਹ ਮਨ ਵਿਚ ਵਛੇਰੇ ਨੂੰ ਸੰਭਾਲਦਾ ਫਿਰਦਾ ਸੀ। ਇਸ ਨੂੰ ਸਿਜਦਾ ਨਹੀਂ ਕਿਹਾ ਜਾ ਸਕਦਾ ਕਿ ਮਨ ਹੋਰ ਪਾਸੇ ਹੋਵੇ ਤੇ ਮੱਥੇ ਹੋਰ ਪਾਸੇ ਟੇਕਣੇ। ਜਿੰਨਾ ਚਿਰ ਭਰੋਸਾ ਨਹੀਂ ਹੈ, ਉਨਾ ਚਿਰ ਸੀਸ ਨਿਵਾਇਆ ਹੋਇਆ ਵਿਅਰਥ ਹੈ। ਜੈਸਾ ਕਿ :

**ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥** *(ਸਲੋਕ ਮ: ੧. ਅੰਗ ੪੭੦)*

**ਸਾਖੀ—ਸੰਤ ਮੱਘਰ ਸਿੰਘ ਜੀ ਦੀ :** ਜਿਵੇਂ ਸੰਤ ਬਾਬਾ ਮੱਘਰ ਸਿੰਘ ਜੀ ਰਾਮਗੜ੍ਹ ਵਾਲੇ ਹੋਏ ਹਨ। ਉਹ ਮਹਾਂਪੁਰਸ਼ ਫ਼ੌਜ ਵਿਚ ਨੌਕਰੀ ਕਰਿਆ ਕਰਦੇ ਸਨ। ਉਹ ਨਿਤਾਪ੍ਰਤੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨੂੰ ਨਮਸਕਾਰ ਕਰਿਆ ਕਰਦੇ ਸਨ। ਕਹਿਣ ਲੱਗੇ ਕਿ ਅਸੀਂ ਭਰੋਸਾ ਧਾਰ ਕੇ ਨਮਸਕਾਰ ਕਰਦੇ ਹਾਂ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਪਾਤਸ਼ਾਹੀਆਂ ਦਾ ਸਰੂਪ ਹਨ। ਸਾਡੀ ਨਿਗ੍ਹਾ ਵਿਚ ਦਸੇ ਪਾਤਸ਼ਾਹੀਆਂ ਦੇ ਚਰਨ ਆਉਣ ਲੱਗ ਗਏ। ਇਸ ਪ੍ਰਕਾਰ ਸਾਨੂੰ ਪੂਰਾ ਭਰੋਸਾ ਹੋ ਗਿਆ ਹੈ। ਉਦੋਂ ਦਾ ਸਾਡਾ ਮਨ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਵਿਚ ਅਡੋਲ ਹੋ ਕੇ ਧਿਆਨ ਵਿਚ ਜੁੜ ਗਿਆ। ਇਉਂ ਜਿਹੜੇ ਸਿਦਕੁ = ਭਰੋਸਾ ਕਰਦੇ ਹਨ, ਉਨ੍ਹਾਂ ਦੀ ਕੀਤੀ ਹੋਈ ਨਮਸਕਾਰ ਪ੍ਰਵਾਨ ਹੁੰਦੀ ਹੈ। ਇਉਂ ਅੱਜ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦੀ ਜੋਤਿ ਜਾਣ ਕੇ ਸੀਸ ਨਿਵਾਉਣਾ ਹੀ ਅਸਲ ਭਰੋਸਾ ਹੈ ਅਤੇ ਮਨ ਨੂੰ ਨਫ਼ਾ ਭਾਵ ਲਾਭ ਲੈਣ ਵਾਲਾ ਬਣਾਈ ਰੱਖੀਏ, ਕਿਸੇ ਹੋਰ ਪਾਸੇ ਨਾ ਲਾਉਣਾ ਕਰੀਏ।

# ਜਿਹਿ ਧਿਰਿ ਦੇਖਾ; ਤਿਹ ਧਿਰਿ ਮਉਜੂਦੁ ॥੧॥

ਫਿਰ ਜਿਹ = ਜਿਸ ਧਿਰਿ = ਤਰਫ਼ ਦੇਖੋਗੇ, ਤਿਹ = ਉਸ ਧਿਰਿ = ਤਰਫ਼ ਪਰਮੇਸ਼ਰ ਮਉਜੂਦੁ = ਇਸਥਿਤ ਪ੍ਰਤੀਤ ਹੋਵੇਗਾ ॥੧॥ ਜੈਸਾ ਕਿ :

**ਜੱਤ੍ਰ ਜੱਤ੍ਰ ਮਨੋ ਜਾਤੀ ਤੱਤ੍ਰ ਤੱਤ੍ਰ ਬ੍ਰਹਮ ਦ੍ਰਿਸਟਾਤੀ ॥**

ਜਿਸ ਪ੍ਰਕਾਰ ਜਹਾਜ਼ ਦੇ ਉਪਰ ਜਿਸ ਪਾਸੇ ਵੇਖੋਗੇ, ਚਾਰੇ ਪਾਸੇ ਪਾਣੀ ਹੀ ਦਿਸੇਗਾ। ਪੁਰਾਣੇ ਸਮੇਂ ਵਿਚ ਜਦੋਂ ਜਹਾਜ਼ ਨੂੰ ਤੋਰਦੇ ਸਨ ਤਾਂ ਉਪਰ ਇਕ ਕਾਂ ਬਿਠਾ ਲੈਂਦੇ ਸੀ। ਸਮੁੰਦਰ ਚਾਰ ਚੁਫੇਰੇ ਹੁੰਦਾ ਸੀ। ਜਦੋਂ ਕਾਂ ਨੂੰ ਉਡਾਉਂਦੇ ਤਾਂ ਜਿਸ ਪਾਸੇ ਤੋਂ ਆਏ ਹੁੰਦੇ, ਕਾਂ ਉਸੇ ਪਾਸੇ ਨੂੰ ਉੱਡਦਾ ਹੁੰਦਾ ਸੀ। ਇਹ ਸਮਝ ਜਾਂਦੇ ਸੀ ਕਿ ਅਸੀਂ ਇਸ ਪਾਸੇ ਤੋਂ ਆਏ ਸੀ ਅਤੇ ਇਸ ਪਾਸੇ ਨੂੰ ਜਾਣਾ ਹੈ। ਉਹ ਚਾਰ ਚੁਫੇਰੇ ਸਮੁੰਦਰ ਵਿਚ ਪਾਣੀ ਦੇਖ ਕੇ ਕਿਤੇ ਵੀ ਨਹੀਂ ਸੀ ਬੈਠ ਸਕਦਾ। ਜਹਾਜ਼ ਦੇ ਝੰਡੇ 'ਤੇ ਆ ਕੇ ਬੈਠ ਜਾਂਦਾ ਸੀ। ਇਸੇ

ਪ੍ਰਕਾਰ ਜਦੋਂ ਸਮੁੰਦਰ ਦੇ ਪਾਣੀ ਦੀ ਨਿਆਈਂ ਨਾਮ ਰੂਪ ਜਹਾਜ਼ ਉੱਤੇ ਕਾਂ ਦੀ ਨਿਆਈਂ ਇਸ ਮਨ ਰੂਪੀ ਪੰਛੀ ਨੂੰ ਟਿਕਾਵਾਂਗੇ ਫਿਰ ਜਿਸ ਪਾਸੇ ਦੇਖੋਗੇ, ਜਲ ਦੀ ਨਿਆਈਂ ਪਰਮੇਸ਼ਰ ਹੀ ਦਿਸੇਗਾ। ਜੇਕਰ ਉਸ ਦੇ ਨਾਮ ਦੀ ਟੇਕ ਪਕੜਾਂਗੇ ਤਾਂ ਹੋਰ ਪਾਸੇ ਤੋਂ ਉਡਣੋਂ ਹਟ ਜਾਵੇਗਾ। ਇਸ ਪ੍ਰਕਾਰ ਜਿਸ ਧਿਰਿ = ਤਰਫ਼ ਦੇਖੋਗੇ, ਉਸ ਪਾਸੇ ਇਸਥਿਤ ਰੂਪ ਪਰਮੇਸ਼ਰ ਹੀ ਦਿਸੇਗਾ।

## ਮ: ੩ ॥

ਤੀਜੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਗੁਰੂ ਦੀ ਸਭਾ ਕਿਵੇਂ ਪਾਈਦੀ ਹੈ ? ਤਾਂ ਮਹਾਰਾਜ ਸਾਹਿਬ ਜੀ ਉੱਤਰ ਵਿਚ ਫ਼ੁਰਮਾਨ ਕਰਦੇ ਹਨ :

## ਗੁਰ ਸਭਾ ਏਵ ਨ ਪਾਈਐ; ਨਾ ਨੇੜੈ ਨਾ ਦੂਰਿ ॥

ਗੁਰੂ ਦੀ ਸਭਾ[੧] ਪ੍ਰੇਮ ਦੇ ਸਹਿਤ ਪ੍ਰਾਪਤ ਹੋਣ ਵਾਲੀ ਹੈ। ਏਵ = ਇਸ ਤੋਂ ਬਿਨਾਂ ਨ ਪਾਈਐ = ਨਹੀਂ ਪਾਈ ਜਾ ਸਕਦੀ। ਨਾ ਹੀ ਸਰੀਰਕ ਤੌਰ 'ਤੇ ਨੇੜੈ = ਨਜ਼ਦੀਕ ਰਹਿਣ ਕਰਕੇ ਅਤੇ ਨਾ ਹੀ ਦੂਰ ਰਹਿਣ ਕਰਕੇ ਪਾਈ ਜਾ ਸਕਦੀ ਹੈ **ਅਥਵਾ** ਗੁਰੂ ਸਾਹਿਬ ਜੀ ਦਾ ਸਭਾ = ਸਿਧਾਂਤ, ਗਿਆਨ, ਪ੍ਰੇਮ ਏਵ = ਇਸ ਤਰ੍ਹਾਂ ਨਹੀਂ ਪਾਈਦਾ ਨਾ ਹੀ ਸਰੀਰ ਕਰਕੇ ਨੇੜੇ ਰਹਿਣ ਨਾਲ ਅਤੇ ਨਾ ਹੀ ਦੂਰ ਰਹਿਣ ਕਰਕੇ ਪਾਈਦਾ ਬਲਕਿ ਗੁਰੂ ਦੀ ਆਗਿਆ ਪਾਲਣ ਕਰ ਕੇ ਪਾਈਦਾ ਹੈ।

***ਨੋਟ :*** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੧੧ (ਗਿਆਰਾਂ) ਪ੍ਰਕਾਰ ਦੀ ਸਭਾ ਦਾ ਜ਼ਿਕਰ ਹੈ। ਇਹਨਾਂ ਗਿਆਰਾਂ ਪ੍ਰਕਾਰ ਦੀ ਸਭਾ ਤੋਂ ਇਲਾਵਾ ਭਾਈ ਗੁਰਦਾਸ ਜੀ ਨੇ ਦੋ ਪ੍ਰਕਾਰ ਦੀਆਂ ਹੋਰ ਭੀ ਸਭਾ ਮੰਨੀਆਂ ਹਨ। ਇਹਨਾਂ ਤੇਰਾਂ ਤੋਂ ਇਲਾਵਾ ਸ੍ਰੀ ਦਸਮ ਗ੍ਰੰਥ ਵਿਚ ਛੇ ਪ੍ਰਕਾਰ ਦੀਆਂ ਹੋਰ ਭੀ ਮੰਨੀਆਂ ਹਨ। ਜਿਸ ਦਾ ਵੇਰਵਾ ਸਿੱਧ ਗੋਸਟਿ ਨਾਮ ਦੀ ਬਾਣੀ ਵਿਚ ੯੩੮ ਅੰਗ 'ਤੇ ਦਿੱਤਾ ਜਾਵੇਗਾ।

**ਸਾਖੀ—ਦਸਮੇਸ਼ ਜੀ ਦੇ ਪਹਿਰੇਦਾਰ ਸਿੱਖਾਂ ਦੀ :** ਜਿਸ ਵਕਤ ਕਲਗ਼ੀਧਰ ਪਾਤਸ਼ਾਹ ਗੁਰੂ ਕੀ ਕਾਸ਼ੀ ਸ੍ਰੀ ਦਮਦਮਾ ਸਾਹਿਬ ਵਿਖੇ ਬਿਰਾਜਮਾਨ ਸਨ ਤਾਂ ਉਥੇ ਪਾਸ ਨਗਰ ਵਿਚ ਉਸ ਵਕਤ ਰਾਤ ਨੂੰ ਖੇਡਾ ਹੋ ਰਿਹਾ ਸੀ। ਜਿਹੜੇ ਪਾਤਸ਼ਾਹ ਜੀ ਦੇ ਪਲੰਘ ਦੀ ਸਵਾਰੀ ਦੇ ਸੈਨਿਕ ਸਨ, ਉਨ੍ਹਾਂ ਨੇ ਸੋਚਿਆ ਕਿ ਗੁਰੂ ਸਾਹਿਬ ਜੀ ਤਾਂ ਬਿਰਾਜੇ ਹੋਏ ਹਨ ਤੇ ਆਪਾਂ ਖੇਡਾ ਵੇਖ ਆਈਏ। ਉਨ੍ਹਾਂ ਵਿੱਚੋਂ ਕੁਝ ਸੇਵਕ ਖੇਡਾ ਵੇਖਣ ਚਲੇ ਗਏ ਪਰੰਤੂ ਜਾਣ ਤੋਂ ਬਾਅਦ ਦਿਲ ਵਿਚ ਬੜਾ ਭੈ ਕੀਤਾ ਕਿ ਅਸਾਂ ਨੂੰ ਮਹਾਰਾਜ ਜੀ ਨੂੰ ਇਸ ਤਰ੍ਹਾਂ ਛੱਡ ਕੇ ਅਤੇ ਬਿਨਾਂ ਆਗਿਆ ਤੋਂ ਖੇਡਾ ਦੇਖਣ ਨਹੀਂ ਆਉਣਾ ਚਾਹੀਦਾ ਸੀ। ਜੋ ਸਿੰਘ ਪਲੰਘ ਕੋਲ ਬੈਠੇ ਸਨ ਉਨ੍ਹਾਂ ਦਾ ਮਨ ਖੇਡੇ ਵੱਲ ਲੱਗਿਆ ਹੋਇਆ ਸੀ ਕਿ ਅਸੀਂ ਵੀ ਖੇਡਾ ਵੇਖਣ ਚਲੇ ਜਾਣਾ ਸੀ। ਉਨ੍ਹਾਂ ਸੇਵਕਾਂ ਦੀ ਜੋ ਖੇਡਾ ਵੇਖਣ ਗਏ ਸੀ, ਅਗਲੇ ਦਿਨ ਭਰੇ ਦਰਬਾਰ ਵਿਚ ਗੁਰੂ ਸਾਹਿਬ ਜੀ ਪਾਸ ਸ਼ਿਕਾਇਤ ਕੀਤੀ ਗਈ ਕਿ ਪਾਤਸ਼ਾਹ ਜੀ ! ਇਹ ਸੈਨਿਕ ਖੇਡਾ ਵੇਖਣ ਗਏ ਸਨ। ਅਸੀਂ ਆਪ ਜੀ ਦੀ ਹਜ਼ੂਰੀ ਵਿਚ ਬੈਠੇ ਸੀ ਤਾਂ ਪਾਤਸ਼ਾਹ ਜੀ ਨੇ ਭਰੇ ਦਰਬਾਰ ਵਿਚ ਐਸੇ ਬਚਨ ਕੀਤੇ ਕਿ ਹਾਜ਼ਰ, ਗ਼ੈਰਹਾਜ਼ਰ, ਗ਼ੈਰਹਾਜ਼ਰ, ਹਾਜ਼ਰ ਕਿ ਤੁਸੀਂ ਇਥੇ ਬੈਠ ਕੇ ਵੀ ਇਥੋਂ ਗ਼ੈਰਹਾਜ਼ਰ ਸੀ, ਤੁਸੀਂ ਇਥੇ ਹੀ ਮਨ ਕਰਕੇ ਖੇਡੇ ਵਿਚ ਅਨੰਦ ਲੈ ਰਹੇ ਸੀ। ਇਹ ਖੇਡੇ ਵਿਚ ਗਏ ਹੋਣ ਕਰਕੇ ਵੀ ਮਨ ਦੁਆਰਾ ਸਾਡੀ ਹਜ਼ੂਰੀ ਵਿਚ ਮੌਜੂਦ ਸਨ। ਇਸ ਕਰਕੇ ਗੁਰੂ ਦੀ ਸਭਾ ਨਾ ਨੇੜੇ ਰਹਿਣ ਕਰਕੇ ਅਤੇ ਨਾ ਹੀ ਦੂਰ ਰਹਿਣ ਕਰਕੇ ਪਾਈਦੀ ਹੈ।

## ਨਾਨਕ ਸਤਿਗੁਰੁ ਤਾਂ ਮਿਲੈ; ਜਾ ਮਨੁ ਰਹੈ ਹਦੂਰਿ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਦੀ ਸਭਾ ਵਿਚ **ਵਾ:** ਸਿਧਾਂਤ, ਗਿਆਨ, ਪ੍ਰੇਮ ਵਿਚ

---

੧. ਜਿਥੇ ਗੁਰੂ ਸਾਹਿਬ ਜੀ ਪ੍ਰਤੱਖ ਬੈਠੇ ਹੋਣ, ਉਹ ਗੁਰੂ ਦੀ ਸਭਾ ਹੁੰਦੀ ਹੈ।

ਤਾਂ ਮਿਲੈ = ਮਿਲਿਆ ਜਾਂਦਾ ਹੈ, ਜਾ = ਜੇਕਰ ਮਨ ਹਰ ਵਕਤ ਸਤਿਗੁਰਾਂ ਦੇ ਹਦੂਰਿ = ਨਿਕਟ-ਵਰਤੀ ਭਾਵ ਨੇੜੇ ਰਹੇ ॥੨॥

## ਪਉੜੀ ॥

## ਸਪਤ ਦੀਪ, ਸਪਤ ਸਾਗਰਾ, ਨਵ ਖੰਡ; ਚਾਰਿ ਵੇਦ, ਦਸ ਅਸਟ ਪੁਰਾਣਾ ॥

ਜੋ ਸਪਤ = ਸੱਤ ਦੀਪ ਸਪਤ = ਸੱਤ ਸਾਗਰਾ = ਸਮੁੰਦਰ, ਨਵ = ਨੌਂ ਖੰਡ, ਚਾਰ ਵੇਦ ਅਤੇ ਦਸ + ਅੱਠ = ਅਠਾਰਾਂ ਪੁਰਾਣ ਆਦਿਕ ਹਨ।

ਅਰਥਾਤ 'ਮਹਾਨ ਕੋਸ਼' ਅਨੁਸਾਰ ਸਪਤ ਦੀਪ ਸੰਗਿਆ ਟਾਪੂ ਪ੍ਰਿਥਵੀ ਮੰਡਲ ਦੇ ਉਹ ਸੱਤ ਹਿੱਸੇ ਜੋ ਪੁਰਾਣਾਂ ਨੇ ਸੱਤ ਸਮੁੰਦਰਾਂ ਤੋਂ ਘਿਰੇ ਹੋਏ ਮੰਨੇ ਹਨ। ਇਨ੍ਹਾਂ ਦੇ ਇਹ ਨਾਮ ਹਨ—੧. ਜੰਬੂ, ੨. ਪਲਕ, ੩. ਸ਼ਾਲਮਲ, ੪. ਕੁਸ਼ਦੀਪ, ੫. ਕ੍ਰੌਚ ਦੀਪ, ੬. ਸਾਕ, ੭. ਪੁਸ਼ਕਰ।

***ਨੋਟ :*** ਹਿੰਦੂ ਮੱਤ ਦੇ ਗ੍ਰੰਥਾਂ ਵਿਚ ਇਕ ਲੇਖ ਹੈ ਜਿਸ ਨੂੰ ਅਸੀਂ ਇਤਿਹਾਸ ਜਾਂ ਮਿਥਿਹਾਸ ਤੋਂ ਉਪਰ ਉਠ ਕੇ ਕੇਵਲ ਪ੍ਰਮਾਣ ਦਿੰਦੇ ਹਾਂ ਕਿ ਪੁਰਾਣ ਦਾ ਲੇਖ ਹੈ ਕਿ ਰਾਜਾ ਪ੍ਰਿਯਵਤ ਰਥ ਉਪਰ ਚੜ੍ਹ ਕੇ ੭ ਵਾਰ ਪ੍ਰਿਥਵੀ ਦੇ ਚਾਰੇ ਪਾਸੇ ਫਿਰਿਆ, ਜਿਸ ਦੇ ਪਹੀਈਆਂ ਦੀ ਲੀਕ ਨਾਲ ੭ ਸਮੁੰਦਰ ਬਣ ਗਏ ਅਤੇ ਉਨ੍ਹਾਂ ਸਮੁੰਦਰਾਂ ਨਾਲ ਘਿਰੇ ਹੋਏ ਹਿੱਸੇ ਦੀਪ ਕਹਾਏ। ਸਤਿਗੁਰੂ ਜੀ ਨੇ ਸਪਤ ਦੀਪ ਦਾ ਹਵਾਲਾ ਦਿੱਤਾ ਹੈ।

**ਸਪਤ ਸਾਗਰਾ :** ਪੁਰਾਣ ਵਿਚ ਇਹ ਸੱਤ ਸਾਗਰ ਲਿਖੇ ਹਨ : ੧. ਦੁੱਧ ਦਾ, ੨. ਦਹੀਂ ਦਾ, ੩. ਘੀ ਦਾ, ੪. ਇੱਖ ਦੇ ਰਸ ਦਾ, ੫. ਸ਼ਹਿਦ ਦਾ, ੬. ਮਿੱਠੇ ਪਾਣੀ ਦਾ, ੭. ਖਾਰੇ ਪਾਣੀ ਦਾ।

**ਨਵਖੰਡ :** ਪ੍ਰਿਥਵੀ ਦੇ ਨੌਂ ਵਿਭਾਗ : ੧. ਭਰਤ, ੨. ਇਲਾਵ੍ਰਿਤ, ੩. ਕਿੰਪੁਰਸ਼, ੪. ਭਦ੍ਰ, ੫. ਕੇਤੁਮਾਲ, ੬. ਹਰਿ, ੭. ਹਿਰਣਯ, ੮. ਰਮਯ, ੯. ਕੁਸ਼।

**ਚਾਰਿ ਵੇਦ :** ੧. ਸਾਮ ਵੇਦ, ੨. ਰਿਗੁ ਵੇਦ, ੩. ਯਜੁਰ ਵੇਦ, ੪. ਅਥਰਵਣ ਵੇਦ।

**ਦਸ ਅਸਟ ਪੁਰਾਣ :** ਦਸ ਅਸਟ = ੧੦ + ੮ = ੧੮ ਪੁਰਾਣ ਇਸ ਪ੍ਰਕਾਰ ਹਨ : ੧. ਵਿਸ਼ਨ ਪੁਰਾਣ, ੨. ਪਦਮ ਪੁਰਾਣ, ੩. ਬ੍ਰਹਮ ਪੁਰਾਣ, ੪. ਸ਼ਿਵ ਪੁਰਾਣ, ੫. ਭਗਵਤ ਪੁਰਾਣ, ੬. ਨਾਰਦ ਪੁਰਾਣ, ੭. ਮਾਰਕੰਡੇ ਪੁਰਾਣ, ੮. ਅਗਨ ਪੁਰਾਣ, ੯. ਬ੍ਰਹਮ ਵੈਵਰਤ ਪੁਰਾਣ, ੧੦. ਲਿੰਗ ਪੁਰਾਣ, ੧੧. ਵਰਾਹ ਪੁਰਾਣ, ੧੨. ਸਕੰਦ ਪੁਰਾਣ, ੧੩. ਵਾਮਨ ਪੁਰਾਣ, ੧੪. ਕੂਰਮ ਪੁਰਾਣ, ੧੫. ਸਤਸਯ ਪੁਰਾਣ, ੧੬. ਗਰੁੜ ਪੁਰਾਣ, ੧੭. ਬ੍ਰਹਮਾਂਡ ਪੁਰਾਣ, ੧੮. ਭਵਿਖਿਅਤ ਪੁਰਾਣ।

## ਹਰਿ ਸਭਨਾ ਵਿਚਿ ਤੂੰ ਵਰਤਦਾ; ਹਰਿ ਸਭਨਾ ਭਾਣਾ ॥

ਹੇ ਹਰਿ = ਪਰਮੇਸ਼ਰ ! ਤੂੰ ਆਪ ਹੀ ਵਾਚ, ਵਾਚਕ[੧] ਭਾਵ ਵਾਲੀ ਸ੍ਰਿਸ਼ਟੀ ਦੇ ਸਭਨਾ = ਸਾਰਿਆਂ ਜੀਵਾਂ ਵਿਚ ਵਰਤਦਾ = ਵਰਤ ਰਿਹਾ ਹੈਂ ਅਤੇ ਹੇ ਹਰਿ = ਪਰਮੇਸ਼ਰ ਤੂੰ ਆਪ ਹੀ ਸਭਨਾ = ਸਾਰਿਆਂ ਦੇ ਅੰਦਰ ਚੇਤਨ ਸੱਤਾ ਰੂਪ ਹੋ ਕੇ ਭਾਣਾ = ਭਾਅ ਰਿਹਾ ਹੈਂ ਭਾਵ ਚੰਗਾ ਲੱਗ ਰਿਹਾ ਹੈਂ।

## ਸਭਿ ਤੁਝੈ ਧਿਆਵਹਿ ਜੀਅ ਜੰਤ; ਹਰਿ ਸਾਰਗ ਪਾਣਾ ॥

ਹੇ ਸਾਰਗ ਨਾਮੇ ਧਨੁਖ ਨੂੰ ਪਾਣਾ = ਹੱਥ ਵਿਚ ਪਕੜਨ ਵਾਲੇ ਹਰਿ = ਪਰਮੇਸ਼ਰ ! ਸਭਿ =

---

੧. ਵੇਦ ਪੁਰਾਣ ਵਾਚਕ ਸ੍ਰਿਸ਼ਟੀ ਹੈ ਤੇ ਬਾਕੀ ਸਾਰੀ ਰਚਨਾ ਵਾਚ ਰੂਪ ਹੈ।

ਸਾਰੇ ਬ੍ਰਹਮਾ ਤੋਂ ਲੈ ਕੇ ਛੋਟੇ ਤੋਂ ਛੋਟੇ ਜੀਅ = ਅਸਥੂਲ, ਜੰਤ = ਸੂਖਮ ਜੀਵ ਤੁਝੈ = ਤੈਨੂੰ ਹੀ ਧਿਆਵਹਿ = ਧਿਆਉਂਦੇ ਹਨ।

## ਜੋ ਗੁਰਮੁਖਿ ਹਰਿ ਆਰਾਧਦੇ; ਤਿਨ ਹਉ ਕੁਰਬਾਣਾ ॥

ਹੇ ਹਰਿ = ਪਰਮੇਸ਼ਰ ! ਜੋ ਗੁਰਮੁਖਾਂ ਦੀ ਸੰਗਤ ਦੁਆਰਾ ਤੈਨੂੰ ਆਰਾਧਦੇ = ਚੇਤੇ ਕਰਦੇ ਹਨ, ਤਿਨ = ਉਨ੍ਹਾਂ ਤੋਂ ਹਉ = ਅਸੀਂ ਕੁਰਬਾਣਾ = ਬਲਿਹਾਰ ਜਾਂਦੇ ਹਾਂ।

## ਤੂੰ ਆਪੇ ਆਪਿ ਵਰਤਦਾ; ਕਰਿ ਚੋਜ ਵਿਡਾਣਾ ॥੪॥

ਹੇ ਪਰਮੇਸ਼ਰ ! ਤੂੰ ਆਪਣੇ ਆਪ ਹੀ ਸਾਰਿਆਂ ਵਿਚ ਵਰਤ ਰਿਹਾ ਹੈਂ ਅਤੇ ਆਪ ਹੀ ਵਿਡਾਣਾ = ਅਸਚਰਜ, ਚੋਜ = ਕੌਤਕ ਕਰ ਰਿਹਾ ਹੈਂ ਜੋ ਕਹੇ ਨਹੀਂ ਜਾ ਸਕਦੇ ॥੪॥

## ਸਲੋਕ ਮ: ੩ ॥

ਤੀਸਰੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਸਭਾ ਵਿਚ ਅੰਮ੍ਰਿਤ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ। ਇਕ ਕੋਈ ਸ਼ਾਹੂਕਾਰ ਜੋ ਬੜਾ ਪ੍ਰੇਮੀ ਸੀ। ਉਹ ਆਪਣੇ ਨੌਕਰ ਨੂੰ ਕਹਿਣ ਲੱਗਾ ਕਿ ਕਲਮ, ਦਵਾਤ ਲੈ ਕੇ ਆ। ਗੁਰੂ ਸਾਹਿਬ ਜੀ ਦਾ ਜੋ ਉਪਦੇਸ਼ ਹੈ, ਉਹ ਲਿਖ ਲਈਏ ਅਤੇ ਆਪਾਂ ਉਸ ਪਵਿੱਤਰ ਉਪਦੇਸ਼ ਨੂੰ ਚੇਤੇ ਕਰਾਂਗੇ। ਉਸ ਨੇ ਆਪਣੇ ਨੌਕਰ ਨੂੰ ਤੋਰ ਕੇ ਕਾਗ਼ਜ਼, ਕਲਮ ਅਤੇ ਦਵਾਤ ਮੰਗਵਾਈ। ਐਸਾ ਦੇਖ ਕੇ ਮਹਾਰਾਜ ਸਾਹਿਬ ਜੀ ਨੇ ਆਪਣੇ ਮੁਖਾਰਬਿੰਦ ਤੋਂ ਉਸ ਸ਼ਾਹੂਕਾਰ ਦੇ ਸਮੇਤ ਸਾਰੀਆਂ ਸੰਗਤਾਂ ਪ੍ਰਤੀ ਇਹ ਪਵਿੱਤਰ ਉਪਦੇਸ਼ ਬਖ਼ਸ਼ਿਸ਼ ਕੀਤਾ :

## ਕਲਉ ਮਸਾਜਨੀ ਕਿਆ ਸਦਾਈਐ; ਹਿਰਦੈ ਹੀ ਲਿਖਿ ਲੇਹੁ ॥

ਕਲਉ = ਕਲਮ ਅਤੇ ਮਸਾਜਨੀ = ਦਵਾਤ ਕਿਆ ਸਦਾਈਐ = ਮੰਗਾ ਕੇ ਕੀ ਕਰਨੀ ਹੈ। ਪ੍ਰੇਮ ਦੀ ਕਲਮ ਬਣਾ ਕੇ ਸ਼ਰਧਾ ਰੂਪੀ ਦਵਾਤ ਨਾਲ ਸਤਿਗੁਰੂ ਦਾ ਅੰਮ੍ਰਿਤ ਰੂਪੀ ਉਪਦੇਸ਼ ਆਪਣੇ ਹਿਰਦੇ ਰੂਪੀ ਕਾਗ਼ਜ਼ 'ਤੇ ਹੀ ਲਿਖ ਲੇਹੁ = ਲੈਣਾ ਕਰ **ਅਥਵਾ** ਕਾਗ਼ਜ਼ ਕਲਮ ਅਤੇ ਦਵਾਤ ਨੂੰ ਕਿਸ ਲਈ ਮੰਗਾਉਣਾ ਹੈ। ਰਸਨਾ ਨੂੰ ਕਲਉ = ਕਲਮ ਸ਼ਰਧਾ ਰੂਪੀ ਸਿਆਹੀ ਬਣਾ ਲੈ ਅਤੇ ਹਿਰਦੇ ਨੂੰ ਕਾਗ਼ਜ਼ ਬਣਾ ਕੇ ਉਸ ਪਰਮੇਸ਼ਰ ਦੇ ਅੰਮ੍ਰਿਤ ਰੂਪੀ ਉਪਦੇਸ਼ ਨੂੰ ਆਪਣੇ ਹਿਰਦੇ ਰੂਪੀ ਕਾਗ਼ਜ਼ ਉਪਰ ਹੀ ਲਿਖ ਲੈਣਾ ਕਰ।

## ਸਦਾ ਸਾਹਿਬ ਕੈ ਰੰਗਿ ਰਹੈ; ਕਬਹੂੰ ਨ ਤੂਟਸਿ ਨੇਹੁ ॥

ਐਸਾ ਕਰਨ ਦੇ ਨਾਲ ਤੇਰਾ ਚਿੱਤ ਉਸ ਸਾਹਿਬ = ਮਾਲਕ ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਸਦਾ = ਹਮੇਸ਼ਾ ਨਿਰੰਤਰ ਭਾਵ ਇਕ-ਰਸ ਹੀ ਰੰਗਿਆ ਰਹੇਗਾ। ਇਸ ਤਰ੍ਹਾਂ ਉਸ ਦੇ ਰੰਗ ਵਿਚ ਰੰਗੇ ਰਹਿਣ ਨਾਲ ਐਸਾ ਲਾਭ ਪ੍ਰਾਪਤ ਹੋਵੇਗਾ ਕਿ ਫਿਰ ਉਸ ਪਰਮੇਸ਼ਰ ਨਾਲੋਂ ਕਬਹੂੰ = ਕਦੇ ਵੀ ਨੇਹੁ = ਪ੍ਰੇਮ ਨ ਤੂਟਸਿ = ਨਹੀਂ ਟੁੱਟੇਗਾ, ਹਰ ਸਮੇਂ ਬਣਿਆ ਰਹੇਗਾ।

ਅੱਗੇ ਸਤਿਗੁਰੂ ਪਾਤਸ਼ਾਹ ਜੀ ਨੂੰ ਪ੍ਰਸ਼ਨ ਕੀਤਾ ਕਿ ਆਪ ਜੀ ਲਿਖਾਉਣ ਲਈ ਕਾਗ਼ਜ਼, ਕਲਮ ਅਤੇ ਦਵਾਤ ਮੰਗਾਉਣ ਦੀ ਆਗਿਆ ਕਿਉਂ ਨਹੀਂ ਦੇ ਰਹੇ ? ਤਾਂ ਪਾਤਸ਼ਾਹ ਜੀ ਨੇ ਅੱਗੋਂ ਐਸਾ ਕਥਨ ਕੀਤਾ ਕਿ :

## ਕਲਉ ਮਸਾਜਨੀ ਜਾਇਸੀ; ਲਿਖਿਆ ਭੀ ਨਾਲੇ ਜਾਇ ॥

ਕਲਉ = ਕਲਮ ਮਸਾਜਨੀ = ਦਵਾਤ ਆਦਿ ਇਹ ਚੀਜ਼ਾਂ ਜਾਇਸੀ = ਚਲੀਆਂ ਜਾਣਗੀਆਂ ਭਾਵ

ਗੁਆਚ ਜਾਣਗੀਆਂ ਅਤੇ ਜੋ ਕੁਝ ਕਾ.ਗਜ਼ 'ਤੇ ਲਿਖਿਆ ਹੋਵੇਗਾ, ਉਹ ਵੀ ਗੁਆਚ ਜਾਏਗਾ ਭਾਵ ਉਹ ਵੀ ਨਾਲ ਹੀ ਚਲਿਆ ਜਾਇ = ਜਾਵੇਗਾ।

## ਨਾਨਕ, ਸਹ ਪ੍ਰੀਤਿ ਨ ਜਾਇਸੀ; ਜੋ ਧੁਰਿ ਛੋਡੀ ਸਚੈ ਪਾਇ ॥੧॥

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਜੀਵ! ਜਿਸ ਵਕਤ ਤੂੰ ਸੁਰਤ ਰੂਪੀ ਕਲਮ ਨਾਲ ਸ਼ਰਧਾ ਰੂਪੀ ਦਵਾਤ ਨਾਲ ਆਪਣੇ ਹਿਰਦੇ ਰੂਪੀ ਕਾ.ਗਜ਼ ਉੱਤੇ ਪਰਮੇਸ਼ਰ ਦੇ ਨਾਮ ਦੀ ਪ੍ਰੀਤੀ ਲਿਖ ਲਈ ਤਾਂ ਉਸ ਸਹ = ਪਤੀ ਰੂਪ ਪਰਮਾਤਮਾ ਦੀ ਪਾਈ ਹੋਈ ਪ੍ਰੀਤੀ ਨ ਜਾਇਸੀ = ਕਦੇ ਵੀ ਜਾ ਨਹੀਂ ਸਕੇਗੀ। ਸਦਾ ਤੇਰੇ ਨਾਲ ਹੀ ਰਹੇਗੀ। ਜੋ ਉਸ ਸੱਚੇ ਪਰਮੇਸ਼ਰ ਦੇ ਧੁਰਿ = ਮੁੱਢ ਤੋਂ ਹੀ ਪ੍ਰੇਮ ਦੀ ਪ੍ਰੀਤੀ ਛੋਡੀ = ਪਾ ਛੱਡੀ ਹੈ। 'ਪਾ ਛੱਡੀ' ਇਹ ਪੰਜਾਬ ਦੀ ਬੋਲੀ ਹੈ ॥੧॥

ਅੱਗੇ ਗੁਰਸਿੱਖਾਂ ਨੇ ਸਤਿਗੁਰੂ ਪਾਤਸ਼ਾਹ ਜੀ ਨਾਲ ਵਿਚਾਰ ਕੀਤੀ ਕਿ ਸਤਿਗੁਰੂ ਜੀ! ਅਸੀਂ ਆਪ ਜੀ ਦੇ ਬਚਨਾਂ ਅਨੁਸਾਰ ਆਪਣੇ ਹਿਰਦੇ ਨੂੰ ਕਾ.ਗਜ਼ ਬਣਾਉਣਾ ਹੈ। ਸਰੂਪ ਰੂਪੀ ਕਲਮ, ਸ਼ਰਧਾ ਰੂਪੀ ਸਿਆਹੀ ਬਣਾਉਣੀ ਹੈ। ਮੋਹ ਨੂੰ ਜਾਲਣ ਵਾਲੀ ਸਿਆਹੀ ਬਣਾਉਣੀ ਹੈ। ਹਿਰਦੇ ਵਿਚ ਦੱਸੇ ਹੋਏ ਨਾਮ ਰੂਪੀ ਉਪਦੇਸ਼ ਨੂੰ ਲਿਖਣਾ ਹੈ। ਐਸਾ ਸੁਣ ਕੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ:

## ਮ: ੩ ॥ ਨਦਰੀ ਆਵਦਾ, ਨਾਲਿ ਨ ਚਲਈ; ਵੇਖਹੁ ਕੋ ਵਿਉਪਾਇ ॥

ਹੇ ਭਾਈ! ਜੋ ਕੁਝ ਵੀ ਨਦਰੀ = ਨਿਗ੍ਹਾ ਵਿਚ ਆ ਰਿਹਾ ਹੈ, ਉਹ ਸਾਰਾ ਨਾਸਵੰਤ ਹੈ। ਤੂੰ ਇਹ ਨਿਸਚਾ ਕਰ ਕਿ ਇਹ ਪਰਲੋਕ ਨੂੰ ਤੇਰੇ ਨਾਲ ਨ ਚਲਈ = ਨਹੀਂ ਚੱਲੇਗਾ। ਜੈਸਾ ਕਿ:

**ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥** *(ਮਾਰੂ ਮ: ੫, ਅੰਗ ੧੦੮੩)*

ਕੋਈ ਵੀ ਵਿਉਪਾਇ = ਨਿਰਣਾ **ਵਾ:** ਵਿ = ਵਿਸ਼ੇਸ਼ ਕਰਕੇ ਉਪਾਇ = ਉਪਾਅ ਭਾਵ ਯਤਨ ਕਰਕੇ ਵੇਖ ਲਵੇ ਅੰਤ ਨੂੰ ਕਿ ਕੋਈ ਵੀ ਪਦਾਰਥ ਨਾਲ ਨਹੀਂ ਚੱਲਦਾ। ਜੈਸਾ ਕਿ:

**ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ ॥**
**ਤਾ ਧਨੁ ਸੰਚਹੁ ਦੇਖਿ ਕੈ ਬੂਝਹੁ ਬੀਚਾਰੇ ॥** *(ਆਸਾ ਮ: ੧, ਅੰਗ ੪੧੮)*

## ਸਤਿਗੁਰਿ ਸਚੁ ਦ੍ਰਿੜਾਇਆ; ਸਚਿ ਰਹਹੁ ਲਿਵ ਲਾਇ ॥

ਸਤਿਗੁਰਾਂ ਨੇ ਸੱਚੇ ਨਾਮ ਨੂੰ ਦ੍ਰਿੜ੍ਹ ਕਰਵਾਇਆ ਹੈ। ਇਸ ਕਰਕੇ ਝੂਠੇ ਪਸਾਰੇ ਦਾ ਮੋਹ ਛੱਡ ਕੇ ਉਸ ਸੱਚੇ ਪਰਮੇਸ਼ਰ ਵਿਚ ਹਰ ਵਕਤ ਲਿਵ = ਬਿਰਤੀ ਨੂੰ ਲਾਇ = ਲਾ ਕੇ ਭਾਵ ਜੋੜ ਕਰਕੇ ਰਹਹੁ = ਰਹਿਣਾ ਕਰ।

## ਨਾਨਕ ਸਬਦੀ ਸਚੁ ਹੈ; ਕਰਮੀ ਪਲੈ ਪਾਇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰ ਸਬਦੀ = ਸ਼ਬਦ ਦੀ ਕਮਾਈ ਕਰਨ ਵਾਲੇ ਪੁਰਖਾਂ ਦਾ ਉਪਦੇਸ਼ ਸਚੁ = ਸੱਚਾ ਹੈ **ਵਾ:** ਸਬਦੀ = ਸ਼ਬਦ ਵਾਲੇ ਸਤਿਗੁਰੂ ਜੀ ਦੇ ਕੋਲ ਸੱਚੇ ਦੀ ਪ੍ਰਾਪਤੀ ਦਾ ਉਪਦੇਸ਼ ਹੈ, ਪਰੰਤੂ ਜਿਨ੍ਹਾਂ 'ਤੇ ਗੁਰਾਂ ਦੀ ਕਰਮੀ = ਕਿਰਪਾ ਹੋਈ ਹੈ, ਉਹੋ ਹੀ ਨਿਸ਼ਕਾਮ ਕਰਮਾਂ ਕਰਕੇ ਆਪਣੇ ਹਿਰਦੇ ਰੂਪੀ ਪੱਲੇ ਵਿਚ ਇਸ ਉਪਦੇਸ਼ ਨੂੰ ਪਾਇ = ਪਾਉਂਦੇ ਭਾਵ ਧਾਰਨ ਕਰਦੇ ਹਨ ॥੨॥

## ਪਉੜੀ ॥ ਹਰਿ ਅੰਦਰਿ ਬਾਹਰਿ ਇਕੁ ਤੂੰ; ਤੂੰ ਜਾਣਹਿ ਭੇਤੁ ॥

ਹੇ ਹਰਿ = ਹਰੀ ਅਕਾਲ ਪੁਰਖ! ਸਾਰਿਆਂ ਦੇ ਸਰੀਰਾਂ ਦੇ ਅੰਦਰ ਅਤੇ ਬਾਹਰ ਤੂੰ ਆਪ ਹੀ ਵਰਤ

ਰਿਹਾ ਹੈਂ ਅਤੇ ਸੰਸਾਰ ਦੇ ਸਾਰੇ ਜੀਵਾਂ ਵੱਲੋਂ ਕੀਤੇ ਹੋਏ ਚੰਗੇ ਅਤੇ ਮੰਦੇ ਕਰਮਾਂ ਦੇ ਭੇਤ ਨੂੰ ਤੂੰ ਆਪ ਹੀ ਜਾਣਦਾ ਹੈਂ।

## ਜੋ ਕੀਚੈ ਸੋ ਹਰਿ ਜਾਣਦਾ; ਮੇਰੇ ਮਨ ਹਰਿ ਚੇਤੁ ॥

ਇਸ ਲਈ ਹੇ ਮਨ ! ਜੋ ਕੁਝ ਵੀ ਤੂੰ ਚੰਗੇ ਜਾਂ ਮੰਦੇ ਕਰਮ ਕੀਚੈ = ਕਰਦਾ ਹੈਂ, ਸੋ = ਉਹ ਹਰਿ = ਪਰਮੇਸ਼ਰ ਸਭ ਕੁਝ ਜਾਣਦਾ ਹੈ। ਹੇ ਮੇਰੇ ਮਨ ! ਤੂੰ ਸਾਰੇ ਸੰਕਲਪਾਂ ਨੂੰ ਛੱਡ ਕੇ ਉਸ ਹਰਿ = ਅਕਾਲ ਪੁਰਖ ਵਾਹਿਗੁਰੂ ਨੂੰ ਚੇਤੁ = ਚੇਤੇ ਕਰ।

## ਸੋ ਡਰੈ, ਜਿ ਪਾਪ ਕਮਾਵਦਾ; ਧਰਮੀ ਵਿਗਸੇਤੁ ॥

ਜਿ = ਜਿਹੜਾ ਪਾਪਾਂ ਨੂੰ ਕਮਾਉਂਦਾ ਹੈ, ਸੋ = ਉਹ ਡਰੈ = ਡਰਦਾ ਹੈ। ਜਿਹੜੇ ਧਰਮੀ = ਸ੍ਰੇਸ਼ਟਾਧਾਰੀ, ਪੁੰਨ ਕਰਨ ਵਾਲੇ ਸ੍ਰੇਸ਼ਟ ਪੁਰਸ਼ ਹਨ, ਉਨ੍ਹਾਂ ਦਾ ਚਿਤ ਵਾਹਿਗੁਰੂ ਦੇ ਸਿਮਰਨ ਵਿਚ ਵਿਗਸੇਤੁ = ਖਿੜਿਆ ਰਹਿੰਦਾ ਹੈ ਭਾਵ ਉਹ ਸਦਾ ਹੀ ਅਨੰਦ ਨੂੰ ਬਣਾਈ ਰੱਖਦੇ ਹਨ।

## ਤੂੰ ਸਚਾ ਆਪਿ ਨਿਆਉ ਸਚੁ; ਤਾ ਡਰੀਐ ਕੇਤੁ ॥

ਹੇ ਪਰਮੇਸ਼ਰ ! ਤੂੰ ਆਪ ਵੀ ਸੱਚ ਸਰੂਪ ਹੈਂ ਅਤੇ ਤੇਰਾ ਨਿਆਉ = ਇਨਸਾਫ ਵੀ ਸੱਚਾ ਹੈ। ਤੇਰੇ ਸੱਚੇ ਸਰੂਪ ਵਿਚ ਸਦਾ ਹੀ ਜੁੜੇ ਰਹੀਏ ਤਾਂ ਕੇਤੁ = ਕਿਸ ਵਾਸਤੇ ਡਰੀਐ = ਡਰਨਾ ਹੈ ? ਡਰਨਾ ਤਾਂ ਝੂਠੇ ਵਿਅਕਤੀ ਦੀਆਂ ਅਦਾਲਤਾਂ 'ਚੋਂ ਹੁੰਦਾ ਹੈ ਕਿ ਕਿਤੇ ਬੇਇਨਸਾਫ਼ੀ ਭਾਵ ਸੱਚ ਨੂੰ ਸਜ਼ਾ ਨਾ ਦੇ ਦੇਣ।

## ਜਿਨਾ ਨਾਨਕ ਸਚੁ ਪਛਾਣਿਆ; ਸੇ ਸਚਿ ਰਲੇਤੁ ॥੫॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਸੱਚੇ ਨਾਮ ਦੀ ਪਹਿਚਾਣ ਕਰ ਲਈ ਹੈ, ਸੇ = ਉਹ ਸਚਿ = ਪਰਮੇਸ਼ਰ ਨਾਲ ਰਲੇਤੁ = ਜੁੜੇ ਰਹਿੰਦੇ ਹਨ **ਅਥਵਾ** ਸਰੀਰ ਦੇ ਵਿਚ ਰਹਿੰਦੇ ਹੋਏ ਉਸ ਸਤਿ ਸਰੂਪ ਬ੍ਰਹਮ ਵਿਚ ਰਲੇਤੁ = ਰਲ ਗਏ ਹਨ ॥੫॥

## ਸਲੋਕ ਮ: ੩ ॥

**ਉਥਾਨਕਾ :** ਜਿਸ ਵਕਤ ਮਹਾਰਾਜ ਸਾਹਿਬ ਜੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੀ ਸੇਵਾ ਕਰਵਾ ਰਹੇ ਸਨ ਤਾਂ ਉਥੇ ਇਕ ਮੁਨਸ਼ੀ ਜੋ ਕਿ ਬੜਾ ਦਿਮਾਗ਼ੀ ਸੀ, ਉਸ ਦੇ ਅੰਦਰ ਖ਼ਿਆਲ ਸੀ ਕਿ ਗੁਰੂ ਘਰ ਵਿਚ ਆਮਦਨ ਬੜੀ ਹੈ। ਇਸ ਦਾ ਪੂਰਾ ਹਿਸਾਬ ਕਿਤਾਬ ਰੱਖਿਆ ਕਰਾਂ ਅਤੇ ਕੁਝ ਮਾਇਆ ਰੱਖ ਲਈ ਜਾਵੇ। ਇਸ ਪ੍ਰਕਾਰ ਉਸ ਮੁਨਸ਼ੀ ਦੇ ਮਨ ਵਿਚ ਐਸੀ ਲਾਲਚ ਦੀ ਇੱਛਾ ਸੀ। ਉਸ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਮਹਾਰਾਜ ਜੀ ! ਗੁਰੂ ਘਰ ਨੂੰ ਆਮਦਨ ਬਹੁਤ ਹੈ। ਆਪ ਜੀ ਸਾਰੀ ਹੀ ਲੰਗਰ ਵਿਚ ਲਗਾ ਦਿੰਦੇ ਹੋ। ਥੋੜ੍ਹੀ ਬਹੁਤ ਬੱਚਤ ਵੀ ਰੱਖਣੀ ਜ਼ਰੂਰੀ ਹੈ। ਜਿਤਨਾ ਵੀ ਆਮਦਨ ਖ਼ਰਚ ਹੈ, ਉਸ ਦਾ ਹਿਸਾਬ ਕਿਤਾਬ ਲਿਖਦੇ ਰਹਿਣਾ ਚਾਹੀਦਾ ਹੈ। ਮੈਂ ਮੁਨਸ਼ੀ ਦਾ ਕੰਮ ਕਰਨ ਲੱਗ ਪੈਂਦਾ ਹਾਂ। ਆਪ ਜੀ ਮੈਨੂੰ ਇਸ ਕੰਮ 'ਤੇ ਰੱਖ ਲੈਣਾ ਕਰੋ। ਤਾਂ ਗੁਰੂ ਸਾਹਿਬ ਜੀ ਨੇ ਉਸ ਮੁਨਸ਼ੀ ਪ੍ਰਤੀ ਐਸਾ ਉਪਦੇਸ਼ ਦਿੱਤਾ।

## ਕਲਮ ਜਲਉ ਸਣੁ ਮਸਵਾਣੀਐ; ਕਾਗਦੁ ਭੀ ਜਲਿ ਜਾਉ ॥

ਹੇ ਭਾਈ ! ਗੁਰੂ ਕੇ ਲੰਗਰ ਤੇ ਗੋਲਕ ਦਾ ਹਿਸਾਬ ਕਿਤਾਬ ਰੱਖਣ ਵਾਲੀ ਕਲਮ ਮਸਵਾਣੀਐ = ਦਵਾਤ ਦੇ ਸਣੁ = ਸਮੇਤ ਜਲਉ = ਸੜ ਜਾਵੇ ਅਤੇ ਹਿਸਾਬ ਕਿਤਾਬ ਵਾਲਾ ਕਾਗਦੁ = ਕਾਗ਼ਜ਼ ਭੀ = ਵੀ ਜਲਿ = ਸੜ ਜਾਉ = ਜਾਵੇ; ਅਤੇ

## ਲਿਖਣਵਾਲਾ ਜਲਿ ਬਲਉ; ਜਿਨਿ ਲਿਖਿਆ ਦੂਜਾ ਭਾਉ ॥

ਇਹੋ ਜਿਹਾ ਹਿਸਾਬ ਕਿਤਾਬ ਲਿਖਣ ਵਾਲਾ ਲਿਖਾਰੀ ਵੀ ਸੜ ਬਲ ਕੇ ਸੁਆਹ ਹੋ ਜਾਵੇ ਜਿਨਿ = ਜਿਸ ਨੇ ਦਵੈਤ ਭਾਵ ਦੀਆਂ ਹੀ ਗੱਲਾਂ ਲਿਖੀਆਂ ਹਨ ਭਾਵ ਜੋ ਛਲ ਫਰੇਬ ਕਰਕੇ ਕਲਮ ਦੁਆਰਾ ਖ਼ਰਚੇ ਪਾ ਕੇ ਕੁਝ ਪੈਸੇ ਆਪ ਹੜੱਪ ਕਰ ਕੇ ਬਾਕੀ ਹਿਸਾਬ ਕਿਤਾਬ ਪੂਰਾ ਕਰਕੇ ਦਿਖਾ ਦੇਵੇ।

### ਦੂਸਰਾ ਅਰਥ

ਜਦੋਂ ਸਤਿਗੁਰੂ ਜੀ ਮੁਨਸ਼ੀ ਨੂੰ ਉਪਦੇਸ਼ ਦੇ ਰਹੇ ਸਨ ਉਸ ਵੇਲੇ ਇਕ ਵਿਦਵਾਨ ਪੰਡਤ ਆਇਆ ਤਾਂ ਇਕ ਸੱਜਣ ਨੇ ਸਤਿਗੁਰੂ ਜੀ ਪਾਸ ਜਾ ਕੇ ਕਿਹਾ ਕਿ ਮਹਾਰਾਜ ਇਹ ਵਿਦਵਾਨ ਪੰਡਤ ਕਹਿੰਦਾ ਹੈ ਕਿ ਮੈਂ ਜੀਵ ਈਸ਼ ਦੇ ਭੇਦ ਨੂੰ ਸਿੱਧ ਕਰ ਦਿੰਦਾ ਹਾਂ ? ਤਾਂ ਸਤਿਗੁਰੂ ਜੀ ਨੇ ਉਸ ਪੰਡਤ ਨੂੰ ਕੋਲ ਬੁਲਾ ਕੇ ਇਨ੍ਹਾਂ ਹੀ ਪੰਗਤੀਆਂ ਦੁਆਰਾ ਸਾਂਝਾ ਉਪਦੇਸ਼ ਬਖ਼ਸ਼ਦੇ ਹਨ।

**ਕਲਮ ਜਲਉ ਸਣੁ ਮਸਵਾਣੀਐ; ਕਾਗਦੁ ਭੀ ਜਲਿ ਜਾਉ ॥**

ਹੇ ਭਾਈ ! ਉਹ ਭੇਦ ਵਾਦ, ਦਵੈਤ ਭਾਵ ਨੂੰ ਸਿੱਧ ਕਰਨ ਵਾਲੀ ਕਲਮ, ਸਿਆਹੀ ਦੇ ਸਣੁ = ਸਮੇਤ ਸੜ ਜਾਵੇ ਅਤੇ ਭੇਦ ਵਾਦ, ਦਵੈਤ ਭਾਵ ਵਾਲਾ ਲਿਖਿਆ ਹੋਇਆ ਕਾਗ਼ਜ਼ ਵੀ ਸੜ ਜਾਵੇ; ਅਤੇ

**ਲਿਖਣਵਾਲਾ ਜਲਿ ਬਲਉ; ਜਿਨਿ ਲਿਖਿਆ ਦੂਜਾ ਭਾਉ ॥**

ਜਿਨਿ = ਜਿਸ ਨੇ ਅਦ੍ਵੈਤ ਨੂੰ ਛੱਡ ਕੇ ਦਵੈਤ ਭਾਵ ਨੂੰ ਲਿਖਿਆ = ਲਿਖਣਾ ਕੀਤਾ ਹੈ ਉਹ ਲਿਖਣ ਵਾਲਾ ਲਿਖਾਰੀ ਵੀ ਜਲਿ ਬਲਉ = ਸੜ ਬਲ ਜਾਵੇ।

**ਸਾਖੀ—ਦਵੈਤ ਪ੍ਰਥਾਏ ਦੌਧਰ ਵਾਲੇ ਸੰਤਾਂ ਦੀ :** ਜਿਵੇਂ ਇਕ ਵਾਰੀ ਸੰਤ ਈਸ਼ਰ ਸਿੰਘ ਜੀ ਦੌਧਰ ਵਾਲੇ ਇਕਾਂਤ ਵਿਚ ਬੈਠੇ ਸਨ। ਉਨ੍ਹਾਂ ਕੋਲ ਇਕ ਕਾਂਸ਼ੀ ਤੋਂ ਪੜ੍ਹਿਆ ਹੋਇਆ ਪੰਡਿਤ ਆਇਆ। ਉਹ ਪੰਡਿਤ ਆ ਕੇ ਆਖਣ ਲੱਗਾ ਕਿ ਮੈਂ ਦ੍ਵੈਤ ਸਿੱਧ ਕਰ ਦਿੰਦਾ ਹਾਂ। ਸੰਤ ਹੱਸ ਪਏ ਤੇ ਕਹਿਣ ਲੱਗੇ ਕਿ ਹੇ ਪੰਡਿਤ ! ਤੂੰ ਆਪਣੇ ਆਪ ਨੂੰ ਬੜਾ ਪੰਡਿਤ ਮੰਨਦਾ ਹੈਂ। ਕਾਂਸੀ ਵਿਚ ਕੇਵਲ ਦ੍ਵੈਤ ਭਾਵ ਹੀ ਸਿੱਧ ਕਰਨਾ ਸਿੱਖਿਆ ਹੈਂ। ਉਹ ਪੰਡਿਤ ਕਹਿਣ ਲੱਗਾ ਕਿ ਹਾਂ ਜੀ, ਮੈਂ ਕਈ ਸਭਾ ਵੀ ਜਿੱਤੀਆਂ ਹਨ। ਉਸ ਵੇਲੇ ਇਕ ਪਾਣੀ ਭਰਨ ਵਾਲਾ (ਝੀਵਰ) ਮਾਸ਼ਕੀ ਸੰਤਾਂ ਦੇ ਕੋਲ ਦੀ ਲੰਘਣ ਲੱਗਾ ਤਾਂ ਸੰਤਾਂ ਨੇ ਉਸ ਮਾਸ਼ਕੀ ਨੂੰ ਕੋਲ ਬੁਲਾਇਆ ਤੇ ਕਹਿਣ ਲੱਗੇ ਕਿ ਤੂੰ ਬ੍ਰਹਮ ਹੈਂ ? ਤਾਂ ਮਾਸ਼ਕੀ ਕਹਿਣ ਲੱਗਾ ਮਹਾਤਮਾ ਜੀ ! ਮੈਂ ਬ੍ਰਹਮ ਕਿਥੋਂ ਹੋ ਗਿਆ, ਮੈਂ ਤਾਂ ਪਾਪੀ ਜੀਵ ਧੱਕੇ ਖਾਂਦਾ ਫਿਰਦਾ ਹਾਂ ਤਾਂ ਸੰਤ ਹੱਸ ਕੇ ਉਸ ਕਾਂਸੀ ਤੋਂ ਪੜ੍ਹੇ ਪੰਡਿਤ ਨੂੰ ਕਹਿਣ ਲੱਗੇ ਕਿ ਤੂੰ ਇਤਨਾ ਚਿਰ ਕਾਂਸੀ ਵਿਚ ਭੱਠ ਹੀ ਝੋਕਦਾ ਰਿਹੈਂ ? ਜਿਹੜੀ ਤੂੰ ਦਵੈਤ ਸਿੱਧ ਕਰਨ ਵਾਲੀ ਗੱਲ ਐਨੀ ਵਿੱਦਿਆ ਪੜ੍ਹ ਕੇ ਜਾਣੀ ਹੈ, ਉਹ ਤਾਂ ਇਕ ਸਾਧਾਰਨ ਮਨੁੱਖ ਜੋ ਪਾਣੀ ਭਰਨ ਵਾਲਾ ਹੈ, ਉਹ ਵੀ ਸਿੱਧ ਕਰੀ ਜਾ ਰਿਹਾ ਹੈ ਅਤੇ ਜੋ ਮੇਰੇ ਤੇ ਤੇਰੇ ਸਾਹਮਣੇ ਸਿੱਧ ਕਰਕੇ ਦਿਖਾਈ ਹੈ। ਇਸ ਲਈ ਹੇ ਪੰਡਤ ! ਦ੍ਵੈਤ ਨੂੰ ਮੇਟਣ ਦੀ ਲੋੜ ਹੈ ਨਾ ਕਿ ਸਿੱਧ ਕਰਨ ਦੀ ? ਦ੍ਵੈਤ ਤਾਂ ਸਾਰੇ ਅਗਿਆਨੀ ਜੀਵ ਵੀ ਸਿੱਧ ਕਰ ਸਕਦੇ ਹਨ। ਜੇਕਰ ਤੂੰ ਸਿੱਧ ਕਰਨਾ ਹੈਂ ਤਾਂ ਅਦ੍ਵੈਤ ਸਿੱਧ ਕਰ। ਇਹ ਸੁਣ ਕੇ ਪੰਡਿਤ ਬੜਾ ਸ਼ਰਮਿੰਦਾ ਹੋਇਆ।

### ਤੀਸਰਾ ਅਰਥ

**ਕਲਮ ਜਲਉ ਸਣੁ ਮਸਵਾਣੀਐ; ਕਾਗਦੁ ਭੀ ਜਲਿ ਜਾਉ ॥**

ਹੇ ਭਾਈ ! ਉਹ ਝੂਠ, ਦਵੈਤ ਨੂੰ ਕਥਨ ਕਰਨ ਵਾਲੀ ਜ਼ੁਬਾਨ ਰੂਪੀ ਕਲਮ ਅਤੇ ਸਣੁ = ਸਾਥ ਹੀ

ਦਵੈਤ ਵਿਚ ਸ਼ਰਧਾ ਰੱਖਣ ਰੂਪ ਦਵਾਤ ਵੀ ਸੜ ਜਾਵੇ ਅਤੇ ਉਹ ਅੰਤਹਕਰਣ ਰੂਪੀ ਕਾਗ਼ਜ਼ ਵੀ ਸੜ ਜਾਵੇ ਜੋ ਹੰਕਾਰ ਸਹਿਤ ਨਿਸਚਾ ਕਰੀ ਬੈਠਾ ਹੈ ਕਿ ਮੈਂ ਗਿਆਨਵਾਨ ਹਾਂ।

**ਲਿਖਣਵਾਲਾ ਜਲਿ ਬਲਉ; ਜਿਨਿ ਲਿਖਿਆ ਦੂਜਾ ਭਾਉ ॥**

ਜਿਨਿ = ਜਿਸ ਨੇ ਅਧਿਕਾਰੀਆਂ ਦੇ ਹਿਰਦੇ ਉਪਰ ਦੂਜਾ ਭਾਉ = ਦਵੈਤ ਭਾਅ ਲਿਖ ਦਿੱਤਾ ਹੈ, ਉਹ ਦਵੈਤ ਲਿਖਣ ਵਾਲਾ ਭਾਵ ਉਨ੍ਹਾਂ ਨੂੰ ਉਪਦੇਸ਼ ਦੇਣ ਵਾਲਾ ਵੀ ਸੜ ਬਲ ਕੇ ਸੁਆਹ ਹੋ ਜਾਵੇ।

## ਨਾਨਕ ਪੂਰਬਿ ਲਿਖਿਆ ਕਮਾਵਣਾ; ਅਵਰੁ ਨ ਕਰਣਾ ਜਾਇ ॥੧॥

ਮਹਾਰਾਜ ਸਾਹਿਬ ਫ਼ੁਰਮਾਉਂਦੇ ਹਨ ਕਿ ਹੇ ਭਾਈ! ਜੋ ਵੀ ਜੀਵਾਂ ਨੇ ਪੂਰਬਿ = ਪਿਛਲੇ ਜਨਮ ਵਿਚ ਕਰਮ ਕੀਤੇ ਹਨ, ਉਨ੍ਹਾਂ ਦੇ ਅਨੁਸਾਰ ਹੀ ਅੰਤਰਜਾਮੀ ਨੇ ਮੱਥੇ 'ਤੇ ਲੇਖ ਲਿਖਿਆ = ਲਿਖ ਦਿੱਤਾ ਹੈ। ਜੀਵ ਉਹੋ ਜਿਹੇ ਕਰਮਾਂ ਦੀ ਕਮਾਈ ਨੂੰ ਕਮਾਵਣਾ = ਕਮਾਉਂਦਾ ਹੈ। ਇਸ ਤੋਂ ਇਲਾਵਾ ਅਵਰੁ = ਹੋਰ ਕੋਈ ਵੀ ਕਰਤਬ ਨਹੀਂ ਕੀਤਾ ਜਾ ਸਕਦਾ ॥੧॥

## ਮ: ੩ ॥ ਹੋਰੁ ਕੂੜੁ ਪੜਣਾ, ਕੂੜੁ ਬੋਲਣਾ; ਮਾਇਆ ਨਾਲਿ ਪਿਆਰੁ ॥

ਮਾਇਆ ਨਾਲਿ = ਸਾਥ ਪਿਆਰੁ = ਸਨੇਹ ਲਗਾ ਕੇ ਜੋ ਪਰਮੇਸ਼ਰ ਦੀ ਉਸਤਤੀ ਵਾਲੇ ਗ੍ਰੰਥਾਂ ਤੋਂ ਬਿਨ੍ਹਾਂ ਹੋਰ ਵਿਸ਼ਿਆਂ ਦੀ ਵਾਸ਼ਨਾ ਨੂੰ ਕਥਨ ਕਰਨ ਵਾਲੇ ਗ੍ਰੰਥਾਂ ਨੂੰ ਪੜ੍ਹਣਾ ਕੂੜੁ = ਝੂਠਾ ਹੀ ਹੈ ਅਤੇ ਜੀਵ ਈਸ ਦੀ ਏਕਤਾ ਨੂੰ ਛੱਡ ਕੇ ਭੇਦ ਵਾਦ ਦਾ ਬੋਲਣਾ = ਕਥਨ ਕਰਨਾ ਵੀ ਕੂੜੁ = ਝੂਠਾ ਹੀ ਹੈ **ਵਾ:** ਕੇਵਲ ਮਾਇਆ ਨਾਲ ਪਿਆਰ ਲਗਾ ਕੇ ਹੋਰ ਵੇਦਾਂ ਸ਼ਾਸਤ੍ਰਾਂ ਦਾ ਪੜ੍ਹਣਾ ਝੂਠਾ ਹੈ ਤੇ ਹੋਰਨਾਂ ਨੂੰ ਬੋਲਣਾ = ਕਥਨ ਕਰ ਕੇ ਉਪਦੇਸ਼ ਦੇਣਾ ਵੀ ਝੂਠਾ ਹੀ ਹੈ।

## ਨਾਨਕ ਵਿਣੁ ਨਾਵੈ ਕੋ ਥਿਰੁ ਨਹੀ; ਪੜਿ ਪੜਿ ਹੋਇ ਖੁਆਰੁ ॥੨॥

(**ਪੜਿ ਪੜਿ** ਦਾ ਉਚਾਰਣ ਭਾਰਾ ਕਰਨਾ ਹੈ)

ਸਤਿਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਨਾਵੈ = ਨਾਮ ਤੋਂ ਵਿਣੁ = ਬਿਨਾਂ ਕੋ = ਕਿਸੇ ਦਾ ਚਿੱਤ ਵਾਹਿਗੁਰੂ ਵਿਚ ਥਿਰੁ = ਇਸਥਿਤ ਨਹੀਂ ਹੋ ਸਕਦਾ **ਵਾ:** ਨਾਮ ਤੋਂ ਬਿਨਾਂ ਅਚੱਲ ਰਹਿਣ ਵਾਲੀ ਕੋਈ ਵੀ ਵਸਤੂ ਨਹੀਂ ਹੈ। ਵਿਦਵਾਨ ਪੰਡਤ ਆਦਿ ਭੇਦ ਵਾਦ ਦੇ ਗ੍ਰੰਥਾਂ ਨੂੰ ਪੜ੍ਹ ਪੜ੍ਹ ਕੇ ਵਿਸ਼ਿਆਂ ਦੀ ਵਾਸ਼ਨਾ ਵਿਚ ਖੁਆਰੁ = ਖ਼ਰਾਬ ਹੋਇ = ਹੁੰਦੇ ਹਨ **ਵਾ:** ਦਵੈਤ ਦੇ ਪੜਿ = ਪੜ੍ਹਦਿਆਂ ਵਿਚ ਹੀ ਪੜਿ = ਪਏ ਹੋਏ ਖੁਆਰ ਹੁੰਦੇ ਹਨ ॥੨॥

ਅੱਗੇ ਪਉੜੀ ਵਿਚ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸਦਾ ਇਸਥਿਤ ਰਹਿਣ ਵਾਲੇ ਨਾਮੀ ਪਰਮੇਸ਼ਰ ਦੇ ਗੁਣਾਂ ਦਾ ਵਰਨਣ ਕਰਦੇ ਹਨ।

## ਪਉੜੀ ॥ ਹਰਿ ਕੀ ਵਡਿਆਈ, ਵਡੀ ਹੈ; ਹਰਿ ਕੀਰਤਨੁ ਹਰਿ ਕਾ ॥

ਹੇ ਭਾਈ! ਹਰਿ = ਪਰਮੇਸ਼ਰ ਦੀ ਵਡਿਆਈ = ਮਹਿਮਾ ਇਸ ਪ੍ਰਕਾਰ ਵੱਡੀ ਹੈ ਕਿਉਂਕਿ ਜੋ ਵੀ ਹਰਿ = ਪਰਮੇਸ਼ਰ ਦਾ ਕੀਰਤਨੁ = ਜੱਸ ਗਾਉਂਦਾ ਹੈ, ਉਹ ਹਰਿ = ਪਰਮੇਸ਼ਰ ਕਾ = ਦਾ ਹੀ ਰੂਪ ਹੋ ਜਾਂਦਾ ਹੈ **ਵਾ:** ਉਸ ਨੂੰ ਪਰਮੇਸ਼ਰ ਦਾ ਅਨੰਦ ਪ੍ਰਾਪਤ ਹੁੰਦਾ ਹੈ।

## ਹਰਿ ਕੀ ਵਡਿਆਈ, ਵਡੀ ਹੈ; ਜਾ ਨਿਆਉ ਹੈ ਧਰਮ ਕਾ ॥

ਹਰਿ = ਪਰਮੇਸ਼ਰ ਕੀ = ਦੀ ਵਡਿਆਈ = ਮਹਿਮਾ ਇਸ ਪ੍ਰਕਾਰ ਵੀ ਵੱਡੀ ਹੈ, ਜਾ = ਜਦ ਕਿ ਉਸ

ਪਰਮੇਸ਼ਰ ਦਾ ਨਿਆਉ = ਇਨਸਾਫ਼ ਧਰਮ ਕਾ = ਦਾ ਨਿਆਉ ਹੈ, ਪਰਮੇਸ਼ਰ ਧਰਮ ਦਾ ਨਿਆਉ ਭਾਵ ਪ੍ਰਮਾਰਥੀ ਨਿਆਉਂ ਕਰਦਾ ਹੈ।

## ਹਰਿ ਕੀ ਵਡਿਆਈ, ਵਡੀ ਹੈ; ਜਾ ਫਲੁ ਹੈ ਜੀਅ ਕਾ॥

ਹਰਿ = ਪਰਮੇਸ਼ਰ ਦੀ ਵਡਿਆਈ ਇਸ ਪ੍ਰਕਾਰ ਵੀ ਵੱਡੀ ਹੈ ਜਾ = ਜਦਕਿ ਜੀਅ = ਜੀਵਾਂ ਦੇ ਚੰਗੇ ਮਾੜੇ ਕਰਮਾਂ ਕਾ = ਦਾ ਵਿਧਾਤਾ ਰੂਪ ਹੋ ਕੇ ਦੁਖ ਸੁਖ ਰੂਪ ਫਲ ਦੇਣਾ ਕਰਦਾ ਹੈ।

## ਹਰਿ ਕੀ ਵਡਿਆਈ, ਵਡੀ ਹੈ; ਜਾ ਨ ਸੁਣਈ ਕਹਿਆ ਚੁਗਲ ਕਾ॥

ਹਰਿ = ਪਰਮੇਸ਼ਰ ਦੀ ਵਡਿਆਈ ਇਸ ਪ੍ਰਕਾਰ ਵੀ ਵੱਡੀ ਹੈ ਜਾ = ਜਦਕਿ ਉਹ ਕਿਸੇ ਵੀ ਚੁਗਲ = ਨਿੰਦਿਆ ਚੁਗ਼ਲੀ ਕਰਨ ਵਾਲੇ ਦਾ ਕਹਿਆ = ਆਖਿਆ ਬੋਲ ਨ = ਨਹੀਂ ਸੁਣਈ = ਸੁਣਦਾ, ਭਾਵ ਕਿਸੇ ਚੁਗ਼ਲ ਦਾ ਆਖਿਆ ਹੋਇਆ ਬਚਨ ਸੁਣ ਕੇ ਆਪਣੇ ਪ੍ਰੇਮੀ ਪਿਆਰਿਆਂ ਨੂੰ ਨਿਰਾਸ ਨਹੀਂ ਹੋਣ ਦਿੰਦਾ।

## ਹਰਿ ਕੀ ਵਡਿਆਈ, ਵਡੀ ਹੈ; ਅਪੁਛਿਆ ਦਾਨੁ ਦੇਵਕਾ॥੬॥

ਹਰਿ = ਪਰਮੇਸ਼ਰ ਦੀ ਮਹਿਮਾ ਇਸ ਕਰਕੇ ਵੀ ਵੱਡੀ ਹੈ ਕਿ ਪਰਮੇਸ਼ਰ ਧਾਮ, ਦਾਮ, ਸਰੀਰ ਆਦਿ ਐਸੇ ਦਾਨ ਅਪੁਛਿਆ = ਬਿਨ੍ਹਾਂ ਪੁਛੇ ਤੋਂ ਹੀ ਦੇਵਕਾ = ਦੇਈ ਜਾਂਦਾ ਹੈ **ਵਾ:** ਦਾਨ ਦੇ ਕੇ ਪੁੱਛਦਾ ਨਹੀਂ ਹੈ **ਵਾ:** ਦਾਨ ਦੇ ਕੇ ਅਪੁੱਛ ਕਰ ਦਿੰਦਾ ਹੈ, ਭਾਵ ਕਿਸੇ ਤੋਂ ਮੰਗਣ ਜੋਗਾ ਨਹੀਂ ਰਹਿਣ ਦਿੰਦਾ॥੬॥ ਜੈਸਾ ਕਿ :

**ਬਹੁਰਿ ਨ ਲੇਖਾ ਪੁਛਿ ਬੁਲਾਇਆ॥** *(ਮਾਝ ਮਹਲਾ ੫, ਅੰਗ ੧੦੨)*

### ਦੂਸਰਾ ਅਰਥ

***ਪ੍ਰਸ਼ਨ*** *: ਹੇ ਸਤਿਗੁਰੂ ਜੀ ਕੀ ਜੀਵਾਂ ਨੂੰ ਵੀ ਵੱਡੀ ਵਡਿਆਈ ਪ੍ਰਾਪਤ ਹੋ ਸਕਦੀ ਹੈ ?*
***ਗੁਰ ਉੱਤਰ*** *:*

**ਹਰਿ ਕੀ ਵਡਿਆਈ, ਵਡੀ ਹੈ; ਹਰਿ ਕੀਰਤਨੁ ਹਰਿ ਕਾ॥**

ਹੇ ਭਾਈ ! ਪਰਮੇਸ਼ਰ ਦੀ ਵਡਿਆਈ ਤਾਂ ਵੱਡੀ ਹੀ ਹੈ, ਪਰ ਜੇਕਰ ਇਹ ਜੀਵ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਕਾ = ਦਾ ਕੀਰਤਨੁ = ਜੱਸ ਕਰੇ ਤਾਂ ਇਸ ਦੀ ਵੀ ਵਡਿਆਈ ਵੱਡੀ ਹੋ ਸਕਦੀ ਹੈ। ਭਾਵ, ਸਾਰੀ ਦੁਨੀਆਂ ਪਰਮੇਸ਼ਰ ਦਾ ਰੂਪ ਜਾਣ ਕੇ ਪੂਜਣ ਲੱਗ ਪੈਂਦੀ ਹੈ।

**ਹਰਿ ਕੀ ਵਡਿਆਈ, ਵਡੀ ਹੈ; ਜਾ ਨਿਆਉ ਹੈ ਧਰਮ ਕਾ॥**

ਪਰਮੇਸ਼ਰ ਦੀ ਵਡਿਆਈ ਤਾਂ ਵੱਡੀ ਹੀ ਹੈ, ਪਰ ਜਾ = ਜੇਕਰ ਇਹ ਜੀਵ ਵੀ ਧਰਮ ਕਾ = ਦਾ ਨਿਆਉ = ਨਿਰਣਾ ਕਰੇ, ਭਾਵ ਸਤ, ਸੰਤੋਖ ਆਦਿ ਸ਼ੁਭ ਗੁਣਾਂ ਨੂੰ ਧਾਰਨ ਕਰ ਕੇ ਕਾਮ ਆਦਿਕ ਵਿਕਾਰਾਂ ਨੂੰ ਨਿਰਣਾ ਕਰ ਕੇ ਹਿਰਦੇ 'ਚੋਂ ਬਾਹਰ ਕੱਢ ਦੇਵੇ ਤਾਂ ਇਸ ਜੀਵ ਦੀ ਵੀ ਵਡਿਆਈ ਵੱਡੀ ਹੋ ਸਕਦੀ ਹੈ।

**ਹਰਿ ਕੀ ਵਡਿਆਈ, ਵਡੀ ਹੈ; ਜਾ ਫਲੁ ਹੈ ਜੀਅ ਕਾ॥**

ਪਰਮੇਸ਼ਰ ਦੀ ਵਡਿਆਈ ਤਾਂ ਵੱਡੀ ਹੀ ਹੈ, ਪਰ ਜੇਕਰ ਜੀਵ ਦੇ ਹਿਰਦੇ ਅੰਦਰ ਗਿਆਨ ਦਾ ਫਲ ਪ੍ਰਾਪਤ ਹੋ ਜਾਵੇ ਤਾਂ ਇਸ ਜੀਵ ਦੀ ਵਡਿਆਈ ਵੀ ਬ੍ਰਹਮ ਗਿਆਨੀ ਆਪ ਪਰਮੇਸ਼ਰ ਰੂਪ ਹੋ ਜਾਂਦੀ ਹੈ।

**ਹਰਿ ਕੀ ਵਡਿਆਈ, ਵਡੀ ਹੈ; ਜਾ ਨ ਸੁਣਈ ਕਹਿਆ ਚੁਗਲ ਕਾ॥**

ਪਰਮੇਸ਼ਰ ਦੀ ਵਡਿਆਈ ਤਾਂ ਵੱਡੀ ਹੀ ਹੈ, ਪਰ ਜਾ = ਜੇਕਰ ਜੀਵ ਚੁਗਲ = ਨਿੰਦਾ ਚੁਗ਼ਲੀ ਕਰਨ

ਵਾਲੇ ਭੇਦ ਵਾਦੀਆ ਕਾ = ਦਾ ਕਹਿਆ ਹੋਇਆ ਝੂਠ ਨਾ ਸੁਣੇ ਤਾਂ ਜੀਵ ਦੀ ਵਡਿਆਈ ਵੀ ਵੱਡੀ ਹੋ ਸਕਦੀ ਹੈ।

**ਹਰਿ ਕੀ ਵਡਿਆਈ, ਵਡੀ ਹੈ; ਅਪੁਛਿਆ ਦਾਨੁ ਦੇਵਕਾ ॥੬॥**

ਪਰਮੇਸ਼ਰ ਦੀ ਵਡਿਆਈ ਤਾਂ ਵੱਡੀ ਹੀ ਹੈ, ਪਰ ਜੇਕਰ ਇਹ ਜੀਵ ਜਾਤ ਪਾਤ ਦੇ ਅਪੁਛਿਆ = ਬਿਨਾਂ ਪੁੱਛਣ ਤੋਂ ਹੀ ਪਰਮੇਸ਼ਰ ਦਾ ਰੂਪ ਸਮਝ ਕੇ ਸਭ ਨੂੰ ਦਾਨ ਦੇਵਕਾ = ਦੇਣਾ ਕਰੇ ਤਾਂ ਜੀਵ ਦੀ ਵਡਿਆਈ ਵੀ ਵੱਡੀ ਹੋ ਸਕਦੀ ਹੈ॥੬॥

## ਤੀਸਰਾ ਅਰਥ

***ਪ੍ਰਸ਼ਨ :*** *ਹੇ ਮਹਾਰਾਜ ! ਸਤਿਗੁਰਾਂ ਦੀ ਵਡਿਆਈ ਕਿਸ ਪ੍ਰਕਾਰ ਵੱਡੀ ਹੈ ?*
***ਗੁਰ ਉੱਤਰ :***

**ਹਰਿ ਕੀ ਵਡਿਆਈ, ਵਡੀ ਹੈ; ਹਰਿ ਕੀਰਤਨੁ ਹਰਿ ਕਾ ॥**

ਹੇ ਭਾਈ ! ਹਰੀ ਸਰੂਪ ਸਤਿਗੁਰਾਂ ਦੀ ਵਡਿਆਈ ਭੀ ਵੱਡੀ ਹੈ, ਕਿਉਂਕਿ ਸਤਿਗੁਰੂ ਜੀ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਕੀਰਤਨੁ = ਜੱਸ ਕਰਨ ਦਾ ਉਪਦੇਸ਼ ਦਿੰਦੇ ਹਨ; ਜੈਸਾ ਕਿ :

**ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥** *(ਰਾਗੁ ਗਉੜੀ ਮਹਲਾ ੫, ਅੰਗ ੨੧੪)*

**ਹਰਿ ਕੀ ਵਡਿਆਈ, ਵਡੀ ਹੈ; ਜਾ ਨਿਆਉ ਹੈ ਧਰਮ ਕਾ ॥**

ਹਰਿ = ਹਰੀ ਸਰੂਪ ਸਤਿਗੁਰਾਂ ਦੀ ਵਡਿਆਈ ਇਸ ਪ੍ਰਕਾਰ ਵੱਡੀ ਹੈ ਜਾ = ਜਦਕਿ ਸਤਿਗੁਰੂ ਜੀ ਧਰਮ ਕਾ = ਦਾ ਨਿਆਉ = ਨਿਆਂ ਇਨਸਾਫ਼ ਕਰਦੇ ਹਨ; ਜੈਸਾ ਕਿ :

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥**
**ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ ॥੩॥** *(ਆਸਾ ਸੇਖ ਫਰੀਦ ਜੀਉ, ਅੰਗ ੪੮੮)*

**ਹਰਿ ਕੀ ਵਡਿਆਈ, ਵਡੀ ਹੈ; ਜਾ ਫਲੁ ਹੈ ਜੀਅ ਕਾ ॥**

ਹਰੀ ਸਰੂਪ ਸਤਿਗੁਰਾਂ ਦੀ ਵਡਿਆਈ ਇਸ ਪ੍ਰਕਾਰ ਵੱਡੀ ਹੈ, ਕਿਉਂਕਿ ਜਾ = ਜਿਹੜੇ ਗੁਰਾਂ ਦੀ ਸ਼ਰਨ ਵਿਚ ਆ ਜਾਂਦੇ ਹਨ। ਗੁਰੂ ਜੀ ਉਨ੍ਹਾਂ ਦੀ ਬੁੱਧੀ ਰੂਪੀ ਧਰਤੀ ਅੰਦਰ ਨਾਮ ਰੂਪੀ ਬੀਜ, ਬੀਜ ਕੇ, ਪ੍ਰੇਮ ਰੂਪੀ ਅੰਕੁਰ, ਸਤ ਸੰਤੋਖਾਦਿ ਸ਼ੁਭ ਗੁਣਾਂ ਰੂਪੀ ਪੱਤੇ, ਕਰੁਣਾ ਮੁਦਤਾ ਮੈਤ੍ਰੀ ਅਪੇਖਿਆ ਰੂਪੀ ਟਾਹਣੀਆਂ ਰੂਪੀ ਫੁੱਲ ਤੇ ਗਿਆਨ ਰੂਪੀ ਫਲ ਲਾ ਕੇ ਜੀਵਾਂ ਦੇ ਅੰਤਸ਼ਕਰਣ ਰੂਪੀ ਬ੍ਰਿਛ ਨੂੰ ਸੁਹਾਵਣਾ ਬਣਾ ਦਿੰਦੇ ਹਨ।

**ਹਰਿ ਕੀ ਵਡਿਆਈ, ਵਡੀ ਹੈ; ਜਾ ਨ ਸੁਣਈ ਕਹਿਆ ਚੁਗਲ ਕਾ ॥**

ਹਰੀ ਸਰੂਪ ਸਤਿਗੁਰਾਂ ਦੀ ਵਡਿਆਈ ਇਸ ਪ੍ਰਕਾਰ ਵੱਡੀ ਹੈ, ਜਦ ਕਿ ਸਤਿਗੁਰੂ ਜੀ ਕਿਸੇ ਵੀ ਚੁਗ਼ਲ ਖ਼ੋਰ ਦੀਆਂ ਗੱਲਾਂ ਨਹੀਂ ਸੁਣਦੇ **ਵਾ:** ਜਿਸ ਨੂੰ ਸਤਿਗੁਰੂ ਜੀ ਕੋਈ ਦਾਤ ਬਖ਼ਸ਼ਣਾ ਚਾਹੁਣ ਤਾਂ ਦਾਤ ਬਖ਼ਸ਼ਣ ਵੇਲੇ ਕਿਸੇ ਚੁਗਲਖ਼ੋਰ ਦੀਆਂ ਆਖੀਆਂ ਗੱਲਾਂ ਨਹੀਂ ਸੁਣਦੇ **ਵਾ:** ਸਿੱਖਾਂ ਦੇ ਔਗੁਣਾਂ ਨੂੰ (ਚੁਗ + ਲ) ਚੁਗ, ਲ = ਲੈਂਦੇ ਹਨ ਭਾਵ ਅੰਦਰੋਂ ਅੰਤਸ਼ਕਰਣ ਨਿਰਮਲ ਕਰ ਦਿੰਦੇ ਹਨ।

**ਹਰਿ ਕੀ ਵਡਿਆਈ, ਵਡੀ ਹੈ; ਅਪੁਛਿਆ ਦਾਨੁ ਦੇਵਕਾ ॥੬॥**

ਹਰੀ ਸਰੂਪ ਸਤਿਗੁਰਾਂ ਦੀ ਵਡਿਆਈ ਇਸ ਕਰਕੇ ਵੱਡੀ ਹੈ, ਕਿਉਂਕਿ ਜਿਸ ਨੂੰ ਵੀ ਸਤਿਗੁਰੂ ਜੀ

ਗਿਆਨ ਦਾਨ ਦੇ ਦਿੰਦੇ ਹਨ, ਉਹ ਪ੍ਰਲੋਕ ਵਿਚ ਹਿਸਾਬ ਕਿਤਾਬ ਦੇ ਅਪੁਛਿਆ = ਪੁੱਛਣ ਤੋਂ ਰਹਿਤ ਹੋ ਜਾਂਦਾ ਹੈ; ਜੈਸਾ ਕਿ :

**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥** *(ਜੈਤਸਰੀ ਮ: ੪, ਅੰਗ ੬੯੮)*

ਇਉਂ ਸਤਿਗੁਰੂ ਸਾਹਿਬ ਜੀ ਗਿਆਨ ਦਾ ਦਾਨ ਦੇ ਕੇ ਪ੍ਰਲੋਕ ਵਿਚ ਲੇਖਾ ਜੋਖਾ ਪੁੱਛਣ ਤੋਂ ਰਹਿਤ ਕਰ ਦਿੰਦੇ ਹਨ ਭਾਵ ਬ੍ਰਹਮ ਵਿੱਦਿਆ ਦੀ ਪੂੰਜੀ ਦੇ ਕੇ ਮੁਕਤੀ ਦਾ ਭੰਡਾਰਾ ਬਖ਼ਸ਼ ਦਿੰਦੇ ਹਨ॥੬॥

## ਸਲੋਕ ਮ: ੩ ॥ ਹਉ ਹਉ ਕਰਤੀ ਸਭ ਮੁਈ; ਸੰਪਉ ਕਿਸੈ ਨ ਨਾਲਿ ॥

ਸਭ = ਸਾਰੀ ਦੁਨੀਆਂ ਹਉ ਹਉ = ਮੈਂ-ਮੈਂ ਕਰਤੀ = ਕਰਦੀ ਮੁਈ = ਮਰ ਰਹੀ ਹੈ, ਪਰ ਇਹ ਸੰਪਉ = ਸੰਪਦਾ ਕਿਸੇ ਦੇ ਵੀ ਨਾਲਿ = ਸਾਥ ਨਹੀਂ ਜਾਂਦੀ।

## ਦੂਜੈ ਭਾਇ ਦੁਖੁ ਪਾਇਆ; ਸਭ ਜੋਹੀ ਜਮਕਾਲਿ ॥

ਮਨਮੁਖਾਂ ਨੂੰ ਦੂਜੈ ਭਾਇ = ਦਵੈਤ ਭਾਵ ਵਿਚ ਪੈ ਕੇ ਦੁਖ ਹੀ ਪਾਇਆ = ਪ੍ਰਾਪਤ ਹੁੰਦਾ ਹੈ, ਸਭ = ਸਾਰੀ ਦੁਨੀਆਂ ਜਮਕਾਲ ਨੇ ਜੋਹੀ = ਤਾੜੀ ਭਾਵ ਦੇਖੀ ਹੋਈ ਹੈ। ਕਿ ਇਸ ਨੂੰ ਇਕ ਦਿਨ ਨਾਸ਼ ਕਰ ਦੇਣਾ ਹੈ।

**[ਅੰਗ ੮੫]**

## ਨਾਨਕ ਗੁਰਮੁਖਿ ਉਬਰੇ; ਸਾਚਾ ਨਾਮੁ ਸਮਾਲਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਜਿਹੜੇ ਸੱਚੇ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਨੂੰ ਸਮਾਲਿ = ਚੇਤੇ ਕਰਦੇ ਹਨ ਭਾਵ ਆਪਣੇ ਹਿਰਦੇ ਅੰਦਰ ਯਾਦ ਕਰਦੇ ਹਨ, ਉਹ ਗੁਰਮੁਖ ਜਨ ਜੰਮਣ ਮਰਨ ਦੇ ਦੁੱਖਾਂ ਤੋਂ ਉਬਰੇ = ਬਚ ਗਏ ਹਨ॥੧॥

## ਮ: ੧ ॥

**ਉਥਾਨਕਾ :** ਸਤਿਗੁਰੂ ਨਾਨਕ ਦੇਵ ਪਾਤਸ਼ਾਹ ਜੀ ਜਿਸ ਵੇਲੇ ਤ੍ਰਿਯਾ ਰਾਜ ਵਿਚ ਗਏ, ਉਸ ਵੇਲੇ ਭਾਈ ਮਰਦਾਨਾ ਜੀ ਸਤਿਗੁਰੂ ਜੀ ਨੂੰ ਆਖਣ ਲੱਗੇ ਕਿ ਮੈਨੂੰ ਬੜੀ ਪਿਆਸ ਲੱਗੀ ਹੈ। ਮੈਂ ਪਾਣੀ ਪੀਣ ਜਾਣਾ ਹੈਂ। ਗ਼ਰੀਬ ਨਿਵਾਜ਼ ਸਤਿਗੁਰੂ ਭਾਈ ਮਰਦਾਨਾ ਜੀ ਨੂੰ ਆਖਣ ਲੱਗੇ ਕਿ ਇਸ ਥਾਂ 'ਤੇ ਬੜੀਆਂ ਬਲਾਵਾਂ ਰਹਿੰਦੀਆਂ ਹਨ। ਤੂੰ ਪਾਣੀ ਪੀਣ ਨੂੰ ਰਹਿਣ ਦੇ। ਤਾਂ ਭਾਈ ਮਰਦਾਨਾ ਜੀ ਆਖਣ ਲੱਗੇ ਕਿ ਨਹੀਂ ਮਹਾਰਾਜ ! ਮੈਂ ਪਾਣੀ ਪੀ ਕੇ ਹੁਣੇ ਹੀ ਆਪ ਜੀ ਦੇ ਪਾਸ ਆ ਜਾਵਾਂਗਾ। ਮੈਨੂੰ ਜਾਣ ਦੀ ਆਗਿਆ ਦੇ ਦੇਵੋ। ਸਤਿਗੁਰੂ ਪਾਤਸ਼ਾਹ ਪਿੰਡ ਦੇ ਬਾਹਰ ਜਾ ਕੇ ਬੈਠ ਗਏ। ਭਾਈ ਮਰਦਾਨਾ ਜੀ ਕਿਸੇ ਦੇ ਘਰ ਪਾਣੀ ਪੀਣ ਚਲੇ ਗਏ। ਉਥੇ ਇਕ ਇਸਤਰੀ ਨੇ ਭਾਈ ਮਰਦਾਨਾ ਜੀ ਨੂੰ ਪਲੰਘ 'ਤੇ ਬਿਠਾ ਦਿੱਤਾ। ਉਸ ਔਰਤ ਨੇ ਭਾਈ ਮਰਦਾਨਾ ਜੀ ਦਾ ਬਹੁਤ ਆਦਰ ਸਤਿਕਾਰ ਕੀਤਾ। ਭਾਈ ਮਰਦਾਨਾ ਜੀ ਨੂੰ ਉਹ ਔਰਤ ਪੁੱਛਣ ਲੱਗੀ ਕਿ ਤੁਸੀਂ ਕਿਥੋਂ ਆਏ ਹੋ ? ਭਾਈ ਮਰਦਾਨਾ ਜੀ ਆਖਣ ਲੱਗੇ ਕਿ ਅਸੀਂ ਪੰਜਾਬ ਵਿਚ ਨਨਕਾਣਾ ਸਾਹਿਬ ਦੀ ਧਰਤੀ ਤੋਂ ਆਏ ਹਾਂ। ਭਾਈ ਮਰਦਾਨਾ ਜੀ ਨੇ ਉਸ ਨੂੰ ਪਾਣੀ ਪੀਣ ਲਈ ਕਿਹਾ ਤਾਂ ਉਹ ਭਾਈ ਸਾਹਿਬ ਜੀ ਨੂੰ ਕਹਿਣ ਲੱਗੀ ਕਿ ਮੈਂ ਹੁਣੇ ਆਪ ਜੀ ਨੂੰ ਪਾਣੀ ਪਿਲਾਉਂਦੀ ਹਾਂ। ਉਸ ਔਰਤ ਨੇ ਪਾਣੀ ਦੇ ਬਹਾਨੇ ਭਾਈ ਮਰਦਾਨਾ ਜੀ ਦੇ ਗਲ ਵਿਚ ਤੰਦ ਪਾ ਦਿੱਤਾ। ਉਸ ਵੇਲੇ ਭਾਈ ਮਰਦਾਨਾ ਜੀ ਨੂੰ ਐਸਾ ਪ੍ਰਤੀਤ ਹੋਇਆ ਕਿ ਮੈਂ ਮੇਢਾ ਬਣ ਗਿਆ ਹਾਂ। ਉਸ ਤੋਂ ਬਾਅਦ ਭਾਈ ਮਰਦਾਨਾ ਭਿਆਂ ਭਿਆਂ ਕਰਨ ਲੱਗਾ। ਉਸ ਔਰਤ ਨੇ ਮੇਢਾ ਬਣੇ ਹੋਏ ਭਾਈ ਮਰਦਾਨਾ ਜੀ ਨੂੰ ਕਿੱਲੇ ਨਾਲ ਬੰਨ੍ਹ ਦਿੱਤਾ। ਕਈ

ਵਿਅਕਤੀਆਂ ਦਾ ਐਸਾ ਖ਼ਿਆਲ ਹੈ ਕਿ ਜਾਦੂਗਰ ਦੇਹ ਨਹੀਂ ਪਲਟ ਸਕਦੇ, ਸੁਰਤ ਪਲਟ ਦਿੰਦੇ ਹਨ। ਪਰੰਤੂ ਇਥੇ ਸਾਖੀ ਵਿਚ ਐਸਾ ਲਿਖਿਆ ਹੈ ਕਿ ਭਾਈ ਮਰਦਾਨਾ ਮੇਢਾ ਬਣ ਗਿਆ। ਭਾਈ ਮਰਦਾਨਾ ਜੀ ਦੁੱਖ ਸਹਿੰਦੇ ਹੋਏ ਮਨ ਹੀ ਮਨ ਵਿਚ ਐਸਾ ਸੋਚਣ ਲੱਗੇ ਕਿ ਮੈਂ ਗੁਰੂ ਸਾਹਿਬ ਜੀ ਦਾ ਬਚਨ ਨਹੀਂ ਮੰਨਿਆ ਤਾਂ ਮੈਨੂੰ ਐਸੀ ਬਲਾਅ ਚਿੰਬੜ ਗਈ ਹੈ। ਭਾਈ ਮਰਦਾਨਾ ਜੀ ਮੇਢਾ ਬਣੇ ਬੈਠੇ ਉਥੇ ਰੌਲਾ ਪਾਉਣ ਲੱਗੇ ਅਤੇ ਐਸਾ ਖ਼ਿਆਲ ਸੋਚਣ ਲੱਗੇ ਕਿ ਪਤਾ ਨਹੀਂ ਹੁਣ ਮੇਰਾ ਇਥੋਂ ਕਦੋਂ ਅਤੇ ਕਿਵੇਂ ਛੁਟਕਾਰਾ ਹੋਏਗਾ। ਗੁਰੂ ਪਾਤਸ਼ਾਹ ਬੈਠੇ ਬੈਠੇ ਹੱਸ ਪਏ। ਤਾਂ ਭਾਈ ਬਾਲਾ ਜੀ ਕਹਿਣ ਲੱਗੇ ਕਿ ਪਾਤਸ਼ਾਹ ਜੀ! ਆਪ ਜੀ ਦੇ ਹੱਸਣ ਦਾ ਕੀ ਕਾਰਨ ਹੈ? ਸਤਿਗੁਰੂ ਜੀ ਕਹਿਣ ਲੱਗੇ ਕਿ ਭਾਈ ਮਰਦਾਨਾ ਪਾਣੀ ਪੀਣ ਗਿਆ ਮੁਸੀਬਤ ਵਿਚ ਫਸ ਗਿਆ ਹੈ। ਜੋ ਕੀਰਤਨ ਸੁਣਾਉਂਦਾ ਸੀ, ਅੱਜ ਮੇਢਾ ਬਣ ਗਿਆ ਹੈ। ਗ਼ਰੀਬ ਨਿਵਾਜ਼ ਸਤਿਗੁਰੂ ਉਸ ਵਕਤ ਆਖਣ ਲੱਗੇ ਕਿ ਭਾਈ ਬਾਲਾ! ਆਉ ਆਪਾਂ ਭਾਈ ਮਰਦਾਨੇ ਨੂੰ ਛੁਡਾ ਕੇ ਲਿਆਈਏ। ਜਿਸ ਵਕਤ ਸਤਿਗੁਰੂ ਜੀ ਭਾਈ ਮਰਦਾਨੇ ਨੂੰ ਛੁਡਾਉਣ ਲਈ ਗਏ ਤਾਂ ਰਸਤੇ ਵਿਚ ਇਕ ਔਰਤ ਖੂਹ ਤੋਂ ਪਾਣੀ ਦਾ ਘੜਾ ਭਰ ਕੇ ਲਿਆ ਰਹੀ ਸੀ। ਇਕ ਔਰਤ ਗੁਰੂ ਸਾਹਿਬ ਜੀ ਦੇ ਗਲ ਵਿਚ ਵੀ ਤੰਦ ਪਾਉਣ ਲੱਗੀ ਤਾਂ ਉਹ ਸੂਰੀ ਬਣ ਗਈ ਤੇ ਦੂਜੀ ਭਾਈ ਬਾਲਾ ਜੀ ਦੇ ਗਲ ਵਿਚ ਤੰਦ ਪਾਉਣ ਲੱਗੀ ਤਾਂ ਉਹ ਕੁੱਤੀ ਬਣ ਗਈ। ਜਦੋਂ ਘੜੇ ਵਾਲੀ ਆਈ ਤਾਂ ਹਜ਼ੂਰ ਨੇ ਬਚਨ ਕੀਤਾ:

**ਕਲਰ ਕੀਆ ਵਣਜਾਰੀਆ ਝੂੰਗੇ ਮੁਸਕ ਮੰਗੇਨ।**
**ਅਮਲਾ ਬਾਝਹੁ ਨਾਨਕਾ ਕਿਉ ਕਰ ਕੰਤ ਮਿਲੇਨ।** *(ਇਤਿਹਾਸਕ ਪ੍ਰਮਾਣ)*

ਇਹ ਬਚਨ 'ਜਨਮ ਸਾਖੀ' ਵਿਚ ਹਨ। ਜਦੋਂ ਸਤਿਗੁਰੂ ਪਾਤਸ਼ਾਹ ਜੀ ਨੇ ਐਸੇ ਬਚਨ ਕੀਤੇ ਤਾਂ ਉਸ ਔਰਤ ਦੇ ਸਿਰ 'ਤੇ ਰੱਖਿਆ ਘੜਾ ਸਿਰ ਉੱਤੇ ਹੀ ਜੁੜ ਗਿਆ। ਉਸ ਨੇ ਬੜੇ ਯਤਨ ਕੀਤੇ, ਮੰਤਰ ਪੜ੍ਹੇ। ਉਥੇ ਇਕ ਨੂਰਸ਼ਾਹ ਦੀ ਚੇਲੀ ਉਹ ਵੀ ਤ੍ਰਿਯਾ ਰਾਜ ਵਿਚ ਰਾਜ ਕਰ ਰਹੀ ਸੀ। ਉਸ ਨੇ ਵੀ ਬੜੇ ਤੰਤਰ ਮੰਤਰ ਪੜ੍ਹੇ ਪਰ ਉਹ ਘੜਾ ਥੱਲੇ ਨਾ ਉਤਰਿਆ। ਜਿਸ ਤਰ੍ਹਾਂ ਧਰਤੀ ਵਿਚ ਪਹਾੜ ਗੱਡਿਆ ਹੁੰਦਾ ਹੈ, ਇਸੇ ਤਰ੍ਹਾਂ ਪਾਣੀ ਦਾ ਘੜਾ ਪੱਥਰ ਵਾਂਗ ਜੁੜਿਆ ਹੀ ਰਿਹਾ। ਉਹ ਘੜਾ ਨਾ ਉਪਰ ਹੁੰਦਾ ਸੀ ਨਾ ਥੱਲੇ ਹੁੰਦਾ ਸੀ ਅਤੇ ਨਾ ਪਾਣੀ ਡੁੱਲ੍ਹਦਾ ਸੀ। ਉਹ ਇਸਤਰੀ ਬੜੀ ਦੁਖੀ ਹੋਈ। ਦੁਖੀ ਹੋਈ ਉਹ ਇਸਤਰੀ ਆਪਣੇ ਦਿਲ ਵਿਚ ਸੋਚਣ ਲੱਗੀ ਕਿ ਮੈਂ ਫ਼ਕੀਰ ਦੀ ਅਵੱਗਿਆ ਕੀਤੀ ਹੈ। ਮੈਂ ਮਹਾਤਮਾ ਨੂੰ ਮੇਢਾ ਬਣਾ ਰੱਖਿਆ ਹੈ। ਉਸ ਦੀ ਬੜੀ ਨਿਰਾਦਰੀ ਕੀਤੀ ਹੈ। ਆਪਾਂ ਮਹਾਤਮਾ ਜੀ ਪਾਸ ਜਾ ਕੇ ਆਪਣੀ ਭੁੱਲ ਬਖ਼ਸ਼ਾ ਲਈਏ। ਸਤਿਗੁਰੂ ਜੀ ਜਿਥੇ ਜਾ ਕੇ ਬੈਠੇ ਸਨ, ਉਹ ਉਥੇ ਢੋਲਕੀ ਵਜਾਉਂਦੀਆਂ ਹੋਈਆਂ ਆਈਆਂ ਤਾਂ ਗੁਰੂ ਸਾਹਿਬ ਜੀ ਨੇ ਉਸ ਵੇਲੇ ਸ਼ਬਦ ਉਚਾਰਿਆ। ਉਹ ਇਹ ਸਮਝਦੀਆਂ ਸਨ ਕਿ ਇਹ ਵੀ ਸਾਡੇ ਉੱਤੇ ਮੰਤਰ ਜੰਤਰ ਪੜ੍ਹਦੇ ਹਨ। ਨੂਰਸ਼ਾਹ ਨੇ ਹਾਰ ਮੰਨੀ ਅਤੇ ਕਿਹਾ, ਮਹਾਰਾਜ! ਕਿਰਪਾ ਕਰਕੇ ਇਸ ਇਸਤਰੀ ਦਾ ਘੜਾ ਉਤਾਰ ਦਿਉ ਅਤੇ ਇਹ ਸੂਰੀ ਅਤੇ ਕੁੱਤੀ ਬਣੀਆਂ ਹੋਈਆਂ 'ਤੇ ਵੀ ਕਿਰਪਾ ਕਰੋ। ਤਾਂ ਹਜ਼ੂਰ ਪਾਤਸ਼ਾਹ ਜੀ ਨੇ 'ਵਾਹਿਗੁਰੂ' ਮੰਤਰ ਉਚਾਰਨ ਕੀਤਾ ਤੇ ਉਸ ਦਾ ਘੜਾ ਸਿਰ ਤੋਂ ਲਾਹ ਦਿੱਤਾ। ਉਨ੍ਹਾਂ ਨੇ ਭਾਈ ਮਰਦਾਨਾ ਜੀ ਤੋਂ ਵੀ ਭੁੱਲ ਮੰਨੀ। ਕੁੱਤੀ ਅਤੇ ਸੂਰੀ ਬਣੀਆਂ ਹੋਈਆਂ ਨੂੰ ਵੀ ਮਨੁੱਖਾ ਦੇਹ ਬਖ਼ਸ਼ੀ। ਉਸ ਵੇਲੇ ਸਤਿਗੁਰੂ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ ਅੱਗੇ ਤੋਂ ਐਸੇ ਕੰਮਾਂ ਤੋਂ ਤੌਬਾ ਕਰੋ ਅਤੇ ਕੋਈ ਵੀ ਸੰਤ, ਭਗਤ, ਫ਼ਕੀਰ ਆਵੇ ਤਾਂ ਉਸ ਦੀ ਸੇਵਾ ਕਰੋ। ਇਸ ਤਰ੍ਹਾਂ ਮੰਤਰ ਜੰਤਰ ਦੇ ਨਾਲ ਕਿਸੇ ਨੂੰ ਵਸ ਨਾ ਕਰੋ। ਐਸੀ ਸਿੱਖਿਆ ਦਿੱਤੀ। ਜਿਸ ਵੇਲੇ ਉਨ੍ਹਾਂ ਇਸਤਰੀਆਂ ਨੇ ਗੁਰੂ ਸਾਹਿਬ ਜੀ ਦੇ ਕੋਲ ਆਪਣੇ ਖੋਟੇ ਕਰਮਾਂ ਦਾ ਵਾਰਤਕ ਰੂਪ ਵਿਚ ਵਿਖਿਆਨ ਕੀਤਾ ਤਾਂ ਗੁਰੂ ਸਾਹਿਬ ਜੀ ਨੇ ਉਨ੍ਹਾਂ ਦਾ ਭਾਵ ਅੰਮ੍ਰਿਤ ਰੂਪ ਬਾਣੀ ਵਿਚ ਪ੍ਰਗਟ ਕੀਤਾ। ਜਦੋਂ ਕੋਈ ਗੁਨਾਹ ਕਰਨ ਵਾਲਾ ਆਪਣੇ ਗੁਨਾਹਾਂ ਨੂੰ ਸਵੀਕਾਰ ਕਰ ਲਵੇ ਕਿ ਮੈਂ ਪਾਪੀ ਹਾਂ, ਮੈਂ ਮੰਦਾ ਹਾਂ, ਫਿਰ ਗੁਰੂ ਪਰਮੇਸ਼ਰ ਉਸ ਵਿਚ ਚੰਗਿਆਈਆਂ ਭਰ ਦੇਂਦਾ ਹੈ।

ਜਾਦੂਗਰਨੀ ਨੂਰਸ਼ਾਹ ਅਤੇ ਉਸ ਦੀਆਂ ਸਾਥਣਾਂ ਨੇ ਜੋ ਗੁਨਾਹ ਕਬੂਲ ਕੀਤਾ, ਉਸ ਦਾ ਭਾਵ ਸਤਿਗੁਰੂ ਜੀ ਪਹਿਲਾਂ ਸ਼ਬਦ ਵਿਚ ਪ੍ਰਗਟ ਕਰਦੇ ਹਨ ਅਤੇ ਫਿਰ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ :

## ਗਲੀਂ ਅਸੀ ਚੰਗੀਆ; ਆਚਾਰੀ ਬੁਰੀਆਹ ॥

ਸੱਚੇ ਪਾਤਸ਼ਾਹ ਆਖਣ ਲੱਗੇ, ਅਸੀਂ ਗਲੀਂ = ਗੱਲਾਂ ਨਾਲ ਬੜੀਆਂ ਚੰਗੀਆਂ ਬਣੀਆਂ ਫਿਰਦੀਆਂ ਹਾਂ ਅਤੇ ਆਪਣੇ ਆਪ ਨੂੰ ਬੜੀਆਂ ਨੇਕ ਤੇ ਪਤੀਵਰਤਾ ਕਹਾਉਂਦੀਆਂ ਹਾਂ, ਪਰੰਤੂ ਸਾਡੇ ਆਚਾਰੀ = ਕਰਤੱਵ ਬੁਰੀਆਹ = ਬੁਰਿਆਈ ਕਰਨ ਵਾਲੇ ਹਨ ਭਾਵ ਕਿ ਸਾਡੀ ਖੋਟੀ ਦ੍ਰਿਸ਼ਟੀ ਹੈ। ਇਸ ਪ੍ਰਕਾਰ ਅਸੀਂ ਆਪਣੇ ਆਚਰਨ ਕਰਕੇ ਬਹੁਤ ਮੰਦੀਆਂ ਹਾਂ।

## ਮਨਹੁ ਕੁਸੁਧਾ ਕਾਲੀਆ; ਬਾਹਰਿ ਚਿਟਵੀਆਹ ॥

ਅਸੀਂ ਮਨਹੁ = ਮਨ ਕਰਕੇ ਕੁਸੁਧਾ = ਅਪਵਿੱਤਰ ਹਾਂ। ਹਰ ਸਮੇਂ ਵਿਸ਼ਿਆਂ ਦੀ ਵਾਸ਼ਨਾ ਰੱਖਦੀਆਂ ਹਾਂ। ਸਾਡੀਆਂ ਬਿਰਤੀਆਂ ਕਾਲੀਆ = ਪਾਪਾਂ ਵਾਲੀਆਂ ਹੋ ਗਈਆਂ ਹਨ। ਭਾਵੇਂ ਅਸੀਂ ਬਾਹਰਿ = ਸਰੀਰ ਕਰਕੇ ਵੇਖਣ ਨੂੰ ਚਿਟਵੀਆਹ = ਬੜੀਆਂ ਸਾਫ਼ ਸੁਥਰੀਆਂ ਦਿਸਦੀਆਂ ਹਾਂ।

## ਰੀਸਾ ਕਰਿਹ ਤਿਨਾੜੀਆ; ਜੋ ਸੇਵਹਿ ਦਰੁ ਖੜੀਆਹ ॥

ਅਸੀਂ ਤਿਨਾੜੀਆ = ਉਨ੍ਹਾਂ ਦੀਆਂ ਰੀਸਾਂ ਕਰਦੀਆਂ ਹਾਂ ਜੋ = ਜਿਹੜੀਆਂ ਪਤੀਬਰਤਾ ਧਰਮ ਵਾਲੀਆਂ ਇਸਤਰੀਆਂ ਹਨ, ਜੋ ਆਪਣੇ ਪਤੀ ਦੇ ਦਰੁ = ਬੂਹੇ 'ਤੇ ਸੇਵਹਿ = ਟਹਿਲ ਵਿਚ ਖੜੀਆਹ = ਖੜ੍ਹੀਆਂ ਰਹਿੰਦੀਆਂ ਹਨ।

**ਸਾਖੀ—ਇਕ ਪਤੀਬਰਤਾ ਇਸਤਰੀ ਦੀ** : ਜਿਸ ਪ੍ਰਕਾਰ ਇਕ ਪਤੀਬਰਤਾ ਧਰਮ ਵਾਲੀ ਬੀਬੀ ਸੀ। ਉਹ ਹਰ ਸਮੇਂ ਆਪਣੇ ਪਤੀ ਦੀ ਸੇਵਾ ਵਿਚ ਤਿਆਰ ਰਹਿੰਦੀ ਸੀ। ਆਪਣੇ ਪਤੀ ਦੀ ਹਰ ਸਮੇਂ ਆਗਿਆ ਵਿਚ ਰਹਿੰਦੀ ਸੀ। ਇਕ ਦਿਨ ਉਸ ਦਾ ਪਤੀ ਕੰਮ ਤੋਂ ਥੱਕਿਆ ਹਾਰਿਆ ਘਰ ਆਇਆ। ਉਹ ਬੀਬੀ ਉੱਖਲੀ ਵਿਚ ਧਾਨ ਪਾ ਕੇ ਮੂਹਲੇ ਨਾਲ ਛੰਡਦੀ ਸੀ। ਉਸ ਦੇ ਪਤੀ ਨੇ ਆਵਾਜ਼ ਮਾਰੀ ਕਿ ਭਾਗਵਾਨੇ ! ਮੈਨੂੰ ਪਿਆਸ ਲੱਗੀ ਹੈ, ਪਾਣੀ ਪਿਲਾ ਦੇ। ਜਿਸ ਵਕਤ ਉਸ ਨੇ ਆਪਣੀ ਪਤਨੀ ਨੂੰ ਆਵਾਜ਼ ਮਾਰੀ ਸੀ ਉਸ ਵਕਤ ਉਸ ਬੀਬੀ ਨੇ ਮੂਹਲਾ ਉਪਰ ਚੁੱਕਿਆ ਹੋਇਆ ਸੀ। ਉਹ ਆਪਣੇ ਪਤੀ ਦੀ ਇਤਨੀ ਆਗਿਆ ਵਿਚ ਰਹਿੰਦੀ ਸੀ ਕਿ ਉਸ ਨੇ ਆਵਾਜ਼ ਸੁਣਦਿਆਂ ਹੀ ਉਪਰ ਚੁੱਕਿਆ ਹੋਇਆ ਮੂਹਲਾ ਉਦੋਂ ਹੀ ਛੱਡ ਦਿੱਤਾ। ਮੂਹਲਾ ਛੱਡ ਕੇ ਉਹ ਆਪਣੇ ਪਤੀ ਲਈ ਪਾਣੀ ਦਾ ਕਟੋਰਾ ਭਰ ਕੇ ਲੈ ਗਈ। ਜਦੋਂ ਤਕ ਉਹ ਆਪਣੇ ਪਤੀ ਕੋਲ ਪਹੁੰਚੀ ਤਾਂ ਉਸ ਦਾ ਪਤੀ ਥੱਕਿਆ ਹੋਇਆ ਹੋਣ ਕਰਕੇ ਸੌਂ ਗਿਆ। ਉਸ ਨੇ ਆਪਣੇ ਪਤੀ ਨੂੰ ਥੱਕਿਆ ਹੋਇਆ ਜਾਣ ਕੇ ਨੀਂਦ ਤੋਂ ਜਗਾਇਆ ਨਹੀਂ, ਸਗੋਂ ਉਸ ਦੇ ਕੋਲ ਪਾਣੀ ਦਾ ਕਟੋਰਾ ਲੈ ਕੇ ਖੜ੍ਹੀ ਰਹੀ। ਉਧਰ ਜੋ ਮੂਹਲਾ ਛੱਡ ਕੇ ਆਈ ਸੀ, ਉਹ ਉਪਰ ਚੁੱਕਿਆ ਉਥੇ ਹੀ ਖੜ੍ਹਾ ਰਿਹਾ, ਥੱਲੇ ਨਹੀਂ ਡਿਗਿਆ। ਦੂਸਰੇ ਘਰ ਦੀ ਬੀਬੀ ਇਹ ਸਾਰਾ ਕੁਝ ਵੇਖਦੀ ਰਹੀ ਕਿ ਇਹ ਬੀਬੀ ਕੋਈ ਜਾਦੂਗਰ ਲੱਗਦੀ ਹੈ। ਇਸ ਦਾ ਮੂਹਲਾ ਉਪਰ ਹੀ ਖੜ੍ਹਾ ਰਿਹਾ, ਥੱਲੇ ਨਹੀਂ ਡਿਗਿਆ। ਜਦੋਂ ਉਹ ਬੀਬੀ ਆਪਣੇ ਪਤੀ ਨੂੰ ਪਾਣੀ ਪਿਲਾ ਕੇ ਵਾਪਸ ਆਈ ਤਾਂ ਉਪਰੋਂ ਹੀ ਮੂਹਲਾ ਫੜ ਕੇ ਫਿਰ ਧਾਨ ਛੰਡਣ ਲੱਗ ਪਈ। ਉਸ ਬੀਬੀ ਦੀ ਗੁਆਂਢਣ ਨੇ ਪੁੱਛਿਆ ਕਿ ਤੇਰਾ ਮੂਹਲਾ ਕਿਸ ਤਰ੍ਹਾਂ ਖੜ੍ਹਿਆ ਰਿਹਾ, ਮੈਨੂੰ ਵੀ ਕੋਈ ਮੰਤਰ ਦੱਸ ? ਤਾਂ ਉਸ ਬੀਬੀ ਨੇ ਕਿਹਾ ਕਿ ਇਸ ਦਾ ਮੇਰੇ ਕੋਲ ਕੋਈ ਮੰਤਰ ਨਹੀਂ। ਇਹ ਤਾਂ ਸਾਰੀ ਮੇਰੇ ਪਤੀਵਰਤਾ ਧਰਮ ਦੀ ਕਰਾਮਾਤ ਹੈ। ਮੈਂ ਸਦਾ ਹੀ ਆਪਣੇ ਪਤੀ ਦੀ ਆਗਿਆ ਵਿਚ ਰਹਿੰਦੀ ਹਾਂ। ਮੈਂ ਤਾਂ ਮੂਹਲਾ ਛੱਡ ਕੇ ਗਈ ਸੀ, ਉਹ ਆਪ ਹੀ ਖੜ੍ਹਾ ਰਿਹਾ। ਗੁਆਂਢਣ ਬੀਬੀ ਆਖਣ ਲੱਗੀ ਕਿ ਮੈਂ ਵੀ ਇਸੇ ਤਰ੍ਹਾਂ

ਹੀ ਕਰਾਂਗੀ। ਜਿਸ ਵਕਤ ਉਸ ਗੁਆਂਢਣ ਬੀਬੀ ਦਾ ਪਤੀ ਘਰ ਆਇਆ ਤਾਂ ਉਹ ਆਪਣੇ ਪਤੀ ਨੂੰ ਆਖਣ ਲੱਗੀ ਕਿ ਤੂੰ ਸੌਂ ਜਾ ਤੇ ਮੈਂ ਮੂਹਲੇ ਨਾਲ ਧਾਨ ਛੰਡਣ ਲੱਗੀ ਹਾਂ। ਉਸ ਦਾ ਪਤੀ ਕਹਿਣ ਲੱਗਾ ਕਿ ਮੈਨੂੰ ਨੀਂਦ ਨਹੀਂ ਆ ਰਹੀ, ਮੈਂ ਕਿਉਂ ਸੌਂਵਾਂ ? ਉਹ ਉਸ ਨੂੰ ਗ਼ੁੱਸੇ ਵਿਚ ਆਖਣ ਲੱਗੀ ਕਿ ਸੌਂ ਜਾ। ਉਹ ਮੰਜੇ 'ਤੇ ਲੇਟ ਗਿਆ। ਫਿਰ ਉਸ ਬੀਬੀ ਨੇ ਕਿਹਾ ਕਿ ਜਦੋਂ ਮੈਂ ਮੂਹਲਾ ਉਪਰ ਚੁੱਕਿਆ ਹੋਵੇਗਾ ਤਾਂ ਤੂੰ ਮੇਰੇ ਕੋਲੋਂ ਪੀਣ ਲਈ ਪਾਣੀ ਮੰਗੀਂ। ਉਸ ਦਾ ਪਤੀ ਕਹਿਣ ਲੱਗਾ ਕਿ ਮੈਨੂੰ ਪਿਆਸ ਨਹੀਂ ਲੱਗੀ। ਉਹ ਬੀਬੀ ਉਸ ਨੂੰ ਜਬਰਦਸਤੀ ਪਾਣੀ ਮੰਗਵਾਉਣ ਲਈ ਆਖਣ ਲੱਗੀ। ਉਸ ਦਾ ਪਤੀ ਉਸ ਬੀਬੀ ਦੇ ਕਹੇ ਤੋਂ ਜਿਸ ਵਕਤ ਉਸ ਨੇ ਮੂਹਲਾ ਉਪਰ ਚੁੱਕਿਆ ਤੇ ਪਾਣੀ ਮੰਗਿਆ ਤਾਂ ਜਦੋਂ ਉਸ ਨੇ ਮੂਹਲਾ ਉਪਰ ਛੱਡਿਆ ਤਾਂ ਉਹ ਹੱਥੋਂ ਨਿਕਲ ਕੇ ਉਸ ਦੇ ਸਿਰ ਵਿਚ ਵੱਜਿਆ। ਉਸ ਬੀਬੀ ਦੇ ਸਿਰ ਵਿਚ ਸੱਟ ਲੱਗ ਗਈ। ਉਹ ਬੀਬੀ ਕੁਝ ਤਾਂ ਸੁਭਾਅ ਤੋਂ ਵੀ ਗ਼ੁੱਸੇ ਵਾਲੀ ਸੀ ਤੇ ਕੁਝ ਮੂਹਲਾ ਸਿਰ ਵਿਚ ਲੱਗਣ ਕਰਕੇ ਹੋਰ ਕ੍ਰੋਧ ਵਿਚ ਆ ਗਈ ਤੇ ਉਹ ਮੂਹਲਾ ਮਾਰ ਕੇ ਉਸ ਨੇ ਆਪਣੇ ਪਤੀ ਦੇ ਗੋਡੇ ਭੰਨ ਦਿੱਤੇ ਤੇ ਕਹਿਣ ਲੱਗੀ ਕਿ ਮੈਂ ਤਾਂ ਪੂਰੀ ਸਤੀ ਹਾਂ, ਤੇਰੇ ਵਿਚ ਸਤ (ਧਰਮ) ਕਾਇਮ ਨਹੀਂ ਹੈ ਤਾਂ ਹੀ ਮੇਰਾ ਮੂਹਲਾ ਥੱਲੇ ਡਿੱਗ ਗਿਆ ਹੈ। ਸੋ ਇਸ ਪ੍ਰਕਾਰ ਉਹ ਇਸਤਰੀਆਂ ਉਨ੍ਹਾਂ ਦੀਆਂ ਰੀਸਾਂ ਕਰਦੀਆਂ ਹਨ ਜਿਨ੍ਹਾਂ ਨੂੰ ਸਤ ਕਾਇਮ ਹੋਣ ਕਰਕੇ ਸੁਤੇ ਹੀ ਅਨੰਤ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ। ਜੋ ਹਰ ਵਕਤ ਆਪਣੇ ਪਤੀ ਦੇ ਦਰ 'ਤੇ ਖੜੀਆਂ ਹੋ ਕੇ ਟਹਿਲ ਕਰਦੀਆਂ ਰਹਿੰਦੀਆਂ ਹਨ।

## ਨਾਲਿ ਖਸਮੈ ਰਤੀਆ; ਮਾਣਹਿ ਸੁਖਿ ਰਲੀਆਹ ॥

ਜਿਹੜੀਆਂ ਆਪਣੇ ਖਸਮੈ = ਮਾਲਕ ਪਤੀ ਨਾਲ ਰਤੀਆ = ਰੰਗੀਆਂ ਹੋਈਆਂ ਹਨ, ਉਹ ਸਦਾ ਹੀ ਸੁਖ ਦੀਆਂ ਰਲੀਆਹ = ਖ਼ੁਸ਼ੀਆਂ ਮਾਣਹਿ = ਮਾਣਦੀਆਂ ਹਨ।

## ਹੋਦੈ ਤਾਣਿ, ਨਿਤਾਣੀਆ; ਰਹਹਿ ਨਿਮਾਨਣੀਆਹ ॥

ਐਸੀਆਂ ਬੀਬੀਆਂ ਵਿਚ ਆਪਣੇ ਮਾਪਿਆਂ ਦਾ, ਭੈਣ ਭਰਾਵਾਂ ਦਾ, ਆਪਣੇ ਸਰੀਰ ਦਾ ਅਤੇ ਆਪਣੇ ਗੁਰਾਂ ਆਦਿ ਦਾ ਵੀ ਤਾਣਿ = ਬਲ ਹੁੰਦਾ ਹੈ। ਐਸਾ ਹੁੰਦੇ ਹੋਏ ਉਹ ਫਿਰ ਵੀ ਨਿਤਾਣੀਆਂ ਹੀ ਬਣੀਆਂ ਰਹਿੰਦੀਆਂ ਹਨ। ਐਸੀਆਂ ਇਸਤਰੀਆਂ ਨੂੰ ਲਾਇਕ ਜਾਣ ਕੇ ਦੁਨੀਆਂ ਬੜਾ ਆਦਰ, ਮਾਣ ਸਤਿਕਾਰ ਦੇਂਦੀ ਹੈ ਪਰ ਫਿਰ ਵੀ ਉਹ ਨਿਮਾਨਣੀਆਹ = ਮਾਨ ਤੋਂ ਰਹਿਤ ਹੋ ਕੇ ਰਹਿੰਦੀਆਂ ਹਨ।

## ਨਾਨਕ ਜਨਮੁ ਸਕਾਰਥਾ; ਜੇ, ਤਿਨ ਕੈ ਸੰਗਿ ਮਿਲਾਹ ॥੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਉਨ੍ਹਾਂ ਬੀਬੀਆਂ ਦਾ ਜਨਮ ਸਕਾਰਥਾ = ਸਫਲ ਹੈ, ਜੇ = ਜੇਕਰ ਪਰਮੇਸ਼ਰ ਐਸੀਆਂ ਸਕਾਰਥ ਜਨਮ ਵਾਲੀਆਂ ਬੀਬੀਆਂ ਦੇ ਨਾਲ ਸੰਗਿ = ਮੇਲ ਦੇਵੇ ਤਾਂ ਦੂਸਰੀਆਂ ਦਾ ਵੀ ਉਨ੍ਹਾਂ ਨਾਲ ਮੇਲ ਹੋਣ ਕਰਕੇ ਜਨਮ ਸਫਲਾ ਹੋ ਜਾਵੇਗਾ। ਉਹ ਵੀ ਪਤੀਵਰਤਾ ਧਰਮ ਵਾਲੀਆਂ ਹੋ ਕੇ ਸਫਲੀਆਂ ਹੋ ਜਾਣਗੀਆਂ ॥੨॥

### ਦੂਸਰਾ ਅਰਥ

### ਗਲੀ ਅਸੀ ਚੰਗੀਆ; ਆਚਾਰੀ ਬੁਰੀਆਹ ॥

ਅਸੀਂ ਜੀਵ ਰੂਪ ਇਸਤਰੀਆਂ ਆਪਣੇ ਆਪ ਨੂੰ ਪੰਡਿਤ ਵਿਦਵਾਨ ਜਾਣ ਕੇ ਗਲੀ = ਗੱਲਾਂ ਬੜੀਆਂ ਚੰਗੀਆ = ਸੋਹਣੀਆਂ ਕਰਦੀਆਂ ਹਾਂ ਕਿ "ਜਗਤ ਮਿਥਿਅੰ ਬ੍ਰਹਮ ਸਤਯੰ" ਪਰੰਤੂ ਸਾਡੇ ਆਚਾਰੀ = ਕਰਤੱਵ ਇਤਨੇ ਬੁਰੀਆਹ = ਮੰਦੇ ਹਨ ਜੋ ਵਰਣਨ ਨਹੀਂ ਕੀਤੇ ਜਾ ਸਕਦੇ।

**ਮਨਹੁ ਕੁਸੁਧਾ ਕਾਲੀਆ; ਬਾਹਰਿ ਚਿਟਵੀਆਹ ॥**

ਅਸੀਂ ਮਨਹੁ = ਮਨ ਕਰਕੇ ਕੁਸੁਧਾ = ਅਪਵਿੱਤਰ ਹੋ ਰਹੀਆਂ ਹਾਂ ਅਤੇ ਸਾਰੀਆਂ ਬਿਰਤੀਆਂ ਕਾਲੀਆ = ਅਵਿੱਦਿਆ ਕਰਕੇ ਪਾਪਾਂ ਵਾਲੀਆਂ ਹੋ ਰਹੀਆਂ ਹਨ। ਅਸੀਂ ਬਾਹਰਿ = ਸਰੀਰ ਕਰਕੇ ਬੜੀਆਂ ਚਿਟਵੀਆਹ = ਚਿੱਟੀਆਂ ਭਾਵ ਸੋਹਣੀਆਂ ਬਣੀਆਂ ਹੋਈਆਂ ਹਾਂ। ਜੈਸਾ ਕਿ :

**ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥**
**ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍ ॥੩॥** *(ਸੂਹੀ ਮ: ੧, ਅੰਗ ੭੨੯)*

**ਰੀਸਾ ਕਰਿਹ ਤਿਨਾੜੀਆ; ਜੋ ਸੇਵਹਿ ਦਰੁ ਖੜੀਆਹ ॥**

ਰੀਸਾ = ਬਰਾਬਰੀ ਤਾਂ ਤਿਨਾੜੀਆ = ਉਨ੍ਹਾਂ ਬ੍ਰਹਮ ਗਿਆਨੀਆਂ ਦੀ ਕਰਿਹ = ਕਰਦੇ ਹਾਂ, ਜਿਨ੍ਹਾਂ ਨੇ ਅੰਤਰ ਆਤਮੇ ਸਾਰੇ ਸੰਸਾਰ ਨੂੰ ਮਿਥਿਆ ਨਿਸਚੇ ਕੀਤਾ ਹੋਇਆ ਹੈ ਅਤੇ ਜੋ = ਜਿਹੜੇ ਪਰਮੇਸ਼ਰ ਦੇ ਦਰੁ = ਗਿਆਨ ਵਿਚ ਹਰ ਸਮੇਂ ਖੜੀਆਹ = ਸਮਾਹਿਤ ਚਿਤ ਹੋ ਕੇ ਸੇਵਹਿ = ਸੇਵਨ ਕਰਕੇ ਭਾਵ ਸਿਮਰਨ ਕਰਕੇ ਜੀਵਨ ਮੁਕਤੀ ਦਾ ਅਨੰਦ ਮਾਣਦੇ ਹਨ।

**ਨਾਲਿ ਖਸਮੈ ਰਤੀਆ; ਮਾਣਹਿ ਸੁਖਿ ਰਲੀਆਹ ॥**

ਉਨ੍ਹਾਂ ਦੀਆਂ ਬਿਰਤੀਆਂ ਖਸਮੈ = ਪਰਮੇਸ਼ਰ ਦੇ ਪ੍ਰੇਮ ਰੰਗ ਵਿਚ ਰਤੀਆ = ਰੰਗੀਆਂ ਹੋਈਆਂ ਹਨ। ਉਹ ਮਹਾਤਮਾ ਰੂਪੀ ਸਖੀਆਂ ਉਸ ਸੁਖ ਸਰੂਪ ਵਾਹਿਗੁਰੂ ਵਿਚ ਅਭੇਦ ਹੋਣ ਰੂਪ ਰਲੀਆਹ = ਖ਼ੁਸ਼ੀਆਂ ਮਾਣਹਿ = ਮਾਣਦੀਆਂ ਹਨ।

**ਹੋਦੈ ਤਾਣਿ, ਨਿਤਾਣੀਆ; ਰਹਹਿ ਨਿਮਾਨਣੀਆਹ ॥**

ਮਹਾਤਮਾ ਰੂਪ ਸਖੀਆਂ ਵਿਚ ਸੰਸਾਰ ਦੀ ਰਚਨਾ ਕਰਨ ਦਾ ਅਤੇ ਸੰਸਾਰ ਦੇ ਵਿਨਾਸ਼ ਕਰਨ ਦਾ ਆਦਿ ਤਾਣਿ = ਬਲ ਹੋਣ ਕਰਕੇ ਵੀ ਉਹ ਨਿਤਾਣੀਆ = ਨਿਰਬਲ ਬਣ ਕੇ ਹੀ ਰਹਿੰਦੀਆਂ ਹਨ। ਉਨ੍ਹਾਂ ਨੂੰ ਸਾਰੀ ਦੁਨੀਆਂ ਆਦਰ ਸਤਿਕਾਰ ਅਤੇ ਪਿਆਰ ਕਰਦੀ ਹੈ, ਪਰੰਤੂ ਉਹ ਮਹਾਤਮਾ ਰੂਪੀ ਸਖੀਆਂ ਫਿਰ ਭੀ ਨਿਮਾਨਣੀਆਹ = ਮਾਣ ਤੋਂ ਰਹਿਤ ਹੋ ਕੇ ਰਹਿੰਦੀਆਂ ਹਨ।

ਜਿਵੇਂ ਔਰੰਗਜ਼ੇਬ ਨੇ ਇਕ ਸਰਮੱਦ ਫ਼ਕੀਰ ਨੂੰ ਆਪਣੀ ਕੈਦ ਵਿਚ ਰੱਖਿਆ ਹੋਇਆ ਸੀ। ਉਸ ਨੂੰ ਰੂਮ ਦੇ ਬਾਦਸ਼ਾਹ ਦੇ ਵਜ਼ੀਰ ਨੇ ਪੁੱਛਿਆ ਕਿ ਹੇ ਫ਼ਕੀਰ! ਤੂੰ ਮੈਨੂੰ 'ਸਬਰ' ਤੇ 'ਸ਼ੁਕਰ' ਦੇ ਅਰਥ ਦੱਸ। ਉਹ ਫ਼ਕੀਰ ਉਸ ਨੂੰ ਕਹਿਣ ਲੱਗਾ ਕਿ ਆਕਾਸ਼ ਵੱਲ ਤੱਕੋ ਕਿਤਨੇ ਹੀ ਫ਼ਰਿਸ਼ਤੇ ਖੜ੍ਹੇ ਹਨ ਕਿ ਸਾਨੂੰ ਇਕ ਵਾਰੀ ਆਗਿਆ ਦੇਵੋ, ਅਸੀਂ ਧਰਤੀ ਪਲਟਾ ਦੇਈਏ। ਜਿਸ ਤਰ੍ਹਾਂ ਆਖੋਗੇ ਉਸ ਤਰ੍ਹਾਂ ਕਰ ਦੇਵਾਂਗੇ। ਮੈਨੂੰ ਪਰਮੇਸ਼ਰ ਨੇ ਇਤਨੀ ਬਰਕਤ ਬਖ਼ਸ਼ੀ ਹੈ। ਇਹ 'ਸ਼ੁਕਰ' ਦੀ ਪਰਿਭਾਸ਼ਾ ਹੈ।

ਫਿਰ ਉਸੇ ਦਿਨ ਸਰਮੱਦ ਫ਼ਕੀਰ ਨੂੰ ਕੁੱਟਿਆ ਗਿਆ, ਉਸ ਤੋਂ ਬਾਅਦ ਉਸ ਫ਼ਕੀਰ ਨੂੰ ਪੀਣ ਵਾਸਤੇ ਲੂਣ ਦਾ ਪਿਆਲਾ ਦਿੱਤਾ ਗਿਆ। ਉਸ ਫ਼ਕੀਰ ਨੇ ਉਸ ਪਿਆਲੇ ਨੂੰ ਪੀ ਲਿਆ ਤੇ ਵਜ਼ੀਰ ਨੂੰ ਕਿਹਾ ਕਿ ਸਾਨੂੰ ਪਰਮੇਸ਼ਰ ਨੇ ਇਤਨੀ ਬਰਕਤ ਬਖ਼ਸ਼ੀ ਹੈ ਕਿ ਉਸ ਦੀ ਰਜ਼ਾ ਵਿਚ ਰਹਿ ਕੇ ਲੂਣ ਦਾ ਪਿਆਲਾ ਪੀ ਕੇ ਹੀ ਸਬਰ ਕੀਤਾ ਹੈ। ਇਹ ਸਬਰ ਅਤੇ ਸ਼ੁਕਰ ਹੈ।

ਸੋ ਇਸ ਪ੍ਰਕਾਰ ਬ੍ਰਹਮ ਬੇਤਿਆਂ, ਮਹਾਤਮਾ ਜਨਾਂ ਵਿਚ ਇਤਨਾ ਬਲ ਹੈ ਕਿ ਉਹ ਸਾਰੀ ਖਲਕਤ ਨੂੰ ਆਪਣੇ ਅਧੀਨ ਕਰ ਲੈਣ। ਪਰੰਤੂ ਇੰਨਾ ਬਲ ਹੁੰਦੇ ਹੋਏ ਭੀ ਉਹ ਨਿਰਬਲ ਬਣ ਕੇ ਰਹਿੰਦੇ ਹਨ, ਆਪ ਜ਼ੋਰ ਨਹੀਂ ਵਿਖਾਉਂਦੇ।

**ਨਾਨਕ ਜਨਮੁ ਸਕਾਰਥਾ; ਜੇ, ਤਿਨ ਕੈ ਸੰਗਿ ਮਿਲਾਹ ॥੨॥**

ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਉਨ੍ਹਾਂ ਮਹਾਤਮਾ ਦਾ ਹੀ ਮਨੁੱਖਾ ਜਨਮ ਸਕਾਰਥਾ = ਸਫਲਾ

ਹੈ। ਹੇ ਜਗਿਆਸੂ ਜਨੋਂ! ਜੇਕਰ ਪਰਮੇਸ਼ਰ ਸਾਨੂੰ ਭੀ ਐਸੇ ਮਹਾਤਮਾ ਜਨਾਂ ਦੀ ਸੰਗਤ ਵਿਚ ਮੇਲ ਦੇਵੇ ਤਾਂ ਸਾਡਾ ਭੀ ਜਨਮ ਸਕਾਰਥਾ ਅਰਥਾਤ ਸਫਲਾ ਹੋ ਸਕਦਾ ਹੈ॥੨॥

ਅੱਗੇ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵਾਹਿਗੁਰੂ ਨੂੰ ਸਰਬ ਰੂਪ ਕਰਕੇ ਕਹਿੰਦੇ ਹਨ:

## ਪਉੜੀ ॥

## ਤੂੰ ਆਪੇ ਜਲੁ, ਮੀਨਾ ਹੈ ਆਪੇ; ਆਪੇ ਹੀ ਆਪਿ ਜਾਲੁ ॥

ਹੇ ਪਰਮੇਸ਼ਰ! ਤੂੰ ਆਪੇ = ਆਪ ਹੀ ਜਲੁ = ਪਾਣੀ ਰੂਪ ਹੈਂ, ਆਪੇ = ਆਪ ਹੀ ਪਾਣੀ ਵਿਚ ਰਹਿਣ ਵਾਲੀ ਮੀਨਾ = ਮੱਛੀ ਰੂਪ ਹੈਂ ਅਤੇ ਆਪੇ ਹੀ ਆਪ ਜਾਲ ਰੂਪ ਹੈਂ।

## ਤੂੰ ਆਪੇ, ਜਾਲੁ ਵਤਾਇਦਾ; ਆਪੇ ਵਿਚਿ ਸੇਬਾਲੁ ॥

ਤੂੰ ਆਪੇ ਹੀ ਜਾਲ ਨੂੰ ਵਤਾਇਦਾ = ਫੇਰਨ ਭਾਵ ਵਿਛਾਉਣ ਵਾਲਾ ਹੈਂ ਅਤੇ ਆਪ ਹੀ ਪਾਣੀ ਵਿਚ ਪੈਦਾ ਹੋਣ ਵਾਲਾ ਸੇਬਾਲੁ = ਜਾਲਾ ਰੂਪ ਹੈਂ।

## ਤੂੰ ਆਪੇ ਕਮਲੁ ਅਲਿਪਤੁ ਹੈ; ਸੈ ਹਥਾ ਵਿਚਿ ਗੁਲਾਲੁ ॥

ਸੈ = ਸੈਂਕੜੇ ਹੱਥ ਤਲਾਬਾਂ ਆਦਿ ਦੇ ਗੁਲਾਲ = ਪਾਣੀ ਵਿਚ ਤੂੰ ਆਪ ਹੀ ਕਮਲ ਵਤ ਅਲਿਪਤੁ = ਨਿਰਲੇਪ ਰਹਿਣ ਵਾਲਾ ਹੈਂ **ਵਾ:** ਤੂੰ ਆਪ ਹੀ ਪਾਣੀ ਵਿਚ ਨਿਰਲੇਪ ਰਹਿਣ ਵਾਲੇ ਕਮਲ ਦੀ ਨਿਆਈਂ ਹੈਂ ਜੋ ਸੈਂਕੜੇ ਹੱਥਾਂ ਰੂਪੀ ਲਹਿਰਾਂ ਦੀ ਪਛਾੜ ਵਿਚ ਹੋ ਕੇ ਫੇਰ ਵੀ ਲਾਲ ਗੁਲਾਲ ਭਾਵ ਖਿੜਿਆ ਰਹਿੰਦਾ ਹੈ।

### ਦੂਸਰਾ ਅਰਥ

**ਤੂੰ ਆਪੇ ਜਲੁ, ਮੀਨਾ ਹੈ ਆਪੇ; ਆਪੇ ਹੀ ਆਪਿ ਜਾਲੁ ॥**

ਹੇ ਅਕਾਲ ਪੁਰਖ! ਤੂੰ ਆਪ ਹੀ ਪਦਾਰਥਾਂ ਰੂਪੀ ਜਲੁ = ਪਾਣੀ ਪੈਦਾ ਕੀਤਾ ਹੈ, ਆਪੇ = ਆਪ ਹੀ ਜੀਵ ਰੂਪ ਮੀਨਾ = ਮੱਛੀ ਹੈਂ ਅਤੇ ਆਪੇ ਆਪ ਹੀ ਮੋਹ ਰੂਪੀ ਜਾਲ ਪਾਉਣ ਵਾਲਾ ਹੈਂ।

**ਤੂੰ ਆਪੇ, ਜਾਲੁ ਵਤਾਇਦਾ; ਆਪੇ ਵਿਚਿ ਸੇਬਾਲੁ ॥**

ਤੂੰ ਆਪ ਹੀ ਸਾਰਿਆਂ ਦੇ ਸਿਰਾਂ ਉੱਤੇ ਜਮਾਂ ਦਾ ਜਾਲ ਵਤਾਇਦਾ = ਫੇਰਨ ਵਾਲਾ ਹੈਂ ਅਤੇ ਆਪ ਹੀ ਸੇਬਾਲੁ = ਜਾਲੇ ਦੀ ਨਿਆਈਂ ਪ੍ਰਫੁੱਲਤ ਹੋ ਰਿਹਾ ਹੈਂ।

**ਤੂੰ ਆਪੇ, ਕਮਲੁ ਅਲਿਪਤੁ ਹੈ; ਸੈ ਹਥਾ ਵਿਚਿ ਗੁਲਾਲੁ ॥**

ਹੇ ਪਰਮੇਸ਼ਰ! ਸੈ = ਸੈਂਕੜੇ ਹੱਥ ਡੂੰਘੇ ਗੁਲਾਲੁ = ਪਾਣੀ ਦੀ ਨਿਆਈਂ ਸਵਰਗ ਆਦਿ ਵਿਚਿ = ਵਿਚਲੇ ਸੁਖਾਂ ਨੂੰ ਛੱਡ ਕੇ ਤੂੰ ਆਪ ਹੀ ਸੰਤ ਰੂਪ ਹੋ ਕੇ ਕਮਲ ਦੀ ਨਿਆਈਂ ਨਿਰਲੇਪ ਰਹਿਣ ਵਾਲਾ ਹੈਂ।

### ਤੀਸਰਾ ਅਰਥ

**ਤੂੰ ਆਪੇ ਜਲੁ, ਮੀਨਾ ਹੈ ਆਪੇ; ਆਪੇ ਹੀ ਆਪਿ ਜਾਲੁ ॥**

ਹੇ ਮਹਾਰਾਜ! ਤੂੰ ਆਪੇ = ਆਪ ਹੀ ਪ੍ਰੇਮ ਰੂਪੀ ਜਲ ਹੈਂ ਅਤੇ ਆਪ ਹੀ ਉਸ ਵਿਚ ਮੱਛੀ ਦੀ ਨਿਆਈਂ ਅਧਿਕਾਰੀ ਰੂਪ ਹੈਂ। ਆਪਣੇ ਸੇਵਕਾਂ ਤੋਂ ਆਪਣਾ ਜੱਸ ਸੁਣ ਕੇ ਉਨ੍ਹਾਂ 'ਤੇ ਮੋਹਤ ਹੋਣ ਵਾਲਾ ਹੋ ਕੇ ਜਾਲ ਰੂਪ ਵੀ ਤੂੰ ਆਪ ਹੀ ਹੈਂ।

**ਤੂੰ ਆਪੇ, ਜਾਲੁ ਵਤਾਇਦਾ; ਆਪੇ ਵਿਚਿ ਸੇਬਾਲੁ ॥**

ਤੂੰ ਆਪ ਹੀ ਮੋਹਿਤ ਕਰਨ ਰੂਪੀ ਜਾਲ ਵਤਾਇਦਾ = ਫੇਰਦਾ ਹੈਂ ਅਤੇ ਆਪ ਹੀ ਸੇਬਾਲੁ = ਜਾਲੇ ਦੀ ਨਿਆਈਂ ਪਦਾਰਥਾਂ ਰੂਪ ਜਾਲਾ ਦੇਣ ਵਾਲਾ ਹੈਂ।

**ਤੂੰ ਆਪੇ, ਕਮਲੁ ਅਲਿਪਤੁ ਹੈ; ਸੈ ਹਥਾ ਵਿਚਿ ਗੁਲਾਲੁ ॥**

ਤੂੰ ਆਪ ਹੀ ਕਮਲ ਦੀ ਨਿਆਈਂ ਸੰਤ, ਮਹਾਤਮਾ, ਤੱਤ ਬੇਤਾ ਰੂਪ ਹੈਂ। ਆਪ ਹੀ ਬ੍ਰਹਮ ਰੂਪ ਹੋਣ ਕਰਕੇ ਅਲਿਪਤੁ = ਨਿਰਲੇਪ ਰਹਿਣ ਵਾਲਾ ਹੈਂ। ਸੈ = ਸੈਂਕੜੇ ਹੱਥ ਗੁ = ਸ਼ਾਸਤ੍ਰਾਂ ਕਰਕੇ ਦਿਬਭੋਗ, ਸਵਰਗ ਲੋਕ ਅਤੇ ਬ੍ਰਹਮ ਲੋਕ ਆਦਿ ਦੀ ਲਾਲੁ = ਲਾਲਸਾ ਤੋਂ ਰਹਿਤ ਪ੍ਰੇਮ ਰੰਗ ਵਿਚ ਨਿਰਲੇਪ ਰਹਿਣ ਵਾਲਾ ਹੈਂ।

## ਤੂੰ ਆਪੇ, ਮੁਕਤਿ ਕਰਾਇਦਾ; ਇਕ ਨਿਮਖ ਘੜੀ ਕਰਿ ਖਿਆਲੁ ॥

ਹੇ ਅਕਾਲ ਪੁਰਖ! ਤੂੰ ਆਪ ਹੀ ਗੁਰਮੁਖ ਜਨਾਂ ਨੂੰ ਗੁਰਾਂ ਦੁਆਰਾ ਉਪਦੇਸ਼ ਦੇ ਕੇ ਮੁਕਤ ਕਰਾਇਦਾ = ਕਰਵਾ ਦਿੰਦਾ ਹੈਂ, ਜੋ ਇਕ ਘੜੀ ਵਿੱਚੋਂ ਨਿਮਖ = ਛਿਨ ਮਾਤਰ ਵੀ ਤੇਰਾ ਖਿਆਲੁ = ਧਿਆਨ ਕਰਿ = ਕਰਦੇ ਹਨ।

## ਹਰਿ ਤੁਧਹੁ ਬਾਹਰਿ, ਕਿਛੁ ਨਹੀ; ਗੁਰ ਸਬਦੀ ਵੇਖਿ ਨਿਹਾਲੁ ॥੭॥

ਹੇ ਹਰਿ = ਵਾਹਿਗੁਰੂ! ਤੁਧਹੁ = ਤੁਹਾਡੇ ਤੋਂ ਬਾਹਰ ਕੁਝ ਵੀ ਨਹੀਂ ਹੈ, ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰੂ ਦੇ ਸਬਦੀ = ਉਪਦੇਸ਼ ਦੀ ਕਮਾਈ ਕੀਤੀ ਹੈ, ਉਨ੍ਹਾਂ ਨੂੰ ਵੇਖ ਕੇ ਨਿਹਾਲੁ = ਪ੍ਰਸੰਨ ਹੋ ਜਾਈਦਾ ਹੈ **ਵਾ:** ਗੁਰਮੁਖ ਜਨ ਗੁਰਾਂ ਦੇ ਸਬਦੀ = ਉਪਦੇਸ਼ ਦੀ ਕਮਾਈ ਕਰ ਕੇ ਆਪਣਾ ਨਿਜ ਸਰੂਪ ਵੇਖ ਕੇ ਨਿਹਾਲ ਹੋ ਜਾਂਦੇ ਹਨ ॥੭॥

## ਸਲੋਕ ਮ: ੩ ॥

ਅੰਤਰਜਾਮੀ ਸਾਹਿਬ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਸ੍ਰੀ ਗੋਇੰਦਵਾਲ ਸਾਹਿਬ ਸੰਗਤਾਂ ਦੇ ਤਾਈਂ ਅੰਮ੍ਰਿਤ ਉਪਦੇਸ਼ ਦੇ ਕੇ ਨਿਹਾਲ ਕਰ ਰਹੇ ਸਨ। ਗ਼ਰੀਬ ਨਿਵਾਜ਼ ਪਾਤਸ਼ਾਹ ਜੀ ਦੇ ਪਾਸ ਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ ਜੀਉ! ਜੀਵ ਸੋਗ ਦੇ ਸਹਿਤ ਦੁਖੀ ਹੋ ਕੇ ਵਿਰਲਾਪ ਕਿਉਂ ਕਰਦੇ ਰਹਿੰਦੇ ਹਨ? ਹਜ਼ੂਰ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਗੁਰਸਿੱਖੋ! ਉਨ੍ਹਾਂ ਜੀਵਾਂ ਦੀ ਐਸੀ ਹਾਲਤ ਹੁੰਦੀ ਹੈ।

## ਹੁਕਮੁ ਨ ਜਾਣੈ; ਬਹੁਤਾ ਰੋਵੈ ॥

ਇਹ ਜੀਵ ਰੂਪੀ ਇਸਤਰੀ ਪਰਮੇਸ਼ਰ ਦੇ ਹੁਕਮੁ = ਭਾਣੇ ਨੂੰ ਨਾ ਜਾਣੈ = ਜਾਨਣੇ ਕਰਕੇ ਆਪਣੇ ਕੀਤੇ ਕਰਮਾਂ ਦੀ ਕਰਨੀ ਅਨੁਸਾਰ ਬਹੁਤਾ = ਅਤਿਅੰਤ ਰੋਵੈ = ਰੋਂਦੀ ਹੈ ਭਾਵ ਪਰਮੇਸ਼ਰ ਦਾ ਹੁਕਮ ਨਾ ਮੰਨਣ ਕਰਕੇ ਵਿਰਲਾਪ ਕਰਦੀ ਰਹਿੰਦੀ ਹੈ।

**ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਤੇ ਇਕ ਜ਼ਿਮੀਂਦਾਰ ਦੀ :** ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਜਨਮ ਸਾਖੀ' ਵਿਚ ਉਪਦੇਸ਼ ਆਉਂਦਾ ਹੈ। ਕਿਸੇ ਇਲਾਕੇ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਗਏ। ਉਸ ਥਾਂ 'ਤੇ ਇਕ ਮਣ੍ਹੇ 'ਤੇ ਬੈਠਾ ਵਿਅਕਤੀ ਰੱਬ ਨੂੰ ਗਾਲ੍ਹਾਂ ਕੱਢ ਰਿਹਾ ਸੀ ਕਿ ਰੱਬ ਨੇ ਮੇਰੇ ਪੁੱਤਰ ਮਾਰ ਦਿੱਤੇ। ਮੇਰਾ ਕੁਝ ਵੀ ਨਹੀਂ ਰਿਹਾ। ਗੁਰੂ ਸਾਹਿਬ ਜੀ ਨੇ ਭਾਈ ਬਾਲਾ ਜੀ ਨੂੰ ਕਿਹਾ ਕਿ ਇਸ ਨੂੰ ਸਾਡੇ ਪਾਸ ਬੁਲਾ ਕੇ ਲਿਆਉ। ਜ਼ਿਮੀਂਦਾਰ ਨੂੰ ਪਾਤਸ਼ਾਹ ਜੀ ਕੋਲ ਲਿਆਂਦਾ। ਗੁਰੂ ਸਾਹਿਬ ਜੀ ਉਸ ਜ਼ਿਮੀਂਦਾਰ ਨੂੰ ਆਖਣ ਲੱਗੇ ਕਿ ਭਾਈ! ਤੂੰ ਪਰਮੇਸ਼ਰ ਨੂੰ ਗਾਲ੍ਹਾਂ ਕਿਉਂ ਕੱਢ ਰਿਹਾ ਹੈਂ? ਤਾਂ ਉਹ ਜ਼ਿਮੀਂਦਾਰ ਆਖਣ ਲੱਗਾ ਕਿ ਮੇਰੇ ਚਾਰ ਪੁੱਤਰ ਸਨ। ਰੱਬ ਨੇ ਮੇਰੇ ਪੁੱਤਰ ਮਾਰ ਦਿੱਤੇ ਮੈਂ ਗਾਲ੍ਹਾਂ ਨਾ ਕੱਢਾਂ ਤਾਂ ਹੋਰ

ਕੀ ਕਰਾਂ। ਐਸਾ ਸੁਣ ਕੇ ਸਤਿਗੁਰੂ ਪਾਤਸ਼ਾਹ ਆਖਣ ਲੱਗੇ ਕਿ ਤੂੰ ਇਸ ਤਰ੍ਹਾਂ ਕਰ ਕਿ ਆਪਣੇ ਦੋਵੇਂ ਪੈਰ ਸਾਨੂੰ ਦੇ ਦੇ, ਅਸੀਂ ਤੈਨੂੰ ਪਰਮੇਸ਼ਰ ਤੋਂ ਦਸ ਹਜ਼ਾਰ ਰੁਪਏ ਦਿਵਾ ਦਿੰਦੇ ਹਾਂ। ਤਾਂ ਉਹ ਕਹਿਣ ਲੱਗਾ ਕਿ ਮੈਂ ਪੈਰਾਂ ਤੋਂ ਬਿਨਾਂ ਕਿਸ ਤਰ੍ਹਾਂ ਤੁਰਾਂਗਾ ? ਸਤਿਗੁਰੂ ਆਖਣ ਲੱਗੇ ਕਿ ਜੇਕਰ ਪੈਰ ਨਹੀਂ ਤਾਂ ਦੋਵੇਂ ਹੱਥ ਦੇ ਦੇ, ਅਸੀਂ ਤੈਨੂੰ ਪਰਮੇਸ਼ਰ ਤੋਂ ੨੦ ਹਜ਼ਾਰ ਰੁਪਏ ਦਿਵਾ ਦਿੰਦੇ ਹਾਂ। ਜ਼ਿਮੀਂਦਾਰ ਕਹਿਣ ਲੱਗਾ ਕਿ ਮੈਂ ਬਿਨਾਂ ਹੱਥਾਂ ਤੋਂ ਕਿਸ ਤਰ੍ਹਾਂ ਖਾਵਾਂ ਪੀਵਾਂਗਾ ? ਮੇਰੀ ਸਾਰੀ ਕੰਮ ਕਰਨ ਦੀ ਕਿਰਿਆ ਰੁਕ ਜਾਵੇਗੀ। ਫਿਰ ਸਤਿਗੁਰੂ ਜੀ ਕਹਿਣ ਲੱਗੇ ਕਿ ਚੰਗਾ ਤੂੰ ਆਪਣੇ ਦੋਵੇਂ ਨੇਤਰ ਦੇ ਦੇ, ਅਸੀਂ ਤੈਨੂੰ ਕਰਤਾਰ ਤੋਂ ਇਕ ਲੱਖ ਰੁਪਇਆ ਦਿਵਾ ਦਿੰਦੇ ਹਾਂ। ਉਹ ਜ਼ਿਮੀਂਦਾਰ ਆਖਣ ਲੱਗਾ ਕਿ ਮੈਂ ਬਿਨਾਂ ਅੱਖਾਂ ਤੋਂ ਕਿਵੇਂ ਦੇਖਾਂਗਾ ? ਸਤਿਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜੇਕਰ ਹੋਰ ਕੁਝ ਨਹੀਂ ਦੇ ਸਕਦਾ ਤਾਂ ਆਪਣਾ ਸਿਰ ਦੇ ਦੇ, ਅਸੀਂ ਤੈਨੂੰ ਦੋ ਲੱਖ ਦਿਵਾ ਦਿੰਦੇ ਹਾਂ ਤਾਂ ਜ਼ਿਮੀਂਦਾਰ ਕਹਿਣ ਲੱਗਾ ਫਿਰ ਤਾਂ ਮੈਂ ਮਰ ਹੀ ਜਾਵਾਂਗਾ। ਪੈਸਾ ਮੇਰੇ ਕੀ ਕੰਮ ਆਵੇਗਾ ? ਜਨਮ ਸਾਖੀ ਵਿਚ ਇਸ ਤਰ੍ਹਾਂ ਦੋਹਰਾ ਵੀ ਆਉਂਦਾ ਹੈ ਕਿ 'ਸਭ ਕੁਝ ਗੋਬਿੰਦ ਨੇ ਦੀਆ ਜਬ ਦੀਨੀ ਮਾਨਸ ਦੇਹ।' ਜਦੋਂ ਪਰਮੇਸ਼ਰ ਨੇ ਤੈਨੂੰ ਮਨੁੱਖਾ ਦੇਹ ਦਿੱਤੀ ਤਾਂ ਨਾਲ ਹੀ ਸਾਰਾ ਕੁਝ ਦਿੱਤਾ ਹੈ। 'ਸਾਧ ਸੰਗ ਹਰਿ ਭਜਨ ਕਰ ਜਨਮ ਸਫਲ ਕਰ ਲੇਹ।' ਤੂੰ ਸਤਿਸੰਗਤ ਕਰ ਕੇ ਅਤੇ ਪਰਮੇਸ਼ਰ ਦਾ ਭਜਨ ਕਰ ਕੇ ਆਪਣਾ ਜਨਮ ਸਫਲਾ ਕਰਨਾ ਕਰ। ਇਸ ਪ੍ਰਕਾਰ ਜੋ ਮਨੁੱਖਾ ਦੇਹ ਚੰਗੇ ਪਾਸੇ ਨਹੀਂ ਲਾਉਂਦੇ ਅਤੇ ਵਾਹਿਗੁਰੂ ਪਰਮੇਸ਼ਰ ਦੇ ਹੁਕਮ ਨੂੰ ਨਹੀਂ ਮੰਨਦੇ, ਉਹ ਆਪਣਾ ਜਨਮ ਵਿਰਲਾਪ ਕਰਦੇ ਹੀ ਵਿਅਰਥ ਗਵਾ ਲੈਂਦੇ ਹਨ।

## ਅੰਦਰਿ ਧੋਖਾ; ਨੀਦ ਨ ਸੋਵੈ ॥

ਜੀਵ ਰੂਪ ਇਸਤਰੀ ਦੇ ਹਿਰਦੇ ਅੰਦਰਿ = ਵਿਚ ਦੂਸਰਿਆਂ ਪ੍ਰਤੀ ਧੋਖਾ = ਛਲ, ਫਰੇਬ **ਵਾ:** ਪ੍ਰਮਾਣਗਤ, ਪ੍ਰਮੇਯਗਤਿ ਆਦਿ ਧੋਖਾ = ਸੰਸਾ ਬਣਿਆ ਰਹਿੰਦਾ ਹੈ, ਇਸ ਲਈ ਸ਼ਾਂਤੀ ਰੂਪ ਨੀਂਦ ਵਿਚ ਨਹੀਂ ਸੋਵੈ = ਸੌਂ ਸਕਦੀ।

## ਜੇ ਧਨ; ਖਸਮੈ ਚਲੈ ਰਜਾਈ ॥

(**ਚੱਲੈ** ਦਾ ਉਚਾਰਣ ਅੱਧਕ ਸਹਿਤ ਹੈ)

ਜੇ = ਜੇਕਰ ਜੀਵ ਰੂਪ ਧਨ = ਇਸਤਰੀ ਆਪਣੇ ਖਸਮੈ = ਮਾਲਕ ਪਰਮੇਸ਼ਰ ਦੀ ਰਜਾਈ = ਆਗਿਆ ਵਿਚ ਚਲੈ = ਚੱਲਣਾ ਕਰੇ।

## ਦਰਿ ਘਰਿ ਸੋਭਾ; ਮਹਲਿ ਬੁਲਾਈ ॥

ਤਾਂ ਉਸ ਦੀ ਸੰਸਾਰ ਰੂਪੀ ਦਰ ਵਿਚ ਵੀ ਤੇ ਪ੍ਰਲੋਕ ਰੂਪੀ ਘਰ ਵਿਚ ਵੀ ਸੋਭਾ = ਵਡਿਆਈ ਹੁੰਦੀ ਹੈ ਤੇ ਉਸ ਨੂੰ ਪਰਮੇਸ਼ਰ ਵੀ ਸੱਚਖੰਡ ਰੂਪੀ ਮਹਲਿ = ਮਹੱਲ ਵਿਚ ਬੁਲਾਈ = ਬੁਲਾ ਲੈਂਦਾ ਹੈ **ਵਾ:** ਉਸ ਦੀ ਸਾਧਸੰਗਤ ਰੂਪੀ ਦਰ ਵਿਚ ਸੋਭਾ ਹੁੰਦੀ ਹੈ, ਅੰਤਹਕਰਣ ਰੂਪੀ ਘਰ ਵਿਚ ਵੀ ਸਾਖੀ ਸਰੂਪ ਦੀ ਸਾਖਿਆਤਤਾ ਰੂਪ ਸੋਭਾ ਪ੍ਰਾਪਤ ਹੁੰਦੀ ਹੈ ਅਤੇ ਪਰਮੇਸ਼ਰ ਉਸ ਨੂੰ ਤੁਰੀਆ ਪਦ ਰੂਪੀ ਮਹਲ ਵਿਚ ਬੁਲਾ ਕੇ ਆਪਣੇ ਵਿਚ ਅਭੇਦ ਕਰ ਲੈਂਦਾ ਹੈ।

## ਨਾਨਕ; ਕਰਮੀ ਇਹ ਮਤਿ ਪਾਈ ॥

ਸਤਿਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਕਰਮੀ = ਚੰਗੇ ਸ੍ਰੇਸ਼ਟ ਨਿਸ਼ਕਾਮ ਕਰਮਾਂ ਕਰਕੇ ਸਤਿਸੰਗਤ ਕਰਨ ਦੀ ਇਹ ਮਤਿ = ਸਿੱਖਿਆ ਨੂੰ ਪਾਈ = ਪਾਈਦਾ ਭਾਵ ਪ੍ਰਾਪਤ ਕਰੀਦਾ ਹੈ; ਅਤੇ

## ਗੁਰ ਪਰਸਾਦੀ; ਸਚਿ ਸਮਾਈ ॥੧॥

ਗੁਰੂ ਦੀ ਪਰਸਾਦੀ = ਕਿਰਪਾ ਦ੍ਰਿਸ਼ਟੀ ਨਾਲ ਜੀਵ ਰੂਪ ਇਸਤਰੀ ਦੀ ਸਤਿ ਸਰੂਪ ਪਰਮੇਸ਼ਰ ਵਿਚ ਸਮਾਈ = ਅਭੇਦਤਾ ਹੋ ਜਾਂਦੀ ਹੈ ॥੧॥

## ਮ: ੩ ॥ ਮਨਮੁਖ ਨਾਮ ਵਿਹੂਣਿਆ; ਰੰਗੁ ਕਸੁੰਭਾ ਦੇਖਿ ਨ ਭੁਲੁ ॥

ਹੇ ਪਰਮੇਸ਼ਰ ਦੇ ਨਾਮ ਤੋਂ ਵਿਹੂਣਿਆ = ਖ਼ਾਲੀ ਮਨਮੁਖ ਜੀਵ ! ਕੁਸੰਭੇ ਰੰਗ ਦੀ ਨਿਆਈਂ ਨਾਸ਼ ਹੋ ਜਾਣ ਵਾਲੇ ਮਾਇਆ ਦੇ ਰੰਗ, ਵਿਸ਼ਿਆਂ ਦੇ ਰੰਗ, ਪਦਾਰਥਾਂ ਦੇ ਰੰਗਾਂ ਨੂੰ ਵੇਖ ਕੇ ਪਰਮਾਤਮਾ ਨੂੰ ਨਾ ਭੁੱਲ।

## ਇਸ ਕਾ ਰੰਗੁ ਦਿਨ ਥੋੜਿਆ; ਛੋਛਾ ਇਸ ਦਾ ਮੁਲੁ ॥

ਇਸ = ਇਹ ਮਾਇਆ ਕਾ = ਦਾ ਰੰਗੁ = ਅਨੰਦ ਕਸੁੰਭੇ ਦੇ ਰੰਗ ਵਾਂਗ ਥੋੜਿਆ = ਥੋੜ੍ਹੇ ਦਿਨ ਹੀ ਰਹਿਣ ਵਾਲਾ ਹੈ। ਮਰਨ ਤੋਂ ਬਾਅਦ ਇਸ ਦਾ ਮੁੱਲ ਛੋਛਾ = ਤੁੱਛ ਮਾਤਰ ਹੀ ਹੈ।

## ਦੂਜੈ ਲਗੇ ਪਚਿ ਮੁਏ; ਮੂਰਖ ਅੰਧ ਗਵਾਰ ॥

ਗਵਾਰ = ਬੇਸਮਝ ਅੰਧ = ਅਗਿਆਨੀ ਤੇ ਮੂਰਖ ਜੀਵ ਦੂਜੈ = ਦਵੈਤ ਭਾਵ ਵਿਚ ਲਗੇ = ਲੱਗਣ ਕਰਕੇ ਪਚਿ = ਖਪ ਖਪ ਕੇ ਮੁਏ = ਮਰ ਜਾਂਦੇ ਹਨ **ਵਾ:** ਮਨ ਦੇ ਅੰਧੇ, ਬਾਣੀ ਕਰਕੇ ਮੂਰਖ ਤੇ ਸਰੀਰ ਕਰਕੇ ਗਵਾਰ **ਵਾ:** ਵਿਵਹਾਰਾਂ ਵੱਲੋਂ ਮੂਰਖ, ਸ਼ਾਸਤ੍ਰ ਗਿਆਤ ਵੱਲੋਂ ਅੰਧ = ਅਗਿਆਨੀ ਤੇ ਪ੍ਰਮਾਰਥ ਵੱਲੋਂ ਗਵਾਰ ਮਨਮੁਖ ਜੀਵ ਦੂਸਰੇ ਮਾਇਕੀ ਪਦਾਰਥਾਂ ਵਿਚ ਲੱਗ ਕੇ ਅੰਤ ਨੂੰ ਪਚਿ = ਖੁਆਰ ਹੋ ਕੇ ਮੁਏ = ਮਰ ਜਾਂਦੇ ਹਨ।

## ਬਿਸਟਾ ਅੰਦਰਿ ਕੀਟ ਸੇ; ਪਇ ਪਚਹਿ ਵਾਰੋ ਵਾਰ ॥

ਸੇ = ਉਹ ਮਨਮੁਖ ਜੀਵ ਬਿਸਟਾ = ਗੰਦਗੀ ਅੰਦਰਿ = ਵਿਚ ਵਸਣ ਵਾਲੇ ਕੀਟ = ਕੀੜੇ ਬਣਦੇ ਹਨ ਅਤੇ ਵਾਰੋ ਵਾਰ = ਮੁੜ ਮੁੜ ਕੇ ਜੂਨਾਂ ਵਿਚ ਪੈ ਕੇ ਨਰਕਾਂ ਰੂਪੀ ਅਗਨੀ ਵਿਚ ਪਚਹਿ = ਸੜਦੇ ਰਹਿੰਦੇ ਹਨ।

## ਨਾਨਕ, ਨਾਮ ਰਤੇ ਸੇ ਰੰਗੁਲੇ; ਗੁਰ ਕੈ ਸਹਜਿ ਸੁਭਾਇ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਗੁਰ = ਸਤਿਗੁਰਾਂ ਕੈ = ਦੇ ਉਪਦੇਸ਼ ਦੁਆਰਾ ਸਹਜਿ = ਸ਼ਾਂਤੀ ਸੁਭਾਇ = ਸੁਭਾਅ ਧਾਰਨ ਕੀਤਾ ਹੈ, ਸੇ = ਉਹ ਨਾਮ ਵਿਚ ਰਤੇ = ਰੰਗੇ ਹੋਏ ਪਰਮੇਸ਼ਰ ਦੇ ਰੰਗੁਲੇ = ਅਨੰਦ ਸਹਿਤ ਰਹਿੰਦੇ ਹਨ।

## ਭਗਤੀ ਰੰਗੁ ਨ ਉਤਰੈ; ਸਹਜੇ ਰਹੈ ਸਮਾਇ ॥੨॥

ਉਨ੍ਹਾਂ ਨੂੰ ਪਰਮੇਸ਼ਰ ਦੀ ਭਗਤੀ ਦਾ ਐਸਾ ਰੰਗ ਚੜ੍ਹਿਆ ਹੋਇਆ ਹੈ ਕਿ ਕਦੇ ਵੀ ਉਤਰੈ = ਉਤਰਦਾ ਨਹੀਂ। ਉਹ ਪਰਮੇਸ਼ਰ ਵਿਚ ਸਹਜੇ = ਸੁਤੇ-ਸਿੱਧ ਹੀ ਸਮਾਇ = ਮਿਲੇ ਰਹਿੰਦੇ ਹਨ ॥੨॥

## ਪਉੜੀ ॥ ਸਿਸਟਿ ਉਪਾਈ ਸਭ ਤੁਧੁ; ਆਪੇ ਰਿਜਕੁ ਸੰਬਾਹਿਆ ॥

ਹੇ ਅਕਾਲ ਪੁਰਖ ! ਜਿਤਨੀ ਵੀ ਚਾਰ ਖਾਣੀਆਂ ਰੂਪ ਸ੍ਰਿਸ਼ਟੀ ਹੈ, ਇਹ ਸਭ = ਸਾਰੀ ਤੁਧੁ = ਤੂੰ ਆਪ ਹੀ ਉਪਾਈ = ਪੈਦਾ ਕੀਤੀ ਹੈ ਅਤੇ ਆਪੇ = ਆਪ ਹੀ ਸਾਰੇ ਜੀਵਾਂ ਨੂੰ ਰਿਜਕੁ = ਰੋਜ਼ੀ ਸੰਬਾਹਿਆ = ਪਹੁਚਾਉਂਦਾ ਹੈਂ। ਜੈਸਾ ਕਿ :

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥**

*(ਰਾਗੁ ਗੂਜਰੀ ਮ: ੫, ਅੰਗ ੧੦)*

## ਇਕਿ ਵਲੁ ਛਲੁ ਕਰਿ ਕੈ ਖਾਵਦੇ; ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ ॥

(**ਕੁਸੱਤੁ** ਦਾ ਉਚਾਰਣ ਅੱਧਕ ਸਹਿਤ ਹੈ)

ਇਕਿ = ਕਈ ਜੀਵ ਵਲੁ = ਫਰੇਬ ਛਲੁ = ਧੋਖਾ ਕਰਿ ਕੈ = ਕਰਕੇ ਰਿਜਕ ਕਮਾਉਂਦੇ ਤੇ ਖਾਵਦੇ = ਖਾਂਦੇ ਹਨ ਅਤੇ ਮੁਹਹੁ = ਮੂੰਹੋਂ ਵੀ ਤਿਨੀ = ਉਹ ਕੂੜੁ = ਝੂਠੇ ਤੇ ਕੁਸਤੁ = ਵਦੀ ਵਾਲੇ ਬਚਨ ਢਾਹਿਆ = ਬੋਲਦੇ ਹਨ **ਵਾ**: ਉਨ੍ਹਾਂ ਦਾ ਜੀਵਨ ਸ਼ੁਭ ਗੁਣਾਂ ਵੱਲੋਂ ਕਾਮ ਆਦਿਕਾਂ ਵਿਚ ਢਾਹਿਆ = ਢਹਿ ਗਿਆ ਹੈ।

## ਤੁਧੁ ਆਪੇ ਭਾਵੈ ਸੋ ਕਰਹਿ; ਤੁਧੁ ਓਤੈ ਕੰਮਿ ਓਇ ਲਾਇਆ ॥

ਹੇ ਪਰਮੇਸ਼ਰ ! ਜੋ ਤੁਧੁ = ਤੈਨੂੰ ਆਪੇ = ਆਪ ਭਾਵੈ = ਭਾਉਂਦਾ ਭਾਵ ਚੰਗਾ ਲੱਗਦਾ ਹੈ, ਸੋ = ਉਹ ਹੀ ਜੀਵਾਂ ਨੂੰ ਫਲ ਦੇਣਾ ਕਰਹਿ = ਕਰਦਾ ਹੈਂ ਅਤੇ ਜੋ ਤੁਧੁ = ਤੂੰ ਕਿਸੇ ਨੂੰ ਜਿਹੋ ਜਿਹੇ ਕੰਮ ਦੇ ਲਾਇਕ ਸਮਝਿਆ ਹੈ, ਉਸ ਨੂੰ ਓਤੈ = ਉਸੇ ਕੰਮ ਵਿਚ ਲਾ ਦਿੱਤਾ ਹੈ। ਭਾਵ ਮੰਦ ਕਰਮੀਆਂ ਨੂੰ ਮੰਦੇ ਕਰਮ ਅਤੇ ਚੰਗਿਆਂ ਨੂੰ ਸ੍ਰੇਸ਼ਟ ਕਰਮਾਂ ਵਿਚ ਲਾ ਦਿੱਤਾ ਹੈ।

## ਇਕਨਾ ਸਚੁ ਬੁਝਾਇਓਨੁ; ਤਿਨਾ ਅਤੁਟ ਭੰਡਾਰ ਦੇਵਾਇਆ ॥

ਇਕਨਾ = ਕਈ ਗੁਰਮੁਖ ਜਨਾਂ ਨੂੰ ਆਪ ਜੀ ਨੇ ਕਿਰਪਾ ਕਰਕੇ ਗੁਰਾਂ ਦੁਆਰਾ ਸੱਚਾ ਨਾਮ ਬੁਝਾਇਓਨੁ = ਸਮਝਾ ਦਿੱਤਾ ਹੈ। ਉਨ੍ਹਾਂ ਨੂੰ ਭਗਤੀ ਦਾ ਕਦੇ ਵੀ ਅਤੁੱਟ ਨਾ ਮੁੱਕਣ ਵਾਲਾ ਭੰਡਾਰ = ਖ਼ਜ਼ਾਨਾ ਗੁਰਾਂ ਕੋਲੋਂ ਦੇਵਾਇਆ = ਦਿਵਾ ਦਿੱਤਾ ਹੈ।

## ਹਰਿ ਚੇਤਿ ਖਾਹਿ ਤਿਨਾ ਸਫਲੁ ਹੈ; ਅਚੇਤਾ ਹਥ ਤਡਾਇਆ ॥੮॥

ਜੋ ਹਰਿ = ਹਰੀ ਪਰਮੇਸ਼ਰ ਨੂੰ ਚੇਤਿ = ਯਾਦ ਭਾਵ ਸਿਮਰ ਕੇ ਪਦਾਰਥ ਖਾਹਿ = ਖਾਂਦੇ ਹਨ, ਤਿਨਾ = ਉਨ੍ਹਾਂ ਦਾ ਖਾਧਾ ਹੋਇਆ ਪਦਾਰਥ ਸਫਲਾ ਹੈ। ਜਿਹੜੇ ਪਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਅਚੇਤਾ = ਭੁੱਲੇ ਹੋਏ ਜੀਵ ਹਨ, ਉਹ ਘਰਾਂ ਘਰਾਂ ਵਿਚ ਜਾ ਕੇ ਹਰੇਕ ਦੇ ਅੱਗੇ ਹੱਥ ਤਡਾਇਆ = ਅੱਡ ਕੇ ਭਾਵ ਫੈਲਾ ਕੇ ਮੰਗਦੇ ਹਨ **ਅਥਵਾ** ਜੋ ਜੀਵ ਹਰਿ = ਪਰਮੇਸ਼ਰ ਦਾ ਚਿੰਤਨ ਕਰ ਕੇ ਪਦਾਰਥ ਖਾਂਦੇ ਹਨ ਤਿਨਾ = ਉਨ੍ਹਾਂ ਦਾ ਖਾਧਾ ਹੋਇਆ ਪਦਾਰਥ ਪਰਮੇਸ਼ਰ ਦੇ ਚਿੰਤਨ ਦੀ ਅੰਸ਼ ਹੋਣ ਕਰਕੇ ਅਰੋਗਤਾ ਰੂਪੀ ਸਹਿਤ ਫਲ ਦੇ ਹੈ, ਕਿਉਂਕਿ ਚਿੰਤਨ ਕਰ ਕੇ ਖਾਧਾ ਹੋਇਆ ਪਦਾਰਥ ਬਿਰਤੀ ਨੂੰ ਸਤੋਗੁਣੀ ਕਰ ਦਿੰਦਾ ਹੈ, ਜਿਸ ਕਰਕੇ ਕਾਮ, ਕ੍ਰੋਧ ਆਦਿ ਵਿਕਾਰ ਪ੍ਰਭਾਵ ਨਹੀਂ ਪਾਉਂਦੇ, ਚਿੰਤਨ ਕਰਨ ਨਾਲ ਮਾਨਸਿਕ ਤੇ ਸਰੀਰਕ ਰੋਗਾਂ ਤੋਂ ਰਹਿਤ ਹੋਈਦਾ ਹੈ ਅਤੇ ਜੋ ਜੀਵ ਅਚੇਤਾ = ਚਿੰਤਨ ਤੋਂ ਰਹਿਤ ਹੋ ਕੇ ਪਦਾਰਥ ਖਾਂਦੇ ਹਨ ਤਿਨ੍ਹਾਂ ਵਿਚ ਤਮੋਗੁਣ ਦੀ ਅੰਸ਼ ਵਧਣ ਕਰਕੇ ਕਾਮ, ਕ੍ਰੋਧ ਆਦਿ ਮਾਨਸਿਕ ਰੋਗ ਤੇ ਸਰੀਰਕ ਰੋਗ ਪੈਦਾ ਹੁੰਦੇ ਹਨ, ਉਨ੍ਹਾਂ ਦਾ ਅਨੇਕਾਂ ਜੂਨੀਆਂ ਰੂਪ ਘਰਾਂ ਵਿਚ ਮਨ ਰੂਪੀ ਹੱਥ ਪਦਾਰਥਾਂ ਨੂੰ ਪ੍ਰਾਪਤ ਕਰਨ ਲਈ ਅੱਡਿਆ ਰਹਿੰਦਾ ਹੈ ॥੮॥

## ਸਲੋਕ ਮ: ੩ ॥

**ਉਥਾਨਕਾ** : ਸ੍ਰੀ ਗੋਇੰਦਵਾਲ ਸਾਹਿਬ ਬਾਉਲੀ ਸਾਹਿਬ ਵਿਖੇ ਦੀਵਾਨ ਲੱਗਾ ਹੋਇਆ ਸੀ। ਤੀਸਰੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਬਚਨ ਸੀ ਕਿ ਜੋ ਵੀ ਸਿੱਖ ਸੰਗਤ ਸਾਡੇ ਦਰਸ਼ਨ ਕਰਨ ਆਵੇ, ਪਹਿਲਾਂ ਲੰਗਰ ਛਕੇ ਤੇ ਫਿਰ ਸਾਡੇ ਦਰਸ਼ਨ ਕਰਨ ਆਵੇ। ਇਕ ਬੇਣੀ ਪੰਡਿਤ ਸੀ। ਉਹ ਬਹੁਤ

ਵਿਦਵਾਨ ਸੀ। ਉਹ ਆ ਕੇ ਦੀਵਾਨ ਵਿਚ ਬੈਠ ਗਿਆ। ਉਸ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਗੁਰੂ ਪਾਤਸ਼ਾਹ ਜੀ ਨੂੰ ਕਹਿਣ ਲੱਗਾ ਕਿ ਮੈਂ ਬਹੁਤ ਵਿੱਦਿਆ ਪੜ੍ਹਿਆ ਹੋਇਆ ਹਾਂ। ਸਿੱਖਾਂ ਨੂੰ ਵੀ ਕੁਝ ਵਿੱਦਿਆ ਪੜ੍ਹਨ ਲਾਉਣਾ ਚਾਹੀਦਾ ਹੈ। ਤਾਂ ਗੁਰੂ ਸਾਹਿਬ ਜੀ ਨੇ ਉਸ ਦਾ ਹੰਕਾਰ ਦੇਖ ਕੇ ਅਤੇ ਮਾਇਆ ਵਿਚ ਫਸਿਆ ਜਾਣ ਕੇ ਇਸ ਤਰ੍ਹਾਂ ਪਾਵਨ ਪਵਿੱਤਰ ਉਪਦੇਸ਼ ਬਖ਼ਸ਼ਿਸ਼ ਕੀਤਾ :

## ਪੜਿ ਪੜਿ ਪੰਡਿਤ ਬੇਦ ਵਖਾਣਹਿ; ਮਾਇਆ ਮੋਹ ਸੁਆਇ ॥

ਹੇ ਭਾਈ ! ਜੋ ਮਾਇਆ ਦੇ ਮੋਹ ਦੇ ਸੁਆਇ = ਪ੍ਰਯੋਜਨ **ਵਾ:** ਪਦਾਰਥਾਂ ਦੇ ਸੁਆਇ = ਸੁਆਦ ਵਿਚ ਲੱਗ ਕੇ ਪੰਡਿਤ = ਵਿਦਵਾਨ ਬੇਦ = ਵੇਦਾਂ, ਸ਼ਾਸਤ੍ਰਾਂ ਆਦਿ ਨੂੰ ਪੜ੍ਹ ਪੜ੍ਹ ਕੇ ਵਖਾਣਹਿ = ਵਖਿਆਨ ਕਰਦੇ ਹਨ।

## ਦੂਜੈ ਭਾਇ ਹਰਿ ਨਾਮੁ ਵਿਸਾਰਿਆ; ਮਨ ਮੂਰਖ ਮਿਲੈ ਸਜਾਇ ॥

ਉਨ੍ਹਾਂ ਨੇ ਦੂਜੈ = ਦ੍ਵੈਤ ਭਾਵ ਵਿਚ ਲੱਗ ਕੇ ਹਰਿ = ਹਰੀ ਵਾਹਿਗੁਰੂ ਦਾ ਨਾਮ ਵਿਸਾਰਿਆ = ਭੁਲਾਇਆ ਹੋਇਆ ਹੈ। ਜਿਸ ਕਰਕੇ ਉਨ੍ਹਾਂ ਮਨ ਦੇ ਮੂਰਖਾਂ ਨੂੰ ਪਰਲੋਕ ਵਿਚ ਸਜਾਇ = ਸਜ਼ਾ ਮਿਲੈ = ਮਿਲਦੀ ਹੈ।

## ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ; ਜੋ ਦੇਂਦਾ ਰਿਜਕੁ ਸੰਬਾਹਿ ॥

ਜਿਨਿ = ਜਿਸ ਪਰਮੇਸ਼ਰ ਨੇ ਜੀਉ = ਜੀਵਨ ਭਾਵ ਚੇਤਨ ਸੱਤਾ ਦੇ ਕੇ ਸੂਖਮ ਪਿੰਡੁ = ਸਰੀਰ, ਕਾਰਨ ਦੇਹ, ਅਸਥੂਲ ਸਰੀਰ ਆਦਿਕ ਬਹੁਤ ਕੁਝ ਦਿੱਤਾ ਹੈ, ਤਿਸੁ = ਉਸ ਵਾਹਿਗੁਰੂ ਨੂੰ ਕਬਹੂੰ = ਕਦੇ ਵੀ ਨ ਚੇਤੈ = ਯਾਦ ਨਹੀਂ ਕੀਤਾ, ਜੋ ਸਾਰਿਆਂ ਨੂੰ ਰਿਜਕੁ = ਰੋਜ਼ੀ ਸੰਬਾਹਿ = ਪਹੁੰਚਾਉਂਦਾ ਹੈ।

## ਜਮ ਕਾ ਫਾਹਾ, ਗਲਹੁ ਨ ਕਟੀਐ; ਫਿਰਿ ਫਿਰਿ ਆਵੈ ਜਾਇ ॥

ਉਨ੍ਹਾਂ ਦੇ ਗਲਹੁ = ਗਲ ਵਿੱਚੋਂ ਜਮਾਂ ਦਾ ਫਾਹਾ = ਫੰਧਾ ਕੱਟਿਆ ਨਹੀਂ ਜਾਂਦਾ, ਭਾਵ ਉਹ ਕਦੇ ਮੁਕਤ ਨਹੀਂ ਹੋ ਸਕਦੇ। ਜੀਵ-ਆਤਮਾ ਫਿਰਿ ਫਿਰਿ = ਮੁੜ ਮੁੜ ਕੇ ਚੌਰਾਸੀ ਦੇ ਗੇੜੇ ਵਿਚ ਆਵੈ = ਆਉਂਦੀ ਜਾਇ = ਜਾਂਦੀ ਭਾਵ ਜੂਨਾਂ ਦੇ ਦੁੱਖ ਵਿਚ ਘੁੰਮਦੀ ਰਹਿੰਦੀ ਹੈ।

## ਮਨਮੁਖਿ ਕਿਛੂ ਨ ਸੂਝੈ ਅੰਧੁਲੇ; ਪੂਰਬਿ ਲਿਖਿਆ ਕਮਾਇ ॥

ਐਸੇ ਮਨਮੁਖਾਂ ਨੂੰ ਲੋਕ ਪਰਲੋਕ ਆਦਿ ਦਾ ਕਿਛੂ = ਕੁਝ ਵੀ ਗਿਆਨ ਸੂਝੈ = ਸੁੱਝਦਾ ਨ = ਨਹੀਂ ਹੈ। ਉਨ੍ਹਾਂ ਦੇ ਮਨ ਬੁੱਧੀ ਰੂਪੀ ਨੇਤਰਾਂ ਵਿਚ ਵਿਚਾਰ ਰੂਪੀ ਨਜ਼ਰ ਨਾ ਹੋਣ ਕਰਕੇ ਉਹ ਅਗਿਆਨ ਵਿਚ ਅੰਧੁਲੇ = ਅੰਨ੍ਹੇ ਹੋਏ ਹਨ। ਪੂਰਬਿ = ਪਿਛਲੇ ਕਰਮਾਂ ਦੇ ਅਨੁਸਾਰ ਪਰਮੇਸ਼ਰ ਵੱਲੋਂ ਲਿਖੇ ਹੋਏ ਲੇਖਾਂ ਕਰਕੇ ਹੀ ਉਹ ਕਰਮਾਂ ਨੂੰ ਕਮਾਇ = ਕਮਾਉਂਦੇ ਹਨ। ਉਹ ਆਪਣੇ ਜੀਵਨ ਵਿਚ ਉਹ ਹੀ ਕਮਾਈ ਕਰਦੇ ਹਨ ਜੋ ਉਨ੍ਹਾਂ ਨੂੰ ਪਿਛਲੇ ਕੀਤੇ ਹੋਏ ਕਰਮਾਂ ਦੁਆਰਾ ਵਾਸ਼ਨਾ ਫੁਰਦੀ ਹੈ।

## ਪੂਰੈ ਭਾਗਿ ਸਤਿਗੁਰੁ ਮਿਲੈ; ਸੁਖ ਦਾਤਾ, ਨਾਮੁ ਵਸੈ ਮਨਿ ਆਇ ॥

ਜਿਨ੍ਹਾਂ ਦੇ ਪੂਰੇ ਉੱਤਮ ਭਾਗ ਹਨ ਭਾਵ ਕਿ ਜਿਨ੍ਹਾਂ ਨੇ ਨਿਸ਼ਕਾਮ ਕਰਮ ਕੀਤੇ ਹਨ, ਉਨ੍ਹਾਂ ਦਾ ਸਤਿਗੁਰੂ ਨਾਲ ਮਿਲੈ = ਮਿਲਾਪ ਹੋ ਜਾਂਦਾ ਹੈ ਅਤੇ ਸੁੱਖਾਂ ਦੀਆਂ ਦਾਤਾਂ ਦੇਣ ਵਾਲੇ ਪਰਮੇਸ਼ਰ ਦਾ ਨਾਮ ਉਨ੍ਹਾਂ ਦੇ ਮਨ ਵਿਚ ਆਇ = ਆ ਕੇ ਵਸੈ = ਵਸ ਜਾਂਦਾ ਹੈ।

## ਸੁਖੁ ਮਾਣਹਿ ਸੁਖੁ ਪੈਨਣਾ; ਸੁਖੇ ਸੁਖਿ ਵਿਹਾਇ ॥

ਉਹ ਪਰਮੇਸ਼ਰ ਦੇ ਨਾਮ ਨੂੰ ਸ੍ਰਵਨ ਕਰਨ ਰੂਪ ਸੁਖ ਮਾਣਹਿ = ਮਾਣਦੇ ਹਨ, ਸੱਚੇ ਨਾਮ ਦਾ ਮੰਨਣ ਕਰਨ ਰੂਪ ਪੈਨਣਾ = ਪਹਿਨਣ ਦਾ ਸੁਖ ਮਾਣਦੇ ਹਨ। ਸੁੱਖ ਦੇ ਵਿਚ ਹੀ ਨਿਧਿਆਸਣ ਭਾਵ ਕਮਾਈ ਕਰਦੇ ਹਨ। ਸੁੱਖ ਵਿਚ ਹੀ ਤੱਤ ਤ੍ਵੰ ਪਦ ਦਾ ਸੰਸ਼ੋਧਨ ਕਰਦੇ ਹਨ। ਇਉਂ ਉਨ੍ਹਾਂ ਦਾ ਸਮਾਂ ਜੀਵਨ-ਮੁਕਤੀ ਦੇ ਅਨੰਦ ਰੂਪ ਸੁੱਖ ਹੀ ਸੁੱਖ ਵਿਚ ਵਿਹਾਇ = ਬਤੀਤ ਹੁੰਦਾ ਹੈ।

## ਨਾਨਕ ਸੋ ਨਾਉ ਮਨਹੁ ਨ ਵਿਸਾਰੀਐ; ਜਿਤੁ ਦਰਿ ਸਚੈ ਸੋਭਾ ਪਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੋ = ਉਸ ਤੱਤਪਦ ਦੇ ਲੱਖਯ ਅਰਥ ਰੂਪ ਪਰਮੇਸ਼ਰ ਦੇ ਨਾਮ ਨੂੰ ਕਦੇ ਵੀ ਆਪਣੇ ਮਨ ਤੋਂ ਵਿਸਾਰੀਐ = ਵਿਸਾਰਨਾ ਨਹੀਂ ਚਾਹੀਦਾ। ਜਿਤੁ = ਜਿਸ ਨਾਮ ਕਰਕੇ ਇਹ ਜੀਵ ਸਚੈ = ਸੱਚੇ ਅਕਾਲ ਪੁਰਖ ਦੇ ਸੱਚਖੰਡ ਰੂਪੀ ਦਰਿ = ਦੁਆਰ ਵਿਚ ਸੋਭਾ = ਵਡਿਆਈ ਪਾਉਂਦਾ ਹੈ ॥੧॥

[ਅੰਗ ੮੬]

## ਮ: ੩ ॥ ਸਤਿਗੁਰੁ ਸੇਵਿ ਸੁਖੁ ਪਾਇਆ; ਸਚੁ ਨਾਮੁ ਗੁਣਤਾਸੁ ॥

ਜਿਨ੍ਹਾਂ ਨੇ ਸਤਿਗੁਰੂ ਦਾ ਸੇਵਿ = ਸੇਵਨ ਕੀਤਾ ਹੈ, ਉਨ੍ਹਾਂ ਨੇ ਆਤਮਕ ਅਨੰਦ ਰੂਪ ਸੁੱਖ ਨੂੰ ਪਾਇਆ ਹੈ। ਉਨ੍ਹਾਂ ਨੇ ਸੱਚਾ ਨਾਮ ਜੋ ਗੁਣਾਂ ਦਾ ਤਾਸੁ = ਖ਼ਜ਼ਾਨਾ ਹੈ, ਉਸ ਦੇ ਸੁੱਖ ਸਰੂਪ ਨੂੰ ਪਾ ਲਿਆ ਹੈ।

## ਗੁਰਮਤੀ ਆਪੁ ਪਛਾਣਿਆ; ਰਾਮ ਨਾਮ ਪਰਗਾਸੁ ॥

ਉਨ੍ਹਾਂ ਨੇ ਹੀ ਗੁਰਮਤੀ = ਗੁਰਾਂ ਦੀ ਸਿੱਖਿਆ ਦੁਆਰਾ ਆਪਣਾ ਆਪ ਪਛਾਣਿਆ = ਪਛਾਣ ਲਿਆ ਹੈ ਅਤੇ ਉਨ੍ਹਾਂ ਦੇ ਹਿਰਦੇ ਅੰਦਰ ਰਾਮ = ਪਰਮੇਸ਼ਰ ਦੇ ਨਾਮ ਦਾ ਪਰਗਾਸੁ = ਚਾਨਣਾ ਹੋ ਜਾਂਦਾ ਹੈ **ਅਥਵਾ** ਜਿਨ੍ਹਾਂ ਨੇ ਗੁਰਮਤ ਦੁਆਰਾ ਆਪਣਾ ਸਤ ਚਿੱਤ ਅਨੰਦ ਸਰੂਪ ਪਛਾਣ ਲਿਆ ਹੈ, ਉਨ੍ਹਾਂ ਨੂੰ ਗੁਰਮਤ ਦੁਆਰਾ ਰਾਮ = ਪਰਮੇਸ਼ਰ ਦੇ ਨਾਮ ਦਾ ਪਰੁ = ਵਿਸ਼ੇਸ਼ ਕਰਕੇ ਗਾਸੁ = ਪ੍ਰਕਾਸ਼ ਹੋ ਗਿਆ ਹੈ।

## ਸਚੋ ਸਚੁ ਕਮਾਵਣਾ; ਵਡਿਆਈ ਵਡੇ ਪਾਸਿ ॥

ਜੋ ਸੱਚ ਦਾ ਸ੍ਰਵਨ ਅਤੇ ਮੰਨਣ ਕਰਕੇ ਸੱਚ ਨਾਮ ਨੂੰ ਕਮਾਵਣਾ = ਕਮਾਉਣਾ ਕਰਦੇ ਹਨ, ਉਨ੍ਹਾਂ ਨੂੰ ਵਡੇ ਅਕਾਲ ਪੁਰਖ ਪਾਸਿ = ਕੋਲੋਂ ਵਡਿਆਈ ਪ੍ਰਾਪਤ ਹੋਈ ਹੈ।

## ਜੀਉ ਪਿੰਡੁ ਸਭੁ ਤਿਸ ਕਾ; ਸਿਫਤਿ ਕਰੇ ਅਰਦਾਸਿ ॥

ਜੀਉ = ਜੀਵ ਅਤੇ ਸੂਖਮ ਸਰੀਰ, ਪਿੰਡੁ = ਅਸਥੂਲ ਸਰੀਰ ਆਦਿ ਸਭੁ = ਸਾਰਾ ਕੁਝ ਤਿਸ = ਉਸ ਵਾਹਿਗੁਰੂ ਕਾ = ਦਾ ਹੀ ਬਖ਼ਸ਼ਿਆ ਹੋਇਆ ਹੈ। ਗੁਰਮੁਖ ਜਨ ਉਸ ਅਕਾਲ ਪੁਰਖ ਵਾਹਿਗੁਰੂ ਦੀ ਸਿਫਤਿ = ਜਸ ਵਡਿਆਈ ਕਰਦੇ ਹਨ ਅਤੇ ਜੀਵਨ-ਮੁਕਤੀ ਦੇ ਅਨੰਦ ਵਾਸਤੇ ਪਰਮੇਸ਼ਰ ਅੱਗੇ ਸਦਾ ਅਰਦਾਸਿ = ਬੇਨਤੀਆਂ ਕਰਦੇ ਰਹਿੰਦੇ ਹਨ।

## ਸਚੈ ਸਬਦਿ ਸਾਲਾਹਣਾ; ਸੁਖੇ ਸੁਖਿ ਨਿਵਾਸੁ ॥

ਜਿਨ੍ਹਾਂ ਨੇ ਗੁਰੂ ਦੇ ਸਚੈ = ਸੱਚੇ ਸਬਦਿ = ਉਪਦੇਸ਼ ਨੂੰ ਸਾਲਾਹਣਾ = ਵਡਿਆਉਣਾ ਕੀਤਾ ਹੈ, ਉਨ੍ਹਾਂ ਨੂੰ ਲੋਕ ਪਰਲੋਕ ਵਿਚ ਸੁੱਖ ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਦਾ ਸੁੱਖ ਸਰੂਪ ਵਿਚ ਹੀ ਨਿਵਾਸੁ = ਵਾਸਾ ਹੁੰਦਾ ਹੈ।

## ਜਪੁ ਤਪੁ ਸੰਜਮੁ ਮਨੈ ਮਾਹਿ; ਬਿਨੁ ਨਾਵੈ ਧ੍ਰਿਗੁ ਜੀਵਾਸੁ ॥

ਮਨੈ ਮਾਹਿ = ਮਨ ਵਿਚ ਹਰ ਸਮੇਂ ਵਾਹਿਗੁਰੂ ਨੂੰ ਜਪਣਾ।[1]

ਰਸਨਾ ਦੁਆਰਾ ਵਡਿਆਈ ਕਰਕੇ ਜਪੁ = ਜਾਪ ਕਰਨਾ ਅਤੇ ਸਰੀਰ ਕਰਕੇ ਗੁਰੂ ਦੀ ਸੇਵਾ ਰੂਪ ਤਪੁ = ਤਪੱਸਿਆ ਕਰਨੀ, ਸੰਜਮੁ = ਇੰਦਰੀਆਂ ਦਾ ਦਮਨ ਕਰਨਾ, ਮਨ ਵਿਚ ਐਸਾ ਯਤਨ ਕਰਨਾ। ਜੇਕਰ ਸਿਮਰਨ ਮਨ ਵਿਚ ਵਸ ਜਾਵੇ ਤਾਂ ਉਸ ਦੇ ਸਾਰੇ ਜਪ, ਤਪ ਅਤੇ ਇੰਦਰੀਆਂ ਦੇ ਦਮਨ ਰੂਪ ਸਾਧਨ ਦੇ ਯਤਨ ਸਫਲੇ ਹੋ ਜਾਂਦੇ ਹਨ। ਜੇਕਰ ਮਨ ਵਿਚ ਪਰਮੇਸ਼ਰ ਦਾ ਨਾਮ ਨਹੀਂ ਹੈ ਤਾਂ ਕਿਸੇ ਦੇਵੀ ਦੇਵਤੇ ਦਾ ਮੰਤਰ ਪੜ੍ਹਨ ਰੂਪ ਜਪ ਕਰਨਾ ਅਤੇ ਸਰੀਰ ਕਰਕੇ ਭੁੱਖਾ ਤਿਹਾਇਆ, ਵਰਤ ਆਦਿ ਰੱਖਣੇ, ਮੌਨ ਧਾਰ ਲੈਣੇ, ਇਸ ਪ੍ਰਕਾਰ ਨਾਮ ਤੋਂ ਬਿਨਾਂ ਜੀਵਾਸੁ = ਜੀਵਨ ਜਿਉਣਾ ਧ੍ਰਿਗੁ = ਧਿਰਕਾਰ ਹੈ।

## ਗੁਰਮਤੀ ਨਾਉ ਪਾਈਐ; ਮਨਮੁਖ ਮੋਹਿ ਵਿਣਾਸੁ ॥

ਗੁਰਮਤੀ = ਗੁਰੂ ਦੀ ਸਿੱਖਿਆ ਦੁਆਰਾ ਹੀ ਅਕਾਲ ਪੁਰਖ ਵਾਹਿਗੁਰੂ ਦਾ ਨਾਮ ਪਾਈਐ = ਪ੍ਰਾਪਤ ਹੁੰਦਾ ਹੈ। ਮਨਮੁਖ ਲੋਕ ਦੇਹ ਦੇ ਅਤੇ ਸਾਕ ਸੰਬੰਧੀਆਂ ਦੇ ਮੋਹ ਵਿਚ ਹੀ ਆਪਣਾ ਜੀਵਨ ਵਿਣਾਸੁ = ਨਾਸ਼ ਕਰ ਲੈਂਦੇ ਹਨ। ਉਹ ਵਾਹਿਗੁਰੂ ਪਾਸੋਂ ਨਾਮ ਦੀ ਪ੍ਰਾਪਤੀ ਨਹੀਂ ਕਰਦੇ।

## ਜਿਉ ਭਾਵੈ ਤਿਉ ਰਾਖੁ ਤੂੰ; ਨਾਨਕੁ ਤੇਰਾ ਦਾਸੁ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਅਕਾਲ ਪੁਰਖ! ਜਿਉ = ਜਿਵੇਂ ਤੈਨੂੰ ਭਾਵੈ = ਭਾਉਂਦਾ ਭਾਵ ਚੰਗਾ ਲੱਗਦਾ ਹੈ, ਤਿਉ = ਤਿਵੇਂ ਸਾਰੇ ਸੰਸਾਰ ਦੇ ਜੀਵਾਂ ਨੂੰ ਤੂੰ ਰਾਖੁ = ਰੱਖਣਾ ਕਰ **ਅਥਵਾ** ਜਿਵੇਂ ਤੈਨੂੰ ਭਾਉਂਦਾ ਹੈ, ਤਿਉ = ਉਵੇਂ ਹੀ ਤੂੰ ਸਾਡੀ ਰਾਖੁ = ਰੱਖਿਆ ਕਰ। ਮੈਂ ਤੇਰਾ ਦਾਸੁ = ਸੇਵਕ ਹਾਂ ॥੨॥

## ਪਉੜੀ ॥ ਸਭੁ ਕੋ ਤੇਰਾ, ਤੂੰ ਸਭਸੁ ਦਾ; ਤੂੰ ਸਭਨਾ ਰਾਸਿ ॥

ਹੇ ਪਰਮੇਸ਼ਰ! ਸਭ ਕੋ = ਕੋਈ ਤੇਰਾ ਹੀ ਹੈ ਅਤੇ ਤੂੰ ਸਭਸੁ = ਸਾਰਿਆਂ ਦਾ ਮਾਲਕ ਹੈਂ ਅਤੇ ਤੂੰ ਹੀ ਸਭਨਾ = ਸਾਰਿਆਂ ਨੂੰ ਪ੍ਰਾਣਾਂ ਰੂਪੀ, ਪੁੰਨਾਂ ਰੂਪੀ, ਮਨੁੱਖਾ ਦੇਹੀ ਰੂਪੀ ਰਾਸਿ = ਪੂੰਜੀ ਦਿੰਦਾ ਹੈਂ **ਵਾ:** ਬ੍ਰਹਮ ਗਿਆਨ ਦੀ, ਭਗਤੀ ਦੀ, ਸ਼ਰਧਾ ਰੂਪ ਰਾਸਿ = ਪੂੰਜੀ ਦਿੰਦਾ ਹੈ।

## ਸਭਿ ਤੁਧੈ ਪਾਸਹੁ ਮੰਗਦੇ; ਨਿਤ ਕਰਿ ਅਰਦਾਸਿ ॥

ਹੇ ਅਕਾਲ ਪੁਰਖ! ਐਸੀਆਂ ਦਾਤਾਂ ਸਭਿ = ਸਾਰੇ ਤੁਧੈ = ਤੁਹਾਡੇ ਪਾਸਹੁ = ਕੋਲੋਂ ਹੀ ਮੰਗਦੇ ਹਨ। ਕੋਈ ਹਿਰਦੇ ਕਰਕੇ, ਕੋਈ ਰਸਨਾ ਦੁਆਰਾ ਇਸ ਪ੍ਰਕਾਰ ਨਿਤ = ਨਿਤਾਪ੍ਰਤੀ ਹੀ ਅਰਦਾਸਿ = ਬੇਨਤੀਆਂ ਕਰਿ = ਕਰਦੇ ਹਨ।

## ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ; ਇਕਨਾ ਦੂਰਿ ਹੈ ਪਾਸਿ ॥

ਜਿਨ੍ਹਾਂ ਉਪਰ ਤੇਰੀ ਬਖ਼ਸ਼ਿਸ਼, ਕਿਰਪਾ ਮਿਹਰ ਹੈ, ਉਨ੍ਹਾਂ ਨੂੰ ਸਭੁ ਕਿਛੁ = ਸਾਰਾ ਕੁਝ ਧਰਮ, ਅਰਥ, ਕਾਮ, ਮੋਖ ਆਦਿ ਪਦਾਰਥ ਮਿਲੈ = ਮਿਲ ਜਾਂਦੇ ਹਨ ਅਤੇ ਇਕਨਾ = ਕਈਆਂ ਨੂੰ ਤੂੰ ਦੂਰ ਜਾਪਦਾ ਹੈਂ।

---

੧. **ਮਨ ਮਾਹਿ ਜਾਪਿ ਭਗਵੰਤੁ ॥ ਗੁਰਿ ਪੂਰੈ ਇਹੁ ਦੀਨੋ ਮੰਤੁ ॥** *(ਰਾਮਕਲੀ ਮ: ੫, ਅੰਗ ੮੯੬)*
ਗੁਰੂ ਸਾਹਿਬ ਜੀ ਨੇ ਇਹ ਮੰਤਰ ਦਿੱਤਾ ਹੈ:
**ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥** *(ਸਲੋਕ ਮ: ੧, ਅੰਗ ੧੨੯੧)*

ਇਕ ਤੱਤ ਬੇਤੇ ਹਨ ਉਨ੍ਹਾਂ ਦੇ ਸਦਾ ਹੀ ਪਾਸਿ = ਨਿਕਟਵਰਤੀ ਹੁੰਦਾ ਹੈਂ ਭਾਵ ਕਿ ਮਨਮੁਖਾਂ ਤੋਂ ਸਦਾ ਹੀ ਦੂਰ ਅਤੇ ਗੁਰਮੁਖਾਂ ਦੇ ਸਦਾ ਹੀ ਕੋਲ ਰਹਿੰਦਾ ਹੈਂ।

## ਤੁਧੁ ਬਾਝਹੁ, ਥਾਉ ਕੋ ਨਾਹੀ, ਜਿਸੁ ਪਾਸਹੁ ਮੰਗੀਐ; ਮਨਿ ਵੇਖਹੁ ਕੋ ਨਿਰਜਾਸਿ ॥

ਹੇ ਅਕਾਲ ਪੁਰਖ ! ਤੁਧੁ = ਤੇਰੇ ਤੋਂ ਬਾਝਹੁ = ਬਿਨਾਂ ਹੋਰ ਕੋ = ਕੋਈ ਥਾਉ = ਥਾਂ ਨਾਹੀ = ਨਹੀਂ ਹੈ ਕਿ ਜਿਸ ਪਾਸਹੁ = ਕੋਲੋਂ ਅਸੀਂ ਮੰਗੀਐ = ਮੰਗਣਾ ਕਰੀਏ।[੧]

ਜੇਕਰ ਮਨ ਵਿਚ ਕੋਈ ਸੰਸਾ ਹੈ ਤਾਂ ਨਿਰਜਾਸਿ = ਨਿਰਣਾ ਕਰਕੇ ਵੇਖ ਲਉ ਕਿ ਜਿਤਨੇ ਵੀ ਦੇਵੀ ਦੇਵਤੇ ਹਨ, ਉਹ ਸਾਰੇ ਹੀ ਪਰਮੇਸ਼ਰ ਅਕਾਲ ਪੁਰਖ ਦੇ ਮੰਗਤੇ ਹਨ।

## ਸਭਿ ਤੁਧੈ ਨੋ ਸਾਲਾਹਦੇ; ਦਰਿ ਗੁਰਮੁਖਾ ਨੋ ਪਰਗਾਸਿ ॥੯॥

ਹੇ ਪਰਮੇਸ਼ਰ ! ਸਭਿ = ਸਾਰੇ ਹੀ ਤੁਧੈ = ਤੇਰੇ ਨੋ = ਤਾਈਂ ਹੀ ਸਾਲਾਹਦੇ = ਸਲਾਹੁੰਦੇ ਹਨ। ਤੇਰੇ ਸਤਿਸੰਗਤ ਰੂਪੀ ਦਰਿ = ਦੁਆਰੇ ਤੋਂ ਹੀ ਗੁਰਮੁਖ ਜਨਾਂ ਨੋ = ਨੂੰ ਗਿਆਨ ਦਾ ਪਰਗਾਸਿ = ਚਾਨਣਾ ਹੋਇਆ ਹੈ ॥੯॥

## ਸਲੋਕ ਮ: ੩ ॥

## ਪੰਡਿਤੁ ਪੜਿ ਪੜਿ ਉਚਾ ਕੂਕਦਾ; ਮਾਇਆ ਮੋਹਿ ਪਿਆਰੁ ॥

ਹਜ਼ੂਰ ਪਾਤਸ਼ਾਹ ਬੇਣੀ ਪੰਡਤ ਦੇ ਪਰਥਾਇ ਉਪਦੇਸ਼ ਬਖ਼ਸ਼ਦੇ ਹਨ ਕਿ ਹੇ ਭਾਈ ! ਜੋ ਪੰਡਿਤ ਵਿੱਦਿਆ ਦੇ ਬਲ ਨਾਲ ਵਿਦਵਾਨ ਬਣ ਕੇ ਵੇਦਾਂ ਸ਼ਾਸਤਰਾਂ ਦੇ ਸਿਧਾਂਤ ਨੂੰ ਪੜ੍ਹ ਪੜ੍ਹ ਕੇ ਉੱਚੀ ਕੂਕਦਾ = ਆਵਾਜ਼ਾਂ ਦੇ ਕੇ ਸੁਣਾਉਂਦਾ ਹੈ। ਪਰ ਉਸ ਦਾ ਕੇਵਲ ਮਾਇਆ ਦੇ ਮੋਹ ਵਿਚ ਹੀ ਪਿਆਰ ਹੈ।

## ਅੰਤਰਿ ਬ੍ਰਹਮੁ ਨ ਚੀਨਈ; ਮਨਿ ਮੂਰਖੁ ਗਾਵਾਰੁ ॥

ਉਸ ਨੇ ਅੰਤਰਿ = ਹਿਰਦੇ ਵਿਚ ਸਾਖੀ ਰੂਪ ਬ੍ਰਹਮੁ = ਪਰਮੇਸ਼ਰ ਨੂੰ ਚੀਨਈ = ਜਾਣਿਆ ਨਹੀਂ ਹੈ। ਉਹ ਮਨ ਦਾ ਮੂਰਖ ਤੇ ਬਾਣੀ ਕਰਕੇ ਗਾਵਾਰੁ = ਬੇਸਮਝ ਹੈ **ਵਾ:** ਗਵਾਲਿਆਂ ਦੀ ਨਿਆਈਂ ਇੰਦਰੀਆਂ ਰੂਪ ਗਾਵਾਂ ਨੂੰ ਵਿਸ਼ੇ ਰੂਪੀ ਘਾਹ ਚੁਰਾਉਣ ਵਿਚ ਲੱਗਿਆ ਹੋਇਆ ਹੈ।

## ਦੂਜੈ ਭਾਇ ਜਗਤੁ ਪਰਬੋਧਦਾ; ਨਾ ਬੂਝੈ ਬੀਚਾਰੁ ॥

ਉਹ ਦੂਜੈ = ਦ੍ਵੈਤ ਭਾਵ ਵਿਚ ਮਾਇਆ ਦੇ ਪ੍ਰੇਮ ਵਿਚ ਜਗਤੁ = ਸੰਸਾਰ ਨੂੰ ਪਰ = ਵਿਸ਼ੇਸ਼ ਕਰਕੇ ਬੋਧਦਾ = ਸਮਝਾਉਂਦਾ ਹੈ। ਜੋ ਲੋਕਾਂ ਨੂੰ ਕਥਨ ਕਰਦਾ ਸੀ, ਉਸ ਵਿਚਾਰ ਨੂੰ ਆਪ ਧਾਰਨ ਕਰਕੇ ਬੂਝੈ = ਸਮਝਦਾ ਨਹੀਂ ਹੈ। ਜੈਸਾ ਕਿ :

**ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ ॥** *(ਨਟ ਮ: ੪, ਅੰਗ ੯੮੧)*

## ਬਿਰਥਾ ਜਨਮੁ ਗਵਾਇਆ; ਮਰਿ ਜੰਮੈ ਵਾਰੋ ਵਾਰ ॥੧॥

ਉਸ ਨੇ ਆਪਣਾ ਮਨੁੱਖਾ ਜਨਮ ਬਿਰਥਾ = ਵਿਅਰਥ ਹੀ ਗਵਾਇਆ = ਗਵਾ ਲਿਆ ਹੈ। ਇਸ ਕਰਕੇ ਉਹ ਵਾਰੋ ਵਾਰ = ਮੁੜ ਮੁੜ ਕੇ ਜੰਮੈ = ਜੰਮਣ ਮਰਨ ਦੇ ਚੱਕਰਾਂ ਵਿਚ ਪਿਆ ਰਹਿੰਦਾ ਹੈ ॥੧॥

---

੧. **ਮਾਗਉ ਕਾਹਿ ਰੰਕ ਸਭ ਦੇਖਉ ਤੁਮ ਹੀ ਤੇ ਮੇਰੋ ਨਿਸਤਾਰੁ ॥** *(ਬਿਲਾਵਲੁ ਕਬੀਰ ਜੀ, ਅੰਗ ੮੫੬)*

## ਮ: ੩ ॥
## ਜਿਨੀ ਸਤਿਗੁਰੁ ਸੇਵਿਆ, ਤਿਨੀ ਨਾਉ ਪਾਇਆ; ਬੂਝਹੁ ਕਰਿ ਬੀਚਾਰੁ ॥

ਜਿਨ੍ਹਾਂ ਨੇ ਸਤਿਗੁਰਾਂ ਦਾ ਸੇਵਿਆ = ਪੂਜਨ ਕੀਤਾ ਹੈ, ਤਿਨੀ = ਉਨ੍ਹਾਂ ਨੇ ਸਤਿਗੁਰੂ ਪਾਸੋਂ ਅੰਮ੍ਰਿਤ ਨਾਮ ਨੂੰ ਪਾਇਆ = ਪ੍ਰਾਪਤ ਕੀਤਾ ਹੈ। ਜੇਕਰ ਮਨ ਵਿਚ ਸੰਸਾ ਹੈ ਤਾਂ ਸਤਿਪੁਰਸ਼ਾਂ, ਸੰਤਾਂ, ਭਗਤਾਂ ਤੋਂ ਬੂਝਹੁ = ਪੁੱਛ ਕੇ ਵਿਚਾਰ ਕੇ ਵੇਖ ਲਉ ਕਿ ਸਤਿਗੁਰੂ ਦੀ ਸੇਵਾ ਨਾਲ ਹੀ ਪਰਮੇਸ਼ਰ ਦੇ ਸੱਚੇ ਨਾਮ ਦੀ ਪ੍ਰਾਪਤੀ ਹੁੰਦੀ ਹੈ।

## ਸਦਾ ਸਾਂਤਿ ਸੁਖੁ ਮਨਿ ਵਸੈ; ਚੂਕੈ ਕੂਕ ਪੁਕਾਰ ॥

ਉਨ੍ਹਾਂ ਦਾ ਹਿਰਦਾ ਸਦਾ ਸ਼ਾਂਤੀ ਧਾਰਨ ਕਰ ਲੈਂਦਾ ਹੈ ਭਾਵ ਉਨ੍ਹਾਂ ਦੀਆਂ ਮਨ ਦੀਆਂ ਵਾਸ਼ਨਾਵਾਂ ਸਾਂਤਿ ਭਾਵ ਮਿਟ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਮਨ ਵਿਚ ਆਤਮਕ ਅਨੰਦ ਰੂਪੀ ਸੁੱਖ ਵਸੈ = ਵਸ ਜਾਂਦਾ ਹੈ। ਉਨ੍ਹਾਂ ਦਾ ਉੱਚੀ ਉੱਚੀ ਕੂਕ = ਕੂਕਣਾ ਪੁਕਾਰ = ਬੇਨਤੀਆਂ ਕਰਨੀਆਂ, ਭਾਵ ਉਨ੍ਹਾਂ ਦਾ ਰੋਣਾ ਕੁਰਲਾਉਣਾ ਚੂਕੈ = ਚੁੱਕਿਆ ਜਾਂਦਾ ਹੈ।

## ਆਪੈ ਨੋ ਆਪੁ ਖਾਇ, ਮਨੁ ਨਿਰਮਲੁ ਹੋਵੈ; ਗੁਰ ਸਬਦੀ ਵੀਚਾਰੁ ॥

ਜਿਨ੍ਹਾਂ ਨੇ ਆਪੈ = ਆਪਾ ਭਾਵ ਦੇਹ ਅਧਿਆਸ ਨੋ = ਨੂੰ ਆਪੁ = ਆਪਣੇ ਸਰੂਪ ਦੀ ਵੀਚਾਰ, ਗਿਆਨ ਦੁਆਰਾ ਖਾਇ = ਖਾ ਭਾਵ ਮੇਟ ਲਿਆ ਹੈ ਉਨ੍ਹਾਂ ਦਾ ਮਨੁ = ਹਿਰਦਾ ਨਿਰਮਲੁ = ਸ਼ੁੱਧ ਹੋਵੈ = ਹੋ ਜਾਂਦਾ ਹੈ ਅਤੇ ਉਹ ਗੁਰਾਂ ਦੇ ਸਬਦੀ = ਉਪਦੇਸ਼ ਦੀ ਵੀਚਾਰ ਕਰਦੇ ਹਨ **ਅਥਵਾ** ਜੇ ਜੀਵ ਆਪਣੇ ਤੂੰ ਪਦ ਦੇ ਲੱਖਯ ਅਰਥ ਦੁਆਰਾ ਤੱਤ ਪਦ ਦੇ ਲੱਖਯ ਅਰਥ ਨੂੰ ਹਿਰਦੇ ਵਿਚ ਖਾਇ = ਖਾਵੇ ਭਾਵ ਧਾਰਨ ਕਰੇ ਤਾਂ ਮਨ ਨਿਰਮਲ = ਸ਼ੁੱਧ ਹੁੰਦਾ ਹੈ, ਇਸ ਤਰ੍ਹਾਂ ਗੁਰੂ ਸ਼ਬਦ ਦੀ ਵੀਚਾਰ ਕਰੇ।

## ਨਾਨਕ ਸਬਦਿ ਰਤੇ, ਸੇ ਮੁਕਤੁ ਹੈ; ਹਰਿ ਜੀਉ ਹੇਤਿ ਪਿਆਰੁ ॥੨॥

ਸਤਿਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਜਿਹੜੇ ਸ਼ਬਦ ਵਿਚ ਰਤੇ = ਤਦਾਕਾਰ ਹੋਏ ਹਨ, ਸੇ = ਉਹ ਜੀਵ ਮੁਕਤ = ਸੁਤੰਤਰ ਹੋਏ ਹਨ। ਐਸੇ ਜੀਵਾਂ ਦਾ ਹਰਿ = ਪਰਮੇਸ਼ਰ ਜੀ ਦੇ ਨਾਲ ਮਨ ਕਰਕੇ ਹੇਤਿ = ਸਨੇਹ ਤੇ ਸਰੀਰ ਕਰਕੇ ਪਿਆਰ ਹੈ ॥੨॥

## ਪਉੜੀ ॥ ਹਰਿ ਕੀ ਸੇਵਾ ਸਫਲ ਹੈ; ਗੁਰਮੁਖਿ ਪਾਵੈ ਥਾਇ ॥

ਹੇ ਭਾਈ ! ਹਰਿ = ਪਰਮੇਸ਼ਰ ਕੀ = ਦੀ ਭਗਤੀ ਰੂਪੀ ਸੇਵਾ ਸਫਲ = ਸਹਿਤ ਗਿਆਨ ਫਲ ਦੇ ਹੈ, ਪਰੰਤੂ ਇਹ ਗੁਰਮੁਖਿ = ਮੁਖੀ ਗੁਰਾਂ ਦੁਆਰਾ ਕੀਤੀ ਹੋਈ ਹੀ ਥਾਇ = ਥਾਂ ਪਾਵੈ = ਪੈਂਦੀ ਹੈ **ਵਾ:** ਗੁਰਮੁਖ ਜਨ ਭਗਤੀ ਰੂਪੀ ਸੇਵਾ ਨੂੰ ਕਰਕੇ ਸਰੂਪ ਰੂਪੀ ਥਾਂ ਨੂੰ ਪ੍ਰਾਪਤ ਕਰ ਲੈਂਦੇ ਹਨ।

## ਜਿਸੁ ਹਰਿ ਭਾਵੈ, ਤਿਸੁ ਗੁਰੁ ਮਿਲੈ; ਸੋ ਹਰਿ ਨਾਮੁ ਧਿਆਇ ॥

ਜਿਸੁ = ਜਿਨ੍ਹਾਂ ਦੇ ਹਿਰਦੇ ਵਿਚ ਹਰਿ = ਹਰੀ ਪਰਮੇਸ਼ਰ ਦੀ ਭਾਵੈ = ਭਾਵਨਾ ਹੈ **ਅਥਵਾ** ਹਰਿ = ਹਰੀ ਪਰਮੇਸ਼ਰ ਨੂੰ ਜਿਨ੍ਹਾਂ ਦੇ ਕੀਤੇ ਹੋਏ ਨਿਸ਼ਕਾਮ ਕਰਮ ਭਾ ਜਾਂਦੇ ਹਨ, ਤਿਸ = ਉਸ ਨੂੰ ਸਤਿਗੁਰੂ ਦੇ ਦਰਸ਼ਨਾਂ ਦਾ ਮਿਲੈ = ਮਿਲਾਪ ਹੋ ਜਾਂਦਾ ਹੈ। ਫਿਰ ਉਹ ਹਰਿ = ਵਾਹਿਗੁਰੂ ਦੇ ਪਵਿੱਤਰ ਨਾਮ ਨੂੰ ਧਿਆਇ = ਧਿਆਉਂਦੇ ਹਨ।

## ਗੁਰ ਸਬਦੀ ਹਰਿ ਪਾਈਐ; ਹਰਿ ਪਾਰਿ ਲਘਾਇ ॥

ਉਹ ਗੁਰੂ ਦੇ ਉਪਦੇਸ਼ ਰੂਪੀ ਸ਼ਬਦ ਦੁਆਰਾ ਹਰਿ = ਅਕਾਲ ਪੁਰਖ ਨੂੰ ਪਾਈਐ = ਪਾ ਲੈਂਦੇ ਹਨ ਅਤੇ ਉਨ੍ਹਾਂ ਨੂੰ ਹਰਿ = ਵਾਹਿਗੁਰੂ ਨਾਮ ਰੂਪ ਜਹਾਜ਼ ਤੇ ਚੜ੍ਹਾ ਕੇ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲਘਾਇ = ਲੰਘਾ ਦਿੰਦਾ ਹੈ।

## ਮਨਹਠਿ ਕਿਨੈ ਨ ਪਾਇਓ; ਪੁਛਹੁ ਵੇਦਾ ਜਾਇ ॥

ਮਨਹਠਿ = ਮਨ ਦੀ ਜਿਦ ਕਰਕੇ ਉਸ ਪਰਮੇਸ਼ਰ ਨੂੰ ਕਿਨੈ = ਕਿਸੇ ਨੇ ਵੀ ਨਹੀਂ ਪਾਇਓ = ਪਾਉਣਾ ਕੀਤਾ। ਭਾਵੇਂ ਵੇਦਾਂ, ਸ਼ਾਸਤਰਾਂ, ਸੁਰਤੀਆਂ, ਸਿੰਮ੍ਰਿਤੀਆਂ ਆਦਿ ਪੜ੍ਹਨ ਵਾਲਿਆਂ ਨੂੰ ਜਾਇ = ਜਾ ਕੇ ਪੁਛਹੁ = ਪੁੱਛ ਕੇ ਵੇਖ ਲਵੋ।

## ਨਾਨਕ, ਹਰਿ ਕੀ ਸੇਵਾ ਸੋ ਕਰੇ; ਜਿਸੁ ਲਏ ਹਰਿ ਲਾਇ ॥੧੦॥

ਸਤਿਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਹਰਿ = ਹਰੀ ਵਾਹਿਗੁਰੂ ਦੀ ਸੇਵਾ = ਟਹਿਲ ਸੋ = ਉਹ ਹੀ ਕਰ ਸਕਦੇ ਹਨ ਜਿਸ ਨੂੰ ਹਰਿ = ਪਰਮਾਤਮਾ ਆਪ ਹੀ ਆਪਣੀ ਸੇਵਾ ਵਿਚ ਲਾਇ = ਲਾ ਲਏ = ਲਵੇ ॥੧੦॥

## ਸਲੋਕ ਮ: ੩ ॥

## ਨਾਨਕ ਸੋ ਸੂਰਾ ਵਰੀਆਮੁ; ਜਿਨਿ ਵਿਚਹੁ, ਦੁਸਟੁ ਅਹੰਕਰਣੁ ਮਾਰਿਆ ॥

ਸਤਿਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਸੋ = ਉਹ ਸੂਰਾ = ਸੂਰਮਾ ਵਰੀਆਮੁ = ਬਹਾਦਰ ਹੈ, ਜਿਨਿ = ਜਿਸ ਨੇ ਆਪਣੇ ਹਿਰਦੇ ਵਿੱਚੋਂ ਦੁਸ਼ਟ ਅਹੰਕਰਣੁ = ਹੰਕਾਰ ਨੂੰ ਮਾਰਿਆ = ਖ਼ਤਮ ਕਰ ਦਿੱਤਾ ਹੈ। ਸੂਰਮੇ ਤਿੰਨ ਪ੍ਰਕਾਰ ਦੇ ਹੁੰਦੇ ਹਨ :

੧. **ਰਥੀ** : ਜਿਹੜਾ ੧੦੦ ਜਾਂ ੧੦੦੦ ਆਦਮੀਆਂ ਨਾਲ ਜੰਗ ਕਰ ਕੇ ਜਿੱਤ ਪ੍ਰਾਪਤ ਕਰੇ, ਉਹ ਰਥੀ ਹੁੰਦਾ ਹੈ।
੨. **ਮਹਾਂਰਥੀ** : ਜਿਹੜਾ ਇਕੱਲਾ ਹੀ ੧੦ ਹਜ਼ਾਰ ਨਾਲ ਜੰਗ ਕਰ ਕੇ ਫ਼ਤਹਿ ਪਾਵੇ, ਉਹ ਮਹਾਂਰਥੀ ਹੁੰਦਾ ਹੈ।
੩. **ਅਤਰਥੀ** : ਜੋ ਇਕੱਲਾ ਹੀ ਅਣਗਿਣਤ ਆਦਮੀਆਂ ਨਾਲ ਜੰਗ ਕਰ ਕੇ ਜਿੱਤ ਪ੍ਰਾਪਤ ਕਰੇ, ਉਹ ਅਤਰਥੀ ਹੁੰਦਾ ਹੈ।

ਤਿੰਨ ਪ੍ਰਕਾਰ ਦੇ ਸੂਰਮੇ 'ਜਪੁ ਜੀ ਸਾਹਿਬ' ਵਿਚ ਵੀ ਕਥਨ ਕੀਤੇ ਹਨ। ਉਥੇ ਉਨ੍ਹਾਂ ਦਾ ਸਰੂਪ ਯੋਧਾ, ਮਹਾਂਬਲੀ ਅਤੇ ਸੂਰਮਾ ਕਥਨ ਕੀਤਾ ਹੈ। ਜੈਸਾ ਕਿ :

**ਤਿਥੈ ਜੋਧ ਮਹਾਬਲ ਸੂਰ ॥** *(ਜਪੁ ਜੀ ਸਾਹਿਬ, ਅੰਗ ੮)*

ਜਿਹੜਾ ਆਪਣੇ ਸਰੀਰ ਨੂੰ ਨਾਜਾਇਜ਼ ਵਿਸ਼ੇ-ਵਿਕਾਰਾਂ ਤੋਂ ਰੋਕ ਕੇ ਭਾਵ ਬਚਾ ਕੇ ਸਰੀਰ ਦੁਆਰਾ ਬੱਜਰ ਕੁਰਹਿਤ ਨਾ ਹੋਣ ਦੇਵੇ, ਅੰਤਰੀਵ ਭਾਵ ਵਿਚ ਉਸ ਨੂੰ ਯੋਧਾ ਭਾਵ ਰਥੀ ਕਹਿੰਦੇ ਹਨ। ਜੋ ਦੇਹ ਦੇ ਦਸਾਂ ਇੰਦਰਿਆਂ ਦੇ ਵਿਸ਼ਿਆਂ ਨੂੰ ਰੋਕ ਕੇ ਰੱਖਦਾ ਹੈ, ਉਸ ਦੀ ਪਦਵੀ ਮਹਾਂਬਲੀ ਭਾਵ ਮਹਾਂਰਥੀ ਦੀ ਹੈ ਅਤੇ ਜੋ ਮਨ ਦੇ ਲੱਖਾਂ ਸੰਕਲਪਾਂ 'ਤੇ ਫ਼ਤਹਿ ਪਾ ਲਵੇ ਭਾਵ ਜਿੱਤ ਪ੍ਰਾਪਤ ਕਰ ਲਵੇ, ਉਹ ਸੂਰਮਾ ਹੈ ਭਾਵ ਅਤਰਥੀ ਦੀ ਨਿਆਈਂ ਹੈ।

## ਗੁਰਮੁਖਿ ਨਾਮੁ ਸਾਲਾਹਿ; ਜਨਮੁ ਸਵਾਰਿਆ ॥

ਜੋ ਗੁਰਮੁਖ ਜਨ ਪਰਮੇਸ਼ਰ ਦੇ ਨਾਮ ਦੀ ਸਾਲਾਹਿ = ਸਿਫ਼ਤ ਕਰਦੇ ਹਨ, ਉਨ੍ਹਾਂ ਨੇ ਆਪਣੇ ਮਨੁੱਖਾ ਜਨਮ ਨੂੰ ਸਵਾਰਿਆ = ਸਫਲਾ ਕਰ ਲਿਆ ਹੈ।

## ਆਪਿ ਹੋਆ ਸਦਾ ਮੁਕਤੁ; ਸਭੁ ਕੁਲੁ ਨਿਸਤਾਰਿਆ ॥

ਉਹ ਆਪ ਸਦਾ = ਹਮੇਸ਼ਾ ਵਾਸਤੇ ਮੁਕਤ ਹੋ ਗਏ ਹਨ। ਉਨ੍ਹਾਂ ਨੇ ਆਪਣੀਆਂ ਸਭੁ = ਸਾਰੀਆਂ ਕੁਲਾਂ ਨੂੰ ਸੰਸਾਰ ਸਮੁੰਦਰ ਤੋਂ ਨਿਸਤਾਰਿਆ = ਤਾਰ ਲਿਆ ਹੈ।

## ਸੋਹਨਿ ਸਚਿ ਦੁਆਰਿ; ਨਾਮੁ ਪਿਆਰਿਆ ॥

ਉਹ ਤੱਤ ਬੇਤੇ ਅਕਾਲ ਪੁਰਖ ਦੇ ਸਚਿ ਦੁਆਰਿ = ਸੱਚੇ ਦਰਬਾਰ ਵਿਚ ਸੋਹਨਿ = ਸ਼ੋਭਾ ਪਾਉਂਦੇ ਹਨ, ਜਿਨ੍ਹਾਂ ਨੂੰ ਸਤਿਗੁਰੂ ਨੇ ਨਾਮ ਰੂਪੀ ਅੰਮ੍ਰਿਤ ਪਿਆਰਿਆ = ਪਿਲਾਉਣਾ ਕੀਤਾ ਹੈ **ਵਾ:** ਜਿਨ੍ਹਾਂ ਨੂੰ ਨਾਮ ਪਿਆਰਾ ਲੱਗਦਾ ਹੈ।

## ਮਨਮੁਖ ਮਰਹਿ ਅਹੰਕਾਰਿ; ਮਰਣੁ ਵਿਗਾੜਿਆ ॥

ਮਨਮੁਖ ਲੋਕ ਹੰਕਾਰ ਵਿਚ ਹੀ ਮਰਹਿ = ਮਰ ਜਾਂਦੇ ਹਨ, ਉਨ੍ਹਾਂ ਨੇ ਆਪਣੇ ਮਰਣ ਨੂੰ ਵਿਗਾੜ ਲਿਆ ਹੈ। ਭਾਵ ਆਪਣਾ ਮਨੁੱਖਾ ਜਨਮ ਸਫਲਾ ਨਹੀਂ ਕੀਤਾ ਅਰਥਾਤ ਜੋ ਮਰ ਕੇ ਪਰਮੇਸ਼ਰ ਨੂੰ ਪ੍ਰਾਪਤ ਹੋਣਾ ਹੈ। ਇਹ ਮੌਤ ਦਾ ਸੰਵਾਰਨਾ ਹੈ ਅਤੇ ਜੋ ਮਰ ਕੇ ਜੂਨਾਂ ਆਦਿਕ ਵਿਚ ਭਟਕਣਾ ਹੈ, ਇਹ ਮਰਨ ਨੂੰ ਵਿਗਾੜਨਾ ਹੈ। ਅੱਗੇ ਗਿਆਨਵਾਨ ਪੁਰਸ਼ ਦੀ ਦ੍ਰਿਸ਼ਟੀ ਬਾਰੇ ਦੱਸਦੇ ਹਨ ਕਿ ਉਨ੍ਹਾਂ ਦਾ ਐਸਾ ਨਿਸਚਾ ਹੈ।

## ਸਭੋ ਵਰਤੈ ਹੁਕਮੁ; ਕਿਆ ਕਰਹਿ ਵਿਚਾਰਿਆ ॥

ਸਭੋ = ਸਾਰੇ ਸੰਸਾਰ ਉੱਤੇ ਪਰਮੇਸ਼ਰ ਦਾ ਹੁਕਮੁ ਹੀ ਵਰਤੈ = ਵਰਤ ਭਾਵ ਚੱਲ ਰਿਹਾ ਹੈ। ਵਿਚਾਰੇ ਤੁਛ ਜੀਵ ਕਿਆ = ਕੀ ਕਰਹਿ = ਕਰ ਸਕਦੇ ਹਨ।

## ਆਪਹੁ ਦੂਜੈ ਲਗਿ; ਖਸਮੁ ਵਿਸਾਰਿਆ ॥

ਉਨ੍ਹਾਂ ਨੇ ਆਪਹੁ = ਆਪ ਹੀ ਦੂਜੈ = ਦ੍ਵੈਤ ਭਾਵ, ਬੁਰੇ ਕਰਮਾਂ ਵਿਚ ਲੱਗ ਕੇ ਆਪਣੇ ਖਸਮੁ = ਵਾਹਿਗੁਰੂ ਨੂੰ ਵਿਸਾਰਿਆ = ਭੁਲਾ ਦਿੱਤਾ ਹੈ।

## ਨਾਨਕ, ਬਿਨੁ ਨਾਵੈ ਸਭੁ ਦੁਖੁ; ਸੁਖੁ ਵਿਸਾਰਿਆ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਜੀਵਾਂ ਨੂੰ ਸਾਰੇ ਦੁੱਖ ਲੱਗੇ ਰਹਿੰਦੇ ਹਨ, ਕਿਉਂਕਿ ਉਨ੍ਹਾਂ ਨੇ ਪਰਮੇਸ਼ਰ ਦੇ ਆਤਮਕ ਅਨੰਦ ਦੇਣ ਵਾਲੇ ਸੁਖਦਾਇਕ ਨਾਮ ਨੂੰ ਵਿਸਾਰਿਆ = ਭੁਲਾ ਛੱਡਿਆ ਹੈ ॥੧॥

## ਮ: ੩ ॥

## ਗੁਰਿ ਪੂਰੈ ਹਰਿ ਨਾਮੁ ਦਿੜਾਇਆ; ਤਿਨਿ ਵਿਚਹੁ ਭਰਮੁ ਚੁਕਾਇਆ ॥

ਜਿਨ੍ਹਾਂ ਨੂੰ ਪੂਰੈ = ਪੂਰਨ ਗੁਰਾਂ ਨੇ ਹਰਿ = ਪਰਮੇਸ਼ਰ ਦਾ ਨਾਮ ਦਿੜਾਇਆ = ਦ੍ਰਿੜ੍ਹ ਕਰਵਾਇਆ ਹੈ, ਤਿਨਿ = ਉਨ੍ਹਾਂ ਦੇ ਹਿਰਦੇ ਵਿੱਚੋਂ ਗੁਰਾਂ ਨੇ ਪੰਜ ਪ੍ਰਕਾਰ ਦਾ ਭਰਮ ਚੁਕਾਇਆ = ਚੁੱਕ ਦਿੱਤਾ ਹੈ।

## ਰਾਮ ਨਾਮੁ ਹਰਿ ਕੀਰਤਿ ਗਾਈ; ਕਰਿ ਚਾਨਣੁ ਮਗੁ ਦਿਖਾਇਆ ॥

ਜਿਨ੍ਹਾਂ ਨੇ ਰਸਨਾ ਕਰਕੇ ਰਾਮ = ਪਰਮੇਸ਼ਰ ਦੇ ਨਾਮ ਦੀ ਕੀਰਤਿ = ਜਸ, ਵਡਿਆਈ ਗਾਈ = ਗਾਉਣਾ ਕੀਤੀ ਹੈ। ਉਨ੍ਹਾਂ ਨੂੰ ਪਰਮੇਸ਼ਰ ਦੇ ਨਾਮ ਦਾ ਚਾਨਣੁ = ਪ੍ਰਕਾਸ਼ ਕਰਕੇ ਭਗਤੀ ਸਹਿਤ ਗਿਆਨ ਅਤੇ ਪ੍ਰਮਾਰਥ ਦਾ ਮਗੁ = ਰਸਤਾ ਪ੍ਰਗਟ ਕਰਕੇ ਦਿਖਾਇਆ = ਵਿਖਾ ਦਿੱਤਾ ਹੈ।

## ਹਉਮੈ ਮਾਰਿ ਏਕ ਲਿਵ ਲਾਗੀ; ਅੰਤਰਿ ਨਾਮੁ ਵਸਾਇਆ ॥

ਜਿਨ੍ਹਾਂ ਨੇ ਆਪਣੇ ਹਿਰਦੇ ਵਿਚੋਂ ਹਉਮੈ = ਹੰਗਤਾ ਮਮਤਾ ਨੂੰ ਮਾਰ ਲਿਆ ਹੈ, ਉਨ੍ਹਾਂ ਦੀ ਬ੍ਰਹਮ ਵਿਚ ਇਕ-ਰਸ ਲਿਵ = ਬਿਰਤੀ ਲੱਗ ਗਈ ਹੈ। ਗੁਰਾਂ ਨੇ ਉਨ੍ਹਾਂ ਦੇ ਅੰਤਰਿ = ਅੰਦਰ ਸੱਚਾ ਨਾਮ ਵਸਾਇਆ = ਵਸਾ ਦਿੱਤਾ ਹੈ।

[ਅੰਗ ੮੭]

## ਗੁਰਮਤੀ ਜਮੁ ਜੋਹਿ ਨ ਸਾਕੈ; ਸਾਚੈ ਨਾਮਿ ਸਮਾਇਆ ॥

ਉਨ੍ਹਾਂ ਗੁਰਮਤੀਆਂ ਵੱਲ ਜਮ ਦੁਖ ਦੇਣਾ ਤਾਂ ਦੂਰ ਦੀ ਗੱਲ ਉਹ ਜੋਹਿ = ਵੇਖ ਵੀ ਨ = ਨਹੀਂ ਸਕੈ = ਸਕਦਾ, ਜਿਨ੍ਹਾਂ ਦੇ ਹਿਰਦੇ ਵਿਚ ਗੁਰਾਂ ਦੁਆਰਾ ਸਾਚੈ = ਸੱਚਾ ਨਾਮ ਸਮਾਇਆ ਹੋਇਆ ਹੈ।

## ਸਭੁ ਆਪੇ ਆਪਿ, ਵਰਤੈ ਕਰਤਾ; ਜੋ ਭਾਵੈ ਸੋ ਨਾਇ ਲਾਇਆ ॥

ਸਭੁ = ਸਾਰਿਆਂ ਵਿਚ ਆਪੇ ਆਪਿ = ਆਪਣਾ ਆਪ ਰੂਪ ਹੋ ਕੇ ਉਹ ਕਰਤਾ = ਪਰਮੇਸ਼ਰ ਹੀ ਵਰਤੈ = ਵਰਤ ਰਿਹਾ ਹੈ, ਜੋ = ਜਿਹੜੇ ਅਕਾਲ ਪੁਰਖ ਨੂੰ ਭਾ ਜਾਂਦੇ ਹਨ, ਸੋ ਉਨ੍ਹਾਂ ਨੂੰ ਪਰਮੇਸ਼ਰ ਆਪਣੇ ਨਾਇ = ਨਾਮ ਵਿਚ ਆਪ ਹੀ ਲਾਇਆ = ਲਾ ਲੈਂਦਾ ਹੈ।

## ਜਨ ਨਾਨਕੁ, ਨਾਮੁ ਲਏ ਤਾ ਜੀਵੈ; ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਦੋਂ ਗੁਰਮੁਖ ਜਨ ਪਰਮੇਸ਼ਰ ਦਾ ਨਾਮ ਲਏ = ਲੈਂਦੇ ਭਾਵ ਜਪਦੇ ਹਨ ਤਾਂ ਹੀ ਉਨ੍ਹਾਂ ਦਾ ਜੀਵੈ = ਜਿਉਣਾ ਹੁੰਦਾ ਹੈ, ਨਾਵੈ = ਨਾਮ ਤੋਂ ਬਿਨੁ = ਬਗ਼ੈਰ ਤਾਂ ਇਕ ਖਿਨੁ = ਛਿਨ ਵਿਚ ਹੀ ਮਰ ਜਾਇਆ = ਜਾਣਾ ਹੁੰਦਾ ਹੈ ॥੨॥

## ਪਉੜੀ ॥ ਜੋ ਮਿਲਿਆ ਹਰਿ ਦੀਬਾਣ ਸਿਉ; ਸੋ ਸਭਨੀ ਦੀਬਾਣੀ ਮਿਲਿਆ ॥

ਜੋ ਹਰਿ = ਹਰੀ ਪਰਮੇਸ਼ਰ ਦੇ ਆਸਰੇ ਦੀਬਾਣ = ਦਰਬਾਰ ਭਾਵ ਸਤਿਸੰਗਤ ਦੇ ਸਿਉ = ਨਾਲ ਮਿਲਿਆ ਹੈ, ਸੋ = ਉਹ ਸਭਨੀ = ਸਾਰੀਆਂ ਹੀ ਦੀਬਾਣੀ = ਸਭਾਵਾਂ ਵਿਚ ਮਿਲਿਆ ਨਿਸਚੇ ਕਰੋ।

## ਜਿਥੈ ਓਹੁ ਜਾਇ, ਤਿਥੈ ਓਹੁ ਸੁਰਖਰੂ; ਉਸ ਕੈ ਮੁਹਿ ਡਿਠੈ, ਸਭ ਪਾਪੀ ਤਰਿਆ ॥

ਇਉਂ ਉਹ ਗੁਰਮੁਖ ਜਨ ਜਿਥੇ ਕਿਤੇ ਵੀ ਚਲੇ ਜਾਣ ਤਿਥੈ = ਉਥੇ ਹੀ ਉਹ ਸੁਰਖਰੂ = ਸਾਰੇ ਬੰਧਨਾਂ ਤੋਂ ਰਹਿਤ ਹੋ ਕੇ ਸਦਾ ਹੀ ਅਨੰਦ ਦੇ ਸਹਿਤ ਰਹਿੰਦੇ ਹਨ ਅਤੇ ਓਸ = ਉਨ੍ਹਾਂ ਕੈ = ਦੇ ਮੁਹਿ ਡਿਠੈ = ਦਰਸ਼ਨ ਕਰਨ ਨਾਲ ਸਾਰੇ ਪਾਪੀਆਂ ਦਾ ਵੀ ਉਧਾਰ ਹੋ ਜਾਂਦਾ ਹੈ ਭਾਵ ਉਹ ਪਾਪੀ ਵੀ ਸੰਸਾਰ ਸਮੁੰਦਰ ਤੋਂ ਤਰਿਆ = ਤਰ ਭਾਵ ਮੁਕਤ ਹੋ ਜਾਂਦੇ ਹਨ।

## ਓਸੁ ਅੰਤਰਿ ਨਾਮੁ ਨਿਧਾਨੁ ਹੈ; ਨਾਮੋ ਪਰਵਰਿਆ ॥

ਓਸੁ = ਉਨ੍ਹਾਂ ਦੇ ਹਿਰਦੇ ਅੰਤਰਿ = ਅੰਦਰ ਪਰਮੇਸ਼ਰ ਦੇ ਨਾਮ ਦਾ ਨਿਧਾਨੁ = ਖ਼ਜ਼ਾਨਾ ਹੈ। ਉਨ੍ਹਾਂ ਨੇ ਆਪਣੇ ਹਿਰਦੇ ਨੂੰ ਨਾਮੋ = ਨਾਮ ਨਾਲ ਹੀ ਪਰਵਰਿਆ = ਘੇਰਿਆ ਹੋਇਆ ਹੈ ਭਾਵ ਹਰ ਵਕਤ ਨਾਮ ਹੀ ਜਪਦੇ ਰਹਿੰਦੇ ਹਨ **ਵਾ:** ਨਾਮ ਨੂੰ ਹੀ ਆਪਣਾ ਪਰਵਰਿਆ = ਪਰਿਵਾਰ ਸਮਝਿਆ ਹੋਇਆ ਹੈ। ਅਰਥਾਤ ਸੁਮੱਤੀ ਮਾਤਾ ਹੈ, ਸੰਤੋਖ ਪਿਤਾ, ਗਿਆਨ ਪੁੱਤਰ ਹੈ। ਧੀਰਜ ਧੀ ਹੈ, ਸ਼ਾਂਤੀ ਇਸਤਰੀ ਹੈ। ਉਹ ਹਰ ਵਕਤ

ਆਪਣੇ ਐਸੇ ਪਰਿਵਾਰ ਵਿਚ ਪਰਵਰਿਆ = ਪ੍ਰਵਿਰਤ ਰਹਿੰਦੇ ਹਨ। ਦੈਵੀ ਸੰਪਦਾ ਦਾ ਪਰਿਵਾਰ ਬਨਿਆ ਰਹਿੰਦਾ ਹੈ।

## ਨਾਉ ਪੂਜੀਐ, ਨਾਉ ਮੰਨੀਐ; ਨਾਇ ਕਿਲਵਿਖ ਸਭ ਹਿਰਿਆ ॥

ਉਹ ਪਰਮੇਸ਼ਰ ਦੇ ਨਾਉ = ਨਾਮ ਦਾ ਹੀ ਪੂਜੀਐ = ਪੂਜਣ ਕਰਦੇ ਹਨ ਤੇ ਨਾਉ = ਨਾਮ ਦਾ ਹੀ ਮੰਨੀਐ = ਮੰਨਣ ਕਰਦੇ ਹਨ ਕਿਉਂਕਿ ਨਾਇ = ਨਾਮ ਜਪਣੇ ਕਰਕੇ ਹੀ ਉਨ੍ਹਾਂ ਦੇ ਸਭ = ਸਾਰੇ ਕਿਲਵਿਖ = ਪਾਪ ਹਿਰਿਆ = ਨਾਸ਼ ਹੋ ਜਾਂਦੇ ਹਨ **ਵਾ:** ਨਾਮ ਜਪਣ ਕਰਕੇ ਹੀ ਉਹ ਗੁਰਮੁਖ ਜਨ ਪੂਜੇ ਜਾਂਦੇ ਹਨ, ਨਾਮ ਜਪਣ ਕਰਕੇ ਹੀ ਮੰਨੇ ਜਾਂਦੇ ਹਨ ਅਤੇ ਨਾਮ ਜਪਣੇ ਕਰਕੇ ਹੀ ਸਾਰਿਆਂ ਦੇ ਜਨਮਾਂ ਜਨਮਾਤਰਾਂ ਦੇ ਪਾਪ ਨਾਸ਼ ਹੋ ਜਾਂਦੇ ਹਨ।

## ਜਿਨੀ ਨਾਮੁ ਧਿਆਇਆ, ਇਕ ਮਨਿ ਇਕ ਚਿਤਿ; ਸੇ ਅਸਥਿਰੁ ਜਗਿ ਰਹਿਆ ॥੧੧॥

ਜਿਨੀ = ਜਿਨ੍ਹਾਂ ਨੇ ਇਕ ਮਨ, ਇਕ ਚਿਤ ਹੋ ਕੇ **ਵਾ:** ਇਕ ਦਾ ਮਨਿ = ਮੰਨਣ, ਤੇ ਇਕ ਦਾ ਹੀ ਚਿਤਿ = ਚਿੰਤਨ ਕਰਨੇ ਵਾਲੇ ਹੋ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਸੇ = ਉਹ ਜਗਿ = ਸੰਸਾਰ ਵਿਚ ਸਦਾ ਵਾਸਤੇ ਅਸਥਿਰੁ = ਇਸਥਿਤ ਹੋ ਕੇ ਰਹਿਆ = ਰਹਿੰਦੇ ਹਨ। ਜਿਵੇਂ ਕਲਗ਼ੀਧਰ ਪਾਤਸ਼ਾਹ ਜੀ ਨੇ ਸਿੱਖਾਂ ਤੋਂ ਪੁੱਛਿਆ ਕਿ ਕਬੀਰ ਸਾਹਿਬ ਜੀ ਦੇ ਸਮੇਂ ਦੇ ਰਾਜੇ ਦਾ ਕੀ ਨਾਂ ਸੀ? ਕਿਸੇ ਨੂੰ ਵੀ ਪਤਾ ਨਹੀਂ ਸੀ। ਪਾਤਸ਼ਾਹ ਆਖਣ ਲੱਗੇ ਕਿ ਗੁਰਸਿੱਖੋ! ਨਾਮ ਦੀ ਐਸੀ ਵਡਿਆਈ ਹੈ ਕਿ ਕਬੀਰ ਸਾਹਿਬ ਜੀ ਨੂੰ ਹੁਣ ਤੱਕ ਸਾਰੀ ਦੁਨੀਆਂ ਜਾਣਦੀ ਹੈ। ਉਸੇ ਪ੍ਰਕਾਰ ਧ੍ਰੂ ਅਤੇ ਪ੍ਰਹਿਲਾਦ ਨੂੰ ਸਾਰੀ ਦੁਨੀਆਂ ਜਾਣਦੀ ਹੈ। ਉਹ ਸੰਸਾਰ ਵਿਚ ਇਸਥਿਤ ਹੋਏ ਹਨ, ਕਿਉਂਕਿ ਉਨ੍ਹਾਂ ਨੇ ਕਠਿਨ ਘਾਲਣਾ ਕਰਕੇ ਨਾਮ ਦੀ ਕਮਾਈ ਕੀਤੀ ਸੀ। ਬਾਕੀਆਂ ਕੁਲਾਂ ਵਿਚ ਕਿੰਨੇ ਵਿਦਵਾਨ, ਪੰਡਿਤ ਹੋਏ ਹਨ ਪਰ ਕੋਈ ਵੀ ਕਿਸੇ ਨੂੰ ਜਾਣਦਾ ਨਹੀਂ ਹੈ ॥੧੧॥

## ਸਲੋਕ ਮ: ੩ ॥

ਸਤਿਗੁਰੂ ਜੀ ਨੂੰ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਸਫਲ ਪੂਜਾ ਕਿਸ ਦੀ ਹੈ ਕਿਉਂਕਿ ਹਿੰਦੂ ਮਤ ਅਨੁਸਾਰ ਨਾਨਾਂ ਪ੍ਰਕਾਰ ਦੀ ਪੂਜਾ ਦੇਖੀ ਜਾਂਦੀ ਹੈ ਜਿਵੇਂ ਕਈ ਕਾਗ਼ਜ਼, ਮਿੱਟੀ, ਪੱਥਰ ਆਦਿ ਮੂਰਤਾਂ ਬਣਾ ਕੇ ਪੂਜਾ ਕਰਦੇ ਹਨ ਪਰ ਆਪ ਜੀ ਹੀ ਕਿਰਪਾ ਕਰਕੇ ਪੂਜਾ ਬਾਬਤ ਦੱਸੋ ਜੀ?

## ਆਤਮਾਦੇਉ ਪੂਜੀਐ; ਗੁਰ ਕੈ ਸਹਜਿ ਸੁਭਾਇ ॥

ਹੇ ਭਾਈ! ਗੁਰ = ਸਤਿਗੁਰਾਂ ਕੈ = ਦੇ ਉਪਦੇਸ਼ ਦੁਆਰਾ ਸਹਜਿ = ਸ਼ਾਂਤੀ ਸੁਭਾਇ = ਸੁਭਾਅ ਨੂੰ ਧਾਰਨ ਕਰਕੇ ਆਤਮਾ ਦੇਉ = ਪ੍ਰਕਾਸ਼ ਰੂਪ ਪਰਮੇਸ਼ਰ ਨੂੰ ਪੂਜੀਐ = ਪੂਜਨਾ ਕਰੀਏ **ਵਾ:** ਆਤਮਾ ਦੇਉ (ਆ + ਤਮਾ) ਆ = ਸਰਬ ਓਰ ਸੇ ਤਮਾ = ਅਤਿਸ਼ੇ ਕਰਕੇ ਪ੍ਰਾਪਤ ਹੋਣ ਯੋਗ ਦੇਉ = ਪ੍ਰਕਾਸ਼ ਰੂਪ ਪਰਮੇਸ਼ਰ ਨੂੰ ਪੂਜਣਾ ਕਰੀਏ।

## ਆਤਮੇ ਨੋ ਆਤਮੇ ਦੀ ਪ੍ਰਤੀਤ ਹੋਇ; ਤਾ ਘਰ ਹੀ ਪਰਚਾ ਪਾਇ ॥

ਜਦੋਂ ਆਤਮੇ = ਮਨ ਨੂੰ ਆ + ਤਮੇ ਆ = ਸਰਬ ਓਰ ਸੇ ਤਮੇ = ਅਤਿਸ਼ੈ ਕਰਕੇ ਪ੍ਰਾਪਤ ਰੂਪ ਭਾਵ

ਆਤਮਿਕ ਸਰੂਪ ਦੀ ਪ੍ਰਤੀਤ = ਗਿਆਤ **ਵਾ:** ਭਰੋਸਾ ਹੋਇ = ਹੋ ਜਾਵੇ **ਵਾ:** ਜਦੋਂ ਆਤਮੇ = ਮਨ ਨੂੰ ਗੁਰੂ ਦੀ ਕ੍ਰਿਪਾ ਕਰਕੇ ਆਤਮੇ = ਪਰਮੇਸ਼ਰ ਦੀ ਪ੍ਰਤੀਤੀ ਹੋਇ = ਹੋ ਜਾਵੇ ਤਾ = ਤਦ ਹੀ ਹਿਰਦੇ ਰੂਪੀ ਘਰ ਦੇ ਅੰਦਰ ਪ੍ਰੇਮ ਦਾ ਪਰਚਾ ਪਾਇ = ਪੈ ਜਾਂਦਾ ਹੈ **ਵਾ:** ਪਰਚਾ = ਗਿਆਨ ਪੈਦਾ ਹੋ ਜਾਂਦਾ ਹੈ **ਅਥਵਾ** ਆਪਣੇ ਆਤਮਾ ਨੂੰ ਜਦੋਂ ਪਰਮ ਆਤਮਾ ਭਾਵ ਪਰਮੇਸ਼ਰ ਦੀ ਪ੍ਰਤੀਤੀ ਹੋ ਆਉਂਦੀ ਹੈ ਤਾਂ ਘਰ = ਸਰੀਰ ਦੇ ਵਿਚ ਹੀ ਸੱਚ ਸਰੂਪ ਦੀ ਪਰਚਾ = ਵਾਕਫੀਅਤ ਭਾਵ ਲੱਖਤਾ ਪਾ ਲਈਦੀ ਹੈ।

## ਆਤਮਾ ਅਡੋਲੁ, ਨ ਡੋਲਈ; ਗੁਰ ਕੈ ਭਾਇ ਸੁਭਾਇ ॥

ਜਦੋਂ ਆਤਮਾ = ਮਨ ਅਡੋਲ = ਅਚੱਲ ਹੋ ਜਾਂਦਾ ਹੈ ਤਾਂ ਉਹ ਜੰਮਣ ਮਰਣ, ਬਾਲ, ਬਿਰਧ, ਯੁਵਾ ਅਵਸਥਾ **ਵਾ:** ਵਾਸ਼ਨਾ ਕਰਕੇ ਲੋਕ ਪ੍ਰਲੋਕ ਦੇ ਪਦਾਰਥਾਂ ਵਿਚ ਡੋਲਈ = ਡੋਲਦਾ ਨ = ਨਹੀਂ ਹੈ। ਜੇਕਰ ਗੁਰ = ਸਤਿਗੁਰਾਂ ਕੈ = ਦੇ ਭਾਇ = ਅਨੁਸਾਰ ਹੋ ਕੇ ਸੁਭਾਇ = ਪ੍ਰਕਾਸ਼ ਰੂਪ ਵਿਚ ਜੁੜ ਜਾਵੇ ਭਾਵ ਸੁਭਾਵਿਕ ਹੀ ਗੁਰੂ ਸਾਹਿਬ ਜੀ ਦਾ ਭਾਇ = ਪ੍ਰੇਮ ਪੈਦਾ ਹੋ ਜਾਵੇ।

## ਗੁਰ ਵਿਣੁ ਸਹਜੁ ਨ ਆਵਈ; ਲੋਭੁ ਮੈਲੁ ਨ ਵਿਚਹੁ ਜਾਇ ॥

ਗੁਰੂ ਤੋਂ ਵਿਣੁ = ਬਗੈਰ ਕਿਸੇ ਨੂੰ ਵੀ ਸੱਚ ਸਰੂਪ ਦਾ ਸਹਜੁ = ਗਿਆਨ ਨਹੀਂ ਆਵਈ = ਆ ਸਕਦਾ। ਅਤੇ ਨਾ ਹੀ ਧਨ, ਪਦਾਰਥ ਆਦਿ ਜੋੜਨ ਦੀ ਲੋਭੁ = ਲਾਲਚ ਰੂਪ ਮੈਲ ਜੀਵ ਦੇ ਵਿਚਹੁ = ਅੰਦਰੋਂ ਜਾਇ = ਜਾਂਦੀ ਹੈ।

## ਖਿਨੁ ਪਲੁ, ਹਰਿ ਨਾਮੁ ਮਨਿ ਵਸੈ; ਸਭ ਅਠਸਠਿ ਤੀਰਥ ਨਾਇ ॥

(**ਨਾਇ** ਭਾਰਾ ਬੋਲੋ)

ਹੇ ਭਾਈ! ਜੇਕਰ ਛਿਨ ਪਲ ਵੀ ਹਰਿ = ਪਰਮੇਸ਼ਰ ਦਾ ਨਾਮ ਮਨ ਵਿਚ ਵਸੈ = ਵਸ ਜਾਵੇ ਤਾਂ ਘਰ ਬੈਠਿਆਂ ਹੀ ਸਭ = ਸਾਰੇ ਅਠਾਹਠ ਤੀਰਥਾਂ ਦੇ ਨਾਇ = ਇਸ਼ਨਾਨ ਦਾ ਫਲ ਪ੍ਰਾਪਤ ਹੋ ਜਾਂਦਾ ਹੈ।

## ਸਚੇ ਮੈਲੁ ਨ ਲਗਈ; ਮਲੁ ਲਾਗੈ ਦੂਜੈ ਭਾਇ ॥

ਜਿਹੜੇ ਸੱਚੇ ਨਾਮ ਨੂੰ ਜਪਦੇ ਹਨ, ਉਨ੍ਹਾਂ ਨੂੰ ਅਵਿੱਦਿਆ ਅਤੇ ਪਾਪਾਂ ਦੀ ਮੈਲ ਨ = ਨਹੀਂ ਲਗਈ = ਲੱਗਦੀ। ਦੂਜੈ = ਦ੍ਵੈਤ ਭਾਵ ਵਾਲੇ ਪੁਰਖਾਂ ਨੂੰ ਹੀ ਅਵਿੱਦਿਆ, ਪਾਪਾਂ ਦੀ ਮਲੁ = ਮੈਲ ਲਾਗੈ = ਲੱਗਦੀ ਹੈ।

## ਧੋਤੀ ਮੂਲਿ ਨ ਉਤਰੈ; ਜੇ ਅਠਸਠਿ ਤੀਰਥ ਨਾਇ ॥

(**ਨਾਇ** ਭਾਰਾ ਬੋਲੋ)

ਜੀਵਾਂ ਨੂੰ ਦਵੈਤ ਭਾਵ ਦੀ ਲੱਗੀ ਹੋਈ ਮੈਲ ਬਾਹਰੋਂ ਸਰੀਰ ਨੂੰ ਧੋਤੀ = ਧੋਣ ਨਾਲ ਮੂਲਿ = ਮੁੱਢ ਭਾਵ ਉੱਕਾ ਹੀ ਨ = ਨਹੀਂ ਉਤਰੈ = ਉਤਰਦੀ। ਜੇ = ਜੇਕਰ ਉਹ ਅਠਸਠਿ = (੮ + ੬੦) ਅਠਾਹਠ ਤੀਰਥਾਂ ਦਾ ਨਾਇ = ਇਸ਼ਨਾਨ ਵੀ ਕਰ ਲੈਣ।

## ਮਨਮੁਖ ਕਰਮ ਕਰੇ ਅਹੰਕਾਰੀ; ਸਭੁ ਦੁਖੋ ਦੁਖੁ ਕਮਾਇ ॥

ਮਨਮੁਖ ਲੋਕ ਅਹੰਕਾਰੀ = ਹੰਕਾਰ ਦੇ ਸਹਿਤ ਹੋ ਕੇ ਕਰਮਾਂ ਨੂੰ ਕਰੇ = ਕਰਦੇ ਹਨ। ਇਸ ਕਰਕੇ ਸਭੁ = ਸਾਰਿਆਂ ਨੂੰ ਦੁੱਖ ਦਿੰਦੇ ਹਨ ਅਤੇ ਉਨ੍ਹਾਂ ਨੂੰ ਵੀ ਦੁੱਖ ਹੀ ਮਿਲਦਾ ਹੈ। ਇਉਂ ਕਿਸੇ ਕਿਸੇ ਨੂੰ ਦੁੱਖ ਸੰਤਾਪ ਦੇ ਕੇ ਦੁੱਖਾਂ ਦੀ ਹੀ ਕਮਾਇ = ਕਮਾਈ ਕਰਦੇ ਹਨ।

## ਨਾਨਕ, ਮੈਲਾ ਊਜਲੁ ਤਾ ਥੀਐ; ਜਾ ਸਤਿਗੁਰ ਮਾਹਿ ਸਮਾਇ ॥੧॥

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਮੈਲਾ ਹੋਇਆ ਜੀਵ ਤਾਂ ਊਜਲੁ = ਨਿਰਮਲ ਭਾਵ ਚਿੱਟਾ ਹੋ ਸਕਦਾ ਹੈ, ਜਾ = ਜੇਕਰ ਜੀਵ ਸਤਿਗੁਰੂ ਮਹਾਰਾਜ ਜੀ ਵਿਚ ਸਮਾਇ = ਅਭੇਦ ਹੋ ਜਾਏ ॥੧॥

## ਮ: ੩ ॥ ਮਨਮੁਖੁ ਲੋਕੁ ਸਮਝਾਈਐ; ਕਦਹੁ ਸਮਝਾਇਆ ਜਾਇ ॥

ਜੇਕਰ ਮਨਮੁਖਾਂ ਲੋਕਾਂ ਨੂੰ ਸਮਝਾਈਐ = ਸਮਝਾਉਣਾ ਕਰੀਏ, ਤਾਂ ਉਹ ਕਦਹੁ = ਕਦ ਸਮਝਾਇਆ = ਸਮਝਾਏ ਜਾਇ = ਜਾਂਦੇ ਹਨ ? ਭਾਵ ਉਹ ਕਦੇ ਵੀ ਸਮਝਦੇ ਨਹੀਂ।

## ਮਨਮੁਖੁ ਰਲਾਇਆ ਨਾ ਰਲੈ; ਪਇਐ ਕਿਰਤਿ ਫਿਰਾਇ ॥

ਜਿਸ ਤਰ੍ਹਾਂ ਕਾਂ ਹੰਸਾਂ ਨਾਲ ਨਹੀਂ ਰਲਦੇ, ਉਸੇ ਤਰ੍ਹਾਂ ਮਨਮੁਖ ਲੋਕ ਸਤਿਸੰਗਤ ਰੂਪੀ ਮਾਨ ਸਰੋਵਰ ਵਿਚ ਰਲਾਇਆਂ ਹੋਇਆਂ ਵੀ ਨਹੀਂ ਰਲੈ = ਰਲਦੇ। ਉਹ ਪਰਾਈ ਨਿੰਦਿਆ ਦੀ ਹੀ ਕਿਰਤ ਵਿਚ ਪਏ ਰਹਿੰਦੇ ਹਨ ਅਤੇ ਐਸੀ ਕੀਤੀ ਹੋਈ ਕਿਰਤ ਉਨ੍ਹਾਂ ਨੂੰ ਜੂਨਾਂ ਦੇ ਚੱਕਰ ਵਿਚ ਫਿਰਾਇ = ਫੇਰਦੀ ਹੈ।

## ਲਿਵ ਧਾਤੁ ਦੁਇ ਰਾਹ ਹੈ; ਹੁਕਮੀ ਕਾਰ ਕਮਾਇ ॥

ਗੁਰਮੁਖ ਜਨ ਪਰਮੇਸ਼ਰ ਵਿਚ ਲਿਵ = ਬਿਰਤੀ ਲਾ ਕੇ ਜੁੜੇ ਰਹਿੰਦੇ ਹਨ ਅਤੇ ਮਨਮੁਖ ਲੋਕ ਮਾਇਆ ਵੱਲ ਹੀ ਧਾਤੁ = ਦੌੜਦੇ ਰਹਿੰਦੇ ਹਨ। ਇਸ ਤਰ੍ਹਾਂ ਇਹ ਦੁਇ = ਦੋ ਰਾਹ = ਰਸਤੇ ਹਨ। ਜਿਨ੍ਹਾਂ ਦੀ ਬਿਰਤੀ ਪਰਮੇਸ਼ਰ ਵਿਚ ਜੁੜੀ ਹੈ, ਉਹ ਨਾਮ ਜਪਦੇ ਹਨ। ਜਿਨ੍ਹਾਂ ਦਾ ਮਨ ਧਨ ਪਦਾਰਥ ਆਦਿ ਵਿਚ ਲੱਗਾ ਹੈ, ਉਹ ਉਸ ਨੂੰ ਜੋੜਨ ਵਿਚ ਲੱਗੇ ਰਹਿੰਦੇ ਹਨ। ਇਉਂ ਪਰਮੇਸ਼ਰ ਦੇ ਹੁਕਮ ਅਨੁਸਾਰ ਸਾਰੇ ਜੀਵ ਆਪਣੀ ਆਪਣੀ ਕਾਰ ਕਮਾਇ = ਕਮਾਉਣ ਵਿਚ ਲੱਗੇ ਹੋਏ ਹਨ।

## ਗੁਰਮੁਖਿ ਆਪਣਾ ਮਨੁ ਮਾਰਿਆ; ਸਬਦਿ ਕਸਵਟੀ ਲਾਇ ॥

ਗੁਰਾਂ ਦੇ ਸਬਦਿ = ਉਪਦੇਸ਼ ਦੀ ਕਸਵਟੀ ਤੇ ਲਾਇ = ਲਾ ਕੇ ਗੁਰਮੁਖ ਜਨਾਂ ਨੇ ਆਪਣੇ ਮਨ ਦੇ ਭੈੜੇ ਸੁਭਾਅ ਨੂੰ ਮਾਰਿਆ = ਮਾਰ ਲਿਆ ਹੈ ਅਰਥਾਤ ਜਿਵੇਂ ਸੁਨਿਆਰ ਕਸਵੱਟੀ ਲਾ ਕੇ ਸੋਨੇ ਨੂੰ ਬਾਰ੍ਹਾਂ ਵੰਨੀ ਦਾ ਸ਼ੁੱਧ ਬਣਾ ਦਿੰਦਾ ਹੈ, ਇਸੇ ਪ੍ਰਕਾਰ ਗੁਰੂ ਰੂਪ ਸੁਨਿਆਰ ਸ਼ਬਦ ਦੀ ਕਸਵੱਟੀ ਤੇ ਲਾ ਕੇ ਜਗਿਆਸੂ ਜਨ ਦੇ ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਮਨ ਅਤੇ ਬੁੱਧ ਇਨ੍ਹਾਂ ਨੂੰ ਬਾਰ੍ਹਾਂ ਵੰਨੀ ਦੇ ਸੋਨੇ ਵਾਂਗ ਸ਼ੁੱਧ ਬਣਾ ਦਿੰਦਾ ਹੈ।

## ਮਨ ਹੀ ਨਾਲਿ ਝਗੜਾ, ਮਨ ਹੀ ਨਾਲਿ ਸਥ; ਮਨ ਹੀ ਮੰਝਿ ਸਮਾਇ ॥

ਗੁਰਮੁਖ ਜਨ ਇਕੱਲੇ ਬੈਠ ਕੇ ਆਪਣੇ ਮਨ ਨੂੰ ਹੀ ਮੰਦੇ ਪਾਸੇ ਤੋਂ ਰੋਕਣ ਲਈ ਝਗੜਾ = ਵਾਦ ਕਰਦੇ ਹਨ।[੧]

**ਵਾ:** ਸ੍ਵਨ ਮੰਨਣ ਕਰਕੇ ਗੁਰਮੁਖ ਜਨ ਆਪਣੇ ਮਨ ਨੂੰ ਵਿਸ਼ਿਆਂ ਵੱਲੋਂ ਰੋਕਣ ਰੂਪ ਝਗੜਾ ਕਰਦੇ ਹਨ ਅਤੇ ਫੇਰ ਨਿਧਿਆਸਣ ਕਰਨ ਰੂਪੀ ਸਥ = ਸਭਾ ਬੁਲਾਉਂਦੇ ਹਨ, ਜਦੋਂ ਮਨ ਨਿਰਮਲ ਹੋ ਜਾਂਦਾ ਹੈ ਤਾਂ ਫੇਰ ਮਨ ਹੀ = ਨਿਸਚੇ ਕਰਕੇ ਪਰਮੇਸ਼ਰ ਦੇ ਮੰਝਿ = ਵਿਚ ਸਮਾਇ = ਅਭੇਦ ਭਾਵ ਲੀਨ ਹੋ ਜਾਂਦਾ ਹੈ।

---

੧. ਮਨ ਸ਼ੈਤਾਨਾ ਬੇਈਮਾਨਾ ਮਰ ਜਾ ਮਗਰੋਂ ਲਹਿ ਜਾਹ। ਨਿਤ ਸਿਆਪੇ ਕਰਦਾ ਰਹੇਂ ਪਲ ਦੋ ਪਲ ਤੂੰ ਬਹਿ ਜਾਹ।
ਲੱਖ ਚਉਰਾਸੀਹ ਭੌਂਦਾ ਫਿਰਦਾ ਸਿੱਧੇ ਰਸਤੇ ਪੈ ਜਾਹ। 'ਦਾਸਾ' ਤੇਰੇ ਸਾਥੀ ਚਲ ਗਏ ਤੂੰ ਨਾ ਪਿੱਛੇ ਰਹਿ ਜਾਹ।

## ਮਨੁ ਜੋ ਇਛੇ ਸੋ ਲਹੈ; ਸਚੈ ਸਬਦਿ ਸੁਭਾਇ ॥

ਫੇਰ ਮਨ ਜੋ ਵੀ ਧਰਮ, ਅਰਥ, ਕਾਮ, ਮੋਖ ਆਦਿ ਦੀ ਇਛੇ = ਚਾਹਨਾ ਕਰਦਾ ਹੈ, ਸੋ = ਉਹੋ ਹੀ ਪ੍ਰਾਪਤ ਕਰ ਲਹੈ = ਲੈਂਦਾ ਹੈ ਅਤੇ ਸਚੈ = ਸੱਚੇ ਗੁਰਾਂ ਦੇ ਸਬਦਿ = ਉਪਦੇਸ਼ ਕਰਕੇ ਸੁਭਾਇ (ਸੁ + ਭਾਇ) ਸੁ = ਸ੍ਰੇਸ਼ਟ ਅਪ੍ਰੋਖ ਗਿਆਨ ਦਾ ਭਾਇ = ਪ੍ਰਕਾਸ਼ ਹੋ ਜਾਂਦਾ ਹੈ।

## ਅੰਮ੍ਰਿਤ ਨਾਮੁ ਸਦ ਭੁੰਚੀਐ; ਗੁਰਮੁਖਿ ਕਾਰ ਕਮਾਇ ॥

ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਸਦ = ਸਦਾ ਭੁੰਚੀਐ = ਛਕੀਏ ਅਤੇ ਹੋਰਨਾਂ ਨੂੰ ਛਕਾਈਏ। ਆਪ ਨਾਮ ਜਪਣਾ, ਹੋਰਨਾਂ ਨੂੰ ਜਪਾਉਣਾ, ਸਾਰਿਆਂ ਦਾ ਭਲਾ ਕਰਨਾ, ਬੁਰੇ ਨਾਲ ਵੀ ਨੇਕੀ ਹੀ ਕਰਨੀ, ਇਸ ਤਰ੍ਹਾਂ ਗੁਰਮੁਖਾਂ ਵਾਲੀ ਕਾਰ = ਕਰਨੀ ਕਮਾਇ = ਕਮਾਉਣਾ ਕਰੇ।

## ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ; ਜਾਸੀ ਜਨਮੁ ਗਵਾਇ ॥

ਮਨ ਤੋਂ ਬਿਨਾਂ ਜਿ = ਜੋ ਹੋਰਨਾਂ ਦੇ ਨਾਲ ਲੁਝਣਾ = ਲੜਨਾ ਭਾਵ ਝਗੜਦੇ ਹਨ, ਉਹ ਆਪਣਾ ਮਨੁੱਖਾ ਜਨਮ ਬੇਅਰਥ ਹੀ ਗਵਾਇ = ਗਵਾ ਕੇ ਚਲੇ ਜਾਸੀ = ਜਾਂਦੇ ਹਨ।

## ਮਨਮੁਖੀ ਮਨਹਠਿ ਹਾਰਿਆ; ਕੂੜੁ ਕੁਸਤੁ ਕਮਾਇ ॥

ਮਨਮੁਖ ਲੋਕ ਮਨ ਦੇ ਹਠ ਨਾਲ ਆਪਣਾ ਜਨਮ ਹਾਰ ਗਏ ਹਨ, ਉਹ ਕੂੜੁ = ਝੂਠ ਬੋਲਦੇ ਅਤੇ ਕੁਸਤੁ = ਅਧਰਮ ਵਾਲੇ ਕਰਮ ਕਮਾਇ = ਕਮਾਉਂਦੇ ਰਹਿੰਦੇ ਹਨ।

## ਗੁਰ ਪਰਸਾਦੀ ਮਨੁ ਜਿਣੈ; ਹਰਿ ਸੇਤੀ ਲਿਵ ਲਾਇ ॥

ਜਿਨ੍ਹਾਂ ਨੇ ਗੁਰੂ ਦੀ ਪਰਸਾਦੀ = ਕਿਰਪਾ ਨਾਲ ਆਪਣੇ ਮਨ ਨੂੰ ਜਿਣੈ = ਜਿੱਤ ਲਿਆ ਹੈ, ਉਹ ਹਰਿ = ਪਰਮੇਸ਼ਰ ਸੇਤੀ = ਨਾਲ ਲਿਵ = ਬਿਰਤੀ ਲਾਇ = ਲਾਉਂਦੇ ਹਨ।

## ਨਾਨਕ ਗੁਰਮੁਖਿ ਸਚੁ ਕਮਾਵੈ; ਮਨਮੁਖਿ ਆਵੈ ਜਾਇ ॥੨॥

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਗੁਰਮੁਖ ਜਨ ਸੱਚੇ ਨਾਮ ਨੂੰ ਕਮਾਵੈ = ਕਮਾਉਂਦੇ ਹਨ। ਮਨਮੁਖ ਲੋਕ ਜੂਨਾਂ ਵਿਚ ਭਾਵ ਜੰਮਣ ਮਰਨ ਵਿਚ ਆਵੈ ਜਾਇ = ਆਉਂਦੇ ਜਾਂਦੇ ਰਹਿੰਦੇ ਹਨ ॥੨॥

## ਪਉੜੀ ॥

## ਹਰਿ ਕੇ ਸੰਤ ਸੁਣਹੁ ਜਨ ਭਾਈ; ਹਰਿ ਸਤਿਗੁਰ ਕੀ ਇਕ ਸਾਖੀ ॥

ਹੇ ਹਰਿ = ਹਰੀ ਪਰਮੇਸ਼ਰ ਦੇ ਸੰਤ ਜਨੋਂ ਭਾਈ = ਭਰਾਵੋ, ਭਗਤ ਜਨੋਂ ! ਹਰਿ = ਹਰੀ ਵਾਹਿਗੁਰੂ ਦੇ ਸਰੂਪ ਸਤਿਗੁਰੂ ਜੀ ਕੀ = ਦੀ ਇਕ = ਏਕਤਾ ਵਾਲੀ ਸਾਖੀ = ਸਿੱਖਿਆ ਸੁਣਨਾ ਕਰੋ **ਵਾ:** ਇਕ ਅਦਵੈਤ ਸਰੂਪ ਵਾਹਿਗੁਰੂ ਵਿਚ ਅਭੇਦ ਹੋਣ ਰੂਪ ਸਤਿਗੁਰਾਂ ਕੀ = ਦੀ ਸਾਖੀ = ਸਿੱਖਿਆ ਸੁਣਨਾ ਕਰੋ।

## ਜਿਸੁ ਧੁਰਿ ਭਾਗੁ ਹੋਵੈ, ਮੁਖਿ ਮਸਤਕਿ; ਤਿਨਿ ਜਨਿ ਲੈ ਹਿਰਦੈ ਰਾਖੀ ॥

ਜਿਸੁ = ਜਿਨ੍ਹਾਂ ਦੇ ਧੁਰਿ = ਆਦਿ ਤੋਂ ਹੀ ਮਸਤਕਿ = ਮੱਥੇ ਦੇ ਮੁਖਿ = ਸ਼ਿਰੋਮਣੀ ਭਾਗ ਹੁੰਦੇ ਹਨ, ਤਿਨਿ = ਉਨ੍ਹਾਂ ਗੁਰਮੁਖ ਜਨਾਂ ਨੇ ਗੁਰਾਂ ਤੋਂ ਸਿੱਖਿਆ ਲੈ ਕੇ ਹਿਰਦੇ ਵਿਚ ਵਸਾ ਕੇ ਰਾਖੀ = ਰੱਖੀ ਹੈ।

## ਹਰਿ ਅੰਮ੍ਰਿਤ ਕਥਾ ਸਰੇਸਟ ਊਤਮ; ਗੁਰ ਬਚਨੀ ਸਹਜੇ ਚਾਖੀ ॥

ਹਰਿ = ਪਰਮੇਸ਼ਰ ਦੀ ਅੰਮ੍ਰਿਤ ਰੂਪੀ ਕਥਾ ਹੈ, ਜੋ ਯਗ, ਤਪ ਆਦਿ ਸ੍ਰੇਸ਼ਟ ਕਰਮਾਂ ਧਰਮਾਂ ਤੋਂ ਵੀ ਊਤਮ = ਉੱਤਮ ਹੈ **ਵਾ:** ਸ੍ਰੇਸ਼ਟ ਤੋਂ ਵੀ ਸ੍ਰੇਸ਼ਟ ਹੈ, ਗੁਰਾਂ ਦੇ ਬਚਨੀ = ਵਾਕਾਂ ਨੂੰ ਮੰਨਣ ਵਾਲਿਆਂ ਨੇ ਸਹਜੇ = ਸੁਤੇ ਸਿੱਧ ਹੀ ਉਸ ਕਥਾ ਦੇ ਰਸ ਨੂੰ ਚਾਖੀ = ਚੱਖਿਆ ਭਾਵ ਧਾਰਨ ਕੀਤਾ ਹੈ।

## ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ; ਜਿਉ ਸੂਰਜ ਰੈਣਿ ਕਿਰਾਖੀ ॥

ਤਹ = ਉਨ੍ਹਾਂ ਦੇ ਹਿਰਦੇ ਵਿਚ ਬ੍ਰਹਮ ਗਿਆਨ ਦਾ ਪ੍ਰਗਾਸੁ = ਪ੍ਰਕਾਸ਼ ਹੋ ਗਿਆ ਅਤੇ ਅਗਿਆਨ ਦਾ ਅੰਧਿਆਰਾ = ਹਨੇਰਾ ਮਿਟਿਆ = ਚੁੱਕਿਆ ਗਿਆ ਹੈ। ਜਿਉ = ਜਿਵੇਂ ਸੂਰਜ ਰਾਤ ਦੇ ਹਨੇਰੇ ਨੂੰ ਕਿਰਾਖੀ = ਖਿੱਚ ਲੈਂਦਾ ਹੈ ਭਾਵ ਦੂਰ ਕਰ ਦਿੰਦਾ ਹੈ, ਇਉਂ ਗੁਰੂ ਸਾਹਿਬ ਦੇ ਗਿਆਨ ਨੇ ਅਵਿੱਦਿਆ ਰੂਪੀ ਰੈਣਿ = ਰਾਤ ਨੂੰ ਕਿਰਾਖੀ = ਖਿੱਚ ਲਿਆ ਹੈ। ਮਾਇਆ ਦੇ ਮੋਹ ਰੂਪੀ ਚੰਦ ਦਾ ਪ੍ਰਕਾਸ਼ ਮਿਟ ਗਿਆ ਹੈ। ਇਸ ਪ੍ਰਕਾਰ ਭਰਮ ਦਾ ਹਨੇਰਾ ਚੁੱਕਿਆ ਗਿਆ ਹੈ।

## ਅਦਿਸਟੁ ਅਗੋਚਰੁ ਅਲਖੁ ਨਿਰੰਜਨੁ; ਸੋ ਦੇਖਿਆ ਗੁਰਮੁਖਿ ਆਖੀ ॥੧੨॥

ਜੋ ਪਰਮੇਸ਼ਰ ਅਗਿਆਨ ਕਰਕੇ ਅਦਿਸਟੁ = ਦੇਖਣ ਤੋਂ ਰਹਿਤ, ਅਗੋਚਰੁ = ਇੰਦਰਿਆਂ ਦੇ ਅਵਿਸ਼ੇ, ਅਲਖੁ = ਜਾਨਣ ਤੋਂ ਰਹਿਤ ਤੇ ਨਿਰੰਜਨੁ = ਮਾਇਆ ਦੀ ਕਾਲਖ ਤੋਂ ਰਹਿਤ ਹੈ, ਸੋ = ਉਸ ਪਰਮੇਸ਼ਰ ਨੂੰ ਗੁਰਮੁਖ ਜਨਾਂ ਨੇ ਅਪ੍ਰੋਖ ਗਿਆਨ ਰੂਪੀ ਆਖੀ = ਨੇਤਰਾਂ ਨਾਲ ਦੇਖਿਆ = ਵੇਖ ਲਿਆ ਹੈ॥੧੨॥

## ਸਲੋਕੁ ਮ: ੩ ॥

ਇਕ ਸਮੇਂ ਗੁਰਸਿੱਖਾਂ ਨੇ ਤੀਸਰੇ ਪਾਤਸ਼ਾਹ ਜੀ ਧੰਨ ਸ੍ਰੀ ਗੁਰੂ ਅਮਰਦਾਸ ਮਹਾਰਾਜ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਹੇ ਗ਼ਰੀਬ ਨਿਵਾਜ਼! ਕਿਰਪਾ ਕਰ ਕੇ ਦੱਸਣਾ ਕਰੋ ਕਿ ਸਿਰ ਦੀ ਸਫਲਤਾ ਕਿਵੇਂ ਹੈ? ਕੁਝ ਲੋਕ ਕਾਂਸ਼ੀ ਕਰਵਤ ਕਰਨਾ, ਦੇਵੀ ਭੇਟ ਕਰਨਾ ਤੇ ਜੰਗ ਅੰਦਰ ਲੜ ਕੇ ਮਰਨਾ ਇਹਨਾਂ ਵਿਚ ਸਿਰ ਦੀ ਸਫਲਤਾ ਕਹਿੰਦੇ ਹਨ। ਪਰੰਤੂ ਆਪ ਜੀ ਕਿਰਪਾ ਕਰਕੇ ਦੱਸੋ ਕਿ ਸਿਰ ਦੀ ਸਫਲਤਾ ਕਿਵੇਂ ਹੈ? ਇਹ ਬੇਨਤੀ ਪ੍ਰਵਾਨ ਕਰਕੇ ਸਤਿਗੁਰੂ ਜੀ ਇਉਂ ਪਰਮ ਪਵਿੱਤਰ ਅੰਮ੍ਰਿਤ ਰੂਪੀ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

[ਅੰਗ ੮੮]

## ਸਤਿਗੁਰੁ ਸੇਵੇ ਆਪਣਾ; ਸੋ ਸਿਰੁ ਲੇਖੈ ਲਾਇ ॥

ਜੋ ਆਪਣੇ ਪੂਰਨ ਸਤਿਗੁਰਾਂ ਦਾ ਮਨ ਅਤੇ ਤਨ ਦੁਆਰਾ ਸੇਵੇ = ਪੂਜਨ ਕਰਦੇ ਹਨ ਸੋ = ਉਹਨਾਂ ਦਾ ਸਿਰੁ = ਸੀਸ ਲੇਖੈ = ਗਿਣਤੀ ਦੇ ਵਿਚ ਲਾਇ = ਲੱਗਦਾ ਹੈ ਭਾਵ ਪ੍ਰਮਾਣਨੀਕ ਹੁੰਦਾ ਹੈ ਜਿਵੇਂ ਇਕ ਮਾਤਾ ਜਿਸ ਦਾ ਨਾਮ ਨਿਹਾਲ ਕੌਰ ਸੀ, ਉਸ ਦੇ ਚਾਰ ਪੁੱਤਰ ਸਨ ਜਿਸ ਵਿੱਚੋਂ ਤਿੰਨ ਅਨੰਦਪੁਰ ਸਾਹਿਬ ਜੰਗ ਵਿਚ ਸ਼ਹੀਦ ਹੋ ਗਏ ਅਤੇ ਆਪਣੇ ਚੌਥੇ ਪੁੱਤਰ ਨੂੰ ਲੈ ਕੇ ਕਲਗੀਧਰ ਪਾਤਸ਼ਾਹ ਦੀ ਹਜ਼ੂਰੀ ਵਿਚ ਆ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਮੇਰੇ ਤਿੰਨ ਪੁੱਤਰ ਆਪ ਜੀ ਦੇ ਚਰਨਾਂ ਵਿਚ ਲੇਖੇ ਲੱਗ ਗਏ ਹਨ। ਇਹ ਚੌਥਾ ਪੁੱਤਰ ਹੈ ਅਤੇ ਇਹ ਵੀ ਮੈਂ ਆਪ ਜੀ ਦੇ ਚਰਨਾਂ ਵਿਚ ਸਮਰਪਿਤ ਕਰਦੀ ਹਾਂ। ਅੱਗੋਂ ਸਤਿਗੁਰਾਂ ਕਿਹਾ ਕਿ ਚੰਗਾ ਮਾਤਾ, ਅਗਰ ਤੇਰਾ ਐਸਾ ਖ਼ਿਆਲ ਹੈ ਤਾਂ ਠੀਕ ਹੈ। ਸਤਿਗੁਰਾਂ ਨੇ ਗੁਰਬਾਣੀ ਦੀਆਂ ਪੰਕਤੀਆਂ ਪੜ੍ਹਨਾ ਕੀਤੀਆਂ:

**ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥ ਪ੍ਰਭ ਕੀ ਆਗਿਆ ਮਾਨੈ ਮਾਥੈ ॥**
**ਉਸ ਤੇ ਚਉਗੁਨ ਕਰੈ ਨਿਹਾਲੁ ॥ ਨਾਨਕ ਸਾਹਿਬੁ ਸਦਾ ਦਇਆਲੁ ॥੨॥** *(ਅੰਗ ੨੬੮)*

ਸਤਿਗੁਰਾਂ ਕਿਹਾ ਕਿ ਜਾਹ ਮਾਤਾ, ਤੇਰੇ ਅੱਠ ਪੁੱਤਰ ਹੋਣਗੇ। ਸਤਿਗੁਰਾਂ ਦਾ ਬਚਨ ਪੂਰਾ ਹੋਇਆ। ਮਾਤਾ ਦੇ ਅੱਠ ਪੁੱਤਰ ਹੋਏ ਅਤੇ ਸਾਰੇ ਹੀ ਗੁਰੂ ਸਾਹਿਬ ਦੀ ਸੇਵਾ ਵਿਚ ਲੱਗੇ। ਜਿਸ ਵੇਲੇ ਖ਼ਾਲਸੇ ਦੀਆਂ ੧੨ ਮਿਸਲਾਂ ਬਣੀਆਂ, ਉਹਨਾਂ ਵਿਚ ਇਕ ਦਾ ਨਾਮ ਨਿਹਾਲ ਸਿੰਘ ਅਤੇ ਇਕ ਦਾ ਨਾਮ ਸ਼ੇਰ ਸਿੰਘ ਸੀ। ਇਸ ਪ੍ਰਕਾਰ ਜਿਹਨਾਂ ਨੇ ਸਤਿਗੁਰੂ ਨੂੰ ਆਪਣਾ ਸਮਝ ਕੇ ਸੇਵਾ ਕੀਤੀ, ਗੁਰੂ ਸਾਹਿਬ ਉਹਨਾਂ 'ਤੇ ਕਿਰਪਾ ਕਰਦੇ ਹਨ ਅਤੇ ਉਹਨਾਂ ਦੇ ਸਿਰ ਲੇਖੇ ਵਿਚ ਲੱਗ ਜਾਂਦੇ ਹਨ।

## ਵਿਚਹੁ ਆਪੁ ਗਵਾਇ ਕੈ; ਰਹਨਿ ਸਚਿ ਲਿਵ ਲਾਇ ॥

ਗੁਰਮੁਖ ਜਨ ਹਿਰਦੇ ਵਿਚਹੁ = ਅੰਦਰੋਂ ਆਪੁ = ਆਪਾ ਭਾਵ ਹੰਕਾਰ ਗਵਾਇ = ਗਵਾ ਕੈ = ਕਰਕੇ ਸਚਿ = ਸੱਚੇ ਪਰਮੇਸ਼ਰ ਵਿਚ ਲਿਵ = ਬਿਰਤੀ ਲਾਇ = ਲਾ ਕੇ ਰਹਨਿ = ਰਹਿੰਦੇ ਹਨ।

## ਸਤਿਗੁਰੁ ਜਿਨੀ ਨ ਸੇਵਿਓ; ਤਿਨਾ ਬਿਰਥਾ ਜਨਮੁ ਗਵਾਇ ॥

ਜਿਨੀ = ਜਿਨ੍ਹਾਂ ਪੁਰਸ਼ਾਂ ਨੇ ਸਤਿਗੁਰੂ ਸਾਹਿਬ ਜੀ ਨੂੰ ਸੇਵਿਓ = ਸੇਵਨਾ (ਪੂਜਣਾ) ਨਹੀਂ ਕੀਤਾ, ਤਿਨਾ = ਉਨ੍ਹਾਂ ਬੇਮੁਖ ਪੁਰਸ਼ਾਂ ਨੇ ਆਪਣਾ ਅਮੋਲਕ ਮਨੁੱਖਾ ਜਨਮ ਬਿਰਥਾ = ਵਿਅਰਥ ਹੀ ਗਵਾਇ = ਗੁਆ ਲਿਆ ਹੈ।

## ਨਾਨਕ ਜੋ ਤਿਸੁ ਭਾਵੈ ਸੋ ਕਰੇ; ਕਹਣਾ ਕਿਛੂ ਨ ਜਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਜੋ = ਜਿਹੜਾ ਤਿਸੁ = ਉਸ ਪਰਮੇਸ਼ਰ ਨੂੰ ਭਾਵੈ = ਭਾਉਂਦਾ ਭਾਵ ਚੰਗਾ ਲੱਗਦਾ ਹੈ ਸੋ = ਉਹੋ ਹੀ ਕਰੇ = ਕਰਦਾ ਹੈ। ਹੋਰ ਕਿਛੂ = ਕੁਝ ਵੀ ਕਹਣਾ = ਕਿਹਾ ਨ = ਨਹੀਂ ਜਾਇ = ਜਾ ਸਕਦਾ। ਜੀਵਾਂ ਦੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਪਰਮਾਤਮਾ ਵਾਹਿਗੁਰੂ ਹੀ ਜਾਣਦਾ ਹੈ। ਜੀਵਾਂ ਦੇ ਵਸ ਕੁਝ ਵੀ ਨਹੀਂ ਹੈ॥੧॥

## ਮ: ੩ ॥ ਮਨੁ ਵੇਕਾਰੀ ਵੇੜਿਆ; ਵੇਕਾਰਾ ਕਰਮ ਕਮਾਇ ॥

ਜਿਹੜਾ ਮਨ ਵੇਕਾਰੀ = ਵਿਕਾਰਾਂ ਦੇ ਨਾਲ ਵੇੜਿਆ = ਘੇਰਿਆ ਹੋਇਆ ਹੈ ਉਹ ਮਨ ਵੇਕਾਰਾ = ਵਿਕਾਰਾਂ ਵਾਲੇ ਕਰਮਾਂ ਨੂੰ ਹੀ ਕਮਾਇ = ਕਮਾ ਰਿਹਾ ਹੈ **ਵਾ:** ਵਿਕਾਰਾਂ ਦੇ ਨਾਲ ਬਲੇ ਹੋਏ ਕਰਮ ਹੀ ਕਮਾ ਰਿਹਾ ਹੈ।

## ਦੂਜੈ ਭਾਇ ਅਗਿਆਨੀ ਪੂਜਦੇ; ਦਰਗਹ ਮਿਲੈ ਸਜਾਇ ॥

ਜਿਹੜੇ ਦੂਜੈ = ਦ੍ਵੈਤ ਭਾਇ = ਭਾਵ 'ਚ ਲੱਗ ਕੇ ਅਗਿਆਨੀ = ਗਿਆਨ ਤੋਂ ਹੀਣੇ ਲੋਕ ਦੇਵੀ ਦੇਵਤਿਆਂ ਨੂੰ ਪੂਜਦੇ ਹਨ।[1]

ਉਹਨਾਂ ਨੂੰ ਦਰਗਹ = ਪ੍ਰਲੋਕ ਵਿਚ ਸਜਾਇ = ਸਜ਼ਾ ਮਿਲੈ = ਮਿਲਦੀ ਹੈ।

## ਆਤਮ ਦੇਉ ਪੂਜੀਐ; ਬਿਨੁ ਸਤਿਗੁਰ ਬੂਝ ਨ ਪਾਇ ॥

ਸਾਰਿਆਂ ਦੀ ਆਤਮਾ ਦੇਉ = ਪ੍ਰਕਾਸ਼ ਰੂਪ ਬ੍ਰਹਮ ਦਾ ਹੀ ਸਰੂਪ ਹੈ, ਸਦਾ ਉਸ ਬ੍ਰਹਮ ਸਰੂਪ ਨੂੰ ਪੂਜੀਐ = ਪੂਜਨ ਕਰਦੇ ਰਹੀਏ। ਪਰੰਤੂ ਸਤਿਗੁਰੂ ਸਾਹਿਬ ਜੀ ਤੋਂ ਬਿਨੁ = ਬਗ਼ੈਰ ਉਸ ਦੇ ਪੂਜਨ ਦੀ ਬੂਝ = ਸਮਝ ਕਿਸੇ ਨੂੰ ਨ = ਨਹੀਂ ਪਾਇ = ਪੈ ਸਕਦੀ।

---

੧. **ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥ ਸਬਦੁ ਨ ਚੀਨੈ ਲਵੈ ਕੁਬਾਣਿ ॥** *(ਅੰਗ ੯੪੧)*

## ਜਪੁ ਤਪੁ ਸੰਜਮੁ, ਭਾਣਾ ਸਤਿਗੁਰੂ ਕਾ; ਕਰਮੀ ਪਲੈ ਪਾਇ ॥

ਜੋ ਸਤਿਗੁਰੂ ਦਾ ਭਾਣਾ = ਹੁਕਮ ਮੰਨਣਾ ਹੈ ਭਾਵ ਉਸ ਦੀ ਰਜ਼ਾ ਵਿਚ ਚੱਲਣਾ ਹੈ, ਇਹੋ ਜਪ, ਤਪ ਸੰਜਮੁ = ਵਰਤ ਰੱਖਣਾ ਹੈ। ਪਰੰਤੂ ਇਹ ਦਾਤ ਸਤਿਗੁਰਾਂ ਦੀ ਕਰਮੀ = ਕਿਰਪਾ ਕਰਕੇ ਅੰਤਸ਼ਕਰਣ ਰੂਪੀ ਪਲੈ = ਪੱਲੇ ਦੇ ਵਿਚ ਪਾਇ = ਪੈਂਦੀ ਹੈ।

## ਨਾਨਕ ਸੇਵਾ ਸੁਰਤਿ ਕਮਾਵਣੀ; ਜੋ ਹਰਿ ਭਾਵੈ ਸੋ ਥਾਇ ਪਾਇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੁਰਤਿ (ਸੁ + ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਨਾਲ ਸੇਵਾ = ਟਹਿਲ ਕਮਾਵਣੀ = ਕਮਾਉਣੀ ਚਾਹੀਦੀ ਹੈ। ਜੋ = ਜਿਹੜੇ ਹਰਿ = ਹਰੀ ਵਾਹਿਗੁਰੂ ਨੂੰ ਭਾਵੈ = ਚੰਗੇ ਲੱਗਦੇ ਹਨ, ਸੋ = ਉਹ ਨਿਜ ਸਰੂਪ **ਵਾ:** ਸੱਚਖੰਡ ਰੂਪੀ ਥਾਇ = ਥਾਂ ਨੂੰ ਪਾਇ = ਪਾ ਲੈਂਦੇ ਹਨ **ਵਾ:** ਜਿਸ ਦੀ ਸੁਰਤਿ = ਗਿਆਤ ਪੂਰਬਕ ਕੀਤੀ ਸੇਵਾ ਹਰੀ ਨੂੰ ਭਾ ਜਾਂਦੀ ਹੈ, ਉਹ ਅਕਾਲ ਪੁਰਖ ਦੇ ਦਰ ਲੇਖੇ ਵਿਚ ਪੈ ਜਾਂਦੇ ਹਨ ॥੨॥

## ਪਉੜੀ ॥

## ਹਰਿ ਹਰਿ ਨਾਮੁ ਜਪਹੁ, ਮਨ ਮੇਰੇ; ਜਿਤੁ ਸਦਾ ਸੁਖੁ ਹੋਵੈ, ਦਿਨੁ ਰਾਤੀ ॥

ਹੇ ਮੇਰੇ ਮਨ ! ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਗੁਰੂ ਦੇ ਉਪਦੇਸ਼ ਦੁਆਰਾ ਜਪਹੁ = ਜਪਣਾ ਕਰ। ਜਿਤੁ = ਜਿਸ ਨਾਮ ਨੂੰ ਜਪਣ ਕਰਕੇ ਸਦਾ ਦਿਨੁ ਰਾਤ ਅਬਿਨਾਸ਼ੀ ਪਰਮੇਸ਼ਰ ਦਾ ਸੁੱਖ ਅਨੰਦ ਤੈਨੂੰ ਪ੍ਰਾਪਤ ਹੋਵੈ = ਹੋਵੇਗਾ **ਵਾ:** ਅਵਿੱਦਿਆ ਰੂਪੀ ਰਾਤੀ = ਰਾਤ ਤੋਂ ਤੈਨੂੰ ਬ੍ਰਹਮ ਗਿਆਨ ਰੂਪੀ ਦਿਨ ਚੜ੍ਹ ਜਾਵੇਗਾ।

## ਹਰਿ ਹਰਿ ਨਾਮੁ ਜਪਹੁ, ਮਨ ਮੇਰੇ; ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ ॥

ਹੇ ਮੇਰੇ ਮਨ ! ਪਾਪਾਂ ਦੇ ਹਰਿ = ਹਾਰਕ ਹਰਿ = ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਪ੍ਰੀਤ ਰੂਪੀ ਰਸਨਾ ਦੁਆਰਾ ਜਪਹੁ = ਜਪਣਾ ਕਰ। ਜਿਤੁ = ਜਿਸ ਦਾ ਸਿਮਰਤ = ਸਿਮਰਨ ਕਰਨ ਦੇ ਨਾਲ ਸਭਿ = ਸਾਰੇ ਕਿਲਵਿਖ = ਬੱਜਰ ਪਾਪ ਲਹਾਤੀ = ਲਹਿ ਜਾਣਗੇ।

## ਹਰਿ ਹਰਿ ਨਾਮੁ ਜਪਹੁ, ਮਨ ਮੇਰੇ; ਜਿਤੁ ਦਾਲਦੁ ਦੁਖ ਭੁਖ, ਸਭ ਲਹਿ ਜਾਤੀ ॥

ਹੇ ਮੇਰੇ ਮਨ ! ਹਰੇਕ ਸੰਸਿਆਂ ਦੇ ਹਰਿ = ਹਾਰਕ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪਹੁ = ਜਪਣਾ ਕਰ, ਜਿਤੁ = ਜਿਸ ਕਰਕੇ ਦਾਲਦੁ = ਦਲਿੱਦਰ (ਭਾਵ ਸਰੀਰ ਕਰਕੇ ਨਕਾਰਾ ਹੋ ਜਾਣਾ, ਕੰਮ ਨਾ ਕਰ ਸਕਣਾ **ਵਾ:** ਧਨ ਪਦਾਰਥ ਕਰਕੇ ਗ਼ਰੀਬੀ ਆਉਣੀ **ਵਾ:** ਸਰੀਰ ਕਰਕੇ ਦਲਿੱਦਰੀ ਹੋਣਾ, ਉੱਦਮ ਨਾ ਧਾਰਨ ਕਰਨਾ, ਇਹ ਸਾਰਾ ਅਵਿੱਦਿਆ ਕਰਕੇ ਦਲਿੱਦਰ ਪਿਆ ਹੋਇਆ ਹੈ।) ਜੰਮਣ ਮਰਣ ਦਾ ਦੁਖ, ਆਸਾਂ ਇੱਛਾਵਾਂ ਤੇ ਪਦਾਰਥਾਂ ਆਦਿ ਦੀ ਸਭ = ਸਾਰੀ ਭੁੱਖ ਲਹਿ = ਉਤਰ ਜਾਤੀ = ਜਾਂਦੀ ਹੈ।

## ਹਰਿ ਹਰਿ ਨਾਮੁ ਜਪਹੁ, ਮਨ ਮੇਰੇ; ਮੁਖਿ ਗੁਰਮੁਖਿ ਪ੍ਰੀਤਿ ਲਗਾਤੀ ॥

ਹੇ ਮੇਰੇ ਮਨ ! ਹਰਿ = ਹਰੇ ਭਰੇ ਕਰਨ ਵਾਲੇ ਹਰਿ = ਵਾਹਿਗੁਰੂ ਦਾ ਸਦਾ ਇਕ-ਰਸ ਨਾਮ ਜਪਣਾ ਕਰ,

ਕਿਉਂਕਿ ਗੁਰਮੁਖਿ = ਮੁਖੀ ਗੁਰਾਂ ਦੇ ਮੁਖਿ = ਮੁਖਾਰਬਿੰਦ ਤੋਂ ਨਾਮ ਦਾ ਉਪਦੇਸ਼ ਸੁਣ ਕੇ ਅਧਿਕਾਰੀ ਜਨਾਂ ਦੇ ਅੰਤਹਕਰਣ ਅੰਦਰ ਪਰਮੇਸ਼ਰ ਦੀ ਪ੍ਰੀਤੀ ਲਗਾਤੀ = ਲੱਗ ਜਾਂਦੀ ਹੈ।

**ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ; ਹਰਿ ਤਿਤੁ ਮੁਖਿ ਨਾਮੁ ਜਪਾਤੀ ॥੧੩॥**

ਜਿਤੁ = ਜਿਹਨਾਂ ਦੇ ਮੁਖਿ = ਮੁਖੀ ਸੱਚੇ ਅਕਾਲ ਪੁਰਖ ਨੇ ਧੁਰਿ = ਮੁੱਢ ਤੋਂ ਹੀ ਮੱਥੇ ਦੇ ਚੰਗੇ ਭਾਗ ਲਿਖ ਦਿੱਤੇ ਹਨ, ਤਿਤੁ = ਉਹ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਮੁਖਿ = ਮੂੰਹ (ਰਸਨਾ) ਨਾਲ ਜਪਾਤੀ = ਜਪਦੇ ਜਪਾਉਂਦੇ ਹਨ॥੧੩॥

## ਸਲੋਕ ਮ: ੩ ॥

**ਸਤਿਗੁਰੁ ਜਿਨੀ ਨ ਸੇਵਿਓ; ਸਬਦਿ ਨ ਕੀਤੋ ਵੀਚਾਰੁ ॥**

ਹੇ ਭਾਈ! ਜਿਨ੍ਹਾਂ ਨੇ ਸਤਿਗੁਰਾਂ ਦਾ ਸੇਵਿਓ = ਸੇਵਨ ਭਾਵ ਪੂਜਨ ਨਹੀਂ ਕੀਤਾ, ਤੇ ਗੁਰੂ ਦੇ ਸਬਦਿ = ਉਪਦੇਸ਼ ਨੂੰ ਹਿਰਦੇ ਵਿਚ ਵੀਚਾਰੁ = ਨਿਰਨਾ ਕਰਕੇ ਨ = ਨਹੀਂ ਵਸਾਉਣਾ ਕੀਤੋ = ਕੀਤਾ।

**ਅੰਤਰਿ ਗਿਆਨੁ ਨ ਆਇਓ; ਮਿਰਤਕੁ ਹੈ ਸੰਸਾਰਿ ॥**

ਉਹਨਾਂ ਦੇ ਅੰਤਰਿ = ਅੰਦਰ ਸਰੂਪ ਦਾ ਅਪ੍ਰੋਖ ਗਿਆਨ ਨਹੀਂ ਆਇਓ = ਆਇਆ। ਉਹ ਸੰਸਾਰਿ = ਜਗਤ ਵਿਚ ਮਿਰਤਕੁ = ਮੁਰਦਿਆਂ ਦੀ ਨਿਆਈਂ ਹੈ = ਹਨ। ਜੈਸਾ ਕਿ :

**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥** *(ਅੰਗ ੨੫੩)*

**ਲਖ ਚਉਰਾਸੀਹ ਫੇਰੁ ਪਇਆ; ਮਰਿ ਜੰਮੈ ਹੋਇ ਖੁਆਰੁ ॥**

ਉਹਨਾਂ ਐਸੇ ਲੋਕਾਂ ਦਾ ਚਉਰਾਸੀਹ = ਚੌਰਾਸੀ ਲੱਖ ਜੂਨਾਂ ਵਿਚ ਫੇਰੁ = ਚੱਕਰ ਪਇਆ = ਪੈ ਗਿਆ ਹੈ। ਇਉਂ ਮੌਤ ਦੇ ਮਾਰੇ ਮਰਦੇ ਹਨ ਵਾਸ਼ਨਾ ਦੇ ਬੱਧੇ ਜੰਮੈ = ਜੰਮਦੇ ਹਨ, ਤੇ ਜੂਨਾਂ ਵਿਚ ਖੁਆਰ = ਖ਼ਰਾਬ ਹੋਇ = ਹੁੰਦੇ ਹਨ।

**ਸਤਿਗੁਰ ਕੀ ਸੇਵਾ ਸੋ ਕਰੇ; ਜਿਸ ਨੋ ਆਪਿ ਕਰਾਏ ਸੋਇ ॥**

ਸਤਿਗੁਰਾਂ ਕੀ = ਦੀ ਸੇਵਾ = ਟਹਿਲ ਸੋ = ਉਹ ਕਰੇ = ਕਰਦੇ ਹਨ, ਜਿਸ ਨੋ = ਜਿਨ੍ਹਾਂ ਤੋਂ ਸੋਇ = ਉਹ ਵਾਹਿਗੁਰੂ ਆਪ ਕਰਵਾ ਲਵੇ।

**ਸਤਿਗੁਰ ਵਿਚਿ ਨਾਮੁ ਨਿਧਾਨੁ ਹੈ; ਕਰਮਿ ਪਰਾਪਤਿ ਹੋਇ ॥**

ਹੇ ਭਾਈ! ਸਤਿਗੁਰਾਂ ਦੇ ਹਿਰਦੇ ਵਿਚ ਨਾਮ ਦਾ ਨਿਧਾਨੁ = ਖ਼ਜ਼ਾਨਾ ਹੈ। ਜਿਹਨਾਂ ਤੇ ਗੁਰਾਂ ਨੇ ਕਰਮਿ = ਕ੍ਰਿਪਾ ਰੂਪੀ ਬਖ਼ਸ਼ਿਸ਼ ਕੀਤੀ ਹੈ, ਉਹਨਾਂ ਨੂੰ ਨਿਸ਼ਕਾਮ ਕਰਮਾਂ ਦੁਆਰਾ ਸੰਗਤ ਵਿੱਚੋਂ ਨਾਮ ਦਾ ਖ਼ਜ਼ਾਨਾ ਪ੍ਰਾਪਤ ਹੋਇ = ਹੁੰਦਾ ਹੈ।

**ਸਚਿ ਰਤੇ ਗੁਰ ਸਬਦ ਸਿਉ; ਤਿਨ ਸਚੀ ਸਦਾ ਲਿਵ ਹੋਇ ॥**

ਜਿਹੜੇ ਸੱਚੇ ਗੁਰੂ ਦੇ ਸਬਦ = ਉਪਦੇਸ਼ ਸਿਉ = ਨਾਲ ਸਚਿ = ਸੱਚੇ ਵਾਹਿਗੁਰੂ ਦੇ ਨਾਮ ਵਿਚ

ਰਤੇ = ਤਦਾਕਾਰ ਹੋਏ ਹਨ, ਰੰਗੇ ਹੋਏ ਹਨ, ਤਿਨ = ਉਹਨਾਂ ਦੀ ਸਦਾ ਸੱਚੀ ਲਿਵ = ਬਿਰਤੀ ਲੱਗੀ ਹੋਇ = ਹੋਈ ਹੈ। ਭਾਵ ਵਾਹਿਗੁਰੂ ਦੇ ਆਸਰੇ ਲਿਵ ਜੁੜੀ ਰਹਿੰਦੀ ਹੈ।

## ਨਾਨਕ ਜਿਸ ਨੋ ਮੇਲੇ ਨ ਵਿਛੁੜੈ; ਸਹਜਿ ਸਮਾਵੈ ਸੋਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਨੋ = ਜਿਨ੍ਹਾਂ ਨੂੰ ਪਰਮੇਸ਼ਰ ਗੁਰਾਂ ਦੁਆਰਾ ਆਪਣੇ ਵਿਚ ਮੇਲੇ = ਮੇਲ ਲੈਂਦਾ ਹੈ, ਉਹ ਕਦੇ ਵੀ ਉਸ ਸਰੂਪ ਨਾਲੋਂ ਵਿਛੁੜੈ = ਵਿਛੁੜਦੇ ਨ = ਨਹੀਂ ਹਨ, ਸੋਇ = ਉਹ ਸਹਜਿ = ਸੁਤੇ ਸਿੱਧ ਹੀ ਪਰਮੇਸ਼ਰ ਦੇ ਸਰੂਪ ਵਿਚ ਸਮਾਵੈ = ਸਮਾਅ ਭਾਵ ਲੀਨ ਹੋ ਜਾਂਦੇ ਹਨ ॥੧॥

## ਮ: ੩ ॥

***ਪ੍ਰਸ਼ਨ :*** *ਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਗੁਰੂ ਜੀ ! ਭਗਤੀ ਕਰਨ ਵਾਲੇ ਭਗਤਾਂ ਦੇ ਕੀ ਲੱਖਣ ਹਨ ?*
***ਗੁਰ ਉੱਤਰ :***

## ਸੋ ਭਗਉਤੀ; ਜੁੋ ਭਗਵੰਤੈ ਜਾਣੈ ॥

ਹੇ ਭਾਈ ! ਸੋ = ਉਹ ਭਗਉਤੀ[1] = ਭਗਤੀ ਕਰਨ ਵਾਲਾ ਅਸਲੀ ਭਗਤ ਹੈ, ਜੁੋ = ਜਿਹੜਾ ਭਗਵੰਤੈ = ਪਰਮੇਸ਼ਰ ਨੂੰ ਗੁਰੂ ਕਿਰਪਾ ਦੁਆਰਾ ਜਾਣ ਲਵੇ। ਅਤੇ

## ਗੁਰ ਪਰਸਾਦੀ; ਆਪੁ ਪਛਾਣੈ ॥

ਸਤਿਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਆਪੁ = ਆਪਣੇ ਸਰੂਪ ਨੂੰ ਪਛਾਣੈ = ਪਛਾਣ ਲਵੇ।

## ਧਾਵਤੁ ਰਾਖੈ; ਇਕਤੁ ਘਰਿ ਆਣੈ ॥

ਵਿਸ਼ਿਆਂ ਵਿਚ ਧਾਵਤੁ = ਦੌੜਦੇ ਹੋਏ ਮਨ ਨੂੰ ਰੋਕ ਕੇ ਰਾਖੈ = ਰੱਖਣਾ ਕਰੇ ਅਤੇ ਇਕਤੁ = ਏਕਤਾ ਦੇ ਘਰ ਸਤਿਸੰਗਤ ਵਿਚ ਆਣੈ = ਲਿਆਉਣਾ ਕਰੇ **ਵਾ:** ਏਕਤਾ ਦੇ ਘਰਿ ਭਾਵ ਬ੍ਰਹਮਾਕਾਰ ਬਿਰਤੀ ਕਰਨ ਰੂਪ ਲਿਆਉਣਾ ਕਰੇ।

## ਜੀਵਤੁ ਮਰੈ; ਹਰਿ ਨਾਮੁ ਵਖਾਣੈ ॥

ਜੀਵਤੁ = ਜੀਵਪੁਣੇ ਵੱਲੋਂ ਮਰ ਕੇ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਹਰ ਵਕਤ ਵਖਾਣੈ = ਕਥਨ ਕਰੇ ਜਾਂ ਉਚਾਰਨ ਕਰੇ।

## ਐਸਾ ਭਗਉਤੀ; ਉਤਮੁ ਹੋਇ ॥

ਇਹੋ ਜਿਹਾ ਭਗਉਤੀ = ਭਗਤੀ ਕਰਨ ਵਾਲਾ ਭਗਤ ਉਤਮੁ = ਸ੍ਰੇਸ਼ਟ ਹੋਇ = ਹੁੰਦਾ ਹੈ।

## ਨਾਨਕ; ਸਚਿ ਸਮਾਵੈ ਸੋਇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਹੜਾ ਐਸਾ ਭਗਤੀ ਕਰਨ ਵਾਲਾ ਭਗਤ ਹੈ, ਸੋਇ = ਉਹ ਸੱਚ ਸਰੂਪ ਵਿਚ ਸਮਾਵੈ = ਲੀਨ ਹੋ ਜਾਂਦਾ ਹੈ ॥੨॥

---

੧. ***ਨੋਟ :*** ਭਗਉਤੀ ਸ਼ਬਦ ਦੀ ਵਿਸਥਾਰ ਸਹਿਤ ਵੀਚਾਰ ਇਸੇ ਪੋਥੀ ਵਿਚ ਗੁਰਬਾਣੀ ਦੀ ਤੁਕ "ਭਗਉਤੀ ਰਹਤ ਜੁਗਤਾ" ਅੰਗ ੭੧ 'ਤੇ ਪੜ੍ਹੋ ਜੀ।

## ਮ: ੩ ॥ ਅੰਤਰਿ ਕਪਟੁ; ਭਗਉਤੀ ਕਹਾਏ ॥

ਜੋ ਹਿਰਦੇ ਅੰਦਰ ਠੱਗੀ ਮਾਰਨ, ਧਨ ਪਦਾਰਥ ਇਕੱਠਾ ਕਰਨ ਦਾ ਕਪਟੁ = ਛਲ ਰੱਖਦੇ ਹਨ ਤੇ ਉਪਰੋਂ ਭਗਉਤੀ = ਭਗਤੀ ਕਰਨ ਵਾਲੇ ਕਹਾਉਂਦੇ ਹਨ। ਜੈਸਾ ਕਿ :

**ਘਾਟਿ ਨ ਕਿਨਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥** *(ਅੰਗ ੭੧)*

**ਆਂਖਨ ਭੀਤਰਿ ਤੇਲ ਕੌ ਡਾਰ ਸੁ ਲੋਗਨ ਨੀਰੁ ਬਹਾਇ ਦਿਖਾਵੈ ॥**
**ਜੋ ਧਨਵਾਨੁ ਲਖੈ ਨਿਜ ਸੇਵਕ ਤਾਹੀ ਪਰੋਸਿ ਪ੍ਰਸ਼ਾਦਿ ਜਿਮਾਵੈ ॥**
**ਜੋ ਧਨ ਹੀਨ ਲਖੈ ਤਿਹ ਦੇਤ ਨ ਮਾਗਨ ਜਾਤ ਮੁਖੋ ਨ ਦਿਖਾਵੈ ॥**
**ਲੂਟਤ ਹੈ ਪਸੁ ਲੋਗਨ ਕੋ ਕਬਹੂੰ ਨ ਪ੍ਰਮੇਸ਼ਰ ਕੇ ਗੁਨ ਗਾਵੈ ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੬)*

## ਪਾਖੰਡਿ; ਪਾਰਬ੍ਰਹਮੁ ਕਦੇ ਨ ਪਾਏ ॥

ਐਸੇ ਪਾਖੰਡਿ = ਦਿਖਾਵੇ ਵਾਲੇ ਪੁਰਖ ਉਸ ਪਾਰਬ੍ਰਹਮੁ = ਪਰਮੇਸ਼ਰ ਨੂੰ ਕਦੇ = ਕਦਾਚਿਤ ਵੀ ਨ = ਨਹੀਂ ਪਾਏ = ਪਾ ਸਕਦੇ।

## ਪਰ ਨਿੰਦਾ ਕਰੇ; ਅੰਤਰਿ ਮਲੁ ਲਾਏ ॥

ਉਹ ਤਾਂ ਸਗੋਂ ਪਰ = ਪਰਾਈ ਨਿੰਦਾ = ਨਿੰਦਿਆ ਕਰੇ = ਕਰ ਕੇ ਆਪਣੇ ਹਿਰਦੇ ਅੰਤਰਿ = ਅੰਦਰ ਪਾਪਾਂ ਰੂਪੀ ਮਲੁ = ਮੈਲ ਨੂੰ ਲਾਏ = ਲਾਉਂਦੇ ਹਨ।

## ਬਾਹਰਿ ਮਲੁ ਧੋਵੈ; ਮਨ ਕੀ ਜੂਠਿ ਨ ਜਾਏ ॥

ਬਾਹਰਿ = ਬਾਹਰੋਂ ਤਾਂ ਸਰੀਰ ਦੀ ਮੈਲ ਧੋਵੈ = ਧੋ ਲੈਂਦੇ ਹਨ। ਪਰੰਤੂ ਜੋ ਮਨ ਦੇ ਵਿਚ ਅਵਿੱਦਿਆ ਕੀ = ਦੀ ਜੂਠਿ = ਅਪਵਿੱਤਰਤਾ ਹੈ, ਨਿੰਦਿਆ ਦੀ ਮੈਲ ਹੈ, ਉਹ ਨ = ਨਹੀਂ ਧੋਤੀ ਜਾਏ = ਜਾਂਦੀ।

## ਸਤਸੰਗਤਿ ਸਿਉ; ਬਾਦੁ ਰਚਾਏ ॥

ਉਹ ਪਾਖੰਡੀ ਸਤਿਸੰਗਤ ਦੇ ਸਿਉ = ਨਾਲ ਹਮੇਸ਼ਾ ਹੀ ਬਾਦੁ = ਝਗੜਾ ਰਚਾਏ = ਰਚਾਉਣਾ ਕਰਦੇ ਹਨ। ਅਤੇ

## ਅਨਦਿਨੁ ਦੁਖੀਆ; ਦੂਜੈ ਭਾਇ ਰਚਾਏ ॥

ਉਹ ਦੂਜੈ ਭਾਇ = ਦਵੈਤ ਭਾਵ ਵਿਚ ਆਪ ਰਚਾਏ = ਰਚੇ ਹੋਏ ਤੇ ਹੋਰਨਾਂ ਨੂੰ ਦ੍ਵੈਤ ਭਾਵ ਵਿਚ ਰਚਾਉਣੇ ਕਰਕੇ ਅਨਦਿਨੁ = ਰਾਤ ਦਿਨ ਦੁਖੀਆ = ਦੁਖੀ ਰਹਿੰਦੇ ਹਨ।

## ਹਰਿ ਨਾਮੁ ਨ ਚੇਤੈ; ਬਹੁ ਕਰਮ ਕਮਾਏ ॥

ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਚੇਤੈ = ਯਾਦ ਨਹੀਂ ਕਰਦੇ ਤੇ ਬਹੁ = ਬਹੁਤੇ ਨਿਤ ਨਮਿਤ ਪ੍ਰਾਸ਼ਚਿਤ ਆਦਿਕ ਕਰਮ-ਕਾਂਡਾਂ ਨੂੰ ਕਮਾਏ = ਕਮਾਉਂਦੇ ਹਨ।

## ਪੂਰਬ ਲਿਖਿਆ; ਸੁ ਮੇਟਣਾ ਨ ਜਾਏ ॥

ਜਿਹੜਾ ਪੂਰਬ = ਪੂਰਬਲੇ ਕਰਮਾਂ ਦਾ ਲਿਖਿਆ ਹੋਇਆ ਲੇਖਾ ਹੈ। ਸੁ = ਉਹ ਭੋਗੇ ਤੋਂ ਬਗ਼ੈਰ ਕਿਸੇ ਤਰ੍ਹਾ ਵੀ ਮੇਟਣਾ = ਮੇਟਿਆ ਨ = ਨਹੀਂ ਜਾਏ = ਜਾ ਸਕਦਾ।

## ਨਾਨਕ, ਬਿਨੁ ਸਤਿਗੁਰ ਸੇਵੇ; ਮੋਖੁ ਨ ਪਾਏ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੱਚੇ ਗੁਰੂ ਦੀ ਸੇਵੇ = ਟਹਿਲ **ਵਾ:** ਸੇਵੇ = ਸੇਵਨ, ਪੂਜਨ ਤੋਂ ਬਿਨਾਂ ਮੋਖੁ = ਮੁਕਤੀ ਦੀ ਪਾਏ = ਪ੍ਰਾਪਤੀ ਨਹੀਂ ਹੁੰਦੀ ॥੩॥

## ਪਉੜੀ ॥ ਸਤਿਗੁਰੁ ਜਿਨੀ ਧਿਆਇਆ; ਸੇ ਕੜਿਨ ਸਵਾਹੀ ॥

(ਦੂਜਾ ਪਾਠ **ਸੇ ਕੜਿ ਨ ਸਵਾਹੀ**)

ਜਿਨ੍ਹਾਂ ਨੇ ਪੂਰੇ ਪਰਮੇਸ਼ਰ ਸਰੂਪ ਸਤਿਗੁਰੂ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਸੇ = ਉਹ ਸਵਾਹੀ = ਸਾਰੀਆਂ ਇੰਦਰੀਆਂ ਨੂੰ ਕੜਿਨ = ਕੜ ਲੈਂਦੇ ਹਨ ਭਾਵ ਵਸ ਕਰ ਲੈਂਦੇ ਹਨ **ਅਥਵਾ** (ਸੇ ਕੜਿ ਨ ਸਵਾਹੀ) ਸੇ = ਉਹ ਸਵਾਹੀ = ਸਵੇਰੇ ਉੱਠ ਕੇ ਕੜਿ = ਝੂਰਦੇ ਨ = ਨਹੀਂ ਹਨ **ਵਾ:** ਉਹ ਗੁਰਮੁਖ ਜਨ ਸਵੇਰੇ ਉੱਠ ਕੇ ਚਿੰਤਾ ਨਹੀਂ ਕਰਦੇ ਭਾਵ ਪ੍ਰਸੰਨ ਰਹਿੰਦੇ ਹਨ **ਵਾ:** ਉਹ ਵਿਸ਼ਿਆਂ ਦੀ ਅੱਗ ਵਿਚ ਕੜਿ = ਸੜ ਸੜ ਕੇ ਸਵਾਹੀ = ਸੁਆਹ ਨ = ਨਹੀਂ ਹੁੰਦੇ।

## ਸਤਿਗੁਰੁ ਜਿਨੀ ਧਿਆਇਆ; ਸੇ ਤ੍ਰਿਪਤਿ ਅਘਾਹੀ ॥

ਜਿਨ੍ਹਾਂ ਨੇ ਸਤਿਗੁਰੂ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਸੇ = ਉਹ ਆਤਮ ਤ੍ਰਿਪਤੀ ਕਰਕੇ ਅਘਾਹੀ = ਰੱਜ ਗਏ ਹਨ।

**[ਅੰਗ ੮੯]**

## ਸਤਿਗੁਰੁ ਜਿਨੀ ਧਿਆਇਆ; ਤਿਨ ਜਮ ਡਰੁ ਨਾਹੀ ॥

ਜਿਨ੍ਹਾਂ ਨੇ ਸੱਚੇ ਪਾਤਸ਼ਾਹ ਸਤਿਗੁਰੂ ਜੀ ਨੂੰ ਧਿਆਇਆ = ਧਿਆਉਣਾ ਕੀਤਾ ਹੈ, ਤਿਨ = ਉਹਨਾਂ ਨੂੰ ਜਮਾਂ ਦਾ ਡਰੁ = ਭੈ ਨਾਹੀ = ਨਹੀਂ ਰਹਿੰਦਾ ਹੈ।

## ਜਿਨ ਕਉ ਹੋਆ ਕ੍ਰਿਪਾਲੁ ਹਰਿ; ਸੇ ਸਤਿਗੁਰ ਪੈਰੀ ਪਾਹੀ ॥

ਜਿਨ੍ਹਾਂ ਉੱਤੇ ਹਰਿ = ਹਰੀ ਵਾਹਿਗੁਰੂ ਆਪ ਕ੍ਰਿਪਾਲੁ = ਦਇਆਲੂ ਹੋਆ = ਹੋਇਆ ਹੈ, ਸੇ = ਉਹ ਪੂਰੇ ਸਤਿਗੁਰੂ ਪਾਤਸ਼ਾਹ ਦੇ ਪੈਰੀ ਪਾਹੀ = ਚਰਨੀਂ ਪੈਂਦੇ ਹਨ।

## ਤਿਨ ਐਥੈ ਓਥੈ ਮੁਖ ਉਜਲੇ; ਹਰਿ ਦਰਗਹ ਪੈਧੇ ਜਾਹੀ ॥੧੪॥

ਤਿਨ = ਉਹਨਾਂ ਪਿਆਰਿਆਂ ਦੇ ਐਥੈ = ਇਸ ਲੋਕ ਵਿਚ ਅਤੇ ਓਥੈ = ਪਰਲੋਕ ਵਿਚ ਵੀ ਮੁਖ = ਮੁਖੜੇ ਜੱਸ ਰੂਪ ਉਜਾਲੇ ਵਾਲੇ ਭਾਵ ਪਵਿੱਤਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਹਰਿ = ਹਰੀ ਪਰਮੇਸ਼ਰ ਦੀ ਦਰਗਹ = ਸੱਚਖੰਡ ਵਿਚ ਭਗਤੀ ਰੂਪੀ, ਪ੍ਰੇਮ ਰੂਪੀ ਸਿਰੋਪਾਉ ਪੈਧੇ = ਪਹਿਨਾਇਆ ਜਾਹੀ = ਜਾਂਦਾ ਹੈ ॥੧੪॥ ਜੈਸਾ ਕਿ :

**ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ ॥** *(ਸੋਰਠਿ ਮ: ੫, ਅੰਗ ੬੩੧)*

## ਸਲੋਕ ਮ: ੨ ॥

**ਉਥਾਨਕਾ :** ਖਡੂਰ ਸਾਹਿਬ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ! ਜਿਹੜੇ ਗੁਰੂ ਨਾਨਕ ਸਾਹਿਬ ਜੀ ਦੀ ਧੁਰਾਂ ਤੋਂ ਆਈ ਗੁਰਤਾ ਗੱਦੀ ਨੂੰ ਸਤਿਕਾਰ ਨਾਲ

ਨਮਸਕਾਰ ਨਹੀਂ ਕਰਦੇ, ਸਿਰ ਨਹੀਂ ਝੁਕਾਉਂਦੇ, ਖੜ੍ਹੇ ਹੀ ਰਹਿੰਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਹਿਰਦੇ ਵਿਚ ਪਰਮੇਸ਼ਰ ਦਾ ਪਿਆਰ ਹੈ, ਆਪ ਜੀ ਉਨ੍ਹਾਂ ਦੀ ਬਾਬਤ ਕਥਨ ਕਰੋ। ਤਾਂ ਗੁਰੂ ਸਾਹਿਬ ਜੀ ਨੇ ਪਿਛਲੀ ਸਿਮਰਤੀ ਦੁਆਰਾ ਜਦੋਂ ਗੁਰੂ ਨਾਨਕ ਦੇਵ ਜੀ ਨੇ ਸੁੰਨ ਸਮਾਧੀਆਂ ਦੇ ਦਰਸ਼ਨ ਕਰਵਾਏ ਸਨ ਕਿ ਜਿਹੜੇ ਸਤਿਗੁਰਾਂ ਨੂੰ, ਗੁਰੂ ਪੀਰਾਂ ਨੂੰ ਅਤੇ ਸਤਿਪੁਰਸ਼ਾਂ ਨੂੰ ਸਤਿਕਾਰ ਨਹੀਂ ਦਿੰਦੇ, ਗੁਰਾਂ ਅੱਗੇ ਨਾ ਝੁਕਣ ਵਾਲਿਆਂ ਦੇ ਗਰਦਨਾਂ ਵਿਚ ਕਿੱਲ ਠੁਕੇ ਹੋਏ ਸਨ। ਐਸਾ ਵਿਚਾਰ ਕੇ ਆਪ ਜੀ ਨੇ ਅੰਮ੍ਰਿਤ ਬਚਨ ਉਚਾਰਨ ਕੀਤੇ :

## ਜੋ ਸਿਰੁ ਸਾਂਈ ਨਾ ਨਿਵੈ; ਸੋ ਸਿਰੁ ਦੀਜੈ ਡਾਰਿ ॥

ਜੋ = ਜਿਹੜਾ ਸਿਰੁ = ਸੀਸ ਸਾਂਈ = ਮਾਲਕ ਸਤਿਗੁਰਾਂ **ਵਾ:** ਸਤਿਗੁਰੂ ਜੀ ਦੀ ਸ਼ਰਨ ਆ ਕੇ ਸਾਂਈ = ਪਰਮੇਸ਼ਰ ਅੱਗੇ ਨਾ ਨਿਵੈ = ਝੁਕਦਾ ਨਹੀਂ, ਸੋ = ਉਸ ਸਿਰ ਨੂੰ ਵੱਢ ਕੇ ਡਾਰਿ = ਸੁੱਟ ਦੇਣਾ ਚਾਹੀਦਾ ਹੈ। ਜੈਸਾ ਕਿ :

**ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥**
**ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥** *(ਸਲੋਕ ਫਰੀਦ ਜੀ, ਅੰਗ ੧੩੮੧)*

ਜੇਕਰ ਸਾਈਂ ਸੁਆਮੀ ਅਕਾਲ ਪੁਰਖ ਦੇ ਅੱਗੇ ਸਿਰ ਨਾ ਝੁਕੇ, ਜਿਵੇਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਆਉਂਦੇ ਹੋਣ ਤਾਂ ਅੱਗੋਂ ਪਾਤਸ਼ਾਹ ਜੀ ਦੇ ਸਤਿਕਾਰ ਲਈ ਕੋਈ ਉੱਠ ਕੇ ਖੜ੍ਹਾ ਨਾ ਹੋਵੇ ਅਤੇ ਸਿਰ ਨਾ ਝੁਕਾਵੇ ਤਾਂ ਉਨ੍ਹਾਂ ਦੀ ਬਾਬਤ ਕਥਨ ਹੈ :

**ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥**
**ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥** *(ਸਲੋਕ ਫਰੀਦ ਜੀ, ਅੰਗ ੧੩੮੧)*

ਐਸਾ ਡੰਨ ਮਿਲਦਾ ਹੈ ਕਿ ਉਸ ਦੇ ਸਿਰ ਦੇ ਤਾਈਂ ਬਾਲਣ ਦੇ ਹੇਠਾਂ ਬਾਲਿਆ ਜਾਂਦਾ ਹੈ। ਇਸ ਦੀ ਬਾਬਤ ਭਾਈ ਗੁਰਦਾਸ ਜੀ ਵੀ ਐਸਾ ਫ਼ੁਰਮਾਨ ਕਰਦੇ ਹਨ : ਤਥਾ :

**ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ ॥**
*(ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੧੦)*

**ਸਬਦ ਭੋਗ ਨ ਨਿਵਾਵੈ ਸੀਸ ॥ ਤਾਂ ਕੋ ਮਿਲੈ ਨਾ ਪਰਮ ਜਗਦੀਸ਼ ॥੫॥**
*(ਤਨਖਾਹਨਾਮਾ ਭਾ. ਨੰਦ ਲਾਲ ਜੀ)*

ਜੇਕਰ ਗੁਰੂ ਦੇ ਸ਼ਬਦ ਦਾ ਭੋਗ ਪੈਂਦਾ ਹੈ ਤਾਂ ਉਸ ਸਮੇਂ ਜਿਸ ਦਾ ਸੀਸ ਨਾ ਝੁਕੇ ਤਾਂ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੋ ਸਕਦੀ।

## ਨਾਨਕ ਜਿਸੁ ਪਿੰਜਰ ਮਹਿ, ਬਿਰਹਾ ਨਹੀ; ਸੋ ਪਿੰਜਰੁ ਲੈ ਜਾਰਿ ॥੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਪਿੰਜਰ = ਸਰੀਰ ਮਹਿ = ਵਿਚ ਪਰਮੇਸ਼ਰ ਦਾ ਬਿਰਹਾ = ਪ੍ਰੇਮ ਨਹੀਂ ਹੈ, ਸੋ = ਉਸ ਪਿੰਜਰ = ਸਰੀਰ ਨੂੰ ਲੈ = ਲਿਜਾ ਕੇ ਅੱਗ ਵਿਚ ਜਾਰਿ = ਸਾੜ ਦੇਣਾ ਚਾਹੀਦਾ ਹੈ। **ਵਾ:** ਉਸ ਨੂੰ ਨਰਕਾਂ ਦੀ ਅੱਗ, ਕਾਮ, ਕ੍ਰੋਧ ਆਦਿ ਦੀ ਅੱਗ ਅਤੇ ਮਾਤਾ ਦੇ ਗਰਭ ਦੀ ਅੱਗ ਸਾੜਦੀ ਰਹਿੰਦੀ ਹੈ ॥੧॥

## ਮ: ੫ ॥ ਮੁੰਢਹੁ ਭੁਲੀ ਨਾਨਕਾ; ਫਿਰਿ ਫਿਰਿ ਜਨਮਿ ਮੁਈਆਸੁ ॥

(**ਮੁਈਆਸੁ** ਪਾਠ ਇਕੱਠਾ ਕਰਨਾ ਹੈ)

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਉਂਦੇ ਹਨ ਕਿ ਜਿਹੜੀ ਜੀਵ ਰੂਪੀ ਇਸਤਰੀ ਮੁੰਢਹੁ = ਮੁੱਢ

ਭਾਵ ਜਨਮ ਤੋਂ ਲੈ ਕੇ ਪਰਮੇਸ਼ਰ ਦਾ ਸਿਮਰਨ ਭੁੱਲੀ ਹੋਈ ਹੈ, ਉਹ ਫਿਰਿ ਫਿਰਿ = ਵਾਰ ਵਾਰ ਮੁੜ ਕੇ ਜਨਮਿ = ਜੰਮਦੀ ਤੇ ਮੁਈਆਸੁ = ਮਰਦੀ ਰਹਿੰਦੀ ਹੈ **ਅਥਵਾ** ਜਿਹੜੀ ਸ੍ਰਿਸ਼ਟੀ ਮੁੰਢਹੁ = ਮੂਲ ਰੂਪ ਪਰਮੇਸ਼ਰ ਤੋਂ ਭੁੱਲੀ ਹੋਈ ਹੈ, ਉਹ ਚਉਰਾਸੀ ਦੇ ਫਿਰਿ = ਫੇਰਿਆਂ ਵਿਚ ਫਿਰਿ = ਫਿਰਦੀ ਹੋਈ ਜਨਮਿ = ਜੰਮਦੀ ਰਹਿੰਦੀ ਹੈ ਅਤੇ (ਮੁਈ + ਆਸੁ) ਆਸੁ = ਆਸਾ ਦੀ ਬੱਧੀ ਹੋਈ ਮੁਈ = ਮਰਦੀ ਰਹਿੰਦੀ ਹੈ।

## ਕਸਤੂਰੀ ਕੈ ਭੋਲੜੈ; ਗੰਦੇ ਡੁੰਮਿ ਪਈਆਸੁ ॥੨॥

ਜਿਵੇਂ ਜਿਹੜੇ ਹਿਰਨ ਹੁੰਦੇ ਹਨ ਉਨ੍ਹਾਂ ਦੀ ਨਾਭੀ ਵਿਚ ਕਸਤੂਰੀ ਤੇ ਵੱਡੇ ਵੱਡੇ ਨਾਪੇ ਹੁੰਦੇ ਹਨ। ਉਹ ਆਪਣੇ ਅੰਦਰੋਂ ਕਸਤੂਰੀ ਦੇ ਭੁਲੇਖੇ ਵਿਚ ਭੋਲੜੈ = ਭੁੱਲ ਕੇ, ਗੰਦੇ ਪਾਣੀ ਵਾਲੇ ਡੁੰਮਿ = ਟੋਏ ਵਿਚ ਡਿੱਗ ਪੈਂਦੇ ਹਨ ਕਿ ਸਾਨੂੰ ਉਸ ਵਿੱਚੋਂ ਖ਼ੁਸ਼ਬੂ ਆਉਂਦੀ ਹੈ (ਐਸੇ ਮਿਰਗ ਸ੍ਰੀ ਹੇਮਕੁੰਟ ਸਾਹਿਬ ਵਾਲੇ ਪਾਸੇ ਪਾਏ ਜਾਂਦੇ ਹਨ) **ਅਥਵਾ** ਮਨਮੁਖ ਜੀਵ ਰੂਪ ਇਸਤਰੀ ਪਰਮੇਸ਼ਰ ਦੀ ਪ੍ਰੇਮਾ-ਭਗਤੀ ਰੂਪ ਕਸਤੂਰੀ ਦੇ ਭੋਲੜੈ = ਭੁਲੇਖੇ ਵਿਚ, ਵਿਸ਼ਿਆਂ ਰੂਪੀ ਡੁੰਮਿ = ਟੋਏ ਵਿਚ ਪਈਆਸੁ = ਪੈ ਕੇ ਮਰ ਜਾਂਦੀ ਹੈ। ਸਦੀਵ ਸੁੱਖ ਤਾਂ ਭਗਤੀ ਵਿਚ ਹੈ ਪਰੰਤੂ ਉਹ ਕਲਪਤ ਸੁੱਖ ਨੂੰ ਸਦੀਵ ਸੁੱਖ ਮੰਨ ਕੇ ਵਿਸ਼ਿਆਂ-ਵਿਕਾਰਾਂ ਦੇ ਟੋਏ ਵਿਚ ਡਿੱਗ ਜਾਂਦੀ ਹੈ ॥੨॥

## ਪਉੜੀ ॥

## ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ; ਜੋ ਸਭਨਾ ਉਪਰਿ ਹੁਕਮੁ ਚਲਾਏ ॥

ਹੇ ਮੇਰੇ ਪਿਆਰੇ ਮਨਾਂ! ਸੋ = ਉਸ ਐਸਾ = ਇਹੋ ਜਿਹੇ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਈਐ = ਧਿਆਉਣਾ ਕਰ, ਜੋ ਸਭਨਾ = ਸਾਰਿਆਂ ਉਪਰ ਆਪਣਾ ਹੁਕਮ ਚਲਾਏ = ਚਲਾਉਂਦਾ ਹੈ **ਅਥਵਾ** ਹਰਿ = ਹਰੀ ਪਰਮੇਸ਼ਰ ਦਾ ਐਸਾ ਅਸਚਰਜ ਨਾਮ ਹੈ, ਸੋ = ਉਸ ਨੂੰ ਧਿਆਈਐ = ਧਿਆਉਣ ਦਾ ਯਤਨ ਕਰ। ਜੋ ਪਰਮੇਸ਼ਰ ਦਾ ਨਾਮ ਜਪਦੇ ਹਨ, ਉਨ੍ਹਾਂ ਦਾ ਸਭਨਾ = ਸਾਰਿਆਂ ਉੱਤੇ ਹੁਕਮ ਚਲਾਏ = ਚੱਲਦਾ ਹੈ।

**ਸਾਖੀ—ਅਦਨ ਦੇਸ਼ ਦੇ ਰਾਜੇ ਦੀ :** ਜਿਵੇਂ ਕਿ ਇਕ ਅਦਨ ਦੇਸ਼ ਦਾ ਬਾਦਸ਼ਾਹ ਸੀ, ਉਹ ਆਪਣਾ ਸਾਰਾ ਰਾਜ ਭਾਗ ਆਪਣੇ ਪੁੱਤਰ ਨੂੰ ਦੇ ਕੇ ਆਪ ਜੰਗਲਾਂ ਵਿਚ ਤਪ ਕਰਨ ਲੱਗ ਪਿਆ। ਇਕ ਦਰਿਆ ਦੇ ਕਿਨਾਰੇ 'ਤੇ ਬੈਠ ਗਿਆ। ਕੁਝ ਸਮਾਂ ਲੰਘਿਆ ਤਾਂ ਉਸ ਦਾ ਪੁੱਤਰ ਆਪਣੀਆਂ ਫ਼ੌਜਾਂ ਨੂੰ ਨਾਲ ਲੈ ਕੇ ਪਿਤਾ ਨੂੰ ਮਿਲਣ ਲਈ ਆਇਆ ਤੇ ਕਹਿਣ ਲੱਗਾ ਕਿ ਤੁਹਾਡੇ ਸਾਧੂ ਬਣਨ ਕਰਕੇ ਲੋਕ ਮੈਨੂੰ ਨਾਲਾਇਕ ਕਹਿੰਦੇ ਹਨ ਕਿ ਪਿਤਾ ਜੰਗਲਾਂ ਉਜਾੜਾਂ ਵਿਚ ਰੁਲਦਾ ਫਿਰਦਾ ਹੈ ਤੇ ਆਪ ਰਾਜ ਮਹਿਲਾਂ ਵਿਚ ਰਹਿੰਦਾ ਹੈ। ਤੁਸੀਂ ਮੇਰੇ ਨਾਲ ਘਰ ਚੱਲੋ। ਮੈਂ ਤੁਹਾਡੀ ਸੇਵਾ ਵਿਚ ਕੋਈ ਢਿੱਲ ਨਹੀਂ ਰੱਖਾਂਗਾ। ਰਾਜਾ ਕਹਿਣ ਲੱਗਾ ਕਿ ਪੁੱਤਰ, ਅੱਜ ਮੇਰਾ ਹੁਕਮ ਸਾਰੇ ਪਾਸੇ ਚੱਲਦਾ ਹੈ। ਮੈਂ ਹੁਣ ਰਾਜ ਤੋਂ ਕੀ ਲੈਣਾ ਹੈ? ਉਸ ਦਾ ਪੁੱਤਰ ਕਹਿਣ ਲੱਗਾ ਕਿ ਹੁਣ ਤੁਹਾਡਾ ਹੁਕਮ ਕਿਸ 'ਤੇ ਅਤੇ ਕਿਵੇਂ ਚੱਲਦਾ ਹੈ? ਨਾ ਤੁਹਾਡੇ ਕੋਲ ਰਾਜ ਹੈ, ਨਾ ਤਾਜ ਹੈ, ਨਾ ਹੁਣ ਤੁਸੀਂ ਰਾਜੇ ਹੋ। ਐਸਾ ਸੁਣ ਕੇ ਰਾਜੇ ਨੇ ਦਰਿਆ ਵਿਚ ਸੂਈ ਸੁੱਟ ਦਿੱਤੀ ਅਤੇ ਕਹਿਣ ਲੱਗਾ ਕਿ ਮੇਰੀ ਸੂਈ ਪਾਣੀ ਵਿੱਚੋਂ ਬਾਹਰ ਕੱਢਵਾ ਦੇ। ਉਸ ਦਾ ਪੁੱਤਰ ਕਹਿਣ ਲੱਗਾ ਕਿ ਦੋ ਪੈਸੇ ਦੀ ਸੂਈ ਤੁਸੀਂ ਕੱਢ ਕੇ ਕੀ ਕਰਨੀ ਹੈ? ਉਹ ਕਹਿਣ ਲੱਗਾ ਕਿ ਮੈਂ ਇਸ ਨਾਲ ਗੋਦੜੀ (ਜੋ ਲੀਰਾਂ ਜੋੜ ਕੇ ਬਣਾਈ ਜਾਂਦੀ ਹੈ) ਸਿਉਂਦਾ ਸੀ। ਰਾਜੇ ਦਾ ਪੁੱਤਰ ਕਹਿਣ ਲੱਗਾ ਕਿ ਮੈਂ ਹੁਣੇ ਹੀ ਨਵੀਂ ਸੂਈ ਮੰਗਵਾ ਦਿੰਦਾ ਹਾਂ। ਤਾਂ ਰਾਜੇ ਨੇ ਕਿਹਾ ਕਿ ਨਹੀਂ! ਮੈਨੂੰ ਉਹੋ ਹੀ ਸੂਈ ਚਾਹੀਦੀ ਹੈ। ਉਸ ਨੇ ਆਪਣੀਆਂ ਸਾਰੀਆਂ ਫ਼ੌਜਾਂ ਨੂੰ ਦਰਿਆ ਵਿਚ ਸੂਈ ਲੱਭਣ ਲਈ ਭੇਜ ਦਿੱਤਾ। ਫ਼ੌਜਾਂ ਟੁੱਭੀਆਂ ਮਾਰਦੀਆਂ ਰਹੀਆਂ ਪਰੰਤੂ ਸੂਈ ਨਾ ਲੱਭੀ। ਉਸ ਦੇ ਪਿਤਾ ਨੇ ਕਿਹਾ ਕਿ ਤੇਰੀਆਂ ਫ਼ੌਜਾਂ ਤੋਂ ਸੂਈ ਨਹੀਂ ਲੱਭੀ, ਹੁਣ ਮੈਂ ਆਪਣੀਆਂ ਫ਼ੌਜਾਂ

ਤੋਂ ਕੱਢਵਾ ਕੇ ਦਿਖਾਂਦਾ ਹਾਂ। ਉਸ ਨੇ ਕਿਹਾ ਕਿ ਹੇ ਵਰਨ ਦੇਵਤਾ! ਮੇਰੀ ਸੂਈ ਪਾਣੀ ਵਿੱਚੋਂ ਕੱਢ ਕੇ ਦੇਵੋ। ਉਸ ਵੇਲੇ ਵਰਨ ਦੇਵਤੇ ਨੇ ਮੱਛੀ ਦੇ ਰੂਪ ਵਿਚ ਸੂਈ ਪਾਣੀ ਤੋਂ ਬਾਹਰ ਕੱਢ ਕੇ ਵਿਖਾ ਦਿੱਤੀ। ਉਸ ਦਾ ਪਿਤਾ ਕਹਿਣ ਲੱਗਾ ਕਿ ਵੇਖ, ਵਰਨ ਦੇਵਤਾ ਵੀ ਮੇਰਾ ਹੁਕਮ ਮੰਨਦਾ ਹੈ। ਤੂੰ ਐਵੇਂ ਹੀ ਆਪਣੀਆਂ ਫ਼ੌਜਾਂ ਦਾ ਹੰਕਾਰ ਕਰਦਾ ਹੈਂ। ਸੋ ਪਰਮੇਸ਼ਰ ਦਾ ਐਸਾ ਨਾਮ ਹੈ ਕਿ ਜੋ ਵੀ ਉਸ ਪਰਮੇਸ਼ਰ ਦਾ ਨਾਮ ਜਪਦੇ ਹਨ, ਉਨ੍ਹਾਂ ਦਾ ਹੁਕਮ ਸਾਰਿਆਂ ਉੱਤੇ ਚੱਲਦਾ ਹੈ।

## ਸੋ ਐਸਾ ਹਰਿ ਨਾਮੁ ਜਪੀਐ, ਮਨ ਮੇਰੇ; ਜੋ ਅੰਤੀ ਅਉਸਰਿ ਲਏ ਛਡਾਏ ॥

ਹੇ ਮੇਰੇ ਪਿਆਰੇ ਮਨਾ! ਸੋ = ਉਸ ਐਸੇ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਜਪੀਏ, ਜੋ ਅੰਤੀ = ਅੰਤ ਦੇ ਅਉਸਰਿ = ਸਮੇਂ ਜਮਾਂ ਤੋਂ ਛਡਾਏ = ਛੁਡਾ ਲਏ = ਲੈਂਦਾ ਹੈ।

## ਸੋ ਐਸਾ ਹਰਿ ਨਾਮੁ ਜਪੀਐ, ਮਨ ਮੇਰੇ; ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥

ਹੇ ਮੇਰੇ ਪਿਆਰੇ ਮਨਾ! ਸੋ = ਉਸ ਐਸੇ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪੀਐ = ਜਪਣਾ ਕਰੀਏ, ਜੋ ਮਨ ਕੀ = ਦੀ ਤ੍ਰਿਸ਼ਨਾ ਰੂਪੀ ਸਭ = ਸਾਰੀ ਭੁੱਖ ਨੂੰ ਗਵਾਏ = ਗਵਾ ਦਿੰਦਾ ਹੈ **ਵਾ:** ਮਨ ਦੀ ਤ੍ਰਿਸ਼ਨਾ ਤੇ ਸਰੀਰ ਦੀ ਸਾਰੀ ਭੁੱਖ ਨੂੰ ਗਵਾਏ = ਮੇਟ ਦਿੰਦਾ ਹੈ।

## ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ; ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥

ਸੋ = ਉਹ ਤੱਤ ਪਦ ਦੇ ਲਖ ਅਰਥ ਰੂਪ ਪਰਮੇਸ਼ਰ ਦੇ ਨਾਮ ਨੂੰ ਵਡਭਾਗੀ = ਵੱਡਿਆਂ ਭਾਗਾਂ ਵਾਲੇ ਗੁਰਮੁਖਾਂ ਜਨਾਂ ਨੇ ਗੁਰਾਂ ਦੁਆਰਾ ਪ੍ਰਾਪਤ ਕਰ ਕੇ ਜਪਿਆ ਹੈ। ਤਿਨ = ਉਨ੍ਹਾਂ ਗੁਰਮੁਖਾਂ ਨੇ ਨਾਮ ਦੇ ਪ੍ਰਤਾਪ ਕਰਕੇ ਨਿੰਦਕ, ਦੁਸ਼ਟ ਆਦਿ ਸਭਿ = ਸਾਰੇ ਜਾਣੇ ਆਪਣੇ ਪੈਰੀ = ਚਰਨੀਂ ਪਾਇ = ਪਾ ਲਏ ਹਨ **ਵਾ:** ਤਿਸ ਨਾਮ ਨੇ ਨਿੰਦਕ, ਦੁਸ਼ਟਾਂ ਆਦਿ ਸਾਰਿਆਂ ਨੂੰ ਗੁਰਮੁਖਾਂ ਦੇ ਚਰਨੀਂ ਪਾ ਦਿੱਤਾ ਹੈ।

## ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ; ਸਭਿ ਨਾਵੈ ਅਗੈ, ਆਣਿ ਨਿਵਾਏ ॥੧੫॥

ਗੁਰੂ ਜੀ ਕਥਨ ਕਰਦੇ ਹਨ ਕਿ ਇਸ ਕਰਕੇ ਉਸ ਪ੍ਰਭੂ ਪਰਮੇਸ਼ਰ ਦੇ ਨਾਮ ਨੂੰ ਅਰਾਧਿ = ਸਿਮਰਨਾ ਕਰੀਏ, ਜੋ ਸਭਨਾ = ਸਾਰਿਆਂ ਤੇ = ਤੋਂ ਵਡਾ = ਸ੍ਰੇਸ਼ਟ ਹੈ। ਸਭਿ = ਸਾਰੇ ਉਸ ਪਰਮੇਸ਼ਰ ਦੇ ਅੰਮ੍ਰਿਤ ਰੂਪੀ ਨਾਵੈ = ਨਾਮ ਅੱਗੇ ਆਣਿ = ਆ ਕੇ ਸੀਸ ਨਿਵਾਏ = ਝੁਕਾਉਂਦੇ ਹਨ॥੧੫॥

## ਸਲੋਕ ਮ: ੩ ॥ ਵੇਸ ਕਰੇ ਕੁਰੂਪਿ ਕੁਲਖਣੀ; ਮਨਿ ਖੋਟੈ ਕੂੜਿਆਰਿ ॥

ਜਿਹੜੀ ਇਸਤਰੀ ਕੁਲਖਣੀ = ਖੋਟੇ ਲੱਛਣਾਂ ਵਾਲੀ ਹੈ, ਕੁਰੂਪਿ = ਬਦ ਸ਼ਕਲ ਤੇ ਬਹੁਤੇ ਵੇਸ = ਲਿਬਾਸ ਨੂੰ ਧਾਰਨ ਕਰੇ = ਕਰਦੀ ਹੈ ਅਤੇ ਹਰ ਵਕਤ ਮਨ ਦੀ ਖੋਟੀ ਅਤੇ ਕੂੜਿਆਰਿ = ਝੂਠ ਬੋਲਣ ਵਾਲੀ ਹੈ।

## ਪਿਰ ਕੈ ਭਾਣੈ ਨਾ ਚਲੈ; ਹੁਕਮੁ ਕਰੇ ਗਾਵਾਰਿ ॥

ਉਹ ਆਪਣੇ ਪਿਰ = ਪਤੀ ਕੈ = ਦੇ ਭਾਣੈ = ਹੁਕਮ ਅਨੁਸਾਰ ਚਲੈ = ਚਲਦੀ ਹੀ ਨਹੀਂ ਸਗੋਂ ਗਾਵਾਰਿ = ਬੇਸਮਝ ਇਸਤਰੀ ਉਲਟਾ ਆਪਣੇ ਪਤੀ ਉੱਤੇ ਹੁਕਮ ਕਰੇ = ਕਰਦੀ ਹੈ।

**ਸਾਖੀ—ਇਕ ਮੂਰਖ ਇਸਤਰੀ ਦੀ :** ਇਕ ਇਸਤਰੀ ਸੀ, ਕਹਿਣ ਲੱਗੀ ਕਿ ਮੈਂ ਆਪਣੇ ਖ਼ਸਮ ਦੇ ਦਸ ਜੁੱਤੀਆਂ ਹਰ ਰੋਜ਼ ਮਾਰਦੀ ਹਾਂ ਤੇ ਮੈਂ ਆਪਣੀ ਲੜਕੀ ਦਾ ਨਾਤਾ ਉਸ ਨੂੰ ਕਰਨਾ ਹੈ ਜਿਹੜਾ ਮੇਰੀ ਲੜਕੀ ਦੀਆਂ ਦਸ ਜੁੱਤੀਆਂ ਸਹਾਰਿਆ ਕਰੇ। ਇਕ ਸਿਆਣਾ ਸਮਝਦਾਰ ਆਦਮੀ ਸੀ, ਉਹ ਕਹਿਣ ਲੱਗਾ ਕਿ ਇਸ ਲੜਕੀ ਦਾ ਸਾਕ ਮੈਂ ਲੈ ਲੈਂਦਾ ਹਾਂ। ਜਿਸ ਵਕਤ ਉਹ ਲੜਕੀ ਨੂੰ ਵਿਆਹ ਕਰਾ ਕੇ ਨਾਲ

ਲੈ ਕੇ ਜਾਣ ਲੱਗਾ ਤਾਂ ਉਸ ਨੇ ਆਪਣੇ ਰਥ ਵਿਚ ਇਕ ਛੱਜ, ਕੁੱਕੜ ਅਤੇ ਕੁੱਤਾ ਬੰਨ੍ਹ ਲਏ। ਜਿਸ ਵੇਲੇ ਹਵਾ ਆਈ, ਛੱਜ ਖੜਕਿਆ ਤਾਂ ਉਸ ਆਦਮੀ ਨੇ ਡੰਡੇ ਨਾਲ ਛੱਜ ਨੂੰ ਮਾਰ ਮਾਰ ਕੇ ਭੰਨ੍ਹ ਦਿੱਤਾ ਕਿ ਤੂੰ ਮੇਰੇ ਹੁਕਮ ਤੋਂ ਬਿਨਾਂ ਖੜਕਾਅ ਕਿਵੇਂ ਕੀਤਾ ? ਉਸ ਤੋਂ ਬਾਅਦ ਥੋੜ੍ਹੀ ਦੂਰ ਗਏ ਤਾਂ ਕੁੱਕੜ ਵੀ ਬੋਲ ਪਿਆ ਤਾਂ ਉਸ ਆਦਮੀ ਨੇ ਕੁੱਕੜ ਦੀ ਗਰਦਨ ਮਰੋੜ ਦਿੱਤੀ ਅਤੇ ਕੁੱਤੇ ਨੂੰ ਪਾ ਦਿੱਤਾ ਕਿ ਤੇਰੀ ਇਤਨੀ ਮਜਾਲ ਕਿ ਮੇਰਾ ਵਿਆਹ ਹੋਵੇ ਤੇ ਤੂੰ ਮੇਰੀ ਆਗਿਆ ਤੋਂ ਬਿਨਾਂ ਬੋਲੇਂ। ਉਸ ਕੁੱਕੜ ਨੂੰ ਕੁੱਤਾ ਖਾ ਗਿਆ। ਥੋੜ੍ਹੀ ਹੋਰ ਅੱਗੇ ਗਏ ਤਾਂ ਇਸ ਵਿਅਕਤੀ ਦਾ ਕੁੱਤਾ ਵੀ ਭੌਂਕਣ ਲੱਗ ਪਿਆ ਤਾਂ ਉਸ ਵਿਅਕਤੀ ਨੇ ਕੁੱਤੇ ਨੂੰ ਵੀ ਕੁੱਟਣਾ ਸ਼ੁਰੂ ਕਰ ਦਿੱਤਾ ਕਿ ਤੂੰ ਮੇਰੇ ਹੁਕਮ ਤੋਂ ਬਿਨਾਂ ਬੋਲਣ ਦੀ ਕੋਸ਼ਿਸ਼ ਕਿਵੇਂ ਕੀਤੀ ? ਉਹ ਲੜਕੀ ਸਾਰਾ ਕੁਝ ਦੇਖਦੀ ਰਹੀ ਅਤੇ ਸਹਿਮ ਕੇ ਬੈਠੀ ਰਹੀ ਕਿ ਮੇਰੀ ਮਾਂ ਮੈਨੂੰ ਕੀ ਕਹਿੰਦੀ ਸੀ ? ਤੇ ਇਹ ਤਾਂ ਬੜਾ ਕਰੜੇ ਸੁਭਾਅ ਦਾ ਆਦਮੀ ਹੈ। ਜੇਕਰ ਮੈਂ ਇਸ ਨੂੰ ਕੁਝ ਵੀ ਕਹਿ ਦਿੱਤਾ ਤਾਂ ਮੇਰਾ ਵੀ ਇਹੋ ਹਾਲ ਕਰੇਗਾ। ਐਸਾ ਖ਼ਿਆਲ ਸੋਚਦੀ ਰਹੀ। ਜਿਸ ਵਕਤ ਇਸ ਦੀ ਮਾਂ ਉਸ ਨੂੰ ਲੈਣ ਵਾਸਤੇ ਗਈ ਤਾਂ ਉਸ ਨੇ ਆਪਣੀ ਲੜਕੀ ਨੂੰ ਪੁੱਛਿਆ ਕਿ ਧੀਏ ! ਤੂੰ ਆਪਣਾ ਨਿਯਮ ਜੋ ਦਸ ਜੁੱਤੀਆਂ ਮਾਰਨ ਦਾ ਸੀ, ਉਹ ਪੂਰਾ ਕੀਤਾ ਭਾਵ ਦਸ ਜੁੱਤੀਆਂ ਮਾਰੀਆਂ ਕਿ ਨਹੀਂ ? ਤਾਂ ਉਹ ਕਹਿਣ ਲੱਗੀ ਕਿ ਮਾਂ ! ਜੁੱਤੀ ਦੀ ਤਾਂ ਗੱਲ ਨਾ ਕਰ। ਇਹ ਤਾਂ ਬਹੁਤ ਸਖ਼ਤ ਸੁਭਾਅ ਦਾ ਮਾਲਕ ਹੈ, ਜੇ ਸੁਣ ਲਿਆ ਤਾਂ ਮਾਰ ਦੇਵੇਗਾ। ਤੂੰ ਸ਼ੁਕਰ ਕਰ ਕਿ ਤੇਰੀ ਧੀ ਬਚ ਗਈ। ਉਸ ਦੀ ਮਾਂ ਚੁੱਪ ਕਰਕੇ ਵਾਪਸ ਚਲੀ ਗਈ ਕਿ ਧੀਏ ! ਤੂੰ ਤਾਂ ਮੇਰੀ ਚਾਲ ਹੀ ਗਵਾ ਦਿੱਤੀ। ਫਿਰ ਬਾਅਦ ਵਿਚ ਲੜਕੀ ਦੇ ਪਿਤਾ ਨੇ ਆਪਣੇ ਜਵਾਈ ਨੂੰ ਜਾ ਕੇ ਪੁੱਛਿਆ ਕਿ ਮੈਂ ਕੀ ਕਰਾਂ ? ਮੈਨੂੰ ਦਸ ਛਿੱਤਰ ਖਾਣੇ ਪੈਂਦੇ ਹਨ। ਉਹ ਕਹਿਣ ਲੱਗਾ ਕਿ ਪਹਿਲਾਂ ਆਪਣੇ ਇਰਾਦੇ ਵਿਚ ਪੱਕੇ ਹੋਈਏ, ਫਿਰ ਆਪਣੇ ਘਰ ਨੂੰ ਸੰਭਾਲਿਆ ਜਾਂਦਾ ਹੈ। ਇਸ ਤਰ੍ਹਾਂ ਉਸ ਨੂੰ ਵੀ ਸਿੱਖਿਆ ਦੇ ਦਿੱਤੀ ਅਤੇ ਉਸ ਨੇ ਵੀ ਜੁੱਤੀਆਂ ਮਾਰਨ ਵਾਲੀ ਆਪਣੀ ਘਰਵਾਲੀ ਨੂੰ ਸੁਧਾਰ ਲਿਆ।

***ਦੂਸਰਾ ਅਰਥ :*** ਜਿਹੜੀ ਕੁਲਖਣੀ = ਖੋਟੇ ਲੱਛਣਾਂ ਵਾਲੀ ਕੁਬੁੱਧੀ **ਵਾ:** ਜੀਵ ਰੂਪ ਇਸਤਰੀ ਹੈ ਇਹ ਗੁਰੂ ਸਾਹਿਬ ਜੀ ਦੇ ਉਪਦੇਸ਼ ਵਿਚ ਤਾਂ ਚਲਦੀ ਨਹੀਂ ਸਗੋਂ ਝੂਠੇ ਵੇਸ = ਭੇਖ ਬਣਾਉਣਾ ਕਰੇ = ਕਰਦੀ ਹੈ, ਕੁਰੂਪਿ = ਦਿਲ ਦੀ ਸਫਾਈ ਤੋਂ ਬਿਨਾ ਹੈ ਅਤੇ ਮਨ ਵਿਚ ਖੋਟੇ ਸੰਕਲਪ ਕਰਦੀ ਹੋਈ ਕੂੜਿਆਰਿ = ਝੂਠੇ ਪਦਾਰਥਾਂ ਨੂੰ ਚਾਹੁੰਦੀ ਹੈ। ਪਿਰੁ = ਪਤੀ ਅਕਾਲ ਪੁਰਖ ਦੇ ਭਾਣੈ = ਹੁਕਮ ਵਿਚ ਨ = ਨਹੀਂ ਚਲੈ = ਚਲਦੀ ਅਤੇ ਗਾਵਾਰਿ = ਮੂਰਖ ਅੱਗੋਂ ਪਰਮੇਸ਼ਰ ਤੇ ਹੁਕਮ ਕਰਦੀ ਹੈ।

## ਗੁਰ ਕੈ ਭਾਣੈ ਜੋ ਚਲੈ; ਸਭਿ ਦੁਖ ਨਿਵਾਰਣਹਾਰਿ ॥

ਜੋ ਗੁਰੂ ਸਾਹਿਬ ਜੀ ਦੇ ਭਾਣੈ = ਰਜ਼ਾ ਵਿਚ ਜੀਵ ਰੂਪ ਇਸਤਰੀ ਚਲੈ = ਚਲਦੀ ਹੈ, ਗੁਰੂ ਜੀ ਉਸ ਦੇ ਜੰਮਣ ਮਰਨ ਆਦਿ ਸਭਿ = ਸਾਰੇ ਦੁੱਖਾਂ ਨੂੰ ਨਿਵਾਰਣਹਾਰਿ = ਨਵਿਰਤ ਕਰਨ ਵਾਲੇ ਹਨ **ਵਾ:** ਜੋ ਜੀਵ ਰੂਪ ਇਸਤਰੀ ਸਤਿਗੁਰਾਂ ਦੇ ਭਾਣੇ ਵਿਚ ਚਲਦੀ ਹੈ ਉਸ ਦਾ ਕਾਮਨਾ ਰੂਪੀ ਕੁੱਕੜ, ਲੋਭ ਰੂਪੀ ਕੁੱਤਾ, ਨਿੰਦਿਆ ਰੂਪੀ ਛੱਜ, ਤ੍ਰਿਸ਼ਨਾ ਆਦਿ ਅਧੀਨ ਹੋ ਜਾਂਦੀ ਹੈ।

## ਲਿਖਿਆ ਮੇਟਿ ਨ ਸਕੀਐ; ਜੋ ਧੁਰਿ ਲਿਖਿਆ ਕਰਤਾਰਿ ॥

ਜੋ ਧੁਰਿ = ਆਦਿ ਤੋਂ ਕਰਤਾਰਿ = ਸੁਆਮੀ ਮਾਲਕ ਨੇ ਕਰਮਾਂ ਅਨੁਸਾਰ ਲੇਖ ਲਿਖ ਦਿੱਤਾ ਹੈ, ਉਹ ਲਿਖਿਆ ਹੋਇਆ ਲੇਖ ਕਿਸੇ ਪ੍ਰਕਾਰ ਵੀ ਮੇਟ ਨ = ਨਹੀਂ ਸਕੀਐ = ਸਕੀਦਾ।

## ਮਨੁ ਤਨੁ ਸਉਪੇ ਕੰਤ ਕਉ; ਸਬਦੇ ਧਰੇ ਪਿਆਰੁ ॥

ਜਿਹੜੀ ਇਸਤਰੀ ਆਪਣੇ ਕੰਤ = ਪਤੀ ਦੀ ਸੇਵਾ ਵਿਚ ਅਧੀਨ ਹੋ ਕੇ ਆਪਣਾ ਤਨ ਮਨ ਸਉਪੇ = ਸੌਂਪ

ਦਿੰਦੀ ਹੈ **ਅਥਵਾ** ਜੀਵ ਰੂਪੀ ਇਸਤਰੀ ਆਪਣਾ ਤਨ ਮਨ ਕੰਤ = ਪਤੀ ਪਰਮੇਸ਼ਰ ਨੂੰ ਸੌਂਪ ਦੇਵੇ ਅਤੇ ਗੁਰੂ ਸਾਹਿਬ ਜੀ ਦੇ ਸਬਦੇ = ਉਪਦੇਸ਼ ਵਿਚ ਪਿਆਰੁ = ਸਨੇਹ ਧਰੇ = ਧਾਰਨਾ ਕਰੇ।

## ਬਿਨੁ ਨਾਵੈ ਕਿਨੈ ਨ ਪਾਇਆ; ਦੇਖਹੁ ਰਿਦੈ ਬੀਚਾਰਿ ॥

ਨਾਵੈ = ਨਾਮ ਤੋਂ ਬਿਨਾਂ ਕਿਨੈ = ਕਿਸੇ ਨੇ ਵੀ ਪਤੀ ਪਰਮੇਸ਼ਰ ਦੇ ਅਨੰਦ ਨੂੰ ਨਹੀਂ ਪਾਇਆ। ਭਾਵੇਂ ਰਿਦੈ = ਹਿਰਦੇ ਵਿਚ ਸਤਿਗੁਰਾਂ ਦੇ ਉਪਦੇਸ਼ ਦੀ ਵਿਚਾਰ ਕਰਕੇ ਦੇਖਹੁ = ਦੇਖ ਲਵੋ।

## ਨਾਨਕ ਸਾ ਸੁਆਲਿਓ ਸੁਲਖਣੀ; ਜਿ ਰਾਵੀ ਸਿਰਜਨਹਾਰਿ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸਾ = ਉਹ ਇਸਤਰੀ ਹੀ ਸੁਆਲਿਓ = ਸਾਲਾਹੁਣੇ ਜੋਗ ਹੈ ਜੋ ਸੁਲਖਣੀ = ਸ੍ਰੇਸ਼ਟ ਲੱਖਣਾ ਵਾਲੀ ਹੈ **ਵਾ:** ਉਹ ਜੀਵ ਰੂਪ ਇਸਤਰੀ ਭਗਤੀ ਵਾਲੀ ਸਲਾਹੁਣੇ ਯੋਗ ਅਤੇ ਸਤ, ਸੰਤੋਖ, ਦਇਆ ਆਦਿ ਸ੍ਰੇਸ਼ਟ ਲੱਛਣਾਂ ਵਾਲੀ ਹੈ, ਜਿ = ਜਿਹੜੀ ਸਿਰਜਨਹਾਰਿ = ਰਚਨਹਾਰ ਵਾਹਿਗੁਰੂ ਨੇ ਰਾਵੀ = ਭੋਗੀ ਹੈ ਭਾਵ ਆਪਣੇ ਵਿਚ ਅਭੇਦ ਕਰ ਲਈ ਹੈ॥੧॥

## ਮ: ੩ ॥ ਮਾਇਆ ਮੋਹੁ ਗੁਬਾਰੁ ਹੈ; ਤਿਸ ਦਾ ਨ ਦਿਸੈ ਉਰਵਾਰੁ, ਨ ਪਾਰੁ ॥

ਸੰਸਾਰ ਰੂਪੀ ਅੰਧ ਸਾਗਰ ਵਿਚ ਮਾਇਆ ਦੇ ਮੋਹ ਦਾ ਗੁਬਾਰੁ = ਗਾੜ੍ਹਾ ਹਨੇਰਾ ਹੈ, ਹਨੇਰੇ ਕਾਰਨ ਤਿਸ = ਉਸ ਸੰਸਾਰ ਰੂਪੀ ਅੰਧ ਸਾਗਰ ਦਾ ਉਰਵਾਰੁ = ਉਰਲਾ ਪਾਸਾ ਭਾਵ ਉਤਪਤੀ ਨ = ਨਹੀਂ ਦਿਸੈ = ਦਿਸਦੀ ਤੇ ਨ = ਨਾ ਹੀ ਪਾਰੁ = ਪਰਲਾ ਕਿਨਾਰਾ ਭਾਵ ਸਮਾਪਤੀ ਦਿਸਦੀ ਹੈ।

## ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ; ਡੁਬੇ ਹਰਿ ਨਾਮੁ ਵਿਸਾਰਿ ॥

ਅਗਿਆਨੀ ਮਨਮੁਖ ਲੋਕ ਜੰਮਣ ਮਰਣ ਆਦਿ ਦੇ ਮਹਾ = ਵੱਡੇ ਦੁੱਖ ਪਾਇਦੇ = ਪਾਉਂਦੇ ਹਨ ਅਤੇ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਵਿਸਾਰਿ = ਭੁਲਾ ਕੇ ਸੰਸਾਰ ਰੂਪੀ ਸਮੁੰਦਰ ਵਿਚ ਡੁੱਬੇ ਰਹਿੰਦੇ ਹਨ।

## ਭਲਕੇ ਉਠਿ ਬਹੁ ਕਰਮ ਕਮਾਵਹਿ; ਦੂਜੈ ਭਾਇ ਪਿਆਰੁ ॥

ਉਹ ਮਨਮੁਖ ਭਲਕੇ = ਨਿਤਾਪ੍ਰਤੀ ਉੱਠ ਕੇ ਬਹੁ = ਬਹੁਤ ਸਾਰੇ ਸਕਾਮ ਕਰਮਾਂ ਨੂੰ ਕਮਾਵਹਿ = ਕਮਾਉਣਾ ਕਰਦੇ ਹਨ। ਵਾਹਿਗੁਰੂ ਪਰਮੇਸ਼ਰ ਨੂੰ ਭੁਲਾ ਕੇ ਦੂਜੈ = ਦ੍ਵੈਤ-ਭਾਵ ਵਿਚ ਹੋਰ ਦੇਵੀ ਦੇਵਤਿਆਂ ਨਾਲ ਪਿਆਰੁ = ਸਨੇਹ ਕਰਦੇ ਹਨ। ਜੈਸਾ ਕਿ :

**ਸੰਪੈ ਕਉ ਈਸਰੁ ਧਿਆਈਐ ॥** *(ਰਾਮਕਲੀ ਮ: ੧, ਅੰਗ ੯੩੭)*

## ਸਤਿਗੁਰੁ ਸੇਵਹਿ ਆਪਣਾ; ਭਉਜਲੁ ਉਤਰੇ ਪਾਰਿ ॥

ਜਿਹੜੇ ਆਪਣੇ ਸਤਿਗੁਰੂ ਨੂੰ ਆਪਣਾ ਜਾਣ ਕੇ ਸੇਵਹਿ = ਪੂਜਨ ਕਰਦੇ ਹਨ, ਉਹ ਸੰਸਾਰ ਰੂਪੀ ਸਮੁੰਦਰ ਤੋਂ, ਜੰਮਣ ਮਰਨ ਦੇ ਭੈ ਤੋਂ ਪਾਰ ਹੋ ਕੇ ਮੁਕਤੀ ਰੂਪੀ ਕਿਨਾਰੇ 'ਤੇ ਉਤਰੇ = ਉੱਤਰ ਭਾਵ ਪਹੁੰਚ ਜਾਂਦੇ ਹਨ।

## ਨਾਨਕ ਗੁਰਮੁਖਿ ਸਚਿ ਸਮਾਵਹਿ; ਸਚੁ ਨਾਮੁ ਉਰ ਧਾਰਿ ॥੨॥

ਸਤਿਗੁਰੂ ਪਾਤਸ਼ਾਹ ਜੀ ਫ਼ੁਰਮਾਨ ਕਰਦੇ ਹਨ ਕਿ ਉਹ ਗੁਰਮੁਖ ਜਨ ਸੱਚ ਸਰੂਪ ਵਿਚ ਸਮਾਵਹਿ = ਸਮਾ ਜਾਂਦੇ ਹਨ, ਜਿਨ੍ਹਾਂ ਨੇ ਸੱਚੇ ਨਾਮ ਨੂੰ ਉਰ = ਹਿਰਦੇ ਵਿਚ ਧਾਰਿ = ਧਾਰਿਆ ਭਾਵ ਵਸਾਇਆ ਹੈ॥੨॥

## ਪਉੜੀ ॥ ਹਰਿ ਜਲਿ ਥਲਿ ਮਹੀਅਲਿ ਭਰਪੂਰਿ; ਦੂਜਾ ਨਾਹਿ ਕੋਇ ॥

(ਦੂਜਾ ਪਾਠ **ਮਹੀ ਅਲਿ**; ***ਨੋਟ*** *:* ਮੁਖ ਪਾਠ ਮਹੀਅਲਿ ਹੀ ਹਰੇਕ ਜਗ੍ਹਾ ਆਵੇਗਾ)

ਹਰਿ = ਪਰਮੇਸ਼ਰ ਜਲਿ = ਜਲਾਂ, ਥਲਿ = ਥਲਾਂ ਮਹੀਅਲਿ = ਵਿਚ ਭਰਪੂਰਿ = ਵਿਆਪਕ ਹੋ ਰਿਹਾ ਹੈ **ਵਾ**: ਜਲਾਂ, ਥਲਾਂ, (ਮਹੀ + ਅਲਿ) ਮਹੀ = ਧਰਤੀ ਤੇ ਅਲਿ = ਆਕਾਸ਼ ਵਿਚ ਵਿਆਪਕ ਹੋ ਰਿਹਾ ਹੈ, ਉਸ ਪਰਮੇਸ਼ਰ ਤੋਂ ਬਿਨਾਂ ਹੋਰ ਦੂਜਾ = ਦੂਸਰਾ ਕੋਇ = ਕੋਈ ਵੀ ਨਹੀਂ ਹੈ।

## ਹਰਿ ਆਪਿ ਬਹਿ ਕਰੇ ਨਿਆਉ; ਕੂੜਿਆਰ ਸਭ ਮਾਰਿ ਕਢੋਇ ॥

ਹਰਿ = ਵਾਹਿਗੁਰੂ ਆਪ ਹੀ ਸੰਸਾਰ ਦੇ ਸਾਰਿਆਂ ਜੀਵਾਂ ਦੇ ਹਿਰਦਿਆਂ ਵਿਚ ਬਹਿ = ਬੈਠ ਕੇ ਸਤ, ਅਸੱਤ ਦਾ ਨਿਆਉ = ਨਿਰਣਾ **ਵਾ**: ਸੱਚਾ ਨਿਆਉ = ਇਨਸਾਫ਼ ਕਰ = ਕਰਦਾ ਹੈ। ਜਿਹੜੇ ਕੂੜਿਆਰ = ਝੂਠ ਬੋਲਣ ਵਾਲੇ ਹਨ, ਉਨ੍ਹਾਂ ਸਭ = ਸਾਰਿਆਂ ਨੂੰ ਦਰਗਾਹ ਵਿੱਚੋਂ ਮਾਰ ਕੇ ਜੂਨਾਂ ਵਿਚ ਕਢੋਇ = ਕੱਢ ਦਿੰਦਾ ਹੈ।

## ਸਚਿਆਰਾ ਦੇਇ ਵਡਿਆਈ; ਹਰਿ ਧਰਮ ਨਿਆਉ ਕੀਓਇ ॥

ਸਚਿਆਰਾ = ਸੱਚਾਈ ਵਾਲੇ ਗੁਰਮੁਖ ਜਨਾਂ ਨੂੰ ਸੱਚੇ ਪਾਤਸ਼ਾਹ ਆਪਣੇ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ ਦੇਇ = ਦਿੰਦਾ ਹੈ ਇਹ ਹਰਿ = ਹਰੀ ਪਰਮੇਸ਼ਰ ਨੇ ਧਰਮ ਦਾ ਨਿਆਉਂ ਕੀਓਇ = ਕੀਤਾ ਹੈ।

## ਸਭ ਹਰਿ ਕੀ ਕਰਹੁ ਉਸਤਤਿ; ਜਿਨਿ ਗਰੀਬ ਅਨਾਥ ਰਾਖਿ ਲੀਓਇ ॥

ਸਭ = ਸਾਰੇ ਉਸ ਹਰਿ = ਹਰੀ ਪਰਮੇਸ਼ਰ ਦੀ ਉਸਤਤਿ = ਮਹਿਮਾ, ਵਡਿਆਈ ਕਰੋ, ਜਿਨਿ = ਜਿਸ ਨੇ ਗਰੀਬ = ਦੀਨ ਤੇ ਅਨਾਥ = ਯਤੀਮਾਂ ਨੂੰ ਆਪਣਾ ਆਸਰਾ ਦੇ ਕੇ ਰਾਖ = ਰੱਖ ਲੀਓਇ = ਲੈਣਾ ਕੀਤਾ ਹੈ।

## ਜੈਕਾਰੁ ਕੀਓ ਧਰਮੀਆ ਕਾ; ਪਾਪੀ ਕਉ ਡੰਡੁ ਦੀਓਇ ॥੧੯॥

ਉਸ ਪਰਮੇਸ਼ਰ ਨੇ ਧਰਮੀ ਪੁਰਖਾਂ ਕਾ = ਦਾ ਦਰਗਾਹ ਵਿਚ ਜੈਕਾਰ ਭਾਵ ਸਤਿਕਾਰ ਕੀਓ = ਕੀਤਾ ਹੈ ਅਤੇ ਪਾਪੀ = ਪਾਪ ਕਰਨ ਵਾਲੇ ਪੁਰਖਾਂ ਕਉ = ਨੂੰ ਨਰਕਾਂ ਵਿਚ ਡੰਡੁ = ਦੰਡ ਦੀਓਇ = ਦੇਣਾ ਕੀਤਾ ਹੈ ॥੧੯॥

## ਸਲੋਕ ਮਃ ੩ ॥ ਮਨਮੁਖ ਮੈਲੀ ਕਾਮਣੀ; ਕੁਲਖਣੀ ਕੁਨਾਰਿ ॥

ਮਨਮੁਖ ਇਸਤਰੀ ਵਿਕਾਰਾਂ ਦੀ ਮੈਲ ਕਰਕੇ ਮੈਲੀ = ਅਪਵਿੱਤ੍ਰ ਹੈ ਖੋਟੇ ਲੱਛਣਾਂ ਵਾਲੀ ਹੋਣ ਕਰਕੇ ਕੁਨਾਰਿ = ਬਿਭਚਾਰਨ ਹੁੰਦੀ ਹੈ।

## ਪਿਰੁ ਛੋਡਿਆ ਘਰਿ ਆਪਣਾ; ਪਰ ਪੁਰਖੈ ਨਾਲਿ ਪਿਆਰੁ ॥

ਉਹ ਆਪਣੇ ਪਿਰੁ = ਪਤੀ ਨੂੰ ਘਰ ਵਿਚ ਹੀ ਛੱਡ ਕੇ, ਪਰ = ਪਰਾਏ ਪੁਰਖੈ = ਪੁਰਸ਼ਾਂ ਨਾਲਿ = ਸਾਥ ਪਿਆਰ ਕਰਦੀ ਹੈ।

## ਤ੍ਰਿਸਨਾ ਕਦੇ ਨ ਚੁਕਈ; ਜਲਦੀ ਕਰੇ ਪੂਕਾਰ ॥

ਐਸੀ ਇਸਤਰੀ ਦੀ ਪਰਾਏ ਪੁਰਖਾਂ ਨਾਲ ਸੰਗ ਕਰ ਕੇ ਵਿਸ਼ਿਆਂ ਦੀ ਤ੍ਰਿਸ਼ਨਾ ਕਦੇ ਵੀ ਨ = ਨਹੀਂ ਚੁਕਈ = ਮੁੱਕਦੀ, ਉਹ ਫੇਰ ਨਰਕਾਂ ਚ ਜਲਦੀ = ਸੜਦੀ ਹੋਈ ਪੂਕਾਰ = ਫ਼ਰਿਆਦਾਂ ਕਰੇ = ਕਰਦੀ ਹੈ।

## ਨਾਨਕ, ਬਿਨੁ ਨਾਵੈ ਕੁਰੂਪਿ ਕੁਸੋਹਣੀ; ਪਰਹਰਿ ਛੋਡੀ ਭਤਾਰਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ, ਇਉਂ ਨਾਵੈ = ਨਾਮ ਤੋਂ ਬਿਨਾਂ ਭਾਵ ਪਤੀ ਦੀ ਸੇਵਾ ਤੋਂ ਰਹਿਤ ਕੁਰੂਪਿ = ਖੋਟੇ ਰੂਪ ਵਾਲੀ ਕੁਸੋਹਣੀ = ਬਦ ਸ਼ਕਲ ਨੂੰ ਭਤਾਰਿ = ਪਤੀ ਇਕ ਦਿਨ ਪਰਹਰਿ = ਤਿਆਗ ਕੇ ਛੋਡੀ = ਛੱਡ ਦਿੰਦਾ ਹੈ ਭਾਵ ਛੁੱਟੜ ਕਰ ਦਿੰਦਾ ਹੈ ॥੧॥

### ਦੂਸਰਾ ਅਰਥ

**ਮਨਮੁਖ ਮੈਲੀ ਕਾਮਣੀ; ਕੁਲਖਣੀ ਕੁਨਾਰਿ ॥**

ਮਨਮੁਖ ਬਿਰਤੀ ਵਾਲੀ ਜੀਵ ਰੂਪ ਇਸਤਰੀ ਅਵਿੱਦਿਆ, ਪਾਪਾਂ ਦੀ ਮੈਲ ਕਰਕੇ ਮੈਲੀ = ਮਲੀਨ ਹੈ ਤੇ ਕੁਲਖਣੀ = ਖੋਟੇ ਕਾਮ ਆਦਿਕ ਲੱਛਣਾਂ ਕਰਕੇ ਕੁਨਾਰਿ = ਖੋਟੀ ਇਸਤਰੀ ਦੀ ਨਿਆਈਂ ਹੈ।

**ਪਿਰੁ ਛੋਡਿਆ ਘਰਿ ਆਪਣਾ; ਪਰ ਪੁਰਖੈ ਨਾਲਿ ਪਿਆਰੁ ॥**

ਉਸ ਨੇ ਆਪਣੇ ਹਿਰਦੇ ਰੂਪੀ ਘਰ ਦੇ ਵਿੱਚੋਂ ਬੇਮੁਖ ਹੋਣ ਰੂਪ ਪਿਰੁ = ਪਤੀ ਪਰਮੇਸ਼ਰ ਨੂੰ ਛੋਡਿਆ = ਛੱਡ ਦਿੱਤਾ ਹੈ ਅਤੇ ਪਰ = ਪਰਾਏ ਪੁਰਖੈ = ਪੁਰਖ ਭਾਵ ਦੇਵੀ ਦੇਵਤਿਆਂ ਮੜੀਆਂ ਮਸਾਣੀਆਂ ਨਾਲ ਪਿਆਰ ਕਰਦੀ ਹੈ।

**ਤ੍ਰਿਸਨਾ ਕਦੇ ਨ ਚੁਕਈ; ਜਲਦੀ ਕਰੇ ਪੂਕਾਰ ॥**

ਇਸ ਦੀ ਮੋਹ ਕਰਕੇ ਪਦਾਰਥਾਂ, ਰਸਾਂ ਕਸਾਂ ਦੀ ਤ੍ਰਿਸ਼ਨਾ ਕਦੇ ਵੀ ਚੁਕਈ = ਚੁੱਕੀ ਨਹੀਂ ਜਾਂਦੀ ਅਤੇ ਤ੍ਰਿਸ਼ਨਾ ਦੀ ਅਗਨੀ ਵਿਚ ਸੜਦੀ ਹੋਈ ਫ਼ਰਿਆਦਾਂ ਕਰਦੀ ਹੈ ਕਿ ਕੋਈ ਮੇਰੀ ਰਖਿਆ ਕਰੋ **ਵਾ:** ਨਰਕਾਂ ਦੀ ਅਗਨੀ ਵਿਚ ਸੜਦੀ ਹੋਈ ਆਪਣੀ ਰੱਖਿਆ ਲਈ ਪੁਕਾਰਾਂ ਕਰਦੀ ਹੈ।

**ਨਾਨਕ, ਬਿਨੁ ਨਾਵੈ ਕੁਰੂਪਿ ਕੁਸੋਹਣੀ; ਪਰਹਰਿ ਛੋਡੀ ਭਤਾਰਿ ॥੧॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਨਾਵੈ = ਨਾਮ ਤੋਂ ਬਿਨਾਂ, ਦਿਲ ਦੀ ਸਫ਼ਾਈ ਤੋਂ ਰਹਿਤ ਹੋਣ ਕਰਕੇ ਕੁਰੂਪਿ = ਭੈੜੇ ਰੂਪ ਵਾਲੀ ਹੈ ਅਤੇ ਬਾਹਰ ਮੁਖ ਬਿਰਤੀ ਹੋਣ ਰੂਪ ਕੁਸੋਹਣੀ = ਬਦਸ਼ਕਲ ਹੈ **ਵਾ:** ਪਰਾਈ ਨਿੰਦਾ ਕਰਨੇ ਕਰਕੇ ਕਾਮ ਕ੍ਰੋਧ ਆਦਿਕ ਵਿਸ਼ਿਆਂ ਦੀਆਂ ਹੁੱਡਾਂ (ਜਾੜ੍ਹਾਂ) ਨਿਕਲੀਆਂ ਹੋਣ ਕਰਕੇ ਕੁਰੂਪਿ = ਸੁੰਦਰਤਾ ਤੋਂ ਰਹਿਤ ਹੈ, ਐਸੀ ਜੀਵ ਰੂਪ ਇਸਤਰੀ ਨੂੰ ਪਤੀ ਪਰਮੇਸ਼ਰ ਨੇ ਤਿਆਗ ਕੇ ਛੱਡ ਦਿੱਤਾ ਹੈ ॥੧॥

## ਮ: ੩ ॥ ਸਬਦਿ ਰਤੀ ਸੋਹਾਗਣੀ; ਸਤਿਗੁਰ ਕੈ ਭਾਇ ਪਿਆਰਿ ॥

ਜੋ ਜੀਵ ਰੂਪ ਇਸਤਰੀ ਸਤਿਗੁਰੂ ਸਾਹਿਬ ਜੀ ਦੇ ਸਬਦਿ = ਉਪਦੇਸ਼ ਵਿਚ ਰਤੀ = ਰੰਗੀ ਹੋਈ ਹੈ, ਉਹ ਸੋਹਾਗਣੀ = ਸੁਹਾਗਵੰਤੀ **ਵਾ:** ਪਰਮੇਸ਼ਰ ਦੇ ਅਨੰਦ ਵਾਲੀ ਸਖੀ ਹੈ ਅਤੇ ਉਹੋ ਹੀ ਸਤਿਗੁਰਾਂ ਕੈ = ਦੇ ਭਾਇ = ਪ੍ਰੇਮ **ਵਾ:** ਭਾਣੇ ਅਨੁਸਾਰ ਚੱਲ ਕੇ ਪਰਮੇਸ਼ਰ ਨਾਲ ਪਿਆਰਿ = ਸਨੇਹ ਕਰਦੀ ਹੈ **ਵਾ:** ਗੁਰਾਂ ਨਾਲ ਸਨੇਹ ਕਰਨੇ ਕਰਕੇ ਪਰਮੇਸ਼ਰ ਨੂੰ ਭਾਇ = ਭਾਉਂਦੀ ਹੈ।

### [ਅੰਗ ੯੦]

## ਸਦਾ ਰਾਵੇ ਪਿਰੁ ਆਪਣਾ; ਸਚੈ ਪ੍ਰੇਮਿ ਪਿਆਰਿ ॥

ਉਸ ਦਾ ਸੱਚੇ ਸਤਿਗੁਰੂ ਨਾਲ ਮਨ, ਬਾਣੀ ਕਰਕੇ ਪ੍ਰੇਮਿ ਪਿਆਰ ਹੈ। ਐਸੀ ਜੀਵ ਰੂਪੀ ਇਸਤਰੀ ਸਦਾ ਲਈ ਆਪਣੇ ਪਿਰੁ = ਪਤੀ ਪਰਮੇਸ਼ਰ ਦੇ ਅਨੰਦ ਨੂੰ ਰਾਵੇ = ਮਾਣਦੀ ਹੈ।

## ਅਤਿ ਸੁਆਲਿਓ ਸੁੰਦਰੀ; ਸੋਭਾਵੰਤੀ ਨਾਰਿ ॥

ਜੋ ਜੀਵ ਰੂਪੀ ਨਾਰਿ = ਇਸਤਰੀ ਲੋਕ ਪ੍ਰਲੋਕ ਵਿਚ ਸੋਭਾਵੰਤੀ = ਸੋਭਾ ਵਾਲੀ ਹੈ, ਉਹ ਅਤਿ = ਅਤਿਅੰਤ ਹੀ ਸੁਆਲਿਓ = ਸਲਾਹੁਣੇ ਯੋਗ 'ਤੇ ਭਗਤੀ ਆਦਿ ਸ਼ੁਭ ਗੁਣਾਂ ਦੇ ਸਹਿਤ ਸੁੰਦਰੀ = ਸੋਹਣੀ ਹੈ।

## ਨਾਨਕ ਨਾਮਿ ਸੋਹਾਗਣੀ; ਮੇਲੀ ਮੇਲਣਹਾਰਿ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਦਾ ਨਾਮ ਸੋਹਾਗਣੀ = ਸੁਹਾਗਵੰਤੀ **ਵਾ:** ਪਰਮੇਸ਼ਰ ਦੇ ਅਨੰਦ ਵਾਲੀ ਹੈ ਜਿਸ ਨੂੰ ਮੇਲਣਹਾਰਿ = ਮੇਲਣ ਵਾਲੇ ਪਰਮੇਸ਼ਰ ਨੇ ਆਪਣੇ ਸਰੂਪ ਵਿਚ ਮੇਲੀ = ਮੇਲ ਲਿਆ ਹੈ ॥੨॥

## ਪਉੜੀ ॥
## ਹਰਿ ਤੇਰੀ ਸਭ ਕਰਹਿ ਉਸਤਤਿ; ਜਿਨਿ ਫਾਥੇ ਕਾਢਿਆ ॥

ਹੇ ਹਰਿ = ਪਰਮੇਸ਼ਰ ! ਤੇਰੀ = ਤੁਹਾਡੀ ਸਭ = ਸਾਰੇ ਉਸਤਤਿ = ਮਹਿਮਾ ਕਰਦੇ ਹਨ। ਜਿਨਿ = ਜਿਸ ਨੇ ਦੁੱਖਾਂ, ਬੰਧਨਾਂ ਵਿਚ ਫਾਥੇ = ਫਸੇ ਹੋਇਆਂ ਨੂੰ ਕਾਢਿਆ = ਕੱਢ ਲੈਣਾ ਕੀਤਾ ਹੈ **ਵਾ:** ਉਹ ਸਾਰੇ ਹੀ ਤੇਰੀ ਉਪਮਾ ਕਰਦੇ ਹਨ ਜਿਨ੍ਹਾਂ ਨੂੰ ਤੂੰ ਮਾਇਆ ਦੇ ਮੋਹ ਵਿਚ ਫਸੇ ਹੋਇਆਂ ਨੂੰ ਕੱਢ ਲਿਆ ਹੈ।

## ਹਰਿ ਤੁਧਨੋ ਕਰਹਿ ਸਭ ਨਮਸਕਾਰੁ; ਜਿਨਿ ਪਾਪੈ ਤੇ ਰਾਖਿਆ ॥

ਹੇ ਹਰਿ = ਹਰੀ ਪਰਮੇਸ਼ਰ ! ਉਹ ਸਭ = ਸਾਰੇ ਤੁਧਨੋ = ਤੁਹਾਨੂੰ ਨਮਸਕਾਰ = ਬੰਦਨਾ ਕਰਹਿ = ਕਰਦੇ ਹਨ। ਜਿਨਿ = ਜਿਨ੍ਹਾਂ ਨੂੰ ਤੂੰ ਪਾਪੈ = ਪਾਪ ਕਰਨ ਤੋਂ ਰਾਖਿਆ = ਬਚਾਇਆ ਹੈ।

ਜਿਸ ਪ੍ਰਕਾਰ ਭਾਈ ਜੋਗਾ ਸਿੰਘ ਨੂੰ ਜਦੋਂ ਸਿੱਖ ਨੇ ਆ ਕੇ ਗੁਰੂ ਸਾਹਿਬ ਜੀ ਦਾ ਹੁਕਮ ਸੁਣਾਇਆ, ਉਸ ਵਕਤ ਭਾਈ ਜੋਗਾ ਸਿੰਘ ਜੀ ਦੇ ਵਿਆਹ ਦੀਆਂ ਲਾਵਾਂ ਹੋ ਰਹੀਆਂ ਸਨ। ਉਸ ਨੇ ਆਪਣੀਆਂ ਲਾਵਾਂ ਵਿੱਚੇ ਹੀ ਛੱਡ ਦਿੱਤੀਆਂ ਤੇ ਕਹਿਣ ਲੱਗਾ ਕਿ ਬਾਕੀ ਲਾਵਾਂ ਮੇਰੇ ਹਜ਼ੂਰੀਏ (ਪਰਨੇ) ਨਾਲ ਹੀ ਲੈ ਲਵੋ। ਫਿਰ ਉਹ ਸਿੱਖ ਨਾਲ ਚਲਾ ਗਿਆ ਅਤੇ ਰਸਤੇ ਵਿਚ ਭਾਈ ਜੋਗਾ ਸਿੰਘ ਜੀ ਨੂੰ ਹੰਕਾਰ ਹੋ ਗਿਆ ਕਿ ਸਿੱਖਾਂ ਵਿਚ ਮੇਰੇ ਵਰਗਾ ਵੀ ਕੋਈ ਸਿੱਖ ਹੋਵੇਗਾ, ਜੋ ਲਾਵਾਂ ਛੱਡ ਕੇ ਗੁਰੂ ਸਾਹਿਬ ਜੀ ਦੀ ਆਗਿਆ ਮੰਨ ਕੇ ਆਇਆ ਹੋਵੇ ? ਜਦੋਂ ਹੁਸ਼ਿਆਰਪੁਰ ਪਹੁੰਚਿਆ ਤਾਂ ਵੇਸਵਾ ਦਾ ਰੂਪ ਵੇਖ ਕੇ ਉਸ ਦਾ ਮਨ ਪਰਚ ਗਿਆ। ਉਸ ਵੇਲੇ ਕਲਗੀਧਰ ਪਾਤਸ਼ਾਹ ਜੀ ਨੇ ਆਪ ਸਿੱਖ ਦਾ ਲਿਬਾਸ ਧਾਰਨ ਕਰਕੇ ਉਥੇ ਪਹਿਰਾ ਦਿੱਤਾ। ਭਾਈ ਜੋਗਾ ਸਿੰਘ ਨੂੰ ਆਖਿਆ ਕਿ ਭਾਈ ! ਤੂੰ ਮੈਨੂੰ ਅਨੰਦਪੁਰ ਸਾਹਿਬ ਰਹਿਣ ਵਾਲਾ ਪ੍ਰਤੀਤ ਹੁੰਦਾ ਹੈਂ। ਵੇਸਵਾ ਦੇ ਦੁਆਰੇ 'ਤੇ ਆਉਣ ਦਾ ਕੀ ਕਾਰਨ ਹੈ ? ਉਸ ਵੇਲੇ ਭਾਈ ਜੋਗਾ ਸਿੰਘ ਜੀ ਨੂੰ ਬੜੀ ਸ਼ਰਮ ਮਹਿਸੂਸ ਹੋਈ। ਇਸ ਪ੍ਰਕਾਰ ਗੁਰੂ ਸਾਹਿਬ ਰੱਖਿਆ ਕਰਦੇ ਹਨ। ਜਿਸ ਦੀ ਬਾਬਤ ਐਸਾ ਕਿਹਾ ਹੈ :

**ਗੁਰੂ ਦੀ ਜੇ ਲੋੜ ਹੋਵੇ ਗੁਰੂ ਵੀ ਅਜਿਹਾ ਹੋਵੇ, ਜੈਸੇ ਦਸਮੇਸ਼ ਮਾਤਾ ਗੁਜਰੀ ਦੇ ਲਾਲ ਜੀ।**
**ਵਾਰ ਪ੍ਰਵਾਰ ਚਾਰੇ ਬੱਚਿਆਂ ਕੁਹਾਇ ਦੇਵੇ, ਦੇਸ਼ ਕੌਮ ਵਾਸਤੇ ਕੁਰਬਾਨ ਬਾਲ ਬਾਲ ਜੀ।**
**ਅੰਮ੍ਰਿਤ ਦਾ ਸੋਮਾ ਹੋਵੇ ਤਪਦਿਆਂ ਨੂੰ ਠਾਰ ਦੇਵੇ, ਸੰਤਾਂ ਦਾ ਸਹਾਈ ਤੇ ਪਿਆਰਿਆਂ ਦੀ ਢਾਲ ਜੀ।**
**ਸਾਰੀ ਰਾਤ ਪਹਿਰਾ ਦੇਵੇ ਆਪ ਚੌਕੀਦਾਰ ਹੋ ਕੇ, ਪਾਪ ਅੱਗ ਵਿੱਚੋਂ ਲਵੇ ਸਿੱਖ ਨੂੰ ਨਿਕਾਲ ਜੀ।**

*(ਰਚਨਾ ਸੰਤ ਗਿ: ਸੁੰਦਰ ਸਿੰਘ ਜੀ ਭਿੰਡਰਾਂਵਾਲੇ)*

ਜਿਨ੍ਹਾਂ ਨੇ ਆਪ ਕ੍ਰਿਪਾ ਕਰਕੇ ਸਿੱਖ ਦਾ ਰੂਪ ਧਾਰਨ ਕਰਕੇ ਰੱਖਿਆ ਕੀਤੀ। ਭਾਈ ਜੋਗਾ ਸਿੰਘ ਨੂੰ ਕਾਮ ਵੱਲੋਂ ਪਾਪ ਕਰਮ ਵਿਚ ਪਰਵਿਰਤ ਨਹੀਂ ਹੋਣ ਦਿੱਤਾ।

## ਹਰਿ ਨਿਮਾਣਿਆ ਤੂੰ ਮਾਣੁ; ਹਰਿ ਡਾਢੀ ਹੂੰ ਤੂੰ ਡਾਢਿਆ ॥

ਹੇ ਹਰੀ ਪਰਮੇਸ਼ਰ ! ਨਿਮਾਣਿਆ = ਮਾਣ ਤੋਂ ਰਹਿਤ ਪੁਰਖਾਂ ਨੂੰ ਤੂੰ ਮਾਣੁ = ਸਤਿਕਾਰ ਦੇਣ ਵਾਲਾ ਹੈਂ।[੧] ਹੇ ਹਰਿ = ਪਰਮੇਸ਼ਰ ! ਬੜੇ ਬੜੇ ਡਾਢੀ = ਬਲ ਵਾਲਿਆਂ ਹੂੰ = ਤੋਂ ਵੀ ਤੂੰ ਡਾਢਿਆ = ਬਲਵਾਨ ਹੈਂ।

## ਹਰਿ ਅਹੰਕਾਰੀਆ ਮਾਰਿ ਨਿਵਾਏ; ਮਨਮੁਖ ਮੂੜ ਸਾਧਿਆ ॥

ਹੇ ਹਰਿ = ਪਰਮੇਸ਼ਰ ! ਤੂੰ ਹੰਕਾਰੀਆਂ ਨੂੰ ਮਾਰ ਕੇ ਭਗਤਾਂ ਦੇ ਅੱਗੇ ਨਿਵਾਏ = ਝੁਕਾ ਦਿੱਤਾ ਹੈ। ਜਿਨ੍ਹਾਂ ਨੇ ਆਪਣੇ ਮਨ ਨੂੰ ਹੀ ਮੁਖੀ ਬਣਾਇਆ ਹੋਇਆ ਹੈ, ਉਹ ਐਸੇ ਮੂੜ = ਪਾਂਬਰ ਬਿਰਤੀ ਵਾਲੇ ਵਿਸ਼ਈ ਪੁਰਖਾਂ ਨੂੰ ਵੀ ਸਾਧਿਆ = ਸੋਧ ਦਿੰਦਾ ਹੈਂ।

## ਹਰਿ ਭਗਤਾ ਦੇਇ ਵਡਿਆਈ; ਗਰੀਬ ਅਨਾਥਿਆ ॥੧੭॥

ਹੇ ਹਰਿ = ਪਰਮੇਸ਼ਰ ਜੀ ! ਤੂੰ ਆਪਣੇ ਭਗਤਾਂ ਨੂੰ ਵਡਿਆਈ = ਜਸ, ਮਾਣ, ਇੱਜ਼ਤ ਦੇਇ = ਦੇਂਦਾ ਹੈਂ, ਜਿਹੜੇ ਭਗਤ ਬਚਨਾਂ ਕਰਕੇ ਗਰੀਬ = ਦੀਨ ਭਾਵ ਨਿਮਰਤਾ ਵਾਲੇ ਅਤੇ ਮਾਇਆ ਦੇ ਮੋਹ ਵੱਲੋਂ ਅਨਾਥਿਆ = ਅਨਾਥ ਰਹਿੰਦੇ ਹਨ, ਉਨ੍ਹਾਂ ਦੀ ਰੱਖਿਆ ਕਰਦਾ ਹੈਂ ॥੧੭॥

## ਸਲੋਕ ਮ: ੩ ॥

**ਉਥਾਨਕਾ :** ਅੰਤਰਜਾਮੀ ਸਾਹਿਬ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਜੀ ਨੇ ਦੁਨੀਆਂ ਦੇ ਉਧਾਰ ਕਰਨ ਲਈ ਜਦੋਂ ਗੁਰੂ ਕਾ ਤੀਰਥ ਬਾਉਲੀ ਸਾਹਿਬ ਬਣਾਉਣਾ ਕੀਤਾ, ਉਸ ਵੇਲੇ ਗੁਰੂ ਸਾਹਿਬ ਜੀ ਦੀ ਕਿਰਪਾ ਸਦਕਾ ਬੜੀਆਂ ਰੌਣਕਾਂ ਹੋਈਆਂ। ਗੁਰੂ ਪਾਤਸ਼ਾਹ ਜੀ ਨੇ ਵਿਸਾਖੀ ਦਾ ਜੋੜ ਮੇਲਾ ਅਰੰਭ ਕੀਤਾ। ਇਕ ਮਾਈ ਰੋਜ਼ ਸੇਵਾ ਕਰਨ ਆਇਆ ਕਰਦੀ ਸੀ। ਉਸ ਮਾਤਾ ਦਾ ਨਾਮ ਮਾਈ ਸੇਵਾਂ ਸੀ, (ਜੋ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਜੀਵਨ ਕਾਲ ਤੱਕ ਰਹੀ। ਜਿਸ ਦੇ ਨਾਮ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਬਜ਼ਾਰ ਦਾ ਨਾਮ ਮਾਈ ਸੇਵਾਂ ਬਜ਼ਾਰ ਪ੍ਰਸਿੱਧ ਹੋਇਆ।) ਇਹ ਮਾਈ ਕਾਬਲ ਦੀ ਸੀ। ਹਰ ਰੋਜ਼ ਬਾਉਲੀ ਸਾਹਿਬ ਦੀ ਟਹਿਲ ਸੇਵਾ ਕਰਿਆ ਕਰਦੀ ਸੀ। ਇਸ ਪ੍ਰਕਾਰ ਗੁਰੂ ਸਾਹਿਬ ਜੀ ਨੇ ੭੨ ਮਾਈਆਂ ਦੇ ਉੱਚੇ ਜੀਵਨ ਨੂੰ ਦੇਖਦੇ ਹੋਏ ਪ੍ਰਚਾਰ ਕਰਨ ਦੇ ਅਧਿਕਾਰ ਦਿੱਤੇ, ਜਿਨ੍ਹਾਂ ਦੇ ਉਪਦੇਸ਼ ਕਰਕੇ ਬੇਅੰਤ ਜੀਵਾਂ ਦੀ ਕਲਿਆਣ ਹੋਈ। ਸਿੱਖ ਵਿਸਮਾਦ ਹੋ ਕੇ ਗੁਰੂ ਸਾਹਿਬ ਪਾਸੋਂ ਪੁੱਛਦੇ ਹਨ ਕਿ ਉਨ੍ਹਾਂ ਨੂੰ ਐਸੀ ਦਾਤ ਕਿਉਂ ਅਤੇ ਕਿਸ ਤਰ੍ਹਾਂ ਪ੍ਰਾਪਤ ਹੁੰਦੀ ਹੈ ? ਇਸ ਦੀ ਬਾਬਤ ਸਤਿਗੁਰੂ ਪਾਤਸ਼ਾਹ ਇਸ ਤਰ੍ਹਾਂ ਫ਼ੁਰਮਾਨ ਕਰਦੇ ਹਨ :

## ਸਤਿਗੁਰ ਕੈ ਭਾਣੈ ਜੋ ਚਲੈ; ਤਿਸੁ ਵਡਿਆਈ ਵਡੀ ਹੋਇ ॥

ਹੇ ਭਾਈ ! ਜੋ = ਜਿਹੜਾ ਪੁਰਖ ਸਤਿਗੁਰੂ ਸਾਹਿਬ ਜੀ ਦੇ ਭਾਣੈ = ਹੁਕਮ ਅਨੁਸਾਰ ਹੋ ਕੈ = ਕਰਕੇ ਚਲੈ = ਚੱਲਦਾ ਹੈ, ਤਿਸੁ = ਉਸ ਦੀ ਵਡਿਆਈ = ਸ਼ੋਭਾ ਰਾਜਿਆਂ ਮਹਾਰਾਜਿਆਂ ਆਦਿ ਸਭ ਤੋਂ ਵੱਡੀ ਹੋਇ = ਹੁੰਦੀ ਹੈ।

## ਹਰਿ ਕਾ ਨਾਮੁ ਉਤਮੁ ਮਨਿ ਵਸੈ; ਮੇਟਿ ਨ ਸਕੈ ਕੋਇ ॥

ਜਿਸ ਦੇ ਮਨਿ = ਹਿਰਦੇ ਵਿਚ ਹਰਿ = ਪਰਮੇਸ਼ਰ ਕਾ = ਦਾ ਉਤਮੁ = ਸ੍ਰੇਸ਼ਟ ਨਾਮ ਵਸੈ = ਵਸਿਆ ਹੋਇਆ ਹੈ, ਉਸ ਦੀ ਵਡਿਆਈ, ਭਗਤੀ ਦੀ ਕਮਾਈ ਨੂੰ ਕੋਇ = ਕੋਈ ਵੀ ਸਰਾਪ ਦੇ ਕੇ ਜਾਂ ਈਰਖਾ ਨਾਲ ਮੇਟ ਨ = ਨਹੀਂ ਸਕੈ = ਸਕਦਾ।

---

੧. **ਨਿਮਾਣੇ ਮਾਣੁ ਕਰਹਿ ਤੁਧੁ ਭਾਵੈ ॥** *(ਮਾਰੂ ਮ: ੫, ਅੰਗ ੧੦੭੧)*

## ਕਿਰਪਾ ਕਰੇ ਜਿਸੁ ਆਪਣੀ; ਤਿਸੁ ਕਰਮਿ ਪਰਾਪਤਿ ਹੋਇ ॥

ਜਿਸ ਉੱਤੇ ਅਕਾਲ ਪੁਰਖ ਆਪਣੀ ਕਿਰਪਾ = ਦਇਆ ਦ੍ਰਿਸ਼ਟੀ ਕਰੇ = ਕਰ ਦਿੰਦਾ ਹੈ, ਤਿਸੁ = ਉਸ ਨੂੰ ਗੁਰੂ ਕ੍ਰਿਪਾ ਦੁਆਰਾ ਨਿਸ਼ਕਾਮ ਕਰਮਾਂ ਦੀ **ਵਾ:** ਸੱਚ ਸਰੂਪ ਦੀ ਪ੍ਰਾਪਤੀ ਹੋਇ = ਹੁੰਦੀ ਹੈ। ਜੈਸਾ ਕਿ :

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**

*(ਗਉੜੀ ਸੁਖਮਨੀ ਮ: ੫, ਅੰਗ ੨੮੬)*

## ਨਾਨਕ ਕਾਰਣੁ ਕਰਤੇ ਵਸਿ ਹੈ; ਗੁਰਮੁਖਿ ਬੂਝੈ ਕੋਇ ॥੧॥

ਗੁਰੂ ਜੀ ਕਥਨ ਕਰਦੇ ਹਨ ਕਿ ਮਾਇਆ, ਮਹਿਤੱਤ ਆਦਿ ਸਾਰੇ ਕਾਰਨ ਕਰਤੇ = ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਵਸਿ = ਅਧੀਨ ਰੱਖੇ ਹੋਏ ਹਨ। ਕੋਈ ਵਿਰਲੇ ਗੁਰਮੁਖ ਹੀ ਇਸ ਗੱਲ ਨੂੰ ਬੂਝੈ = ਸਮਝਦੇ ਹਨ। ਅਰਥਾਤ ਜੋ ਆਪਣੀ ਮੱਤ ਛੱਡ ਕੇ ਪਰਮੇਸ਼ਰ ਦੀ ਰਜ਼ਾ ਵਿਚ ਚੱਲਦੇ ਹਨ। ਇਸ ਪ੍ਰਕਾਰ ਜਿਹੜੇ ਕਾਰਨ ਮੰਨੇ ਹਨ, ਉਹ ਵੇਦਾਂਤੀਆਂ ਨੇ ਅਗਿਆਨ ਨੂੰ ਕਾਰਨ ਮੰਨਿਆ ਹੈ। ਨਿਆਂਇਕਾਂ ਨੇ ਪ੍ਰਮਾਣੂ ਨੂੰ ਕਾਰਨ ਮੰਨਿਆ ਹੈ। ਕਾਲਵਾਦੀਆਂ ਨੇ ਕਾਲ ਨੂੰ ਕਾਰਨ ਮੰਨਿਆ ਹੈ। ਕਰਮਵਾਦੀਆਂ ਨੇ ਕਰਮਾਂ ਨੂੰ ਕਾਰਨ ਮੰਨਿਆ ਹੈ। ਤਿੰਨਾਂ ਗੁਣਾਂ ਵਾਲਿਆਂ ਨੇ ਤਿੰਨਾਂ ਗੁਣਾਂ ਨੂੰ ਹੀ ਕਾਰਨ ਮੰਨਿਆ ਹੈ। ਮਾਨਸ ਸ੍ਰਿਸ਼ਟੀ ਵਾਲਿਆਂ ਨੇ ਸ਼ੰਭੂ, ਮਨੂ ਤੇ ਸਤਰੂਪਾ ਨੂੰ ਕਾਰਨ ਮੰਨਿਆ ਹੈ। ਮੁਸਲਮਾਨਾਂ ਨੇ ਬਾਬਾ ਆਦਮ ਅਤੇ ਅੰਮਾ ਹਵਾ ਨੂੰ ਕਾਰਨ ਮੰਨਿਆ ਹੈ। ਇਸੇ ਪ੍ਰਕਾਰ ਦੁਨੀਆਂ ਦੇ ਲੋਕਾਂ ਨੇ ਬੇਅੰਤ ਕਾਰਨ ਮੰਨੇ ਹਨ। ਉਹ ਸਾਰੇ ਕਾਰਨ ਕਰਤਾ ਪੁਰਖ ਭਾਵ ਅਕਾਲ ਪੁਰਖ ਦੇ ਅਧੀਨ ਹਨ॥੧॥

## ਮ: ੩ ॥

## ਨਾਨਕ ਹਰਿ ਨਾਮੁ ਜਿਨੀ ਆਰਾਧਿਆ; ਅਨਦਿਨੁ ਹਰਿ ਲਿਵ ਤਾਰ ॥

ਸਤਿਗੁਰੂ ਜੀ ਕਥਨ ਕਰਦੇ ਹਨ ਜਿਨ੍ਹਾਂ ਨੇ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਦਿਲ ਦੀ ਭਾਵਨਾ ਨਾਲ ਆਰਾਧਿਆ = ਯਾਦ ਕੀਤਾ ਹੈ। ਉਹ ਹਰਿ = ਹਰੀ ਅਕਾਲ ਪੁਰਖ ਦਾ ਨਾਮ ਅਨਦਿਨੁ = ਦਿਨ ਰਾਤ ਤਾਰ = ਇਕ ਰਸ **ਵਾ:** ਤੇਲ ਧਾਰਾ ਵਤ ਲਿਵ = ਬਿਰਤੀ ਲਾ ਕੇ ਜਪਦੇ ਹਨ। ਜਿਸ ਪ੍ਰਕਾਰ ਤੇਲ ਦੀ ਧਾਰ ਇਕ-ਰਸ ਚੱਲਦੀ ਹੈ, ਟੁੱਟਦੀ ਨਹੀਂ, ਇਸ ਤਰ੍ਹਾਂ ਪਰਮੇਸ਼ਰ ਦੇ ਨਾਮ ਨੂੰ ਨਿਰੰਤਰ ਜਪਣ ਵਾਲਿਆਂ ਨੂੰ ਵਾਹਿਗੁਰੂ ਤਾਰ ਦਿੰਦਾ ਹੈ।

## ਮਾਇਆ ਬੰਦੀ ਖਸਮ ਕੀ; ਤਿਨ ਅਗੈ ਕਮਾਵੈ ਕਾਰ ॥

ਮਾਇਆ ਖਸਮ = ਅਕਾਲ ਪੁਰਖ ਕੀ = ਦੀ ਬੰਦੀ = ਦਾਸੀ ਹੈ। ਇਹ ਮਾਇਆ ਤਿਨ = ਤਿਨ੍ਹਾਂ ਗੁਰਮੁਖ ਜਨਾਂ ਦੇ ਅਗੈ = ਅੱਗੇ ਭਾਵ ਚਰਨੀਂ ਪੈ ਕੇ ਕਾਰ ਕਮਾਵੈ = ਕਮਾਉਂਦੀ ਹੈ **ਵਾ:** ਗੁਰਮੁਖ ਜਨਾਂ ਦੇ ਅੱਗੇ ਰਿੱਧੀਆਂ ਸਿੱਧੀਆਂ ਰੂਪ ਹੋ ਕੇ ਕਾਰ ਕਮਾਉਂਦੀ ਹੈ; ਜੈਸਾ ਕਿ :

**ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥**
**ਚਰਣੀ ਲਾਗੈ ਤਾ ਮਹਲੁ ਪਾਵੈ ॥** *(ਗਉੜੀ ਮ: ੩, ਅੰਗ ੨੩੧)*

ਇਕ ਮਹਾਂਪੁਰਖ ਸਨ, ਉਨ੍ਹਾਂ ਨੂੰ ਮਾਇਆ ਕਹਿਣ ਲੱਗੀ ਕਿ ਜੇਕਰ ਤੁਸੀਂ ਆਗਿਆ ਕਰੋ ਤਾਂ ਮੈਂ ਤੁਹਾਡੀ ਸੇਵਾ ਕਰਨਾ ਚਾਹੁੰਦੀ ਹਾਂ। ਜੈਸਾ ਕਿ :

**ਜੋ ਤੂੰ ਕਹਹਿ ਸੁ ਕਾਰ ਕਮਾਵਾ ॥** *(ਆਸਾ ਮ: ੫, ਅੰਗ ੩੭੦)*

ਮਹਾਤਮਾ ਕਹਿਣ ਲੱਗੇ ਕਿ ਬੀਬੀ, ਸਾਨੂੰ ਕਿਸੇ ਪ੍ਰਕਾਰ ਦੀ ਕੋਈ ਸੇਵਾ ਦੀ ਲੋੜ ਨਹੀਂ ਹੈ। ਉਹ ਕਹਿਣ ਲੱਗੀ ਕਿ ਨਹੀਂ ਮਹਾਰਾਜ! ਮੈਂ ਸੇਵਾ ਕਰਨੀ ਚਾਹੁੰਦੀ ਹਾਂ। ਤਾਂ ਮਹਾਤਮਾ ਕਹਿਣ ਲੱਗੇ ਕਿ ਚੰਗਾ ਸਾਨੂੰ ਆਪਣੀ ਸਿਲ੍ਹਾ ਬੜੀ ਪਿਆਰੀ ਲੱਗਦੀ ਹੈ। ਇਹ ਸਾਡੇ ਨਾਲ ਚੁੱਕ ਕੇ ਰੱਖਿਆ ਕਰ। ਜਿਸ ਥਾਂ 'ਤੇ ਅਸੀਂ ਬੈਠਣਾ ਹੋਵੇ, ਉਸੇ ਥਾਂ 'ਤੇ ਵਿਛਾ ਦਿਆ ਕਰ। ਉਹ ਬਾਰਾਂ ਸਾਲ ਸਿਲ੍ਹਾ ਚੁੱਕੀ ਫਿਰਦੀ ਰਹੀ। ਇਕ ਸ਼ਾਹੂਕਾਰ ਨੂੰ ਆਖਣ ਲੱਗੀ ਕਿ ਮੈਨੂੰ ਇਸ ਮਹਾਤਮਾ ਤੋਂ ਛੁਡਵਾ ਦੇ, ਮੈਨੂੰ ਇਸ ਦੀ ਸਿਲ੍ਹਾ ਚੁੱਕਣੀ ਪੈਂਦੀ ਹੈ। ਉਹ ਸ਼ਾਹੂਕਾਰ ਕਹਿਣ ਲੱਗਾ ਕਿ ਮਹਾਤਮਾ ਜੀ! ਅਸੀਂ ਸਿਲ੍ਹਾ ਚੁੱਕਣ ਵਾਸਤੇ ਨੌਕਰ ਰੱਖ ਦਿੰਦੇ ਹਾਂ। ਤੁਸੀਂ ਇਸ ਦੇਵੀ ਨੂੰ ਕਿਉਂ ਤੰਗ ਕੀਤਾ ਹੈ? ਮਹਾਤਮਾ ਕਹਿਣ ਲੱਗੇ ਕਿ ਸਾਨੂੰ ਤਾਂ ਕੋਈ ਲੋੜ ਨਹੀਂ ਸੀ। ਇਸ ਨੇ ਆਪ ਹੀ ਇੱਛਾ ਪ੍ਰਗਟਾਈ ਸੀ ਕਿ ਸਾਨੂੰ ਸੇਵਾ ਬਖ਼ਸ਼ੋ ਤਾਂ ਅਸੀਂ ਇਸ ਨੂੰ ਕਹਿ ਦਿੱਤਾ ਕਿ ਸਾਡੀ ਸਿਲ੍ਹਾ ਚੁੱਕਿਆ ਕਰ। ਇਸ ਪ੍ਰਕਾਰ ਮਾਇਆ ਪਰਮੇਸ਼ਰ ਦੇ ਹੁਕਮ ਵਿਚ ਉਨ੍ਹਾਂ ਗੁਰਮੁਖ ਜਨਾਂ ਦੇ ਅੱਗੇ ਕਾਰ ਕਮਾਉਂਦੀ ਹੈ ਭਾਵ ਉਨ੍ਹਾਂ ਦੇ ਅਧੀਨ ਰਹਿੰਦੀ ਹੈ।

## ਪੂਰੈ ਪੂਰਾ ਕਰਿ ਛੋਡਿਆ; ਹੁਕਮਿ ਸਵਾਰਣਹਾਰ ॥

ਉਨ੍ਹਾਂ ਗੁਰਮੁਖਾਂ ਨੂੰ ਪੂਰੈ = ਪੂਰਨ ਸਤਿਗੁਰਾਂ ਨੇ ਕਿਰਪਾ ਕਰਕੇ ਪੂਰਾ = ਪੂਰਨ ਗਿਆਨ ਵਾਲੇ ਕਰ ਛੱਡਿਆ ਭਾਵ ਗਿਆਨਵਾਨ ਬਣਾ ਦਿੱਤਾ ਹੈ, ਉਹ ਗੁਰਮੁਖ ਜਨ ਆਪ ਹੁਕਮ ਵਿਚ ਚੱਲ ਕੇ ਹੋਰਨਾਂ ਦੇ ਜੀਵਨ ਨੂੰ ਸਵਾਰਣਹਾਰ = ਸਵਾਰਨ ਵਾਲੇ ਬਣ ਜਾਂਦੇ ਹਨ **ਵਾ:** ਸਵਾਰਨਹਾਰੇ ਪ੍ਰਭੂ ਦੇ ਹੁਕਮ ਵਿਚ ਪੂਰੇ ਸਤਿਗੁਰਾਂ ਨੇ ਗੁਰਮੁਖਾਂ ਦੇ ਹਿਰਦੇ ਵਿਚ ਪੂਰਨ ਬ੍ਰਹਮ ਗਿਆਨ ਪੈਦਾ ਕਰ ਛੱਡਿਆ ਹੈ।

## ਗੁਰ ਪਰਸਾਦੀ ਜਿਨਿ ਬੁਝਿਆ; ਤਿਨਿ ਪਾਇਆ ਮੋਖ ਦੁਆਰੁ ॥

ਜਿਨ੍ਹਾਂ ਨੇ ਗੁਰ = ਸਤਿਗੁਰਾਂ ਦੀ ਪਰਸਾਦੀ = ਕਿਰਪਾ ਨਾਲ ਪਰਮਾਰਥ ਨੂੰ ਬੁਝਿਆ = ਸਮਝ ਲਿਆ ਹੈ, ਤਿਨਿ = ਉਨ੍ਹਾਂ ਨੇ ਸੰਸਾਰ ਵਿਚ ਹੁੰਦਿਆਂ ਹੋਇਆਂ ਵੀ ਮੋਖ = ਮੁਕਤੀ ਦਾ ਦੁਆਰੁ = ਦਰਵਾਜ਼ਾ ਪਾਇਆ = ਪਾ ਲਿਆ ਹੈ **ਵਾ:** ਉਨ੍ਹਾਂ ਨੇ ਬ੍ਰਹਮ ਗਿਆਨ ਰੂਪੀ ਮੁਕਤੀ ਦਾ ਦੁਆਰ ਪਾ ਲਿਆ ਹੈ।

## ਮਨਮੁਖ ਹੁਕਮੁ ਨ ਜਾਣਨੀ; ਤਿਨ ਮਾਰੇ ਜਮ ਜੰਦਾਰੁ ॥

ਮਨਮੁਖ ਲੋਕ ਪਰਮੇਸ਼ਰ ਦੇ ਹੁਕਮੁ = ਰਜ਼ਾ ਨੂੰ ਜਾਣਨੀ = ਸਮਝਦੇ ਨਹੀਂ ਹਨ। ਸਦਾ ਹੀ ਹਉਮੈ ਦੇ ਸਹਿਤ ਰਹਿੰਦੇ ਹਨ। ਤਿਨ = ਉਨ੍ਹਾਂ ਨੂੰ ਜੰਦਾਰੁ = ਜਿੰਦ ਦਾ ਵੈਰੀ ਜਮ ਮਾਰੇ = ਮਾਰਦਾ ਹੈ **ਵਾ:** ਜਮ ਜੰਦਾਰੁ = ਡੰਡਾ ਲੈ ਕੇ ਮਾਰਦਾ ਹੈ **ਵਾ:** ਜਮ ਜੰਦਾਰੁ = ਜਲਾਦ ਰੂਪ ਹੋ ਕੇ ਮਾਰੇ = ਮਾਰਦਾ ਹੈ।

## ਗੁਰਮੁਖਿ ਜਿਨੀ ਅਰਾਧਿਆ; ਤਿਨੀ ਤਰਿਆ ਭਉਜਲੁ ਸੰਸਾਰੁ ॥

ਜਿਨ੍ਹਾਂ ਗੁਰਮੁਖ ਜਨਾਂ ਨੇ ਪਰਮੇਸ਼ਰ ਦੇ ਨਾਮ ਨੂੰ ਅਰਾਧਿਆ = ਅਰਾਧਨਾ ਕੀਤਾ ਹੈ, ਤਿਨੀ = ਉਨ੍ਹਾਂ ਨੇ ਜੰਮਣ ਮਰਨ ਦੇ ਭਉਜਲੁ = ਭੈ ਰੂਪੀ ਪਾਣੀ ਨਾਲ ਭਰੇ ਹੋਏ ਸੰਸਾਰ ਸਮੁੰਦਰ ਨੂੰ ਤਰਿਆ = ਤਰਨਾ ਕੀਤਾ ਹੈ।

## ਸਭਿ ਅਉਗਣ ਗੁਣੀ ਮਿਟਾਇਆ; ਗੁਰੁ ਆਪੇ ਬਖਸਣਹਾਰੁ ॥੨॥

ਗੁਰਮੁਖ ਜਨਾਂ ਨੇ ਆਪਣੇ ਸਭਿ = ਸਾਰੇ ਅਉਗਣ = ਗੁਨਾਹਾਂ ਨੂੰ ਸਤ, ਸੰਤੋਖ ਆਦਿ ਗੁਣੀ = ਗੁਣ ਧਾਰਨ ਕਰ ਕੇ ਮਿਟਾਇਆ = ਮਿਟਾ ਲਿਆ ਹੈ, ਇਸ ਕਰਕੇ ਉਨ੍ਹਾਂ ਨੂੰ ਸਤਿਗੁਰੂ ਜੀ ਆਪ ਹੀ ਬਖ਼ਸ਼ਣਹਾਰ ਹੈ **ਵਾ:** ਬਖਸਣਹਾਰੁ = ਬਖ਼ਸ਼ਿੰਦ ਗੁਰੂ ਆਪ ਹੀ ਬਖ਼ਸ਼ ਲੈਂਦਾ ਹੈ ॥੨॥

## ਪਉੜੀ ॥

## ਹਰਿ ਕੀ ਭਗਤਾ ਪਰਤੀਤਿ; ਹਰਿ ਸਭ ਕਿਛੁ ਜਾਣਦਾ ॥

ਭਗਤਾ = ਭਗਤ ਜਨਾਂ ਨੂੰ ਹਰਿ = ਹਰੀ ਪਰਮੇਸ਼ਰ ਦੀ ਹੀ ਪਰਤੀਤਿ = ਪ੍ਰਤੀਤੀ ਹੈ, ਉਹ ਇਸ ਗੱਲ ਨੂੰ ਸਮਝਦੇ ਹਨ ਕਿ ਹਰਿ = ਅਕਾਲ ਪੁਰਖ ਸਭੁ = ਸਾਰਾ ਕਿਛੁ = ਕੁਝ ਜਾਣਦਾ ਹੈ। ਜੈਸਾ ਕਿ :

**ਘਟ ਘਟ ਕੇ ਅੰਤਰ ਕੀ ਜਾਨਤ ॥** *(ਚੌਪਈ ਸਾਹਿਬ)*

## ਹਰਿ ਜੇਵਡੁ ਨਾਹੀ ਕੋਈ; ਜਾਣੁ ਹਰਿ, ਧਰਮੁ ਬੀਚਾਰਦਾ ॥

ਦੁਨੀਆਂ ਵਿਚ ਹਰਿ = ਅਕਾਲ ਪੁਰਖ ਜੇਵਡੁ = ਜਿੱਡਾ ਵੱਡਾ ਹੋਰ ਕੋਈ ਵੀ ਨਹੀਂ ਹੈ। ਐਸਾ ਜਾਨਣਾ ਕਰੋ ਕਿ ਹਰਿ = ਹਰੀ ਪਰਮੇਸ਼ਰ ਧਰਮ ਦੀ ਬੀਚਾਰਦਾ = ਵੀਚਾਰ ਕਰਦਾ ਹੈ। ਜਿਹੜੇ ਵਿਅਕਤੀ ਸੱਚ 'ਤੇ ਪਹਿਰਾ ਦੇਣ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਸੱਚੇ ਬਣਾ ਦਿੰਦਾ ਹੈ ਤੇ ਜਿਹੜੇ ਕੂੜਿਆਰ ਹੁੰਦੇ ਹਨ, ਉਨ੍ਹਾਂ ਨੂੰ ਖੋਟੇ ਕੰਮਾਂ ਵਾਲੇ ਬਣਾ ਦਿੰਦਾ ਹੈ। ਐਸਾ ਧਰਮ ਦਾ ਨਿਆਉਂ ਕਰਦਾ ਹੈ।

## ਕਾੜਾ ਅੰਦੇਸਾ ਕਿਉ ਕੀਜੈ; ਜਾ ਨਾਹੀ ਅਧਰਮਿ ਮਾਰਦਾ ॥

ਕਾੜਾ = ਝੋਰਾ ਜਾਂ ਅੰਦੇਸਾ = ਸੰਸਾ ਕਿਉ = ਕਿਸ ਲਈ ਕੀਜੈ = ਕਰਨਾ ਹੈ, ਜਾ = ਜਦ ਕਿ ਉਹ ਪਰਮੇਸ਼ਰ ਅਧਰਮਿ = ਅਨਿਆਏ, ਬੇਇਨਸਾਫ਼ੀ ਕਰ ਕੇ ਨਾਹੀ = ਨਹੀਂ ਮਾਰਦਾ ਭਾਵ ਕਿਸੇ ਨੂੰ ਅਣਹੋਇਆ ਦੋਸ਼ ਲਾ ਕੇ ਨਹੀਂ ਮਾਰਦਾ, ਜੀਵਾਂ ਦੇ ਕਰਮਾਂ ਦੇ ਅਨੁਸਾਰ ਸਜ਼ਾ ਦਿੰਦਾ ਹੈ। ਇਹ ਪਰਮੇਸ਼ਰ ਦਾ ਨਿਯਮ ਹੈ।

## ਸਚਾ ਸਾਹਿਬੁ ਸਚੁ ਨਿਆਉ; ਪਾਪੀ ਨਰੁ ਹਾਰਦਾ ॥

ਉਹ ਸਚਾ ਸਾਹਿਬੁ = ਮਾਲਕ ਹੈ ਅਤੇ ਉਸ ਦਾ ਨਿਆਉ = ਇਨਸਾਫ ਵੀ ਸੱਚਾ ਹੈ। ਜਿਹੜਾ ਵਿਅਕਤੀ ਪਾਪ ਕਰਨ ਵਾਲਾ ਹੈ, ਉਹ ਨਰੁ = ਪੁਰਖ ਪਰਮੇਸ਼ਰ ਦੀ ਦਰਗਾਹ ਵਿਚ ਹਾਰਦਾ = ਹਾਰ ਜਾਂਦਾ ਹੈ।

## ਸਾਲਾਹਿਹੁ ਭਗਤਹੁ ਕਰ ਜੋੜਿ; ਹਰਿ ਭਗਤ ਜਨ ਤਾਰਦਾ ॥੧੯॥

ਹੇ ਭਗਤਹੁ = ਭਗਤ ਜਨੋਂ ਮਨ ਅਤੇ ਬੁੱਧੀ ਰੂਪੀ ਕਰ = ਹੱਥ ਜੋੜ ਕੇ ਪਰਮੇਸ਼ਰ ਦੀ ਸਾਲਾਹਿਹੁ = ਸਿਫ਼ਤ ਕਰੋ। ਜਿਹੜੇ ਭਗਤ ਜਨ ਹਨ, ਉਨ੍ਹਾਂ ਨੂੰ ਹਰਿ = ਹਰੀ ਪਰਮੇਸ਼ਰ ਤਾਰਦਾ = ਤਾਰ ਦਿੰਦਾ ਹੈ ॥੧੯॥

## ਸਲੋਕ ਮ: ੩ ॥

## ਆਪਣੇ ਪ੍ਰੀਤਮ ਮਿਲਿ ਰਹਾ; ਅੰਤਰਿ ਰਖਾ ਉਰਿ ਧਾਰਿ ॥

ਹੇ ਭਾਈ! ਹਮੇਸ਼ਾ ਆਪਣੇ ਪ੍ਰੀਤਮ = ਪਰਮ ਪ੍ਰੇਮ ਦੇ ਅਸਪਦ ਰੂਪ ਪਰਮਾਤਮਾ ਨਾਲ ਮਿਲਿ = ਮਿਲ ਕਰਕੇ ਰਹਾ = ਰਹਿਣਾ ਚਾਹੀਦਾ ਹੈ ਅਤੇ ਉਰਿ = ਹਿਰਦੇ ਦੇ ਅੰਤਰਿ = ਅੰਦਰ ਪਰਮੇਸ਼ਰ ਦੇ ਨਾਮ ਨੂੰ ਧਾਰਿ = ਧਾਰਨ ਕਰਕੇ ਰਖਾ = ਰੱਖਣਾ ਚਾਹੀਦਾ ਹੈ।

## ਸਾਲਾਹੀ ਸੋ ਪ੍ਰਭ ਸਦਾ ਸਦਾ; ਗੁਰ ਕੈ ਹੇਤਿ ਪਿਆਰਿ ॥

ਸੋ = ਉਸ ਪ੍ਰਭ = ਵਾਹਿਗੁਰੂ ਦੀ ਸਾਲਾਹੀ = ਸਿਫ਼ਤ ਕਰਣੇ ਜੋਗ ਹੈ। ਸਦਾ ਸਦਾ = ਨਿਰੰਤਰ ਹੀ ਉਸ ਦੀ ਵਡਿਆਈ ਕਰਦੇ ਰਹਿਣਾ ਚਾਹੀਦਾ ਹੈ ਅਤੇ ਗੁਰ = ਸਤਿਗੁਰਾਂ ਕੈ = ਦੇ ਨਾਲ ਮਨ ਕਰਕੇ ਹੇਤਿ = ਹਿਤ ਤੇ ਸਰੀਰ ਕਰਕੇ ਪਿਆਰ ਕਰਨਾ ਚਾਹੀਦਾ ਹੈ।

## ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ; ਸਾਈ ਸੁਹਾਗਣਿ ਨਾਰਿ ॥੧॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਤੇ ਸਤਿਗੁਰੂ ਸਾਹਿਬ ਜੀ ਗਿਆਨ ਦੀ ਨਦਰਿ = ਦ੍ਰਿਸ਼ਟੀ ਕਰ ਦੇਣ ਤਿਸੁ = ਉਸ ਨੂੰ ਪਰਮੇਸ਼ਰ ਆਪਣੇ ਸਰੂਪ ਨਾਲ ਮੇਲ ਲਏ = ਲੈਂਦਾ ਹੈ। ਸਾਈ = ਉਹੋ ਹੀ ਮਹਾਤਮਾ ਰੂਪ ਨਾਰਿ = ਇਸਤਰੀ ਸੁਹਾਗਣਿ = ਸੁਹਾਗਵੰਤੀ ਹੈ ॥੧॥

## ਮਃ ੩ ॥ ਗੁਰ ਸੇਵਾ ਤੇ ਹਰਿ ਪਾਈਐ; ਜਾ ਕਉ ਨਦਰਿ ਕਰੇਇ ॥

ਗੁਰ = ਸਤਿਗੁਰਾਂ ਦੀ ਸੇਵਾ = ਟਹਿਲ ਤੇ = ਦੁਆਰਾ ਹਰਿ = ਹਰੀ ਪਰਮੇਸ਼ਰ ਦੀ ਪਾਈਐ = ਪ੍ਰਾਪਤੀ ਹੁੰਦੀ ਹੈ। ਪਰੰਤੂ ਗੁਰਾਂ ਦੀ ਸੇਵਾ ਉਸ ਨੂੰ ਪ੍ਰਾਪਤ ਹੁੰਦੀ ਹੈ ਜਾ = ਜਿਸ ਕਉ = ਉੱਤੇ ਪਰਮੇਸ਼ਰ ਕਿਰਪਾ ਨਦਰਿ = ਦ੍ਰਿਸ਼ਟੀ ਕਰੇਇ = ਕਰ ਦਿੰਦਾ ਹੈ।

**ਸਾਖੀ—ਇਕ ਸੇਵਕ ਦੀ :** ਭਾਈ ਘਨੱਈਆ ਜੀ ਦਾ ਇਕ ਸੇਵਾ ਦਾਸ ਸੇਵਕ ਸੀ। ਸੇਵਾ ਦਾਸ ਤੋਂ ਅੱਗੇ ਹੋਰ ਸੇਵਕ ਜਿਥੋਂ ਸੇਵਾ ਪੰਥੀ ਸੰਪਰਦਾ ਚੱਲੀ। ਉਨ੍ਹਾਂ ਵਿਚ ਇਕ ਸੇਵਕ ਹੋਏ, ਉਹ ਨਿਤਾਪ੍ਰਤੀ ਹੀ ਹੱਥੀਂ ਟਹਿਲ ਕਰਦੇ ਸਨ। ਸੇਵਾ ਕਰਕੇ ਪ੍ਰਸ਼ਾਦਾ ਛਕਦੇ ਅਤੇ ਛਕਾਇਆ ਕਰਦੇ, ਇਸ ਪ੍ਰਕਾਰ ਕੁਝ ਸਮਾਂ ਗੁਜ਼ਰ ਗਿਆ। ਉਨ੍ਹਾਂ ਨਾਲ ਹੀ ਹੋਰ ਰਹਿੰਦੇ ਸੇਵਕਾਂ ਵਿੱਚੋਂ ਇਕ ਸੇਵਕ ਨੇ ਇਸ ਨਿਤਾਪ੍ਰਤੀ ਟਹਿਲ ਕਰਨ ਵਾਲੇ ਸੇਵਕ ਦੀ ਆਗਿਆਕਾਰੀ ਪਰਖਣ ਵਾਸਤੇ ਸਾਧੂਆਂ ਨੂੰ ਕਿਹਾ ਕਿ ਇਸ ਦੀ ਪਰਖਣਾ ਕੀਤੀ ਜਾਵੇ ਕਿ ਉਹ ਤੁਹਾਡਾ ਬਚਨ ਮੰਨਦਾ ਹੈ ਜਾਂ ਨਹੀਂ। ਤਾਂ ਸੰਤ ਅੱਡਣ ਸ਼ਾਹ ਜੀ ਨੇ ਸੇਵਕ ਭਾਈ ਬੁੱਧੂ ਸ਼ਾਹ ਨੂੰ ਕਿਹਾ ਕਿ ਪਲੰਘ ਡਾਹ ਕੇ ਉਪਰ ਵਿਛਾਈ ਕਰ ਦੇ। ਉਸ ਨੇ ਝੱਟ ਹੀ ਪਲੰਘ ਡਾਹ ਕੇ ਵਿਛਾਈ ਕਰ ਦਿੱਤੀ। ਭਾਈ ਬੁੱਧੂ ਸ਼ਾਹ ਨੇ ਸੰਤਾਂ ਨੂੰ ਪੁੱਛਿਆ ਕਿ ਜੀ, ਹੁਣ ਕੀ ਹੁਕਮ ਹੈ? ਤਾਂ ਸੰਤਾਂ ਨੇ ਅੱਗੋਂ ਕਿਹਾ ਕਿ ਇਸ ਉੱਤੇ ਤੂੰ ਬਿਰਾਜਮਾਨ ਹੋ ਜਾ। ਤਾਂ ਭਾਈ ਬੁੱਧੂ ਸ਼ਾਹ ਝੱਟ ਹੀ ਉਸ ਉਪਰ ਬਿਰਾਜਮਾਨ ਹੋ ਗਿਆ। ਤਾਂ ਜਿਨ੍ਹਾਂ ਨੇ ਸੰਤਾਂ ਨੂੰ ਪਰਖਣ ਵਾਸਤੇ ਕਿਹਾ ਸੀ ਕਿ ਆਪਣੇ ਇਸ ਸੇਵਕ ਦੀ ਪਰਖਣਾ ਕਰੋ, ਉਹ ਐਸਾ ਦੇਖ ਕੇ ਹੱਸਣ ਲੱਗ ਪਏ ਕਿ ਇਹ ਕੈਸਾ ਆਗਿਆਕਾਰੀ ਹੈ। ਤਾਂ ਸੰਤ ਅੱਡਣ ਸ਼ਾਹ ਜੀ ਨੇ ਕਿਹਾ ਕਿ ਇਹ ਐਸਾ ਹੀ ਆਗਿਆਕਾਰੀ ਹੈ। ਜਿਸ ਤਰ੍ਹਾਂ ਬਚਨ ਕਰੋਗੇ, ਉਸੇ ਤਰ੍ਹਾਂ ਆਗਿਆ ਮੰਨੀ ਜਾਏਗਾ। ਫਿਰ ਕੁਝ ਸਮਾਂ ਬਤੀਤ ਹੋਇਆ। ਇਕ ਦਿਨ ਮਹਾਤਮਾ ਬੈਠੇ ਸਨ। ਇਕ ਸਿਪਾਹੀ ਆਇਆ ਤੇ ਉਸ ਨੇ ਆ ਕੇ ਭਾਈ ਬੁੱਧੂ ਸ਼ਾਹ ਜੀ ਨੂੰ ਕਿਹਾ ਕਿ ਮੈਨੂੰ ਪ੍ਰਸ਼ਾਦਾ ਪਕਾ ਕੇ ਛਕਾਉ। ਭਾਈ ਬੁੱਧੂ ਸ਼ਾਹ ਜੀ ਹੱਥੀਂ ਸੇਵਾ ਕਰਿਆ ਕਰਦੇ ਸਨ ਤੇ ਜਦੋਂ ਪਰਸ਼ਾਦਾ ਪਕਾਉਣ ਲੱਗੇ ਤਾਂ ਰੋਟੀ ਨੂੰ ਸੇਕ ਲੱਗ ਗਿਆ ਤਾਂ ਸਿਪਾਹੀ ਨੇ ਭਾਈ ਬੁੱਧੂ ਸ਼ਾਹ ਜੀ ਦੇ ਮੂੰਹ 'ਤੇ ਚਪੇੜ ਮਾਰੀ ਤੇ ਕਿਹਾ ਤੈਨੂੰ ਰੋਟੀ ਪਕਾਉਣ ਦਾ ਪਤਾ ਨਹੀਂ ਕਿ ਕਿਵੇਂ ਪਕਾਈਦੀ ਹੈ? ਤਾਂ ਭਾਈ ਬੁੱਧੂ ਸ਼ਾਹ ਜੀ ਨੇ ਗ਼ੁੱਸਾ ਤਾਂ ਕੀ ਕਰਨਾ ਸੀ ਸਗੋਂ ਅੱਗੋਂ ਦੂਸਰਾ ਪਾਸਾ ਉਸ ਸਿਪਾਹੀ ਵੱਲ ਕਰਕੇ ਕਹਿਣ ਲੱਗੇ ਕਿ ਇੱਧਰ ਵੀ ਮਾਰ ਲੈ। ਜਿਵੇਂ ਈਸਾਈਆਂ ਨੂੰ ਈਸਾ ਜੀ ਦਾ ਹੁਕਮ ਹੈ ਕਿ ਜੇਕਰ ਕੋਈ ਮੂੰਹ 'ਤੇ ਚਪੇੜ ਮਾਰੇ ਤਾਂ ਦੂਸਰਾ ਪਾਸਾ ਕਰ ਕੇ ਉਸ ਨੂੰ ਕਹੇ ਕਿ ਇੱਧਰ ਵੀ ਮਾਰ ਲੈ। ਇਤਨੀ ਨਿਮਰਤਾ ਰੱਖੇ। ਸਿਪਾਹੀ ਨੇ ਤਿੰਨ ਚਪੇੜਾਂ ਮਾਰੀਆਂ। ਜਦੋਂ ਤੀਸਰੀ ਚਪੇੜ ਮਾਰ ਬੈਠਾ ਤਾਂ ਸੇਵਕਾਂ ਨੇ ਰੌਲਾ ਪਾ ਦਿੱਤਾ ਕਿ ਭਾਈ, ਇਹ ਤਾਂ ਬੜੀ ਕਰਨੀ ਕਮਾਈ ਵਾਲੇ ਮਹਾਤਮਾ ਭਾਈ ਬੁੱਧੂ ਸ਼ਾਹ ਜੀ ਹਨ ਜਿਨ੍ਹਾਂ ਦੇ ਤੂੰ ਚਪੇੜਾਂ ਮਾਰ ਰਿਹਾ ਹੈਂ। ਤਾਂ ਸਿਪਾਹੀ ਡਰ ਕੇ ਕੰਬਣ ਲੱਗਾ ਕਿ ਮੇਰੇ ਤੋਂ ਇਤਨਾ ਵੱਡਾ ਪਾਪ ਹੋ ਗਿਆ। ਹੁਣ ਮੇਰਾ ਕੀ ਬਣੇਗਾ? ਕਿਤੇ ਸੰਤ ਮੈਨੂੰ ਸਰਾਪ ਨਾ ਦੇ ਦੇਣ। ਕਿਉਂਕਿ ਭਾਈ ਬੁੱਧੂ ਸ਼ਾਹ ਜੀ ਦਾ ਬਚਨ ਸਤਿ ਹੋ ਜਾਂਦਾ ਸੀ। ਸਿਪਾਹੀ ਝੱਟ ਹੀ ਭਾਈ ਬੁੱਧੂ ਸ਼ਾਹ ਜੀ ਦੇ ਪੈਰੀਂ ਡਿੱਗ ਪਿਆ ਕਿ ਬਾਬਾ ਜੀ! ਮੈਨੂੰ ਪਾਪੀ ਨੂੰ ਬਖ਼ਸ਼ ਲਵੋ ਤਾਂ ਮਹਾਂਪੁਰਖ ਹੱਸ ਕੇ ਕਹਿਣ ਲੱਗੇ ਕਿ ਮੇਰੇ ਚਪੇੜਾਂ ਮਾਰੀਆਂ ਤੇਰੇ ਕੰਮ ਆਉਣਗੀਆਂ। ਤੂੰ ਡਰ ਨਾ। ਤੇਰੇ ਜੀਵਨ ਵਿਚ ਬਦਲਾਅ ਇਹੋ ਚਪੇੜਾਂ ਹੀ ਕਰਨਗੀਆਂ। ਇਸੇ

ਡੇਰੇ ਦਾ ਸੇਵਾਦਾਰ ਤੈਨੂੰ ਹੀ ਬਣਾਉਣਾ ਹੈ। ਸੇਵਾ ਕਰਿਆ ਕਰ। ਫਿਰ ਉਹ ੧੨ ਸਾਲ ਗਾਗਰਾਂ ਨਾਲ ਲੰਗਰ ਦਾ ਪਾਣੀ ਢੋਂਦਾ ਰਿਹਾ ਅਤੇ ਨੌਕਰੀ ਛੱਡ ਕੇ ਪੱਕਾ ਹੀ ਸੇਵਾਦਾਰ ਬਣਿਆ, ਜੋ ਸੇਵਾ ਸਿਮਰਨ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਬਣਿਆ। ਸੋ ਇਸ ਕਰਕੇ ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਸਤਿਗੁਰੂ ਦੀ ਸੇਵਾ ਕਰਕੇ ਪਰਮੇਸ਼ਰ ਨੂੰ ਪਾ ਲਈਦਾ ਹੈ।

## ਮਾਣਸ ਤੇ ਦੇਵਤੇ ਭਏ; ਧਿਆਇਆ ਨਾਮੁ ਹਰੇ ॥

ਜਿਨ੍ਹਾਂ ਨੇ ਹਰੇ = ਹਰੀ ਪਰਮੇਸ਼ਰ ਦਾ ਨਾਮ ਧਿਆਉਣਾ ਕੀਤਾ ਹੈ, ਉਹ ਮਾਣਸ = ਮਨੁੱਖਾ ਦੇਹੀ ਤੋਂ ਦੇਵਤੇ ਭਾਵ ਦੈਵੀ ਗੁਣਾਂ ਵਾਲੇ ਭਏ = ਹੋਏ ਹਨ।

**ਸਾਖੀ—ਸੰਤਾਂ ਦੇ ਦਰਸ਼ਨਾਂ ਦੇ ਫਲ ਦੀ :** ਇਕ ਸੰਤ ਸੇਵੀ ਗੁਰਮੁਖ ਨੇ ਸੇਵਾ ਕਰਦਿਆਂ ਬਹੁਤ ਸਮਾਂ ਬਤੀਤ ਕੀਤਾ। ਉਹ ਆਏ ਹੋਏ ਹਰੇਕ ਮਹਾਂਪੁਰਖ ਨੂੰ ਪੁੱਛਿਆ ਕਰੇ ਕਿ ਸੰਤ ਦੇ ਦਰਸ਼ਨਾਂ ਦਾ ਕੀ ਫਲ ਹੈ ? ਤਾਂ ਮਹਾਤਮਾ ਆਪਣੇ ਆਪਣੇ ਤਰੀਕੇ ਨਾਲ ਦੱਸਦੇ ਰਹੇ ਪਰ ਇਸ ਦੀ ਤਸੱਲੀ ਨਾ ਹੋਈ। ਗੁਰੂ ਨਾਨਕ ਸਾਹਿਬ ਜੀ ਨੇ ਇਸ ਦੀ ਸੇਵਾ ਨੂੰ ਫਲ ਲਾਉਣ ਵਾਸਤੇ ਇਸ ਨੂੰ ਜਾ ਦਰਸ਼ਨ ਦਿੱਤੇ। ਇਹ ਗੁਰਮੁਖ ਗੁਰੂ ਨਾਨਕ ਸਾਹਿਬ ਜੀ ਨੂੰ ਸੰਤ ਸਮਝ ਕੇ ਉਹ ਹੀ ਪ੍ਰਸ਼ਨ ਕਰ ਬੈਠਾ ਕਿ ਜੀ ! ਸੰਤ ਦੇ ਦਰਸ਼ਨਾਂ ਦਾ ਕੀ ਲਾਭ ਹੈ ? ਗੁਰੂ ਸਾਹਿਬ ਜੀ ਨੇ ਕਿਹਾ ਕਿ ਤੈਨੂੰ ਕਿਸੇ ਨੇ ਪਹਿਲਾਂ ਦੱਸਿਆ ਨਹੀਂ ? ਉਹ ਕਹਿਣ ਲੱਗਾ ਕਿ ਦੱਸਿਆ ਤਾਂ ਸੀ। ਕਿਸੇ ਨੇ ਗੰਗਾ ਦੇ ਇਸ਼ਨਾਨ ਜਿਤਨਾ ਮਹਾਤਮ ਦੱਸਿਆ। ਕਿਸੇ ਨੇ ਇਕਾਦਸ਼ੀਆਂ ਦੇ ਵਰਤ ਜਿੰਨਾ, ਪਰੰਤੂ ਮੇਰੀ ਤਸੱਲੀ ਨਹੀਂ ਹੋਈ। ਤਾਂ ਸਤਿਗੁਰੂ ਪਾਤਸ਼ਾਹ ਜੀ ਆਖਣ ਲੱਗੇ ਕਿ ਇਥੋਂ ਚਾਰ ਕੋਹ ਉਜਾੜ ਵਿਚ ਦੱਖਣ ਵੱਲ ਇਕ ਪਿੱਪਲ ਦਾ ਦਰੱਖ਼ਤ ਹੈ, ਉਥੇ ਤੇਰੀ ਤਸੱਲੀ ਹੋ ਜਾਵੇਗੀ। ਬਚਨ ਸੁਣ ਕੇ ਉਹ ਪ੍ਰੇਮੀ ਉਥੇ ਚਲਿਆ ਗਿਆ। ਪਿੱਪਲ ਦੇ ਦਰੱਖ਼ਤ ਉੱਤੇ ਕਾਵਾਂ ਦਾ ਜੋੜਾ ਬੈਠਾ ਸੀ। ਉਨ੍ਹਾਂ ਨਾਲ ਕੋਈ ਬਚਨ ਨਹੀਂ ਹੋ ਸਕਦਾ ਸੀ। ਬੈਠ ਕੇ ਵਾਪਸ ਮੁੜ ਆਇਆ। ਪਾਤਸ਼ਾਹ ਜੀ ਨੇ ਦੂਸਰੇ ਦਿਨ ਫਿਰ ਭੇਜਿਆ ਤਾਂ ਉਥੇ ਬਗਲਿਆਂ ਦਾ ਜੋੜਾ ਬੈਠਾ ਸੀ। ਕੋਈ ਵੀ ਉੱਤਰ ਨਾ ਮਿਲਿਆ। ਤੀਜੇ ਦਿਨ ਫਿਰ ਆਇਆ ਤਾਂ ਉਥੇ ਹੰਸਾਂ ਦਾ ਜੋੜਾ ਬੈਠਾ ਸੀ। ਚੌਥੇ ਦਿਨ ਫਿਰ ਗੁਰੂ ਸਾਹਿਬ ਜੀ ਦਾ ਬਚਨ ਮੰਨ ਕੇ ਗਿਆ ਤਾਂ ਉਥੇ ਇਕ ਇਸਤਰੀ ਅਤੇ ਇਕ ਪੁਰਸ਼ ਬੈਠੇ ਸਨ। ਉਨ੍ਹਾਂ ਨੇ ਉਸ ਗੁਰਮੁਖ ਦੇ ਪੈਰੀਂ ਹੱਥ ਲਾਏ। ਉਹ ਵਿਅਕਤੀ ਉਨ੍ਹਾਂ ਨੂੰ ਪੁੱਛਣ ਲੱਗਾ ਕਿ ਮੈਨੂੰ ਸੰਤ ਦਰਸ਼ਨ ਦਾ ਫਲ ਦੱਸੋ। ਉਹ ਕਹਿਣ ਲੱਗੇ ਕਿ ਤੈਨੂੰ ਹਾਲੇ ਤਕ ਪਤਾ ਹੀ ਨਹੀਂ ਲੱਗਿਆ। ਉਹ ਕਹਿਣ ਲੱਗਾ ਕਿ ਨਹੀਂ ਜੀ, ਮੈਨੂੰ ਹਾਲੇ ਤੱਕ ਕਿਸੇ ਵੀ ਗੱਲ ਦੀ ਸਮਝ ਨਹੀਂ ਆਈ। ਉਹ ਕਹਿਣ ਲੱਗੇ ਕਿ ਜਿਸ ਵਕਤ ਤੂੰ ਸਾਨੂੰ ਪਹਿਲੇ ਦਿਨ ਮਿਲਿਆ ਤਾਂ ਅਸੀਂ ਕਾਵਾਂ ਦੀ ਜੂਨ ਵਿਚ ਪਏ ਹੋਏ ਸੀ। ਇਸ ਦਾ ਸਾਨੂੰ ਕੋਈ ਪਤਾ ਨਹੀਂ ਸੀ ਕਿ ਹੋਰ ਕਿਤਨਾ ਸਮਾਂ ਉਸ ਭੈੜੀ ਜੂਨ ਵਿਚ ਪਏ ਰਹਾਂਗੇ। ਦੂਜੇ ਦਿਨ ਅਸੀਂ ਤੇਰੇ ਦਰਸ਼ਨ ਕੀਤੇ ਤਾਂ ਅਸੀਂ ਕਾਵਾਂ ਤੋਂ ਬਗੁਲੇ ਬਣ ਗਏ। ਬਗਲਿਆਂ ਦੇ ਖੰਭ ਚਿੱਟੇ ਹੁੰਦੇ ਹਨ ਪਰੰਤੂ ਕਰਣੀ ਚੰਗੀ ਨਹੀਂ ਹੁੰਦੀ। ਮੱਛੀਆਂ, ਡੱਡੀਆਂ ਆਦਿ ਫੜ ਕੇ ਖਾਂਦੇ ਹਨ। ਇਸੇ ਪ੍ਰਕਾਰ ਤੀਸਰੇ ਦਿਨ ਤੇਰੇ ਦਰਸ਼ਨ ਕਰਕੇ ਅਸੀਂ ਹੰਸ ਬਣ ਗਏ ਅਤੇ ਚੌਥੇ ਦਿਨ ਤੇਰੇ ਦਰਸ਼ਨ ਕਰਨ ਨਾਲ ਅਸੀਂ ਮਨੁੱਖ ਬਣ ਗਏ। ਹੁਣ ਸਾਡੀਆਂ ਸਾਰੀਆਂ ਜੂਨਾਂ ਕੱਟੀਆਂ ਗਈਆਂ। ਹੁਣ ਤੂੰ ਸਾਨੂੰ ਸਤਿਗੁਰੂ ਜੀ ਪਾਸ ਲੈ ਕੇ ਚੱਲ। ਅਸੀਂ ਮਨੁੱਖਾ ਦੇਹ ਤੋਂ ਮੁਕਤ ਹੋ ਕੇ ਦੇਵਤੇ ਬਣ ਜਾਣਾ ਕਰੀਏ। ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰਕੇ ਅਸੀਂ ਦੇਵ ਪਦਵੀ ਦੀ ਪ੍ਰਾਪਤੀ ਕਰ ਸਕੀਏ; ਜੈਸਾ ਕਿ :

**ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥** *(ਵਾਰ ਆਸਾ ਮ: ੧, ਅੰਗ ੪੬੨)*

ਐਸਾ ਸੁਣ ਕੇ ਅਤੇ ਪ੍ਰਤੱਖ ਦੇਖ ਕੇ ਉਸ ਨੂੰ ਨਿਸਚਾ ਹੋ ਗਿਆ। ਇਸੇ ਪ੍ਰਕਾਰ ਜਿਹੜੇ ਲੋਕ ਕਾਵਾਂ

ਦੀ ਨਿਆਈਂ ਹਨ, ਉਹ ਅੰਦਰੋਂ ਬਾਹਰੋਂ ਪਾਪ ਕਰਨ ਵਾਲੇ ਅਤੇ ਨਿੰਦਿਆ ਚੁਗ਼ਲੀ ਰੂਪ ਵਿਸ਼ਟਾ ਖਾਣ ਵਾਲੇ ਹਨ। ਬਗਲਿਆਂ ਦੀ ਨਿਆਈਂ ਚਿੱਟੇ ਖੰਭ ਭਾਵ ਚਿੱਟੇ ਭੇਖ ਬਣਾ ਕੇ ਸਰੂਪ ਉਪਰੋਂ ਸਾਫ਼ ਹੁੰਦਾ ਹੈ ਪਰ ਅੰਦਰੋਂ ਹਿਰਦੇ ਵਿਚ ਪਾਪਾਂ ਦੀ ਚਿਤਵਨੀ ਕਰਦੇ ਰਹਿੰਦੇ ਹਨ। ਹੰਸਾਂ ਦੀ ਨਿਆਈਂ ਉਹ ਅੰਦਰੋਂ ਬਾਹਰੋਂ ਸ਼ੁੱਧ ਹੋ ਜਾਂਦੇ ਹਨ। ਫਿਰ ਮਾਨਸ ਦੀ ਨਿਆਈਂ ਉਹ ਪੁਰਸ਼ ਇਸ ਦੇਹੀ ਦੁਆਰਾ ਅਕਾਲ ਪੁਰਖ ਦੀ ਪ੍ਰਾਪਤੀ ਕਰਕੇ, ਜੈਸਾ ਕਿ :

**ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥**

*(ਭੈਰਉ ਬਾਣੀ ਕਬੀਰ ਜੀ, ਅੰਗ ੧੧੫੯)*

ਦਿਵ ਧਾਤੂ ਪ੍ਰਕਾਸ਼ ਕਰਕੇ ਪ੍ਰਕਾਸ਼ ਰੂਪ ਬ੍ਰਹਮ ਦਾ ਰੂਪ ਬਣ ਜਾਂਦੇ ਹਨ; ਜੈਸਾ ਕਿ :

**ਦਿਵ ਧਾਤੁ ਪ੍ਰਕਾਸ ਅਰਥੇ।** *(ਸੁਰਤੀ ਪ੍ਰਮਾਣ)*

## ਹਉਮੈ ਮਾਰਿ ਮਿਲਾਇਅਨੁ; ਗੁਰ ਕੈ ਸਬਦਿ ਤਰੇ ॥

ਜਿਨ੍ਹਾਂ ਦੀ ਪਰਮੇਸ਼ਰ ਨੇ ਹਉਮੈ = ਹੰਗਤਾ ਮਮਤਾ ਮਾਰ ਕੇ ਗੁਰਾਂ ਨਾਲ ਮਿਲਾਇਆ = ਮੇਲ ਦਿੱਤਾ ਹੈ ਉਹ ਗੁਰ = ਸਤਿਗੁਰਾਂ ਕੈ = ਦੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਸੰਸਾਰ-ਸਮੁੰਦਰ ਤੋਂ ਤਰ ਗਏ ਹਨ।

## ਨਾਨਕ ਸਹਜਿ ਸਮਾਇਅਨੁ; ਹਰਿ ਆਪਣੀ ਕ੍ਰਿਪਾ ਕਰੇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਉੱਤੇ ਹਰਿ = ਪਰਮੇਸ਼ਰ ਆਪਣੀ ਕ੍ਰਿਪਾ = ਦਇਆ ਦ੍ਰਿਸ਼ਟੀ ਕਰੇ = ਕਰਦਾ ਹੈ, ਉਹ ਸਹਜਿ = ਸੁਤੇ-ਸਿੱਧ ਹੀ ਸਤ ਸਰੂਪ ਵਿਚ ਸਮਾਈਅਨੁ = ਸਮਾਅ ਜਾਂਦੇ ਹਨ ॥੨॥

## ਪਉੜੀ ॥ ਹਰਿ ਆਪਣੀ ਭਗਤਿ ਕਰਾਇ; ਵਡਿਆਈ ਵੇਖਾਲੀਅਨੁ ॥

ਹਰਿ = ਪਰਮੇਸ਼ਰ ਨੇ ਗੁਰਾਂ ਦੁਆਰਾ ਭਗਤਾਂ ਤੋਂ ਆਪਣੀ ਪ੍ਰੇਮਾ ਭਗਤਿ = ਭਗਤੀ ਕਰਾਇ = ਕਰਵਾ ਕੇ ਫੇਰ ਉਨ੍ਹਾਂ ਭਗਤਾਂ ਦੀ ਵਡਿਆਈ ਕੁਲ ਸੰਸਾਰ ਵਿਚ ਵੇਖਾਲੀਅਨੁ = ਵਿਖਾਉਣਾ ਕੀਤੀ ਹੈ। ਜਿਸ ਪ੍ਰਕਾਰ ਭਗਤ ਕਬੀਰ ਜੀ ਦੇ ਸਮੇਂ ਦਾ ਰਾਜਾ, ਪੰਡਤ, ਵਿਦਵਾਨ, ਹਕੀਮ ਕੌਣ ਸੀ ? ਉਸ ਦਾ ਕੀ ਨਾਮ ਸੀ ? ਐਸਾ ਕੋਈ ਵੀ ਨਹੀਂ ਜਾਣਦਾ ਪਰੰਤੂ ਭਾਵੇਂ ਜੁਲਾਹਿਆਂ ਦੇ ਘਰ ਜਨਮ ਹੋਇਆ, ਪਰ ਭਗਤੀ ਦਾ ਪ੍ਰਤਾਪ ਇਤਨਾ ਵੱਡਾ ਸੀ ਕਿ ਕਬੀਰ ਸਾਹਿਬ ਜੀ ਨੂੰ ਸਾਰੀ ਦੁਨੀਆਂ ਜਾਣਦੀ ਹੈ।

## ਆਪਣੀ ਆਪਿ ਕਰੇ ਪਰਤੀਤ; ਆਪੇ ਸੇਵ ਘਾਲੀਅਨੁ ॥

ਤੇ ਆਪ ਹੀ ਉਨ੍ਹਾਂ ਦੇ ਕੋਲੋਂ ਆਪਣੀ ਸੇਵ = ਸੇਵਾ ਘਾਲੀਅਨੁ = ਕਰਾਉਂਦਾ ਹੈ **ਅਥਵਾ** ਆਪ ਹੀ ਗੁਰੂ ਰੂਪ ਹੋ ਕੇ ਭਗਤਾਂ ਤੇ ਆਪਣੀ ਪਰਤੀਤ ਕਰਦਾ ਹੈ ਅਤੇ ਆਪ ਹੀ ਜਗਿਆਸੂ ਰੂਪ ਹੋ ਕੇ ਟਹਿਲ ਕਰਦਾ ਹੈ।

[ਅੰਗ ੯੧]

## ਹਰਿ ਭਗਤਾ ਨੋ ਦੇਇ ਅਨੰਦੁ; ਥਿਰੁ ਘਰੀ ਬਹਾਲਿਅਨੁ ॥

ਹਰਿ = ਪਰਮੇਸ਼ਰ ਆਪ ਹੀ ਆਪਣੇ ਭਗਤਾਂ ਨੋ = ਨੂੰ ਕਿਰਪਾ ਕਰਕੇ ਆਤਮਕ ਅਨੰਦ ਬਖ਼ਸ਼ ਦੇਇ = ਦਿੰਦਾ ਹੈ ਅਤੇ ਆਪ ਹੀ ਸਰੂਪ ਰੂਪੀ ਘਰੀ = ਘਰ ਵਿਚ ਥਿਰੁ = ਇਸਥਿਤ ਕਰਕੇ ਬਹਾਲਿਅਨੁ = ਬਿਠਾ ਦਿੰਦਾ ਹੈ **ਵਾ:** ਤੁਰੀਆ ਪਦ ਰੂਪੀ, ਸੱਚਖੰਡ ਰੂਪੀ ਘਰ ਵਿਚ ਬਹਾਲਿਅਨੁ = ਬਿਰਾਜਮਾਨ ਕਰ ਦਿੰਦਾ ਹੈ।

## ਪਾਪੀਆ ਨੋ, ਨ ਦੇਈ ਥਿਰੁ ਰਹਣਿ; ਚੁਣਿ ਨਰਕ ਘੋਰਿ ਚਾਲਿਅਨੁ ॥

ਪਾਪੀ ਲੋਕਾਂ ਨੂੰ ਕਦੇ ਵੀ ਥਿਰੁ = ਸਥਿਰ ਕਰਕੇ ਰਹਿਣ ਨ = ਨਹੀਂ ਦੇਈ = ਦੇਂਦਾ। ਉਨ੍ਹਾਂ ਪਾਪੀ ਲੋਕਾਂ ਨੂੰ ਚੁਣ ਕੇ ਭਾਵ ਵੱਖਰੇ ਕੱਢ ਕੇ ਘੋਰਿ = ਭਿਆਨਕ ਨਰਕਾਂ ਵਿਚ ਚਾਲਿਅਨੁ = ਚਲਾ ਦਿੰਦਾ ਹੈ। ਜੈਸਾ ਕਿ :

**ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥** *(ਸਲੋਕ ਮ: ੫, ਅੰਗ ੩੧੫)*

## ਹਰਿ ਭਗਤਾ ਨੋ ਦੇਇ ਪਿਆਰੁ; ਕਰਿ ਅੰਗੁ ਨਿਸਤਾਰਿਅਨੁ ॥੧੯॥

ਹਰਿ = ਹਰੀ ਪਰਮਾਤਮਾ ਆਪਣੇ ਸੰਤਾਂ ਭਗਤਾਂ ਨੂੰ ਆਪਣੀ ਪ੍ਰਾਪਤੀ ਦਾ ਪਿਆਰੁ = ਸਨੇਹ ਦੇਇ = ਦਿੰਦਾ ਹੈ, ਉਨ੍ਹਾਂ ਦਾ ਅੰਗੁ = ਪੱਖ ਕਰਕੇ ਸੰਸਾਰ-ਸਮੁੰਦਰ ਤੋਂ ਨਿਸਤਾਰਿਅਨੁ = ਤਾਰ ਦਿੰਦਾ ਹੈ **ਵਾ:** ਅਵਿੱਦਿਆ ਰੂਪ ਨਿਸ = ਰਾਤ ਤੋਂ ਗਿਆਨ ਰੂਪੀ ਦਿਨ ਚਾੜ ਕੇ ਸੰਸਾਰ-ਸਮੁੰਦਰ ਤੋਂ ਤਾਰਿਅਨੁ = ਤਾਰ ਲੈਂਦਾ ਹੈ ॥੧੯॥

## ਸਲੋਕ ਮ: ੧ ॥

**ਉਥਾਨਕਾ :** ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਾਕ ਦੇਵ ਪਾਤਸ਼ਾਹ ਜੀ ਜਿਸ ਵਕਤ ਹਰਿਦੁਆਰ ਗਏ ਤਾਂ ਉਥੋਂ ਦੇ ਲੋਕ ਇਸ਼ਨਾਨ ਕਰ ਕੇ ਪੂਰਬ ਵੱਲ ਚੜ੍ਹਦੇ ਸੂਰਜ ਦੇ ਰਾਹੀਂ ਆਪਣੇ ਪਿਤਰਾਂ ਨੂੰ ਪਾਣੀ ਦਿੰਦੇ ਸਨ। ਗੁਰੂ ਸਾਹਿਬ ਜੀ ਗੰਗਾ ਵਿਚ ਖਲੋ ਕੇ ਉਨ੍ਹਾਂ ਤੋਂ ਉਲਟ ਪੱਛਮ ਵੱਲ ਪਾਣੀ ਦੇਣ ਲੱਗ ਪਏ। ਲੋਕਾਂ ਨੇ ਸਤਿਗੁਰੂ ਵੱਲ ਵੇਖ ਕੇ ਪੁੱਛਿਆ ਕਿ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ ? ਤਾਂ ਪਾਤਸ਼ਾਹ ਜੀ ਨੇ ਆਖਿਆ ਕਿ ਅਸੀਂ ਨਾ ਹਿੰਦੂ ਹਾਂ ਨਾ ਹੀ ਮੁਸਲਮਾਨ ਹਾਂ। ਅਸੀਂ ਤਾਂ ਦੋਨਾਂ ਦੇ ਹੀ ਸਾਂਝੇ ਹਾਂ। ਐਸਾ ਸੁਣ ਕੇ ਉਨ੍ਹਾਂ ਨੇ ਪੁੱਛਿਆ ਕਿ ਤੁਸੀਂ ਇਸ ਪਾਸੇ ਕਿਸ ਨੂੰ ਪਾਣੀ ਦੇ ਰਹੇ ਹੋ ? ਪਾਤਸ਼ਾਹ ਜੀ ਨੇ ਉਨ੍ਹਾਂ ਲੋਕਾਂ ਨੂੰ ਪੁੱਛਿਆ ਕਿ ਤੁਸੀਂ ਕਿਧਰ ਪਾਣੀ ਦੇ ਰਹੇ ਹੋ ? ਉਹ ਕਹਿਣ ਲੱਗੇ ਕਿ ਅਸੀਂ ਆਪਣੇ ਪਿਤਰਾਂ ਨੂੰ ਪਾਣੀ ਦੇ ਰਹੇ ਹਾਂ। ਮਹਾਰਾਜ ਕਹਿਣ ਲੱਗੇ ਕਿ ਉਹ ਇਥੋਂ ਕਿਤਨੀ ਦੂਰ ਹਨ ? ਉਨ੍ਹਾਂ ਨੇ ਕਿਹਾ ਕਿ ਉਹ ਇਥੋਂ ਹਜ਼ਾਰਾਂ ਮੀਲ ਦੂਰ ਹਨ। ਪਰ ਤੁਸੀਂ ਪਾਣੀ ਕਿਥੇ ਦੇ ਰਹੇ ਹੋ ? ਮਹਾਰਾਜ ਸਾਹਿਬ ਆਖਣ ਲੱਗੇ ਕਿ ਅਸੀਂ ਕਰਤਾਰਪੁਰ ਸਾਹਿਬ ਖੇਤੀ ਬੀਜ ਕੇ ਆਏ ਸੀ। ਉਥੋਂ ਦੀ ਜ਼ਮੀਨ ਉੱਚੀ ਹੋਣ ਕਰਕੇ ਮੀਂਹ ਦਾ ਪਾਣੀ ਠਹਿਰਦਾ ਨਹੀਂ ਹੈ, ਇਸ ਕਰਕੇ ਅਸੀਂ ਸੋਚਿਆ ਕਿ ਇਥੋਂ ਹੀ ਭੇਜ ਦੇਈਏ। ਉਹ ਲੋਕ ਕਹਿਣ ਲੱਗੇ ਕਿ ਤੁਹਾਡਾ ਪਾਣੀ ਉਥੇ ਕਿਸ ਤਰ੍ਹਾਂ ਪੁੱਜੇਗਾ ? ਪਾਤਸ਼ਾਹ ਆਖਣ ਲੱਗੇ ਕਿ ਜੇਕਰ ਤੁਹਾਡਾ ਹਜ਼ਾਰਾਂ ਮੀਲ ਪਿਤਰਾਂ ਨੂੰ ਪਾਣੀ ਪਹੁੰਚ ਸਕਦਾ ਹੈ ਤਾਂ ਸਾਡਾ ਖੇਤ ਤਾਂ ਇਥੋਂ ਦੋ ਸੌ ਮੀਲ 'ਤੇ ਹੀ ਹੈ, ਉਥੇ ਕਿਵੇਂ ਨਹੀਂ ਪਹੁੰਚੇਗਾ ? ਐਸਾ ਸੁਣ ਕੇ ਉਹ ਲੋਕ ਬੜੇ ਸ਼ਰਮਿੰਦੇ ਹੋਏ। ਉਸ ਵੇਲੇ ਕੋਈ ਮਾਲਾ ਫੜ ਕੇ ਗੋਮੁਖੀ ਫੇਰਨ ਲੱਗ ਪਏ, ਕੋਈ ਸਿਮਰਨਾ ਫੇਰਨ ਲੱਗ ਪਏ। ਉਸ ਵਕਤ ਜਿਸ ਦਾ ਮਨ ਜਿਹੜੇ ਪਾਸੇ ਉਡਾਰੀਆਂ ਮਾਰ ਰਿਹਾ ਸੀ, ਸਤਿਗੁਰੂ ਪਾਤਸ਼ਾਹ ਜੀ ਨੇ ਸਾਰਿਆਂ ਦੇ ਮਨ ਦੀ ਦਸ਼ਾ ਦੱਸ ਦਿੱਤੀ ਕਿ ਤੂੰ ਦਿੱਲੀ ਲੋਟੇ ਖ਼ਰੀਦ ਰਿਹਾ ਹੈਂ। ਤੇਰਾ ਮਨ ਪ੍ਰਾਗਰਾਜ ਵਿਚ ਗਿਆ ਹੋਇਆ ਹੈ। ਕਿਸੇ ਨੂੰ ਕਿਹਾ ਕਿ ਤੇਰਾ ਮਨ ਲਾਹੌਰ ਗਿਆ ਹੋਇਆ ਹੈ। ਫਿਰ ਉਹ ਸਾਰੇ ਸਤਿਗੁਰੂ ਪਾਤਸ਼ਾਹ ਦੇ ਚਰਨੀਂ ਪੈ ਗਏ। ਮਹਾਰਾਜ ਆਖਣ ਲੱਗੇ ਕਿ ਤੁਸੀਂ ਸਾਨੂੰ ਬਉਰਾ ਦੱਸਦੇ ਸੀ, ਅਸੀਂ ਤੁਹਾਨੂੰ ਆਪਣੇ ਸਿੱਖ ਨਹੀਂ ਬਣਾਉਣਾ। ਉਹ ਕਹਿਣ ਲੱਗੇ ਕਿ ਨਹੀਂ ਮਹਾਰਾਜ ! ਸਾਥੋਂ ਭੁੱਲ ਹੋ ਗਈ। ਫਿਰ ਉਹ ਮਹਾਰਾਜ ਜੀ ਨੂੰ ਆਪਣੇ ਰਸੋਈ ਖ਼ਾਨੇ ਵਿਚ ਲੈ ਗਏ ਅਤੇ ਬੜੀ ਸੁੱਚਮਤਾ ਦੇ ਨਾਲ ਪ੍ਰਸ਼ਾਦਾ ਤਿਆਰ ਕੀਤਾ। ਸਤਿਗੁਰੂ ਪਾਤਸ਼ਾਹ ਜੀ ਦੇ ਅੱਗੇ ਪਰੋਸ ਕੇ ਰੱਖ ਦਿੱਤਾ ਤੇ ਕਹਿਣ ਲੱਗੇ ਕਿ ਮਹਾਰਾਜ ਜੀ ! ਇਸ ਨੂੰ ਛਕਣਾ ਕਰੋ। ਹਜ਼ੂਰ ਆਖਣ ਲੱਗੇ ਕਿ ਤੁਹਾਡਾ ਭੋਜਨ ਸਾਡੇ ਛਕਣ ਦੇ ਯੋਗ ਨਹੀਂ ਹੈ, ਇਹ ਭਿੱਟਿਆ ਗਿਆ ਹੈ। ਉਹ ਕਹਿਣ ਲੱਗੇ ਕਿ ਮਹਾਰਾਜ ਜੀ ! ਇਹ ਕਿਸ ਪ੍ਰਕਾਰ ਭਿੱਟਿਆ ਗਿਆ ਹੈ ? ਪਾਤਸ਼ਾਹ ਆਖਣ ਲੱਗੇ ਕਿ ਤੁਹਾਡੇ ਚੌਂਕੇ ਉੱਤੇ

ਕਸਾਇਣ, ਚੂਹੜੀ, ਚੰਡਾਲਣੀ ਚੜ੍ਹ ਗਈ ਹੈ ਅਤੇ ਚੌਂਕਾ ਜੂਠਾ ਹੋ ਗਿਆ ਹੈ। ਉਹ ਲੋਕ ਕਹਿਣ ਲੱਗੇ ਕਿ ਮਹਾਰਾਜ ਜੀ ! ਸਾਨੂੰ ਦਿਖਾਈ ਨਹੀਂ ਦੇ ਰਿਹਾ, ਕਿਥੇ ਹੈ ? ਮਹਾਰਾਜ ਸਾਹਿਬ ਆਖਣ ਲੱਗੇ ਕਿ ਤੁਹਾਨੂੰ ਦੱਸਦੇ ਹਾਂ। ਇਸ ਪ੍ਰਕਾਰ ਸਤਿਗੁਰੂ ਪਾਤਸ਼ਾਹ ਫ਼ੁਰਮਾਨ ਕਰਦੇ ਹਨ :

(***ਨੋਟ :*** ਇਸ ਸਲੋਕ ਵਿਚ ਸਤਿਗੁਰੂ ਜੀ ਨੇ ਬ੍ਰਾਹਮਣਾਂ ਵੱਲੋਂ ਮੰਨੀਆਂ ਜਾਂਦੀਆਂ ਚਾਰ ਨੀਚ ਜਾਤੀਆਂ ਦੇ ਮੁਕਾਬਲੇ ਚਾਰ ਭੈੜੀਆਂ ਬਦ-ਆਦਤਾਂ ਨੂੰ ਦੱਸਣ ਲਈ ਬ੍ਰਾਹਮਣਾਂ ਵੱਲੋਂ ਕਲਪੀਆਂ ਹੋਈਆਂ ਚਾਰ ਨੀਚ ਜਾਤੀ ਦੀਆਂ ਇਸਤਰੀਆਂ ਦਾ ਪ੍ਰਮਾਣ ਦੇ ਕੇ ਅੰਤਰੀਵ ਬਦ-ਆਦਤਾਂ ਵਰਣਨ ਕਰਦਿਆਂ ਉਪਦੇਸ਼ ਦਿੱਤਾ ਹੈ।)

## ਕੁਬੁਧਿ ਡੂਮਣੀ, ਕੁਦਇਆ ਕਸਾਇਣਿ; ਪਰ ਨਿੰਦਾ ਘਟ ਚੂਹੜੀ; ਮੁਠੀ, ਕ੍ਰੋਧਿ ਚੰਡਾਲਿ ॥

ਹੇ ਭਾਈ ! ਕੁਬੁਧਿ = ਖੋਟੀ, ਵਿਸ਼ੇ ਵਿਸ਼ੈਣੀ ਬੁੱਧ ਰੂਪੀ ਡੂਮਣੀ = ਮਰਾਸਣ, ਕੁਦਇਆ = ਬੇਰਹਿਮੀ ਨਾਲ ਜੀਵਾਂ ਨੂੰ ਮਾਰਨ ਵਾਲੀ ਬਿਰਤੀ ਰੂਪ ਕਸਾਇਣੀ = ਕਸਾਈ ਦੀ ਪਤਨੀ, ਪਰ = ਪਰਾਈ ਨਿੰਦਾ = ਨਿੰਦਿਆ ਰੂਪੀ ਚੂਹੜੀ = ਮੈਲ ਇਕੱਠੀ ਕਰਨ ਵਾਲੀ ਭੰਗਣ, ਘਟ = ਹਿਰਦੇ ਰੂਪੀ ਚੌਂਕੇ ਵਿਚ ਬੈਠੀ ਹੋਈ ਹੈ, ਕ੍ਰੋਧ ਵਿਚ ਮੁਠੀ = ਲੁੱਟੀ ਹੋਈ ਬਿਰਤੀ ਚੰਡਾਲਿ = ਚੰਡਾਲਣ ਹੈ **ਅਥਵਾ** ਖੋਟੀ ਬੁੱਧ ਰੂਪੀ ਡੂੰਮਣੀ, ਕੁਦਇਆ ਰੂਪ ਕਸਾਇਣ, ਪਰਾਈ ਨਿੰਦਿਆ ਰੂਪੀ ਚੂਹੜੀ ਤੇ ਕ੍ਰੋਧ ਰੂਪੀ ਚੰਡਾਲਣੀ ਆਦਿ ਹਿਰਦੇ ਵਿੱਚੋਂ ਸ਼ੁਭ ਗੁਣਾਂ ਨੂੰ ਮੁਠੀ = ਲੁੱਟ ਰਹੀਆਂ ਹਨ।

## ਕਾਰੀ ਕਢੀ ਕਿਆ ਥੀਐ; ਜਾਂ ਚਾਰੇ ਬੈਠੀਆ ਨਾਲਿ ॥

ਹੇ ਪੰਡਤੋ ! ਜਿਹੜੀਆਂ ਤੁਸੀਂ ਚੌਂਕੇ ਦੇ ਦੁਆਲੇ ਕਾਰੀ = ਲਕੀਰਾਂ ਕੱਢੀਆਂ ਹੋਈਆਂ ਹਨ, ਉਨ੍ਹਾਂ ਨਾਲ ਕਿਆ = ਕੀ ਥੀਐ = ਹੋ ਜਾਵੇਗਾ ? ਜਾਂ = ਜਦੋਂ ਚਾਰੇ ਭਿੱਟਣ ਭਾਵ ਅਪਵਿੱਤਰ ਕਰਨ ਵਾਲੀਆਂ ਸ਼ਕਤੀਆਂ ਤੁਹਾਡੇ ਅੰਤਹਕਰਣ ਦੇ ਨਾਲਿ = ਸਾਥ ਹੀ ਬੈਠੀਆਂ ਹਨ, ਇਸ ਲਈ ਤੁਹਾਡਾ ਚੌਂਕਾ ਪਵਿੱਤਰ ਕਿਵੇਂ ਰਹਿ ਜਾਵੇਗਾ ? ਭਾਵ ਨਹੀਂ ਰਹਿ ਸਕਦਾ।

ਐਸੇ ਬਚਨ ਸੁਣਨ ਤੋਂ ਬਾਅਦ ਪੰਡਤ ਆਖਣ ਲੱਗੇ ਕਿ ਹੇ ਸਤਿਗੁਰੂ ਜੀ ! ਆਪ ਜੀ ਕਿਰਪਾ ਕਰਕੇ ਇਨ੍ਹਾਂ ਦੀ ਨਵਿਰਤੀ ਦੱਸਣਾ ਕਰੋ ? ਤਾਂ ਸਤਿਗੁਰੂ ਜੀ ਨੇ ਇਉਂ ਫ਼ੁਰਮਾਨ ਕੀਤਾ :

## ਸਚੁ ਸੰਜਮੁ ਕਰਣੀ ਕਾਰਾਂ; ਨਾਵਣੁ ਨਾਉ ਜਪੇਹੀ ॥

(**ਨਾਵਣ** ਭਾਰਾ ਬੋਲੋ)

ਹੇ ਪੰਡਤੋ ! ਸੱਚ ਬੋਲਣ ਰੂਪੀ ਸੰਜਮ ਕਰੋ, ਭਗਤੀ ਰੂਪੀ ਸ਼ੁਭ ਕਰਣੀ ਦੀਆਂ ਕਾਰਾਂ = ਲਕੀਰਾਂ ਕੱਢਣੀਆਂ ਕਰੋ ਅਤੇ ਪਰਮੇਸ਼ਰ ਦਾ ਨਾਮ ਜਪੇਹੀ = ਜਪਣ ਰੂਪੀ ਨਾਵਣੁ = ਇਸ਼ਨਾਨ ਕਰੋ, ਇਸ ਨਾਲ ਇਨ੍ਹਾਂ ਦੀ ਨਵਿਰਤੀ ਹੋ ਕੇ ਹਿਰਦੇ ਰੂਪੀ ਚੌਂਕਾ ਪਵਿੱਤਰ ਹੋ ਜਾਵੇਗਾ।

**ਅਥਵਾ** ਹੇ ਪੰਡਤੋ ! ਸਚੁ = ਸੱਚੇ ਬਚਨ ਬੋਲਣ ਕਰਕੇ ਖੋਟੀ ਬੁੱਧ ਰੂਪੀ ਡੂੰਮਣੀ, ਸੰਜਮੁ = ਇੰਦ੍ਰੀਆਂ ਦਾ ਦਮਨ ਕਰ ਕੇ ਖੋਟੀ ਦਇਆ ਰੂਪ ਕਸਾਇਣਿ, ਕਰਣੀ = ਭਗਤੀ ਰੂਪੀ ਕਾਰ ਕਰ ਕੇ ਪਰਾਈ ਨਿੰਦਿਆ ਰੂਪੀ ਮੈਲ ਇਕੱਠੀ ਕਰਨ ਵਾਲੀ ਭੰਗਣ **ਵਾ:** ਚੂਹੜੀ ਅਤੇ ਨਾਮ ਜਪਣ ਰੂਪੀ ਇਸ਼ਨਾਨ ਕਰ ਕੇ ਕ੍ਰੋਧ ਰੂਪੀ ਚੰਡਾਲਣ ਹਿਰਦੇ ਰੂਪੀ ਚੌਂਕੇ ਵਿੱਚੋਂ ਬਾਹਰ ਨਿਕਲ ਜਾਵੇਗੀ।

## ਨਾਨਕ ਅਗੈ ਊਤਮ ਸੇਈ; ਜਿ ਪਾਪਾਂ ਪੰਦਿ ਨ ਦੇਹੀ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸੇਈ = ਉਹ ਪੁਰਖ ਹੀ ਅਗੈ = ਪ੍ਰਲੋਕ ਭਾਵ ਦਰਗਾਹ ਵਿਚ

ਗਏ ਹੋਏ ਉੱਤਮ = ਸ੍ਰੇਸ਼ਟ ਮੰਨੇ ਜਾਂਦੇ ਹਨ, ਜਿ = ਜਿਹੜੇ ਕਿਸੇ ਨੂੰ ਪਾਪਾਂ ਦੀ ਪੰਦਿ = ਸਿੱਖਿਆ ਨ = ਨਹੀਂ ਦੇਹੀ = ਦਿੰਦੇ **ਵਾ:** ਜਿਹੜੇ ਪਾਪਾਂ ਦੇ ਪੰਦਿ = ਰਸਤੇ ਵਿਚ ਮਨ ਦੇ ਸੰਕਲਪ ਰੂਪੀ ਪੈਰ ਚੱਲਣ ਨਹੀਂ ਦਿੰਦੇ ॥੧॥

ਜਿਸ ਵਕਤ ਸਤਿਗੁਰੂ ਪਾਤਸ਼ਾਹ ਜੀ ਨੇ ਐਸੇ ਬਚਨ ਕੀਤੇ ਤਾਂ ਸਾਰੇ ਬ੍ਰਾਹਮਣਾਂ ਦੀ ਲਿਵ ਲੱਗ ਗਈ ਅਤੇ ਸਾਰੇ ਨਿਹਾਲ ਹੋ ਗਏ। ਗੁਰੂ ਸਾਹਿਬ ਜੀ ਦੇ ਕੋਲ ਭਾਈ ਮਰਦਾਨਾ ਜੀ ਬੈਠੇ ਸਨ ਅਤੇ ਆਖਣ ਲੱਗੇ ਕਿ ਹੇ ਪਾਤਸ਼ਾਹ ਜੀ! ਆਪ ਜੀ ਨੇ ਤਾਂ ਇਨ੍ਹਾਂ ਬਗਲਿਆਂ ਨੂੰ ਥੋੜ੍ਹੇ ਸਮੇਂ ਵਿਚ ਹੀ ਹੰਸ ਬਣਾ ਦਿੱਤਾ ਹੈ। ਤਾਂ ਗੁਰੂ ਪਾਤਸ਼ਾਹ ਜੀ ਨੇ ਅੱਗੋਂ ਮਰਦਾਨਾ ਜੀ ਨੂੰ ਇਉਂ ਉੱਤਰ ਦਿੱਤਾ :

## ਮ: ੧ ॥ ਕਿਆ ਹੰਸੁ ਕਿਆ ਬਗੁਲਾ; ਜਾ ਕਉ ਨਦਰਿ ਕਰੇਇ ॥

ਹੇ ਭਾਈ! ਕਿਆ = ਕੀ ਹੰਸ ਹੈ ਤੇ ਕਿਆ = ਕੀ ਬਗੁਲਾ ਹੈ ਅਰਥਾਤ ਜਿਵੇਂ ਬਗਲੇ ਦੇ ਬਾਹਰੋਂ ਚਿੱਟੇ ਖੰਭ ਹੁੰਦੇ ਹਨ ਪਰ ਉਸ ਦੇ ਅੰਦਰ ਪਖੰਡ ਹੁੰਦਾ ਹੈ, ਇਉਂ ਇਹ ਪੰਡਤ ਬਾਹਰੋਂ ਤਾਂ ਸੰਧਿਆ, ਤਰਪਣ ਆਦਿ ਚੰਗੇ ਕਰਮ ਤਾਂ ਕਰਦੇ ਹਨ ਪਰ ਅੰਦਰ ਵਿਸ਼ਿਆਂ, ਪਦਾਰਥਾਂ ਦੀ ਵਾਸ਼ਨਾ ਸੀ, ਇਸ ਪ੍ਰਕਾਰ ਬਗਲਿਆਂ ਦੀ ਨਿਆਈਂ ਦੰਭੀ ਆਦਮੀਆਂ ਨੂੰ ਤੱਤ ਮਿਥਿਆ ਦਾ ਵਿਵੇਚਨ ਕਰਨ ਵਾਲੇ ਤਤਬੇਤੇ ਮਹਾਤਮਾ ਰੂਪ ਹੰਸ ਬਣਾ ਦਿੱਤਾ ਤਾਂ ਕੀ ਹੋ ਗਿਆ, ਜਾ = ਜਿਸ ਕਉ = ਦੇ ਉਪਰ ਪਰਮੇਸ਼ਰ ਕਿਰਪਾ ਨਦਰਿ = ਦ੍ਰਿਸ਼ਟੀ ਕਰੇਇ = ਕਰ ਦੇਵੇ ਉਹ ਭਗਤੀ, ਗਿਆਨ ਦੇ ਮਾਰਗ 'ਤੇ ਪੈ ਜਾਂਦੇ ਹਨ।

## ਜੋ ਤਿਸੁ ਭਾਵੈ ਨਾਨਕਾ; ਕਾਗਹੁ ਹੰਸੁ ਕਰੇਇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਜੋ = ਜਿਹੜਾ ਤਿਸੁ = ਉਸ ਹਰੀ ਵਾਹਿਗੁਰੂ ਨੂੰ ਭਾਵੈ = ਭਾਅ ਜਾਵੇ ਉਸ ਨੂੰ ਕਾਗਹੁ = ਕਾਵਾਂ ਤੋਂ ਵੀ ਹੰਸ ਕਰੇਇ = ਕਰ ਦਿੰਦਾ ਹੈ॥੨॥

ਅਰਥਾਤ, ਬਗਲੇ ਤਾਂ ਅੰਦਰੋਂ ਹੀ ਮੈਲੇ ਹੁੰਦੇ ਹਨ, ਪਰ ਕਾਂ ਬਾਹਰੋਂ ਵੀ ਕਾਲਾ ਹੈ ਤੇ ਅੰਦਰ ਵੀ ਵਿਸ਼ਟਾ ਹੀ ਖਾਂਦਾ ਹੈ, ਇਉਂ ਕੀ ਹੋ ਗਿਆ ਜੇਕਰ ਬਗਲਿਆਂ ਦੀ ਨਿਆਈਂ ਪਖੰਡੀਆਂ ਨੂੰ ਹੰਸ ਰੂਪ ਤੱਤਬੇਤੇ ਬਣਾ ਦਿੱਤਾ ਹੈ, ਜੇਕਰ ਪਰਮੇਸ਼ਰ ਦੀ ਕ੍ਰਿਪਾ ਦ੍ਰਿਸ਼ਟੀ ਹੋ ਜਾਵੇ ਅਤੇ ਜੋ ਉਸ ਨੂੰ ਭਾਅ ਜਾਵੇ ਤਾਂ ਉਹ ਕਾਵਾਂ ਦੀ ਨਿਆਈਂ ਅੰਦਰ ਜੋ ਵਿਸ਼ਿਆਂ, ਨਿੰਦਿਆ ਰੂਪੀ ਬਿਸ਼ਟਾ ਖਾਂਦੇ ਹਨ ਅਤੇ ਬਾਹਰੋਂ ਵੀ ਪਾਪਾਂ, ਅਵਿੱਦਿਆ ਦੀ ਕਾਲਖ ਕਰਕੇ ਕਾਲੇ ਹਨ, ਉਨ੍ਹਾਂ ਨੂੰ ਵੀ ਤੱਤ ਮਿਥਿਆ ਦਾ ਵਿਵੇਚਨ ਕਰਨ ਵਾਲੇ ਤੱਤਬੇਤੇ ਹੰਸ ਰੂਪ ਬਣਾ ਦਿੰਦਾ ਹੈ। ਜਿਸ ਪ੍ਰਕਾਰ ਕਾਂ ਦੁਖ ਭੰਜਨੀ ਸਾਹਿਬ ਵਿਚ ਨਹਾ ਕੇ ਹੰਸ ਬਣ ਗਏ ਸੀ। ਉਸ ਦੀ ਸੇਵਾ ਅੰਮ੍ਰਿਤਸਰ ਸਾਹਿਬ ਵਿਚ ਗੁਰੂ ਰਾਮਦਾਸ ਪਾਤਸ਼ਾਹ ਜੀ ਨੇ ਕਰਵਾਈ। ਇਸ ਪ੍ਰਕਾਰ ਜੋ ਉਸ ਪਰਮੇਸ਼ਰ ਨੂੰ ਭਾ ਜਾਵੇ। ਜੈਸਾ ਕਿ :

**ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥**
**ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥**
**ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥** *(ਸਲੋਕ ਮ:੩, ਅੰਗ ੧੦੮੯)*

## ਪਉੜੀ ॥ ਕੀਤਾ ਲੋੜੀਐ ਕੰਮੁ; ਸੁ ਹਰਿ ਪਹਿ ਆਖੀਐ ॥

ਹੇ ਭਾਈ! ਜੋ ਵੀ ਕੰਮੁ = ਕਾਰਜ ਕਰਨਾ ਲੋੜੀਐ = ਚਾਹੀਏ ਤਾਂ ਸੁ = ਉਹ ਹਰਿ = ਹਰੀ ਪਰਮੇਸ਼ਰ ਪਹਿ = ਪਾਸ ਆਖੀਐ = ਕਹਿਣਾ ਕਰੀਏ ਭਾਵ ਪਰਮੇਸ਼ਰ ਅੱਗੇ ਹੀ ਅਰਦਾਸ ਬੇਨਤੀ ਕਰਨੀ ਚਾਹੀਦੀ ਹੈ।

## ਕਾਰਜੁ ਦੇਇ ਸਵਾਰਿ; ਸਤਿਗੁਰ ਸਚੁ ਸਾਖੀਐ ॥

ਇਹ ਸਤਿਗੁਰਾਂ ਦੀ ਸਚੁ = ਸੱਚੀ ਸਾਖੀਐ = ਸਿੱਖਿਆ **ਵਾ:** ਗਵਾਹੀ ਹੈ ਕਿ ਉਹ ਹਰੀ ਲੋਕ ਪ੍ਰਲੋਕ ਦੇ ਸਾਰੇ ਕਾਰਜੁ = ਕੰਮ ਸਵਾਰ ਦੇਇ = ਦਿੰਦਾ ਹੈ।

## ਸੰਤਾ ਸੰਗਿ ਨਿਧਾਨੁ; ਅੰਮ੍ਰਿਤੁ ਚਾਖੀਐ ॥

ਹੇ ਭਾਈ ਸੰਤਾ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਿ = ਸੰਗਤ ਸਾਰੀਆਂ ਨਿੱਧੀਆਂ ਦਾ ਖ਼ਜ਼ਾਨਾ ਹੈ, ਜਿਸ ਵਿੱਚੋਂ ਨਾਮ ਅੰਮ੍ਰਿਤ ਚਾਖੀਐ = ਚੱਖੀਦਾ ਹੈ।

## ਭੈ ਭੰਜਨ ਮਿਹਰਵਾਨ; ਦਾਸ ਕੀ ਰਾਖੀਐ ॥

ਐਸੀ ਅਰਦਾਸ ਬੇਨਤੀ ਕਰੀਏ ਕਿ ਹੇ ਜੰਮਣ ਮਰਣ ਦੇ ਭੈ = ਡਰ ਨੂੰ ਭੰਜਨ = ਖ਼ਤਮ ਕਰਨ ਵਾਲੇ ਮਿਹਰਵਾਨ ਪਰਮੇਸ਼ਰ ਜੀ ! ਦਾਸ = ਸੇਵਕ ਕੀ = ਦੀ ਲੋਕ ਪ੍ਰਲੋਕ ਵਿਚ ਰਾਖੀਐ = ਰੱਖਿਆ ਕਰੋ।

## ਨਾਨਕ ਹਰਿ ਗੁਣ ਗਾਇ; ਅਲਖੁ ਪ੍ਰਭੁ ਲਾਖੀਐ ॥੨੦॥

ਸਤਿਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਹਰਿ = ਹਰੀ ਪਰਮੇਸ਼ਰ, ਅਕਾਲ ਪੁਰਖ ਦੇ ਸਦਾ ਹੀ ਗੁਣਾਂ ਨੂੰ ਗਾਇ = ਗਾਉਣਾ ਕਰੀਏ। ਗੁਣਾਂ ਨੂੰ ਗਾਉਣ ਨਾਲ ਅਲਖੁ = ਲਖਣ ਤੋਂ ਰਹਿਤ ਪ੍ਰਭੁ = ਪਰਮੇਸ਼ਰ ਨੂੰ ਲਾਖੀਐ = ਜਾਣ ਲਈਦਾ ਹੈ ॥੨੦॥

## ਸਲੋਕ ਮ: ੩ ॥ ਜੀਉ ਪਿੰਡੁ ਸਭੁ ਤਿਸ ਕਾ; ਸਭਸੈ ਦੇਇ ਅਧਾਰੁ ॥

ਹੇ ਭਾਈ ! ਜੀਵਾਂ ਨੂੰ ਜੀਉ = ਸੂਖਮ ਸਰੀਰ, ਪਿੰਡੁ = ਸਥੂਲ ਸਰੀਰ ਆਦਿ ਸਭੁ = ਸਾਰਾ ਕੁਝ ਤਿਸ = ਉਸ ਅਕਾਲ ਪੁਰਖ ਵਾਹਿਗੁਰੂ ਕਾ = ਦਾ ਹੀ ਦਿੱਤਾ ਹੋਇਆ ਹੈ, ਜੋ ਸਭਸੈ = ਸਾਰਿਆਂ ਦੇ ਤਾਈਂ ਚੇਤਨ ਸੱਤਾ ਦੇ ਕੇ ਅਧਾਰੁ = ਆਸਰਾ ਦੇਇ = ਦੇਣ ਵਾਲਾ ਹੈ।

## ਨਾਨਕ ਗੁਰਮੁਖਿ ਸੇਵੀਐ; ਸਦਾ ਸਦਾ ਦਾਤਾਰੁ ॥

ਸਤਿਗੁਰੂ ਜੀ ਕਥਨ ਕਰਦੇ ਹਨ, ਗੁਰਮੁਖਾਂ ਦੀ ਸੰਗਤ ਕਰ ਕੇ ਉਸ ਪਰਮੇਸ਼ਰ ਨੂੰ ਸੇਵੀਐ = ਸਿਮਰਨਾ ਕਰੀਏ, ਜੋ ਪਰਮੇਸ਼ਰ ਸਦਾ ਸਦਾ = ਹਮੇਸ਼ਾ ਹਮੇਸ਼ਾ ਹੀ ਦਾਤਾਰੁ = ਦਾਤਾਂ ਦੇਣ ਵਾਲਾ ਹੈ।

## ਹਉ ਬਲਿਹਾਰੀ ਤਿਨ ਕਉ; ਜਿਨਿ ਧਿਆਇਆ ਹਰਿ ਨਿਰੰਕਾਰੁ ॥

ਹਉ = ਅਸੀਂ ਤਿਨ ਕਉ = ਉਨ੍ਹਾਂ ਪਿਆਰਿਆਂ ਤੋਂ ਬਲਿਹਾਰੀ = ਕੁਰਬਾਨ ਜਾਂਦੇ ਹਾਂ, ਜਿਨ੍ਹਾਂ ਨੇ ਉਸ ਨਿਰੰਕਾਰੁ = ਆਕਾਰਾਂ ਤੋਂ ਰਹਿਤ ਹਰਿ = ਪਰਮੇਸ਼ਰ ਨੂੰ ਮਨ ਚਿੱਤ ਕਰਕੇ ਧਿਆਇਆ = ਧਿਆਉਣਾ ਕੀਤਾ ਹੈ।

## ਓਨਾ ਕੇ ਮੁਖ ਸਦ ਉਜਲੇ; ਓਨਾ ਨੋ ਸਭੁ ਜਗਤੁ ਕਰੇ ਨਮਸਕਾਰੁ ॥੧॥

ਉਨ੍ਹਾਂ ਕੇ = ਦੇ ਮੁੱਖ ਲੋਕ ਪ੍ਰਲੋਕ ਵਿਚ ਸਦਾ ਹੀ ਉਜਲੇ = ਜਸ ਰੂਪ ਉਜਾਲੇ ਵਾਲੇ ਹਨ **ਵਾ:** ਪਾਪਾਂ ਰੂਪ ਮੈਲ ਤੋਂ ਭਾਵ ਕਾਲਖ ਤੋਂ ਰਹਿਤ ਹਨ, ਉਨ੍ਹਾਂ ਐਸੇ ਪਿਆਰਿਆਂ ਨੂੰ ਸਭੁ ਜਗਤੁ = ਸਾਰਾ ਸੰਸਾਰ ਨਮਸਕਾਰੁ = ਬੰਦਨਾ ਕਰੇ = ਕਰਦਾ ਹੈ ॥੧॥

## ਮ: ੩ ॥

## ਸਤਿਗੁਰ ਮਿਲਿਐ ਉਲਟੀ ਭਈ; ਨਵ ਨਿਧਿ ਖਰਚਿਉ ਖਾਉ ॥

ਜਿਨ੍ਹਾਂ ਦੀ ਸਤਿਗੁਰਾਂ ਨਾਲ ਮਿਲਿਐ = ਮਿਲਣੇ ਕਰਕੇ ਸੰਸਾਰਾਕਾਰਾ ਬਿਰਤੀ ਉਲਟੀ = ਪਲਟ ਕੇ

ਬ੍ਰਹਮਾਕਾਰ ਭਈ = ਹੋਈ ਹੈ, ਉਹ ਪ੍ਰਤੱਖ ਨਵਨਿਧਿ = ਨੌਂ ਨਿਧੀਆਂ **ਵਾ:** ਨਾਮ ਰੂਪ ਨੌਂ ਨਿਧੀਆਂ[1] ਨੂੰ ਆਪ ਖਾਉ = ਖਾਂਦੇ ਹਨ ਤੇ ਹੋਰਨਾਂ ਨੂੰ ਵਰਤਾਉਣ ਰੂਪ ਖਰਚਿਉ = ਖ਼ਰਚਦੇ ਹਨ।

## ਅਠਾਰਹ ਸਿਧੀ[2], ਪਿਛੈ ਲਗੀਆ ਫਿਰਨਿ; ਨਿਜ ਘਰਿ ਵਸੈ ਨਿਜ ਥਾਇ ॥

ਉਨ੍ਹਾਂ ਦੇ ਅਠਾਰਹ = ਅਠਾਰਾਂ ਸਿਧੀ = ਸਿਧੀਆਂ ਪਿਛੈ = ਮਗਰ ਲੱਗੀਆਂ ਫਿਰਨਿ = ਫਿਰਦੀਆਂ ਹਨ ਅਤੇ ਉਹ ਨਿਜ = ਆਪਣੇ ਹਿਰਦੇ ਰੂਪੀ ਘਰ **ਵਾ:** ਨਿਜ ਸਰੂਪ ਰੂਪੀ ਥਾਇ = ਥਾਂ ਵਿਚ ਵਸੈ = ਵੱਸ ਜਾਂਦੇ ਹਨ **ਵਾ:** ਪਰਮੇਸ਼ਰ ਦੇ ਤੁਰੀਆ ਪਦ ਰੂਪੀ ਘਰ ਵਿਚ ਵੱਸ ਜਾਂਦੇ ਹਨ।

## ਅਨਹਦ ਧੁਨੀ ਸਦ ਵਜਦੇ; ਉਨਮਨਿ ਹਰਿ ਲਿਵ ਲਾਇ ॥

(**ਵਜਦੇ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਉਨ੍ਹਾਂ ਦੇ ਹਿਰਦੇ ਅੰਦਰ ਅਨਹਦ = ਹਦ ਤੋਂ ਰਹਿਤ, ਇਕ-ਰਸ ਅੰਮ੍ਰਿਤ ਨਾਮ ਦੀ ਧੁਨ ਵਾਲੇ ਵਾਜੇ ਵੱਜਦੇ ਹਨ ਭਾਵ ਅਜਪਾ ਜਾਪ ਪ੍ਰਗਟ ਹੋ ਜਾਂਦਾ ਹੈ। ਜੈਸਾ ਕਿ :

**ਜੇਤਾ ਸੁਨਣਾ ਤੇਤਾ ਨਾਮੁ ॥** *(ਗਉੜੀ ਮ: ੫, ਅੰਗ ੨੩੬)*

ਉਨ੍ਹਾਂ ਨੂੰ ਸਾਰੀ ਦੁਨੀਆਂ ਪਰਮੇਸ਼ਰ ਦੇ ਨਾਮ ਦਾ ਜਾਪ ਜਪਦੀ ਹੀ ਸੁਣੀਦੀ ਹੈ। ਜੈਸਾ ਕਿ :

**ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ ॥** *(ਵਾਰ ਗੂਜਰੀ ਮ: ੫, ਅੰਗ ੫੨੦)*

ਅਤੇ ਉਹ ਹਰਿ = ਪਰਮੇਸ਼ਰ ਦੇ ਨਾਮ ਵਿਚ ਲਿਵ = ਬਿਰਤੀ ਲਾਇ = ਲਾ ਕੇ ਉਨਮਨਿ = ਗਿਆਨ **ਵਾ:** ਤੁਰੀਆ ਅਵਸਥਾ ਵਿਚ ਰਹਿੰਦੇ ਹਨ **ਵਾ:** (ਉਨ + ਮਨਿ) ਉਨ = ਉਨ੍ਹਾਂ ਦਾ ਮਨ ਸੰਸਾਰ ਵੱਲੋਂ ਉਲਟ ਕੇ ਹਰਿ = ਪਰਮੇਸ਼ਰ ਦੇ ਨਾਮ ਵਿਚ ਬਿਰਤੀ ਲਾ ਲੈਂਦਾ ਹੈ। (***ਨੋਟ :*** ਜੋਗੀਆਂ ਅਨੁਸਾਰ ਨਾਮ ਦੀਆਂ ਪੰਜ ਅਵਸਥਾਵਾਂ ਵਿਚ ਉਨਮਨੀ ਮਨ ਦੀ ਇਕ ਅਵਸਥਾ ਹੈ, ਇਨ੍ਹਾਂ ਦਾ ਵੇਰਵਾ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ 'ਪੰਚ ਪਰਵਾਣ' ਵਾਲੀ ਪਉੜੀ ਦੇ ਪੰਜਵੇਂ ਅਰਥ ਵਿਚ ਪੜ੍ਹੋ ਜੀ।)

## ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ;
## ਜਿਨ ਮਸਤਕਿ ਲਿਖਿਆ ਧੁਰਿ ਪਾਇ ॥੨॥

ਸਤਿਗੁਰੂ ਪਾਤਸ਼ਾਹ ਜੀ ਕਹਿੰਦੇ ਹਨ ਕਿ ਤਿਨਾ ਕੈ = ਉਨ੍ਹਾਂ ਦੇ ਮਨ ਵਿਚ ਹਰ ਸਮੇਂ ਹਰਿ = ਵਾਹਿਗੁਰੂ ਦੀ ਭਗਤਿ = ਭਗਤੀ ਵਸੈ = ਵਸ ਜਾਂਦੀ ਹੈ। ਜਿਨ = ਜਿਨ੍ਹਾਂ ਦੇ ਮਸਤਕਿ = ਮੱਥੇ 'ਤੇ ਧੁਰਿ = ਧੁਰਾਂ ਤੋਂ ਹੀ ਨਿਸ਼ਕਾਮ ਕਰਮਾਂ ਦਾ ਲੇਖ ਲਿਖ ਕੇ ਪਰਮੇਸ਼ਰ ਨੇ ਪਾਇ = ਪਾ ਦਿੱਤਾ ਹੈ ॥੨॥

## ਪਉੜੀ ॥ ਹਉ ਢਾਢੀ ਹਰਿ ਪ੍ਰਭ ਖਸਮ ਕਾ; ਹਰਿ ਕੈ ਦਰਿ ਆਇਆ ॥

ਚੌਥੇ ਪਾਤਸ਼ਾਹ ਫ਼ੁਰਮਾਨ ਕਰਦੇ ਹਨ ਕਿ ਹਉ = ਮੈਂ ਹਰਿ = ਅਕਾਲ ਪੁਰਖ ਕਾ = ਦਾ ਢਾਢੀ ਜੱਸ ਗਾਉਣ ਵਾਲਾ ਹੋ ਕੇ ਹਰਿ = ਪਰਮੇਸ਼ਰ ਕੈ = ਦੇ ਸਤਿਸੰਗਤ ਰੂਪੀ ਦਰਿ = ਦੁਆਰੇ 'ਤੇ ਆਇਆ ਹਾਂ। ਅਤੇ

---

੧. ਅਸਨ ਬਸਨ ਭੂ ਕਨਕ ਪੁਨ ਦਾਸੀ ਚੌਪ ਗੁਲਾਮ। ਰਥਵਾਹੇ ਹਿੰਡਾਏ ਜਾਨੀਏ ਯੇ ਨਉ ਨਿਧ ਕੇ ਨਾਮ। *(ਗੁਰਮੁਖ ਪ੍ਰਕਾਸ਼, ਪੰਨਾ ੪੯੫)*
੧. ਅਸਨ = ਹਰ ਤਰ੍ਹਾਂ ਕਰਕੇ ਭੋਜਨ, ੨. ਵਸਨ = ਨਾਨਾ ਪ੍ਰਕਾਰ ਦੇ ਬਸਤਰ, ੩. ਭੂ = ਜ਼ਮੀਨ ਪ੍ਰਾਪਤ ਹੋਣੀ, ੪. ਕਨਕ = ਸੋਨਾ ਪ੍ਰਾਪਤ ਹੋਣਾ, ੫. ਦਾਸੀ = ਗੋਲੀਆਂ ਹੋਣੀਆਂ, ੬. ਚੌਪ = ਮਨ ਭਾਉਂਦੇ ਸੌਕ ਪੂਰੇ ਹੋਣੇ, ੭. ਗ਼ੁਲਾਮ = ਬਿਨਾਂ ਨੌਕਰੀ ਤੋਂ ਕੰਮ ਕਰਨ ਵਾਲੇ, ੮. ਰਥਵਾਹੇ = ਰੱਥ ਵਾਲੀਆਂ ਸਵਾਰੀਆਂ ਪ੍ਰਾਪਤ ਹੋਣੀਆਂ, ੯. ਹਿੰਡਾਏ = ਪਾਲਕੀਆਂ ਪ੍ਰਾਪਤ ਹੋਣੀਆਂ।

੨. ***ਨੋਟ :*** ਅਠਾਰਾਂ ਸਿੱਧੀਆਂ ਦਾ ਵੇਰਵਾ ਪਹਿਲੀ ਪੋਥੀ, ਜਪੁਜੀ ਸਾਹਿਬ ਦੀ ੨੯ਵੀਂ ਪਉੜੀ ਵਿਚ ਪੜ੍ਹੋ ਜੀ।

## ਹਰਿ ਅੰਦਰਿ ਸੁਣੀ ਪੂਕਾਰ; ਢਾਢੀ ਮੁਖਿ ਲਾਇਆ ॥

ਮੇਰੀ ਹਰਿ = ਪਰਮੇਸ਼ਰ ਨੇ ਸਤਿਸੰਗਤ ਦੁਆਰਾ ਆਪਣੇ ਸੱਚਖੰਡ ਅੰਦਰਿ = ਵਿਚ ਪੂਕਾਰ = ਫ਼ਰਿਆਦ ਸੁਣੀ ਅਤੇ ਮੈਨੂੰ ਢਾਢੀ = ਜੱਸ ਗਾਉਣ ਵਾਲੇ ਨੂੰ ਆਪਣੇ ਮੁਖਿ = ਸਨਮੁਖ ਲਾਇਆ = ਲਾ ਲਿਆ ਹੈ। ਅਤੇ

## ਹਰਿ ਪੁਛਿਆ ਢਾਢੀ ਸਦਿ ਕੈ; ਕਿਤੁ ਅਰਥਿ ਤੂੰ ਆਇਆ ॥

ਮੈਨੂੰ ਢਾਢੀ = ਜੱਸ ਗਾਉਣ ਵਾਲੇ ਨੂੰ ਕੋਲ ਸਦਿ ਕੈ = ਬੁਲਾ ਕੇ ਪੁੱਛਿਆ ਕਿ ਹੇ ਕੀਰਤਨ ਗਾਉਣ ਵਾਲੇ ਪ੍ਰੇਮੀਆਂ ! ਕਿਤੁ = ਕਿਸ ਅਰਥਿ = ਮਤਲਬ ਲਈ ਤੂੰ ਆਇਆ = ਆਉਣਾ ਕੀਤਾ ਹੈ ? ਅੱਗੋਂ ਮੈਂ ਬੇਨਤੀ ਕੀਤੀ :

## ਨਿਤ ਦੇਵਹੁ ਦਾਨੁ ਦਇਆਲ ਪ੍ਰਭ; ਹਰਿ ਨਾਮੁ ਧਿਆਇਆ ॥

ਹੇ ਦਇਆਲ = ਦਿਆਲੂ ਪ੍ਰਭੂ ਜੀ ! ਮੈਨੂੰ ਇਹ ਦਾਨ ਦੇਵਹੁ = ਦੇਣਾ ਕਰੋ ਕਿ ਮੈਂ ਨਿਤ = ਨਿਤਾਪ੍ਰਤੀ ਹੀ ਤੇਰੇ ਹਰਿ ਨਾਮ ਨੂੰ ਧਿਆਇਆ = ਧਿਆਉਣਾ ਕਰਾਂ।

## ਹਰਿ ਦਾਤੈ ਹਰਿ ਨਾਮੁ ਜਪਾਇਆ; ਨਾਨਕੁ ਪੈਨਾਇਆ ॥੨੧॥੧॥ ਸੁਧੁ ॥

ਇਹ ਬੇਨਤੀ ਸੁਣ ਕੇ ਹਰਿ = ਪਰਮੇਸ਼ਰ ਦਾਤੇ ਨੇ ਮੇਰੇ ਕੋਲੋਂ ਆਪਣਾ ਹਰਿ ਨਾਮ ਜਪਾਇਆ = ਜਪਾਉਣਾ ਕੀਤਾ। ਸਤਿਗੁਰੂ ਰਾਮਦਾਸ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਮੈਨੂੰ ਦਾਸ ਨੂੰ ਭਗਤੀ ਦਾ ਜੱਸ ਰੂਪ **ਵਾ:** ਆਪਣੇ ਵਿਚ ਅਭੇਦ ਕਰਨ ਰੂਪ ਸਿਰੋਪਾ ਪੈਨਾਇਆ = ਪਹਿਨਾਇਆ ਹੈ **ਵਾ:** ਗੁਰਤਾ-ਗੱਦੀ ਰੂਪ ਸਿਰੋਪਾਉ ਪਹਿਨਾ ਦਿੱਤਾ ਹੈ ॥੨੧॥੧॥

**ਸੁਧੁ** = ਇਹ ਬਾਨੀ ਸੁਧ ਕੀਤੀ ਹੋਈ ਹੈ। ਕੋਈ ਇਸ ਉੱਤੇ ਕਲਮ ਨਾ ਉਠਾਏ ਕਿ ਮੈਂ "ਮਹਲੇ" ਵੱਖੋ-ਵੱਖਰੇ ਕਰ ਦਿਆਂ। ਪਉੜੀਆਂ ਹੋਰ ਥਾਂ ਕਰ ਦੇਵਾਂ। ਸਲੋਕ ਹੋਰ ਥਾਂ ਲਿਖ ਦਿਆਂ। ਕਿਸੇ ਨੂੰ ਵੀ ਬਾਣੀ ਦੀ ਅਦਲਾ ਬਦਲੀ ਕਰਨ ਦਾ ਕੋਈ ਹੱਕ ਨਹੀਂ ਹੈ। ਇਉਂ ਇਸ ਬਾਣੀ ਨੂੰ ਪੜ੍ਹ ਕੇ ਸੁਧੁ = ਗਿਆਤ ਕਰੋ। ਕੇਵਲ ਪੜ੍ਹ ਕੇ ਹੀ ਨਾ ਛੱਡ ਦਿਉ। ਜਦੋਂ ਸੁਧੁ = ਗਿਆਤ ਕਰੋਗੇ ਤਾਂ ਤੁਹਾਡੇ ਮਨ ਨੂੰ ਗੁਰਬਾਣੀ ਸੁਧੁ = ਪਵਿੱਤਰ ਕਰ ਦੇਵੇਗੀ। ਜਦੋਂ ਮਨ ਸੁਧ ਹੋ ਗਿਆ, ਉਦੋਂ ਸੁਧੁ ਸਰੂਪ ਦੀ ਪ੍ਰਾਪਤੀ ਹੋ ਜਾਵੇਗੀ। ਸੋ ਇਸ ਪ੍ਰਕਾਰ ਸਿਰੀਰਾਗ ਸੁਧ ਵਿਚ ਉਚਾਰਨ ਕੀਤਾ ਹੋਇਆ ਹੈ।

ਜਿਵੇਂ ਮਾਸਟਰ ਤਾਰਾ ਸਿੰਘ ਦੇ ਵੇਲੇ ਸ਼੍ਰੋਮਣੀ ਕਮੇਟੀ ਨੇ ਗੁਰਬਾਣੀ ਦੇ ਮੰਗਲ ਬਦਲ ਦਿੱਤੇ ਸਨ। ੧੩ ਸਾਲ ਝਗੜਾ ਚੱਲਦਾ ਰਿਹਾ। ਉਸ ੧੩ ਸਾਲ ਦੇ ਝਗੜੇ ਮਗਰੋਂ ਸਾਰੇ ਪੰਥ ਵਿੱਚੋਂ ਚੋਣਵੇਂ ਵਿਦਵਾਨ ਲਏ ਗਏ। ਉਨ੍ਹਾਂ ਦਾ ਨਾਮ "ਗੁਰ ਖ਼ਾਲਸਾ ਸੰਤ ਸਮਾਜ" ਰੱਖਿਆ ਗਿਆ। ਕਮੇਟੀ ਦੇ ਵਿਦਵਾਨਾਂ ਨਾਲ, ਸਕੱਤਰਾਂ ਨਾਲ ਬਹਿਸਾਂ ਹੁੰਦੀਆਂ ਰਹੀਆਂ ਹੈੱਡ ਗ੍ਰੰਥੀਆਂ ਸਮੇਤ। ਫਿਰ ਉਨ੍ਹਾਂ ਸਾਰਿਆਂ ਨੂੰ ਮੰਨਣਾ ਪਿਆ। ਉਨ੍ਹਾਂ ਦੇ ਪ੍ਰੋਫ਼ੈਸਰ ਸੰਤ ਫ਼ਤਹਿ ਸਿੰਘ ਦੇ ਪਹਿਰੇ ਵਿਚ ਸਾਰਾ ਕਾਰਜ ਨੇਪਰੇ ਚੜ੍ਹਿਆ ਸੀ। ਇਉਂ ਕਰਤਾਰਪੁਰ ਸਾਹਿਬ ਅਤੇ ਦਮਦਮੇ ਵਾਲੇ ਸਰੂਪ ਨਾਲ ਪਾਠ ਮੇਲ ਕੇ ਸੁੱਧ ਕੀਤੇ ਗਏ। ਇਸ ਸੇਵਾ ਵਿਚ ਜਥੇ ਦੇ ਪ੍ਰਸਿੱਧ ਪਾਠ ਬੋਧ ਵਾਲੇ ਭਾਈ ਕਰਤਾਰ ਸਿੰਘ ਪ੍ਰੇਮੀ, ਸੰਤ ਕਰਤਾਰ ਸਿੰਘ ਭੂਰੇ ਵਾਲੇ, ਸੰਤ ਇੰਦਰਜੀਤ ਸਿੰਘ ਜੀ ਰਕਬੇ ਵਾਲੇ ਅਤੇ ਹੋਰ ਜਥੇ ਦੇ ਸਿੰਘ ਲੈ ਕੇ ਇਕ ਸਾਲ ਚਾਰ ਮਹੀਨੇ ਦੀ ਸਖ਼ਤ ਮਿਹਨਤ ਤੋਂ ਬਾਅਦ ਪਾਠ ਦੀ ਸੁਧਾਈ ਹੋਈ ਅਤੇ ਪੰਜ ਸੌ ਸਰੂਪ ਪਹਿਲਾਂ ਛਪਿਆ। ਇਸ ਪ੍ਰਕਾਰ ਮੰਗਲਾਂ ਦਾ ਝਗੜਾ ਖ਼ਤਮ ਹੋਇਆ ਸੀ। ਉਹ ਸਾਰਾ ਝਗੜਾ ਬਾਣੀ ਦੇ ਅਦਲਾ ਬਦਲੀ ਕਰਨ ਤੋਂ ਹੋਇਆ। ਇਸ ਕਰਕੇ ਗੁਰੂ ਦਾ ਭੈ ਕਰਨਾ ਚਾਹੀਦਾ ਹੈ। ਇਉਂ ਇਥੇ ਗੁਰੂ ਅਰਜਨ ਸਾਹਿਬ ਜੀ ਨੇ ਸੰਕੇਤ ਦਿੱਤਾ ਹੈ ਕਿ ਇਹ ਸੁਧੁ ਕੀਤੀ ਹੋਈ ਬਾਣੀ ਹੈ। ਆਪਣੀ ਮਰਜ਼ੀ ਨਾਲ ਕੋਈ ਅੱਖਰਾਂ ਜਾਂ ਮਾਤਰਾਂ ਜਾਂ ਮੰਗਲਾਂ ਆਦਿ ਨੂੰ ਬਦਲ ਨਹੀਂ ਸਕਦਾ।

# ਭਗਤ ਬਾਣੀ ਆਰੰਭ

## ਭਗਤ ਬਾਣੀ ਆਰੰਭ ਕਰਨ ਤੋਂ ਪਹਿਲਾਂ ਕੁਝ ਵੀਚਾਰ

ਸਤਿਗੁਰੂ ਸਾਹਿਬ ਜੀ ਨੇ ਪਹਿਲੇ ਜਪੁ ਜੀ ਸਾਹਿਬ, ਰਹਿਰਾਸ ਸਾਹਿਬ, ਕੀਰਤਨ ਸੋਹਿਲਾ ਤੇ ਸਿਰੀਰਾਗੁ ਵਿਚ ਪਹਿਲੇ, ਦੂਜੇ, ਤੀਸਰੇ, ਚੌਥੇ ਸਤਿਗੁਰ ਜੀ ਦੇ ਸ਼ਬਦ ਲਿਖਵਾ ਕੇ ਫੇਰ ਆਪਣੇ ਸ਼ਬਦ ਲਿਖਵਾਏ।

ਇਸੇ ਪ੍ਰਕਾਰ ਅਸ਼ਟਪਦੀਆਂ ਤੇ ਛੰਤਾਂ ਦੀ ਰੀਤੀ ਵਰਨਣ ਕਰ ਕੇ ਵਾਰ ਲਿਖਵਾਈ, ਵਾਰ ਲਿਖਵਾ ਕੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਕਿਹਾ ਕਿ ਹੁਣ ਭਗਤਾਂ ਦੀ ਬਾਣੀ ਲਿਖਣੀ ਆਰੰਭ ਕਰੋ ਤਾਂ ਉਸ ਵਕਤ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਹੁਣ ਤਕ ਆਪ ਜੀ ਸਾਰੀ ਗੁਰਬਾਣੀ ਵਿਚ ਪਹਿਲੇ ਸਤਿਗੁਰਾਂ ਦੇ ਪਵਿੱਤਰ ਨਾਮ 'ਨਾਨਕ' ਪਦ ਉਚਾਰ ਕੇ ਮੁਹਰ ਛਾਪ ਲਾਉਂਦੇ ਆਏ ਹੋ, ਪਰੰਤੂ ਹੁਣ ਆਪ ਜੀ ਭਗਤਾਂ ਦੀ ਬਾਣੀ ਦੇ ਨਾਲ ਭਗਤਾਂ ਦੇ ਨਾਮ ਉਚਾਰ ਕੇ ਉਨ੍ਹਾਂ ਵੱਲੋਂ ਬਾਣੀ ਲਿਖਵਾ ਰਹੇ ਹੋ, ਪਰ ਇਹ ਭਗਤ ਤਾਂ ਬੀਤੇ ਸਮੇਂ ਵਿਚ ਹੋ ਚੁੱਕੇ ਹਨ ਤੇ ਨਾ ਹੀ ਕਦੇ ਇਨ੍ਹਾਂ ਦੇ ਦਰਸ਼ਨ ਕੀਤੇ ਹਨ, ਉਸ ਸਮੇਂ ਸਤਿਗੁਰੂ ਜੀ, ਭਾਈ ਗੁਰਦਾਸ ਜੀ ਨੂੰ ਕਹਿਣ ਲੱਗੇ ਕਿ ਇਹ ਬਾਣੀ ਭਗਤਾਂ ਨੇ ਆਪਣੇ ਸਰੀਰ ਕਾਲ ਵਿਚ ਰਹਿੰਦਿਆਂ ਉਚਾਰਨ ਕੀਤੀ ਹੋਈ ਹੈ, ਇਹ ਭਗਤ ਲੋਕ ਹਰ ਰੋਜ਼ ਅੰਮ੍ਰਿਤ ਵੇਲੇ ਆ ਕੇ ਆਪਣੇ ਵੱਲੋਂ ਰਚੇ ਸੁੰਦਰ ਸ਼ਬਦਾਂ ਦਾ ਸਾਡੇ ਨਾਲ ਬਚਨ ਬਿਲਾਸ ਕਰਦੇ ਹਨ, ਜੇਕਰ ਤੁਸੀਂ ਵੀ ਭਗਤਾਂ ਦੇ ਦਰਸ਼ਨ ਕਰਨਾ ਚਾਹੁੰਦੇ ਹੋ ਤਾਂ ਕੱਲ੍ਹ ਨੂੰ (ਗੁਰੂ) ਗ੍ਰੰਥ ਸਾਹਿਬ ਜੀ ਦੀ ਲਿਖਾਈ ਆਰੰਭ ਕਰਨ ਤੋਂ ਦੋ ਘੜੀਆਂ ਪਹਿਲਾਂ ਆ ਜਾਣਾ। ਫਿਰ ਤੁਹਾਨੂੰ ਭਗਤਾਂ ਦੇ ਦੀਦਾਰ ਕਰਵਾਵਾਂਗੇ। ਦੂਜੇ ਦਿਨ ਭਾਈ ਗੁਰਦਾਸ ਜੀ ਨੇ ਰਾਤਰੀ ਦੇ ਤੀਜੇ ਪਹਿਰ ਉੱਠ ਕੇ ਇਸ਼ਨਾਨ ਕੀਤਾ, ਨਿੱਤ ਦੇ ਨਿਯਮ ਅਨੁਸਾਰ ਬਾਣੀ ਪੜ੍ਹ ਕੇ ਆਪਣੇ ਤੰਬੂ ਵਿੱਚੋਂ ਨਿਕਲ ਕੇ ਸਤਿਗੁਰਾਂ ਵਾਲੇ ਤੰਬੂ ਕੋਲ ਗਏ, ਜਦ ਸਤਿਗੁਰਾਂ ਦੇ ਤੰਬੂ ਵਿੱਚੋਂ ਅਵਾਜ਼ ਆਉਂਦੀ ਸੁਣੀ ਕਿ ਸਤਿਗੁਰਾਂ ਨਾਲ ਚਾਰੇ ਪਾਸੇ ਭਗਤ ਜਨ ਬੈਠੇ ਗੋਸਟ ਕਰ ਰਹੇ ਹਨ[੧] ਤਾਂ ਭਾਈ ਸਾਹਿਬ ਜੀ ਸਤਿਗੁਰਾਂ ਦੇ ਤੰਬੂ ਤੋਂ ਬਾਹਰ ਹੀ ਖੜ੍ਹ ਗਏ। ਜਦੋਂ ਸਾਰੇ ਭਗਤ ਜਨ ਤੰਬੂ ਤੋਂ ਬਾਹਰ ਨਿਕਲ ਕੇ ਜਾਣ ਲੱਗੇ ਤਾਂ ਭਾਈ ਗੁਰਦਾਸ ਜੀ ਨੇ ਭਗਤ ਜਨਾਂ ਦੇ ਦਰਸ਼ਨ ਕਰ ਕੇ ਨਮਸਕਾਰ ਕੀਤੀ ਉਸ ਵੇਲੇ ਸਾਰੇ (ਪੰਦਰਾਂ) ਭਗਤਾਂ ਨੇ ਵੀ ਭਾਈ ਸਾਹਿਬ ਜੀ ਦਾ ਸਤਿਕਾਰ ਕਰਦਿਆਂ ਨਮਸਕਾਰ ਕੀਤੀ ਤੇ ਵਾਰੋ ਵਾਰੀ ਪੰਦਰਾਂ ਭਗਤਾਂ ਨੇ ਆਪੋ ਆਪਣੇ ਨਾਂ ਦੱਸੇ, ਭਾਈ ਸਾਹਿਬ ਜੀ ਨਾਲ ਕੁਝ ਬਚਨ ਬਿਲਾਸ ਕਰ ਕੇ ਸਾਰੇ ਭਗਤ ਜਨ ਅਲੋਪ ਹੋ ਗਏ। ਭਾਈ ਗੁਰਦਾਸ ਜੀ ਨੇ ਭਗਤ ਜਨਾਂ ਦੇ ਅਲੋਪ ਹੋਣ ਤੋਂ ਬਾਅਦ ਸਤਿਗੁਰਾਂ ਦੇ ਤੰਬੂ ਵਿਚ ਜਾ ਕੇ ਗੁਰਾਂ ਦੇ ਚਰਨਾਂ ਕਮਲਾਂ ਵਿਚ ਨਮਸਕਾਰ ਕੀਤੀ ਅਤੇ ਸਤਿਗੁਰਾਂ ਦੀ ਬਹੁਤ ਮਹਿਮਾ ਕਰਦਿਆਂ ਨਿਮਰਤਾ ਸਹਿਤ ਕਹਿਣ ਲੱਗੇ ਕਿ ਸਤਿਗੁਰੂ ਜੀ ਤੁਸੀਂ ਆਪ ਹੀ ਆਪਣੇ ਸਰੂਪ ਵਿੱਚੋਂ ਭਗਤਾਂ ਨੂੰ ਪ੍ਰਗਟ ਕਰ ਕੇ ਬਾਣੀ ਲਿਖਵਾ ਰਹੇ ਹੋ ਕਿਉਂਕਿ ਇਹ ਭਗਤ ਜਨ ਮੁਕਤ ਹੋ ਕੇ ਤੁਹਾਡੇ ਸਰੂਪ ਵਿਚ ਹੀ ਅਭੇਦ ਹਨ; ਜੈਸਾ ਕਿ :

**ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥੬॥** *(ਵਾਰ ਮਾਰੂ ਮ: ੫, ਅੰਗ ੧੦੯੬)*

ਸਤਿਗੁਰੂ ਜੀ ਭਾਈ ਗੁਰਦਾਸ ਜੀ ਨੂੰ ਕਹਿਣ ਲੱਗੇ ਕੇ ਇਨ੍ਹਾਂ ਭਗਤਾਂ ਦੇ ਨਾਮ ਦੁਨੀਆਂ ਵਿਚ ਪ੍ਰਗਟ ਕਰਨ ਵਾਸਤੇ ਤੇ ਭਗਤੀ ਦਾ ਪ੍ਰਕਾਸ਼ ਕਰਨ ਲਈ ਇਨ੍ਹਾਂ ਭਗਤ ਜਨਾਂ ਦੀ ਬਾਣੀ ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿਚ ਦਰਜ ਕਰ ਰਹੇ ਹਾਂ, ਐਸਾ ਸੁਣ ਕੇ ਭਾਈ ਗੁਰਦਾਸ ਨੂੰ ਨਿਸਚਾ ਹੋ ਗਿਆ।

---

੧. **ਭਗਤ ਸੰਗਿ ਪ੍ਰਭੁ ਗੋਸਟਿ ਕਰਤ ॥** *(ਰਾਮਕਲੀ ਮ: ੫, ਅੰਗ ੮੯੪)*

ਭਗਤਾਂ ਦੀ ਬਾਣੀ ਲਿਖਦਿਆਂ ਭਾਈ ਗੁਰਦਾਸ ਜੀ ਨੂੰ ਫੁਰਨਾ ਫੁਰਿਆ ਕਿ ਸਤਿਗੁਰੂ ਜੀ ਮੇਰੀ ਬਾਣੀ ਵੀ ਸ੍ਰੀ (ਗੁਰੂ) ਗ੍ਰੰਥ ਸਾਹਿਬ ਵਿਚ ਦਰਜ ਕਰ ਲੈਣ, ਸਤਿਗੁਰੂ ਜੀ ਭਾਈ ਗੁਰਦਾਸ ਜੀ ਦੇ ਸੰਕਲਪ ਨੂੰ ਸਮਝ ਕੇ ਕਹਿਣ ਲੱਗੇ ਕਿ ਕੱਲ੍ਹ ਨੂੰ ਤੁਸੀਂ ਆਪਣੀ ਰਚਨਾ ਸਾਡੇ ਕੋਲ ਲੈ ਕੇ ਆਇਓ ਤੇ ਅਸੀਂ ਪਰਖ ਕੇ ਤੁਹਾਡੀ ਰਚਨਾ ਵੀ ਦਰਜ ਕਰ ਦੇਵਾਂਗੇ। ਇਹ ਬਚਨ ਸੁਣ ਕੇ ਭਾਈ ਸਾਹਿਬ ਜੀ ਨੂੰ ਬੜੀ ਪ੍ਰਸੰਨਤਾ ਹੋਈ ਅਤੇ ਸਤਿਗੁਰਾਂ ਤੋਂ ਆਗਿਆ ਲੈ ਕੇ ਆਪਣੇ ਆਸਣ 'ਤੇ ਆ ਗਏ ਅਤੇ ਲੰਗਰ ਛਕ ਕੇ ਆਰਾਮ ਕਰਨ ਵਾਸਤੇ ਬਿਰਾਜ ਗਏ ਭਾਈ ਸਾਹਿਬ ਜੀ ਨੂੰ ਰਾਤ ਸਮੇਂ ਇਕ ਸੁਪਨਾ ਆਇਆ ਕਿ ਮੇਰਾ ਸਰੀਰ ਸਮੁੰਦਰ ਦੇ ਪਾਣੀ ਵਿਚ ਡੁੱਬ ਰਿਹਾ ਹੈ, ਪਰ ਜਦੋਂ ਸਤਿਗੁਰਾਂ ਦੀ ਬਾਣੀ ਪੜ੍ਹਦਾ ਹਾਂ ਤਾਂ ਇਉਂ ਲੱਗਦਾ ਹੈ ਕਿ ਮੈਂ ਤੈਰਨ ਲੱਗ ਪੈਂਦਾ ਹਾਂ ਭਾਵ ਜਹਾਜ਼ ਉੱਤੇ ਚੜ੍ਹਿਆ ਹੋਇਆ ਪ੍ਰਤੀਤ ਹੁੰਦਾ ਹੈ, ਪਰ ਜਦੋਂ ਆਪਣੀ ਰਚਨਾ ਪੜ੍ਹਦਾ ਹਾਂ ਤਾਂ ਉਸ ਸਮੇਂ ਗੋਤੇ ਖਾਣ ਲੱਗ ਪੈਂਦਾ ਹਾਂ, ਥੋੜ੍ਹੇ ਸਮੇਂ ਬਾਅਦ ਜਦੋਂ ਭਾਈ ਸਾਹਿਬ ਜੀ ਦੀ ਨੀਂਦ ਖੁੱਲੀ ਤਾਂ ਭਾਈ ਸਾਹਿਬ ਆਸਣ ਵਾਲੀ ਜਗ੍ਹਾ ਉਪਰ ਬੈਠ ਕੇ ਸੁਪਨੇ ਵਿਚ ਵਾਪਰੀ ਹੋਈ ਘਟਨਾ ਬਾਰੇ ਵਿਚਾਰ ਕਰਨ ਲੱਗੇ ਕਿ ਮੈਨੂੰ ਗੁਰੂ ਸਾਹਿਬ ਜੀ ਦੀ ਬਰਾਬਰੀ ਨਹੀਂ ਕਰਨੀ ਚਾਹੀਦੀ, ਗੁਰੂ ਸਾਹਿਬ ਜੀ ਦੀ ਬਾਣੀ ਜਹਾਜ਼ ਦੀ ਨਿਆਈਂ ਤਾਰਨ ਵਾਲੀ ਹੈ, ਮੇਰੀ ਬਾਣੀ ਕਿਸੇ ਨੂੰ ਤਾਂ ਕੀ, ਮੈਨੂੰ ਵੀ ਤਾਰ ਨਹੀਂ ਸਕਦੀ। ਦੂਸਰੇ ਦਿਨ ਭਾਈ ਸਾਹਿਬ ਜੀ ਐਸਾ ਸੰਕਲਪ ਕਰ ਕੇ ਖ਼ਾਲੀ ਹੀ ਆ ਗਏ, ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਤੁਸੀਂ ਆਪਣੀ ਰਚਨਾ ਲੈ ਕੇ ਨਹੀਂ ਆਏ ? ਤਾਂ ਭਾਈ ਗੁਰਦਾਸ ਜੀ ਨੇ ਨਿਮਰਤਾ ਨਾਲ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਆਪ ਜੀ ਦੀ ਪਵਿੱਤਰ ਗੁਰਬਾਣੀ ਦੇ ਬਰਾਬਰ ਮੇਰੀ ਰਚਨਾ ਨਹੀਂ ਹੋ ਸਕਦੀ, ਕਿਉਂਕਿ ਤੁਹਾਡੀ ਬਾਣੀ ਹੀਰੇ, ਰਤਨਾਂ ਦੀ ਨਿਆਈਂ ਅਮੋਲਕ ਹੈ ਤੇ ਮੇਰੀ ਬਾਣੀ ਘੋਗਿਆਂ ਦੀ ਨਿਆਈਂ ਹੈ। ਸਤਿਗੁਰੂ ਜੀ ਨੇ ਤਿੰਨ ਵਾਰੀ ਭਾਈ ਸਾਹਿਬ ਜੀ ਤੋਂ ਉਨ੍ਹਾਂ ਦੀ ਰਚਨਾ ਮੰਗੀ, ਪਰ ਭਾਈ ਸਾਹਿਬ ਜੀ ਨੇ ਆਪਣੇ ਮਨ ਦੀ ਦਸ਼ਾ ਦੱਸ ਕੇ ਨਿਮਰਤਾ ਧਾਰੀ ਰੱਖੀ ਤੇ ਕਹਿਣ ਲੱਗੇ ਕਿ ਸਤਿਗੁਰੂ ਜੀ ! ਦਾਸ ਦਾ ਅਸਥਾਨ ਤੁਹਾਡੇ ਚਰਨਾਂ ਵਿਚ ਬੈਠਣ ਦਾ ਹੈ, ਆਪ ਜੀ ਹੀ ਤਖ਼ਤ ਦੇ ਲਾਇਕ ਹੋ ਤੇ ਤੁਹਾਡੀ ਹੀ ਬਾਣੀ ਤਖ਼ਤ 'ਤੇ ਸੱਜਦੀ ਹੈ। ਇਹ ਨਿਮਰਤਾ ਦੇ ਬਚਨ ਸੁਣ ਕੇ ਸਤਿਗੁਰੂ ਜੀ ਭਾਈ ਗੁਰਦਾਸ ਜੀ ਨੂੰ ਆਖਣ ਲੱਗੇ ਕਿ ਤੁਸੀਂ ੪੦ ਵਾਰਾਂ[੧] ਦੀ ਰਚਨਾ ਕਰਨੀ ਹੈ ਕਿਉਂਕਿ ਤੁਹਾਡੀ ਰਚਨਾ ਪੜ੍ਹ ਕੇ ਸਿੱਖ ਸੰਗਤਾਂ ਨੂੰ ਗੁਰਮਤਿ ਪ੍ਰਾਪਤ ਹੋਇਆ ਕਰੇਗੀ ਤੇ (ਗੁਰੂ) ਗ੍ਰੰਥ ਸਾਹਿਬ ਜੀ ਦੀ ਬਾਣੀ ਖ਼ਜ਼ਾਨੇ ਦੀ ਨਿਆਈਂ ਹੈ ਤੇ ਤੁਹਾਡੀ ਬਾਣੀ ਕੁੰਜੀ ਦੀ ਨਿਆਈਂ ਹੈ, ਭਾਵ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਵਿਚ ਜੋ ਵੀ ਅਰਥ ਦਾ ਬੋਧ ਨਹੀਂ ਪਵੇਗਾ। ਉਹ ਤੁਹਾਡੀ ਰਚਨਾ ਨੂੰ ਪੜ੍ਹ ਕੇ ਸੁਖੈਨ ਸਮਝ ਵਿਚ ਆ ਜਾਇਆ ਕਰੇਗਾ; ਜੈਸਾ ਕਿ :

**ਗੁਰਬਾਨੀ ਕੀ ਕੁੰਜੀ ਬਾਨੀ। ਜੋ ਭਾਈ ਗੁਰਦਾਸ ਵਖਾਨੀ।**

ਇਉਂ (ਗੁਰੂ) ਗ੍ਰੰਥ ਸਾਹਿਬ ਜੀ ਦੀ ਬਾਣੀ ਲਿਖਣ ਦਾ ਕਾਰਜ ਚਲਦਾ ਰਿਹਾ, ਫੇਰ ਜਿਸ ਵੇਲੇ ਭਾਈ ਲੱਧਾ ਜੀ, ਭਾਈ ਸੱਤੇ ਤੇ ਬਲਵੰਡੇ ਦੀ ਭੁੱਲ ਬਖ਼ਸ਼ਾ ਕੇ ਲਾਹੌਰ ਵਾਪਸ ਪਹੁੰਚੇ ਤਾਂ ਉਥੇ ਇਨ੍ਹਾਂ ਨੇ ਗੁਰੂ ਜੀ ਦੀ ਬੜੀ ਮਹਿਮਾ ਕੀਤੀ ਅਤੇ ਉਥੋਂ ਦੇ ਰਹਿਣ ਵਾਲੇ ਸਿੱਖਾਂ ਨੂੰ ਇਹ ਵੀ ਦੱਸਿਆ ਕਿ ਸਤਿਗੁਰੂ ਜੀ ਕਲਿਜੁਗੀ ਜੀਵਾਂ ਦੇ ਉਧਾਰ ਵਾਸਤੇ 'ਗੁਰਬਾਣੀ' ਰੂਪੀ ਜਹਾਜ਼ ਬਣਾ ਰਹੇ ਹਨ, ਜਿਸ ਵਿਚ ਪਹਿਲੇ ਗੁਰਾਂ ਅਤੇ ਆਪਣੀ ਬਾਣੀ ਦੇ ਨਾਲ-ਨਾਲ ਪੁਰਾਤਨ ਭਗਤਾਂ ਦੀ ਉਚਾਰਨ ਕੀਤੀ ਹੋਈ ਬਾਣੀ ਵੀ ਪਹਿਲੇ ਗੁਰਾਂ ਅਤੇ ਆਪਣੀ ਬਾਣੀ ਦੇ ਨਾਲ-ਨਾਲ ਪੁਰਾਤਨ ਭਗਤਾਂ ਦੀ ਉਚਾਰਨ ਕੀਤੀ ਹੋਈ ਬਾਣੀ ਵੀ ਦਰਜ ਕਰ ਰਹੇ ਹਨ। ਉਸ ਸਮੇਂ ਲਾਹੌਰ ਨਿਵਾਸੀ ਚਾਰੇ ਭਗਤਾਂ (ਕਾਨ੍ਹਾ, ਪੀਲੂ, ਛੱਜੂ ਤੇ ਸ਼ਾਹ ਹੁਸੈਨ) ਨੇ ਇਹ ਗੱਲ ਸੁਣ ਕੇ ਆਪਸ ਵਿਚ ਬੈਠ ਕੇ ਸਲਾਹ ਕੀਤੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਪੰਜਵੇਂ

੧. ੪੧ਵੀਂ ਵਾਰ ਭਾਈ ਬਹਿਲੋ ਦੀ ਵੰਸ਼ ਦੇ ਭਾਈ ਗੁਰਦਾਸ ਸਿੰਘ ਜੀ ਨੇ ਦਸਵੇਂ ਪਾਤਸ਼ਾਹ ਜੀ ਦੇ ਜੀਵਨ ਕਾਲ ਸਮੇ ਲਿਖੀ ਹੈ।

ਵਾਰਿਸ ਪ੍ਰਮਾਰਥ ਵਾਸਤੇ ਇਕ ਗ੍ਰੰਥ ਤਿਆਰ ਕਰ ਰਹੇ ਹਨ, ਜਿਸ ਵਿਚ ਪੁਰਾਤਨ ਭਗਤਾਂ ਦੀ ਬਾਣੀ ਵੀ ਦਰਜ ਹੋ ਰਹੀ ਹੈ। ਸਾਨੂੰ ਵੀ ਆਪਣੀ ਬਾਣੀ ਜਾ ਕੇ ਦਰਜ ਕਰਵਾਉਣੀ ਚਾਹੀਦੀ ਹੈ, ਤਾਂ ਜੋ ਜੁਗਾਂ-ਜੁਗਾਂ ਤਕ ਸਾਡਾ ਨਾਮ ਸੰਸਾਰ ਵਿਚ ਪ੍ਰਗਟ ਰਹਿ ਜਾਵੇਗਾ। ਤਦੋਂ ਕਾਨ੍ਹੇ ਨੇ ਕਿਹਾ ਕਿ ਸਾਨੂੰ ਇਸ ਗੱਲ ਦਾ ਪਹਿਲਾਂ ਚੰਗੀ ਤਰ੍ਹਾਂ ਨਿਰਣਾ ਕਰ ਲੈਣਾ ਚਾਹੀਦਾ ਹੈ। ਤਾਂ ਪੀਲੂ ਨੇ ਕਿਹਾ ਕਿ ਗੁਰਾਂ ਦਾ ਇਕ ਭਾਈ ਲੱਧਾ ਨਾਮੀ ਸਿੱਖ ਹੈ। ਜੋ ਹੁਣੇ ਹੁਣੇ ਸਤਿਗੁਰਾਂ ਦੇ ਦਰਸ਼ਨ ਅਤੇ ਇਹ ਸਭ ਕੁਝ ਦੇਖ ਸੁਣ ਕੇ ਆਇਆ ਹੈ। ਤਦੋਂ ਸ਼ਾਹ ਹੁਸੈਨ ਨੇ ਕਿਹਾ ਕਿ ਉਸ ਸਿੱਖ ਨੂੰ ਆਪਣੇ ਕੋਲ ਬੁਲਾ ਕੇ ਸਾਰਾ ਪ੍ਰਸੰਗ ਪੁੱਛੋ, ਤਦੋਂ ਛੱਜੂ ਨੇ ਭਾਈ ਲੱਧੇ ਨੂੰ ਬੁਲਾਉਣ ਵਾਸਤੇ ਆਪਣਾ ਇਕ ਸੇਵਕ ਭੇਜਿਆ ਤਾਂ ਭਾਈ ਲੱਧਾ ਜੀ ਨੇ ਆ ਕੇ ਸਾਰੀ ਵਾਰਤਾ ਸੁਣਾਈ। ਇਹ ਗੱਲ ਸੁਣ ਕੇ ਭਾਈ ਲੱਧੇ ਦੇ ਵਾਪਸ ਜਾਣ ਤੋਂ ਆਪਸ ਵਿਚ ਬੈਠ ਕੇ ਸਲਾਹ ਕਰਨ ਲੱਗੇ ਕੇ ਗੁਰੂ ਸਾਹਿਬ ਸੰਸਾਰ ਤੋਂ ਜਾ ਚੁੱਕੇ ਭਗਤਾਂ ਦੀ ਬਾਣੀ ਲਿਖਵਾ ਰਹੇ ਹਨ। ਅਸੀਂ ਤਾਂ ਪ੍ਰਤੱਖ ਜਿਉਂਦੇ ਹਾਂ, ਆਪਾਂ ਵੀ ਜਾ ਕਰਕੇ ਆਪਣੀ ਰਚਨਾ ਦਰਜ ਕਰਵਾ ਕੇ ਆਈਏ। ਇਹ ਸਲਾਹ ਕਰ ਕੇ ਲਾਹੌਰ ਨਿਵਾਸੀ ਚਾਰੇ ਭਗਤ ਸ੍ਰੀ ਅੰਮ੍ਰਿਤਸਰ ਸਾਹਿਬ ਆ ਪਹੁੰਚੇ ਤੇ ਗੁਰੂ ਜੀ ਪਾਸ ਆ ਕੇ ਬੈਠ ਗਏ। ਕਾਨ੍ਹੇ ਨੇ ਕ੍ਰੋਧ ਵਿਚ ਆ ਕੇ ਕਿਹਾ ਕਿ ਜੋ ਇਸ ਸੰਸਾਰ ਵਿੱਚੋਂ ਕਦੋਂ ਦੇ ਜਾ ਚੁੱਕੇ ਹਨ, ਤੁਸੀਂ ਉਨ੍ਹਾਂ ਭਗਤਾਂ ਨੂੰ ਬੁਲਾ ਕੇ ਉਨ੍ਹਾਂ ਦੀ ਉਚਾਰੀ ਹੋਈ ਬਾਣੀ ਲਿਖਾ ਰਹੇ ਹੋ, ਪਰ ਜੋ ਅਸੀਂ ਅਜੇ ਜਿਉਂਦੇ, ਅਨੰਦ ਰਸ ਨੂੰ ਪੀਣ ਵਾਲੇ ਸੰਸਾਰ ਵਿਚ ਪ੍ਰਗਟ ਹਾਂ, ਤੁਸੀਂ ਸਾਨੂੰ ਬੁਲਾਇਆ ਹੀ ਨਹੀਂ, ਸਾਡੀ ਉਚਾਰੀ ਹੋਈ ਬਾਣੀ ਤੋਂ ਬਗ਼ੈਰ ਤੁਹਾਡਾ ਗ੍ਰੰਥ ਕਿਵੇਂ ਪ੍ਰਮਾਨਨੀਕ ਹੋਵੇਗਾ ? ਤੁਸੀਂ ਸਾਡੀ ਵੀ ਬਾਣੀ ਚੜ੍ਹਾਓ।

ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਕਿਹਾ ਉਹ ਭਗਤ ਤਾਂ ਪਰਮੇਸ਼ਰ ਦੇ ਸੰਕਲਪ ਅਨੁਸਾਰ ਜੀਵਨ ਮੁਕਤੀ ਨੂੰ ਪ੍ਰਾਪਤ ਹੋਏ, ਸਾਡੇ ਪਾਸ ਆ ਕੇ ਬਾਣੀ ਉਚਾਰਦੇ ਹਨ ਤੇ ਜੋ ਸਾਡੇ ਆਸ਼ੇ, ਸਿਧਾਂਤ ਅਨੁਸਾਰ ਹੁੰਦੀ ਹੈ, ਉਸ ਬਾਣੀ ਨੂੰ ਅਸੀਂ ਆਪਣੇ ਗ੍ਰੰਥ ਸਾਹਿਬ ਵਿਚ ਦਰਜ ਕਰਵਾ ਰਹੇ ਹਾਂ, ਤੁਸੀਂ ਵੀ ਆਪਣੇ ਸ਼ਬਦ ਉਚਾਰਨ ਕਰੋ, ਜੇਕਰ ਉਹ ਸਾਡੇ ਸਿਧਾਂਤ ਅਨੁਸਾਰ ਹੋਏ ਤਾਂ ਜ਼ਰੂਰ ਲਿਖਵਾਵਾਂਗੇ। ਤਦੋਂ ਹੰਕਾਰ ਵਿਚ ਆ ਕੇ ਪਹਿਲਾਂ ਕਾਨ੍ਹੇ ਨੇ ਆਪਣੀ ਇਹ ਰਚਨਾ ਉਚਾਰਨ ਕੀਤੀ; ਜੈਸਾ ਕਿ :

**ਕਾਨ੍ਹਉ ਵਾਚ। ਓਹੀ ਰੇ ਮੈਂ ਓਹੀ ਰੇ।**
**ਜਾਂ ਕਉ ਬੇਦ ਪੁਰਾਨ ਸਭ ਗਾਵੈਂ ਖੋਜਤਿ ਖੋਜ ਨ ਕੋਈ ਰੇ।**
**ਜਾ ਕੋ ਨਾਰਦ ਸਾਰਦ ਸੇਵੈਂ, ਸੇਵੈਂ ਦੇਵੀ ਦੇਵਾ ਰੇ।**
**ਬ੍ਰਹਮਾ ਬਿਸਨੁ ਮਹੇਸ ਅਰਾਧਹਿ, ਸਭਿ ਕਰਦੇ ਜਾ ਕੀ ਸੇਵਾ ਰੇ।**
**ਕਹੇ ਕਾਨ੍ਹਾ ਅਸ ਮਮ ਸਰੂਪ ਹੈ ਅਪਰੰਪਰ ਅਲਖ ਅਭੇਵਾ ਰੇ।**

ਇਹ ਸੁਣ ਕੇ ਸਤਿਗੁਰਾਂ ਨੇ ਕਿਹਾ ਹੇ ਭਗਤ ਕਾਨ੍ਹਾ ਜੀ! ਤੁਹਾਡੀ ਗੱਲ ਤਾਂ ਭਾਵੇਂ ਠੀਕ ਹੈ ਪਰ ਇਸ ਰਚਨਾ ਨੂੰ ਪੜ੍ਹ ਸੁਣ ਕੇ ਜਗਿਆਸੂ ਜਨਾਂ ਦੇ ਅੰਦਰ ਹੰਕਾਰ ਵਧ ਜਾਵੇਗਾ, ਤੇ ਹੋਰ ਵੀ ਕਲਿਜੁਗ ਦੇ ਪੁਰਸ਼ ਆਪਣੇ ਆਪ ਨੂੰ ਬ੍ਰਹਮ ਸਮਝ ਕੇ ਵਿਕਾਰਾਂ ਵਿਚ ਦੌੜਨਗੇ। ਅਸੀਂ ਤੈਨੂੰ ਦ੍ਰਿਸ਼ਟਾਂਤ ਦੁਆਰਾ ਸਮਝਾਉਂਦੇ ਹਾਂ ਕਿ ਬ੍ਰਹਮ ਗਿਆਨ ਅਤੇ ਘਿਓ ਇਕ ਸਮਾਨ ਹੀ ਹਨ, ਜਿਵੇਂ ਇਕੱਲੇ ਘੀ ਵਿਚ (ਵਾਇ, ਪਿਤ, ਕਫ) ਦੋਸ਼ ਮੰਨੇ ਜਾਂਦੇ ਹਨ ਪਰ ਜੇਕਰ ਵਿਚ ਮਿਸਰੀ ਮਿਲਾ ਦੇਈਏ ਤਾਂ ਤਿੰਨੇ ਦੋਸ਼ ਨਾਸ਼ ਹੋ ਜਾਂਦੇ ਹਨ। ਜੇ ਕੋਈ ਬਲਗਮ ਭਾਵ ਖਾਂਸੀ ਦਮੇ ਵਾਲਾ ਪੁਰਸ਼ ਘਿਓ ਨੂੰ ਖਾ ਲਵੇ ਤਾਂ ਉਸ ਦੀ ਛਾਤੀ ਬਲਗਮ ਨਾਲ ਹੋਰ ਰੁਕ ਜਾਂਦੀ ਹੈ, ਇਉਂ ਹੰਕਾਰੀ ਪੁਰਖ ਜੇ ਤੁਹਾਡੀ ਇਹ ਅਹੰ ਬ੍ਰਹਮ ਵਾਲੀ ਰਚਨਾ ਨੂੰ ਪੜ੍ਹੇਗਾ ਤਾਂ ਉਸ ਦਾ ਹੰਕਾਰ ਹੀ ਵਧੇਗਾ।

ਜੇਕਰ ਗਰਮੀ ਹੋਈ ਵਾਲਾ ਪੁਰਖ ਘਿਓ ਖਾਵੇਗਾ ਤਾਂ ਉਸ ਨੂੰ ਦਸਤ ਲੱਗ ਜਾਂਦੇ ਹਨ, ਤਿਵੇਂ ਵਿਕਾਰੀ ਪੁਰਖਾਂ ਨੂੰ ਇਸ ਦੇ ਪੜ੍ਹਨ ਸੁਣਨ ਨਾਲ ਵਿਕਾਰਾਂ ਰੂਪੀ ਦਸਤ ਲੱਗ ਜਾਣਗੇ। ਜੇਕਰ ਵਾਏ ਰੋਗ ਵਾਲਾ

ਘੀ ਖਾ ਲਵੇ ਤਾਂ ਉਸ ਦਾ ਵਾਏ ਰੋਗ ਨਾਲ ਦਰਦਾਂ ਵਿਚ ਵਾਧਾ ਹੋ ਜਾਂਦਾ ਹੈ, ਇਸੇ ਤਰ੍ਹਾਂ ਈਰਖਾ, ਦਵੈਸ਼ ਵਾਲੇ ਪੁਰਖਾਂ ਨੂੰ ਇਸ ਦੇ ਪੜ੍ਹਨ ਨਾਲ ਹੋਰ ਈਰਖਾ, ਦਵੈਸ਼ ਰੂਪ ਦਰਦਾਂ ਵਧ ਜਾਣਗੀਆਂ ਤੇ ਸੁਖ ਦੀ ਥਾਂ ਅੰਤ ਨੂੰ ਨਰਕਾਂ ਦੇ ਵਿਚ ਦੁਖ ਹੀ ਪ੍ਰਾਪਤ ਹੋਣਗੇ। ਇਸ ਕਰਕੇ ਤੁਹਾਡੀ ਰਚਨਾ ਸਾਨੂੰ ਪ੍ਰਵਾਨ ਨਹੀਂ ਹੈ। ਪਰ ਅਸੀਂ ਤਾਂ ਬ੍ਰਹਮ ਗਿਆਨ ਰੂਪੀ ਘਿਓ ਵਿਚ ਪ੍ਰੇਮਾ-ਭਗਤੀ ਰੂਪੀ ਮਿਸ਼ਰੀ ਮਿਲਾਉਣਾ ਕੀਤੀ ਹੈ, ਇਸ ਕਰਕੇ ਇਹ ਬਾਣੀ ਸਾਰੇ ਜੀਵਾਂ ਨੂੰ ਲੋਕ ਪ੍ਰਲੋਕ ਵਿਚ ਸੁਖ ਦੇਣ ਵਾਲੀ ਹੈ ਤੇ ਅੰਤ ਨੂੰ ਕਲਿਆਣ ਕਰਨ ਵਾਲੀ ਹੈ। ਇਸ ਰਚਨਾ ਨੂੰ ਪੜ੍ਹ ਸੁਣ ਕੇ ਗੁਰਸਿੱਖ ਦੇ ਹਿਰਦੇ ਅੰਦਰ ਅਹੰਬ੍ਰਹਮ ਦਾ ਨਿਸਚਾ ਤਾਂ ਬੱਝ ਜਾਂਦਾ ਹੈ ਪਰ ਫੇਰ ਵੀ ਮੁਖ ਤੋਂ ਆਪਣੇ ਆਪ ਨੂੰ ਦਾਸਾਂ ਦਾ ਦਾਸ ਅਖਵਾਉਂਦਾ ਹੈ; ਜੈਸਾ ਕਿ :

**ਇਸ ਪਰ ਸੁਨਿ ਦ੍ਰਿਸ਼ਟਾਂਤ ਹਮਾਰੋ, ਬ੍ਰਹਮ ਗਯਾਨ ਅਰੁ ਘ੍ਰਿਤ ਸਮਾਨ।**
**ਕਫੀ ਹੰਕਾਰੀ ਖਾਇ ਗ੍ਰਹਨ ਕਰਿ, ਛਾਤੀ ਬੋਝ ਬਧਹਿ, ਬਡ ਮਾਨ।**
**ਪਿੱਤੀ ਸਹਤ ਬਿਕਾਰੀ ਜੇ ਨਰ, ਬਿਖੈ ਲਗੈ ਅਤੀਸਾਰ ਮਹਾਨ।**
**ਪੁਸ਼ਟ ਹੋਨ ਗਤਿ ਪ੍ਰਾਪਤਿ ਹੋਇ ਨ ਰੋਗੀ ਕਸ਼ਟ ਪਹਿਚਾਨ।੨੮।**
**ਸੁਖ ਤੌਂ ਰਹਯੋ ਮਹਾਂ ਦੁਖ ਪਾਵਹਿ, ਯਾਂਤੇ ਹਮਰੇ ਨਹੀਂ ਪ੍ਰਮਾਨ।**
**ਸੋ ਬ੍ਰਹਮ ਗਯਾਨ ਘ੍ਰਿਤ ਕੋ ਲੇ ਕਰਿ, ਮਿਸਰੀ ਭਗਤਿ ਮਿਲਾਵਨ ਠਾਨਿ।**
**ਸੁਖਦਾਯਕ ਸਭਿ ਨਰ ਕੌ ਜਾਨਹੁ ਇਸ ਪ੍ਰਕਾਰ ਕਰਿ ਲੇ ਕਲਯਾਨ।**
**ਅਹੰਬ੍ਰਹਮ ਤਉ ਉਰ ਮਹਿ ਬਾਸੇ ਮੁਖ ਤੇ ਕਹੈ ਦਾਸ ਦਾਸਾਨਿ।੨੯।**

ਇਹ ਬਚਨ ਸੁਣਦਿਆਂ ਕਾਨ੍ਹਾ ਕ੍ਰੋਧ ਨਾਲ ਸੜ ਬਲ ਗਿਆ ਕਿ ਤੁਸੀਂ ਮੇਰਾ ਨਿਰਾਦਰ ਕੀਤਾ ਹੈ ਇਸ ਕਰਕੇ ਤੁਹਾਡਾ ਵੀ ਤੁਰਕਾਂ ਦੇ ਘਰ ਵਿਚ ਜਾ ਕੇ ਨਿਰਾਦਰ ਹੋਵੇਗਾ ਅਤੇ ਬਹੁਤ ਸਜ਼ਾ ਮਿਲੇਗੀ[੧] ਤਾਂ ਸਤਿਗੁਰਾਂ ਨੇ ਕਿਹਾ ਕਿ ਕਾਨ੍ਹਿਆ ! ਹੋਨਹਾਰ ਤੇਰੇ ਨਾਲ ਵੀ ਵਰਤਣ ਵਾਲੀ ਹੈ, ਤੂੰ ਲਾਹੌਰ ਤਕ ਜਾਣਾ ਨਹੀਂ ਪਾਵੇਂਗਾ। ਤਾਂ ਕਾਨ੍ਹੇ ਨੇ ਕਿਹਾ ਕਿ ਮੇਰੀ ਉਮਰ ਪੰਜ ਸੌ ਸਾਲ ਦੀ ਹੈ, ਫੇਰ ਮੈਂ ਯੋਗਾ ਅਭਿਆਸੀ ਵੀ ਹਾਂ ਤੇ ਮੈਨੂੰ ਕਾਲ ਨਹੀਂ ਮਾਰ ਸਕਦਾ, ਕਿਉਂਕਿ ਮੈਂ ਦਸਮ ਦੁਆਰ ਵਿਚ ਪ੍ਰਾਣਾਂ ਨੂੰ ਚੜ੍ਹਾ ਲਵਾਂਗਾ, ਇਉਂ ਕ੍ਰੋਧ ਨਾਲ ਭਰਿਆ ਹੋਇਆ ਉਥੋਂ ਤੁਰ ਪਿਆ।

ਫੇਰ ਸਤਿਗੁਰਾਂ ਨੇ ਕਾਨ੍ਹੇ ਨਾਲ ਆਏ ਹੋਏ ਹੋਰਨਾਂ ਭਗਤਾਂ ਵੱਲ ਵੇਖਿਆ ਤਾਂ ਉਨ੍ਹਾਂ ਵਿੱਚੋਂ ਭਗਤ ਪੀਲੋ ਨੇ ਆਪਣੀ ਰਚਨਾ ਸੁਣਾਈ; ਜੈਸਾ ਕਿ :

**ਪੀਲੋ ਬਚੁ॥ ਪੀਲੋਂ ਅਸਾਂ ਨਾਲੋ ਸੇ ਭਲੇ ਜੰਮਦਿਆਂ ਜੁ ਮੁਏ।**
**ਓਨਾਂ ਚਿੱਕੜ ਪਾਵ ਨ ਬੋੜਿਆ ਨਾ ਆਲੂਦ ਭਏ।**

ਅਰਥਾਤ ਪੀਲੋ ਨੇ ਕਿਹਾ ਕਿ ਅਸਾਂ ਨਾਲੋਂ ਤਾਂ ਉਹ ਚੰਗੇ ਹਨ ਜੋ ਜੰਮਦਿਆਂ ਹੀ ਮਰ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਸੰਸਾਰ ਰੂਪੀ ਚਿੱਕੜ ਵਿਚ ਆਪਣਾ ਪੈਰ ਨਹੀਂ ਬੋੜਿਆ (ਡੋਬਿਆ) ਅਤੇ ਨਾ ਹੀ ਵਿਸ਼ਿਆਂ ਦੀ ਮੈਲ ਨਾਲ ਆਲੂਦ = ਲਿਬੜੇ ਹਨ। ਇਹ ਸੁਣ ਕੇ ਸਤਿਗੁਰਾਂ ਨੇ ਕਿਹਾ ਕਿ ਇਹ ਰਚਨਾ ਵੀ ਸਾਡੇ ਪ੍ਰਵਾਨਨੀਕ ਨਹੀਂ ਹੈ, ਸਾਡਾ ਤਾਂ ਇਹ ਸਿਧਾਂਤ ਹੈ ਕਿ ਪੁਰਖ ਮਨੁੱਖਾ ਜਨਮ ਪਾ ਕੇ ਇਸ ਵਿਚ ਸੱਚੇ ਨਾਮ ਨੂੰ ਜਪਣ ਰੂਪ ਲਾਭ ਪ੍ਰਾਪਤ ਕਰੇ।

ਫੇਰ ਸਤਿਗੁਰਾਂ ਨੇ ਭਗਤ ਛੱਜੂ ਨੂੰ ਆਪਣੀ ਰਚਨਾ ਸੁਣਾਉਣ ਲਈ ਕਿਹਾ ਤਾਂ ਛੱਜੂ ਨੇ ਕਿਹਾ ਜੈਸਾ ਕਿ :

---

੧. ਜੋ ਕਾਨ੍ਹੇ ਦੁਆਰਾ ਸਤਿਗੁਰਾਂ ਨੂੰ ਤੁਰਕਾਂ ਦੇ ਘਰ ਸਜ਼ਾ ਮਿਲਣ ਦੀ ਗੱਲ ਕਹੀ ਹੈ, ਉਹ ਇਸ ਦੀ ਕੋਈ ਅੰਤਰਯਾਮਤਾ ਨਹੀਂ ਸੀ, ਕਿਉਂਕਿ ਇਨ੍ਹਾਂ ਗੱਲਾਂ ਬਾਰੇ ਉਸ ਨੂੰ ਲਾਹੌਰ ਵਿਚ ਰਹਿਣ ਕਰਕੇ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਤੁਰਕਾਂ ਵੱਲੋਂ ਸਤਿਗੁਰਾਂ ਨੂੰ ਸ਼ਹੀਦ ਕਰਨ ਦੀਆਂ ਸਾਜ਼ਸ਼ਾਂ ਘੜੀਆਂ ਜਾ ਰਹੀਆਂ ਹਨ।

**ਛੱਜੂ ਵਾਚ॥ ਕਾਗਦ ਸੰਦੀ ਪੂਤਲੀ ਤਊ ਨ ਤ੍ਰਿਯਾ ਨਿਹਾਰ।**
**ਯੌਂ ਹੀ ਮਾਰ ਲਿਜਾਵਹੀ ਜਥਾ ਬਲੋਚਨਿ ਧਾਰ।**

ਅਰਥਾਤ ਕਾਗ਼ਜ਼ ਦੀ ਪੁਤਲੀ ਸਮਾਨ ਬਣੀ ਹੋਈ ਇਸਤਰੀ ਵੱਲ ਦੇਖਣਾ ਵੀ ਨਾ ਕਰੋ, ਇਹ ਬਲੋਚਾਂ ਦੀ ਧਾੜ ਵਾਂਗੂੰ ਉਂਵ ਹੀ ਵਿਸ਼ਿਆਂ ਵਿਚ ਮਾਰ ਕੇ ਲੈ ਜਾਵੇਗੀ। ਇਹ ਸੁਣ ਕੇ ਸਤਿਗੁਰਾਂ ਨੇ ਕਿਹਾ ਕਿ ਇਹ ਰਚਨਾ ਵੀ ਸਾਡੇ ਪ੍ਰਵਾਨਨੀਕ ਨਹੀਂ ਹੈ, ਕਿਉਂਕਿ ਸਾਡਾ ਤਾਂ ਇਹ ਸਿਧਾਂਤ ਹੈ ਕਿ ਗ੍ਰਹਿਸਤ ਧਰਮ ਵਿਚ ਰਹਿੰਦੇ ਹੋਇਆਂ ਹੀ ਇਸ ਤੋਂ ਨਿਰਲੇਪ ਹੋ ਕੇ ਪਰਮੇਸ਼ਰ ਵਿਚ ਇਕ ਰਸ ਲਿਵ ਲਾਉਣੀ ਕਰੇ।

ਫੇਰ ਸ਼ਾਹ ਹੁਸੈਨ ਨੇ ਆਪਣੀ ਰਚਨਾ ਉਚਾਰਨ ਕੀਤੀ ਜੈਸਾ ਕਿ :

**ਸ਼ਾਹੁ ਹੁਸੈਨੋ ਬਾਚ॥**
**ਚੁਪ ਵੇ ਅੜਿਆ ਚੁਪ ਵੇ ਅੜਿਆ। ਬੋਲਣ ਦੀ ਨਹੀਂ ਜਾਇ ਵੇ ਅੜਿਆ।**
**ਸਜਣਾ ਬੋਲਣ ਦੀ ਜਾਇ ਨਾਹੀਂ। ਅੰਦਰ ਬਾਹਰ ਹਿਕਾ ਸਾਈਂ।**
**ਕਿਸ ਨੂੰ ਆਖ ਸੁਣਾਈ। ਇਕੋ ਦਿਲਬਰ ਸਭਿ ਘਟ ਰਵਿਆ ਦੂਜੀ ਨਹੀਂ ਕਦਾਈਂ।**
**ਕਹੇ ਹੁਸੈਨ ਫਕੀਰ ਨਿਮਾਣਾ ਸਤਿਗੁਰ ਥੋਂ ਬਲਿ ਬਲਿ ਜਾਂਹੀ।**

ਇਹ ਸੁਣ ਕੇ ਸਤਿਗੁਰਾਂ ਨੇ ਮੁਸਕਰਾ ਕੇ ਬਚਨ ਕੀਤੇ ਕਿ ਸ਼ਾਹ ਹੁਸੈਨ ਤੂੰ ਚੰਗਾ ਕਿਹਾ ਹੈ ਕਿ ਜ਼ੁਬਾਨ ਕਰਕੇ ਚੁੱਪ ਰਹੁ ਪਰੰਤੂ ਸਾਡਾ ਇਹ ਸਿਧਾਂਤ ਹੈ ਜੈਸਾ ਕਿ :

**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥** *(ਧਨਾਸਰੀ ਮ: ੧, ਅੰਗ ੬੬੧)*

ਮਨ ਨੂੰ ਸ਼ਬਦ ਦੁਆਰਾ ਸਿਮਰਨ ਕਰ ਕੇ ਚੁੱਪ ਰੱਖਣ ਰੂਪ ਕਮਾਈ ਕਰੇ ਨਿਰਾ ਜ਼ਬਾਨ ਦੇ ਮੋਨ ਰੱਖਣ ਨਾਲ ਮਨ ਚੁੱਪ ਨਹੀਂ ਹੁੰਦਾ; ਜੈਸਾ ਕਿ :

**ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥** *(ਜਪ ਜੀ ਸਾਹਿਬ, ਅੰਗ ੧)*

ਇਉਂ ਸਤਿਗੁਰੂ ਜੀ ਨੇ ਚਾਰੇ ਭਗਤਾਂ ਦੀ ਰਚਨਾ ਹੰਕਾਰ ਸਹਿਤ ਹੋਣ ਕਰਕੇ ਅਤੇ ਗੁਰਮਤਿ ਸਿਧਾਤਾਂ ਦੇ ਅਨੁਸਾਰ ਨਾ ਹੋਣ ਕਰਕੇ ਪ੍ਰਵਾਨ ਨਾ ਕੀਤੀ, ਤਦੋਂ ਚਾਰੇ ਭਗਤ ਨਿਰਾਸ ਹੋ ਕੇ ਲਾਹੌਰ ਵੱਲ ਨੂੰ ਵਾਪਸ ਤੁਰ ਪਏ, ਜਦੋਂ ਰਥ ਵਿਚ ਬੈਠੇ ਲਾਹੌਰ ਨੂੰ ਜਾ ਰਹੇ ਸਨ ਤਾਂ ਕਾਨ੍ਹੇ ਨੂੰ ਲਾਹੌਰ ਦੀਆਂ ਕੰਧਾਂ ਦਿਸਣ ਲੱਗ ਪਈਆਂ ਉਸ ਨੇ ਉਥੇ ਹੀ ਦਸਵੇਂ ਦੁਆਰ ਪ੍ਰਾਣ ਚੜ੍ਹਾ ਕੇ ਸਮਾਧੀ ਲਾ ਲਈ ਐਸੀ ਹਨ੍ਹੇਰੀ ਆਈ ਕਿ ਕੁਝ ਵੀ ਦਿਖਾਈ ਨਾ ਦਿੱਤਾ, ਰਥ ਦੇ ਬਲਦ ਰਾਹ ਛੱਡ ਕੇ ਉੱਚੇ ਨੀਵੇਂ ਥਾਂ ਨੂੰ ਹੋ ਗਏ, ਡਰ ਦੇ ਕਾਰਨ ਬਲਦਾਂ ਕੋਲੋਂ ਲੀਹ ਪਾੜ ਗਈ, ਤਿੰਨ ਭਗਤ ਬੈਠੇ ਰਹੇ, ਪਰੰਤੂ ਕਾਨ੍ਹੇ ਦਾ ਸਰੀਰ ਰਥ ਵਿੱਚੋਂ ਡਿੱਗ ਪਿਆ ਅਤੇ ਉਸ ਦਾ ਸਿਰ ਰਥ ਦੇ ਪਹੀਏ ਹੇਠਾਂ ਆ ਗਿਆ ਤੇ ਮਿੱਝ ਨਿਕਲ ਗਈ। ਉਸ ਵਕਤ ਏਧਰ ਸਤਿਗੁਰੂ ਜੀ ਲੰਗਰ ਵਿਚ ਖਲੋਤੇ ਸਨ (ਜਿਸ ਦਾ ਜ਼ਿਕਰ ਮਹਿਮਾ ਪ੍ਰਕਾਸ਼ ਵਿਚ ਆਉਂਦਾ ਹੈ) ਅਤੇ ਲਾਂਗਰੀ ਸਿੱਖ ਨੇ ਦਾਲ ਦੇ ਦਾਣੇ ਵੇਖ ਕੇ ਵਲਟੋਹੇ ਉਪਰ ਕੜਛਾ ਮਾਰਿਆ ਤਾਂ ਸਤਿਗੁਰਾਂ ਨੇ ਕਿਹਾ ਕਿ ਇਹ ਕੜਛਾ ਕਾਨ੍ਹੇ ਦੇ ਸਿਰ ਉਪਰ ਵੱਜਾ ਹੈ। ਇਉਂ ਕਾਨ੍ਹੇ ਦੀ ਮੌਤ ਹੋ ਗਈ, ਬਾਕੀ ਤਿੰਨਾਂ ਭਗਤਾਂ ਨੇ ਰਥ ਤੋਂ ਹੇਠਾਂ ਉਤਰ ਕੇ ਦੇਖਿਆ ਤਾਂ ਕਾਨ੍ਹਾ ਮਰਿਆ ਪਿਆ ਸੀ।

ਸੋ ਇਸ ਪ੍ਰਕਾਰ ਇਨ੍ਹਾਂ ਚਾਰੇ ਭਗਤਾਂ ਵਿਚ ਹੰਕਾਰ ਹੋਣ ਕਰਕੇ ਇਨ੍ਹਾਂ ਦੀ ਰਚਨਾ ਦਰਜ ਨਹੀਂ ਕੀਤੀ, ਜੋ ਪਿਛਲੇ ਭਗਤ, ਕਬੀਰ, ਨਾਮਦੇਵ, ਰਵਿਦਾਸ ਆਦਿ ਸਨ, ਉਹ ਨਿਮਰਤਾ, ਭਗਤੀ, ਆਦਿ ਗੁਣਾਂ ਦੇ ਸੰਯੁਕਤ ਸਨ, ਇਸ ਲਈ ਉਨ੍ਹਾਂ ਭਗਤਾਂ ਦੀ ਰਚਨਾ ਨੂੰ ਹੀ ਸਤਿਗੁਰੂ ਜੀ ਭਾਈ ਗੁਰਦਾਸ ਜੀ ਤੋਂ ਲਿਖਵਾਉਂਦੇ ਸਨ।

ਅੱਗੇ ਭਗਤ ਕਬੀਰ ਸਾਹਿਬ ਜੀ ਦੀ ਬਾਣੀ ਅਰੰਭ ਹੁੰਦੀ ਹੈ।

**ਉਥਾਨਕਾ :** ਇਕ ਵਾਰੀ ਦੀ ਗੱਲ ਹੈ ਕਿ ਭਗਤ ਕਬੀਰ ਜੀ ਕਾਂਸੀ ਵਿਚ ਜੋ ਚੌਰਾ ਮਹੱਲਾ ਹੈ, ਉਥੋਂ ਗੰਗਾ ਵਿਚ ਇਸ਼ਨਾਨ ਕਰਨ ਲਈ ਜਾ ਰਹੇ ਸਨ, ਉਸ ਵੇਲੇ ਰਸਤੇ ਵਿਚ ਇਕ ਮਾਈ ਕੋਠੇ ਦੀ ਛੱਤ ਉਪਰ ਬੈਠੀ ਹੋਈ ਦੁੱਧ ਰਿੜਕ ਰਹੀ ਸੀ, ਉਸ ਦਾ ਇਕ ਬੱਚਾ ਉਸ ਨੂੰ ਤੰਗ ਕਰ ਰਿਹਾ ਸੀ। ਜੋ ਉਸ ਨੂੰ ਦੁੱਧ ਰਿੜਕਣ ਨਹੀਂ ਦਿੰਦਾ ਸੀ। ਉਸ ਮਾਈ ਨੇ ਆਪਣੇ ਪਾਸ ਇਕ ਗੇਂਦ ਰੱਖੀ ਹੋਈ ਸੀ। ਜਦੋਂ ਉਹ ਬੱਚਾ ਉਸ ਨੂੰ ਤੰਗ ਕਰਦਾ ਹੈ ਤਾਂ ਉਹ ਗੇਂਦ ਸੁੱਟ ਦਿੰਦੀ ਹੈ ਤੇ ਆਪਣੇ ਬੱਚੇ ਨੂੰ ਆਖ ਦਿੰਦੀ ਹੈ ਕਿ ਗੇਂਦ ਚੁੱਕ ਕੇ ਲੈ ਕੇ ਆ। ਉਹ ਬੱਚਾ ਗੇਂਦ ਚੁੱਕ ਲਿਆਂਦਾ ਅਤੇ ਫਿਰ ਆਪਣੀ ਮਾਂ ਨੂੰ ਕੰਮ ਕਰਨ ਤੋਂ ਤੰਗ ਕਰਨ ਲੱਗ ਜਾਇਆ ਕਰਦਾ। ਜਿਸ ਵਕਤ ਉਹ ਮਾਈ ਚਰਖਾ ਕੱਤਣ ਲੱਗੀ ਤਾਂ ਉਹ ਬੱਚਾ ਉਸ ਦੇ ਤੰਦ ਤੋੜ ਦਿੰਦਾ। ਉਹ ਆਪਣੇ ਬੱਚੇ ਨੂੰ ਬੜਾ ਲਾਡ ਪਿਆਰ ਕਰਦੀ ਸੀ ਅਤੇ ਮੋਹ ਵਿਚ ਆ ਕੇ ਐਸੇ ਬਚਨ ਵੀ ਕਰਦੀ ਕਿ ਤੂੰ ਮੇਰਾ ਮੋਰ ਹੈਂ, ਮੇਰਾ ਪੁੱਤਰ ਹੈਂ। ਭਗਤ ਕਬੀਰ ਜੀ ਨੇੜੇ ਤੋਂ ਲੰਘ ਰਹੇ ਸਨ। ਜਿਸ ਵਕਤ ਦੁਬਾਰਾ ਗੇਂਦ ਸੁੱਟੀ ਤੇ ਆਪਣੇ ਬੱਚੇ ਨੂੰ ਕਿਹਾ ਕਿ ਚੁੱਕ ਕੇ ਲੈ ਕੇ ਆ। ਇਹ ਕਹਿ ਕੇ ਮਾਈ ਸੂਤ ਕੱਤਣ ਲੱਗ ਪਈ। ਗੇਂਦ ਰਿੜ੍ਹਦੀ ਰਿੜ੍ਹਦੀ ਕੋਠੇ ਤੋਂ ਥੱਲੇ ਡਿੱਗ ਪਈ ਤੇ ਗੇਂਦ ਦੇ ਪਿੱਛੇ ਪਿੱਛੇ ਜਾਂਦਾ ਬੱਚਾ ਵੀ ਕੋਠੇ ਤੋਂ ਥੱਲੇ ਡਿੱਗ ਪਿਆ। ਡਿਗਣ ਸਾਰ ਹੀ ਉਸ ਬੱਚੇ ਦੇ ਪ੍ਰਾਣ ਨਿਕਲ ਗਏ। ਬੱਚੇ ਦੀ ਮੌਤ ਹੋ ਗਈ। ਤਦੋਂ ਬੱਚੇ ਦੀ ਮਾਂ ਬਹੁਤ ਵਿਰਲਾਪ ਕਰਨ ਲੱਗ ਪਈ। ਇਹ ਕੁਝ ਵੇਖ ਭਗਤ ਕਬੀਰ ਜੀ ਨੇ ਵੈਰਾਗਮਈ ਸ਼ਬਦ ਉਚਾਰਨ ਕੀਤਾ।

ਜਿਵੇਂ ਗੁਰੂ ਨਾਨਕ ਪਾਤਸ਼ਾਹ ਜੀ ਨੇ 'ਮੋਤੀ ਤ ਮੰਦਰ ਊਸਰਹਿ' (ਸਿਰੀਰਾਗੁ ਮਃ ੧, ਅੰਗ ੧੪) ਅਤੇ ਪੰਜਵੇਂ ਪਾਤਸ਼ਾਹ ਜੀ ਨੇ 'ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ' (ਸਿਰੀਰਾਗੁ ਮਃ ੫, ਅੰਗ ੪੨)। ਐਸੇ ਵੈਰਾਗਮਈ ਸ਼ਬਦ ਉਚਾਰਨ ਕੀਤੇ। ਭਗਤ ਬਾਣੀ ਵੈਰਾਗ ਤੋਂ ਸ਼ੁਰੂ ਹੁੰਦੀ ਹੈ। ਆਦਿ ਵਿਚ ਮੰਗਲ ਕਰਦੇ ਹਨ :

## ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਸਰੂਪ ਪਰਮੇਸ਼ਰ, ਓੰ = ਸਾਰਿਆਂ ਦਾ ਪ੍ਰਕਾਸ਼ਕ । ਸਤਿ = ਤ੍ਰੈਕਾਲ ਅਬਾਧ ਸਰੂਪ। ਗੁਰ = ਚੇਤਨ ਸਰੂਪ। ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਸਤਿਗੁਰਾਂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਸਿਰੀਰਾਗੁ ॥ ਕਬੀਰ ਜੀਉ ਕਾ ॥ ਏਕੁ ਸੁਆਨੁ ਕੈ, ਘਰਿ ਗਾਵਣਾ ॥

ਇਸ ਸ਼ਬਦ ਨੂੰ ਕਬੀਰ ਜੀ ਉਚਾਰਨ ਕਰਦੇ ਹਨ। ਇਸ ਦੇ ਵਿਚ ਗਾਉਣ ਦਾ ਘਰ ਦੱਸਦੇ ਹਨ। ਜਿਹੜਾ ਪਹਿਲੇ ਪਾਤਸ਼ਾਹ ਜੀ ਨੇ ਸਿਰੀਰਾਗੁ ਵਿਚ ਪਹਿਲਾਂ ਸ਼ਬਦ ਉਚਾਰਨ ਕੀਤਾ ਸੀ :

**ਏਕੁ ਸੁਆਨੁ ਦੁਇ ਸੁਆਨੀ ਨਾਲਿ ॥ ਭਲਕੇ ਭਉਕਹਿ ਸਦਾ ਬਇਆਲਿ ॥**

*(ਸਿਰੀਰਾਗੁ ਮਃ ੧, ਅੰਗ ੨੪)*

ਜਿਸ ਵਕਤ ਮਹਾਰਾਜ ਸਾਹਿਬ ਜੀ ਨੇ ਧਾਣਕ ਰੂਪ ਧਾਰਨ ਕੀਤਾ ਸੀ, ਉਸ ਵਕਤ ਇਹ ਸ਼ਬਦ ਚੌਥੇ ਘਰ ਵਿਚ ਉਚਾਰਨ ਕੀਤਾ ਸੀ। ਇਸ ਸ਼ਬਦ ਨੂੰ ਗਾਉਣ ਵਾਸਤੇ ਐਸੀ ਆਗਿਆ ਕੀਤੀ ਗਈ ਹੈ ਕਿ ਜਦੋਂ ਸੁਆਨੁ = ਕੁੱਤਾ ਬੋਲਦਾ ਹੈ ਅਤੇ ਜਿਸ ਵਕਤ ਚਾਂਗ ਮਾਰਦਾ ਹੈ, ਉਹ ਪੰਚਮ ਵਿਚ ਬੋਲਦਾ ਹੈ। ਉਸ ਦੀ ਆਵਾਜ਼ ਪੰਚਮ ਦੀ ਹੈ। ਇਸ ਪ੍ਰਕਾਰ ਇਸ ਸ਼ਬਦ ਨੂੰ ਪੰਚਮ ਸੁਰ ਦਾ ਗੁਰ ਰੱਖ ਕੇ ਗਾਉਣ ਦੀ ਆਗਿਆ ਹੈ **ਅਥਵਾ** ਜਿਸ ਪ੍ਰਕਾਰ ਸੁਆਨੁ = ਕੁੱਤਾ ਆਪਣੇ ਸੁਆਮੀ ਦਾ ਘਰ ਨਹੀਂ ਛੱਡਦਾ, ਉਸੇ ਪ੍ਰਕਾਰ ਪਰਮੇਸ਼ਰ ਦੀ ਸ਼ਰਨ ਵਿਚ ਸਤਿਸੰਗਤ ਰੂਪੀ ਘਰ ਵਿਚ ਆ ਕੇ ਅੰਮ੍ਰਿਤ ਰੂਪ ਬਾਣੀ ਨੂੰ ਗਾਉਣਾ ਕਰੋ। ਏਕੁ = ਇਕ

ਰੂਪ ਪਰਮੇਸ਼ਰ ਦੀ (ਸੁ + ਆਨੁ) ਸੁ = ਸ਼ਰਨ ਆਨੁ = ਆਉਣਾ ਭਾਵ ਸ਼ਰਨ ਵਿਚ ਲਿਆ ਕੇ ਘਰਿ = ਸਤਿਸੰਗਤ ਵਿਚ ਮਿਲ ਕੇ ਗਾਵਣਾ = ਗਾਉਣਾ ਕਰੋ। ਇਸ ਤੋਂ ਅੱਗੇ ਸ਼ਬਦ ਦੀ ਆਰੰਭਤਾ ਹੁੰਦੀ ਹੈ।

## ਜਨਨੀ ਜਾਨਤ ਸੁਤੁ ਬਡਾ ਹੋਤੁ ਹੈ, ਇਤਨਾਕੁ, ਨ ਜਾਨੈ; ਜਿ ਦਿਨ ਦਿਨ ਅਵਧ ਘਟਤੁ ਹੈ ॥

(**ਇਤਨਾ-ਕੁ** ਡੈਸ ਲਗਾ ਕੇ ਬੋਲੋ)

ਜਨਨੀ = ਮਾਤਾ ਮੋਹ ਵਿਚ ਫਸੀ ਹੋਈ ਐਸਾ ਜਾਨਤ = ਜਾਨਦੀ ਹੈ ਕਿ ਮੇਰਾ ਸੁਤੁ = ਪੁੱਤਰ ਉਮਰ ਵਿਚ ਵੱਡਾ ਹੋਤੁ = ਹੁੰਦਾ ਜਾ ਰਿਹਾ ਹੈ। ਪਰੰਤੂ ਇਤਨਾਕੁ = ਥੋੜ੍ਹਾ ਜਿਹਾ ਵੀ ਨਹੀਂ ਜਾਨੈ = ਜਾਣਦੀ ਕਿ ਜੋ ਇਸ ਦੀ ਅਵਧ = ਆਯੂ ਦਿਨੋ-ਦਿਨ ਘਟਤੁ = ਘਟਦੀ ਜਾ ਰਹੀ ਹੈ। ਜਿਵੇਂ ਵੇਲ ਨਾਲੋਂ ਟੁੱਟਿਆ ਹੋਇਆ ਫਲ ਕਿੰਨਾ ਕੁ ਚਿਰ ਰਹਿ ਸਕਦਾ ਹੈ। ਇਉਂ ਮਾਤਾ ਦੇ ਗਰਭ ਰੂਪੀ ਵੇਲ ਨਾਲੋਂ ਟੁੱਟਿਆ ਹੋਇਆ ਬੱਚਾ ਰੂਪੀ ਫਲ ਕਿਤਨਾ ਕੁ ਚਿਰ ਰਹਿ ਸਕਦਾ ਹੈ। ਜੈਸਾ ਕਿ :

**ਐਸਾ ਤੈਂ ਜਗੁ ਭਰਮਿ ਲਾਇਆ ॥ ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥** *(ਸਿਰੀਰਾਗ ਕਬੀਰ ਜੀ, ਅੰਗ ੯੨)*

## ਮੋਰ ਮੋਰ ਕਰਿ, ਅਧਿਕ ਲਾਡੁ ਧਰਿ; ਪੇਖਤ ਹੀ ਜਮਰਾਉ ਹਸੈ ॥੧॥

ਮਾਤਾ ਮੋਹ ਵਿਚ ਫਸੀ ਹੋਈ ਪ੍ਰੇਮ ਸਹਿਤ ਮੋਰ ਮੋਰ = ਮੇਰਾ ਮੇਰਾ ਭਾਵ ਮੇਰਾ ਲਾਲ, ਮੇਰਾ ਕਾਨ੍ਹ ਆਦਿ ਸ਼ਬਦ ਕਹਿ ਕਰਿ = ਕਰਕੇ ਅਧਿਕ = ਬਹੁਤ ਲਾਡੁ = ਪਿਆਰ ਕਰਦੀ ਹੈ। ਜਮਰਾਉ = ਜਮਦੂਤਾਂ ਦਾ ਰਾਉ = ਰਾਜਾ ਭਾਵ ਧਰਮਰਾਜ ਪੇਖਤ = ਦੇਖ ਕੇ ਹਸੈ = ਖ਼ੁਸ਼ ਹੁੰਦਾ ਹੈ ਕਿ ਇਹ ਅਣਜਾਣ ਆਪਣੇ ਪੁੱਤਰ ਨੂੰ ਵੱਡੀ ਉਮਰ ਵਾਲਾ ਕਹਿ ਰਹੀ ਹੈ ਪਰੰਤੂ ਇਹ ਨਹੀਂ ਸਮਝ ਰਹੀ ਕਿ ਮੈਂ ਇਸ ਦਾ ਕਾਲ ਬਣ ਕੇ ਆ ਰਿਹਾ ਹਾਂ ॥੧॥

[ਅੰਗ ੯੨]

## ਐਸਾ; ਤੈਂ ਜਗੁ ਭਰਮਿ ਲਾਇਆ ॥

ਹੇ ਪਰਮੇਸ਼ਰ ! ਐਸਾ = ਇਸ ਤਰ੍ਹਾਂ ਤੈਂ = ਤੂੰ ਜਗੁ = ਸੰਸਾਰ ਨੂੰ ਭਰਮਾਂ ਵਿਚ ਲਾਇਆ = ਲਾ ਰੱਖਿਆ ਹੈ।

## ਕੈਸੇ ਬੂਝੈ; ਜਬ ਮੋਹਿਆ ਹੈ ਮਾਇਆ ॥੧॥ਰਹਾਉ॥

ਇਹ ਜੀਵ ਤੇਰੇ ਸਰੂਪ ਨੂੰ ਕੈਸੇ = ਕਿਸ ਤਰ੍ਹਾਂ ਬੂਝੈ = ਸਮਝੇ, ਕਿਵੇਂ ਮੌਤ ਨੂੰ ਚੇਤੇ ਕਰੇ। ਜਬ = ਜਦੋਂ ਤੱਕ ਇਸ ਦਾ ਮਨ ਮਾਇਆ ਵਿੱਚ ਮੋਹਿਆ ਹੋਇਆ ਹੈ ਤਾਂ ਇਸ ਦੇ ਹਿਰਦੇ ਅੰਦਰ ਵੈਰਾਗ ਪੈਦਾ ਨਹੀਂ ਹੁੰਦਾ **ਅਥਵਾ** ਇਸ ਜੀਵ ਦਾ ਮਨ ਮਾਇਆ ਦੇ ਪਦਾਰਥਾਂ ਦੀ ਕਲਪਨਾ ਵਿਚ ਲੱਗਾ ਰਹਿੰਦਾ ਹੈ। ਇਸ ਕਰਕੇ ਇਹ ਜੀਵ ਪਰਮੇਸ਼ਰ ਦੇ ਸਰੂਪ ਨੂੰ **ਵਾ:** ਸਤਿਗੁਰਾਂ ਪਾਸੋਂ ਤੱਤਪਦ ਦੇ ਲਖਯ ਅਰਥ ਤੇ ਤ੍ਵੰ ਪਦ ਦੇ ਲਖਯ ਅਰਥ ਨੂੰ ਕੈਸੇ = ਕਿਸ ਪ੍ਰਕਾਰ ਬੂਝੈ = ਜਾਣਨਾ ਕਰੇ ॥੧॥ ਜੈਸਾ ਕਿ :

**ਮਾਇਆ ਐਸੀ ਮੋਹਨੀ ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥** *(ਭੈਰਉ ਕਬੀਰ ਜੀਉ, ਅੰਗ ੧੧੬੦)*

ਰਹਾਉ = ਵਿਸ਼ਰਾਮ ਦਿੰਦੇ ਹਨ। ਇਹ ਸ਼ਬਦ ਦੀ ਅਸਥਾਈ ਹੈ ਜੋ ਰਾਗੀ ਸਿੰਘਾਂ ਦੇ ਗਾਉਣ ਲਈ ਸੰਕੇਤ ਹੈ। ਜੋ ਪਰਮੇਸ਼ਰ ਦਾ ਰ = ਰਮਿਆ ਹੋਇਆ ਹਾ = ਪਰੀਪੂਰਨ, ਉ = ਓਅੰਕਾਰ ਰੂਪ ਹੈ। ਉਸ ਵਿਚ ਇਸਥਿਤ ਹੋ ਕੇ ਪਰਮੇਸ਼ਰ ਦਾ ਸਿਮਰਨ ਕਰੋ ॥ਰਹਾਉ॥

## ਕਹਤ ਕਬੀਰ ਛੋਡਿ ਬਿਖਿਆ ਰਸ; ਇਤੁ ਸੰਗਤਿ ਨਿਹਚਉ ਮਰਣਾ॥

ਕਹਤ ਕਬੀਰ = ਭਗਤ ਕਬੀਰ ਜੀ ਕਥਨ ਕਰਦੇ ਹਨ ਕਿ ਹੇ ਜੀਵ! ਤੂੰ ਬਿਖਿਆ = ਮਾਇਆ **ਵਾ:** ਵਿਸ਼ਿਆਂ ਦੇ ਰਸ = ਅਨੰਦ ਨੂੰ ਮਿਥਿਆ ਜਾਣ ਕੇ ਛੋਡਿ = ਛੱਡਣਾ ਕਰ ਕਿਉਂਕਿ ਇਤੁ = ਇਸ ਮਾਇਆ, ਵਿਸ਼ਿਆਂ ਦੀ ਸੰਗਤ ਕਰਨ ਨਾਲ ਨਿਹਚਉ = ਯਕੀਨਨ ਹੀ ਆਤਮਿਕ ਮੌਤੇ ਮਰਨਾ ਹੋਵੇਗਾ॥੨॥

## ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ; ਇਨ ਬਿਧਿ ਭਵ ਸਾਗਰੁ ਤਰਣਾ॥੨॥

(ਦੂਸਰਾ ਪਾਠ **ਅਨ ਤਜੀਵਣ**)

ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ! ਉਸ ਰਮਈਆ = ਰਮੇ ਹੋਏ ਪਰਮੇਸ਼ਰ ਦਾ ਨਾਮ ਜਪਹੁ = ਜਪਣਾ ਕਰ, ਕਿਉਂਕਿ ਇਹੋ ਨਾਮ ਰੂਪੀ ਬਾਣੀ ਅਨਤ = ਅਨੰਤ ਜੀਵਨ ਦੇ ਦੇਣ ਵਾਲੀ ਹੈ **ਵਾ:** ਅਸੀਂ ਅਨਤ = ਬੇਅੰਤ ਜੀਵਨ ਰੂਪ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਬਾਣੀ ਉਚਾਰਦੇ ਹਾਂ **ਵਾ:** (ਅਨ + ਤਜੀਵਣ) ਅਨ = ਹੋਰ ਦ੍ਵੈਤ ਵਾਲੀ ਬਾਣੀ ਤਜੀਵਣ = ਤਿਆਗਣੀ ਕਰ, ਇਨ = ਇਸ ਬਿਧਿ = ਤਰੀਕੇ ਨਾਲ ਭਵ = ਸੰਸਾਰ ਸਾਗਰੁ = ਸਮੁੰਦਰ ਤੋਂ ਤਰਨਾ ਹੋਵੇਗਾ॥੨॥

## ਜਾਂ ਤਿਸੁ ਭਾਵੈ; ਤਾ ਲਾਗੈ ਭਾਉ॥

ਜਾਂ = ਜਦੋਂ ਜੀਵ ਦੇ ਨਿਸ਼ਕਾਮ ਕਰਮ ਤਿਸੁ = ਉਸ ਪਰਮੇਸ਼ਰ ਨੂੰ ਭਾਵੈ = ਭਾਅ ਜਾਣ ਤਾ = ਤਦ ਜੀਵ ਦੇ ਅੰਤਹਕਰਣ ਵਿਚ ਭਾਉ = ਪ੍ਰੇਮ ਲਾਗੈ = ਲੱਗ ਜਾਂਦਾ ਹੈ। ਅਤੇ

## ਭਰਮੁ ਭੁਲਾਵਾ; ਵਿਚਹੁ ਜਾਇ॥

ਪ੍ਰੇਮ ਲੱਗਣੇ ਕਰਕੇ ਸੰਸਾਰ ਨੂੰ ਸੱਚਾ ਜਾਨਣ ਦਾ ਭਰਮੁ ਭੁਲਾਵਾ = ਭੁਲੇਖਾ ਵਿਚਹੁ = ਹਿਰਦੇ ਦੇ ਅੰਦਰੋਂ ਚੁੱਕਿਆ ਜਾਇ = ਜਾਂਦਾ ਹੈ।

## ਉਪਜੈ ਸਹਜੁ; ਗਿਆਨ ਮਤਿ ਜਾਗੈ॥

ਤਦੋਂ ਹਿਰਦੇ ਵਿਚ ਆਤਮਿਕ ਸਹਜੁ = ਸ਼ਾਂਤੀ ਉਪਜੈ = ਪੈਦਾ ਹੋ ਜਾਂਦੀ ਹੈ ਅਤੇ ਗਿਆਨ ਵਾਲੀ ਆਤਮ ਵਿਸ਼ੈਣੀ ਮਤਿ = ਬੁੱਧੀ ਜਾਗੈ = ਜਾਗ ਪੈਂਦੀ ਹੈ **ਅਥਵਾ** ਜਦੋਂ ਮਤਿ = ਬੁੱਧੀ ਦੇ ਅੰਦਰ ਪ੍ਰੋਖ ਗਿਆਨ ਜਾਗੈ = ਜਾਗ ਪੈਂਦਾ ਹੈ ਤਾਂ ਫੇਰ ਅਪ੍ਰੋਖ ਗਿਆਨ ਪੈਦਾ ਹੋ ਜਾਂਦਾ ਹੈ।

## ਗੁਰ ਪ੍ਰਸਾਦਿ; ਅੰਤਰਿ ਲਿਵ ਲਾਗੈ॥੩॥

ਫੇਰ ਗੁਰਾਂ ਦੀ ਪ੍ਰਸਾਦਿ = ਕਿਰਪਾ ਕਰਕੇ ਹਿਰਦੇ ਦੇ ਅੰਤਰਿ = ਅੰਦਰ ਪਰਮੇਸ਼ਰ ਦੀ ਲਿਵ ਲਾਗੈ = ਲੱਗ ਜਾਂਦੀ ਹੈ॥੩॥

***ਨੋਟ:*** ਦੂਸਰਾ ਅਰਥ ਦੋਵੇਂ ਪੰਗਤੀਆਂ ਦਾ ਇਕੱਠਾ ਅਰਥ ਕੀਤਾ ਗਿਆ ਹੈ।

ਜਦੋਂ ਪ੍ਰੋਖ ਗਿਆਨ ਵਾਲੀ ਮਤਿ = ਬੁੱਧੀ ਜਾਗੈ = ਜਾਗ੍ਰਤ ਹੋ ਜਾਂਦੀ ਹੈ ਤਾਂ ਜਿਸ ਪ੍ਰਕਾਰ ਮਾਤਾ ਦੇ ਗਰਭ ਵਿਚ ਸੌ ਜਨਮ ਦਾ ਗਿਆਨ ਹੁੰਦਾ ਹੈ, ਉਸੇ ਪ੍ਰਕਾਰ ਗਿਆਨ ਪੈਦਾ ਹੁੰਦਾ ਹੈ ਅਤੇ ਸੁਰਤ ਜੁੜਨ ਨਾਲ ਪਰਾ ਬਾਣੀ ਦੁਆਰਾ ਜਾਪ ਚੱਲਣ ਲੱਗ ਪੈਂਦਾ ਹੈ। ਉਸ ਵੇਲੇ ਜਾਪ ਕਰਨ ਵਾਲੇ ਦਾ ਅਤੇ ਪਰਮੇਸ਼ਰ ਦਾ ਕੋਈ ਅੰਤਰ ਨਹੀਂ ਰਹਿੰਦਾ। ਫਿਰ ਪਰਮੇਸ਼ਰ ਦੇ ਨਾਮ ਵਿਚ ਲਿਵ ਲੱਗ ਜਾਂਦੀ ਹੈ। ਜਦੋਂ ਅੰਤਰ ਲਿਵ

ਲੱਗਦੀ ਹੈ ਤਾਂ ਉਸ ਵੇਲੇ ਸਹਜ = ਅਪ੍ਰੋਖ ਗਿਆਨ ਉਪਜੈ = ਪੈਦਾ ਹੋ ਜਾਂਦਾ ਹੈ। ਇਸ ਤਰ੍ਹਾਂ ਗਿਆਨ ਦੀ ਮਤਿ = ਸੁਰਤ ਜਾਗ ਪੈਂਦੀ ਹੈ। ਸਤਿਗੁਰੂ ਦੀ ਪ੍ਰਸਾਦਿ = ਕਿਰਪਾ ਦੁਆਰਾ ਅੰਦਰੋਂ ਹੀ ਪਰਮੇਸ਼ਰ ਵਿਚ ਲਿਵ = ਬਿਰਤੀ ਲਾਗੈ = ਲੱਗ ਜਾਂਦੀ ਹੈ ॥੩॥

## ਇਤੁ ਸੰਗਤਿ; ਨਾਹੀ ਮਰਣਾ ॥

ਇਤੁ = ਇਸ ਤਰ੍ਹਾਂ ਸੰਗਤ ਦੀ ਪ੍ਰਾਪਤੀ ਕਰ ਕੇ ਜੰਮਣਾ ਮਰਨਾ ਨਾਹੀ = ਨਹੀਂ ਹੁੰਦਾ ਭਾਵ ਆਵਾਗਵਣ ਤੋਂ ਰਹਿਤ ਹੋ ਜਾਈਦਾ ਹੈ।

## ਹੁਕਮੁ ਪਛਾਣਿ; ਤਾ ਖਸਮੈ ਮਿਲਣਾ ॥੧॥ਰਹਾਉ ਦੂਜਾ॥

ਇਹ ਸਤਿਗੁਰੂ ਦਾ ਪਰਮੇਸ਼ਰ ਦੇ ਮਿਲਣ ਵਾਸਤੇ ਹੁਕਮ ਹੈ। ਜਿਹੜਾ ਉਸ ਨੂੰ ਪਛਾਣ ਲੈਂਦਾ ਹੈ ਤਾ = ਉਸ ਦਾ ਖਸਮੈ = ਮਾਲਕ ਪ੍ਰਭੂ ਨਾਲ ਮਿਲਣਾ = ਮਿਲਾਪ ਹੁੰਦਾ ਹੈ।

ਰਹਾਉ ਦੂਜਾ = ਹੁਣ ਦੂਜਾ ਰਹਾਉ ਉਚਾਰਨ ਕੀਤਾ ਹੈ। ਪਹਿਲਾ ਰਹਾਉ ਉਚਾਰਨ ਕਰ ਚੁੱਕੇ ਸਨ ਅਤੇ ਉੱਤਰ ਦੇਣੇ ਰਹਿੰਦੇ ਸਨ। ਇਸ ਕਰਕੇ ਰਹਾਉ ਉਚਾਰਿਆ ਹੈ। ਜਿਥੇ ਅੱਖਰਾਂ ਵਿਚ ਲਿਖਿਆ ਹੋਵੇ ਉਥੇ "ਰਹਾਉ ਦੂਜਾ" ਕਹਿਣਾ ਹੈ। ਜਿਹੜਾ ਰਹਾਉ ਆਦਿ ਦੀਆਂ ਤੁਕਾਂ ਦੇ ਵਿਚ (੧) ਏਕਾ ਹੁੰਦਾ ਹੈ, ਉਹ ਇਉਂ ਸਮਝਣਾ ਚਾਹੀਦਾ ਹੈ ਜਿਵੇਂ ਸੁਖਮਨੀ ਸਾਹਿਬ ਜੀ ਦੇ ਸਲੋਕਾਂ ਦੇ ਏਕੇ ਹਨ। ਉਸ ਨੂੰ "ਰਹਾਉ ਇਕ" ਨਹੀਂ ਪੜ੍ਹੀਦਾ। ਕਈ ਪਾਠੀ ਇਕ ਰਹਾਉ ਪੜ੍ਹਦੇ ਹਨ ਜਿਹੜਾ ਹੱਦਾਂ ਦੇ ਅੰਦਰ ਅੰਕ ਹੁੰਦਾ ਹੈ ਉਹ ਨਹੀਂ ਪੜ੍ਹੀਦਾ ਅਤੇ ਜਿਵੇਂ ਮਹੱਲੇ ਦਾ ਜਿਹੜਾ ਅੰਕ ਹੈ ਜੋ ਕਿ ਹੱਦਾਂ ਤੋਂ ਬਗ਼ੈਰ ਹੁੰਦਾ ਹੈ। ਮਹਲਾ ਪਹਿਲਾ, ਮਹਲਾ ਦੂਜਾ, ਮਹਲਾ ਪੰਜਵਾ, ਨਾਵਾਂ ਆਦਿ ਇਸ ਪ੍ਰਕਾਰ ਵਿਚਾਰ ਹੋਣੀ ਚਾਹੀਦੀ ਹੈ ਅਤੇ ਇਹ "ਇਕ ਰਹਾਉ" ਨਹੀਂ ਪੜ੍ਹਨਾ। ਜਿਹੜੇ ਪਾਠੀ ਟਕਸਾਲ ਵਿਚ ਨਹੀਂ ਪੜ੍ਹੇ ਹੋਏ, ਉਹ "ਇਕ ਰਹਾਉ" ਹੀ ਕਹਿੰਦੇ ਹਨ। ਸੋ ਜਿਹੜਾ ਏਕਾ (੧) ਹੈ, ਉਹ ਰਹਾਉ ਦੀਆਂ ਤੁਕਾਂ ਦਾ ਅਤੇ ਸ਼ਬਦ ਦੀਆਂ ਤੁਕਾਂ ਦਾ ਵੱਖਰਾ ਅੰਗ ਸਮਝਣਾ ਚਾਹੀਦਾ ਹੈ। ਕਈ ਵਾਰੀ ਸੋਰਠਿ ਰਾਗ ਵਿਚ ਇਹੋ ਜਿਹਾ ਆਉਂਦਾ ਹੈ ਜਿਨ੍ਹਾਂ ਵਿਚ ਰਹਾਉ ਆਉਂਦਾ ਹੈ ਪਰ ਏਕਾ ਨਹੀਂ ਹੁੰਦਾ। ਉਹ ਪਾਠੀ ਅਣਜਾਣ ਉਥੇ ਵੀ ਇਕ ਰਹਾਉ ਕਹੀ ਜਾਂਦੇ ਹਨ। ਇਹ ਕਹਿਣਾ ਨਹੀਂ ਚਾਹੀਦਾ।

## ਸਿਰੀਰਾਗੁ ਤ੍ਰਿਲੋਚਨ ਕਾ ॥

ਹੁਣ ਗੁਰੂ ਸਾਹਿਬ ਜੀ ਇਥੇ ਵੈਰਾਗ ਦਾ ਪ੍ਰਕਰਣ ਮੇਲਣ ਲਈ ਭਗਤ ਤ੍ਰਿਲੋਚਨ ਜੀ ਦਾ ਸ਼ਬਦ ਭਾਈ ਗੁਰਦਾਸ ਜੀ ਪਾਸੋਂ ਲਿਖਵਾਉਂਦੇ ਹਨ।

## ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ; ਜਰਾ ਮਰਣੁ ਭਉ ਵਿਸਰਿ ਗਇਆ ॥

ਹੇ ਪ੍ਰਾਣੀ = ਪ੍ਰਾਣਾਧਾਰੀ ਜੀਵ! ਮਾਇਆ ਦਾ ਮੋਹ ਤੇਰੇ ਮਨ ਨੂੰ ਆਗਲੜਾ = ਅਨਾਦਿ ਕਾਲ ਤੋਂ ਲੱਗਿਆ ਹੋਇਆ ਹੈ **ਅਥਵਾ** ਇਹ ਮਾਇਆ ਦਾ ਮੋਹ ਤੈਨੂੰ (ਆਗ + ਲੜਾ) ਆਗ = ਅੱਗ ਦੀ ਲਾਟ ਵਾਂਗੂੰ ਆ ਕੇ ਲੜਾ = ਲੱਗਾ ਹੋਇਆ ਹੈ। ਜਿਸ ਕਰਕੇ ਤੈਨੂੰ ਜਰਾ = ਬੁਢੇਪੇ ਤੇ ਮਰਣੁ = ਮੌਤ ਤੋਂ ਬਾਅਦ ਦਾ ਭਉ = ਡਰ ਵਿਸਰਿ = ਭੁੱਲ ਗਿਆ ਹੈ। ਅਤੇ

## ਕੁਟੰਬੁ ਦੇਖਿ, ਬਿਗਸਹਿ ਕਮਲਾ ਜਿਉ; ਪਰ ਘਰਿ ਜੋਹਹਿ ਕਪਟ ਨਰਾ ॥੧॥

ਤੂੰ ਆਪਣੇ ਕੁਟੰਬੁ = ਪਰਿਵਾਰ ਨੂੰ ਭਾਵ ਪੁੱਤਰ, ਧੀਆਂ, ਮਾਤਾ, ਪਿਤਾ ਨੂੰ ਵੇਖ ਕੇ ਬਿਗਸਹਿ = ਖ਼ੁਸ਼

ਹੁੰਦਾ ਹੈ। ਜਿਉ = ਜਿਵੇਂ ਕਮਲਾ ਆਦਮੀ ਇਸਤਰੀ, ਪੁਰਸ਼, ਬੱਚਿਆਂ ਨੂੰ ਦੇਖ ਕੇ ਆਪ ਮੁਹਾਰੇ ਹੱਸਦਾ ਰਹਿੰਦਾ ਹੈ, ਇਸੇ ਤਰ੍ਹਾਂ ਤੂੰ ਵੀ ਅਗਿਆਨੀ ਜੀਵ ਕਮਲੇ ਦੀ ਨਿਆਈਂ ਆਪਣੇ ਪਰਿਵਾਰ ਦੇ ਜੀਆਂ ਨੂੰ ਵੇਖ ਕੇ ਬਿਗਸਹਿ = ਖ਼ੁਸ਼ ਹੁੰਦਾ ਹੈ **ਵਾ:** ਜਿਵੇਂ ਕਮਲਾ = ਲੱਛਮੀ, ਭਗਵਾਨ ਵਿਸ਼ਨੂੰ ਜੀ ਨੂੰ ਵੇਖ ਕੇ ਬਿਗਸਹਿ = ਅਨੰਦ ਦੇ ਸਹਿਤ ਹੁੰਦੀ ਹੈ **ਵਾ:** ਜਿਵੇਂ ਕਮਲਾ = ਕਮਲ ਦੇ ਫੁੱਲਾਂ ਨੂੰ ਵੇਖ ਕੇ ਭੌਰੇ ਖ਼ੁਸ਼ ਹੁੰਦੇ ਹਨ। ਇਸੇ ਤਰ੍ਹਾਂ ਇਹ ਅਗਿਆਨੀ ਜੀਵ ਪਰਿਵਾਰ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ। ਹੇ ਨਰਾ = ਪੁਰਖਾ ! ਤੂੰ ਕਪਟ = ਛਲ ਕਰ ਕੇ ਪਰ = ਪਰਾਏ ਘਰਾਂ ਭਾਵ ਪਰਾਈਆਂ ਇਸਤਰੀਆਂ ਵੱਲ ਬੁਰੀ ਨਜ਼ਰ ਨਾਲ ਜੋਹਹਿ = ਦੇਖਦਾ ਰਹਿੰਦਾ ਹੈ ॥੧॥

## ਦੂੜਾ ਆਇਓਹਿ; ਜਮਹਿ ਤਣਾ ॥

ਪਰ ਉਧਰ ਜਮਹਿ = ਜਮ ਦਾ ਤਣਾ = ਪੁੱਤਰ ਭਾਵ ਬੁਢੇਪਾ ਮੌਤ ਦਾ ਦੂੜਾ[1] = ਸੁਨੇਹਾ ਲੈ ਕੇ ਆਇਓਹਿ = ਆ ਜਾਂਦਾ ਹੈ **ਅਥਵਾ** ਜਮਦੂਤ ਤਣਾ = ਬਲ ਦੇ ਸਹਿਤ ਦੂੜਾ = ਦੌੜਦਾ ਹੋਇਆ ਆ ਰਿਹਾ ਹੈ **ਵਾ:** ਜਮ ਦਾ ਪੁੱਤਰ ਦੂੜਾ = ਧੌਲਾ ਤੇਰੀ ਪੁੜਪੁੜੀ 'ਤੇ ਮੌਤ ਦਾ ਸੁਨੇਹਾ ਲੈ ਕੇ ਆ ਗਿਆ ਹੈ ਅਰਥਾਤ ਜਿਵੇਂ ਰਾਜੇ ਮਹਾਰਾਜੇ ਧੌਲੇ ਵਾਲ ਆਉਦਿਆਂ ਹੀ ਪੁੱਤਰ ਨੂੰ ਰਾਜਗੱਦੀ ਦੇ ਕੇ ਵੈਰਾਗ ਧਾਰਨ ਕਰ ਕੇ ਬਾਨਪ੍ਰਸਤੀ ਹੋ ਬੈਠਦੇ ਸਨ। ਸੰਸਾਰ ਤੋਂ ਕਿਨਾਰਾ ਕਰ ਕੇ ਇਕਾਂਤ ਵਿਚ ਪਰਮਾਤਮਾ ਦੀ ਭਗਤੀ ਕਰਦੇ ਸਨ। ਇਸ ਪ੍ਰਕਾਰ ਐਸਾ ਸਮਝੋ ਕਿ ਜਦੋਂ ਧੌਲੇ ਆ ਜਾਂਦੇ ਹਨ ਤਾਂ ਦੂੜਾ ਹੁੰਦਾ ਹੈ। ਜਦੋਂ ਚਾਰ ਧੌਲੇ ਆ ਜਾਣ ਤਾਂ ਧੌਲਿਆਂ ਦੀ ਧਾੜ ਆ ਜਾਂਦੀ ਹੈ ਅਤੇ ਜਦੋਂ ਬਹੁਤੇ ਧੌਲੇ ਆ ਜਾਣ ਤਾਂ ਸਮਝੋ ਕਿ ਧੌਲਿਆਂ ਦੀ ਫ਼ੌਜ ਆ ਗਈ ਹੈ। ਇਸ ਪ੍ਰਕਾਰ ਧੌਲੇ ਮੌਤ ਨੂੰ ਚੇਤੇ ਕਰਾਉਂਦੇ ਹਨ ਕਿ ਜਮ ਬਲ ਦੇ ਸਹਿਤ ਆ ਰਿਹਾ ਹੈ। ਇਸ ਨੇ ਜੀਵ ਨੂੰ ਪਕੜ ਕੇ ਲੈ ਜਾਣਾ ਹੈ।

## ਤਿਨ ਆਗਲੜੈਮੈ; ਰਹਣੁ ਨ ਜਾਇ ॥

(**ਆਗਲੜੈ-ਮੈ** ਡੈਸ਼ ਲਗਾ ਕੇ ਬੋਲੋ)

ਜਦੋਂ ਜਮ ਇਸ ਜੀਵ ਨੂੰ ਲੈਣ ਲਈ ਆ ਗਏ ਤਾਂ ਤਿਨ = ਉਨ੍ਹਾਂ ਦੇ ਆਗਲੜੈ = ਅਗਰ ਭਾਗ ਮੈ = ਵਿਚ ਰਹਣੁ ਨ ਜਾਇ = ਰਹਿਆ ਨਹੀਂ ਜਾਵੇਗਾ ਭਾਵ ਜਮਾਂ ਨਾਲ ਜਾਣਾ ਪਵੇਗਾ। ਜੈਸਾ ਕਿ :

**ਅੰਤ ਮਰੈ ਪਛੁਤਾਇ ਪ੍ਰਿਥੀ ਪਰ ਜੇ ਜਗ ਮੈ ਅਵਤਾਰ ਕਹਾਏ ॥**
**ਰੇ ਮਨ ਲੈਲ ਇਕੇਲ ਹੀ ਕਾਲ ਕੇ ਲਾਗਤ ਕਾਹੇ ਨ ਪਾਇਨ ਧਾਏ ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੫)*

ਇਸ ਪ੍ਰਕਾਰ ਸਾਰਿਆਂ ਨੂੰ ਜਾਣਾ ਪੈਂਦਾ ਹੈ।

**ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥** *(ਵਾਰ ਆਸਾ ਮਹਲਾ ੧, ਅੰਗ ੪੭੪)*
**ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥** *(ਤੁਖਾਰੀ ਮ: ੧, ਅੰਗ ੧੧੧੦)*

## ਕੋਈ ਕੋਈ ਸਾਜਣੁ; ਆਇ ਕਹੈ ॥ ਮਿਲੁ ਮੇਰੇ ਬੀਠੁਲਾ; ਲੈ ਬਾਹੜੀ ਵਲਾਇ ॥

ਕੋਈ ਕੋਈ ਵੈਰਾਗ ਵਾਲਾ ਸਾਜਣੁ = ਸੱਜਣ ਹੀ ਸੰਸਾਰ ਵਿਚ ਆਇ = ਆ ਕੇ ਇਹ ਕਹੈ = ਕਹਿੰਦਾ ਹੈ। ਕਿ :

---

੧. *ਨੋਟ :* ਇਕ 'ਧਾੜ' ਅਤੇ ਇਕ 'ਪੇੜਾ' ਹੁੰਦਾ ਹੈ, 'ਧਾੜ' ਬਹੁਤਿਆਂ ਪੁਰਖਾਂ ਦੀ ਅਤੇ 'ਪੇੜਾ' ਚਾਰ ਪੁਰਖਾਂ ਦਾ ਹੁੰਦਾ ਹੈ, ਇਸ ਤਰਫ਼ ਇਹ ਚਾਰ ਪੁਰਖ ਹਨ : ਅਜਰਾਈਲ, ਇਸਰਾਫ਼ੀਲ, ਮੀਕਾਇਲ, ਜਿਬਰਾਈਲ।

ਹੇ ਮੇਰੇ ਬੀਠੁਲਾ[੧] = ਪਰਮੇਸ਼ਰ ਜੀ ! ਮੈਨੂੰ ਮਿਲੁ = ਮਿਲਣਾ ਕਰ ਅਤੇ ਆਪਣੀਆਂ ਬਾਹੜੀ = ਬਾਹਾਂ ਵਿਚ ਲੈ ਕੇ ਮਾਇਆ ਦੇ ਮੋਹ ਵਿੱਚੋਂ ਵਲਾਇ = ਕੱਢਣਾ ਕਰ **ਵਾ:** ਬਾਹਵਾ ਵਲਾਇ = ਵਲ ਕਰ ਕੇ ਭਾਵ ਗਲਵੱਕੜੀ ਪਾ ਕੇ ਜਮਾਂ ਤੋਂ ਬਚਾ ਲੈਣਾ ਕਰ **ਅਥਵਾ** ਕੋਈ ਕੋਈ ਪਰਮੇਸ਼ਰ ਦਾ ਪਿਆਰਾ ਸੱਜਣ ਮੈਨੂੰ ਆਇ = ਆ ਕੇ ਕਹੈ = ਕਹਿੰਦਾ ਹੈ ਕਿ ਇਸ ਪ੍ਰਕਾਰ ਬੇਨਤੀ ਕਰ।

ਹੇ ਮੇਰੇ ਬੀਠੁਲਾ = ਪਰਮੇਸ਼ਰ ! ਮੇਰੀ ਬਿਰਤੀ, ਬੁੱਧੀ ਰੂਪੀ ਦੋਵੇਂ ਬਾਹਾਂ ਨੂੰ ਆਪਣੀ ਪ੍ਰੀਤ ਤੇ ਕਿਰਪਾ ਰੂਪੀ ਦੋਵੇਂ ਬਾਹਾਂ ਵਿਚ ਲੈ ਕੇ ਸੰਸਾਰ ਦੇ ਮੋਹ ਤੋਂ ਵਲਾਇ = ਕੱਢ ਲੈਣਾ ਕਰ **ਵਾ:** ਆਪਣੀ ਕ੍ਰਿਪਾ ਰੂਪੀ ਭੁਜਾ ਵਲ ਕੇ ਪ੍ਰੀਤ ਰੂਪੀ ਗਲਵੱਕੜੀ ਪਾ ਕੇ ਮਿਲਣਾ ਕਰ।

## ਮਿਲੁ ਮੇਰੇ ਰਮਈਆ; ਮੈ ਲੇਹਿ ਛਡਾਇ ॥੧॥ਰਹਾਉ॥

ਹੇ ਮੇਰੇ ਰਮਈਆ = ਰਮੇ ਹੋਏ ਪਰਮੇਸ਼ਰ ! ਮੈਨੂੰ ਮਿਲਣਾ ਕਰ ਅਤੇ ਮੈ = ਮੈਨੂੰ ਕ੍ਰਿਪਾ ਕਰਕੇ ਸੰਸਾਰ ਦੇ ਜੰਜਾਲਾਂ ਤੋਂ ਛਡਾਇ = ਛੁਡਾ ਲੇਹਿ = ਲੈਣਾ ਕਰ ॥੧॥ਰਹਾਉ॥

## ਅਨਿਕ ਅਨਿਕ, ਭੋਗ ਰਾਜ ਬਿਸਰੇ ਪ੍ਰਾਣੀ; ਸੰਸਾਰ ਸਾਗਰ ਪੈ ਅਮਰੁ ਭਇਆ ॥

ਹੇ ਪ੍ਰਾਣੀ = ਪੁਰਖ ! ਜਿਵੇਂ ਅਨਿਕ ਅਨਿਕ = ਬੇਅੰਤ ਹੀ ਬੇਅੰਤ ਪਦਾਰਥਾਂ ਦੇ ਭੋਗਾਂ ਅਤੇ ਰਾਜ ਭਾਗ ਵਿਚ ਲੱਗ ਕੇ ਜੀਵ ਪਰਮੇਸ਼ਰ ਤੋਂ ਬਿਸਰੇ = ਭੁੱਲੇ ਹੋਏ ਹਨ ਉਨ੍ਹਾਂ ਦੀ ਤਰ੍ਹਾਂ ਤੂੰ ਵੀ ਸੰਸਾਰ ਸਾਗਰ = ਸਮੁੰਦਰ ਵਿਚ ਪੈ ਕੇ ਆਪਣੇ ਆਪ ਨੂੰ ਅਮਰ ਭਇਆ = ਹੋਇਆ ਮੰਨੀ ਬੈਠਾ ਹੈਂ ਭਾਵ ਆਪਣੇ ਆਪ ਨੂੰ ਸਦੀਵ ਜਿਉਂਦਾ ਸਮਝੀ ਬੈਠਾ ਹੈਂ।

## ਮਾਇਆ ਮੂਠਾ ਚੇਤਸਿ ਨਾਹੀ; ਜਨਮੁ ਗਵਾਇਓ ਆਲਸੀਆ ॥੨॥

ਮਾਇਆ ਦੇ ਮੋਹ ਦਾ ਮੂਠਾ = ਲੁੱਟਿਆ ਹੋਇਆ ਤੂੰ ਪਰਮੇਸ਼ਰ ਨੂੰ ਚੇਤਸਿ = ਚੇਤੇ ਨਹੀਂ ਕਰਦਾ, ਇਸ ਕਰਕੇ ਹੇ ਆਲਸੀਆ = ਦਲਿੱਦਰੀਆਂ ! ਤੂੰ ਪਰਮੇਸ਼ਰ ਦੇ ਭਜਨ ਤੋਂ ਬਗ਼ੈਰ ਆਪਣਾ ਅਮੋਲਕ ਮਨੁੱਖਾ ਜਨਮ ਬੇਅਰਥ ਹੀ ਗਵਾਇਓ = ਗਵਾ ਰਿਹਾ ਹੈਂ ਭਾਵ ਹਰੀ ਵਾਹਿਗੁਰੂ ਦੇ ਸਿਮਰਨ ਨੂੰ ਵਿਸਾਰ ਕੇ ਝੂਠੇ ਧੰਦਿਆਂ ਵਿਚ ਪਰਚਿਆ ਹੋਇਆ ਹੈਂ। ਜੈਸਾ ਕਿ :

**ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥** *(ਭੈਰਉ ਮ: ੫, ਅੰਗ ੧੧੪੩)*

ਹਰੀ ਪਰਮੇਸ਼ਰ ਦੇ ਸਿਮਰਨ ਵੇਲੇ ਇਸ ਜੀਵ ਦੇ ਸਿਰ ਉੱਤੇ ਆਲਸ ਰੂਪੀ ਬੱਜਰ ਪੈਂਦਾ ਹੈ। ਸਿਰ ਦੀ ਸੱਟ ਨਾਜ਼ੁਕ ਹੋਣ ਕਰਕੇ ਕਿਸੇ ਲੱਕੜ ਜਾਂ ਪੱਥਰ ਲੱਗਣ ਨਾਲ ਵੀ ਬੰਦਾ ਬੇਹੋਸ਼ ਹੋ ਜਾਂਦਾ ਹੈ। ਪਰੰਤੂ ਜੇਕਰ ਕਿਸੇ ਨੂੰ ਇੰਦਰ ਦਾ ਬਣਿਆ ਹੋਇਆ ਸ਼ਸਤਰ ਜੋ ਸੱਤਾਂ ਧਾਤਾਂ ਦਾ ਹੈ, ਉਸ ਦਾ ਨਾਮ ਬੱਜਰ ਸ਼ਸਤਰ ਹੈ, ਕਿਸੇ ਦੇ ਸਿਰ ਵਿਚ ਵੱਜ ਜਾਵੇ ਤਾਂ ਹੋਸ਼ ਕਾਇਮ ਨਹੀਂ ਰਹਿ ਸਕਦੀ। ਇਸੇ ਤਰ੍ਹਾਂ ਜਦੋਂ ਆਲਸ **ਵਾ:** ਦਲਿੱਦਰ ਦਾ ਬੱਜਰ ਕਿਸੇ ਦੇ ਸਿਰ ਉੱਤੇ ਲੱਗਦਾ ਹੈ ਤਾਂ ਉਸ ਦੀ ਸੋਚ ਕੰਮ ਕਰਨ ਤੋਂ ਹਟ ਜਾਂਦੀ ਹੈ।

---

੧. ਜਿਸ ਵੇਲੇ ਦੱਖਣ ਦੇਸ਼ ਵੱਲ ਭਗਤ ਪੁੰਡਰੀਕ ਜੀ ਨੂੰ ਭਗਤੀ ਕਰਦਿਆਂ ਭਗਵਾਨ ਨੇ ਸਰਗੁਣ ਸਰੂਪ ਧਾਰ ਕੇ ਦਰਸ਼ਨ ਦੇਣਾ ਕੀਤੇ ਸਨ ਤਾਂ ਉਸ ਵੇਲੇ ਭਗਤ ਜੀ ਨੇ ਭਗਵਾਨ ਨੂੰ ਬੈਠਣ ਵਾਸਤੇ ਇੱਟ ਦਾ ਆਸਣ ਦਿੱਤਾ ਸੀ, ਇੱਟ 'ਤੇ ਬੈਠਣ ਕਰਕੇ ਬੀਠਲ ਨਾਮ ਪੈ ਗਿਆ (ਮਰਾਠੀ ਭਾਸ਼ਾ ਵਿਚ ਇੱਟ ਨੂੰ ਵੀਟ ਕਹਿੰਦੇ ਹਨ)

ਮਰਾਠੀ ਭਾਸ਼ਾ ਵਿਚ 'ਵਿੱਠਲ' ਸ਼ਬਦ ਦੇ ਅਰਥ ਇਉਂ ਕਰਦੇ ਹਨ (ਵਿ + ਠ + ਲ) ਵਿ = ਗਿਆਨ, ਠ = ਬਿਨਾ, ਲ = ਅੰਗੀਕਾਰ, ਭਾਵ ਜੋ ਗਿਆਨਹੀਨ, ਮਹਾਂਮੂਰਖਾਂ ਨੂੰ ਅੰਗੀਕਾਰ ਕਰੇ ਉਹ ਵਿਠਲ ਹੈ, ਸੰਪ੍ਰਦਾਈ ਅਰਥ ਇਸ ਤਰ੍ਹਾਂ ਵੀ ਕਰਦੇ ਹਨ ਬੀਠੁਲਾ (ਬੀ + ਠੁ + ਲਾ) ਬੀ = ਉਤਪਤੀ, ਠੁ = ਇਸਥਿਤੀ, ਲਾ = ਲੈਤਾ ਭਾਵ ਜੋ ਉਤਪਤੀ, ਪਾਲਣਾ, ਲੈਤਾ ਕਰਨ ਵਾਲਾ ਪਰਮੇਸ਼ਰ ਹੈ ਉਸ ਨੂੰ ਬੀਠੁਲ ਕਹਿੰਦੇ ਹਨ।

ਇਸ ਕਰਕੇ ਕਿਹਾ ਹੈ ਕਿ ਪਰਮੇਸ਼ਰ ਦੇ ਸਿਮਰਨ ਵੇਲੇ ਤੇਰੇ ਸਿਰ ਉੱਤੇ ਆਲਸ ਦਾ ਬੱਜਰ ਪੈ ਜਾਂਦਾ ਹੈ। ਜੈਸਾ ਕਿ :

**ਬੁਰੇ ਕਾਮ ਕਉ ਊਠਿ ਖਲੋਇਆ॥ ਨਾਮ ਕੀ ਬੇਲਾ ਪੈ ਪੈ ਸੋਇਆ॥** *(ਸੂਹੀ ਮ: ੫ ਘਰੁ ੩, ਅੰਗ ੭੩੮)*

ਐਸਾ ਨਹੀਂ ਸਮਝਦਾ ਕਿ ਕਿਸ ਸਮੇਂ ਮੌਤ ਨੇ ਘੇਰਾ ਪਾ ਲੈਣਾ ਹੈ। ਇਸ ਪ੍ਰਕਾਰ ਦਲਿੱਦਰ ਦੇ ਸਹਿਤ ਆਪਣਾ ਜਨਮ ਬੇਅਰਥ ਹੀ ਗਵਾ ਰਿਹਾ ਹੈਂ॥੨॥

## ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ; ਰਵਿ ਸਸਿ ਤਹ ਨ ਪ੍ਰਵੇਸੰ॥

ਹੇ ਪ੍ਰਾਣੀ = ਪ੍ਰਾਣਾਂਧਾਰੀ ਜੀਵ ! ਇਕ ਦਿਨ ਤੂੰ ਬਿਖਮੁ = ਕਠਨ ਤੇ ਘੋਰ = ਭਿਆਨਕ ਪ੍ਰਲੋਕ ਦੇ ਪੰਥਿ = ਰਸਤੇ ਨੂੰ ਜਮਾਂ ਦੇ ਨਾਲ ਚਾਲਣਾ = ਚੱਲਣਾ ਹੈ, ਤਹ = ਉਥੇ ਰਵਿ = ਸੂਰਜ ਤੇ ਸਸਿ = ਚੰਦਰਮਾ ਦਾ ਪ੍ਰਵੇਸੰ = ਪ੍ਰਵੇਸ਼ ਨਹੀਂ ਹੈਂ ਭਾਵ ਉਥੇ ਚੰਦ ਸੂਰਜ ਆਦਿ ਦੀ ਰੋਸ਼ਨੀ ਨਹੀਂ ਹੈ ਕੇਵਲ ਹਨ੍ਹੇਰਾ ਹੀ ਹਨ੍ਹੇਰਾ ਹੈ। ਜੈਸਾ ਕਿ :

**ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ॥** *(ਵਡਹੰਸੁ ਮ: ੩, ਅੰਗ ੫੮੪)*

ਪ੍ਰਲੋਕ ਦੇ ਰਸਤੇ ਵਿਚ ਉੱਚੇ ਨੀਵੇਂ ਸਿਰਧਾਰ ਪਹਾੜ ਹਨ। ਦਸ ਹਜ਼ਾਰ ਬੇੜੀਆਂ ਵਿਚ ਅੱਗ ਹੀ ਅੱਗ ਬਲ ਰਹੀ ਹੈ, ਜਿਸ ਵਿਚ ਧੂਹ ਕੇ ਜਮਾਂ ਨੇ ਤੈਨੂੰ ਲੈ ਜਾਣਾ ਹੈ। ਜੈਸਾ ਕਿ :

**ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥** *(ਮਾਰੂ ਮ: ੧, ਅੰਗ ੧੦੨੮)*

ਉਹ ਰਸਤਾ ਐਸਾ ਕਠਿਨ ਹੈ ਕਿ ਉਹ ਖੰਡੇ ਦੀ ਧਾਰ ਵਾਂਗ ਅਤਿਅੰਤ ਖ਼ਤਰਨਾਕ ਹੈ। ਇਸ ਪ੍ਰਕਾਰ ਤੈਨੂੰ ਨਰਕਾਂ ਵਿਚ ਪਾਇਆ ਜਾਵੇਗਾ। ਪੁਰਾਣਾਂ ਵਿਚ ਐਸਾ ਲਿਖਿਆ ਹੈ ਕਿ ਇਸ ਦਾ ਮਾਰਗ ਮਾਤ ਲੋਕ ਤੋਂ ੮੮ ਹਜ਼ਾਰ ਜੋਜਨ ਦੀ ਦੂਰੀ 'ਤੇ ਹੈ।[੧] ਗਰੁੜ ਪੁਰਾਣ ਵਿਚ ਐਸਾ ਲਿਖਿਆ ਕਿ ਜੀਵ ਨੂੰ ਇਕ ਸਾਲ ਦੇ ਸਮੇਂ ਤੱਕ ਉਥੇ ਪਹੁੰਚਾਇਆ ਜਾਂਦਾ ਹੈ। ਪਰੰਤੂ ਗੁਰਮਤਿ ਵਿਚ ਐਸਾ ਕਥਨ ਹੈ ਕਿ ਉਸ ਦੇ ਦਰ ਦੀਆਂ ਕੋਹਾਂ ਗਿਣੀਆਂ ਨਹੀਂ ਜਾ ਸਕਦੀਆਂ। ਜੈਸਾ ਕਿ :

**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥** *(ਗਉੜੀ ਸੁਖਮਨੀ ਮ: ੫, ਅੰਗ ੨੬੪)*

## ਮਾਇਆ ਮੋਹੁ ਤਬ ਬਿਸਰਿ ਗਇਆ; ਜਾਂ ਤਜੀਅਲੇ ਸੰਸਾਰੰ॥੩॥

ਜਾਂ = ਜਦੋਂ ਤੂੰ ਸੰਸਾਰੰ = ਜਗਤ ਨੂੰ ਤਜੀਅਲੇ = ਛੱਡ ਕੇ ਜਾਵੇਂਗਾ ਤਬ = ਤਦੋਂ ਸਰੀਰ ਦੁਆਰਾ ਪਿਆ ਹੋਇਆ ਮਾਇਆ ਦਾ ਮੋਹ ਬਿਸਰਿ = ਭੁੱਲ ਗਇਆ = ਜਾਵੇਂਗਾ॥੩॥

ਜਿਸ ਤਰ੍ਹਾਂ ਕਿਸੇ ਪਰਿਵਾਰ ਦਾ ਕੋਈ ਲੜਕਾ ਕੋਈ ਗੁਨਾਹ ਕਰ ਦੇਵੇ ਤਾਂ ਉਸ ਨੂੰ ਪੰਚਾਇਤ ਵਿਚ ਲਿਜਾਇਆ ਜਾਂਦਾ ਹੈ। ਉਥੇ ਇਸ ਤਰ੍ਹਾਂ ਕਹਿੰਦੇ ਹਨ ਕਿ ਹੁਣ ਸਾਨੂੰ ਪਤਾ ਲੱਗ ਗਿਆ ਹੈ ਕਿ ਤੂੰ ਹੁਣ ਜੇਲ੍ਹ ਯਾਤਰਾ ਜ਼ਰੂਰ ਕਰੇਂਗਾ ਭਾਵ ਕੈਦਖ਼ਾਨੇ ਵਿਚ ਜਾਏਂਗਾ। ਇਸ ਪ੍ਰਕਾਰ ਭਗਤ ਜੀ ਇਥੇ ਮਾਇਕੀ ਪਦਾਰਥਾਂ ਵਿਚ ਖੱਚਤ ਜੀਵ ਨੂੰ, ਜਿਸ ਨੇ ਪਰਮਾਤਮਾ ਦਾ ਨਾਮ ਭੁਲਾ ਦਿੱਤਾ ਹੈ, ਉਸ ਜੀਵ ਵੱਲ ਵੇਖ ਕੇ ਕਹਿੰਦੇ ਹਨ; ਕਿ

## ਆਜੁ ਮੇਰੈ ਮਨਿ, ਪ੍ਰਗਟੁ ਭਇਆ ਹੈ; ਪੇਖੀਅਲੇ ਧਰਮਰਾਓ॥

ਆਜੁ = ਅੱਜ ਮੇਰੇ ਮਨ ਵਿਚ ਇਹ ਖਿਆਲ ਪ੍ਰਗਟੁ = ਪ੍ਰਤੱਖ ਭਇਆ = ਹੋਇਆ ਹੈ ਕਿ ਐਸੇ ਜੀਵ ਧਰਮਰਾਜ ਨੂੰ ਪੇਖੀਅਲੇ = ਦੇਖਣਾ ਪਾਉਣਗੇ ਭਾਵ ਉਨ੍ਹਾਂ ਨੂੰ ਨਰਕਾਂ ਰੂਪੀ ਜੇਲ੍ਹਖ਼ਾਨੇ ਵਿਚ ਜਾਣਾ ਪਵੇਗਾ।

---

੧. ਸਹਸ ਅਠਾਸੀ ਜੋਜਨ ਭੂਰੀ। ਮ੍ਰਿਤ ਲੋਕ ਤੇ ਜਮਪੁਰ ਦੂਰੀ।
ਆਠ ਹੈ ਠੌਰ ਮਗ ਮੈ ਭਾਰੀ। ਘੋਰਿ ਕਸ਼ਟ ਪਾਵਹਿ ਨਰ ਨਾਰੀ। *(ਗਰੁੜ ਪੁਰਾਣ)*

## ਤਹ ਕਰ ਦਲ ਕਰਨਿ, ਮਹਾ ਬਲੀ; ਤਿਨ ਆਗਲੜੈਮੈ ਰਹਣੁ ਨ ਜਾਇ ॥੪॥

(**ਆਗਲੜੈ-ਮੈ** ਬੋਲੋ)

ਤਹ = ਉਥੇ ਧਰਮਰਾਜੇ ਦੀ ਸਭਾ ਵਿਚ ਜਮਦੂਤ ਮਹਾ = ਵੱਡੇ ਵੱਡੇ ਬਲੀ = ਬਲ ਵਾਲਿਆਂ ਨੂੰ ਆਪਣੇ ਕਰ = ਹੱਥਾਂ ਦੇ ਨਾਲ ਹੀ ਦਲ = ਦਲਨਾ ਕਰਨਿ = ਕਰਦੇ ਹਨ **ਵਾ:** ਕਰਨ ਵਰਗੇ ਮਹਾਬਲੀਆਂ ਨੂੰ ਵੀ ਉਥੇ ਜਮਦੂਤ ਆਪਣੇ ਹੱਥਾਂ ਨਾਲ ਦਲ ਦਿੰਦੇ ਹਨ **ਵਾ:** ਉਥੇ ਧਰਮਰਾਜੇ ਦੀ ਸਭਾ ਵਿਚ ਜਮਦੂਤ ਕਰ = ਹਾਥੀਆਂ ਦੇ ਦਲ ਵਾਲੇ ਮਹਾਬਲੀ ਰਾਵਣ ਵਰਗਿਆਂ ਨੂੰ ਵੀ ਦਲ ਦਿੰਦੇ ਹਨ, ਤਿਨ = ਤਿਨ੍ਹਾਂ ਜਮਦੂਤਾਂ ਦੇ ਆਗਲੜੈ = ਅਗਰ ਭਾਗ ਮੈ = ਵਿਚ ਅਰਥਾਤ ਸਾਹਮਣੇ ਕਿਸੇ ਕੋਲੋਂ ਵੀ ਰਹਣੁ = ਰਿਹਾ ਨ = ਨਹੀਂ ਜਾਇ = ਜਾਂਦਾ ॥੪॥

## ਜੇ ਕੋ ਮੂੰ ਉਪਦੇਸੁ ਕਰਤੁ ਹੈ; ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥

ਭਗਤ ਤ੍ਰਿਲੋਚਨ ਜੀ ਕਥਨ ਕਰਦੇ ਹਨ ਕਿ ਜੇ = ਜੇਕਰ ਕੋ = ਕੋਈ ਮੂੰ = ਮੈਨੂੰ ਉਪਦੇਸ਼ ਕਰਤੁ = ਕਰਨਾ ਚਾਹੁੰਦਾ ਹੈ ਤਾਂ ਉਸ ਨਾਰਾਇਣਾ = ਪਰਮੇਸ਼ਰ ਦੇ ਨਾਮ ਦਾ ਉਪਦੇਸ਼ ਦੇਣਾ ਕਰੇ ਜੋ ਵਣਿ = ਜੰਗਲਾਂ ਤੇ ਤ੍ਰਿਣਿ = ਘਾਹ **ਵਾ:** ਵਣ ਦੀ ਨਿਆਈਂ ਸਰੀਰਾਂ ਤੇ ਘਾਹ ਦੀ ਨਿਆਈਂ ਇੰਦਰੀਆਂ ਆਦਿ ਸਭ ਵਿਚ ਚੇਤਨ ਸੱਤਾ ਰੂਪ ਹੋ ਕੇ ਰਤੜਾ = ਰੰਗਿਆ ਭਾਵ ਮਿਲਿਆ ਹੋਇਆ ਹੈਂ। ਅੱਗੇ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦੇ ਹਨ।

## ਐ ਜੀ, ਤੂੰ ਆਪੇ ਸਭ ਕਿਛੁ ਜਾਣਦਾ; ਬਦਤਿ ਤ੍ਰਿਲੋਚਨੁ ਰਾਮਈਆ ॥੫॥੨॥

ਭਗਤ ਤ੍ਰਿਲੋਚਨ ਜੀ ਬਦਤਿ = ਕਥਨ ਕਰਦੇ ਹਨ ਕਿ ਐ = ਹੇ ਰਾਮਈਆ = ਰਮੇ ਹੋਏ ਸਰਬੱਗ ਪਰਮੇਸ਼ਰ ਜੀ! ਤੂੰ ਆਪ ਹੀ ਸਭ ਕਿਛੁ = ਕੁਝ ਜਾਣਦਾ = ਹੈਂ ॥੫॥੨॥

ਇਥੇ ਸਤਿਗੁਰਾਂ ਨੇ ਪ੍ਰਕਰਣ ਅਨੁਸਾਰ ਵੈਰਾਗਮਈ ਸ਼ਬਦ ਦਾ ਪ੍ਰਕਰਣ ਮੇਲਣ ਵਾਸਤੇ ਭਗਤ ਤ੍ਰਿਲੋਚਨ ਜੀ ਦਾ ਸ਼ਬਦ ਦਰਜ ਕੀਤਾ ਹੈ ਤੇ ਅੱਗੇ ਹੁਣ ਫੇਰ ਭਗਤ ਕਬੀਰ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ ਲਿਖਵਾਉਂਦੇ ਹਨ।

## ਸ੍ਰੀਰਾਗੁ ਭਗਤ ਕਬੀਰ ਜੀਉ ਕਾ ॥[1]

**ਉਥਾਨਕਾ :** ਕਬੀਰ ਸਾਹਿਬ ਜੀ ਕਾਂਸ਼ੀ ਵਿਚ ਨਿਵਾਸ ਕਰ ਰਹੇ ਸਨ। ਉਥੇ ਇਕ ਪੰਡਤ ਸਭਾ-ਜਿੱਤ

---

੧. ਜੇਕਰ ਕੋਈ ਸ਼ੰਕਾਵਾਦੀ ਸ਼ੰਕਾ ਕਰੇ ਕਿ ਕਬੀਰ ਜੀ ਦੇ ਪਹਿਲੇ ਸ਼ਬਦ 'ਜਨਨੀ ਜਾਨਤ ਸੁਤੁ ਬਡਾ ਹੋਤੁ ਹੈ' ਤੋਂ ਬਾਅਦ ਭਗਤ ਤ੍ਰਿਲੋਚਨ ਜੀ ਦਾ ਸ਼ਬਦ 'ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ' ਵਾਲਾ ਵਿਚਕਾਰ ਅਤੇ ਇਸ ਤੋਂ ਬਾਅਦ ਹੁਣ ਇਕ ਹੋਰ ਭਗਤ ਕਬੀਰ ਜੀ ਦਾ ਸ਼ਬਦ ਲਿਖਿਆ ਹੈ। ਐਸਾ ਕਿਉਂ ? ਪਹਿਲੀ ਗੱਲ ਕਿ ਗੁਰੂ ਦੇ ਕੀਤੇ 'ਤੇ ਸਿੱਖ ਨੂੰ ਸ਼ੰਕਾ ਨਹੀਂ ਹੋਣੀ ਚਾਹੀਦੀ ਕਿਉਂਕਿ ਸ਼ੰਕਾ ਕਰਨ ਨਾਲ ਭਾਵਨਾ ਖ਼ਤਮ ਹੋ ਜਾਂਦੀ ਹੈ। ਇਸ ਕਰਕੇ ਸਿੱਖ ਸ਼ੰਕਾ ਕਰਨ ਵਿਚ ਵਿਸ਼ਵਾਸ ਨਹੀਂ ਕਰਦਾ। ਜੋ ਸ਼ੰਕਾ ਕਰਦੇ ਹਨ, ਉਨ੍ਹਾਂ ਦਾ ਗੁਰੂ ਉੱਤੇ ਵਿਸ਼ਵਾਸ ਨਹੀਂ ਹੈ। ਸਮਝਣ ਵਾਸਤੇ ਕੀਤੀ ਹੋਈ ਸ਼ੰਕਾ ਦਾ ਕੋਈ ਨੁਕਸਾਨ ਨਹੀਂ ਹੈ ਪਰੰਤੂ ਜਦੋਂ ਨਾਸਤਕ ਬੰਦੇ ਗੁਰਸਿੱਖਾਂ ਨੂੰ ਗੁਮਰਾਹ ਕਰਕੇ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਥੇ ਗੁਰਮਤ ਦੇ ਸਿਧਾਂਤ ਦਾ ਕਤਲ ਹੋ ਜਾਂਦਾ ਹੈ। ਅਜਿਹਾ ਸ਼ੰਕਾਵਾਦੀ ਇਕ ਜੀਵਨ ਸਿੰਘ ਨਾਮ ਦਾ ਹੋਇਆ ਹੈ, ਜਿਸ ਨੇ ਗੁਰੂ ਸਾਹਿਬਾਂ ਦੇ ਸਰੂਪਾਂ ਵਿਚ ਬਾਣੀ ਦੀ ਤਰਤੀਬ 'ਤੇ ਸ਼ੰਕਾ ਕੀਤੀ। ਉਸ ਨੇ ਲਿਖਿਆ ਹੈ ਕਿ ਸਿਰੀਰਾਗੁ ਵਿਚ ਕਬੀਰ ਜੀ ਦਾ ਦੂਜਾ ਸ਼ਬਦ ਨਾਲ ਹੀ ਕਿਉਂ ਨਹੀਂ ਲਿਖਿਆ ? ਇਹ ਲਿਖਾਰੀ ਦੀ ਗ਼ਲਤੀ ਹੈ ਕਿ ਵਿਚਕਾਰ ਭਗਤ ਤ੍ਰਿਲੋਚਨ ਦਾ ਸ਼ਬਦ ਲਿਖ ਦਿੱਤਾ। ਅੱਗੇ ਪਿੱਛੇ ਦੋਵੇਂ ਸ਼ਬਦ ਭਗਤ ਕਬੀਰ ਜੀ ਦੇ ਹਨ। ਇਹ ਸ਼ੰਕਾਵਾਦੀ ਪੁਰਸ਼ ਆਪਣੀ ਅਕਲ ਨੂੰ ਭਾਈ ਗੁਰਦਾਸ ਜੀ, ਜੋ ਗੁਰੂ ਅਰਜਨ ਦੇਵ ਜੀ ਦੇ ਲਿਖਾਰੀ ਸਨ, ਜਿਨ੍ਹਾਂ ਨੇ ਕਰਤਾਰਪੁਰ ਵਾਲੀ ਬੀੜ ਲਿਖਣ ਦੀ ਸੇਵਾ ਨਿਭਾਈ ਅਤੇ ਭਾਈ ਮਨੀ ਸਿੰਘ ਜੀ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਸਨ, ਜਿਨ੍ਹਾਂ ਨੇ ਦਮਦਮੀ ਬੀੜ ਲਿਖਣ ਦੀ ਸੇਵਾ ਨਿਭਾਈ ☛

ਬੜਾ ਵਿਦਵਾਨ ਸੀ। ਉਹ ਕਹਿਣ ਲੱਗਾ ਕਿ ਮੇਰੇ ਨਾਲ ਕੋਈ ਚਰਚਾ ਕਰੇ। ਜੇਕਰ ਮੈਂ ਜਿੱਤ ਗਿਆ ਤਾਂ ਸਮਝਣਾ ਕਿ ਕਾਂਸ਼ੀ ਹਾਰ ਗਈ। ਜੇਕਰ ਮੇਰੇ ਨਾਲ ਚਰਚਾ ਕਰਨ ਵਾਲਾ ਜਿੱਤ ਗਿਆ ਤਾਂ ਮੈਂ ਸਮਝਾਂਗਾ ਕਿ ਸਾਰੀ ਦੁਨੀਆਂ ਵਿਚ ਮੈਂ ਹਾਰ ਗਿਆ। ਪੰਡਤਾਂ ਨੇ ਸਲਾਹ ਕੀਤੀ ਕਿ ਇਸ ਨੂੰ ਕਬੀਰ ਜੀ ਕੋਲ ਲੈ ਕੇ ਚੱਲਦੇ ਹਾਂ। ਜੇਕਰ ਕਬੀਰ ਹਾਰ ਗਿਆ ਤਾਂ ਕਹਾਂਗੇ, ਕਬੀਰ, ਤੂੰ ਪੰਡਤ ਕੋਲੋਂ ਹਾਰ ਗਿਆ ਸੀ ਤੇ ਪੰਡਤ ਨੂੰ ਕਹਾਂਗੇ ਕਿ ਜੇ ਤੂੰ ਜੁਲਾਹੇ ਨੂੰ ਹਰਾ ਦਿੱਤਾ ਤਾਂ ਇਹ ਤੇਰੀ ਕਿਹੜੀ ਜਿੱਤ ਹੈ। ਜੇਕਰ ਕਬੀਰ ਜਿੱਤ ਗਿਆ ਤਾਂ ਸਾਡੀ ਸਾਰੀ ਕਾਂਸ਼ੀ ਦੀ ਜਿੱਤ ਹੈ। ਐਸੇ ਖ਼ਿਆਲ ਨਾਲ ਇਸ ਪੰਡਤ ਨੂੰ ਲੈ ਕੇ ਕਬੀਰ ਸਾਹਿਬ ਜੀ ਪਾਸ ਆਏ। ਕਬੀਰ ਸਾਹਿਬ ਜੁਲਾਹੇ ਦਾ ਕੰਮ ਕਰਦੇ ਸਨ। ਭਗਤ ਕਬੀਰ ਜੀ ਨੂੰ ਵੇਖ ਕੇ ਮਨ ਵਿਚ ਸੋਚਣ ਲੱਗਾ ਕਿ ਇਹ ਤਾਂ ਤਾਣੀ ਬੁਣਨ ਵਾਲਾ ਜੁਲਾਹਾ ਸ਼ੂਦਰ ਹੈ। ਇਸ ਨੇ ਮੇਰੇ ਪ੍ਰਸ਼ਨਾਂ ਦਾ ਕੀ ਉੱਤਰ ਦੇਣਾ ਹੈ ? ਉਹ ਕਹਿਣ ਲੱਗਾ ਕਿ ਮੈਂ ਛੋਟਾ ਪ੍ਰਸ਼ਨ ਹੀ ਕਰਦਾ ਹਾਂ। ਉਹ ਪੁੱਛਣ ਲੱਗਾ ਕਿ ਮਾਇਆ ਦਾ ਸਰੂਪ ਕੀ ਹੈ ? ਭਗਤ ਜੀ ਨੇ ਤਰਕ ਨਹੀਂ ਕੀਤੀ ਅਤੇ ਉਸ ਨੂੰ ਆਖਣ ਲੱਗੇ ਕਿ ਧਿਆਨ ਦੇ ਕੇ ਸੁਣ :

## ਅਚਰਜ ਏਕੁ ਸੁਨਹੁ ਰੇ ਪੰਡੀਆ; ਅਬ ਕਿਛੁ ਕਹਨੁ ਨ ਜਾਈ ॥

ਹੇ ਵੇਦਾਂ ਸ਼ਾਸਤਰਾਂ ਦੇ ਅਧਿਐਨ ਕਰਨ ਦੀਆਂ ਹੰਕਾਰ ਰੂਪ ਪੰਡਾਂ ਚੁੱਕਣ ਵਾਲੇ ਪੰਡੀਆ = ਪੰਡਤ **ਵਾ**: ਤੀਖਸ਼ਨ ਬੁੱਧੀ ਦੇ ਮਾਲਕ ਪੰਡੀਆ = ਪੰਡਤ ! ਸੁਨਹੁ = ਸੁਨਣਾ ਕਰ, ਮਾਇਆ ਦਾ ਅਸਚਰਜ ਰੂਪ ਹੈ। ਅਬ = ਹੁਣ ਇਸ ਕਾਲ ਵਿਚ ਮਾਇਆ ਦਾ ਸਤ ਅਸੱਤ ਰੂਪ ਕਰਕੇ ਕਿਛੁ = ਕੁਝ ਵੀ ਕਹਨੁ = ਕਥਨ ਨ = ਨਹੀਂ ਕੀਤਾ ਜਾਈ = ਜਾ ਸਕਦਾ।

ਭਾਵ ਅਸਚਰਜ ਰੂਪ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਗਿਆਨ ਹੋਣ ਤੋਂ ਪਦਾਰਥ ਨਾਸ ਹੋ ਜਾਵੇ। ਇਕ ਪਦਾਰਥ ਐਸਾ ਹੁੰਦਾ ਹੈ ਕਿ ਗਿਆਨ ਹੋਣ ਤੋਂ ਜਿਸ ਦੀ ਸਾਖਿਆਤਤਾ ਹੋਵੇ ਅਤੇ ਪਹਿਲਾ ਭਰਮ ਚੁੱਕਿਆ ਜਾਵੇ, ਉਹ ਬ੍ਰਹਮ ਹੈ। ਇਸ ਪ੍ਰਕਾਰ ਪਰਮੇਸ਼ਰ ਦਾ ਵਿਸਮਾਦ ਰੂਪ, ਅਸਚਰਜ ਰੂਪ ਹੈ ਤੇ ਮਾਇਆ ਸ਼ਾਂਤ ਅਨਾਦੀ ਹੈ, ਗਿਆਨ ਕਰਕੇ ਸ਼ਾਂਤ ਹੋ ਜਾਂਦੀ ਹੈ ਤੇ ਅਗਿਆਨੀ ਦੇ ਅੰਦਰ ਅਨਾਦੀ ਰਹਿੰਦੀ ਹੈ। ਇਸ ਕਰਕੇ ਮਾਇਆ ਵੀ ਅਸਚਰਜ ਰੂਪ ਹੈ, ਮਾਇਆ ਸ਼ਾਂਤ ਅਨਾਦੀ ਹੈ ਅਤੇ ਪਰਮੇਸ਼ਰ ਦਾ ਸਰੂਪ ਅਨੰਤ ਅਨਾਦੀ ਹੈ। ਉਹ ਆਦਿ ਤੋਂ ਰਹਿਤ ਹੈ। ਅਗਿਆਨੀ ਦੇ ਰਿਦੇ ਨੂੰ ਵੀ ਪ੍ਰਕਾਸ਼ ਕਰਨ ਵਾਲਾ ਹੈ ਅਤੇ ਗਿਆਨੀ ਦੇ ਹਿਰਦੇ ਨੂੰ ਵੀ ਪ੍ਰਕਾਸ਼ ਕਰਦਾ ਹੈ। ਇਸ ਕਰਕੇ ਬ੍ਰਹਮ ਅਨੰਤ ਅਨਾਦੀ ਹੈ। ਇਉਂ ਸ਼ਾਂਤ ਅਨਾਦੀ ਅਤੇ ਅਨੰਤ

---

☛ ਸੀ। ਬਾਬਾ ਦੀਪ ਸਿੰਘ ਜੀ, ਜਿਨ੍ਹਾਂ ਨੇ ਬਾਅਦ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਸਰੂਪ ਲਿਖੇ। ਇਉਂ ਗੁਰੂ ਦੀ ਹਜ਼ੂਰੀ ਵਿਚ ਗੁਰਬਾਣੀ ਲਿਖਣ ਦੀ ਸੇਵਾ ਨਿਭਾਉਣ ਵਾਲੇ ਅਤੇ ਪੰਥ ਲਈ ਬਿਨਾਂ ਧੜ ਤੋਂ ਲੜਨ ਦੀ ਕੁਰਬਾਨੀ ਕਰਨ ਵਾਲੇ ਅਤੇ ਬੰਦ ਬੰਦ ਕਟਵਾਉਣ ਵਾਲੇ ਸਿਦਕੀ ਸਿੱਖਾਂ ਤੋਂ ਆਪਣੇ ਆਪ ਨੂੰ ਸ਼ੰਕਾਵਾਦੀ ਵੱਡਾ ਮੰਨਦਾ ਹੈ। ਉਨ੍ਹਾਂ ਨੂੰ ਇਹ ਕਹਿਣਾ ਕਿ ਉਨ੍ਹਾਂ ਤੋਂ ਤਰਤੀਬ ਗ਼ਲਤ ਹੋ ਗਈ, ਇਹ ਸ਼ੰਕਾ ਅਸਿੱਧੇ ਤੌਰ 'ਤੇ ਗੁਰੂ ਸਾਹਿਬ ਜੀ 'ਤੇ ਜਾਏਗੀ। ਕਿਉਂਕਿ ਲਿਖਵਾਉਣ ਦੀ ਜ਼ਿੰਮੇਵਾਰੀ ਗੁਰੂ ਸਾਹਿਬ ਜੀ ਦੀ ਸੀ। ਭਾਵੇਂ ਉਹ ਗੁਰੂ ਅਰਜਨ ਦੇਵ ਜੀ ਸਨ ਜਾਂ ਗੁਰੂ ਗੋਬਿੰਦ ਸਿੰਘ ਜੀ, ਇਹ ਸ਼ੰਕਾਵਾਦੀ ਦੀ ਸ਼ੰਕਾ ਪੰਜਾਬੀ ਦੀ ਇਕ ਅਖਾਣ ਦੀ ਤਰ੍ਹਾਂ ਜਾਪਦੀ ਹੈ ਕਿ 'ਅੰਨਾ ਚੂਹਾ ਥੋਥੇ ਧਾਨ'। ਸ਼ੰਕਾ ਕਰਨ ਤੋਂ ਪਹਿਲਾਂ ਅਗਰ ਥੋੜ੍ਹੀ ਜਿਹੀ ਅੱਖ ਖੋਲ੍ਹ ਕੇ ਇਹ ਵੀਰ ਦੇਖ ਲੈਂਦਾ ਤਾਂ ਸ਼ੰਕਾ ਨੂੰ ਕੋਈ ਗੁੰਜਾਇਸ਼ ਨਹੀਂ ਸੀ ਰਹਿਣੀ। ਕਿਉਂਕਿ ਕਬੀਰ ਜੀ ਦਾ ਪਹਿਲਾ ਸ਼ਬਦ ਵੈਰਾਗਮਈ ਹੈ ਅਤੇ ਦੂਸਰਾ ਸ਼ਬਦ ਵੈਰਾਗਮਈ ਪ੍ਰਕਰਣ ਦਾ ਨਾ ਹੋਣ ਕਰਕੇ ਪ੍ਰਕਰਣ ਦਾ ਦੂਸਰਾ ਸ਼ਬਦ ਭਗਤ ਤ੍ਰਿਲੋਚਨ ਜੀ ਦਾ ਰੱਖਿਆ। ਇਸ ਤਰ੍ਹਾਂ ਗੁਰਬਾਣੀ ਵਿਚ ਹੋਰ ਵੀ ਬਹੁਤ ਸਾਰੇ ਸ਼ਬਦ ਹਨ ਜਿਸ ਪ੍ਰਕਾਰ ਸਾਰੰਗ ਦੇ ਸ਼ਬਦ ਆਏ ਹਨ। ਪਹਿਲਾਂ ਕਬੀਰ ਜੀ ਦੀ ਬਾਣੀ, ਫਿਰ ਨਾਮਦੇਵ ਜੀ ਦੀ, ਰਵਿਦਾਸ ਜੀ ਦੀ, ਪਰਮਾਨੰਦ ਜੀ ਦੀ, ਸੂਰਦਾਸ ਜੀ ਦੀ ਅਤੇ ਅਖ਼ੀਰ ਵਿਚ ਫਿਰ ਕਬੀਰ ਜੀ ਦੀ ਬਾਣੀ ਆਈ ਹੈ। ਉਥੇ ਵੀ ਜੀਵਨ ਸਿੰਘ ਨੇ ਸ਼ੰਕਾ ਕੀਤੀ ਹੈ। ਉਥੇ ਵੀ ਸੂਰਦਾਸ ਜੀ ਦੇ ਸ਼ਬਦ ਦਾ ਪ੍ਰਕਰਣ ਕਬੀਰ ਜੀ ਦੇ ਇਸ ਪ੍ਰਕਰਣ ਦੇ ਨਾਲ ਮਿਲਦਾ ਕਰਕੇ ਲਿਖਾਇਆ ਹੈ। ਇਹ ਮਨ ਮੱਤੀਏ ਲੋਕ ਗੁਰਮਤਿ ਵਿਚ ਰੌਲਾ ਪੁਆ ਕੇ ਆਪਣੇ ਆਪ ਨੂੰ ਉੱਚਾ ਜਣਾਉਂਦੇ ਹਨ ਐਸਾ ਕਰਨ ਨਾਲ ਗੁਰੂ ਦੇ ਦੇਣਹਾਰ ਹੋਣਗੇ।

ਅਨਾਦੀ ਦਾ ਵੇਦਾਂਤ ਗ੍ਰੰਥਾਂ ਵਿਚ ਇਹ ਪ੍ਰਕਰਣ ਆਉਂਦਾ ਹੈ। ਉਸ ਵਿਚ ਐਸਾ ਲਿਖਿਆ ਹੈ ਕਿ ਉਹ ਅਦ੍ਵੈਤ ਸਰੂਪ ਅਨੰਤ ਅਨਾਦੀ ਹੈ, ਸ਼ਾਂਤ ਅਨਾਦੀ ਨਹੀਂ ਹੋ ਸਕਦਾ। ਇਸ ਪ੍ਰਕਾਰ ਪੁਸਤਕਾਂ ਵਿਚ ਕਈ ਪ੍ਰਕਾਰ ਦੇ ਨਿਰਣੇ ਆਉਂਦੇ ਹਨ।

**ਜੋ ਅਨਹੋਤੀ ਬਾਤ ਕੋ ਹੋਤੀ ਕਰ ਦਿਖਲਾਏ ਅਰ ਹੋਤੀ ਬਾਤ ਕਾ ਤਾ ਕਾ ਲੋਪ ਕਰਾਏ।**
**ਤਾ ਕਾ ਲੋਪ ਕਰਾਏ ਯਹ ਮਾਇਆ ਕਾ ਰੂਪ ਸਾਚ ਕੋ ਝੂਠ ਦਿਖਾਏ ਝੂਠ ਕੋ ਸਾਚ ਸਰੂਪ।**
*(ਕੁੰਡਲੀਆ ਗਿਰਧਰ ਕਵੀ ਰਾਏ)*

ਇਹ ਮਾਇਆ ਐਸੀ ਚਤੁਰ ਹੈ ਕਿ ਨਾ ਬਣਦੀਆਂ ਗੱਲਾਂ ਨੂੰ ਬਣਾ ਦਿੰਦੀ ਹੈ ਅਤੇ ਬਣਦੀਆਂ ਹੋਈਆਂ ਦੀ ਅਣ ਬਣ ਕਰ ਦੇਣ ਵਾਲੀ ਹੈ। ਮਾਇਆ ਦਾ ਐਸਾ ਅਸਚਰਜ ਸਰੂਪ ਹੈ। ਫਿਰ ਕਹਿਣ ਲੱਗੇ ਕਿ ਇਹ ਕਿਸ ਪ੍ਰਕਾਰ ਦੀ ਹੈ। ਆਖਣ ਲੱਗੇ ਕਿ ਜਿਹੜੀ ਨੌਂ ਜੁਗਤੀਆਂ ਨੂੰ ਨਾ ਸਹਾਰਨਾ ਕਰੇ, ਉਸ ਨੂੰ ਅਨਰਵਚਨੀ ਕਹੀਦਾ ਹੈ। ਇਸ ਨੂੰ ਨਾ ਸਤਿ ਕਿਹਾ ਜਾ ਸਕਦਾ ਹੈ ਕਿਉਂਕਿ ਬ੍ਰਹਮ ਤੋਂ ਭਿੰਨ ਕੋਈ ਸਤਿ ਵਸਤੂ ਨਹੀਂ ਹੈ ਤੇ ਕਹਿੰਦੇ ਹਨ ਅਸਤਿ ਕਹਿ ਦਿਉ ਤਾਂ ਕਹਿਣ ਲੱਗੇ ਕਿ ਬ੍ਰਹਮ ਤੋਂ ਭਿੰਨ ਕਿਤੇ ਵੀ ਇਸ ਦੀ ਪ੍ਰਤੀਤੀ ਨਹੀਂ ਹੈ। ਇਸ ਨੂੰ ਚੇਤਨ ਸੱਤਾ ਨਾਲ ਹੀ ਜਾਣਿਆ ਜਾਂਦਾ ਹੈ। ਇਸ ਕਰਕੇ ਵੱਖਰੀ ਨਾ ਹੋਣ ਕਰਕੇ ਅਸਤਿ ਵੀ ਕਹੀ ਨਹੀਂ ਜਾ ਸਕਦੀ। ਕਹਿੰਦੇ ਹਨ ਫਿਰ ਦੋਵੇਂ ਕਹਿ ਦੇਵੋ ਤਾਂ ਕਹਿਣ ਲੱਗੇ ਕਿ ਸਤਿ ਅਤੇ ਅਸਤਿ ਦੋਵੇਂ ਨਹੀਂ ਕਹਿ ਸਕਦੇ। ਜਿਸ ਪ੍ਰਕਾਰ ਦਿਨ ਚੜ੍ਹਿਆ ਹੋਵੇ, ਉਸ ਵਕਤ ਰਾਤ ਨਹੀਂ ਹੁੰਦੀ। ਜਦੋਂ ਰਾਤ ਹੁੰਦੀ ਹੈ ਤਾਂ ਦਿਨ ਨਹੀਂ ਹੁੰਦਾ। ਇਉਂ ਚਾਨਣ ਤੇ ਹਨੇਰੇ ਦਾ ਆਪੋ ਵਿਚ ਵਿਰੋਧ ਹੈ। ਸਤਿ ਅਤੇ ਅਸਤਿ ਦੋਵੇਂ ਇਕ ਥਾਂ ਨਹੀਂ ਕਹੇ ਜਾ ਸਕਦੇ। ਜਿਹੜੀ ਅਸਤਿ ਵਸਤੂ ਹੈ ਉਹ ਸਤਿ ਨਹੀਂ ਅਤੇ ਜੋ ਸਤਿ ਵਸਤੂ ਹੈ ਉਹ ਅਸੱਤ ਨਹੀਂ ਕਹੀ ਜਾ ਸਕਦੀ ਅਤੇ ਦੋਵੇਂ ਰੂਪ ਕਰਕੇ ਵੀ ਨਹੀਂ ਕਹੀ ਜਾ ਸਕਦੀ। ਬ੍ਰਹਮ ਤੋਂ ਬਿਨਾਂ ਸਤਿ ਪ੍ਰਤੀਤ ਨਹੀਂ ਹੁੰਦੀ। ਅਸਤਿ ਇਸ ਕਰਕੇ ਨਹੀਂ ਕਹੀ ਜਾ ਸਕਦੀ, ਕਿਉਂਕਿ ਸਾਰਾ ਸੰਸਾਰ ਜਿਹੜਾ ਹੋਂਦ ਵਿਚ ਪ੍ਰਤੀਤ ਹੋ ਰਿਹਾ ਹੈ, ਇਸ ਵੇਗ ਰੂਪ ਕਰਕੇ ਵਿਭਚਾਰੀ ਸੁਭਾਅ ਹੋਣ ਕਰਕੇ ਸਤਿ ਅਤੇ ਅਸਤਿ ਇਕ ਕਹਿਣ ਤੋਂ ਵਿਲੱਖਣ ਹੈ। ਫਿਰ ਕਹਿਣ ਲੱਗੇ ਕਿ ਮਾਇਆ ਨੂੰ ਬ੍ਰਹਮ ਤੋਂ ਭਿੰਨ ਕਹਿ ਦਿਉ। ਕਹਿਣ ਲੱਗੇ ਕਿ ਬ੍ਰਹਮ ਤੋਂ ਭਿੰਨ ਕਿਵੇਂ ਕਹਿ ਦੇਈਏ ? ਉਹ ਬ੍ਰਹਮ ਤੋਂ ਭਿੰਨ ਕਿਤੇ ਵੀ ਪ੍ਰਤੀਤ ਨਹੀਂ ਹੁੰਦੀ। ਬ੍ਰਹਮ ਦੀ ਸੱਤਾ ਦੇ ਆਸਰੇ ਮਾਇਆ ਦੀ ਪ੍ਰਤੀਤੀ ਹੈ। ਕਹਿਣ ਲੱਗੇ ਫਿਰ ਅਭਿੰਨ ਕਹਿ ਦੇਈਏ ਤਾਂ ਆਖਣ ਲੱਗੇ ਕਿ ਅਭਿੰਨ ਵੀ ਨਹੀਂ ਕਹਿ ਸਕਦੇ, ਕਿਉਂਕਿ ਬ੍ਰਹਮ ਸਤਿ, ਚੇਤਨ, ਅਨੰਦ ਸਰੂਪ ਹੈ ਅਤੇ ਉਹ ਅਸਤਿ, ਜੜ੍ਹ ਦੁੱਖ ਰੂਪ ਹੈ। ਬ੍ਰਹਮ ਦਾ ਇਹ ਸੁਭਾਅ ਨਹੀਂ ਹੈ। ਬ੍ਰਹਮ ਨਿਰਬਿਕਾਰ ਹੈ ਅਤੇ ਉਹ ਵਿਕਾਰ ਰੂਪ ਹੈ। ਕਦੇ ਬਾਲਕ ਬਣ ਜਾਂਦੀ ਹੈ, ਕਦੇ ਜਵਾਨ ਬਣ ਜਾਂਦੀ ਹੈ, ਕਦੇ ਢਲਦੀ ਜਵਾਨੀ ਅਤੇ ਕਦੇ ਬੁਢੇਪਾ ਅਤੇ ਕਦੇ ਮੌਤ ਆਦਿ ਵਿਕਾਰਾਂ ਨੂੰ ਪ੍ਰਾਪਤ ਹੋਣ ਵਾਲੀ ਹੈ। ਕਹਿਣ ਲੱਗੇ ਕਿ ਭਿੰਨ ਅਤੇ ਅਭਿੰਨ ਦੋਵੇਂ ਕਹਿ ਦੇਈਏ ਤਾਂ ਆਖਣ ਲੱਗੇ ਕਿ ਜਿਹੜੀ ਅਭਿੰਨ ਵਸਤੂ ਹੈ, ਉਹ ਭਿੰਨ ਨਹੀਂ ਕਹੀ ਜਾ ਸਕਦੀ ਅਤੇ ਜਿਹੜੀ ਭਿੰਨ ਵਸਤੂ ਹੈ, ਉਹ ਅਭਿੰਨ ਨਹੀਂ ਕਹੀ ਜਾ ਸਕਦੀ। ਆਪੋ ਵਿਚ ਐਸਾ ਵਿਰੋਧ ਹੋਣ ਕਰਕੇ ਇਹ ਜੁਗਤੀਆਂ ਵੀ ਨਹੀਂ ਬਣਦੀਆਂ। ਮਾਇਆ ਨਾ ਨਿਰਵੈਵੀ ਹੈ ਅਤੇ ਨਾ ਸਵੈਵੀ ਹੈ। ਜੇਕਰ ਮਾਇਆ ਨੂੰ ਨਿਰਵੈਵੀ = ਅੰਗਾਂ ਤੋਂ ਰਹਿਤ ਕਹਿ ਦੇਈਏ ਤਾਂ ਮਾਇਆ ਨੇ ਹੀ ਸਾਰੇ ਸੰਸਾਰ ਦੇ ਅੰਗ ਬਣਾਏ ਹਨ। ਇਹ ਮਾਇਆ ਆਪ ਹੀ ਹਿਰਦਾ, ਅੱਖਾਂ, ਪੈਰ, ਹੱਥ, ਨਾਸਾਂ ਆਦਿ ਸਾਰੇ ਅੰਗ ਰੂਪ ਹੋ ਕੇ ਬੈਠੀ ਹੈ। ਇਸ ਕਰਕੇ ਇਸ ਨੂੰ ਅੰਗਾਂ ਤੋਂ ਬਿਨਾਂ ਨਹੀਂ ਕਿਹਾ ਜਾ ਸਕਦਾ। ਜੇਕਰ ਸਵੈਵੀ ਕਹਿ ਦੇਈਏ। ਜਿਸ ਵਕਤ ਚਿਖਾ ਵਿਚ ਸਾੜਿਆ ਜਾਂਦਾ ਹੈ, ਉਦੋਂ ਕੁਝ ਵੀ ਨਹੀਂ ਬੱਚਦਾ। ਸਾਰੀ ਦੇਹ ਸੁਆਹ ਹੋ ਜਾਂਦੀ ਹੈ। ਇਸ ਕਰਕੇ ਅੰਗਾਂ ਵਾਲੀ ਵੀ ਨਹੀਂ ਕਹਿ ਸਕਦੇ। ਜੈਸਾ ਕਿ :

**ਹਸਤ ਪਾਵ ਝਰੇ ਖਿਨ ਭੀਤਰਿ ਅਗਨਿ ਸੰਗਿ ਲੈ ਜਾਰਿਓ॥** *(ਮਾਰੂ ਮ: ੫, ਅੰਗ ੧੦੦੦)*

ਕਹਿਣ ਲੱਗੇ ਕਿ ਦੋਵੇਂ ਕਹਿ ਦਿਉ ਤਾਂ ਭਗਤ ਜੀ ਆਖਣ ਲੱਗੇ ਕਿ ਦੋਵੇਂ ਕਿਸ ਤਰ੍ਹਾਂ ਕਹਿ ਦੇਈਏ। ਜਿਹੜੀ ਅੰਗਾਂ ਵਾਲੀ ਚੀਜ਼ ਹੈ, ਉਹ ਬਿਨਾਂ ਅੰਗਾਂ ਤੋਂ ਨਹੀਂ ਅਤੇ ਜਿਹੜੀ ਬਿਨਾਂ ਅੰਗਾਂ ਤੋਂ ਹੈ, ਉਹ ਅੰਗਾਂ ਵਾਲੀ ਨਹੀਂ ਕਹੀ ਜਾ ਸਕਦੀ। ਇਸ ਕਰਕੇ ਨੌਂ ਜੁਗਤੀਆਂ ਨਾ ਸਹਾਰਨ ਕਰੇ, ਉਸ ਨੂੰ ਅਸਚਰਜ ਕਿਹਾ ਜਾਂਦਾ ਹੈ। ਕਹਿਣ ਲੱਗੇ ਕਿ ਫਿਰ ਇਹ ਕੈਸੀ ਹੈ ? ਤਾਂ ਆਖਿਆ ਕਿ ਇਸ ਦੇ ਤਿੰਨ ਰੂਪ ਹਨ :

**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥**

*(ਕੇਦਾਰਾ ਬਾਣੀ ਕਬੀਰ ਜੀਉ, ਅੰਗ ੧੧੨੩)*

ਗਿਆਨ ਹੋਣੇ ਕਰਕੇ ਨਿਰਬਲ ਹੋ ਜਾਂਦੀ ਹੈ। ਹਰਕਤ ਭਾਵ ਨੂੰ ਪ੍ਰਾਪਤ ਸੱਤਾ ਦਾ ਪ੍ਰਤੀਬਿੰਬ ਪੈਣ ਕਰਕੇ ਇਹ ਹਰਕਤ ਭਾਵ ਨੂੰ ਪ੍ਰਾਪਤ ਹੋ ਜਾਂਦੀ ਹੈ ਰਾਜਸੀ, ਤਾਮਸੀ, ਸਾਤਕੀ ਸੁਭਾਅ ਨੂੰ ਧਾਰਨ ਕਰ ਲੈਂਦੀ ਹੈ। ਜਿਵੇਂ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਆਦਿ ਪੈਦਾ ਕੀਤੇ ਹਨ। ਅੱਭਿਆਕ੍ਰਿਤ, ਹਿਰਨ ਗਰਭ ਅਤੇ ਵਿਰਾਟ ਆਦਿ ਮਾਇਆ ਦੀ ਅੰਸ਼ ਅਵਿੱਦਿਆ ਕਰਕੇ ਪ੍ਰਤੀਤ ਹੁੰਦੀ ਹੈ। ਇਸ ਪ੍ਰਕਾਰ ਇਹ ਮਾਇਆ ਅਸਚਰਜ ਰੂਪ ਹੈ। ਫਿਰ ਉਹ ਕਹਿਣ ਲੱਗਾ ਕਿ ਇਹ ਕੈਸੀ ਹੈ ? ਇਹ ਚੇਤਨ ਦੀ ਸੱਤਾ ਕਰਕੇ ਕਿਰਿਆ ਕਰਨ ਵਾਲੀ ਹੈ। ਚੇਤਨ ਤੋਂ ਬਿਨਾਂ ਇਹ ਜੜ੍ਹ ਹੈ। ਪਰਮਾਤਮਾ ਦੀ ਸੱਤਾ ਦੇ ਆਸਰੇ ਤੋਂ ਬਿਨਾਂ ਇਹ ਕੁਝ ਵੀ ਨਹੀਂ ਕਰ ਸਕਦੀ ਹੈ। ਜੈਸਾ ਕਿ :

**ਅਜਾ ਮੇਕ ਲੋਹਤ ਸੁਕਲ ਕ੍ਰਿਸਨਾ ॥**

ਇਹ ਸਿਮਰਤੀ ਦੀ ਸੁਰਤੀ ਹੈ। ਇਥੇ ਮਾਇਆ ਅਜਾ = ਅਜਨਮੀ ਹੈ। ਕਿਸੇ ਨੂੰ ਪਤਾ ਨਹੀਂ ਹੈ ਕਿ ਇਹ ਕਿਥੋਂ ਆਈ ਹੈ। ਇਹ ਮੇਕ ਚਿੱਤ ਹੈ। ਇਹ ਲੋਹਤ ਸੁਕਲ ਅਤੇ ਕ੍ਰਿਸਨਾ ਕਿਸ ਤਰ੍ਹਾਂ ਹੈ ? ਇਹ ਲੋਹਤ = ਲਾਲ ਰੰਗ ਦੀ ਰਜੋ ਗੁਣ ਰੂਪ ਹੈ, ਸੁਕਲ = ਚਿੱਟੇ ਰੰਗ ਦੀ ਸਤੋਗੁਣ ਰੂਪ ਹੈ ਅਤੇ ਕ੍ਰਿਸਨਾ = ਕਾਲੇ ਰੰਗ ਦੀ ਤਮੋਗੁਣ ਰੂਪ ਹੈ। ਜਿਸ ਕਰਕੇ ਐਸਾ ਕਥਨ ਹੈ ਕਿ : ਯਥਾ :

**ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥**

*(ਕੇਦਾਰਾ ਬਾਣੀ ਕਬੀਰ ਜੀਉ, ਅੰਗ ੧੧੨੩)*

ਇਸ ਕਰਕੇ ਮਾਇਆ ਪਰਮੇਸ਼ਰ ਦੀ ਸੱਤਾ ਕਰਕੇ ਤ੍ਰਿਗੁਣ ਰੂਪ ਹੋਈ ਹੈ। ਆਖਣ ਲੱਗੇ ਕਿ ਭਗਤ ਜੀ ! ਹੋਰ ਸਰੂਪ ਵਰਣਨ ਕਰੋ ਤਾਂ ਭਗਤ ਜੀ ਆਖਣ ਲੱਗੇ ਕਿ ਵੇਦਾਂ ਸ਼ਾਸਤਰਾਂ ਵਿਚ ਇਤਨਾ ਕੁ ਹੀ ਸਰੂਪ ਕਥਨ ਕੀਤਾ ਹੈ। ਇਸ ਤੋਂ ਪਰ੍ਹੇ ਕਿਸੇ ਵੇਦ ਦੀ ਜੁਗਤੀ ਨਹੀਂ ਹੈ। ਐਸੇ ਬਚਨ ਸੁਣ ਕੇ ਪੰਡਤ ਆਪਣਾ ਮਾਣ ਹੰਕਾਰ ਛੱਡ ਕੇ ਕਬੀਰ ਸਾਹਿਬ ਜੀ ਦੇ ਚਰਨੀਂ ਪੈ ਗਿਆ ਅਤੇ ਸੇਵਕ ਬਣ ਕੇ ਨਿਹਾਲ ਹੋ ਗਿਆ। ਇਸ ਪ੍ਰਕਾਰ ਕਬੀਰ ਜੀ ਨੇ ਉਸ ਵਿਦਵਾਨ ਪੰਡਤ ਨੂੰ ਇੱਕੋ ਤੁਕ ਨਾਲ ਹੀ ਜਿੱਤ ਲਿਆ। ਫਿਰ ਉਸ ਪੰਡਤ ਨੇ ਨਿਮਰਤਾ ਭਾਵ ਵਿਚ ਆ ਕੇ ਕਿਹਾ ਕਿ ਭਗਤ ਜੀ ! ਮਾਇਆ ਦਾ ਰੂਪ ਤਾਂ ਆਪ ਜੀ ਨੇ ਦੱਸ ਦਿੱਤਾ ਹੈ ਅਤੇ ਹੁਣ ਆਪ ਜੀ ਇਸ ਮਾਇਆ ਦਾ ਪ੍ਰਤਾਪ ਦੱਸੋ। ਤਾਂ ਕਬੀਰ ਸਾਹਿਬ ਜੀ ਪੰਡਤ ਨੂੰ ਆਖਣ ਲੱਗੇ ਕਿ ਧਿਆਨ ਦੇ ਕੇ ਸੁਣੋ।

## ਸੁਰਿ ਨਰ, ਗਣ ਗੰਧ੍ਰਬ, ਜਿਨਿ ਮੋਹੇ; ਤ੍ਰਿਭਵਣ ਮੇਖੁਲੀ ਲਾਈ ॥੧॥

ਸੁਰਿ = ਦੇਵਤੇ, ਨਰ = ਮਨੁੱਖ ਅਤੇ ਗਣ = ਸਮੂਹ, ਗੰਧ੍ਰਬ = ਸਵਰਗ ਦੇ ਗਵੱਈਏ **ਵਾ:** ਗਣ = ਸ਼ਿਵਜੀ ਦੇ (ਨੰਦੀ, ਭ੍ਰਿੰਗੀ ਟੋਨਾ ਛੋਨਾ) ਦਾਸ ਤੇ ਹਾਹਾ ਹੂਹੂ ਗੰਧ੍ਰਬ = ਗਵੱਈਏ ਜਿਨਿ = ਜਿਸ ਮਾਇਆ ਨੇ ਮੋਹੇ = ਮੋਹਿਤ ਕੀਤੇ ਹੋਏ ਹਨ ਅਤੇ ਤ੍ਰਿਭਵਣ = ਤਿੰਨਾਂ ਭਵਨਾਂ ਦੇ ਲੋਕਾਂ ਨੂੰ ਮੋਹ ਰੂਪੀ ਮੇਖੁਲੀ = ਤੜਾਗੀ (ਜੇਵੜੀ) ਲਾਈ ਹੋਈ ਹੈ **ਵਾ:** ਤਿੰਨਾਂ ਭਵਨਾਂ ਦੇ ਜੀਵਾਂ ਦੇ ਅੰਤਹਕਰਣ ਰੂਪੀ ਕਮਰ ਵਿਚ ਹਉਮੈ ਰੂਪੀ ਮੇਖੁਲੀ = ਹੜੀ (ਤੜਾਗੀ) ਲਾਈ ਹੈ।

**ਅਥਵਾ** ਲਹਿੰਦੇ ਵਾਲੇ ਪਾਸੇ ਧਰਮਸ਼ਾਲਾ (ਸਰਾਂ) ਆਦਿ ਵਿਚ ਸਰਦੀ ਦੇ ਮੌਸਮ ਸਮੇਂ ਜਦੋਂ ਕੁਝ ਜ਼ਿਆਦਾ ਮੁਸਾਫ਼ਿਰ ਆ ਜਾਂਦੇ ਤਾਂ ਉਨ੍ਹਾਂ ਨੂੰ ਠੰਢ ਤੋਂ ਬਚਣ ਲਈ ਰਾਤ ਨੂੰ ਗੋਦੜੀ (ਵੱਡੀ ਰਜਾਈ) ਦਿੰਦੇ ਸਨ, ਜਿਸ ਨੂੰ ਮੇਖੁਲੀ ਕਹਿੰਦੇ ਸਨ, ਇਉਂ ਇਸ ਮਾਇਆ ਨੇ ਤਿੰਨਾਂ ਭਵਨਾਂ ਦੇ ਜੀਵਾਂ ਉਪਰ ਅਵਿੱਦਿਆ ਰੂਪੀ ਗੋਦੜੀ ਲਾਈ ਭਾਵ ਪਹਿਰਾਈ ਹੋਈ ਹੈ।

**ਅਥਵਾ** ਪੁਰਾਣੇ ਸਮਿਆਂ ਵਿਚ ਪਸ਼ੂਆਂ ਦਾ ਵਣਜ ਕਰਨ ਵਾਲੇ ਵਾਪਾਰੀ ਲੋਕ ਮੰਡੀਆਂ ਵਿਚ ਪਸ਼ੂਆਂ ਨੂੰ ਵੇਚਣ ਲਈ ਲੈ ਕੇ ਜਾਂਦੇ ਸਨ, ਜਿਥੇ ਉਹ ਰਸਤੇ ਵਿਚ ਠਹਿਰਦੇ ਸਨ, ਉਥੇ ਦੋ ਕਿੱਲੇ ਗੱਡ ਕਰਕੇ ਦੋਨਾਂ ਨਾਲ ਇਕ ਮੋਟੀ ਲੱਜ ਬੰਨ੍ਹ ਦਿੰਦੇ ਸਨ ਤੇ ਉਨ੍ਹਾਂ ਰੱਸਿਆਂ ਦੇ ਵਿਚ ਛੋਟੀਆਂ-ਛੋਟੀਆਂ ਰੱਸੀਆਂ ਬੰਨ੍ਹ ਕੇ ਪਸ਼ੂਆਂ ਦੇ ਪੈਰ ਬੰਨ੍ਹ ਦਿੰਦੇ ਸਨ ਉਸ ਨੂੰ ਮੇਖਲੀ ਕਹਿੰਦੇ ਹਨ। ਏਸੇ ਪ੍ਰਕਾਰ ਮਾਇਆ ਰੂਪੀ ਵਣਜਾਰੇ ਨੇ ਰਾਗ ਦ੍ਵੈਖ ਰੂਪੀ ਕਿੱਲੇ ਗੱਡ ਕੇ, ਮੋਹ ਰੂਪੀ ਲੱਜ ਪਾ ਕਰਕੇ ਵਾਸ਼ਨਾ ਰੂਪੀ ਰੱਸੀਆਂ ਨਾਲ ਸੰਕਲਪ ਵਿਕਲਪ ਰੂਪੀ ਪੈਖੜ ਪਾ ਕੇ ਜੀਵ ਰੂਪੀ ਪਸ਼ੂਆਂ ਦੇ ਮਨ ਬੁੱਧ ਰੂਪੀ ਪੈਰ ਬੰਨ੍ਹੇ ਹੋਏ ਹਨ।

**ਅਥਵਾ** ਮੇਖੁਲੀ ਬਾਬਤ ਜਾਦੂਗਰੀ ਵਿਚ ਐਸਾ ਮੰਨਿਆ ਹੈ ਕਿ ਕਈ ਜਾਦੂਗਰ ਬੇ-ਗਤ ਹੋ ਕੇ ਮਰੇ ਹੋਏ ਆਦਮੀ ਦੀ ਰੂਹ ਤੇ ਜਾਦੂਗਰੀ ਦਾ ਪ੍ਰਭਾਵ ਪਾ ਕੇ, ਉਸ ਦੀ ਰੂਹ ਨੂੰ ਜਗਾ ਕੇ ਸਿਰ ਵਿਚ ਮੇਖੁ = ਕਿੱਲ ਠੋਕ ਦਿੰਦੇ ਹਨ ਤੇ ਫੇਰ ਉਹ ਆਦਮੀ ਵਸ ਵਿਚ ਆ ਜਾਂਦਾ ਹੈ ਤੇ ਜੋ ਵੀ ਚਾਹੁਣ ਉਸ ਪਾਸੋਂ ਕੰਮ ਕਰਵਾ ਲੈਂਦੇ ਹਨ। ਏਸੇ ਪ੍ਰਕਾਰ ਸਿਵਾ ਜਗਾਉਣ ਵਾਲਿਆਂ ਦੀ ਨਿਆਈਂ ਮਾਇਆ ਰੂਪੀ ਜਾਦੂਗਰ ਨੇ ਖੋਟੇ ਰਸਤੇ ’ਤੇ ਚੱਲਣ ਵਾਲੇ ਤਿੰਨਾਂ ਭਵਨਾਂ ਦੇ ਪੁਰਖਾਂ ਨੂੰ ਕਾਮ ਕ੍ਰੋਧ ਰੂਪੀ ਮੇਖਾਂ ਗੱਡ ਕੇ ਆਪਣੇ ਅਧੀਨ ਕੀਤਾ ਹੋਇਆ ਹੈ।

**ਅਥਵਾ** ਮੇਖ ਨਾਮ ਕਾਠ ਦੀਆਂ ਖੁਰਲੀਆਂ ਦਾ ਵੀ ਹੈ, ਜਿਵੇਂ ਕਈ ਕਾਠ ਦੀਆਂ ਖੁਰਲੀਆਂ ਨਾਲ ਪਸ਼ੂਆਂ ਨੂੰ ਬੰਨ੍ਹਦੇ ਹਨ, ਇਸੇ ਤਰ੍ਹਾਂ ਮਾਇਆ ਨੇ ਤਿੰਨਾਂ ਭਵਨਾਂ ਦੇ ਜੀਵਾਂ ਨੂੰ ਪਦਾਰਥਾਂ ਰੂਪੀ ਖੁਰਲੀ ਤੇ ਲਾ ਛੱਡਿਆ ਹੈ॥੧॥

## ਦੂਸਰਾ ਅਰਥ

ਫੇਰ ਪੰਡਤ ਨੇ ਭਗਤ ਕਬੀਰ ਜੀ ਨੂੰ ਸੁਆਲ ਕੀਤਾ ਕਿ ਕਬੀਰ ਜੀ! ਮਾਇਆ ਦੀ ਬਾਬਤ ਤਾਂ ਆਪ ਜੀ ਨੇ ਦੱਸ ਦਿੱਤਾ ਹੈ, ਹੁਣ ਆਪ ਜੀ ਬ੍ਰਹਮ ਬਾਰੇ ਦੱਸਣਾ ਕਰੋ ? ਤਾਂ ਭਗਤ ਕਬੀਰ ਜੀ ਇਸੇ ਹੀ ਸ਼ਬਦ ਦੁਆਰਾ ਬ੍ਰਹਮ ਬਾਰੇ ਦੱਸਦੇ ਹੋਏ ਉੱਤਰ ਰੂਪ ਵਿਚ ਕਥਨ ਕਰਦੇ ਹਨ:

**ਅਚਰਜ ਏਕੁ ਸੁਨਹੁ ਰੇ ਪੰਡੀਆ; ਅਬ ਕਿਛੁ ਕਹਨੁ ਨ ਜਾਈ॥**

ਰੇ = ਹੇ ਪੰਡਤ ਜੀ! ਸੁਨਹੁ = ਸੁਣਨਾ ਕਰੋ ਕਿ ਉਹ ਏਕੁ = ਅਦੁੱਤੀ ਪਰਮੇਸ਼ਰ ਬੜਾ ਅਚਰਜ = ਅਸਚਰਜ ਸਰੂਪ ਹੈ, ਜੋ ਆਪਣੇ ਆਪ ਤੋਂ ਹੀ ਪ੍ਰਕਾਸ਼ ਸਰੂਪ ਹੈ, ਅਬ = ਹੁਣ ਇਸ ਤੋਂ ਪਰੇ ਉਸ ਦੇ ਸਰੂਪ ਬਾਰੇ ਹੋਰ ਕਿਸੇ ਭੇਦ-ਵਾਦ ਜਾਂ ਮਾਇਆ ਸਬਲ ਕਰਕੇ ਕਿਛੁ = ਕੁਝ ਵੀ ਕਹਨੁ = ਕਿਹਾ ਨ = ਨਹੀਂ ਜਾਈ =ਜਾ ਸਕਦਾ।

**ਸੁਰਿ ਨਰ, ਗਣ ਗੰਧ੍ਰਬ, ਜਿਨਿ ਮੋਹੇ; ਤ੍ਰਿਭਵਣ ਮੇਖੁਲੀ ਲਾਈ॥੧॥**

ਜਿਸ ਪਰਮੇਸ਼ਰ ਨੇ ਦੇਵਤੇ, ਪੁਰਖ, ਟੋਨਾ ਛੋਨਾ ਆਦਿ ਗਣ ਤੇ ਗੰਧ੍ਰਬ = ਸਵਰਗ ਦੇ ਰਾਗੀਆਂ ਨੂੰ ਆਪਣੀ ਭਗਤੀ ਵਿਚ ਮੋਹੇ = ਮੋਹਿਤ ਕਰ ਲਿਆ ਹੈ ਅਤੇ ਤਿੰਨੇ ਭਵਨਾਂ ਦੇ ਜੀਵਾਂ ਨੂੰ ਭਗਤੀ, ਪ੍ਰੀਤੀ ਰੂਪ ਮੇਖੁਲੀ = ਮੇਖ ਲਾ ਦਿੱਤੀ॥੧॥

ਜਦੋਂ ਪੰਡਤ ਨਾਲ ਇਹ ਵਾਰਤਾ ਸਮਾਪਤ ਹੋਈ ਤਾਂ ਪਾਸ ਬੈਠੇ ਇਕ ਜੋਗੀ ਨੇ ਕਿਹਾ ਕਿ ਹੇ ਕਬੀਰ! ਜੇਕਰ ਤੂੰ ਵੀ ਜੋਗ ਭੇਖ ਧਾਰਨ ਕਰ ਲਵੇਂ ਤਾਂ ਮਾਇਆ ਦੇ ਮੋਹ ਆਦਿ ਤੋਂ ਛੁੱਟ ਜਾਵੇਂਗਾ ਕਿਉਂਕਿ ਸਾਡੇ ਮੱਤ ਵਿਚ ਸ਼ਰਾਬ ਪੀ ਕੇ ਨਾਦ ਤੇ ਸਿੰਗੀ ਆਦਿਕ ਵਾਜੇ ਵਜਾ ਕੇ ਸਮਾਧੀ ਵਿਚ ਇਸਥਿਤ ਹੋਈਦਾ। ਇਸ

ਕਰਕੇ ਤੁਸੀਂ ਸਾਡੇ ਮੱਤ ਅਨੁਸਾਰ ਨਾਦ ਆਦਿ ਵਾਜੇ ਵਜਾਉਣਾ ਕਰੋ, ਤਦੋਂ ਕਬੀਰ ਜੀ ਜੋਗੀ ਨੂੰ ਕਹਿਣ ਲੱਗੇ ਕਿ ਹੇ ਜੋਗੀ! ਤੂੰ ਹੰਕਾਰ ਕਿਉਂ ਕਰਦਾ ਹੈਂ, ਸ਼ਰਾਬ ਪੀ ਕੇ ਤੇਰੀ ਬੁੱਧੀ ਖ਼ਰਾਬ ਹੋਈ ਹੈ ਤੂੰ ਅਨਾਹਦ ਸ਼ਬਦ ਦੀ ਗੱਲ ਕਰਦਾ ਹੈਂ, ਅਸੀਂ ਤੈਨੂੰ ਦੱਸਦੇ ਹਾਂ ਕਿ ਅਨਹਦ ਸ਼ਬਦ ਕਿਸ ਤਰ੍ਹਾਂ ਵੱਜਦਾ ਹੈ।

## ਰਾਜਾਰਾਮ; ਅਨਹਦ ਕਿੰਗੁਰੀ ਬਾਜੈ ॥

ਹੇ ਜੋਗੀ! ਰਾਜਾਰਾਮ = ਪ੍ਰਕਾਸ਼ ਸਰੂਪ ਪਰਮੇਸ਼ਰ ਦੇ ਨਾਮ ਕਰਕੇ ਹੀ ਸਾਡੀ ਬਿਰਤੀ ਦੀ ਅਨਹਦ = ਹੱਦ ਤੋਂ ਰਹਿਤ ਇਕ ਰਸ ਕਿੰਗੁਰੀ = ਬੀਣਾ ਵਜ ਰਹੀ ਹੈ, ਭਾਵ ਨਾਮ ਦੁਆਰਾ ਹੀ ਦਸਵੇਂ ਦੁਆਰ ਵਾਲੇ ਵਾਜੇ ਵੱਜ ਆਏ ਹਨ ਜੋਗੀਆਂ ਦੇ ਅਨਹਦ ਸ਼ਬਦ ਇਹ ਹਨ; ਜੈਸਾ ਕਿ :

**ਤਤ ਤੰਤੀ ਬਿਤ ਚਰਮਕਾ ਘਨ ਕਾਸੀ ਕੋ ਜਾਨ॥**
**ਨਾਦ ਸ਼ਬਦ ਘਟ ਕੋ ਕਹਤ ਸੁਆਸ ਸੁਖਰ ਪਹਿਚਾਨ॥**

ਜਿਤਨੇ ਤੱਤ ਤਾਰ ਦੇ ਬਾਜੇ ਹਨ, ਤੰਤੀ ਸਾਜ਼ ਆਦਿ ਬਾਜੇ ਹਨ। ਉਨ੍ਹਾਂ ਨੂੰ 'ਤੰਤੀ' ਕਹਿੰਦੇ ਹਨ। ਜਿਹੜੇ ਚਮੜੇ ਦੇ ਨਾਲ ਮੜ੍ਹੇ ਹੋਏ ਨਗਾਰੇ ਆਦਿ ਵਜਦੇ ਹਨ, ਇਨ੍ਹਾਂ ਨੂੰ 'ਵਿੱਤ ਵਾਜਾ' ਕਹਿੰਦੇ ਹਨ। ਜਿਹੜੇ ਕਾਂਸੀ ਆਦਿਕਾਂ ਦੇ ਘੜਿਆਲਾਂ ਦੀ ਆਵਾਜ਼ ਹੈ, ਉਨ੍ਹਾਂ ਨੂੰ 'ਘਨ ਸ਼ਬਦ' ਕਹਿੰਦੇ ਹਨ। ਜਿਹੜੇ ਹਵਾ ਨਾਲ ਭਾਵ ਮੂੰਹ ਨਾਲ ਵਜਾਏ ਜਾਂਦੇ ਹਨ, ਉਨ੍ਹਾਂ ਨੂੰ 'ਸੁਖਰ' ਕਿਹਾ ਜਾਂਦਾ ਹੈ। ਇਹ ਸੁਆਸਾਂ ਨਾਲ ਵਜਾਉਣ ਵਾਲੇ ਵਾਜੇ ਹਨ, ਇਸ ਲਈ ਇਨ੍ਹਾਂ ਦਾ ਨਾਮ ਸੁਖਰ ਹੈ। ਜਿਹੜੇ ਜੋਗੀਆਂ ਨੇ ਅਨਹਦ ਵਾਜੇ ਮੰਨੇ ਹਨ, ਉਹ ਰਾਜੇ ਰਾਮ ਦੇ ਨਾਮ ਕਰਕੇ ਹੀ ਦਸਵੇਂ ਦੁਆਰ ਦੇ ਵਾਜੇ ਵਜਦੇ ਹਨ।

## ਜਾ ਕੀ ਦਿਸਟਿ; ਨਾਦ ਲਿਵ ਲਾਗੈ ॥੧॥ਰਹਾਉ॥

ਹੇ ਜੋਗੀ! ਜਾ = ਜਿਨ੍ਹਾਂ ਉੱਤੇ ਪਰਮੇਸ਼ਰ ਕੀ = ਦੀ ਕ੍ਰਿਪਾ ਦਿਸਟਿ = ਦ੍ਰਿਸਟੀ ਹੋਈ ਹੈ, ਉਨ੍ਹਾਂ ਦੀ ਨਾਦ = ਅਨਾਹਦ ਸ਼ਬਦਾਂ ਵਿਚ ਲਿਵ = ਬਿਰਤੀ ਲੱਗ ਜਾਂਦੀ ਹੈ ॥੧॥ਰਹਾਉ॥

ਉਹ ਜੋਗੀ ਇਸ ਤਰ੍ਹਾਂ ਦੇ ਬਚਨ ਸੁਣ ਕੇ ਕਬੀਰ ਜੀ ਨੂੰ ਕਹਿਣ ਲੱਗਾ ਕਿ ਮੈਂ ਆਪ ਭੱਠੀ ਲਾ ਕੇ ਸ਼ਰਾਬ ਬਣਾਉਂਦਾ ਹਾਂ। ਦੋ ਨਾਲੀਆਂ ਲਾਉਂਦਾ ਹਾਂ ਜਿਨ੍ਹਾਂ ਵਿੱਚੋਂ ਸ਼ਰਾਬ ਦਾ ਅਰਕ ਨਿਕਲਦਾ ਹੈ। ਇਸ ਦਾ ਕੀ ਦੋਸ਼ ਹੈ? ਕਿਉਂਕਿ ਇਸ ਵਿਚ ਗੁੜ, ਕਿੱਕਰ ਦਾ ਸੱਕ ਅਤੇ ਪਾਣੀ ਹੈ। ਕੋਈ ਵੀ ਮਾੜੀ ਚੀਜ਼ ਨਹੀਂ ਹੈ। ਤਾਂ ਭਗਤ ਜੀ ਕਹਿਣ ਲੱਗੇ, ਕਿਉਂ ਆਪਣੇ ਜੋਗੀਪੁਣੇ ਨੂੰ ਕਲੰਕਿਤ ਕਰ ਰਿਹਾ ਹੈਂ? ਜੇਕਰ ਸ਼ਰਾਬ ਪੀਣੀ ਹੈ ਤਾਂ ਨਾਮ ਦੀ ਪੀ ਤਾਂ ਉਸ ਨੇ ਕਿਹਾ ਕਿ ਨਾਮ ਦੀ ਸ਼ਰਾਬ ਵਾਸਤੇ ਕਿਹੜੀ ਭੱਠੀ ਹੈ? ਕਿਹੜਾ ਪੋਚਾ ਹੈ? ਕਿਹੜੀਆਂ ਨਾਲੀਆਂ ਹਨ? ਅਤੇ ਕਿਹੜਾ ਕਲਸ ਹੈ? ਕਿਹੜੇ ਭਾਂਡੇ ਵਿਚ ਅਰਕ ਨਿਕਲਦਾ ਹੈ ਅਤੇ ਕਿਹੜੇ ਭਾਂਡੇ ਵਿਚ ਪੀਣੀ ਹੈ? ਇਸ ਦੇ ਉੱਤਰ ਵਿਚ ਕਬੀਰ ਜੀ ਸ਼ਰਾਬ ਕੱਢਣ ਦੀ ਸਮੱਗਰੀ ਦੁਆਰਾ ਅੰਤਰੀਵ ਬ੍ਰਹਮ ਗਿਆਨ ਦੀ ਸ਼ਰਾਬ ਦੱਸਣ ਲੱਗੇ ਹਨ ਤੇ ਜੋ ਜੋਗੀ ਨੇ ਕਿਹਾ ਹੈ ਕਿ ਗੁੜ, ਕਿੱਕਰ ਦਾ ਰਸ ਅਤੇ ਪਾਣੀ ਤਿੰਨੇ ਚੀਜ਼ਾਂ ਹਨ। ਇਸ ਦਾ ਉੱਤਰ ਇਹ ਕਿ ਤਿੰਨੇ ਚੀਜ਼ਾਂ ਇਕੱਠੀਆਂ ਕਰਨ ਦੇ ਨਾਲ ਨਾ ਤਾਂ ਪਾਣੀ ਦੀ ਤਾਸੀਰ ਪਾਣੀ ਰਹੀ, ਨਾ ਗੁੜ ਦੀ ਤਾਸੀਰ ਗੁੜ ਰਹੀ ਅਤੇ ਨਾ ਕਿੱਕਰ ਦੇ ਸੱਕ ਦੀ ਤਾਸੀਰ ਕਿੱਕਰ ਹੀ ਰਹੀ। ਬਲਕਿ ਤੇਜ਼ਾਬੀ ਮਾਦਾ ਪੈਦਾ ਕਰਨ ਵਾਲੀ ਹੌਲੀ ਹੌਲੀ ਸਰੀਰ ਦਾ ਨਾਸ਼ ਕਰਨ ਵਾਲੀ ਜ਼ਹਿਰ ਪੈਦਾ ਹੋ ਗਈ ਜੋ ਕਿ ਤਨ, ਧਨ ਅਤੇ ਇੱਜ਼ਤ ਦਾ ਨਾਸ਼ ਕਰਨ ਵਾਲੀ ਹੈ ਅਤੇ ਅਨੇਕਾਂ ਵਿਕਾਰਾਂ ਨੂੰ ਜਨਮ ਦੇਣ ਵਾਲੀ ਹੈ ਜਿਸ ਦਾ ਬਹੁਤ ਵੱਡਾ ਪਾਪ ਹੈ। ਜਦੋਂ ਕਿ ਨਾਮ ਰੂਪੀ ਸ਼ਰਾਬ ਜੰਮਣ ਮਰਨ ਮੇਟ ਕੇ ਸੰਸਾਰ ਵਿਚ ਇੱਜ਼ਤ ਵਧਾਉਣ ਵਾਲੀ ਹੈ। ਇਸ ਤਰ੍ਹਾਂ ਕਹਿੰਦੇ ਹੋਏ ਭਗਤ ਜੀ ਉਸ ਜੋਗੀ ਨੂੰ ਸ਼ਬਦ ਦੁਆਰਾ ਸਮਝਾ ਰਹੇ ਹਨ।

## ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ; ਕਨਕ ਕਲਸ ਇਕੁ ਪਾਇਆ ॥

ਭਗਤ ਕਬੀਰ ਜੀ ਆਖਣ ਲੱਗੇ ਕਿ ਹੇ ਜੋਗੀ! ਜੋ ਗਗਨੁ = ਦਸਵਾਂ ਦੁਆਰ ਹੈ, ਅਸੀਂ ਉਸ ਨੂੰ ਹੀ ਭੱਠੀ ਸਮਝਦੇ ਹਾਂ। ਸਿੰਙਿਆ = ਸੱਜੀ ਸੁਰ ਪਿੰਗਲਾ ਤੇ ਚੁੰਙਿਆ = ਖੱਬੀ ਸੁਰ ਇੜਾ। ਇਹ ਦੋ ਨਾਲੀਆਂ ਹਨ ਜੋ ਕਿ ਜੋਗਾ ਅਭਿਆਸੀਆਂ ਦੇ ਸ਼ਰਾਬ ਕੱਢਣ ਲਈ ਅਤੇ ਜੋਗਾਨੰਦ ਸੁਆਦ ਪ੍ਰਗਟ ਕਰਨ ਲਈ ਹਨ। ਕਨਕ = ਸੋਨੇ ਵਾਂਗ ਸ਼ੁੱਧ ਹਿਰਦਾ ਅੰਤਸ਼ਕਰਨ ਰੂਪ ਕਲਸ = ਘੜੇ ਨੂੰ ਦਸਮ ਦੁਆਰ ਦੇ ਸਨਮੁੱਖ ਪਾਇਆ = ਪਾਉਣਾ ਕੀਤਾ ਹੈ ਕਿਉਂਕਿ ਸ਼ੁੱਧ ਅੰਤਹਕਰਨ ਤੋਂ ਬਗ਼ੈਰ ਜੋਗਾਨੰਦ ਪ੍ਰਾਪਤ ਨਹੀਂ ਹੁੰਦਾ **ਅਥਵਾ** ਪ੍ਰਾਣਾਯਾਮ ਕਰਕੇ ਸੋਨੇ ਦੇ ਘੜੇ ਵਰਗਾ ਚਿੱਤ ਸ਼ੁੱਧ ਕੀਤਾ ਹੈ। ਜਿਹੜਾ ਜੋਗਾਨੰਦ ਦਾ ਰਸ ਹੈ, ਇਹ ਸਾਰਿਆਂ ਦੇ ਦਸਮ ਦੁਆਰ ਵਿੱਚੋਂ ਚੋਂਦਾ ਹੈ ਪਰੰਤੂ ਉਹ ਜਠਰਾ ਅਗਨੀ ਵਿਚ ਪੈ ਕੇ ਸੜ ਜਾਂਦਾ ਹੈ ਕਿਉਂਕਿ ਉਨ੍ਹਾਂ ਦਾ ਹਿਰਦਾ ਰੂਪੀ ਕਲਸ = ਘੜਾ ਪੁੱਠਾ ਪਿਆ ਹੈ। ਜੋਗੀ ਜਨ ਇਸ ਨੂੰ ਸਿੱਧਾ ਕਰ ਲੈਂਦੇ ਹਨ। ਜੋਗਾਨੰਦ ਤੋਂ ਜਿਹੜਾ ਅੰਮ੍ਰਿਤ ਰਸ ਝਰਦਾ ਹੈ, ਉਹ ਹਿਰਦੇ ਵਿਚ ਪੈ ਕੇ ਉਸ ਨੂੰ ਅਨੰਦ ਕਰ ਦਿੰਦਾ ਹੈ ਅਤੇ ਜੋਗੀ ਦੀ ਉਮਰ ਵੱਧ ਜਾਂਦੀ ਹੈ ਕਿਉਂਕਿ ਉਮਰ ਨੂੰ ਘਟਾਉਣ ਵਾਲੇ ਵਾਯੂ, ਪਿਤ, ਕਫ ਨਾਸ਼ ਹੋ ਜਾਂਦੇ ਹਨ। ਇਹ ਜੋਗੀਆਂ ਨੂੰ ਲਾਭ ਪ੍ਰਾਪਤ ਹੁੰਦਾ ਹੈ ਪਰੰਤੂ ਇਸ ਦੇ ਪ੍ਰਾਪਤ ਹੋਣ ਨਾਲ ਜੋਗੀ ਨਿਰਵਿਕਾਰ ਨਹੀਂ ਹੁੰਦਾ। ਸਰੀਰਕ ਲਾਭ ਜ਼ਰੂਰ ਹੋ ਜਾਂਦਾ ਹੈ। ਇਸ ਨੂੰ ਸਮਝਣ ਲਈ ਬੜਾ ਸਿੱਧਾ ਜਿਹਾ ਦ੍ਰਿਸ਼ਟਾਂਤ ਹੈ, ਜਿਵੇਂ ਦਾਲ ਰਿੰਨ੍ਹਣ ਵਾਲੀ ਤੌਂੜੀ (ਹਾਂਡੀ) ਵਿਚ ਦਾਲ ਉੱਬਲਦੀ ਹੁੰਦੀ ਹੈ, ਉੱਬਲ ਉੱਬਲ ਕੇ ਦਾਲ ਦੇ ਕੁਝ ਕਿਣਕੇ ਉਸ ਦੇ ਕੰਢਿਆਂ 'ਤੇ ਬਾਹਰ ਚਿਪਕ ਜਾਂਦੇ ਹਨ। ਦਾਲ ਦਾ ਰਸ ਜਿਹੜਾ ਉਸ ਦੇ ਕੰਢਿਆਂ 'ਤੇ ਡਿੱਗ ਜਾਂਦਾ ਹੈ, ਬਿਲਕੁਲ ਇਸੇ ਤਰ੍ਹਾਂ ਜਿਹੜੀ ਖਾਧੀ ਪੀਤੀ ਖ਼ੁਰਾਕ ਹੈ, ਜਠਰਾ ਅਗਨੀ ਦੀ ਭੱਠੀ ਦੇ ਨਾਲ ਇਹ ਦਿਮਾਗ਼ ਨੂੰ ਸਾਰੇ ਰਸ ਧਾਤੂ ਉੱਡ ਕੇ ਜਾਂਦੇ ਹਨ। ਉਸ ਰਸ ਵਿੱਚੋਂ ਲਹੂ ਬਿੰਦ (ਵੀਰਜ) ਆਦਿ ਧਾਤੂਆਂ ਬਣਦੀਆਂ ਹਨ। ਜਿਹੜੀ ਦਸਵੇਂ ਦੁਆਰ ਵਿਚ ਰਸ ਮਿੱਝ ਰੂਪ ਹੈ, ਉਹ ਜਠਰਾ ਅਗਨੀ ਵਿਚ ਡਿੱਗ ਕੇ ਸੁਆਹ ਹੋ ਜਾਂਦੀ ਹੈ। ਜੋਗੀ ਦਾ ਹਿਰਦਾ ਰੂਪੀ ਕਲਸ ਸਿੱਧੀ ਹੋਣ ਕਰਕੇ ਉਸ ਦੇ ਵਿਚ ਪੈ ਜਾਂਦੀ ਹੈ ਕਿਉਂਕਿ ਉਨ੍ਹਾਂ ਨੇ ਪ੍ਰਾਣਾਯਾਮ ਕਰਕੇ ਉਸ ਨੂੰ ਸਿੱਧਾ ਕਰ ਲਿਆ ਹੈ। ਅਪਾਨ ਵਾਯੂ ਅਤੇ ਪ੍ਰਾਣਾਵਾਯੂ ਨੂੰ ਇਕੱਠੀ ਰੋਕ ਕੇ ਇਸ ਪ੍ਰਕਾਰ ਉਹ ਧਾਰਨ ਕਰ ਲੈਂਦੇ ਹਨ। ਇਸ ਕਰਕੇ ਉਨ੍ਹਾਂ ਦੇ ਵਾਯੂ, ਪਿੱਤ, ਕਫ ਨਾਸ ਹੋ ਜਾਂਦੇ ਹਨ। ਇਉਂ ਕਬੀਰ ਸਾਹਿਬ ਜੀ ਕਹਿੰਦੇ ਹਨ ਕਿ ਇਹ ਕਨਕ = ਸੁਨਹਿਰੀ ਕਲਸ = ਘੜਾ ਹੈ ਜਿਸ ਵਿਚ ਜੋਗਾਨੰਦ ਰੂਪੀ ਸ਼ਰਾਬ ਨੂੰ ਪਾਉਣਾ ਕੀਤਾ ਹੈ।

## ਤਿਸੁ ਮਹਿ ਧਾਰ ਚੁਐ, ਅਤਿ ਨਿਰਮਲ; ਰਸ ਮਹਿ ਰਸਨ ਚੁਆਇਆ ॥੨॥

ਤਿਸੁ = ਉਸ ਸ਼ੁੱਧ ਅੰਤਹਕਰਨ ਰੂਪੀ ਘੜੇ ਮਹਿ = ਵਿਚ ਅਤਿ = ਅਤਿਅੰਤ ਨਿਰਮਲ = ਉੱਜਲ ਜੋਗਾਨੰਦ ਰੂਪੀ ਸ਼ਰਾਬ ਦੀ ਧਾਰ = ਧਾਰਾ ਚੁਐ = ਚੋ ਰਹੀ ਹੈ ਸਾਰੇ ਰਸਾਂ ਮਹਿ = ਵਿੱਚੋਂ ਇਹ ਜੋਗਾਨੰਦ ਰੂਪੀ ਉੱਜਲ ਰਸ ਚੁਆਇਆ = ਚੋ ਚੋ ਕੇ ਆਉਂਦਾ ਹੈ। ਅਰਥਾਤ ਜੋਗੀ ਜਨ ਰਸਨਾ ਨੂੰ ਹਲਕ ਵਿਚ ਲਾ ਲੈਂਦੇ ਹਨ। ਜ਼ੁਬਾਨ ਨੂੰ ਦਵਾਈਆਂ ਮਲ ਮਲ ਕੇ ਲੰਮੀ ਕਰ ਲੈਂਦੇ ਹਨ। ਉਹ ਜ਼ੁਬਾਨ ਨੂੰ ਖਿੱਚ ਕੇ ਮੱਥੇ ਤੱਕ ਲੈ ਜਾਂਦੇ ਹਨ। ਫਿਰ ਸੰਘ ਵਿਚ ਲੈ ਜਾਂਦੇ ਹਨ। ਸੰਘ ਵਿਚ ਦੇਣ ਕਰਕੇ ਹੀ ਮਿੱਠੀ ਕਫ ਦਾ ਸੁਆਦ ਰਸਨਾ ਵਿਚ ਆਉਂਦਾ ਹੈ। ਇਉਂ ਰਸਾਂ ਵਿੱਚੋਂ ਜੋਗਾਨੰਦ ਦੇ ਰਸ ਨੂੰ ਪਿਆਉਣਾ ਕੀਤਾ ਹੈ॥੨॥

ਫਿਰ ਉਹ ਜੋਗੀ ਬੋਲਿਆ ਕਿ ਅਸੀਂ ਹਰੇ ਰੰਗ ਦੇ ਤੋੜ ਦੀ ਸ਼ਰਾਬ ਵਿਚ ਹਰੇ ਰੰਗ ਦੀ ਪੋਟਲੀ ਸੁੱਟ ਦੇਂਦੇ ਹਾਂ ਕਿਉਂਕਿ ਉਹ ਰੰਗ ਦੀ ਸ਼ਰਾਬ ਬਣ ਜਾਂਦੀ ਹੈ ਤੇ ਤੁਸੀਂ ਉਸ ਦੇ ਵਿਚ ਕਿਹੜੀ ਪੋਟਲੀ ਸੁੱਟੀ ਹੈ ਤੇ ਕਿਹੜੀ ਬੰਨੀ ਚੜ੍ਹਾਈ ਹੈ? ਤਾਂ ਕਬੀਰ ਜੀ ਉੱਤਰ ਦਿੰਦੇ ਹਨ:

## ਏਕ ਜੁ ਬਾਤ, ਅਨੂਪ ਬਨੀ ਹੈ; ਪਵਨ ਪਿਆਲਾ ਸਾਜਿਆ॥

ਜੁ = ਜਿਹੜੀ ਏਕ = ਇਕ ਜੋਗਾ ਅਭਿਆਸ, ਜੋਗਾਨੰਦ ਦੀ ਦਸਵੇਂ ਦੁਆਰ ਵਿਚ ਸੁਆਸ ਚੜ੍ਹਾਉਣ ਦੀ ਜੋਗੀਆਂ ਤੋਂ ਬਾਤ = ਗੱਲ ਪੁੱਛੀ ਹੈ, ਉਹੋ ਹੀ ਅਨੂਪ = ਉਪਮਾ ਤੋਂ ਰਹਿਤ ਬਨੀ = ਬਣ ਰਹੀ ਹੈ **ਵਾ:** ਇਹੋ ਰੰਗ ਦੇਣ ਵਾਲੀ ਬਨੀ = ਪੋਟਲੀ ਬਣਾਈ ਹੋਈ ਹੈ **ਵਾ:** ਤ੍ਰਿਕੁਟੀ ਵਿਚ ਧਿਆਨ ਕਰਨ ਰੂਪ ਹੀ ਸੰਧੂਰੀ ਬੰਨੀ ਚੜ੍ਹਾਈ ਹੋਈ ਹੈ ਅਤੇ ਪਵਨ = ਵਾਯੂ, ਪ੍ਰਾਣ ਅਪਾਨ ਰੋਕਣਾ ਐਸਾ ਪ੍ਰਾਣਾਯਾਮ ਕਰਨਾ ਹੀ ਪਿਆਲਾ ਸਾਜਿਆ = ਸਜਾਉਣਾ ਕੀਤਾ ਹੈ।

## ਤੀਨਿ ਭਵਨ ਮਹਿ ਏਕੋ ਜੋਗੀ; ਕਹਹੁ ਕਵਨੁ ਹੈ ਰਾਜਾ॥੩॥

ਤੀਨਿ = ਤਿੰਨਾਂ ਭਵਨ = ਲੋਕਾਂ ਮਹਿ = ਵਿਚ ਕੋਈ ਅਜਿਹਾ ਏਕੋ = ਇਕ ਅੱਧਾ ਹੀ ਜੋਗੀ ਹੈ ਕਹਹੁ = ਦੱਸੋ ਖਾਂ ਕਿ ਉਸ ਦੇ ਬਰਾਬਰ ਕਵਨੁ = ਕੌਣ ਰਾਜਾ ਹੈ **ਵਾ:** ਉਸ ਜੋਗੀ ਤੋਂ ਬਗ਼ੈਰ ਦੱਸੋ ਖਾਂ ਕਵਨੁ = ਕੌਣ ਜੋਗਾਨੰਦ ਦੇ ਰਸ ਨਾਲ ਰਾਜਾ = ਰੱਜਿਆ ਹੈ ਭਾਵ ਤ੍ਰਿਪਤ ਹੋਇਆ ਹੈ॥੩॥

## ਐਸੇ ਗਿਆਨ ਪ੍ਰਗਟਿਆ ਪੁਰਖੋਤਮ; ਕਹੁ ਕਬੀਰ ਰੰਗਿ ਰਾਤਾ॥

ਭਗਤ ਕਬੀਰ ਜੀ ਕਹੁ = ਕਥਨ ਕਰਦੇ ਹਨ ਕਿ ਉਹ ਜੋਗੀ ਦਸਵੇਂ ਦੁਆਰ ਵਿਚ ਚੇਤਨ ਦੀ ਲਾਟ ਰੂਪ ਪੁਰਖੋਤਮ = ਪਰਮੇਸ਼ਰ ਦੇ ਰੰਗ ਵਿਚ ਰਾਤਾ = ਰੰਗਿਆ ਹੋਇਆ ਹੈ, ਜਿਸ ਦੇ ਹਿਰਦੇ ਅੰਦਰ ਐਸਾ = ਅਜਿਹਾ ਦਸਵੇਂ ਦੁਆਰ, ਜੋਗਾਨੰਦ ਦਾ ਗਿਆਨ ਪ੍ਰਗਟਿਆ = ਪ੍ਰਗਟ ਹੋਇਆ ਹੈ।

## ਅਉਰ ਦੁਨੀ ਸਭ, ਭਰਮਿ ਭੁਲਾਨੀ; ਮਨੁ ਰਾਮ ਰਸਾਇਨ ਮਾਤਾ॥੪॥੩॥

(**ਮਾਤਾ** ਕੱਸ ਕੇ ਪੜ੍ਹੋ)

ਅਉਰ = ਹੋਰ ਬਾਕੀ ਸਭ = ਸਾਰੀ ਦੁਨੀ = ਦੁਨੀਆਂ ਸ਼ਰਾਬਾਂ ਪੀ ਕੇ ਭਰਮਿ ਵਿਚ ਭੁਲਾਨੀ = ਭੁੱਲ ਰਹੀ ਹੈ **ਵਾ:** ਭਰਮ ਨੇ ਭੁਲਾਨੀ = ਭੁਲਾਈ ਹੋਈ ਹੈ ਪਰ ਸਾਡਾ ਮਨ (ਰਸ + ਆਇਨ) ਰਸਾਂ ਦੇ ਆਇਨ = ਘਰ ਰਾਮ = ਪਰਮੇਸ਼ਰ ਦੇ ਨਾਮ ਵਿਚ ਮਾਤਾ = ਮਸਤ ਹੋਇਆ ਪਿਆ ਹੈ॥੪॥੩॥

### ਦੂਸਰਾ ਅਰਥ

ਇਹ ਉਪਦੇਸ਼ ਸੁਣ ਕੇ ਜੋਗੀ ਨੇ ਭਗਤ ਜੀ ਦੇ ਚਰਨਾਂ ਉਪਰ ਨਮਸਕਾਰ ਕੀਤੀ ਅਤੇ ਫੇਰ ਬੇਨਤੀ ਕੀਤੀ ਕਿ ਭਗਤ ਜੀ! ਆਪ ਜੀ ਮੈਨੂੰ ਉਪਦੇਸ਼ ਦੇ ਕੇ ਹੋਰ ਸਮਝਾਉਣਾ ਕਰੋ।

ਤਾਂ ਕਬੀਰ ਜੀ ਕਹਿਣ ਲੱਗੇ

**ਰਾਜਾਰਾਮ; ਅਨਹਦ ਕਿੰਗੁਰੀ ਬਾਜੈ॥ ਜਾ ਕੀ ਦਿਸਟਿ; ਨਾਦ ਲਿਵ ਲਾਗੈ॥੧॥ਰਹਾਉ॥**

ਜਿਹੜੀ ਰਾਜਾਰਾਮ = ਪ੍ਰਕਾਸ਼ ਸਰੂਪ ਪਰਮੇਸ਼ਰ ਦੀ ਸਾਰਿਆਂ ਜੀਵਾਂ ਵਿਚ ਅਨਹਦ = ਇਕ ਰਸ ਚੇਤਨ ਸੱਤਾ ਆਈ ਹੋਈ ਹੈ, ਇਹੋ ਹੀ ਕਿੰਗੁਰੀ = ਕਿੰਗ (ਬਾਣੀ) ਵੱਜ ਰਹੀ ਹੈ।

ਜਾ = ਜਿਨ੍ਹਾਂ ਦੀ ਗੁਰਾਂ ਦੀ ਕ੍ਰਿਪਾ ਦਿਸਟਿ = ਦ੍ਰਿਸ਼ਟੀ ਦੁਆਰਾ ਨਾਦ = ਸ਼ਬਦ ਵਿਚ ਲਿਵ = ਬਿਰਤੀ ਲਾਗੈ = ਲੱਗ ਜਾਂਦੀ ਹੈ, ਉਨ੍ਹਾਂ ਦੇ ਸਾਰੇ ਰੋਮਾਂ ਵਿੱਚੋਂ ਪਰਮੇਸ਼ਰ ਦੇ ਨਾਮ ਦੇ ਝੁਨਕਾਰੇ ਆਉਣ ਲੱਗ ਪੈਂਦੇ ਹਨ ਭਾਵ ਅਨਹਦ ਸ਼ਬਦ ਪ੍ਰਗਟ ਹੋ ਜਾਂਦੇ ਹਨ॥੧॥ਰਹਾਉ॥

***ਪ੍ਰਸ਼ਨ*** *: ਹੇ ਭਗਤ ਜੀ! ਤੁਸੀਂ ਬ੍ਰਹਮਾਨੰਦ ਰੂਪੀ ਸ਼ਰਾਬ ਕਿਸ ਤਰੀਕੇ ਨਾਲ ਕੱਢਦੇ ਹੋ?*

***ਉੱਤਰ*** *:*

**ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ; ਕਨਕ ਕਲਸ ਇਕੁ ਪਾਇਆ॥**

ਗਗਨ = ਚਿਦਾਕਾਸ਼ ਰੂਪੀ ਭਾਠੀ = ਭੱਠੀ ਹੈ, ਜੋ ਆਸੁਰੀ ਸੰਪਦਾ ਤੋਂ ਸਿੰਙਿਆ = ਸੰਗਣਾ ਭਾਵ ਇਨ੍ਹਾਂ ਔਗੁਣਾਂ ਦਾ ਤਿਆਗ ਕਰਨਾ ਹੈ ਅਰੁ = ਅਤੇ ਦੈਵੀ ਸੰਪਦਾ ਨੂੰ ਚੁੰਙਿਆ = ਚੁੰਗਣਾ, ਚੁਣਨਾ ਭਾਵ ਧਾਰਨ ਕਰਨਾ ਹੈ। ਅਰਥਾਤ ਸਜਾਤੀ ਬਿਰਤੀ ਦਾ ਗ੍ਰਹਿਣ ਤੇ ਵਿਜਾਤੀ ਵਿਰਤੀ ਦਾ ਤਿਆਗ ਰੂਪ ਦੋ ਨਾਲੀਆਂ ਹਨ, ਫੇਰ ਅਵਿੱਦਿਆ, ਹਉਮੈ ਦੀ ਮੈਲ ਤੋਂ ਰਹਿਤ ਸ਼ੁੱਧ ਅੰਤਸ਼ਕਰਣ ਰੂਪੀ ਸੁਨਹਿਰੇ ਘੜੇ ਵਿਚ ਇਕ ਬ੍ਰਹਮਾਨੰਦ ਰੂਪੀ ਸ਼ਰਾਬ ਪਾਉਣਾ ਕੀਤੀ ਹੈ।

**ਤਿਸੁ ਮਹਿ ਧਾਰ ਚੁਐ, ਅਤਿ ਨਿਰਮਲ; ਰਸ ਮਹਿ ਰਸਨ ਚੁਆਇਆ॥੨॥**

ਤਿਸੁ = ਉਸ ਸ਼ੁੱਧ ਅੰਤਸ਼ਕਰਣ ਰੂਪੀ ਘੜੇ ਵਿਚ ਬ੍ਰਹਮਾਕਾਰ ਬਿਰਤੀ ਰੂਪੀ ਅਤਿ = ਅਤਿਅੰਤ ਨਿਰਮਲ ਧਾਰ ਚੁਐ = ਚੋ ਰਹੀ ਹੈ ਅਤੇ ਸਾਰੇ ਰਸਾਂ ਵਿੱਚੋਂ ਪਰਮੇਸ਼ਰ ਨਾਲ ਪ੍ਰੀਤ ਰੂਪੀ ਰਸਨਾ ਦੁਆਰਾ ਇਸ ਬ੍ਰਹਮਾਨੰਦ ਰੂਪ ਰਸ ਨੂੰ ਚੁਆਇਆ = ਚੋ ਲਿਆ ਹੈ **ਵਾ:** ਰਸਾਂ ਵਿੱਚੋਂ ਸ੍ਰੇਸ਼ਟ ਬ੍ਰਹਮਾਨੰਦ ਰੂਪੀ ਰਸ ਚੁਆਇਆ ਹੈ॥੨॥

**ਏਕ ਜੁ ਬਾਤ, ਅਨੂਪ ਬਨੀ ਹੈ; ਪਵਨ ਪਿਆਲਾ ਸਾਜਿਆ॥**

ਜੋ ਜੀਵ ਤੇ ਈਸ਼ ਦੀ ਏਕ = ਏਕਤਾ ਵਾਲੀ ਅਨੂਪ = ਉਪਮਾਂ ਤੋਂ ਰਹਿਤ ਗੱਲ ਬਣੀ ਹੈ, ਉਹ ਤੁਰੀਆ ਪਦ ਦੀ ਸੰਧੂਰੀ ਬੰਨੀ ਚਾੜ੍ਹੀ ਹੋਈ ਹੈ ਅਤੇ ਪਵਨ = ਸੁਆਸ-ਸੁਆਸ ਪਰਮੇਸ਼ਰ ਦੇ ਭਜਨ ਨਾਲ ਮਨ ਨੂੰ ਤ੍ਰਿਪਤ ਕਰਨਾ ਹੀ ਪਿਆਲਾ ਸਾਜਿਆ = ਬਣਾਇਆ ਹੈ।

**ਤੀਨਿ ਭਵਨ ਮਹਿ ਏਕੋ ਜੋਗੀ; ਕਹਹੁ ਕਵਨੁ ਹੈ ਰਾਜਾ॥੩॥**

ਜਿਹੜੇ ਤੀਨਿ = ਤਿੰਨਾਂ ਭਵਨ = ਲੋਕਾਂ ਵਿਚ ਇੱਕੋ ਹੀ ਅਦ੍ਵੈਤ ਸਰੂਪ ਪਰਮੇਸ਼ਰ ਦੇ ਨਾਲ ਜੁੜੇ ਹਨ, ਉਹ ਹੀ ਅਦ੍ਵੈਤਵਾਦੀ ਬ੍ਰਹਮ ਗਿਆਨੀ ਜੋਗੀ ਹਨ, ਫੇਰ ਕਹਹੁ = ਦੱਸੋ ਖਾਂ ਕਿ ਤਿਨ੍ਹਾਂ ਦੀ ਦ੍ਰਿਸ਼ਟੀ ਵਿਚ ਰਾਜਾ ਰੰਕ ਕੌਣ ਹੈ, ਭਾਵ ਕੋਈ ਨਹੀਂ ਕਿਉਂਕਿ ਉਨ੍ਹਾਂ ਦੀ ਸਮਾਨ ਦ੍ਰਿਸ਼ਟੀ ਹੋ ਜਾਂਦੀ ਹੈ॥੩॥

**ਐਸੇ ਗਿਆਨ ਪ੍ਰਗਟਿਆ ਪੁਰਖੋਤਮ; ਕਹੁ ਕਬੀਰ ਰੰਗਿ ਰਾਤਾ॥**

ਜਿਨ੍ਹਾਂ ਦੇ ਹਿਰਦੇ ਅੰਦਰ ਐਸਾ ਗਿਆਨ ਪ੍ਰਗਟਿਆ ਹੈ, ਉਹ ਸਾਰੇ ਪੁਰਖੋਤਮ = ਪੁਰਖਾਂ ਤੋਂ ਉੱਤਮ ਈਸ਼ਰ ਦਾ ਸਰੂਪ ਹੋ ਜਾਂਦੇ ਹਨ, ਭਗਤ ਕਬੀਰ ਸਾਹਿਬ ਜੀ ਕਥਨ ਕਰਦੇ ਹਨ ਕਿ ਇਸ ਲਈ ਮੈਂ ਵੀ ਉਸ ਬ੍ਰਹਮ ਸਰੂਪ ਦੇ ਰੰਗਿ ਵਿਚ ਰਾਤਾ = ਰੰਗਿਆ ਗਿਆ ਹਾਂ।

**ਅਉਰ ਦੁਨੀ ਸਭ, ਭਰਮਿ ਭੁਲਾਨੀ; ਮਨੁ ਰਾਮ ਰਸਾਇਨ ਮਾਤਾ॥੪॥੩॥**

ਇਸ ਪ੍ਰਕਾਰ ਅਉਰ = ਹੋਰ ਤਾਂ ਸਭ = ਸਾਰੀ ਦੁਨੀ = ਦੁਨੀਆਂ ਭਰਮਿ ਨੇ ਭੁਲਾਨੀ = ਭੁਲਾਈ ਹੋਈ ਹੈ, ਪਰ ਸਾਡਾ ਮਨ ਤਾਂ ਰਸਾਇਨ = ਰਸਾਂ ਦੇ ਘਰ ਰਾਮ = ਪਰਮੇਸ਼ਰ ਦੇ ਨਾਮ ਵਿਚ ਮਾਤਾ = ਮਸਤ ਹੋਇਆ ਪਿਆ ਹੈ।

ਕਬੀਰ ਸਾਹਿਬ ਜੀ ਦੇ ਐਸੇ ਬਚਨ ਸੁਣ ਕੇ ਜੋਗੀ ਨੇ ਅੱਗੇ ਤੋਂ ਸ਼ਰਾਬ ਨਾ ਪੀਣ ਦਾ ਪ੍ਰਣ ਕਰ ਕੇ, ਸਿੱਖਿਆ ਲੈ ਕੇ ਜੋਗਾਨੰਦ ਦੀ ਪ੍ਰਾਪਤੀ ਕੀਤੀ। ਇਸ ਪ੍ਰਕਾਰ ਉਹ ਜੋਗੀ ਨਿਹਾਲ ਹੋਇਆ॥੪॥੩॥

**[ਅੰਗ ੯੩]**

## ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ॥

ਸਤਿਗੁਰੂ ਸਾਹਿਬ ਜੀ ਭਗਤ ਬੇਣੀ ਜੀ ਦੀ ਬਾਣੀ ਭਾਈ ਗੁਰਦਾਸ ਜੀ ਪਾਸੋਂ ਲਿਖਾਉਂਦੇ ਹਨ। ਭਗਤ ਬੇਣੀ ਜੀ ਯੂ.ਪੀ. ਵਿਚ ਪੂਰਬ ਵਾਲੇ ਪਾਸੇ ਹੋਏ ਹਨ। ਪਰਮੇਸ਼ਰ ਦੇ ਸਿਮਰਨ ਵਿਚ ਗੰਗਾ ਦੇ ਕਿਨਾਰੇ ਲੀਨ

ਰਹਿੰਦੇ ਸਨ। ਭਗਤ ਜੀ ਦੀ ਸ਼ਾਦੀ ਹੋਈ ਸੀ ਅਤੇ ਉਹ ਬੜੇ ਵਿਦਵਾਨ ਪੰਡਤ ਸਨ। ਭਗਤ ਜੀ ਦਾ ਚਿੱਤ ਵੈਰਾਗ ਵਿਚ ਪਰਮੇਸ਼ਰ ਦੀ ਅਰਾਧਨਾ ਵਿਚ ਜੁੜਿਆ ਰਹਿੰਦਾ ਸੀ। ਰਾਜਾ ਇਹਨਾਂ ਦੀ ਕਥਾ ਸੁਣ ਕੇ ਮੋਹਤ ਹੁੰਦਾ ਸੀ। ਇਕ ਵਾਰੀ ਦੀ ਗੱਲ ਹੈ ਕਿ ਭਗਤ ਜੀ ਦਾ ਚਿੱਤ ਰਾਜ ਦਰਬਾਰ ਵਿੱਚੋਂ ਹਟ ਕੇ ਪਰਮੇਸ਼ਰ ਦੇ ਨਾਮ ਵਿਚ ਜੁੜ ਗਿਆ। ਜੋਗ ਅਭਿਆਸ ਦੇ ਬਲ ਨਾਲ ਪ੍ਰਾਣਾਂ ਨੂੰ ਟਿਕਾ ਕੇ ਪਰਮੇਸ਼ਰ ਦੇ ਸਿਮਰਨ ਦਾ ਚਿੰਤਨ ਕਰਿਆ ਕਰਦੇ ਸਨ। ਇਕ ਵਾਰੀ ਭਗਤ ਬੇਣੀ ਜੀ ਦੇ ਅੰਦਰ ਐਨਾ ਪਿਆਰ ਪਰਮੇਸ਼ਰ ਦਾ ਲੱਗਿਆ ਕਿ ਕਿਸੇ ਨਾਲ ਬੋਲਣ ਨਾ। ਸਾਰਾ ਦਿਨ ਜੰਗਲ ਵਿਚ ਬੈਠੇ ਸਿਮਰਨ ਵਿਚ ਗੁਜ਼ਾਰ ਦਿਆ ਕਰਨ। ਜਦੋਂ ਘਰ ਵਿਚ ਆਇਆ ਕਰਨ ਤਾਂ ਟਾਲ ਮਟੋਲ ਕਰਕੇ ਕਹਿਆ ਕਰਨ ਕਿ ਰਾਜ ਦਰਬਾਰ ਵਿਚ ਕਥਾ ਕਰਦੇ ਹਾਂ। ਜਦੋਂ ਕਥਾ ਦਾ ਭੋਗ ਪਵੇਗਾ, ਉਸ ਵਕਤ ਰਾਜਾ ਕੁਝ ਧਨ ਪਦਾਰਥ ਦੇਵੇਗਾ ਤਾਂ ਘਰ ਵਿਚ ਲਿਆ ਕੇ ਵਰਤਣ ਵਾਸਤੇ ਦਿਆਂਗੇ। ਇਸ ਪ੍ਰਕਾਰ ਟਾਲ ਮਟੋਲੇ ਕਰਕੇ ਫੇਰ ਪਰਮੇਸ਼ਰ ਦੇ ਸਿਮਰਨ ਵਿਚ ਲੀਨ ਹੋ ਜਾਂਦੇ ਸਨ। ਭਗਤ ਬੇਣੀ ਜੀ ਬਾਰੇ ਭਾਈ ਗੁਰਦਾਸ ਜੀ ਨੇ ਵੀ ਐਸਾ ਲਿਖਿਆ ਹੈ:

**ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤ ਬਹੈ ਲਿਵ ਲਾਵੈ।**
**ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ।**
**ਘਰਿ ਆਇਆ ਜਾ ਪੁਛੀਐ ਰਾਜੁ ਦੁਆਰਿ ਗਇਆ ਆਲਾਵੈ।**
**ਘਰਿ ਸਭ ਵਥੂ ਮੰਗੀਅਨਿ ਵਲ ਛਲੁ ਕਰਿਕੈ ਝਤੁ ਲੰਘਾਵੈ।**
**ਵਡਾ ਸਾਂਗੁ ਵਰਤਦਾ ਓਹ ਇਕ ਮਨਿ ਪਰਮੇਸਰੁ ਧਿਆਵੈ।**
**ਪੈਜ ਸਵਾਰੈ ਭਗਤ ਦੀ ਰਾਜਾ ਹੋਇਕੇ ਘਰਿ ਚਲਿ ਆਵੈ।**
**ਦੇਇ ਦਿਲਾਸਾ ਤੁਸਿਕੈ ਅਣਗਣਤੀ ਖਰਚੀ ਪਹੁੰਚਾਵੈ।**
**ਓਥਹੁੰ ਆਇਆ ਭਗਤਿ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ।**
**ਭਗਤ ਜਨਾਂ ਜੈਕਾਰੁ ਕਰਾਵੈ ॥੧੪॥** *(ਭਾਈ ਗੁਰਦਾਸ ਜੀ, ਵਾਰ ੧੦, ਪਉੜੀ ੧੪)*

ਘਰ ਵਿਚ ਵੱਡਾ ਸਾਂਗ ਵਰਤਦਾ ਸੀ। ਕੋਈ ਚੀਜ਼ ਘਰ ਵਿਚ ਨਹੀਂ ਸੀ। ਕਿਸੇ ਤੋਂ ਮੰਗ ਕੇ ਲਿਆਉਂਦੇ ਸਨ। ਪਰਮੇਸ਼ਰ ਦੇ ਅਰਾਧਨ ਤੋਂ ਬਿਨਾਂ ਹੋਰ ਕਿਸੇ ਸੁਆਦ ਵਿਚ ਨਹੀਂ ਜੁੜੇ ਹੋਏ ਸਨ। ਸਮਾਂ ਗੁਜ਼ਰਨ 'ਤੇ ਬੇਣੀ ਜੀ ਦੇ ਘਰ ਪੁੱਤਰ ਪੈਦਾ ਹੋਇਆ। ਉਸ ਵਕਤ ਘਰ ਵਿਚ ਨਾ ਮਿੱਠਾ, ਨਾ ਘੀ, ਕੁਝ ਵੀ ਨਹੀਂ ਸੀ, ਗ਼ਰੀਬੀ ਸੀ। ਇਹੋ ਜਿਹੀ ਅਤਿਅੰਤ ਤਕਲੀਫ਼ ਵਿਚ ਵੀ ਜੰਗਲ ਵਿਚ ਜਾ ਕੇ ਪਰਮੇਸ਼ਰ ਦੇ ਸਿਮਰਨ ਵਿਚ ਜੁੜ ਗਏ। ਜਦੋਂ ਭਗਤ ਬੇਣੀ ਜੀ ਸਿਮਰਨ ਵਿਚ ਜੁੜੇ ਤਾਂ ਪਰਮੇਸ਼ਰ ਨੇ ਭਗਤ ਦਾ ਬਚਨ ਪੂਰਾ ਕਰਨ ਲਈ ਰਾਜੇ ਦਾ ਰੂਪ ਧਾਰਨ ਕਰ ਲਿਆ। ਬੇਣੀ ਜੀ ਦੇ ਘਰ ਵਿਚ ਜਾ ਕੇ ਕਹਿਣ ਲੱਗੇ ਕਿ ਕਥਾ ਦਾ ਮੱਧ ਹੋਇਆ ਹੈ। ਭਗਤ ਜੀ ਜਦੋਂ ਕਥਾ ਪੂਰੀ ਕਰਨਗੇ ਤਾਂ ਹੋਰ ਵੀ ਬੇਅੰਤ ਮਾਇਆ ਦਿਆਂਗਾ। ਘਿਉ, ਖੰਡ ਦੀਆਂ ਬੋਰੀਆਂ, ਅਨਾਜ ਅਤੇ ਹੋਰ ਬਹੁਤ ਸਾਰਾ ਪਦਾਰਥ ਭਗਤ ਜੀ ਦੇ ਘਰ ਦੇ ਗਏ। ਜਦੋਂ ਘਰ ਵਿਚ ਰੱਖਣ ਲਈ ਥਾਂ ਨਾ ਰਿਹਾ ਤਾਂ ਘਰ ਵਿਚ ਸਭ ਚੀਜ਼ਾਂ ਅਤੁੱਟ ਹੋ ਗਈਆਂ। ਸਭ ਪਦਾਰਥ ਮੁੱਕਣ ਤੋਂ ਰਹਿਤ ਹੋ ਗਏ। ਨੌਂ ਨਿਧੀਆਂ ਅਠਾਰਾਂ ਸਿੱਧੀਆਂ ਵਰਤੀਆਂ। ਉਸ ਵਕਤ ਪਰਮੇਸ਼ਰ ਰਾਜੇ ਦੇ ਰੂਪ ਵਿਚ ਭਗਤ ਜੀ ਪਾਸ ਗਏ। ਭਗਤ ਜੀ ਨੇ ਲਿਵ ਲਗਾਈ ਹੋਈ ਸੀ ਤੇ ਪਰਮੇਸ਼ਰ ਦੇ ਚਰਨ ਪਕੜੇ ਹੋਏ ਸਨ। ਉਸ ਵੇਲੇ ਪਰਮੇਸ਼ਰ ਉਸ ਕੋਲ ਖੜ ਗਏ। ਭਗਤ ਬੇਣੀ ਜੀ ਨੂੰ ਕੋਈ ਪਤਾ ਨਾ ਲੱਗਿਆ ਕਿ ਪਰਮੇਸ਼ਰ ਸਰਗੁਣ ਸਰੂਪ ਧਾਰ ਕੇ ਕੋਲ ਖਲੋਤੇ ਹਨ। ਪਰਮੇਸ਼ਰ ਜੀ ਨੇ ਭਗਤ ਜੀ ਦੇ ਅੰਦਰੋਂ ਸਰੂਪ ਦਾ ਧਿਆਨ ਖਿੱਚ ਲਿਆ। ਗੁਪਤ ਕਰ ਲਿਆ ਤਾਂ ਅੰਤਰ ਧਿਆਨ ਭਗਤ ਜੀ ਨੇ ਬਿਹਬਲ ਹੋ ਕੇ ਨੇਤਰ ਖੋਲ੍ਹ ਲਏ। ਨੇਤਰ ਖੋਲ੍ਹੇ ਤਾਂ ਸਾਹਮਣੇ ਪਰਮੇਸ਼ਰ ਦੇ ਦਰਸ਼ਨ ਕਰਕੇ ਚਰਨੀਂ ਪੈ ਗਏ। ਪਰਮੇਸ਼ਰ ਨੇ ਆਪਣੇ ਭਗਤ ਨੂੰ ਕੰਠ ਨਾਲ ਲਾਇਆ ਅਤੇ ਭਗਤ ਜੀ ਨੂੰ ਪੱਤੇ ਪੱਤੇ 'ਚੋਂ ਭਗਵਾਨ ਦਾ ਸਰੂਪ ਦਿਸਿਆ, ਬ੍ਰਿਛਾਂ ਤੇ ਪੱਤਿਆਂ ਵਿਚ

ਵੀ ਪਰਮੇਸ਼ਰ ਦੇ ਸਰੂਪ ਦਾ ਪ੍ਰਕਾਸ਼ ਹੋਇਆ। ਇਉਂ ਭਗਤ ਬੇਣੀ ਜੀ ਪਰਮੇਸ਼ਰ ਦੇ ਸਰਗੁਣ ਸਰੂਪ ਨੂੰ ਦੇਖ ਕੇ ਨਿਹਾਲ ਹੋਏ। ਜੈਸਾ ਕਿ :

**ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥** *(ਬਸੰਤੁ ਮ: ੫, ਅੰਗ ੧੧੯੨)*

ਇਸ ਪ੍ਰਕਾਰ ਭਗਤ ਬੇਣੀ ਜੀ ਵੈਰਾਗ ਦੇ ਵਿਚ ਸਰੀਰ ਦੀਆਂ ਛੇ ਅਵਸਥਾ—ਗਰਭ ਦੀ, ਬਾਲਕ ਅਵਸਥਾ, ਕਿਸ਼ੋਰ ਅਵਸਥਾ, ਢਲਦੀ ਜਵਾਨੀ, ਬਿਰਧ ਅਵਸਥਾ ਅਤੇ ਮਿਰਤੂ ਦਾ ਸਮਾਂ ਬਣਾ ਕਰਕੇ ਪਹਿਰੇ ਬਣਾ ਰਹੇ ਹਨ। ਇਸ ਪਵਿੱਤਰ ਸ਼ਬਦ ਨੂੰ ਜਿਵੇਂ ਰਾਤ ਦੇ ਪਹਿਰ ਹੁੰਦੇ ਹਨ, ਉਸੇ ਪ੍ਰਕਾਰ ਉਮਰ ਰੂਪੀ ਰਾਤ ਦੇ ਹਿੱਸੇ ਬਣਾ ਰਹੇ ਹਨ। ਸਿਰੀਰਾਗ ਦੇ ਅੰਦਰ ਭਗਤ ਬੇਣੀ ਜੀ ਦੀ ਬਾਣੀ ਹਜ਼ੂਰ ਲਿਖਵਾਉਂਦੇ ਹੋਏ ਉਚਾਰਨ ਕਰਦੇ ਹਨ :

## ਪਹਰਿਆ ਕੈ ਘਰਿ ਗਾਵਣਾ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਘਰ ਵਿਚ ਪਹਿਲੇ ਪਾਤਸ਼ਾਹ ਜੀ ਨੇ ਪਹਿਰਿਆ ਦੀ ਬਾਣੀ ਉਚਾਰਨ ਕੀਤੀ ਹੈ, ਉਸੇ ਹੀ ਪਹਿਰਿਆ ਦੇ ਘਰ ਵਿਚ ਇਸ ਸ਼ਬਦ ਨੂੰ ਗਾਵਣਾ ਹੈ **ਅਥਵਾ** ਪਹਰ ਪਹਰ ਵਿਚ ਇਸ ਸ਼ਬਦ ਨੂੰ ਸਤਿਸੰਗਤ ਰੂਪੀ ਘਰ ਵਿਚ ਮਿਲ ਕੇ ਗਾਵਣਾ = ਗਾਉਣਾ ਕਰੋ **ਵਾ:** ਭਗਤੀ ਰੂਪ ਸਿਰੋਪਾਉ ਪਹਿਰ ਕੇ ਇਸ ਸ਼ਬਦ ਨੂੰ ਹਿਰਦੇ ਰੂਪੀ ਘਰ ਵਿਚ ਗਾਉਣਾ ਕਰੋ **ਵਾ:** ਇਸੇ ਪ੍ਰਕਾਰ ਪਗ ਪਗ ਵਿਚ ਤੁਰਦੇ ਹੋਏ ਭਾਵ ਰਸਤੇ ਵਿਚ ਵੀ ਆਪਣੇ ਸਰੀਰ ਰੂਪੀ ਘਰ ਦੇ ਸੰਯੁਕਤ ਹੁੰਦਿਆਂ ਇਸ ਪਹਿਰਿਆ ਵਾਲੀ ਪਵਿੱਤਰ ਬਾਣੀ ਨੂੰ ਗਾਉਣਾ ਕਰੋ।

## ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਰੂਪ ਪਰਮੇਸ਼ਰ, ਓ = ਸਾਰਿਆਂ ਦਾ ਪ੍ਰਕਾਸ਼ਕ, ਸਤਿ = ਤ੍ਰੈਕਾਲ ਅਬਾਧ ਰੂਪ, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ **ਵਾ:** ਗੁਰਾਂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਇਸ ਪ੍ਰਕਾਰ ਅੰਮ੍ਰਿਤ ਰੂਪੀ ਬਾਣੀ ਦਾ ਮੰਗਲ ਕਰਕੇ ਹਜ਼ੂਰ ਫ਼ੁਰਮਾਨ ਕਰਦੇ ਹਨ। ਭਗਤ ਬੇਣੀ ਜੀ ਕੋਲ ਇਕ ਪ੍ਰੇਮੀ ਨੇ ਆ ਕੇ ਸਵਾਲ ਕੀਤਾ ਕਿ ਭਗਤੀ ਕਰਨ ਦੀ ਕੀ ਲੋੜ ਹੈ ? ਮਰ ਕੇ ਸਾਰਿਆਂ ਨੇ ਮੁਕਤ ਹੋ ਹੀ ਜਾਣਾ ਹੈ। ਜਿਸ ਦਾ ਭਗਤ ਜੀ ਇਸ ਸ਼ਬਦ ਵਿਚ ਉੱਤਰ ਕਥਨ ਕਰਦੇ ਹਨ :

## ਰੇ ਨਰ ਗਰਭ ਕੁੰਡਲ ਜਬ ਆਛਤ; ਉਰਧ ਧਿਆਨ ਲਿਵ ਲਾਗਾ ॥

ਰੇ = ਹੇ ਨਰ = ਪੁਰਖ ! ਜਬ = ਜਦੋਂ ਮਾਤਾ ਦੇ ਗਰਭ = ਪੇਟ ਵਿਚ ਜਠਰਾ ਅਗਨੀ ਦਾ ਤੇਰੇ ਦੁਆਲੇ ਕੁੰਡਲ = ਘੇਰਾ ਆਛਤ = ਹੁੰਦਾ ਸੀ ਤਾਂ ਉਸ ਵੇਲੇ ਤੂੰ ਉਰਧ = ਉਲਟਾ ਲਮਕਦਾ ਸੀ। ਪਰਮੇਸ਼ਰ ਦੀ ਲਿਵ = ਬਿਰਤੀ ਵਿਚ ਤੇਰਾ ਧਿਆਨ ਲਾਗਾ = ਲੱਗਿਆ ਹੋਇਆ ਸੀ **ਵਾ:** ਉਰਧ ਰੂਪ ਬ੍ਰਹਮ ਦੇ ਧਿਆਨ ਵਿਚ ਤੇਰੀ ਲਿਵ ਲੱਗੀ ਹੋਈ ਸੀ। ਜੈਸਾ ਕਿ :

**ਗਰਭ ਕੁੰਟ ਮਹਿ ਉਰਧ ਤਪ ਕਰਤੇ ॥ ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥** *(ਗਉੜੀ ਬਾਵਨ ਅਖਰੀ, ਪੰਨਾ ੨੫੧)*

**ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥**
**ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ ॥**

*(ਜੈਤਸਰੀ ਮਹਲਾ ੫, ਵਾਰ ਸਲੋਕਾ ਨਾਲਿ, ਅੰਗ ੭੦੬)*

## ਮਿਰਤਕ ਪਿੰਡਿ ਪਦ ਮਦਨਾ ਅਹਿ ਨਿਸਿ; ਏਕੁ ਅਗਿਆਨ ਸੁ ਨਾਗਾ ॥

(ਦੂਸਰਾ ਪਾਠ **ਪਦ ਮਦ ਨਾ**)

***ਪਹਿਲਾ ਅਰਥ :*** ਜਿਸ ਵੇਲੇ ਤੂੰ ਮਾਤਾ ਦੇ ਗਰਭ ਵਿਚ ਇਸਥਿਤ ਸੀ। ਉਸ ਵੇਲੇ ਤੇਰਾ ਪਿੰਡਿ = ਸਰੀਰ

ਮਿਰਤਕ = ਮੁਰਦਿਆਂ ਦੀ ਨਿਆਈਂ ਮਿੱਟੀ ਦੇ ਪੇੜਿਆਂ ਵਾਗੂੰ ਜੜ੍ਹ ਸੀ। ਉਦੋਂ ਤੈਨੂੰ ਕੋਈ ਲਿਆਕਤ ਨਹੀਂ ਸੀ ਅਤੇ ਪਰਮੇਸ਼ਰ ਦੇ ਪਦ = ਚਰਨਾਂ ਵਿਚ ਅਹਿਨਿਸਿ = ਦਿਨ ਰਾਤ ਮਦਨਾ = ਮਸਤ ਰਹਿੰਦਾ ਸੀ। ਸੁ = ਉਸ ਵਕਤ ਮਾਤਾ ਦੇ ਗਰਭ ਵਿਚ ਤੈਨੂੰ ਏਕੁ = ਇਕ ਅਗਿਆਨ ਦਾ ਨਾਗਾ ਸੀ, ਕਿਉਂਕਿ ਮਾਤਾ ਦੇ ਗਰਭ ਵਿਚ ਤੈਨੂੰ ਸੌ ਜਨਮ ਦੀ ਖ਼ਬਰ ਸੀ।

***ਦੂਸਰਾ ਅਰਥ :*** ਇਹ ਮਿਰਤਕ = ਮਿੱਟੀ ਦਾ ਪੇੜਾ ਜੋ ਪਿੰਡਿ = ਸਰੀਰ ਹੈ, ਇਸ ਪਦ = ਪਦਵੀ ਦਾ ਤੈਨੂੰ ਮਦ = ਹੰਕਾਰ ਨਾ = ਨਹੀਂ ਸੀ। ਅਹਿਨਿਸਿ = ਰਾਤ ਦਿਨੇ ਏਕੁ = ਇਕ ਅਗਿਆਨ ਦੀ ਸ਼ਕਤੀ ਤੇਰੇ 'ਤੇ ਵਰਤਦੀ ਸੀ ਭਾਵ ਦਿਨ ਰਾਤ ਅਗਿਆਨ ਦਾ ਨਾਗਾ ਸੀ। ਅਗਿਆਨ ਦੀਆਂ ਦੋ ਸ਼ਕਤੀਆਂ ਮੰਨੀਆਂ ਹਨ, ਇਕ ਅਭਾਨਾਪਾਦ ਸ਼ਕਤੀ ਤੇ ਦੂਸਰੀ ਅਸੱਤ੍ਵਾਪਾਦ ਸ਼ਕਤੀ।

### ਅਗਿਆਨ ਦੀਆਂ ਦੋ ਸ਼ਕਤੀਆਂ :

**ਅਭਾਨਾਪਾਦ ਸ਼ਕਤੀ :** ਜਿਹੜਾ ਪ੍ਰਤੀਤ ਨਾ ਹੋਣਾ। ਪ੍ਰਭੂ ਨੂੰ ਨੇੜੇ ਨਾ ਸਮਝਣਾ ਭਾਵ ਜਿਹੜਾ ਅਗਿਆਨ ਦੀ ਸ਼ਕਤੀ ਕਰਕੇ ਪ੍ਰਤੀਤ ਨਹੀਂ ਹੁੰਦਾ ਤੇ ਦੂਸਰਾ ਪਰਮੇਸ਼ਰ ਹੈ ਤਾਂ ਸਹੀ ਪਰ ਦਿੱਸਦਾ ਨਹੀਂ।

**ਅਸੱਤ੍ਵਾਪਾਦ ਸ਼ਕਤੀ :** ਅਸੱਤ੍ਵਾਪਾਦ ਸ਼ਕਤੀ ਕਿ ਬ੍ਰਹਮ ਹੈ ਹੀ ਨਹੀਂ। ਤੇਰੇ ਅੰਦਰ ਪ੍ਰੋਖ ਗਿਆਨ ਦਾ ਪਰਦਾ ਸੀ। ਤੂੰ ਪਰਮੇਸ਼ਰ ਨੂੰ ਸਮਝਦਾ ਤਾਂ ਸੀ ਕਿ ਨਾਮ ਜਪਣੇ ਕਰਕੇ ਹੀ ਪਰਮੇਸ਼ਰ ਮਾਤਾ ਦੇ ਗਰਭ ਵਿਚ ਮੇਰੀ ਗੁਪਤ ਹੋ ਕੇ ਪਾਲਣਾ ਕਰਦਾ ਹੈ ਪਰ ਪ੍ਰਤੀਤ ਨਹੀਂ ਹੁੰਦਾ। ਇਹ ਅਗਿਆਨ ਦੀ ਸ਼ਕਤੀ ਤੇਰੇ ਅੰਦਰ ਵਰਤ ਗਈ ਸੀ। ਜਿਹੜੀ ਅਗਿਆਨ ਦੀ ਸ਼ਕਤੀ ਸੀ ਕਿ ਬ੍ਰਹਮ ਤਾਂ ਹੈ ਹੀ ਨਹੀਂ। ਇਸ ਨਾਸਤਕ ਪੁਣੇ ਵੱਲੋਂ ਤੇਰਾ ਨਾਗਾ ਪਿਆ ਹੋਇਆ ਸੀ। ਤੈਨੂੰ ਨਿਸਚਾ ਸੀ ਕਿ ਪਰਮੇਸ਼ਰ ਹੈ ਪਰ ਪ੍ਰਤੀਤ ਨਹੀਂ ਹੁੰਦਾ। ਅਗਿਆਨ ਦੀ ਅਸੱਤ੍ਵਾਪਾਦ ਸ਼ਕਤੀ ਨਾਸ ਹੋਈ ਸੀ। ਉਸ ਗੱਲ ਵੱਲੋਂ ਨਾਗਾ ਸੀ। ਸਮਝਦਾ ਸੀ ਕਿ ਪਰਮੇਸ਼ਰ ਹੈ ਪਰ ਮੈਨੂੰ ਦਿੱਸਦਾ ਨਹੀਂ। ਗੁਪਤ ਹੋ ਕੇ ਮੇਰੀ ਪਾਲਣਾ ਕਰ ਰਿਹਾ ਹੈ। ਮਾਤਾ ਦੇ ਗਰਭ ਵਿਚ ਪ੍ਰੋਖ ਗਿਆਨ ਦੁਆਰਾ ਤੈਨੂੰ ੧੦੦ ਜਨਮ ਦਾ ਗਿਆਨ ਸੀ। ਇਹ ਨਿਸਚਾ ਨਹੀਂ ਹੁੰਦਾ ਕਿ ਪਰਮੇਸ਼ਰ ਹੈ ਹੀ ਨਹੀਂ, ਜਿਵੇਂ ਨਾਸਤਕ ਕਹਿੰਦੇ ਹਨ। ਜਿਸ ਪ੍ਰਕਾਰ ਜਿਵੇਂ ਰੱਸੇ ਦਾ ਨਾਗ ਬਲ ਪਾਇਆ ਹੁੰਦਾ ਹੈ, ਇਸ ਪ੍ਰਕਾਰ ਤੂੰ ਅਗਿਆਨ ਦੀ ਅਭਾਨਾਪਾਦ ਸ਼ਕਤੀ ਦੇ ਨਾਲ ਨਾਗ ਬਲ ਦੀ ਨਿਆਈਂ ਉਸ ਵਿਚ ਬੱਝਾ ਹੋਇਆ ਸੀ ਭਾਵ ਅਗਿਆਨ ਵੀ ਅਸੱਤ੍ਵਾਪਾਦ ਸ਼ਕਤੀ ਤੋਂ ਨਾਗਾ = ਰਹਿਤ ਸੀ। (ਜਿਵੇਂ ਇਕ ਬੋਲੀ ਹੈ ਕਿ ਕੋਈ ਆਦਮੀ ਨਾ ਖਾਵੇ, ਕਹਿਣਾ ਅੱਜ ਮੇਰਾ ਨਾਗਾ ਹੈ ਭਾਵ ਇਕ ਅਗਿਆਨ ਦੀ ਅਸੱਤ੍ਵਾਪਾਦ ਸ਼ਕਤੀ ਤੋਂ ਰਹਿਤ ਸੀ, ਖ਼ਾਲੀ ਸੀ। ਨਾਗਾ ਮਾਝੇ ਦੀ ਬੋਲੀ ਵਿਚ ਉਚਾਰਨ ਹੁੰਦਾ ਹੈ। ਮਾਲਵੇ ਦੀ ਬੋਲੀ ਵਿਚ ਇਸੇ ਪਦ ਨੂੰ ਨਾਂਗਾ ਕਹਿੰਦੇ ਹਨ। ਭਗਤ ਬੇਣੀ ਜੀ ਨੇ ਮਾਝੇ ਦੀ ਬੋਲੀ ਅਨੁਸਾਰ ਇਹ ਪਦ ਉਚਾਰਨ ਕੀਤਾ ਹੈ। ਅੱਜ ਤੱਕ ਮਾਝੇ ਦੇ ਲੋਕ ਨਾਗਾ ਹੀ ਕਹਿੰਦੇ ਹਨ।

## ਤੇ ਦਿਨ ਸੰਮਲੁ ਕਸਟ ਮਹਾ ਦੁਖ; ਅਬ ਚਿਤੁ ਅਧਿਕ ਪਸਾਰਿਆ ॥

ਤੇ = ਉਹ ਦਿਨ ਸੰਮਲੁ = ਸੰਭਾਲਣਾ ਕਰ, ਜਦੋਂ ਮਾਤਾ ਦੇ ਗਰਭ ਵਿਚ ਉਲਟਾ ਲਮਕਦਾ ਸੀ। ਬਿਪਤਾ ਵਿਚ ਪਏ ਦਾ ਛਿਨ ਛਿਨ ਕਾਲ ਲੱਖਾਂ ਜੁਗਾਂ ਦੀ ਨਿਆਈਂ ਗੁਜ਼ਰਦਾ ਸੀ। ਜਿਵੇਂ ਆਵੀ ਦੇ ਵਿਚ ਭਾਂਡਾ ਪੱਕਦਾ ਹੈ, ਇਸੇ ਤਰ੍ਹਾਂ ਮਾਤਾ ਦੀ ਤੁਚਾ ਅਤੇ ਪਿਤਾ ਦੀ ਅੰਸ਼ ਹੱਡ ਸਨ। ਤੇਰਾ ਸਰੀਰ ਆਵੀ ਦੀ ਤਰ੍ਹਾਂ ਪੱਕਦਾ ਸੀ। ਮਾਤਾ ਦੇ ਗਰਭ ਵਿਚ ਤੇਰੇ ਅੰਗ ਬਣ ਰਹੇ ਸਨ। ਨਰਕ ਘੋਰ ਦਾ ਮਹਾ ਦੁਖ = ਬੜਾ ਭਾਰੀ ਕਸ਼ਟ ਸੀ। ਅਬ = ਹੁਣ ਤੂੰ ਅਧਿਕ = ਬਹੁਤੀ ਮਾਇਆ, ਬਹੁਤੇ ਪਦਾਰਥਾਂ ਵਿਚ ਆਪਣਾ ਬਹੁਤਾ ਜੱਸ ਕਰਵਾਉਣ ਵਿਚ ਚਿੱਤ ਨੂੰ ਪਸਾਰਿਆ = ਫਲਾ ਲਿਆ ਹੈ ਭਾਵ ਵਾਹਿਗੁਰੂ ਪਰਮੇਸ਼ਰ ਨੂੰ ਚਿੱਤ ਤੋਂ ਵਿਸਾਰ ਹੀ ਦਿੱਤਾ ਹੈ। ਮਾਇਆ ਨੇ ਤੇਰੇ 'ਤੇ ਹੁਕਮ ਵਰਤਾ ਦਿੱਤਾ ਹੈ ਤੇ ਤੂੰ ਪਦਾਰਥਾਂ ਵਿਚ ਚਿੱਤ ਨੂੰ ਪਸਾਰਿਆ = ਪਸਾਰ ਛੱਡਿਆ ਹੈ। ਜੈਸਾ ਕਿ :

**ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥**
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥** *(ਰਾਮਕਲੀ ਮ: ੩ ਅਨੰਦੁ, ਅੰਗ ੯੨੧)*

## ਗਰਭ ਛੋਡਿ, ਮ੍ਰਿਤ ਮੰਡਲ ਆਇਆ; ਤਉ ਨਰਹਰਿ ਮਨਹੁ ਬਿਸਾਰਿਆ॥੧॥

ਜਦੋਂ ਤੂੰ ਮਾਤਾ ਦੇ ਗਰਭ ਨੂੰ ਛੋਡਿ = ਛੱਡ ਕੇ ਮ੍ਰਿਤ ਮੰਡਲ = ਮਾਤ-ਲੋਕ ਭਾਵ ਸੰਸਾਰ ਉੱਤੇ ਆਇਆ ਸੀ, ਤਉ = ਤਦੋਂ ਹੀ ਤੂੰ ਸਾਰਿਆਂ ਨਰਹਰਿ = ਪੁਰਖਾਂ ਨੂੰ ਹਰੇ ਭਰੇ ਕਰਨ ਵਾਲੇ ਪਰਮੇਸ਼ਰ ਨੂੰ ਮਨਹੁ = ਹਿਰਦੇ ਵਿੱਚੋਂ ਬਿਸਾਰਿਆ = ਭੁਲਾ ਦਿੱਤਾ ਸੀ॥੧॥

## ਫਿਰਿ ਪਛੁਤਾਵਹਿਗਾ ਮੂੜਿਆ; ਤੂੰ ਕਵਨ ਕੁਮਤਿ ਭ੍ਰਮਿ ਲਾਗਾ॥

ਹੇ ਮੂੜਿਆ = ਮੂਰਖ ਬੇਸਮਝ ਪੁਰਸ਼! ਫੇਰ ਪਛੁਤਾਵਹਿਗਾ = ਪਸ਼ਚਾਤਾਪ ਕਰੇਂਗਾ। ਤੂੰ ਭਰਮ ਕਰਕੇ ਕਵਨ = ਕਿਸ ਕੁਮਤਿ = ਖੋਟੀ ਮੱਤ ਵਿਚ ਲਾਗਾ = ਲੱਗ ਗਿਆ ਹੈਂ? ਜੈਸਾ ਕਿ:

**ਮਨ ਰੇ ਸਮਝੁ ਕਵਨ ਮਤਿ ਲਾਗਾ॥**
**ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ॥** *(ਸੋਰਠਿ ਮ: ੧, ਅੰਗ ੫੯੮)*

## ਚੇਤਿ ਰਾਮੁ, ਨਾਹੀ ਜਮ ਪੁਰਿ ਜਾਹਿਗਾ; ਜਨੁ ਬਿਚਰੈ ਅਨਰਾਧਾ॥੧॥ਰਹਾਉ॥

ਰਾਮ = ਪਰਮੇਸ਼ਰ ਨੂੰ ਚੇਤਿ = ਚੇਤਨਾ ਕਰ, ਨਾਹੀ = ਨਹੀਂ ਤਾਂ ਜਮਪੁਰਿ = ਜਮਾਂ ਦੀ ਪੁਰੀ ਵਿਚ ਤੈਨੂੰ ਜਾਹਿਗਾ = ਜਾਣਾ ਪਵੇਗਾ। ਜੇ ਪਰਮੇਸ਼ਰ ਨੂੰ ਚੇਤੇ ਕਰੇਂਗਾ ਤਾਂ ਜਮਾਂ ਦੀ ਪੁਰੀ ਤੋਂ ਛੁਟਕਾਰਾ ਮਿਲੇਗਾ। (ਅਨ + ਰਾਧਾ) ਅਨ = ਹੋਰਨਾਂ ਦੇਵੀ ਦੇਵਤਿਆਂ ਦੇ ਰਾਧਾ = ਅਰਾਧਨ ਵਿਚ ਜਨੁ = ਮਤਾਂ ਬਿਚਰੈ = ਬਿਚਰਨਾ ਕਰ। ਜਿਵੇਂ ਕੋਰੜੂ ਮੋਠ ਨੂੰ ਸੱਤ ਉਬਾਲੇ ਦਿੱਤਿਆਂ ਹੋਇਆਂ ਵੀ ਉਹ ਰਿਝਦਾ ਨਹੀਂ, ਕੋਰੜੂ ਹੀ ਰਹਿੰਦਾ ਹੈ। ਇਸੇ ਪ੍ਰਕਾਰ ਜੇਕਰ ਤੈਨੂੰ ਸਤ ਸ਼ਾਸਤ੍ਰਾਂ ਦੇ ਉਪਦੇਸ਼ ਰੂਪੀ ਸੱਤ ਉਬਾਲੇ ਦੇ ਦੇਈਏ ਤਾਂ ਵੀ ਤੇਰਾ ਚਿਤ ਢਲਦਾ ਨਹੀਂ ਭਾਵ ਹਰੀ ਦੇ ਨਾਮ ਵਿਚ ਭਿੱਜਦਾ ਨਹੀਂ, ਇਸ ਪ੍ਰਕਾਰ ਅਨਰਿਧ ਮੋਠ ਦੀ ਨਿਆਈਂ ਮਤਾਂ ਬਿਚਰਨਾ ਕਰ **ਅਥਵਾ** ਹੇ ਜਨੁ = ਪੁਰਖ! ਤੂੰ ਪਰਮੇਸ਼ਰ ਦੇ ਨਾਮ ਨੂੰ ਹਿਰਦੇ ਰੂਪੀ ਖੇਤ ਵਿਚ ਅਨਰਾਧਾ = ਬੀਜਣ ਤੋਂ ਰਹਿਤ ਹੀ ਬਿਚਰੈ = ਬਿਚਰਦਾ ਫਿਰਦਾ ਹੈਂ। ਆਪਣੇ ਅੰਦਰ ਕਦੇ ਪਰਮੇਸ਼ਰ ਦੇ ਨਾਮ ਨੂੰ ਬੀਜਿਆ ਨਹੀਂ **ਵਾ:** ਅਨ = ਦ੍ਵੈਤ ਦੇ ਰਾਧਾ = ਬੀਜਣ ਵਿਚ ਮਤਾਂ ਬਿਚਰਨਾ ਕਰ॥੧॥ਰਹਾਉ॥

## ਬਾਲ ਬਿਨੋਦ ਚਿੰਦ ਰਸ ਲਾਗਾ; ਖਿਨੁ ਖਿਨੁ ਮੋਹਿ ਬਿਆਪੈ॥

ਹੇ ਜੀਵ! ਬਾਲ = ਬਾਲਕ ਅਵਸਥਾ ਆ ਗਈ ਤਾਂ ਬਾਲਕਪੁਣੇ ਦੇ ਬਿਨੋਦ = ਕੌਤਕਾਂ ਨੂੰ ਖੇਲਣ ਵਿਚ ਬਿਚਰਦਾ ਰਹਿੰਦਾ ਹੈਂ। ਫੇਰ ਕਿਸ਼ੋਰ ਅਵਸਥਾ ਆ ਗਈ ਤੇਰੀ ਖਾਣ ਪੀਣ ਦੀ, ਉਹਦੇ ਵਿਚ ਰਸਾਂ ਕਸਾਂ ਦੀ ਚਿੰਦ = ਚਿਤਵਣੀ ਵਿਚ ਤੂੰ ਲਾਗਾ = ਲੱਗ ਗਿਆ। ਚੰਗੇ ਪਾਰੇ ਮਾਰ ਕੇ ਖਾਣੇ ਕਿ ਮੇਰਾ ਸਰੀਰ ਬਲੀ ਹੋ ਜਾਵੇ। ਮਾਤਾ, ਪਿਤਾ, ਭੈਣ, ਭਰਾ, ਸੰਬੰਧੀਆਂ ਦਾ ਤੈਨੂੰ ਖਿਨੁ ਖਿਨੁ = ਅੱਖਾਂ ਦੇ ਪਲਕਾਰੇ ਜਿੰਨੇ ਸਮੇਂ ਵਿਚ ਵੀ ਮੋਹਿ = ਮੋਹ ਬਿਆਪੈ = ਵਿਆਪਦਾ ਸੀ ਅਤੇ ਸੰਬੰਧੀਆਂ ਨੂੰ ਤੇਰਾ ਮੋਹ ਵਿਆਪਦਾ ਸੀ।

ਕਈ ਸ਼ਰਾਬ ਪੀਣ ਦੇ ਆਦੀ ਕਹਿੰਦੇ ਹਨ ਕਿ ਸ਼ਰਾਬ ਦਵਾਈ ਜਾਣ ਕੇ ਪੀ ਲਵੇ ਤਾਂ ਕੀ ਪਾਪ ਹੈ। ਅਖੇ ਵੈਦ ਕਹਿੰਦੇ ਹਨ ਕਿ ਸ਼ਰਾਬ ਥੋੜ੍ਹੀ ਜਿਹੀ ਪੀ ਲੈਣੀ ਚਾਹੀਦੀ ਹੈ ਤਾਂ ਭਗਤ ਜੀ ਫ਼ੁਰਮਾਉਂਦੇ ਹੋਏ ਕਿਸ਼ੋਰ ਅਵਸਥਾ ਬਾਰੇ ਕਥਨ ਕਰਦੇ ਹਨ:

## ਰਸੁ ਮਿਸੁ ਮੇਧੁ, ਅੰਮ੍ਰਿਤੁ ਬਿਖੁ ਚਾਖੀ; ਤਉ ਪੰਚ ਪ੍ਰਗਟ ਸੰਤਾਪੈ ॥

ਹੇ ਜੀਵ! ਕਿਸ਼ੋਰ ਅਵਸਥਾ ਵਿਚ ਤੂੰ ਰਸੁ = ਰਸਾਂ ਕਸਾਂ ਦੇ ਭੋਗਣ ਦੇ ਮਿਸੁ = ਬਹਾਨੇ ਵਿਹੁ ਰੂਪ ਦੁਖਦਾਇਕ ਪਦਾਰਥਾਂ ਨੂੰ ਅੰਮ੍ਰਿਤ ਵਾਂਗ ਮੇਧੁ = ਪਵਿੱਤਰ ਭਾਵ ਸੁਖਦਾਇਕ ਸਮਝ ਕੇ ਚਾਖੀ = ਚੱਖਣਾ ਕਰਦਾ ਹੈਂ **ਵਾ:** ਰਸਾਂ ਕਸਾਂ ਤੇ ਔਸ਼ਧੀ ਦੇ ਮਿਸੁ = ਬਹਾਨੇ ਮੇਧੁ = ਸ਼ਰਾਬ ਆਦਿਕ **ਵਾ:** ਕੁੱਕੜ ਆਦਿਕਾਂ ਦੇ ਮੇਧੁ = ਮੇਧਿਆਂ ਭਾਵ ਮਾਸ ਨੂੰ ਜੋ ਵਿਹੁ ਵਤ ਦੁਖਦਾਇਕ ਹਨ, ਤਿਨ੍ਹਾਂ ਨੂੰ ਅੰਮ੍ਰਿਤ ਸਮਾਨ ਸੁਖਦਾਇਕ ਜਾਣ ਕੇ ਚੱਖਣਾ ਕਰਦਾ ਹੈਂ, ਤਉ = ਤਾਂ ਹੀ ਪੰਚ = ਪੰਜ ਕਾਮਾਦਿਕ ਪ੍ਰਗਟ ਹੋ ਕੇ ਸੰਤਾਪੈ = ਦੁਖੀ ਕਰਨ ਲੱਗ ਜਾਂਦੇ ਹਨ **ਵਾ:** (ਸੰ + ਤਾਪੈ) ਸੰ = ਭਲੀ ਪ੍ਰਕਾਰ ਤਾਪੈ = ਤਪਾਉਂਦੇ ਹਨ।

## ਜਪੁ ਤਪੁ ਸੰਜਮੁ, ਛੋਡਿ ਸੁਕ੍ਰਿਤ ਮਤਿ; ਰਾਮ ਨਾਮੁ ਨ ਅਰਾਧਿਆ ॥

ਜਪੁ = ਜਾਪ, ਤਪੁ = ਤਪੱਸਿਆ, ਸੰਜਮੁ = ਇੰਦ੍ਰੀਆਂ ਦਾ ਦਮਨ ਅਤੇ ਸੁਕ੍ਰਿਤ = ਸ੍ਰੇਸ਼ਟ ਕਰਮਾਂ ਵਾਲੀ ਮਤਿ = ਬੁੱਧੀ ਨੂੰ ਛੋਡਿ = ਛੱਡ ਕਰਕੇ ਪੰਜਾਂ ਵਿਕਾਰਾਂ ਵਿਚ ਹੀ ਖੱਚਿਤ ਹੋ ਗਿਆ ਹੈਂ, ਪਰ ਰਾਮ = ਪਰਮੇਸ਼ਰ ਦੇ ਨਾਮ ਨੂੰ ਅਰਾਧਿਆ = ਅਰਾਧਣਾ ਹੀ ਨਹੀਂ ਕੀਤਾ। ਅੱਗੇ ਜਵਾਨੀ ਦੀ ਅਵਸਥਾ ਕਥਨ ਕਰਦੇ ਹਨ।

## ਉਛਲਿਆ ਕਾਮੁ, ਕਾਲ ਮਤਿ ਲਾਗੀ; ਤਉ ਆਨਿ ਸਕਤਿ ਗਲਿ ਬਾਂਧਿਆ ॥੨॥

ਜੋਬਨ ਅਵਸਥਾ ਦੇ ਬਲ ਕਰਕੇ ਸਰੀਰ ਵਿੱਚੋਂ ਕਾਮ ਦੇ ਉਛਲਿਆ = ਉਛਲਣ ਨਾਲ ਮਤਿ = ਬੁੱਧੀ ਨੂੰ ਵਿਸ਼ਿਆਂ ਦੀ ਕਾਲ = ਕਾਲਸ ਲਾਗੀ = ਲੱਗ ਗਈ, ਤਉ = ਤਾਂ ਫੇਰ ਮਾਤਾ ਪਿਤਾ ਨੇ ਸਕਤਿ = ਇਸਤਰੀ ਨੂੰ ਆਨਿ = ਲਿਆ ਕੇ ਗਲਿ = ਗਲੇ ਨਾਲ ਬਾਂਧਿਆ = ਬੰਨ੍ਹ ਦਿੱਤਾ, ਭਾਵ ਵਿਆਹ ਕਰ ਦਿੱਤਾ॥੨॥

## ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ; ਸਰੁ ਅਪਸਰੁ ਨ ਪਛਾਣਿਆ ॥

ਫੇਰ ਵੀ ਤਰੁਣ = ਜਵਾਨੀ ਦੇ ਤੇਜੁ = ਪ੍ਰਤਾਪ ਕਰਕੇ ਪਰ = ਪਰਾਈਆਂ ਤ੍ਰਿਅ = ਇਸਤਰੀਆਂ ਦੇ ਮੁਖੁ = ਮੂੰਹਾਂ ਨੂੰ ਜੋਹਹਿ = ਤੱਕਦਾ ਰਹਿੰਦਾ ਹੈਂ ਇਉਂ ਸਰ = ਚੰਗੇ ਤੇ ਅਪਸਰੁ = ਮੰਦੇ ਨੂੰ ਪਛਾਣਿਆ = ਪਛਾਨਣਾ ਨਹੀਂ ਕੀਤਾ। ਜੈਸਾ ਕਿ :

**ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥** *(ਸੋਰਠਿ ਮ: ੧, ਅੰਗ ੫੯੮)*

## ਉਨਮਤ ਕਾਮਿ ਮਹਾ ਬਿਖੁ ਭੂਲੈ; ਪਾਪੁ ਪੁੰਨੁ ਨ ਪਛਾਨਿਆ ॥

ਕਾਮ ਵਿਚ ਉਨਮਤ = ਮਸਤ ਹੋ ਕੇ ਮਹਾ = ਬਹੁਤੇ ਬਿਖੁ = ਵਿਸ਼ਿਆਂ ਨੂੰ ਭੋਗਣ ਵਿਚ ਲੱਗ ਕਰਕੇ ਪਰਮੇਸ਼ਰ ਨੂੰ ਭੂਲੈ = ਭੁੱਲ ਰਿਹਾ ਹੈਂ **ਵਾ:** ਵਿਸ਼ਿਆਂ ਵਿਚ ਹੀ ਭੁੱਲਾ ਹੋਇਆ ਹੈਂ ਪਰ ਪਾਪ ਪੁੰਨ ਨੂੰ ਪਛਾਨਿਆ = ਪਛਾਨਣਾ ਨਹੀਂ ਕੀਤਾ। ਹੁਣ ਅੱਗੇ ਢਲਦੀ ਜਵਾਨੀ ਦੀ ਹਾਲਤ ਦੱਸ ਰਹੇ ਹਨ।

## ਸੁਤ ਸੰਪਤਿ ਦੇਖਿ, ਇਹੁ ਮਨੁ ਗਰਬਿਆ; ਰਾਮੁ ਰਿਦੈ ਤੇ ਖੋਇਆ ॥

ਢਲਦੀ ਜਵਾਨੀ ਵਿਚ ਤੂੰ ਆਪਣੇ ਸੁਤ = ਪੁੱਤਰ ਸੰਪਤਿ = ਧਨ, ਪਦਾਰਥ, ਵਿਭੂਤੀ ਆਦਿਕ ਨੂੰ ਦੇਖ ਕਰਕੇ ਤੇਰਾ ਇਹ ਮਨ ਗਰਬਿਆ = ਹੰਕਾਰ ਦੇ ਸਹਿਤ ਹੋ ਰਿਹਾ ਹੈ ਤੇ ਰਾਮੁ = ਪਰਮੇਸ਼ਰ ਦੇ ਨਾਮ ਨੂੰ ਆਪਣੇ ਰਿਦੈ = ਹਿਰਦੇ ਤੇ = ਤੋਂ ਖੋਇਆ = ਗੁਆ, ਭੁਲਾ ਛੱਡਿਆ ਹੈ।

## ਅਵਰ ਮਰਤ ਮਾਇਆ ਮਨੁ ਤੋਲੇ; ਤਉ ਭਗ ਮੁਖਿ ਜਨਮੁ ਵਿਗੋਇਆ ॥੩॥

ਜਿਸ ਵੇਲੇ ਤੇਰਾ ਕੋਈ ਅਵਰ = ਹੋਰ ਨੇੜੇ ਦਾ ਸੰਬੰਧੀ ਮਰਤ = ਮਰਦਾ ਹੈ ਤਾਂ ਆਪਣੇ ਮਨ ਵਿਚ

ਉਸ ਦੀ ਮਾਇਆ ਨੂੰ ਤੋਲੇ = ਤੋਲਦਾ ਹੈਂ ਕਿ ਹੁਣ ਮੈਨੂੰ ਇਸ ਦੀ ਮਾਇਆ, ਜ਼ਮੀਨ ਜਾਇਦਾਦ ਮਿਲੇਗੀ। ਇਸ ਪ੍ਰਕਾਰ ਤਉ = ਤੂੰ ਸਾਰੀ ਉਮਰ ਭਗ = ਯੋਨੀ ਦੇ ਭੋਗਣ ਤੇ ਮੁਖਿ = ਮੂੰਹ ਨਾਲ ਸੁਆਦਲੇ ਪਦਾਰਥ ਖਾਣ ਵਿਚ ਆਪਣੇ ਮਨੁੱਖਾ ਜਨਮ ਨੂੰ ਵਿਅਰਥ ਵਿਗੋਇਆ = ਗੁਆ ਲਿਆ ਹੈ **ਵਾ:** ਪਰਮੇਸ਼ਰ ਵੱਲੋਂ ਬੇਮੁਖ ਹੋਣ ਰੂਪ ਭਗ = ਭੱਜ ਕੇ ਸਾਰੀਆਂ ਜੂਨਾਂ ਤੋਂ ਮੁਖੀ ਜੋ ਮਨੁੱਖਾ ਦੇਹ ਹੈ ਇਸ ਨੂੰ ਵਿਗੋਇਆ = ਨਿਸਫਲ ਹੀ ਗਵਾ ਦਿੱਤਾ ਹੈ। ਇਕ ਪ੍ਰੇਮੀ ਬੇਣੀ ਜੀ ਨੂੰ ਕਹਿਣ ਲੱਗਿਆ ਕਿ ਕੋਈ ਸੰਸਾਰ ਤੋਂ ਤਰਿਆ ਵੀ ਹੈ ? ਤਾਂ ਬੇਣੀ ਜੀ ਕਹਿਣ ਲੱਗੇ ਕਿ ਮਹਾਤਮਾ ਜਨ ਤਰੇ ਹਨ।

***ਦੂਸਰਾ ਅਰਥ :*** ਅਵਰ = ਹੋਰ ਵੀ ਸੰਤ ਮਹਾਤਮਾ ਮਰਤ = ਮਰਦ ਹਨ ਜੋ ਮਾਇਆ ਨੂੰ ਮਿਥਿਆ ਜਾਣ ਕੇ ਮਨ ਵਿਚ ਤੋਲੇ = ਤੋਲਦੇ ਹਨ ਭਾਵ ਵਿਚਾਰਦੇ ਹਨ। ਝੂਠੀ ਸਮਝਦੇ ਹਨ ਭਾਵ ਮਾਇਆ ਮਾਤਰ ਸਾਰੇ ਸੰਸਾਰ ਨੂੰ ਆਪਣੇ ਮਨ ਵਿਚ ਵਿਚਾਰਦੇ ਹਨ ਅਤੇ ਸੰਸਾਰ ਦੀ ਤਰਫ਼ੋਂ ਭਗ = ਭੱਜ ਕਰਕੇ ਮੁਖਿ = ਮੁਖੀ ਪਰਮਾਤਮਾ ਵਿਚ ਆਪਣੇ ਜਨਮੁ = ਜੀਵਨ ਨੂੰ ਵਿ = ਵਿਸ਼ੇਸ਼ ਕਰਕੇ ਗੋਇਆ = ਮਿਲਾਉਂਦੇ ਹਨ **ਵਾ:** ਉਨ੍ਹਾਂ ਮਹਾਤਮਾ ਜਨਾਂ ਨੇ ਸੰਸਾਰ ਦੀ ਤਰਫ਼ੋਂ ਦੌੜ ਕੇ ਮੁਖ ਰੂਪ ਵਾਹਿਗੁਰੂ ਦੇ ਸਿਮਰਨ ਵਿਚ ਲੱਗ ਕੇ ਜੰਮਣਾ ਮਰਨਾ ਵਿਗੋਇਆ = ਗਵਾ ਲਿਆ ਹੈ ਅਰਥਾਤ ਅਭਾਵ ਕਰ ਦਿੱਤਾ ਹੈ ॥੩॥

## ਪੁੰਡਰ ਕੇਸ ਕੁਸਮ ਤੇ ਧਉਲੇ; ਸਪਤ ਪਾਤਾਲ ਕੀ ਬਾਣੀ ॥

ਜਿਸ ਵੇਲੇ ਤੇਰੀ ਬਿਰਧ ਅਵਸਥਾ ਆ ਗਈ, ਤਿਸ ਵੇਲੇ ਪੁੰਡਰ = ਸਫੇਦ ਕੰਵਲ ਦੇ ਕੁਸਮ = ਫੁੱਲ ਤੇ = ਤੋਂ ਵੀ ਤੇਰੇ ਕੇਸ ਧਉਲੇ = ਚਿੱਟੇ ਹੋ ਜਾਣਗੇ ਅਤੇ ਬਾਣੀ = ਆਵਾਜ਼ ਇਤਨੀ ਛੋਟੀ ਹੋ ਜਾਵੇਗੀ ਜਿਵੇਂ ਕੋਈ ਆਦਮੀ ਸਪਤ = ਸੱਤਵੇਂ ਪਾਤਾਲ ਵਿੱਚੋਂ ਬੋਲਦਾ ਹੁੰਦਾ ਹੈ। ਇਸ ਪ੍ਰਕਾਰ ਬਰੀਕ, ਨਿੱਕੀ ਆਵਾਜ਼ ਰਹਿ ਜਾਵੇਗੀ। ਫੇਰ ਵੀ ਤੂੰ ਪਦਾਰਥਾਂ ਦੀ ਇੱਛਾ ਨਹੀਂ ਛੱਡਦਾ **ਵਾ:** ਅਜੇ ਵੀ ਬਾਣੀ ਵਿਚ ਬੋਲਦਾ ਹੈਂ ਕਿ ਮੈਂ ਕਿ ਸੱਤਾ ਪਾਤਾਲਾਂ ਕੀ = ਦੀ ਮਾਇਆ ਕੱਢ ਲਿਆਵਾਂਗਾ। ਇਸ ਤਰ੍ਹਾਂ ਲਾਲਚ ਦੀਆਂ ਗੱਲਾਂ ਕਰਦਾ ਹੈਂ। ਜੈਸਾ ਕਿ :

**ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥** *(ਆਸਾ ਮ: ੧ ਪਟੀ, ਅੰਗ ੪੩੨)*

## ਲੋਚਨ ਸ੍ਰਮਹਿ, ਬੁਧਿ ਬਲ ਨਾਠੀ; ਤਾ ਕਾਮੁ ਪਵਸਿ ਮਾਧਾਣੀ ॥

ਬਿਰਧ ਅਵਸਥਾ ਵਿਚ ਲੋਚਨ = ਨੇਤਰਾਂ ਵਿੱਚੋਂ ਪਾਣੀ ਸ੍ਰਮਹਿ = ਵਗਦਾ ਹੈ। ਧੁੰਦਲਾ ਦਿਖਣ ਲੱਗ ਗਿਆ। ਬੁੱਧੀ ਕੋਈ ਪਦਾਰਥ ਚੇਤੇ ਕਰੇ ਤਾਂ ਭੁੱਲ ਜਾਂਦੀ ਹੈ। ਬੁੱਧੀ ਦਾ ਬਲ, ਸਰੀਰਕ ਬਲ, ਇੰਦਰੀਆਂ ਦਾ ਬਲ ਸਭ ਨਾਠੀ = ਨੱਠ ਗਿਆ ਭਾਵ ਲੱਥ ਗਿਆ। ਤਾਂ ਫਿਰ ਉਹ ਜਿਹੜੇ ਵਿਸ਼ੇ ਭੋਗੇ ਸਨ, ਉਹਨਾਂ ਦੀ ਕਾਮਨਾ ਬੁੱਢੇ ਹੋਏ ਨੂੰ ਜਿਵੇਂ ਮਧਾਣੀ ਦੁੱਧ ਰਿੜਕਦੀ ਹੈ, ਇਸ ਤਰ੍ਹਾਂ ਇਹਦੇ ਚਿੱਤ ਨੂੰ ਭੋਗ ਭੋਗਿਆ ਦੀਆਂ ਜੋ ਵਾਸ਼ਨਾਵਾਂ ਹਨ, ਮਧਾਣੀ ਦੀ ਨਿਆਈਂ ਰਿੜਕਦੀਆਂ ਹਨ। ਇਸ ਪ੍ਰਕਾਰ ਜਿਉਂ ਜਿਉਂ ਸਰੀਰ ਕਮਜ਼ੋਰ ਹੁੰਦਾ ਹੈ, ਭੋਗਾਂ ਦੇ ਭੋਗਣ ਦੀਆਂ ਵਾਸ਼ਨਾਵਾਂ ਵਧਦੀਆਂ ਹਨ। ਐਸੀਆਂ ਭੈੜੀਆਂ ਵਿਕਾਰਾਂ ਦੀਆਂ ਕਾਮਨਾਵਾਂ ਚਿੱਤ ਵਿਚ ਫੁਰਦੀਆਂ ਹਨ। ਜੋ ਇਸ ਦੇ ਚਿੱਤ ਤਾਈਂ ਮਧਾਣੀ ਵਾਂਗੂੰ ਰਿੜਕਦੀਆਂ ਹਨ।

## ਤਾ ਤੇ ਬਿਖੈ ਭਈ ਮਤਿ ਪਾਵਸਿ; ਕਾਇਆ ਕਮਲੁ ਕੁਮਲਾਣਾ ॥

ਤਾ ਤੇ = ਇਸ ਕਰਕੇ ਉਸ ਵਾਸ਼ਨਾ ਕਰਕੇ ਬਿਖੈ = ਵਿਸ਼ਿਆਂ ਵਿਚ ਪਾਵਸਿ = ਬਰਸਾਤ ਰੁੱਤ ਦੀ ਨਿਆਈਂ ਮਤਿ = ਬੁੱਧੀ ਕਾਲੀ ਭਈ = ਹੋ ਗਈ ਹੈ **ਵਾ:** ਮੱਤ ਵਿਚ ਵਿਸ਼ਿਆਂ ਦੀ ਪਾਵਸਿ = ਬਰਸਾਤ ਹੋਣ

ਲੱਗ ਜਾਂਦੀ ਹੈ ਅਤੇ ਕਾਇਆ = ਸਰੀਰ ਰੂਪੀ ਕਮਲ ਜੋ ਜਵਾਨੀ ਅਵਸਥਾ ਵਿਚ ਖਿੜਿਆ ਹੋਇਆ ਸੀ ਉਹ ਹੁਣ ਕੁਮਲਾਨਾ = ਮੁਰਝਾ ਗਿਆ ਹੈ।

## ਅਵਗਤਿ ਬਾਣਿ ਛੋਡਿ, ਮ੍ਰਿਤ ਮੰਡਲਿ; ਤਉ ਪਾਛੈ ਪਛੁਤਾਨਾ ॥੪॥

ਹੇ ਜੀਵ ! ਤੂੰ ਮ੍ਰਿਤ ਮੰਡਲਿ = ਇਸ ਲੋਕ (ਮਾਤ ਲੋਕ) ਵਿਚ ਅਵਗਤਿ = ਈਸ਼ਵਰ ਦੀ ਨਾਮ ਰੂਪੀ ਬਾਣਿ = ਬਾਣੀ **ਵਾ:** (ਅਵ + ਗਤਿ) ਅਵ = ਵਿਸ਼ੇਸ਼ ਕਰਕੇ ਗਤਿ = ਗਿਆਨ ਸਰੂਪ ਦੀ ਨਾਮ ਰੂਪੀ ਬਾਣਿ = ਬਾਣੀ ਛੋਡਿ = ਤਿਆਗ ਦਿੱਤੀ ਹੈ ਇਸ ਕਰਕੇ ਤਉ = ਤੈਨੂੰ ਪਾਛੈ = ਪਿੱਛੋਂ ਭਾਵ ਅੰਤ ਸਮੇਂ ਪਛੁਤਾਨਾ = ਪਸ਼ਚਾਤਾਪ ਹੀ ਕਰਨਾ ਪਵੇਗਾ ॥੪॥

## ਨਿਕੁਟੀ ਦੇਹ, ਦੇਖਿ ਧੁਨਿ ਉਪਜੈ; ਮਾਨ ਕਰਤ ਨਹੀ ਬੂਝੈ ॥

ਹੇ ਜੀਵ ! ਬਿਰਧ ਅਵਸਥਾ ਵਿਚ ਤੇਰੀ ਦੇਹ ਨਿਕੁਟੀ (ਨਿ + ਕੁਟੀ) ਨਿ = ਵਿਸ਼ੇਸ਼ ਕਰਕੇ ਕੁਟੀ = ਕੁੱਬੀ ਹੋ ਗਈ **ਵਾ:** ਤੂੰ ਆਪਣੇ ਪੋਤਰੇ, ਪੜਪੋਤਿਆਂ ਦੀ ਨਿਕੁਟੀ = ਨਿੱਕੀਆਂ ਨਿੱਕੀਆਂ ਦੇਹਾਂ ਨੂੰ ਦੇਖ ਕੇ ਧੁਨਿ = ਅਵਾਜ਼ ਉਪਜੈ = ਉਚਾਰਨ ਕਰਦਾ ਹੈਂ ਕਿ ਆਹ ਮੇਰੇ ਪੋਤਰੇ ਆ ਗਏ ਆਹ ਮੇਰੇ ਪੜਪੋਤਰੇ ਆ ਗਏ ਭਾਵੇਂ ਉਹ ਧੱਕਾ ਦੇ ਕੇ ਸੁੱਟ ਜਾਂਦੇ ਹਨ ਪਰ ਫੇਰ ਵੀ ਮਾਣ ਕਰਦਾ ਹੋਇਆ ਤੂੰ ਬੂਝੈ = ਸਮਝਦਾ ਨਹੀਂ ਹੈ; ਜੈਸਾ ਕਿ :

**ਜਬ ਜੋਬਨ ਥਾ ਜਨ ਪ੍ਰੀਤਿ ਕਰੇ ਅਬ ਜਾਰਠ ਮਾਂਹਿ ਭਏ ਸਭ ਖਾਰੇ।**
**ਨਹਿ ਹੈ ਅਧਿਕਾਰ ਕਛੂ ਤੁਮਰੋ ਕਰ ਲੈ ਲਕੁਟੀ ਬਹੁ ਮੋਹਿ ਦੁਆਰੇ ॥੫੩॥** *(ਭਾਵਰਸਾਮ੍ਰਿਤ)*

## ਲਾਲਚੁ ਕਰੈ ਜੀਵਨ ਪਦ ਕਾਰਨ; ਲੋਚਨ ਕਛੂ ਨ ਸੂਝੈ ॥

ਫੇਰ ਵੀ ਜੀਵਨ = ਜਿਉਣ ਦੀ ਪਦ = ਪਦਵੀਂ ਕਾਰਨ = ਵਾਸਤੇ ਲਾਲਚ ਕਰਦਾ ਹੈਂ, ਪਰੰਤੂ ਲੋਚਨ = ਅੱਖਾਂ ਨਾਲ ਕਛੂ = ਕੁਝ ਵੀ ਸੂਝੈ = ਸੁੱਝਦਾ ਭਾਵ ਦਿਸਦਾ ਨ = ਨਹੀਂ ਹੈ। ਜੈਸਾ ਕਿ :

**ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥** *(ਸਿਰੀਰਾਗ ਮ: ੧, ਅੰਗ ੬੩)*

## ਥਾਕਾ ਤੇਜੁ ਉਡਿਆ ਮਨੁ ਪੰਖੀ; ਘਰਿ ਆਂਗਨਿ ਨ ਸੁਖਾਈ ॥

ਇਸ ਪ੍ਰਕਾਰ ਦੀ ਵਿਸ਼ੇ-ਵਿਕਾਰਾਂ ਦੀ ਸਾਰੀ ਜ਼ਿੰਦਗੀ ਗੁਜ਼ਰੀ ਹੈ। ਉਹ ਦੱਸੋ ਕਿਵੇਂ ਮੁਕਤ ਹੋਣਗੇ ? ਜਿਸ ਵੇਲੇ ਥਾਕਾ ਤੇਜੁ = ਜਠਰ ਅਗਨੀ ਦਾ ਤੇਜ ਥੱਕ ਗਿਆ। ਭਾਵ ਜਿਹੜੀ ਅੱਗ ਅੰਨ ਅਤੇ ਹੋਰ ਖਾਧੇ ਪੀਤੇ ਨੂੰ ਹਜ਼ਮ ਕਰਨ ਵਾਲੀ ਸੀ, ਉਹ ਸਮਾਪਤ ਹੋ ਗਈ ਤੇ ਮਨੁ ਪੰਖੀ = ਜੀਵ ਆਤਮਾ ਰੂਪੀ ਪੰਛੀ ਨੇ ਪ੍ਰਾਣਾਂ ਰੂਪ ਘੋੜੇ 'ਤੇ ਚੜ੍ਹ ਕੇ ਪ੍ਰਲੋਕ ਨੂੰ ਉਡਾਰੀ ਮਾਰੀ ਤਾਂ ਉਸ ਵੇਲੇ ਘਰ ਦੀ ਆਂਗਨਿ = ਇਸਤਰੀ ਨੂੰ ਵੀ ਸੁਖਾਈ = ਚੰਗਾ ਨ = ਨਹੀਂ ਲੱਗਦਾ **ਵਾ:** ਜਿਨ੍ਹਾਂ ਨੂੰ ਘਰ ਵਿਚ ਪਿਆਰੇ ਮੰਨਦਾ ਸੀ, ਉਹ ਕਹਿੰਦੇ ਹਨ, ਲੈ ਚਲੋ ਜਲਦੀ ਸਿਵਿਆਂ ਵਿਚ, ਕਬਰਾਂ 'ਚ। ਇਉਂ ਘਰ ਦੇ ਆਂਗਨਿ = ਵੇਹੜੇ ਵਿਚ ਸੁਖਾਈ = ਚੰਗਾ ਨਹੀਂ ਲੱਗਦਾ। ਜੈਸਾ ਕਿ :

**ਘਰ ਕੀ ਨਾਰਿ ਉਰਹਿ ਤਨ ਲਾਗੀ ॥ ਉਹ ਤਉ ਭੂਤੁ ਭੂਤੁ ਕਰਿ ਭਾਗੀ ॥** *(ਸੂਹੀ ਰਵਿਦਾਸ ਜੀ, ਅੰਗ ੭੯੪)*

## ਬੇਣੀ ਕਹੈ, ਸੁਨਹੁ ਰੇ ਭਗਤਹੁ; ਮਰਨ ਮੁਕਤਿ ਕਿਨਿ ਪਾਈ ॥੫॥

ਬੇਣੀ ਭਗਤ ਜੀ ਕਹੈ = ਕਹਿੰਦੇ ਹਨ ਕਿ ਰੇ = ਹੇ ਪਰਮੇਸ਼ਰ ਦੇ ਭਗਤ ਜਨੋਂ ! ਚਿੱਤ ਲਾ ਕੇ ਸੁਨਹੁ =

ਸੁਣਨਾ ਕਰੋ। ਦੱਸੋ ਮਰਨ ਨਾਲ ਮੁਕਤੀ ਕਿਨਿ = ਕਿਸ ਨੇ ਪਾਈ = ਪਾਉਣਾ ਕੀਤੀ ਹੈ। ਭਾਵ ਜਿਸ ਨੇ ਵਿਸ਼ੇ-ਵਿਕਾਰਾਂ ਵਿਚ ਆਪਣੀ ਜ਼ਿੰਦਗੀ ਬਰਬਾਦ ਕਰ ਲਈ, ਉਹ ਕਿਵੇਂ ਮੁਕਤ ਹੋਵੇਗਾ **ਵਾ:** ਜੀਵਤ ਭਾਵ ਤੋਂ ਮਰੇ ਬਿਨਾਂ ਕਿਸੇ ਨੇ ਵੀ ਮੁਕਤੀ ਨਹੀਂ ਪਾਈ। ਸੋ ਜਿਸ ਨੇ ਵੀ ਪਾਈ ਹੈ, ਜੀਵਤ ਭਾਵ ਤੋਂ ਮਰ ਕੇ ਪਾਈ ਹੈ। ਜਿਹੜੇ ਪ੍ਰੇਮੀ ਨੇ ਸ਼ੰਕਾ ਕੀਤੀ ਸੀ ਕਿ ਨਾਮ ਜਪਣ ਦੀ ਕੀ ਲੋੜ ਹੈ ? ਮਰ ਕੇ ਸਭ ਨੂੰ ਮੁਕਤੀ ਮਿਲ ਜਾਂਦੀ ਹੈ। ਉਸ ਦਾ ਉੱਤਰ ਅਖ਼ੀਰ ਵਿਚ ਸਪੱਸ਼ਟ ਕੀਤਾ ਹੈ। ਉਸ ਇਕ ਦੇ ਪ੍ਰਥਾਏ ਸ਼ਬਦ ਉਚਾਰਨ ਕੀਤਾ ਤੇ ਸਿੱਖਿਆ ਸਾਰੇ ਸੰਸਾਰ ਨੂੰ ਦਿੱਤੀ ਹੈ ॥੫॥ ਜੈਸਾ ਕਿ :

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥** *(ਵਾਰ ਸੋਰਠਿ, ਸਲੋਕ ਮ:੩, ਅੰਗ ੬੪੭)*

# ਸਿਰੀਰਾਗੁ ॥

**ਉਥਾਨਕਾ :** ਭਗਤ ਰਵਿਦਾਸ ਜੀ ਦੀ ਪਿਛਲੇ ਕਈ ਜਨਮ ਦੀ ਤਪੱਸਿਆ ਸੀ। ਸੁਆਮੀ ਰਾਮਾਨੰਦ ਜੀ ਦੇ ਵੇਲੇ ਆਪ ਜੀ ਦੇ ਦੋ ਜਨਮ ਹੋਏ। ਪਹਿਲੇ ਜਨਮ ਵਿਚ ਬ੍ਰਹਮਚਾਰੀ ਅਵਸਥਾ ਵਿਚ ਰਾਮਾਨੰਦ ਜੀ ਦੇ ਸ਼ਿਸ਼ ਹੋਏ। ਸੁਆਮੀ ਰਾਮਾਨੰਦ ਜੀ ਵੱਲੋਂ ਗਜਾ ਕਰਨ ਦੀ ਆਗਿਆ ਸੀ ਤੇ ਨਾਲ ਏਹ ਵੀ ਹਦਾਇਤ ਸੀ ਕਿ ਸੱਤ ਘਰਾਂ ਵਿੱਚੋਂ ਥੋੜ੍ਹਾ ਥੋੜ੍ਹਾ ਅੰਨ ਮੰਗ ਕੇ ਲਿਆਉਣਾ। ਜੋ ਸਾਧੂਆਂ ਦੀ ਪਰੰਪਰਾ ਅਨੁਸਾਰ ਸੀ। ਜੈਸਾ ਕਿ ਕਬੀਰ ਸਾਹਿਬ ਜੀ ਉਚਾਰਨ ਕਰਦੇ ਹਨ :

**ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥**
**ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥** *(ਸਲੋਕ ਕਬੀਰ ਜੀ, ਅੰਗ ੧੩੭੩)*

ਸੋ ਇਸ ਲਈ ਜਦੋਂ ਬ੍ਰਹਮਚਾਰੀ ਜੀ ਗਜਾ ਲਈ ਜਾਂਦੇ ਤਾਂ ਰਸਤੇ ਵਿਚ ਹੀ ਸੰਤੋਖੇ ਨਾਮ ਦਾ ਵਿਅਕਤੀ ਜੋ ਚੰਮ ਆਦਿ ਦਾ ਕੰਮ ਕਰਦਾ ਸੀ, ਜੁੱਤੀਆਂ ਗੰਢਣਾ ਪਿਤਾ ਪੁਰਖੀ ਕਿੱਤਾ ਸੀ। ਕਦੇ ਕਦੇ ਬ੍ਰਹਮਚਾਰੀ ਨੂੰ ਸੰਤੋਖਾ ਬੇਨਤੀ ਕਰਦਾ ਕਿ ਮੇਰੇ ਘਰ ਦਾ ਵੀ ਅੰਨ ਸੁਆਮੀ ਜੀ ਨੂੰ ਛਕਾ ਕੇ ਪਵਿੱਤਰ ਕਰਵਾ ਦਿਉ। ਬ੍ਰਹਮਚਾਰੀ ਸੁਣਿਆ ਅਣਗੌਲਿਆ ਕਰ ਦਿੰਦਾ ਸੀ। ਇਕ ਦਿਨ ਮੋਹਲੇਧਾਰ ਵਰਖਾ ਹੋ ਰਹੀ ਸੀ। ਗਜਾ ਕਰਨ ਵਿਚ ਮੁਸ਼ਕਲ ਸਮਝ ਕੇ ਸੰਤੋਖੇ ਚਮਿਆਰ ਦੇ ਘਰ ਤੋਂ ਸੀਧਾ ਲਿਆ ਕੇ ਸੁਆਮੀ ਜੀ ਨੂੰ ਪ੍ਰਸ਼ਾਦਾ ਛਕਾ ਦਿੱਤਾ। ਜਦੋਂ ਰਾਮਾਨੰਦ ਜੀ ਸਮਾਧੀ ਵਿਚ ਬੈਠੇ ਤਾਂ ਸੰਤੋਖੇ ਦੀ ਪੁੱਤਰ ਦੀ ਕਾਮਨਾ ਸਮਾਧੀ ਨਾ ਲੱਗਣ ਦੇਵੇ। ਸਮਾਧੀ ਤੋਂ ਉਥਾਨ ਹੋ ਕੇ ਬ੍ਰਹਮਚਾਰੀ ਨੂੰ ਤਾੜਨਾ ਕਰਕੇ ਪੁੱਛਿਆ ਕਿ ਅੱਜ ਅੰਨ ਵਿਚ ਦੋਸ਼ ਸੀ। ਤਾਂ ਬ੍ਰਹਮਚਾਰੀ ਜੀ ਨੇ ਸੱਚ ਦੱਸ ਦਿੱਤਾ ਕਿ ਮੈਂ ਸੰਤੋਖੇ ਦੇ ਘਰ ਤੋਂ ਅੰਨ ਲੈ ਕੇ ਆਇਆ ਹਾਂ। ਤਾਂ ਸੁਆਮੀ ਰਾਮਾਨੰਦ ਜੀ ਨਰਾਜ਼ ਹੋ ਕੇ ਕਹਿਣ ਲੱਗੇ ਕਿ ਇਕ ਤਾਂ ਤੂੰ ਮੇਰੀ ਆਗਿਆ ਭੰਗ ਕੀਤੀ ਹੈ ਕਿਉਂਕਿ ਮੈਂ ਸ਼ੂਦਰ ਦੇ ਘਰ ਦਾ ਅੰਨ ਨਹੀਂ ਖਾਂਦਾ, ਦੂਸਰਾ ਇਕ ਘਰ ਦਾ ਅੰਨ ਖਾਣ ਵਿਚ ਵੈਸੇ ਵੀ ਦੋਸ਼ ਹੁੰਦਾ ਹੈ। ਉਸ ਸੰਤੋਖੇ ਨੇ ਪੁੱਤਰ ਦੀ ਇੱਛਾ ਰੱਖ ਕੇ ਤੈਨੂੰ ਸੀਧਾ ਦਿੱਤਾ ਜਿਸ ਕਰਕੇ ਮੇਰੀ ਸਮਾਧੀ ਨਹੀਂ ਲੱਗੀ। ਸੋ ਇਸ ਲਈ ਮੇਰੀ ਆਗਿਆ ਭੰਗ ਕਰਨ ਦਾ ਅਤੇ ਮੇਰਾ ਨਿਯਮ ਭੰਗ ਦਾ ਦੋਸ਼ੀ ਹੋਣ ਕਰਕੇ ਮੈਂ ਸਰਾਪ ਦਿੰਦਾ ਹਾਂ ਕਿ ਉਹਦੀ ਪੁੱਤਰ ਦੀ ਇੱਛਾ ਪੂਰੀ ਕਰਨ ਵਾਸਤੇ ਤੈਨੂੰ ਉਹਦੇ ਘਰ ਜਨਮ ਲੈਣਾ ਪਵੇਗਾ। ਬ੍ਰਹਮਚਾਰੀ ਜੀ ਨੇ ਆਪਣਾ ਸਰੀਰ ਤਿਆਗ ਕੇ ਸੰਤੋਖੇ ਦੇ ਘਰ ਜਨਮ ਲਿਆ ਤੇ ਨਾਮ ਰਵਿਦਾਸ ਰੱਖਿਆ ਗਿਆ। ਉਨ੍ਹਾਂ ਨੂੰ ਪ੍ਰੇਮਾ-ਭਗਤੀ ਦੇ ਪ੍ਰਤਾਪ ਕਰਕੇ ਪਰਮੇਸ਼ਰ ਦੇ ਸਰਗੁਣ ਸਰੂਪ ਦੇ ਪ੍ਰਤੱਖ ਦਰਸ਼ਨ ਹੋਏ। ਜਦੋਂ ਰਵਿਦਾਸ ਜੀ ਚਰਨਾਂ 'ਤੇ ਨਮਸਕਾਰ ਕਰਨ ਲੱਗਾ ਤਾਂ ਪਰਮੇਸ਼ਰ ਨੇ ਪ੍ਰੀਖਿਆ ਲੈਣ ਵਾਸਤੇ ਚਰਨ ਸਪਰਸ਼ ਨਹੀਂ ਕਰਨ ਦਿੱਤੇ, ਪਿੱਛੇ ਹਟ ਗਏ ਤਾਂ ਰਵਿਦਾਸ ਜੀ ਨੇ ਬੇਨਤੀ ਕੀਤੀ ਕਿ ਮੇਰੀ ਜਨਮ ਜਨਮਾਂਤਰਾਂ ਦੀ ਦਰਸ਼ਨਾਂ ਦੀ ਪਿਆਸ ਅੱਜ ਦਰਸ਼ਨ ਕਰ ਕੇ ਬੁਝ ਚੁੱਕੀ ਹੈ। ਤੁਸੀਂ ਮੈਨੂੰ ਚਰਨ ਸਪਰਸ਼ ਕਿਉਂ ਨਹੀਂ ਕਰਨ ਦਿੱਤੇ ? ਤਾਂ ਭਗਵਾਨ ਜੀ ਨੇ ਲੋਕਾਂ ਵਿਚ ਛੂਤ ਛਾਤ ਦਾ ਭਰਮ ਕੱਢਣ ਲਈ ਤੇ ਜਾਤੀ ਵਿਤਕਰੇ ਨੂੰ ਖ਼ਤਮ ਕਰਨ

ਲਈ ਐਸੇ ਬਚਨ ਕਹੇ ਕਿ ਤੂੰ ਨੀਵੀਂ ਜਾਤ ਦਾ ਹੈਂ। ਭਗਤ ਜੀ ਨਾਲ ਇਕ ਚੋਜ ਕੀਤਾ ਕਿ ਤੂੰ ਸ਼ੂਦਰ ਹੈਂ। ਮੈਨੂੰ ਅਪਵਿੱਤਰ ਕਰ ਦੇਵੇਂਗਾ ਤਾਂ ਭਗਤ ਜੀ ਨੇ ਸ਼ਬਦ ਉਚਾਰਨ ਕੀਤਾ :

## ਤੋਹੀ ਮੋਹੀ ਮੋਹੀ ਤੋਹੀ; ਅੰਤਰੁ ਕੈਸਾ ॥

***ਪਹਿਲਾ ਅਰਥ :*** ਹੇ ਪਰਮੇਸ਼ਰ ! ਤੋਹੀ = ਤੇਰੇ ਤੇ ਮੋਹੀ = ਮੇਰੇ ਵਿਚ ਅਤੇ ਮੋਹੀ = ਮੇਰੇ ਤੇ ਤੋਹੀ = ਤੇਰੇ ਵਿਚ ਅੰਤਰੁ = ਭੇਦ ਕੈਸਾ = ਕਿਸ ਤਰ੍ਹਾਂ ਹੈ **ਵਾ:** ਤੋਹੀ = ਤੇਰੀ ਪ੍ਰੀਤੀ ਕਰਕੇ ਮੋਹੀ = ਮੇਰੀ ਬਿਰਤੀ ਤੋਹੀ = ਤੇਰੇ ਵਿਚ ਜਦੋਂ ਮੋਹੀ = ਮੋਹਤ ਹੋ ਗਈ ਤਾਂ ਫੇਰ ਮਹਾਰਾਜ ! ਤੇਰੇ ਤੇ ਮੇਰੇ ਵਿਚ ਅੰਤਰੁ = ਭੇਦ ਕੈਸਾ = ਕਿਸ ਤਰ੍ਹਾਂ ਰਹਿਆ ? ਹੇ ਪਰਮੇਸ਼ਰ ! ਅਸੀਂ ਇੱਕੋ ਹੀ ਰੂਪ ਹੋ ਗਏ ਹਾਂ। ਇਸ ਪ੍ਰਕਾਰ ਸਾਡੀ ਏਕਤਾ ਹੀ ਹੋ ਗਈ ਹੈ।

***ਦੂਸਰਾ ਅਰਥ :*** ਹੇ ਪਰਮੇਸ਼ਰ ! ਤੋਹੀ = ਤੇਰੇ ਸਰਗੁਣ ਵਿਚ ਮੋਹੀ = ਮੇਰੇ ਜੀਵਨ ਵਿਚ ਤੇ ਮੋਹੀ = ਮੇਰੀ ਅਲਪੱਗਤਾ ਅਤੇ ਤੋਹੀ = ਤੇਰੀ ਸਰਬੱਗਤਾ ਵਿਚ ਅੰਤਰੁ = ਫ਼ਰਕ ਕੈਸਾ = ਕਿਸ ਤਰ੍ਹਾਂ ਹੋਣਾ ਸੀ ? **ਵਾ:** ਇਸ ਪ੍ਰਕਾਰ ਹੇ ਪਰਮੇਸ਼ਰ ! ਤੋਹੀ = ਤੂੰ ਅਬਿਆਕ੍ਰਿਤ ਹਿਰਨ ਗਰਭ ਵਿਰਾਟ ਰੂਪ ਹੈਂ। ਅਦ੍ਵੈਤ ਅਨੰਦ ਰੂਪ ਹੈਂ। ਇਹਦੇ ਵਿਚ ਮੋਹੀ = ਮੈਂ ਜੀਵ ਰੂਪ ਹਾਂ, ਤੋਹੀ = ਤੇਰੇ ਸੱਚ ਚਿਤ ਅਨੰਦ ਸਰੂਪ ਵਿਚ ਅਤੇ ਮੋਹੀ = ਮੇਰੇ ਜੀਵ ਦੇ ਤ੍ਵੰ ਪਦ ਲਖ ਅਰਥ ਸਤਿ ਚਿਤ ਅਨੰਦ ਸਰੂਪ ਵਿਚ ਅੰਤਰੁ = ਫ਼ਰਕ ਕੈਸਾ = ਕਿਸ ਤਰ੍ਹਾਂ ਰਹਿਣਾ ਸੀ **ਵਾ:** ਤੋਹੀ = ਤੇਰੇ ਈਸ਼ਰਪੁਣੇ ਵਿਚ ਮਾਇਆ ਉਪਾਧੀ ਕਰਕੇ ਛੇ ਗੁਣ ਤੇ ਮੋਹੀ = ਮੇਰੇ ਵਿਚ ਅਵਿੱਦਿਆ ਉਪਾਧੀ ਕਰਕੇ ਛੇ ਦੋਸ਼ ਹਨ ਅਤੇ ਮੋਹੀ = ਮੇਰੇ ਵਿੱਚੋਂ ਅਵਿੱਦਿਆ ਉਪਾਧੀ ਤਿਆਗ ਕੇ ਅਤੇ ਤੋਹੀ = ਤੇਰੇ ਵਿੱਚੋਂ ਮਾਇਆ ਉਪਾਧੀ ਤਿਆਗ ਕੇ ਫੇਰ ਕਿਸ ਤਰ੍ਹਾਂ ਅੰਤਰ ਹੋ ਸਕਦਾ ਹੈ ਭਾਵ ਇੱਕੋ ਹੀ ਸਰੂਪ ਹੋ ਗਏ ਹਾਂ।

## ਕਨਕ ਕਟਿਕ; ਜਲ ਤਰੰਗ ਜੈਸਾ ॥੧॥

ਹੇ ਪਰਮੇਸ਼ਰ ਜੀ ! ਸਾਡੇ ਵਿਚ ਇਤਨਾ ਕੁ ਹੀ ਫ਼ਰਕ ਹੈ, ਜੈਸਾ = ਜਿਸ ਪ੍ਰਕਾਰ ਕਨਕ = ਸੋਨੇ ਅਤੇ ਸੋਨੇ ਦੇ ਕਟਿਕ = ਕੜੇ ਵਿਚ ਅਤੇ ਫੇਰ ਜਲ = ਪਾਣੀ ਅਤੇ ਪਾਣੀ ਦੀਆਂ ਲਹਿਰਾਂ ਵਿਚ ਫ਼ਰਕ ਹੈ ਭਾਵ ਜਿਵੇਂ ਸੋਨੇ ਦੇ ਕੜੇ ਸੋਨੇ ਦਾ ਹੀ ਰੂਪ ਹਨ ਤੇ ਪਾਣੀ ਦੀਆਂ ਲਹਿਰਾਂ ਪਾਣੀ ਦਾ ਹੀ ਰੂਪ ਹਨ ਇਉਂ ਮੇਰੇ ਤੇ ਤੇਰੇ ਵਿਚ ਕੋਈ ਫ਼ਰਕ ਨਹੀਂ ਹੈ **ਅਥਵਾ** ਜਿਵੇਂ ਕਨਕ = ਸੋਨੇ ਦੇ ਕਟਿਕ = ਕੜੇ ਬਣਾਏ ਹੋਣ ਤੇ ਉਹਨਾਂ ਨੂੰ ਸੋਨੇ ਦੇ ਕੜੇ ਕਹਿੰਦੇ ਹਨ। ਇਕ ਆਕਾਰ ਕੜੇ ਦਾ ਬਣੇ ਹੋਣ ਕਰਕੇ ਕੜਾ ਕਹਿੰਦੇ ਹਨ ਪਰ ਹੁੰਦਾ ਸੋਨਾ ਹੀ ਹੈ, ਇਉਂ ਸਾਡੇ ਭਗਤਾਂ ਦੇ ਆਕਾਰ ਬਣੇ ਹੋਏ ਹਨ। ਤੁਸੀਂ ਸੋਨੇ ਦੀ ਨਿਆਈਂ ਹੋ। ਮੂਲ ਤਾਂ ਸੋਨਾ ਹੀ ਹੁੰਦਾ ਹੈ। ਇਹ ਬਿਵਰਤਬਾਦ ਦੀ ਰੀਤ ਹੈ ਕਿਉਂਕਿ ਸੰਸਾਰ ਵਿਚ ਬ੍ਰਹਮ ਦਾ ਬਿਵਰਤਬਾਦ ਹੈ। ਬਿਵਰਤਬਾਦ ਉਸ ਨੂੰ ਕਹਿੰਦੇ ਹਨ ਜੋ ਮੂਲ ਰੂਪ ਵਿਚ ਉਹੀ ਰਹੇ ਤੇ ਆਕਾਰ ਬਦਲ ਲਵੇ। ਜਿਵੇਂ ਮਿੱਟੀ ਤੋਂ ਘੜਾ, ਸੋਨੇ ਤੋਂ ਗਹਿਣਾ, ਜਲ ਤੋਂ ਲਹਿਰ ਮੂਲ ਰੂਪ ਵਿਚ ਉਹੀ ਰਹਿੰਦੇ ਹਨ। ਦੂਸਰੇ ਸਰੂਪ ਵਿਚ ਪ੍ਰਣਵਬਾਦ ਕਥਨ ਕਰਦੇ ਹਨ। ਕਿਉਂਕਿ ਸੰਸਾਰ ਵਿਚ ਮਾਇਆ ਦਾ ਪ੍ਰਣਵਬਾਦ ਹੁੰਦਾ ਹੈ ਜੋ ਬਦਲ ਕੇ ਉਹ ਰੂਪ ਨਾ ਰਹੇ। ਜਿਵੇਂ ਦੁੱਧ ਬਦਲ ਕੇ ਦਹੀਂ ਬਣ ਜਾਂਦਾ ਹੈ, ਲੱਸੀ ਬਣ ਜਾਂਦੀ ਹੈ, ਇਸੇ ਪ੍ਰਕਾਰ ਉਹ ਦੁੱਧ ਨਹੀਂ ਰਹਿੰਦਾ। ਜਿਹੜੀ ਮਾਇਆ ਦੀ ਅੰਸ਼ ਨਾਮ ਰੂਪ ਹੈ ਪਹਿਲਾਂ ਬਾਲਕ, ਜਵਾਨੀ, ਬਿਰਧ ਅਵਸਥਾ, ਅੰਤ ਨੂੰ ਸਰੀਰ ਮੁੱਕ ਜਾਂਦੇ ਹਨ, ਇਸ ਪ੍ਰਕਾਰ ਇਹ ਮਾਇਆ ਪ੍ਰਣਵਬਾਦ ਨੂੰ ਪ੍ਰਾਪਤ ਹੈ। ਪਰਮੇਸ਼ਰ ਸਾਰਿਆਂ ਵਿਚ ਸਾਖੀ ਰੂਪ ਹੋ ਕੇ ਵਰਤਦਾ ਹੈ, ਫੇਰ ਚੇਤਨ ਦਾ ਚੇਤਨ ਹੈ। ਮਾਇਆ ਅਸਤਿ ਜੜ੍ਹ ਦੁੱਖ ਰੂਪ ਹੈ। ਉਹ ਪ੍ਰਣਵਬਾਦ ਨੂੰ ਪ੍ਰਾਪਤ ਹੋਣ ਵਾਲੀ ਹੈ ਅਤੇ ਜਿਹੜਾ ਚੇਤਨ ਹੈ ਉਹ ਬਿਵਰਤਬਾਦ ਰੂਪ ਧਾਰ ਕੇ ਅਸੰਗ ਰਹਿਣ ਵਾਲਾ ਹੈ। ਜੈਸਾ ਕਿ :

**ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥** *(ਬਿਹਾਗੜਾ ਮ: ੫, ਅੰਗ ੫੩੭)*

ਫੇਰ ਭਗਵਾਨ ਜੀ ਨੇ ਕਿਹਾ ਕਿ ਭੇਦ ਤਾਂ ਇਸ ਗੱਲ ਦਾ ਹੈ ਕਿ ਤੂੰ ਜੀਵ ਰੂਪ ਹੋਣ ਕਰਕੇ ਜਨਮ ਮਰਣ ਵਾਲਾ ਹੈਂ ਤੇ ਮੈਂ ਜਨਮ ਮਰਨ ਤੋਂ ਰਹਿਤ ਹਾਂ ਤਾਂ ਰਵਿਦਾਸ ਜੀ ਨੇ ਕਿਹਾ, ਹੇ ਪਰਮੇਸ਼ਰ ! ਜੈਸਾ = ਜਿਵੇਂ ਜਲ ਵਿੱਚੋਂ ਹੀ ਤਰੰਗ = ਲਹਿਰਾਂ ਉੱਠਦੀਆਂ ਹਨ, ਉਹ ਲਹਿਰ ਪਾਣੀ ਤੋਂ ਵੱਖਰੀ ਨਹੀਂ ਹੁੰਦੀ, ਇਸੇ ਤਰ੍ਹਾਂ ਮਹਾਰਾਜ ! ਤੁਸੀਂ ਜਲ ਦੀ ਨਿਆਈਂ ਸ਼ੁੱਧ ਚੇਤਨ ਹੋ ਅਤੇ ਅਸੀਂ ਲਹਿਰ ਦੀ ਨਿਆਈਂ ਹਾਂ। ਇੱਕੋ ਹੀ ਰੂਪ ਹੈ, ਕੋਈ ਫ਼ਰਕ ਨਹੀਂ ॥੧॥ ਜੈਸਾ ਕਿ :

**ਜਲ ਤਰੰਗੁ ਜਿਉ ਜਲਹਿ ਸਮਾਇਆ ॥**
**ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥** *(ਮਾਝ ਮ: ੫, ਅੰਗ ੧੦੨)*

ਤਥਾ : **ਮਾਟੀ ਕੋ ਕਾਰਜ ਘਟ ਜੈਸੇ ਮਾਟੀ ਤਾਕੇ ਬਾਹਿਰ ਮਾਹਿ।**
**ਜਲ ਤੈਂ ਫੇਨ ਤਰੰਗ ਬੁਦਬੁਦਾ ਉਪਜਤ ਜਲ ਤੇਂ ਜੁਦੇ ਸੁ ਨਾਹਿ।**
**ਐਸੇ ਜੋ ਜਾਕੌਂ ਹੈ ਕਾਰਜ ਕਾਰਣ ਰੂਪ ਪਿਛਾਨਹੁ ਤਾਹਿ।**
**ਕਾਰਣ ਈਸ ਸਕਲ ਕੌ ਸੋ ਮੈਂ ਲਯ ਚਿੰਤਨ ਜਾਨਹੁ ਵਿਧਿ ਯਾਹਿ ॥੧੬੭॥**

*(ਵਿਚਾਰ ਸਾਗਰ, ਤਰੰਗ ੫, ਪੰਨਾ ੨੧੧-੧੨)*

***ਪ੍ਰਸ਼ਨ :*** *ਪਰਮੇਸ਼ਰ ਜੀ ਕਹਿਣ ਲੱਗੇ ਕਿ ਹੇ ਰਵਿਦਾਸ ਜੀ ! ਤੁਸੀਂ ਜੀਵ ਪਾਪ ਕਰਨ ਵਾਲੇ ਹੋ। ਮੇਰੇ ਨਾਲ ਤੁਹਾਡੀ ਤੁਲਣਾ ਕਿਵੇਂ ਹੋ ਸਕਦੀ ਹੈ ?*
***ਉੱਤਰ :*** ਰਵਿਦਾਸ ਜੀ ਉੱਤਰ ਦਿੰਦੇ ਹਨ :

## ਜਉ ਪੈ, ਹਮ ਨ ਪਾਪ ਕਰੰਤਾ; ਅਹੇ ਅਨੰਤਾ ॥

ਜਉ = ਜੇਕਰ ਪਰਮੇਸ਼ਰ ! ਹਮ = ਅਸੀਂ ਜੀਵ ਹੰਗਤਾ ਮਮਤਾ ਸਹਿਤ ਪਾਪ ਕਰੰਤਾ = ਕਰਨ ਵਾਲੇ ਨਾ ਹੁੰਦੇ, ਅਸੀਂ ਅੰਤ ਵਾਲੇ ਨਾ ਹੁੰਦੇ, ਤਾਂ ਪੈ = ਫੇਰ ਅਹੇ = ਹੇ ਅਸਚਰਜ ਰੂਪ ਪਰਮੇਸ਼ਰ ! ਤੇਰਾ ਨਾਉ ਅਨੰਤਾ = ਅੰਤ ਤੋਂ ਰਹਿਤ ਕਿਉਂ ਕਹਿਣਾ ਸੀ। ਤੇਰਾ ਅਨੰਤ ਨਾਮ ਤਾਂ ਹੀ ਕਿਹਾ ਹੈ, ਜੇ ਅਸੀਂ ਅੰਤ ਵਾਲੇ ਆਕਾਰ ਬਣੇ ਹਾਂ।

## ਪਤਿਤ ਪਾਵਨ; ਨਾਮੁ ਕੈਸੇ ਹੁੰਤਾ ॥੧॥ਰਹਾਉ॥

ਜੇ ਅਸੀਂ ਜੀਵ ਪਾਪ ਕਰਮਾਂ ਨੂੰ ਨਾ ਕਰਦੇ ਤਾਂ ਆਪ ਜੀ ਦਾ ਨਾਮ ਪਤਿਤ = ਪਾਪੀਆਂ ਨੂੰ ਪਾਵਨ = ਪਵਿੱਤਰ ਕਰਨ ਵਾਲਾ ਕੈਸੇ = ਕਿਵੇਂ ਹੁੰਤਾ = ਹੁੰਦਾ। ਤੁਸੀਂ ਸਾਡੇ ਤੋਂ ਕੁਰਬਾਨ ਜਾਉ, ਅਸੀਂ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਤੁਹਾਡਾ ਨਾਮ ਪਾ ਦਿੱਤਾ ਹੈ। ਸਾਡੇ ਕਰਕੇ ਹੀ ਤੁਹਾਡਾ ਪਤਿਤ ਪਾਵਨ ਨਾਮ ਪਿਆ ਹੈ। ਐਵੇਂ ਤੁਹਾਡਾ ਨਾਮ ਪਤਿਤ ਪਾਵਨ ਕਿਵੇਂ ਬਣ ਜਾਂਦਾ ? ਇਉਂ ਭਗਤ ਰਵਿਦਾਸ ਜੀ ਨੇ ਭਗਤੀ ਦੇ ਪ੍ਰੇਮ ਵਿਚ ਆ ਕੇ ਸਮਤਾ ਵਿਖਾਈ ਹੈ ॥੧॥ਰਹਾਉ॥ ਜੈਸਾ ਕਿ :

**ਜਉ ਹਮ ਅਧਮ ਕਰਮ ਕੈ ਪਤਿਤ ਭਏ, ਪਤਿਤ ਪਾਵਨ ਪ੍ਰਭ ਨਾਮੁ ਪ੍ਰਗਟਾਇਓ ਹੈ ॥**
**ਜਉ ਭਏ ਦੁਖਤਿ ਅਰੁ ਦੀਨ ਪਰਚੀਨ ਲਗਿ, ਦੀਨ ਦੁਖ ਭੰਜਨ ਬਿਰਦ ਬਿਰਦਾਇਓ ਹੈ ॥**
**ਜਉ ਗ੍ਰਸੇ ਅਰਕ-ਸੁਤ ਨਰਕ ਨਿਵਾਸੀ ਭਏ, ਨਰਕ ਨਿਵਾਰਨ ਜਗਤ ਜਸੁ ਗਾਇਓ ਹੈ ॥**
**ਗੁਨ ਕੀਏ ਗੁਨ ਸਭ ਕੋਊ ਕਰੈ ਕ੍ਰਿਪਾ ਨਿਧਾਨ, ਅਵਗੁਨ ਕੀਏ ਗੁਨ ਤੋਹੀ ਬਨਿ ਆਇਓ ਹੈ ॥੫੦੪॥**

*(ਕਬਿੱਤ ਸਵੱਈਏ ਭਾਈ ਗੁਰਦਾਸ ਜੀ)*

***ਪ੍ਰਸ਼ਨ :*** *ਪਰਮੇਸ਼ਰ ਕਹਿਣ ਲੱਗੇ ਕਿ ਅਸੀਂ ਤਾਂ ਸਾਰਿਆਂ ਦੇ ਨਾਇਕ = ਪ੍ਰੇਰਕ ਹਾਂ, ਅੰਤਰਜਾਮੀ ਹਾਂ। ਤੂੰ ਰਵਿਦਾਸ ਸਾਡੀ ਰੀਸ ਕਿਵੇਂ ਕਰ ਸਕਦਾ ਹੈਂ ?*

***ਉੱਤਰ :*** ਰਵਿਦਾਸ ਜੀ ਉੱਤਰ ਦਿੰਦੇ ਹਨ :

## ਤੁਮ੍ ਜੁ ਨਾਇਕ ਆਛਹੁ; ਅੰਤਰਜਾਮੀ ॥

ਹੇ ਪਰਮੇਸ਼ਰ ! ਤੁਮ = ਤੁਸੀਂ ਜੁ = ਜੋ ਸ਼ਿਰੋਮਣੀ ਨਾਇਕ = ਪ੍ਰੇਰਕ ਆਛਹੁ = ਸੁੰਦਰ ਕਹਾਉਂਦੇ ਹੋ। ਆਪਣੇ ਆਪ ਨੂੰ ਅੰਤਰਜਾਮੀ ਕਹਾਉਂਦੇ ਹੋ। ਉਸ ਦਾ ਕਾਰਨ ਹੈ ਕਿ ਜਿਹੜੇ ਅਸੀਂ ਅਲਪੱਗ ਜੀਵ ਹਾਂ, ਤੁਸੀਂ ਸਾਡੇ ਪ੍ਰੇਰਕ ਹੋ, ਸੁਆਮੀ ਹੋ। ਜੇ ਅਸੀਂ ਅਲਪੱਗ ਨਾ ਹੁੰਦੇ ਤਾਂ ਤੁਸੀਂ ਸਰਬੱਗ ਨਾਇਕ ਸ਼ਿਰੋਮਣੀ ਕਿਵੇਂ ਹੁੰਦੇ ? ਜੇ ਪਰਮੇਸ਼ਰ ਅਸੀਂ ਅਗਿਆਤ ਵਾਲੇ ਨਾ ਹੁੰਦੇ ਤਾਂ ਤੁਹਾਡਾ ਅੰਦਰਲੀ ਜਾਨਣ ਵਾਲਾ ਅੰਤਰਜਾਮੀ ਨਾਮ ਕਿਵੇਂ ਪੈਂਦਾ ? ਭਗਤ ਜੀ ਕਹਿੰਦੇ ਹਨ—ਪਰਮੇਸ਼ਰ ! ਸਾਡੇ ਕਰਕੇ ਤੁਹਾਡਾ ਨਾਮ ਪਿਆ ਹੈ ਅਤੇ ਤੁਸੀਂ ਜਾਣੋ ਕਿ ਅਸੀਂ ਸੁਆਮੀ ਹਾਂ, ਕਹਿੰਦੇ—ਇਹ ਵੀ ਆਪਣੀ ਏਕਤਾ ਹੀ ਹੈ।

## ਪ੍ਰਭ ਤੇ, ਜਨੁ ਜਾਨੀਜੈ; ਜਨ ਤੇ ਸੁਆਮੀ ॥੨॥

ਹੇ ਪਰਮੇਸ਼ਰ ! ਤੇਰੀ ਭਗਤੀ ਤੇ = ਦੁਆਰਾ ਹੀ ਅਸੀਂ ਭਗਤ ਜਨ ਜਾਨੀਜੈ = ਜਾਣੇ ਜਾਂਦੇ ਹਨ ਅਤੇ ਸਾਡੇ ਭਗਤ ਜਨਾਂ ਤੇ = ਦੁਆਰਾ ਹੀ ਸੁਆਮੀ = ਮਾਲਕ ਪਰਮੇਸ਼ਰ ਜੀ ਤੁਸੀਂ ਜਾਣੇ ਜਾਂਦੇ ਹੋ। ਅਰਥਾਤ ਜੇ ਭਗਤ ਨਾ ਹੋਣ ਤਾਂ ਤੁਹਾਡਾ ਗਿਆਨ ਨਹੀਂ ਹੁੰਦਾ। ਇਸ ਕਰਕੇ ਇਹ ਵੀ ਆਪਣੀ ਏਕਤਾ ਹੀ ਹੈ, ਫ਼ਰਕ ਕੀ ਰਹਿ ਗਿਆ। ਪਰਮੇਸ਼ਰ ਨੇ ਸਰਗੁਣ ਸਰੂਪ ਵਿਚ ਪ੍ਰਸੰਨ ਹੋ ਕੇ ਭਗਤ ਰਵਿਦਾਸ ਜੀ ਨੂੰ ਗਲਵੱਕੜੀ ਵਿਚ ਲੈ ਲਿਆ ਤੇ ਕਹਿਣ ਲੱਗੇ ਕਿ ਭਗਤ ਜੀ ! ਵਰ ਮੰਗੋ ਜੋ ਮੰਗਣਾ ਹੈ। ਇਸ ਤਰ੍ਹਾਂ ਦੀ ਜਿਨ੍ਹਾਂ ਦੀ ਭਜਨ ਸਿਮਰਨ ਕਰਕੇ ਏਕਤਾ ਹੋਈ ਹੈ, ਉਹ ਮੁਕਤ ਹੈ। ਬਾਕੀ ਜੋ ਪਰਮੇਸ਼ਰ ਦਾ ਸਿਮਰਨ ਨਹੀਂ ਕਰਦੇ, ਉਹ ਮੁਕਤ ਨਹੀਂ ਹੋ ਸਕਦੇ। ਭਗਤ ਰਵਿਦਾਸ ਜੀ ਪਰਮੇਸ਼ਰ ਜੀ ਨੂੰ ਕਹਿਣ ਲੱਗੇ ਕਿ ਜੇ ਪ੍ਰਸੰਨ ਹੋ ਤਾਂ ਮੈਨੂੰ ਇਹ ਵਰ ਦੇਣਾ ਕਰੋ ॥੨॥

## ਸਰੀਰੁ ਆਰਾਧੈ; ਮੋਕਉ ਬੀਚਾਰੁ ਦੇਹੂ ॥

ਹੇ ਪਰਮੇਸ਼ਰ ! ਜਿੰਨਾ ਚਿਰ ਮੇਰਾ ਸਰੀਰੁ = ਦੇਹ ਰਹੇ, ਉਤਨਾ ਚਿਰ ਮੈਂ ਤੁਹਾਨੂੰ ਆਰਾਧੈ = ਅਰਾਧਦਾ ਰਹਾਂ ਭਾਵ ਜਿਤਨਾ ਚਿਰ ਸਰੀਰ ਵਿਚ ਸੁਆਸ ਚੱਲਣ, ਤੁਹਾਡਾ ਭਜਨ ਸਿਮਰਨ ਕਰਦੇ ਰਹੀਏ। ਇਕ ਇਹ ਬਖ਼ਸ਼ਿਸ਼ ਕਰੋ। ਦੂਸਰੀ ਮੈਨੂੰ ਜੀਵ ਈਸ਼ ਦੀ ਏਕਤਾ ਦੀ ਬੀਚਾਰੁ ਦੇਹੂ = ਦਿਉ। ਹੇ ਪਰਮੇਸ਼ਰ ! ਤੁਹਾਡਾ ਸਰੂਪ ਵੀ ਸਤਿ ਚਿਤ ਅਨੰਦ ਹੈ ਤੇ ਮੇਰਾ ਵੀ ਸਤਿ ਚਿਤ ਅਨੰਦ ਸਰੂਪ ਹੈ। ਮਾਇਆ ਦੇ ਮੋਹ ਵਿਚ ਮੈਨੂੰ ਇਹ ਗਿਆਨ ਨਾ ਭੁਲਾ ਦੇਣਾ ਜੀ। ਅਵਿੱਦਿਆ ਵਿਚ ਪਾ ਕੇ ਮੈਨੂੰ ਇਹ ਸਰੂਪ ਦਾ ਗਿਆਨ ਨਾ ਵਿਸਾਰ ਦਿਉ। ਤੀਜੀ, ਹੇ ਪਰਮੇਸ਼ਰ ! ਮੈਂ ਸੰਗਤ ਮੰਗਦਾ ਹਾਂ। ਪਰਮੇਸ਼ਰ ਜੀ ਕਹਿੰਦੇ ਹਨ, ਕਿਹੜੀ ਸੰਗਤ ਮੰਗਦੇ ਹੋ ?

## ਰਵਿਦਾਸ ਸਮ ਦਲ; ਸਮਝਾਵੈ ਕੋਊ ॥੩॥

ਭਗਤ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਮਹਾਰਾਜ ! ਜਿਹੜਾ ਤੇਰਾ ਦਲ = ਸਮੂਹ ਸੰਸਾਰ ਦੇ ਅੰਦਰ ਸਮ = ਸਮਾਨ ਰੂਪ ਹੋ ਕੇ ਵਿਆਪਕ ਹੈ। ਜਿਹੜੇ ਤੇਰੇ ਸੰਤ ਮਹਾਤਮਾ ਸਮਝਾਉਣ ਵਾਲੇ ਹੋਣ ਕਿ ਤੂੰ ਆਕਾਸ਼ ਦੀ ਨਿਆਈਂ ਵਿਆਪਕ ਹੈਂ, ਉਹਨਾਂ ਦੀ ਸੰਗਤ ਵਿਚ ਬੈਠਣਾ ਉੱਠਣਾ ਹੋਵੇ **ਵਾ:** ਜਿਹੜੇ ਤੇਰੇ ਤੱਤ ਬੇਤੇ ਬ੍ਰਹਮ ਗਿਆਨੀ ਸਮਝਾਉਣ ਵਾਲੇ ਹੋਣ ਕਿ ਉਸ ਚਿਦਾਕਾਸ ਬ੍ਰਹਮ ਚੇਤਨ ਤੋਂ ਬਿਨਾਂ ਹੋਰ ਕੋਈ ਆਕਾਰ ਨਹੀਂ, ਸਭ ਮਾਇਆ ਦੇ ਕਲਪੇ ਹੋਏ ਹਨ। ਸਮਝਾਉਣ ਵਾਲਿਆਂ ਦੀ ਸੰਗਤ ਮੈਨੂੰ ਬਖ਼ਸ਼ਣਾ

ਕਰੋ ਜੀ। ਸਰੀਰ ਕਰਕੇ ਆਪ ਜੀ ਨੂੰ ਅਰਾਧਦੇ ਰਹੀਏ ਤੇ ਵਿਚਾਰਦੇ ਰਹੀਏ ਕਿ ਮਹਾਰਾਜ ਤੁਸੀਂ ਤੇ ਮੈਂ ਇੱਕੋ ਰੂਪ ਹੀ ਹਾਂ। ਇਹ ਬਖ਼ਸ਼ਿਸ਼ ਦੇਣਾ ਕਰੋ ਜੀ।

***ਨੋਟ :*** ਇਥੇ ਸਿਰੀਰਾਗ ਦੀ ਸੰਪੂਰਨਤਾ ਹੋਈ ਹੈ।

## ਸਿਰੀਰਾਗ ਵਿਚ ਆਈ ਬਾਣੀ ਵੇਰਵਾ ਤੇ ਸ਼ਬਦਾਂ ਦੀ ਗਿਣਤੀ :

| | |
|---|---|
| ਮਹਲਾ ੧ ਦੇ ਸ਼ਬਦ | ੩੩ |
| ਮਹਲਾ ੩ ਦੇ ਸ਼ਬਦ | ੩੧ |
| ਮਹਲਾ ੪ ਦੇ ਸ਼ਬਦ | ੬ |
| ਮਹਲਾ ੫ ਦੇ ਸ਼ਬਦ | ੩੦ |
| ਮਹਲਾ ੧ ਦੀਆਂ ਅਸਟਪਦੀਆਂ | ੧੭ |
| ਮਹਲਾ ੩ ਦੀਆਂ ਅਸਟਪਦੀਆਂ | ੮ |
| ਮਹਲਾ ੫ ਦੀਆਂ ਅਸਟਪਦੀਆਂ | ੨ |
| ਮਹਲਾ ੧ ਦੀ ਛਿੰਝ | ੧ |
| ਮਹਲਾ ੫ ਦੀ ਛਿੰਝ | ੧ |
| ਮਹਲਾ ੧ ਦੇ ਪਹਰੇ | ੨ |
| ਮਹਲਾ ੪ ਦਾ ਪਹਿਰਾ | ੧ |
| ਮਹਲਾ ੫ ਦਾ ਪਹਿਰਾ | ੧ |
| ਮਹਲਾ ੪ ਦਾ ਛੰਤ | ੧ |
| ਮਹਲਾ ੫ ਦੇ ਛੰਤ | ੬ |
| ਮਹਲਾ ੪ ਦਾ ਵਣਜਾਰਾ | ੧ |
| ਮਹਲਾ ੫ ਦਾ ਵਣਜਾਰਾ (ਸ਼ਬਦ) | ੧ |
| ਸਿਰੀਰਾਗੁ ਵਾਰ ਦੇ ਸਲੋਕ | ੨੧ |
| ਵਾਰ ਦੇ ਮਹਲੇ | ੨੨ |
| ਵਾਰ ਦੀਆਂ ਪਉੜੀਆਂ | ੨੧ |
| ਭਗਤ ਕਬੀਰ ਜੀ ਦੇ ਸ਼ਬਦ | ੨ |
| ਤ੍ਰਿਲੋਚਨ ਜੀ ਦਾ ਸ਼ਬਦ | ੧ |
| ਬੇਣੀ ਜੀ ਦਾ ਸ਼ਬਦ | ੧ |
| ਰਵਿਦਾਸ ਜੀ ਦਾ ਸ਼ਬਦ | ੧ |
| ਸਿਰੀਰਾਗੁ ਵਿਚ ਕੁਲ ਸ਼ਬਦ | ੨੧੦ |

# ਰਾਗੁ ਮਾਝ

## [ਅੰਗ ੯੪]

ਸਿਰੀਰਾਗ ਦੀ ਸਮਾਪਤੀ ਤੋਂ ਬਾਅਦ ਇਥੋਂ ਮਾਝ ਰਾਗ ਦੀ ਅਰੰਭਤਾ ਹੋ ਰਹੀ ਹੈ।

੧. ਮਾਝ ਰਾਗ ਇਕ ਸੰਪੂਰਨ ਜਾਤੀ ਦਾ ਰਾਗ ਹੈ, ਇਸ ਵਿਚ ਰਿਸ਼ਭ ਮੱਧਮ ਪੰਚਮ ਅਤੇ ਧੈਵਤ ਸ਼ੁਧ, ਗਾਂਧਾਰ ਅਤੇ ਨਿਸ਼ਾਦ ਦੋਵੇਂ, ਸ਼ੁੱਧ ਅਤੇ ਕੋਮਲ ਲੱਗਦੇ ਹਨ, ਗ੍ਰਹਸੁਰ ਅਤੇ ਵਾਦੀ ਸ਼ੜਜ, ਸੰਵਾਦੀ ਰਿਸ਼ਭ ਅਤੇ ਅਨੁਵਾਦੀ ਗਾਂਧਾਰ ਹੈ। ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਝ ਰਾਗ ਦਾ ਦੂਜਾ ਅਸਥਾਨ ਹੈ। ਬਾਣੀ ਬਿਉਰੇ ਵਿਚ 'ਬੁਧ ਪ੍ਰਕਾਸ਼ ਦਰਪਨ' ਦਾ ਹਵਾਲਾ ਦੇ ਕੇ ਲਿਖਿਆ ਹੈ :

**ਸਿਰੀਰਾਗ ਮਧੁ ਮਾਧਵੀ ਅਰ ਮਲਾਰ ਸੁਰ ਜਾਨ,**
**ਇਨ ਮਿਲ ਮਾਝ ਬਖਾਨਹੀ ਲੀਜੋ ਗੁਨਿਜਨ ਮਾਨ।** *(ਮਹਾਨ ਕੋਸ਼)*

ਇਸ ਸਰੋਤ ਵਿਚ ਮਾਝ ਰਾਗ ਦਾ ਸਰੂਪ ਇਹ ਮੰਨਿਆ ਹੈ।

੨. 'ਸੁਰ ਤਾਲ ਸੰਬੂਹ' ਵਿਚ ਮਾਝ ਰਾਗ ਦਾ ਸਰੂਪ ਉਪਰੋਕਤ ਵੀਚਾਰਧਾਰਾ ਤੋਂ ਥੋੜਾ ਵੱਖਰਾ ਮੰਨਿਆ ਹੈ, ਉਹ ਇਸ ਪ੍ਰਕਾਰ ਹੈ ਕਿ ਸੋਰਠ, ਬਿਲਾਵਲ, ਸਾਰੰਗ, ਧਨਾਸਰੀ, ਨਟ ਇਹ ਪੰਜੇ ਮਿਲਣੇ ਕਰਕੇ 'ਮਾਝ ਰਾਗ' ਬਣਦਾ ਹੈ, ਇਸਦਾ ਆਪਨਾ ਵੱਖਰਾ ਸਰੂਪ ਨਾ ਹੋਣ ਕਰਕੇ ਸਤਿਗੁਰਾਂ ਨੇ ਰਾਗ ਮਾਲਾ ਵਿਚ ਇਸਦਾ ਨਾਂ ਨਹੀਂ ਦਿੱਤਾ। ਪਰ ਮਾਝੇ ਵਿਚ ਇਸ ਦਾ ਗਾਇਨ ਕੀਤਾ ਜਾਂਦਾ ਸੀ, ਜਿਸ ਕਰਕੇ ਸਤਿਗੁਰਾਂ ਨੇ ਮਾਝੇ ਦੇਸ਼ ਦਾ ਰਾਗ ਮੰਨ ਅਤੇ ਹੋਰ ਰਾਗਾਂ ਦਾ ਮਿਸ਼ਰਤ ਹੋਣ ਕਰਕੇ ਬਾਣੀ ਵਿਚ ਅੰਕਤ ਕੀਤਾ ਹੈ ਅਤੇ ਇਸ ਰਾਗ ਨੂੰ ਸਤਿਕਾਰ ਦੇਣ ਵਾਸਤੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਰਾਗ ਦੀ ਇਥੇ ਵਰਤੋਂ ਕੀਤੀ ਹੈ। ਕਈ ਇਸ ਨੂੰ ਰਾਗਣੀ ਭੀ ਕਹਿੰਦੇ ਹਨ। ਪੁਰਾਤਨ ਸਮੇਂ ਵਿਚ ਪੂਰੇ ਹਿੰਦੁਸਤਾਨ ਵਿਚ ਜਿਤਨੇ ਵੀ ਗਵੱਈਏ ਲੋਕ ਰਾਗ ਗਾਉਂਦੇ ਸਨ, ਇਹਨਾਂ ਪੁਰਾਣੇ ਰਾਗਾਂ ਵਿਚ ਮਾਝ ਰਾਗ ਵੀ ਗਾਇਆ ਜਾਂਦਾ ਸੀ। ਸੋ ਜਿਥੇ ਇਹ ਰਾਗ ਪੁਰਾਣਾ ਹੈ, ਉਸ ਦੇ ਨਾਲ ਨਾਲ ਇਹ ਰਾਗ ਦੇਸੀ ਵੀ ਹੈ। ਇਸ ਤੋਂ ਬਿਨਾਂ ਤੁਖਾਰੀ ਰਾਗ ਵੀ ਇਸ ਤਰ੍ਹਾਂ ਹੀ ਗਾਇਆ ਜਾਂਦਾ ਸੀ। ਸੋ ਮਾਝ ਅਤੇ ਤੁਖਾਰੀ ਦੇਸ ਦੀ ਉਸ ਵੇਲੇ ਦੀ ਚਾਲ ਦੇ ਰਾਗ ਸਨ, ਜਿਸ ਵਕਤ ਗੁਰੂ ਸਾਹਿਬ ਜੀ ਨੇ ਜਗਤ ਕਲਿਆਣ ਹਿਤ ਅੰਮ੍ਰਿਤ ਨਾਮ ਦਾ ਪ੍ਰਚਾਰ ਕੀਤਾ ਹੈ। ਇਸ ਤਰ੍ਹਾਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ ਜੀ ਵੱਲੋਂ ਉਚਾਰਨ ਕੀਤੀਆਂ ਅਸ਼ਟਪਦੀਆਂ ਮਾਝ ਰਾਗ ਵਿਚ ਆਉਣਗੀਆਂ ਅਤੇ ਵਾਰ ਵਿਚ ਸਤਿਗੁਰੂ ਜੀ ਵੱਲੋਂ ਉਚਾਰੇ ਸਲੋਕ ਅਤੇ ਪਉੜੀਆਂ ਆਉਣਗੀਆਂ।

ਸੋ ਇਸ ਤਰ੍ਹਾਂ ਇਥੇ ਚੌਥੇ ਪਾਤਸ਼ਾਹ ਧੰਨ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਮਾਝ ਰਾਗ ਵਿਚ ਬਾਣੀ ਦੀ ਅਰੰਭਤਾ ਕਰ ਰਹੇ ਹਨ, ਕਿਉਂਕਿ ਉਸ ਵਕਤ ਆਮ ਲੋਕ ਦੇਸੀ ਰਾਗ ਮਾਝੇ ਵਿਚ ਗਾਇਆ ਕਰਦੇ ਸਨ।

ਆਰੋਹ : ਸ ਰੇ, ਮ ਪ, ਨੀ ਸਂ।

ਅਵਰੋਹ : ਸਂ ਨ਼ੀ ਧ ਪ, ਧ ਮ ਗ ਮ, ਰੇ ਪ ਗੁ ਰੇ ਗੁ ਸ ਰੇ ਨ਼ੀ ਸ।

# ਰਾਗੁ ਮਾਝ ਚਉਪਦੇ ਘਰੁ ੧[੧] ਮਹਲਾ ੪[੨]
# ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਚੌਥੇ ਪਾਤਸ਼ਾਹ ਮਾਝ ਰਾਗੁ ਅੰਦਰ ਪਹਿਲੇ ਘਰੁ = ਸੁਰਤਾਲ ਵਿਚ ਚਉਪਦੇ = ਚਾਰ ਪਦਿਆਂ ਵਾਲੇ ਪਹਿਲਾਂ ਮੰਗਲ ਕਰਦਿਆਂ ਸ਼ਬਦ ਉਚਾਰਨ ਕਰਦੇ ਹਨ ;

੧ = ਅਦੁੱਤੀ ਬ੍ਰਹਮ ਜੋ ੴ = ਸਰਬ ਦਾ ਪ੍ਰਕਾਸ਼ਕ, ਸਤਿ = ਤ੍ਰੈਕਾਲ ਅਬਾਧ ਰੂਪ, ਨਾਮੁ = ਪ੍ਰਸਿੱਧ, ਕਰਤਾ = ਰਚਣਹਾਰ, ਪੁਰਖੁ = ਪੂਰਨ (ਵਿਆਪਕ), ਨਿਰਭਉ = ਭੈ ਤੋਂ ਰਹਿਤ, ਨਿਰਵੈਰੁ = ਵੈਰ ਤੋਂ ਰਹਿਤ, ਅਕਾਲ = ਕਾਲ ਤੋਂ ਰਹਿਤ ਮੂਰਤਿ = ਸਰੂਪ, ਅਜੂਨੀ = ਜੂਨਾਂ ਤੋਂ ਰਹਿਤ ਸੈਭੰ=ਸੁਤੇ ਪ੍ਰਕਾਸ਼, ਗੁਰ = ਚੇਤਨ ਸਰੂਪ, ਪ੍ਰਸਾਦਿ = ਅਨੰਦ ਸਰੂਪ ਹੈ **ਵਾ:** ਐਸੇ ਵਿਸ਼ੇਸ਼ਣਾਂ ਵਾਲਾ ਪਰਮੇਸ਼ਰ ਗੁਰਾਂ ਦੀ ਪ੍ਰਸਾਦਿ = ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

## ਹਰਿ ਹਰਿ ਨਾਮੁ; ਮੈ ਹਰਿ ਮਨਿ ਭਾਇਆ ॥

ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਮੈ = ਮੇਰੇ ਮਨਿ = ਹਿਰਦੇ ਵਿਚ ਹਰਿ = ਹਰ ਸਮੇਂ ਭਾਇਆ = ਚੰਗਾ ਲੱਗਿਆ ਹੈ **ਅਥਵਾ** ਉਹ ਹਰਿ = ਹਰਨ ਵਾਲਾ ਭਾਵ ਪਾਪਾਂ ਨੂੰ ਨਾਸ਼ ਕਰਨ ਵਾਲਾ ਹਰਿ = ਹਰੀ ਪਰਮੇਸ਼ਰ ਹਰਿ = ਸਾਰਿਆਂ ਦੇ ਪ੍ਰਾਣਾਂ ਨੂੰ ਹਰੇ ਕਰਨ ਵਾਲਾ ਭਾਵ ਚਲਾਉਣ ਵਾਲਾ ਸਾਰਿਆਂ ਮਨਾਂ ਨੂੰ ਹਰਿਆਵਲਤਾ ਚੇਤਨਤਾ ਦੇਣ ਵਾਲਾ ਹੈ। ਯਥਾ :

**ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥** *(ਅੰਗ ੨੫)*

ਸਾਰੇ ਸੰਸਾਰ ਨੂੰ ਉਸ ਪਰਮੇਸ਼ਰ ਨੇ ਆਪਣੀ ਚੇਤਨ ਸੱਤਾ ਨਾਲ ਹਰਾ ਕੀਤਾ ਹੈ। ਜਿੰਨੇ ਜੜ੍ਹ ਪਦਾਰਥ ਹਨ, ਉਹਨਾਂ ਵਿਚ ਜਿਹੜਾ ਸੋਹਣਾਪਣ ਪ੍ਰਕਾਸ਼ ਹੋ ਰਿਹਾ ਹੈ, ਉਹ ਸਭ ਪਰਮੇਸ਼ਰ ਦੀ ਜੋਤ ਕਰਕੇ ਹੀ ਹੈ।

**ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥** *(ਅੰਗ ੧੧੯੩)*

ਜਿਸ ਦੀ ਸੱਤਾ ਕਰਕੇ ਸਾਰੇ ਪ੍ਰੱਫੁਲਤ ਹੋ ਰਹੇ ਹਨ, ਉਸ ਪਰਮੇਸ਼ਰ ਦਾ ਨਾਮ ਹਰਿ ਹੈ। ਹਰਿ = ਹਰੇ ਕਰਨ ਵਾਲਾ ਹਰਿ = ਉਹ ਪਰਮੇਸ਼ਰ ਸਾਡੇ ਮਨ ਵਿਚ ਹਰਿ = ਹਰ ਵਕਤ ਭਾਇਆ = ਭਾਉਂਦਾ ਭਾਵ ਚੰਗਾ ਲੱਗਦਾ ਹੈ। ਉਹ ਪੁਰਸ਼ ਜਿਹਨਾਂ ਦੇ ਮਨ ਵਿਚ ਪਰਮੇਸ਼ਰ ਦਾ ਨਾਮ ਭਾਇਆ ਚੰਗਾ ਲੱਗਿਆ ਹੈ, ਉਹ ਸਦਾ ਹੀ ਮਨ ਕਰਕੇ ਵਾਹਿਗੁਰੂ ਨੂੰ ਅਰਾਧਦੇ ਹਨ। ਇਸ ਤਰ੍ਹਾਂ ਉਹ ਮਹਾਤਮਾ ਜਨ ਲੋਕ ਹਰਿ = ਪਰਮੇਸ਼ਰ ਦੇ ਮਨ 'ਤੇ ਭਾ ਗਏ, ਭਾਵ ਉਸ ਨੂੰ ਪ੍ਰਵਾਨੀਕ ਹੋ ਗਏ ਹਨ।

## ਵਡਭਾਗੀ; ਹਰਿ ਨਾਮੁ ਧਿਆਇਆ ॥

ਵਡਭਾਗੀ = ਵੱਡੇ ਕਰਮਾਂ ਵਾਲਿਆਂ ਨੇ ਹਰਿ = ਵਾਹਿਗੁਰੂ ਦੇ ਨਾਮ ਨੂੰ ਧਿਆਇਆ = ਧਿਆਉਣਾ

---

੧. ਘਰ ਪਹਿਲਾ ਬੋਲੋ।

੨. ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਇਹ ਸੱਤ ਸ਼ਬਦ ਆ ਰਹੇ ਹਨ, ਜਿੰਨ੍ਹਾਂ ਸ਼ਬਦਾਂ ਵਿਚ ਪ੍ਰੇਮ ਭਾਵ, ਪ੍ਰਮੇਸਰ ਨਾਲ, ਮਿਲਣ ਦੀ ਤੀਬ੍ਰ ਇੱਛਾ, ਗੁਰੂ ਸਾਹਿਬ ਜੀ ਅਤੇ ਸਤਸੰਗਤ ਦੇ ਅੱਗੇ ਅਰਦਾਸਾਂ ਬੇਨਤੀਆਂ ਅਤੇ ਮਿਲਾਪ ਦੇ ਸ਼ੁਕਰਾਨੇ ਦੇ ਰਸਰੰਗ ਵਰਣਨ ਕੀਤੇ ਹਨ।

ਕੀਤਾ **ਵਾ:** ਹਉਮੈ ਛੱਡ ਕੇ ਵਾਹਿਗੁਰੂ ਵਿਚ ਅਭੇਦ ਹੋਣ ਲਈ ਨਾਮ ਨੂੰ = ਧਿਆਉਣਾ ਕੀਤਾ ਹੈ। ਜਿਵੇਂ ਭਗਤ ਕਬੀਰ ਸਾਹਿਬ ਜੀ ਨੇ ਉਸ ਅਵਸਥਾ ਵਿਚ ਪਹੁੰਚ ਕੇ ਵਰਣਨ ਕੀਤਾ ਹੈ :

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**
**ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥** *(ਅੰਗ ੧੩੭੫)*

## ਗੁਰਿ ਪੂਰੈ, ਹਰਿ ਨਾਮ ਸਿਧਿ ਪਾਈ; ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥

ਗੁਰਿ ਪੂਰੈ = ਪੂਰਿਆ ਸਤਿਗੁਰਾਂ ਦੁਆਰਾ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਪ੍ਰਾਪਤ ਕਰਨ ਰੂਪ ਸਿਧਿ = ਕਾਮਯਾਬੀ ਪਾਈ = ਪ੍ਰਾਪਤੀ ਕਰੀਦੀ ਹੈ **ਵਾ:** ਸਿਧਿ = ਮੁਕਤੀ ਪ੍ਰਾਪਤ ਕਰੀਦੀ ਹੈ। ਪਰੰਤੂ ਕੋ = ਕੋਈ ਵਿਰਲਾ = ਟਾਵਾਂ-ਟਾਵਾਂ ਹੀ ਗੁਰਮਤਿ = ਗੁਰੂ ਦੀ ਸਿੱਖਿਆ ਅਨੁਸਾਰ ਚਲੈ = ਚੱਲਦਾ ਹੈ ਜੀ ॥੧॥

## ਮੈ ਹਰਿ ਹਰਿ ਖਰਚੁ; ਲਇਆ ਬੰਨਿ ਪਲੈ ॥

ਇਸ ਤਰ੍ਹਾਂ ਐਸੀ ਅਵਸਥਾ ਵਾਲਾ ਗੁਰਮਤਿ ਦਾ ਧਾਰਨੀ ਇਹ ਕਹਿੰਦਾ ਹੈ ਕਿ ਮੈ ਹਰਿ = ਹਰੇਕ ਪਾਪਾਂ ਦੇ ਹਰਨ ਭਾਵ ਨਾਸ ਕਰਨ ਵਾਲੇ ਹਰਿ = ਹਰੀ ਪਰਮੇਸ਼ਰ ਦਾ ਨਾਮ ਰੂਪੀ ਖਰਚੁ = ਖ਼ਜ਼ਾਨਾ ਪਰਲੋਕ ਵਾਸਤੇ ਬੁੱਧੀ ਰੂਪੀ ਪਲੈ = ਪੱਲੇ ਵਿਚ ਬੰਨ੍ਹ ਲਇਆ = ਲਿਆ ਹੈ।

## ਮੇਰਾ ਪ੍ਰਾਨ ਸਖਾਈ; ਸਦਾ ਨਾਲਿ ਚਲੈ ॥

ਉਹ ਪਰਮੇਸ਼ਰ ਦਾ ਨਾਮ ਹੀ ਇਸ ਲੋਕ ਵਿਚ ਮੇਰਾ ਪ੍ਰਾਣ = ਸੁਆਸਾਂ ਦਾ ਸਖਾਈ = ਸਖਾ ਭਾਵ ਮਿੱਤਰ ਤੇ ਪ੍ਰਾਣਾਂ ਦੀ ਸਹਾਇਤਾ ਕਰਨ ਵਾਲਾ ਹੈ ਅਤੇ ਸਦਾ = ਹਮੇਸ਼ਾ ਪਰਲੋਕ ਵਿਚ ਵੀ ਨਾਲਿ = ਸਾਥ ਚਲੈ = ਚੱਲਣਾ ਭਾਵ ਜਾਣਾ ਕਰੇਗਾ।

## ਗੁਰਿ ਪੂਰੈ ਹਰਿ ਨਾਮੁ ਦਿੜਾਇਆ; ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥੨॥

ਪੂਰੈ = ਪੂਰਿਆ ਗੁਰਿ = ਸਤਿਗੁਰਾਂ ਨੇ ਮੈਨੂੰ ਹਰਿ = ਪਰਮੇਸ਼ਰ ਦਾ ਅੰਮ੍ਰਿਤ ਨਾਮ ਦਿੜਾਇਆ = ਪ੍ਰਪੱਕ ਕਰਵਾਇਆ ਹੈ, ਅਤੇ ਮੈਂ ਗੁਰਾਂ ਦੀ ਕਿਰਪਾ ਦੁਆਰਾ ਉਸ ਨਿਹਚਲੁ = ਅਚੱਲ ਸਰੂਪ ਹਰਿ = ਪਰਮੇਸ਼ਰ ਦਾ ਹਰਿ ਨਾਮ ਰੂਪੀ ਧਨ ਆਪਣੇ ਹਿਰਦੇ ਰੂਪੀ ਪੱਲੇ ਵਿਚ ਬੰਨ ਲੈਣਾ ਕੀਤਾ ਹੈ ਜੀ **ਵਾ:** ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲੇ ਹਰਿ=ਪਰਮੇਸ਼ਰ ਦੇ ਨਾਮ ਦੀ ਸਕਤੀ ਕਾਰਨ ਮੈਂ ਨਿਹਚਲੁ = ਅਚੱਲ ਭਾਵ ਜੰਮਣ ਮਰਣ ਤੋਂ ਰਹਿਤ ਹੋ ਗਿਆ ਹਾਂ ॥੨॥

## ਹਰਿ ਹਰਿ ਸਜਣੁ; ਮੇਰਾ ਪ੍ਰੀਤਮੁ ਰਾਇਆ ॥

ਪਾਪਾਂ ਦਾ ਹਰਿ = ਹਾਰਕ ਹਰਿ = ਪਰਮੇਸ਼ਰ ਮਾਤਾ ਦੇ ਗਰਭ ਵਿਚ ਰੱਖਿਆ ਕਰਨ ਕਰਕੇ ਮੇਰਾ ਸਜਣੁ = ਮਿੱਤਰ ਹੈ, ਇਸ ਲੋਕ ਦਾ ਮੇਰਾ ਪ੍ਰੀਤਮੁ = ਪਿਆਰਾ ਅਤੇ ਪ੍ਰਲੋਕ ਦਾ ਰਾਇਆ = ਰਾਜਾ ਰੂਪ ਹੈ।

## ਕੋਈ ਆਣਿ ਮਿਲਾਵੈ; ਮੇਰੇ ਪ੍ਰਾਣ ਜੀਵਾਇਆ ॥

ਹੇ ਭਾਈ ! ਹੁਣ ਕੋਈ ਆਣਿ = ਆ ਕੇ ਮੈਨੂੰ ਉਸ ਪਰਮਾਤਮਾ ਨਾਲ ਜਾਂ ਪੂਰੇ ਸਤਿਗੁਰੂ ਨਾਲ ਮਿਲਾਵੈ = ਮਿਲਾਪ ਕਰਵਾ ਦੇਵੇ, ਬਸ ਉਹੀ ਮੇਰੇ ਪ੍ਰਾਣਾਂ ਨੂੰ ਜੀਵਾਇਆ = ਜੀਵਤ ਰੱਖਣ ਵਾਲਾ ਹੈ।

## ਹਉ ਰਹਿ ਨ ਸਕਾ, ਬਿਨੁ ਦੇਖੇ ਪ੍ਰੀਤਮਾ; ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥

ਪ੍ਰੀਤਮਾ = ਪਿਆਰੇ ਸਤਿਗੁਰਾਂ ਦੇ ਦਰਸ਼ਨ ਦੇਖੇ = ਵੇਖੇ ਤੋਂ ਬਿਨੁ = ਬਗ਼ੈਰ ਹਉ = ਮੈਂ ਇਕ ਖਿਨ ਮਾਤਰ

ਵੀ ਰਹਿ ਨ = ਨਹੀ ਸਕਾ = ਸਕਦਾ, ਜਿਵੇਂ ਨਦੀਆਂ ਨਾਲਿਆਂ ਵਿਚ ਪਾਣੀ ਵਹੇ = ਵਹਿੰਦਾ ਹੈ, ਇਉਂ ਮੈ = ਮੇਰੇ ਨੇਤਰਾਂ ਵਿਚੋਂ ਵੈਰਾਗ ਰੂਪੀ ਨੀਰੁ = ਜਲ ਵਹਿ ਚਲੈ = ਚੱਲਦਾ ਹੈ ਜੀ **ਵਾ:** ਮਨ ਬੁੱਧ ਰੂਪ ਨੇਤਰਾਂ ਵਿੱਚੋਂ ਵੈਰਾਗ, ਪ੍ਰੇਮ ਰੂਪੀ ਜਲ ਵਹਿੰਦਾ ਹੀ ਵਹਿੰਦਾ ਚੱਲਦਾ ਹੈ ਜੀ ॥੩॥

## ਸਤਿਗੁਰੁ ਮਿਤ੍ਰੁ; ਮੇਰਾ ਬਾਲ ਸਖਾਈ ॥

ਸਤਿਗੁਰੂ ਰੂਪੀ ਮਿਤ੍ਰ = ਸੱਜਣ ਮੇਰਾ ਬਾਲ = ਬਾਲਕ ਅਵਸਥਾ ਤੋਂ ਹੀ ਸਖਾਈ = ਸਹਾਇਤਾ ਕਰਨ ਵਾਲਾ ਸਖਾ ਹੈ।

## ਹਉ ਰਹਿ ਨ ਸਕਾ; ਬਿਨੁ ਦੇਖੇ ਮੇਰੀ ਮਾਈ ॥

ਮਾਈ = ਮਾਤਾ ਭਾਵ ਧੰਨ ਗੁਰੂ ਰਾਮਦਾਸ ਪਾਤਸ਼ਾਹ ਆਪਣੀ ਮਾਤਾ ਦਇਆ ਕੌਰ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ ਕਿ ਮੈਂ ਧੰਨ ਗੁਰੂ ਅਮਰਦਾਸ ਮਹਾਰਾਜ ਸਾਹਿਬ ਜੀ ਦੇ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ। ਇਸੇ ਤਰ੍ਹਾਂ ਗੁਰਸਿੱਖਾਂ ਵਿੱਚੋਂ ਹੇ ਮਾਤਾ ਪਿਤਾ ਦੀ ਨਿਆਈਂ ਬਜ਼ੁਰਗੋ! ਬਾਬਾ ਬੁੱਢਾ ਜੀ ਆਦਿ ਗੁਰਸਿੱਖੋ! ਅਸੀਂ ਮਹਾਰਾਜ ਸਾਹਿਬ ਜੀ ਦੇ ਦਰਸ਼ਨਾਂ ਤੋਂ ਬਿਨਾਂ ਨਹੀਂ ਰਹਿ ਸਕਦੇ।

## ਹਰਿ ਜੀਉ, ਕ੍ਰਿਪਾ ਕਰਹੁ ਗੁਰੁ ਮੇਲਹੁ;<br>ਜਨ ਨਾਨਕ ਹਰਿ ਧਨੁ ਪਲੈ ਜੀਉ ॥੪॥੧॥

ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਹੇ ਹਰਿ = ਅਕਾਲ ਪੁਰਖ ਜੀ! ਕਿਰਪਾ ਕਰਕੇ ਸਾਨੂੰ ਆਪਣੇ ਸਰੂਪ ਨਾਲ ਮੇਲਣਾ ਕਰੋ। ਫੇਰ ਕਿਵੇਂ ਮਿਲਾਂਗੇ ? ਤਾਂ ਸਤਿਗੁਰ ਜੀ ਉਚਾਰਨ ਕਰਦੇ ਹਨ ਕਿ ਜੇਕਰ ਸਤਿਗੁਰ ਜੀ ਚਾਹੁਣ ਤਾਂ ਉਹ ਮੇਲ ਸਕਦੇ ਹਨ ਕਿਉਂਕਿ ਸਾਡੇ ਪਾਸ ਹਰਿ = ਵਾਹਿਗੁਰੂ ਪਰਮੇਸ਼ਰ ਦਾ ਨਾਮ ਰੂਪੀ ਧਨ ਹਿਰਦੇ ਰੂਪੀ ਪਲੈ = ਪੱਲੇ ਵਿਚ ਹੈ, ਇਉਂ ਇਹ ਮਿਲਾਪ ਦਾ ਕਾਰਨ ਹੈ॥੪॥੧॥

## ਮਾਝ ਮਹਲਾ ੪ ॥ ਮਧੁਸੂਦਨ; ਮੇਰੇ ਮਨ ਤਨ ਪ੍ਰਾਨਾ ॥

ਮਧੁਸੂਦਨ = ਪਰਮੇਸ਼ਰ ਮੇਰੇ ਮਨ ਤਨ = ਸਰੀਰ ਅਤੇ ਪ੍ਰਾਣ ਰੂਪ ਹੈ ਭਾਵ ਮੇਰਾ ਸਭ ਕੁਝ ਪਰਮੇਸ਼ਰ ਹੈ। ਪਰਮੇਸ਼ਰ ਦੇ ਅਨੰਤ ਨਾਵਾਂ ਵਿੱਚੋਂ ਇਕ ਮਧੂ ਸੂਦਨ ਭੀ ਉਸੇ ਦਾ ਨਾਮ ਹੈ ਕਿਉਂਕਿ ਮਧ ਅਤੇ ਕੈਟਭ ਦੋ ਦੈਂਤ ਸਨ ਜਿਨ੍ਹਾਂ ਨੂੰ ਭਗਵਾਨ ਜੀ ਨੇ ਮਾਰਿਆ ਸੀ ਜਿਸ ਕਰਕੇ ਉਹਦਾ ਨਾਮ ਮਧੂ = ਦੈਂਤ ਸੂਦਨ = ਮਾਰਨਾ ਜੋ ਮਧੁ ਅਤੇ ਕੈਟਭ ਦੇ ਨਾਸ਼ ਕਰਨ ਵਾਲਾ ਮਧੁਸੂਦਨ ਹੈ। ਇਸੇ ਤਰ੍ਹਾਂ ਮਧੂ ਦੈਂਤ ਦੀ ਨਿਆਈਂ ਮਨ ਹੈ, ਦੈਂਤ ਦੀ ਨਿਆਈਂ ਕਾਮ, ਕ੍ਰੋਧ, ਹੰਕਾਰ ਕਰਨ ਵਾਲਾ ਸੁਭਾਅ ਕੱਟ ਕੇ ਜਾਂ ਮਾਰ ਕੇ ਆਪ ਮੇਰੀ ਬਿਰਤੀ ਵਿਚ ਰੂੜ ਹੋ। ਮੇਰੇ ਮਨ, ਤਨ ਤੇ ਪ੍ਰਾਣਾਂ ਦੇ ਆਸਰਾ ਰੂਪ ਹੋ। ਇਸ ਤਰ੍ਹਾਂ ਬਿਰਤੀ ਰੂੜ ਹੋ ਕੇ ਬ੍ਰਹਮ ਚੇਤਨ ਸਰੂਪ ਪਰਮਾਤਮਾ! ਤੁਸੀਂ ਮੇਰੇ ਮਨ ਦੇ, ਤਨ ਦੇ ਤੇ ਪ੍ਰਾਣਾਂ ਦੇ ਆਸਰਾ ਰੂਪ ਹੋ।

## ਹਉ ਹਰਿ ਬਿਨੁ; ਦੂਜਾ ਅਵਰੁ ਨ ਜਾਨਾ ॥

ਹਉ = ਮੈਂ ਹਰਿ = ਹਰੀ ਵਾਹਿਗੁਰੂ ਪਰਮੇਸ਼ਰ ਤੋਂ ਬਿਨੁ = ਬਗੈਰ, ਦੂਜਾ = ਦੂਸਰਾ ਕੋਈ ਅਵਰੁ = ਹੋਰ ਨਹੀਂ ਜਾਨਾ = ਜਾਣਦਾ।

## ਕੋਈ ਸਜਣੁ ਸੰਤੁ ਮਿਲੈ ਵਡਭਾਗੀ; ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥੧॥

ਕੋਈ ਵਡਭਾਗੀ = ਵੱਡਿਆਂ ਭਾਗਾਂ ਵਾਲਾ ਜਿਸ ਦੇ ਅੰਦਰੋਂ ਵਡਿਆਈ ਦੀ ਇੱਛਾ ਭੱਜ ਗਈ ਹੋਵੇ,

ਨਿਸ਼ਕਾਮ ਕਰਮ ਕਰਨ ਵਾਲਾ ਸੰਤੁ = ਸ਼ਾਂਤ ਚਿੱਤ ਐਸਾ ਸਜਣੁ = ਮਿੱਤਰ ਮਿਲੈ = ਮਿਲ ਜਾਵੇ, ਜੋ ਮੈ = ਮੈਨੂੰ ਹਰਿ = ਹਰੇ ਭਰੇ ਕਰਨ ਵਾਲੇ ਪਿਆਰੇ ਪ੍ਰਭੁ = ਪਰਮੇਸ਼ਰ ਦੀ ਦਸੈ = ਦੱਸ ਪਾ ਦੇਵੇ ਜੀ ॥੧॥

## ਹਉ ਮਨੁ ਤਨੁ ਖੋਜੀ; ਭਾਲਿ ਭਾਲਾਈ ॥

ਮੈਂ ਮਨੋਂ ਤਨੋਂ ਖੋਜੀ = ਖੋਜਣੇ ਵਾਲਾ ਹੋ ਕੇ ਪੂਰੇ ਗੁਰਾਂ ਨੂੰ ਭਾਲਿ = ਲੱਭ ਕੇ ਉਸ ਪਰਮੇਸ਼ਰ ਨੂੰ ਭਾਲਾਈ = ਲੱਭਦਾ ਹਾਂ **ਵਾ:** ਮੈਂ ਸਰੀਰ ਨੂੰ ਖੋਜ ਕਰਕੇ ਮਨ ਨੂੰ ਲੱਭਿਆ ਤੇ ਮਨ ਦੀ ਖੋਜ ਕਰਕੇ ਗੁਰਮੁਖਾਂ ਦੀ ਭਾਲ ਕੀਤੀ ਫੇਰ ਗੁਰਮੁਖਾਂ ਦੁਆਰਾ ਪਰਮੇਸ਼ਰ ਨੂੰ ਲੱਭਣਾ ਕੀਤਾ ਹੈ।

## ਕਿਉ ਪਿਆਰਾ ਪ੍ਰੀਤਮੁ; ਮਿਲੈ ਮੇਰੀ ਮਾਈ ॥

ਹੇ ਮੇਰੀ ਮਾਈ = ਮੇਰੇ ਮਾਤਾ ਪਿਤਾ ਰੂਪ ਸੰਤ ਜਨੋ। ਉਹ ਪਿਆਰਾ ਪ੍ਰੀਤਮ ਪਰਮੇਸ਼ਰ ਮੈਨੂੰ ਕਿਉ = ਕਿਵੇਂ ਮਿਲੈ = ਮਿਲ ਸਕਦਾ ਹੈ ? ਤਾਂ ਅੱਗੋਂ ਸੰਤ ਜਨ ਕਹਿੰਦੇ ਹਨ।

## ਮਿਲਿ ਸਤਸੰਗਤਿ ਖੋਜੁ ਦਸਾਈ; ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥

ਹੇ ਭਾਈ ! ਸਤਿਸੰਗਤ ਨਾਲ ਮਿਲ ਕੇ ਉਸ ਪਰਮੇਸ਼ਰ ਦੀ ਖੋਜੁ = ਢੂੰਡ ਬਾਰੇ ਦਸਾਈ = ਪੁੱਛਣਾ ਕਰੀਏ **ਵਾ:** ਸਤਿਸੰਗਤ ਨਾਲ ਮਿਲ ਕੇ ਭਗਤੀ ਸਹਿਤ ਗਿਆਨ ਦੇ ਖੋਜੁ = ਰਸਤੇ ਨੂੰ ਦਸਾਈ = ਪੁੱਛੀਏ ਤਾਂ ਫਿਰ ਦੱਸ ਪੈਂਦੀ ਹੈ ਕਿ ਉਹ ਕੀ ਹੈ ? ਹੇ ਪਿਆਰੇ ਜੀ ! ਜਿਥੇ ਹਰਿ = ਹਰੀ ਵਾਹਿਗੁਰੂ ਦੇ ਕੀਰਤਨ ਗਾਉਣ ਵਾਲਿਆਂ ਕੋਲੋਂ ਜੱਸ ਸੁਣ ਕੇ ਮਨ ਤਨ ਹਰਿਆ ਹੁੰਦਾ ਹੈ, ਉਸ ਸੰਗਤ ਵਿਚ ਪਰਮੇਸ਼ਰ ਆਪ ਵਸੈ = ਨਿਵਾਸ ਕਰਦਾ ਹੈ ॥੨॥

## ਮੇਰਾ ਪਿਆਰਾ ਪ੍ਰੀਤਮੁ; ਸਤਿਗੁਰੁ ਰਖਵਾਲਾ ॥

ਮੇਰੇ ਪਿਆਰੇ ਪ੍ਰੀਤਮ ਗੁਰੂ ਭਾਵ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ ਜੀ ਮਹਾਰਾਜ ਰਖਵਾਲਾ = ਰੱਖਿਆ ਕਰਨ ਵਾਲੇ ਹਨ।

## ਹਮ ਬਾਰਿਕ ਦੀਨ; ਕਰਹੁ ਪ੍ਰਤਿਪਾਲਾ ॥

ਹਮ = ਅਸੀਂ ਦੀਨ = ਗ਼ਰੀਬ ਤੁਹਾਡੇ ਬਾਰਿਕ = ਬੱਚੇ ਹਾਂ, ਇਸ ਲਈ ਸਾਡੇ ਪ੍ਰਤਿ = ਤਾਈਂ ਪਾਲਾ = ਪਾਲਣਾ ਕਰਨੀ ਕਰਹੁ = ਕਰੋ।

## ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ; ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥

(**ਵਿਗੱਸੈ** ਬੋਲੋ)

ਮੇਰੇ ਮਾਤਾ ਪਿਤਾ ਦੀ ਨਿਆਈਂ ਪੂਜਨੀਕ ਪੂਰਨ ਸਤਿਗੁਰੂ ਜੀ ਹਨ, ਜੋ ਪੂਰੇ ਬ੍ਰਹਮ ਗਿਆਨ ਦੇ ਦਾਤੇ ਹਨ। ਪੂਰਨ ਸਤਿਗੁਰੂ ਜਲ = ਪਾਣੀ ਦੀ ਨਿਆਈਂ ਹਨ। ਸਾਡਾ ਹਿਰਦਾ ਕਮਲ ਦੀ ਨਿਆਈਂ ਹੈ। ਸਤਿਗੁਰੂ ਰੂਪੀ ਜਲ ਨਾਲ ਮਿਲ ਕੇ ਸਾਡਾ ਚਿਤ ਰੂਪੀ ਕਮਲ ਵਿਗਸੈ = ਖਿੜਦਾ ਹੈ **ਵਾ:** ਗੁਰੂ ਜੀ ਜਲ ਦੀ ਨਿਆਈਂ ਹਨ। ਸਾਡਾ ਚਿਤ ਕਮਲ ਫੁੱਲ ਦੀ ਨਿਆਈਂ ਹੈ। ਗੁਰੂ ਦੇ ਗਿਆਨ ਨਾਲ ਮਿਲ ਕੇ ਸਾਡਾ ਹਿਰਦਾ ਰੂਪੀ ਕੌਲ ਕਰੁਣਾ, ਮੁਦਤਾ, ਮੈਤ੍ਰੀ, ਅਪੇਖਿਆ ਰੂਪੀ ਪੰਖੜੀਆਂ ਦੇ ਸਮੇਤ ਖਿੜ ਆਉਂਦਾ ਹੈ ਜੀ ॥੩॥

## ਮੈ ਬਿਨੁ ਗੁਰ ਦੇਖੇ; ਨੀਦ ਨ ਆਵੈ ॥

ਮੈ = ਮੈਨੂੰ ਗੁਰ = ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਦੇਖੇ = ਵੇਖਣ ਤੋਂ ਬਿਨੁ = ਬਗ਼ੈਰ ਇਕਾਗਰਤਾ ਰੂਪ ਸ਼ਾਂਤੀ ਰੂਪ ਨੀਦ = ਨਿੰਦਰਾ ਨ = ਨਹੀਂ ਆਵੈ = ਆਉਂਦੀ।

## ਮੇਰੇ ਮਨ ਤਨਿ ਵੇਦਨ; ਗੁਰ ਬਿਰਹੁ ਲਗਾਵੈ ॥

ਮੇਰੇ ਮਨ ਅਤੇ ਤਨਿ = ਸਰੀਰ ਵਿਚ ਪੂਰੇ ਸਤਿਗੁਰੂ ਜੀ ਦੇ ਬਿਰਹੁ = ਵਿਛੋੜੇ ਦੀ ਵੇਦਨ = ਪੀੜਾ ਲੱਗੀ ਹੋਈ ਹੈ ਕਿ ਕਦੋਂ ਮਹਾਰਾਜ ਸਾਹਿਬ ਜੀ ਦੇ ਦਰਸ਼ਨ ਹੋਣਗੇ **ਵਾ:** ਸਤਿਗੁਰੂ ਜੀ ਦਾ ਬਿਰਹੁ = ਵਿਛੋੜਾ ਮੇਰੇ ਮਨ ਤਨ ਨੂੰ ਵੇਦਨ = ਪੀੜਾ ਲਗਾ ਦਿੰਦਾ ਹੈ।

## ਹਰਿ ਹਰਿ ਦਇਆ ਕਰਹੁ, ਗੁਰੁ ਮੇਲਹੁ; ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥੨॥

(**ਰਹੱਸੈ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਹੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਜੀ! ਸਾਡੇ 'ਤੇ ਦਇਆ ਦ੍ਰਿਸ਼ਟੀ ਕਰ ਕੇ ਸਾਨੂੰ ਗੁਰ = ਸਤਿਗੁਰੂ ਜੀ ਨਾਲ ਮੇਲਹੁ = ਮੇਲਣਾ ਕਰੋ। ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਹੇ ਪਿਆਰੇ ਜੀ ਅਸੀਂ ਜਨ ਤਾਂ ਸਤਿਗੁਰਾਂ ਨਾਲ ਮਿਲ ਕੇ ਰਹਸੈ = ਅਨੰਦ ਨੂੰ ਪ੍ਰਾਪਤ ਹੋਏ ਹਾਂ॥੪॥੨॥

[ਅੰਗ ੯੫]

## ਮਾਝ ਮਹਲਾ ੪ ॥ ਹਰਿ ਗੁਣ ਪੜੀਐ; ਹਰਿ ਗੁਣ ਗੁਣੀਐ ॥

ਹੇ ਭਾਈ! ਉਸ ਹਰਿ = ਹਰੀ ਪਰਮੇਸ਼ਰ ਦੀ ਗੁਣਾਂ ਰੂਪੀ ਪੜਾਈ ਨੂੰ ਪੜੀਐ = ਪੜਨਾ ਕਰੀਏ ਜਿਸ ਵਿੱਚੋਂ ਸਤਿ, ਸੰਤੋਖ, ਦਇਆ, ਧਰਮ ਆਦਿਕ ਸ਼ੁਭ ਗੁਣ ਪ੍ਰਾਪਤ ਹੋਣ, ਅਤੇ ਹਰਿ = ਵਾਹਿਗੁਰੂ ਦੇ ਗੁਣਾਂ ਦੀ ਗੁਣੀਐ = ਵੀਚਾਰ ਕਰੀਏ।

## ਹਰਿ ਹਰਿ ਨਾਮ; ਕਥਾ ਨਿਤ ਸੁਣੀਐ ॥

ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਹਰਿ = ਹਰੀ ਪਰਮੇਸ਼ਰ ਦੇ ਨਾਮ ਦੀ ਹੀ ਕਥਾ ਨੂੰ ਨਿਤ = ਹਰ ਰੋਜ਼ ਸੁਣੀਐ = ਸ੍ਰਵਨ ਕਰੀਏ। ਅਤੇ

## ਮਿਲਿ ਸਤਸੰਗਤਿ ਹਰਿ ਗੁਣ ਗਾਏ; ਜਗੁ ਭਉਜਲੁ ਦੁਤਰੁ ਤਰੀਐ ਜੀਉ ॥੧॥

ਸਤਿਸੰਗਤ ਵਿਚ ਮਿਲ ਕੇ ਹਰੀ ਵਾਹਿਗੁਰੂ ਦੇ ਗੁਣਾਂ ਨੂੰ ਗਾਏ = ਗਾਉਣਾ ਕਰੀਏ। ਇਸ ਪ੍ਰਕਾਰ ਜੰਮਣ ਮਰਣ ਦੇ ਭਉਜਲੁ (ਭਉ+ਜਲੁ) ਭਉ = ਡਰ ਤੇ ਪਦਾਰਥਾਂ ਰੂਪੀ ਜਲੁ = ਪਾਣੀ ਨਾਲ ਭਰੇ ਹੋਏ ਅਤੇ ਦੁਤਰੁ = ਕਠਨਤਾਈ ਨਾਲ ਪਾਰ ਹੋਣ ਵਾਲੇ ਜਗੁ = ਸੰਸਾਰ ਸਮੁੰਦਰ ਤੋਂ ਸੁਖੈਣ ਹੀ ਤਰੀਐ = ਤਰ ਜਾਈਦਾ ਹੈ ਜੀ॥੧॥

## ਆਉ ਸਖੀ; ਹਰਿ ਮੇਲੁ ਕਰੇਹਾ ॥

ਹੇ ਮਹਾਤਮਾ ਰੂਪ ਸਖੀ = ਸਹੇਲੀਓ! ਆਉ = ਆਉਣਾ ਕਰੋ ਅਤੇ ਆਪਾਂ ਇਕੱਤਰ ਹੋ ਕਰਕੇ ਹਰਿ = ਪਰਮੇਸ਼ਰ ਦੀ ਪ੍ਰਾਪਤੀ ਵਾਸਤੇ ਆਪਸ ਵਿਚ ਮੇਲ ਕਰੇਹਾ = ਕਰੀਏ, ਭਾਵ ਪਰਮੇਸ਼ਰ ਦੇ ਨਾਲ ਮਿਲਣ ਲਈ ਵੀਚਾਰ ਕਰੀਏ। ਅਤੇ

## ਮੇਰੇ ਪ੍ਰੀਤਮ ਕਾ; ਮੈ ਦੇਇ ਸਨੇਹਾ ॥

ਹੇ ਸੰਤ ਜਨੋਂ! ਮੇਰੇ ਪ੍ਰੀਤਮ = ਪਿਆਰੇ ਵਾਹਿਗੁਰੂ ਦੇ ਮਿਲਣ ਦਾ ਮੈ = ਮੈਨੂੰ ਸੁਨੇਹਾ = ਸੰਦੇਸ਼ਾ ਦੇਇ = ਦੇਣਾ ਕਰੋ।

## ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ; ਮੈ ਦਸੇ ਹਰਿ ਨਰਹਰੀਐ ਜੀਉ ॥੨॥

ਸੋ = ਉਹ ਪ੍ਰੀਤਮੁ = ਪਿਆਰਾ ਪਰਮੇਸ਼ਰ ਮੇਰਾ ਮਾਤਾ ਦੇ ਗਰਭ ਵਿਚ ਮਿੱਤਰ, ਇਸ ਲੋਕ ਵਿਚ ਸਖਾ = ਸਾਥੀ ਅਤੇ ਪ੍ਰਲੋਕ ਵਿਚ ਭਾਈ = ਭਰਾਤਾ ਦੀ ਨਿਆਈ ਹੈ, ਇਸ ਲਈ ਮੈ = ਮੈਨੂੰ ਉਸ ਨਰਹਰੀਐ = ਨਰਾਂ ਨੂੰ ਹਰੇ ਭਰੇ ਕਰਨ ਵਾਲੇ ਸ਼ਕਤੀਵਾਨ ਹਰਿ = ਪਰਮੇਸ਼ਰ ਦੀ ਪ੍ਰਾਪਤੀ ਬਾਰੇ ਦਸੇ = ਦੱਸਣਾ ਕਰੋ ਜੀ ॥੨॥

## ਮੇਰੀ ਬੇਦਨ; ਹਰਿ ਗੁਰੁ ਪੂਰਾ ਜਾਣੈ ॥

ਮੇਰੀ = ਸਾਡੀ ਵਿਛੋੜੇ ਦੀ ਜੋ ਬੇਦਨ = ਪੀੜਾ ਹੈ, ਉਸ ਨੂੰ ਪੂਰੇ ਸਤਿਗੁਰੂ, ਜੋ ਪਰਮੇਸ਼ਰ ਸਰੂਪ ਹਨ, ਉਹੀ ਜਾਣਦੇ ਹਨ।

## ਹਉ ਰਹਿ ਨ ਸਕਾ; ਬਿਨੁ ਨਾਮ ਵਖਾਣੇ ॥

ਹਉ = ਮੈਂ ਹਰੀ ਪਰਮੇਸ਼ਰ ਦੇ ਨਾਮ ਵਖਾਣੇ = ਉਚਾਰਨ ਕੀਤੇ ਤੋਂ ਬਿਨੁ = ਬਗ਼ੈਰ ਰਹਿ ਨਾ = ਨਹੀਂ ਸਕਾ = ਸਕਦਾ।

## ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ; ਮੈ ਹਰਿ ਹਰਿ ਨਾਮਿ ਉਧਰੀਐ ਜੀਉ ॥੩॥

(**ਉ-ਧਰੀਐ** ਬੋਲੋ)

ਹੇ ਪੂਰੇ ਸਤਿਗੁਰੂ ਜੀ! ਮੈ = ਮੈਨੂੰ ਅਉਖਧੁ = ਦਵਾਈ ਦੀ ਨਿਆਈਂ ਜਾਂ ਮੰਤਰ ਦੀ ਨਿਆਈਂ ਸ਼ਕਤੀ ਰੱਖਣ ਵਾਲਾ ਪਰਮੇਸ਼ਰ ਦਾ ਨਾਮ, ਦੀਜੈ = ਦੇਣਾ ਕਰੋ, **ਵਾ:** ਜਿਥੇ ਔਸ਼ਧੀ ਰੋਗਾਂ ਨੂੰ ਦੂਰ ਕਰਦੀ ਹੈ ਤੇ ਸਰਪ ਆਦਿਕ ਦੇ ਡੰਗ ਨੂੰ ਦੂਰ ਕਰਦੀ ਹੈ, ਤਿਵੇਂ ਪੂਰਨ ਗੁਰੂ ਜੀ! ਅਗਿਆਨ **ਵਾ:** ਹੰਕਾਰ ਰੂਪੀ ਰੋਗ ਦੀ ਨਵਿਰਤੀ ਵਾਸਤੇ ਨਾਮ ਰੂਪੀ ਅਉਖਧੁ = ਦਵਾਈ ਅਤੇ ਕਾਮਾਦਿਕ ਸਰਪਾਂ ਦੀ ਵਿਸ਼ਿਆਂ ਰੂਪੀ ਵਿਹੁ ਦੇ ਦੂਰ ਕਰਨ ਵਾਸਤੇ ਸਤਿਨਾਮ ਰੂਪੀ ਮੰਤਰ ਦੇਣਾ ਕਰੋ ਜਿਸ ਕਰਕੇ ਮੇਰਾ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਦੁਆਰਾ ਉਧਰੀਐ = ਉਧਾਰ ਹੋ ਜਾਵੇ ਜੀ ॥੩॥

## ਹਮ ਚਾਤ੍ਰਿਕ ਦੀਨ; ਸਤਿਗੁਰ ਸਰਣਾਈ ॥

ਹਮ = ਅਸੀ ਦੀਨ = ਗ਼ਰੀਬ ਚਾਤ੍ਰਿਕ = ਬੰਬੀਹੇ ਦੀ ਨਿਆਈਂ ਸਤਿਗੁਰੂ ਰੂਪੀ ਬੱਦਲ ਦੀ ਸਰਣਾਈ = ਸ਼ਰਨ ਵਿਚ ਆਏ ਹਾਂ। ਅਤੇ

## ਹਰਿ ਹਰਿ ਨਾਮੁ; ਬੂੰਦ ਮੁਖਿ ਪਾਈ ॥

ਸਤਿਗੁਰਾਂ ਨੇ ਹਰਿ ਹਰਿ ਨਾਮ ਰੂਪੀ ਸਵਾਂਤੀ ਬੂੰਦ ਸਾਡੇ ਅੰਤਹਕਰਣ ਰੂਪ ਮੁਖ ਵਿਚ ਪਾਈ = ਪਾਉਣਾ ਕੀਤੀ ਹੈ।

## ਹਰਿ ਜਲਨਿਧਿ ਹਮ ਜਲ ਕੇ ਮੀਨੇ; ਜਨ ਨਾਨਕ ਜਲ ਬਿਨੁ ਮਰੀਐ ਜੀਉ ॥੪॥੩॥

ਹੁਣ ਹਮ = ਅਸੀਂ ਜਲ = ਪਾਣੀ ਕੇ = ਦੇ ਮੀਨੇ = ਮੱਛ ਦੀ ਨਿਆਈਂ ਹੋ ਗਏ ਹਾਂ ਤੇ ਹਰਿ = ਪਰਮੇਸ਼ਰ

ਜਲਨਿਧਿ = ਪਾਣੀ ਦੇ ਸਮੁੰਦਰ ਦੀ ਨਿਆਈਂ ਹੈ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡਾ ਜਨ = ਦਾਸਾਂ ਦਾ ਪਰਮੇਸ਼ਰ ਰੂਪੀ ਜਲ ਤੋਂ ਬਿਨੁ = ਬਗੈਰ ਮਰੀਐ = ਮਰਨਾ ਹੁੰਦਾ ਹੈ ਭਾਵ ਹੁਣ ਚਾਤ੍ਰਿਕ ਵਾਲੀ ਤੜਫ ਨਵਿਰਤ ਹੋ ਗਈ ਹੈ ਜਿਵੇਂ ਮੱਛੀ ਸਦਾ ਜਲ ਵਿਚ ਰਹਿੰਦੀ ਹੈ। ਇਉਂ ਸਾਡਾ ਵੀ ਪਰਮੇਸ਼ਰ ਰੂਪੀ ਜਲ ਵਿਚ ਸਦਾ ਵਾਸਤੇ ਨਿਵਾਸ ਹੋ ਗਿਆ ਹੈ।

**ਅਥਵਾ** ਸਤਿਗੁਰੂ ਜੀ ਕਥਨ ਕਰਦੇ ਹਨ ਹਰਿ = ਹਰੀ ਵਾਹਿਗੁਰੂ ! ਆਪ ਚੇਤਨ ਰੂਪੀ ਜਲ ਦੇ ਸਮੁੰਦਰ ਹੋ। ਤੁਸੀਂ ਨਾਮ ਰੂਪੀ ਜਲ ਦੇ ਸਮੁੰਦਰ ਹੋ। ਅਸੀਂ ਤੇਰੇ ਇਸ ਪ੍ਰੇਮ ਰੂਪੀ ਜਲ ਵਿਚ ਮੱਛਾਂ ਦੀ ਨਿਆਈਂ ਹਾਂ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ, ਮਰ ਜਾਂਦੀ ਹੈ, ਇਸੇ ਤਰ੍ਹਾਂ ਅਸੀਂ ਭਾਵ ਜੀਵਾਂ ਦਾ ਨਾਮ ਰੂਪੀ ਜਲ ਤੋਂ ਬਿਨਾਂ, ਪ੍ਰੇਮ ਰੂਪੀ ਜਲ ਤੋਂ ਬਿਨਾਂ ਮਰੀਐ = ਮਰਨਾ ਹੀ ਹੁੰਦਾ ਹੈ ਜੀ ॥੪॥੩॥

## ਮਾਝ ਮਹਲਾ ੪ ॥ ਹਰਿ ਜਨ ਸੰਤ; ਮਿਲਹੁ ਮੇਰੇ ਭਾਈ ॥

ਹੇ ਹਰਿ = ਪਰਮੇਸ਼ਰ ਦੇ ਸੰਤ ਜਨੋਂ ਅਤੇ ਚੇਤਨ ਦੀ ਅੰਸ ਹੋਣ ਕਰਕੇ ਮੇਰੇ ਭਾਈ = ਭਰਾਵੋਂ ਮੈਨੂੰ ਆ ਕੇ ਮਿਲਹੁ = ਮਿਲਣਾ ਕਰੋ।

## ਮੇਰਾ ਹਰਿ ਪ੍ਰਭੁ ਦਸਹੁ; ਮੈ ਭੁਖ ਲਗਾਈ ॥

ਤੁਸੀਂ ਮੇਰਾ ਹਰਿ = ਹਰੇ ਭਰੇ ਕਰਨ ਵਾਲਾ ਪ੍ਰਭੁ = ਪਰਮੇਸ਼ਰ ਦਸਹੁ = ਦੱਸਣਾ ਕਰੋ ਕਿ ਕਿਵੇਂ ਪ੍ਰਾਪਤ ਹੋਵੇਗਾ ਕਿਉਂਕਿ ਮੈ = ਮੈਨੂੰ ਉਸ ਦੇ ਦਰਸ਼ਨਾਂ ਦੀ ਪ੍ਰਾਪਤੀ ਰੂਪ ਭੁਖ = ਇੱਛਾ ਲਗਾਈ = ਲੱਗੀ ਹੋਈ ਹੈ।

## ਮੇਰੀ ਸਰਧਾ ਪੂਰਿ, ਜਗਜੀਵਨ ਦਾਤੇ; ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥੧॥

ਜਗਜੀਵਨ = ਜਗਤ ਦੇ ਜੀਵਨ ਰੂਪ ਦਾਤੇ ਪਰਮੇਸ਼ਰ ਦੀ ਪ੍ਰਾਪਤੀ ਵਾਲੀ ਮੇਰੀ ਸ਼ਰਧਾ ਪੂਰਿ = ਪੂਰਨ ਕਰੋ ਕਿਉਂਕਿ ਹਰਿ = ਪਰਮੇਸ਼ਰ ਜੀ ਦੇ ਦਰਸਨਿ = ਦੀਦਾਰ ਮਿਲਿ = ਮਿਲਣੇ ਕਰਕੇ ਹੀ ਮੇਰਾ ਮਨ ਭੀਜੈ = ਪ੍ਰਸੰਨ ਹੁੰਦਾ ਹੈ ॥੧॥

## ਮਿਲਿ ਸਤਸੰਗਿ; ਬੋਲੀ ਹਰਿ ਬਾਣੀ ॥

ਸਤਸੰਗਿ = ਸਤਿਸੰਗਤ ਵਿਚ ਮਿਲ ਕੇ ਮੈ ਹਰਿ = ਪਰਮੇਸ਼ਰ ਦੀ ਸਤਿਨਾਮ ਰੂਪੀ ਬਾਣੀ ਬੋਲੀ = ਬੋਲਦਾ ਹਾਂ। ਅਤੇ

## ਹਰਿ ਹਰਿ ਕਥਾ; ਮੇਰੈ ਮਨਿ ਭਾਣੀ ॥

ਹਰਿ ਹਰਿ ਪਰਮੇਸ਼ਰ ਦੀ ਕਥਾ ਮੇਰੇ ਮਨ ਨੂੰ ਭਾਣੀ = ਚੰਗੀ ਲੱਗਦੀ ਹੈ।

## ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ; ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥੨॥

ਹਰਿ = ਹਰੇ ਭਰੇ ਕਰਨ ਵਾਲੇ ਹਰਿ = ਹਰੀ ਪਰਮੇਸ਼ਰ ਦਾ ਨਾਮ ਰੂਪ ਅੰਮ੍ਰਿਤ ਮੇਰੇ ਮਨ ਵਿਚ ਭਾਵੈ = ਭਾਉਂਦਾ ਹੈ, ਇਸ ਲਈ ਪੂਰਨ ਸਤਿਗੁਰਾਂ ਨਾਲ ਮਿਲ ਕੇ ਮੈਂ ਨਾਮ ਰੂਪੀ ਅੰਮ੍ਰਿਤ ਨੂੰ ਪੀਜੈ = ਪੀਂਦਾ ਹਾਂ ਜੀ ॥੨॥

## ਵਡਭਾਗੀ; ਹਰਿ ਸੰਗਤਿ ਪਾਵਹਿ ॥

ਵਡਭਾਗੀ = ਵੱਡੇ ਭਾਗਾਂ ਵਾਲੇ ਹਰਿ = ਵਾਹਿਗੁਰੂ ਦੀ ਸੰਗਤ ਨੂੰ ਪਾਵਹਿ = ਪਾਉਂਦੇ ਹਨ **ਵਾ:** ਸੰਗਤ ਦੁਆਰਾ ਪਰਮੇਸ਼ਰ ਨੂੰ ਪਾਉਂਦੇ ਹਨ।

## ਭਾਗਹੀਨ; ਭ੍ਰਮਿ ਚੋਟਾ ਖਾਵਹਿ ॥

ਭਾਗਹੀਨ = ਕਰਮਾਂ ਤੋਂ ਹੀਣੇ ਕੇਵਲ ਭਰਮਦੇ ਹੋਏ ਇਸ ਲੋਕ ਵਿਚ ਵਿਕਾਰਾਂ ਦੀਆਂ ਅਤੇ ਪਰਲੋਕ ਵਿਚ ਜਮਾਂ ਦੀਆਂ ਚੋਟਾ = ਮਾਰਾਂ ਖਾਵਹਿ = ਖਾਂਦੇ ਹਨ।

## ਬਿਨੁ ਭਾਗਾ ਸਤਸੰਗੁ ਨ ਲਭੈ; ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥

ਸ੍ਰੇਸ਼ਟ ਭਾਗਾ = ਕਰਮਾਂ ਤੋਂ ਬਿਨੁ = ਬਗ਼ੈਰ ਜੀਵਾਂ ਨੂੰ ਸਤਿਸੰਗਤ ਦੀ ਲਭੈ = ਪ੍ਰਾਪਤੀ ਨਹੀਂ ਹੁੰਦੀ ਅਤੇ ਸਤਿਸੰਗਤ ਦੀ ਪ੍ਰਾਪਤੀ ਤੋਂ ਬਿਨੁ = ਬਗੈਰ ਜੀਵ ਹਉਮੈ, ਵਿਕਾਰਾਂ, ਅਵਿੱਦਿਆ ਦੀ ਮੈਲ ਨਾਲ ਭਰੀਜੈ = ਭਰੇ ਰਹਿੰਦੇ ਹਨ। ਜਿਵੇਂ ਦਰਿਆ ਦੇ ਕਿਨਾਰੇ ਜਿਹੜਾ ਦਰੱਖ਼ਤ ਖੜਾ ਹੈ, ਭਾਵੇਂ ਉਸ ਦੀਆਂ ਜੜ੍ਹਾਂ ਪਾਣੀ ਵਿਚ ਹੀ ਕਿਉਂ ਨਾ ਹੋਣ ਪਰੰਤੂ ਜਿਤਨੀ ਦੇਰ ਤੱਕ ਵਰਖਾ ਨਹੀਂ ਪੈਂਦੀ, ਉਸ ਦੇ ਉਪਰ ਨਾ ਮਿੱਟੀ ਘੱਟਾ ਅਤੇ ਨਾ ਹੀ ਜਾਲੇ ਉਤਰਦੇ ਹਨ ਭਾਵ ਉਹ ਸਾਫ਼ ਨਹੀਂ ਰਹਿ ਸਕਦਾ। ਜਦੋਂ ਵਰਖਾ ਪੈਂਦੀ ਹੈ, ਉਸ ਸਮੇਂ ਇਸ ਦੇ ਜਾਲੇ ਲਹਿ ਜਾਂਦੇ ਹਨ। ਉਸ ਦੇ ਉਪਰ ਪਈ ਗਰਦ ਵੀ ਝੜ ਜਾਂਦੀ ਹੈ।। ਇਸ ਤਰ੍ਹਾਂ ਜੋ ਪੁਰਸ਼ ਤਪ ਰੂਪੀ ਪਾਣੀ ਦੇ ਕਿਨਾਰੇ ਖਲੋਤਾ ਹੋਵੇ, ਸਾਰੀ ਉਮਰ ਤਪ ਕਰਨ ਵਾਲਾ ਹੋਵੇ, ਉਹ ਪਾਣੀ ਦੇ ਕਿਨਾਰੇ ਬ੍ਰਿਛ ਦੀ ਨਿਆਈਂ ਹੈ, ਭਾਵੇਂ ਉਸ ਨੂੰ ਪਾਣੀ ਪੈਣ ਰੂਪੀ ਉਪਦੇਸ਼ ਦੀ ਲੋੜ ਨਹੀਂ, ਪਰੰਤੂ ਉਸ ਨੂੰ ਸੰਗਤ ਰੂਪੀ ਬੱਦਲ ਦੀ ਬੜੀ ਜ਼ਰੂਰਤ ਹੈ ਜਿਵੇਂ ਬੱਦਲ ਵਰਖਾ ਕਰ ਕੇ ਦਰੱਖ਼ਤ ਦੀ ਗਰਦ ਸਾਫ਼ ਕਰ ਦਿੰਦਾ ਹੈ। ਇਸ ਤਰ੍ਹਾਂ ਸੰਗਤ ਰੂਪੀ ਬੱਦਲ ਪਰਮੇਸ਼ਰ ਦੇ ਗੁਣਾਂ ਰੂਪੀ ਵਰਖਾ ਕਰ ਕੇ ਹਉਮੈ ਦੀ ਪਈ ਹੋਈ ਗਰਦ ਨੂੰ ਝਾੜ ਦਿੰਦਾ ਹੈ। ਹਿਰਦਾ ਨਿਰਮਲ ਕਰ ਦਿੰਦਾ ਹੈ। ਤਪੀਸਰ ਅੰਦਰ ਮੈਂ ਤਪੱਸਿਆ ਕਰਨ ਵਾਲਾ ਹਾਂ, ਮੈਂ ਸੇਵਾ ਕਰਨ ਵਾਲਾ ਹਾਂ, ਚੇਲੇ ਚਪਟਿਆਂ ਦਾ ਮੋਹ ਪੈ ਜਾਣਾ, ਇਸ ਤਰ੍ਹਾਂ ਦੀ ਹਉਮੈ ਰੂਪੀ ਗਰਦ ਆ ਸਕਦੀ ਹੈ ਜੋ ਸੰਗਤ ਰੂਪ ਬੱਦਲ ਨਾਲ ਧੋਤੀ ਜਾਂਦੀ ਹੈ। ਬਿਨਾਂ ਸੰਗਤ ਤੋਂ ਹਿਰਦੇ ਹਉਮੈਂ ਦੀ ਗਰਦ ਨਾਲ ਭਰੇ ਰਹਿੰਦੇ ਹਨ ॥੩॥

## ਮੈ ਆਇ ਮਿਲਹੁ; ਜਗਜੀਵਨ ਪਿਆਰੇ ॥

ਸਾਰੇ ਜਗਜੀਵਨ = ਜਗਤ ਦੇ ਜੀਵਨ ਭਾਵ ਰੱਖਿਅਕ ਰੂਪ ਪਿਆਰੇ ਪਰਮਾਤਮਾ ਅਕਾਲ ਪੁਰਖ! ਮੈ = ਮੈਨੂੰ ਇਸ ਮਨੁੱਖਾ ਜਨਮ ਵਿਚ ਆਇ = ਆ ਕੇ ਮਿਲਹੁ = ਮਿਲਣਾ ਕਰੋ ਜੀ। ਅਤੇ

## ਹਰਿ ਹਰਿ ਨਾਮੁ; ਦਇਆ ਮਨਿ ਧਾਰੇ ॥

ਆਪਣੇ ਮਨ ਵਿਚ ਦਇਆ = ਮੇਹਰ ਧਾਰ ਕੇ ਆਪਣਾ ਹਰਿ = ਹਰੇ ਭਰੇ ਕਰਨ ਵਾਲਾ ਹਰਿ = ਹਰਿ ਨਾਮ ਮੈਨੂੰ ਦੇਣਾ ਕਰੋ।

## ਗੁਰਮਤਿ ਨਾਮੁ ਮੀਠਾ ਮਨਿ ਭਾਇਆ; ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥੪॥੪॥

ਹੇ ਪਰਮੇਸ਼ਰ ਜੀ! ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਤੇਰਾ ਮੀਠਾ = ਪਿਆਰਾ ਨਾਮ ਮੇਰੇ ਮਨ ਨੂੰ ਭਾਇਆ = ਚੰਗਾ ਲੱਗਿਆ ਹੈ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਵਾਹਿਗੁਰੂ! ਸਾਡੇ ਜਨ = ਦਾਸਾ ਦਾ ਮਨ ਤੁਹਾਡੇ ਨਾਮ ਵਿਚ ਹੀ ਭੀਜੈ = ਭਿਜੱਦਾ ਹੈ ਜੀ ॥੪॥੪॥

## ਮਾਝ ਮਹਲਾ ੪ ॥ ਹਰਿ ਗੁਰ ਗਿਆਨੁ; ਹਰਿ ਰਸੁ ਹਰਿ ਪਾਇਆ ॥

ਹਰਿ = ਹਰੀ ਦਾ ਸਰੂਪ ਪੂਰਨ ਸਤਿਗੁਰਾਂ ਦੇ ਦਿੱਤੇ ਗਿਆਨ ਦੁਆਰਾ ਮੈਂ ਹਰਿ = ਹਰੇ ਭਰੇ ਕਰਨ ਵਾਲੇ

ਹਰਿ = ਹਰੀ ਦੇ ਨਾਮ ਦਾ ਰਸੁ = ਅਨੰਦ ਭਾਵ ਬ੍ਰਹਮਾਨੰਦ ਨੂੰ ਪਾਇਆ = ਪਾਉਣਾ ਕੀਤਾ ਹੈ **ਵਾ:** ਗੁਰਾਂ ਦੇ ਬਖਸ਼ਿਸ ਕੀਤੇ ਹੋਏ ਪਰਮੇਸ਼ਰ ਦੇ ਗਿਆਨ ਅਤੇ ਹਰਿ = ਪਰਮੇਸ਼ਰ ਦੇ ਅਨੰਦ ਦੁਆਰਾ ਹਰਿ = ਪਰਮੇਸ਼ਰ ਨੂੰ ਪਾਉਣਾ ਕੀਤਾ ਹੈ।

## ਮਨੁ ਹਰਿ ਰੰਗਿ ਰਾਤਾ; ਹਰਿ ਰਸੁ ਪੀਆਇਆ ॥

ਮੇਰਾ ਮਨ ਹਰਿ = ਹਰੀ ਦੇ ਪ੍ਰੇਮ ਰੂਪੀ ਰੰਗ ਵਿਚ ਰਾਤਾ = ਰੰਗਿਆ ਗਿਆ ਹੈ। ਅਤੇ ਗੁਰਾਂ ਨੇ ਹਰਿ = ਪਰਮੇਸ਼ਰ ਦਾ ਨਾਮ ਰਸ ਮੈਨੂੰ ਪੀਆਇਆ = ਪਿਲਾਉਣਾ ਕੀਤਾ ਹੈ।

## ਹਰਿ ਹਰਿ ਨਾਮੁ, ਮੁਖਿ ਹਰਿ ਹਰਿ ਬੋਲੀ;
## ਮਨੁ ਹਰਿ ਰਸਿ, ਟੁਲਿ ਟੁਲਿ ਪਉਦਾ ਜੀਉ ॥੧॥

ਜੋ ਸਾਰਿਆਂ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦਾ ਨਾਮ ਹੈ, ਉਸ ਹਰਿ ਹਰਿ ਨਾਮ ਨੂੰ ਮੈਂ ਆਪਣੇ ਮੁੱਖ ਦੁਆਰਾ ਇਕ ਰਸ ਬੋਲੀ = ਬੋਲਦਾ ਭਾਵ ਜਪਦਾ ਹਾਂ ਇਸ ਕਰਕੇ ਮੇਰਾ ਮਨ ਹਰੀ ਦੇ ਨਾਮ ਰਸ ਵਿਚ ਟੁਲਿ ਟੁਲਿ = ਉੱਛਲ ਉੱਛਲ ਪਉਦਾ = ਪੈਂਦਾ ਹੈ **ਵਾ:** ਟੁਲਿ ਟੁਲਿ = ਉਲਟ ਉਲਟ ਪੈਂਦਾ ਹੈ **ਵਾ:** ਮਨ ਦੁਨੀਆਂ ਦੇ ਪਦਾਰਥਾਂ ਵੱਲੋਂ ਉਲਟ ਉਲਟ ਕੇ ਪਰਮੇਸ਼ਰ ਦੇ ਨਾਮ ਵੱਲ ਪੈਂਦਾ ਹੈ ਜੀ॥੧॥

## ਆਵਹੁ ਸੰਤ; ਮੈ ਗਲਿ ਮੇਲਾਈਐ ॥

ਹੇ ਸੰਤ ਜਨੋਂ ! ਆਵਹੁ = ਆਵੋ ਤੇ ਮੈਨੂੰ ਆਪਣੇ ਗਲੇ ਨਾਲ ਮੇਲਾਈਐ = ਮੇਲਣਾ ਕਰੋ **ਵਾ:** ਪਰਮੇਸ਼ਰ ਦੇ ਅਭੇਦ ਨਿਸਚੇ ਰੂਪੀ ਗਲਿ = ਕੰਠ ਵਿਚ ਮਿਲਾਉਣਾ ਭਾਵ ਲਾਉਣਾ ਕਰੋ।

## ਮੇਰੇ ਪ੍ਰੀਤਮ ਕੀ; ਮੈ ਕਥਾ ਸੁਣਾਈਐ ॥

ਮੇਰੇ ਪ੍ਰੀਤਮ = ਪਿਆਰੇ ਕੀ = ਦੀ ਪ੍ਰਾਪਤੀ ਰੂਪੀ **ਵਾ:** ਪ੍ਰੇਮ ਰਸ ਦੀ ਮੈ = ਮੈਨੂੰ ਕਥਾ = ਕਥਨੀ ਸੁਣਾਈਐ = ਸੁਣਾਉਣਾ ਕਰੋ।

## ਹਰਿ ਕੇ ਸੰਤ ਮਿਲਹੁ ਮਨੁ ਦੇਵਾ; ਜੋ ਗੁਰਬਾਣੀ ਮੁਖਿ ਚਉਦਾ ਜੀਉ ॥੨॥

ਜੋ = ਜਿਹੜੇ ਨਾਮ ਰੂਪੀ ਗੁਰਬਾਣੀ ਦੇ ਜੱਸ ਨੂੰ ਆਪਣੇ ਮੁਖ ਦੁਆਰਾ ਚਉਦਾ = ਉਚਾਰਦੇ ਹਨ ਸੋ = ਉਸ ਹਰਿ = ਪਰਮੇਸ਼ਰ ਕੇ = ਦੇ ਸੰਤ ਜਨ ਮੈਨੂੰ ਮਿਲਹੁ = ਮਿਲੋ ਤੇ ਮੈ ਤੁਹਾਨੂੰ ਆਪਣਾ ਮਨ ਅਰਪਨ ਕਰ ਦੇਵਾਂਗਾ ਜੀ **ਅਥਵਾ** ਜੋ = ਜਿਹੜੇ ਹਰਿ = ਹਰੀ ਵਾਹਿਗੁਰੂ ਕੇ = ਦੇ ਸੰਤ ਮਹਾਤਮਾ ਜਨ ਸੰਗਤ ਵਿਚ ਮਿਲਹੁ = ਮਿਲ ਕਰਕੇ ਮੁਖਿ = ਰਸਨਾ ਦੁਆਰਾ ਗੁਰਬਾਣੀ ਦਾ ਜੱਸ ਚਉਦਾ = ਉਚਾਰਨ ਕਰਦੇ ਹਨ। ਮੈਂ ਉਹਨਾਂ ਨੂੰ ਆਪਣਾ ਮਨ ਹੀ ਭੇਟ ਕਰ ਦੇਵਾਂ ਜੀ॥੨॥

## ਵਡਭਾਗੀ; ਹਰਿ ਸੰਤੁ ਮਿਲਾਇਆ ॥

ਵਡਭਾਗੀ = ਵੱਡਿਆ ਕਰਮਾਂ ਕਰਕੇ ਹਰਿ = ਪਰਮੇਸ਼ਰ ਨੇ ਸੰਤੁ = ਸ਼ਾਂਤ ਆਤਮਾ ਗੁਰਾਂ ਨਾਲ ਮਿਲਾਇਆ ਹੈ। ਅਤੇ

## ਗੁਰਿ ਪੂਰੈ; ਹਰਿ ਰਸੁ ਮੁਖਿ ਪਾਇਆ ॥

ਪੂਰੈ = ਪੂਰਨ ਗੁਰਿ = ਸਤਿਗੁਰਾਂ ਨੇ ਹਰਿ = ਹਰੀ ਪਰਮੇਸ਼ਰ ਦੇ ਨਾਮ ਦਾ ਰਸ ਮੇਰੇ ਅੰਤਹਕਰਣ ਰੂਪੀ ਮੁਖਿ = ਮੂੰਹ ਵਿਚ ਪਾਉਣਾ ਕੀਤਾ ਹੈ।

## ਭਾਗਹੀਨ ਸਤਿਗੁਰੁ ਨਹੀ ਪਾਇਆ; ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥੩॥

ਹੇ ਪਿਆਰੇ ਜੀ! ਜਿਸ ਭਾਗਹੀਨ = ਕਰਮਾਂ ਤੋਂ ਹੀਣੇ ਜੀਵ ਨੇ ਸਤਿਗੁਰਾਂ ਨੂੰ ਨਹੀਂ ਪਾਇਆ **ਵਾ:** ਗੁਰਾਂ ਕੋਲੋਂ ਨਾਮ ਨਹੀਂ ਪਾਇਆ, ਉਹ ਮਨਮੁਖ ਜੀਵ ਨਿਤਿ = ਸਦਾ ਹੀ ਮਾਤਾ ਦੇ ਗਰਭ ਦੁਆਰਾ ਜੂਨੀਆਂ ਵਿਚ ਪਉਦਾ = ਪੈਂਦਾ ਹੈ ਜੀ॥੩॥

## ਆਪਿ ਦਇਆਲਿ; ਦਇਆ ਪ੍ਰਭਿ ਧਾਰੀ ॥

ਜਿਸ ਜੀਵ ਉੱਪਰ ਆਪ ਦਇਆਲਿ = ਕ੍ਰਿਪਾਲੂ ਪ੍ਰਭਿ = ਪਰਮੇਸ਼ਰ ਨੇ ਦਇਆ = ਮੇਹਰ ਦੀ ਦ੍ਰਿਸ਼ਟੀ ਧਾਰੀ = ਧਾਰਨਾ ਕੀਤੀ ਹੈ।

## ਮਲੁ ਹਉਮੈ ਬਿਖਿਆ; ਸਭ ਨਿਵਾਰੀ ॥

ਉਸ ਦੇ ਅੰਦਰੋਂ ਹਉਮੈ ਦੀ ਬਿਖਿਆ = ਵਿਸ਼ਿਆਂ **ਵਾ:** ਬਿਖ ਰੂਪ ਮਾਇਆ ਦੀ ਮਲੁ = ਮੈਲ ਸਭ = ਸਾਰੀ ਨਿਵਾਰੀ = ਖ਼ਤਮ ਕਰ ਦਿੱਤੀ, ਨਵਿਰਤ ਕਰ ਦਿੱਤੀ।

## ਨਾਨਕ ਹਟ ਪਟਣ ਵਿਚਿ ਕਾਂਇਆ; ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥

(**ਹਟ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਉਸ ਦੀ ਕਾਂਇਆ = ਦੇਹ ਸਾਧਸੰਗਤ ਰੂਪੀ ਹੱਟ ਵਿਚ ਅਤੇ ਸਤਿਗੁਰਾਂ ਦੇ ਪ੍ਰੇਮ ਰੂਪੀ ਪਟਣ = ਸ਼ਹਿਰ ਵਿਚ ਰਹਿੰਦੀ ਹੈ **ਵਾ:** ਕਾਂਇਆ = ਦੇਹ ਰੂਪੀ ਪਟਣ = ਸ਼ਹਿਰ ਵਿੱਚੋਂ ਇੰਦਰੀਆਂ ਰੂਪੀ ਹਟ = ਦੁਕਾਨਾਂ ਹਨ ਉਨ੍ਹਾਂ ਦੇ ਵਿਚ ਗੁਰਮੁਖ ਜਨ ਵਾਪਾਰੀ ਦੀ ਨਿਆਈਂ ਹਰਿ = ਹਰੀ ਪਰਮੇਸ਼ਰ ਦੇ ਨਾਮ ਦਾ ਸਉਦਾ = ਸੌਦਾ ਲੈਂਦੇ ਭਾਵ ਖ਼ਰੀਦਦੇ ਹਨ ਜੀ॥੪॥੫॥

## ਮਾਝ ਮਹਲਾ ੪ ॥ ਹਉ ਗੁਣ ਗੋਵਿੰਦ; ਹਰਿ ਨਾਮੁ ਧਿਆਈ ॥

ਹਉ = ਅਸੀਂ ਗੋਬਿੰਦ ਦੇ ਗੁਣ ਕੀਰਤਨ ਰੂਪ ਵਿਚ ਗਾਉਂਦੇ ਹਾਂ ਅਤੇ ਪਰਮੇਸ਼ਰ ਦੇ ਨਾਮ ਨੂੰ ਧਿਆਤਾਕਾਰ ਬਿਰਤੀ ਦੁਆਰਾ ਧਿਆਈ = ਧਿਆਂਉਂਦੇ ਹਾਂ। ਅਤੇ

## ਮਿਲਿ ਸੰਗਤਿ; ਮਨਿ ਨਾਮੁ ਵਸਾਈ ॥

ਸਤਿਸੰਗਤ ਨਾਲ ਮਿਲ ਕੇ ਮਨਿ = ਹਿਰਦੇ ਵਿਚ ਨਾਮ ਦੀ ਪ੍ਰੀਤੀ ਵਸਾਈ = ਵਸਾਉਣਾ ਕੀਤੀ ਹੈ।

## ਹਰਿ ਪ੍ਰਭ ਅਗਮ ਅਗੋਚਰ ਸੁਆਮੀ; ਮਿਲਿ ਸਤਿਗੁਰ ਹਰਿ ਰਸੁ ਕੀਚੈ ਜੀਉ ॥੧॥

ਜੋ ਹਰਿ = ਹਰੇ ਭਰੇ ਕਰਨ ਵਾਲਾ ਪ੍ਰਭੁ = ਪਰਮੇਸ਼ਰ ਅਗਮ = ਮਨ ਦੀ ਗਮਤਾ ਤੋਂ ਪਰੇ, ਅਗੋਚਰ = ਇੰਦਰੀਆਂ ਦੇ ਅਵਿਸ਼ੇ ਭਾਵ ਪਕੜ ਤੋਂ ਪਰੇ ਤੇ ਸਾਰਿਆ ਦਾ ਸੁਆਮੀ = ਮਾਲਕ ਹੈ, ਉਸ ਹਰਿ = ਪਰਮੇਸ਼ਰ ਦੇ ਨਾਮ ਰਸ ਨੂੰ ਸਤਿਗੁਰਾਂ ਨਾਲ ਮਿਲ ਕੇ ਮੈਂ ਪ੍ਰਾਪਤ ਕੀਚੈ = ਕੀਤਾ ਹੈ **ਵਾ:** ਪ੍ਰਾਪਤ ਕਰੀਦਾ ਹੈ ਜੀ॥੧॥

[ਅੰਗ ੯੬]

## ਧਨੁ ਧਨੁ ਹਰਿ ਜਨ; ਜਿਨਿ ਹਰਿ ਪ੍ਰਭੁ ਜਾਤਾ ॥

ਉਹ ਹਰਿ = ਪਰਮੇਸ਼ਰ ਦੇ ਜਨ = ਸੇਵਕ ਧਨੁ ਧਨੁ = ਧੰਨਤਾ ਦੇ ਜੋਗ ਹਨ ਜਿਨਿ = ਜਿਹਨਾਂ ਨੇ ਹਰਿ = ਹਰੀ ਪਰਮੇਸ਼ਰ ਨੂੰ ਸਾਖਿਆਤ ਕਰਕੇ ਜਾਤਾ = ਜਾਣ ਲਿਆ ਹੈ।

## ਜਾਇ ਪੁਛਾ ਜਨ; ਹਰਿ ਕੀ ਬਾਤਾ ॥

ਹਰਿ = ਹਰੀ ਵਾਹਿਗੁਰੂ ਕੀ = ਦੀ ਪ੍ਰਾਪਤੀ ਦੇ ਬਾਤਾ = ਬਚਨ ਉਨ੍ਹਾਂ ਜਨਾਂ ਕੋਲੋਂ ਜਾਇ = ਜਾ ਕੇ ਪੁਛਾ = ਪੁੱਛਣਾ ਕਰੀਏ।

## ਪਾਵ ਮਲੋਵਾ ਮਲਿ ਮਲਿ ਧੋਵਾ; ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ ॥੨॥

ਜਿਹੜੇ ਗੁਰਮੁਖ ਜਨ ਸਮਾਧੀ ਵਿਚ ਲੀਨ ਹੋਏ ਹਨ, ਉਹਨਾਂ ਦੇ ਪਾਵ = ਚਰਨਾਂ ਨੂੰ ਮਲੋਵਾ = ਮਲਣਾ ਕਰੀਏ। ਅਤੇ ਸੱਜੇ ਖੱਬੇ ਚਰਨਾਂ ਨੂੰ ਮਲ ਮਲ ਕੇ ਧੋਵਾ = ਧੋਣਾ ਕਰੀਏ। ਜਿਹੜੀ ਅੰਤਸ਼ਕਰਨ ਦੀ ਅਵਿੱਦਿਆ, ਅਸਮਤਾ ਆਦਿਕ ਮੈਲ ਹੈ, ਇਸ ਦੇ ਤਾਈਂ ਨਾਮ ਰੂਪੀ ਸਾਬਣ ਨੂੰ ਲਾ ਲਾ ਕੇ ਵੈਰਾਗ ਰੂਪੀ ਜਲ ਪਾ ਕੇ ਧੋਣਾ ਕਰੀਏ। ਇਉਂ ਹਰਿ = ਹਰੀ ਦੇ ਜਨ = ਪਿਆਰਿਆਂ ਦੇ ਨਾਲ ਮਿਲ ਕੇ ਹਰਿ = ਹਰੀ ਦੇ ਅਨੰਦ ਰਸ ਨੂੰ ਪੀਣਾ ਕਰੀਏ॥੨॥

## ਸਤਿਗੁਰ ਦਾਤੈ; ਨਾਮੁ ਦਿੜਾਇਆ ॥

ਪੂਰੇ ਸਤਿਗੁਰੂ ਜੀ ਨਾਮ ਦੇ ਦਾਤੇ ਹਨ ਜਿੰਨਾ ਨੇ ਨਾਮ ਹੀ ਦਿੜਾਇਆ = ਪ੍ਰਪੱਕ ਕਰਵਾਇਆ ਹੈ।

## ਵਡਭਾਗੀ; ਗੁਰ ਦਰਸਨੁ ਪਾਇਆ ॥

ਵਡਭਾਗੀ = ਵੱਡੇ ਭਾਗਾਂ ਵਾਲੇ ਉੱਤਮ ਜਗਿਆਸੂ ਜਨਾਂ ਨੇ ਗੁਰੂ ਦੇ ਦਰਸ਼ਨੁ = ਦੀਦਾਰ ਨੂੰ ਪਾਇਆ = ਪ੍ਰਾਪਤ ਕੀਤਾ ਹੈ।

## ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ; ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥

ਹੇ ਪਿਆਰੇ ਜੀ। ਜਿਨ੍ਹਾਂ ਨੇ ਤਨ ਕਰਕੇ ਪੂਰੈ = ਪੂਰਨ ਗੁਰਿ = ਸਤਿਗੁਰਾਂ ਤੋਂ ਨਾਮ ਅੰਮ੍ਰਿਤ ਲੀਚੈ = ਲੈਣਾ ਕੀਤਾ ਹੈ, ਉਹ ਮਨ ਕਰਕੇ ਵੀ ਸਚੁ = ਸੱਚੇ ਨਾਮ ਅੰਮ੍ਰਿਤ ਦੇ ਰਸ = ਅਨੰਦ ਨੂੰ ਪ੍ਰਾਪਤ ਕਰਦੇ ਹਨ ਅਤੇ ਬਾਣੀ ਕਰਕੇ ਵੀ ਅੰਮ੍ਰਿਤ ਨਾਮ ਨੂੰ ਬੋਲੀ = ਬੋਲਦੇ ਹਨ॥੩॥

## ਹਰਿ ਸਤਸੰਗਤਿ; ਸਤ ਪੁਰਖੁ ਮਿਲਾਈਐ ॥

ਹੇ ਸੰਤ ਜਨੋਂ! ਹਰਿ = ਪਰਮੇਸ਼ਰ ਦੀ ਸਤਿਸੰਗਤ ਦੁਆਰਾ ਸਤਪ੍ਰਤੱਗੀ ਪੁਰਖੁ = ਪੂਰਨ ਸਤਿਗੁਰਾਂ ਦੇ ਨਾਲ ਮਿਲਾਈਐ = ਮਿਲਾਉਣਾ ਕਰੋ।

## ਮਿਲਿ ਸਤਸੰਗਤਿ; ਹਰਿ ਨਾਮੁ ਧਿਆਈਐ ॥

ਤਾਂ ਜੋ ਸਤਿਸੰਗਤ ਨਾਲ ਮਿਲ ਕੇ ਪਰਮੇਸ਼ਰ ਦੇ ਨਾਮ ਨੂੰ ਧਿਆਉਣਾ ਕਰੀਏ।

## ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ; ਗੁਰਮਤਿ ਹਰਿ ਨਾਮਿ ਪਰੀਚੈ ਜੀਉ ॥੪॥੬॥

ਗੁਰੂ ਜੀ ਕਥਨ ਕਰਦੇ ਹਨ ਕਿ ਉੱਥੇ ਹਰਿ = ਹਰੀ ਦੀ ਕਥਾ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ

ਸੁਣੀ = ਸੁਣੀਏ ਮੁਖਿ = ਮੁਖੋਂ ਪ੍ਰੀਤ ਰੂਪੀ ਜ਼ੁਬਾਨ ਨਾਲ ਬੋਲੀ = ਉਚਾਰਨ ਕਰੀਏ ਇਸ ਤਰ੍ਹਾਂ ਗੁਰਮਤਿ = ਗੁਰੂ ਦੀ ਸਿੱਖਿਆ ਦੁਆਰਾ ਹਰਿ = ਹਰੀ ਦੇ ਨਾਮ ਵਿਚ ਚਿੱਤ ਪਰੀਚੈ = ਪਰਚ ਜਾਂਦਾ ਭਾਵ ਜੁੜ ਜਾਂਦਾ ਹੈ ਜੀ ॥੪॥੬॥

## ਮਾਝ ਮਹਲਾ ੪ ॥ ਆਵਹੁ ਭੈਣੇ; ਤੁਸੀ ਮਿਲਹੁ ਪਿਆਰੀਆ ॥

ਹੇ ਪਰਮੇਸ਼ਰ ਦੇ ਭੈ ਨੂੰ ਧਾਰਨ ਵਾਲਿਓ ਮਹਾਤਮਾ ਰੂਪੀ ਭੈਣੇ = ਭੈਣੋ (ਸਖੀਓ) ! ਤੁਸੀਂ ਵਾਹਿਗੁਰੂ ਦੀਆਂ ਪਿਆਰੀਆਂ ਆਵਹੁ = ਆ ਕੇ ਮੈਨੂੰ ਮਿਲਹੁ = ਮਿਲਣਾ ਕਰੋ।

## ਜੋ ਮੇਰਾ ਪ੍ਰੀਤਮੁ ਦਸੇ; ਤਿਸ ਕੈ ਹਉ ਵਾਰੀਆ ॥

ਜੋ = ਜਿਹੜਾ ਮੈਨੂੰ ਮੇਰਾ ਪ੍ਰੀਤਮੁ = ਪਿਆਰਾ (ਪਰਮੇਸ਼ਰ) ਦਸੇ = ਦੱਸ ਦੇਵੇ ਤਿਸ = ਉਸ ਕੈ = ਦੇ ਉਪਰੋਂ ਹਉ = ਮੈਂ ਸਦਾ ਵਾਰੀਆ = ਵਾਰਨੇ ਜਾਂਦੀ ਹਾਂ।

## ਮਿਲਿ ਸਤਸੰਗਤਿ ਲਧਾ ਹਰਿ ਸਜਣੁ; ਹਉ ਸਤਿਗੁਰ ਵਿਟਹੁ ਘੁਮਾਈਆ ਜੀਉ ॥੧॥

ਸਤਿਸੰਗਤ ਵਿਚ ਮਿਲ ਕਰਕੇ ਗੁਰਾਂ ਦੁਆਰਾ ਹਰਿ = ਹਰੀ ਸੱਜਣ ਲਧਾ = ਲੱਭਿਆ ਹੈ, ਇਸ ਲਈ ਹਉ = ਮੈਂ ਸਤਿਗੁਰਾਂ ਵਿਟਹੁ = ਉਪਰੋਂ ਵੀ ਘੁਮਾਈਆ = ਕੁਰਬਾਨ ਜਾਂਦੀ ਹਾਂ ਜੀ ॥੧॥

## ਜਹ ਜਹ ਦੇਖਾ; ਤਹ ਤਹ ਸੁਆਮੀ ॥

ਗੁਰਾਂ ਨੇ ਐਸੀ ਦਿਬ-ਦ੍ਰਿਸ਼ਟੀ ਬਖ਼ਸ਼ਿਸ਼ ਕਰ ਦਿੱਤੀ ਹੈ ਕਿ ਜਹ ਜਹ = ਜਿਥੇ ਜਿਥੇ ਵੀ ਦੇਖਾ = ਦੇਖਦੇ ਹਾਂ ਤਹ ਤਹ = ਉਥੇ ਉਥੇ ਹੀ ਸੁਆਮੀ = ਮਾਲਕ ਵਾਹਿਗੁਰੂ ਦੇ ਦਰਸ਼ਨ ਹੁੰਦੇ ਹਨ।

## ਤੂ ਘਟਿ ਘਟਿ ਰਵਿਆ; ਅੰਤਰਜਾਮੀ ॥

ਹੇ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਵਾਹਿਗੁਰੂ ! ਤੂ = ਤੂੰ ਸਾਰਿਆਂ ਘਟਾਂ ਘਟਾਂ ਭਾਵ ਜ਼ੱਰੇ ਜ਼ੱਰੇ ਵਿਚ ਰਵਿਆ = ਵਿਆਪਕ ਹੋ ਰਹਿਆ ਹੈਂ।

## ਗੁਰਿ ਪੂਰੈ ਹਰਿ ਨਾਲਿ ਦਿਖਾਲਿਆ; ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ ॥੨॥

ਪੂਰੈ = ਪੂਰਨ ਗੁਰਿ = ਸਤਿਗੁਰਾਂ ਨੇ ਹਰਿ = ਪਰਮੇਸ਼ਰ ਨੂੰ ਹਿਰਦੇ ਦੇ ਨਾਲ ਹੀ ਪ੍ਰਗਟ ਕਰਕੇ ਦਿਖਾਲਿਆ = ਦਿਖਾ ਦਿੱਤਾ ਹੈ, ਇਸ ਕਰਕੇ ਹਉ = ਮੈਂ ਸਤਿਗੁਰਾਂ ਵਿਟਹੁ = ਉਪਰੋਂ ਸਦ = ਸਦਾ ਹੀ **ਵਾ:** ਸਦ = ਸੈਂਕੜੇ ਵਾਰੀ ਵਾਰਿਆ = ਕੁਰਬਾਨ ਜਾਂਦਾ ਹਾਂ ਜੀ ॥੨॥

## ਏਕੋ ਪਵਣੁ ਮਾਟੀ ਸਭ ਏਕਾ; ਸਭ ਏਕਾ ਜੋਤਿ ਸਬਾਈਆ ॥

ਸਭ = ਸਾਰੇ ਸਰੀਰ ਏਕਾ = ਇੱਕੋ ਮਾਟੀ = ਮਿੱਟੀ ਆਦਿਕ ਪੰਜਾਂ ਤੱਤਾਂ ਦੇ ਬਣੇ ਹੋਏ ਹਨ, ਸਾਰਿਆ ਵਿਚ ਸੁਆਸ ਰੂਪ ਪੌਣ ਵੀ ਇੱਕੋ ਹੀ ਚੱਲ ਰਹੀ ਹੈ ਅਤੇ ਸਭ = ਸਰਬ ਰੂਪ ਏਕਾ = ਇਕ ਪਰਮੇਸ਼ਰ ਦੀ ਹੀ ਚੇਤਨ ਸੱਤਾ ਰੂਪ ਜੋਤ ਸਬਾਈਆ = ਸਾਰਿਆਂ ਵਿਚ ਆਈ ਹੋਈ ਹੈ।

## ਸਭ ਇਕਾ ਜੋਤਿ, ਵਰਤੈ ਭਿਨਿ ਭਿਨਿ; ਨ ਰਲਈ ਕਿਸੈ ਦੀ ਰਲਾਈਆ ॥

ਪਰਮੇਸ਼ਰ ਦੀ ਚੇਤਨ ਸੱਤਾ ਰੂਪ ਜੋਤ ਤਾਂ ਭਾਵੇਂ ਸਭ = ਸਾਰਿਆਂ ਵਿਚ ਏਕਾ = ਇੱਕੋ ਅਖੰਡ ਸਰੂਪ

ਹੈ, ਪਰ ਵੱਖਰੇ ਵੱਖਰੇ ਅੰਤਹਕਰਣ ਵਿਚ ਅਖੰਡ ਸਰੂਪ ਹੋ ਕੇ ਵਰਤ ਰਹੀ ਹੈ, ਅਗਿਆਨ ਕਰਕੇ ਵੱਖਰੀ ਵੱਖਰੀ ਭਾਸ ਰਹੀ ਹੈ, ਗਿਆਨ ਹੋਣ ਤੋਂ ਅਖੰਡ ਸਰੂਪ ਹੀ ਦਿਸੇਗੀ, ਜੋ ਅਗਿਆਨ ਕਰਕੇ ਕਿਸੇ ਦੀ ਰਲਾਈ ਹੋਈ ਰਲਾਈਆ = ਰਲ ਨਹੀਂ ਸਕਦੀ **ਅਥਵਾ** ਭਾਵੇਂ ਸਾਰਿਆਂ ਵਿਚ ਇਕ ਪਰਮੇਸ਼ਰ ਦੀ ਹੀ ਚੇਤਨ ਸੱਤਾ ਵਰਤ ਰਹੀ ਹੈ, ਪਰ ਪ੍ਰਾਲਬਧ, ਦਸਤਾਰ, ਗੁਫ਼ਤਾਰ, ਰਫ਼ਤਾਰ ਆਦਿ ਸਭ ਦੀ ਭਿਨਿ ਭਿਨਿ = ਵੱਖਰੀ ਵੱਖਰੀ ਹੈ, ਜੋ ਇਕ ਦੂਜੇ ਦੀ ਕਿਸੇ ਨਾਲ ਰਲਾਈ ਹੋਈ ਰਲ ਨਹੀਂ ਸਕਦੀ।

## ਗੁਰ ਪਰਸਾਦੀ ਇਕੁ ਨਦਰੀ ਆਇਆ;
## ਹਉ ਸਤਿਗੁਰ ਵਿਟਹੁ ਵਤਾਇਆ ਜੀਉ ॥੩॥

ਉਹ ਜੋਤੀ ਸਰੂਪ ਗੁਰਾਂ ਦੀ ਕਿਰਪਾ ਦੁਆਰਾ ਗਿਆਨ ਹੋਣ ਤੋਂ ਮੇਰੀ ਨਦਰੀ = ਦ੍ਰਿਸ਼ਟੀ ਵਿਚ ਆਇਆ ਹੈ, ਇਸ ਕਰਕੇ ਹਉ = ਮੈਂ ਸਤਿਗੁਰਾਂ ਵਿਟਹੁ = ਉਪਰੋਂ ਵਤਾਇਆ = ਵਾਰਨੇ ਜਾਂਦਾ ਹਾਂ ਜੀ ॥੩॥

## ਜਨੁ ਨਾਨਕੁ ਬੋਲੈ; ਅੰਮ੍ਰਿਤ ਬਾਣੀ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਜਨੁ = ਦਾਸ ਤਾਂ ਗੁਰਾਂ ਦੀ ਅੰਮ੍ਰਿਤ ਰੂਪ ਬਾਣੀ ਮੁਖੋਂ ਬੋਲੈ = ਬੋਲਦਾ ਹਾਂ।

## ਗੁਰਸਿਖਾਂ ਕੈ ਮਨਿ; ਪਿਆਰੀ ਭਾਣੀ ॥

ਇਸ ਕਰਕੇ ਇਹ ਨਾਮ ਅੰਮ੍ਰਿਤ ਰੂਪ ਬਾਣੀ ਗੁਰਸਿੱਖਾਂ ਕੈ = ਦੇ ਮਨਿ = ਹਿਰਦੇ ਵਿਚ ਪਿਆਰੀ ਅਤੇ ਭਾਣੀ = ਚੰਗੀ ਲੱਗਦੀ ਹੈ।

## ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ;
## ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥੪॥੭॥

ਗੁਰੁ = ਪੂਜਨੀਕ ਪੂਰਾ = ਪੂਰਨ ਸਤਿਗੁਰੂ ਜੀ ਸਿੱਖਾਂ ਤਾਈਂ ਨਾਮ, ਗਿਆਨ ਦਾ ਉਪਦੇਸ਼ ਦੇਣਾ ਕਰੇ = ਕਰਦੇ ਹਨ ਇਸ ਕਰਕੇ ਸਤਿਗੁਰੂ ਜੀ ਗੁਰੁ = ਵੱਡੇ ਪਰਉਪਕਾਰੀਆ = ਪਰਉਪਕਾਰੀ ਹਨ **ਵਾ:** (ਪਰ+ਉਪਕਾਰੀਆ) ਪਰ = ਵਿਸ਼ੇਸ਼ ਕਰਕੇ ਸਰਬੱਤ ਦਾ ਉਪਕਾਰੀਆ = ਭਲਾ ਕਰਨ ਵਾਲੇ ਹਨ ਜੀ **ਵਾ:** ਪਰ = ਪਰਾਏ ਭਾਵ ਦੁਸ਼ਮਣਾਂ 'ਤੇ ਵੀ ਉਪਕਾਰ ਕਰਨ ਵਾਲੇ ਹਨ ਜੀ ॥੪॥੭॥ ਜੈਸਾ ਕਿ :

ਬੁਰੇ ਨਾਲ ਬੁਰਿਆਈ ਕਰਦੇ ਮਾਫ਼ ਕਰਨ ਕਈ ਸਿਆਣੇ।
ਬੁਰੇ ਨਾਲ ਫੇਰ ਨੇਕੀ ਕਰਨੀ ਇਹ ਗੁਰ ਨਾਨਕ ਜਾਣੇ। *(ਲੌਕਿਕ ਪ੍ਰਮਾਣ)*

## ਸਤ ਚਉਪਦੇ ਮਹਲੇ ਚਉਥੇ ਕੇ ॥

ਚੌਥੇ ਪਾਤਸ਼ਾਹ ਜੀ ਦੇ ਚਾਰ ਚਾਰ ਪਦਿਆਂ ਵਾਲੇ ਇਥੋਂ ਤੱਕ ਸੱਤ ਸ਼ਬਦ ਆਏ ਹਨ।

## ਮਾਝ ਮਹਲਾ ੫ ਚਉਪਦੇ ਘਰੁ ੧ ॥

**ਉਥਾਨਕਾ :** ਗੁਰੂ ਰਾਮਦਾਸ ਮਹਾਰਾਜ ਚੌਥੇ ਪਾਤਸ਼ਾਹ ਜਿਸ ਵਕਤ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਵਸਾ ਕੇ ਇਥੇ ਸੇਵਾ ਕਰਵਾ ਰਹੇ ਸਨ ਭਾਵ ਬਿਰਾਜਮਾਨ ਸਨ ਤਾਂ ਇਕ ਦਿਨ ਲਾਹੌਰ ਤੋਂ ਗੁਰੂ ਸਾਹਿਬ ਜੀ ਦੇ ਤਾਏ ਦਾ ਪੁੱਤਰ ਸਹਾਰੀ ਮਲ ਭਰਾ ਚੱਲ ਕੇ ਅੰਮ੍ਰਿਤਸਰ ਆਇਆ। ਆ ਕੇ ਬੇਨਤੀ ਕੀਤੀ ਕਿ ਤੁਹਾਡੇ ਭਤੀਜੇ ਦੀ ਸ਼ਾਦੀ ਹੈ। ਆਪ ਜੀ ਚੱਲ ਕੇ ਉਥੇ ਦਰਸ਼ਨ ਦੇਣ ਦੀ ਕਿਰਪਾਲਤਾ ਕਰੋ। ਗੁਰੂ ਸਾਹਿਬ

ਜੀ ਨੇ ਬਚਨ ਕੀਤਾ ਕਿ ਸਹਾਰੀ ਮਲ ਜੀ! ਸਾਡਾ ਜਾਣਾ ਉਥੇ ਮੁਸ਼ਕਲ ਹੈ ਕਿਉਂਕਿ ਜੇਕਰ ਅਸੀਂ ਜਾਵਾਂਗੇ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਵੀ ਨਾਲ ਜਾਣਗੀਆਂ, ਜਿਨ੍ਹਾਂ ਨੂੰ ਰੋਕਿਆ ਨਹੀਂ ਜਾ ਸਕਦਾ। ਸੋ ਇਤਨਾ ਇੰਤਜ਼ਾਮ ਕਰਨਾ ਬਹੁਤ ਮੁਸ਼ਕਿਲ ਹੋ ਜਾਵੇਗਾ। ਦੂਸਰਾ, ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਦਾਸ ਦੇ ਸਮੇਂ ਕਾਲ ਤੱਕ ਗੁਰੂ ਘਰ ਤੋਂ ਵਰੋਸਾਏ ਹੋਏ ਮਹਾਨ ਘਾਲਣਾ ਵਾਲੇ ਪ੍ਰੇਮੀ ਗੁਰਸਿੱਖ, ਜਿਹਨਾਂ ਨੂੰ ਪਤਾ ਹੈ ਕਿ ਅਸੀਂ ਅੰਮ੍ਰਿਤਸਰ ਵਸਾ ਰਹੇ ਹਾਂ, ਉਹ ਦਰਸ਼ਨਾਂ ਵਾਸਤੇ ਹਰ ਰੋਜ਼ ਆਉਂਦੇ ਹਨ। ਉਹਨਾਂ ਦੀ ਨਿਰਾਦਰੀ ਨਹੀਂ ਕਰ ਸਕਦੇ, ਕਿਉਂਕਿ ਉਹ ਨਿਰਾਸ਼ ਹੋ ਕੇ ਮੁੜਨਗੇ। ਇਹ ਸੁਣ ਕੇ ਭਾਈ ਸਹਾਰੀ ਮਲ ਜੀ ਨੇ ਬੇਨਤੀ ਕੀਤੀ ਕਿ ਜੇ ਆਪ ਜੀ ਨਹੀਂ ਜਾ ਸਕਦੇ ਹੋ ਤਾਂ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਕਿਸੇ ਨੂੰ ਵੀ ਭੇਜ ਦਿਉ। ਇਹ ਸੁਣ ਕੇ ਗੁਰੂ ਸਾਹਿਬ ਜੀ ਨੇ ਪੁੱਤਰਾਂ ਦੀ ਪਰਖ ਦਾ ਭਲਾ ਸਮਾਂ ਜਾਣ ਕੇ ਪਰਖਣ ਵਾਸਤੇ ਸਭ ਤੋਂ ਪਹਿਲਾਂ ਪ੍ਰਿਥੀ ਚੰਦ ਦੀ ਪਰਖਣਾਂ ਕੀਤੀ ਜੋ ਗੁਰੂ ਸਾਹਿਬ ਦਾ ਸਭ ਤੋਂ ਵੱਡਾ ਪੁੱਤਰ (ਜਿਸ ਦਾ ਜਨਮ ੧੬੧੫ ਬਿਕ੍ਰਮੀ ਵਿਚ ਹੋਇਆ। ਬਾਬਾ ਮਹਾਦੇਵ ਜੀ ਜਿਹਨਾਂ ਦਾ ਜਨਮ ੧੬੧੮ ਬਿਕ੍ਰਮੀ ਵਿਚ ਹੋਇਆ, ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਸਾਹਿਬ ਜੀ ਮਹਾਰਾਜ ਜਿਨ੍ਹਾਂ ੧੬੨੦ ਬਿਕ੍ਰਮੀ ਸਪਤਮੀ ਵੈਸਾਖ ਵਿਚ ਅਵਤਾਰ ਧਾਰਨ ਕੀਤਾ।) ਪ੍ਰਿਥੀ ਚੰਦ ਬੜਾ ਚਲਾਕ ਸੀ, ਬਾਬਾ ਮਹਾਦੇਵ ਜੀ ਮਸਤਾਨੇ ਸੁਭਾਅ ਦੇ ਸਨ, ਗੁਰੂ ਅਰਜਨ ਸਾਹਿਬ ਜੀ ਬਹੁਤ ਛੋਟੇ ਹੋਣ ਕਾਰਨ ਸੰਗਤਾਂ ਪ੍ਰਿਥੀਏ ਨੂੰ ਗੁਰਿਆਈ ਦਾ ਮਾਲਕ ਸਮਝ ਰਹੀਆਂ ਸਨ। ਉਸ ਵਕਤ ਪਰਖਣ ਹਿਤ ਗੁਰੂ ਰਾਮਦਾਸ ਮਹਾਰਾਜ ਜੀ ਨੇ ਪ੍ਰਿਥੀਏ ਨੂੰ ਕਿਹਾ ਕਿ ਪ੍ਰਿਥੀਚੰਦ! ਭਾਈ ਸਹਾਰੀ ਮੱਲ ਜੀ ਆਏ ਹਨ, ਉਹਨਾਂ ਨਾਲ ਲਾਹੌਰ ਜਾਉ। ਤੁਹਾਡੇ ਤਾਇਆ ਜੀ ਲੱਗਦੇ ਹਨ। ਸਾਡੇ ਪਿਤਾ ਤੋਂ ਵੱਡੇ ਭਰਾ ਦੇ ਪੁੱਤਰ ਹਨ। ਇਹ ਸੁਣ ਕੇ ਪ੍ਰਿਥੀਏ ਨੂੰ ਖ਼ਿਆਲ ਆਇਆ ਕਿ ਕੀ ਪਤਾ ਮੇਰੇ ਮਗਰੋਂ ਗੁਰਿਆਈ ਕਿਸੇ ਹੋਰ ਨੂੰ ਦੇ ਦੇਣ। ਦੂਸਰਾ, ਕਿਉਂਕਿ ਪ੍ਰਿਥੀਚੰਦ ਖ਼ਜ਼ਾਨੇ ਵਿੱਚੋਂ ਅੱਧਾ ਖ਼ਜ਼ਾਨਾ ਚੋਰੀ ਕਰ ਕੇ ਘਰ ਰੱਖ ਲੈਂਦਾ ਅਤੇ ਅੱਧਾ ਲੰਗਰ ਉੱਤੇ ਲਾ ਦਿੰਦਾ ਸੀ। ਮਨ ਵਿਚ ਖ਼ਿਆਲ ਆਇਆ ਕਿ ਕਿਤੇ ਮੇਰੀ ਇਹ ਚੋਰੀ ਜ਼ਾਹਿਰ ਨਾ ਹੋ ਜਾਵੇ। ਮਹਾਰਾਜ ਨੂੰ ਉੱਤਰ ਵਿਚ ਕਹਿਣ ਲੱਗਾ ਕਿ ਮੈਂ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਕਰਦਾ ਹਾਂ। ਮਾਇਆ ਸੰਭਾਲਦਾ ਹਾਂ। ਮਹਾਰਾਜ ਕਹਿਣ ਲੱਗੇ ਕਿ ਕੋਈ ਹੋਰ ਸਿੱਖ ਸੰਭਾਲ ਕਰ ਲਵੇਗਾ। ਇਹ ਉਸੇ ਵਕਤ ਪੈਂਤਰਾ ਬਦਲ ਗਿਆ। ਕਹਿੰਦਾ ਹੈ, ਮਹਾਰਾਜ! ਗਰਮੀ ਵਿਚ ਥੱਕ ਜਾਈਦਾ ਹੈ। ਵਿਆਹ ਵਿਚ ਮੈਂ ਨਹੀਂ ਜਾ ਸਕਦਾ। ਇਸ ਨੇ ਸਾਫ਼ ਜਵਾਬ ਦੇ ਦਿੱਤਾ। ਸਤਿਗੁਰਾਂ ਨੇ ਇੱਕੋ ਬਚਨ ਤਿੰਨ ਵਾਰੀ ਕੀਤਾ ਪਰੰਤੂ ਇਹ ਨੀਵੀਂ ਪਾ ਕੇ ਸੰਗਤ ਵਿਚ ਬੈਠਾ ਰਿਹਾ। ਉਸ ਤੋਂ ਬਾਅਦ ਸਤਿਗੁਰਾਂ ਨੇ ਮਹਾਦੇਵ ਜੀ ਨੂੰ ਇਹੀ ਬਚਨ ਕੀਤਾ ਕਿ ਤੇਰੇ ਤਾਇਆ ਸਹਾਰੀ ਮੱਲ ਜੀ ਆਏ ਹਨ, ਇਹਨਾਂ ਨਾਲ ਜਾਣਾ ਕਰੋ। ਉਥੇ ਜਾ ਕੇ ਕਾਰਜ ਸੰਪੂਰਨ ਕਰੋ। ਉੱਤਰ ਦਿੱਤਾ ਕਿ ਮਹਾਰਾਜ ਕੌਣ ਤਾਇਆ, ਕੌਣ ਭਤੀਜਾ, ਕਿਹੜੇ ਸਾਕ, ਮੈਨੂੰ ਨਹੀਂ ਪਤਾ। ਆਪਣੀ ਮਸਤਾਨੀ ਬਿਰਤੀ ਵਿਚ ਉੱਤਰ ਦੇ ਦਿੱਤਾ। ਤਵਾਰੀਖ਼ ਵਿਚ ਲਿਖਿਆ ਹੋਇਆ ਹੈ ਕਿ ਇਕ ਵਾਰੀ ਗੁਰੂ ਰਾਮਦਾਸ ਸਾਹਿਬ ਮਹਾਰਾਜ ਜੀ ਨੇ ਕਿਹਾ ਕਿ ਮਹਾਦੇਵ! ਮੱਝਾਂ ਖੋਲ੍ਹ ਕੇ ਲਿਆਉ ਤਾਂ ਇਹ ਝੋਟਾ ਲੈ ਆਏ। ਸਤਿਗੁਰੂ ਬਹੁਤ ਹੱਸੇ ਭਾਵ ਇਤਨੇ ਮਸਤਾਨੇ ਸਨ। ਫਿਰ ਵਾਰੀ ਆਈ ਗੁਰੂ ਅਰਜਨ ਸਾਹਿਬ ਜੀ ਦੀ। ਉਸ ਵਕਤ ਮਾਤਾ ਭਾਨੀ ਜੀ ਨੇ ਬਚਨ ਕੀਤੇ ਕਿ ਹੇ ਅਰਜਨ ਦੇਵ! ਮੈਂ ਪ੍ਰਿਥੀਚੰਦ ਨੂੰ ਬਹੁਤ ਸਮਝਾਇਆ ਪਰੰਤੂ ਉਹ ਬਹੁਤ ਹੰਕਾਰ ਵਿਚ ਹੈ। ਮਹਾਦੇਵ ਦੀ ਬਿਰਤੀ ਮਸਤਾਨੀ ਹੈ। ਬੱਸ ਤੇਰੇ ਉੱਤੇ ਮੇਰੀਆਂ ਆਸਾਂ ਹਨ। ਅਤੇ ਤੈਨੂੰ ਗੁਰੂ ਅਮਰਦਾਸ ਸਾਹਿਬ ਜੀ ਦਾ ਵਰ ਵੀ ਹੈ 'ਦੋਹਿਤਾ ਬਾਣੀ ਕਾ ਬੋਹਿਥਾ'। ਉਸ ਤੋਂ ਇਲਾਵਾ ਤੁਹਾਨੂੰ ਗੁਰਤਾ ਗੱਦੀ ਦਾ ਵੀ ਵਰ ਪ੍ਰਾਪਤ ਹੈ। ਜਦੋਂ ਤੁਸੀਂ ਪਲੰਘ 'ਤੇ ਆਪ ਚੜ੍ਹਨ ਲੱਗੇ ਸੀ ਤਾਂ ਗੁਰੂ ਅਮਰਦਾਸ ਮਹਾਰਾਜ ਜੀ ਨੇ ਬਚਨ ਕੀਤਾ ਸੀ ਕਿ ਅਜੇ ਤੇਰੇ ਪਿਤਾ ਦੀ ਵਾਰੀ ਹੈ। ਗੁਰਤਾ ਗੱਦੀ ਆਪਣੇ ਪਿਤਾ ਤੋਂ ਲਈਂ। ਇਉਂ ਮਾਤਾ ਭਾਨੀ ਜੀ ਨੇ ਉਹ ਬਚਨ ਚੇਤੇ ਕਰਵਾਏ ਤੇ ਨਾਲ ਕਿਹਾ ਕਿ ਤੁਸੀਂ ਆਗਿਆ ਦਾ ਪਾਲਣ ਕਰੋ ਅਤੇ ਨਾਲ ਦਾਤ ਪ੍ਰਾਪਤ ਕਰੋ ਕਿਉਂਕਿ

ਇਹ ਦਾਤ ਅਧਿਕਾਰੀ ਦੀ ਹੈ ਇਸ ਲਈ ਤੁਸੀਂ ਆਪਣੇ ਗੁਰੂ ਪਿਤਾ ਦੀ ਆਗਿਆ ਦਾ ਪਾਲਣ ਕਰਨਾ ਹੈ। (ਉਸ ਵਕਤ ਗੁਰੂ ਅਰਜਨ ਦੇਵ ਮਹਾਰਾਜ ਜੀ ਦੀ ੧੫ ਸਾਲ ਦੀ ਉਮਰ ਸੀ। ੧੮ ਸਾਲ ਵਿਚ ਗੁਰਤਾ ਗੱਦੀ ਲਈ।) ਜਦੋਂ ਸ੍ਰੀ ਗੁਰੂ ਰਾਮਦਾਸ ਜੀ ਨੇ ਸਭ ਤੋਂ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਅਰਜਨ ਦੇਵ ਜੀ ਨੂੰ ਬੁਲਾਇਆ ਤਾਂ ਉਨ੍ਹਾਂ ਨੇ ਪਾਸ ਆ ਕੇ ਸਭ ਤੋਂ ਪਹਿਲਾਂ ਨਮਸਕਾਰ ਕੀਤੀ, ਫੇਰ ਹੱਥ ਜੋੜ ਕੇ ਖੜੇ ਹੋ ਗਏ। ਪਿਤਾ ਸਤਿਗੁਰੂ ਜੀ! ਕੀ ਹੁਕਮ ਹੈ? ਦਾਸ ਹਾਜ਼ਰ ਹੈ। ਪਾਤਸ਼ਾਹ ਗੁਰੂ ਰਾਮਦਾਸ ਮਹਾਰਾਜ ਸਾਹਿਬ ਜੀ ਨੇ ਉਹੀ ਬਚਨ ਦੁਹਰਾਇਆ ਕਿ ਤੁਸੀਂ ਲਾਹੌਰ ਵਿਚ ਆਪਣੇ ਤਾਇਆ ਸਹਾਰੀ ਮਲ ਜੀ ਦੇ ਪੁੱਤਰ ਦੀ ਸ਼ਾਦੀ ਦਾ ਕਾਰਜ ਸੰਪੂਰਨ ਕਰਵਾ ਕੇ ਆਉ। ਉਸ ਤੋਂ ਬਾਅਦ ਸੰਗਤਾਂ ਦੀ ਭਾਵਨਾ ਅਨੁਸਾਰ ਜਿਥੇ ਸਾਡਾ ਜਨਮ ਅਸਥਾਨ ਹੈ, ਲਾਹੌਰ ਚੂਨਾ ਮੰਡੀ ਵਿਚ ਉਸ ਨੂੰ ਧਾਰਮਿਕ ਅਸਥਾਨ ਦੀ ਸ਼ਕਲ ਦੇਣੀ ਹੈ। ਜਿੰਨੀ ਦੇਰ ਤੱਕ ਅਸੀਂ ਬੁਲਾਈਏ ਨਾ, ਉਤਨੀ ਦੇਰ ਤੱਕ ਵਾਪਸ ਨਹੀਂ ਆਉਣਾ ਹੈ। ਉਥੇ ਹੀ ਰਹਿ ਕੇ ਸੰਗਤਾਂ ਵਿਚ ਨਾਮ ਬਾਣੀ ਦਾ ਪ੍ਰਚਾਰ ਕਰਨਾ ਕਰੋ। ਇਹ ਆਗਿਆ ਲੈ ਕੇ ਮਨ ਤਾਂ ਸਤਿਗੁਰਾਂ ਦੇ ਚਰਨਾਂ ਵਿਚ ਛੱਡ ਦਿੱਤਾ ਅਤੇ ਆਪ ਸਹਾਰੀ ਮਲ ਜੀ ਦੇ ਨਾਲ ਰਵਾਨਾ ਹੋ ਗਏ। ਇਕ ਮਹੀਨਾ ਉਹਨਾਂ ਦੇ ਵਿਆਹ ਦੇ ਕਾਰਜ ਵਿਚ ਰਹੇ। ਉਸ ਤੋਂ ਬਾਅਦ ਗੁਰੂ ਰਾਮਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਹਰਿਮੰਦਰ ਸਾਹਿਬ ਦੇ ਨਮੂਨੇ ਦੀ ਤਰ੍ਹਾਂ ਗੁਰੂ ਘਰ ਦੀ ਸੇਵਾ ਕਰਵਾਈ। ਫੇਰ ਗੁਰਮਤਿ ਦਾ ਪ੍ਰਚਾਰ ਕਰਦੇ ਰਹੇ। ਪਿਤਾ ਸਤਿਗੁਰੂ ਜੀ ਦੇ ਵਿਛੋੜੇ ਦਾ ਦੁਖ ਜਦੋਂ ਅਸਹਿ ਅਵਸਥਾ ਵਿਚ ਪਹੁੰਚ ਗਿਆ, ਉਦੋਂ ਧਰਮਸਾਲ ਦੀ ਛੱਤ 'ਤੇ ਚੜ੍ਹ ਕੇ ਅੰਮ੍ਰਿਤਸਰ ਸਾਹਿਬ ਵੱਲ ਵੇਖਦੇ ਕਿ ਕੋਈ ਮੈਨੂੰ ਗੁਰੂ ਸਾਹਿਬ ਜੀ ਦਾ ਇਥੋਂ ਲੈ ਕੇ ਜਾਣ ਦਾ ਸਨੇਹਾ ਲੈ ਕੇ ਆ ਰਿਹਾ ਹੈ? ਜਦੋਂ ਵੇਖਿਆ ਕੋਈ ਵੀ ਨਹੀਂ ਆ ਰਿਹਾ ਤਾਂ ਵੈਰਾਗ ਵਿਚ ਅੱਖਾਂ ਵਿੱਚੋਂ ਪ੍ਰੇਮ ਦੇ ਅੰਸੂ ਵਹਾਉਂਦਿਆਂ ਹੋਇਆਂ ਸ਼ਬਦ ਉਚਾਰਨ ਕੀਤਾ, ਜਿਸ ਵਿਚ ਆਪਣੀ ਵੈਰਾਗਮਈ ਅਵਸਥਾ ਨੂੰ ਉਚਾਰਣ ਕਰਦੇ ਹਨ:

**ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥**
**ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥੧॥**
**ਹੁਣਿ ਨਹੀ ਸੰਦੇਸ ਰੋਮਾਇਓ ॥**
**ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ਰਹਾਉ॥**
**ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ ॥**
**ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥੨॥** *(ਸੋਰਠਿ ਮਃ ੫, ਅੰਗ ੬੨੪)*

ਇਸੇ ਤਰ੍ਹਾਂ ਕਈ ਦਿਨ ਰਾਹ ਤੱਕਦਿਆਂ ਬਤੀਤ ਹੋ ਗਏ ਇਹ ਸੋਚ ਕੇ ਕਿ ਪਿਤਾ ਗੁਰੂ ਜੀ ਦੀ ਇਹ ਆਗਿਆ ਹੈ ਕਿ ਬਿਨਾਂ ਸੱਦੇ ਆਪਣੇ ਆਪ ਸਾਡੇ ਕੋਲ ਨਹੀਂ ਆਉਣਾ, ਫੇਰ ਆਪਣੀ ਬਹਿਬਲਤਾ ਵਿਛੋੜੇ ਦਾ ਦਰਦ ਮਿਲਾਪ ਲਈ ਤਰਲਾ ਕਰਦਿਆਂ ਕਾਗ਼ਜ਼ ਤੇ ਕਲਮ ਲੈ ਕੇ ਵੈਰਾਗਮਈ ਸ਼ਬਦ ਰੂਪ ਵਿਚ ਇਹ ਪਹਿਲੀ ਚਿੱਠੀ ਲਿਖੀ:

## ਮੇਰਾ ਮਨੁ ਲੋਚੈ; ਗੁਰ ਦਰਸਨ ਤਾਈ ॥
## ਬਿਲਪ ਕਰੇ; ਚਾਤ੍ਰਿਕ ਕੀ ਨਿਆਈ ॥

ਹੇ ਪਿਤਾ ਗੁਰ = ਸਤਿਗੁਰੂ ਜੀ! ਮੇਰਾ = ਸਾਡਾ ਮਨੁ = ਹਿਰਦਾ ਆਪ ਜੀ ਦੇ ਦਰਸਨ = ਦੀਦਾਰ ਤਾਈ = ਨੂੰ ਲੋਚੈ = ਚਾਹੁੰਦਾ ਹੈ। ਜਿਵੇਂ ਚਾਤ੍ਰਿਕ = ਬੰਬੀਹਾ ਬੱਦਲਾਂ ਤੋਂ ਸਵਾਂਤੀ ਬੂੰਦ ਪਾਉਣ ਵਾਸਤੇ ਪ੍ਰਿਉ ਪ੍ਰਿਉ ਕਰਕੇ ਬਿਲਪ = ਵਿਰਲਾਪ ਕਰੇ = ਕਰਦਾ ਹੈ ਇਸੇ ਪ੍ਰਕਾਰ ਬੰਬੀਹੇ ਕੀ = ਦੀ ਨਿਆਈ = ਤਰ੍ਹਾਂ ਸਾਡਾ ਮਨ ਆਪ ਜੀ ਦੇ ਦਰਸ਼ਨਾਂ ਅਤੇ ਉਪਦੇਸ਼ ਰੂਪੀ ਸ਼ਵਾਂਤੀ ਬੂੰਦ ਲਈ ਪਿਆਸਾ ਤੜਫ਼ ਰਿਹਾ ਹੈ।

## ਤ੍ਰਿਖਾ ਨ ਉਤਰੈ ਸਾਂਤਿ ਨ ਆਵੈ; ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥

ਹੇ ਸੰਤ = ਸ਼ਾਂਤ ਆਤਮਾ ਪਿਆਰੇ ਸਤਿਗੁਰੂ ਜੀਉ। ਆਪ ਜੀ ਦੇ ਦਰਸਨ = ਦੀਦਾਰ ਰੂਪੀ ਸਵਾਂਤੀ ਬੂੰਦ ਪ੍ਰਾਪਤ ਹੋਏ ਤੋਂ ਬਿਨੁ = ਬਗ਼ੈਰ ਦਰਸ਼ਨਾਂ ਰੂਪੀ ਤ੍ਰਿਖਾ = ਪਿਆਸ ਨ = ਨਹੀਂ ਉਤਰੈ = ਉਤਰਦੀ, ਜਿਸ ਕਰਕੇ ਮਨ ਸ਼ਾਂਤ ਅਵਸਥਾ ਵਿਚ ਨ = ਨਹੀਂ ਆਵੈ = ਆਉਂਦਾ ॥੧॥

## ਹਉ ਘੋਲੀ ਜੀਉ ਘੋਲਿ ਘੁਮਾਈ; ਗੁਰ ਦਰਸਨ ਸੰਤ ਪਿਆਰੇ ਜੀਉ ॥੧॥ਰਹਾਉ॥

ਹੇ ਸੰਤਾਂ ਦੇ ਪਿਆਰੇ ! ਪਿਤਾ ਗੁਰ = ਸਤਿਗੁਰੂ (ਗੁਰੂ ਰਾਮਦਾਸ ਸਾਹਿਬ) ਜੀਉ = ਜੀ, ਆਪ ਜੀ ਦੇ ਦਰਸ਼ਨਾਂ ਤੋਂ ਸਰੀਰ ਕਰਕੇ ਹਉ = ਅਸੀਂ ਘੋਲੀ = ਵਾਰਨੇ ਜਾਂਦੇ ਹਾਂ ਅਤੇ ਜੀਉ = ਹਿਰਦੇ ਕਰਕੇ ਵੀ ਘੋਲਿ ਘੁਮਾਈ = ਵਾਰਨੇ ਬਲਿਹਾਰਨੇ ਜਾਂਦੇ ਹਾਂ ॥੧॥ਰਹਾਉ॥

ਇਸ ਤਰ੍ਹਾਂ ਦੀ ਵੈਰਾਗਮਈ ਸ਼ਬਦ ਰੂਪ ਚਿੱਠੀ ਲਿਖ ਕਰਕੇ ਇੱਕ ਬਹੁਤ ਨਜ਼ਦੀਕੀ ਪਿਆਰੇ ਸਿੱਖ ਨੂੰ ਦੇ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਭੇਜਿਆ ਅਤੇ ਕਿਹਾ ਕਿ ਇਹ ਚਿੱਠੀ ਸਤਿਗੁਰਾਂ ਦੇ ਚਰਨਾਂ ਵਿਚ ਰੱਖ ਕੇ ਦਾਸ ਵੱਲੋਂ ਨਮਸਕਾਰ ਕਰਨੀ ਅਤੇ ਜੋ ਹੁਕਮ ਸਤਿਗੁਰੂ ਜੀ ਕਹਿਣ ਉਹ ਜਲਦੀ ਵਾਪਸ ਆ ਕੇ ਦੱਸਣਾ। ਉਹ ਸਿੱਖ ਸਤਬਚਨ ਕਹਿ ਕੇ ਚਿੱਠੀ ਨੂੰ ਸੰਭਾਲਦਿਆਂ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਨੂੰ ਰਵਾਨਾ ਹੋਇਆ। ਜਦੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਨਗਰੀ ਪਹੁੰਚਿਆ, ਸਤਿਗੁਰੂ ਜੀ ਦੇ ਮਿਲਣ ਤੋਂ ਪਹਿਲਾਂ ਹੀ ਪ੍ਰਿਥੀ ਚੰਦ ਮਿਲ ਗਿਆ। ਮਿੱਟੀ ਘੱਟਾ ਸਰੀਰ ਦੇ ਅੰਗਾਂ ਨੂੰ ਲੱਗਿਆ ਹੋਇਆ ਵੇਖ ਕੇ ਪ੍ਰਿਥੀ ਚੰਦ ਨੇ ਸਮਝ ਲਿਆ ਕਿ ਕਿਤੇ ਇਹ ਸਿੱਖ ਲਹੌਰ ਤੋਂ ਕੋਈ ਸਨੇਹਾ ਲੈ ਕੇ ਨਾ ਆਇਆ ਹੋਵੇ। ਪੁੱਛਿਆ ਸਿੱਖਾ ਕਿਥੋਂ ਆਇਆ ਹੈਂ ਤਾਂ ਉਸ ਸਰਲ ਸੁਭਾਅ ਦੇ ਸਿੱਖ ਨੇ ਕਿਹਾ ਕਿ ਤੁਹਾਡੇ ਛੋਟੇ ਭਰਾਤਾ ਸ੍ਰੀ ਅਰਜਨ ਦੇਵ ਜੀ ਨੇ ਚਿੱਠੀ ਦੇ ਕੇ ਗੁਰੂ ਜੀ ਦੇ ਚਰਨਾਂ ਵਿਚ ਭੇਜਿਆ ਹੈ। ਤਾਂ ਪ੍ਰਿਥੀ ਚੰਦ ਝੱਟ ਹੀ ਸਿੱਖ ਨੂੰ ਕਾਹਲਾ ਪੈ ਕੇ ਕਹਿਣ ਲੱਗਾ ਕਿ ਚਿੱਠੀ ਮੈਨੂੰ ਦੇਹ ਦੇ ਤੇ ਮੈਂ ਸਤਿਗੁਰੂ ਜੀ ਨੂੰ ਪਹੁੰਚਾ ਦਿੰਦਾ ਹਾਂ। ਤੂੰ ਜਾਹ ਇਸ਼ਨਾਨ-ਪਾਨ ਕਰਕੇ ਲੰਗਰ ਛਕ ਕੇ ਦੁਬਾਰਾ ਆ ਜਾਵੀਂ। ਜਦੋਂ ਪ੍ਰਿਥੀ ਚੰਦ ਨੇ ਚਿੱਠੀ ਖੋਲ੍ਹ ਕੇ ਪੜ੍ਹੀ ਤਾਂ ਵੇਖ ਕੇ ਹੈਰਾਨ ਹੋ ਗਿਆ ਕਿ ਇਹ ਤਾਂ ਪਿਤਾ ਸਤਿਗੁਰੂ ਜੀ ਵਰਗੀ ਬਾਣੀ, ਰਚਨਾ ਉਚਾਰਨ ਲੱਗ ਪਏ ਹਨ। ਕਿਤੇ ਐਸਾ ਨਾ ਹੋਵੇ ਕਿ ਪਿਤਾ ਜੀ ਇਹਨਾਂ ਦੀ ਰਚਨਾ ਤੋਂ ਪ੍ਰਸੰਨ ਹੋ ਕੇ ਗੁਰਤਾਗੱਦੀ ਦੇਣ ਦਾ ਰੁੱਖ਼ ਇਹਨਾਂ ਵੱਲ ਨਾ ਕਰ ਲੈਣ, ਮੇਰੀ ਵਰ੍ਹਿਆ ਦੀ ਕੀਤੀ ਮਿਹਨਤ ਅਤੇ ਰੱਖੀਆਂ ਉਮੀਦਾਂ 'ਤੇ ਪਾਣੀ ਨਾ ਫਿਰ ਜਾਵੇ ਇਹ ਸੋਚ ਕਰਕੇ ਚਿੱਠੀ ਆਪਣੇ ਚੋਲੇ ਦੇ ਖੀਸੇ ਵਿਚ ਪਾ ਲਈ। ਜਦੋਂ ਸਿੱਖ ਰਾਤ ਕੱਟ ਕੇ ਸਵੇਰੇ ਦਰਸ਼ਨਾਂ ਲਈ ਆਇਆ, ਇਸ ਵਾਰਤਾ ਨੂੰ ਭਾਈ ਸੰਤੋਖ ਸਿੰਘ ਜੀ ਇਉਂ ਲਿਖਦੇ ਹਨ :

**ਨਹਿਂ ਸਤਿਗੁਰ ਕੇ ਢਿਗ ਪਹੁੰਚਾਈ। ਰਾਖਿ ਆਪਨੇ ਪਾਸ ਛੁਪਾਈ।**
**ਨਿਸਾ ਗੁਜ਼ਾਰੀ ਕਰਿ ਸਿਖ ਡੇਰਾ। ਆਯਹੁ ਗੁਰ ਦਰ ਹੋਤਿ ਸਵੇਰਾ ॥੨੦॥**
**ਪ੍ਰਿਥੀਏ ਨੇ ਅਵਲੋਕਨ ਕੀਨਾ। ਨਿਕਟ ਹਕਾਰਸਿ ਉਤਰ ਦੀਨਾ।**
**'ਪਠੀ ਪੱਤ੍ਰਿਕਾ' ਸਤਿਗੁਰ ਸੋਇ। ਹਰਖਤਿ ਭਏ ਕੁਸ਼ਲ ਜੁਤਿ ਜੋਇ ॥੨੧॥**
**ਸੁਖ ਆਨੰਦ ਇਤ ਕੋ ਸਭਿ ਦੀਜੈ। ਸ਼੍ਰੀ ਅਰਜਨ ਕੇ ਸੰਗ ਕਹੀਜੈ।**
**ਲਵਪੁਰਿ ਮਹਿਂ ਸੰਗਤਿ ਮਿਲਿ ਰਹਿਯਹਿ। ਸਿੱਖਜਨ ਤੇ ਸੇਵਾ ਕੋ ਲਹਿਯਹਿ ॥੨੨॥**

*(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੧੯)*

ਪ੍ਰਿਥੀਏ ਨੇ ਉਸ ਚਿੱਠੀ ਲਿਆਉਣ ਵਾਲੇ ਸਿੱਖ ਨੂੰ ਕਿਹਾ ਕਿ ਸਤਿਗੁਰਾਂ ਦੀ ਖ਼ੁਸ਼ੀ ਹੈ, ਪਰ ਹੁਕਮ ਇਹ

ਹੈ ਕਿ ਸ੍ਰੀ ਅਰਜਨ ਦੇਵ ਜੀ ਅਜੇ ਲਹੌਰ ਵਿਚ ਰਹਿ ਕੇ ਹੀ ਗੁਰਮਤਿ ਪ੍ਰਚਾਰ ਕਰਨ ਇਹ ਸੁਨੇਹਾ ਦੇਣਾ, ਸਿੱਖ ਨੇ ਮੁੜ ਲਹੌਰ ਪਹੁੰਚ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਾਰੀ ਵਾਰਤਾ ਕਹਿ ਸੁਣਾਈ। ਸ੍ਰੀ ਅਰਜਨ ਦੇਵ ਜੀ ਕੁਝ ਦਿਨ ਤਾਂ ਉਡੀਕਦੇ ਅਤੇ ਸੋਚਦੇ ਰਹੇ ਕਿ ਪਿਤਾ ਸਤਿਗੁਰੂ ਜੀ ਨੇ ਚਿੱਠੀ ਪੜ੍ਹ ਕੇ ਮੈਨੂੰ ਕੋਲ ਬੁਲਾਉਣ ਦਾ ਹੁਕਮ ਨਹੀਂ ਦਿੱਤਾ, ਕਿਸ ਕਾਰਨ ਮੇਰੇ ਨਾਲ ਪ੍ਰੇਮ ਘੱਟ ਹੋ ਗਿਆ ਹੈ :

**ਪਠੀ ਪੱਤ੍ਰਿਕਾ ਉੱਤਰ ਨ ਲਿਖਯੋ। ਮੁਝ ਸੌਂ ਪ੍ਰੇਮ ਨ, ਯਾਂਤੇ ਪਿਖਯੋ।** *(ਰਾਸਿ ੨, ਅੰਸੂ ੧੯)*

ਕੁਝ ਦਿਨ ਉਮੀਦ ਵਿਚ ਲੰਘੇ ਕਿ ਪਿਤਾ ਜੀ ਚਿੱਠੀ ਪੜ੍ਹ ਕੇ ਮੈਨੂੰ ਜ਼ਰੂਰ ਕੋਲ ਬੁਲਾ ਲੈਣਗੇ। ਜਦੋਂ ਨਿਰਾਸਤਾ ਤੇ ਉਪਰਾਮਤਾ ਵਧ ਗਈ, ਉਸ ਵੇਲੇ ਫੇਰ ਦੂਸਰੀ ਚਿੱਠੀ ਪਹਿਲੀ ਚਿੱਠੀ ਤੋਂ ੨੦ ਦਿਨ ਬਾਅਦ ਉਡੀਕ ਕੇ ਉਸੇ ਵੈਰਾਗ ਵਿਚ ਲਿਖਣੀ ਆਰੰਭ ਕੀਤੀ।

## ਤੇਰਾ ਮੁਖੁ ਸੁਹਾਵਾ ਜੀਉ; ਸਹਜ ਧੁਨਿ ਬਾਣੀ॥
## ਚਿਰੁ ਹੋਆ ਦੇਖੇ; ਸਾਰਿੰਗਪਾਣੀ॥

ਹੇ ਪਿਤਾ ਸਤਿਗੁਰੂ ਜੀਉ = ਜੀ ! ਤੇਰਾ = ਤੁਹਾਡਾ ਮੁਖੁ = ਮੁਖੜਾ ਬਹੁਤ ਹੀ ਸੁਹਾਵਾ = ਸ਼ੋਭਨੀਕ, ਸ਼ੋਭਾ ਦੇਣ ਵਾਲਾ ਹੈ। ਐਸੇ ਮੁਖ ਤੋਂ ਜੋ ਤੁਸੀਂ ਬਾਣੀ ਧੁਨਿ = ਉਚਾਰਣ ਕਰਦੇ ਹੋ, ਉਹ ਸਹਜਿ = ਸ਼ਾਂਤੀ **ਵਾ:** ਸਹਜਿ = ਗਿਆਨ ਦੇਣ ਵਾਲੀ ਹੈ **ਵਾ:** ਆਪ ਜੀ ਦੀ ਰਸਨਾਂ ਤੋਂ ਅੰਮ੍ਰਿਤ ਨਾਮ ਦੀ ਸਹਿਜ ਧੁਨਿ ਲੱਗੀ ਰਹਿੰਦੀ ਹੈ। ਇਥੇ ਬ੍ਰਹਮ ਰੂਪ ਕਰਕੇ ਸਤਿਗੁਰਾਂ ਵਿਚ ਭਾਵਨਾ ਕਰਦੇ ਹੋਏ ਉਚਾਰਦੇ ਹਨ ਕਿ ਹੇ ਸਾਰਿੰਗ+ਪਾਣੀ = ਸਾਰਿੰਗ ਨਾਮੇ ਧਨੁੱਖ ਨੂੰ ਪਾਣੀ = ਹੱਥਾਂ ਵਿਚ ਧਾਰਨ ਕਰਨ ਵਾਲੇ ਈਸ਼ਵਰ ਦੇ ਸਰਗੁਣ ਸਰੂਪ ਸਤਿਗੁਰੂ ਜੀ ! ਆਪ ਜੀ ਦੇ ਦਰਸ਼ਨ ਦੇਖੇ = ਵੇਖਿਆਂ ਨੂੰ ਚਿਰੁ = ਬਹੁਤ ਸਮਾਂ ਹੋਆ = ਹੋ ਗਿਆ ਹੈ।

## ਧੰਨੁ ਸੁ ਦੇਸੁ, ਜਹਾ ਤੂੰ ਵਸਿਆ; ਮੇਰੇ ਸਜਣ ਮੀਤ ਮੁਰਾਰੇ ਜੀਉ॥੨॥

ਹੇ ਮੁਰਾਰੇ = ਮੁਰ ਦੈਂਤ ਨੂੰ ਮਾਰਨ ਵਾਲੇ ਪਰਮੇਸ਼ਰ ਦੇ ਸਰੂਪ, ਮੇਰੇ = ਸਾਡੇ ਇਸ ਲੋਕ ਦੇ ਸੱਜਣ ਤੇ ਪਰਲੋਕ ਦੇ ਮੀਤ = ਮਿੱਤਰ ਪਿਤਾ ਸਤਿਗੁਰੂ ਜੀਉ = ਜੀ ! ਧੰਨ = ਧੰਨਤਾ ਦੇ ਯੋਗ ਸੁ = ਉਹ ਦੇਸ ਸ੍ਰੀ ਅੰਮ੍ਰਿਤਸਰ ਸਾਹਿਬ (ਮਾਝਾ) ਹੈ। ਜਹਾ = ਜਿਥੇ ਤੂੰ = ਤੁਸੀਂ ਵਸਿਆ = ਵਸਦੇ ਹੋ॥੨॥

## ਹਉ ਘੋਲੀ, ਹਉ ਘੋਲਿ ਘੁਮਾਈ;
## ਗੁਰ ਸਜਣ ਮੀਤ ਮੁਰਾਰੇ ਜੀਉ॥੧॥ਰਹਾਉ॥

ਹੇ ਸੰਤਾਂ ਦੇ ਸਜਣ = ਪਿਆਰੇ ਮੀਤ = ਮਿੱਤਰ ਮੁਰਾਰੇ = ਪਰਮੇਸਰ ਸਰੂਪ ਗੁਰ = ਸਤਿਗੁਰੂ ਜੀਉ = ਜੀ ! ਹਉ = ਅਸੀਂ ਆਪ ਜੀ ਤੋਂ ਮਨ ਕਰਕੇ ਘੋਲੀ = ਵਾਰਨੇ ਜਾਂਦੇ ਹਾਂ ਅਤੇ ਹਉ = ਅਸੀਂ ਬਾਣੀ ਕਰਕੇ ਵੀ, ਸਰੀਰ ਕਰਕੇ ਵੀ ਆਪ ਤੋਂ ਘੋਲਿ ਘੁਮਾਈ = ਵਾਰਨੇ ਬਲਿਹਾਰਨੇ ਜਾਂਦੇ ਹਾਂ॥੧॥ਰਹਾਉ॥

ਇਸ ਪ੍ਰਕਾਰ ਚਿੱਠੀ ਲਿਖ ਕੇ ਉਸੇ ਸਿੱਖ ਨੂੰ ਕੋਲ ਬੁਲਾ ਕੇ ਕਿਹਾ ਕਿ ਪਿਤਾ ਮਹਾਰਾਜ ਜੀ ਨੂੰ ਚਿੱਠੀ ਅਰਪਨ ਕਰ ਕੇ ਹੁਕਮ ਲੈ ਲਾਉਣਾ ਕਿਉਂਕਿ ਮੈਥੋਂ ਵਿਛੋੜਾ ਸਹਿਨ ਨਹੀਂ ਕੀਤਾ ਜਾ ਰਹਿਆ। ਉਹ ਸਿੱਖ ਸਤਬਚਨ ਕਹਿ ਕੇ ਅਦਬ ਸਹਿਤ ਨਮਸਕਾਰ ਕਰਕੇ ਚਿੱਠੀ ਲੈ ਕੇ ਅੰਮ੍ਰਿਤਸਰ ਸਾਹਿਬ ਪਹੁੰਚਿਆ। ਤਾਂ ਸਾਹਮਣੇ ਅਚਾਨਕ ਪ੍ਰਿਥੀ ਚੰਦ ਮਿਲਿਆ ਕਿ ਤੂੰ ਉਦੋਂ ਦਾ ਲਾਹੌਰ ਨਹੀਂ ਪਰਤਿਆ ਤਾਂ ਸਿੱਖ ਨੇ ਨਿਮਰਤਾ ਨਾਲ ਗੁਰੂ ਕੇ ਵੱਡੇ ਸਪੁੱਤਰ ਜਾਣ ਕੇ ਨਮਸਕਾਰ ਕਰਕੇ ਉੱਤਰ ਦਿੱਤਾ ਕਿ ਮੈਂ ਤਾਂ ਚਲਾ ਗਿਆ ਸੀ, ਪਰ ਤੁਹਾਡੇ ਛੋਟੇ ਭਰਾਤਾ ਨੇ ਦੁਬਾਰਾ ਚਿੱਠੀ ਦੇ ਕੇ ਭੇਜਿਆ ਹੈ ਤੇ ਨਾਲ ਕਿਹਾ ਕਿ ਮੈਥੋਂ ਦਰਸ਼ਨਾਂ ਤੋਂ ਬਿਨਾਂ

ਰਿਹਾ ਨਹੀਂ ਜਾ ਰਹਿਆ ਤਾਂ ਪ੍ਰਿਥੀ ਚੰਦ ਨੇ ਕਿਹਾ ਕਿ ਚਿੱਠੀ ਮੈਨੂੰ ਵਿਖਾ, ਵੇਖੀ ਤਾਂ ਚਿੰਤਾ ਵਿਚ ਹੋਰ ਵਾਧਾ ਹੋ ਗਿਆ ਕਿ ਮੇਰੇ ਨਾਨੇ ਗੁਰੂ ਦੇ ਕੀਤੇ ਬਚਨ ਅਨੁਸਾਰ ਪਿਤਾ ਜੀ ਦੇ ਜੋਤੀ ਜੋਤਿ ਸਮਾਉਣ ਦਾ ਸਮਾਂ ਨਜ਼ਦੀਕ ਆ ਗਿਆ ਹੈ। ਇਹੋ ਜਿਹੀਆਂ ਪ੍ਰੇਮ ਪੱਤ੍ਰਿਕਾ ਪੜ੍ਹ ਕੇ ਕਿਤੇ ਗੁਰਤਾਗੱਦੀ ਅਰਜਨ ਦੇਵ ਨੂੰ ਨਾ ਦੇ ਦੇਣ, ਇਹ ਚੰਗਾ ਹੋਇਆ ਕਿ ਫੇਰ ਚਿੱਠੀ ਮੇਰੇ ਹੱਥ ਲੱਗ ਗਈ ਚਿੱਠੀ ਆਪਣੇ ਖੀਸੇ ਵਿਚ ਪਾ ਲਈ ਅਤੇ ਆਪਣੇ ਘਰ ਚਲਾ ਗਿਆ, ਸਿੱਖ ਨੂੰ ਹੁਕਮ ਉਡੀਕਣ ਦਾ ਬਚਨ ਕਰ ਕੇ ਰਾਤ ਕੱਟ ਕੇ ਸਵੇਰੇ ਸਿੱਖ ਨੂੰ ਮਿਲਿਆ ਭਾਵੇਂ ਸਿੱਖ ਚਾਹੁੰਦਾ ਸੀ ਕਿ ਮੈਂ ਸਤਿਗੁਰਾਂ ਦੇ ਦਰਸ਼ਨ ਕਰਕੇ ਵਾਪਸ ਜਾਵਾਂ। ਪਰ ਪ੍ਰਿਥੀਏ ਦੀ ਕੁਟਲ-ਨੀਤੀ ਨੇ ਸਿੱਖ ਨੂੰ ਵੀ ਦਰਸ਼ਨਾਂ ਤੋਂ ਵਾਂਝਾ ਰੱਖਿਆ। ਝੂਠ ਬੋਲ ਕੇ ਆਪਣੇ ਕੋਲੋਂ ਹੀ ਕਹਿਣ ਲੱਗਾ ਕਿ ਸਿੱਖਾਂ ਗੁਰੂ ਜੀ ਦੇ ਕੋਲ ਦਰਸ਼ਨ ਦੇਣ ਦਾ ਸਮਾਂ ਨਹੀਂ ਬਾਕੀ ਪਿਤਾ ਗੁਰੂ ਜੀ ਨੇ ਚਿੱਠੀ ਪੜ੍ਹ ਲਈ ਹੈ। ਜੋ ਚਿੱਠੀ ਵਿਚ ਦਰਸ਼ਨਾਂ ਦੀ ਬਹਿਲਤਾ ਪ੍ਰਗਟਾਈ ਹੈ। ਪਿਤਾ ਜੀ ਨੇ ਹੁਕਮ ਦਿੱਤਾ ਹੈ ਕਿ ਧਰਮਸਾਲ ਵਿਚ ਰਹਿ ਕੇ ਸੰਗਤਾ ਨੂੰ ਗੁਰਮਤਿ ਉਪਦੇਸ਼ ਦ੍ਰਿੜ ਕਰਵਾਉ, ਸਤਿਸੰਗਤ ਦੇ ਦਰਸ਼ਨ ਹੀ ਸਾਡੇ ਦਰਸ਼ਨ ਹਨ, ਬਹੁਤੀਆਂ ਚਿੱਠੀਆਂ ਲਿਖਣ ਦੀ ਲੋੜ ਨਹੀਂ, ਜਦੋਂ ਲੋੜ ਹੋਈ ਅਸੀਂ ਆਪ ਹੀ ਬੁਲਾ ਲਵਾਂਗੇ। ਸਿੱਖ ਨੂੰ ਇਹ ਬਚਨ ਕਹਿ ਕੇ ਲਾਹੌਰ ਨੂੰ ਜਾਣ ਲਈ ਕਿਹਾ, ਤਾਂ ਸਿੱਖ ਲਾਹੌਰ ਪਹੁੰਚਿਆ ਤੇ ਸ੍ਰੀ ਅਰਜਨ ਦੇਵ ਜੀ ਨੂੰ ਸਾਰੀ ਵਾਰਤਾ ਕਹਿ ਸੁਣਾਈ। ਸ੍ਰੀ ਅਰਜਨ ਦੇਵ ਜੀ ਸੁਣ ਕੇ ਹੈਰਾਨ ਹੋਏ ਕਿ ਪਿਤਾ ਗੁਰੂ ਜੀ ਕੈਸੀ ਪਰਖਣਾ ਕਰ ਰਹੇ ਹਨ। ਗੁਰੂ ਜੀ ਕਦੇ ਵੀ ਕੌੜੇ ਬਚਨ ਨਹੀਂ ਬੋਲ ਸਕਦੇ, ਜ਼ਰੂਰ ਮੇਰੇ ਵਿਚ ਹੀ ਕਮੀ ਹੈ। ਇਕ ਮਹੀਨਾ ਉਡੀਕਣ ਤੋਂ ਬਾਅਦ ਮਨ ਵਿਚ ਖ਼ਿਆਲ ਆਇਆ ਕਿਤੇ ਐਸਾ ਤਾਂ ਨਹੀਂ ਕਿ ਪਿਤਾ ਗੁਰੂ ਨੂੰ ਚਿੱਠੀਆਂ ਪਹੁੰਚ ਦੀਆਂ ਹੀ ਨਾ ਹੋਣ, ਸਿੱਖ ਨੂੰ ਕੋਲ ਬੁਲਾ ਕੇ ਪੁੱਛਿਆ ਕਿ ਚਿੱਠੀਆਂ ਤੂੰ ਆਪਣੇ ਹੱਥੀਂ ਗੁਰੂ ਸਾਹਿਬ ਜੀ ਨੂੰ ਅਰਪਨ ਕੀਤੀਆਂ ਹਨ। ਤਾਂ ਸਿੱਖ ਨੇ ਸਾਫ਼ ਅੱਖਰਾਂ ਵਿਚ ਸਚਾਈ ਕਹਿ ਸੁਣਾਈ ਕਿ ਦੋਨੋਂ ਵਾਰ ਮੈਨੂੰ ਗੁਰੂ ਜੀ ਦਾ ਦਰਸ਼ਨ ਵੀ ਨਹੀਂ ਕਰਨ ਦਿੱਤਾ। ਇਹ ਚਿੱਠੀਆਂ ਤੁਹਾਡੇ ਭਰਾਤਾ ਨੇ ਫੜ੍ਹ ਕੇ ਗੁਰੂ ਜੀ ਵੱਲੋਂ ਹੁਕਮ ਦੋਨੋਂ ਵਾਰ ਆਪ ਹੀ ਸੁਣਾਇਆ ਹੈ ਤਾਂ ਸ੍ਰੀ ਅਰਜਨ ਦੇਵ ਜੀ ਨੂੰ ਨਿਸਚਾ ਹੋ ਗਿਆ ਕਿ ਚਿੱਠੀਆਂ ਮੇਰੇ ਭਰਾ ਨੇ ਹੀ ਛੁਪਾ ਲਈਆਂ ਹਨ ਤੇ ਫੇਰ ਤੀਸਰੀ ਚਿੱਠੀ ਇਹ ਸ਼ਬਦ ਦਾ ਪਦ ਉਚਾਰਨ ਕਰਕੇ ਜਿਵੇਂ ਪਹਿਲੀਆਂ ਚਿੱਠੀਆਂ ਵਿਚ ੧, ੨ ਅੰਕ ਲਿਖਦੇ ਗਏ ਇਸੇ ਤਰ੍ਹਾਂ ਤੀਸਰਾ ਅੰਕ ਸਮਾਪਤੀ ਤੇ ਲਿਖਿਆ ਅਤੇ ਉਚਾਰਨ ਕਰਦੇ ਹਨ।

## ਇਕ ਘੜੀ ਨ ਮਿਲਤੇ; ਤਾ ਕਲਿਜੁਗੁ ਹੋਤਾ॥

ਹੇ ਪਿਤਾ ਸਤਿਗੁਰੂ ਜੀ! ਜਦੋਂ ਅਸੀਂ ਤੁਹਾਡੇ ਕੋਲ ਰਹਿੰਦੇ ਸੀ ਤੇ ਕਿਸੇ ਕਾਰਨ ਆਪ ਜੀ ਨ = ਨਹੀਂ ਮਿਲਤੇ = ਮਿਲਦੇ ਸੀ, ਭਾਵ ਤੁਹਾਡੇ ਦਰਸ਼ਨ ਨਹੀਂ ਹੁੰਦੇ ਸਨ ਤਾਂ ਉਹ ਵਿਛੋੜੇ ਦੀ ਇਕ ਘੜੀ ਦਾ (ਕਲਿ+ਜੁਗ) ਕਲਿ = ਕਾਲ ਭਾਵ ਸਮਾਂ ਭੀ ਜੁਗ ਦੀ ਨਿਆਈਂ ਬਤੀਤ ਹੁੰਦਾ ਸੀ **ਵਾ:** ਕਲਿ = ਕਲਪਨਾ ਦੇ ਸਹਿਤ ਸਮਾਂ ਬਤੀਤ ਹੁੰਦਾ ਸੀ। ਜਿਸ ਪ੍ਰਕਾਰ ਜਦੋਂ ਸੱਤ ਵਿਚ ਬਿਰਤੀ ਜੁੜੇ ਤਾਂ ਉਦੋਂ ਸਤਿਜੁਗ ਹੈ ਜਦੋਂ ਤਿੰਨਾਂ ਗੁਣਾਂ ਵਿਚ ਬਿਰਤੀ ਜੁੜੇ ਉਦੋਂ ਤ੍ਰੇਤਾ ਜੁਗ ਹੈ, ਜਦੋਂ ਦ੍ਵੈਤ ਵਿਚ ਬਿਰਤੀ ਜੁੜੇ ਉਦੋਂ ਦੁਆਪੁਰ ਜੁਗ ਹੈ ਅਤੇ ਜਦੋਂ ਕਲਪਨਾ ਦੇ ਸਹਿਤ ਹੋਵੇ ਉਦੋਂ ਕਲਜੁਗ ਹੈ। ਹੇ ਮਹਾਰਾਜ! ਇਉਂ ਇਕ ਘੜੀ ਭੀ ਆਪ ਜੀ ਦੇ ਦਰਸ਼ਨ ਕੀਤੇ ਤੋਂ ਬਗ਼ੈਰ ਕਲਜੁਗ ਦਾ ਸਮਾਂ ਹੋ ਰਿਹਾ ਹੈ। ਜੈਸਾ ਕਿ:

**ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ॥ ਮਨੁ ਨ ਰਹੈ ਕੈਸੇ ਮਿਲਉ ਪਿਆਰੇ॥੧॥**
**ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ॥**
**ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ॥੧॥ਰਹਾਉ॥**
**ਚਾਰਿ ਪਹਰ ਚਹੁ ਜੁਗਹ ਸਮਾਨੇ॥ ਰੈਣਿ ਭਈ ਤਬ ਅੰਤੁ ਨ ਜਾਨੇ॥੨॥** *(ਆਸਾ ਮ: ੫, ਅੰਗ ੩੭੪)*

[ਅੰਗ ੯੭]

## ਹੁਣਿ ਕਦਿ ਮਿਲੀਐ; ਪ੍ਰਿਅ ਤੁਧੁ ਭਗਵੰਤਾ ॥

ਹੇ ਪ੍ਰਿਅ = ਪਿਆਰੇ ਭਗਵੰਤਾ = ਪਰਮੇਸ਼ਰ ਸਰੂਪ ਪਿਤਾ ਸਤਿਗੁਰੂ ਜੀ! ਤੁਧੁ = ਤੁਹਾਨੂੰ ਹੁਣਿ ਕਦਿ = ਕਦੋਂ ਮਿਲੀਐ = ਮਿਲ ਸਕਾਂਗੇ, ਕਿਉਂਕਿ ਆਪ ਜੀ ਤੋਂ ਵਿਛੁੜਿਆਂ ਬਹੁਤ ਦੇਰ ਹੋ ਗਈ ਹੈ।

## ਮੋਹਿ ਰੈਣਿ ਨ ਵਿਹਾਵੈ, ਨੀਦ ਨ ਆਵੈ; ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥

ਹੇ ਗੁਰ = ਸਤਿਗੁਰੂ ਜੀ! ਆਪ ਜੀ ਦੇ ਦਰਬਾਰੇ = ਦਰਬਾਰ ਸ੍ਰੀ ਅੰਮ੍ਰਿਤਸਰ ਸਾਹਿਬ, **ਵਾ:** ਸਾਧ ਸੰਗਤ ਰੂਪੀ ਦਰਬਾਰ **ਵਾ:** ਆਪ ਜੀ ਦੇ ਸਰੂਪ ਰੂਪੀ ਦਰਬਾਰ ਦੇਖੇ = ਵੇਖਣ ਤੋਂ ਬਿਨੁ = ਬਗ਼ੈਰ ਮੋਹਿ = ਮੇਰੀ ਰੈਣਿ = ਰਾਤ ਸੁੱਖ ਨਾਲ ਨ = ਨਹੀਂ ਵਿਹਾਵੈ = ਬਤੀਤ ਹੁੰਦੀ ਅਤੇ ਤੁਹਾਡੇ ਵਿਛੋੜੇ ਕਰਕੇ ਮੇਰੀਆਂ ਅੱਖਾਂ ਵਿਚ ਨੀਦ = ਨੀਂਦਰ ਭੀ ਨ = ਨਹੀਂ ਆਵੈ = ਆਉਂਦੀ ॥੩॥

## ਹਉ ਘੋਲੀ, ਜੀਉ ਘੋਲਿ ਘੁਮਾਈ; ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ਰਹਾਉ॥

ਹੇ ਗੁਰ = ਸਤਿਗੁਰੂ ਜੀਉ = ਜੀ! ਤਿਸੁ = ਤੁਹਾਡੇ ਸੱਚੇ ਸਾਧ ਸੰਗਤ ਰੂਪੀ ਦਰਬਾਰੇ = ਦਰਬਾਰ, **ਵਾ:** ਸਰੂਪ ਰੂਪੀ ਦਰਬਾਰ ਤੋਂ ਹਉ = ਅਸੀਂ ਸਰੀਰ ਕਰਕੇ ਘੋਲੀ = ਵਾਰਨੇ ਜਾਂਦੇ ਹਾਂ, ਜੀਉ = ਜ਼ਿੰਦਗੀ ਕਰਕੇ, ਹਿਰਦੇ ਕਰਕੇ ਵੀ ਅਤੇ ਬਾਣੀ ਕਰਕੇ ਵੀ ਘੋਲਿ ਘੁਮਾਈ = ਬਲਿਹਾਰ ਕੁਰਬਾਨ ਜਾਂਦੇ ਹਾਂ ॥੧॥ਰਹਾਉ॥

ਚਿੱਠੀ ਲਿਖ ਕੇ ਸਿੱਖ ਨੂੰ ਕੋਲ ਬੁਲਾ ਕੇ ਹਦਾਇਤ ਕੀਤੀ ਕਿ ਪਹਿਲਾਂ ਦੀ ਤਰ੍ਹਾਂ ਧੋਖਾ ਨਹੀਂ ਖਾਣਾ, ਬਲਕਿ ਪ੍ਰਿਥੀ ਚੰਦ ਤੋਂ ਅੱਖ ਬਚਾ ਕੇ ਸਿੱਧਾ ਗੁਰੂ ਸਾਹਿਬ ਜੀ ਦੇ ਦਰਬਾਰ ਪੇਸ਼ ਹੋ ਕੇ ਚਿੱਠੀ ਕੇਵਲ ਸਤਿਗੁਰੂ ਸਾਹਿਬ ਜੀ ਨੂੰ ਹੀ ਫੜਾਉਣੀ। ਚਿੱਠੀ ਲੈ ਕੇ ਸਿੱਖ ਸ੍ਰੀ ਅਰਜਨ ਦੇਵ ਜੀ ਨੂੰ ਨਮਸਕਾਰ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਤੇ ਬੇਨਤੀਆਂ ਕਰਦਾ ਕਿ ਸਤਿਗੁਰੂ ਜੀ ਨਾਲ ਬਿਨਾਂ ਕਿਸੇ ਰੁਕਾਵਟ ਤੋਂ ਮਿਲਾਪ ਹੋ ਜਾਵੇ। ਸਿੱਖ ਦੀ ਭਾਵਨਾ ਪਰਮੇਸ਼ਰ ਨੇ ਐਸੀ ਪੂਰੀ ਕੀਤੀ, ਜਦੋਂ ਅੰਮ੍ਰਿਤਸਰ ਸਾਹਿਬ ਪਹੁੰਚਿਆ ਤਾਂ ਪ੍ਰਿਥੀ ਚੰਦ ਉਦੋਂ ਕਿਸੇ ਕਾਰਜ ਵਿਚ ਰੁੱਝਿਆ ਹੋਇਆ ਸੀ। ਸਤਿਗੁਰੂ ਜੀ ਦੀਵਾਨ ਵਿਚ ਬੈਠੇ ਸਨ ਤੇ ਸਿੱਖ ਪ੍ਰਿਥੀਏ ਤੋਂ ਬਚਦਾ ਸਿੱਧਾ ਸਤਿਗੁਰਾਂ ਦੇ ਦਰਬਾਰ ਵਿਚ ਪਹੁੰਚਿਆ, ਇਸੇ ਵਾਰਤਾ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਉਂ ਵਰਣਨ ਕੀਤਾ ਹੈ:

**ਜਬ ਦਿਨ ਜਾਮ ਰਹਯੋ ਤਬਿ ਆਇਵ। ਪਿਖਹਿ ਨ ਪ੍ਰਿਥੀਆ ਆਪ ਬਚਾਇਵ।**
**ਸਤਿਗੁਰ ਜਹਾਂ ਦਿਵਾਨ ਲਗਾਇਵ। ਪ੍ਰਵਿਸ਼ਯੋ ਤਹਾਂ ਅਚਾਨਕ ਜਾਇਵ ॥੭॥**

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੨੦)*

ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਸ੍ਰੀ ਅਰਜਨ ਦੇਵ ਜੀ ਦੀ ਚਿੱਠੀ ਅਰਪਨ ਕਰ ਦਿੱਤੀ, ਸਤਿਗੁਰੂ ਜੀ ਨੇ ਇਹ ਚਿੱਠੀ ਖੋਲ੍ਹ ਕੇ ਪੜ੍ਹੀ, ਪ੍ਰੇਮ ਦੇ ਪ੍ਰਭਾਵਸ਼ਾਲੀ ਉਚਾਰਨ ਕੀਤੇ ਅੱਖਰਾਂ ਨੇ ਸਤਿਗੁਰਾਂ ਦਾ ਮਾਨੋਂ ਦਿਲ ਹੀ ਮੋਹ ਲਿਆ, ਗੁਰੂ ਤੇ ਸਿੱਖ ਦੀ ਦੋ ਅੰਗੀ ਪ੍ਰੀਤੀ ਦਾ ਇਤਿਹਾਸ ਵਿਚ ਵਿਸਥਾਰ ਨਾਲ ਕਥਨ ਹੈ, ਜੋ ਇਥੇ ਸੂਖਮ ਰੂਪ ਕਰਕੇ ਦਿੱਤਾ ਜਾਂਦਾ ਹੈ। ਪੜ੍ਹ ਕੇ ਸਤਿਗੁਰੂ ਜੀ ਦੇ ਨੇਤਰ ਪ੍ਰੇਮ ਜਲ ਨਾਲ ਸੱਜਲ ਹੋ ਗਏ, ਅਤੇ ਕੰਠ ਰੁਕ ਗਿਆ, ਕੁਝ ਸਮਾਂ ਸਤਿਗੁਰੂ ਜੀ ਨੇ ਕਿਸੇ ਨਾਲ ਵੀ ਕੁਝ ਬਚਨ ਨਾ ਕੀਤਾ ਅਤੇ ਮਹਿਸੂਸ ਕੀਤਾ ਕਿ ਮੇਰੇ ਪੁੱਤਰਾਂ ਵਿੱਚੋਂ ਸ੍ਰੀ ਅਰਜਨ ਦੇਵ ਨੇ ਆਪਣੀ ਕੁਲ ਦੀ ਲਾਜ ਰੱਖ ਲਈ ਹੈ ਅਤੇ ਇਹਨਾਂ ਦੀ ਰਚਨਾ ਸੰਸਾਰ ਦੇ ਭਲਾ ਕਰਨ ਵਿਚ ਸਹਾਇਕ ਹੋਵੇਗੀ। ਫੇਰ ਬਾਬਾ ਬੁੱਢਾ ਜੀ ਨੂੰ ਚਿੱਠੀ ਵਿਖਾਈ ਕਿ ਦੇਖੋ ਸਾਹਿਬਜ਼ਾਦੇ ਅਰਜਨ ਦੇਵ ਨੇ ਸਾਡੇ ਵਿਛੋੜੇ ਦਾ ਕਿਤਨਾ ਵੈਰਾਗ ਕੀਤਾ ਹੈ। ਵਿਛੋੜੇ ਦਾ ਦੁਖ

ਤਾਂ ਸਹਾਰ ਲਿਆ ਪਰ ਸਾਡੇ ਬਚਨਾਂ ਦਾ ਉਲੰਘਣ ਨਹੀਂ ਕੀਤਾ। ਬਾਬਾ ਬੁੱਢਾ ਜੀ ਨੇ ਚਿੱਠੀ ਵੇਖ ਕੇ ਸ੍ਰੀ ਅਰਜਨ ਦੇਵ ਜੀ ਦੀ ਬਹੁਤ ਵਡਿਆਈ ਕੀਤੀ। ਫੇਰ ਸਤਿਗੁਰਾਂ ਨੇ ਬਾਬਾ ਬੁੱਢਾ ਸਾਹਿਬ, ਭਾਈ ਗੁਰਦਾਸ ਜੀ, ਭਾਈ ਸਾਲ੍ਹੋ ਜੀ ਆਦਿ ਪੰਜ ਸਿੱਖਾਂ ਨੂੰ ਭੇਜ ਕੇ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਅਰਜਨ ਦੇਵ ਜੀ ਨੂੰ ਮਨੋ ਮਈ ਗੁਰਤਾਗੱਦੀ ਦਾ ਅਧਿਕਾਰੀ ਸਮਝ ਕੇ ਤੁਰੰਤ ਆਪਣੇ ਕੋਲ ਬੁਲਾਉਣ ਲਈ ਹੁਕਮ ਦਿੱਤਾ। ਬਾਬਾ ਬੁੱਢਾ ਸਾਹਿਬ ਜੀ ਪੰਜ ਸਿੱਖਾਂ ਸਮੇਤ ਲਾਹੌਰ ਨੂੰ ਸ੍ਰੀ ਅਰਜਨ ਦੇਵ ਜੀ ਨੂੰ ਲੈਣ ਗਏ ਅਤੇ ਲਾਹੌਰ ਪਹੁੰਚ ਕੇ ਸ੍ਰੀ ਅਰਜਨ ਦੇਵ ਜੀ ਨੂੰ ਮਿਲੇ। ਸ੍ਰੀ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਤੇ ਨਾਲ ਆਏ ਸਿੱਖਾਂ ਦਾ ਬਹੁਤ ਸਤਿਕਾਰ ਕੀਤਾ। ਬਾਬਾ ਬੁੱਢਾ ਜੀ ਨੇ ਸ੍ਰੀ ਅਰਜਨ ਦੇਵ ਜੀ ਨੂੰ ਕਿਹਾ ਕਿ ਸਤਿਗੁਰਾਂ ਵੱਲੋਂ ਤੁਹਾਨੂੰ ਨਾਲ ਚੱਲਣ ਦੀ ਆਗਿਆ ਹੈ, ਜਦੋਂ ਸ੍ਰੀ ਅਰਜਨ ਦੇਵ ਜੀ ਚੱਲਣ ਲੱਗੇ ਤਾਂ ਉਸੇ ਵੇਲੇ ਲਾਹੌਰ ਦੀਆਂ ਸੰਗਤਾਂ ਨੇ ਬੜਾ ਪਿਆਰ ਕੀਤਾ, ਹਜ਼ੂਰ (ਸ੍ਰੀ ਅਰਜਨ ਦੇਵ ਜੀ) ਨੇ ਕਿਹਾ ਕਿ ਤੁਸੀਂ ਸਤਿਗੁਰਾਂ ਦੇ ਦਰਸ਼ਨ ਵਾਸਤੇ ਸ੍ਰੀ ਅੰਮ੍ਰਿਤਸਰ ਸਾਹਿਬ ਆਇਓ। ਇਉਂ ਸੰਗਤਾਂ ਨੂੰ ਧੀਰਜ ਦੇ ਕੇ ਸ੍ਰੀ ਅੰਮ੍ਰਿਤਸਰ ਪੁੱਜੇ। ਮਹਾਰਾਜ ਜੀ ਦੀਵਾਨ ਵਿਚ ਬੈਠੇ ਸਨ। ਜਿਵੇਂ ਸੂਰਜ ਚੜ੍ਹੇ ਨੂੰ ਵੇਖ ਕੇ ਕਮਲ ਖਿੜ ਜਾਂਦਾ ਹੈ, ਇਉਂ ਸਾਹਿਬਾਂ ਦਾ ਜੋ ਵਿਛੋੜੇ ਕਰਕੇ ਚਿੱਤ ਕੁਮਲਾਇਆ ਸੀ। ਕਮਲ ਦੀ ਨਿਆਈਂ ਖਿੜ ਗਿਆ। ਸ੍ਰੀ ਅਰਜਨ ਦੇਵ ਜੀ ਪ੍ਰੇਮ ਵਿਚ ਲਿਵਲੀਨ ਹੋ ਗਏ, ਚਾਲ ਡਾਵਾਂ ਡੋਲ ਹੋ ਗਈ, ਪਰ ਫੇਰ ਵੀ ਭੱਜ ਕੇ ਸਤਿਗੁਰਾਂ ਦੇ ਚਰਨਾਂ ਨਾਲ ਲਿਪਟ ਗਏ ਅਤੇ ਸਤਿਗੁਰੂ ਦੇ ਦੋਨਾਂ ਚਰਨਾਂ 'ਤੇ ਆਪਣਾ ਸੀਸ ਰੱਖ ਕੇ ਖ਼ੁਸ਼ੀ ਅਤੇ ਵਿਛੋੜੇ ਦੇ ਦੁਖ ਨੂੰ ਆਪਣੀਆਂ ਅੱਖਾਂ ਵਿੱਚੋਂ ਵੈਰਾਗ ਦੇ ਹੰਝੂ ਵਹਾਉਂਦਿਆਂ ਹੋਇਆ ਜ਼ਾਹਿਰ ਕੀਤਾ, ਨੇਤਰਾਂ ਵਿੱਚੋਂ ਇਤਨਾ ਜਲ ਵਹਿਆ ਕਿ ਸਤਿਗੁਰਾਂ ਦੇ ਚਰਨ ਹੰਝੂਆਂ ਨਾਲ ਧੋ ਦਿੱਤੇ। ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰੇਮ ਦਾ ਥਾਪੜਾ ਦਿੰਦਿਆ ਬਖ਼ਸ਼ਿਸ਼ਾਂ ਭਰਿਆ ਹੱਥ ਸਿਰ 'ਤੇ ਰੱਖ ਕੇ ਬਾਹਾਂ ਤੋਂ ਪਕੜ ਕੇ ਛਾਤੀ ਨਾਲ ਲਾਇਆ।

ਇਸ ਕੌਤਕ ਨੂੰ ਸਿੱਖ ਸੰਗਤ ਵੇਖ ਕੇ ਅਨੰਦਿਤ ਹੋ ਰਹੀਆਂ ਸਨ, ਸੰਗਤਾਂ ਦੀ ਭਾਰੀ ਇਕੱਤਰਤਾ ਵਿਚ ਸਤਿਗੁਰਾਂ ਬਖ਼ਸ਼ਿਸ਼ਾਂ ਕੀਤੀਆਂ। ਇਸ ਵਾਰਤਾ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਉਂ ਵਰਣਨ ਕੀਤਾ ਹੈ :

**ਸੋਢੀ ਕੁਲ ਕੀ ਰਾਖਿ ਵਡਾਈ। ਹੇ ਸਪੁੱਤ੍ਰ ! ਕਰਿ ਹੈਂ ਅਧਿਕਾਈ॥੩੧॥**
**ਗੁਰਤਾ ਭਾਰ ਧਾਰਿਬੇ ਬਲੀ। ਮਹਾਂ ਧੀਰ ਹੋਯਹੁ ਬਿਧਿ ਭਲੀ।** *(ਰਾਸਿ ੨, ਅੰਸੂ ੨੦)*

ਫੇਰ ਸਤਿਗੁਰੂ ਜੀ ਨੇ ਸ੍ਰੀ ਅਰਜਨ ਦੇਵ ਜੀ ਨੂੰ ਪੁੱਛਿਆ ਕਿ ਹੇ ਸਪੁੱਤਰ ਜਦੋਂ ਦੇ ਗਏ ਹੋ ਕੇਵਲ ਇੱਕ ਪੱਤ੍ਰਿਕਾ ਹੀ ਭੇਜੀ ਹੈ ਤੇ ਅੰਕ ਤੀਸਰਾ ਪਾਉਣ ਦੀ ਕੀ ਲੋੜ ਸੀ। ਸ੍ਰੀ ਅਰਜਨ ਦੇਵ ਜੀ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਤੁਸੀਂ ਅੰਤਰਯਾਮੀ ਹੋ, ਤੁਹਾਡੇ ਅੱਗੇ ਕੁਝ ਕਹਿਣਾ ਨਹੀਂ ਬਣਦਾ। ਫੇਰ ਵੀ ਜੋ ਆਪ ਜੀ ਦੀ ਕੁਝ ਕਹਿਣ ਦੀ ਆਗਿਆ ਹੈ ਤਾਂ ਦਾਸ ਦੀ ਬੇਨਤੀ ਹੈ ਕਿ ਪਹਿਲਾਂ ਵੀ ਆਪ ਜੀ ਦੇ ਚਰਨਾਂ ਵਿਚ ਦੋ ਚਿੱਠੀਆਂ ਭੇਜੀਆਂ ਹਨ, ਫੇਰ ਸਤਿਗੁਰੂ ਜੀ ਨੇ ਕਿਹਾ ਕਿ ਕਿਸ ਦੇ ਹੱਥ ਭੇਜੀਆਂ ਸਨ ਕਿਤੇ ਰਸਤੇ ਵਿਚ ਤਾਂ ਨਹੀਂ ਗਵਾ ਦਿੱਤੀਆਂ। ਤਾਂ ਸ੍ਰੀ ਅਰਜਨ ਦੇਵ ਜੀ ਨੇ ਕਿਹਾ ਕਿ ਜਿਹੜੇ ਸਿੱਖ ਕੋਲ ਤੀਸਰੀ ਚਿੱਠੀ ਭੇਜੀ ਹੈ, ਉਹੋ ਹੀ ਸਿੱਖ ਪਹਿਲਾਂ ਦੋ ਚਿੱਠੀਆਂ ਆਪ ਜੀ ਦੇ ਕੋਲ ਲੈ ਕੇ ਆਇਆ ਸੀ, ਚਿੱਠੀਆਂ ਲਿਆਉਣ ਵਾਲਾ ਸਿੱਖ ਪਾਸ ਹੀ ਬੈਠਾ ਹੈ ਤਾਂ ਸਿੱਖ ਨੇ ਵੀ ਕਿਹਾ ਕਿ ਮੇਰੇ ਪਾਸੋਂ ਆਪ ਜੀ ਦੇ ਵੱਡੇ ਸਪੁੱਤਰ ਨੇ ਫੜ ਲਈਆਂ ਸਨ। ਇਹ ਵਾਰਤਾ ਹੁੰਦਿਆਂ ਉਧਰੋਂ ਸੰਗਤਾਂ ਦੀ ਭਾਰੀ ਇਕੱਤਰਤਾ ਵਿਚ ਪ੍ਰਿਥੀ ਚੰਦ ਨੂੰ ਹਾਜ਼ਰ ਹੋਣ ਲਈ ਸਿੱਖ ਭੇਜਿਆ ਤੇ ਉਸ ਵੇਲੇ ਪ੍ਰਿਥੀ ਚੰਦ ਇਸ਼ਨਾਨ ਕਰਦਾ ਸੀ, ਇਸ਼ਨਾਨ ਕਰਕੇ ਜਦੋਂ ਤੁਰੰਤ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਸ੍ਰੀ ਅਰਜਨ ਦੇਵ ਜੀ ਨੂੰ ਦੇਖ ਕੇ ਈਰਖਾ ਵਿਚ ਸੜ ਗਿਆ ਅਤੇ ਪਾਸ ਬੈਠੇ ਚਿੱਠੀਆਂ ਲਿਆਉਣ ਵਾਲੇ ਸਿੱਖ ਨੂੰ ਵੇਖ ਕੇ ਵੀ ਘਬਰਾਇਆ ਕਿ ਕਿਤੇ ਪਾਜ ਜ਼ਾਹਰ ਨਾ ਹੋ ਜਾਵੇ। ਸਤਿਗੁਰੂ ਜੀ ਨੇ ਪ੍ਰਿਥੀਚੰਦ ਨੂੰ ਪੁੱਛਿਆ ਕਿ ਪੁੱਤਰ ਜੋ ਇਸ ਸਿੱਖ ਨੇ

ਤੇਰੇ ਛੋਟੇ ਭਰਾਤਾ ਵੱਲੋਂ ਭੇਜੀਆਂ ਦੋ ਚਿੱਠੀਆਂ ਤੈਨੂੰ ਦਿੱਤੀਆਂ ਸਨ। ਉਹ ਚਿੱਠੀਆਂ ਤੂੰ ਸਾਨੂੰ ਕਿਉਂ ਨਹੀਂ ਦਿੱਤੀਆਂ, ਛੁਪਾ ਕੇ ਕਿਉਂ ਰੱਖੀਆਂ ਹਨ ? ਅੱਗੋਂ ਕਰੋਧ ਵਿਚ ਆ ਕੇ ਰੁੱਖੇ ਸ਼ਬਦਾਂ ਨਾਲ ਕਹਿਣ ਲੱਗਾ ਕਿ ਇਹ ਕਿਹੜਾ ਧਨ ਦੀਆਂ ਹੁੰਡੀਆਂ ਸਨ, ਜਿਹੜੀਆਂ ਮੈਂ ਲੁਕਾ ਕੇ ਰੱਖੀਆਂ ਹਨ, ਤਾਂ ਗੁਰੂ ਜੀ ਨੇ ਇੱਕ ਸਿੱਖ ਨੂੰ ਕੋਲ ਬੁਲਾ ਕੇ ਪ੍ਰਿਥੀ ਚੰਦ ਦੇ ਘਰ ਭੇਜਿਆ ਅਤੇ ਕਿਹਾ ਕਿ ਪ੍ਰਿਥੀ ਦੇ ਘਰਵਾਲੀ ਕਰਮੋ ਨੂੰ ਕਹਿਣਾ ਕਿ ਪ੍ਰਿਥੀ ਚੰਦ ਦਾ ਚੋਲਾ ਜੋ ਸਾਹਮਣੇ ਕਿੱਲੀ ਨਾਲ ਟੰਗਿਆ ਪਿਆ ਹੈ ਪ੍ਰਿਥੀ ਚੰਦ ਨੇ ਉਹ ਮੰਗਵਾਇਆ ਹੈ। ਸਿੱਖ ਨੇ ਤੁਰੰਤ ਜਾ ਕੇ ਪ੍ਰਿਥੀ ਚੰਦ ਦੇ ਘਰੋਂ ਚੋਲਾ ਲੈ ਕੇ ਸਤਿਗੁਰੂ ਜੀ ਨੂੰ ਅਰਪਨ ਕਰ ਦਿੱਤਾ, ਭਰੇ ਦੀਵਾਨ ਵਿਚ ਗੁਰੂ ਜੀ ਨੇ ਪ੍ਰਿਥੀ ਚੰਦ ਨੂੰ ਪੁੱਛਿਆ ਕਿ ਚੋਲਾ ਤੇਰਾ ਹੀ ਹੈ। ਤਾਂ ਪ੍ਰਿਥੀ ਚੰਦ ਨੇ ਕਿਹਾ ਕਿ ਚੋਲਾ ਤਾਂ ਮੇਰਾ ਹੀ ਹੈ। ਇਹ ਇਥੇ ਕਿਉਂ ਮੰਗਵਾਇਆ ਗਿਆ ਹੈ। ਮਹਾਰਾਜ ਕਹਿਣ ਲੱਗੇ ਕਿ ਇਸ ਦੇ ਖੀਸੇ ਵਿੱਚੋਂ ਆਪਣੇ ਹੱਥ ਨਾਲ ਚਿੱਠੀਆਂ ਕੱਢ ਕੇ ਦੇਹ, ਤੇਰਾ ਇਸੇ ਵਿਚ ਹੀ ਭਲਾ ਹੈ ਤੇ ਸੰਗਤ ਵਿਚ ਸਚਾਈ ਨੂੰ ਕਬੂਲ ਕਰ। ਅੱਗੋਂ ਪ੍ਰਿਥੀ ਚੰਦ ਰੁੱਖੇ ਸ਼ਬਦਾਂ ਵਿਚ ਬੋਲਿਆ ਨਾਂ ਮੈਂ ਚਿੱਠੀਆਂ ਇਸ ਵਿਚ ਪਾਈਆਂ ਹਨ ਤੇ ਨਾ ਹੀ ਮੈਂ ਕੱਢ ਕੇ ਦੇਣੀਆਂ ਹਨ। ਤਾਂ ਗੁਰੂ ਸਾਹਿਬ ਜੀ ਨੇ ਕਿਹਾ, ਜੋ ਕੁਝ ਵੀ ਤੇਰੇ ਖੀਸੇ ਵਿਚ ਹੈ ਸਭ ਕੁਝ ਬਾਹਰ ਕੱਢ ਕੇ ਰੱਖਣਾ ਕਰ, ਜਦੋਂ ਕਾਗ਼ਜ਼ ਬਾਹਰ ਕੱਢੇ ਤਾਂ ਦੋ ਚਿੱਠੀਆਂ ਵੀ ਨਾਲ ਨਿਕਲ ਆਈਆਂ ਅਤੇ ਗੁਰੂ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਨੂੰ ਹੁਕਮ ਕੀਤਾ ਕਿ ਚਿੱਠੀਆਂ ਪੜ੍ਹ ਕੇ ਸੁਣਾਉ। ਬਾਬਾ ਬੁੱਢਾ ਸਾਹਿਬ ਜੀ ਨੇ ਚਿੱਠੀਆਂ ਪੜ੍ਹ ਕੇ ਸੁਣਾਈਆਂ ਅਤੇ ਪ੍ਰਿਥੀ ਚੰਦ ਨੇ ਵਿਰੋਧ ਕੀਤਾ ਕਿ ਤੁਸੀਂ ਮੈਨੂੰ ਬਦਨਾਮ ਕਰਨ ਵਾਸਤੇ ਅਤੇ ਅਰਜਨ ਦੇਵ ਨੂੰ ਗੁਰਤਾਗੱਦੀ ਦੇਣ ਲਈ ਇਹ ਸਭ ਕੁਝ ਕੀਤਾ ਹੈ। ਬਾਬਾ ਬੁੱਢਾ ਸਾਹਿਬ ਜੀ ਨੂੰ ਵੀ ਬੋਲ-ਕੁਬੋਲ ਬੋਲੇ ਅਤੇ ਸਤਿਗੁਰੂ ਜੀ ਨੂੰ ਅਪਮਾਨਜਨਕ ਸ਼ਬਦ ਕਹੇ। ਜਿਸ 'ਤੇ ਸਤਿਗੁਰੂ ਰਾਮਦਾਸ ਜੀ ਨੇ ਸ਼ਬਦ ਉਚਾਰਨ ਕੀਤਾ :

**ਕਾਹੇ ਪੂਤ ਝਗਰਤਹਉ ਸੰਗਿ ਬਾਪ ॥**
**ਜਿਨ ਕੇ ਜਣੇ ਬਡੀਰੇ ਤੁਮਹਉ ਤਿਨ ਸਿਉ ਝਗਰਤ ਪਾਪ ॥੧॥ਰਹਾਉ॥**
**ਜਿਸੁ ਧਨ ਕਾ ਤੁਮ ਗਰਬੁ ਕਰਤਹਉ ਸੋ ਧਨੁ ਕਿਸਹਿ ਨ ਆਪ ॥**
**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥**
**ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥**
**ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥**

*(ਸਾਰਗ ਮਹਲਾ ੪, ਅੰਗ ੧੨੦੦)*

ਫੇਰ ਗੁਰੂ ਸਾਹਿਬ ਜੀ ਨੇ ਸਾਰੀ ਸੰਗਤ ਵਿਚ ਇਹ ਕਿਹਾ ਕਿ ਪ੍ਰਿਥੀ ਚੰਦ ! ਈਰਖਾ ਨਾਲ ਇਹ ਵਸਤੂ ਪ੍ਰਾਪਤ ਹੋਣ ਵਾਲੀ ਨਹੀਂ ਹੈ। ਇਹਨਾਂ ਤਿੰਨਾਂ ਪਦਾਂ ਵਰਗਾ ਚੌਥਾ ਪਦ ਇਸੇ ਭਾਵ ਦਾ ਤੂੰ ਰਚ ਜਾਂ ਸੰਗਤ ਵਿੱਚੋਂ ਕੋਈ ਹੋਰ ਸਿੱਖ ਰਚੇ, ਜਿਹੜਾ ਚੌਥਾ ਪਦ ਰਚੇਗਾ, ਉਹ ਗੁਰਤਾਗੱਦੀ ਦਾ ਅਧਿਕਾਰੀ ਹੋਵੇਗਾ। ਭਾਵੇਂ ਸੰਗਤ ਵਿਚ ਵੱਡੇ ਵੱਡੇ ਵਿਦਵਾਨ ਬੈਠੇ ਸਨ, ਪਰ ਕੋਈ ਭੀ ਚੌਥਾ ਪਦ ਰਚਣ ਦਾ ਹੌਂਸਲਾ ਨਹੀਂ ਕਰ ਸਕਿਆ। ਫੇਰ ਬਾਬਾ ਬੁੱਢਾ ਸਾਹਿਬ ਜੀ ਨੂੰ ਕਿਹਾ ਕਿ ਤੁਸੀਂ ਗੁਰੂ ਨਾਨਕ ਸਾਹਿਬ ਜੀ ਤੋਂ ਗੁਰੂ ਸਾਹਿਬਾਨਾਂ ਦੀ ਸੰਗਤ ਕਰਦੇ ਆ ਰਹੇ ਹੋ, ਤੁਹਾਡੇ ਤੋਂ ਵੱਡਾ ਪਾਰਖੂ ਸਿੱਖ ਹੋਰ ਕੌਣ ਹੋ ਸਕਦਾ ਹੈ। ਸਾਡਾ ਸਮਾਂ ਜੋਤੀ ਜੋਤਿ ਸਮਾਉਣ ਦਾ ਨੇੜੇ ਆ ਚੁੱਕਾ ਹੈ। ਤੁਸੀਂ ਦੱਸੋ ਤਾਂ ਗੁਰਤਾਗੱਦੀ ਦਾ ਅਧਿਕਾਰੀ ਕੌਣ ਹੋ ਸਕਦਾ ਹੈ ਤਾਂ ਬਾਬਾ ਬੁੱਢਾ ਸਾਹਿਬ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਗੁਰਤਾਗੱਦੀ ਦਾ ਅਧਿਕਾਰੀ ਸਾਰੀਆਂ ਪਰਖਣਾਂ ਵਿਚ ਪਾਸ ਹੋਣ ਵਾਲਾ ਕੇਵਲ ਸ੍ਰੀ ਅਰਜਨ ਦੇਵ ਹੀ ਹੈ। ਜਿਨ੍ਹਾਂ ਵਿਚ ਨਿਮਰਤਾ ਆਦਿ ਸਾਰੇ ਗੁਣ ਹਨ ਅਤੇ ਇਨ੍ਹਾਂ ਨੂੰ ਵੱਡੇ ਗੁਰੂ ਅਮਰਦਾਸ ਜੀ ਦਾ ਬਚਪਨ ਵਿਚ ਗੁਰੂ ਹੋਣ ਦਾ ਵਰ ਵੀ ਪ੍ਰਾਪਤ ਹੈ। ਜਦੋਂ ਇਹ ਛੋਟੇ ਹੁੰਦੇ ਉਹਨਾਂ ਦੇ ਆਸਣ 'ਤੇ ਚੜਣ ਲੱਗੇ ਸਨ ਤਾਂ ਸ੍ਰੀ ਅਰਜਨ ਨੂੰ ਕਿਹਾ ਸੀ ਕਿ ਤੁਹਾਨੂੰ ਗੁਰਤਾਗੱਦੀ ਤੁਹਾਡੇ

ਪਿਤਾ ਤੋਂ ਪ੍ਰਾਪਤ ਹੋਵੇਗੀ ਅਤੇ ਨਾਲ ਬਾਣੀ ਦਾ ਬੋਹਿਥਾ ਹੋਣ ਦਾ ਬਚਨ ਵੀ ਕੀਤਾ ਸੀ। (ਦੋਹਿਤਾ ਬਾਣੀ ਕਾ ਬੋਹਿਥਾ) ਸਾਰੀ ਸੰਗਤ ਨੇ ਬਾਬਾ ਬੁੱਢਾ ਸਾਹਿਬ ਜੀ ਦੀ ਵੀਚਾਰ ਨਾਲ ਸਹਿਮਤੀ ਦਿੱਤੀ। ਅੰਤਰਯਾਮੀ ਗੁਰੂ ਜੀ ਨੇ ਚਾਹੇ ਪਹਿਲਾਂ ਹੀ ਗੁਰਤਾਗੱਦੀ ਦੇਣ ਦੀ ਵੀਚਾਰ ਮਨ ਵਿਚ ਬਣਾ ਲਈ ਸੀ। ਪਰ ਸੰਗਤ ਦੀ ਸੰਮਤੀ ਲਈ ਐਸੀ ਖੇਡ ਵਰਤਾਈ ਤਾਂ ਉਸੇ ਵੇਲੇ ਤੁਰੰਤ ੫ (ਪੰਜ) ਪੈਸੇ ਨਾਰੀਅਲ ਰੱਖ ਕੇ ਪ੍ਰਕਰਮਾ ਕੀਤੀਆਂ ਅਤੇ ਹੁਕਮ ਕੀਤਾ ਕਿ ਹੁਣ ਚੌਥਾ ਪਦ ਰਚ ਕੇ ਸ਼ਬਦ ਦੀ ਸੰਪੂਰਨਤਾ ਕਰੋ, ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਲਾਹੌਰ ਤੋਂ ਵਾਰਤਕ ਰੂਪ ਵਿਚ ਮਨ ਦੇ ਭਾਵ ਚਿੱਠੀਆਂ ਦੁਆਰਾ ਲਿਖ ਕੇ ਭੇਜੇ ਸਨ, ਉਨ੍ਹਾਂ ਚਿੱਠੀਆਂ ਦੇ ਤਿੰਨਾਂ ਪਦਾਂ ਸਮੇਤ ਚੌਥਾ ਪਦ ਗੁਰਤਾ ਗੱਦੀ ਤੇ ਬਿਰਾਜਮਾਨ ਹੋ ਕੇ ਉਸੇ ਭਾਵਨਾ ਨੂੰ ਗੁਰੂ ਸਰੂਪ ਵਿਚ ਗੁਰਤਾ ਗੱਦੀ ਤੇ ਬੈਠ ਕੇ ਬਾਹਜ ਤੇ ਅੰਤਰੀਵ ਭਾਵ ਰੱਖਦਿਆਂ ਇਹ ਸ਼ਬਦ ਉਚਾਰਨ ਕੀਤਾ।

## ਭਾਗੁ ਹੋਆ; ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ; ਘਰ ਮਹਿ ਪਾਇਆ ॥

ਬਾਬਾ ਬੁੱਢਾ ਜੀ ਨੂੰ ਸੰਤ ਪਦ ਨਾਲ ਸੰਬੋਧਨ ਕਰਦੇ ਹੋਏ ਉਚਾਰਦੇ ਹਨ ਕਿ ਸਾਡੇ ਪੂਰਬਲੇ ਸ੍ਰੇਸ਼ਟ ਭਾਗਾਂ ਦਾ ਸਮਾਂ ਪ੍ਰਗਟ ਹੋਆ = ਹੋ ਆਇਆ ਤਾਂ ਸੰਤੁ = ਸ਼ਾਂਤ ਆਤਮਾ ਬਾਬਾ ਬੁੱਢਾ ਜੀ ਨੇ ਸਾਨੂੰ ਸਾਡੇ ਪਿਤਾ ਗੁਰਿ = ਸਤਿਗੁਰਾਂ ਨਾਲ ਮਿਲਾਇਆ = ਮਿਲਾਉਣਾ ਕੀਤਾ ਹੈ। ਤਾਂ ਅਸੀਂ ਅਬਿਨਾਸੀ = ਵਿਸ਼ੇਸ਼ ਕਰਕੇ ਨਾਸ ਤੋਂ ਰਹਿਤ, ਪ੍ਰਭੁ = ਪਰਮੇਸ਼ਰ ਸਰੂਪ ਸਤਿਗੁਰਾਂ ਨੂੰ ਘਰ = ਪਰਿਵਾਰ ਮਹਿ = ਵਿਚ ਹੀ ਪਿਤਾ ਸਰੂਪ ਵਿਚ ਪਾਇਆ = ਪਾ ਲਿਆ।

## ਸੇਵ ਕਰੀ, ਪਲੁ ਚਸਾ ਨ ਵਿਛੁੜਾ; ਜਨ ਨਾਨਕ ਦਾਸ ਤੁਮਾਰੇ ਜੀਉ ॥੪॥

ਸਤਿਗੁਰੂ ਸਾਹਿਬ ਜੀ ਕਥਨ ਹਨ ਕਿ ਹੇ ਪਿਤਾ ਸਤਿਗੁਰੂ ਜੀਉ = ਜੀ! ਅਸੀਂ ਜਨ ਤਾਂ ਤੁਮਾਰੇ = ਤੁਹਾਡੇ ਦਾਸ = ਸੇਵਕ ਹਾਂ। ਆਪ ਜੀ ਐਸੀ ਕਿਰਪਾਲਤਾ ਕਰੋ ਕਿ ਅਸੀਂ ਹਮੇਸ਼ਾਂ ਤੁਹਾਡੀ ਸੇਵ = ਟਹਿਲ ਕਰਦੇ ਰਹੀਏ **ਵਾ:** ਤੁਹਾਨੂੰ ਸੇਵ = ਸੇਵਦੇ ਰਹੀਏ ਭਾਵ ਸਿਮਰਦੇ ਰਹੀਏ। ਆਪ ਜੀ ਸਾਥੋਂ ਪਲੁ = ਪਲਕ, ਚਸਾ ਮਾਤਰ ਭਾਵ ਥੋੜਾ ਸਮਾਂ ਭੀ ਨ ਵਿਛੁੜਾ = ਵਿਛੜਨਾ ਨਾ ਕਰੋ **ਵਾ:** ਇਸ ਪ੍ਰਕਾਰ ਸੇਵਾ ਟਹਿਲ ਕਰਦੇ ਰਹੀਏ ਕਿ ਵਿਛੁੜਾ = ਵਿਛੋੜਾ ਪ੍ਰਤੀਤ ਹੀ ਨਾ ਹੋਵੇ ॥੪॥

## ਹਉ ਘੋਲੀ, ਜੀਉ ਘੋਲਿ ਘੁਮਾਈ;
## ਜਨ ਨਾਨਕ ਦਾਸ ਤੁਮਾਰੇ ਜੀਉ ॥ਰਹਾਉ॥੧॥੮॥

ਗੁਰੂ ਜੀ ਫ਼ੁਰਮਾਉਂਦੇ ਹਨ ਕਿ ਹੇ ਪਿਤਾ ਸਤਿਗੁਰੂ ਜੀਉ = ਜੀ! ਅਸੀਂ ਜਨ ਤਾਂ ਤੁਮਾਰੇ = ਤੁਹਾਡੇ ਦਾਸ = ਸੇਵਕ ਹਾਂ। ਹਉ = ਅਸੀਂ ਆਪ ਜੀ ਤੋਂ ਹਿਰਦੇ ਕਰਕੇ ਘੋਲੀ = ਵਾਰਨੇ ਜਾਂਦੇ ਹਾਂ, ਜੀਉ = ਜ਼ਿੰਦਗੀ ਕਰਕੇ ਭੀ ਘੋਲਿ = ਵਾਰਨੇ ਜਾਂਦੇ ਹਾਂ ਅਤੇ ਬਾਣੀ, ਸਰੀਰ ਕਰਕੇ ਭੀ ਘੁਮਾਈ = ਵਾਰਨੇ, ਬਲਿਹਾਰਨੇ ਜਾਂਦੇ ਹਾਂ ॥ਰਹਾਉ॥੧॥੮॥

### ਦੂਸਰਾ ਅਰਥ (ਜਗਿਆਸੂ ਪ੍ਰਤੀ)

### ਮੇਰਾ ਮਨੁ ਲੋਚੈ; ਗੁਰ ਦਰਸਨ ਤਾਈ ॥

ਇਸ ਸ਼ਬਦ ਵਿਚ ਬ੍ਰਹਮ ਦੀ ਸਾਖਿਆਤਤਾ ਕਾਰ ਵਾਸਤੇ ਅਧਿਕਾਰੀ ਬੇਨਤੀ ਕਰਦਾ ਹੈ ਕਿ ਮੇਰਾ ਮਨੁ = ਅੰਤਸ਼ਕਰਣ ਗੁਰ = ਚੇਤਨ ਸਰੂਪ ਦੇ ਦਰਸਨ = ਸਖਿਆਤਕਾਰ ਲਈ ਲੋਚੈ = ਚਾਹੁੰਦਾ ਹੈ।

### ਬਿਲਪ ਕਰੇ; ਚਾਤ੍ਰਿਕ ਕੀ ਨਿਆਈ ॥

ਇਥੇ ਚਾਤ੍ਰਿਕ = ਪਪੀਹੇ ਦਾ ਦ੍ਰਿਸ਼ਟਾਂਤ ਦੇ ਕੇ ਜਗਿਆਸੂ ਵੱਲੋਂ ਬੇਨਤੀ ਹੈ ਕਿ ਜਿਵੇਂ ਨਦੀਆ, ਸਰੋਵਰ

ਤੇ ਸਮੁੰਦਰ ਪਾਣੀ ਨਾਲ ਭਰੇ ਪਏ ਹਨ, ਪ੍ਰੰਤੂ ਪਪੀਹੇ ਦੇ ਕੰਠ ਵਿਚ ਸੁਰਾਖ਼ ਹੋਣ ਕਰਕੇ ਜੋ ਪਾਣੀ ਮੂੰਹ ਰਾਹੀਂ ਪੀਂਦਾ ਹੈ, ਉਹ ਕੰਠ ਰਾਹੀਂ ਨਿਕਲ ਜਾਂਦਾ ਹੈ। ਇਸ ਕਰਕੇ ਪਪੀਹੇ ਦੀ ਪਿਆਸ ਨਹੀਂ ਬੁਝਦੀ। ਜਦੋਂ ਸਵਾਂਤੀ ਬੂੰਦ ਬੱਦਲਾਂ ਰਾਹੀਂ ਪ੍ਰਾਪਤ ਹੁੰਦੀ ਹੈ ਤਾਂ ਇਸ ਦੀ ਪਿਆਸ ਬੁਝਦੀ ਹੈ। ਇਸੇ ਪ੍ਰਕਾਰ ਚਾਤ੍ਰਿਕ = ਪਪੀਹੇ ਕੀ = ਦੀ ਨਿਆਈ = ਤਰ੍ਹਾਂ ਜਗਿਆਸੂ ਦਾ ਅੰਤਸ਼ਕਰਣ ਪਰਮੇਸ਼ਰ ਦੀ ਪ੍ਰਾਪਤੀ ਰੂਪੀ ਸਵਾਂਤੀ ਬੂੰਦ ਤੋਂ ਬਿਨਾਂ ਬਿਲਪ = ਵਿਰਲਾਪ ਕਰੇ = ਕਰਦਾ ਹੈ, ਭਾਵ ਦੁਖੀ ਹੁੰਦਾ ਹੈ।

**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ; ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥**

ਪਰਮਾਤਮਾ ਦੀ ਪ੍ਰਾਪਤੀ ਰੂਪੀ ਤ੍ਰਿਖਾ = ਪਿਆਸ ਨ = ਨਹੀਂ ਉਤਰੈ = ਉਤਰਦੀ, ਸਖਿਆਤਕਾਰ ਹੋਣ ਰੂਪ ਸਵਾਂਤੀ ਬੂੰਦ ਤੋਂ ਬਿਨਾਂ ਭਾਵੇਂ ਸਮੁੰਦਰ ਦੀ ਨਿਆਈਂ ਵੇਦ, ਸਰੋਵਰਾਂ ਦੀ ਨਿਆਈਂ ਪੁਰਾਣ ਤੇ ਨਦੀਆਂ ਦੀ ਨਿਆਈਂ ਸ਼ਾਸਤਰ, ਇਹ ਗਿਆਨ ਰੂਪੀ ਜਲ ਦੇ ਭਰੇ ਪਏ ਹਨ। ਉਹ ਗਿਆਨ ਨੂੰ ਜਗਿਆਸੂ ਪ੍ਰਾਪਤ ਕਰਦਾ ਤਾਂ ਹੈ ਪ੍ਰੰਤੂ ਗਿਆਨ ਅੰਦਰ ਠਹਿਰਦਾ ਨਹੀਂ, ਜਿੰਨਾ ਚਿਰ ਤਕ ਗੁਰੂ ਰੂਪੀ ਬੱਦਲ ਅਭੇਦ ਬੋਧ ਰੂਪ ਸਵਾਂਤੀ ਬੂੰਦ ਦਾ ਉਪਦੇਸ਼ ਨਾ ਦੇ ਦੇਣ। ਹੇ ਸੰਤ = ਸ਼ਾਂਤ ਸਰੂਪ ਗੁਰਸਿੱਖਾਂ ਦੇ ਪਿਆਰੇ ਗੁਰੂ ਜੀ ਆਪ ਜੀ ਦੇ ਦਰਸਨ = ਦੀਦਾਰ ਭਾਵ ਅਭੇਦ ਬੋਧ ਰੂਪ ਸਵਾਂਤੀ ਬੂੰਦ ਤੋਂ ਬਿਨਾਂ ਸਾਂਤਿ = ਟਿਕਾਅ ਨ = ਨਹੀਂ ਆਵੈ = ਆਉਂਦਾ ॥੧॥

**ਹਉ ਘੋਲੀ, ਹਉ ਘੋਲਿ ਘੁਮਾਈ; ਗੁਰ ਦਰਸਨ ਸੰਤ ਪਿਆਰੇ ਜੀਉ ॥੧॥ਰਹਾਉ॥**

ਗੁਰ = ਚੇਤਨ ਸੰਤ = ਸ਼ਾਂਤ ਸਰੂਪ ਭਗਤਾਂ ਦੇ ਪਿਆਰੇ ਜੀਉ = ਜੀ ! ਆਪ ਜੀ ਦੇ ਸਖਿਆਤਤਾ ਰੂਪ ਦਰਸਨ = ਦੀਦਾਰਾਂ ਤੋਂ ਹਉ = ਅਸੀਂ ਜੀਉ = ਸੂਖਮ ਸਰੀਰ ਕਰਕੇ ਘੋਲੀ = ਵਾਰਨੇ ਜਾਂਦੇ ਹਾਂ ਅਤੇ ਬਾਣੀ ਤੇ ਸਰੀਰ ਕਰਕੇ ਵੀ ਘੋਲਿ ਘੁਮਾਈ = ਵਾਰਨੇ ਫੇਰਨੇ ਜਾਂਦੇ ਹਾਂ ॥੧॥ਰਹਾਉ॥

**ਤੇਰਾ ਮੁਖੁ ਸੁਹਾਵਾ ਜੀਉ; ਸਹਜ ਧੁਨਿ ਬਾਣੀ ॥**

ਹੇ ਵਾਹਿਗੁਰੂ ਪਰਮੇਸ਼ਰ ਆਪ ਜੀ ਦਾ ਮੁਖੁ = ਸਰੂਪ **ਵਾ:** ਜੋ ਸਾਰਿਆ ਵਿਚ ਚੇਤਨ ਸੱਤਾ ਰੂਪ ਮੁਖੁ = ਮੁਖੀ ਹੈ, ਉਹ ਆਪ ਜੀ ਦਾ ਸਰੂਪ ਬੇਦਾਂ ਸ਼ਾਸਤਰਾਂ ਕਰਕੇ ਸੁਹਾਵਾ = ਸ਼ੋਭਨੀਕ ਹੈ ਜੀ। ਜੋ ਆਪ ਜੀ ਦੀ ਗੁਰੂ ਸਰੂਪ ਹੋ ਕੇ ਪ੍ਰਗਟ ਕੀਤੀ ਬਾਣੀ ਦੀ ਧੁਨਿ = ਅਵਾਜ਼ ਹੈ, ਉਹ ਆਤਮਿਕ ਸਹਜ = ਗਿਆਨ ਦੇਣ ਵਾਲੀ ਹੈ।

**ਚਿਰੁ ਹੋਆ ਦੇਖੇ; ਸਾਰਿੰਗਪਾਣੀ ॥**

ਸਾਰਿੰਗ = ਪ੍ਰਿਥਵੀ ਦੀ ਸੱਤਾ ਨੂੰ ਆਪਣੇ ਪਾਣੀ = ਹੱਥਾਂ ਵਿਚ ਰੱਖਣ ਵਾਲੇ ਬ੍ਰਹਮ ਚੇਤਨ ਆਪ ਜੀ ਦੇ ਸਖਿਆਤਤਾ ਰੂਪ ਦਰਸ਼ਨ ਦੇਖਿਆਂ ਨੂੰ ਚਿਰੁ = ਬਹੁਤ ਸਮਾਂ ਹੋਆ = ਹੋ ਗਿਆ ਭਾਵ ਸਾਧਨ ਕਰਦਿਆਂ ਬਹੁਤ ਸਮਾਂ ਹੋ ਗਿਆ ਹੈ।

**ਧੰਨੁ ਸੁ ਦੇਸੁ, ਜਹਾ ਤੂੰ ਵਸਿਆ; ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥**

ਸੁ = ਉਹ ਬ੍ਰਹਮ ਬੇਤਿਆਂ ਦਾ ਅੰਤਸ਼ਕਰਣ ਰੂਪ ਦੇਸ ਧੰਨੁ = ਧੰਨਤਾ ਯੋਗ ਹੈ, ਜਹਾ = ਜਿਥੇ ਆਪ ਸਾਖਿਆਤ ਹੋ ਕੇ ਵਸਿਆ = ਵਸ ਰਹੇ ਹੋ, ਹੇ ਮੇਰੇ ਮਨ ਦੇ ਸਜਣ ਤੇ ਤਨ ਦੇ ਮੀਤ = ਮਿੱਤਰ ਬਿਰਤੀ ਅਰੂਢ ਚੇਤਨ ਹੋ ਕੇ ਆਪ ਹੰਕਾਰ ਰੂਪੀ ਮੁਰਾਰੇ (ਮੁਰ+ਅਰੇ) ਮੁਰ ਦੈਂਤ ਤੇ ਅਰੇ = ਦੁਸ਼ਮਣ ਭਾਵ ਨਾਸ ਕਰਨ ਵਾਲੇ ਹੋ ਜੀਉ = ਜੀ ॥੨॥

**ਹਉ ਘੋਲੀ, ਜੀਉ ਘੋਲਿ ਘੁਮਾਈ; ਗੁਰ ਸਜਣ ਮੀਤ ਮੁਰਾਰੇ ਜੀਉ ॥੧॥ਰਹਾਉ॥**

ਹੇ ਗੁਰ = ਚੇਤਨ ਸਰੂਪ ਪਰਮੇਸ਼ਰ ਮਾਤਾ ਦੇ ਗਰਭ ਵਿਚ ਰੱਖਿਆ ਕਰਨ ਵਾਲੇ ਸਜਣ = ਪ੍ਰੀਤਮ ਤੇ ਲੋਕ ਪਰਲੋਕ ਵਿਚ ਰੱਖਿਆ ਕਰਨ ਵਾਲੇ ਮੀਤ = ਮਿੱਤਰ ਮੁਰਾਰੇ = ਮੁਰਾਰੀ ਪਰਮੇਸ਼ਰ ਜੀਉ = ਜੀ !

ਹਉ = ਅਸੀਂ ਆਪ ਜੀ ਤੋਂ ਮਨ ਕਰਕੇ ਘੋਲੀ = ਵਾਰਨੇ ਤੇ ਹਉ = ਅਸੀਂ ਬਾਣੀ, ਸਰੀਰ ਕਰਕੇ ਵੀ ਘੋਲਿ ਘੁਮਾਈ = ਬਲਿਹਾਰ ਕੁਰਬਾਨ ਜਾਂਦੇ ਹਾਂ ॥੧॥ਰਹਾਉ॥

**ਇਕ ਘੜੀ ਨ ਮਿਲਤੇ; ਤਾ ਕਲਿਜੁਗੁ ਹੋਤਾ ॥**

ਜਦੋਂ ਇਕ = ਇਕਾਗਰਤਾ ਵਾਲੇ ਘੜੀ = ਸਮੇਂ ਵਿਚ ਆਪ ਜੀ ਦਾ ਅਨੰਦ ਨਹੀਂ ਮਿਲਤੇ = ਮਿਲਦਾ ਭਾਵ ਵਿਖੇਪਤਾ ਆ ਜਾਂਦੀ ਹੈ ਤਾਂ ਉਸ ਵੇਲੇ ਕਲਿਜੁਗੁ (ਕਲਿ+ਜੁਗੁ) ਕਲਿ = ਕਲਪਣਾ ਵਾਲਾ ਜੁਗੁ = ਸਮਾ ਹੋਤਾ = ਹੋ ਜਾਂਦਾ ਹੈ।

**ਹੁਣਿ ਕਦਿ ਮਿਲੀਐ; ਪ੍ਰਿਅ ਤੁਧੁ ਭਗਵੰਤਾ ॥**

ਹੇ ਪਿਆਰੇ ਭਗਵੰਤਾ = ਪਰਮੇਸ਼ਰ ਵਾਹਿਗੁਰੂ ਜੀ! ਹੁਣ ਮਨੁੱਖਾ ਜਨਮ ਵਿਚ ਨਾ ਮਿਲੇ ਤਾਂ ਫੇਰ ਤੁਧੁ = ਤੁਹਾਡਾ ਕਦਿ = ਕਦੋਂ ਮਿਲੀਐ = ਮਿਲਾਪ ਹੋਵੇਗਾ।

**ਮੋਹਿ ਰੈਣਿ ਨ ਵਿਹਾਵੈ, ਨੀਦ ਨ ਆਵੈ; ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥**

ਹੇ ਗੁਰ = ਚੇਤਨ ਸਰੂਪ ਪਰਮੇਸ਼ਰ! ਆਪ ਜੀ ਦੇ ਸਰੂਪ ਰੂਪੀ ਦਰਬਾਰ ਦੇ ਦਰਸ਼ਨ ਦੇਖੇ = ਵੇਖੇ ਤੋਂ ਬਿਨੁ = ਬਗ਼ੈਰ ਮੋਹਿ = ਮੇਰੀ ਅਵਸਥਾ ਰੂਪੀ ਰੈਣਿ = ਰਾਤ ਵਿਹਾਵੈ = ਬਤੀਤ ਨ = ਨਹੀਂ ਹੁੰਦੀ ਤੇ ਨ = ਨਾ ਹੀ ਸ਼ਾਂਤੀ ਤੇ ਸਮਾਧੀ ਰੂਪ ਨੀਂਦ ਆਵੈ = ਆਉਂਦੀ ਹੈ ॥੩॥

**ਹਉ ਘੋਲੀ, ਜੀਉ ਘੋਲਿ ਘੁਮਾਈ; ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ਰਹਾਉ॥**

ਹੇ ਗੁਰ = ਚੇਤਨ ਸਰੂਪ ਪਰਮੇਸ਼ਰ ਤਿਸੁ = ਉਸ ਆਪ ਜੀ ਦੇ ਸੱਚੇ ਸਰੂਪ ਰੂਪੀ ਦਰਬਾਰੇ ਤੋਂ ਹਉ = ਅਸੀਂ ਜੀਉ = ਜ਼ਿੰਦਗੀ ਭਾਵ ਜੀਵਣ ਰੂਪ ਕਰਕੇ ਘੋਲੀ = ਵਾਰਨੇ ਜਾਂਦੇ ਹਾਂ ਅਤੇ ਬਾਣੀ ਤੇ ਸਰੀਰ ਕਰਕੇ ਘੋਲਿ ਘੁਮਾਈ = ਵਾਰਨੇ ਬਲਿਹਾਰਣੇ ਜਾਂਦੇ ਹਾਂ ॥੧॥ਰਹਾਉ॥

**ਭਾਗੁ ਹੋਆ; ਗੁਰਿ ਸੰਤੁ ਮਿਲਾਇਆ ॥**

ਜਦੋਂ ਕੋਈ ਪੂਰਬਲਾ ਉਤਮ ਭਾਗੁ = ਕਰਮ ਫਲ ਦੇਣ ਵਾਸਤੇ ਪ੍ਰਗਟ ਹੋਆ = ਹੋਇਆ ਤਾਂ ਪਰਮੇਸ਼ਰ ਨੇ ਸੰਤੁ = ਸ਼ਾਂਤ ਆਤਮਾ ਗੁਰਿ = ਸਤਿਗੁਰੂ ਦਾ ਮਿਲਾਇਆ = ਮਿਲਾਪ ਕਰਵਾ ਦਿੱਤਾ ਹੈ। ਜੈਸਾ ਕਿ :

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥** *(ਗਉੜੀ ਮ: ੫, ਅੰਗ ੨੦੪)*

**ਪ੍ਰਭੁ ਅਬਿਨਾਸੀ; ਘਰ ਮਹਿ ਪਾਇਆ ॥**

ਫਿਰ ਸਤਿਗੁਰਾਂ ਦੀ ਕ੍ਰਿਪਾ ਨਾਲ ਅਬਿਨਾਸੀ = ਨਾਸ਼ ਤੋਂ ਰਹਿਤ ਪ੍ਰਭੁ = ਮਾਲਕ ਵਾਹਿਗੁਰੂ ਨੂੰ ਸਤਿਸੰਗਤ ਦੁਆਰਾ ਹਿਰਦੇ ਰੂਪ ਘਰ ਮਹਿ = ਵਿਚ ਹੀ ਪਾਇਆ = ਪਾ ਲਿਆ ਹੈ।

ਹੁਣ ਉਸ ਪ੍ਰਾਪਤ ਹੋਏ ਅਨੰਦ ਬਾਰੇ ਜਗਿਆਸੂ ਬੇਨਤੀ ਕਰਦਾ ਹੈ।

**ਸੇਵ ਕਰੀ, ਪਲੁ ਚਸਾ ਨ ਵਿਛੁੜਾ; ਜਨ ਨਾਨਕ ਦਾਸ ਤੁਮਾਰੇ ਜੀਉ ॥੪॥**

ਸਤਿਗੁਰੂ ਜੀ ਜਗਿਆਸੂ ਮੁਖ ਦੁਆਰਾ ਫ਼ੁਰਮਾਉਂਦੇ ਹਨ ਕਿ ਅਸੀਂ ਆਪ ਜੀ ਦਾ ਅਖੰਡਕਾਰ ਬਿਰਤੀ ਦੁਆਰਾ ਸੇਵ = ਸੇਵਨ ਕਰਦੇ ਹਾਂ, ਇਕ ਪਲ ਜਾਂ ਚਸਾ ਭਾਵ ਥੋੜੇ ਤੋਂ ਥੋੜੇ ਸਮੇਂ ਵਿਚ ਵੀ ਬਿਰਤੀ ਦਾ ਵਿਛੁੜਾ = ਟੁੱਟਣਾ ਨਾ ਹੋਵੇ ਭਾਵ ਅਖੰਡਕਾਰ ਬਿਰਤੀ ਬਣੀ ਰਹੇ। ਇਹ ਅਵਸਥਾ ਪ੍ਰਾਪਤ ਕਰਕੇ ਕਦੇ ਦਾਸਾ ਭਾਵ ਨਾ ਭੁੱਲੇ ਅਤੇ ਅਸੀਂ ਤੁਮਾਰੇ = ਤੁਹਾਡੇ ਜਨ = ਦਾਸਾਂ ਦੇ ਦਾਸ ਬਣੇ ਰਹੀਏ ਜੀ। ਭਾਵ ਹੱਥੀਂ-ਪੈਰੀਂ ਸੇਵਾ ਕਰਦੇ ਰਹੀਏ ॥੪॥ ਜੈਸਾ ਕਿ :

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥** *(ਸਲੋਕ ਕਬੀਰ ਜੀਉ, ਅੰਗ ੧੩੭੬)*

**ਹਉ ਘੋਲੀ, ਜੀਉ ਘੋਲਿ ਘੁਮਾਈ; ਜਨ ਨਾਨਕ ਦਾਸ ਤੁਮਾਰੇ ਜੀਉ ॥ਰਹਾਉ॥੧॥੮॥**

ਸਤਿਗੁਰੂ ਜੀ ਜਗਿਆਸੂ ਮੁਖ ਦੁਆਰਾ ਫ਼ੁਰਮਾਉਂਦੇ ਹਨ ਕਿ ਅਸੀਂ ਤੁਮਾਰੇ = ਤੁਹਾਡੇ ਦਾਸ = ਸੇਵਕ ਆਪ ਜੀ ਦੇ ਉਪਰੋਂ ਹਉ = ਹੰਗਤਾ ਵੀ ਘੋਲੀ = ਵਾਰਨੇ ਕਰਦੇ ਹਾਂ ਅਤੇ ਮਨ, ਬਾਣੀ ਕਰਕੇ ਘੋਲਿ ਘੁਮਾਈ = ਵਾਰਨੇ ਬਲਿਹਾਰਣੇ ਜਾਂਦੇ ਹਾਂ ॥ਰਹਾਉ॥੧॥੮॥

***ਨੋਟ :*** ਇਸ ਸਬਦ ਦੀ ਉਥਾਨਕਾ ਦੇ ਸੰਪ੍ਰਦਾਈ ਵਿਚਾਰਧਾਰਾ ਅਤੇ ਇਤਿਹਾਸਿਕ ਸਰੋਤਾਂ ਅਨੁਸਾਰ ਸਬੂਤ ਮੌਜੂਦ ਹਨ, ਪਰੰਤੂ ਕੁਝ ਸੰਪ੍ਰਦਾ ਵਿਰੋਧੀ ਵਿਚਾਰਧਾਰਾ ਵਾਲੇ ਅਤੇ ਇਤਿਹਾਸਿਕ ਸਰੋਤਾਂ ਉੱਪਰ ਟੀਕਾ ਟਿੱਪਣੀ ਕਰਨ ਵਾਲੇ ਸੱਜਣ ਇਸ ਸ਼ਬਦ ਦੀ ਉਥਾਨਕਾ ਨੂੰ ਇਕ ਮਨ-ਘੜਤ ਕਹਾਣੀ ਦੱਸਦੇ ਹਨ, ਪਰੰਤੂ ਆਪ ਹੀ ਇਹ ਮੰਨ ਕੇ ਸਾਬਤ ਵੀ ਕਰ ਦਿੱਤਾ ਹੈ ਕਿ ਗੁਰਬਾਣੀ ਵਿਚ ਹਰੇਕ ਸ਼ਬਦ ਕਿਸੇ ਨਾ ਕਿਸੇ ਪਰਥਾਏ ਹੀ ਹੋਇਆ ਕਰਦਾ ਹੈ, ਜੈਸਾ ਕਿ :

**ਪਰਥਾਏ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ ॥** *(ਅੰਗ ੬੪੭)*

ਫਿਰ ਇਹ ਸ਼ਬਦ ਕਿਸੇ ਪ੍ਰਥਾਏ ਕਿਉਂ ਨਹੀਂ ਹੋ ਸਕਦਾ ਇਉਂ ਤਰਕ ਕਰਨ ਵਾਲੇ ਵਿਦਵਾਨ ਨੂੰ ਇਤਿਹਾਸ ਦੇ ਸਰੋਤਾਂ ਅਤੇ ਪੁਰਾਤਨ ਵਿਚਾਰਧਾਰਾ ਤੇ ਤਾਂ ਵਿਸ਼ਵਾਸ ਨਹੀਂ ਬਲਕਿ ਆਪਣੀ ਬੇ-ਪੈਰੀ ਦਲੀਲ ਦੇ ਕੇ ਚੌਥੇ ਪਦ ਦੀ ਤੁਕ 'ਭਾਗੁ ਹੋਆ ਗੁਰਿ ਸੰਤ ਮਿਲਾਇਆ' ਵਿਚ ਗੁਰੁ ਪਦ ਦੇ ਰਾਰੇ ਨੂੰ ਸਿਹਾਰੀ ਹੋਣ ਕਰਕੇ ਵਿਆਕਰਣ ਅਨੁਸਾਰ ਅਰਥ 'ਗੁਰੂ ਨੇ' ਕਰਕੇ ਕਿਹਾ ਹੈ ਕਿ ਗੁਰੂ ਨੇ ਸੰਤ = ਪ੍ਰਭੂ ਮਿਲਾ ਦਿੱਤਾ ਹੈ, ਪਰੰਤੂ ਆਪ ਹੀ ਕਈ ਥਾਂ ਰਾਰੇ ਨੂੰ ਸਿਹਾਰੀ ਵਾਲੇ 'ਗੁਰਿ' ਪਦ ਦੇ ਅਰਥ ਗੁਰੂ ਦੇ ਕੀਤੇ ਹਨ ਜੈਸਾ ਕਿ :

**ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ॥** *(ਅੰਗ ੪੨੭)*

ਅਰਥਾਤ ਪਾਰਸ ਗੁਰੂ ਦੇ ਮਿਲਿਆਂ ਅਸੀਂ ਸੋਨਾ ਬਣ ਜਾਂਦੇ ਹਾਂ। ਇਉਂ ਵਿਆਕਰਣ ਨੇ ਆਪਣੀ ਅਕਲ ਨੂੰ ਸੰਪ੍ਰਦਾਈ ਵਿਚਾਰਧਾਰਾ ਤੇ ਇਤਿਹਾਸਿਕ ਸਰੋਤਾਂ ਤੋਂ ਵੱਡੀ ਸਮਝਦਿਆਂ ਅਰਥ ਬਦਲ ਕੇ ਕਰ ਦਿੱਤੇ ਹਨ। ਪਰੰਤੂ ਅਸਾਂ ਨੇ ਇਥੇ ਪ੍ਰਕਰਣ ਦੇ ਅਨੁਸਾਰ ਸੰਤ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਨਾਲ ਮੇਲ ਦਿੱਤਾ ਅਰਥ ਕਰਿਆ ਹੈ। ਇਥੇ ਸਾਡੇ ਇਕ ਭਾਈ ਵੀਰ ਸਿੰਘ ਜੀ ਦੀ ਕਹੀ ਹੋਈ ਗੱਲ ਯਾਦ ਆਉਂਦੀ ਹੈ, ਜੋ ਉਨ੍ਹਾਂ ਨੇ ਸੰਤ ਗਿਆਨੀ ਕਿਰਪਾਲ ਸਿੰਘ ਜੀ ਗਲੀ ਸੱਤੋ ਵਾਲੀ (ਸ੍ਰੀ ਅੰਮ੍ਰਿਤਸਰ ਸਾਹਿਬ) ਵਾਲਿਆਂ ਨੂੰ ਕਹੀ ਸੀ ਕਿ ਨਵੇਂ-ਨਵੇਂ ਗਿ: ਉੱਠਣਗੇ ਜੋ ਬੇਲੋੜਾ ਵਿਵਾਦ ਕਰਨ ਵਾਲੀਆਂ ਦਲੀਲਾਂ ਭੀ ਦੇਣਗੇ, ਪਰ ਗਿਆਨੀ ਜੀ ਤੁਸੀਂ ਪੁਰਾਤਨ ਅਰਥਾਂ ਨੂੰ ਨਹੀਂ ਛੱਡਣਾ, ਇਹ ਗੱਲ ਦਾਸ ਨੇ ਸੰਤ ਗਿਆਨੀ ਕਿਰਪਾਲ ਸਿੰਘ ਜੀ ਦੀ ਰਸਨਾ ਤੋਂ ਆਪਣੇ ਕੰਨਾਂ ਨਾਲ ਸੁਣੀ ਹੈ, ਇਸ ਲਈ ਜਦੋਂ ਹੋਰ ਬਹੁਤ ਸਾਰੇ ਸ਼ਬਦਾਂ ਦੇ ਬਾਹਜ ਅਰਥਾਂ ਨੂੰ ਮੰਨ ਕੇ ਅੰਤਰੀਵ ਅਰਥ ਕੀਤਾ ਜਾਂਦਾ ਹੈ ਤਾਂ ਇਥੋਂ ਇਤਿਹਾਸ ਅਤੇ ਪੁਰਾਤਨਤਾ ਵਿਗਾੜਨ ਦਾ ਹੱਕ ਕਿਸੇ ਨੂੰ ਨਹੀਂ, ਪੁਰਾਤਨਤਾ ਨੂੰ ਮੁੱਖ ਰੱਖਦਿਆਂ ਹੋਇਆਂ ਅਸਾਂ ਉਪਰੋਕਤ ਅਰਥ ਬਾਹਜ ਕਰਕੇ ਅੰਤਰੀਵ ਭਾਵ ਮੇਲਿਆ ਹੈ ਕਿ ਇਤਿਹਾਸਿਕ ਸ੍ਰੋਤ ਤੇ ਪੁਰਾਤਨਤਾ ਵੀ ਨਾ ਵਿਗਾੜੇ ਅਤੇ ਅੰਤਰੀਵ ਭਾਵ ਦਾ ਅਨੰਦ ਵੀ ਜਗਿਆਸੂ ਜਨਾਂ ਨੂੰ ਪ੍ਰਾਪਤ ਹੋਵੇ।

## ਰਾਗੁ ਮਾਝ ਮਹਲਾ ੫ ॥

ਜਿਸ ਵੇਲੇ ਸਤਿਗੁਰਾਂ ਨੇ ਗੁਰਤਾ ਗੱਦੀ 'ਤੇ ਸੁਭਾਇਮਾਨ ਹੋ ਕੇ 'ਮੇਰਾ ਮਨੁ ਲੋਚੈ' ਵਾਲਾ ਸ਼ਬਦ ਉਚਾਰਨ ਕੀਤਾ ਤਦੋਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਕਿਹਾ ਕਿ ਤੁਹਾਡੇ ਬਚਨ ਬੜੇ ਮਿੱਠੇ ਹਨ ਇਸ ਲਈ ਹੋਰ ਵੀ ਸ਼ਬਦ ਸੁਣਾਉ। ਤਾਂ ਸਤਿਗੁਰੂ ਜੀ ਨੇ ਪਰਮੇਸ਼ਰ ਦੇ ਸਨਮੁਖ ਬਿਰਤੀ ਕਰਕੇ ਇਹ ਸ਼ਬਦ ਉਚਾਰਨ ਕੀਤਾ।

## ਸਾ ਰੁਤਿ ਸੁਹਾਵੀ; ਜਿਤੁ ਤੁਧੁ ਸਮਾਲੀ ॥

ਹੇ ਪਰਮੇਸ਼ਰ ਸਰੂਪ ਸਤਿਗੁਰੂ ਜੀ ! ਸਾ = ਉਹ ਰੁੱਤ ਸੁਹਾਵੀ = ਬੜੀ ਸ਼ੋਭਨੀਕ ਹੈ। ਜਿਤੁ = ਜਿਸ ਵੇਲੇ ਤੁਧੁ = ਤੁਹਾਨੂੰ ਸਮਾਲੀ = ਸੰਭਾਲਦੇ ਭਾਵ ਯਾਦ ਕਰਦੇ ਹਾਂ **ਅਥਵਾ** ਸਾ = ਉਹ ਵੈਰਾਗ, ਉਪਾਸਨਾ, ਗਿਆਨ, ਬਾਲਕ, ਜਵਾਨੀ ਬਿਰਧ ਅਵਸਥਾ ਰੂਪੀ ਰੁੱਤ ਵੀ ਸ਼ੋਭਨੀਕ ਹੈ, ਜਿਸ ਵਿਚ ਤੈਨੂੰ ਯਾਦ ਕਰਦੇ ਹਾਂ।

## ਸੋ ਕੰਮੁ ਸੁਹੇਲਾ; ਜੋ ਤੇਰੀ ਘਾਲੀ ॥

ਸੱਚੇ ਪਾਤਸ਼ਾਹ ਜੀ ! ਸੋ = ਉਹ ਕੰਮ ਸੁਹੇਲਾ = ਸ਼ੋਭਨੀਕ ਸੁਖਦਾਇਕ ਹੈ, ਜੋ ਤੇਰੀ = ਤੁਹਾਡੀ ਭਗਤੀ ਰੂਪ ਘਾਲੀ = ਕਮਾਈ ਕਰਨੀ ਹੈ।

## ਸੋ ਰਿਦਾ ਸੁਹੇਲਾ, ਜਿਤੁ ਰਿਦੈ ਤੂੰ ਵੁਠਾ; ਸਭਨਾ ਕੇ ਦਾਤਾਰਾ ਜੀਉ ॥੧॥

ਸੋ = ਉਹ ਰਿਦਾ ਸੁਹੇਲਾ = ਸੁਖਾਲਾ ਸੁਖਦਾਇਕ ਬਣ ਗਿਆ ਹੈ, ਜਿਤੁ = ਜਿਸ ਰਿਦੈ = ਹਿਰਦੇ ਵਿਚ ਤੂੰ ਸਾਖਿਆਤਕਾਰ ਹੋ ਕੇ ਵੁਠਾ = ਵਸਿਆ ਹੈਂ। ਹੇ ਸੱਚੇ ਪਾਤਸ਼ਾਹ ਜੀ ! ਤੂੰ ਸਾਰਿਆਂ ਦਾ ਦਾਤਾਰਾ = ਦਾਤਾ ਹੈਂ ॥੧॥

## ਤੂੰ ਸਾਝਾ ਸਾਹਿਬੁ; ਬਾਪੁ ਹਮਾਰਾ ॥

ਤੂੰ = ਤੁਸੀਂ ਸਭਨਾਂ ਦੇ ਸਾਝਾ = ਸਾਂਝ ਵਾਲੇ ਸਾਹਿਬੁ = ਮਾਲਕ ਹੋ ਅਤੇ ਗੁਰੂ ਰਾਮਦਾਸ ਜੀਉ = ਜੀ ਰੂਪ ਹਮਾਰਾ = ਮੇਰੇ ਬਾਪੁ = ਪਿਤਾ ਤੇ ਗੁਰੂ ਰੂਪ ਹੋ, **ਵਾ:** ਸਾਡੇ ਗੁਰੂ ਰੂਪ ਹੋਣ ਕਰਕੇ ਪਿਤਾ ਹੋ ਅਤੇ ਸਾਰੀਆਂ ਸੰਗਤਾਂ ਦੇ ਸਾਂਝੇ ਮਾਲਕ ਹੋ।

## ਨਉ ਨਿਧਿ ਤੇਰੈ; ਅਖੁਟ ਭੰਡਾਰਾ ॥

ਨੌਂ ਨਿਧੀਆਂ ਅਸਨ ਬਸਨ ਆਦਿਕ ਤੁਹਾਡੇ ਭੰਡਾਰੇ ਵਿਚ ਅਖੁਟ = ਨ ਮੁੱਕਣ ਵਾਲੀਆਂ ਦਾਤਾਂ ਹਨ।

## ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ; ਸੋਈ ਭਗਤੁ ਤੁਮਾਰਾ ਜੀਉ ॥੨॥

ਜਿਸ ਨੂੰ ਤੁਸੀਂ ਖ਼ੁਸ਼ ਹੋ ਕੇ ਪ੍ਰੇਮ ਭਗਤੀ ਦੀ ਦਾਤ ਬਖ਼ਸ਼ਦੇ ਹੋ, ਉਹ ਇਸ ਲੋਕ ਦੇ ਪਦਾਰਥਾਂ ਵੱਲੋਂ ਤ੍ਰਿਪਤ = ਰੱਜ ਜਾਂਦਾ ਹੈ ਅਤੇ ਪਰਲੋਕ ਦੇ ਪਦਾਰਥਾਂ ਵੱਲੋਂ ਵੀ ਅਘਾਵੈ = ਰੱਜ ਜਾਂਦਾ ਹੈ **ਵਾ:** ਉਹ ਆਪ ਆਤਮਿਕ ਤ੍ਰਿਪਤੀ ਵਿਚ ਤ੍ਰਿਪਤ ਹੋ ਕੇ ਦੂਸਰਿਆਂ ਨੂੰ ਵੀ ਬ੍ਰਹਮ ਗਿਆਨ ਕਰਵਾ ਕੇ ਅਘਾਵੈ = ਰਜਾ ਦਿੰਦਾ ਹੈ, ਸੋਈ = ਉਹੀ ਤੁਮਾਰਾ = ਤੁਹਾਡਾ ਪਿਆਰਾ ਭਗਤ ਹੈ ਜੀ ॥੨॥

## ਸਭੁ ਕੋ; ਆਸੈ ਤੇਰੀ ਬੈਠਾ ॥

ਹੇ ਪਰਮੇਸ਼ਰ ! ਸਭੁ ਕੋ = ਸਾਰੇ ਕੋਈ ਤੇਰੀ = ਤੁਹਾਡੀ ਬਖ਼ਸ਼ਿਸ਼ ਦੀ ਹੀ ਆਸੈ = ਉਮੀਦ ਧਾਰ ਕੇ ਬੈਠਾ = ਬੈਠੇ ਹੋਏ ਹਨ।

## ਘਟ ਘਟ ਅੰਤਰਿ; ਤੂੰਹੈ ਵੁਠਾ ॥

ਹੇ ਮਹਾਰਾਜ ! ਸਾਰਿਆਂ ਘਟ ਘਟ = ਹਿਰਦਿਆਂ **ਵਾ:** ਘਟਾਂ ਘਟਾਂ ਅੰਤਰਿ = ਵਿਚ ਤੂੰਹੈ = ਤੁਸੀਂ ਹੀ ਵੁਠਾ = ਵਸ ਰਹੇ ਹੋ।

## ਸਭੇ ਸਾਝੀਵਾਲ ਸਦਾਇਨਿ; ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥

(**ਸਭੇ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਹੇ ਮਹਾਰਾਜ ਜੀ ! ਸਾਰੇ ਜੀਵ ਤੇਰੇ ਨਾਲ ਸਾਝੀਵਾਲ = ਸਾਂਝ ਰੱਖਣ ਵਾਲੇ ਸਦਾਇਨਿ = ਸਦਾਉਂਦੇ ਹਨ। ਆਪ ਸਾਰਿਆਂ ਦੇ ਆਤਮਾ ਪ੍ਰਕਾਸ਼ਕ (ਚੇਤਨ ਸੱਤਾ ਰੂਪੀ ਜੋਤ) ਹੋਣ ਕਾਰਨ ਸਾਰਿਆਂ ਅੰਦਰ ਵਿਆਪਕ ਹੋ, ਸਾਰਿਆਂ ਦੇ ਅੰਤਹਕਰਣ ਰੂਪੀ ਸਿੰਘਾਸਨ ਉੱਤੇ ਬਿਰਾਜਮਾਨ ਹੋਣ ਕਰਕੇ ਤੂੰ = ਤੁਸੀਂ ਕਿਸੇ ਤੋਂ ਵੀ ਬਾਹਰਾ = ਵੱਖਰੇ ਨਹੀਂ ਦਿਸਦੇ ॥੩॥

## ਤੂੰ ਆਪੇ; ਗੁਰਮੁਖਿ ਮੁਕਤਿ ਕਰਾਇਹਿ ॥

ਤੂੰ = ਤੁਸੀਂ ਆਪੇ = ਆਪ ਹੀ ਭਾਣੇ ਵਿਚ ਚੱਲਣ ਵਾਲੇ ਗੁਰਮੁਖ ਜਨਾਂ ਨੂੰ ਸੰਸਾਰਕ ਬੰਧਨਾਂ ਤੋਂ ਮੁਕਤ ਕਰਾਇਹਿ = ਕਰਨ ਵਾਲੇ ਹੋ।

## ਤੂੰ ਆਪੇ; ਮਨਮੁਖਿ ਜਨਮਿ ਭਵਾਇਹਿ ॥

ਤੂੰ = ਤੁਸੀਂ ਆਪੇ = ਆਪ ਹੀ ਮਨਮੁਖਿ = ਮਨ ਦੀ ਮਰਜ਼ੀ ਅਨੁਸਾਰ ਚੱਲਣ ਵਾਲਿਆਂ ਨੂੰ ਜੂਨਾਂ ਵਿਚ ਜੰਮਣ ਮਰਣ ਰੂਪੀ ਫਲ ਭੁਗਤਾਉਣ ਵਾਸਤੇ ਭਵਾਇਹਿ = ਫੇਰਦੇ ਹੋ।

## ਨਾਨਕ ਦਾਸ ਤੇਰੈ ਬਲਿਹਾਰੈ;<br>ਸਭੁ ਤੇਰਾ ਖੇਲੁ ਦਸਾਹਰਾ ਜੀਉ ॥੪॥੨॥੯॥

ਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਹੇ ਸੱਚੇ ਪਾਤਸ਼ਾਹ ਜੀ ! ਅਸੀਂ ਦਾਸ = ਸੇਵਕ ਤੇਰੈ = ਤੁਹਾਡੇ ਤੋਂ ਬਲਿਹਾਰੈ = ਕੁਰਬਾਨ ਜਾਂਦੇ ਹਾਂ। ਸਭੁ = ਸਾਰਾ ਤੇਰਾ ਹੀ ਖੇਲ ਦਸਾਹਰਾ = ਪ੍ਰਗਟ ਰੂਪ ਵਿਚ ਦਿਸ ਰਿਹਾ ਹੈ, ਜੋ ਕੁਝ ਵੀ ਨਜ਼ਰ ਆ ਰਿਹਾ ਹੈ ਸਭ ਤੇਰਾ ਹੀ ਖੇਲ ਹੈ। ਨਾਮ ਜਪਣ ਵਾਲੇ ਜੋ ਵੀ ਸੰਸਾਰ ਨੂੰ ਦੱਸਦੇ ਹਨ, ਉਹਨਾਂ ਇੱਕੋ ਗੱਲ ਆਖੀ ਕਿ ਸਾਰੀ ਦਿਸਣ ਵਾਲੀ ਖੇਡ ਦਸਾਹਰਾ = ਪ੍ਰਗਟ ਰੂਪ ਵਿਚ ਉਸ ਵਾਹਿਗੁਰੂ ਦਾ ਹੀ ਖੇਲੁ = ਕੌਤਕ ਹੈ **ਵਾ:** ਦਸਾਹਰਾ = ਦਸਾਂ ਦਿਸ਼ਾਵਾਂ ਨੂੰ ਹਰਨ ਵਾਲਾ ਆਪ ਜੀ ਦਾ ਐਸਾ ਖੇਲੁ = ਕੌਤਕ ਹੈ। ਬ੍ਰਹਮ ਚੇਤਨ ਸਰੂਪ ਆਪ ਤੋਂ ਬਿਨਾਂ ਕੋਈ ਨਹੀਂ ਹੈ ਜੀ ॥੪॥੨॥੯॥ ਜੈਸਾ ਕਿ :

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥** *(ਅੰਗ ੧੨੯੯)*

## ਮਾਝ ਮਹਲਾ ੫ ॥

**ਉਥਾਨਕਾ :** ਇਕ ਵਾਰੀ ਸਤਿਗੁਰਾਂ ਦੇ ਕੋਲ ਇਕ ਲੰਮੀ ਉਮਰ ਵਾਲਾ ਜੋਗੀ ਆਇਆ, ਇਸ ਨੇ ਸਤਿਗੁਰਾਂ ਕੋਲ ਬੇਨਤੀ ਕੀਤੀ ਕਿ ਸਤਿਗੁਰੂ ਜੀ ਸਾਡੇ ਜੋਗ ਮੱਤ ਵਿਚ ਇਕ ਤਾਰ ਦੇ ਵਾਜੇ ਹਨ, ਜਿੰਨਾ ਨੂੰ ਤਤ ਸ਼ਬਦ ਕਿਹਾ ਜਾਂਦਾ ਹੈ, ਚੰਮ ਦੇ ਮ੍ਰਿਦੰਗ, ਜੋੜੀ ਆਦਿਕ ਵਾਜਿਆਂ ਨੂੰ ਵਿਤ ਸ਼ਬਦ ਕਿਹਾ ਜਾਂਦਾ ਹੈ, ਕਾਂਸੀ ਦੇ ਬਰਤਣ ਵਿੱਚੋਂ ਨਿਕਲਣ ਵਾਲੀ ਆਵਾਜ਼ ਨੂੰ ਘਨ ਸ਼ਬਦ ਕਿਹਾ ਜਾਂਦਾ ਹੈ, ਘੜੇ ਉਤੇ ਹੱਥ ਮਾਰਨ ਤੋਂ ਨਿਕਲੀ ਆਵਾਜ਼ ਨੂੰ ਨਾਦ ਸ਼ਬਦ ਕਿਹਾ ਜਾਂਦਾ ਹੈ, ਸਾਹਾਂ ਨਾਲ ਵਜਾਉਣ ਵਾਲੇ ਬੀਨ, ਬੰਸਰੀਆਂ ਆਦਿ ਨੂੰ ਸੁਖਰ ਵਾਜੇ ਕਿਹਾ ਜਾਂਦਾ ਹੈ, ਇਸ ਤਰ੍ਹਾਂ ਸਤਿਗੁਰੂ ਜੀ ਬਾਕੀ ਤਾਂ ਸਾਰਿਆ ਦਾ ਪਤਾ ਹੈ ਪਰੰਤੂ ਅਨਹਦ ਨਾਮ ਕਿਸ ਦਾ ਹੈ ?

ਤਾਂ ਗੁਰੂ ਜੀ ਨੇ ਕਿਹਾ ਕਿ ਅਨਹਦ ਦਾ ਅਰਥ ਹੈ ਜਿਸ ਦੀ ਕੋਈ ਹੱਦ ਨਾ ਹੋਵੇ, ਭਾਵ ਜੋ ਹਦ ਤੋਂ ਬਾਹਰ ਹੋਵੇ ਉਹ ਅਨਹਦ ਹੁੰਦਾ ਹੈ, ਜੋ ਹੱਦ ਵਿਚ ਹੈ, ਉਹ ਅਨਹਦ ਨਹੀਂ ਹੋ ਸਕਦਾ, ਜਿਵੇਂ ਸੰਖ,

ਘੜਿਆਲ, ਬੀਨਾ ਆਦਿ ਦੀਆਂ ਆਵਾਜ਼ਾਂ ਤਾਂ ਹੱਦ ਵਿਚ ਹਨ, ਇਸੇ ਤਰ੍ਹਾਂ ਜੇਕਰ ਹੋਰ ਵੀਚਾਰ ਦੀ ਨਿਗ੍ਹਾ ਮਾਰ ਕੇ ਦੇਖੀਏ ਤਾਂ ਧਰਤੀ ਪਾਣੀ ਦੇ ਕਾਰਨ ਹੱਦ ਵਾਲੀ ਹੈ, ਪਾਣੀ ਅੱਗ ਨੂੰ ਲੈ ਕੇ, ਅੱਗ ਹਵਾ ਨੂੰ ਲੈ ਕੇ, ਅੱਗ ਹਵਾ ਆਕਾਸ਼ ਨੂੰ ਲੈ ਕੇ ਅਤੇ ਆਕਾਸ਼ ਪ੍ਰਕ੍ਰਿਤੀ ਨੂੰ ਲੈ ਕੇ ਹੱਦ ਵਾਲੀ ਚੀਜ਼ ਹੈ, ਇਉਂ ਸਾਰੀਆਂ ਚੀਜ਼ਾਂ ਹੱਦ ਵਾਲੀਆਂ ਹਨ, ਹਦ ਤੋਂ ਰਹਿਤ ਕੇਵਲ ਪਰਮੇਸ਼ਰ ਹੀ ਹੈ, ਇਸ ਕਰਕੇ

## ਅਨਹਦੁ ਵਾਜੈ ; ਸਹਜਿ ਸੁਹੇਲਾ ॥

ਹੇ ਭਾਈ ! ਜਿਨ੍ਹਾਂ ਨੇ ਅਨਹਦੁ = ਹੱਦ ਤੋਂ ਰਹਿਤ ਇਕ ਰਸ ਪ੍ਰਭੂ ਦਾ ਨਾਮ ਉਚਾਰਨ ਕੀਤਾ ਹੈ ਉਨ੍ਹਾਂ ਦੇ ਹਿਰਦੇ ਅੰਦਰ ਕੇਵਲ ਨਾਮ ਰੂਪੀ ਵਾਜਾ ਹੀ ਵਾਜੈ = ਵੱਜਦਾ ਹੈ ਭਾਵ ਪ੍ਰਗਟ ਹੁੰਦਾ ਹੈ ਅਤੇ ਉਹ ਸਹਜਿ = ਸੁਤੇ ਸਿਧ ਹੀ ਸੁਹੇਲਾ = ਸੁਖਦਾਇਕ ਅਵਸਥਾ ਵਿਚ ਪਹੁੰਚ ਜਾਂਦੇ ਹਨ।

## ਸਬਦਿ ਅਨੰਦ ਕਰੇ; ਸਦ ਕੇਲਾ ॥

ਫੇਰ ਉਹ ਪੂਰਨ ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਵਾਹਿਗੁਰੂ ਦੇ ਅਨੰਦ ਨੂੰ ਹਿਰਦੇ ਵਿਚ ਅਨੁਭਵ ਕਰਦੇ ਹਨ ਅਤੇ ਸਦਾ = ਹਮੇਸ਼ਾ ਵਾਹਿਗੁਰੂ ਦੀਆਂ ਕੇਲਾ = ਖੁਸ਼ੀਆਂ ਨੂੰ ਪ੍ਰਾਪਤ ਕਰਦੇ ਹਨ।

## ਸਹਜ ਗੁਫਾ ਮਹਿ ਤਾੜੀ ਲਾਈ; ਆਸਣੁ ਊਚ ਸਵਾਰਿਆ ਜੀਉ ॥੧॥

ਉਹਨਾਂ ਨੇ ਸਹਜ = ਸ਼ਾਂਤ, ਗਿਆਨ ਸਰੂਪ ਰੂਪੀ ਗੁਫਾ ਮਹਿ = ਵਿਚ ਤਾੜੀ = ਸਮਾਧੀ ਲਾਈ ਹੋਈ ਹੈ। ਅਤੇ ਤੁਰੀਆ ਪਦ ਰੂਪੀ **ਵਾ:** ਸੀਲ ਸੰਤੋਖ ਆਦਿ ਰੂਪੀ ਊਚ = ਉੱਚਾ ਆਸਣ ਸਵਾਰਿਆ = ਸਵਾਰਨਾ ਕੀਤਾ ਹੈ **ਅਥਵਾ** ਜੋ ਸਹਜ ਸਰੂਪ ਰੂਪੀ ਗੁਫ਼ਾ ਦੇ ਵਿਚ ਇਕ ਰਸ ਸਮਾਧੀ ਲਾਈ ਹੈ ਇਹੋ ਹੀ ਚਉਰਾਸੀ ਆਸਣਾ ਨਾਲੋਂ ਉੱਚਾ ਆਸਣ ਸਵਾਰਿਆ ਹੈ ਜੀ॥੧॥

## ਫਿਰਿ ਘਿਰਿ; ਅਪੁਨੇ ਗ੍ਰਿਹ ਮਹਿ ਆਇਆ ॥

ਜੋ ਮਨ ਸੰਕਲਪਾਂ ਵਿਕਲਪਾਂ ਤੋਂ ਫਿਰਿ ਘਿਰਿ = ਮੁੜ ਘਿਰ ਕੇ ਆਪਣੇ ਅੰਤਰ ਮੁਖਤਾ ਰੂਪੀ ਗ੍ਰਿਹ = ਘਰ ਦੇ ਮਹਿ = ਵਿਚ ਆਇਆ ਹੈ **ਵਾ:** ਜੋ ਮਨ ਸੰਕਲਪਾ ਵਿਕਲਪਾਂ ਵਿਚ ਫਿਰਿ = ਫਿਰਦਾ ਸੀ ਹੁਣ ਉਹ ਮਨ ਸਾਧਨਾਂ ਨਾਲ ਘੇਰਿਆਂ ਹੋਇਆ ਆਪਣੇ ਅੰਤਹਕਰਣ **ਵਾ:** ਸਤਿਸੰਗਤ ਰੂਪੀ ਘਰ ਵਿਚ ਆਇਆ ਹੈ।

## ਜੋ ਲੋੜੀਦਾ; ਸੋਈ ਪਾਇਆ ॥

ਜੋ ਕੁਝ ਵੀ ਇਹ ਮਨ ਲੋੜੀਦਾ = ਚਾਹੁੰਦਾ ਸੀ, ਸੋਈ = ਓਹੀ ਆਤਮਾਨੰਦ ਰੂਪ ਪਦਾਰਥ ਪਾ ਲਿਆ ਹੈ।

## ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ; ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ ॥੨॥

ਹੇ ਸੰਤਹੁ = ਸੰਤ ਜਨੋ ! ਮਨ ਆਤਮ ਤ੍ਰਿਪਤੀ ਕਰਕੇ ਲੋਕ ਪ੍ਰਲੋਕ ਦੇ ਪਦਾਰਥਾਂ ਵੱਲੋ ਅਘਾਇ = ਰੱਜ ਰਿਹਾ ਹੈ ਕਿਉਂਕਿ ਗੁਰਾਂ ਨੇ ਅਨਭਉ = ਭੈ ਤੋਂ ਰਹਿਤ ਪੁਰਖੁ = ਵਿਆਪਕ ਪਰਮੇਸ਼ਰ ਨੂੰ ਅੰਦਰੋ ਪ੍ਰਗਟ ਕਰਕੇ ਦਿਖਾਰਿਆ = ਦਿਖਾ ਦਿੱਤਾ ਹੈ ਜੀ॥੨॥ ਹੁਣ ਦ੍ਰਿਸ਼ਟੀ ਇਹ ਹੋ ਗਈ ਹੈ ਕਿ

## ਆਪੇ ਰਾਜਨੁ; ਆਪੇ ਲੋਗਾ ॥

ਉਹ ਪਰਮੇਸ਼ਰ ਆਪ ਹੀ ਰਾਜਨੁ = ਰਾਜਾ ਰੂਪ ਹੈ ਅਤੇ ਆਪ ਹੀ ਲੋਗਾ = ਪਰਜਾ ਰੂਪ ਹੈ। **ਵਾ:** ਆਪੇ ਰਾਜਨੁ = ਆਪ ਹੀ ਪ੍ਰਕਾਸ਼ ਸਰੂਪ ਗੁਰੂ ਰੂਪ ਹੈ। ਆਪ ਹੀ ਲੋਗਾ = ਜਗਿਆਸੂ ਰੂਪ ਹੈ।

## ਆਪਿ ਨਿਰਬਾਣੀ; ਆਪੇ ਭੋਗਾ ॥

ਆਪ ਹੀ ਨਿਰਗੁਣ ਸਰੂਪ ਹੋ ਕੇ ਨਿਰਬਾਣੀ = ਬੰਧਨਾਂ ਤੋਂ ਰਹਿਤ ਹੈ, ਆਪ ਹੀ ਸਰਗੁਣ ਸਰੂਪ ਹੋ ਕੇ ਭੋਗਾਂ ਦੇ ਭੋਗਣ ਵਾਲਾ ਹੈ **ਵਾ:** ਆਪ ਹੀ ਨਿਰਬਾਣੀ = ਵਿਰੱਕਤ ਮਹਾਤਮਾ ਰੂਪ ਹੈ, ਆਪ ਹੀ ਪਦਾਰਥਾਂ ਦੇ ਭੋਗਨ ਵਾਲਾ ਗ੍ਰਿਹਸਥੀ ਰੂਪ ਹੈ **ਵਾ:** ਨਿਰਬਾਣੀ = ਬਨਾ ਆਦਿਕ ਤੋਂ ਰਹਿਤ, ਬੋਲ-ਚਾਲ ਤੋਂ ਰਹਿਤ ਹੈ। ਆਪ ਹੀ ਸਾਰੀ ਦੁਨੀਆਂ ਦਾ ਭੋਗਾ = ਭੋਗ ਪਾਉਣ ਵਾਲਾ ਭਾਵ ਸਮਾਪਤੀ ਕਰਨ ਵਾਲਾ ਹੈ **ਵਾ:** ਆਪ ਹੀ ਪਦਾਰਥਾਂ ਨੂੰ ਗ੍ਰਹਿਣ ਕਰਨ ਵਾਲਾ ਅਤੇ ਆਪ ਹੀ ਭੋਗਾ = ਭੋਗਣ ਵਾਲਾ ਹੈ।

ਜਿਵੇਂ ਜਿਸ ਵਕਤ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਸੁਮੇਰ ਪਰਬਤ ਉੱਤੇ ਜਾਣ ਲੱਗੇ ਤਾਂ ਭਾਈ ਮਰਦਾਨਾ ਦੀ ਲਿਵ ਲੱਗ ਗਈ, ਮਸਤ ਹੋ ਗਏ। ਸਰੀਰ ਦੀ ਸਾਰੀ ਭੁੱਖ ਮਿਟ ਗਈ। ਉਸ ਵੇਲੇ ਮਸਤ ਹੋ ਕੇ ਭਾਈ ਮਰਦਾਨੇ ਨੇ ਨੇਤਰ ਖੋਲ੍ਹੇ ਅਤੇ ਗੁਰੂ ਸਾਹਿਬ ਜੀ ਨੂੰ ਕਹਿਣ ਲੱਗੇ ਕਿ ਸਤਿਗੁਰੂ ਜੀ! ਮੇਰਾ ਇਕ ਪ੍ਰਸ਼ਨ ਹੈ। ਆਪ ਜੀ ਕਈ ਕਈ ਦਿਨ ਤੱਕ ਭੋਜਨ ਨਹੀਂ ਛਕਦੇ। ਇਹ ਕੀ ਕਾਰਨ ਹੈ? ਸਾਹਿਬ ਨੇ ਉੱਤਰ ਦਿੱਤਾ ਕਿ ਮਰਦਾਨਿਆਂ, ਜਿਹੜੇ ਪ੍ਰੇਮੀ ਗੁਰਮੁਖ ਪਿਆਰੇ ਮੇਰੇ ਅਤਿ ਸਨੇਹੀ ਗੁਰਸਿੱਖ ਜਦੋਂ ਭਾਵਨਾ ਨਾਲ ਪ੍ਰਸ਼ਾਦਾ ਤਿਆਰ ਕਰਕੇ ਅਰਦਾਸ ਕਰਦੇ ਹਨ, ਸਾਨੂੰ ਯਾਦ ਕਰਕੇ ਵਾਹਿਗੁਰੂ ਕਹਿ ਕੇ ਮੁੱਖ ਵਿਚ ਪਾਉਂਦੇ ਹਨ, ਉਹ ਭੋਜਨ ਸਾਨੂੰ ਪ੍ਰਾਪਤ ਹੁੰਦਾ ਹੈ। ਮਰਦਾਨਿਆਂ, ਉਸ ਭੋਜਨ ਦੇ ਆਸਰੇ ਤ੍ਰਿਪਤ ਰਹਿੰਦੇ ਹਾਂ।

## ਆਪੇ ਤਖਤਿ ਬਹੈ ਸਚੁ ਨਿਆਈ; ਸਭ ਚੂਕੀ ਕੂਕ ਪੁਕਾਰਿਆ ਜੀਉ ॥੩॥

ਆਪੇ = ਆਪ ਹੀ ਸੰਸਾਰ ਰੂਪੀ ਤਖਤਿ = ਸਿੰਘਾਸਣ ਉਤੇ ਬਹੈ = ਬੈਠ ਕੇ ਸਚੁ = ਸੱਚਾ ਨਿਆਈ = ਨਿਆਂਕਾਰ ਹੈ **ਵਾ:** ਆਪ ਹੀ ਗੁਰੂ ਰੂਪ ਹੋ ਕੇ ਸਾਧਸੰਗਤ ਰੂਪੀ ਤਖ਼ਤ 'ਤੇ ਬਿਰਾਜਮਾਨ ਹੋ ਕੇ ਸਿੱਖਾਂ ਪ੍ਰਤੀ ਔਗੁਣਾਂ ਦਾ ਤਿਆਗ ਤੇ ਗੁਣਾਂ ਦਾ ਗ੍ਰਹਿਣ ਕਰਨ ਰੂਪੀ ਸੱਚਾ ਨਿਆ, ਨਿਰਣਾ ਕਰਨ ਵਾਲਾ ਹੈ **ਵਾ:** ਆਪ ਹੀ ਸਾਖੀ ਚੇਤਨ ਹੋ ਕੇ ਅੰਤਹਕਰਨ ਰੂਪੀ ਤਖ਼ਤ 'ਤੇ ਬੈਠ ਕੇ ਸੱਚਾ ਨਿਆਂ ਕਰਦਾ ਹੈ।ਇਸੇ ਕਰਕੇ ਸਭ = ਸਾਰੀਆਂ ਕੂਕ ਪੁਕਾਰਾਂ ਚੁਕੀ = ਚੁੱਕੀਆ ਗਈਆਂ ਹਨ ਜੀ ਭਾਵ ਜੋ ਚਾਂਗਾ ਮਾਰ ਕੇ ਦੁੱਖਾਂ ਦੀ ਨਵਿਰਤੀ ਲਈ ਪੁਕਾਰਾਂ ਕਰਨੀਆਂ ਸਨ ਉਹ ਨਵਿਰਤ ਹੋ ਗਈਆਂ ਹਨ ਜੀ **ਅਥਵਾ** ਜੋ ਵੇਦਾਂ ਸ਼ਾਸਤਰਾਂ ਦੀਆਂ ਕੂਕ = ਉੱਚੀ ਆਵਾਜ਼ ਵਿਚ ਪੁਕਾਰਾਂ ਕਰਨੀਆਂ ਜਾਂ ਦੇਵੀ ਦੇਵਤਿਆਂ ਦੀਆਂ ਬਖ਼ਸ਼ਿਸ਼ਾਂ ਸਨ, ਉਹ ਸਮਰੱਥ ਗੁਰਦੇਵ ਨੇ ਚੂਕੀ = ਖ਼ਤਮ ਕਰ ਦਿੱਤੀਆਂ ਹਨ ॥੩॥

## ਜੇਹਾ ਡਿਠਾ; ਮੈ ਤੇਹੋ ਕਹਿਆ ॥

ਹੇ ਭਾਈ! ਜਿਹੋ ਜਿਹਾ ਅਸੀਂ ਸੁਤੇ ਪ੍ਰਕਾਸ਼ ਕਰਨ ਵਾਲੇ ਵਾਹਿਗੁਰੂ ਦਾ ਸਰੂਪ ਡਿਠਾ = ਦੇਖਿਆ ਹੈ, ਮੈ = ਅਸੀਂ ਤੇਹੋ = ਤਿਹੋ ਜਿਹਾ ਤੇਰੇ ਤਾਈਂ ਕਹਿਆ = ਕਹਿਣਾ ਕੀਤਾ ਹੈ।

## ਤਿਸੁ ਰਸੁ ਆਇਆ; ਜਿਨਿ ਭੇਦੁ ਲਹਿਆ ॥

ਤਿਸੁ = ਉਸ ਨੂੰ ਵਾਹਿਗੁਰੂ ਦੇ ਅਨੰਦ ਦਾ ਰਸ ਪ੍ਰਾਪਤ ਹੋਇਆ ਹੈ, ਜਿਨਿ = ਜਿਸ ਨੇ ਪ੍ਰਭੂ ਦੇ ਭੇਦੁ = ਭੇਤ ਨੂੰ ਜਾਣ ਲਹਿਆ = ਲਿਆ ਹੈ।

## ਜੋਤੀ ਜੋਤਿ ਮਿਲੀ ਸੁਖੁ ਪਾਇਆ;
## ਜਨ ਨਾਨਕ ਇਕੁ ਪਸਾਰਿਆ ਜੀਉ ॥੪॥੩॥੧੦॥

ਉਸ ਦੀ ਜੋਤੀ = ਪ੍ਰਕਾਸ਼ ਸਰੂਪ ਪਰਮੇਸ਼ਰ ਵਿਚ ਪਰਤਕ ਜੋਤ ਮਿਲੀ = ਮਿਲ ਗਈ ਹੈ ਅਤੇ ਉਸ

ਨੇ ਆਤਮਿਕ ਸੁਖੁ = ਅਨੰਦ ਨੂੰ ਪਾਇਆ = ਪਾਉਣਾ ਕੀਤਾ ਹੈ। ਸਤਿਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਇੱਕੋ ਵਾਹਿਗੁਰੂ ਪਰਮੇਸ਼ਰ ਨੇ ਹੀ ਆਪਣਾ ਸਾਰਾ ਪਸਾਰਾ ਪਸਾਰਿਆ = ਫੈਲਾਇਆ ਹੋਇਆ ਹੈ **ਵਾ:** ਉਹ ਆਪ ਹੀ ਸਾਰੇ ਪਸਰਿਆ = ਫੈਲਿਆ, ਵਿਆਪਕ ਹੋ ਰਹਿਆ ਹੈ ਜੀ। ਇਹ ਸੁਣ ਕੇ ਜੋਗੀ ਨਿਹਾਲ ਹੋ ਗਿਆ ॥੪॥੩॥੧੦॥

## ਮਾਝ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਸਾਹਿਬ ਜੀ ਸ੍ਰੇਸ਼ਟ ਭਾਗਾਂ ਵਾਲੀਆਂ ਸੁਹਾਗਵੰਤੀਆਂ ਦੇ ਰੂਪਕ ਅਲੰਕਾਰ ਦੁਆਰਾ ਪਰਮੇਸ਼ਰ ਪਤੀ ਦੇ ਅਨੰਦ ਨੂੰ ਪ੍ਰਾਪਤ ਕਰਨ ਵਾਲੀਆਂ ਗੁਰਮੁਖ ਰੂਪੀ ਸੁਹਾਗਵੰਤੀਆਂ ਦੇ ਲਖਣ ਕਰਦੇ ਹੋਏ ਫੁਰਮਾਉਂਦੇ ਹਨ।

## ਜਿਤੁ ਘਰਿ; ਪਿਰਿ ਸੋਹਾਗੁ ਬਣਾਇਆ ॥

ਜਿਤੁ = ਜਿਸ ਇਸਤ੍ਰੀ ਦੇ ਘਰ ਵਿਚ ਪਿਰਿ = ਪਤੀ ਲਾੜੇ ਰੂਪ ਵਿਚ ਸੋਹਾਗ ਬਣਾਇਆ = ਬਣ ਕੇ ਆਇਆ ਹੈ।

## ਤਿਤੁ ਘਰਿ; ਸਖੀਏ ਮੰਗਲੁ ਗਾਇਆ ॥

ਤਿਤੁ = ਉਸ ਘਰ ਵਿਚ ਹੀ ਇਸਤ੍ਰੀ ਦੀਆਂ ਸਖੀਆਂ ਨੇ ਮੰਗਲੁ = ਖ਼ੁਸ਼ੀ ਦੇ ਗੀਤਾਂ ਨੂੰ ਗਾਇਆ = ਗਾਉਣਾ ਕੀਤਾ ਹੈ।

## ਅਨਦ ਬਿਨੋਦ, ਤਿਤੈ ਘਰਿ ਸੋਹਹਿ; ਜੋ ਧਨ ਕੰਤਿ ਸਿਗਾਰੀ ਜੀਉ ॥੧॥

ਤਿਤੈ = ਉਸ ਘਰ ਵਿਚ ਅਨਦ = ਅਨੰਦਦਾਇਕ ਬਿਨੋਦ = ਕੌਤਕ ਸੋਹਹਿ = ਸੋਭਦੇ ਹਨ, ਜੋ = ਜਿਸ ਘਰ ਵਿਚ ਧਨ = ਇਸਤ੍ਰੀ ਕੰਤਿ = ਪਤੀ ਲਈ ਨਿਮਰਤਾ, ਮਿੱਠ ਬੋਲੜੇ ਸੁਭਾਅ ਆਦਿ ਗੁਣਾਂ ਨਾਲ ਸਿਗਾਰੀ = ਸ਼ਿੰਗਾਰੀ ਗਈ ਹੈ ਜੀਉ = ਜੀ ॥੧॥

## ਸਾ ਗੁਣਵੰਤੀ; ਸਾ ਵਡਭਾਗਣਿ ॥ ਪੁਤ੍ਰਵੰਤੀ; ਸੀਲਵੰਤਿ ਸੋਹਾਗਣਿ ॥

ਸਾ = ਉਹੋ ਹੀ ਇਸਤ੍ਰੀ ਗੁਣਵੰਤੀ = ਗੁਣਾਂ ਵਾਲੀ, ਸਾ = ਉਹੋ ਹੀ ਵਡਭਾਗਣਿ = ਵੱਡੇ ਭਾਗਾਂ ਵਾਲੀ ਹੈ। ਉਹੋ ਹੀ ਪੁਤ੍ਰਵੰਤੀ = ਪੁੱਤਰਾਂ ਵਾਲੀ, ਸੀਲਵੰਤਿ = ਪਤੀਬਰਤਾ ਧਰਮ ਵਾਲੀ ਸੋਹਾਗਣਿ = ਸੁਹਾਗਵੰਤੀ ਹੈ।

## ਰੂਪਵੰਤਿ ਸਾ ਸੁਘੜਿ ਬਿਚਖਣਿ; ਜੋ ਧਨ ਕੰਤ ਪਿਆਰੀ ਜੀਉ ॥੨॥

(**ਬਿ-ਚੱਖਣਿ** ਬੋਲੋ)

ਸਾ = ਉਹ ਹੀ ਰੂਪਵੰਤਿ = ਚੰਗੇ ਰੂਪ ਵਾਲੀ, ਸੁਘੜਿ = ਸਿਆਣੀ ਅਤੇ ਕਾਰ ਵਿਹਾਰਾਂ ਵਿਚ ਬਿਚਖਣਿ = ਚਤੁਰ ਹੈ, ਜੋ = ਜਿਹੜੀ ਧਨ = ਇਸਤ੍ਰੀ ਆਪਣੇ ਕੰਤ = ਪਤੀ ਨੂੰ ਪਿਆਰੀ ਹੈ ਜੀਉ = ਜੀ ॥੨॥

## ਅਚਾਰਵੰਤਿ; ਸਾਈ ਪਰਧਾਨੇ ॥ ਸਭ ਸਿੰਗਾਰ ਬਣੇ; ਤਿਸੁ ਗਿਆਨੇ ॥

(**ਸਾਂਈ** ਨਾ ਬੋਲੋ)

ਸਾਈ = ਉਹੀ ਅਚਾਰਵੰਤਿ = ਨੇਕ ਆਚਰਨ ਵਾਲੀ ਤੇ ਪਰਵਾਰ ਵਿਚ ਪਰਧਾਨੇ = ਮੁਖੀ ਜਾਣੀ ਜਾਂਦੀ ਹੈ। ਤਿਸੁ = ਉਸ ਗਿਆਨੇ = ਗਿਆਨਵਾਨ ਭਾਵ ਸਮਝਦਾਰ ਇਸਤ੍ਰੀ ਨੂੰ ਹੀ ਸਭ = ਸਾਰੇ ਨਿਮਰਤਾ ਆਦਿ ਸਿੰਗਾਰ ਬਣੇ = ਫੱਬੇ ਹਨ।

## ਸਾ ਕੁਲਵੰਤੀ, ਸਾ ਸਭਰਾਈ; ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥

(ਮੁਖ ਪਾਠ **ਸਭ-ਰਾਈ ਦੂਸਰਾ ਪਾਠ-ਸ-ਭਰਾਈ**)

ਸਾ = ਉਹੀ ਕੁਲਵੰਤੀ = ਸ੍ਰੇਸ਼ਟ ਕੁਲ ਵਾਲੀ ਤੇ ਸਾ = ਉਹੋ ਹੀ ਸਭਰਾਈ = ਇੱਜ਼ਤਮਾਨ ਵਾਲੀ **ਵਾ**: ਭਾਗਾਂ ਵਾਲੀ ਹੈ **ਵਾ**: (ਸ+ਭਰਾਈ) = ਸਹਿਤ ਭਰਾਵਾਂ ਦੇ ਹੈ, ਜੋ = ਜਿਹੜੀ ਇਸਤ੍ਰੀ ਪਿਰਿ = ਪਤੀ ਕੈ = ਦੇ ਰੰਗਿ = ਪ੍ਰੇਮ ਨਾਲ ਸਵਾਰੀ ਹੋਈ ਹੈ ਜੀਉ = ਜੀ ॥੩॥

## ਮਹਿਮਾ ਤਿਸ ਕੀ; ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ; ਅੰਗਿ ਲਾਏ ॥

ਤਿਸ = ਉਸ ਇਸਤ੍ਰੀ ਕੀ = ਦੀ ਮਹਿਮਾ = ਵਡਿਆਈ ਕਹਣੁ = ਕਹੀ ਨਹੀ ਜਾਏ = ਜਾਂਦੀ। ਜੋ = ਜਿਹੜੀ ਪਿਰਿ = ਪਤੀ ਨੇ ਆਪਣੇ ਅੰਗਿ = ਸਰੀਰ ਭਾਵ ਗਲੇ ਨਾਲ ਲਾਏ = ਲਾ ਕੇ ਮੇਲ ਲਈ ਹੈ।

## ਥਿਰੁ ਸੋਹਾਗੁ, ਵਰੁ ਅਗਮੁ ਅਗੋਚਰੁ;
## ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥

ਜਿਸ ਇਸਤ੍ਰੀ ਨੇ ਉਪਰੋਕਤ ਨਿਮਰਤਾ ਆਦਿ ਗੁਣਾਂ ਦੇ ਨਾਲ ਨਾਲ ਆਪਣੇ ਵਰੁ = ਪਤੀ ਨੂੰ ਅਗਮ ਅਗੋਚਰ ਪਰਮੇਸ਼ਰ ਦਾ ਸਰੂਪ ਨਿਸਚੇ ਕੀਤਾ ਹੈ, ਉਸਦਾ ਪਤੀ ਦੇ ਜੀਵਨ ਕਾਲ ਵਿਚ ਰਹਿੰਦਿਆ ਸਦਾ ਹੀ ਸੋਹਾਗੁ = ਅਨੰਦ ਥਿਰ = ਸਥਿਰ ਰਹਿੰਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਤਰ੍ਹਾਂ ਉਹ ਸੋਹਾਗਣ ਇਸਤਰੀ ਜਨ = ਦਾਸਾ ਭਾਵ ਧਾਰਨ ਕਰ ਕੇ ਗ੍ਰਹਿਸਥੀ ਜੀਵਨ ਵਿਚ ਆਪਣੇ ਪਤੀ ਦੇ ਪ੍ਰੇਮ ਸਾਧਾਰੀ = ਸਹਿਤ ਆਸਰੇ ਹੀ ਰਹਿੰਦੀ ਹੈ ਜੀ ॥੪॥੪॥੧੧॥

### ਦੂਸਰਾ ਅਰਥ

**ਜਿਤੁ ਘਰਿ; ਪਿਰਿ ਸੋਹਾਗੁ ਬਣਾਇਆ ॥ ਤਿਤੁ ਘਰਿ; ਸਖੀਏ ਮੰਗਲੁ ਗਾਇਆ ॥**

ਜਿਤੁ = ਜਿਸ ਜਗਿਆਸੂ ਰੂਪ ਇਸਤ੍ਰੀ ਨੂੰ ਸਤਿਸੰਗਤਰੂਪੀ ਘਰ ਵਿਚ ਗੁਰਾਂ ਦੀ ਕਿਰਪਾ ਦੁਆਰਾ ਪਿਰਿ = ਪਤੀ ਪਰਮੇਸ਼ਰ ਦੀ ਪ੍ਰਾਪਤੀ ਦਾ ਸੋਹਾਗੁ = ਅਨੰਦ ਬਣਾਇਆ = ਬਣ ਆਇਆ ਹੈ।

ਤਿਤੁ = ਉਸ ਜਗਿਆਸੂ ਸਖੀ ਨੇ ਸਤਿਸੰਗਤ ਰੂਪੀ ਘਰ ਵਿਚ ਗੁਰਮੁਖ ਰੂਪੀ ਸਖੀਆਂ ਨਾਲ ਮਿਲ ਕੇ ਮੰਗਲੁ = ਅਨੰਦ ਸਰੂਪ ਪਰਮੇਸ਼ਰ ਦੇ ਜੱਸ ਨੂੰ ਗਾਇਆ ਹੈ।

**ਅਥਵਾ** ਜਿਸ ਅਭਾਸ ਬਿਰਤੀ ਰੂਪੀ ਸਖੀ ਦੇ ਅੰਤਹਕਰਨ ਰੂਪੀ ਘਰ ਵਿਚ ਸਾਖੀ ਚੇਤਨ ਪਤੀ ਨੇ ਇਕਾਗਰਤਾ ਦਾ ਸੋਹਾਗੁ = ਅਨੰਦ ਬਣਾਇਆ ਹੈ।

ਉਸਦੇ ਅੰਤਹਕਰਨ ਰੂਪੀ ਘਰ ਵਿਚ ਇੰਦ੍ਰੀਆਂ, ਪ੍ਰਮਾਣ ਵਿਪਰਜੇ ਆਦਿ ਬਿਰਤੀਆਂ, ਕਰੁਣਾ, ਮੁਦਤਾ ਰੂਪੀ ਆਦਿ ਸਖੀਆਂ ਨੇ ਖ਼ੁਸ਼ੀਆਂ ਦੇ ਗੀਤਾਂ ਨੂੰ ਗਾਉਣਾ ਕੀਤਾ ਹੈ।

**ਅਥਵਾ** ਨੇਤਰ ਦਰਸ਼ਨ ਕਰਦੇ ਹਨ, ਕੰਨ ਪਰਮੇਸ਼ਰ ਦਾ ਜੱਸ ਸ੍ਰਵਨ ਕਰਦੇ ਹਨ, ਰਸਨਾ ਕੀਰਤਨ ਰੂਪ ਵਿਚ ਗੁਣ ਗਾਉਂਦੀ ਹੈ, ਹੱਥਾਂ ਨਾਲ ਸੇਵਾ ਹੁੰਦੀ ਹੈ, ਪੈਰਾਂ ਨਾਲ ਚੱਲ ਕੇ ਸਤਿਸੰਗਤ ਵਿਚ ਜਾਈਦਾ ਹੈ ਇਉਂ ਇੰਦਰੀਆਂ ਰੂਪ ਸਖੀਆਂ ਮੰਗਲਾਚਾਰ ਗਾਉਂਦੀਆਂ ਹਨ।

**ਅਨਦ ਬਿਨੋਦ, ਤਿਤੈ ਘਰਿ ਸੋਹਹਿ; ਜੋ ਧਨ ਕੰਤਿ ਸਿਗਾਰੀ ਜੀਉ ॥੧॥**

ਸਾਰੇ ਅਨਦ = ਅਨੰਦ ਅਤੇ ਬਿਨੋਦ = ਚੋਜ਼ ਤਿਤੈ = ਤਿਸ ਜਗਿਆਸੂ ਰੂਪ ਇਸਤ੍ਰੀ ਦੇ ਹਿਰਦੇ, ਸਤਸੰਗਤਿ ਰੂਪੀ ਘਰ ਵਿਚ ਸੋਹਹਿ = ਸੋਭਦੇ ਹਨ, ਜੋ = ਜਿਹੜੀ ਜਗਿਆਸੂ ਰੂਪ ਧਨ = ਇਸਤ੍ਰੀ

ਕੰਤਿ = ਪਤੀ ਪਰਮੇਸ਼ਰ ਨੇ ਸਤ ਸੰਤੋਖਾਦਿ ਸ਼ੁਭ ਗੁਣਾਂ ਦੇ ਸਹਿਤ ਸਿਗਾਰੀ = ਸ਼ਿੰਗਾਰਨਾ ਕੀਤੀ ਹੈ ਜੀ **ਵਾ:** ਨਵਧਾ ਭਗਤੀ, ਸਾਧਨਾਂ ਦੇ ਸਹਿਤ ਸ਼ਿੰਗਾਰਨਾ ਕੀਤੀ ਹੈ ॥੧॥

**ਸਾ ਗੁਣਵੰਤੀ; ਸਾ ਵਡਭਾਗਣਿ ॥ ਪੁਤ੍ਰਵੰਤੀ; ਸੀਲਵੰਤਿ ਸੋਹਾਗਣਿ ॥**

ਸਾ = ਉਹ ਜਗਿਆਸੂ ਰੂਪ ਇਸਤ੍ਰੀ ਗੁਣਵੰਤੀ = ਸ਼ੁਭ ਗੁਣਾਂ ਦੇ ਸਹਿਤ ਹੈ, ਸਾ = ਉਹੀ ਵਡਭਾਗਣਿ = ਵੱਡਿਆਂ ਭਾਗਾਂ ਵਾਲੀ ਹੈ।

ਉਹੀ ਗਿਆਨ ਰੂਪੀ ਪੁਤ੍ਰਵੰਤੀ = ਪੁੱਤਰ ਵਾਲੀ, ਸੀਲਵੰਤਿ = ਸ਼ੀਲ ਸੁਭਾਵ ਭਾਵ ਨਿੰਮ੍ਰਤਾ ਵਾਲੀ ਅਤੇ ਪਰਮੇਸ਼ਰ ਰੂਪੀ ਪਤੀ ਦੇ ਅਨੰਦ ਵਾਲੀ ਸੋਹਾਗਣਿ = ਸੁਹਾਗਵੰਤੀ ਹੈ।

**ਰੂਪਵੰਤਿ ਸਾ ਸੁਘੜਿ ਬਿਚਖਣਿ; ਜੋ ਧਨ ਕੰਤ ਪਿਆਰੀ ਜੀਉ ॥੨॥**

ਸਾ = ਉਹੀ ਰੂਪਵੰਤਿ = ਦਿਲ ਦੀ ਸਫ਼ਾਈ, ਪ੍ਰੇਮਾ-ਭਗਤੀ ਦੇ ਸਹਿਤ ਸੋਹਣੇ ਚਿਹਰੇ ਵਾਲੀ, ਸੁਘੜਿ = ਸ੍ਰੇਸ਼ਟ ਗੁਣਾਂ ਦੀ ਘਾੜਤ ਘੜਨ ਵਾਲੀ ਅਤੇ ਬਿਚਖਣਿ = ਵਿਸ਼ੇਸ਼ ਕਰਕੇ ਵਿਵੇਕ, ਵੈਰਾਗ ਰੂਪੀ ਨੇਤਰਾਂ ਵਾਲੀ ਹੈ, ਜੋ = ਜਿਹੜੀ ਜਗਿਆਸੂ ਰੂਪੀ ਧਨ = ਇਸਤ੍ਰੀ ਕੰਤ = ਪਤੀ ਪਰਮੇਸ਼ਰ ਨੂੰ ਪਿਆਰੀ ਹੈ ਜੀ ॥੨॥

**ਅਚਾਰਵੰਤਿ; ਸਾਈ ਪਰਧਾਨੇ ॥ ਸਭ ਸਿੰਗਾਰ ਬਣੇ; ਤਿਸੁ ਗਿਆਨੇ ॥**

ਸਾਈ = ਉਹੀ ਨਾਮ, ਦਾਨ, ਇਸਨਾਨ ਕਰਨ ਰੂਪ ਅਚਾਰਵੰਤਿ = ਸ੍ਰੇਸ਼ਟਾਚਾਰ ਵਾਲੀ ਹੈ ਅਤੇ ਉਹੀ ਕਾਮਾਦਿਕ ਨੂੰ ਜਿੱਤਣ ਕਰਕੇ ਲੋਕ ਪ੍ਰਲੋਕ ਵਿਚ ਪਰਧਾਨੇ = ਮੁਖੀ ਹੈ।

ਤਿਸੁ = ਉਸ ਗਿਆਨੇ = ਗਿਆਨਵਾਨ ਦੇ ਸ਼ੁੱਭ ਗੁਣ, ਨਵਧਾ ਭਗਤੀ, ਸਾਧਨਾ ਰੂਪੀ ਸਭ = ਸਾਰੇ ਸ਼ਿੰਗਾਰ ਬਣੇ ਹੋਏ ਹਨ **ਵਾ:** ਸ੍ਰਵਣ, ਮੰਨਣ, ਨਿਧਿਆਸਣ, ਸਿੱਖਿਆਤਤਾ ਗਿਆਨ ਆਦਿ ਸਾਰੇ ਸ਼ਿੰਗਾਰ ਬਣੇ ਹੋਏ ਹਨ।

**ਸਾ ਕੁਲਵੰਤੀ, ਸਾ ਸਭਰਾਈ; ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥**

ਸਾ = ਉਹੀ ਸ੍ਰੇਸ਼ਟ ਕੁਲਵੰਤੀ = ਕੁਲ ਵਾਲੀ ਹੈ, ਸਾ = ਉਹੀ (ਸਭ+ਰਾਈ) ਸਭ = ਸਾਰਿਆਂ ਵਿੱਚੋਂ ਰਾਈ = ਰਾਣੀ ਭਾਵ ਬ੍ਰਹਮ ਗਿਆਨ ਹੋਣ ਕਰਕੇ ਸਾਰਿਆਂ ਵਿੱਚੋਂ ਪਟਰਾਣੀ ਹੈ **ਵਾ:** ਉਹੀ ਸਤ ਸੰਤੋਖਾਦਿ (ਸ+ਭਰਾਈ) ਸ = ਸਹਿਤ ਭਰਾਈ = ਭਰਾਵਾਂ ਵਾਲੀ ਹੈ, ਜੋ = ਜਿਹੜੀ ਪਿਰਿ = ਪਤੀ ਅਕਾਲ ਪੁਰਖ ਦੇ ਰੰਗਿ = ਪ੍ਰੇਮ ਵਿਚ ਸਵਾਰੀ ਹੋਈ ਹੈ ਜੀ **ਵਾ:** ਜਿਸ ਨੇ ਪਤੀ ਪਰਮੇਸ਼ਰ ਦੇ ਰੰਗਿ = ਅਨੰਦ ਵਿਚ ਆਪਣੀ ਬਿਰਤੀ ਸਵਾਰੀ = ਸਵਾਰ ਲੈਣਾ ਕੀਤੀ ਹੈ ॥੩॥

**ਮਹਿਮਾ ਤਿਸ ਕੀ; ਕਹਣੁ ਨ ਜਾਏ ॥ ਜੋ ਪਿਰਿ ਮੇਲਿ ਲਈ; ਅੰਗਿ ਲਾਏ ॥**

ਤਿਸ = ਉਸ ਜਗਿਆਸੂ ਰੂਪੀ ਇਸਤ੍ਰੀ ਕੀ = ਦੀ ਵੇਦਾਂ ਸ਼ਾਸਤ੍ਰਾਂ ਤੋਂ ਵੀ ਮਹਿਮਾ = ਵਡਿਆਈ, ਉਪਮਾ ਕਹੀ ਨਹੀਂ ਜਾਏ = ਜਾਂਦੀ।

ਜੋ = ਜਿਹੜੀ ਪਿਰਿ = ਪਤੀ ਅਕਾਲ ਪੁਰਖ ਨੇ ਆਪਣੇ ਅੰਗ ਨਾਲ ਲਾ ਕੇ ਭਾਵ ਆਪਣੇ ਸਰੂਪ ਦੇ ਵਿਚ ਮੇਲਿ ਲਈ = ਅਭੇਦ ਕਰ ਲਈ ਹੈ।

**ਥਿਰੁ ਸੋਹਾਗੁ, ਵਰੁ ਅਗਮੁ ਅਗੋਚਰੁ; ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥**

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਹੜੀ ਜਨ = ਦਾਸਾ ਭਾਵ,ਅਰਥਾਤ ਨਿੰਮ੍ਰਤਾ ਧਾਰਨ ਕਰਕੇ ਪਤੀ ਪਰਮੇਸ਼ਰ ਦੇ ਪ੍ਰੇਮ ਵਿਚ ਸਾਧਾਰੀ = ਚੱਲੀ ਹੈ **ਵਾ:** ਜਿਸਨੇ ਪ੍ਰੇਮ ਦੁਆਰਾ ਆਪਣੀ ਬਿਰਤੀ ਸਾਧਾਰੀ = ਸੁਧਾਰ ਲਈ, ਸਹਿਤ ਆਸਰੇ ਦੇ ਕਰ ਲਈ ਹੈ ਉਸ ਨੂੰ ਹੀ ਮਨ ਦੇ ਸੰਕਲਪਾਂ ਵਿਕਲਪਾਂ ਦੀ ਅਗਮੁ = ਗੰਮਤਾ ਤੋਂ ਰਹਿਤ, ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ ਰਹਿਣ ਵਾਲਾ ਵਰੁ = ਪਤੀ ਪਰਮੇਸ਼ਰ ਪ੍ਰਾਪਤ

ਹੋਇਆ ਹੈ ਅਤੇ ਸਦਾ ਥਿਰੁ = ਇਸਥਿਤ ਰੂਪ ਸੁਹਾਗ ਮਿਲਿਆ ਹੈ **ਵਾ:** ਸਦੈਵੀ ਸੁਹਾਗੁ = ਅਨੰਦ ਪ੍ਰਾਪਤ ਹੋਇਆ ਹੈ।

[ਅੰਗ ੯੮]

## ਮਾਝ ਮਹਲਾ ੫ ॥ ਖੋਜਤ ਖੋਜਤ; ਦਰਸਨ ਚਾਹੇ ॥

ਹੇ ਭਾਈ! ਉਸ ਪਰਮੇਸ਼ਰ ਦੇ ਦਰਸਨ = ਦੀਦਾਰ ਦੀ ਚਾਹੇ = ਇੱਛਾ ਵਾਸਤੇ ਕਈ ਖੋਜਤ = ਖੋਜਣ ਵਾਲੇ ਹੋ ਕੇ ਬੇਦਾਂ, ਸ਼ਾਸਤਰਾਂ, ਨੂੰ ਖੋਜਤ = ਖੋਜਦੇ ਹਨ **ਵਾ:** ਦਰਸ਼ਨਾਂ ਦੀ ਚਾਹਤ ਨੂੰ ਪੂਰੇ ਕਰਨ ਲਈ ਖੋਜੀ ਹੋ ਕੇ ਇੰਦਰਿਆਂ ਦੁਆਰਾ ਪਰਮੇਸ਼ਰ ਨੂੰ ਖੋਜਦੇ ਰਹਿੰਦੇ ਹਨ।

## ਭਾਤਿ ਭਾਤਿ; ਬਨ ਬਨ ਅਵਗਾਹੇ ॥

ਕਈ ਭਾਤਿ ਭਾਤਿ = ਤਰ੍ਹਾਂ ਤਰ੍ਹਾਂ ਦੇ ਭੇਖ ਬਣਾ ਕੇ ਮਧੂਬਨ, ਬਿੰਦ੍ਰਾਬਨ ਆਦਿ ਬਨ ਬਨ = ਜੰਗਲਾਂ ਜੰਗਲਾਂ ਵਿਚ ਪਰਮੇਸ਼ਰ ਦੇ ਦਰਸ਼ਨਾਂ ਨੂੰ ਅਵਗਾਹੇ = ਢੂੰਡਦੇ ਫਿਰਦੇ ਹਨ **ਵਾ:** ਭਾਤਿ ਭਾਤਿ = ਅਨੇਕ ਪ੍ਰਕਾਰ ਦੇ ਬਨ = ਜੰਗਲ ਤੇ ਬਨ = ਜਲ ਭਾਵ ਤੀਰਥਾਂ 'ਤੇ ਜਾ ਕੇ ਅਵਗਾਹੇ = ਢੂੰਡਦੇ ਫਿਰਦੇ ਹਨ।

## ਨਿਰਗੁਣੁ ਸਰਗੁਣੁ, ਹਰਿ ਹਰਿ ਮੇਰਾ; ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥੧॥

ਪਰ ਮੇਰਾ ਹਰਿ = ਹਰੇ ਭਰੇ ਕਰਨ ਵਾਲਾ ਹਰਿ = ਪਰਮੇਸ਼ਰ ਤਾਂ ਨਿਰਗੁਣੁ = ਤਿੰਨਾਂ ਗੁਣਾਂ ਤੋਂ ਅਤੀਤ ਵੀ ਹੈ ਅਤੇ ਸਰਗੁਣੁ = ਤਿੰਨਾਂ ਗੁਣਾਂ ਦੇ ਸਹਿਤ ਤੇ ਮਾਇਆ ਸਬਲ ਵੀ ਹੈ, ਹੇ ਭਾਈ! ਕੋਈ ਐਸਾ ਸੰਤ ਜਨ ਹੈ, ਜੋ ਆਣਿ = ਲਿਆ ਕੇ ਮੈਨੂੰ ਜੀਉ = ਜੀਵ ਨੂੰ ਅਜਿਹਾ ਪਰਮੇਸ਼ਰ ਮਿਲਾਵੈ = ਮਿਲਾ ਦੇਵੇ ਜੀਉ = ਜੀ ॥੧॥

## ਖਟੁ ਸਾਸਤ; ਬਿਚਰਤ ਮੁਖਿ ਗਿਆਨਾ ॥

ਕਈ ਖਟੁ = ਛੇ ਸਾਸਤ = ਸ਼ਾਸਤਰਾਂ ਦੁਆਰਾ ਮੁਖਿ ਨਾਲ ਗਿਆਨ ਦੀਆਂ ਗੱਲਾਂ ਨੂੰ ਬਿਚਰਤ = ਵਿਚਾਰਦੇ ਹਨ। ਜਿਵੇਂ ਸਾਂਖੀ ੨੫ ਪ੍ਰਕਿਰਤੀਆਂ ਦੇ ਨਿਰਣੇ ਕਰਨ ਦਾ ਨਾਮ ਹੀ ਗਿਆਨ ਸਮਝਦੇ ਹਨ। ਇਸ ਤਰ੍ਹਾਂ ਗਿਆਨ ਨੂੰ ਮੁਖੋਂ ਬਿਚਰਤ = ਵੀਚਾਰਦੇ ਜਾਂ ਇਸ ਤਰ੍ਹਾਂ ਵਿਚਰਦੇ ਹਨ।

## ਪੂਜਾ ਤਿਲਕੁ; ਤੀਰਥ ਇਸਨਾਨਾ ॥

ਕਈ ਸੋਲਾਂ ਪ੍ਰਕਾਰ ਦੀ ਪੂਜਾ, ਬਾਰਾਂ ਪ੍ਰਕਾਰ ਦੇ ਤਿਲਕ ਲਾਉਣਾ ਕਰਦੇ ਹਨ ਅਤੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਦੇ ਹਨ।

## ਨਿਵਲੀ ਕਰਮ ਆਸਨ ਚਉਰਾਸੀਹ; ਇਨ ਮਹਿ ਸਾਂਤਿ ਨ ਆਵੈ ਜੀਉ ॥੨॥

ਕਈ ਨਿਵਲੀ ਕਰਮ[੧] = ਨੇਤੀ ਧੋਤੀ ਆਦਿਕ ਕਰਮ ਕਰਦੇ ਹਨ, ਕਈ ਚੌਰਾਸੀ ਪ੍ਰਕਾਰ ਦੇ ਬਜਰ,

---

੧. ਇਕ ਜੋਗ ਕਿਰਿਆ ਹੈ, ਜਿਸ ਦਾ ਤਰੀਕਾ ਇਹ ਹੈ ਕਿ ਦੋਵੇਂ ਕੰਨ੍ਹੇ (ਮੋਢੇ) ਨੀਵੇਂ ਕਰਕੇ ਪਿੱਠ ਦਾ ਬਲ ਕੱਢ ਕੇ ਸਿੱਧਾ ਬੈਠਣਾ ਅਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ, ਖੱਬੇ, ਹੇਠ, ਉੱਪਰ ਇਸ ਤਰ੍ਹਾਂ ਚਲਾਉਣਾ ਜਿਵੇਂ ਮਟਕੇ ਵਿਚ ਮਧਾਣੀ ਨਾਲ ਦਹੀ ਫੇਰੀਦਾ ਹੈ **ਅਥਵਾ** ਪਿਸ਼ਾਬ ਵਾਲੀ ਜਗ੍ਹਾਂ ਰਾਹੀਂ ਪਾਣੀ ਨੂੰ ਖਿੱਚ ਖਿੱਚ ਕੇ ਆਂਦਰਾਂ ਵਿਚ ਵੱਟ ਪਾ ਪਾ ਕੇ ਬਾਹਰ ਕੱਢਣਾ ਜਾਂ ਕੱਪੜੇ ਨੂੰ ਨੱਕ ਰਾਹੀਂ ਦੋਨਾਂ ਨਾਸਾਂ ਵਿਚ ਫੇਰਨਾ ਜਾਂ ਮੂੰਹ ਰਾਹੀਂ ਕੱਪੜੇ ਨੂੰ ਆਂਦਰਾਂ ਤੱਕ ਲਿਜਾ ਕੇ ਸਫ਼ਾਈ ਕਰਨੀ।

ਭੱਦਰ, ਸਿਧ, ਪਦਮ ਆਦਿ ਆਸਣ ਲਾਉਣਾ ਕਰਦੇ ਹਨ, ਪਰੰਤੂ ਇਨ = ਇਨ੍ਹਾਂ ਸਾਧਨਾਂ ਨੂੰ ਕਰਨ ਮਹਿ = ਵਿਚ ਕਿਸੇ ਦੇ ਵੀ ਮਨ ਨੂੰ ਸਾਂਤਿ = ਸ਼ਾਂਤੀ ਨ = ਨਹੀਂ ਆਵੈ = ਆ ਸਕਦੀ ਜੀ ॥੨॥

## ਅਨਿਕ ਬਰਖ; ਕੀਏ ਜਪ ਤਾਪਾ ॥

ਜਿਨ੍ਹਾਂ ਪੁਰਖਾਂ ਨੇ ਅਨਿਕ = ਅਨੇਕਾਂ ਬਰਖ = ਸਾਲ ਸਰੀਰ ਕਰਕੇ ਜਪ ਤਪ ਕੀਏ = ਕੀਤੇ ਹਨ। ਅਤੇ

## ਗਵਨੁ ਕੀਆ; ਧਰਤੀ ਭਰਮਾਤਾ ॥

ਜਿਨ੍ਹਾਂ ਨੇ ਧਰਤੀ = ਪ੍ਰਿਥਵੀ ਤੇ ਭਰਮਾਤਾ = ਭਰਮਣੇ ਵਾਲੇ ਹੋ ਕਰਕੇ ਅਨੇਕਾਂ ਤੀਰਥਾਂ, ਪਹਾੜਾਂ ਆਦਿਕ 'ਤੇ ਗਵਨੁ = ਬਿਚਰਨਾ ਕੀਆ = ਕੀਤਾ ਹੈ।

## ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ; ਬਹੁੜਿ ਬਹੁੜਿ ਉਠਿ ਧਾਵੈ ਜੀਉ ॥੩॥

ਇਉਂ ਹੇ ਜੋਗੀ! ਇਕ ਖਿਨੁ ਮਾਤਰ ਵੀ ਉਨ੍ਹਾਂ ਦੇ ਹਿਰਦੇ ਨੂੰ ਸ਼ਾਂਤੀ ਨ = ਨਹੀਂ ਆਵੈ = ਆਉਂਦੀ ਸਗੋਂ ਉਨ੍ਹਾਂ ਦਾ ਮਨ ਵਿਸ਼ਿਆ, ਪਦਾਰਥ ਵੱਲ ਬਹੁੜਿ ਬਹੁੜਿ = ਬਾਰ ਬਾਰ ਉੱਠ ਕਰਕੇ ਧਾਵੈ = ਦੌੜਦਾ ਹੀ ਰਹਿੰਦਾ ਹੈ ਜੀ ॥੩॥

## ਕਰਿ ਕਿਰਪਾ; ਮੋਹਿ ਸਾਧੁ ਮਿਲਾਇਆ ॥

ਹੇ ਜੋਗੀ! ਪਰਮੇਸ਼ਰ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਮੋਹਿ = ਮੈਨੂੰ ਸਾਧੂ = ਸ੍ਰੇਸ਼ਟ ਸਤਿਗੁਰਾਂ ਨਾਲ ਮਿਲਾਇਆ = ਮਿਲਾਉਣਾ ਕੀਤਾ ਹੈ।

## ਮਨੁ ਤਨੁ ਸੀਤਲੁ; ਧੀਰਜੁ ਪਾਇਆ ॥

ਉਨ੍ਹਾਂ ਸਤਿਗੁਰਾਂ ਦੇ ਉਪਦੇਸ਼ ਦੁਆਰਾ ਮਨ ਵਾਸਨਾ ਵੱਲੋਂ ਤੇ ਤਨੁ = ਸਰੀਰ ਕਾਮਾਦਿਕ ਵਿਕਾਰਾਂ ਵੱਲੋਂ ਸੀਤਲੁ = ਠੰਢਾ ਭਾਵ ਸ਼ਾਂਤ ਹੋ ਗਿਆ ਹੈ ਅਤੇ ਗੁਰਾਂ ਦੇ ਦਰਸ਼ਨ ਕਰਕੇ ਧੀਰਜਤਾ ਵਾਲੇ ਸੁਭਾਅ ਨੂੰ ਪਾਇਆ = ਪ੍ਰਾਪਤ ਕੀਤਾ ਹੈ।

## ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ;
## ਹਰਿ ਮੰਗਲੁ ਨਾਨਕੁ ਗਾਵੈ ਜੀਉ ॥੪॥੫॥੧੨॥

ਜਿਸ ਕਰਕੇ ਹੁਣ ਅਬਿਨਾਸੀ = ਨਾਸ ਤੋਂ ਰਹਿਤ ਪ੍ਰਭੁ = ਪਰਮੇਸ਼ਰ ਸਾਡੇ ਘਟ = ਹਿਰਦੇ ਭੀਤਰਿ = ਵਿਚ ਬਸਿਆ = ਵੱਸ ਗਿਆ ਹੈ, ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਅਸੀਂ ਹਰਿ = ਪਰਮੇਸ਼ਰ ਦੇ ਮੰਗਲੁ = ਜਸ ਨੂੰ ਕੀਰਤਨ ਰੂਪ ਵਿਚ ਗਾਵੈ = ਗਾਉਂਦੇ ਹਾਂ ਜੀ ॥੪॥੫॥੧੨॥

ਜਦੋਂ ਸਤਿਗੁਰਾਂ ਨੇ ਇਹ ਬਚਨ ਕਹੇ ਤਾਂ ਜੋਗੀ ਨੇ ਪੁੱਛਿਆ ਕਿ ਮਹਾਰਾਜ! ਮੰਗਲ ਕਿਵੇਂ ਗਾਈਦੇ ਹਨ? ਅਗਲੇ ਸ਼ਬਦ ਵਿਚ ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮੰਗਲ ਇਸ ਤਰ੍ਹਾਂ ਗਾਉਣੇ ਹਨ।

## ਮਾਝ ਮਹਲਾ ੫ ॥ ਪਾਰਬ੍ਰਹਮ; ਅਪਰੰਪਰ ਦੇਵਾ ॥

ਹੇ ਭਾਈ! ਉਹ ਪ੍ਰਭੂ ਨਿਰਗੁਣ ਸਰੂਪ ਵਿਚ (ਪਾਰ+ਬ੍ਰਹਮ) ਪਾਪਾਂ ਪੁੰਨਾਂ ਤੋਂ ਪਾਰ = ਪਰੇ ਬ੍ਰਹਮ = ਵਿਆਪਕ, ਅਪਰੰਪਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ, ਸਾਰਿਆਂ ਦਾ ਦੇਵਾ = ਪ੍ਰਕਾਸ਼ ਰੂਪ ਹੈ। ਅਤੇ

## ਅਗਮ ਅਗੋਚਰ; ਅਲਖ ਅਭੇਵਾ ॥

ਮਨ ਦੇ ਸੰਕਲਪਾਂ, ਵਿਕਲਪਾਂ ਦੀ ਅਗਮ = ਗੰਮਤਾ ਤੋਂ ਰਹਿਤ, ਅਗੋਚਰ = ਇੰਦਰੀਆਂ ਦੇ ਅਵਿਸ਼ੇ ਭਾਵ ਜੋ ਨੇਤਰਾਂ ਦਾ ਵਿਸ਼ਾ ਨਹੀਂ ਕਿ ਦੇਖ ਸਕਣ, ਕੰਨਾਂ ਦਾ ਵਿਸ਼ਾ ਨਹੀਂ ਕਿ ਸੁਣ ਸਕਣ, ਚਮੜੀ ਦਾ ਵਿਸ਼ਾ ਨਹੀਂ ਕਿ ਸਪਰਸ਼ ਮਹਿਸੂਸ ਹੋ ਸਕੇ, ਜ਼ੁਬਾਨ ਦਾ ਵਿਸ਼ਾ ਨਹੀਂ ਕਿ ਮਿੱਠਾ, ਅਲੂਣਾ ਸਵਾਦ ਪਤਾ ਲੱਗ ਸਕੇ ਇਉਂ ਇੰਦਰੀਆਂ ਤੋਂ ਅਗੋਚਰ ਹੈ, ਅਸ਼ੁੱਧ ਮਨ ਕਰਕੇ ਅਲਖ = ਲਖਣ ਤੋਂ ਰਹਿਤ ਹੈ, ਜਿਸ ਦਾ ਪੂਰੇ ਗੁਰਾਂ ਤੋਂ ਬਿਨਾਂ ਭੇਦ ਨਹੀਂ ਪਾਇਆ ਜਾ ਸਕਦਾ।

## ਦੀਨ ਦਇਆਲ ਗੋਪਾਲ ਗੋਬਿੰਦਾ;
## ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥੧॥

ਉਹ ਪਰਮੇਸ਼ਰ ਸਰਗੁਣ ਸਰੂਪ ਵਿਚ ਦੀਨ = ਗਰੀਬਾਂ ਤੇ ਦਇਆਲ = ਕਿਰਪਾਲਤਾ ਕਰਨ ਵਾਲਾ ਹੈ, (ਗੋ+ਪਾਲ) ਗੋ = ਪ੍ਰਿਥਵੀ ਦਾ ਪਾਲ = ਪਾਲਕ ਅਤੇ ਗੋਬਿੰਦਾ (ਗੋ+ਬਿੰਦਾ) ਗੋ = ਵੇਦਾਂ ਕਰਕੇ ਬਿੰਦਾ = ਜਾਨਣੇ ਯੋਗ ਹੈ **ਵਾ:** ਗੋ = ਇੰਦਰੀਆਂ ਦਾ ਬਿੰਦਾ = ਪ੍ਰਕਾਸ਼ਕ ਚੇਤਨ ਹੈ, ਹੇ ਪਿਆਰੇ ਜੀਉ = ਜੀ ! ਐਸੇ ਵਿਸ਼ੇਸ਼ਣਾਂ ਵਾਲੇ ਹਰਿ = ਪਰਮੇਸ਼ਰ ਨੂੰ ਗੁਰਾਂ ਦੁਆਰਾ ਗੁਰਮੁਖ ਬਣ ਕੇ ਮਨ, ਬਾਣੀ, ਸਰੀਰ, ਦੁਆਰਾ ਧਿਆਵਹੁ = ਧਿਆਉਣਾ ਕਰੋ ਤਾਂ ਗਾਤੀ = ਮੁਕਤੀ ਹੋਵੇਗੀ ॥੧॥

## ਗੁਰਮੁਖਿ; ਮਧੁਸੂਦਨੁ ਨਿਸਤਾਰੇ ॥

ਕਿਤਨੇ ਗੁਰਮੁਖ ਜਨ ਗੁਰਾਂ ਦੁਆਰਾ ਮਧੁਸੂਦਨੁ = (ਮਧੁ+ਸੂਦਨੁ) ਮਧੁ = ਮਧੂ ਦੈਂਤ ਨੂੰ ਸੂਦਨ = ਕੱਟਣ ਵਾਲੇ ਪਰਮੇਸ਼ਰ ਨੇ ਸੰਸਾਰ ਸਮੁੰਦਰ ਤੋਂ ਨਿਸਤਾਰੇ = ਤਾਰਨਾ ਕੀਤੇ ਹਨ **ਵਾ:** ਹੰਕਾਰ ਰੂਪੀ ਮਧੁ ਨਾਮੇ ਦੈਂਤ ਦੇ ਤਾਈਂ ਕੱਟਣ ਵਾਲਾ ਪਰਮੇਸ਼ਰ ਹੀ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ।

## ਗੁਰਮੁਖਿ ਸੰਗੀ; ਕ੍ਰਿਸਨ ਮੁਰਾਰੇ ॥

ਦੁਰਬਾਸੇ ਰਿਖੀ ਵਰਗੇ ਗੁਰਮੁਖਾਂ ਦਾ ਸੰਗੀ ਖ਼ੁਦ ਆਪ ਵੀ ਕ੍ਰਿਸ਼ਨ ਮੁਰਾਰੀ ਹੋਇਆ ਹੈ।

**ਅਥਵਾ** ਗੁਰਮੁਖਿ = ਮੁਖੀ ਗੁਰਾਂ ਦਾ ਸੰਗੀ ਹੋ ਕੇ ਹੀ (ਕ੍ਰਿਸ+ਨ) ਕ੍ਰਿਸ = ਕਮਜ਼ੋਰੀ ਤੋਂ ਨ = ਰਹਿਤ **ਵਾ:** ਮੜੱਪਣ ਤੋਂ ਰਹਿਤ, ਮੋਹ ਰੂਪੀ ਮੁਰਾਰੇ = ਮੁਰ ਦੈਂਤ ਦੇ ਦੁਸ਼ਮਣ ਬਿਰਤੀ ਅਰੂਢ ਚੇਤਨ ਪਰਮੇਸ਼ਰ ਨੂੰ ਪਾਈਦਾ ਹੈ।

**ਅਥਵਾ** ਗੁਰਮੁਖ ਜਨ ਮੁਖੀ ਗੁਰਾਂ ਦੀ ਸੰਗਤ ਦੁਆਰਾ ਗਿਆਨ ਦੀ ਪ੍ਰਾਪਤੀ ਕਰਕੇ ਮੁਰ ਦੈਂਤ ਦੇ ਦੁਸ਼ਮਣ ਕ੍ਰਿਸ਼ਨ = ਪਰਮੇਸ਼ਰ ਨੂੰ ਅੰਗ ਸੰਗ ਸਮਝਦੇ ਹਨ।

## ਦਇਆਲ ਦਮੋਦਰੁ ਗੁਰਮੁਖਿ ਪਾਈਐ; ਹੋਰਤੁ ਕਿਤੈ ਨ ਭਾਤੀ ਜੀਉ ॥੨॥

ਦਇਆਲ = ਦਿਆਲੂ ਦਮੋਦਰੁ = ਪਰਮੇਸ਼ਰ **ਵਾ:** ਪ੍ਰੇਮ ਰੂਪੀ ਰੱਸੀ ਨਾਲ ਬੰਨ੍ਹਾਉਣ ਵਾਲੇ ਪਰਮੇਸ਼ਰ ਨੂੰ ਗੁਰਮੁਖਿ = ਮੁਖੀ ਗੁਰਾਂ ਦੀ ਸੰਗਤ ਦੁਆਰਾ ਗੁਰਮੁਖ ਬਣ ਕੇ ਪਾਈਐ = ਪਾਈਦਾ ਹੈ ਹੋਰਤੁ = ਹੋਰ ਕਿਤੈ = ਕਿਸੇ ਵੀ ਭਾਤੀ = ਤਰੀਕੇ ਨਾਲ ਉਹ ਪਰਮੇਸ਼ਰ ਪਾਇਆ ਨਹੀਂ ਜਾਂਦਾ ਜੀ ॥੨॥

## ਨਿਰਹਾਰੀ; ਕੇਸਵ ਨਿਰਵੈਰਾ ॥

ਜੋ ਨਿਰਹਾਰੀ = ਭੋਜਨ ਆਦਿਕ ਅਹਾਰ ਦੀ ਇੱਛਾ ਤੋਂ ਰਹਿਤ, ਸੁੰਦਰ ਕੇਸਵ = ਕੇਸਾਂ ਵਾਲਾ **ਵਾ:**

(ਕੇ+ਸ+ਵ) ਸ = ਸਾਰਿਆਂ ਵ = ਵਿੱਚੋਂ ਚੇਤਨ ਸੱਤਾ ਰੂਪ ਕੇ = ਸੁਖ ਪ੍ਰਦਾਨ ਕਰਨ ਵਾਲਾ ਨਿਰਵੈਰਾ = ਵੈਰ ਵਿਰੋਧ ਤੋਂ ਰਹਿਤ ਪਰਮੇਸ਼ਰ ਹੈ।

## ਕੋਟਿ ਜਨਾ; ਜਾ ਕੇ ਪੂਜਹਿ ਪੈਰਾ ॥

ਕੋਟਿ = ਕ੍ਰੋੜਾਂ ਹੀ ਪਿਆਰੇ ਭਗਤ ਜਨ ਜਾ = ਜਿਸ ਪਰਮੇਸ਼ਰ ਕੇ = ਦੇ ਪੈਰਾ = ਚਰਨਾਂ ਦੀ ਪੂਜਹਿ = ਪੂਜਾ ਕਰਦੇ ਹਨ।

## ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ; ਸੋਈ ਭਗਤੁ ਇਕਾਤੀ ਜੀਉ ॥੩॥

ਹਰਿ = ਹਰੀ ਜੋ ਤਤਪਦ ਦਾ ਲਖ ਅਰਥ ਹੈ, ਹਰਿ = ਹਰੀ ਵਾਹਿਗੁਰੂ ਜੋ ਤ੍ਵੰ ਪਦ ਦਾ ਲਖ ਅਰਥ ਹੈ ਉਹੋ ਜੋ ਸ਼ੁੱਧ ਚੇਤਨ ਸਰੂਪ ਹੈ ਜਾ ਕੈ = ਜਿਸ ਗੁਰਮੁਖ ਦੇ ਹਿਰਦੈ = ਅੰਤਸ਼ਕਰਣ ਵਿਚ ਸਾਖਿਆਤ ਹੋ ਕੇ ਵਸਦਾ ਹੈ, ਸੋਈ = ਉਹੀ ਭਗਤੁ = ਸੇਵਕ (ਗੁਰਮੁਖ) ਜਨ ਇਕਾਤੀ = ਇਕਾਂਤ ਵਿਚ ਰਹਿਣ ਵਾਲਾ ਹੈ ਜੀ। ਗੁਫ਼ਾ ਜਾਂ ਜੰਗਲ ਵਿਚ ਰਹਿਣ ਨੂੰ ਇਕਾਂਤ ਨਹੀਂ ਮੰਨਿਆ। ਜਿਸ ਦਾ ਮਨ ਵਾਹਿਗੁਰੂ ਵਿਚ ਟਿਕ ਗਿਆ, ਉਸ ਨੂੰ ਇਕਾਂਤੀ ਮੰਨਿਆ ਹੈ। ਜਿਸ ਦੇ ਇਸ ਤਰੀਕੇ ਨਾਲ ਮਨ ਵਿਚ ਇਕ-ਰਸ ਹਰੀ ਵਾਹਿਗੁਰੂ ਵਸ ਰਿਹਾ ਹੈ, ਉਹੀ ਇਕਾਤੀ = ਇਕਾਂਤ ਵਿਚ ਰਹਿਣ ਵਾਲਾ ਭਗਤ ਹੈ ਜੀ ॥੩॥ ਜੈਸਾ ਕਿ :

**ਸੋ ਇਕਾਂਤੀ ਜਿਸੁ ਰਿਦਾ ਥਾਇ ॥** *(ਬਸੰਤ ਮ: ੫, ਅੰਗ ੧੧੮੦)*

**ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥** *(ਰਾਮਕਲੀ ਗੋਸਟਿ ਮ: ੧, ਅੰਗ ੯੩੮)*

## ਅਮੋਘ ਦਰਸਨ; ਬੇਅੰਤ ਅਪਾਰਾ ॥

ਬੇਅੰਤ = ਅੰਤ ਤੋਂ ਰਹਿਤ ਤੇ ਅਪਾਰਾ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦਾ ਦਰਸਨ = ਦੀਦਾਰ ਗਿਆਨ ਰੂਪੀ ਫਲ ਦੇ ਸਹਿਤ ਅਮੋਘ = ਸਫ਼ਲਾ ਹੈ।

## ਵਡ ਸਮਰਥੁ; ਸਦਾ ਦਾਤਾਰਾ ॥

ਜੋ ਸਾਰਿਆਂ ਤੋਂ ਵਡ = ਵੱਡਾ, ਸਮਰਥੁ = ਸਰਬ ਸ਼ਕਤੀਵਾਨ ਤੇ ਸਦਾ = ਹਮੇਸ਼ਾ ਦਾਤਾਰਾ = ਦਾਤਾਂ ਦੇਣ ਵਾਲਾ ਹੈ।

## ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ; ਗਤਿ ਨਾਨਕ ਵਿਰਲੀ ਜਾਤੀ ਜੀਉ ॥੪॥੬॥੧੩॥

ਗੁਰਮੁਖਿ = ਮੁਖੀ ਗੁਰਾਂ ਦੁਆਰਾ **ਵਾ:** ਗੁਰਮੁਖਾਂ ਦੀ ਸੰਗਤ ਵਿਚ ਮਿਲ ਕੇ ਨਾਮ ਜਪੀਐ = ਜਪਣਾ ਕਰੀਏ ਕਿਉਂਕਿ ਤਿਤੁ = ਤਿਸ ਨਾਮ ਕਰਕੇ ਹੀ ਸੰਸਾਰ ਸਮੁੰਦਰ ਤੋਂ ਤਰੀਐ = ਤਰ ਜਾਈਦਾ ਹੈ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਿਆਰੇ ਜੀਉ = ਜੀ। ਪਰ ਕਿਸੇ ਵਿਰਲੇ ਨੇ ਹੀ ਇਸ ਨਾਮ ਦੀ ਗਤਿ = ਪ੍ਰਾਪਤੀ, ਰੀਤਿ ਜਾਤੀ = ਜਾਣੀ ਹੈ **ਵਾ:** ਕਿਸੇ ਵਿਰਲੇ ਨੇ ਹੀ ਕਲਿਆਣ ਦੀ ਪ੍ਰਾਪਤੀ ਜਾਣੀ ਹੈ ਜੀ ॥੪॥੬॥੧੩॥

## ਮਾਝ ਮਹਲਾ ੫ ॥

ਇਸ ਸ਼ਬਦ ਵਿਚ ਰਜ਼ਾ ਅਨੁਸਾਰ ਚੱਲਣ ਵਾਲੇ ਗੁਰਮੁਖਾਂ ਦੀ ਅਵਸਥਾ ਦੱਸਦੇ ਹਨ।

## ਕਹਿਆ ਕਰਣਾ; ਦਿਤਾ ਲੈਣਾ ॥

ਹੇ ਪਰਮੇਸ਼ਰ ! ਗੁਰਾਂ ਦੁਆਰਾ ਆਪ ਜੀ ਦਾ ਕਹਿਆ ਹੋਇਆ ਹੁਕਮ ਹੀ ਅਸੀਂ ਕਰਣਾ = ਕਮਾਉਣਾ

ਕੀਤਾ ਹੈ **ਵਾ:** ਗੁਰਾਂ ਦੁਆਰਾ ਆਪ ਜੀ ਦਾ ਕਹਿਆ ਹੋਇਆ ਭਾਉ ਭਗਤੀ ਆਦਿ ਦਾ ਕਰਤੱਬ ਅਸੀਂ ਕਰਨਾ ਕੀਤਾ ਹੈ ਅਤੇ ਜੋ ਗੁਰਾਂ ਦੁਆਰਾ ਨਾਮ ਸਿਮਰਨ ਦਿੱਤਾ ਹੈ, ਉਸ ਦੁਆਰਾ ਅਸੀਂ ਮੁਕਤੀ, ਗਿਆਨ ਲੈਣਾ ਕੀਤਾ ਹੈ।

## ਗਰੀਬਾ ਅਨਾਥਾ; ਤੇਰਾ ਮਾਣਾ ॥

ਹੇ ਸੱਚੇ ਪਾਤਸ਼ਾਹ ! ਅਸੀਂ ਸ਼ੁਭ ਗੁਣਾਂ ਰੂਪੀ ਧੰਨ ਪਦਾਰਥ ਤੋਂ ਹੀਣੇ ਗਰੀਬਾ = ਦੀਨ ਹਾਂ। ਸਤਿ, ਸੰਤੋਖ, ਦਇਆ, ਧਰਮ ਆਦਿਕ ਪਰਿਵਾਰ ਤੋਂ ਹੀਣੇ ਅਨਾਥਾ = ਯਤੀਮ ਹਾਂ। ਸਾਨੂੰ ਤਾਂ ਕੇਵਲ ਤੇਰਾ = ਤੁਹਾਡਾ ਹੀ ਲੋਕ ਪ੍ਰਲੋਕ ਵਿਚ ਮਾਣਾ = ਮਾਣ ਹੈ **ਵਾ:** ਤੁਹਾਡੇ ਮਾਣਾ = ਸਤਿਕਾਰ ਦੇ ਆਸਰੇ ਹੀ ਜਿਉਂਦੇ ਹਾਂ **ਅਥਵਾ** ਜਿਹੜੇ ਧਨ ਪਦਾਰਥ ਕਰਕੇ ਗ਼ਰੀਬ ਮਾਤਾ ਪਿਤਾ ਤੋਂ ਵਾਂਝੇ ਯਤੀਮ ਲੋਕ ਹਨ, ਤੁਸੀਂ ਉਹਨਾਂ ਸਾਰਿਆਂ ਦੇ ਪ੍ਰਤਿਪਾਲਕ ਮਾਲਕ ਹੋ। ਤੁਹਾਡੇ ਉੱਤੇ ਹੀ ਉਹਨਾਂ ਦਾ ਮਾਣਾ = ਮਾਣ ਹੈ, ਹੋਰ ਕੋਈ ਆਸਰਾ ਨਹੀਂ ਹੈ।

## ਸਭ ਕਿਛੁ ਤੂੰਹੈ, ਤੂੰਹੈ ਮੇਰੇ ਪਿਆਰੇ;<br>ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥੧॥

ਹੇ ਮੇਰੇ ਪਿਆਰੇ ਪ੍ਰਭੂ ਜੀ ! ਤੂੰਹੈ = ਤੂੰ ਹੀ ਸਾਡਾ ਮਾਤਾ, ਪਿਤਾ, ਗੁਰੂ ਰੂਪ ਹੈ, ਇਸ ਲੋਕ ਦੇ ਪਦਾਰਥ ਦੇਣ ਵਾਲਾ ਤੇ ਪ੍ਰਲੋਕ ਵਿਚ ਰੱਖਿਆ ਕਰਨ ਵਾਲਾ ਹੋਣ ਕਰਕੇ ਸਭ = ਸਾਰਾ ਕਿਛੁ = ਕੁਝ ਤੂੰ ਆਪ ਹੀ ਹੈਂ **ਵਾ:** ਸਰਗੁਣ ਸਰੂਪ ਧਾਰਨ ਕਰਕੇ ਕਰਤਬ ਕਰਨ ਵਾਲਾ ਵੀ ਤੂੰ ਆਪ ਹੈਂ, ਤੇ ਨਿਰਗੁਣ ਸਰੂਪ ਵਿਚ ਸਾਰਿਆਂ ਦਾ ਆਤਮਾ ਪ੍ਰਕਾਸ਼ ਰੂਪ ਹੋ ਕੇ ਵਰਤਣ ਵਾਲਾ ਵੀ ਤੂੰ ਆਪ ਹੀ ਹੈਂ। ਇਸ ਕਰਕੇ ਅਸੀਂ ਤੇਰੀ ਕੁਦਰਤਿ = ਸ਼ਕਤੀ, ਸ੍ਰਿਸਟੀ ਕਉ = ਤਾਈਂ ਬਲਿ = ਬਲਿਹਾਰ ਜਾਈ = ਜਾਂਦੇ ਹਾਂ ਜੀ ॥੧॥

## ਭਾਣੈ ਉਝੜ; ਭਾਣੈ ਰਾਹਾ ॥

ਹੇ ਪਰਮੇਸ਼ਰ ! ਜਿਹੜੇ ਮਨਮੁਖਾਂ ਦੀ ਸੰਗਤ ਕਰਦੇ ਹਨ, ਉਹ ਤੇਰੇ ਭਾਣੈ = ਹੁਕਮ ਅਨੁਸਾਰ ਸੰਸਾਰ ਰੂਪੀ ਉਝੜ = ਉਜਾੜ ਵਿਚ ਭਰਮਦੇ ਹਨ। ਜਿਹੜੇ ਗੁਰਮੁਖਾਂ ਦੀ ਸੰਗਤ ਕਰਦੇ ਹਨ, ਉਹ ਤੇਰੇ ਭਾਣੈ = ਹੁਕਮ ਅਨੁਸਾਰ ਭਗਤੀ ਸਹਿਤ ਗਿਆਨ ਰੂਪੀ ਰਾਹਾ = ਮਾਰਗ 'ਤੇ ਚੱਲਦੇ ਹਨ।

## ਭਾਣੈ; ਹਰਿ ਗੁਣ ਗੁਰਮੁਖਿ ਗਾਵਾਹਾ ॥

ਹੇ ਹਰਿ = ਪਰਮੇਸ਼ਰ ! ਤੇਰੇ ਭਾਣੈ = ਹੁਕਮ ਵਿਚ ਗੁਰਮੁਖ ਜਨ ਤੇਰੇ ਗੁਣਾਂ ਨੂੰ ਆਪ ਗਾਵਾਹਾ = ਗਾਉਂਦੇ ਹਨ ਅਤੇ ਹੋਰਨਾਂ ਤੋਂ ਗਵਾਉਂਦੇ ਹਨ।

## ਭਾਣੈ ਭਰਮਿ ਭਵੈ ਬਹੁ ਜੂਨੀ; ਸਭ ਕਿਛੁ ਤਿਸੈ ਰਜਾਈ ਜੀਉ ॥੨॥

ਹੇ ਪਰਮੇਸ਼ਰ ! ਤੇਰੇ ਭਾਣੈ = ਹੁਕਮ ਅਨੁਸਾਰ ਹੀ ਮਨਮੁਖ ਜੀਵ ਭਰਮ ਦੇ ਭਰਮਾਏ ਹੋਏ ਬਹੁ = ਅਨੇਕਾਂ ਜੂਨੀ = ਜੂਨੀਆਂ ਵਿਚ ਭਵੈ = ਭਰਮਦੇ ਫਿਰਦੇ ਹਨ ਅਤੇ ਤੇਰੇ ਤਿਸੈ = ਉਸੇ ਰਜਾਈ = ਹੁਕਮ ਵਿਚ ਹੀ ਸੰਸਾਰ ਦਾ ਸਭ ਕਿਛੁ = ਕੁਝ ਵਰਤਾਰਾ ਵਰਤ ਰਿਹਾ ਹੈ ਜੀ ॥੨॥

## ਨਾ ਕੋ ਮੂਰਖੁ; ਨਾ ਕੋ ਸਿਆਣਾ ॥

ਗੁਰਮੁਖ ਜਨਾਂ ਦਾ ਐਸਾ ਨਿਸਚਾ ਹੈ ਕਿ ਹੇ ਪਰਮੇਸ਼ਰ ! ਆਪਣੇ ਆਪ ਨਾ ਕੋ = ਕੋਈ ਮੂਰਖੁ = ਬੇਸਮਝ ਹੈ ਅਤੇ ਨਾ ਹੀ ਕੋਈ ਸ਼ਾਸਤਰ ਗਿਆਨ ਕਰਕੇ ਸਿਆਣਾ = ਚਤੁਰ ਹੈ **ਵਾ:** ਨਾ ਹੀ ਕੋਈ ਤਮੋਗੁਣ ਦੀ

ਅਧਿਕਤਾ ਕਰਕੇ ਮੂਰਖ ਹੈ, ਨਾ ਹੀ ਕੋਈ ਸਤੋਗੁਣ ਦੀ ਅਧਿਕਤਾ ਕਰਕੇ ਸਿਆਣਾ ਹੈ। **ਵਾ:** ਆਤਮਿਕ ਸਰੂਪ ਹੋਣ ਕਰਕੇ ਨਾ ਕੋਈ ਮੂਰਖ ਅਤੇ ਨਾ ਹੀ ਕੋਈ ਸਿਆਣਾ ਹੈ ਬਲਕਿ ਪਰਮਾਤਮਾ ਦੀ ਅੰਸ਼ ਹੋਣ ਕਰਕੇ ਪਰਮਾਤਮਾ ਦਾ ਰੂਪ ਹੈ।

## ਵਰਤੈ ਸਭ ਕਿਛੁ; ਤੇਰਾ ਭਾਣਾ॥

ਜੋ ਕਿਛੁ = ਕੁਝ ਵੀ ਵਰਤੈ = ਵਰਤ ਰਿਹਾ ਹੈ ਇਹ ਸਭ = ਸਾਰਾ ਤੇਰਾ ਹੀ ਭਾਣਾ = ਹੁਕਮ ਹੈ।

## ਅਗਮ ਅਗੋਚਰ ਬੇਅੰਤ ਅਥਾਹਾ; ਤੇਰੀ ਕੀਮਤਿ ਕਹਣੁ ਨ ਜਾਈ ਜੀਉ॥੩॥

ਹੇ ਅਗਮ = ਮਨ ਦੀ ਗਮਤਾ ਤੋਂ ਪਰੇ, ਅਗੋਚਰ = ਇੰਦਰੀਆਂ ਦੇ ਅਵਿਸ਼ੇ, ਬੇਅੰਤ = ਅੰਤ ਤੋਂ ਰਹਿਤ ਭਾਵ ਅਨੰਤ, ਅਥਾਹਾ = ਅਗਾਧ ਸਰੂਪ ਪਰਮੇਸ਼ਰ। ਤੇਰੀ = ਤੁਹਾਡੀ ਪ੍ਰਾਪਤੀ ਰੂਪ ਕੀਮਤ ਕਿਸੇ ਤੋਂ ਵੀ ਕਹੀ ਨ = ਨਹੀਂ ਜਾਈ = ਜਾ ਸਕਦੀ ਜੀ॥੩॥

## ਖਾਕੁ ਸੰਤਨ ਕੀ; ਦੇਹੁ ਪਿਆਰੇ॥

ਹੇ ਪਿਆਰੇ ਪਰਮੇਸ਼ਰ ਜੀ! ਮੈਨੂੰ ਸ਼ਾਂਤ ਰਸ ਬਿਰਤੀ ਵਾਲੇ, ਆਪਾ ਭਾਵ ਮੇਟ ਕੇ ਤੇਰੇ ਨਾਲ ਬਿਰਤੀ ਜੋੜਣ ਵਾਲੇ ਸੰਤਨ = ਮਹਾਤਮਾ ਜਨਾਂ ਦੇ ਚਰਨਾਂ ਕੀ = ਦੀ ਖਾਕੁ = ਧੂੜ ਬਖ਼ਸ਼ ਦੇਹੁ = ਦੇਣਾ ਕਰੋ।

## ਆਇ ਪਇਆ; ਹਰਿ ਤੇਰੈ ਦੁਆਰੈ॥

ਹੇ ਹਰਿ = ਪਰਮੇਸ਼ਰ ਜੀ! ਮੈ ਤੇਰੈ = ਤੁਹਾਡੇ ਸਤਿਸੰਗਤ ਰੂਪੀ ਦੁਆਰੇ = ਦਰਵਾਜ਼ੇ 'ਤੇ ਆਇ = ਆ ਕੇ ਪਿਆ ਹਾਂ। ਅਤੇ

## ਦਰਸਨੁ ਪੇਖਤ ਮਨੁ ਆਘਾਵੈ;
## ਨਾਨਕ ਮਿਲਣੁ ਸੁਭਾਈ ਜੀਉ॥੪॥੭॥੧੪॥

ਹੇ ਪਰਮੇਸਰ ਜੀ! ਤੇਰੇ ਸੰਤਾਂ ਭਗਤਾਂ ਦੇ ਦਰਸਨੁ = ਦੀਦਾਰ ਪੇਖਤ = ਦੇਖਦਿਆਂ ਹੀ ਮੇਰਾ ਮਨੁ = ਹਿਰਦਾ (ਸੰਸਾਰਕ ਪਦਾਰਥਾਂ ਵੱਲੋਂ) ਆਘਾਵੈ = ਰੱਜ ਗਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਕਰਕੇ ਤੇਰੇ ਸਰੂਪ ਨਾਲ ਸੁਭਾਈ = ਸੁਭਾਵਿਕ ਹੀ ਮਿਲਣੁ = ਮਿਲਣਾ ਹੋ ਜਾਂਦਾ ਹੈ ਜੀ॥੪॥੭॥੧੪॥

## ਮਾਝ ਮਹਲਾ ੫॥ ਦੁਖੁ ਤਦੇ; ਜਾ ਵਿਸਰਿ ਜਾਵੈ॥

ਹੇ ਪਿਆਰੇ! ਜੀਵ ਨੂੰ ਤਦੇ = ਤਦ ਹੀ ਬਾਲਕ ਅਵਸਥਾ ਦੇ ਜਵਾਨੀ ਵਿਚ ਪਦਾਰਥ ਕਮਾਉਣ ਦੇ, ਵਿਕਾਰਾਂ ਦੇ ਅਤੇ ਬੁਢੇਪੇ ਵਿਚ ਗਮ, ਰੋਗਾਂ ਦੇ ਆਦਿ ਸਾਰੇ ਦੁੱਖ ਆ ਲੱਗਦੇ ਹਨ, ਜਾ = ਜਦੋਂ ਪਰਮੇਸਰ ਦਾ ਨਾਮ ਵਿਸਰਿ = ਭੁੱਲ ਜਾਵੈ = ਜਾਂਦਾ ਹੈ।

## ਭੁਖ ਵਿਆਪੈ; ਬਹੁ ਬਿਧਿ ਧਾਵੈ॥

ਫੇਰ ਆਸਾ ਰੂਪ ਭੁੱਖ ਇਸ ਜੀਵ ਨੂੰ ਵਿਆਪੈ = ਵਿਆਪਦੀ ਹੈ, ਜਿਸ ਦੀ ਪੂਰਤੀ ਲਈ ਬਹੁ = ਬਹੁਤ ਬਿਧਿ = ਵਿਧੀਆ ਪੂਰਵਕ ਧਾਵੈ = ਦੌੜਦਾ ਰਹਿੰਦਾ ਹੈ।

## ਸਿਮਰਤ ਨਾਮੁ ਸਦਾ ਸੁਹੇਲਾ; ਜਿਸੁ ਦੇਵੈ ਦੀਨ ਦਇਆਲਾ ਜੀਉ॥੧॥

ਹੇ ਪਿਆਰੇ ਜੀ! ਜਿਸ ਨੂੰ ਦੀਨ = ਗ਼ਰੀਬਾਂ 'ਤੇ ਦਇਆਲਾ = ਦਇਆਲਤਾ ਕਰਨ ਵਾਲਾ ਪਰਮੇਸ਼ਰ

ਗੁਰਾਂ ਦੁਆਰਾ ਨਾਮ ਦੀ ਦਾਤ ਦੇਵੈ = ਦਿੰਦਾ ਹੈ, ਉਹ ਅੰਮ੍ਰਿਤ ਨਾਮ ਨੂੰ ਸਿਮਰਤ = ਸਿਮਰ ਕੇ ਸਦਾ = ਹਮੇਸ਼ਾ ਵਾਸਤੇ ਆਤਮਿਕ ਸੁੱਖ ਦੇ ਸਹਿਤ ਸੁਹੇਲਾ = ਸੁੱਖੀ ਹੋ ਜਾਂਦਾ ਹੈ ॥੧॥

## ਸਤਿਗੁਰੁ ਮੇਰਾ; ਵਡ ਸਮਰਥਾ ॥

ਮੇਰਾ ਸਤਿਗੁਰੂ ਜੀ ਵਡ = ਅਤਿਅੰਤ ਸਮਰਥਾ = ਸਰਬ ਸ਼ਕਤੀਵਾਨ ਹੈ।

[ਅੰਗ ੯੯]

## ਜੀਇ ਸਮਾਲੀ; ਤਾ ਸਭੁ ਦੁਖੁ ਲਥਾ ॥

ਉਸ ਸਤਿਗੁਰੂ ਦੁਆਰਾ ਜੀਇ = ਹਿਰਦੇ ਵਿਚ ਪਰਮੇਸ਼ਰ ਦੇ ਨਾਮ ਨੂੰ ਸਮਾਲੀ = ਚੇਤੇ ਕਰੀਏ ਤਾਂ ਅਗਿਆਨ, ਵਿਕਾਰਾਂ ਆਦਿ ਦੇ ਸਭੁ = ਸਾਰੇ ਦੁਖੁ = ਕਸ਼ਟ ਲਥਾ = ਲਹਿ ਜਾਂਦੇ ਹਨ। ਅਤੇ

## ਚਿੰਤਾ ਰੋਗੁ ਗਈ ਹਉ ਪੀੜਾ; ਆਪਿ ਕਰੇ ਪ੍ਰਤਿਪਾਲਾ ਜੀਉ ॥੨॥

ਪ੍ਰਭੂ ਦਾ ਨਾਮ ਜਪਣ ਕਰਕੇ ਚਿੰਤਾ = ਚਿੱਤ ਦੀ ਬਿਹਬਲ ਹਾਲਤ, ਆਧੀ, ਬਿਆਪੀ, ਉਪਾਧੀ ਰੂਪੀ ਰੋਗ **ਵਾ:** ਚਿੰਤਾ ਰੂਪੀ ਰੋਗ ਤੇ ਹਉ = ਹਉਮੈ ਦੀ ਪੀੜਾ ਚਲੀ ਗਈ ਹੈ ਅਤੇ ਇਹ ਨਿਸਚਾ ਬੱਝ ਗਿਆ ਹੈ ਕਿ ਉਹ ਪ੍ਰਭੂ ਆਪ ਹੀ ਸਾਰੇ ਜੀਵਾਂ ਦੇ ਪ੍ਰਤਿ = ਤਾਈਂ ਪਾਲਾ = ਪਾਲਣਾ ਕਰੇ = ਕਰਦਾ ਹੈ ਜੀ ॥੨॥

## ਬਾਰਿਕ ਵਾਂਗੀ; ਹਉ ਸਭ ਕਿਛੁ ਮੰਗਾ ॥

ਜਿਵੇਂ ਬਾਰਿਕ = ਬੱਚਾ ਆਪਣੇ ਮਾਤਾ ਪਿਤਾ ਤੋਂ ਬਸਤਰ, ਭੋਜਨ ਆਦਿਕ ਮੰਗਦਾ ਹੈ, ਇਉਂ ਬੱਚੇ ਵਾਂਗੀ = ਤਰ੍ਹਾਂ ਹੀ ਹਉ = ਮੈ ਉਸ ਪਰਮੇਸ਼ਰ ਕੋਲੋਂ ਧਰਮ, ਅਰਥ, ਕਾਮ, ਮੋਖ ਆਦਿ ਸਭ = ਸਾਰਾ ਕਿਛੁ = ਕੁਝ ਮੰਗਾ = ਮੰਗਦਾ ਹਾਂ।

## ਦੇਦੇ ਤੋਟਿ ਨਾਹੀ; ਪ੍ਰਭ ਰੰਗਾ ॥

(ਦੇਂਦੇ ਬੋਲੋ)

ਕਿਉਂਕਿ ਰੰਗਾ = ਅਨੰਦ ਸਰੂਪ ਪ੍ਰਭ = ਪਰਮੇਸ਼ਰ ਨੂੰ ਇਹ ਦਾਤਾਂ ਦੇਦੇ = ਦਿੰਦਿਆ ਕੋਈ ਤੋਟਿ = ਘਾਟਾ ਨਾਹੀ = ਨਹੀਂ ਪੈਂਦਾ।

## ਪੈਰੀ ਪੈ ਪੈ ਬਹੁਤੁ ਮਨਾਈ; ਦੀਨ ਦਇਆਲ ਗੋਪਾਲਾ ਜੀਉ ॥੩॥

ਉਸ ਦੀਨ = ਗ਼ਰੀਬਾਂ 'ਤੇ ਦਇਆਲ = ਦਇਆਲਤਾ ਕਰਨ ਵਾਲੇ ਗੋਪਾਲਾ = ਪਰਮੇਸ਼ਰ ਜੀ ਨੂੰ ਗੁਰਾਂ ਦੇ ਪੈਰੀ = ਚਰਨੀਂ ਪੈ ਪੈ ਕੇ ਪ੍ਰੇਮ ਨਾਲ ਮਨਾਈ = ਮਨਾਉਂਦੇ ਹਾਂ ॥੩॥

## ਹਉ ਬਲਿਹਾਰੀ; ਸਤਿਗੁਰ ਪੂਰੇ ॥

ਐਸੇ ਪੂਰੇ = ਪੂਰਨ ਸਤਿਗੁਰਾਂ ਤੋਂ ਹਉ = ਮੈਂ ਮਨ, ਬਾਣੀ, ਸਰੀਰ ਕਰਕੇ ਬਲਿਹਾਰੀ = ਕੁਰਬਾਨ ਜਾਂਦਾ ਹਾਂ **ਵਾ:** ਪੂਰਨ ਬ੍ਰਹਮ ਨਾਲ ਏਕਤਾ ਕਰਵਾਉਣ ਵਾਲੇ ਸਤਿਗੁਰਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ।

## ਜਿਨਿ ਬੰਧਨ ਕਾਟੇ; ਸਗਲੇ ਮੇਰੇ ॥

ਜਿਨਿ = ਜਿਸ ਸਤਿਗੁਰੂ ਨੇ ਕਰਤਾ ਭੋਗਤਾ, ਹੰਗਤਾ, ਮਮਤਾ ਦੇ ਮੇਰੇ ਸਗਲੇ = ਸਾਰੇ ਬੰਧਨ = ਜੰਜਾਲ ਕਾਟੇ = ਕੱਟ ਦਿੱਤੇ ਹਨ।

## ਹਿਰਦੈ ਨਾਮੁ ਦੇ, ਨਿਰਮਲ ਕੀਏ; ਨਾਨਕ ਰੰਗਿ ਰਸਾਲਾ ਜੀਉ ॥੪॥੮॥੧੫॥

ਜਿਸ ਸਤਿਗੁਰੂ ਨੇ ਹਿਰਦੈ = ਮਨ ਵਿਚ ਨਾਮ ਦਾ ਦਾਨ ਦੇ ਕੇ ਮੇਰੇ ਇੰਦਰੇ ਨਿਰਮਲ = ਉੱਜਲ ਕੀਏ = ਕੀਤੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਕਰਕੇ ਹੁਣ ਮੈ ਰੰਗਿ = ਪ੍ਰੇਮ ਰੂਪੀ ਰਸਾਲਾ (ਰਸ+ਆਲਾ) ਰਸ ਦਾ ਆਲਾ = ਘਰ ਬਣ ਗਿਆ ਹਾਂ **ਵਾ:** ਰੰਗਿ = ਅਨੰਦ ਸਰੂਪ ਪਰਮੇਸ਼ਰ ਦੀ ਪ੍ਰਾਪਤੀ ਹੋਣ ਨਾਲ ਰਸਾਂ ਦਾ ਘਰ ਬਣ ਗਿਆ ਹਾਂ ॥੪॥੮॥੧੫॥

## ਮਾਝ ਮਹਲਾ ੫ ॥ ਲਾਲ ਗੋਪਾਲ; ਦਇਆਲ ਰੰਗੀਲੇ ॥

ਹੇ ਅਕਾਲ ਪੁਰਖ! ਆਪ ਲਾਲ = ਪਿਆਰੇ ਹੋ, ਪਿਆਰ ਕਰਨ ਵਾਲੇ ਹੋ, ਭਗਤੀ ਦੇ ਮਜੀਠੀ ਲਾਲ ਰੰਗ ਵਿਚ ਰੰਗਣ ਵਾਲੇ ਹੋ, ਪ੍ਰੇਮ ਦਾ ਪੱਕਾ ਲਾਲ ਰੰਗ ਚਾੜ੍ਹਨ ਵਾਲੇ ਹੋ, ਗੋਪਾਲ ਗੋ = ਧਰਤੀ ਦੀ ਪਾਲ = ਪਾਲਣਾ ਕਰਨ ਵਾਲੇ ਹੋ, ਦਇਆਲ = ਦਇਆ ਦੇ ਆਲ = ਘਰ ਹੋ, ਰੰਗੀਲੇ = ਰੰਗ ਦੇ ਈਲੇ = ਘਰ ਹੋ, **ਵਾ:** ਰੰਗੀਲੇ = ਅਨੰਦੀ ਹੋ।

## ਗਹਿਰ ਗੰਭੀਰ; ਬੇਅੰਤ ਗੋਵਿੰਦੇ ॥

ਹੇ ਅਕਾਲ ਪੁਰਖ! ਆਪ ਗਹਿਰ = ਨਿਰਹਲ ਹੋ, ਗੰਭੀਰ = ਡੂੰਘੇ ਸਮੁੰਦਰ ਦੀ ਨਿਆਈਂ ਹੋ **ਵਾ:** ਗਹਿਰ = ਅਤੁੱਲ ਭਾਵ ਤੋਲਣ ਤੋਂ ਰਹਿਤ ਹੋ, ਗੰਭੀਰ = ਅਸਪਰਸ਼ ਭਾਵ ਅਰਸਨ ਪਰਸਨ ਤੋਂ ਰਹਿਤ ਹੋ। ਬੇਅੰਤ = ਅੰਤ ਤੋਂ ਰਹਿਤ ਹੋ, ਗੋਵਿੰਦੇ (ਗੋ+ਵਿੰਦੇ) ਗੋ = ਪ੍ਰਿਥਵੀ ਦੇ ਵਿੰਦੇ = ਰੱਖਿਆ ਕਰਨ ਵਾਲੇ ਹੋ।

## ਊਚ ਅਥਾਹ ਬੇਅੰਤ ਸੁਆਮੀ; ਸਿਮਰਿ ਸਿਮਰਿ ਹਉ ਜੀਵਾਂ ਜੀਉ ॥੧॥

ਹੇ ਸਾਰਿਆਂ ਤੋਂ ਊਚ = ਸ੍ਰੇਸ਼ਟ, ਅਥਾਹ = ਥਾਹ ਤੋਂ ਰਹਿਤ, ਬੇਅੰਤ = ਅੰਤ ਤੋਂ ਰਹਿਤ ਸੁਆਮੀ = ਮਾਲਕ ਪਰਮੇਸ਼ਰ ਜੀ! ਹਉ = ਅਸੀਂ ਆਪ ਜੀ ਦੇ ਸਿਮਰਿ = ਸਿਮਰਨ ਨੂੰ ਸਿਮਰਿ = ਯਾਦ ਕਰ ਕਰ ਕੇ ਜੀਵਾਂ = ਜਿਉਂਦੇ ਹਾਂ ਜੀ ॥੧॥

## ਦੁਖ ਭੰਜਨ; ਨਿਧਾਨ ਅਮੋਲੇ ॥

ਹੇ ਮਹਾਰਾਜ! ਆਪ ਜੰਮਣ, ਮਰਣ, ਆਧੀ, ਬਿਆਧੀ, ਉਪਾਧੀ, ਈਰਖਾ, ਨਿੰਦਾ, ਅਗਿਆਨ ਆਦਿਕ ਦੁੱਖਾਂ ਨੂੰ ਭੰਜਨ = ਨਾਸ ਕਰਨ ਵਾਲੇ ਹੋ ਨਾਮ, ਪਦਾਰਥਾਂ ਦੇ ਨਿਧਾਨ = ਖ਼ਜ਼ਾਨਾ ਰੂਪ ਅਤੇ ਅਮੋਲੇ = ਅਮੋਲਕ ਭਾਵ ਕਿਤੇ ਮੁੱਲ ਨਹੀਂ ਵਿਕਦੇ।

## ਨਿਰਭਉ ਨਿਰਵੈਰ; ਅਥਾਹ ਅਤੋਲੇ ॥

ਹੇ ਮਹਾਰਾਜ! ਆਪ ਜੀ ਅਥਾਹ = ਥਾਹ ਤੋਂ ਰਹਿਤ, ਅਤੋਲੇ = ਤੋਲਣ ਤੋਂ ਰਹਿਤ, ਨਿਰਭਉ = ਭੈ ਤੋਂ ਰਹਿਤ ਹੋ ਭਾਵ ਸਾਰੀ ਸ੍ਰਿਸ਼ਟੀ, ਚੰਦਰਮਾ, ਸੂਰਜ ਸਾਰੇ ਭੈ ਵਿਚ ਹਨ ਪਰੰਤੂ ਤੁਸੀਂ ਭੈ ਤੋਂ ਰਹਿਤ ਹੋ। ਜੈਸਾ ਕਿ :

**ਨਾਨਕ ਨਿਰਭਉ ਨਿਰੰਕਾਰੁ ਸਚੁ ਏਕ ॥** *(ਅੰਗ ੪੬੪)*

ਨਿਰਵੈਰ = ਫੇਰ ਕਿਸੇ ਨਾਲ ਵੈਰ ਨਹੀਂ। ਵੈਰ ਤੋਂ ਰਹਿਤ ਹੋ। ਇਥੋਂ ਤੱਕ ਕਿ :

**ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥** *(ਅੰਗ ੪੭)*

**ਵਾ** = ਅਥਾਹ = ਵੇਦ ਸ਼ਾਸਤਰਾਂ, ਸ਼ਕਤੀ ਬਿਰਤੀ ਕਰਕੇ ਆਪ ਦਾ ਥਾਹ ਨਹੀਂ ਪਾਇਆ ਜਾ ਸਕਦਾ। ਕਈ ਰੂਢਿ ਜਾਂ ਯੋਗ ਰੂਢਿ[1] ਸ਼ਬਦਾਂ ਦੁਆਰਾ ਕਥਨ ਕਰਨਾ ਚਾਹੁੰਦੇ ਹਨ, ਪਰ ਇਨ੍ਹਾਂ ਸ਼ਬਦਾਂ ਕਰਕੇ ਵੀ ਕਿਸੇ ਪ੍ਰਕਾਰ ਜਾਣਿਆ ਨਹੀਂ ਜਾਂ ਸਕਦਾ। ਅਤੋਲੇ = ਤੋਲਣ ਤੋਂ ਰਹਿਤ, ਬੁੱਧੀ ਰੂਪੀ ਤੱਕੜੀ ਵਿਚ ਸ਼ਾਸਤਰ ਪ੍ਰਮਾਣ ਰੂਪ ਵੱਟਾ ਪਾ ਕੇ ਤੋਲਿਆ ਨਹੀਂ ਜਾ ਸਕਦਾ। ਜੌਹਰੀ ਜਿਵੇਂ ਹੀਰੇ ਨੂੰ ਨਿਗ੍ਹਾ ਨਾਲ ਪਰਖ ਲੈਂਦੇ ਹਨ, ਇਸ ਤਰ੍ਹਾਂ ਵੀ ਨਹੀਂ ਪਰਖਿਆ ਜਾ ਸਕਦਾ। ਅੰਕਾਂ ਦੀ ਗਿਣਤੀ ਨਾਲ ਸਮਝਿਆ ਨਹੀਂ ਜਾ ਸਕਦਾ। ਗਜ਼ਾਂ ਨਾਲ ਮਾਪਿਆ ਨਹੀਂ ਜਾ ਸਕਦਾ। ਇਹਨਾਂ ਸਾਰੀਆਂ ਹੀ ਪਰਖਾਂ ਤੋਂ ਤੁਸੀਂ ਰਹਿਤ ਹੋ।

## ਅਕਾਲ ਮੂਰਤਿ ਅਜੂਨੀ ਸੰਭੌ; ਮਨ ਸਿਮਰਤ ਠੰਢਾ ਥੀਵਾਂ ਜੀਉ ॥੨॥

ਹੇ ਪਰਮੇਸ਼ਰ! ਆਪ ਜੀ ਅਕਾਲ = ਕਾਲ ਤੋਂ ਰਹਿਤ ਮੂਰਤਿ = ਸਰੂਪ, ਅਜੂਨੀ = ਜੂਨਾਂ ਤੋਂ ਰਹਿਤ, ਸੰਭੌ = ਸੁਤੇ ਪ੍ਰਕਾਸ਼ ਰੂਪ ਹੋ **ਵਾ:** (ਸੰ+ਭੌ) ਸ = ਭਲੀ ਪ੍ਰਕਾਰ ਆਪਣੇ ਆਪ ਤੋਂ ਭੌ = ਪ੍ਰਕਾਸ਼ ਰੂਪ ਹੋ **ਵਾ:** ਸੰ = ਸੈਂਕੜਿਆਂ ਭਾਵ ਬੇਅੰਤ ਜੀਵਾਂ ਨੂੰ ਭੌ = ਭੈ ਦੇਣ ਵਾਲੇ ਹੋ **ਵਾ:** ਇਕ ਖਿਨ ਵਿਚ ਸਾਰਿਆਂ ਨੂੰ ਭੰਨਣ ਵਾਲੇ ਹੋ, ਆਪ ਜੀ ਦਾ ਨਾਮ ਸਿਮਰਤ = ਸਿਮਰ ਕੇ ਮਨ ਵਿਕਾਰਾਂ, ਵਾਸਨਾ ਵੱਲੋਂ ਠੰਢਾ = ਸ਼ਾਂਤ ਥੀਵਾਂ = ਹੋ ਜਾਂਦਾ ਹੈ ਜੀ ॥੨॥

## ਸਦਾ ਸੰਗੀ; ਹਰਿ ਰੰਗ ਗੋਪਾਲਾ ॥

ਹੇ ਹਰਿ = ਹਰੇਕ ਨੂੰ ਚੇਤਨ ਸੱਤਾ ਦੇ ਕੇ ਹਰਿਆਲਤਾ ਬਖ਼ਸ਼ਣ ਵਾਲੇ ਰੰਗ = ਪ੍ਰੇਮ ਸਰੂਪ ਗੋਪਾਲਾ = ਪਰਮੇਸ਼ਰ। ਆਪ ਸਦਾ = ਹਮੇਸ਼ਾ ਹੀ ਮੇਰੇ **ਵਾ:** ਆਪਣੇ ਭਗਤਾਂ ਦੇ ਸੰਗੀ = ਸਾਥੀ ਹੋ।

## ਊਚ ਨੀਚ; ਕਰੇ ਪ੍ਰਤਿਪਾਲਾ ॥

ਊਚ = ਉੱਚੇ ਬ੍ਰਹਮਾ ਆਦਿਕ, ਨੀਚ = ਨੀਵੇਂ ਕੀੜੀ ਆਦਿਕ **ਵਾ:** ਊਚ = ਉੱਚੇ ਸਵਰਗ ਲੋਕ ਆਦਿਕ, ਨੀਚ = ਨੀਵੇਂ ਪਾਤਾਲ ਲੋਕ ਆਦਿਕ ਵਿਚ ਰਹਿਣ ਵਾਲੇ ਜੀਵ **ਵਾ:** ਊਚ = ਉੱਚੇ ਰਾਜੇ ਲੋਕ, ਨੀਚ = ਨੀਵੇ ਗ਼ਰੀਬ ਲੋਕ **ਵਾ:** ਜੋ ਅਵਸਥਾ ਵਿਚ ਊਚ = ਉੱਚੇ ਕਹਾਉਂਦੇ ਹਨ, ਜੋ ਨੀਚ = ਨੀਵੇਂ ਭਾਵ ਸਦਾ ਚਰਣ ਧੂੜ ਬਣੇ ਰਹਿੰਦੇ ਹਨ, ਤੁਸੀਂ ਉਹਨਾਂ ਸਾਰਿਆਂ ਦੇ ਪ੍ਰਤਿ = ਤਾਈਂ ਪਾਲਾ = ਪਾਲਣਾ ਕਰਦੇ ਹੋ।

## ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ; ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥੩॥

ਹੇ ਪਰਮੇਸ਼ਰ! ਆਪ ਜੀ ਦਾ ਨਾਮ ਰਸਾਇਣੁ (ਰਸ+ਆਇਣੁ) ਰਸਾਂ ਦਾ ਆਇਣੁ = ਘਰ ਹੈ ਜੋ ਮਨੁ = ਹਿਰਦੇ ਨੂੰ ਤ੍ਰਿਪਤਾਇਣੁ = ਤ੍ਰਿਪਤੀ ਦੇਣ ਵਾਲਾ ਹੈ, ਇਸ ਕਰਕੇ ਮੈਂ ਨਾਮ ਅੰਮ੍ਰਿਤ ਨੂੰ ਗੁਰਮੁਖਿ = ਮੁਖੀ ਗੁਰਾਂ ਦੁਆਰਾ **ਵਾ:** ਗੁਰਮੁਖਾਂ ਦੀ ਸੰਗਤ ਵਿਚ ਮਿਲ ਕੇ ਪੀਵਾਂ = ਪੀਣਾ ਕਰਦਾ ਹਾਂ ਜੀ।

---

੧. ਇਕ ਰੂਢਿ ਤੇ ਇਕ ਯੋਗ ਰੂਢਿ ਸ਼ਬਦ ਹੁੰਦੇ ਹਨ:

(ੳ) ਰੂਢਿ ਸ਼ਬਦ = ਜਿਸ ਦੇ ਅੱਖਰਾਂ ਵਿੱਚੋਂ ਪਦ-ਛੇਦ ਕਰ ਕੇ ਹੋਰ ਕੋਈ ਅਰਥ ਨਾ ਬਣਦਾ ਹੋਵੇ, ਕੇਵਲ ਵਸਤੂ ਦਾ ਹੀ ਬੋਧ ਕਰਵਾਉਂਦਾ ਹੋਵੇ ਉਸਨੂੰ ਰੂਢਿ ਸ਼ਬਦ ਕਹਿੰਦੇ ਹਨ, ਜੈਸਾ ਕਿ: ਗੜਵਾ, ਤੂੰਬੀ, ਰੋਟੀ, ਫੌੜੀ ਆਦਿ, ਇਸ ਤਰ੍ਹਾਂ ਇਹ ਸੰਕੇਤੀ ਸ਼ਬਦ ਹਨ।

(ਅ) ਯੋਗ ਰੂਢਿ = ਜੋ ਸ਼ਬਦ ਦੋ ਪਦਾਂ ਦਾ ਅਲੱਗ ਅਲੱਗ ਹੋ ਕੇ ਵੱਖਰਾ ਵੱਖਰਾ ਬੋਧ ਵੀ ਕਰਵਾਵੇ ਤੇ ਇਕ ਵਸਤੂ ਦਾ ਬੋਧਕ ਵੀ ਹੋਵੇ, ਉਸਨੂੰ ਯੋਗ ਰੂਢਿ ਸਬਦ ਕਹਿੰਦੇ ਹਨ ਜੈਸਾ ਕਿ: ਮੁਹਾਰ, ਪੰਕਜ ਆਦਿ (ਮੁ+ਹਾਰ) ਭਾਵ ਮੁ = ਮੋਹ ਨੂੰ ਹਾਰ = ਨਾਸ਼ ਕਰਨ ਵਾਲਾ, ਪੰਕਜ = ਕਮਲ **ਵਾ:** (ਪੰਕ+ਜ) ਪੰਕ = ਚਿੱਕੜ ਤੋਂ ਜ = ਜਨਮਿਆ ਭਾਵ ਪੈਦਾ ਹੋਇਆ, ਇਉਂ ਪੰਕਜ, ਮੁਹਾਰ ਪਦ ਯੋਗ ਰੂਢਿ ਸ਼ਬਦ ਬਣਿਆ ਹੈ।

## ਦੁਖਿ ਸੁਖਿ ਪਿਆਰੇ; ਤੁਧੁ ਧਿਆਈ ॥

ਹੇ ਪਿਆਰੇ ਪਰਮੇਸ਼ਰ ! ਅਸੀਂ ਦੁੱਖ ਸੁੱਖ ਵਿਚ ਤੁਧੁ = ਤੈਨੂੰ ਹੀ ਧਿਆਈ = ਧਿਆਉਂਦੇ ਹਾਂ **ਅਥਵਾ** ਜਦੋਂ ਦੁੱਖ ਮਿਲਦਾ ਹੈ, ਉਸ ਨੂੰ ਆਪਣੇ ਕਰਮਾਂ ਦਾ ਫਲ ਜਾਣ ਕੇ ਕਿ ਇਸ ਨਾਲ ਸਾਡੇ ਪਾਪ ਬਖ਼ਸ਼ੇ ਜਾ ਰਹੇ ਹਨ। ਇਉਂ ਦੁੱਖ ਵਿਚ ਵੀ ਵਾਹਿਗੁਰੂ ਨੂੰ ਚੇਤੇ ਰੱਖਦੇ ਹਾਂ। ਜਦੋਂ ਸੁੱਖ ਆ ਜਾਂਦਾ ਹੈ ਉਦੋਂ ਵੀ ਇਹੀ ਸਮਝਦੇ ਹਨ ਕਿ ਮਹਾਰਾਜ ਜੀ ਸੁੱਖ ਦੇ ਰਹੇ ਹਨ। ਉਸ ਸਮੇਂ ਵੀ ਵਾਹਿਗੁਰੂ ਨੂੰ ਚੇਤੇ ਕਰਦੇ ਹਾਂ।

## ਏਹ ਸੁਮਤਿ; ਗੁਰੂ ਤੇ ਪਾਈ ॥

ਪਰ ਏਹ = ਇਹੋ ਜਿਹੀ ਸੁਮਤਿ = ਸ੍ਰੇਸ਼ਟ ਮੱਤ ਗੁਰਾਂ ਤੇ = ਤੋਂ ਹੀ ਪਾਈ = ਪ੍ਰਾਪਤ ਕੀਤੀ ਹੈ।

## ਨਾਨਕ ਕੀ ਧਰ ਤੂੰਹੈ ਠਾਕੁਰ; ਹਰਿ ਰੰਗਿ ਪਾਰਿ ਪਰੀਵਾਂ ਜੀਉ ॥੪॥੯॥੧੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਠਾਕੁਰ = ਉਤਪਤੀ, ਪਾਲਣਾ, ਲੈਅਤਾ ਕਰਨ ਵਾਲੇ ਪਰਮੇਸ਼ਰ ! ਸਾਡੀ **ਵਾ:** ਭਗਤ ਜਨਾਂ ਕੀ = ਦੀ ਲੋਕ ਪ੍ਰਲੋਕ ਵਿਚ ਤੂੰ ਹੀ ਧਰ = ਟੇਕ, ਆਸਰਾ ਰੂਪ ਹੈਂ ਅਤੇ ਹੇ ਹਰਿ = ਪਰਮੇਸ਼ਰ ! ਤੇਰੇ ਰੰਗਿ = ਪ੍ਰੇਮ ਵਿਚ ਤਦਾਕਾਰ ਹੋ ਕੇ ਹੀ ਮੈਂ ਸੰਸਾਰ ਸਮੁੰਦਰ ਤੋਂ ਪਾਰ ਮੁਕਤੀ ਰੂਪ ਕਿਨਾਰੇ 'ਤੇ ਪਰੀਵਾਂ = ਪਵਾਂਗਾਂ **ਵਾ:** ਭਗਤ ਜਨ ਪਾਰ ਪੈਣਗੇ ਜੀ ॥੪॥੯॥੧੬॥

## ਮਾਝ ਮਹਲਾ ੫ ॥

ਜਦੋਂ ਲਾਹੌਰ ਤੋਂ ੩ ਸਾਲ ਬਾਅਦ ਆ ਕੇ ਆਪਣੇ ਪਿਤਾ ਗੁਰੂ ਚੌਥੇ ਪਾਤਸ਼ਾਹ ਨਾਲ ਮਿਲਾਪ ਹੋਇਆ, ਉਸ ਸਮੇਂ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਸ਼ਨ ਪ੍ਰਾਪਤ ਹੋਏ। ਉਸ ਸਮੇਂ ਜੋ ਪ੍ਰਸੰਨਤਾ ਸੀ, ਸਿੱਖਾਂ ਦੇ ਪੁੱਛਣ ਤੋਂ ਉਹ ਬਚਨ ਧੰਨ ਗੁਰੂ ਅਰਜਨ ਦੇਵ ਸਾਹਿਬ ਮਹਾਰਾਜ ਜੀ ਉਚਾਰਨ ਕਰ ਰਹੇ ਹਨ :

## ਧੰਨੁ ਸੁ ਵੇਲਾ; ਜਿਤੁ ਮੈ ਸਤਿਗੁਰੁ ਮਿਲਿਆ ॥

ਸੁ = ਉਹ ਵੇਲਾ = ਸਮਾਂ ਧੰਨੁ = ਧੰਨਤਾ ਦੇ ਯੋਗ ਸੀ। ਜਿਤੁ = ਜਿਸ ਵਕਤ ਮੈ = ਮੈਨੂੰ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਮਿਲਿਆ = ਮਿਲ ਗਏ **ਵਾ:** ਸੁ = ਉਹ ਮਨੁੱਖਾ ਜਨਮ ਰੂਪੀ ਸਮਾਂ ਧੰਨਤਾ ਦੇ ਯੋਗ ਸੀ ਜਦੋਂ ਮੇਰਾ ਮਿਲਾਪ ਸਤਿਗੁਰੂ ਜੀ ਨਾਲ ਹੋਇਆ ਹੈ **ਵਾ:** ਉਹ ਵੇਲਾ ਵੀ ਧੰਨਤਾ ਦੇ ਯੋਗ ਸੀ ਜਦੋਂ ਮੈਨੂੰ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਪਾਸੋਂ ਵਰ ਮਿਲਿਆ, ਜੈਸਾ ਕਿ :

**ਭਾਰੀ ਗੁਰ ਜਗ ਮਹਿਂ ਬਿਦਤੈ ਹੈ। ਬਾਣੀ ਕੋ ਬੋਹਿਥ ਬਡ ਹ੍ਵੈ ਹੈ।**

*(ਸ੍ਰੀ ਗੁ.ਪ੍ਰ.ਸੂ.ਗ੍ਰੰਥ, ਰਾਸਿ ੧, ਅੰਸੂ ੬੫)*

ਇਹ ਵੀ ਪ੍ਰਚੱਲਤ ਹੈ

**ਦੋਹਿਤਾ ਬਾਣੀ ਕਾ ਬੋਹਿਥਾ।**

**ਅਥਵਾ** ਉਹ ਵੇਲਾ = ਸਮਾਂ ਧੰਨਤਾ ਦੇ ਯੋਗ ਸੀ ਜਿਤੁ = ਜਿਸ ਵਕਤ ਮੈਨੂੰ ਗੁਰਾਂ ਦੇ ਮਿਲਾਪ ਦੁਆਰਾ ਸਾਖਸ਼ਾਤ ਚੇਤਨ ਸਰੂਪ ਵਾਹਿਗੁਰੂ ਦੇ ਦਰਸ਼ਨ ਹੋਏ।

## ਸਫਲੁ ਦਰਸਨੁ; ਨੇਤ੍ਰ ਪੇਖਤ ਤਰਿਆ ॥

ਸਤਿਗੁਰਾਂ ਦੇ ਦਰਸਨੁ = ਦੀਦਾਰ ਸਫਲੁ = ਸਹਿਤ ਗਿਆਨ ਰੂਪੀ ਫਲ ਦੇ ਹੈ, ਜਿਸ ਨੂੰ ਪ੍ਰਤੱਖ ਨੇਤਰਾਂ

ਨਾਲ ਪੇਖਤ = ਵੇਖ ਕੇ ਮੈਂ ਵਿਸ਼ੇ ਵਿਕਾਰਾਂ ਦੇ ਸਾਗਰ ਤੋਂ ਤਰਿਆ = ਤਰ ਗਿਆ ਹਾਂ **ਵਾ:** ਮਨ ਬੁੱਧ ਰੂਪ ਨੇਤਰਾਂ ਨਾਲ ਦੇਖ ਕੇ ਮੈਂ ਸੰਸਾਰ ਸਮੁੰਦਰ ਤੋਂ ਤਰ ਗਿਆ ਹਾਂ।

## ਧੰਨੁ ਮੂਰਤ, ਚਸੇ ਪਲ ਘੜੀਆ; ਧੰਨਿ ਸੁ ਓਇ ਸੰਜੋਗਾ ਜੀਉ ॥੧॥

ਉਹ ਮੂਰਤਿ = ਦੋ ਘੜੀਆਂ ਦਾ ਸਮਾਂ ਧੰਨੁ = ਧੰਨਤਾ ਦੇ ਯੋਗ ਹੈ, ਉਹ ਚਸੇ, ਪਲ ਤੇ ਘੜੀਆਂ ਵੀ ਧੰਨਤਾ ਦੇ ਯੋਗ ਹਨ, ਸੋ ਓਇ = ਉਹ ਸੰਜੋਗਾ = ਮਿਲਾਪ ਦਾ ਸਮਾਂ ਵੀ ਧੰਨਤਾ ਦੇ ਯੋਗ ਹੈ, ਜਦੋਂ ਗੁਰਾਂ ਦੇ ਦਰਸ਼ਨ ਹੋਏ **ਵਾ:** ਸੁ = ਉਹ ਨਿਸ਼ਕਾਮ ਕਰਮ ਵੀ ਧੰਨਤਾ ਦੇ ਯੋਗ ਹਨ ਕਿਉਂਕਿ ਓਇ = ਉਨ੍ਹਾਂ ਨਿਸ਼ਕਾਮ ਕਰਮਾਂ ਦੁਆਰਾ ਮੇਰਾ ਗੁਰਾਂ ਨਾਲ ਸੰਜੋਗਾ = ਮਿਲਾਪ ਹੋਇਆ ਹੈ।

***ਦੂਸਰਾ ਅਰਥ :*** ਉਹ ਮੂਰਤ ਵੀ ਧੰਨਤਾ ਦੇ ਯੋਗ ਹੈ ਜਦੋਂ ਸਿੱਖ ਦੇ ਚਿਤ ਵਿਚ ਸ਼ਰਧਾ ਆਉਂਦੀ ਹੈ ਕਿ ਮੈਂ ਗੁਰੂ ਕਾ ਸਿੱਖ ਬਣਨਾ ਹੈ, ਉਹ ਚਸੇ ਵੀ ਧੰਨਤਾ ਦੇ ਯੋਗ ਹਨ, ਜਿਸ ਵੇਲੇ ਸਿੱਖ ਉੱਦਮ ਕਰ ਕੇ ਘਰੋਂ ਗੁਰਾਂ ਦੀ ਪ੍ਰਾਪਤੀ ਲਈ ਸਤਿਸੰਗਤ ਵਿਚ ਆਉਂਦਾ ਹੈ, ਉਹ ਪਲ ਵੀ ਧੰਨਤਾ ਦੇ ਯੋਗ ਹਨ, ਜਿਸ ਵੇਲੇ ਸਿੱਖ ਸੰਗਤਾਂ ਦੇ ਦਰਸ਼ਨ ਕਰਦਾ ਹੈ, ਉਹ ਘੜੀਆਂ ਵੀ ਧੰਨ ਹਨ, ਜਦੋਂ ਸਿੱਖ ਸ਼ਰਧਾ ਭਾਵਨਾ ਨਾਲ ਸੰਗਤ ਵਿਚ ਆ ਕੇ ਬੈਠ ਜਾਂਦਾ ਹੈ, ਫੇਰ ਜਦੋਂ ਸੁ = ਉਹ ਸਿੱਖ ਸਤਿਗੁਰਾਂ ਦੇ ਸ਼ਬਦ ਵਿਚ ਚਿੱਤ ਜੋੜ ਲੈਂਦਾ ਹੈ, ਓਇ = ਉਹ ਸੰਜੋਗ ਵੀ ਧੰਨਤਾ ਦੇ ਯੋਗ ਹੈ।

***ਤੀਸਰਾ ਅਰਥ :*** ਉਹ ਮਹੂਰਤ ਵੀ ਧੰਨਤਾ ਦੇ ਯੋਗ ਹੈ, ਜਿਸ ਵੇਲੇ ਜੀਵ ਦੇ ਹਿਰਦੇ ਅੰਦਰ ਵੈਰਾਗ ਪੈਦਾ ਹੁੰਦਾ ਹੈ, ਉਹ ਚਸੇ ਵੀ ਧੰਨ ਹਨ, ਜਿਸ ਵੇਲੇ ਬਿਬੇਕ ਪੈਦਾ ਹੁੰਦਾ ਹੈ, ਉਹ ਪਲ ਵੀ ਧੰਨ ਹਨ, ਜਿਸ ਵੇਲੇ ਜੀਵ ਦੇ ਹਿਰਦੇ ਅੰਦਰ ਖਟ ਸੰਪਤੀ ਆਉਂਦੀ ਹੈ, ਉਹ ਘੜੀਆਂ ਵੀ ਧੰਨ ਹਨ, ਜਿਸ ਵੇਲੇ ਮੋਖ ਦੀ ਪ੍ਰਾਪਤੀ ਰੂਪ ਇੱਛਾ ਪੈਦਾ ਹੁੰਦੀ ਹੈ, ਉਹ ਸਮਾਂ ਵੀ ਧੰਨਤਾ ਦੇ ਯੋਗ ਹੈ, ਜਦੋਂ ਗੁਰਾਂ ਦੁਆਰਾ ਜੀਵ ਈਸ ਦੀ ਏਕਤਾ ਦੇ ਜਾਨਣੇ ਕਰਕੇ ਅਭੇਦਤਾ ਰੂਪੀ ਸੰਜੋਗਾ = ਮਿਲਾਪ ਪ੍ਰਾਪਤ ਹੁੰਦਾ ਹੈ॥੧॥

***ਨੋਟ :*** ਸਮਿਆਂ ਦੀ ਵੀਚਾਰ : ਇਸ ਸਟੀਕ ਦੀ ਪਹਿਲੀ ਪੋਥੀ 'ਤੇ "ਵਿਸੁਏ ਚਸਿਆ ਘੜੀਆ ਪਹਰਾ" ਵਾਲੀ ਤੁਕ ਤੇ ਪੜ੍ਹੋ ਜੀ।

## ਉਦਮੁ ਕਰਤ; ਮਨੁ ਨਿਰਮਲੁ ਹੋਆ ॥

ਅੰਮ੍ਰਿਤ ਵੇਲੇ ਉੱਠਣ ਅਤੇ ਸਤਿਸੰਗਤ ਵਿਚ ਜਾਣ ਦਾ ਉੱਦਮ ਕਰਤ = ਕਰਦਿਆਂ ਹੀ ਮਨ ਨਿਰਮਲੁ = ਮੈਲ ਤੋਂ ਰਹਿਤ ਹੋ ਜਾਂਦਾ ਹੈ ਭਾਵ ਸਾਰੇ ਵਿਕਾਰ ਖ਼ਤਮ ਹੋ ਜਾਂਦੇ ਹਨ।

## ਹਰਿ ਮਾਰਗਿ ਚਲਤ; ਭ੍ਰਮੁ ਸਗਲਾ ਖੋਇਆ ॥

ਹਰਿ = ਪਰਮੇਸ਼ਰ ਦੇ ਭਗਤੀ ਸਹਿਤ ਗਿਆਨ ਦੇ ਮਾਰਗਿ = ਰਸਤੇ 'ਤੇ ਚਲਤ = ਚੱਲਦਿਆਂ ਸਗਲਾ = ਸਾਰਾ ਭ੍ਰਮੁ = ਭੁਲੇਖਾ ਖੋਇਆ = ਗਵਾ ਲਈਦਾ ਹੈ।

## ਨਾਮੁ ਨਿਧਾਨੁ ਸਤਿਗੁਰੂ ਸੁਣਾਇਆ;
## ਮਿਟਿ ਗਏ ਸਗਲੇ ਰੋਗਾ ਜੀਉ ॥੨॥

ਸਤਿਗੁਰੂ ਸਾਹਿਬ ਜੀ ਨੇ ਸਭ ਨਿੱਧੀਆਂ ਦਾ ਨਿਧਾਨੁ = ਖ਼ਜ਼ਾਨਾ ਰੂਪ ਨਾਮ ਸਾਨੂੰ ਸੁਣਾਇਆ = ਸੁਣਾਉਣਾ ਕੀਤਾ ਹੈ, ਹੇ ਪਿਆਰੇ ਜੀ! ਇਸ ਨਾਮ ਦੇ ਜਪਣ ਕਰਕੇ ਪ੍ਰਤੱਖ, ਹੰਕਾਰ ਆਦਿ ਸਗਲੇ = ਸਾਰੇ ਹੀ ਰੋਗ ਮਿਟਿ ਗਏ ਹਨ, ਨਵਿਰਤ ਹੋ ਗਏ ਹਨ॥੨॥

## ਅੰਤਰਿ ਬਾਹਰਿ; ਤੇਰੀ ਬਾਣੀ ॥

ਸਤਿਗੁਰਾਂ ਦੀ ਕਿਰਪਾ ਕਰਕੇ ਸਾਨੂੰ **ਵਾ:** ਗੁਰਮੁਖ ਜਨਾਂ ਨੂੰ ਅੰਦਰ ਵੀ ਤੇ ਬਾਹਰ ਵੀ ਤੇਰੀ ਹੀ ਬਾਣੀ ਸੁਣਦੀ ਹੈ।

**ਅਥਵਾ** ਗੁਰਮੁਖ ਜਨ ਘਰ ਦੇ ਅੰਦਰ ਜਾਂਦਿਆਂ ਵੀ ਤੇ ਬਾਹਰ ਸੰਸਾਰ ਦੇ ਕਾਰੋ-ਵਿਹਾਰ ਕਰਦਿਆਂ ਵੀ ਤੇਰੀ ਬਾਣੀ ਵਿਚ ਜੁੜੇ ਰਹਿੰਦੇ ਹਨ।

**ਅਥਵਾ** ਜੋ ਸਰੀਰ ਦੇ ਅੰਦਰ ਚਾਰ ਪਰਾ, ਪਸੰਤੀ, ਮਧਮਾ ਤੇ, ਬੈਖਰੀ ਬਾਣੀਆਂ ਮੰਨੀਆ ਹਨ ਅਤੇ ਜੋ ਬਾਹਰ ਸੰਸਾਰ ਵਿਚ ਬ੍ਰਹਮੰਡ ਦੀਆਂ ਚਾਰ ਬਾਣੀਆਂ ਮੰਨੀਆਂ ਹਨ ਇਹ ਸਭ ਤੇਰੀਆਂ ਹੀ ਬਾਣੀਆਂ ਹਨ।[੧]

**ਅਥਵਾ** ਅੰਤਰਮੁਖ ਬਿਰਤੀ ਵਿਚ ਵੀ ਤੇ ਬਾਹਰ ਸੰਸਾਰ ਵਿਚ ਵੀ ਅਸੀਂ **ਵਾ:** ਗੁਰਮੁਖ ਜਨ ਤੇਰੀ ਹੀ ਬਾਣੀ ਵਿਚ ਜੁੜੇ ਰਹਿੰਦੇ ਹਨ। ਕਿਉਂਕਿ

## ਤੁਧੁ ਆਪਿ ਕਥੀ; ਤੈ ਆਪਿ ਵਖਾਣੀ ॥

ਹੇ ਪਰਮੇਸ਼ਰ! ਇਹ ਸਾਰੀ ਬਾਣੀ ਤੁਧੁ = ਤੂੰ ਆਪ ਹੀ ਕਥੀ = ਕਥਨ ਕੀਤੀ ਹੈ ਅਤੇ ਤੈ = ਤੂੰ ਆਪ ਹੀ ਸਤਿਗੁਰੂ ਰੂਪ ਹੋ ਕੇ ਵਖਾਣੀ = ਵਖਿਆਣ ਕੀਤੀ ਹੈ **ਵਾ:** ਤੂੰ ਆਪ ਹੀ ਗੁਰੂ ਰੂਪ ਹੋ ਕੇ ਜੀਵਾਂ ਦੀ ਕਲਿਆਣ ਲਈ ਬਾਣੀ ਕਥਨ ਕੀਤੀ ਹੈ ਤੇ ਤੂੰ ਆਪ ਹੀ ਤੱਤਬੇਤਾ ਰੂਪ ਹੋ ਕੇ ਵਖਿਆਣ ਕਰਦਾ ਹੈਂ।

## ਗੁਰਿ ਕਹਿਆ ਸਭੁ ਏਕੋ ਏਕੋ; ਅਵਰੁ ਨ ਕੋਈ ਹੋਇਗਾ ਜੀਉ ॥੩॥

ਹੇ ਪਿਆਰੇ ਜੀ! ਇਹ ਪੂਰੇ ਗੁਰਾਂ ਨੇ ਕਿਹਾ ਹੈ ਕਿ ਨਿਰਗੁਣ ਸਰਗੁਣ ਸਰੂਪ ਲੋਕ ਪ੍ਰਲੋਕ ਵਿਚ ਸਾਰੇ ਇੱਕੋ ਇਕ ਪ੍ਰਭੂ ਹੀ ਹੈ **ਵਾ:** ਸਾਰੇ ਜੀਵਾਂ ਦਾ ਤੇ ਈਸਰ ਦਾ ਸਾਖੀ ਚੇਤਨ ਇੱਕੋ ਇਕ ਸ਼ੁੱਧ ਬ੍ਰਹਮ ਹੀ ਹੈ, ਉਸ ਤੋਂ ਬਗ਼ੈਰ ਹੋਰ ਕੋਈ ਵੀ ਨਾ ਪਿੱਛੇ ਸੀ, ਨਾ ਹੁਣ ਹੈ, ਅਤੇ ਨਾ ਹੀ ਅੱਗੇ ਨੂੰ ਕੋਈ ਹੋਵੇਗਾ ਜੀ ॥੩॥

## ਅੰਮ੍ਰਿਤ ਰਸੁ; ਹਰਿ ਗੁਰ ਤੇ ਪੀਆ ॥

ਅੰਮ੍ਰਿਤ = ਜੰਮਣ ਮਰਣ ਤੋਂ ਰਹਿਤ ਕਰਨ ਵਾਲਾ ਜੋ ਨਾਮ ਦਾ ਰਸ ਹੈ, ਉਹ ਹਰਿ = ਪ੍ਰਮੇਸ਼ਰ ਸਰੂਪ ਗੁਰੂ ਤੇ = ਤੋਂ ਪੀਆ = ਪੀਣਾ ਕੀਤਾ ਹੈ। ਉਸ ਨੂੰ ਕੋਈ ਆਪ ਨਹੀਂ ਪ੍ਰਾਪਤ ਕਰ ਸਕਿਆ, ਇਹ ਕੇਵਲ ਸਤਿਗੁਰੂ ਦੁਆਰਾ ਹੀ ਪ੍ਰਾਪਤ ਹੁੰਦਾ ਹੈ।

## ਹਰਿ ਪੈਨਣੁ ਨਾਮੁ; ਭੋਜਨੁ ਥੀਆ ॥

ਹਰਿ = ਪਰਮੇਸ਼ਰ ਦਾ ਨਾਮ ਹੀ ਗੁਰਾਂ ਪਾਸੋਂ ਪੈਨਣੁ = ਪਹਿਨਣ ਵਾਸਤੇ ਬਸਤਰ ਅਤੇ ਨਾਮ ਹੀ ਖਾਣ ਵਾਸਤੇ ਭੋਜਨ ਪ੍ਰਾਪਤ ਥੀਆ = ਹੋਇਆ ਹੈ **ਵਾ:** ਗੁਰਾਂ ਪਾਸੋਂ ਉਪਦੇਸ਼ ਲੈ ਕੇ ਹਰਿ ਨਾਮ ਰੂਪੀ ਬਸਤਰ ਪਹਿਨਿਆ ਹੈ ਅਤੇ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਭੋਜਨ ਪ੍ਰਾਪਤ ਹੋਇਆ ਹੈ।

## ਨਾਮਿ ਰੰਗ, ਨਾਮਿ ਚੋਜ ਤਮਾਸੇ;
## ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥

ਮੇਰੇ ਵਾਸਤੇ ਨਾਮ ਵਿਚ ਜੁੜੇ ਰਹਿਣਾ ਹੀ ਸਭ ਰੰਗ = ਅਨੰਦ ਹਨ, ਨਾਮ ਵਿਚ ਹੀ ਸਾਰੇ ਚੋਜ ਤੇ

---

੧. ਬ੍ਰਹਿਮੰਡ ਦੀਆਂ ਬਾਣੀਆਂ ਦਾ ਵੇਰਵਾ ਪਹਿਲੀ ਪੋਥੀ ਵਿਚ "ਕੇਤੀਆ ਖਾਣੀ ਕੇਤੀਆ ਬਾਣੀ" ਵਾਲੀ ਪੰਗਤੀ ਉੱਪਰ ਹੈ ਜੀ।

ਤਮਾਸ਼ੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਹੇ ਪਿਆਰੇ ਜੀ। ਨਾਉ = ਨਾਮ ਦੇ ਹੀ ਭੋਗਾ = ਭੋਗ ਭੋਗਣਾ ਕੀਨੇ = ਕੀਤੇ ਹਨ।

**ਅਥਵਾ** ਪਰਮੇਸ਼ਰ ਦੇ ਨਾਮ ਰੰਗ ਕਰਕੇ ਹੀ ਸ੍ਰਵਣਾਨੰਦ, ਨਾਮ ਦੇ ਚੋਜ = ਕੌਤਕ ਕਰਕੇ ਹੀ ਦਰਸ਼ਨਾਨੰਦ ਤੇ ਸੰਸਾਰ ਰੂਪੀ ਤਮਾਸ਼ੇ ਨੂੰ ਮਿਥਿਆ ਜਾਣ ਕੇ ਨਾਉ = ਨਾਮ ਦੁਆਰਾ ਹੀ ਕਰੋੜਾਂ ਗੁਣਾਂ ਬ੍ਰਹਮਾਨੰਦ ਦੀ ਪ੍ਰਾਪਤੀ ਦੇ ਭੋਗ ਨੂੰ ਭੋਗਣਾ ਕੀਤੇ ਹਨ॥੪॥੧੦॥੧੭॥

## ਮਾਝ ਮਹਲਾ ੫ ॥ ਸਗਲ ਸੰਤਨ ਪਹਿ; ਵਸਤੁ ਇਕ ਮਾਂਗਉ ॥

ਹੇ ਪਰਮੇਸ਼ਰ ਜੀ ! ਮੈਂ ਆਪ ਜੀ ਦੇ ਸਗਲ = ਸਾਰੇ ਸੰਤਨ = ਸੰਤ ਜਨਾਂ ਪਹਿ = ਪਾਸੋਂ ਉਨ੍ਹਾਂ ਦੇ ਚਰਨਾਂ ਦੀ ਧੂੜ ਰੂਪ **ਵਾ:** ਨਾਮ ਰੂਪ ਇਕ ਵਸਤੁ = ਪਦਾਰਥ ਮਾਂਗਉ = ਮੰਗਦਾ ਹਾਂ। ਅਤੇ

## ਕਰਉ ਬਿਨੰਤੀ; ਮਾਨੁ ਤਿਆਗਉ ॥

ਆਪਣੇ ਸਾਧਨਾਂ, ਗੁਣਾਂ ਦਾ ਮਾਨੁ = ਹੰਕਾਰ ਤਿਆਗਉ = ਛੱਡ ਕੇ ਬਿਨੰਤੀ = ਬੇਨਤੀ ਕਰਉ = ਕਰਦਾ ਹਾਂ।

## ਵਾਰਿ ਵਾਰਿ ਜਾਈ, ਲਖ ਵਰੀਆ; ਦੇਹੁ ਸੰਤਨ ਕੀ ਧੂਰਾ ਜੀਉ ॥੧॥

ਹੇ ਪ੍ਰਭੂ ਜੀ ! ਮੈਂ ਤੇਰੇ ਤੋਂ ਲੱਖਾਂ ਵਰੀਆ = ਵਾਰੀ ਮਨ, ਬਾਣੀ, ਸਰੀਰ ਕਰਕੇ ਵਾਰਿ ਵਾਰਿ = ਬਲਿਹਾਰ ਕੁਰਬਾਨ ਜਾਂਦਾ ਹਾਂ **ਵਾ:** ਰੋਮ ਰੋਮ ਕਰਕੇ ਲੱਖਾਂ ਵਾਰੀ ਕੁਰਬਾਨ ਜਾਂਦਾ ਹਾਂ, ਇਸ ਲਈ ਤੂੰ ਕਿਰਪਾ ਕਰਕੇ ਮੈਨੂੰ ਸੰਤਨ = ਸੰਤ ਜਨਾਂ ਕੀ = ਦੀ ਪ੍ਰਤੱਖ ਚਰਨ ਧੂੜ **ਵਾ:** ਸ਼ਰਧਾ ਰੂਪੀ ਧੂਰਾ = ਧੂੜ ਬਖ਼ਸ਼ ਦੇਹੁ = ਦੇਣਾ ਕਰੋ ਜੀ ॥੧॥

## ਤੁਮ ਦਾਤੇ; ਤੁਮ ਪੁਰਖ ਬਿਧਾਤੇ ॥

ਹੇ ਵਾਹਿਗੁਰੂ ! ਤੁਮ = ਤੁਸੀਂ ਆਪ ਹੀ ਚਾਰੇ ਜੁਗਾਂ ਵਿਚ ਨਾਮ, ਪਦਾਰਥਾਂ ਆਦਿ ਦੇ ਦਾਤੇ ਹੋ, ਤੁਮ = ਤੁਸੀਂ ਆਪ ਹੀ ਜੀਵਾਂ ਨੂੰ ਕਰਮਾਂ ਅਨੁਸਾਰ ਪੁਰਖ = ਪੂਰਨ ਬਿਧਾਤੇ = ਫਲ ਬਰ ਦਾਤੇ ਹੋ **ਵਾ:** ਸਾਰੇ ਥਾਵਾਂ ਵਿਚ ਪੁਰਖ = ਵਿਆਪਕ ਹੋ।

## ਤੁਮ ਸਮਰਥ; ਸਦਾ ਸੁਖਦਾਤੇ ॥

ਤੁਮ = ਤੁਸੀਂ ਸਮਰਥ = ਸਰਬ ਸ਼ਕਤੀਵਾਨ ਤੇ ਸਦਾ = ਹਮੇਸ਼ਾ ਸੁੱਖਾਂ ਦੇ ਦਾਤੇ ਹੋ।

## ਸਭ ਕੋ ਤੁਮ ਹੀ ਤੇ ਵਰਸਾਵੈ; ਅਉਸਰੁ ਕਰਹੁ ਹਮਾਰਾ ਪੂਰਾ ਜੀਉ ॥੨॥

ਹੇ ਪਰਮੇਸਰ ! ਸਭ = ਸਾਰੇ ਕੋ = ਕੋਈ ਤੁਮ = ਤੁਹਾਡੇ ਤੇ = ਤੋਂ ਹੀ ਵਰਸਾਵੈ = ਵਰੋਸਾਉਂਦੇ ਹਨ ਭਾਵ ਸਲੋਕ, ਸਮੀਪ, ਸਰੂਪ, ਸਾਯੁਜ ਮੁਕਤੀਆਂ ਆਦਿ ਸਭ ਦਾਤਾਂ ਦਾ ਲਾਭ ਪ੍ਰਾਪਤ ਕਰਦੇ ਹਨ। ਇਸ ਕਰਕੇ ਹਮਾਰਾ = ਸਾਡਾ ਵੀ ਮਨੁੱਖਾ ਜਨਮ ਰੂਪੀ ਅਉਸਰੁ = ਸਮਾਂ ਪੂਰਾ = ਪੂਰਨ ਸਫਲਾ ਕਰਹੁ = ਕਰੋ ਭਾਵ ਆਪਣੇ ਸਰੂਪ ਦੀ ਪ੍ਰਾਪਤੀ ਕਰਾਉਣਾ ਕਰੋ ਜੀ ॥੨॥

## ਦਰਸਨਿ ਤੇਰੈ; ਭਵਨ ਪੁਨੀਤਾ ॥

ਹੇ ਪਰਮੇਸ਼ਰ ! ਤੇਰੈ = ਤੁਹਾਡੇ ਦਰਸਨਿ = ਦੀਦਾਰ ਕਰ ਕੇ ਚੌਦਾਂ ਭਵਨ = ਲੋਕਾਂ ਦੇ ਜੀਵ **ਵਾ:** ਭਗਤ ਜਨਾਂ ਦੇ ਹਿਰਦੇ ਰੂਪੀ ਭਵਨ = ਘਰ ਪੁਨੀਤਾ = ਪਵਿੱਤਰ ਹੋ ਜਾਂਦੇ ਹਨ **ਵਾ:** ਤੇਰੇ ਸੰਤਾਂ ਦੇ ਦਰਸ਼ਨ ਕਰਕੇ ਹਿਰਦੇ ਰੂਪੀ ਘਰ ਵੀ ਪੁਨੀਤਾ = ਪਵਿੱਤਰ ਹੋ ਜਾਂਦੇ ਹਨ।

## ਆਤਮ, ਗੜੁ ਬਿਖਮੁ; ਤਿਨਾ ਹੀ ਜੀਤਾ ॥

ਆਤਮ = ਮਨ ਰੂਪੀ ਬਿਖਮੁ = ਕਠਨ ਗੜੁ = ਕਿਲ੍ਹੇ ਨੂੰ ਤਿਨਾ = ਉਨ੍ਹਾਂ ਸੰਤ ਜਨਾਂ ਨੇ ਹੀ ਜੀਤਾ = ਜਿੱਤਣਾ ਕੀਤਾ ਹੈ **ਵਾ:** ਆਤਮਿਕ ਗਿਆਨ ਕਰਕੇ ਮਨ, ਅਗਿਆਨ ਰੂਪੀ ਕਠਨ ਕਿਲ੍ਹੇ ਨੂੰ ਤਿਨਾ ਸੰਤ ਜਨਾਂ ਨੇ ਹੀ ਜਿੱਤਿਆ ਹੈ।

## ਤੁਮ ਦਾਤੇ ਤੁਮ ਪੁਰਖ ਬਿਧਾਤੇ; ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥

ਹੇ ਪਰਮੇਸ਼ਰ ! ਤੁਮ = ਤੁਸੀਂ ਆਪ ਹੀ ਨਾਮ, ਗਿਆਨ ਆਦਿ ਦੇ ਦਾਤੇ ਹੋ, ਤੁਮ = ਤੁਸੀਂ ਆਪ ਹੀ ਜੀਵਾਂ ਦੇ ਕਰਮਾਂ ਅਨੁਸਾਰ ਪੂਰਨ ਬਿਧਾਤੇ = ਫਲ ਬਰ ਦਾਤੇ ਹੋ, ਇਸ ਲਈ ਤੁਧੁ = ਤੁਹਾਡੇ ਜੇਵਡੁ = ਜਿੱਡਾ ਵੱਡਾ ਅਵਰੁ = ਹੋਰ ਕੋਈ ਵੀ ਸੂਰਾ = ਸੂਰਬੀਰ ਨਹੀਂ ਹੈ ਜੀ ॥੩॥

**[ਅੰਗ ੧੦੦]**

## ਰੇਨੁ ਸੰਤਨ ਕੀ; ਮੇਰੈ ਮੁਖਿ ਲਾਗੀ ॥

ਇਉਂ ਅਰਦਾਸ ਕੀਤੀ ਤਾਂ ਸੰਤਨ = ਸੰਤ ਜਨਾਂ ਕੀ = ਦੀ ਸੰਗਤ ਵਿੱਚੋਂ ਸ਼ਰਧਾ ਰੂਪੀ ਰੇਨੁ = ਧੂੜ ਮੇਰੇ ਅੰਤਹਕਰਣ ਰੂਪੀ ਮੁਖ ਨੂੰ ਲਾਗੀ = ਲੱਗੀ **ਅਥਵਾ** ਵੱਡੇ ਗੁਰੂ ਸਾਹਿਬਾਨਾਂ **ਵਾ:** ਬਾਬਾ ਬੁੱਢਾ ਜੀ ਵਰਗੇ ਬ੍ਰਹਮ ਗਿਆਨੀ ਸੰਤਾਂ ਦੇ ਚਰਨਾਂ ਦੀ ਧੂੜੀ ਮੇਰੇ ਪ੍ਰਤੱਖ ਮੁਖ **ਵਾ:** ਅੰਤਹਕਰਣ ਰੂਪੀ ਮੱਥੇ ਉਪਰ ਲੱਗੀ ਹੈ।

## ਦੁਰਮਤਿ ਬਿਨਸੀ; ਕੁਬੁਧਿ ਅਭਾਗੀ ॥

(**ਕੁ-ਬੁੱਧਿ** ਬੋਲੋ)

ਤਦ ਅਭਾਗੀ = ਭਾਗਾਂ ਤੋਂ ਹੀਣੇ ਬਣਾਉਣ ਵਾਲੀ ਕੁਬੁਧਿ = ਖੋਟ ਮੱਤ ਅਤੇ ਦੁਰਮਤਿ = ਮੂਰਖਤਾ ਵੀ ਬਿਨਸੀ = ਨਾਸ ਹੋ ਗਈ ਹੈ **ਵਾ:** ਦੁਰਮਤਿ = ਖੋਟੀ ਸਿੱਖਿਆ ਵੀ ਬਿਨਸੀ = ਨਾਸ ਹੋ ਗਈ ਹੈ ਤੇ ਕੁਬੁਧਿ = ਖੋਟੀ ਮੱਤ ਵੀ (ਅ+ਭਾਗੀ) ਅ = ਵਿਸ਼ੇਸ਼ ਕਰਕੇ ਭਾਗੀ = ਭੱਜ ਗਈ ਹੈ, **ਵਾ:** ਖੋਟੀ ਮੱਤ ਅਤੇ ਖੋਟੇ ਪੁਰਸ਼ਾਂ ਦੀ ਸੰਗਤ ਵੀ ਨਾਸ ਹੋ ਗਈ ਹੈ।

## ਸਚ ਘਰਿ ਬੈਸਿ ਰਹੇ ਗੁਣ ਗਾਏ;<br>ਨਾਨਕ ਬਿਨਸੇ ਕੂਰਾ ਜੀਉ ॥੪॥੧੧॥੧੮॥

ਸਾਧਸੰਗਤ ਵਿਚ ਪਰਮੇਸ਼ਰ ਦੇ ਗੁਣਾਂ ਨੂੰ ਗਾਏ = ਗਾਇਨ ਕਰਕੇ ਅਸੀਂ ਸੱਚ ਸਰੂਪ, ਤੁਰੀਆ ਪਦ ਰੂਪੀ ਘਰ ਵਿਚ ਬੈਸਿ = ਬੈਠ ਰਹੇ ਹਾਂ ਭਾਵ ਇਸਥਿਤ ਹੋ ਗਏ ਹਾਂ, ਸਤਿਗੁਰੂ ਜੀ ਕਥਨ ਕਰਦੇ ਹਨ ਜਿਸ ਕਰਕੇ ਕੂਰਾ = ਝੂਠੇ, ਅਗਿਆਨ, ਵਿਕਾਰਾਂ ਦਾ ਬਿਨਸੇ = ਨਾਸ ਹੋ ਗਿਆ ਹੈ ਜੀ ॥੪॥੧੧॥੧੮॥

## ਮਾਝ ਮਹਲਾ ੫ ॥ ਵਿਸਰੁ ਨਾਹੀ; ਏਵਡ ਦਾਤੇ ॥

ਹੇ ਏਵਡ = ਇਤਨੇ ਵੱਡੇ ਸਮਰਥ ਦਾਤੇ ਪਰਮੇਸ਼ਰ ! ਤੁਸੀਂ ਮੈਨੂੰ ਕਦੇ ਵੀ ਵਿਸਰੁ = ਭੁੱਲਣਾ ਨਾਹੀ = ਨਾ ਕਰੋ **ਵਾ:** ਤੁਹਾਡਾ ਨਾਮ ਮੈਨੂੰ ਕਦੇ ਵੀ ਭੁੱਲਣਾ ਨਾਹੀ = ਨਹੀਂ ਚਾਹੀਦਾ।

## ਕਰਿ ਕਿਰਪਾ; ਭਗਤਨ ਸੰਗਿ ਰਾਤੇ ॥

ਆਪ ਸਦਾ ਹੀ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਨ ਵਾਲੇ ਅਤੇ ਭਗਤਨ = ਭਗਤਾਂ ਦੇ

ਸੰਗਿ = ਨਾਲ ਤਾਣੇ ਪੇਟੇ ਵਤ ਰਾਤੇ = ਰੰਗੇ ਹੋਏ ਹੋ **ਵਾ:** ਐਸੀ ਕਿਰਪਾ ਦ੍ਰਿਸ਼ਟੀ ਕਰੋ ਕਿ ਮੈਂ ਸਦਾ ਹੀ ਭਗਤਾਂ ਦੇ ਨਾਲ ਰੱਤਾ ਰਹਾਂ।

## ਦਿਨਸੁ ਰੈਣਿ ਜਿਉ ਤੁਧੁ ਧਿਆਈ; ਏਹੁ ਦਾਨੁ ਮੋਹਿ ਕਰਣਾ ਜੀਉ ॥੧॥

ਹੇ ਪਰਮੇਸ਼ਰ ਜੀ! ਮੋਹਿ = ਮੈਨੂੰ ਏਹੁ = ਇਹ ਦਾਨ ਕਰਨਾ ਕਰੋ ਕਿ ਜਿਉ = ਜਿਸ ਕਰਕੇ ਮੈ ਦਿਨਸੁ = ਦਿਨ ਰੈਣਿ = ਰਾਤ ਤੁਧੁ = ਤੁਹਾਨੂੰ ਧਿਆਈ = ਧਿਆਉਣਾ ਕਰਾਂ ॥੧॥

## ਮਾਟੀ ਅੰਧੀ; ਸੁਰਤਿ ਸਮਾਈ ॥

ਤੂੰ ਐਸਾ ਸਮਰਥ ਹੈ ਕਿ ਜੋ ਮਾਟੀ = ਮਿੱਟੀ ਭਾਵ ਧਰਤੀ ਆਦਿ ਪੰਜ ਤੱਤਾਂ ਦੀ ਬਣੀ ਹੋਈ ਦੇਹ ਅੰਧੀ = ਅਗਿਆਤ ਭਾਵ ਜੜ੍ਹ ਹੈ, ਇਸ ਵਿਚ ਤੇਰੀ ਹੀ ਚੇਤਨ ਸੱਤਾ ਰੂਪੀ ਸੁਰਤਿ = ਗਿਆਤ (ਜੋਤ) ਸਮਾਈ = ਸਮਾ ਰਹੀ ਹੈ।

## ਸਭ ਕਿਛੁ ਦੀਆ; ਭਲੀਆ ਜਾਈ ॥

ਫੇਰ ਇਸ ਗਿਆਤ ਵਾਲੇ ਸਰੀਰ ਦੀਆ ਲੋੜਾਂ ਪੂਰੀਆਂ ਕਰਨ ਲਈ ਭਲੀਆ = ਚੰਗੀਆਂ ਜਾਈ = ਥਾਵਾਂ ਅਤੇ ਹੋਰ ਧਨ ਪਦਾਰਥ ਆਦਿ ਸਭ = ਸਾਰਾ ਕਿਛੁ = ਕੁਝ ਦੀਆ = ਦਿੱਤਾ ਹੈ **ਵਾ:** ਮਨੁੱਖਾ ਜਨਮ ਸਫਲਾ ਕਰਨ ਲਈ ਭਲੀਆ = ਭਲੀ ਪ੍ਰਕਾਰ ਸਤਿਸੰਗਤ, ਭੂਮਿਕਾ ਰੂਪੀ ਜਾਈ = ਥਾਂ ਆਦਿ ਸਭ ਕੁਝ ਦਿੱਤਾ ਹੈ।

## ਅਨਦ ਬਿਨੋਦ ਚੋਜ ਤਮਾਸੇ; ਤੁਧੁ ਭਾਵੈ ਸੋ ਹੋਣਾ ਜੀਉ ॥੨॥

ਇਸ ਦੇਹ ਦੇ ਪਰਚਾਵੇ ਲਈ ਅਨੇਕਾਂ ਅਨਦ = ਖ਼ੁਸ਼ੀਆਂ, ਬਿਨੋਦ = ਕੌਤਕ, ਚੋਜ ਤੇ ਤਮਾਸ਼ੇ ਆਦਿਕ ਰਚੇ **ਵਾ:** ਹੇ ਅਨੰਤ ਬਿਨੋਦ = ਕੌਤਕਾਂ, ਚੋਜਾਂ ਤੇ ਸੰਸਾਰ ਰੂਪ ਤਮਾਸ਼ੇ ਨੂੰ ਰਚਨ ਵਾਲੇ ਅਨੰਦ ਸਰੂਪ ਪਰਮੇਸ਼ਰ! ਜੋ ਤੁਧੁ = ਤੁਹਾਨੂੰ ਭਾਵੈ = ਭਾਉਂਦਾ ਹੈ ਸੋ = ਓਹੀ ਹੋਣਾ = ਹੁੰਦਾ ਹੈ ਜੀ ॥੨॥

## ਜਿਸ ਦਾ ਦਿਤਾ; ਸਭੁ ਕਿਛੁ ਲੈਣਾ ॥

ਜਿਸ ਵਾਹਿਗੁਰੂ ਦਾ ਹੀ ਦਿੱਤਾ ਹੋਇਆ ਧਨ, ਪਦਾਰਥ, ਸੁਆਸ ਆਦਿ ਸਭੁ = ਸਾਰਾ ਕਿਛੁ = ਕੁਝ ਅਸੀਂ ਲੈਣਾ ਕੀਤਾ ਹੈ।

## ਛਤੀਹ ਅੰਮ੍ਰਿਤ; ਭੋਜਨੁ ਖਾਣਾ ॥

ਉਸੇ ਨੇ ਹੀ ੩੬ ਪ੍ਰਕਾਰ ਦੇ ਅੰਮ੍ਰਿਤਮਈ ਭੋਜਨ ਖਾਣ ਵਾਸਤੇ ਦਿੱਤੇ ਹਨ।

ਜਿਸ ਪ੍ਰਕਾਰ ਧੰਨ ਗੁਰੂ ਨਾਨਕ ਦੇਵ ਸਾਹਿਬ ਮਹਾਰਾਜ ਜਦੋਂ ਏਮਨਾਬਾਦ ਗਏ ਤਾਂ ਭਾਈ ਲਾਲੋ 'ਤੇ ਕਿਰਪਾ ਕੀਤੀ। ਜਿਸ ਸਮੇਂ ਭਾਈ ਲਾਲੋ ਨੇ ਕੋਧਰੇ ਦਾ ਪ੍ਰਸ਼ਾਦਾ ਤਿਆਰ ਕਰ ਕੇ ਨਾਲ ਸਰ੍ਹੋਂ ਦਾ ਸਾਗ ਅੱਗੇ ਰੱਖਿਆ ਤਾਂ ਉਸ ਸਮੇਂ ਭਾਈ ਮਰਦਾਨੇ ਦੇ ਮਨ ਵਿਚ ਖ਼ਿਆਲ ਆਇਆ ਕਿ ੧੭ ਦਿਨਾਂ ਦਾ ਲੰਮਾ ਸਫ਼ਰ ਤੈਅ ਕਰ ਕੇ ਆਏ ਹਾਂ। ਕਿਹੋ ਜਿਹਾ ਪ੍ਰਸ਼ਾਦਾ ਲਿਆ ਕੇ ਰੱਖਿਆ ਹੈ। ਸੋਚਿਆ ਕਿ ਭੋਜਨ ਚੰਗਾ ਨਹੀਂ। ਅੰਤਰਜਾਮੀ ਸਤਿਗੁਰੂ ਜੀ ਨੇ ਜਾਣ ਲਿਆ ਤੇ ਬਚਨ ਕੀਤਾ ਕਿ ਮਰਦਾਨਿਆਂ! ਭੋਜਨ ਛਕਣਾ ਸ਼ੁਰੂ ਕਰ। ਜਦੋਂ ਪਹਿਲੀ ਗਰਾਹੀ ਮੂੰਹ ਵਿਚ ਪਾਈ ਤਾਂ ਸਾਰੇ ਮਿੱਠੇ ਸੁਆਦ ਮੂੰਹ ਵਿਚ ਆ ਗਏ। ਜਦੋਂ ਦੂਸਰੀ ਪਾਈ ਤਾਂ ਸਾਰੇ ਸਲੂਣੇ ਸੁਆਦ ਮੂੰਹ ਵਿਚ ਆ ਗਏ। ਸਤਿਗੁਰੂ ਜੀ ਕਹਿਣ ਲੱਗੇ ਕਿ—ਦੱਸ

ਮਰਦਾਨਿਆਂ ! ਕਿਹੋ ਜਿਹਾ ਭੋਜਨ ਛਕਿਆ ? ਮਰਦਾਨਾ ਕਹਿਣ ਲੱਗਾ—ਸਤਿਗੁਰੂ ਜੀ ! ਆਪ ਜੀ ਨੇ ਕੋਧਰੇ ਦੀ ਰੋਟੀ ਵਿਚ ਹੀ ਅੱਜ ੩੬ ਪ੍ਰਕਾਰ ਦੇ ਭੋਜਨਾਂ ਦੇ ਰਸ ਭਰ ਦਿੱਤੇ ਹਨ।

## ਸੇਜ ਸੁਖਾਲੀ ਸੀਤਲੁ ਪਵਣਾ; ਸਹਜ ਕੇਲ ਰੰਗ ਕਰਣਾ ਜੀਉ ॥੩॥

ਬਿਰਾਜਨ ਲਈ ਸੁਖਾਲੀ = ਸੁੱਖਾਂ ਵਾਲੀਆਂ ਸੇਜਾਂ ਦਿੱਤੀਆਂ ਹਨ, ਸੀਤਲੁ = ਠੰਡੀਆਂ ਪਵਣਾ = ਪੌਣਾਂ ਗਰਮੀ ਤੋਂ ਬਚਣ ਲਈ ਪ੍ਰਦਾਨ ਕੀਤੀਆਂ ਹਨ। ਅਸੀਂ ਸਹਜ = ਸੁਭਾਵਿਕ ਹੀ ਰੰਗ = ਅਨੰਦ ਪੂਰਬਕ ਕੇਲ = ਖੇਲਾਂ ਕਰਣਾ = ਕਰਦੇ ਹਾਂ ਜੀ।

**ਅਥਵਾ** ਅੰਤਹਕਰਣ ਰੂਪੀ ਸੇਜਾ ਵੀ ਸੁਖਾਲੀ = ਸੁੱਖ ਵਾਲੀ ਦਿੱਤੀ ਹੈ, ਸ਼ਾਂਤੀ ਰੂਪੀ ਠੰਢੀ ਹਵਾ ਦਿੱਤੀ ਹੈ, ਅਤੇ ਗੁਰਾਂ ਦੀ ਕਰਣਾ = ਕਿਰਪਾ ਦੁਆਰਾ ਸਹਜ ਸਰੂਪ ਦੇ ਰੰਗ = ਅਨੰਦ ਵਿਚ ਕੇਲ = ਕਰੀੜਾਂ ਕਰਦੇ ਹਾਂ **ਵਾ:** ਸ੍ਰਵਣ, ਮੰਨਣ, ਨਿਧਿਆਸਣ ਰੂਪੀ ਖੇਲਾਂ ਕਰਦੇ ਹਾਂ ਜੀ ॥੩॥

## ਸਾ ਬੁਧਿ ਦੀਜੈ; ਜਿਤੁ ਵਿਸਰਹਿ ਨਾਹੀ ॥

ਹੇ ਮਹਾਰਾਜ ! । ਮੈਨੂੰ ਸਾ = ਉਹੋ ਜਿਹੀ ਬੁਧਿ = ਅਕਲ ਦੀਜੈ = ਦੇਣਾ ਕਰੋ, ਜਿਤੁ = ਜਿਸ ਕਰਕੇ ਆਪ ਜੀ ਦਾ ਨਾਮ ਨਾਹੀ = ਨਾ ਵਿਸਰਹਿ = ਭੁੱਲੇ। ਅਤੇ

## ਸਾ ਮਤਿ ਦੀਜੈ; ਜਿਤੁ ਤੁਧੁ ਧਿਆਈ ॥

ਸਾ = ਉਹ ਮਤਿ = ਸਿੱਖਿਆ ਦੀਜੈ = ਦੇਣੀ ਕਰੋ, ਜਿਤੁ = ਜਿਸ ਨਾਲ ਸਦਾ ਤੁਧੁ = ਤੁਹਾਨੂੰ ਹੀ ਧਿਆਈ = ਧਿਆਉਂਦੇ ਰਹੀਏ।

## ਸਾਸ ਸਾਸ ਤੇਰੇ ਗੁਣ ਗਾਵਾ; ਓਟ ਨਾਨਕ ਗੁਰ ਚਰਣਾ ਜੀਉ ॥੪॥੧੨॥੧੯॥

ਸਾਸ = ਸੁਆਸ ਅੰਦਰ ਖਿੱਚਣ ਵਕਤ ਅਤੇ ਸਾਸ = ਸੁਆਸ ਬਾਹਰ ਕੱਢਣ ਵਕਤ ਸਦਾ ਤੇਰੇ ਹੀ ਗੁਣਾਂ ਨੂੰ ਗਾਵਾ = ਗਾਉਂਦਾ ਰਹਾਂ, ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਨੂੰ ਤਾਂ ਕੇਵਲ ਗੁਰਾਂ ਦੇ ਚਰਨਾਂ ਦਾ ਹੀ ਓਟ = ਆਸਰਾ (ਓਟ = ਟੇਕ) ਹੈ ਜੀ ॥੪॥੧੨॥੧੯॥

## ਮਾਝ ਮਹਲਾ ੫ ॥ ਸਿਫਤਿ ਸਾਲਾਹਣੁ; ਤੇਰਾ ਹੁਕਮੁ ਰਜਾਈ ॥

ਹੇ ਪਰਮੇਸ਼ਰ। ਤੇਰੀ ਭਗਤੀ ਦੁਆਰਾ ਸਿਫਤਿ = ਵਡਿਆਈ ਕਰਨੀ, ਕੀਰਤਨ ਦੁਆਰਾ ਸਾਲਾਹੁਣਾ ਅਤੇ ਫੇਰ ਤੇਰਾ ਹੁਕਮ ਮੰਨਣਾ ਉਹੋ ਹੀ ਪ੍ਰਮਾਣ ਹੈ ਜੋ ਤੇਰੀ ਰਜਾਈ = ਆਗਿਆ ਵਿਚ ਹੋਵੇ।

**ਅਥਵਾ** ਹੇ ਰਜਾਈ = ਆਗਿਆ ਵਿਚ ਚਲਾਉਣ ਵਾਲੇ ਪਰਮੇਸ਼ਰ ! ਤੇਰੇ ਹੁਕਮ ਵਿਚ ਹੀ ਸਿਫ਼ਤ ਦਾ ਸਲਾਹੁਣਾ ਹੁੰਦਾ ਹੈ।

## ਸੋ ਗਿਆਨੁ ਧਿਆਨੁ; ਜੋ ਤੁਧੁ ਭਾਈ ॥

ਸੋ = ਉਹੀ ਤੇਰੇ ਨਿਰਗੁਣ ਸਰੂਪ ਦਾ ਗਿਆਨ ਹੈ, ਉਹੀ ਤੇਰੇ ਸਰਗੁਣ ਸਰੂਪ ਦਾ ਧਿਆਨ ਹੈ, ਜੋ ਤੁਧੁ = ਤੁਹਾਨੂੰ ਭਾਈ = ਭਾ ਜਾਵੇ ਭਾਵ ਚੰਗਾ ਲੱਗ ਜਾਵੇ।

## ਸੋਈ ਜਪੁ ਜੋ ਪ੍ਰਭ ਜੀਉ ਭਾਵੈ; ਭਾਣੈ ਪੂਰ ਗਿਆਨਾ ਜੀਉ ॥੧॥

ਹੇ ਪਰਮੇਸ਼ਰ ਜੀ ! ਸੋਈ = ਉਹੀ ਜਪੁ = ਜਾਪ ਸਫਲਾ ਹੈ, ਜੋ = ਜਿਹੜਾ ਤੁਹਾਨੂੰ ਭਾਵੈ = ਭਾ ਜਾਂਦਾ

ਹੈ ਅਤੇ ਤੇਰੇ ਭਾਣੈ = ਹੁਕਮ ਵਿਚ ਹੀ ਪੂਰ = ਪੂਰਨ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਜੀ **ਵਾ:** ਜੋ ਤੇਰਾ ਭਾਣਾ ਮੰਨਣਾ ਹੈ ਇਹੋ ਹੀ ਪੂਰਨ ਗਿਆਨ ਹੈ ਜੀ ॥੧॥

## ਅੰਮ੍ਰਿਤੁ ਨਾਮੁ ਤੇਰਾ; ਸੋਈ ਗਾਵੈ ॥

ਹੇ ਪਰਮੇਸ਼ਰ ! ਤੇਰਾ ਅੰਮ੍ਰਿਤ ਰੂਪੀ ਨਾਮ ਸੋਈ = ਓਹੀ ਗਾਵੈ = ਗਾਉਂਦਾ ਹੈ।

## ਜੋ ਸਾਹਿਬ; ਤੇਰੈ ਮਨਿ ਭਾਵੈ ॥

ਹੇ ਸਾਹਿਬ = ਮਾਲਕ ਪਰਮੇਸ਼ਰ ! ਜੋ = ਜਿਹੜਾ ਤੇਰੈ = ਤੁਹਾਡੇ ਮਨਿ = ਹਿਰਦੇ ਨੂੰ ਭਾਵੈ = ਚੰਗਾ ਲੱਗਦਾ ਹੈ **ਵਾ:** ਭਾਵੈ = ਭਾਉਂਦਾ ਹੈ।

## ਤੂੰ ਸੰਤਨ ਕਾ, ਸੰਤ ਤੁਮਾਰੇ; ਸੰਤ ਸਾਹਿਬ ਮਨੁ ਮਾਨਾ ਜੀਉ ॥੨॥

ਤੂੰ ਆਪਣੇ ਸੰਤਾਂ ਦਾ ਪਿਆਰਾ ਹੈਂ ਅਤੇ ਸੰਤ ਜਨ ਤੇਰੇ ਪਿਆਰੇ ਹਨ। ਹੇ ਸਾਹਿਬ = ਮਾਲਕ, ਪ੍ਰਭੂ ! ਸੰਤ ਜਨਾਂ ਵਿਚ ਆਪ ਜੀ ਦਾ ਮਨ ਮੰਨਿਆ ਹੋਇਆ ਹੈ। ਉਹ ਤੁਹਾਨੂੰ ਚੰਗੇ ਲੱਗਦੇ ਹਨ ਅਤੇ ਸੰਤਾਂ ਦਾ ਮਨ ਤੇਰੇ ਵਿਚ ਮੰਨਿਆ ਭਾਵ ਜੁੜਿਆ ਹੋਇਆ ਹੈ ਜੀ ॥੨॥

## ਤੂੰ ਸੰਤਨ ਕੀ; ਕਰਹਿ ਪ੍ਰਤਿਪਾਲਾ ॥

ਹੇ ਵਾਹਿਗੁਰੂ ! ਤੂੰ ਆਪ ਹੀ ਆਪਣੇ ਪਿਆਰੇ ਸੰਤਨ = ਸੰਤਾਂ ਕੀ = ਦੀ ਲੋਕ, ਪ੍ਰਲੋਕ ਵਿਚ ਪ੍ਰਤਿਪਾਲਣਾ ਕਰਹਿ = ਕਰਦਾ ਹੈਂ।

## ਸੰਤ ਖੇਲਹਿ; ਤੁਮ ਸੰਗਿ ਗੋਪਾਲਾ ॥

ਹੇ ਗੋਪਾਲਾ = ਧਰਤੀ ਦੇ ਮਾਲਕ ਅਕਾਲ ਪੁਰਖ ! ਸੰਤ ਜਨ ਤੁਮ = ਤੇਰੇ ਸੰਗਿ = ਨਾਲ ਪ੍ਰੇਮ ਦੀ ਖੇਡ ਖੇਲਹਿ = ਖੇਡਦੇ ਹਨ ਅਤੇ ਇਸ ਖੇਡ ਨਾਲ ਹੀ ਸ਼ੋਭਾ ਵਾਲੇ ਹੋ ਰਹੇ ਹਨ।

## ਅਪੁਨੇ ਸੰਤ ਤੁਧੁ ਖਰੇ ਪਿਆਰੇ; ਤੂ ਸੰਤਨ ਕੇ ਪ੍ਰਾਨਾ ਜੀਉ ॥੩॥

ਜਿਹਨਾਂ ਸੰਤ ਜਨਾਂ ਦੀ ਲਿਵ ਬਿਰਤੀ ਆਪ ਨਾਲ ਜੁੜੀ ਹੋਈ ਹੈ, ਉਹ ਤੇਰੇ ਆਪਣੇ ਸੰਤ ਤੁਧੁ = ਤੈਨੂੰ ਖਰੇ = ਅਤਿਅੰਤ ਪਿਆਰੇ ਹਨ **ਵਾ:** ਖਰੇ = ਚੰਗੇ ਹਨ ਅਤੇ ਤੂੰ ਹੀ ਸੰਤਨ = ਸੰਤ ਜਨਾਂ ਕੇ = ਦੇ ਪ੍ਰਾਨਾ = ਸੁਆਸਾਂ ਦਾ ਆਸਰਾ ਰੂਪ ਹੈਂ ਜੀ ॥੩॥

## ਉਨ ਸੰਤਨ ਕੈ; ਮੇਰਾ ਮਨੁ ਕੁਰਬਾਨੇ ॥

ਉਨ = ਉਹਨਾਂ ਐਸੀ ਅਵਸਥਾ ਵਾਲੇ ਸੰਤ ਜਨਾਂ ਕੈ = ਦੇ ਉੱਪਰੋਂ ਮੇਰਾ = ਮਨ ਕੁਰਬਾਨੇ = ਬਲਿਹਾਰ ਜਾਂਦਾ ਹੈ।

## ਜਿਨ ਤੂੰ ਜਾਤਾ; ਜੋ ਤੁਧੁ ਮਨਿ ਭਾਨੇ ॥

ਜਿਨ = ਜਿਨ੍ਹਾਂ ਸੰਤ ਜਨਾਂ ਨੇ ਤੂੰ = ਤੈਨੂੰ ਜਾਤਾ = ਜਾਣਿਆ ਹੈ ਅਤੇ ਜੋ = ਜਿਹੜੇ ਤੁਧੁ = ਤੁਹਾਡੇ ਮਨਿ = ਹਿਰਦੇ ਵਿਚ ਭਾਨੇ = ਚੰਗੇ ਲੱਗੇ ਹਨ।

## ਤਿਨ ਕੈ ਸੰਗਿ ਸਦਾ ਸੁਖੁ ਪਾਇਆ; ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ ॥੪॥੧੩॥੨੦॥

ਤਿਨ = ਉਨ੍ਹਾਂ ਪਿਆਰੇ ਸੰਤ ਜਨਾਂ ਕੈ = ਦੇ ਸੰਗਿ = ਨਾਲ ਭਾਵ ਸੰਗਤ ਕਰ ਕੇ ਸਦਾ = ਸਦੀਵੀ ਸੁੱਖ ਦੇਣ ਵਾਲੇ ਨਾਮ ਨੂੰ ਪਾਇਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਿਆਰੇ ਜੀ। ਉਸੇ ਹਰਿ = ਪਰਮੇਸ਼ਰ ਦੇ ਨਾਮ ਰਸ ਕਰਕੇ ਹੀ ਲੋਕ ਪ੍ਰਲੋਕ ਦੇ ਪਦਾਰਥਾਂ ਵੱਲੋਂ ਮਨ ਤ੍ਰਿਪਤ ਹੋ ਕੇ ਅਘਾਨਾ = ਰੱਜ ਗਿਆ ਹੈ ਜੀ ॥੪॥੧੩॥੨੦॥

## ਮਾਝ ਮਹਲਾ ੫ ॥ ਤੂੰ ਜਲਨਿਧਿ; ਹਮ ਮੀਨ ਤੁਮਾਰੇ ॥

ਹੇ ਪਰਮੇਸ਼ਰ ! ਤੂੰ = ਤੁਸੀਂ ਜਲ = ਪਾਣੀ ਦੇ ਨਿਧਿ = ਖ਼ਜ਼ਾਨਾ ਭਾਵ ਸਮੁੰਦਰ ਹੋ ਤੇ ਹਮ = ਅਸੀਂ ਮੀਨ = ਮੱਛੀ ਦੀ ਨਿਆਈਂ ਤੁਮਾਰੇ = ਤੇਰੇ ਵਿਚ ਰਹਿਣ ਵਾਲੇ ਹਾਂ। ਭਾਵ ਤੇਰੇ ਨਾਲ ਪਿਆਰ ਕਰਨ ਵਾਲੇ ਹਾਂ।

## ਤੇਰਾ ਨਾਮੁ ਬੂੰਦ; ਹਮ ਚਾਤ੍ਰਿਕ ਤਿਖਹਾਰੇ ॥

ਤੇਰਾ = ਤੁਹਾਡਾ ਨਾਮ ਸਵਾਂਤੀ ਬੂੰਦ ਦੀ ਨਿਆਈਂ ਹੈ, ਹਮ = ਅਸੀਂ ਚਾਤ੍ਰਿਕ = ਪਪੀਹੇ ਦੀ ਨਿਆਈਂ ਨਾਮ ਰੂਪੀ ਸਵਾਂਤੀ ਬੂੰਦ ਦੇ ਤਿਖਹਾਰੇ = ਪਿਆਸੇ ਹਾਂ।

## ਤੁਮਰੀ ਆਸ ਪਿਆਸਾ ਤੁਮਰੀ; ਤੁਮ ਹੀ ਸੰਗਿ ਮਨੁ ਲੀਨਾ ਜੀਉ ॥੧॥

ਸਾਨੂੰ ਮਨ ਕਰਕੇ ਤੁਮਰੀ = ਤੁਹਾਡੀ ਆਸ = ਉਮੀਦ ਹੈ, ਤਨ ਕਰਕੇ ਤੁਹਾਡੀ ਪਿਆਸ ਹੈ **ਵਾ:** ਤੁਹਾਡੇ ਦਰਸ਼ਨਾਂ ਦੀ ਪਿਆਸ ਤੇ ਤੁਹਾਡੇ ਮਿਲਣ ਦੀ ਆਸਾ ਹੈ ਅਤੇ ਤੁਮ = ਤੁਹਾਡੇ ਸੰਗਿ = ਨਾਲ ਹੀ ਸਾਡਾ ਮਨ ਲੀਨਾ = ਮਿਲਿਆ ਭਾਵ ਜੁੜਿਆ ਹੋਇਆ ਹੈ ਜੀ ॥੧॥

## ਜਿਉ ਬਾਰਿਕੁ; ਪੀ ਖੀਰੁ, ਅਘਾਵੈ ॥

ਜਿਉ = ਜਿਵੇਂ ਬਾਰਿਕੁ = ਛੋਟਾ ਬੱਚਾ ਖੀਰੁ = ਦੁੱਧ ਪੀ ਕੇ ਹੀ ਅਘਾਵੈ = ਤ੍ਰਿਪਤ ਹੁੰਦਾ ਹੈ **ਵਾ:** ਇਸ ਪ੍ਰਕਾਰ ਅਸੀਂ ਮਾਤਾ ਦੀ ਨਿਆਈਂ ਗੁਰਾਂ ਦੇ ਉਪਦੇਸ਼ ਰੂਪੀ ਅਸਥਨਾਂ ਵਿੱਚੋਂ ਨਾਮ ਰੂਪੀ ਦੁੱਧ ਪੀ ਕੇ ਤ੍ਰਿਪਤ ਹੁੰਦੇ ਹਾਂ।

## ਜਿਉ ਨਿਰਧਨੁ; ਧਨੁ ਦੇਖਿ ਸੁਖੁ ਪਾਵੈ ॥

ਜਿਉ = ਜਿਵੇਂ ਨਿਰਧਨੁ = ਧਨ ਤੋਂ ਹੀਣਾ, ਕੰਗਾਲ ਪੁਰਖ ਧਨ ਨੂੰ ਦੇਖਿ = ਵੇਖ ਕੇ ਹੀ ਸੁੱਖ ਪਾਵੈ = ਪਾਉਂਦਾ ਹੈ **ਵਾ:** ਇਸੇ ਤਰ੍ਹਾਂ ਮਹਾਰਾਜ ! ਅਸੀਂ ਨਾਮ ਰੂਪੀ ਧਨ ਦੀ ਪ੍ਰਾਪਤੀ ਕਰਕੇ ਪ੍ਰਸੰਨ ਹੁੰਦੇ ਹਾਂ।

## ਤ੍ਰਿਖਾਵੰਤ ਜਲੁ ਪੀਵਤ ਠੰਢਾ; ਤਿਉ ਹਰਿ ਸੰਗਿ, ਇਹੁ ਮਨੁ ਭੀਨਾ ਜੀਉ ॥੨॥

ਜਿਵੇਂ ਤ੍ਰਿਖਾਵੰਤ = ਪਿਆਸਾ ਪੁਰਖ ਠੰਢਾ = ਸ਼ੀਤਲ ਜਲੁ = ਪਾਣੀ ਪੀਵਤ = ਪੀਣ ਨਾਲ ਪ੍ਰਸੰਨ ਹੁੰਦਾ ਹੈ। ਤਿਉ = ਤਿਵੇਂ ਹਰਿ = ਹਰੀ ਪਰਮੇਸ਼ਰ ਤੁਹਾਡੇ ਦਰਸ਼ਨਾਂ ਦੇ ਅਸੀਂ ਪਿਆਸੇ ਹਾਂ। ਆਪ ਜੀ ਦੇ ਸੰਗਿ = ਨਾਲ ਸਾਡਾ ਇਹ ਮਨ ਭੀਨਾ = ਭਿੱਜਿਆ ਹੋਇਆ ਪ੍ਰਸੰਨ ਰਹਿੰਦਾ ਹੈ ਜੀ ॥੨॥

## ਜਿਉ ਅੰਧਿਆਰੈ; ਦੀਪਕੁ ਪਰਗਾਸਾ ॥

ਜਿਉ = ਜਿਵੇਂ ਅੰਧਿਆਰੈ = ਹਨੇਰੇ ਵਿਚ ਦੀਪਕੁ = ਦੀਵੇ ਦੀ ਰੋਸ਼ਨੀ ਨਾਲ ਪਰਗਾਸਾ = ਪ੍ਰਕਾਸ਼ ਹੋ ਜਾਂਦਾ ਹੈ, ਇਸੇ ਤਰ੍ਹਾਂ ਸਾਡੇ ਹਿਰਦੇ ਵਿਚ ਅਗਿਆਨ ਦਾ ਹਨੇਰਾ ਹੈ ਜਿਸ ਵਿਚ ਗੁਰਾਂ ਦੇ ਸ਼ਬਦ ਰੂਪੀ ਦੀਪਕ ਨਾਲ ਗਿਆਨ ਰੂਪੀ ਪ੍ਰਕਾਸ਼ ਹੋ ਜਾਂਦਾ ਹੈ। ਜੈਸਾ ਕਿ :

**ਸਤਿਗੁਰ ਸਬਦਿ ਉਜਾਰੋ ਦੀਪਾ ॥**
**ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ ॥** *(ਅੰਗ ੮੨੧)*

## ਭਰਤਾ ਚਿਤਵਤ; ਪੂਰਨ ਆਸਾ ॥

ਜਿਵੇਂ ਕਿਸੇ ਇਸਤਰੀ ਦਾ ਭਰਤਾ = ਪਤੀ ਪਰਦੇਸ ਗਿਆ ਹੋਵੇ, ਉਹ ਉਸ ਦੀ ਚਿਤਵਨੀ ਕਰਦੀ ਭਾਵ ਉਸ ਨੂੰ ਯਾਦ ਕਰਦੀ ਹੈ। ਜਦੋਂ ਉਸ ਨੂੰ ਦਰਸ਼ਨ ਹੁੰਦੇ ਹਨ ਤਾਂ ਉਸ ਦਾ ਪਤੀ ਉਸ ਦੀ ਦਰਸ਼ਨਾਂ ਰੂਪੀ ਆਸ ਪੂਰੀ ਕਰਦਾ ਹੈ **ਵਾ:** ਇਸੇ ਤਰ੍ਹਾਂ ਮਹਾਰਾਜ! ਸਾਡੀ ਜੀਵਾਂ ਦੀ ਹਾਲਤ ਹੈ। ਅਸੀਂ ਅਨਾਤਮ ਦ੍ਰਿਸ਼ਟੀ ਵਾਲੇ ਹਾਂ, ਆਪ ਆਤਮ ਦ੍ਰਿਸ਼ਟੀ ਵਾਲੇ ਹੋ। ਜਦੋਂ ਤੁਸੀਂ ਸਾਖਿਆਤ ਹੁੰਦੇ ਹੋ ਭਾਵ ਜਦੋਂ ਮਿਲਾਪ ਹੁੰਦਾ ਹੈ, ਉਸ ਸਮੇਂ ਸਾਡੀਆਂ ਸਾਰੀਆਂ ਆਸਾਂ ਪੂਰੀਆਂ ਕਰ ਦਿੰਦੇ ਹੋ **ਵਾ:** ਇਸ ਪ੍ਰਕਾਰ ਜੋ ਅਨਾਤਮਾਕਾਰ ਬਿਰਤੀ ਹੈ, ਸਾਖੀ ਚੇਤਨ ਪਤੀ ਨੂੰ ਪਰਦੇਸ ਗਿਆ ਸਮਝਦੀ ਹੈ। ਆਤਮਾਕਾਰ ਹੋਣ 'ਤੇ ਸਾਖੀ ਚੇਤਨ ਪਤੀ ਪ੍ਰਾਪਤ ਹੋ ਜਾਂਦਾ ਹੈ। ਇਉਂ ਫੇਰ ਇਸ ਦੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਜਾਂਦੀਆਂ ਹਨ।

## ਮਿਲਿ ਪ੍ਰੀਤਮ ਜਿਉ ਹੋਤ ਅਨੰਦਾ;
## ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥੩॥

ਜਿਉ = ਜਿਵੇਂ ਕਿਸੇ ਪ੍ਰੀਤਮ = ਪਿਆਰੇ ਸੱਜਣ ਦੇ ਵਿਛੋੜੇ ਤੋਂ ਬਾਅਦ ਉਸ ਨਾਲ ਮਿਲਿ = ਮਿਲਾਪ ਹੁੰਦਾ ਹੈ ਤਾਂ ਬਹੁਤ ਅਨੰਦ ਪ੍ਰਾਪਤ ਹੋਤ = ਹੁੰਦਾ ਹੈ। ਤਿਉ = ਤਿਵੇਂ ਹੇ ਪਰਮੇਸ਼ਰ! ਮੇਰਾ ਮਨ ਤੇਰੇ ਪ੍ਰੇਮ ਰੰਗ ਵਿਚ ਰੰਗੀਨਾ = ਰੰਗਿਆ ਗਿਆ ਹੈ ਜੀ ॥੩॥

## ਸੰਤਨ ਮੋਕਉ; ਹਰਿ ਮਾਰਗਿ ਪਾਇਆ ॥

ਵਾਹਿਗੁਰੂ ਨਾਲ ਅਭੇਦ ਹੋਏ ਇਕ-ਰਸ ਬਿਰਤੀ ਵਾਲੇ ਸੰਤਨ = ਸੰਤ ਜਨਾਂ ਨੇ ਮੋਕਉ = ਮੇਰੇ ਤਾਈਂ ਹਰਿ = ਪਰਮੇਸ਼ਰ ਦੀ ਪ੍ਰਾਪਤੀ ਵਾਲੇ ਭਗਤੀ ਸਹਿਤ ਗਿਆਨ ਦੇ ਮਾਰਗਿ = ਰਸਤੇ ਪਾਇਆ = ਪਾ ਦਿੱਤਾ ਹੈ।

## ਸਾਧ ਕ੍ਰਿਪਾਲਿ; ਹਰਿ ਸੰਗਿ ਗਿਝਾਇਆ ॥

ਐਸੇ ਕ੍ਰਿਪਾਲਿ = ਦਿਆਲੂ ਸਾਧ = ਸੰਤ ਜਨਾਂ ਨੇ ਸਾਡਾ ਮਨ ਹਰੀ ਪਰਮੇਸ਼ਰ ਸੰਗਿ = ਨਾਲ ਗਿਝਾਇਆ = ਗਿਝਾ ਦਿੱਤਾ ਹੈ ਭਾਵ ਜੋੜ ਦਿੱਤਾ ਹੈ ਜੋ ਹਰ ਵਕਤ ਜੁੜਿਆ ਰਹਿੰਦਾ ਹੈ।

## ਹਰਿ ਹਮਰਾ, ਹਮ ਹਰਿ ਕੇ ਦਾਸੇ;
## ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥੪॥੧੪॥੨੧॥

ਹਰਿ = ਅਕਾਲ ਪੁਰਖ ਹਮਰਾ = ਸਾਡਾ ਹੈ ਅਤੇ ਹਮ = ਅਸੀਂ ਹਰਿ = ਹਰੀ ਵਾਹਿਗੁਰੂ ਕੇ = ਦੇ ਦਾਸੇ = ਸੇਵਕ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਨੂੰ ਗੁਰੂ = ਸਤਿਗੁਰੂ (ਗੁਰੂ ਰਾਮਦਾਸ ਜੀ) ਨੇ ਸੱਚ ਦੀ ਪ੍ਰਾਪਤੀ ਵਾਲਾ ਸੱਚਾ ਸਬਦੁ = ਉਪਦੇਸ਼ ਦੀਨਾ = ਦੇਣਾ ਕੀਤਾ ਹੈ ਜੀ ॥੪॥੧੪॥੨੧॥

## ਮਾਝ ਮਹਲਾ ੫ ॥ ਅੰਮ੍ਰਿਤ ਨਾਮੁ; ਸਦਾ ਨਿਰਮਲੀਆ ॥

ਹੇ ਭਾਈ ! ਅੰਮ੍ਰਿਤ = ਅਮਰ ਕਰਨ ਵਾਲਾ ਪਰਮੇਸ਼ਰ ਦਾ ਨਾਮ ਸਦਾ = ਹਮੇਸ਼ਾ ਹੀ ਨਿਰਮਲੀਆ = ਮੈਲ ਤੋਂ ਰਹਿਤ ਉੱਜਲ ਹੈ। ਅਤੇ

## ਸੁਖਦਾਈ; ਦੂਖ ਬਿਡਾਰਨ ਹਰੀਆ ॥

ਜੋ ਸੁਖਦਾਈ = ਸੁੱਖਾਂ ਨੂੰ ਦੇਣ ਵਾਲਾ ਅਤੇ ਸਾਰੇ ਦੂਖ = ਦੁੱਖਾਂ ਨੂੰ ਬਿਡਾਰਨ = ਨਾਸ਼ ਕਰਨ ਹਰੀਆ = ਵਾਲਾ ਹੈ।

**[ਅੰਗ ੧੦੧]**

## ਅਵਰਿ ਸਾਦ ਚਖਿ ਸਗਲੇ ਦੇਖੇ; ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥

ਹੇ ਭਾਈ ! ਅਵਰਿ = ਹੋਰ ਸਗਲੇ = ਸਾਰੇ ਜੋਗਾਨੰਦ, ਭੋਗਾਨੰਦ ਆਦਿ ਦੇ ਸਾਦ = ਸੁਆਦ ਚੱਖ ਕੇ ਦੇਖੇ = ਵੇਖੇ ਹਨ, ਪਰ ਹੇ ਪਿਆਰੇ ਜੀ ! ਸਾਡੇ ਮਨ = ਹਿਰਦੇ ਨੂੰ ਹਰਿ = ਹਰੀ ਦਾ ਨਾਮ ਰਸ ਹੀ ਸਭ = ਸਾਰਿਆਂ ਸੁਆਦਾਂ ਤੇ = ਤੋਂ ਮੀਠਾ = ਮਿੱਠਾ, ਪਿਆਰਾ ਲੱਗਿਆ ਹੈ ॥੧॥

## ਜੋ ਜੋ ਪੀਵੈ; ਸੋ ਤ੍ਰਿਪਤਾਵੈ ॥

ਜੋ ਜੋ ਅੰਮ੍ਰਿਤ ਨਾਮ ਰਸ ਨੂੰ ਸ੍ਵਣ ਮੰਨਣ, ਨਿਧਿਆਸਣ ਕਰਨ ਰੂਪ ਪੀਵੈ = ਪੀਂਦਾ ਹੈ, ਸੋ = ਉਹ ਆਤਮਾਨੰਦ ਕਰਕੇ ਤ੍ਰਿਪਤਾਵੈ = ਤ੍ਰਿਪਤ ਹੁੰਦਾ ਹੈ।

## ਅਮਰੁ ਹੋਵੈ; ਜੋ ਨਾਮ ਰਸੁ ਪਾਵੈ ॥

ਇਉਂ ਜੋ = ਜਿਹੜਾ ਵੀ ਨਾਮ ਰਸ ਨੂੰ ਪਾਵੈ = ਪਾਉਂਦਾ ਹੈ, ਉਹ ਅਮਰੁ = ਮਰਨ ਤੋਂ ਰਹਿਤ ਹੋਵੈ = ਹੁੰਦਾ ਹੈ।

## ਨਾਮ ਨਿਧਾਨ ਤਿਸਹਿ ਪਰਾਪਤਿ; ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥

ਪ੍ਰੰਤੂ ਇਹ ਨਾਮ ਦਾ ਨਿਧਾਨ = ਖ਼ਜ਼ਾਨਾ ਤਿਸਹਿ ਉਸ ਨੂੰ ਪ੍ਰਾਪਤ ਹੁੰਦਾ ਹੈ, ਜਿਸ ਦੇ ਮਨਿ = ਹਿਰਦੇ ਵਿਚ ਪੂਰੇ ਗੁਰੂ ਦਾ ਸਬਦੁ = ਉਪਦੇਸ਼ ਵੂਠਾ = ਵਸ ਜਾਂਦਾ ਹੈ ਜੀ ॥੨॥

## ਜਿਨਿ ਹਰਿ ਰਸੁ ਪਾਇਆ; ਸੋ ਤ੍ਰਿਪਤਿ ਅਘਾਨਾ ॥

ਜਿਨਿ = ਜਿਸ ਨੇ ਹਰੀ ਦੇ ਨਾਮ ਰਸ ਨੂੰ ਪਾਇਆ = ਪਾਉਣਾ ਕੀਤਾ ਹੈ, ਸੋ = ਉਹ ਆਤਮ ਤ੍ਰਿਪਤੀ ਕਰਕੇ ਪੂਰਨ ਰੂਪ ਵਿਚ ਅਘਾਨਾ = ਰੱਜ ਗਿਆ ਹੈ।

## ਜਿਨਿ ਹਰਿ ਸਾਦੁ ਪਾਇਆ; ਸੋ ਨਾਹਿ ਡੁਲਾਨਾ ॥

ਜਿਨਿ = ਜਿਸ ਨੇ ਹਰਿ = ਹਰੀ ਦੇ ਨਾਮ, ਬ੍ਰਹਮਾਨੰਦ ਰੂਪੀ ਸਾਦੁ = ਸੁਆਦ ਨੂੰ ਪਾਇਆ = ਪ੍ਰਾਪਤ ਕੀਤਾ ਹੈ, ਸੋ = ਉਹ ਵਿਕਾਰਾਂ, ਪਦਾਰਥਾਂ, ਵਿਸ਼ਿਆਂ ਦੇ ਲਾਲਚ ਵਿਚ ਨਹੀਂ ਡੁਲਾਨਾ = ਡੋਲਦਾ।

## ਤਿਸਹਿ ਪਰਾਪਤਿ ਹਰਿ ਹਰਿ ਨਾਮਾ; ਜਿਸੁ ਮਸਤਕਿ ਭਾਗੀਠਾ ਜੀਉ ॥੩॥

ਤਿਸਹਿ = ਉਸ ਪੁਰਖ ਨੇ ਹੀ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਪ੍ਰਾਪਤ ਕੀਤਾ ਹੈ, ਜਿਸ ਦੇ ਮਸਤਕਿ = ਮੱਥੇ ਉੱਪਰ ਭਾਗੀਠਾ = ਚੰਗੇ ਭਾਗ ਹਨ ਜੀ ॥੩॥

## ਹਰਿ ਇਕਸੁ ਹਥਿ ਆਇਆ; ਵਰਸਾਣੇ ਬਹੁਤੇਰੇ ॥
## ਤਿਸੁ ਲਗਿ; ਮੁਕਤੁ ਭਏ ਘਣੇਰੇ ॥

ਹਰਿ = ਪਰਮੇਸ਼ਰ ਦੇ ਨਾਮ ਦਾ ਖ਼ਜ਼ਾਨਾ ਇਕਸੁ = ਇਕ ਪੂਰਨ ਸਤਿਗੁਰੂ ਨਾਨਕ ਦੇਵ ਜੀ ਦੇ ਹੱਥ ਵਿਚ ਆਇਆ ਹੈ, ਉਸ ਗੁਰਾਂ ਤੋਂ ਅੱਗੇ ਬਹੁਤੇਰੇ = ਬੇਅੰਤ ਗੁਰਸਿੱਖ ਵਰਸਾਣੇ = ਵਰੋਸਾਏ ਹਨ। ਅਤੇ

ਤਿਸੁ = ਉਸ ਗੁਰਾਂ ਦੇ ਚਰਨੀਂ ਲੱਗ ਕੇ ਘਣੇਰੇ = ਬਹੁਤ ਸਾਰੇ ਗੁਰਮੁਖ ਮੁਕਤ ਭਏ = ਹੋਏ ਹਨ **ਵਾ:** ਉਸ ਵਰੋਸਾਏ ਗੁਰਸਿੱਖਾਂ ਦੀ ਸੰਗਤ ਵਿਚ ਲੱਗ ਕੇ ਹੋਰ ਵੀ ਬਹੁਤ ਸਾਰੇ ਜੀਵ ਮੁਕਤ ਹੋਏ ਹਨ।

***ਦੂਸਰਾ ਅਰਥ :*** ਹਰਿ = ਪਰਮੇਸ਼ਰ ਦੀ ਬੰਦਗੀ ਕਰਨ ਵਾਲੇ ਕਿਸੇ ਇਕਸੁ = ਇਕ ਦੇ ਹੀ ਹਿਰਦੇ ਰੂਪੀ ਹੱਥ ਵਿਚ ਨਾਮ ਦਾ ਖ਼ਜ਼ਾਨਾ ਆਇਆ ਭਾਵ ਪ੍ਰਾਪਤ ਹੋਇਆ ਹੈ ਉਸ ਤੋਂ ਹੋਰ ਬਹੁਤੇਰੇ = ਬਹੁਤੇ ਜਗਿਆਸੂ ਜਨ ਵਰੋਸਾਂਉਂਦੇ ਹਨ ਭਾਵ ਪਰਮੇਸ਼ਰ ਦੀਆਂ ਬਖ਼ਸ਼ਿਸ਼ਾਂ ਪ੍ਰਾਪਤ ਕਰ ਲੈਂਦੇ ਹਨ। ਉਸ ਪ੍ਰਭੂ ਪ੍ਰਾਪਤੀ ਵਾਲੇ ਸਤਪੁਰਸ਼ਾਂ ਦੇ ਚਰਨਾਂ ਲੱਗ ਕੇ ਘਣੇਰੇ = ਬਹੁਤੇ ਮੁਕਤ ਹੋ ਜਾਂਦੇ ਹਨ।

## ਨਾਮੁ ਨਿਧਾਨਾ ਗੁਰਮੁਖਿ ਪਾਈਐ;
## ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥

ਗੁਰਮੁਖਾਂ ਦੀ ਸੰਗਤ ਕਰ ਕੇ ਸਤਿਗੁਰੂ ਪਾਸੋਂ ਨਾਮ ਦਾ ਨਿਧਾਨਾ = ਖ਼ਜ਼ਾਨਾ ਪਾਈਐ = ਪਾਈਦਾ ਹੈ। ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪਿਆਰੇ ਜੀ! ਪਰੰਤੂ ਉਹ ਨਾਮ ਰੂਪੀ ਖ਼ਜ਼ਾਨਾ ਕਿਸੇ ਵਿਰਲੀ = ਥੋੜ੍ਹਿਆਂ ਨੇ ਹੀ ਡੀਠਾ = ਦੇਖਿਆ ਹੈ ॥੪॥੧੫॥੨੨॥

## ਮਾਝ ਮਹਲਾ ੫ ॥ ਨਿਧਿ ਸਿਧਿ ਰਿਧਿ; ਹਰਿ ਹਰਿ ਹਰਿ ਮੇਰੈ ॥
## ਜਨਮੁ ਪਦਾਰਥੁ; ਗਹਿਰ ਗੰਭੀਰੈ ॥

ਹੇ ਭਾਈ! ਮੇਰੇ ਕੋਲ ਤਾਂ ਹਰਿ = ਪਰਮੇਸ਼ਰ ਦਾ ਨਾਮ ਹੀ ਨਿਧਿ = ਨੌ ਨਿਧੀਆਂ ਹਨ, ਹਰਿ = ਪਰਮੇਸ਼ਰ ਦਾ ਨਾਮ ਹੀ ਸਿਧਿ = ਅਠਾਰਾਂ ਸਿੱਧੀਆਂ ਹਨ ਅਤੇ ਹਰਿ = ਪਰਮੇਸ਼ਰ ਦਾ ਨਾਮ ਹੀ ਰਿਧਿ = ਰਿਧੀਆਂ ਹਨ। ਅਤੇ ਗਹਿਰ ਗੰਭੀਰੈ = ਡੂੰਘੇ ਤੋਂ ਡੂੰਘੇ ਪਰਮੇਸ਼ਰ ਦੀ ਪ੍ਰਾਪਤੀ ਕਰਕੇ ਇਹ ਮਨੁੱਖਾ ਜਨਮ ਰੂਪੀ ਪਦਾਰਥ ਸਫਲਾ ਕੀਤਾ ਹੈ **ਵਾ:** ਇਸ ਮਨੁੱਖਾ ਜਨਮ ਰੂਪੀ ਪਦਾਰਥ ਵਿਚ ਕੇਵਲ ਗਹਿਰ = ਨਿਰਹੱਲ ਤੇ ਗੰਭੀਰੈ = ਡੂੰਘੇ ਪਰਮੇਸ਼ਰ ਦੀ ਪ੍ਰਾਪਤੀ ਕਰਨੀ ਹੀ ਜਾਣਦੇ ਹਾਂ।

## ਲਾਖ ਕੋਟ ਖੁਸੀਆ ਰੰਗ ਰਾਵੈ; ਜੋ ਗੁਰ ਲਾਗਾ ਪਾਈ ਜੀਉ ॥੧॥

ਉਹ ਪੁਰਖ ਲਾਖ = ਲੱਖਾਂ ਦੁਨੀਆਂ ਦੇ ਰਾਜ ਪਦਵੀਆਂ, ਕੋਟ = ਕਰੋੜਾਂ ਇੰਦਰ ਪਦਵੀਆਂ ਦੀਆਂ ਖ਼ੁਸ਼ੀਆਂ ਨਾਲੋਂ ਜ਼ਿਆਦਾ ਰੰਗ = ਅਨੰਦ ਰਾਵੈ = ਮਾਣਦਾ ਹੈ, ਜੋ = ਜਿਹੜਾ ਪੂਰੇ ਗੁਰ = ਸਤਿਗੁਰੂ ਦੇ ਪਾਈ = ਚਰਨੀਂ ਲਾਗਾ = ਲੱਗਿਆ ਹੈ ਜੀ ॥੧॥

## ਦਰਸਨੁ ਪੇਖਤ; ਭਏ ਪੁਨੀਤਾ ॥ ਸਗਲ ਉਧਾਰੇ; ਭਾਈ ਮੀਤਾ ॥

ਗੁਰਾਂ ਦੇ ਦਰਸਨ ਪੇਖਤ = ਦੇਖਦਿਆਂ ਹੀ ਪੁਨੀਤਾ = ਪਵਿੱਤਰ ਭਏ = ਹੋ ਜਾਈਦਾ ਹੈ।

ਜਿਹੜੇ ਵੀ ਭਾਈ = ਭਰਾ ਅਤੇ ਮੀਤਾ = ਮਿੱਤਰ ਆਦਿਕ ਗੁਰੂ ਜੀ ਦੀ ਸੰਗਤ ਕਰਨ ਵਾਲੇ ਹਨ, ਉਨ੍ਹਾਂ ਸਗਲ = ਸਾਰਿਆਂ ਦਾ ਸੰਸਾਰ-ਸਮੁੰਦਰ ਤੋਂ ਸਤਿਗੁਰਾਂ ਨੇ ਉਧਾਰੇ = ਉਧਾਰ ਕਰ ਦਿੱਤਾ ਹੈ

**ਵਾ**: ਭਾਈ ਭਾਵ ਸ੍ਰਵਣ, ਮੰਨਣ, ਨਿਧਿਆਸਣ ਆਦਿ ਕਰਨ ਵਾਲੇ ਅਤੇ ਮੀਤਾ ਭਾਵ ਵੈਰਾਗ, ਬਿਬੇਕ ਆਦਿ ਵਾਲੇ ਸਾਰੇ ਸੰਸਾਰ ਤੋਂ ਉਧਾਰੇ = ਤਾਰ ਦਿੱਤੇ ਹਨ।

## ਅਗਮ ਅਗੋਚਰੁ ਸੁਆਮੀ ਅਪੁਨਾ; ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥

ਹੇ ਭਾਈ ! ਜੋ ਆਪਣਾ ਸੁਆਮੀ ਮਾਲਕ ਅਗਮ = ਮਨ ਦੀ ਗੰਮਤਾ ਤੋਂ ਰਹਿਤ, ਅਗੋਚਰ = ਇੰਦਰੀਆਂ ਦੇ ਅਵਿਸ਼ੇ ਹੈ, ਹੇ ਪਿਆਰੇ ਜੀ ! ਗੁਰ = ਸਤਿਗੁਰਾਂ ਦੀ ਕਿਰਪਾ = ਦਇਆ ਦ੍ਰਿਸ਼ਟੀ ਕਰਨ ਤੇ = ਤੋਂ ਹੀ ਉਸ ਸਚੁ = ਸੱਚੇ ਪਰਮੇਸ਼ਰ ਨੂੰ ਧਿਆਈ = ਧਿਆਈਦਾ ਹੈ ॥੨॥

## ਜਾ ਕਉ ਖੋਜਹਿ; ਸਰਬ ਉਪਾਏ ॥ ਵਡਭਾਗੀ; ਦਰਸਨੁ ਕੋ ਵਿਰਲਾ ਪਾਏ ॥

ਜਾ = ਜਿਸ ਵਾਹਿਗੁਰੂ ਕਉ = ਨੂੰ ਅਨੇਕਾਂ ਲੋਕ ਜਗ, ਤਪ ਆਦਿ ਬਹੁਤ ਸਰਬ = ਸਾਰੇ ਉਪਾਏ = ਯਤਨ ਕਰਕੇ ਖੋਜਹਿ = ਲੱਭਦੇ ਹਨ।

ਪਰੰਤੂ ਵਡਭਾਗੀ = ਵੱਡਿਆਂ ਭਾਗਾਂ ਵਾਲਾ ਕੋ = ਕੋਈ ਵਿਰਲਾ ਗੁਰਮੁਖ ਹੀ ਉਸ ਪਰਮੇਸ਼ਰ ਦੇ ਦਰਸਨੁ = ਦੀਦਾਰਾਂ ਨੂੰ ਪਾਏ = ਪਾਉਂਦਾ ਹੈ।

## ਊਚ ਅਪਾਰ ਅਗੋਚਰ ਥਾਨਾ; ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥

ਜੋ ਤਿੰਨਾਂ ਰਜੋ, ਤਮੋ, ਸਤੋ ਗੁਣਾਂ ਤੋਂ ਊਚ = ਉੱਚਾ, ਅਪਾਰ = ਪਾਰਾਵਾਰ ਤੋਂ ਰਹਿਤ, ਅਗੋਚਰ = ਇੰਦਰੀਆਂ ਦੇ ਅਵਿਸ਼ੇ ਪਰਮੇਸ਼ਰ ਦਾ ਤੁਰੀਆ ਪਦ, ਸਰੂਪ ਰੂਪੀ ਥਾਨਾ = ਥਾਂ ਹੈ, ਉਹ ਮਹਲੁ = ਸਰੂਪ ਰੂਪੀ ਥਾਂ ਗੁਰੂ ਨੇ ਦੇਖਾਈ = ਦਿਖਾਉਣਾ ਕੀਤਾ ਹੈ ਜੀ ॥੩॥

## ਗਹਿਰ ਗੰਭੀਰ; ਅੰਮ੍ਰਿਤ ਨਾਮੁ ਤੇਰਾ ॥ ਮੁਕਤਿ ਭਇਆ; ਜਿਸੁ ਰਿਦੈ ਵਸੇਰਾ ॥

ਹੇ ਗਹਿਰ = ਨਿਰਹਲ ਗੰਭੀਰ = ਡੂੰਘੇ ਤੋਂ ਡੂੰਘੇ ਪਰਮੇਸ਼ਰ ! ਤੇਰਾ = ਤੁਹਾਡਾ ਨਾਮ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਭਾਵ ਅਮਰ ਕਰਨ ਵਾਲਾ ਹੈ। ਜਿਸ ਦੇ ਰਿਦੈ = ਹਿਰਦੇ ਵਿਚ ਤੇਰਾ ਨਾਮ ਵਸੇਰਾ = ਵਸਿਆ ਹੈ, ਉਹ ਸੰਸਾਰ ਸਮੁੰਦਰ ਤੋਂ ਮੁਕਤ ਭਇਆ = ਹੋਇਆ ਹੈ।

## ਗੁਰਿ, ਬੰਧਨ ਤਿਨ ਕੇ ਸਗਲੇ ਕਾਟੇ;
## ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥

ਗੁਰੂ ਸਾਹਿਬ ਜੀ ਨੇ ਤਿਨ ਕੇ = ਦੇ ਨਾਮ ਜਪਣ ਕਰਕੇ ਹਉਮੈ ਕਰਤਾ ਭੁਗਤਾਪੁਣੇ ਆਦਿ ਦੇ ਸਗਲੇ = ਸਾਰੇ ਬੰਧਨ = ਜੰਜਾਲ ਕਾਟੇ = ਕੱਟ ਦਿੱਤੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਿਆਰੇ ਜੀ ! ਇਉਂ ਉਸ ਗੁਰਮੁਖ ਜਨ ਦੀ ਸਹਜ ਸਰੂਪ ਵਿਚ ਸਮਾਈ = ਲੀਨਤਾ ਹੋਈ ਹੈ ॥੪॥੧੬॥੨੩॥

## ਮਾਝ ਮਹਲਾ ੫ ॥

## ਪ੍ਰਭ ਕਿਰਪਾ ਤੇ; ਹਰਿ ਹਰਿ ਧਿਆਵਉ ॥ ਪ੍ਰਭੂ ਦਇਆ ਤੇ; ਮੰਗਲੁ ਗਾਵਉ ॥

ਹੇ ਭਾਈ ! ਪ੍ਰਭ = ਪਰਮੇਸ਼ਰ ਦੀ ਕਿਰਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਹਰਿ ਹਰਿ ਨਾਮ ਨੂੰ ਮੈ ਧਿਆਵਉ = ਧਿਆਉਣਾ ਕਰਦਾ ਹਾਂ।

ਪ੍ਰਭੂ = ਪਰਮੇਸ਼ਰ ਦੀ ਦਇਆ = ਮੇਹਰ ਤੇ = ਰਾਹੀਂ ਕੀਰਤਨ ਰੂਪ ਵਿਚ ਮੰਗਲੁ = ਜਸ ਗਾਵਉ = ਗਾਉਂਦਾ ਹਾਂ।

## ਊਠਤ ਬੈਠਤ ਸੋਵਤ ਜਾਗਤ; ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥

(**ਅ-ਵਰਦਾ** ਬੋਲੋ)

ਹੇ ਭਾਈ! ਇਸ ਕਰਕੇ ਊਠਤ = ਉੱਠਦਿਆਂ, ਬੈਠਤ = ਬੈਠਦਿਆਂ, ਸੋਵਤ = ਸੁੱਤਿਆਂ, ਜਾਗਤ = ਜਾਗਦਿਆਂ **ਵਾ:** ਉੱਠਦਿਆਂ ਭਾਵ ਸੰਸਾਰ ਤੋਂ ਉਪਰਾਮ ਹੁੰਦਿਆਂ, ਬੈਠਦਿਆਂ ਭਾਵ ਸਮਾਧੀ ਵਿਚ ਇਸਥਿਤ ਹੁੰਦਿਆਂ, ਸੁੱਤਿਆਂ ਭਾਵ ਨਿਰਵਿਕਲਪ ਸਮਾਧੀ ਵਿਚ ਇਸਥਿਤ ਹੁੰਦਿਆਂ ਅਤੇ ਗਿਆਨ ਅਵਸਥਾ ਵਿਚ ਜਾਗਦਿਆਂ, ਸਗਲ = ਸਾਰੀ ਅਵਰਦਾ = ਉਮਰ ਹੀ ਹਰਿ = ਪਰਮੇਸ਼ਰ ਨੂੰ ਧਿਆਈਐ = ਧਿਆਉਣਾ ਕਰੀਏ ਜੀ ॥੧॥

## ਨਾਮੁ ਅਉਖਧੁ; ਮੋਕਉ ਸਾਧੂ ਦੀਆ ॥ ਕਿਲਬਿਖ ਕਾਟੇ; ਨਿਰਮਲੁ ਥੀਆ ॥

ਨਾਮ ਰੂਪੀ ਅਉਖਧੁ = ਦਵਾਈ ਮੋਕਉ = ਮੇਰੇ ਤਾਈਂ ਪੂਰਨ ਤੱਤਬੇਤੇ ਬ੍ਰਹਮ ਗਿਆਨ ਅਵਸਥਾ ਵਿਚ ਲਿਵਲੀਨ ਸਾਧੂ = ਸਾਧੂਆਂ **ਵਾ:** ਸਾਧੂ = ਸ੍ਰੇਸ਼ਟ ਸਤਿਗੁਰਾਂ ਨੇ ਦੀਆ = ਦੇਣਾ ਕੀਤੀ ਹੈ।

ਉਸ ਨਾਮ ਰੂਪੀ ਦਵਾਈ ਕਰਕੇ ਸਾਰੇ ਕਿਲਬਿਖ = ਪਾਪ ਕਾਟੇ = ਕੱਟੇ ਗਏ ਹਨ ਅਤੇ ਚਿਤ ਨਿਰਮਲੁ = ਮੈਲ ਤੋਂ ਰਹਿਤ ਥੀਆ = ਹੋ ਗਿਆ ਹੈ।

## ਅਨਦੁ ਭਇਆ ਨਿਕਸੀ ਸਭ ਪੀਰਾ; ਸਗਲ ਬਿਨਾਸੇ ਦਰਦਾ ਜੀਉ ॥੨॥

ਆਤਮਿਕ ਅਨੰਦ ਭਇਆ = ਹੋਇਆ ਹੈ, ਹਉਮੈ ਆਦਿ ਦੀ ਸਭ = ਸਾਰੀ ਪੀਰਾ = ਪੀੜਾ ਵੀ ਅੰਦਰੋਂ ਨਿਕਸੀ = ਨਿਕਲ ਗਈ ਹੈ ਅਤੇ ਹੇ ਪਿਆਰੇ ਜੀ ਦਰਦਾਂ ਦੇਣ ਵਾਲੇ ਸਗਲ = ਸਾਰੇ ਕਾਮਾਦਿ ਵਿਕਾਰ ਵੀ ਬਿਨਾਸੇ = ਨਾਸ ਹੋ ਗਏ ਹਨ **ਵਾ:** ਜੋ ਅਵਿੱਦਿਆ, ਅਗਿਆਨ ਕਰਕੇ ਜੰਮਣ, ਮਰਣ ਰੂਪ ਦਰਦ ਸੀ, ਉਹ ਹੁਣ ਬਿਨਾਸੇ = ਖ਼ਤਮ ਹੋ ਗਈ ਹੈ ਜੀ ॥੨॥

## ਜਿਸ ਕਾ ਅੰਗੁ ਕਰੇ; ਮੇਰਾ ਪਿਆਰਾ ॥ ਸੋ ਮੁਕਤਾ; ਸਾਗਰ ਸੰਸਾਰਾ ॥

ਹੇ ਭਾਈ! ਮੇਰਾ ਪਿਆਰਾ ਵਾਹਿਗੁਰੂ ਜਿਸ ਕਾ = ਦਾ ਅੰਗੁ = ਪੱਖ ਕਰੇ = ਕਰਦਾ ਹੈ। ਸੋ = ਉਹੁ ਸੰਸਾਰ ਰੂਪ ਸਾਗਰ = ਸਮੁੰਦਰ ਤੋਂ ਪਾਰ ਹੋ ਕੇ ਮੁਕਤ ਰੂਪ ਕਿਨਾਰੇ ਤੇ ਪਹੁੰਚ ਜਾਂਦਾ ਹੈ।

## ਸਤਿ ਕਰੇ ਜਿਨਿ ਗੁਰੂ ਪਛਾਤਾ; ਸੋ ਕਾਹੇ ਕਉ ਡਰਦਾ ਜੀਉ ॥੩॥

ਸਤਿ ਕਰੇ = ਨਿਸਚੇ ਕਰ ਕੇ ਜਿਨਿ = ਜਿਸ ਨੇ ਗੁਰੂ ਜੀ ਨੂੰ ਪਰਮੇਸ਼ਰ ਸਰੂਪ ਕਰ ਕੇ ਪਛਾਤਾ = ਪਛਾਣਿਆ ਹੈ, ਹੇ ਪਿਆਰੇ ਜੀ! ਸੋ = ਉਹ ਕਾਹੇ = ਕਿਸ ਕਉ = ਵਾਸਤੇ ਡਰਦਾ ਹੈ ਜੀ ਭਾਵ ਉਸ ਨੂੰ ਲੋਕ ਪ੍ਰਲੋਕ ਵਿਚ ਕੋਈ ਵੀ ਡਰ ਨਹੀਂ ਰਹਿੰਦਾ ॥੩॥

## ਜਬ ਤੇ; ਸਾਧੂ ਸੰਗਤਿ ਪਾਏ ॥ ਗੁਰ ਭੇਟਤ; ਹਉ ਗਈ ਬਲਾਏ ॥

ਜਬ = ਜਦੋਂ ਤੇ = ਤੋਂ ਸਾਧੂ = ਸੰਤ ਜਨਾਂ ਦੀ ਸੰਗਤ ਪਾਏ = ਪਾਉਣਾ ਕੀਤੀ ਹੈ। ਉਸ ਸੰਗਤ ਵਿੱਚੋਂ ਪੂਰੇ ਗੁਰੂ ਜੀ ਭੇਟਤ = ਮਿਲੇ ਹਨ, ਤਦ ਤੋਂ ਅੰਦਰ ਹਉ = ਹੰਗਤਾ ਰੂਪੀ ਬਲਾਏ = ਬਲਾ ਚੱਲੀ ਗਈ ਹੈ।

## ਸਾਸਿ ਸਾਸਿ ਹਰਿ ਗਾਵੈ ਨਾਨਕੁ;
## ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥੪॥੧੭॥੨੪॥

(**ਪੜਦਾ** ਪੋਲਾ ਬੋਲੋ)

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ ਸਾਸਿ ਸਾਸਿ = ਹਰੇਕ ਸੁਆਸ ਨਾਲ ਹਰਿ = ਵਾਹਿਗੁਰੂ

ਅਕਾਲ ਪੁਰਖ ਦੇ ਨਾਮ ਨੂੰ ਗਾਵੈ = ਗਾਉਂਦਾ ਹਾਂ ਇਸ ਲਈ ਹੇ ਪਿਆਰੇ ਜੀ, ਪੂਰੇ ਸਤਿਗੁਰੂ ਜੀ ਨੇ ਮੇਰਾ ਪੜਦਾ ਢਾਕਿ = ਢੱਕ ਲੀਆ = ਲਿਆ ਹੈ **ਵਾ:** ਸਤਿਗੁਰਾਂ ਨੇ ਭਗਤੀ ਰੂਪ ਪੜਦਾ ਦੇ ਕੇ ਮੇਰੇ ਔਗੁਣਾਂ ਨੂੰ ਢੱਕ ਲਿਆ ਹੈ ॥੪॥੧੭॥੨੪॥

## ਮਾਝ ਮਹਲਾ ੫ ॥

## ਓਤਿ ਪੋਤਿ; ਸੇਵਕ ਸੰਗਿ ਰਾਤਾ ॥ ਪ੍ਰਭ ਪ੍ਰਤਿਪਾਲੇ; ਸੇਵਕ ਸੁਖਦਾਤਾ ॥

ਉਹ ਪਰਮੇਸ਼ਰ ਓਤਿ ਪੋਤਿ = ਤਾਣੇ ਪੇਟੇ ਵਾਂਗ ਆਪਣੇ ਸੇਵਕ = ਦਾਸਾਂ (ਭਗਤਾਂ) ਸੰਗਿ = ਨਾਲ ਰਾਤਾ = ਰੰਗਿਆ, ਮਿਲਿਆ ਹੋਇਆ ਹੈ **ਵਾ:** ਉਹ ਪਰਮੇਸ਼ਰ ਆਪਣੇ ਸੇਵਕਾਂ ਨਾਲ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਹੈ ਤੇ ਸੇਵਕ ਜਨ ਉਸ ਦੇ ਪ੍ਰੇਮ ਰੰਗ ਵਿਚ ਤਾਣੇ ਪੇਟੇ ਵਤ ਮਿਲੇ ਹੋਏ ਹਨ।

ਸਾਰਿਆਂ ਨੂੰ ਸੁਖਦਾਤਾ = ਸੁੱਖ ਦੇਣ ਵਾਲਾ ਪ੍ਰਭ = ਪਰਮੇਸ਼ਰ ਆਪਣੇ ਸੇਵਕ = ਦਾਸਾਂ ਦੀ ਆਪ ਹੀ ਪ੍ਰਤਿਪਾਲੇ = ਪਾਲਣਾ ਕਰਦਾ ਹੈ।

**ਅਥਵਾ** ਪ੍ਰਭ = ਸੁਆਮੀ ਵਾਹਿਗੁਰੂ ਆਪਣੇ ਸੇਵਕਾਂ ਤਾਈਂ ਪ੍ਰਤਿਪਾਲੇ = ਪ੍ਰਤਿਪਾਲਣਾ ਕਰਨ ਵਾਲੇ ਹਨ। ਇਸ ਤਰ੍ਹਾਂ ਪ੍ਰਤਿਪਾਲਣਾ ਕਰਨ ਦੇ ਨਾਲ ਉਹਨਾਂ ਨੂੰ ਸੁਖਦਾਤਾ = ਸੁੱਖਾਂ ਦੇ ਦੇਣ ਵਾਲੇ ਵੀ ਹਨ। ਜਿਵੇਂ ਮਾਤਾ ਦੇ ਦੂਸਰੇ ਵੀ ਪੁੱਤਰ ਹੁੰਦੇ ਹਨ ਪਰੰਤੂ ਜਿਹੜਾ ਗੋਦ ਵਿਚ ਹੋਵੇ, ਉਸ ਨੂੰ ਮਾਂ ਭੁਲਾਉਂਦੀ ਨਹੀਂ। ਹਰ ਵਕਤ ਚੇਤੇ ਰੱਖਦੀ ਹੈ। ਸਾਰੇ ਪਰਮੇਸ਼ਰ ਦੇ ਆਸਰੇ ਪਰਮੇਸ਼ਰ ਦੇ ਪੁੱਤਰ ਹਨ ਪਰ ਜੋ ਨਾਮ ਦੇ ਆਸਰੇ ਹਨ, ਉਹਨਾਂ 'ਤੇ ਸਦਾ ਵਾਸਤੇ ਆਪਣੀ ਨਿਗ੍ਹਾ ਰੱਖਦੇ ਹਨ। ਭਾਵੇਂ ਪਰਮੇਸ਼ਰ ਸਾਰੇ ਸੰਸਾਰ ਦੀ ਪ੍ਰਤਿਪਾਲਣਾ ਕਰਨ ਵਾਲਾ ਹੈ ਪਰ ਸੇਵਕਾਂ ਦਾ ਨਾਮ ਜਪਣ ਕਰਕੇ ਸੁੱਖਾਂ ਦਾ ਦਾਤਾ ਹੈ।

## ਪਾਣੀ ਪਖਾ ਪੀਸਉ ਸੇਵਕ ਕੈ; ਠਾਕੁਰ ਹੀ ਕਾ ਆਹਰੁ ਜੀਉ ॥੧॥

ਐਸੇ ਸੇਵਕਾਂ ਕੈ = ਦੇ ਦਰ 'ਤੇ ਇਸ਼ਨਾਨ ਪਾਨ ਵਾਸਤੇ ਪਾਣੀ ਢੋਈਏ, ਗਰਮੀ ਹੋਵੇ ਤਾਂ ਪੱਖਾ ਝੱਲੀਏ ਲੰਗਰ ਲਈ ਚੱਕੀ ਵਿਚ ਦਾਣੇ ਪਾ ਕੇ ਪੀਸਉ = ਪੀਸਣਾ ਕਰੀਏ ਅਤੇ ਠਾਕੁਰ = ਸੁਆਮੀ ਪ੍ਰਭੂ ਦੇ ਨਾਮ ਜਪਣ ਦਾ ਹੀ ਆਹਰੁ = ਉੱਦਮ ਕਰੀਏ **ਵਾ:** ਪ੍ਰੇਮ ਰੂਪੀ ਪਾਣੀ ਢੋਈਏ, ਦੁਨੀਆਂ ਨਾਲੋਂ ਪੱਖ ਤੋੜ ਕੇ ਸੇਵਕਾਂ ਦਾ ਪੱਖ ਲੈਣ ਰੂਪ ਪੱਖਾ ਫੇਰੀਏ, ਸੁਤ, ਬਿਤ ਆਦਿ ਵਾਸਨਾਵਾਂ ਨੂੰ ਸ੍ਰਵਣ, ਮੰਨਣ, ਨਿਧਿਆਸਣ ਦੀ ਚੱਕੀ ਵਿਚ ਪਾ ਕੇ ਪੀਸਣਾ ਕਰੀਏ ਅਤੇ ਹੇ ਪਿਆਰੇ ਜੀ ਪ੍ਰਭੂ ਦੇ ਨਾਮ ਜਪਣ ਦਾ ਹਿਰਦੇ ਵਿਚ ਉੱਦਮ ਹੋਵੇ ॥੧॥

ਜਿਵੇਂ ਪੱਖੇ ਦੀ ਸੇਵਾ ਕਰਕੇ ਭਾਈ ਕਪੂਰ ਸਿੰਘ ਨੂੰ ਖ਼ਾਲਸੇ ਨੇ ਨਵਾਬੀ ਦਿੱਤੀ ਸੀ। ਪਾਣੀ ਢੋਣ ਕਰਕੇ ਨੌਂਵੇਂ ਪਾਤਸ਼ਾਹ ਜੀ ਨੇ ਭਾਈ ਮੀਹੇਂ ਦੇ ਤਾਈਂ ਬਖ਼ਸ਼ਿਸ਼ ਕੀਤੀ ਸੀ। ਸਿਰ ਵਿਚ ਕਿਰਮ ਪੈ ਗਏ ਸੀ। ਉਹਨਾਂ ਨੂੰ ਵੀ ਮਨੁੱਖਾ ਦੇਹੀ ਦੇ ਕੇ ਸਾਰੇ ਚੇਲੇ ਬਣਾ ਕੇ ਉਹਨਾਂ ਦਾ ਉਧਾਰ ਕੀਤਾ ਸੀ। ਇਸ ਤਰ੍ਹਾਂ ਗੁਰੂ ਸਾਹਿਬ ਦੇ ਅਸਚਰਜ ਕੌਤਕ ਹਨ। ਭਾਈ ਹੇਮਾ ਜੀ ਪੀਸਣਾ ਪੀਸ ਕੇ ਆਪ ਸੰਗਤਾਂ ਨੂੰ ਛਕਾਇਆ ਕਰਦੇ। ਗੁਰੂ ਅਰਜਨ ਸਾਹਿਬ ਨੇ ਜਾ ਕੇ ਕੁੱਲੀ ਨੂੰ ਵੀ ਭਾਗ ਲਾਏ ਸਨ। ਜੈਸਾ ਕਿ :

**ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥** *(ਅੰਗ ੬੭੩)*

**ਸਾਖੀ—ਸੰਤ ਬਿਸ਼ਨ ਸਿੰਘ ਜੀ ਦੀ :** ਇਸ ਪ੍ਰਕਾਰ ਹੀ ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ ਸਨ, ਉਹਨਾਂ ਦੇ ਪਾਸੋਂ ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਨੇ ਵਿੱਦਿਆ ਪ੍ਰਾਪਤ ਕੀਤੀ। ਸੰਤ ਬਾਬਾ ਬਿਸ਼ਨ ਸਿੰਘ ਜੀ ਦਾ ਸੁਭਾਅ ਸੀ ੨੪ ਘੰਟੇ ਸਿਮਰਨ ਕਰਦੇ ਸਨ। ਇਕ ਘੰਟਾ ਮਰਯਾਦਾ ਵਿਚ ਆਉਣ 'ਤੇ ਦਿਨੇ ਬਿਰਾਜਿਆ ਕਰਦੇ। ਨੀਂਦ ਆਉਣ ਤੋਂ ਇਕ ਦਿਨ ਉਹਨਾਂ ਸੰਗਤ ਵਿਚ ਗੱਲ ਤੋਰੀ ਕਿ ਨੀਂਦ ਆਉਣ ਤੋਂ ਰਾਤ ਨੂੰ ਬਚਾਅ ਵਾਸਤੇ ਕੀ ਕਰਨਾ ਚਾਹੀਦਾ ਹੈ। ਸੰਤ ਬਾਬਾ ਖ਼ਜ਼ਾਨ ਸਿੰਘ ਜੀ,

(ਸੰਤ ਗਿ: ਸੁੰਦਰ ਸਿੰਘ ਜੀ ਦੇ ਪਿਤਾ) ਨੇ ਕਿਹਾ ਕਿ ਚੱਕੀ ਪੀਹਣਾ ਕਰੀਏ ਤਾਂ ਠੀਕ ਹੈ। ਬਾਬਾ ਬਿਸ਼ਨ ਸਿੰਘ ਜੀ ਚੱਕੀ ਪੀਹਣ ਉਦੋਂ ਤੋਂ ਲੱਗ ਗਏ। ਬਹੁਤ ਵਡੇਰਾ ਸਰੀਰ ਸੀ। ਬੜਾ ਸਰੀਰ ਸੁਕਾਇਆ ਹੋਇਆ ਸੀ। ਨਾ ਕਦੇ ਮਿੱਠਾ ਖਾਣਾ, ਨਾ ਦੁੱਧ ਪੀਣਾ, ਸਿਰਫ਼ ਸ਼ਰਦਾਈ ਪੀਆ ਕਰਦੇ ਤੇ ਅੱਠਾਂ ਪਹਿਰਾਂ ਮਗਰੋਂ ਦੋ ਕੜਛੀਆਂ ਮੂੰਗੀ ਦੀ ਦਾਲ। ਇੰਨੇ ਕੁ ਅਹਾਰ ਦਾ ਸਰੀਰ ਸੀ। ਬਹੁਤੇ ਬਿਰਧ ਜਾਣ ਕੇ ਲੋਕਾਂ ਨੇ ਸੰਤ ਸੁੰਦਰ ਸਿੰਘ ਜੀ ਨੂੰ ਕਿਹਾ ਕਿ ਤੁਸਾਂ ਦੇ ਪਿਤਾ ਨੇ (ਸੰਤ ਬਿਸ਼ਨ ਸਿੰਘ ਨੂੰ) ਚੱਕੀ ਪੀਹਣ ਦੀ ਸੇਵਾ ਕਿਉਂ ਲਾਈ ਹੈ ? ਸੁਣ ਕੇ ਫੇਰ ਸੰਤਾਂ ਨੇ ਇਹ ਸੇਵਾ ਲਈ ਅਤੇ ਕਿਹਾ ਕਿ ਅਸੀਂ ਚੱਕੀ ਪੀਹਿਆ ਕਰਾਂਗੇ। ਇਸ ਪ੍ਰਕਾਰ ਪਹਿਲਾਂ ਚੱਕੀ ਪੀਹਣ ਨਾਲ ਲੱਗਦੇ ਰਹੇ, ਫੇਰ ਹੌਲੀ ਹੌਲੀ ਬੇਨਤੀ ਕਰਕੇ ਉਹਨਾਂ ਤੋਂ ਛੁਡਾਈ ਸੀ। ਜਿੰਨਾ ਕੜਾਹ ਪ੍ਰਸਾਦਿ ਵਿਚ ਆਟਾ ਪੈਂਦਾ, ਓਨਾ ਆਟਾ ਆਪ ਪੀਂਹਦੇ ਰਹੇ। ਲੰਗਰ ਵਿਚ ਵੀ ਪਾਉਣਾ। ਇਸ ਪ੍ਰਕਾਰ ਪਿਆਰ ਦੀ ਗੱਲ ਹੁੰਦੀ ਹੈ।

**ਕਾਟਿ ਸਿਲਕ; ਪ੍ਰਭਿ ਸੇਵਾ ਲਾਇਆ ॥ ਹੁਕਮੁ ਸਾਹਿਬ ਕਾ; ਸੇਵਕ ਮਨਿ ਭਾਇਆ ॥**

ਹਉਮੈ, ਵਿਕਾਰਾਂ ਦੀ ਸਿਲਕ = ਫਾਹੀ ਕਾਟੀ = ਕੱਟ ਕੇ ਪ੍ਰਭਿ = ਪਰਮੇਸ਼ਰ ਨੇ ਜਿਸ ਸੇਵਕ ਨੂੰ ਆਪਣੀ ਭਾਉ ਭਗਤੀ ਦੀ ਸੇਵਾ = ਟਹਿਲ ਵਿਚ ਲਾਇਆ = ਲਾ ਲਿਆ ਹੈ। ਉਸ ਸੇਵਕ = ਦਾਸ ਨੂੰ ਮਨਿ = ਹਿਰਦੇ ਵਿਚ ਸਾਹਿਬ = ਸੁਆਮੀ ਪਰਮੇਸ਼ਰ ਕਾ = ਦਾ ਨਾਮ ਜਪਣ ਰੂਪ ਹੁਕਮ ਭਾਇਆ = ਚੰਗਾ ਲੱਗਿਆ ਹੈ।

**ਸੋਈ ਕਮਾਵੈ, ਜੋ ਸਾਹਿਬ ਭਾਵੈ; ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥**

ਜੋ ਸਾਹਿਬ = ਮਾਲਕ ਪਰਮੇਸ਼ਰ ਨੂੰ ਭਾਵੈ = ਭਾਉਂਦਾ ਹੈ, ਸੋਈ = ਉਹੀ ਸੇਵਕ ਜਨ ਭਗਤੀ ਰੂਪ ਕਾਰ ਨੂੰ ਕਮਾਵੈ = ਕਮਾਉਂਦਾ ਹੈ, ਹੇ ਪਿਆਰੇ ਜੀ ! ਇਉਂ ਉਹ ਸੇਵਕੁ = ਦਾਸ ਅੰਤਰਿ = ਅੰਦਰ ਬਾਹਰ ਪਰਮੇਸ਼ਰ ਨੂੰ ਜਾਨਣ ਵਿਚ ਮਾਹਰੁ = ਮੁਖੀ ਹਨ **ਵਾ:** ਅੰਤਰਮੁਖ ਬਿਰਤੀ ਵਿਚ ਤੇ ਬਾਹਰ ਸੰਸਾਰ ਵਿਚ ਪਰਮੇਸ਼ਰ ਨੂੰ ਜਾਨਣ ਕਰਕੇ ਮਾਹਰੁ = ਪ੍ਰਧਾਨ ਹਨ ॥੨॥

**ਤੂੰ ਦਾਨਾ ਠਾਕੁਰੁ; ਸਭ ਬਿਧਿ ਜਾਨਹਿ ॥ ਠਾਕੁਰ ਕੇ ਸੇਵਕ; ਹਰਿ ਰੰਗ ਮਾਣਹਿ ॥**

ਹੇ ਮੇਰੇ ਠਾਕੁਰੁ = ਮਾਲਕ ! ਤੂੰ ਦਾਨਾ = ਗਿਆਤਾ ਹੈਂ, ਸਾਰਿਆਂ ਦੇ ਹਿਰਦੇ ਦੀਆਂ ਬਿਧੀਆਂ ਨੂੰ ਜਾਣਨ ਵਾਲਾ ਹੈਂ। ਇਸ ਕਰਕੇ ਠਾਕੁਰ = ਪਰਮੇਸ਼ਰ ਕੇ = ਦੇ ਸੇਵਕ = ਦਾਸ ਸਦਾ ਹੀ ਹਰਿ = ਪਰਮੇਸ਼ਰ ਦੇ ਰੰਗ = ਅਨੰਦ ਨੂੰ ਹੀ ਮਾਣਹਿ = ਮਾਣਦੇ, ਭੋਗਦੇ ਹਨ।

[ਅੰਗ ੧੦੨]

**ਜੋ ਕਿਛੁ ਠਾਕੁਰ ਕਾ, ਸੋ ਸੇਵਕ ਕਾ; ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥**

ਹੇ ਪਿਆਰੇ ਜੀ ! ਜੋ ਕਿਛੁ = ਕੁਝ ਵੀ ਠਾਕੁਰ ਕਾ = ਪਰਮੇਸ਼ਰ ਦਾ ਹੈ, ਉਹੀ ਸੇਵਕ ਦਾ ਹੁੰਦਾ ਹੈ। ਹੇ ਪਿਆਰੇ ਜੀ ! ਸੇਵਕੁ = ਦਾਸ ਆਪਣੇ ਠਾਕਰੁ = ਸੁਆਮੀ ਦੇ ਸੰਗਿ = ਸਾਥ ਕਰਕੇ ਹੀ ਸੰਸਾਰ ਵਿਚ ਜਾਹਰੁ = ਪ੍ਰਗਟ ਹੁੰਦਾ ਹੈ ॥੩॥

**ਅਪੁਨੈ ਠਾਕੁਰਿ; ਜੋ ਪਹਿਰਾਇਆ ॥ ਬਹੁਰਿ ਨ ਲੇਖਾ; ਪੁਛਿ ਬੁਲਾਇਆ ॥**

ਆਪਣੇ ਸੇਵਕ ਜਾਣ ਕੇ ਠਾਕੁਰਿ = ਸੁਆਮੀ ਪਰਮੇਸ਼ਰ ਨੇ ਜੋ = ਜਿਸ ਨੂੰ ਭਗਤੀ ਰੂਪੀ ਸਿਰੋਪਾਉ ਪਹਿਰਾਇਆ = ਪਹਿਰਾਉਣਾ ਕੀਤਾ ਹੈ। ਫੇਰ ਉਸ ਨੂੰ ਬਹੁਰਿ = ਮੁੜ ਕੇ ਕਦੇ ਵੀ ਸੰਚਤ, ਕਿਰੇਮਾਨ ਆਦਿ ਕਰਮਾਂ ਦਾ ਲੇਖਾ = ਹਿਸਾਬ ਕਿਤਾਬ ਪੁਛਿ = ਪੁੱਛਣ ਲਈ ਨ = ਨਹੀਂ ਬੁਲਾਇਆ।

## ਤਿਸੁ ਸੇਵਕ ਕੈ ਨਾਨਕ ਕੁਰਬਾਣੀ; ਜੋ ਗਹਿਰ ਗਭੀਰਾ ਗਉਹਰੁ ਜੀਉ ॥੪॥੧੮॥੨੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਤਿਸੁ = ਉਸ ਸੇਵਕ ਕੈ = ਦੇ ਉੱਪਰੋਂ ਕੁਰਬਾਣੀ = ਬਲਿਹਾਰ ਭਾਵ ਕੁਰਬਾਨ ਜਾਂਦੇ ਹਾਂ।

ਹੇ ਪਿਆਰੇ ਜੀ ! ਉਹ ਸੇਵਕ ਗਹਿਰ = ਨਿਰਹੱਲ, ਗਭੀਰਾ = ਡੂੰਘੇ ਤੋਂ ਡੂੰਘਾ ਗਉਹਰੁ = ਮੋਤੀ ਵੱਤ ਸੁੱਧ ਜੀਵਨ ਵਾਲਾ ਹੈ **ਵਾ:** ਗਹਿਰ ਗਭੀਰਾ = ਡੂੰਘੇ ਤੋਂ ਡੂੰਘੇ ਸਮੁੰਦਰ ਰੂਪ ਪਰਮੇਸ਼ਰ ਦਾ ਮੋਤੀ ਹੈ ॥੪॥੧੮॥੨੫॥

## ਮਾਝ ਮਹਲਾ ੫ ॥
## ਸਭ ਕਿਛੁ ਘਰ ਮਹਿ; ਬਾਹਰਿ ਨਾਹੀ ॥

ਹੇ ਪਿਆਰੇ ਜੀ ! ਸਭ = ਸਾਰਾ ਕਿਛੁ = ਕੁਝ ਭਾਵ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਗੁਣ ਇਸ ਮਨੁੱਖਾ ਸਰੀਰ ਰੂਪੀ ਘਰ ਮਹਿ = ਵਿਚ ਹੀ ਹਨ, ਇਸ ਮਨੁੱਖਾਂ ਦੇਹੀ ਤੋਂ ਬਾਹਰ ਹੋਰਨਾਂ ਜੂਨਾਂ ਵਿਚ ਵਾਹਿਗੁਰੂ ਦੀ ਪ੍ਰਾਪਤੀ ਸੰਭਵ ਨਾਹੀ = ਨਹੀਂ ਹੈ **ਵਾ:** ਹਿਰਦੇ ਰੂਪੀ ਘਰ ਵਿਚ ਹੀ ਸਾਰੀਆਂ ਪ੍ਰਭੂ ਦੀਆਂ ਦਾਤਾਂ ਪ੍ਰਾਪਤ ਹੋ ਸਕਦੀਆਂ ਹਨ, ਬਾਹਰ ਸੰਸਾਰ ਵਿਚ ਭਟਕਣਾ ਕਰਕੇ ਨਹੀਂ ਪ੍ਰਾਪਤ ਹੋ ਸਕਦੀਆਂ।

**ਅਥਵਾ** ਸਾਰਾ ਕੁਝ ਸਤ, ਸੰਤੋਖਾਦਿ ਸਤਿਸੰਗਤ ਰੂਪੀ ਘਰ ਵਿਚ ਹੀ ਹੈ ਬਾਹਰ ਕੁਸੰਗਤ ਦੇ ਵਿਚ ਕੁਝ ਵੀ ਨਹੀਂ ਹੈ,

**ਅਥਵਾ** ਸਭ ਕੁਝ ਭਾਵ ਸਾਰੇ ਧਰਮ, ਅਰਥ, ਕਾਮ, ਮੋਖ ਰੂਪੀ ਪਦਾਰਥ ਤੁਰੀਆ ਪਦ ਰੂਪੀ ਘਰ ਵਿਚ ਹੀ ਰੱਖੇ ਹੋਏ ਹਨ, ਜਿਹੜੇ ਇੰਦ੍ਰੀਆਂ, ਵਿਸ਼ਿਆਂ ਦੇ ਅਧੀਨ ਬਾਹਰ ਮੁਖ ਬਿਰਤੀ ਵਾਲੇ ਹਨ, ਉਨ੍ਹਾਂ ਨੂੰ ਕੁਝ ਵੀ ਪ੍ਰਾਪਤ ਨਹੀਂ ਹੁੰਦਾ।

## ਬਾਹਰਿ ਟੋਲੈ; ਸੋ ਭਰਮਿ ਭੁਲਾਹੀ ॥

ਜਿਹੜੇ ਪੁਰਖ ਮਨੁੱਖਾ ਦੇਹੀ **ਵਾ:** ਅੰਤਹਕਰਣ ਤੋਂ ਬਾਹਰ ਸੰਸਾਰ ਵਿਚ ਪਰਮੇਸ਼ਰ ਨੂੰ ਟੋਲੈ = ਖੋਜਦੇ ਹਨ **ਵਾ:** ਜਿਹੜੇ ਸਤਿਸੰਗਤ ਤੋਂ ਬਾਹਰ ਦੇਵੀ ਦੇਵਤਿਆਂ ਦੀ ਉਪਾਸ਼ਨਾ ਕਰਕੇ ਪਰਮੇਸ਼ਰ ਨੂੰ ਟੋਲੈ = ਖੋਜਦੇ ਹਨ ਸੋ = ਉਹ ਭਰਮ ਵਿਚ ਹੀ ਭੁਲਾਹੀ = ਭੁੱਲ ਰਹੇ ਹਨ।

## ਗੁਰ ਪਰਸਾਦੀ ਜਿਨੀ ਅੰਤਰਿ ਪਾਇਆ; ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥

ਗੁਰ = ਸਤਿਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਜਿਨੀ = ਜਿਨ੍ਹਾਂ ਨੇ ਅੰਤਹਕਰਣ ਦੇ ਅੰਤਰਿ = ਅੰਦਰੋਂ ਸਾਖੀ ਚੇਤਨ ਸਰੂਪ ਪਰਮੇਸ਼ਰ ਨੂੰ ਪਾਇਆ = ਪਾਉਣਾ ਕੀਤਾ ਹੈ, ਸੋ = ਉਹ ਅੰਤਰਮੁਖ ਬਿਰਤੀ ਜੋੜ ਕੇ ਸਮਾਧੀ ਵਿਚ ਬੈਠੇ ਹੋਏ ਜਾਂ ਬਾਹਰ ਸੰਸਾਰ ਵਿਚ ਵਿਚਰਦੇ ਹੋਏ ਹਰ ਤਰ੍ਹਾਂ ਕਰਕੇ ਸੁਹੇਲਾ = ਸੁਖੀ ਹਨ ਜੀ **ਅਥਵਾ** ਉਹ ਅੰਤਰਮੁਖ ਵੀ ਤੇ ਬਾਹਰ ਸੰਸਾਰ ਵਿਚ ਵੀ ਪਰਮੇਸ਼ਰ ਨੂੰ ਵਿਆਪਕ ਦੇਖ ਕੇ ਸੁਖੀ ਰਹਿੰਦੇ ਹਨ ਜੀ **ਵਾ:** ਜੋ ਅੰਦਰ ਨਿਰਗੁਣ ਸਰੂਪ ਤੇ ਬਾਹਰ ਸੰਸਾਰ ਵਿਚ ਵੈਰਾਟ, ਸਰਗੁਣ ਹੈ, ਉਸ ਨੂੰ ਅਭੇਦ ਰੂਪ ਜਾਣ ਕੇ ਸੁਹੇਲਾ = ਸੁਖੀ ਰਹਿੰਦੇ ਹਨ ਜੀ ॥੧॥

## ਝਿਮਿ ਝਿਮਿ ਵਰਸੈ; ਅੰਮ੍ਰਿਤ ਧਾਰਾ ॥

ਜਿਵੇਂ ਝਿਮਿ ਝਿਮਿ = ਛਮ ਛਮ (ਮੱਠਾ ਮੱਠਾ) ਭਾਵ ਇਕ ਰਸ ਬੱਦਲ ਵਰਸੈ = ਵਰਸਦਾ ਹੁੰਦਾ ਹੈ, ਉਸੇ ਤਰ੍ਹਾਂ ਇਕ ਰਸ ਨਾਮ ਰੂਪੀ ਅੰਮ੍ਰਿਤ ਰਸ ਦੀਆਂ ਧਾਰਾਂ ਸਤਿਗੁਰੂ ਰੂਪ ਬੱਦਲ ਕੋਲੋਂ ਵਰਸੈ = ਵਰਸਦੀਆਂ ਹਨ।

**ਅਥਵਾ** ਝਿਮਿ ਝਿਮਿ = ਸਤਿਗੁਰ ਜੀ ਜਦੋਂ ਇਕ-ਰਸ ਅੰਮ੍ਰਿਤ ਨਾਮ ਦੀ ਵਰਖਾ ਕਰਦੇ ਹਨ, ਉਸ ਸਮੇਂ ਬਿਰਤੀ ਸਤੋਮਈ ਹੋ ਜਾਂਦੀ ਹੈ। ਰਜੋਮਈ ਸੁਭਾਅ ਮਿਟ ਜਾਂਦਾ ਹੈ। ਫਿਰ ਬਿਜਲੀ ਦੀ ਤਰ੍ਹਾਂ ਅੰਦਰ ਸਤੋਮਈ ਬਿਰਤੀ ਦੇ ਚਮਕਾਰੇ ਪੈਣ ਲੱਗ ਜਾਂਦੇ ਹਨ। ਅੰਦਰ ਪ੍ਰਕਾਸ਼ ਹੋਣ ਲੱਗ ਜਾਂਦਾ ਹੈ। ਜਿਸ ਦੁਆਰਾ ਫਿਰ ਜੋ ਕੁਝ ਲੋਕ ਪਰਲੋਕ ਵਿਚ ਵਰਤਦਾ ਹੈ, ਉਹ ਦਿਸਣ ਲੱਗ ਜਾਂਦਾ ਹੈ ਭਾਵ ਗਿਆਨ ਬਿਰਤੀ ਵਿਚ ਮਹਾਰਾਜ ਜੀ ਨੇ ਪ੍ਰਕਾਸ਼ ਪਾਉਣਾ ਕੀਤਾ ਹੈ। ਇਸ ਨਾਲ ਅਵਤਾਰਾਂ ਦੇ ਵੀ ਦਰਸ਼ਨ ਹੋਣ ਲੱਗ ਜਾਂਦੇ ਹਨ। ਜਿਵੇਂ ਬਿਜਲੀ ਦਾ ਪ੍ਰਕਾਸ਼ ਹੈ, ਇਉਂ ਅਕਾਲ ਪੁਰਖ ਦੀ ਸੱਤਾ ਪ੍ਰਤੀਤ ਹੋਣ ਲੱਗ ਜਾਂਦੀ ਹੈ। ਚਿਤ ਨਿਰਮਲ ਹੋ ਕੇ ਕੇਵਲ ਜੋਤੀ ਸਰੂਪ ਵਾਹਿਗੁਰੂ ਨੂੰ ਹੀ ਵੇਖਦਾ ਹੈ। ਪਹਿਲਾ ਚਮਕਾਰਾ ਤਾਂ ਦਸਵੇਂ ਦੁਆਰ ਦੀ ਰੌਸ਼ਨੀ ਦਾ ਹੈ, ਜਿਵੇਂ ਬਿਜਲੀ ਚਮਕਦੀ ਹੈ, ਜਿਸ ਤਰ੍ਹਾਂ ਸੂਰਜ ਚੜ੍ਹਿਆ ਹੁੰਦਾ ਹੈ, ਪਰੰਤੂ ਉਥੇ ਤਾਂ 'ਊਹਾਂ ਸੂਰਜ ਨਾਹੀ ਚੰਦ॥' ਇਸ ਪ੍ਰਕਾਰ ਉਥੇ ਸੂਰਜ ਚੰਦ ਦਾ ਪ੍ਰਕਾਸ਼ ਨਹੀਂ। 'ਆਦਿ ਨਿਰੰਜਨੁ ਕਰੈ ਅਨੰਦ॥' (ਅੰਗ ੧੧੬੨)। ਉਹ ਇਕ-ਰਸ ਹੈ। ਜਿਵੇਂ ਦੁੱਧ ਦਾ ਰੰਗ ਚਿੱਟਾ ਹੁੰਦਾ ਹੈ, ਇਉਂ ਹਿਰਦੇ ਦੇ ਚਾਨਣ ਦਾ ਸਰੂਪ ਹੁੰਦਾ ਹੈ। ਉਹ ਪ੍ਰਕਾਸ਼ ਐਸਾ ਹੈ ਕਿ ਜਿਸ ਵਿਚ ਜਠਰ ਅਗਨ ਦੀਆਂ ਨਾੜਾਂ ਉਸ ਰੌਸ਼ਨੀ ਵਿਚ ਬਿਲਕੁਲ ਚਮਕੀਲੀਆਂ ਪ੍ਰਤੀਤ ਹੁੰਦੀਆਂ ਹਨ। ਫੇਰ ਹਿਰਨ ਗਰਭ ਦਾ ਪ੍ਰਕਾਸ਼ ਹੁੰਦਾ ਹੈ। ਫਿਰ ਤਾਂ ਸਾਰੀ ਸ੍ਰਿਸ਼ਟੀ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਅੱਖਾਂ ਬੰਦ ਕੀਤਿਆਂ ਵੀ ਤੇ ਖੋਲ੍ਹਿਆਂ ਵੀ ਰੌਸ਼ਨੀ ਹੀ ਰੌਸ਼ਨੀ ਦਿੱਸਦੀ ਹੈ। ਐਸੀ ਅਵਸਥਾ ਬਣ ਜਾਂਦੀ ਹੈ ਕਿ ਹਨੇਰੇ ਵਿਚ ਅੱਖਰ ਪੜ੍ਹ ਸਕਦਾ ਹੈ। ਹਨੇਰੇ ਵਿਚ ਅੰਦਰਲੀਆਂ ਮੰਜ਼ਲਾਂ ਦਿੱਸਣ ਲੱਗ ਜਾਂਦੀਆਂ ਹਨ। ਸੁਤੇ-ਸਿੱਧ ਮਸਤ ਹੋਣ ਲੱਗ ਜਾਂਦਾ ਹੈ। ਇਹ ਹਿਰਨ ਗਰਭ ਦਾ ਪ੍ਰਕਾਸ਼ ਹੈ। ਇਸ ਪ੍ਰਕਾਰ ਜਦੋਂ ਬਿਰਤੀ ਸਤੋਮਈ ਹੋ ਜਾਂਦੀ ਹੈ ਤਾਂ ਸਾਰੇ ਵੇਦ ਸ਼ਾਸਤਰਾਂ, ਪੁਸਤਕਾਂ ਦਾ ਪ੍ਰਕਾਸ਼ ਸੁਨਹਿਰੀ ਅੱਖਰਾਂ ਵਿਚ ਆਪ ਹੀ ਦਿਸਣ ਲੱਗ ਪੈਂਦਾ ਹੈ।

**ਸਾਖੀ—ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੀ:** ਇਸ ਪ੍ਰਕਾਰ ਦੀ ਲਿਸ਼ਕ ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਸੁਨਹਿਰੀ ਅੱਖਰਾਂ ਦੀ ਪਈ ਸੀ। ਉਸ ਵੇਲੇ ਮਹਾਂਪੁਰਖ ਵੱਡੇ ਸੰਤ ਗਿਆਨੀ ਸੁੰਦਰ ਸਿੰਘ ਜੀ ਕੋਲ ਵਿੱਦਿਆ ਪੜ੍ਹ ਰਹੇ ਸਨ। ਮਹਾਂਪੁਰਖਾਂ ਨੇ ਸੰਤਾਂ ਕੋਲ ਜਾ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ! ਸੁਨਹਿਰੀ ਅੱਖਰਾਂ ਦੀ ਲਿਸ਼ਕ ਹੋਈ ਹੈ ਤਾਂ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਹੱਸ ਕੇ ਕਹਿਣ ਲੱਗੇ ਕਿ ਗਿਆਨੀ ਸਿੰਘ ਜੀ! ਉਹ ਅੱਖਰ ਤੁਸੀਂ ਲਿਖ ਸਕਦੇ ਹੋ? ਤਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਕਿਹਾ, ਹਾਂ ਜੀ, ਉਹ ਅੱਖਰ ਲਿਖਣੇ ਬਹੁਤ ਸੌਖੇ ਹਨ ਕਿਉਂਕਿ ਸਾਫ਼ ਦਿਖਾਈ ਦਿੰਦੇ ਹਨ। ਕਹਿਣ ਲੱਗੇ ਕਿ ਚੰਗਾ ਕੱਲ੍ਹ ਨੂੰ ਲਿਖ ਕੇ ਲਿਆਉਣਾ। ਉਸ ਸਮੇਂ ਵੇਦ, ਸ਼ਾਸਤਰ, ਸੁਰਤੀਆਂ, ਸਿੰਮ੍ਰਿਤੀਆਂ ਦੇ ਅੱਖਰ ਆਏ ਅਤੇ ਗੀਤਾ ਦੇ ਸਲੋਕ ਸਾਹਮਣੇ ਆਏ ਸਨ। ਜਦੋਂ ਲਿਖਣ ਲੱਗੇ, ਉਦੋਂ ਗੀਤਾ ਦਾ ਸਲੋਕ ਸਾਹਮਣੇ ਸੀ। ਅਜੇ ਗੀਤਾ ਦਾ ਸਲੋਕ ਲਿਖਿਆ ਹੀ ਸੀ ਕਿ ਉਸੇ ਵੇਲੇ ਆਕਾਸ਼ਬਾਣੀ ਹੋਈ ਕਿ ਇਹ ਵਸਤੂ ਲਿਖ ਕੇ ਵਿਖਾਉਣ ਵਾਲੀ ਨਹੀਂ ਹੈ। ਇਸ ਨੂੰ ਗੁਪਤ ਰੱਖੀਦਾ ਹੈ। ਜਿਤਨੀ ਗੁਪਤ ਰੱਖੀਏ, ਉਤਨੀ ਪਾਸ ਰਹਿੰਦੀ ਹੈ। ਮਹਾਂਪੁਰਸ਼ਾਂ ਦੀਆਂ ਅੱਖਾਂ ਵਿੱਚੋਂ ਵੈਰਾਗ ਦਾ ਜਲ ਵਹਿਣ ਲੱਗਾ। ਜਿਤਨੇ ਅੱਖਰ ਲਿਖੇ ਸਨ, ਉਹ ਸੰਤ ਗਿਆਨੀ ਸੁੰਦਰ ਸਿੰਘ ਜੀ ਨੂੰ ਵਿਖਾਏ ਤਾਂ ਮਹਾਂਪੁਰਖ ਬੜੇ ਪ੍ਰਸੰਨ ਹੋਏ ਅਤੇ ਨਾਲ ਕਿਹਾ ਕਿ ਗਿਆਨੀ ਸਿੰਘ ਜੀ! ਤੁਹਾਡੀ ਅਵਸਥਾ ਦੀ ਹੁਣ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਤੁਸਾਂ ਨੂੰ ਜਿਹੜੇ ਗ੍ਰੰਥ ਅਸੀਂ ਨਹੀਂ ਪੜ੍ਹਾਏ, ਉਹ ਗ੍ਰੰਥ ਵੀ ਤੁਹਾਡੇ ਪ੍ਰਤੱਖ ਹੋ ਗਏ ਹਨ। ਇਹ ਸਤੋਮਈ ਬਿਰਤੀ ਦੇ ਚਮਤਕਾਰ ਹਨ। ਇਉਂ ਸਤੋਮਈ ਬਿਰਤੀ ਵਿਚ ਅਕਾਲ ਪੁਰਖ ਦੀ ਕਿਰਪਾ ਦਾ ਝਿਮਿ ਝਿਮਿ = ਛਮ ਛਮ ਅੰਮ੍ਰਿਤ ਵਰਸਦਾ ਹੈ। ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਇਹ ਵਾਰਤਾ ਅਠਾਈਵੀਂ (੨੮ਵੀਂ) ਕਥਾ ਵਿਚ ਆਪਣੇ ਆਪ ਨੂੰ ਗੁਪਤ ਰੱਖ ਕੇ ਕਿਸੇ ਹੋਰ ਦੇ ਨਾਂ 'ਤੇ ਸੁਣਾਈ ਹੋਈ ਹੈ।

ਗੁਰੂ ਦੀ ਕਿਰਪਾ ਦੁਆਰਾ ਜਿਵੇਂ ਬੱਦਲ ਦੀ ਵਰਖਾ ਆਉਂਦੀ ਹੈ, ਇਸੇ ਤਰ੍ਹਾਂ ਨਾਮ ਰੂਪੀ ਅੰਮ੍ਰਿਤ

ਦੀ ਵਰਖਾ ਦੀਆਂ ਧਾਰਾਂ ਚੱਲਦੀਆਂ ਹਨ। ਸਤੋਮਈ ਬਿਰਤੀ ਵਿਚ ਪ੍ਰਕਾਸ਼ ਹੋਣ ਲੱਗ ਜਾਂਦਾ ਹੈ ਤੇ ਉਸੇ ਪ੍ਰਕਾਸ਼ ਵਿਚ ਬ੍ਰਹਮਾਨੰਦ ਦੀਆਂ ਅੰਮ੍ਰਿਤ ਧਾਰਾਂ ਦੁਆਰਾ ਮਨ ਠੰਢਾ ਹੋ ਜਾਂਦਾ ਹੈ। ਜੈਸਾ ਕਿ:

**ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥**
**ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥** *(ਅੰਗ ੨੫੪)*

ਕਿਰਪਾ ਦੁਆਰਾ ਹਿਰਦੇ ਅੰਦਰ ਪ੍ਰਕਾਸ਼ ਦੀਆਂ ਲਾਟਾਂ ਪੈਣ ਲੱਗ ਜਾਂਦੀਆਂ ਹਨ। ਜਦੋਂ ਗੁਰੂ ਸਾਹਿਬ ਬੱਦਲ ਦੀ ਨਿਆਈਂ ਅੰਦਰੋਂ ਅੰਮ੍ਰਿਤ ਨਾਮ ਦਾ ਅਜਪਾ ਜਾਪ ਪ੍ਰਗਟ ਕਰ ਦਿੰਦੇ ਹਨ, ਇਉਂ ਅਭਿਆਸ ਅਤੇ ਰਸ ਪ੍ਰਾਪਤ ਹੁੰਦਾ ਹੈ।

## ਮਨੁ ਪੀਵੈ; ਸੁਨਿ ਸਬਦੁ ਬੀਚਾਰਾ ॥

ਫੇਰ ਗੁਰੂ ਰੂਪ ਬੱਦਲ ਦੇ ਸਬਦੁ = ਉਪਦੇਸ਼ ਦੀ ਵੀਚਾਰ ਨੂੰ ਸੁਣ ਕੇ ਗੁਰਮੁਖਾਂ ਦਾ ਮਨ ਨਾਮ ਰੂਪ ਅੰਮ੍ਰਿਤ ਰਸ ਦੀਆਂ ਧਾਰਾਂ ਨੂੰ ਪੀਵੈ = ਪੀਂਦਾ ਹੈ **ਵਾ:** ਗੁਰਮੁਖ ਜਨ ਸਬਦ ਦੀ ਵੀਚਾਰ ਨੂੰ ਸੁਨਿ = ਸ੍ਰਵਨ, ਮਨੁ = ਮੰਨਣ ਕਰਕੇ ਪੀਵੈ = ਪੀਂਦੇ ਤੇ ਫੇਰ ਨਿਧਿਆਸਣ ਕਰਦੇ ਹਨ।

## ਅਨਦ ਬਿਨੋਦ ਕਰੇ ਦਿਨ ਰਾਤੀ; ਸਦਾ ਸਦਾ ਹਰਿ ਕੇਲਾ ਜੀਉ ॥੨॥

ਜਿਸ ਵਾਹਿਗੁਰੂ ਦੇ ਅਨਦ = ਅਨੰਦਾਇਕ ਬਿਨੋਦ = ਕੌਤਕ ਹਨ, ਉਸ ਦੇ ਅਨੰਦ ਨੂੰ ਗੁਰਮੁਖ ਜਨ ਦਿਨ ਰਾਤ ਮਾਨਣਾ ਕਰੇ = ਕਰਦੇ ਹਨ **ਵਾ:** ਅਨੰਦ, ਕੌਤਕ ਕਰਨ ਵਾਲੇ ਪਰਮੇਸ਼ਰ ਦੇ ਦਰਸ਼ਨ ਕਰਕੇ ਉਨ੍ਹਾਂ ਗੁਰਮੁਖ ਜਨਾਂ ਦੀ ਅਵਿੱਦਿਆ ਰੂਪੀ ਕਾਲੀ ਬੋਲੀ ਰਾਤ ਖਤਮ ਹੋ ਕੇ ਗਿਆਨ ਰੂਪੀ ਦਿਨ ਚੜ੍ਹ ਆਉਂਦਾ ਹੈ, ਇਉਂ ਉਹ ਗੁਰਮੁਖ ਜਨ ਸਦਾ ਸਦਾ = ਹਮੇਸ਼ਾ ਹਮੇਸ਼ਾ ਹੀ ਹਰਿ = ਪਰਮੇਸ਼ਰ ਦੀਆਂ ਪ੍ਰਾਪਤ ਰੂਪ ਕੇਲਾ = ਖ਼ੁਸ਼ੀਆਂ ਨੂੰ ਮਾਣਦੇ ਹਨ **ਵਾ:** ਸਦਾ ਸਦਾ ਕੇਲਾ = ਅਸੰਗ ਹੋ ਜਾਂਦੇ ਹਨ **ਵਾ:** ਸਦਾ ਸਦਾ ਕੇਲਾ = ਅਨੰਦ ਦੇ ਸਹਿਤ ਰਹਿੰਦੇ ਹਨ ॥੨॥

## ਜਨਮ ਜਨਮ ਕਾ; ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ; ਸੂਕਾ ਹਰਿਆ ॥

ਜਦੋਂ ਜੀਵ ਜਨਮਾਂ ਜਨਮਾਤਰਾਂ ਕਾ = ਦਾ ਵਿਛੁੜਿਆ ਹੋਇਆ ਪੂਰੇ ਗੁਰਾਂ ਨੂੰ ਮਿਲਿਆ। ਤਦ ਸਾਧ = ਸ੍ਰੇਸ਼ਟ ਸਤਿਗੁਰਾਂ ਦੇ ਕ੍ਰਿਪਾ = ਦਇਆ ਦ੍ਰਿਸ਼ਟੀ ਕਰਨ ਤੇ = ਤੋਂ ਅਸ਼ੁਭ ਗੁਣਾਂ ਕਰਕੇ ਸੂਕਾ = ਸੁੱਕਿਆ ਹੋਇਆ ਮਨ ਰੂਪੀ ਬ੍ਰਿਛ ਭਗਤੀ ਦੀ ਹਰਿਆਲਵਤਾ ਸਹਿਤ ਹਰਿਆ = ਹਰਾ ਭਰਾ ਹੋ ਗਿਆ, ਭਾਵ ਉਸ ਅੰਦਰ ਸ਼ਰਧਾ ਰੂਪੀ ਜੜ੍ਹ, ਪ੍ਰੇਮ ਰੂਪੀ ਅੰਕੁਰ, ਸਤੁ, ਸੰਤੋਖ, ਦਇਆ ਰੂਪੀ ਪੱਤਰੇ, ਕਰੁਣਾ, ਮੈਤਰੀ, ਮੁਦਤਾ, ਅਪੇਖਿਆ ਰੂਪ ਟਾਹਣੀਆਂ, ਧਿਆਨ ਰੂਪੀ ਫੁੱਲ ਤੇ ਗਿਆਨ ਰੂਪੀ ਫਲ ਪੈਦਾ ਹੋ ਗਿਆ।

## ਸੁਮਤਿ ਪਾਏ ਨਾਮੁ ਧਿਆਏ; ਗੁਰਮੁਖਿ ਹੋਵੈ ਮੇਲਾ ਜੀਉ ॥੩॥

ਫੇਰ ਉਨ੍ਹਾਂ ਨੇ ਗੁਰਾਂ ਪਾਸੋਂ ਸੁਮਤਿ = ਸ੍ਰੇਸ਼ਟ ਮੱਤ ਪਾਏ = ਪ੍ਰਾਪਤ ਕਰਕੇ ਪਰਮੇਸ਼ਰ ਦੇ ਨਾਮ ਨੂੰ ਧਿਆਏ = ਧਿਆਉਣਾ ਕੀਤਾ ਤਾਂ ਉਨ੍ਹਾਂ ਦਾ ਗੁਰਮੁਖਿ = ਮੁਖੀ ਗੁਰਾਂ ਦੁਆਰਾ ਪਰਮੇਸ਼ਰ ਨਾਲ ਮੇਲਾ = ਮਿਲਾਪ ਹੋਵੈ = ਹੋ ਜਾਂਦਾ ਹੈ ਜੀ ॥੩॥

## ਜਲ ਤਰੰਗੁ; ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ; ਜੋਤਿ ਮਿਲਾਇਆ ॥

ਜਿਉ = ਜਿਵੇਂ ਜਲ = ਪਾਣੀ ਦੀ ਤਰੰਗੁ = ਲਹਿਰ ਦਾ ਹਵਾ ਬੰਦ ਹੋਣ ਤੋਂ ਦੁਆਰਾ ਜਲਹਿ = ਪਾਣੀ ਵਿਚ ਸਮਾਇਆ = ਸਮਾਉਣਾ ਹੁੰਦਾ ਹੈ (**ਵਾ** = ਇਸੇ ਪ੍ਰਕਾਰ ਜਲ ਦੀ ਨਿਆਈਂ ਪਰਮੇਸ਼ਰ ਵਿੱਚੋਂ ਜੀਵ ਰੂਪੀ

ਤਰੰਗ ਦਾ ਗੁਰਾਂ ਦੀ ਕਿਰਪਾ ਨਾਲ ਵਾਸਨਾ ਰੂਪੀ ਹਵਾ ਖਤਮ ਹੋਣ ਤੋਂ ਬਾਅਦ ਜਲ ਰੂਪ ਪਰਮੇਸ਼ਰ ਵਿਚ ਹੀ ਸਮਾਇਆ = ਸਮਾਉਣਾ ਹੁੰਦਾ ਹੈ।)

ਤਿਉ = ਤਿਵੇਂ ਜੋਤੀ = ਪ੍ਰਕਾਸ਼ ਸਰੂਪ ਪਰਮੇਸ਼ਰ ਦੇ ਸੰਗਿ = ਨਾਲ ਜੀਵ ਦੀ ਪਰਤਕ ਜੋਤ ਦਾ ਮਿਲਾਇਆ = ਮਿਲਾਪ ਹੋ ਜਾਂਦਾ ਹੈ। ਇਕ ਪਰਤਕ ਜੋਤ ਹੈ। ਇਕ ਅਦਵੈਤਾਨੰਦ ਜੋਤ ਹੈ। ਪਰਤਕ ਜੋਤ = ਜਿਹੜੀ ਭਿੰਨ ਭਿੰਨ ਦੇਹਾਂ ਨੂੰ ਪ੍ਰਕਾਸ਼ਦੀ ਹੈ। ਅਦਵੈਤਾਨੰਦ = ਜਿਹੜਾ ਸਾਰਿਆਂ ਨੂੰ ਇਕ-ਰਸ ਪ੍ਰਕਾਸ਼ੀ ਜਾਂਦਾ ਹੈ।

## ਕਹੁ ਨਾਨਕ ਭ੍ਰਮ ਕਟੇ ਕਿਵਾੜਾ;
## ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਗੁਰਾਂ ਨੇ ਭਰਮ ਦੇ ਬੱਜਰ ਕਿਵਾੜਾ = ਤਖ਼ਤ ਕਟੇ = ਕੱਟ ਭਾਵ ਖੋਲ੍ਹ ਦਿੱਤੇ ਹਨ, ਇਉਂ ਹੇ ਪਿਆਰੇ ਜੀ ! ਹੁਣ ਬਹੁੜਿ = ਮੁੜ ਕੇ ਪ੍ਰਭੂ ਨਾਲੋਂ ਜਉਲਾ = ਜੁਦਾ (ਵੱਖਰੇ) ਨ = ਨਹੀਂ ਹੋਈਐ = ਹੋਈਦਾ ਭਾਵ ਬਿਰਤੀ ਦਾ ਉਥਾਨ ਨਹੀਂ ਹੁੰਦਾ ॥੪॥੧੯॥੨੬॥

## ਮਾਝ ਮਹਲਾ ੫ ॥
## ਤਿਸੁ ਕੁਰਬਾਣੀ; ਜਿਨਿ ਤੂੰ ਸੁਣਿਆ ॥
## ਤਿਸੁ ਬਲਿਹਾਰੀ; ਜਿਨਿ ਰਸਨਾ ਭਣਿਆ ॥

ਹੇ ਅਕਾਲ ਪੁਰਖ ! ਅਸੀਂ ਤਿਸੁ = ਉਸ ਤੋਂ ਕੁਰਬਾਣੀ = ਬਲਿਹਾਰ ਜਾਂਦੇ ਹਾਂ, ਜਿਨਿ = ਜਿਸ ਨੇ ਤੂੰ = ਤੇਰੇ ਜੱਸ ਨੂੰ ਨੂੰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਿਆ ਹੈ।

ਤਿਸੁ = ਉਸ ਤੋਂ ਵੀ ਅਸੀਂ ਬਲਿਹਾਰੀ = ਕੁਰਬਾਨ ਜਾਂਦੇ ਹਾਂ ਜਾਂ ਉਸ ਅੱਗੇ ਸਾਡਾ ਬਲ = ਜ਼ੋਰ ਹਾਰ ਜਾਂਦਾ ਹੈ, ਜਿਸ ਨੇ ਤੇਰੇ ਨਾਮ ਨੂੰ ਪ੍ਰਤੱਖ ਰਸਨਾ = ਜੀਭਾ **ਵਾ:** ਪ੍ਰੀਤ ਰੂਪ ਰਸਨਾ ਨਾਲ ਭਣਿਆ = ਉਚਾਰਨ ਕੀਤਾ ਹੈ।

## ਵਾਰਿ ਵਾਰਿ ਜਾਈ ਤਿਸੁ ਵਿਟਹੁ; ਜੋ ਮਨਿ ਤਨਿ ਤੁਧੁ ਆਰਾਧੇ ਜੀਉ ॥੧॥

ਤਿਸੁ = ਉਸ ਪਿਆਰੇ ਵਿਟਹੁ = ਉੱਪਰੋਂ ਅਸੀਂ ਵਾਰਿ ਵਾਰਿ = ਵਾਰਨੇ ਬਲਿਹਾਰੇ ਜਾਂਦੇ ਹਾਂ **ਵਾ:** ਵਾਰਿ ਵਾਰਿ = ਰੋਮ ਰੋਮ ਕਰਕੇ ਬਲਿਹਾਰ ਜਾਂਦੇ ਹਾਂ, ਜੋ = ਜਿਹੜਾ ਮਨ ਤੇ ਤਨਿ = ਸਰੀਰ ਕਰਕੇ ਤੁਧੁ = ਤੁਹਾਡੇ ਨਾਮ ਨੂੰ ਆਰਾਧੇ = ਆਰਾਧਦਾ, ਧਿਆਉਣਾ ਕਰਦਾ ਹੈ ਜੀ ॥੧॥

## ਤਿਸੁ ਚਰਣ ਪਖਾਲੀ; ਜੋ ਤੇਰੈ ਮਾਰਗਿ ਚਾਲੈ ॥
## ਨੈਨ ਨਿਹਾਲੀ; ਤਿਸੁ ਪੁਰਖ ਦਇਆਲੈ ॥

ਹੇ ਪਰਮੇਸ਼ਰ ! ਜੋ = ਜਿਹੜਾ ਤੇਰੇ ਭਗਤੀ ਦੇ ਸਹਿਤ ਗਿਆਨ ਰੂਪੀ ਮਾਰਗਿ = ਰਸਤੇ 'ਤੇ ਚਾਲੈ = ਚੱਲਦਾ ਹੈ, ਤਿਸੁ = ਉਸ ਪੁਰਖ ਦੇ ਅਸੀਂ ਚਰਨਾਂ ਨੂੰ ਪਖਾਲੀ = ਧੋਣਾ ਕਰੀਏ। ਅਤੇ ਤਿਸੁ = ਉਸ ਦਇਆਲੈ = ਦਿਆਲੂ ਪੁਰਖ ਦੇ ਦਰਸ਼ਨ ਪ੍ਰਤੱਖ **ਵਾ:** ਸ਼ੁੱਧ ਬੁੱਧ ਰੂਪ ਨੈਨ = ਨੇਤਰਾਂ ਨਾਲ ਨਿਹਾਲੀ = ਦੇਖਣਾ ਕਰੀਏ **ਵਾ:** ਹੇ ਪ੍ਰਭੂ ! ਜਿਸ ਨੂੰ ਤੁਸੀਂ ਦਇਆਲੈ = ਦਇਆ ਦਾ ਘਰ ਬਣਾਇਆ ਹੈ, ਉਸ ਪੁਰਖ ਦੇ ਨੇਤਰਾਂ ਨਾਲ ਦਰਸ਼ਨ ਕਰੀਏ।

**ਮਨੁ ਦੇਵਾ ਤਿਸੁ ਅਪੁਨੇ ਸਾਜਨ; ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥੨॥**

ਤਿਸੁ = ਉਸ ਅਪੁਨੇ = ਆਪਣੇ ਸਾਜਨ = ਸੱਜਣ ਗੁਰਮੁਖ ਪੁਰਖ ਨੂੰ ਮੈਂ ਆਪਣਾ ਮਨ ਭੇਟਾ ਦੇਵਾ = ਦਿੰਦਾ ਹਾਂ, ਜਿਨਿ = ਜਿਸ ਨੇ ਗੁਰੂ ਸਾਹਿਬ ਨਾਲ ਮਿਲ ਕੇ ਸੋ = ਉਸ ਪ੍ਰਭੁ = ਵਾਹਿਗੁਰੂ ਨੂੰ ਲਾਧੇ = ਲੱਭ ਲਿਆ ਹੈ ॥੨॥

**ਸੇ ਵਡਭਾਗੀ; ਜਿਨਿ ਤੁਮ ਜਾਣੇ ॥ ਸਭ ਕੈ ਮਧੇ; ਅਲਿਪਤ ਨਿਰਬਾਣੇ ॥**

ਸੇ = ਉਹ ਗੁਰਮੁਖ ਪੁਰਖ ਵਡਭਾਗੀ = ਵੱਡਿਆਂ ਭਾਗਾਂ ਵਾਲਾ ਹੈ, ਜਿਨਿ = ਜਿਸ ਨੇ ਹੇ ਵਾਹਿਗੁਰੂ ਤੁਮ = ਤੈਨੂੰ ਆਪਣਾ ਸਰੂਪ ਕਰਕੇ ਜਾਣੇ = ਪਹਿਚਾਣ ਲਿਆ ਹੈ। ਉਹ ਸਭ = ਸਾਰੇ ਪਰਿਵਾਰ, ਸੰਬੰਧੀਆਂ ਆਦਿ ਕੈ = ਦੇ ਮਧੇ = ਵਿਚ ਰਹਿੰਦਿਆਂ ਹੋਇਆਂ ਕਮਲ ਫੁੱਲ ਵੱਤ ਅਲਿਪਤ = ਅਸੰਗ ਤੇ ਨਿਰਬਾਣੇ = ਬੰਧਨਾਂ ਤੋਂ ਰਹਿਤ ਰਹਿੰਦਾ ਹੈ **ਵਾ:** ਉਹ ਪਰਮੇਸ਼ਰ ਸਭ ਜੀਵਾਂ ਦੇ ਵਿਚ ਵੱਸਦਾ ਹੋਇਆ ਵੀ ਅਲਿਪਤ = ਨਿਰਲੇਪ ਅਤੇ ਨਿਰਬਾਣੇ = ਬੰਧਨਾਂ ਤੋਂ ਰਹਿਤ **ਵਾ:** ਦੁੱਖਾਂ ਤੋਂ ਰਹਿਤ ਰਹਿੰਦਾ ਹੈ।

**ਸਾਧ ਕੈ ਸੰਗਿ, ਉਨਿ ਭਉਜਲੁ ਤਰਿਆ; ਸਗਲ ਦੂਤ ਉਨਿ ਸਾਧੇ ਜੀਉ ॥੩॥**

ਸਾਧ = ਸ੍ਰੇਸ਼ਟ ਜਨਾਂ ਦੀ ਸੰਗਤ ਕੈ = ਦੇ ਸੰਗਿ = ਨਾਲ ਮਿਲ ਕੇ ਉਨਿ = ਉਸ ਗੁਰਮੁਖ ਪੁਰਖ ਨੇ ਭਉਜਲੁ = ਭੈਦਾਇਕ ਜਲ ਨਾਲ ਭਰੇ ਸੰਸਾਰ-ਸਮੁੰਦਰ ਨੂੰ ਭਗਤੀ ਰੂਪੀ ਤਾਰੀ ਲਾ ਕੇ ਤਰਿਆ ਹੈ, ਜਿਸ ਕਰਕੇ ਉਨਿ = ਉਸ ਨੇ ਕਾਮ ਕ੍ਰੋਧਾਦਿ **ਵਾ:** ਜ਼ਿਬਰਾਈਲ, ਮੀਕਾਇਲ, ਇਸਰਾਫੀਲ, ਇਜ਼ਰਾਈਲ ਆਦਿ ਸਗਲ = ਸਾਰੇ ਦੂਤ ਸਾਧੇ = ਸਾਧ ਲਏ ਹਨ ਭਾਵ ਵੱਸ ਵਿਚ ਕਰ ਲਏ ਹਨ।

**ਤਿਨ ਕੀ ਸਰਣਿ; ਪਰਿਆ ਮਨੁ ਮੇਰਾ ॥ ਮਾਣੁ ਤਾਣੁ; ਤਜਿ ਮੋਹੁ ਅੰਧੇਰਾ ॥**

ਤਿਨ = ਉਸ ਗੁਰਮੁਖ ਪੁਰਖ ਕੀ = ਦੀ ਸ਼ਰਨ ਵਿਚ ਮੇਰਾ ਮਨ ਪਰਿਆ = ਪਿਆ ਹੈ।

ਜਿਸ ਕਰਕੇ ਧਨ ਪਦਾਰਥ, ਗੁਣਾਂ ਦਾ ਮਾਣੁ = ਹੰਕਾਰ, ਸਰੀਰਕ ਤਾਣੁ = ਬਲ ਅਤੇ ਮੋਹ ਰੂਪੀ ਅੰਧੇਰਾ = ਹਨੇਰਾ ਤਜਿ = ਛੱਡ ਦੇਣਾ ਕੀਤਾ ਹੈ **ਵਾ:** ਸਾਧਨਾ ਦਾ ਮਾਣੁ = ਹੰਕਾਰ ਤੇ ਰਿਧੀਆਂ ਸਿਧੀਆਂ ਦੇ ਤਾਣੁ = ਬਲ ਨੂੰ ਮੋਹੁ = ਅਗਿਆਨ ਦਾ ਹਨੇਰਾ ਸਮਝ ਕੇ ਤਿਆਗ ਦਿੱਤਾ ਹੈ।

ਸਤਿਗੁਰਾਂ ਅੱਗੇ ਅਰਦਾਸ ਕਰਨ ਦੀ ਜਾਂਚ ਦੱਸਦੇ ਹਨ।

**ਨਾਮੁ ਦਾਨੁ ਦੀਜੈ ਨਾਨਕ ਕਉ; ਤਿਸੁ ਪ੍ਰਭ ਅਗਮ ਅਗਾਧੇ ਜੀਉ ॥੪॥੨੦॥੨੭॥**

ਗੁਰੂ ਜੀ ਕਥਨ ਕਰਦੇ ਹਨ ਕਿ ਹੇ ਸਤਿਗੁਰੂ ਜੀ ! ਮੈਨੂੰ ਦਾਸ ਕਉ = ਨੂੰ ਤਿਸੁ = ਉਸ ਅਗਮ = ਮਨ ਦੀ ਗੰਮਤਾ ਤੋਂ ਰਹਿਤ ਅਗਾਧੇ = ਡੂੰਘੇ ਪ੍ਰਭ = ਪਰਮੇਸ਼ਰ ਦੇ ਨਾਮ ਦੀ ਪ੍ਰਾਪਤੀ ਰੂਪ ਦਾਨ ਦੇਣਾ ਕਰੋ ਜੀ ॥੪॥੨੦॥੨੭॥

## ਮਾਝ ਮਹਲਾ ੫ ॥

**ਤੂੰ ਪੇਡੁ; ਸਾਖ ਤੇਰੀ ਫੂਲੀ ॥ ਤੂੰ ਸੂਖਮੁ; ਹੋਆ ਅਸਥੂਲੀ ॥**

ਸਤਿਗੁਰੂ ਜੀ ਸਰਬ ਰੂਪ ਕਰਕੇ ਵਾਹਿਗੁਰੂ ਨੂੰ ਕਥਨ ਕਰਦੇ ਹਨ, ਹੇ ਅਕਾਲ ਪੁਰਖ ! ਪੇਡੁ = ਬ੍ਰਿਛ ਰੂਪ ਭੀ ਤੂੰ = ਤੁਸੀਂ ਆਪ ਹੀ ਹੋ ਅਤੇ ਤੇਰੀਆਂ ਬਹੁਤ ਹੀ ਸੁੰਦਰ ਸਾਖ = ਸ਼ਾਖਾ, ਟਾਹਣੀਆਂ ਫੂਲੀ = ਫੁਲ ਰਹੀਆਂ ਹਨ **ਅਥਵਾ** ਤੁਸੀਂ ਸ੍ਰਿਸ਼ਟੀ ਰੂਪੀ ਪੇਡੁ = ਬ੍ਰਿਛ ਭੀ ਆਪ ਹੀ ਹੋ ਅਤੇ ਜੀਵ ਰੂਪੀ ਸਾਖ = ਟਾਹਣੀਆਂ

ਭੀ ਆਪ ਹੀ ਹੋ, ਕਿਉਂਕਿ ਜਿਵੇਂ ਬ੍ਰਿਛ ਤੋਂ ਟਾਹਣੀਆਂ ਵੱਖਰੀਆਂ ਨਹੀਂ, ਇਸੇ ਤਰ੍ਹਾਂ ਜੀਵ ਅਤੇ ਸ੍ਰਿਸ਼ਟੀ ਤੋਂ ਆਪ ਜੀ ਵੱਖਰੇ ਨਹੀਂ ਹੋ, ਜ਼ਰੇ-ਜ਼ਰੇ ਵਿਚ ਵਿਆਪਕ ਹੋ।

ਹੇ ਅਕਾਲ ਪੁਰਖ! ਸੂਖਮ ਰੂਪ ਭੀ ਤੁਸੀਂ ਆਪ ਹੀ ਹੋ ਅਸਥੂਲੀ = ਅਸਥੂਲ ਰੂਪ ਭੀ ਤੁਸੀਂ ਆਪ ਹੀ ਹੋ (ਸੂਖਮ = ਨਾ ਦਿੱਸਣ ਵਾਲਾ, ਅਸਥੂਲ = ਦਿੱਸਣ ਵਾਲਾ) **ਵਾ:** ਤੂੰ ਹੀ ਨਿਰਗੁਣ ਸਰੂਪ ਹੋਣ ਕਰਕੇ ਸੂਖਮ ਰੂਪ ਅਤੇ ਤੂੰ ਹੀ ਸਰਗੁਣ ਸਰੂਪ ਹੋਣ ਕਰਕੇ ਅਸਥੂਲ ਰੂਪ ਹੈ।

## ਤੂੰ ਜਲਨਿਧਿ, ਤੂੰ ਫੇਨੁ ਬੁਦਬੁਦਾ; ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥

ਹੇ ਅਕਾਲ ਪੁਰਖ ਜੀ! ਤੂੰ = ਤੁਸੀਂ ਆਪ ਹੀ ਜਲਨਿਧਿ = ਸਮੁੰਦਰ ਰੂਪ ਹੋ, ਤੂੰ = ਤੁਸੀਂ ਆਪ ਹੀ ਫੇਨੁ = ਝੱਗ ਰੂਪ ਅਤੇ ਬੁਦਬੁਦਾ = ਬੁਲਬਲਾ ਰੂਪ ਹੋ। ਸੰਸਾਰ ਵਿਚ ਤੁਧੁ = ਤੁਹਾਡੇ ਤੋਂ ਬਿਨੁ = ਬਗ਼ੈਰ ਅਵਰੁ = ਹੋਰ ਕੋਈ ਭੀ ਭਾਲੀਐ = ਭਾਲਣ ਨੂੰ ਨਹੀਂ ਹੈ ਜੀ ॥੧॥

## ਤੂੰ ਸੂਤੁ; ਮਣੀਏ ਭੀ ਤੂੰਹੈ ॥ ਤੂੰ ਗੰਠੀ; ਮੇਰੁ ਸਿਰਿ ਤੂੰਹੈ ॥

ਹੇ ਪਰਮੇਸ਼ਰ! ਸੂਤ = ਧਾਗਾ ਰੂਪ ਭੀ ਤੂੰ ਆਪ ਹੈਂ, ਮਣੀਏ = ਮਣਕੇ ਰੂਪ ਭੀ = ਵੀ ਤੂੰਹੈ = ਤੂੰ ਆਪ ਹੀ ਹੈਂ।

ਗੰਠੀ = ਗੰਢਾਂ ਰੂਪ ਭੀ ਤੂੰ ਆਪ ਹੀ ਹੈਂ ਅਤੇ ਸਾਰੇ ਮਣਕਿਆਂ ਦਾ ਸਿਰਿ = ਸ਼੍ਰੋਮਣੀ ਮੇਰੁ = ਵੱਡਾ ਮਣਕਾ ਵੀ ਤੂੰ ਹੈਂ। (ਸਭ ਤੋਂ ਵੱਡੇ ਮਣਕੇ ਨੂੰ ਹਿੰਦੂ 'ਮੇਰ' ਕਹਿੰਦੇ ਹਨ ਅਤੇ ਮੁਸਲਮਾਨ 'ਅਮਾਮ' ਕਹਿੰਦੇ ਹਨ।)

## ਆਦਿ ਮਧਿ ਅੰਤਿ ਪ੍ਰਭੁ ਸੋਈ; ਅਵਰੁ ਨ ਕੋਇ ਦਿਖਾਲੀਐ ਜੀਉ ॥੨॥

ਹੇ ਵਹਿਗੁਰੂ! ਆਦਿ = ਮੁੱਢ ਵਿਚ, ਮਧਿ = ਵਿਚਕਾਰਲੇ ਸਮੇਂ ਵਿਚ ਅਤੇ ਅੰਤਿ = ਖ਼ਤਮ ਹੋਣ ਵਾਲੇ ਤਿੰਨਾਂ ਸਮਿਆਂ ਵਿਚ ਸੋਈ = ਉਹੀ ਤੂੰ ਆਪ ਹੀ ਹੈ। ਆਪ ਜੀ ਤੋਂ ਬਿਨਾਂ ਅਵਰੁ = ਹੋਰ ਕੋਈ ਭੀ ਦਿੱਸਣ ਵਾਲਾ ਨਹੀਂ ਹੈ **ਵਾ:** ਆਦਿ ਵਿਚ ਅਧਿਸ਼ਠਾਨ ਰੂਪ ਹੈਂ ਮੱਧ ਵਿਚ ਵਿਆਪਕ ਰੂਪ ਹੈਂ ਅਤੇ ਅੰਤ ਨੂੰ ਵੀ ਸਿਧਾਂਤ ਰੂਪ ਹੈਂ ਜੀ ॥੨॥

### ਅਰਥ ਦੂਸਰਾ

**ਤੂੰ ਪੇਡੁ; ਸਾਖ ਤੇਰੀ ਫੂਲੀ ॥ ਤੂੰ ਸੂਖਮੁ; ਹੋਆ ਅਸਥੂਲੀ ॥**

ਹੇ ਅਕਾਲ ਪੁਰਖ! ਤੂੰ ਪੇਡੁ = ਮੁੱਢ ਰੂਪ ਵੀ ਆਪ ਹੀ ਹੈਂ, ਵਿਰਾਟ ਰੂਪ ਭੀ ਆਪ ਹੀ ਹੈਂ, ਤਿੰਨਾਂ ਗੁਣਾਂ ਰੂਪੀ ਸਾਖਾ ਵੀ ਆਪ ਹੀ ਹੈਂ, ਇਹ ਸਭ ਕੁਝ (ਸਾਰਾ ਪਸਾਰਾ) ਤੇਰੀ ਨਦਰ ਵਿਚ ਹੀ ਫੂਲੀ = ਪ੍ਰਫੁੱਲਤ ਹੋ ਰਿਹਾ ਹੈ **ਅਥਵਾ** ਤੂੰ ਬ੍ਰਹਮ ਚੇਤਨ, ਅਦ੍ਵੈਤ ਰੂਪ, ਕਾਰਨ ਮੁੱਢ ਰੂਪ ਹੈਂ ਅਤੇ ਤੇਰੇ ਵਿਚ ਉੱਤਮ, ਮੱਧਮ, ਕਨਿਸ਼ਟ ਆਦਿਕ ਸਾਖਾ = ਸ਼ਾਖਾਵਾਂ ਫਲ ਰਹੀਆਂ ਹਨ **ਵਾ:** ਵੇਦ ਦੀਆਂ ਰਿਚਾਂ ਸ਼ਾਖ਼ਾਵਾਂ ਹਨ, ਕਰਮ-ਕਾਂਡ ਪੱਤੇ ਹਨ; ਉਪਾਸ਼ਨਾ ਰੂਪੀ ਫੁੱਲ ਹਨ ਅਤੇ ਗਿਆਨ ਰੂਪੀ ਫਲ ਨਾਲ ਫੂਲੀ = ਪ੍ਰਫੁੱਲਤ ਹੋ ਰਹੀਆਂ ਹਨ, **ਵਾ:** ਤੂੰ ਬ੍ਰਹਮ ਰੂਪੀ ਮੁੱਢ ਹੈ, ਜਗਿਆਸੂਆਂ ਦੇ ਹਿਰਦਿਆਂ ਵਿਚ ਕਰੁਣਾ, ਮੁਦਤਾ, ਮੈਤ੍ਰੀ, ਅਪੇਖਿਆ ਆਦਿ ਸਾਖਾ = ਟਾਹਣੀਆਂ ਫੈਲ ਰਹੀਆਂ ਹਨ, **ਵਾ:** ਕਾਰਨ ਰੂਪੀ ਮੁੱਢ ਹੈਂ, ਭਗਤ ਸ਼ਾਖ਼ਾ ਹਨ, ਬ੍ਰਹਮ ਗਿਆਨੀ ਫੁੱਲ ਹਨ, ਜੋ ਗਿਆਨ ਦੀ ਮਹਿਕ ਦੇ ਰਹੇ ਹਨ **ਅਥਵਾ** ਵੈਰਾਟ ਰੂਪੀ ਮੁੱਢ ਹੈਂ, ਤਿੰਨ ਗੁਣ ਸ਼ਾਖਾ ਰੂਪ ਹਨ, ਜੋ ਪ੍ਰਫੁੱਲਤ ਹੋ ਰਹੀਆਂ ਹਨ, ਬ੍ਰਹਮਾ ਪੱਤਰੇ, ਵਿਸ਼ਨੂੰ ਟਾਹਣੀਆਂ, ਸ਼ਿਵ ਜੀ ਫੁੱਲ ਹੈ, ਬ੍ਰਹਮ ਗਿਆਨੀ ਫਲ ਹੈ। ਜੈਸਾ ਕਿ :

**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥** *(ਅੰਗ ੪੭੯)*

ਹੇ ਅਕਾਲ ਪੁਰਖ! ਸੂਖਮੁ = ਨਿਰਗੁਣ ਰੂਪ ਭੀ ਤੂੰ ਆਪ ਹੀ ਹੋ ਰਿਹਾ ਹੈਂ। ਅਸਥੂਲੀ = ਵਿਰਾਟ ਰੂਪ ਭੀ ਤੂੰ ਆਪ ਹੀ ਹੋ ਰਿਹਾ ਹੈਂ, ਹਿਰਨ ਗਰਭ ਰੂਪ ਵੀ ਤੂੰ ਆਪ ਹੀ ਹੋ ਰਿਹਾ ਹੈਂ **ਵਾ:** ਤੂੰ ਆਪ ਹੀ ਸਥੂਲ ਸਰੀਰ ਵਾਲਾ ਸਰਗੁਣ ਰੂਪ ਹੋ ਰਿਹਾ ਹੈਂ, ਤੂੰ ਸੂਖਮ ਅਤੇ ਅਸਥੂਲ ਦੇਹਧਾਰੀ ਵੀ ਆਪ ਹੀ ਹੋ ਰਿਹਾ ਹੈਂ। ਆਪ ਹੀ ਸੂਖਮ ਸ੍ਰਿਸ਼ਟੀ ਦੀ ਸ਼ਬਦ, ਸਪਰਸ਼, ਰੂਪ, ਰਸ, ਗੰਧ ਆਦਿ ੧੭ (ਸਤਾਰਾਂ) ਤੱਤਾਂ ਦੁਆਰਾ ਰਚਨਾ ਕਰਨ ਵਾਲਾ ਹੋ ਰਿਹਾ ਹੈਂ ਅਤੇ ਆਪ ਹੀ ਆਕਾਸ਼, ਪਾਣੀ, ਹਵਾ, ਧਰਤੀ, ਅਗਨੀ, ਅਸਥੂਲ ਤੱਤਾਂ ਦੁਆਰਾ ਅਸਥੂਲ ਸ੍ਰਿਸ਼ਟੀ ਰਚਣ ਵਾਲਾ ਹੈਂ।

**ਤੂੰ ਜਲਨਿਧਿ, ਤੂੰ ਫੇਨੁ ਬੁਦਬੁਦਾ; ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥**

ਬ੍ਰਹਮ ਚੇਤਨ ਸਮੁੰਦਰ ਰੂਪ ਵੀ ਤੂੰ ਆਪ ਹੀ ਹੈਂ, ਫੇਨੁ = ਝੱਗ ਦੀ ਨਿਆਈਂ ਸਰੀਰ ਰੂਪ ਵੀ ਤੂੰ ਆਪ ਹੀ ਹੈਂ ਅਤੇ ਬੁਦਬੁਦੇ = ਬੁਲਬੁਲੇ ਦੀ ਨਿਆਈਂ ਜੀਵ ਰੂਪ ਵੀ ਤੂੰ ਆਪ ਹੀ ਹੈਂ **ਅਥਵਾ** ਮਾਇਆ ਸਬਲ ਸਮੁੰਦਰ ਰੂਪ ਹੈਂ, ਬ੍ਰਹਮ, ਵਿਸ਼ਨੂੰ, ਸ਼ਿਵਜੀ ਦੀਆਂ ਦੇਹਾਂ ਝੱਗ ਰੂਪ ਹਨ, ਜੀਵਾਂ ਰੂਪ ਬੁਲਬੁਲੇ ਸਭ ਕੁਝ ਤੂੰ ਆਪ ਹੀ ਹੈਂ **ਵਾ:** ਬ੍ਰਹਮ ਰੂਪੀ ਸਾਗਰ, ਉਪਾਸ਼ਕ ਰੂਪ ਝੱਗ, ਬੁਲਬਲੇ ਰੂਪੀ ਸਾਖੀ ਚੇਤਨ ਵੀ ਸਭ ਕੁਝ ਤੂੰ ਆਪ ਹੀ ਹੈਂ ॥੧॥ ਜੈਸਾ ਕਿ :

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥** *(ਅੰਗ ੪੮੫)*

**ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥** *(ਅੰਗ ੬੫੭)*

**ਤੂੰ ਸੂਤੁ; ਮਣੀਏ ਭੀ ਤੂੰਹੈ ॥ ਤੂੰ ਗੰਠੀ; ਮੇਰੁ ਸਿਰਿ ਤੂੰਹੈ ॥**

ਹੇ ਅਕਾਲ ਪੁਰਖ! ਚੇਤਨ ਸੱਤਾ ਰੂਪ ਸੂਤ ਦਾ ਧਾਗਾ ਭੀ ਤੂੰ ਆਪ ਹੀ ਹੈਂ, ਦੇਹਾਂ ਰੂਪੀ ਮਣਕੇ ਭੀ ਤੂੰ ਆਪ ਹੀ ਹੈਂ।

ਚਾਰੇ ਬਰਨਾ ਅਤੇ ਚਾਰੇ ਆਸ਼ਰਮਾਂ ਦੀਆਂ ਗੰਢਾਂ ਵੀ ਤੂੰ ਆਪ ਹੀ ਹੈਂ, ਇਹਨਾਂ ਸਭਨਾਂ ਉੱਪਰ ਮੇਰੁ ਸਿਰਿ = ਸੁਮੇਰ ਵੱਤ ਅਚੱਲ ਸ਼੍ਰੋਮਣੀ ਵੀ ਤੂੰ ਆਪ ਹੀ ਹੈ **ਵਾ:** ਛੇ ਚੱਕਰਾਂ ਰੂਪ ਗੰਢਾਂ ਵੀ ਤੂੰ ਆਪ ਹੀ ਹੈਂ ਤੇ ਸਰੀਰ ਵਿਚ ਮੇਰੁ = ਦਸਮ ਦੁਆਰ ਰੂਪ ਵੀ ਆਪ ਹੀ ਹੈਂ, ਜੀਵਾਂ ਦੇ ਅੰਦਰ ਬ੍ਰਹਮ ਚੇਤਨ ਸਰੂਪ ਨੂੰ ਪ੍ਰਕਾਸ਼ ਕਰਨ ਵਾਲਾ ਸਿਰਿ = ਸ਼੍ਰੋਮਣੀ ਵੀ ਤੂੰ ਆਪ ਹੀ ਹੈਂ।

**ਆਦਿ ਮਧਿ ਅੰਤਿ ਪ੍ਰਭੁ ਸੋਈ; ਅਵਰੁ ਨ ਕੋਇ ਦਿਖਾਲੀਐ ਜੀਉ ॥੨॥**

ਆਦਿ = ਜਦੋਂ ਸੰਸਾਰ ਦੀ ਰਚਨਾ ਹੋਈ ਭਾਵ ਸਾਰਾ ਸੰਸਾਰ ਪੈਦਾ ਹੋ ਗਿਆ, ਉਸ ਮੁੱਢਲੇ ਸਮੇਂ ਵਿਚ ਵੀ ਫੇਰ ਜਦੋਂ ਉਤਪਤੀ ਪਾਲਣਾ ਹੋ ਗਈ, ਸਤਿਜੁਗ ਤ੍ਰੇਤਾ, ਦੁਆਪਰ, ਕਲਿਜੁਗ ਆਦਿਕ ਬਣ ਗਏ। ਇਸ ਮੱਧਮ ਸਮੇਂ ਵਿਚ ਵੀ ਤੂੰ ਆਪ ਹੀ ਹੈਂ ਅਤੇ ਅੰਤਿ = ਜਦੋਂ ਸ੍ਰਿਸ਼ਟੀ ਦੀ ਲੈਅਤਾ ਕਰ ਦੇਵੇਂਗਾ। ਉਸ ਸਮੇਂ ਵੀ ਵਾਹਿਗੁਰੂ ਤੂੰ ਆਪ ਹੀ ਰਹੇਂਗਾ। ਹੇ ਪਿਆਰੇ ਜੀ! ਆਪ ਤੋਂ ਬਿਨਾਂ ਕੋਈ ਅਵਰੁ = ਹੋਰ ਦੇਖਣ ਵਿਚ ਨਹੀਂ ਆਉਂਦਾ ॥੨॥

## ਤੂੰ ਨਿਰਗੁਣੁ ਸਰਗੁਣੁ; ਸੁਖਦਾਤਾ ॥ ਤੂੰ ਨਿਰਬਾਣੁ; ਰਸੀਆ ਰੰਗਿ ਰਾਤਾ ॥

ਹੇ ਪਰਮੇਸ਼ਰ! ਤੂੰ ਆਪ ਹੀ ਨਿਰਗੁਣ = ਤਿੰਨਾਂ ਗੁਣਾਂ ਤੋਂ ਅਤੀਤ ਸਰੂਪ ਹੋ ਕੇ ਸਰਗੁਣ = ਤਿੰਨਾਂ ਗੁਣਾਂ ਦੇ ਸਹਿਤ ਮਾਇਆ ਸਬਲ ਈਸਰ ਹੋ ਕੇ ਜੀਵਾਂ ਨੂੰ ਸੁਖਦਾਤਾ = ਸੁੱਖ ਦੇਣ ਵਾਲਾ ਹੈਂ **ਵਾ:** ਨਿਰਗੁਣੁ = ਪਰਮ ਤੱਤ ਵਿਚ ਨਿਰਗੁਣ ਸਰੂਪ ਜੀਵ ਰੂਪ ਵੀ ਤੂੰ ਹੀ ਹੈਂ। ਸੁਖਦਾਤਾ = ਸੁੱਖਾਂ ਦੇ ਦੇਣ ਵਾਲਾ ਈਸ਼ਰ ਰੂਪ ਵੀ ਤੂੰ ਹੈਂ। ਜੈਸਾ ਕਿ :

**ਨਮੋ ਪਰਮ ਤੱਤੰ ਅਤੱਤੰ ਸਰੂਪੇ ॥੧੮੬॥** *(ਜਾਪੁ ਸਾਹਿਬ)*

ਹੇ ਅਕਾਲ ਪੁਰਖ! ਤੂੰ ਆਪ ਹੀ ਨਿਰਬਾਣੁ = ਬੰਧਨਾਂ ਤੋਂ ਰਹਿਤ ਵਿਰਕਤ ਸਾਧੂ ਰੂਪ ਹੋ ਰਿਹਾ ਹੈਂ। ਤੂੰ ਆਪ ਹੀ ਰਸੀਆ = ਰਸਾਂ ਦੇ ਲੈਣ ਵਾਲਾ ਗ੍ਰਿਹਸਥੀ ਰੂਪ ਹੋ ਕੇ ਸਾਰੇ ਰੰਗਾਂ ਵਿਚ ਰਾਤਾ = ਮਿਲਿਆ ਹੋਇਆ ਹੈਂ **ਅਥਵਾ** ਤੂੰ ਆਪ ਹੀ ਨਿਰਬਾਣ = ਬੰਧਨਾਂ ਤੋਂ ਰਹਿਤ ਪਦਵੀ ਨੂੰ ਪ੍ਰਾਪਤ ਕਰਕੇ ਬ੍ਰਹਮ ਗਿਆਨੀ ਰੂਪ ਹੋ ਕੇ ਬ੍ਰਹਮਾਨੰਦ ਰੂਪ ਰਸ ਨੂੰ ਲੈਣ ਵਾਲਾ ਰਸੀਆ ਹੈ ਤੇ ਪ੍ਰੇਮ ਰੰਗ ਵਿਚ ਰੱਤਿਆ ਹੋਇਆ ਹੈਂ।

## ਅਪਣੇ ਕਰਤਬ ਆਪੇ ਜਾਣਹਿ; ਆਪੇ ਤੁਧੁ ਸਮਾਲੀਐ ਜੀਉ ॥੩॥

(**ਕਰਤਬ** ਪੋਲਾ ਬੋਲੋ)

ਹੇ ਪਰਮੇਸ਼ਰ! ਆਪਣੇ ਉਤਪਤੀ, ਪਾਲਣਾ, ਲੈਤਾ ਆਦਿ ਕਰਤਬ = ਕੌਤਕਾਂ ਨੂੰ ਤੂੰ ਆਪੇ = ਆਪ ਹੀ ਜਾਣਹਿ = ਜਾਣਦਾ ਹੈਂ ਅਤੇ ਆਪੇ = ਆਪ ਹੀ ਤੁਧੁ = ਤੂੰ ਸਭ ਜੀਵਾਂ ਤਾਈਂ ਸਮਾਲੀਐ = ਸੰਭਾਲਣਾ ਕਰਦਾ ਹੈਂ ਜੀ **ਵਾ:** ਤੂੰ ਆਪ ਹੀ ਬ੍ਰਹਮਬੇਤਾ ਰੂਪ ਹੋ ਕੇ ਆਪਣੇ ਸਰੂਪ ਨੂੰ ਸਮਾਲੀਐ = ਸੰਭਾਲਣਾ ਕਰਦਾ ਹੈਂ ਜੀ ॥੩॥

## ਤੂੰ ਠਾਕੁਰੁ; ਸੇਵਕੁ ਫੁਨਿ ਆਪੇ ॥ ਤੂੰ ਗੁਪਤੁ; ਪਰਗਟੁ ਪ੍ਰਭ ਆਪੇ ॥

ਹੇ ਪਰਮੇਸ਼ਰ! ਤੂੰ ਆਪ ਹੀ ਠਾਕੁਰੁ = ਸੁਆਮੀ ਰੂਪ ਹੈਂ, ਫੁਨਿ = ਫੇਰ ਤੂੰ ਆਪੇ = ਆਪ ਹੀ ਸੇਵਕੁ = ਦਾਸ ਰੂਪ ਹੈਂ **ਅਥਵਾ** ਤੂੰ ਆਪ ਹੀ ਉਤਪਤੀ, ਪਾਲਣਾ, ਲੈਤਾ ਕਰਨ ਵਾਲਾ ਈਸਰ ਰੂਪ ਹੈਂ, ਫੇਰ ਆਪ ਹੀ ਦਾਸ ਦੀ ਨਿਆਈਂ ਜੀਵ ਰੂਪ ਹੈਂ **ਅਥਵਾ** ਪ੍ਰਬੁੱਧ ਚੇਤਨ ਰੂਪ ਸੁਆਮੀ ਰੂਪ ਵੀ ਤੂੰ ਆਪ ਹੀ ਹੈਂ ਤੇ ਅਪ੍ਰਬੁੱਧ ਚੇਤਨ ਰੂਪ ਸੇਵਕ ਵੀ ਤੂੰ ਆਪ ਹੀ ਹੈਂ।

ਹੇ ਪਰਮੇਸ਼ਰ! ਤੂੰ ਆਪ ਹੀ ਗੁਪਤ ਰੂਪ ਹੈਂ ਅਤੇ ਆਪ ਹੀ ਤੂੰ ਸਾਰੇ ਪਰਗਟ ਰੂਪ ਹੈਂ **ਅਥਵਾ** ਤੂੰ ਆਪ ਹੀ ਸਾਰਿਆਂ ਦੀਆਂ ਗੁਪਤ ਗੱਲਾਂ ਨੂੰ ਜਾਨਣ ਵਾਲਾ ਅਤੇ ਸਾਰਿਆਂ ਦੀਆਂ ਗੱਲਾਂ ਨੂੰ ਪ੍ਰਗਟ ਕਰਨ ਵਾਲਾ ਹੈਂ **ਵਾ:** ਤੂੰ ਆਪ ਹੀ ਗੁਪਤ ਰੂਹਾਂ ਵਿਚ ਤੇ ਆਪ ਹੀ ਪ੍ਰਗਟ ਰੂਹਾਂ ਭਾਵ ਸਭ ਜੀਵਾਂ ਵਿਚ ਵਿਆਪਕ ਹੈਂ **ਅਥਵਾ** ਤੂੰ ਆਪ ਹੀ ਅਗਿਆਨੀਆਂ ਦੇ ਹਿਰਦੇ ਅੰਦਰ ਗੁਪਤ ਰੂਪ ਹੋ ਕੇ ਬੈਠਾ ਹੈਂ ਅਤੇ ਆਪ ਹੀ ਗਿਆਨਵਾਨਾਂ ਦੇ ਹਿਰਦੇ ਅੰਦਰ ਪ੍ਰਗਟ ਰੂਪ ਹੈਂ **ਵਾ:** ਤੂੰ ਆਪ ਹੀ ਨਿਰਗੁਣ ਸਰੂਪ ਵਿਚ ਗੁਪਤ ਤੇ ਸਰਗੁਣ ਸਰੂਪ ਵਿਚ ਪ੍ਰਗਟ ਹੈਂ।

## ਨਾਨਕ ਦਾਸੁ ਸਦਾ ਗੁਣ ਗਾਵੈ;
## ਇਕ ਭੋਰੀ ਨਦਰਿ ਨਿਹਾਲੀਐ ਜੀਉ ॥੪॥੨੧॥੨੮॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ਜੀ! ਮੈਂ ਦਾਸੁ = ਸੇਵਕ ਸਦਾ = ਹਮੇਸ਼ਾ ਹੀ ਤੇਰੇ ਗੁਣਾਂ ਨੂੰ ਗਾਵੈ = ਗਾਉਂਦਾ ਰਹਾਂ, ਇਸ ਲਈ ਇਕ ਭੋਰੀ = ਥੋੜ੍ਹੀ ਜਿਹੀ, ਰਤਾ ਕੁ ਭਰ ਵੀ ਕਿਰਪਾ ਨਦਰਿ = ਦ੍ਰਿਸ਼ਟੀ ਨਾਲ ਨਿਹਾਲੀਐ = ਦੇਖਣਾ ਕਰੋ ਜੀ **ਵਾ:** ਇਕ ਸਾਡੀ ਭੋਰੀ = ਭੋਲੀ ਜਿਹੀ ਸੁਰਤ ਵੱਲ ਕਿਰਪਾ ਦ੍ਰਿਸ਼ਟੀ ਕਰਕੇ ਵੇਖਣਾ ਕਰੋ ਤਾਂ ਜੋ ਅਸੀਂ ਗਿਆਨ ਦ੍ਰਿਸ਼ਟੀ ਕਰਕੇ ਭੋਰਾ ਮਾਤਰ ਤੁਹਾਡੇ ਸਰੂਪ ਨੂੰ ਵੇਖ ਸਕੀਏ ਜੀ ॥੪॥੨੧॥੨੮॥

### [ਅੰਗ ੧੦੩]

## ਮਾਝ ਮਹਲਾ ੫ ॥

## ਸਫਲੁ ਸੁ ਬਾਣੀ; ਜਿਤੁ ਨਾਮੁ ਵਖਾਣੀ ॥ ਗੁਰ ਪਰਸਾਦਿ; ਕਿਨੈ ਵਿਰਲੈ ਜਾਣੀ ॥

ਸੁ = ਉਹ ਬਾਣੀ ਕਥਨ ਕੀਤੀ ਹੋਈ ਸਫਲ ਹੈ, ਜਿਤੁ = ਜਿਸ ਵਿਚ ਨਾਮ ਦਾ ਵਖਾਣੀ = ਕਥਨ ਹੈ

**ਵਾ:** ਉਹ ਬਾਣੀ ਸਫਲੁ = ਸਹਿਤ ਗਿਆਨ ਫਲ ਦੇ ਹੈ, ਜਿਸ ਵਿਚ ਪਰਮੇਸ਼ਰ ਦਾ ਸ੍ਰੇਸ਼ਟ ਅੰਮ੍ਰਿਤ ਨਾਮ ਕਥਨ ਹੈ।

ਪਰ ਪੂਰੇ ਗੁਰ ਦੀ ਪਰਸਾਦਿ = ਕਿਰਪਾ ਦੁਆਰਾ ਕਿਨੈ = ਕਿਸੇ ਵਿਰਲੇ ਗੁਰਮੁਖ ਨੇ ਹੀ ਗੁਰਬਾਣੀ ਜਾਣੀ = ਸਮਝੀ ਹੈ।

## ਧੰਨੁ ਸੁ ਵੇਲਾ, ਜਿਤੁ ਹਰਿ ਗਾਵਤ ਸੁਨਣਾ; ਆਏ ਤੇ ਪਰਵਾਨਾ ਜੀਉ ॥੧॥

ਸੁ = ਉਹ ਵੇਲਾ = ਸਮਾਂ ਧੰਨੁ = ਧੰਨਤਾ ਯੋਗ ਹੈ, ਜਿਤੁ = ਜਿਸ ਵੇਲੇ ਹਰਿ = ਹਰੀ ਵਾਹਿਗੁਰੂ ਦਾ ਨਾਮ ਕੀਰਤਨ ਰੂਪ ਵਿਚ ਗਾਵਤ = ਗਾਇਆ ਅਤੇ ਕਥਾ ਰੂਪ ਵਿਚ ਸੁਨਣਾ = ਸੁਣਿਆ ਜਾਂਦਾ ਹੈ **ਵਾ:** ਉਹ ਵੇਲਾ ਧੰਨੁ = ਧੰਨਤਾ ਯੋਗ ਹੈ। ਜਿਸ ਵੇਲੇ ਸੁਰਤ ਰੂਪ ਰਸਨਾ ਨਾਲ ਨਾਮ ਗਾਇਆ ਜਾਂਦਾ ਹੈ ਅਤੇ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਿਆ ਜਾਂਦਾ ਹੈ। ਹੇ ਪਿਆਰੇ ਜੀ! ਉਹਨਾਂ ਦਾ ਮਨੁੱਖਾ ਜਨਮ ਧਾਰ ਕੇ **ਵਾ:** ਸਤਿਸੰਗਤ ਵਿਚ ਆਏ = ਆਉਣਾ ਪਰਵਾਨ = ਸਫਲਾ, ਪ੍ਰਮਾਣੀਕ ਹੈ, ਜੋ ਪਰਮੇਸ਼ਰ ਦੇ ਨਾਮ, ਜੱਸ ਨੂੰ ਗਾਉਂਦੇ ਤੇ ਸੁਣਦੇ ਹਨ।

## ਸੇ ਨੇਤ੍ਰ ਪਰਵਾਣੁ; ਜਿਨੀ ਦਰਸਨੁ ਪੇਖਾ ॥
## ਸੇ ਕਰ ਭਲੇ; ਜਿਨੀ ਹਰਿ ਜਸੁ ਲੇਖਾ ॥

ਜਿਨ੍ਹਾਂ ਨੇ ਸਤਿਸੰਗਤ ਦੁਆਰਾ ਵਾਹਿਗੁਰੂ ਦੇ ਦਰਸ਼ਨ ਪੇਖਾ = ਦੇਖਣਾ ਕੀਤੇ ਹਨ, ਸੇ = ਉਹ ਨੇਤ੍ਰ = ਅੱਖੀਆਂ ਵੀ ਪਰਵਾਣੁ = ਪ੍ਰਮਾਣੀਕ ਹਨ **ਵਾ:** ਮਨ ਬੁੱਧ, ਵੈਰਾਗ, ਬਿਬੇਕ, ਪ੍ਰੋਖ ਅਪ੍ਰੋਖ ਗਿਆਨ ਰੂਪੀ ਨੇਤਰ ਪ੍ਰਵਾਨ ਹਨ ਜਿਨ੍ਹਾਂ ਨੇ ਪਰਮੇਸ਼ਰ ਦਾ ਦੀਦਾਰ ਵੇਖਣਾ ਕੀਤਾ ਹੈ। ਜੈਸਾ ਕਿ:

**ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥** *(ਅੰਗ ੫੭੭)*

ਸੇ = ਉਹ ਕਰ = ਹੱਥ ਭਲੇ = ਚੰਗੇ ਹਨ, ਜਿਨ੍ਹਾਂ ਹੱਥਾਂ ਨੇ ਹਰਿ = ਪਰਮੇਸ਼ਰ ਦੇ ਜਸੁ = ਕੀਰਤ ਨੂੰ ਲੇਖਾ = ਲਿਖਿਆ ਹੈ **ਵਾ:** ਸੇ = ਉਹ ਭਾਵਨਾ ਵਾਲੇ ਕਰ = ਹੱਥ ਵੀ ਭਲੇ = ਚੰਗੇ ਹਨ ਜਿਹਨਾਂ ਨੇ ਚਿਤ ਨੂੰ ਲਿਖਾਰੀ ਬਣਾ ਕੇ ਪ੍ਰੇਮ ਦੀ ਕਲਮ ਬਣਾ ਕੇ ਸ਼ਰਧਾ ਦੀ ਸਿਆਹੀ ਦੁਆਰਾ ਹਰੀ ਦੇ ਨਾਮ ਨੂੰ ਹਿਰਦੇ ਰੂਪੀ ਕਾਗ਼ਜ਼ 'ਤੇ ਲਿਖ ਲਿਆ ਹੈ। ਜਿਵੇਂ ਭਾਈ ਗੁਰਦਾਸ ਸਾਹਿਬ ਜਿਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਲਿਖਿਆ। ਭਾਈ ਮਨੀ ਸਿੰਘ ਜੀ ਜਿਹਨਾਂ ਤੋਂ ਦਸਵੇਂ ਪਾਤਸ਼ਾਹ ਜੀ ਨੇ ਦਮਦਮਾ ਸਾਹਿਬ ਮਹਾਰਾਜ ਸਾਹਿਬ ਦਾ ਸੰਪੂਰਨ ਸਰੂਪ ਲਿਖਵਾਇਆ। ਜੈਸਾ ਕਿ:

**ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥** *(ਅੰਗ ੭੦੯)*

## ਸੇ ਚਰਣ ਸੁਹਾਵੇ, ਜੋ ਹਰਿ ਮਾਰਗਿ ਚਲੇ; ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥੨॥

ਸੇ = ਉਹ ਚਰਣ = ਪੈਰ ਸੁਹਾਵੇ = ਸ਼ੋਭਨੀਕ ਹਨ, ਜੋ = ਜਿਹੜੇ ਹਰਿ = ਵਾਹਿਗੁਰੂ ਪਰਮੇਸ਼ਰ ਦੇ ਸਤਿਸੰਗਤ ਰੂਪੀ ਮਾਰਗ = ਰਸਤੇ ਵੱਲ ਨੂੰ ਚਲੇ = ਚੱਲਦੇ ਹਨ। ਜੈਸਾ ਕਿ:

**ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥** *(ਅੰਗ ੭੦੯)*

ਹੇ ਪਿਆਰੇ ਜੀ! ਹਉ = ਅਸੀਂ ਤਿਨ = ਉਹਨਾਂ ਤੋਂ ਬਲਿ = ਕੁਰਬਾਨ ਜਾਂਦੇ ਹਾਂ, ਜਿਨ੍ਹਾਂ ਦੀ ਸੰਗਿ = ਸੰਗਤ ਕਰਕੇ ਵਾਹਿਗੁਰੂ ਨੂੰ ਪਛਾਣਾ = ਪਛਾਣਿਆ ਹੈ **ਵਾ:** ਅਸੀਂ ਉਸ ਪਰਮੇਸ਼ਰ ਤੋਂ ਬਲਿਹਾਰ ਜਾਂਦੇ ਹਾਂ, ਜਿਸ ਨੂੰ ਵਿਵੇਕ ਰੂਪੀ ਬਲ ਕਰਕੇ ਸੰਗਿ = ਸਤਿਸੰਗਤ ਵਿੱਚੋਂ ਪਛਾਣਾ = ਪਛਾਣਿਆ ਜਾਂਦਾ ਹੈ ਜੀ ॥੨॥

## ਸੁਣਿ ਸਾਜਨ; ਮੇਰੇ ਮੀਤ ਪਿਆਰੇ ॥ ਸਾਧਸੰਗਿ; ਖਿਨ ਮਾਹਿ ਉਧਾਰੇ ॥

ਹੇ ਮੇਰੇ ਇਸ ਲੋਕ ਦੇ ਪਿਆਰੇ ਮੀਤ = ਮਿੱਤਰ ਤੇ ਪ੍ਰਲੋਕ ਦੇ ਸਾਜਨ = ਸੱਜਣ **ਵਾ:** ਹੇ ਮੇਰੇ ਮਨ ਦੇ ਸੱਜਣ, ਬਾਨੀ ਦੇ ਮਿੱਤਰ ਅਤੇ ਸਰੀਰ ਦੇ ਪਿਆਰੇ ! ਮੇਰੀ ਬੇਨਤੀ ਸੁਣ ਕੇ ਮੈਨੂੰ ਸ੍ਰੇਸ਼ਟ ਜਨਾਂ ਦੀ ਸੰਗਤ ਬਖਸ਼ੋ।[੧]

ਜਿਸ ਸਾਧਸੰਗਿ = ਸ੍ਰੇਸ਼ਟ ਜਨਾਂ ਦੀ ਸੰਗਤ ਦੁਆਰਾ ਇਕ ਖਿਨ = ਛਿਨ ਮਾਹਿ = ਵਿਚ ਹੀ ਤੂੰ ਕਈ ਜੀਵ ਸੰਸਾਰ-ਸਮੁੰਦਰ ਤੋਂ ਉਧਾਰੇ = ਤਾਰੇ ਹਨ।

## ਕਿਲਵਿਖ ਕਾਟਿ ਹੋਆ ਮਨੁ ਨਿਰਮਲੁ; ਮਿਟਿ ਗਏ ਆਵਣ ਜਾਣਾ ਜੀਉ ॥੩॥

ਇਉਂ ਜਿਨ੍ਹਾਂ ਦੇ ਸਤਿਸੰਗਤ ਦੁਆਰਾ ਕਿਲਵਿਖ = ਬੱਜਰ ਪਾਪ **ਵਾ:** (ਕਿਲ+ਵਿਖ) ਕਿਲ = ਨਿਸਚੇ ਕਰਕੇ ਵਿਖ = ਵਿਹੁ ਵਾਂਗ ਦੁੱਖ ਦੇਣ ਵਾਲੇ ਪਾਪ ਕਾਟਿ = ਕੱਟ ਦਿੱਤੇ ਹਨ, ਉਨ੍ਹਾਂ ਦਾ ਮਨੁ = ਹਿਰਦਾ ਨਿਰਮਲੁ = ਸ਼ੁੱਧ ਹੋਆ = ਹੋ ਗਿਆ ਹੈ ਜੀ। ਹੇ ਪਿਆਰੇ ਜੀ! ਇਉਂ ਉਹਨਾਂ ਦਾ ਜਨਮ ਧਾਰ ਕੇ ਆਵਣੁ = ਆਉਣਾ ਤੇ ਮਰ ਕੇ ਜਾਣਾ ਮਿਟਿ = ਨਵਿਰਤ ਹੋ ਗਿਆ ਹੈ॥੩॥

## ਦੁਇ ਕਰ ਜੋੜਿ; ਇਕੁ ਬਿਨਉ ਕਰੀਜੈ ॥ ਕਰਿ ਕਿਰਪਾ; ਡੁਬਦਾ ਪਥਰੁ ਲੀਜੈ ॥

ਹੇ ਭਾਈ! ਦੁਇ = ਦੋਵੇਂ ਪ੍ਰਤੱਖ **ਵਾ:** ਮਨ ਬੁੱਧ ਰੂਪ ਕਰ = ਹੱਥ ਜੋੜ ਕੇ ਇਕ ਬਿਨਉ = ਬੇਨਤੀ ਕਰੀਜੈ = ਕਰੀਏ ਕਿ ਹੇ ਪਰਮੇਸ਼ਰ! ਮੇਰਾ ਮਨ ਰੂਪੀ ਪੱਥਰ ਸੰਸਾਰ-ਸਮੁੰਦਰ ਦੇ ਵਿਸ਼ਿਆਂ, ਪਦਾਰਥਾਂ ਰੂਪੀ ਪਾਣੀ ਵਿਚ ਡੁਬਦਾ = ਡੁੱਬ ਰਿਹਾ ਹੈ, ਆਪ ਜੀ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਨਾਮ ਰੂਪੀ ਜਹਾਜ਼ ’ਤੇ ਚਾੜ੍ਹ ਕੇ ਮੁਕਤੀ ਰੂਪ ਕਿਨਾਰੇ ’ਤੇ ਪਾਰ ਕਰ ਲੀਜੈ = ਲਵੋ।

## ਨਾਨਕ ਕਉ, ਪ੍ਰਭ ਭਏ ਕ੍ਰਿਪਾਲਾ; ਪ੍ਰਭ ਨਾਨਕ ਮਨਿ ਭਾਣਾ ਜੀਉ ॥੪॥੨੨॥੨੯॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਦੋਂ ਮੇਰੇ ਕਉ = ਤਾਈਂ ਪ੍ਰਭ = ਪਰਮੇਸ਼ਰ ਜੀ ਕ੍ਰਿਪਾਲਾ = ਦਿਆਲੂ ਭਏ = ਹੋਏ ਤਾਂ ਸਤਿਗੁਰੂ ਨਾਨਕ ਦੇਵ ਜੀ ਦਾ ਸਰੂਪ ਚੌਥੇ ਗੁਰਾਂ ਨਾਲ ਮਿਲਾਪ ਹੋਇਆ ਅਤੇ ਸਤਿਗੁਰਾਂ ਦੀ ਕਿਰਪਾ ਦੁਆਰਾ ਮੇਰੇ ਮਨਿ = ਹਿਰਦੇ ਵਿਚ ਪ੍ਰਭ = ਪਰਮੇਸ਼ਰ ਜੀ ਭਾਣਾ = ਭਾਅ ਗਏ **ਵਾ:** ਪ੍ਰਭੂ ਨਾਨਕ = ਅਕਾਲ ਪੁਰਖ ਮੇਰੇ ਮਨ ਵਿਚ ਭਾਅ ਗਿਆ॥੪॥੨੨॥੨੯॥

## ਮਾਝ ਮਹਲਾ ੫ ॥

## ਅੰਮ੍ਰਿਤ ਬਾਣੀ; ਹਰਿ ਹਰਿ ਤੇਰੀ ॥ ਸੁਣਿ ਸੁਣਿ; ਹੋਵੈ ਪਰਮ ਗਤਿ ਮੇਰੀ ॥

ਹੇ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ! ਤੇਰੀ = ਤੁਹਾਡੀ ਬਾਣੀ ਅੰਮ੍ਰਿਤ ਰੂਪ ਹੈ **ਵਾ:** ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੀ ਹੈ **ਵਾ:** ਹੇ ਪਰਮੇਸ਼ਰ! ਤੇਰੀ ਅੰਮ੍ਰਿਤ ਰੂਪ ਬਾਣੀ ਹਰਿ = ਹਰੇਕ ਨੂੰ ਅਨੰਦ ਦੇਣ ਵਾਲੀ ਤੇ ਵਾਸ਼ਨਾ ਨੂੰ ਹਰਿ = ਨਾਸ ਕਰਕੇ ਹਿਰਦੇ ਨੂੰ ਨਿਰਮਲ ਕਰਨ ਵਾਲੀ ਹੈ।

ਹੇ ਵਾਹਿਗੁਰੂ! ਜਿਸ ਬਾਣੀ ਨੂੰ ਸਰਧਾ ਅਤੇ ਭਰੋਸੇ ਰੂਪ ਕੰਨਾਂ ਨਾਲ ਸੁਣਿ ਸੁਣਿ = ਸੁਣ ਸੁਣ ਕੇ ਮੇਰੀ = ਪਰਮ ਗਤਿ = ਕਲਿਆਣ ਹੋਵੈ = ਹੋਵੇਗੀ **ਵਾ:** ਮੇਰੀ ਪਰਮ = ਵੱਡੀ ਉੱਚੀ ਗਤਿ = ਅਵਸਥਾ ਹੋਵੈ = ਹੋ ਰਹੀ ਹੈ।

---

੧. ਸੱਜਣ ਉਹ ਹੁੰਦਾ ਹੈ, ਜਿਸ ਨੂੰ ਆਪ ਵੀ ਪਿਆਰ ਕਰੀਏ ਤੇ ਉਹ ਵੀ ਅੱਗੋਂ ਪਿਆਰ ਕਰੇ। ‘ਸੱਜਣ ਮਿੱਤਰ’ ਉਹ ਹੁੰਦਾ ਹੈ ਜਿਸ ਨਾਲ ਪਿਆਰ ਨਾ ਕਰੀਏ, ਪਰ ਫੇਰ ਵੀ ਉਹ ਅੱਗੋਂ ਪਿਆਰ ਕਰੇ ਅਤੇ ‘ਪਿਆਰਾ’ ਉਹ ਹੁੰਦਾ ਹੈ ਜਿਸ ਨਾਲ ਵੈਰ ਕਰੀਏ ਤੇ ਉਹ ਫੇਰ ਵੀ ਅੱਗੋਂ ਪਿਆਰ ਕਰੇ।

## ਜਲਨਿ ਬੁਝੀ, ਸੀਤਲੁ ਹੋਇ ਮਨੂਆ; ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥

ਸਤਿਗੁਰੂ ਜੀ ਕਾ = ਦਾ ਦਰਸਨੁ = ਦੀਦਾਰ ਪਾਏ = ਪ੍ਰਾਪਤ ਕਰਨ ਨਾਲ ਈਰਖਾ, ਨਿੰਦਿਆ, ਤ੍ਰਿਸ਼ਨਾ ਆਦਿ ਦੀ ਜਲਨਿ = ਜਲਨਤਾ ਬੁਝੀ = ਬੁਝ ਗਈ ਹੈ ਅਤੇ ਮਨੂਆ = ਮਨ ਸੀਤਲੁ = ਸ਼ਾਂਤ (ਠੰਢਾ) ਹੋਇ = ਹੋ ਗਿਆ ਹੈ ਜੀ ॥੧॥

## ਸੂਖੁ ਭਇਆ; ਦੁਖੁ ਦੂਰਿ ਪਰਾਨਾ ॥ ਸੰਤ ਰਸਨ; ਹਰਿ ਨਾਮੁ ਵਖਾਨਾ ॥

ਉਨ੍ਹਾਂ ਸੰਤ ਜਨਾਂ ਨੂੰ ਆਤਮਾਨੰਦ ਦਾ ਸੂਖੁ = ਸੁੱਖ ਪ੍ਰਾਪਤ ਭਇਆ = ਹੋਇਆ ਹੈ ਅਤੇ ਅਗਿਆਨਤਾ ਦਾ ਦੁੱਖ ਪਰਾਨਾ = ਭੱਜ ਕੇ ਦੂਰ ਚੱਲਾ ਗਿਆ ਹੈ।

ਜਿਨ੍ਹਾਂ ਸੰਤ ਜਨਾਂ ਨੇ ਰਸਨ = ਰਸਨਾ ਨਾਲ ਹਰਿ = ਪਰਮੇਸ਼ਰ ਦੇ ਨਾਮ ਨੂੰ ਵਖਾਨਾ = ਉਚਾਰਨ ਕੀਤਾ ਹੈ।

## ਜਲ ਥਲ ਨੀਰਿ ਭਰੇ ਸਰ ਸੁਭਰ; ਬਿਰਥਾ ਕੋਇ ਨ ਜਾਏ ਜੀਉ ॥੨॥

(**ਸੁੱਭਰ** ਅੱਧਕ ਸਹਿਤ ਬੋਲੋ)

***ਪਹਿਲਾ ਅਰਥ :*** ਜਦੋਂ ਬੱਦਲ ਵਰਖਾ ਕਰਦੇ ਹਨ ਤਾਂ ਉਸ ਵੇਲੇ ਥਲ = ਸੁੱਕੇ ਥਾਂ ਵੀ ਵਰਖਾ ਦੇ ਜਲ = ਪਾਣੀ ਨਾਲ ਭਰ ਜਾਂਦੇ ਹਨ ਅਤੇ ਸਰ = ਸਰੋਵਰ (ਤਲਾਅ) ਆਦਿ ਵੀ ਨੀਰਿ = ਪਾਣੀ ਨਾਲ ਸੁਭਰ = ਲਬਾ ਲਬ ਭਰੇ = ਭਰ ਜਾਂਦੇ ਹਨ, ਕੋਇ = ਕੋਈ ਵੀ ਜਾਇ = ਜਗ੍ਹਾ ਬਿਰਥਾ = ਖ਼ਾਲੀ ਨਹੀਂ ਰਹਿੰਦੀ।

***ਦੂਸਰਾ ਅਰਥ :*** ਇਸੇ ਪ੍ਰਕਾਰ ਜਦੋਂ ਗੁਰੂ ਰੂਪੀ ਬੱਦਲ ਉਪਦੇਸ਼ ਰੂਪੀ ਜਲ ਦੀ ਵਰਖਾ ਕਰਦੇ ਹਨ, ਤਾਂ ਥਲ ਦੀ ਨਿਆਈਂ ਖ਼ੁਸ਼ਕ ਹਿਰਦੇ ਵਾਲੇ ਮੱਧਮ ਤੇ ਕਨਿਸ਼ਟ ਪੁਰਖ ਵੀ ਨਾਮ, ਉਪਦੇਸ਼ ਰੂਪੀ ਜਲ ਨਾਲ ਭਰ ਜਾਂਦੇ ਹਨ ਅਤੇ ਸਰ = ਸਰੋਵਰ ਦੀ ਨਿਆਈਂ ਉੱਤਮ ਅਧਿਕਾਰੀ ਵੀ ਉਪਦੇਸ਼ ਨਾਮ ਰੂਪੀ ਜਲ ਨਾਲ ਲਬਾ ਲਬ ਭਰ ਜਾਂਦੇ ਹਨ, ਇਉਂ ਸਤਿਗੁਰਾਂ ਦੀ ਸੰਗਤ ਵਿੱਚੋਂ ਕੋ = ਕੋਈ ਵੀ ਬਿਰਥਾ = ਵਿਅਰਥ ਭਾਵ ਖ਼ਾਲੀ ਨਹੀਂ ਜਾਏ = ਜਾਂਦਾ ॥੨॥

## ਦਇਆ ਧਾਰੀ; ਤਿਨਿ ਸਿਰਜਨਹਾਰੇ ॥ ਜੀਅ ਜੰਤ; ਸਗਲੇ ਪ੍ਰਤਿਪਾਰੇ ॥

ਤਿਨਿ = ਉਸ ਸਿਰਜਨਹਾਰੇ = ਪੈਦਾਇਸ਼ ਕਰਨ ਵਾਲੇ ਵਾਹਿਗੁਰੂ ਨੇ ਦਇਆ = ਕਿਰਪਾ ਦ੍ਰਿਸ਼ਟੀ ਧਾਰੀ = ਧਾਰਨ ਕੀਤੀ ਹੈ।

ਜੋ ਜੀਅ = ਅਸਥੂਲ (ਜਿਨ੍ਹਾਂ ਵਿਚ ਹੱਡੀਆਂ ਹੁੰਦੀਆਂ ਹਨ), ਜੰਤ = ਸੂਖਮ (ਜਿਨ੍ਹਾਂ ਵਿਚ ਹੱਡੀਆਂ ਨਹੀਂ ਹੁੰਦੀਆਂ), ਸਗਲੇ = ਸਾਰਿਆਂ ਜੀਵਾਂ ਦੀ ਪ੍ਰਤਿਪਾਰੇ = ਪਾਲਣਾ ਕਰਦਾ ਹੈ।

## ਮਿਹਰਵਾਨ ਕਿਰਪਾਲ ਦਇਆਲਾ; ਸਗਲੇ ਤ੍ਰਿਪਤਿ ਅਘਾਏ ਜੀਉ ॥੩॥

ਉਸ ਮਿਹਰਵਾਨ = ਮੇਹਰ ਕਰਨ ਵਾਲੇ ਕਿਰਪਾਲ = ਕਿਰਪਾ ਦੇ ਘਰ, ਦਇਆਲਾ = ਦਿਆਲੂ ਪਰਮੇਸ਼ਰ ਦੀ ਕਿਰਪਾ ਨਾਲ ਗੁਰਾਂ ਦੀ ਸ਼ਰਨ ਵਿਚ ਆਏ ਸਗਲੇ = ਸਾਰੇ ਜੀਵ ਲੋਕ-ਪ੍ਰਲੋਕ ਦੇ ਪਦਾਰਥਾਂ ਵੱਲੋਂ ਤ੍ਰਿਪਤ ਹੋ ਕੇ ਅਘਾਏ = ਰੱਜ ਗਏ ਹਨ **ਵਾ:** ਸਾਰੇ ਭਗਤ ਜਨ ਆਤਮ ਤ੍ਰਿਪਤੀ ਕਰਕੇ ਰੱਜ ਗਏ ਹਨ ਜੀ ॥੩॥

## ਵਣੁ ਤ੍ਰਿਣੁ ਤ੍ਰਿਭਵਣੁ; ਕੀਤੋਨੁ ਹਰਿਆ ॥ ਕਰਣਹਾਰਿ; ਖਿਨ ਭੀਤਰਿ ਕਰਿਆ ॥

ਜਿਸ ਪਰਮੇਸ਼ਰ ਨੇ ਵਰਖਾ ਕਰਕੇ ਵਣੁ = ਜੰਗਲ, ਤ੍ਰਿਣੁ = ਘਾਹ ਤੇ ਤ੍ਰਿਭਵਣੁ = ਤਿੰਨੇ ਲੋਕਾਂ ਨੂੰ ਹਰਿਆ = ਹਰਾ ਭਰਾ ਕੀਤੋਨੁ = ਕੀਤਾ ਹੈ **ਅਥਵਾ** ਵਣ ਦੀ ਨਿਆਈਂ ਚੇਤਨ, ਤ੍ਰਿਣ ਦੀ ਨਿਆਈਂ ਜੜ੍ਹ ਤੇ ਤਿੰਨੇ ਭਵਨਾਂ ਨੂੰ ਨਾਮ ਰੂਪੀ ਵਰਖਾ ਕਰਕੇ ਆਪਣੀ ਸੱਤਾ ਦੀ ਹਰਿਆਲਤਾ ਸਹਿਤ ਹਰਾ ਭਰਾ ਕੀਤਾ ਹੈ।

**ਅਥਵਾ** ਵਣ ਦੀ ਨਿਆਈਂ ਸਰੀਰ, ਤ੍ਰਿਣ ਦੀ ਨਿਆਈਂ ਇੰਦਰੇ ਅਤੇ ਤਿੰਨੇ ਭਵਨਾਂ ਦੀ ਨਿਆਈਂ ਜਾਗਰਤ, ਸੁਪਨ, ਸੁਖੋਪਤ ਨੂੰ ਆਪਣੀ ਚੇਤਨ ਸੱਤਾ ਨਾਲ ਹਰੇ ਭਰੇ ਕੀਤਾ ਹੈ।

ਉਸ ਕਰਣਹਾਰਿ = ਰਚਣਹਾਰ ਪਰਮੇਸ਼ਰ ਨੇ ਇਹ ਸਭ ਕੁਝ ਇਕ ਖਿਨ = ਛਿਨ ਭੀਤਰਿ = ਵਿਚ ਹੀ ਕਰਿਆ = ਕਰ ਦਿੱਤਾ ਹੈ।

## ਗੁਰਮੁਖਿ ਨਾਨਕ ਤਿਸੈ ਅਰਾਧੇ; ਮਨ ਕੀ ਆਸ ਪੁਜਾਏ ਜੀਉ ॥੪॥੨੩॥੩੦॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਿਆਰੇ ਜੀ! ਗੁਰਮੁਖ ਜਨਾਂ **ਵਾ:** ਮੁਖੀ ਗੁਰਾਂ ਦੀ ਸੰਗਤ ਕਰਕੇ ਤਿਸੈ = ਉਸ ਪਰਮੇਸ਼ਰ ਨੂੰ ਅਰਾਧੇ = ਧਿਆਉਣਾ ਕਰੀਏ, ਜੋ ਸਾਰਿਆਂ ਦੇ ਮਨ ਕੀ = ਦੀ ਆਸ = ਕਾਮਨਾ (ਇੱਛਾ) ਪੁਜਾਏ = ਪੂਰਨ ਕਰਨ ਵਾਲਾ ਹੈ ॥੪॥੨੩॥੩੦॥

## ਮਾਝ ਮਹਲਾ ੫ ॥

## ਤੂੰ ਮੇਰਾ ਪਿਤਾ; ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ; ਤੂੰ ਮੇਰਾ ਭ੍ਰਾਤਾ ॥

***ਪਹਿਲਾ ਅਰਥ :*** ਹੇ ਵਾਹਿਗੁਰੂ! ਤੂੰ ਹੀ ਮੇਰਾ ਪਿਤਾ ਰੂਪ ਹੈਂ, ਤੂੰ ਹੀ ਮੇਰਾ ਮਾਤਾ = ਮਾਂ ਦੀ ਥਾਂ ਹੈਂ। ਤੂੰ ਹੀ ਮੇਰਾ ਬੰਧਪੁ = ਸੰਬੰਧੀ ਰੂਪ ਹੈਂ, ਤੂੰ ਹੀ ਮੇਰਾ ਭ੍ਰਾਤਾ = ਭਰਾ ਰੂਪ ਹੈਂ।

***ਦੂਸਰਾ ਅਰਥ :*** ਹੇ ਵਾਹਿਗੁਰੂ! ਤੂੰ ਹੀ ਸ੍ਰੀ ਗੁਰੂ ਰਾਮਦਾਸ ਰੂਪ ਹੋ ਕੇ ਮੇਰਾ ਪਿਤਾ ਹੈਂ, ਤੂੰ ਹੀ ਮਾਤਾ ਭਾਨੀ ਰੂਪ ਮੇਰੀ ਮਾਂ ਹੈਂ। ਤੂੰ ਹੀ ਭਾਈ ਗੁਰਦਾਸ ਜੀ ਆਦਿਕ ਗੁਰਸਿੱਖਾਂ ਦੇ ਰੂਪ ਵਿਚ ਮੇਰਾ ਸੰਬੰਧੀ ਹੈਂ, ਤੂੰ ਹੀ ਮੇਰਾ ਮਹਾਦੇਵ ਰੂਪ ਭਰਾ ਹੈਂ।

***ਤੀਸਰਾ ਅਰਥ :*** ਤੂੰ ਹੀ ਮੇਰਾ ਸੰਤੋਖ ਰੂਪੀ ਪਿਤਾ ਹੈਂ, ਤੂੰ ਹੀ ਮੇਰੀ ਸੁਮੱਤੀ (ਸ੍ਰੇਸ਼ਟ ਮੱਤ) ਰੂਪ ਮਾਤਾ ਹੈਂ। ਤੂੰ ਹੀ ਮੇਰਾ ਬਿਬੇਕ, ਵੈਰਾਗ ਰੂਪੀ ਸੰਬੰਧੀ ਹੈਂ, ਤੂੰ ਹੀ ਮੇਰਾ ਸ੍ਰਵਣ, ਮੰਨਣ, ਨਿਧਿਆਸਣ ਰੂਪੀ ਭਰਾ ਹੈਂ।

***ਚੌਥਾ ਅਰਥ :*** ਹੇ ਵਾਹਿਗੁਰੂ! ਨਮਿੱਤ ਕਾਰਨ ਹੋਣ ਕਰਕੇ ਤੂੰ ਆਪ ਹੀ ਮੇਰਾ ਪਿਤਾ ਰੂਪ ਹੈਂ, ਅਭਿੰਨ, ਨਮਿੱਤ, ਉਪਾਦਨ ਕਾਰਨ ਹੋਣ ਕਰਕੇ ਤੂੰ ਆਪ ਹੀ ਮੇਰੀ ਮਾਤਾ ਰੂਪ ਹੈਂ।

ਜਿਵੇਂ ਮੱਕੜੀ ਦਾ ਸੂਖਮ ਸਰੀਰ ਉਹ ਤਾਂ ਜਾਲੇ ਦਾ ਨਮਿਤ ਕਾਰਨ ਹੈ, ਸੰਕਲਪ ਕਰਦੀ ਹੈ ਕਿ ਮੈਂ ਜਾਲਾ ਕੱਢਾਂ, ਜਿਹੜਾ ਮਕੜੀ ਦਾ ਸਥੂਲ ਸਰੀਰ ਹੈ, ਮੋਟਾ ਸਰੀਰ ਹੈ, ਉਸ ਵਿੱਚੋਂ ਜਾਲਾ ਪੈਦਾ ਹੁੰਦਾ ਹੈ ਮੱਕੜੀ ਦਾ ਸੂਖਮ ਸਰੀਰ ਨਮਿਤ ਕਾਰਨ ਹੈ, ਸਥੂਲ ਸਰੀਰ ਉਪਾਦਾਨ ਕਾਰਨ ਹੈ। ਇਉਂ ਅਕਾਲ ਪੁਰਖ ਵੀ ਫੁਰਨਾ ਕਰਦਾ ਹੈ ਕਿ ਮੈਂ ਇਕ ਤੋਂ ਬਹੁਤੇ ਭਾਵ ਅਨੇਕ ਹੋਵਾਂ, ਇਹ ਨਮਿੱਤ ਕਾਰਨ ਹੈ। ਫੇਰ ਪੰਜ ਤੱਤਾਂ ਦੁਆਰਾ ਮਾਇਆ ਸਬਲ ਹੋ ਕੇ ਆਪ ਹੀ ਸ੍ਰਿਸ਼ਟੀ ਨੂੰ ਰਚਦਾ ਹੈ, ਇਹ ਉਪਾਦਾਨ ਕਾਰਨ ਹੈ, ਇਉਂ ਮਾਤਾ ਪਿਤਾ ਰੂਪ ਆਪ ਪਰਮੇਸ਼ਰ ਹੀ ਹੈ।

ਤੂੰ ਹੀ ਮੇਰਾ ਦੈਵੀ ਗੁਣਾਂ ਨੂੰ ਧਾਰਨ ਕਰਨ ਵਾਲਾ ਸੰਬੰਧੀ ਰੂਪ ਹੈਂ, ਤੂੰ ਆਪ ਹੀ ਮੇਰਾ ਸ੍ਰਵਣ ਕਰਨ ਵਾਲਾ ਭਰਾ ਰੂਪ ਹੈਂ।

## ਤੂੰ ਮੇਰਾ ਰਾਖਾ ਸਭਨੀ ਥਾਈ; ਤਾ ਭਉ ਕੇਹਾ ਕਾੜਾ ਜੀਉ ॥੧॥

ਹੇ ਪਰਮੇਸ਼ਰ! ਤੂੰ ਹੀ ਮੇਰਾ ਲੋਕ-ਪ੍ਰਲੋਕ ਦੇ ਅੰਦਰ ਸਭਨੀ = ਸਾਰੀਆਂ ਥਾਈ = ਥਾਵਾਂ ਵਿਚ ਰਾਖਾ = ਰੱਖਿਅਕ ਹੈਂ ਤਾਂ ਫੇਰ ਕੇਹਾ = ਕਿਸ ਪ੍ਰਕਾਰ ਦਾ ਭਉ = ਡਰ ਤੇ ਕਾੜਾ = ਝੋਰਾ ਹੈ **ਵਾ:** ਕਾੜਾ = ਸੰਸਾ ਹੈ ਜੀ ॥੧॥

## ਤੁਮਰੀ ਕ੍ਰਿਪਾ ਤੇ; ਤੁਧੁ ਪਛਾਣਾ ॥ ਤੂੰ ਮੇਰੀ ਓਟ; ਤੂੰਹੈ ਮੇਰਾ ਮਾਣਾ ॥

ਹੇ ਪਰਮੇਸ਼ਰ! ਤੁਮਰੀ = ਤੁਹਾਡੀ ਕ੍ਰਿਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਗੁਰਾਂ ਦੁਆਰਾ ਤੁਧੁ = ਤੁਹਾਡੇ

ਸਰੂਪ ਨੂੰ ਪਛਾਨਾ = ਪਛਾਣਿਆ ਜਾਂਦਾ ਹੈ **ਵਾ:** ਜਿਵੇਂ ਸੂਰਜ ਦੀ ਚਾਨਣ ਰੂਪ ਸ਼ਕਤੀ ਨੂੰ ਪਾ ਕੇ ਅੱਖਾਂ ਸੂਰਜ ਨੂੰ ਵੇਖਦੀਆਂ ਹਨ। ਇਸੇ ਪ੍ਰਕਾਰ ਹੇ ਪਰਮੇਸ਼ਰ! ਤੇਰੀ ਚੇਤਨ ਸੱਤਾ ਦੀ ਜੋਤ ਕਰਕੇ ਹੀ ਗੁਰਾਂ ਦੀ ਕ੍ਰਿਪਾ ਦੁਆਰਾ ਤੇਰੇ ਬ੍ਰਹਮ ਸਰੂਪ ਨੂੰ ਮਨ ਬੁੱਧ ਰੂਪ ਨੇਤਰਾਂ ਦੁਆਰਾ ਪਛਾਣ ਲਈਦਾ ਹੈ।

ਹੇ ਪਰਮੇਸ਼ਰ! ਤੂੰ ਹੀ ਇਸ ਲੋਕ ਦੀ ਮੇਰੀ ਓਟ = ਟੇਕ ਹੈਂ ਅਤੇ ਤੂੰ ਹੀ ਮੇਰਾ ਪ੍ਰਲੋਕ ਦਾ ਮਾਣਾ = ਮਾਣ (ਆਸਰਾ) ਹੈਂ **ਵਾ:** ਮਾਤਾ ਦੇ ਗਰਭ ਵਿਚ ਮੇਰੀ ਟੇਕ ਹੈਂ ਅਤੇ ਲੋਕ-ਪ੍ਰਲੋਕ ਵਿਚ ਮਾਣਾ = ਆਦਰ ਦੇਣ ਵਾਲਾ ਹੈਂ।

## ਤੁਝ ਬਿਨੁ ਦੂਜਾ ਅਵਰੁ ਨ ਕੋਈ; ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥

ਹੇ ਪਰਮੇਸ਼ਰ! ਤੁਝ = ਤੁਹਾਡੇ ਤੋਂ ਬਿਨੁ = ਬਗ਼ੈਰ ਦੂਜਾ = ਦੂਸਰਾ ਅਵਰੁ = ਹੋਰ ਕੋਈ ਵੀ ਸਮਰੱਥ ਨਹੀਂ ਹੈ, ਇਹ ਤ੍ਰਿਗੁਣ ਰੂਪ ਸਾਰਾ ਸੰਸਾਰ ਤੇਰਾ = ਤੁਹਾਡਾ ਹੀ ਖੇਲੁ = ਖੇਡਾਂ ਦਾ ਅਖਾੜਾ = ਪਿੜ ਹੈ **ਵਾ:** ਸਾਰਾ ਸੰਸਾਰ ਤੇਰਾ ਹੀ ਅਖਾੜਾ = ਖੇਡ ਦਾ ਅਸਥਾਨ ਹੈ, ਜੀਵਾਂ ਦੀ ਉਤਪਤੀ, ਪਾਲਣਾ, ਲੈਤਾ ਰੂਪ ਤੇਰਾ ਹੀ ਖੇਲ ਹੈ ਅਰਥਾਤ ਅਖਾੜਾ = ਪਹਿਲਵਾਨਾਂ ਦੀ ਕੁਸ਼ਤੀ ਖੇਡਣ ਦਾ ਥਾਂ, ਭਾਵ ਜਿਥੇ ਅਖਾੜੇ ਵਿਚ ਦੋ ਪਹਿਲਵਾਨ ਆਪਸ ਵਿਚ ਕੁਸ਼ਤੀ ਕਰਦੇ ਹਨ, ਉਸ ਵਿਚ ਇਕ ਹਾਰ ਜਾਂਦਾ ਹੈ ਤੇ ਇਕ ਜਿੱਤ ਜਾਂਦਾ ਹੈ, ਇਸੇ ਪ੍ਰਕਾਰ ਅੰਤਸ਼ਕਰਨ ਰੂਪੀ ਅਖਾੜਾ ਹੈ, ਜਿਸ ਵਿਚ ਬਿਬੇਕ ਤੇ ਮੋਹ ਰੂਪੀ ਦੋ ਪਹਿਲਵਾਨਾਂ ਦੀ ਆਪਸ ਵਿਚ ਕੁਸ਼ਤੀ ਹੁੰਦੀ ਹੈ, ਜਦੋਂ ਬਿਬੇਕ ਜਿੱਤ ਜਾਂਦਾ ਹੈ, ਤਾਂ ਉਦੋਂ ਮਨ ਦਾ ਸੁਭਾਅ ਚੰਗਾ ਬਣ ਜਾਂਦਾ ਹੈ, ਭਾਵ ਸੰਕਲਪ ਸ਼ੁੱਧ ਹੋ ਜਾਂਦੇ ਹਨ, ਜਦੋਂ ਮੋਹ ਜਿੱਤ ਜਾਂਦਾ ਹੈ, ਉਦੋਂ ਮਨ ਦਾ ਸੁਭਾਅ ਮੰਦਾ ਹੋ ਜਾਂਦਾ ਹੈ। ਭਾਵ ਸੰਕਲਪ ਪ੍ਰਬਲ ਹੋ ਜਾਂਦੇ ਹਨ, ਇਉਂ ਇਹ ਅੰਤ੍ਰੀਵ ਤਮਾਸ਼ੇ ਵਾਲਾ ਖੇਲ ਅਤੇ ਬਿਬੇਕ ਮੋਹ ਰੂਪ ਪਹਿਲਵਾਨਾਂ ਦੀ ਅੰਤਸ਼ਕਰਨ ਰੂਪੀ ਅਖਾੜੇ ਵਿਚ ਤੇਰੀ ਹੀ ਖੇਲ ਖੇਡੀ ਹੋਈ ਹੈ॥੨॥

## ਜੀਅ ਜੰਤ; ਸਭਿ ਤੁਧੁ ਉਪਾਏ ॥ ਜਿਤੁ ਜਿਤੁ ਭਾਣਾ; ਤਿਤੁ ਤਿਤੁ ਲਾਏ ॥

ਹੇ ਪਰਮੇਸ਼ਰ! ਜੀਅ = ਵੱਡੇ ਜੰਤ, ਜੰਤ = ਛੋਟੇ ਜੀਵ, ਸਭਿ = ਸਾਰੇ ਤੁਧੁ = ਤੁਸੀਂ ਆਪ ਹੀ ਉਪਾਏ = ਪੈਦਾ ਕੀਤੇ ਹੋਏ ਹਨ।

ਜਿਤੁ ਜਿਤੁ = ਜਿਸ ਜਿਸ ਪਾਸੇ ਤੈਨੂੰ ਭਾਣਾ = ਚੰਗਾ ਲੱਗਿਆ ਹੈ **ਵਾ:** ਜਿਸ ਜਿਸ ਪਾਸੇ ਤੇਰਾ ਭਾਣਾ = ਹੁਕਮ ਹੋਇਆ ਹੈ, ਤਿਤੁ ਤਿਤੁ = ਉਸ ਉਸ ਪਾਸੇ ਹੀ ਜੀਵਾਂ ਦੀ ਵਾਸਨਾ ਅਨੁਸਾਰ ਉਨ੍ਹਾਂ ਨੂੰ ਲਾਏ = ਲਾਉਣਾ ਕੀਤਾ ਹੈ।

## ਸਭ ਕਿਛੁ ਕੀਤਾ ਤੇਰਾ ਹੋਵੈ; ਨਾਹੀ ਕਿਛੁ ਅਸਾੜਾ ਜੀਉ ॥੩॥

ਹੇ ਪਰਮੇਸ਼ਰ! ਸਭ = ਸਾਰਾ ਕਿਛੁ = ਕੁਝ ਤੇਰਾ = ਤੁਹਾਡਾ ਹੀ ਕੀਤਾ ਹੋਇਆ ਹੋਵੈ = ਹੁੰਦਾ ਹੈ, ਅਸਾੜਾ = ਸਾਡੇ ਜੀਵਾਂ ਪਾਸੋਂ ਤਾਂ ਕੁਝ ਵੀ ਨਹੀਂ ਹੋ ਸਕਦਾ ਜੀ॥੩॥ ਜੈਸਾ ਕਿ :

**ਕਰਨ ਕਰਾਵਨ ਸਭੁ ਤੂਹੈ ਤੂਹੈ ਹੈ ਨਾਹੀ ਕਿਛੁ ਅਸਾੜਾ॥੧॥** *(ਅੰਗ ੧੦੮੧)*

## ਨਾਮੁ ਧਿਆਇ; ਮਹਾ ਸੁਖੁ ਪਾਇਆ ॥
## ਹਰਿ ਗੁਣ ਗਾਇ; ਮੇਰਾ ਮਨੁ ਸੀਤਲਾਇਆ ॥

ਹੇ ਪਰਮੇਸ਼ਰ! ਤੁਹਾਡੇ ਨਾਮ ਨੂੰ ਧਿਆਤਾਕਾਰ ਬਿਰਤੀ ਦੁਆਰਾ ਧਿਆਈ = ਧਿਆਉਣ ਕਰਕੇ ਮਹਾ = ਵੱਡਾ ਬ੍ਰਹਮਾਨੰਦ ਰੂਪੀ ਸੁੱਖ ਪਾਇਆ = ਪਾਉਣਾ ਕੀਤਾ ਹੈ।

ਹੇ ਹਰਿ = ਪਰਮੇਸ਼ਰ ! ਤੁਹਾਡੇ ਗੁਣਾਂ ਨੂੰ ਗਾਇ = ਗਾ ਕੇ ਹੀ ਮੇਰਾ ਮਨੁ = ਹਿਰਦਾ ਵਿਕਾਰਾਂ ਦੀ ਤਪਸ਼ ਵੱਲੋਂ ਸੀਤਲਾਇਆ = ਠੰਢਾ ਹੋਇਆ ਹੈ।

## ਗੁਰਿ ਪੂਰੈ ਵਜੀ ਵਾਧਾਈ; ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥

ਪੂਰੈ = ਪੂਰਨ ਸਤਿਗੁਰਾਂ ਦੀ ਕਿਰਪਾ ਨਾਲ ਹੀ ਅਨੰਦ ਦੀ ਵਾਧਾਈ ਵਜੀ = ਪ੍ਰਗਟ ਹੋਈ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਜੰਮਣ ਮਰਣ ਦਾ **ਵਾ**: ਜਮ ਮਾਰਗ ਦਾ ਬਿਖਾੜਾ = ਕਠਨ ਮਾਰਗ ਸੀ, ਉਹ ਜਿਤਾ = ਜਿੱਤ ਲਿਆ ਹੈ ॥੪॥੨੪॥੩੧॥

## ਮਾਝ ਮਹਲਾ ੫ ॥

## ਜੀਅ ਪ੍ਰਾਣ; ਪ੍ਰਭ ਮਨਹਿ ਅਧਾਰਾ ॥ ਭਗਤ ਜੀਵਹਿ; ਗੁਣ ਗਾਇ ਅਪਾਰਾ ॥

ਜੋ ਜੀਅ = ਜੀਵਾਂ ਦੇ ਪ੍ਰਾਣ = ਸੁਆਸਾਂ ਅਤੇ ਮਨਹਿ = ਮਨਾਂ ਦਾ ਅਧਾਰਾ = ਆਸਰਾ ਰੂਪ ਪ੍ਰਭ = ਪਰਮੇਸ਼ਰ ਹੈ। ਉਸ ਅਪਾਰਾ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਗੁਣਾਂ ਨੂੰ ਗਾਇ = ਗਾ ਕੇ ਹੀ ਭਗਤ ਜਨ ਆਤਮਿਕ ਜੀਵਨ ਜੀਵਹਿ = ਜਿਉਂਦੇ ਹਨ ॥੧॥

## ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ;
## ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥

ਜੋ ਹਰਿ = ਪਰਮੇਸ਼ਰ ਦਾ ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਤੇ ਸ਼ੁਭ ਗੁਣਾਂ ਦਾ ਨਿਧਾਨ = ਖ਼ਜ਼ਾਨਾ ਨਾਮ ਹੈ, ਉਸ ਹਰਿ = ਪਰਮੇਸ਼ਰ ਦੇ ਨਾਮ ਨੂੰ ਗੁਰਮੁਖ ਜਨਾਂ ਨੇ ਧਿਆਇ = ਧਿਆਤਾਕਾਰ ਬਿਰਤੀ ਦੁਆਰਾ ਧਿਆਇ = ਧਿਆ ਕੇ ਆਤਮਿਕ ਸੁਖੁ = ਅਨੰਦ ਨੂੰ ਪਾਇਆ = ਪਾਉਣਾ ਕੀਤਾ ਹੈ ਜੀ ॥੧॥

[ਅੰਗ ੧੦੪]

## ਮਨਸਾ ਧਾਰਿ; ਜੋ ਘਰਿ ਤੇ ਆਵੈ ॥ ਸਾਧਸੰਗਿ; ਜਨਮ ਮਰਣੁ ਮਿਟਾਵੈ ॥

ਮਨਸਾ = ਸ਼ਰਧਾ ਭਾਵਨਾ ਇੱਛਾ ਧਾਰ ਕੇ ਜੋ ਵੀ ਗੁਰਮੁਖ ਜਨ ਆਪਣੇ ਘਰ ਤੇ = ਤੋਂ ਚੱਲ ਕੇ ਸਤਿਸੰਗਤ ਵਿਚ ਆਵੈ = ਆਉਂਦਾ ਹੈ, ਉਹ ਸਾਧਸੰਗਿ = ਸਤਿਸੰਗਤ ਦੇ ਪ੍ਰਤਾਪ ਨਾਲ ਆਪਣਾ ਜੰਮਣਾ ਮਰਣਾ ਮਿਟਾਵੈ = ਮਿਟਾ ਲੈਂਦਾ ਹੈ, ਕਿਉਂਕਿ ਸਤਿਸੰਗਤ ਵਿੱਚੋਂ ਧਰਮ, ਅਰਥ, ਕਾਮ, ਮੋਖ ਦੀ ਪ੍ਰਾਪਤੀ ਹੁੰਦੀ ਹੈ।

**ਸਾਖੀ—ਬਿਭੀਖਣ ਦੀ** : ਜਿਵੇਂ ਬਿਭੀਖਣ ਸ਼੍ਰੀ ਰਾਮਚੰਦਰ ਜੀ ਦੀ ਸ਼ਰਨ ਵਿਚ ਆਇਆ ਸੀ। ਮਨ ਵਿਚ ਘਰੋਂ ਸੰਕਲਪ ਕੀਤਾ ਕਿ ਰਾਮ ਜੀ ਨੇ ਲੰਕਾ ਤਾਂ ਜਿੱਤ ਲੈਣੀ ਹੈ, ਕਿਉਂ ਨਾ ਬਾਅਦ ਵਿਚ ਇਹ ਰਾਜ ਮੈਨੂੰ ਦੇ ਦੇਣ। ਜਦੋਂ ਆ ਕੇ ਰਾਮ ਜੀ ਦੇ ਦਰਸ਼ਨ ਕੀਤੇ ਤਾਂ ਸਾਰੀ ਰਾਜ ਆਦਿਕ ਦੀ ਭੁੱਖ ਲਹਿ ਗਈ ਜੋ ਮਨ ਵਿਚ ਫੁਰਨਾ ਉਠਿਆ ਸੀ। ਪਰ ਜਦੋਂ ਕੋਲ ਆਏ ਤਾਂ ਰਾਮ ਜੀ ਕਹਿੰਦੇ—ਆਉ ਲੰਕੇਸ਼ ਭਾਵ ਲੰਕਾ ਦੇ ਰਾਜੇ ਬਿਭੀਖਣ। ਕਹਿਣ ਲੱਗਾ ਕਿ ਹੁਣ ਮੇਰੇ ਅੰਦਰ ਇਹ ਇੱਛਾ ਹੀ ਨਹੀਂ ਰਹੀ। ਮੇਰਾ ਸੰਕਲਪ ਹੀ ਨਹੀਂ। ਰਾਮ ਜੀ ਕਹਿੰਦੇ—ਭਾਵੇਂ ਹੁਣ ਨਹੀਂ ਰਹੀ ਪਰ ਘਰੋਂ ਤੁਰਨ ਵੇਲੇ ਤਾਂ ਸੀ। ਇਸ ਕਰਕੇ ਤੂੰ ਚਿਰੰਜੀਵੀ ਹੋਵੇਂਗਾ। ਤੂੰ ਯੁਗਾਂ ਵਿਚ ਰਾਜ ਕਰੇਂਗਾ। ਇਸ ਤਰ੍ਹਾਂ ਪਹਿਲਾਂ ਸੰਕਲਪ ਪੂਰਾ ਕਰਦਾ ਹੈ।

## ਆਸ ਮਨੋਰਥੁ ਪੂਰਨੁ ਹੋਵੈ; ਭੇਟਤ ਗੁਰ ਦਰਸਾਇਆ ਜੀਉ ॥੨॥

ਹੇ ਪਿਆਰੇ ਜੀ ! ਗੁਰ = ਸਤਿਗੁਰਾਂ ਦੇ ਭੇਟਤ = ਮਿਲਦਿਆਂ ਹੀ ਪਰਮੇਸ਼ਰ ਦੇ ਦਰਸਾਇਆ = ਦਰਸ਼ਨ

ਹੋ ਜਾਂਦੇ ਹਨ ਅਤੇ ਸਾਰੀਆਂ ਆਸ = ਇੱਛਾਵਾਂ ਤੇ ਮਨੋਰਥੁ = ਮਨ ਸੰਕਲਪ ਪੂਰਨੁ = ਪੂਰੇ ਹੋਵੈ = ਹੋ ਜਾਂਦੇ ਹਨ **ਵਾ:** ਗੁਰਾਂ ਦਾ ਦੀਦਾਰ ਮਿਲਦਿਆਂ ਹੀ ਸਾਰੀਆਂ ਇੱਛਾਵਾਂ ਤੇ ਮਨ ਦੇ ਸੰਕਲਪ ਪੂਰੇ ਹੋ ਜਾਂਦੇ ਹਨ ॥੨॥

**ਸਾਖੀ—ਛੱਜੂ ਝੀਵਰ ਦੀ :** ਜਦੋਂ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਪੰਜੋਖਰਾ ਸਾਹਿਬ ਗਏ ਤਾਂ ਪੰਡਤ ਨੇ ਆ ਕੇ ਇਹ ਇੱਛਾ ਜ਼ਾਹਰ ਕੀਤੀ ਕਿ ਮੈਨੂੰ ਗੀਤਾ ਦੇ ਅਰਥ ਸੁਣਾਉ। ਸਤਿਗੁਰਾਂ ਉੱਤਰ ਦਿੱਤਾ ਕਿ ਪੰਡਤ ਜੀ! ਜੇ ਅਸੀਂ ਸੁਣਾ ਦਿੱਤੇ ਤਾਂ ਤੁਹਾਨੂੰ ਸ਼ੰਕਾ ਰਹਿਣੀ ਹੈ ਕਿ ਗੁਰੂ-ਸਪੁੱਤਰ ਹਨ। ਇਹਨਾਂ ਨੇ ਕਿਸੇ ਵਿਦਵਾਨ ਤੋਂ ਗੀਤਾ ਪੜ੍ਹ ਲਈ ਹੋਣੀ ਹੈ। ਤੁਸੀਂ ਉਸਨੂੰ ਲਿਆਉ ਜਿਹੜਾ ਪੜ੍ਹਿਆ ਨਾ ਹੋਵੇ। ਉਸ ਤੋਂ ਗੀਤਾ ਦੇ ਅਰਥ ਕਰਾਈਏ। ਪੰਡਤ ਭਾਲਣ ਲੱਗਾ ਤਾਂ ਝੀਵਰਾਂ ਦਾ ਲੜਕਾ ਗੂੰਗਾ, ਬੋਲ਼ਾ ਸੀ ਜਿਸ ਦਾ ਨਾਮ ਛੱਜੂ ਸੀ। ਉਸ ਨੂੰ ਲੈ ਆਂਦਾ ਪੰਡਤ ਨੇ ਮਹਾਰਾਜ ਨੇ ਨਦਰ ਕੀਤੀ, ਛਟੀ ਰੱਖੀ। ਉਸਨੂੰ ਸਾਰੇ ਵੇਦ, ਸ਼ਾਸਤਰ ਫੁਰਨ ਲੱਗ ਪਏ। ਕਹਿਣ ਲੱਗਾ ਕਿ ਹੇ ਪੰਡਤ ਜੀ! ਕਿਹੜੇ ਸ਼ਾਸਤਰ ਅਨੁਸਾਰ ਚੱਲਣਾ ਚਾਹੁੰਦੇ ਹੋ? ਸੁਣ ਕੇ ਪੰਡਤ ਨੂੰ ਸੁਧਾਂ ਭੁੱਲ ਗਈਆਂ। ਪੰਡਤ ਜਨੇਊ ਲਾਹ ਕੇ ਗੁਰੂ ਸਾਹਿਬ ਦਾ ਸਿੱਖ ਬਣ ਗਿਆ। ਇਸ ਪ੍ਰਕਾਰ ਜੇ ਕੋਈ ਮਨੋਰਥ ਹੋਏ, ਉਹ ਵੀ ਪੂਰਾ ਕਰ ਦਿੰਦੇ ਹਨ। ਆਸਾਂ ਵੀ ਪੂਰੀਆਂ ਕਰ ਦਿੰਦੇ ਹਨ। ਗੁਰੂ ਸਾਹਿਬ ਦੇ ਦਰਸ਼ਨਾਂ ਦਾ ਸਦਕਾ ਹੈ। ਮਹਾਰਾਜ ਕਹਿੰਦੇ ਕਿ ਕਰਾਮਾਤ ਦਿਖਾਉਣੀ ਤਾਂ ਨਹੀਂ ਸੀ ਪਰ ਤੂੰ ਗੁਰੂ ਨਾਨਕ ਦੀ ਗੱਦੀ 'ਤੇ ਸ਼ੰਕਾ ਕੀਤੀ ਹੈ ਕਿ ਬਾਲਕ ਕਿਵੇਂ ਗੁਰੂ ਹੋ ਸਕਦੇ ਹਨ। ਇਹ ਗੁਰੂ ਹਰਿਕ੍ਰਿਸ਼ਨ ਸਾਹਿਬ ਕਿਵੇਂ ਹੋ ਸਕਦੇ ਹਨ। ਅਸੀਂ ਗੁਰੂ ਨਾਨਕ ਦੀ ਜੋਤਿ ਦਾ ਅਦਬ ਰੱਖਣ ਵਾਸਤੇ ਇਹ ਕੀਤਾ ਹੈ। ਜੋ ਗੁਰੂ ਸਾਹਿਬ ਚਾਹੁਣ, ਉਹ ਕਰ ਸਕਦੇ ਹਨ। ਗੁਰੂ ਨਾ ਬਾਲਕ ਹੈ ਤੇ ਨਾ ਬਿਰਧ ਹੈ। ਗੁਰੂ ਸਾਹਿਬ ਇਕ-ਰਸ ਹਨ। ਇਸ ਪ੍ਰਕਾਰ ਮਹਾਰਾਜ ਦੇ ਦਰਸ਼ਨ ਦੇਖ ਕੇ ਸਾਰੀਆਂ ਆਸਾਂ, ਸੰਕਲਪ, ਮਨੋਰਥ ਪੂਰੇ ਹੋ ਜਾਂਦੇ ਹਨ।

## ਅਗਮ ਅਗੋਚਰ; ਕਿਛੁ ਮਿਤਿ ਨਹੀ ਜਾਨੀ ॥
## ਸਾਧਿਕ ਸਿਧ; ਧਿਆਵਹਿ ਗਿਆਨੀ ॥

ਅਗਮ = ਮਨ ਦੀ ਗੰਮਤਾ ਤੋਂ ਰਹਿਤ ਅਤੇ ਅਗੋਚਰ = ਇੰਦਰੀਆਂ ਦੇ ਅਵਿਸ਼ੇ ਭਾਵ ਪਕੜ ਤੋਂ ਬਾਹਰ ਪਰਮੇਸ਼ਰ ਦੀ ਕਿਛੁ = ਕੁਝ ਵੀ ਮਿਤਿ = ਮਰਯਾਦਾ ਨਹੀਂ ਜਾਣੀ ਜਾ ਸਕਦੀ।

ਉਸ ਪਰਮੇਸ਼ਰ ਨੂੰ ਸਾਧਿਕ = ਸਾਧਨਾ ਕਰਨ ਵਾਲੇ, ਸਿਧ = ਰਿਧੀਆਂ ਸਿਧੀਆਂ ਵਾਲੇ, ਗਿਆਨੀ = ਗਿਆਨਵਾਨ ਆਦਿ ਸਾਰੇ ਹੀ ਧਿਆਵਹਿ = ਧਿਆਉਂਦੇ ਹਨ॥

## ਖੁਦੀ ਮਿਟੀ ਚੂਕਾ ਭੋਲਾਵਾ; ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥

ਜਿਨ੍ਹਾਂ ਦੀ ਖੁਦੀ = ਖ਼ੁਦ ਪਸੰਦੀ, ਹਉਮੈ ਮਿਟੀ = ਮਿਟ ਗਈ ਹੈ ਤੇ ਭੋਲਾਵਾ = ਭਰਮ ਦਾ ਭੁਲੇਖਾ ਵੀ ਚੂਕਾ = ਚੁੱਕਿਆ ਗਿਆ ਹੈ ਕਿਉਂਕਿ ਗੁਰਾਂ ਨੇ ਉਨ੍ਹਾਂ ਦੇ ਮਨ ਮਹਿ = ਵਿਚ ਹੀ ਵਾਹਿਗੁਰੂ ਨੂੰ ਪ੍ਰਗਟਾਇਆ = ਪ੍ਰਗਟ ਕਰ ਦਿੱਤਾ ਹੈ ਜੀ॥੩॥

## ਅਨਦ ਮੰਗਲ; ਕਲਿਆਣ ਨਿਧਾਨਾ ॥ ਸੂਖ ਸਹਜ; ਹਰਿ ਨਾਮੁ ਵਖਾਨਾ ॥

ਉਨ੍ਹਾਂ ਨੂੰ ਅਨੰਦ ਸਰੂਪ ਪਰਮੇਸ਼ਰ ਦੇ ਮੰਗਲ = ਜੱਸ ਗਾਉਣ ਕਰਕੇ ਕਲਿਆਣ = ਮੁਕਤੀ ਦਾ ਨਿਧਾਨਾ = ਖ਼ਜ਼ਾਨਾ ਕੈਵਲ ਮੋਖ ਪ੍ਰਾਪਤ ਹੋ ਗਿਆ ਹੈ। ਇਉਂ ਜਿਹਨਾਂ ਨੇ ਹਰਿ = ਵਾਹਿਗੁਰੂ ਦੇ ਨਾਮ ਨੂੰ ਵਖਾਨਾ = ਕਥਨ ਕੀਤਾ ਹੈ, ਉਨ੍ਹਾਂ ਨੇ ਇਸ ਲੋਕ ਵਿਚ ਸੁੱਖ ਅਤੇ ਪਰਲੋਕ ਦਾ ਸਹਜ = ਅਨੰਦ ਪ੍ਰਾਪਤ ਕਰ ਲਿਆ ਹੈ।

## ਹੋਇ ਕ੍ਰਿਪਾਲੁ ਸੁਆਮੀ ਅਪਨਾ; ਨਾਉ ਨਾਨਕ ਘਰ ਮਹਿ ਆਇਆ ਜੀਉ ॥੪॥੨੫॥੩੨॥

ਜਿਨ੍ਹਾਂ 'ਤੇ ਆਪਣਾ ਸੁਆਮੀ = ਮਾਲਕ ਪਰਮੇਸ਼ਰ ਕ੍ਰਿਪਾਲੁ = ਦਿਆਲੂ ਹੋਇ = ਹੁੰਦਾ ਹੈ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਦੇ ਹਿਰਦੇ ਰੂਪੀ ਘਰ ਮਹਿ = ਵਿਚ ਹੀ ਗੁਰਾਂ ਦੁਆਰਾ ਪਰਮੇਸ਼ਰ ਦਾ ਨਾਮ ਆਇਆ = ਆ ਕੇ ਵੱਸਦਾ ਹੈ ਜੀ ॥੪॥੨੫॥੩੨॥

## ਮਾਝ ਮਹਲਾ ੫ ॥

## ਸੁਣਿ ਸੁਣਿ ਜੀਵਾ; ਸੋਇ ਤੁਮਾਰੀ ॥ ਤੂੰ ਪ੍ਰੀਤਮੁ ਠਾਕੁਰੁ; ਅਤਿ ਭਾਰੀ ॥

ਹੇ ਅਕਾਲ ਪੁਰਖ ! ਅਸੀਂ ਤੁਮਾਰੀ = ਤੁਹਾਡੀ ਸੋਇ = ਸ਼ੋਭਾ ਨੂੰ ਵੇਦਾਂ ਸ਼ਾਸਤਰਾਂ, ਸੰਤਾਂ ਭਗਤਾਂ ਦੁਆਰਾ ਪ੍ਰਤੱਖ **ਵਾ:** ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣ ਸੁਣ ਕੇ ਜੀਵਾ = ਜੀਉਂਦੇ ਹਾਂ।

ਹੇ ਅਕਾਲ ਪੁਰਖ ! ਤੁਸੀਂ ਪ੍ਰੀਤਮੁ = ਪਰਮ ਪ੍ਰੇਮ ਦੇ ਅਸਪਦ ਰੂਪ ਸਾਰਿਆਂ ਦੇ ਠਾਕੁਰੁ = ਸੁਆਮੀ ਅਤੇ ਅਤਿ = ਅਤਿਅੰਤ ਭਾਰੀ ਭਾਵ ਸਾਰਿਆਂ ਦਾ ਅਧਿਸ਼ਟਾਨ ਰੂਪ ਹੋ।

## ਤੁਮਰੇ ਕਰਤਬ ਤੁਮ ਹੀ ਜਾਣਹੁ; ਤੁਮਰੀ ਓਟ ਗੁੋਪਾਲਾ ਜੀਉ ॥੧॥

ਹੇ ਅਕਾਲ ਪੁਰਖ ! ਤੁਮਰੇ = ਤੁਹਾਡੇ ਕਰਤਬ = ਕੌਤਕਾਂ ਨੂੰ ਤੁਮ = ਤੁਸੀਂ ਆਪ ਹੀ ਜਾਣਹੁ = ਜਾਣਦੇ ਹੋ। ਹੇ ਗੁੋਪਾਲਾ = (ਗੁੋ+ਪਾਲਾ) ਗੁੋ = ਪ੍ਰਿਥਵੀ ਦੇ ਪਾਲਾ = ਪਾਲਕ ਪਰਮੇਸ਼ਰ ! ਸਾਨੂੰ ਲੋਕ-ਪ੍ਰਲੋਕ ਵਿਚ ਤੁਮਰੀ = ਤੁਹਾਡੀ ਹੀ ਓਟ = ਟੇਕ ਹੈ ਜੀ ॥੧॥

## ਗੁਣ ਗਾਵਤ; ਮਨੁ ਹਰਿਆ ਹੋਵੈ ॥ ਕਥਾ ਸੁਣਤ; ਮਲੁ ਸਗਲੀ ਖੋਵੈ ॥

ਹੇ ਪਰਮੇਸ਼ਰ ! ਤੇਰੇ ਗੁਣ ਗਾਵਤ = ਗਾਉਂਦਿਆਂ ਹੀ ਸਾਡਾ ਮਨ ਭਗਤੀ ਦੀ ਹਰਿਆਵਲਤਾ ਸਹਿਤ ਹਰਿਆ = ਹਰਾ ਭਰਾ ਹੋਵੈ = ਹੁੰਦਾ ਹੈ ਅਰਥਾਤ ਜਿਵੇਂ ਸੁੱਕੇ ਬ੍ਰਿਛ ਉਤੇ ਸਵਾਂਤੀ ਬੂੰਦ ਪੈਣ ਨਾਲ ਉਹ ਹਰਾ ਭਰਾ ਹੋ ਜਾਂਦਾ ਹੈ, ਇਸੇ ਪ੍ਰਕਾਰ ਸਾਡੇ ਮਨ ਰੂਪੀ ਬ੍ਰਿਛ ਦੀ ਔਗੁਣਾਂ ਕਰਕੇ ਸ਼ਰਧਾ ਰੂਪੀ ਜੜ੍ਹ ਸੁੱਕ ਚੁੱਕੀ ਸੀ, ਸਤਿ, ਸੰਤੋਖ ਰੂਪੀ ਪਤੇ ਵੀ ਨਾਸ਼ ਹੋ ਚੁੱਕੇ ਸੀ, ਵੈਰਾਗ ਰੂਪ ਟਾਹਣੇ ਵੀ ਨਾਸ਼ ਹੋ ਚੁੱਕੇ ਸਨ, ਧਿਆਨ ਰੂਪੀ ਫੁੱਲ ਅਤੇ ਗਿਆਨ ਰੂਪੀ ਫਲ ਵੀ ਨਹੀਂ ਰਿਹਾ ਸੀ, ਪਰੰਤੂ ਗੁਰਾਂ ਦੀ ਉਪਦੇਸ਼ ਰੂਪੀ ਸਵਾਂਤੀ ਬੂੰਦ ਨਾਲ ਮਨ ਰੂਪੀ ਬ੍ਰਿਛ ਹਰਾ ਭਰਾ ਹੋ ਗਿਆ ਹੈ ਅਤੇ ਤੁਹਾਡੀ ਸਰੂਪ, ਤਟਸਥੀ ਲੱਖਣਾ ਵਾਲੀ ਕਥਾ ਸੁਣਤ = ਸੁਣਦਿਆਂ ਹੀ ਮਨ ਦੀ ਸਗਲੀ = ਸਾਰੀ ਮਲੁ = ਮੈਲ ਖੋਵੈ = ਖੋ ਗਈ ਹੈ, ਨਵਿਰਤ ਹੋ ਗਈ ਹੈ। **ਕਥਾ ਦੇ ਸਰੋਤੇ** ਤਿੰਨ ਤਰ੍ਹਾਂ ਦੇ ਹੁੰਦੇ ਹਨ : ੧. ਊਂਘੇ = ਉੱਘਦੇ ਰਹਿਣਾ, ਸੁਸਤ ਰਹਿਣਾ, ਅੱਧੀ ਨੀਂਦ ਹੋਣੀ ਪਰ ਦਿਖਾਉਣਾ ਮਸਤ ਬਣ ਕੇ। ੨. ਸੂੰਘੇ = ਰਸ ਵਾਲੀ ਬੁੱਧੀ, ਕਥਾਕਾਰ ਦਾ ਵੇਖਣਾ ਕਿਹੋ ਜਿਹੀ ਆਵਾਜ਼, ਕਿੰਨੀਆਂ ਪੁਸਤਕਾਂ ਸ਼ਾਸਤਰਾਂ ਦੇ ਪ੍ਰਮਾਣ ਦਿੰਦਾ ਹੈ, ਦ੍ਰਿਸ਼ਟਾਂਤ ਕਿੰਨੇ ਦਿੰਦਾ ਹੈ, ਪੜ੍ਹਿਆ ਹੈ ਕਿ ਨਹੀਂ। ਇਸ ਤਰ੍ਹਾਂ ਦੇ ਸਰੋਤੇ ਭਾਵ ਸੁੰਘਦੇ ਹੀ ਰਹਿੰਦੇ ਹਨ। ੩. ਚੂੰਘੇ = ਜਿਵੇਂ ਗਊ ਕੋਲ ਬੱਛਰੇ ਲਈ ਦੁੱਧ ਹੁੰਦਾ ਹੈ। ਵੇਦ ਸ਼ਾਸਤਰ ਗਊਆਂ ਦੀ ਨਿਆਈਂ ਹਨ। ਗੀਤਾ ਵਿਚ ਲਿਖਿਆ ਹੈ ਕਿ ਜ਼ੁਬਾਨ ਦਾ ਜਿਹੜਾ ਅਨੰਦ ਹੈ, ਉਹ ਦੁੱਧ ਹੈ। ਜਗਿਆਸੂ ਬੱਛੇ ਦੀ ਨਿਆਈਂ ਇਹ ਅਕਾਲ ਪੁਰਖ ਦੇ ਨਾਮ ਰਸ ਨੂੰ ਚੁੰਘ ਕੇ ਤ੍ਰਿਪਤ ਹੁੰਦੇ ਹਨ। ਉਹ ਚੂੰਘੇ ਰਸ ਜੋ ਇਸ ਪ੍ਰਕਾਰ ਕਥਾ ਸੁਣਦੇ ਹਨ ਸਰੋਤੇ ਬਣ ਕੇ, ਉਹਨਾਂ ਦੀ ਕਥਾ ਦੁਆਰਾ ਮੈਲ ਖ਼ਤਮ ਹੁੰਦੀ ਹੈ।

## ਭੇਟਤ ਸੰਗਿ ਸਾਧ ਸੰਤਨ ਕੈ; ਸਦਾ ਜਪਉ ਦਇਆਲਾ ਜੀਉ ॥੨॥

ਸਾਧ = ਸਾਧਨਾ ਕਰਨ ਵਾਲੇ ਸੰਤਨ = ਸੰਤ ਜਨਾਂ ਕੈ = ਦੇ ਸੰਗਿ = ਨਾਲ ਭੇਟਤ = ਮਿਲ ਕੇ ਹੀ ਹੇ ਦਇਆਲਾ = ਦਇਆ ਦੇ ਘਰ ਪਰਮੇਸ਼ਰ ਜੀ ! ਮੈਂ ਸਦਾ = ਹਮੇਸ਼ਾ ਹੀ ਤੁਹਾਡਾ ਨਾਮ ਜਪਉ = ਜਪਦਾ ਹਾਂ ॥੨॥

## ਪ੍ਰਭੁ ਅਪੁਨਾ; ਸਾਸਿ ਸਾਸਿ ਸਮਾਰਉ ॥ ਇਹ ਮਤਿ; ਗੁਰ ਪ੍ਰਸਾਦਿ ਮਨਿ ਧਾਰਉ ॥

ਹੇ ਪਰਮੇਸ਼ਰ ! ਕੇਵਲ ਤੂੰ ਹੀ ਮੇਰਾ ਅਪਨਾ ਹੈਂ, ਇਸ ਲਈ ਮੈਂ ਸਾਸਿ ਸਾਸਿ = ਸੁਆਸ ਸੁਆਸ ਤੈਨੂੰ ਹੀ ਸਮਾਰਉ = ਸੰਭਾਲਦਾ ਹਾਂ, ਪਰ ਨਾਮ ਜਪਣ ਦੀ ਇਹ ਮਤਿ = ਸਿੱਖਿਆ ਗੁਰੂ ਸਾਹਿਬ ਜੀ ਦੀ ਪ੍ਰਸਾਦਿ = ਕਿਰਪਾ ਨਾਲ ਹੀ ਮਨ ਵਿਚ ਧਾਰਉ = ਧਾਰਦਾ ਹਾਂ।

## ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ; ਸਰਬ ਮਇਆ ਪ੍ਰਤਿਪਾਲਾ ਜੀਉ ॥੩॥

ਹੇ ਅਕਾਲ ਪੁਰਖ ! ਤੁਮਰੀ = ਤੁਹਾਡੀ ਕਿਰਪਾ ਤੇ = ਤੋਂ ਹੀ ਗਿਆਨ ਦਾ ਪ੍ਰਗਾਸਾ = ਪ੍ਰਕਾਸ਼ ਹਿਰਦੇ ਵਿਚ ਹੋਇ = ਹੁੰਦਾ ਹੈ ਅਤੇ ਆਪ ਹੀ ਸਰਬ = ਸਾਰਿਆਂ ਉੱਤੇ ਮਇਆ = ਕਿਰਪਾ ਕਰਕੇ ਪ੍ਰਤਿਪਾਲਾ = ਪਾਲਣਾ ਕਰਦੇ ਹੋ ਜੀ ॥੩॥

## ਸਤਿ ਸਤਿ; ਸਤਿ ਪ੍ਰਭੁ ਸੋਈ ॥ ਸਦਾ ਸਦਾ ਸਦ; ਆਪੇ ਹੋਈ ॥

(**ਸਤਿ ਸਤਿ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਹੇ ਵਾਹਿਗੁਰੂ ! ਸੋਈ = ਉਹੀ ਤੂੰ ਸਤਿਜੁਗ ਵਿਚ ਸਤਿ = ਸੱਚ ਸਰੂਪ ਸੀ, ਉਹੀ ਤੂੰ ਤ੍ਰੇਤੇ ਵਿਚ ਸਤਿ = ਸੱਚ ਸਰੂਪ ਸੀ, ਉਹੀ ਤੂੰ ਦੁਆਪਰ ਵਿਚ ਸਤਿ = ਸੱਚ ਸਰੂਪ ਸੀ, ਉਹੀ ਤੂੰ ਹੁਣ ਕਲਿਜੁਗ ਵਿਚ ਸਤਿ = ਸੱਚ ਸਰੂਪ ਹੈਂ।

ਹੇ ਸਤਿ ਸਰੂਪ ਪ੍ਰਭੂ ! ਸੋਈ ਤੂੰ ਤਿੰਨਾਂ ਕਾਲਾਂ ਵਿਚ ਸਤਿ = ਨਿਸਚੇ ਕਰਕੇ ਸਤਿ = ਸੱਚ ਸਰੂਪ ਹੈਂ **ਅਥਵਾ** ਹੇ ਪਰਮੇਸ਼ਰ ! ਜਿਨ੍ਹਾਂ ਨੇ ਸਤਿ = ਸੱਚੇ ਗੁਰਾਂ ਨਾਲ ਮਿਲ ਕੇ ਤੇਰਾ ਸਤਿਨਾਮ ਰੂਪੀ ਮੰਤ੍ਰ ਜਪਿਆ ਹੈ, ਉਨ੍ਹਾਂ ਨੂੰ ਇਹ ਨਿਸਚਾ ਹੋ ਗਿਆ ਹੈ ਕਿ ਤੂੰ ਸਤਿ ਸਰੂਪ ਹੈਂ।

ਹੇ ਵਾਹਿਗੁਰੂ ! ਸਦਾ = ਹਮੇਸ਼ਾਂ ਹੀ ਭੂਤਕਾਲ ਵਿਚ, ਸਦਾ = ਹਮੇਸ਼ਾਂ ਹੀ ਵਰਤਮਾਨ ਕਾਲ ਵਿਚ ਅਤੇ ਸਦ = ਹਮੇਸ਼ਾਂ ਹੀ ਭਵਿੱਖਤ ਕਾਲ ਵਿਚ ਆਪ ਹੀ ਵਿਆਪਕ, ਸਤਿ ਸਰੂਪ ਹੋਈ = ਹੋਵੇਂਗਾ।

## ਚਲਿਤ ਤੁਮਾਰੇ ਪ੍ਰਗਟ ਪਿਆਰੇ; ਦੇਖਿ ਨਾਨਕ ਭਏ ਨਿਹਾਲਾ ਜੀਉ ॥੪॥੨੯॥੩੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਿਆਰੇ ਪਰਮੇਸ਼ਰ ਜੀ ! ਤੁਮਾਰੇ = ਤੁਹਾਡੇ ਚਲਿਤ = ਕੌਤਕ ਸੰਸਾਰ ਵਿਚ ਪ੍ਰਗਟ ਦੇਖ ਕੇ ਅਸੀਂ ਨਿਹਾਲਾ = ਪ੍ਰਸੰਨ ਭਏ = ਹੋਏ ਹਾਂ **ਵਾ:** ਸ੍ਰਵਣ, ਮੰਨਣ, ਨਿਧਿਆਸਣ ਕਰਨ ਵਾਲੇ ਗੁਰਮੁਖ ਜਨ ਤੁਹਾਡੇ ਕੌਤਕ ਦੇਖ ਕੇ ਨਿਹਾਲਾ = ਦੁੱਖਾਂ ਤੋਂ ਰਹਿਤ ਭਏ = ਹੋ ਜਾਂਦੇ ਹਨ ॥੪॥੨੯॥੩੩॥

## ਮਾਝ ਮਹਲਾ ੫ ॥

## ਹੁਕਮੀ; ਵਰਸਣ ਲਾਗੇ ਮੇਹਾ ॥ ਸਾਜਨ ਸੰਤ ਮਿਲਿ; ਨਾਮੁ ਜਪੇਹਾ ॥

ਹੁਕਮੀ = ਵਾਹਿਗੁਰੂ ਦੀ ਆਗਿਆ ਵਿਚ ਹੀ ਮੇਹਾ = ਬੱਦਲ ਵਰਸਣ ਲਾਗੇ = ਲੱਗਦੇ ਹਨ **ਵਾ:** ਅਕਾਲ ਪੁਰਖ ਵਾਹਿਗੁਰੂ ਦੀ ਆਗਿਆ ਵਿਚ ਹੀ ਗੁਰੂ ਰੂਪ ਬੱਦਲ ਚਿਦਾਕਾਸ ਰੂਪੀ ਅਸਥਾਨ ਵਿੱਚੋਂ ਨਾਮ ਅੰਮ੍ਰਿਤ ਦੀ ਵਰਖਾ ਕਰਨ ਲੱਗਦੇ ਹਨ।

ਸਾਰੇ ਹੀ ਸੱਜਣ, ਸੰਤ ਭਗਤ ਮਿਲ ਕੇ ਗੁਰੂ ਵੱਲੋਂ ਬਖ਼ਸ਼ੇ ਹੋਏ ਵਾਹਿਗੁਰੂ ਦੇ ਨਾਮ ਨੂੰ ਜਪੇਹਾ = ਜਪਣਾ

ਕਰਦੇ ਹਨ **ਵਾ:** ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਵਾਲੇ ਸਾਜਨ = ਸੱਜਣ ਤੇ ਸ੍ਰਵਣ ਮੰਨਣ ਨਿਧਿਆਸਣ ਕਰਨ ਵਾਲੇ ਸੰਤ ਜਨ ਮਿਲ ਕੇ ਵਾਹਿਗੁਰੂ ਦੇ ਨਾਮ ਨੂੰ ਜਪਣ ਲੱਗੇ ਹਨ।

## ਸੀਤਲ ਸਾਂਤਿ ਸਹਜ ਸੁਖੁ ਪਾਇਆ; ਠਾਢਿ ਪਾਈ ਪ੍ਰਭਿ ਆਪੇ ਜੀਉ ॥੧॥

ਜਿਸ ਕਰਕੇ ਉਨ੍ਹਾਂ ਨੇ ਸ਼ਾਂਤੀ ਰੂਪ ਸੀਤਲਤਾ ਪ੍ਰਾਪਤ ਕਰਕੇ ਸਹਜ = ਸੁਤੇ-ਸਿੱਧ ਹੀ ਆਤਮਿਕ ਸੁਖੁ = ਅਨੰਦ ਪਾਇਆ = ਪਾਉਣਾ ਕੀਤਾ ਹੈ ਪਰ ਇਹ ਸਾਰੀ ਠੰਢ ਪ੍ਰਭਿ = ਪਰਮੇਸ਼ਰ ਨੇ ਆਪੇ = ਆਪ ਹੀ ਕਿਰਪਾ ਕਰਕੇ ਗੁਰਾਂ ਦੁਆਰਾ ਪਾਈ ਹੈ **ਅਥਵਾ** ਸੀਤਲ ਰੂਪ ਪਰਮੇਸ਼ਰ ਦੇ ਨਾਮ ਦੀ ਸ਼ਾਂਤੀ ਕਰਕੇ ਸਹਿਜ ਸੁੱਖ ਪ੍ਰਾਪਤ ਕੀਤਾ। ਹੇ ਪਿਆਰੇ ਜੀ! ਆਪ ਹੀ ਪ੍ਰਭੂ ਨੇ ਅੰਤਹਕਰਨ ਵਿਚ ਜੋ ਅਗਿਆਨ ਰੂਪੀ ਸੂਰਜ ਕਰਕੇ ਈਰਖਾ ਦ੍ਵੈਸ਼ ਰੂਪੀ ਤਪਸ਼ ਪੈ ਰਹੀ ਸੀ, ਇਹ ਨਾਸ ਕਰਕੇ ਠੰਢ ਪਾ ਦਿੱਤੀ ਹੈ ਜੀ ॥੧॥

## ਸਭੁ ਕਿਛੁ; ਬਹੁਤੋ ਬਹੁਤੁ ਉਪਾਇਆ ॥
## ਕਰਿ ਕਿਰਪਾ ਪ੍ਰਭਿ; ਸਗਲ ਰਜਾਇਆ ॥

ਜਿਵੇਂ ਵਰਖਾ ਪੈਣ ਤੋਂ ਬਹੁਤੇ ਤੋਂ ਬਹੁਤ ਅਨਾਜ ਆਦਿਕ ਉਪਾਇਆ = ਪੈਦਾ ਹੁੰਦਾ ਹੈ, ਇਸੇ ਪ੍ਰਕਾਰ ਗੁਰ-ਉਪਦੇਸ਼ ਰੂਪ ਵਰਖਾ ਦੇ ਪੈਣ ਨਾਲ ਬਹੁਤੋ = ਬੇਅੰਤ ਦੈਵੀ ਗੁਣਾਂ ਰੂਪੀ ਅੰਨ ਤੇ ਬਹੁਤੁ = ਬੇਅੰਤ ਹੀ ਧਰਮ, ਅਰਥ, ਕਾਮ, ਮੋਖ ਰੂਪੀ ਪਦਾਰਥ ਆਦਿਕ ਸਭੁ = ਸਾਰਾ ਕਿਛੁ = ਕੁਝ ਸੰਤਾਂ ਭਗਤਾਂ ਦੇ ਹਿਰਦੇ ਵਿਚ ਉਪਾਇਆ = ਪੈਦਾ ਕੀਤਾ ਹੈ।

ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਪ੍ਰਭਿ = ਪਰਮੇਸ਼ਰ ਨੇ ਸ਼ਰਨ ਵਿਚ ਆਉਣ ਵਾਲਿਆਂ ਸਗਲ = ਸਾਰਿਆਂ ਸੰਤਾਂ ਭਗਤਾਂ ਨੂੰ ਆਤਮਿਕ ਤ੍ਰਿਪਤੀ ਕਰਕੇ ਰਜਾਇਆ = ਰਜਾਉਣਾ ਕੀਤਾ ਹੈ।

## ਦਾਤਿ ਕਰਹੁ ਮੇਰੇ ਦਾਤਾਰਾ; ਜੀਅ ਜੰਤ ਸਭਿ ਧ੍ਰਾਪੇ ਜੀਉ ॥੨॥

ਹੇ ਮੇਰੇ ਦਾਤਾਰਾ = ਦਾਤਾਂ ਦੇਣ ਵਾਲੇ ਪਰਮੇਸ਼ਰ! ਨਾਮ ਦੀ ਦਾਤ ਦੇਣਾ ਕਰਹੁ = ਕਰੋ, ਜਿਵੇਂ ਵਰਖਾ ਪੈਣ ਤੋਂ ਅਨਾਜ ਪੈਦਾ ਕਰਕੇ ਸਾਰੇ ਜੀਅ ਜੰਤਾਂ ਨੂੰ ਧ੍ਰਾਪੇ = ਤ੍ਰਿਪਤ ਕਰਦੇ ਹੋ। ਇਉਂ ਜਦੋਂ ਤੁਸੀਂ ਭਗਤੀ ਰੂਪ ਦਾਤ ਬਖ਼ਸ਼ਦੇ ਹੋ ਤਾਂ ਜੀਅ = ਵੱਡੇ ਸਥੂਲ ਸਰੀਰ ਜੰਤ = ਛੋਟੇ ਸੂਖਮ ਸਰੀਰ ਆਤਮਾਨੰਦ ਦੀ ਧ੍ਰਾਪੇ = ਤ੍ਰਿਪਤੀ ਕਰਕੇ ਰੱਜ ਜਾਂਦੇ ਹਨ ਜੀ ॥੨॥

## ਸਚਾ ਸਾਹਿਬੁ; ਸਚੀ ਨਾਈ ॥ ਗੁਰ ਪਰਸਾਦਿ; ਤਿਸੁ ਸਦਾ ਧਿਆਈ ॥

ਜੋ ਸੱਚਾ ਸਾਹਿਬੁ = ਮਾਲਕ ਹੈ, ਉਸ ਦੀ ਸੱਚੀ ਨਾਈ = ਮਹਿਮਾ ਹੈ **ਵਾ:** ਉਸ ਦੀ ਗੁਰਬਾਣੀ ਰੂਪੀ ਨਾਈ = ਆਵਾਜ਼ ਵੀ ਸੱਚੀ ਹੈ।

ਗੁਰਾਂ ਦੀ ਪਰਸਾਦਿ = ਕਿਰਪਾ ਨਾਲ ਤਿਸੁ = ਉਸ ਵਾਹਿਗੁਰੂ ਨੂੰ ਸਦਾ = ਹਮੇਸ਼ਾ ਧਿਆਈ = ਧਿਆਉਣਾ ਕਰੀਏ।

## ਜਨਮ ਮਰਣ ਭੈ ਕਾਟੇ ਮੋਹਾ; ਬਿਨਸੇ ਸੋਗ ਸੰਤਾਪੇ ਜੀਉ ॥੩॥

ਜਿਹੜੇ ਉਸ ਵਾਹਿਗੁਰੂ ਦੇ ਨਾਮ ਨੂੰ ਧਿਆਉਂਦੇ ਹਨ, ਉਨ੍ਹਾਂ ਦੇ ਜੰਮਣ ਮਰਣ ਦਾ ਭੈ = ਡਰ, ਸਰੀਰਾਂ ਦਾ ਮੋਹ ਆਦਿ ਸਭ ਕਾਟੇ = ਕੱਟੇ ਗਏ ਹਨ ਅਤੇ ਉਨ੍ਹਾਂ ਦੇ ਵਿਛੋੜੇ ਦੇ ਸੋਗ = ਗ਼ਮ ਤੇ ਆਧੀ, ਬਿਆਧੀ, ਉਪਾਧੀ ਰੂਪ ਸੰਤਾਪੇ = ਤਾਪ ਵੀ ਬਿਨਸੇ = ਨਾਸ਼ ਹੋ ਗਏ ਹਨ ਜਾਂ **ਵਾ:** ਸੰਤਾਪੇ = ਸੰ = ਭਲੀ ਪ੍ਰਕਾਰ ਜੋ ਤਾਪ ਤਾਪੇ = ਤਪਾਉਣ ਵਾਲੇ ਸਨ, ਸਭ ਬਿਨਸੇ = ਨਾਸ਼ ਹੋ ਗਏ ਹਨ ਜੀਉ = ਜੀ ॥੩॥

## ਸਾਸਿ ਸਾਸਿ; ਨਾਨਕੁ ਸਾਲਾਹੇ ॥ ਸਿਮਰਤ ਨਾਮੁ; ਕਾਟੇ ਸਭਿ ਫਾਹੇ ॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਸਾਰਿਆਂ ਦੇ ਸੁਆਸਾਂ ਦਾ ਸੁਆਸ ਰੂਪ ਵਾਹਿਗੁਰੂ ਹੈ, ਉਸ ਨੂੰ ਸਾਸ ਸਾਸ ਕਰਕੇ ਸਲਾਹੁਣਾ ਕਰੀਏ।

ਜਿਸ ਦੇ ਨਾਮ ਨੂੰ ਸਿਮਰਤ = ਸਿਮਰ ਕੇ ਮੋਹ, ਜਮ ਆਦਿਕਾਂ ਦੇ ਸਭਿ = ਸਾਰੇ ਫਾਹੇ = ਫਾਸੇ ਕਾਟੇ ਕੱਟੇ ਜਾਂਦੇ ਹਨ।

## ਪੂਰਨ ਆਸ ਕਰੀ ਖਿਨ ਭੀਤਰਿ; ਹਰਿ ਹਰਿ ਹਰਿ ਗੁਣ ਜਾਪੇ ਜੀਉ ॥੪॥੨੭॥੩੪॥

ਹੇ ਪਿਆਰੇ ਜੀ ! ਜਿਨ੍ਹਾਂ ਨੇ ਹਰਿ = ਹਰੇਕ ਨੂੰ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਜਾਪੇ = ਜਪਿਆ ਹੈ, ਉਨ੍ਹਾਂ ਦੀ ਉਸ ਪਰਮੇਸ਼ਰ ਨੇ ਇਕ ਖਿਨ = ਛਿਨ ਭੀਤਰਿ = ਵਿਚ ਹੀ ਆਪਣੀ ਪ੍ਰਾਪਤੀ ਦੀ ਆਸ = ਇੱਛਾ ਪੂਰਨ = ਪੂਰੀ ਕਰੀ = ਕਰ ਦਿੱਤੀ ਹੈ ॥੪॥੨੭॥੩੪॥

## ਮਾਝ ਮਹਲਾ ੫ ॥

## ਆਉ ਸਾਜਨ ਸੰਤ; ਮੀਤ ਪਿਆਰੇ ॥ ਮਿਲਿ ਗਾਵਹ; ਗੁਣ ਅਗਮ ਅਪਾਰੇ ॥

ਹੇ ਮਨ ਦੇ ਸਾਜਨ = ਸੱਜਣੋਂ, ਤਨ ਦੇ ਮੀਤ = ਮਿੱਤਰੋ ਤੇ ਬਾਣੀ ਦੇ ਪਿਆਰਿਓ ਸੰਤ ਜਨੋਂ **ਵਾ:** ਸ੍ਰਵਣ ਕਰਨ ਵਾਲੇ ਸੱਜਣੋਂ, ਮੰਨਣ ਕਰਨ ਵਾਲੇ ਮਿੱਤਰੋ, ਨਿਧਿਆਸਣ ਕਰਨ ਵਾਲੇ ਪਿਆਰਿਓ, ਤੇ ਵਾਹਿਗੁਰੂ ਦੀ ਸਾਖਿਆਤਤਾ ਵਾਲੇ ਸੰਤ ਜਨੋਂ। ਆਉ = ਆਉਣਾ ਕਰੋ ਅਤੇ ਆਪਾਂ ਉਸ ਅਗਮ = ਗੰਮਤਾ ਤੋਂ ਰਹਿਤ, ਅਪਾਰੇ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਗੁਣਾਂ ਨੂੰ ਮਿਲ ਕੇ ਗਾਵਹ = ਗਾਉਣਾ ਕਰੀਏ।

## ਗਾਵਤ ਸੁਣਤ ਸਭੇ ਹੀ ਮੁਕਤੇ; ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥

ਕਿਉਂਕਿ ਵਾਹਿਗੁਰੂ ਦੇ ਗੁਣਾਂ ਨੂੰ ਗਾਵਤ = ਗਾਉਣ ਵਾਲੇ, ਸੁਣਤ = ਸੁਣਨ ਵਾਲੇ, ਸਭੇ = ਸਾਰੇ ਹੀ ਮੁਕਤੇ = ਮੁਕਤੀ ਨੂੰ ਪ੍ਰਾਪਤ ਹੋਏ ਹਨ, ਇਸ ਲਈ ਸੋ = ਉਸ ਵਾਹਿਗੁਰੂ ਨੂੰ ਧਿਆਉਣਾ ਕਰੀਏ, ਜਿਨਿ = ਜਿਸ ਨੇ ਹਮ = ਤਮਾਮ ਸ੍ਰਿਸ਼ਟੀ ਦੇ ਜੀਵ ਪੈਦਾ ਕੀਏ = ਕੀਤੇ ਹਨ ॥੧॥

## ਜਨਮ ਜਨਮ ਕੇ; ਕਿਲਬਿਖ ਜਾਵਹਿ ॥ ਮਨਿ ਚਿੰਦੇ; ਸੇਈ ਫਲ ਪਾਵਹਿ ॥

ਵਾਹਿਗੁਰੂ ਦੇ ਨਾਮ ਨੂੰ ਧਿਆਉਣ ਨਾਲ ਜਨਮਾਂ ਜਨਮਾਂਤਰਾਂ ਕੇ = ਦੇ ਕਿਲਵਿਖ = ਬਜਰ ਪਾਪ ਬ੍ਰਾਹਮਣ, ਕੈਲੀ, ਘਾਤ ਆਦਿ ਸਾਰੇ ਨਾਸ਼ ਹੋ ਜਾਵਹਿ = ਜਾਂਦੇ ਹਨ।

ਜੋ ਮਨਿ = ਹਿਰਦੇ ਦੇ ਵਿਚ ਚਿੰਦੇ = ਚਿਤਵਣੀ ਕਰਦੇ ਹਨ, ਸੇਈ = ਉਹੀ ਧਰਮ, ਅਰਥ ਆਦਿ ਫਲ ਪਾਵਹਿ = ਪਾ ਲੈਂਦੇ ਹਨ।

## ਸਿਮਰਿ ਸਾਹਿਬੁ ਸੋ ਸਚੁ ਸੁਆਮੀ; ਰਿਜਕੁ ਸਭਸੁ ਕਉ ਦੀਏ ਜੀਉ ॥੨॥

ਸੋ = ਉਸ ਸੱਚੇ ਸੁਆਮੀ = ਮਾਲਕ ਸਾਹਿਬੁ = ਪਰਮੇਸ਼ਰ ਦਾ ਸਿਮਰਿ = ਸਿਮਰਨ ਕਰੀਏ, ਜੋ ਪਰਮੇਸ਼ਰ ਸਭਸੁ = ਸਭਨਾਂ ਦੇ ਕਉ = ਤਾਈਂ ਰਿਜਕੁ = ਰੋਜ਼ੀ ਦੇਈ = ਦਿੰਦਾ ਹੈ, ਜੀ ॥੨॥

## ਨਾਮੁ ਜਪਤ; ਸਰਬ ਸੁਖੁ ਪਾਈਐ ॥ ਸਭੁ ਭਉ ਬਿਨਸੈ; ਹਰਿ ਹਰਿ ਧਿਆਈਐ ॥

ਵਾਹਿਗੁਰੂ ਦੇ ਨਾਮ ਜਪਣ ਕਰਕੇ ਬ੍ਰਹਮ ਲੋਕ, ਸਵਰਗ ਲੋਕ ਆਦਿ ਦੇ ਸਰਬ = ਸਾਰੇ ਹੀ ਸੁੱਖ

ਪਾਈਐ = ਪਾ ਲਈਦੇ ਹਨ। ਜੇਕਰ ਹਰਿ ਹਰਿ = ਹਰੀ ਵਾਹਿਗੁਰੂ ਨੂੰ ਇਕ ਚਿੱਤ ਹੋ ਕੇ ਧਿਆਉਣਾ ਕਰੀਏ ਤਾਂ ਸਭੁ = ਸਾਰੇ ਪ੍ਰਕਾਰ ਦਾ ਭਉ = ਡਰ ਬਿਨਸੈ = ਨਾਸ਼ ਹੋ ਜਾਂਦਾ ਹੈ।

## ਜਿਨਿ ਸੇਵਿਆ ਸੋ ਪਾਰਗਿਰਾਮੀ; ਕਾਰਜ ਸਗਲੇ ਥੀਏ ਜੀਉ ॥੩॥

(**ਪਾਰ-ਗਿਰਾਮੀ** ਬੋਲੋ)

ਜਿਹਨਾਂ ਨੇ ਵਾਹਿਗੁਰੂ ਨੂੰ ਸੇਵਿਆ = ਸਿਮਰਨਾ ਕੀਤਾ ਹੈ, ਸੋ = ਉਹ ਪਾਰਗਿਰਾਮੀ = ਸੰਸਾਰ-ਸਮੁੰਦਰ ਤੋਂ ਤਰ ਕੇ ਮੁਕਤੀ ਰੂਪ ਕਿਨਾਰੇ 'ਤੇ ਪਾਰ ਲੰਘ ਗਏ ਹਨ ਅਤੇ ਉਹਨਾਂ ਦੇ ਲੋਕ-ਪ੍ਰਲੋਕ ਦੇ ਸਗਲੇ = ਸਾਰੇ ਕਾਰਜ = ਕੰਮ ਵੀ ਪੂਰੇ ਥੀਏ = ਹੋਏ ਹਨ, ਜੀ ॥੩॥

## ਆਇ ਪਇਆ; ਤੇਰੀ ਸਰਣਾਈ ॥ ਜਿਉ ਭਾਵੈ; ਤਿਉ ਲੈਹਿ ਮਿਲਾਈ ॥

ਹੇ ਅਕਾਲ ਪੁਰਖ! ਮੈਂ ਮਨੁੱਖਾ ਸਰੀਰ ਵਿਚ ਆਏ = ਆ ਕੇ ਤੇਰੀ ਸਰਣਾਈ = ਸ਼ਰਨ ਪਿਆ ਹਾਂ, ਜਿਉ = ਜਿਵੇਂ ਆਪ ਜੀ ਨੂੰ ਭਾਵੈ = ਭਾਉਂਦਾ, ਚੰਗਾ ਲੱਗਦਾ ਹੈ, ਤਿਉ = ਉਸੇ ਤਰ੍ਹਾਂ ਮੈਨੂੰ ਆਪਣੇ ਸਰੂਪ ਨਾਲ ਮਿਲਾਈ = ਮਿਲਾ ਲੈਹਿ = ਲੈਣਾ ਕਰੋ।

[ਅੰਗ ੧੦੫]

## ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ; ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥੪॥੨੮॥੩੫॥

ਹੇ ਅਕਾਲ ਪੁਰਖ! ਕਿਰਪਾ ਕਰਕੇ ਆਪਣੀ ਭਾਉ-ਭਗਤੀ ਵਿਚ ਲਾਵਹੁ = ਲਾਉਣਾ ਕਰੋ। ਸਤਿਗੁਰੂ ਜੀ ਕਥਨ ਕਰਦੇ ਹਨ ਤਾਂ ਜੋ ਅਸੀਂ ਤੁਹਾਡੇ ਵੱਲੋਂ ਬਖ਼ਸ਼ਿਸ਼ ਕੀਤੇ ਗੁਰਾਂ ਦੁਆਰਾ ਸੱਚੇ ਨਾਮ ਰੂਪੀ ਅੰਮ੍ਰਿਤ ਨੂੰ ਪੀਏ = ਪੀਣਾ ਕਰੀਏ ਜੀ ॥੪॥੨੮॥੩੫॥

## ਮਾਝ ਮਹਲਾ ੫ ॥

## ਭਏ ਕ੍ਰਿਪਾਲ; ਗੋਵਿੰਦ ਗੁਸਾਈ ॥ ਮੇਘੁ ਵਰਸੈ; ਸਭਨੀ ਥਾਈ ॥

ਜਿਸ ਵੇਲੇ ਗੋਵਿੰਦ (ਗੋ+ਵਿੰਦ) ਗੋ = ਗਿਆਨ ਕਰਕੇ ਵਿੰਦ = ਜਾਨਣੇ ਯੋਗ, ਗੁਸਾਈ = ਮਾਲਕ ਪਰਮੇਸ਼ਰ ਜੀ ਕ੍ਰਿਪਾਲ = ਦਿਆਲੂ ਭਏ = ਹੋਏ ਹਨ, ਤਦ ਗੁਰੂ ਨਾਨਕ ਰੂਪ ਵਿਚ ਸੰਸਾਰ ਉੱਤੇ ਪ੍ਰਗਟ ਹੋ ਕੇ ਮੇਘੁ = ਬੱਦਲ ਦੀ ਨਿਆਈਂ ਨੌਂ ਖੰਡ ਸੱਤ ਦੀਪਾਂ ਆਦਿਕ ਸਭਨੀ = ਸਾਰੇ ਥਾਈ = ਥਾਵਾਂ ਵਿਚ ਨਾਮ ਦੇ ਉਪਦੇਸ਼ ਦੀ ਵਰਖਾ ਕੀਤੀ।

## ਦੀਨ ਦਇਆਲ ਸਦਾ ਕਿਰਪਾਲਾ; ਠਾਢਿ ਪਾਈ ਕਰਤਾਰੇ ਜੀਉ ॥੧॥

ਜੋ ਦੀਨ = ਗ਼ਰੀਬਾਂ ਦੇ, ਦਇਆਲਾ = ਦਇਆ ਕਰਨ ਵਾਲਾ ਤੇ ਸਦਾ ਹੀ ਕਿਰਪਾਲਾ = ਦਿਆਲੂ ਮਿਹਰਵਾਨ ਪਰਮੇਸ਼ਰ ਹੈ, ਉਸ ਕਰਤਾਰੇ = ਅਕਾਲ ਪੁਰਖ ਨੇ ਨਾਮ ਜਪਣ ਵਾਲੇ ਸੰਤਾਂ, ਭਗਤਾਂ ਦੇ ਹਿਰਦੇ ਵਿਚ ਸ਼ਾਂਤੀ ਰੂਪ ਠਾਢਿ = ਠੰਡ ਪਾਈ = ਪਾਉਣਾ ਕੀਤੀ ਹੈ ਜੀ ॥੧॥

## ਅਪੁਨੇ ਜੀਅ ਜੰਤ; ਪ੍ਰਤਿਪਾਰੇ ॥ ਜਿਉ ਬਾਰਿਕ; ਮਾਤਾ ਸੰਮਾਰੇ ॥

ਵਾਹਿਗੁਰੂ ਅਪੁਨੇ = ਆਪਣੇ ਸਾਜੇ, ਪੈਦਾ ਕੀਤੇ ਹੋਏ ਜੀਅ = ਵੱਡੇ ਸਥੂਲ ਜੀਵਾਂ, ਜੰਤ = ਛੋਟੇ ਸੂਖਮ ਜੀਵਾਂ, ਸਾਰਿਆਂ ਪ੍ਰਤਿ = ਤਾਈਂ ਪਾਰੇ = ਪਾਲਣਾ ਕਰਦਾ ਹੈ।

ਜਿਉ = ਜਿਵੇਂ ਮਾਤਾ = ਮਾਂ ਆਪਣੇ ਬਾਰਿਕ = ਬਾਲਕ ਨੂੰ ਸੰਮਾਰੇ = ਸੰਭਾਲਦੀ ਹੈ। ਇਸੇ ਪ੍ਰਕਾਰ ਪਰਮੇਸ਼ਰ ਆਪਣੇ ਪਿਆਰਿਆਂ ਨੂੰ ਸੰਭਾਲ ਕੇ ਰੱਖਦਾ ਹੈ।

## ਦੁਖ ਭੰਜਨ, ਸੁਖ ਸਾਗਰ ਸੁਆਮੀ; ਦੇਤ ਸਗਲ ਆਹਾਰੇ ਜੀਉ ॥੨॥

ਜੋ ਸੁਆਮੀ = ਮਾਲਕ ਪਰਮੇਸ਼ਰ ਸੁੱਖਾਂ ਦਾ ਸਾਗਰ = ਸਮੁੰਦਰ ਤੇ ਸਭ ਦੁੱਖਾਂ ਨੂੰ ਭੰਜਨ = ਭੰਨਣ ਭਾਵ ਨਾਸ਼ ਕਰਨ ਵਾਲਾ ਹੈ, ਉਹੀ ਸਗਲ = ਸਾਰਿਆਂ ਜੀਵਾਂ ਨੂੰ ਆਹਾਰੇ = ਭੋਜਨ ਦੇਤ = ਦਿੰਦਾ ਹੈ ਜੀ; ਜੈਸਾ ਕਿ :

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥** *(ਅੰਗ ੧੦)*

## ਜਲਿ ਥਲਿ ਪੂਰਿ ਰਹਿਆ; ਮਿਹਰਵਾਨਾ ॥
## ਸਦ ਬਲਿਹਾਰਿ; ਜਾਈਐ ਕੁਰਬਾਨਾ ॥

ਮਿਹਰਵਾਨਾ = ਕ੍ਰਿਪਾਲੂ ਪਰਮੇਸ਼ਰ ਜਲਿ = ਪਾਣੀ ਵਿਚ ਥਲਿ = ਖ਼ੁਸ਼ਕ ਜਗ੍ਹਾ ਵਿਚ ਪੂਰਿ = ਪੂਰਨ ਰੂਪ ਵਿਚ ਵਿਆਪਕ ਹੋ ਕੇ = ਵਸ ਰਿਹਾ ਹੈ **ਵਾ:** ਮੇਹਰਵਾਨ ਪਰਮੇਸ਼ਰ ਜਲਿ ਦੀ ਨਿਆਈਂ ਪ੍ਰੇਮੀਆਂ ਵਿਚ ਪ੍ਰੇਮ ਰੂਪ ਹੋ ਕਰਕੇ ਥਲਿ ਦੀ ਨਿਆਈਂ ਕਾਮਨਾ ਵਾਲਿਆਂ ਵਿਚ ਇੱਛਾ ਰੂਪ ਹੋ ਕਰਕੇ ਪੂਰ ਰਿਹਾ ਹੈ ਭਾਵ ਵਰਤ ਰਿਹਾ ਹੈ।

ਉਸ ਪਰਮੇਸ਼ਰ ਤੋਂ ਮਨ ਕਰਕੇ ਸੈਂਕੜੇ ਵਾਰੀ ਹੀ ਬਲਿਹਾਰੈ = ਕੁਰਬਾਨ ਜਾਈਏ ਅਤੇ ਸਰੀਰ ਕਰਕੇ ਵੀ ਕੁਰਬਾਨਾ = ਬਲਿਹਾਰਨੇ ਜਾਈਏ।

## ਰੈਣਿ ਦਿਨਸੁ ਤਿਸੁ ਸਦਾ ਧਿਆਈ; ਜਿ ਖਿਨ ਮਹਿ ਸਗਲ ਉਧਾਰੇ ਜੀਉ ॥੩॥

ਤਿਸੁ = ਉਸ ਪਰਮੇਸ਼ਰ ਨੂੰ ਸਦਾ = ਹਮੇਸ਼ਾ ਰੈਣਿ = ਰਾਤ ਦਿਨਸੁ = ਦਿਨ ਧਿਆਈ = ਧਿਆਉਣਾ ਕਰੀਏ, ਜਿ = ਜਿਹੜਾ ਖਿਨ = ਛਿਨ ਮਹਿ = ਵਿਚ ਹੀ ਸਗਲ = ਸਾਰਿਆਂ ਦੀ ਉਧਾਰੇ = ਕਲਿਆਣ ਕਰਨ ਵਾਲਾ ਹੈ ਜੀ ॥੩॥

## ਰਾਖਿ ਲੀਏ; ਸਗਲੇ ਪ੍ਰਭਿ ਆਪੇ ॥ ਉਤਰਿ ਗਏ; ਸਭ ਸੋਗ ਸੰਤਾਪੇ ॥

ਜਿਤਨੇ ਵੀ ਉਸ ਪ੍ਰਭਿ = ਵਾਹਿਗੁਰੂ ਦੀ ਸ਼ਰਨ ਵਿਚ ਆਏ, ਉਹ ਸਗਲੇ = ਸਾਰੇ ਪਰਮੇਸ਼ਰ ਨੇ ਆਪ ਹੀ ਜੂਨਾਂ ਤੋਂ ਰਾਖਿ = ਰੱਖ ਲੀਏ = ਲਏ ਹਨ।

ਜਿਹੜੇ ਵਿਛੋੜੇ ਆਦਿਕ ਦੇ ਸੋਗ = ਗਮ ਸਨ ਅਤੇ ਆਧੀ, ਬਿਆਧੀ, ਉਪਾਧੀ ਆਦਿਕ ਸੰਤਾਪੇ = ਭਲੀ ਪ੍ਰਕਾਰ ਤਾਪ ਚਿੰਬੜੇ ਸਨ, ਉਹ ਸਭ = ਸਾਰੇ ਉਤਰਿ = ਲਹਿ ਗਏ ਭਾਵ ਖ਼ਤਮ ਹੋ ਗਏ ਹਨ।

## ਨਾਮੁ ਜਪਤ ਮਨੁ ਤਨੁ ਹਰੀਆਵਲੁ;
## ਪ੍ਰਭ ਨਾਨਕ ਨਦਰਿ ਨਿਹਾਰੇ ਜੀਉ ॥੪॥੨੯॥੩੬॥

ਪਰਮੇਸ਼ਰ ਦਾ ਨਾਮ ਜਪਤ = ਜਪਣ ਨਾਲ ਮਨ ਅਤੇ ਤਨ ਸ਼ੁਭ ਗੁਣਾਂ ਦੀ ਹਰਿਆਵਲਤਾ ਸਹਿਤ ਹਰਾ ਹੋ ਗਿਆ ਹੈ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਵਾਹਿਗੁਰੂ ਨੇ ਆਪਣੀ ਨਦਰਿ = ਦਇਆ ਦ੍ਰਿਸ਼ਟੀ ਕਰਕੇ ਨਿਹਾਰੇ = ਨਿਹਾਲ ਕੀਤਾ ਹੈ **ਵਾ:** ਜਦੋਂ ਗਿਆਨ-ਦ੍ਰਿਸ਼ਟੀ ਪ੍ਰਾਪਤ ਹੋਈ, ਉਦੋਂ ਵਾਹਿਗੁਰੂ ਦੇ ਸਰੂਪ ਨੂੰ ਨਿਹਾਰੇ = ਦੇਖਣਾ ਕੀਤਾ ਹੈ ॥੪॥੨੯॥੩੬॥

## ਮਾਝ ਮਹਲਾ ੫ ॥

**ਉਥਾਨਕਾ :** ਜਿਸ ਸਮੇਂ ਪੰਚਮ ਪਾਤਸ਼ਾਹ ਧੰਨ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਵਿਚਰਦੇ ਹੋਏ ਗੋਇੰਦਵਾਲ ਸਾਹਿਬ ਤੋਂ ੩-੪ ਮੀਲ ਪੱਛਮ ਦੀ ਤਰਫ਼ ਖ਼ਾਨਪੁਰਾ, ਜੋ ਪਠਾਣਾਂ ਦਾ ਪਿੰਡ ਸੀ, ਉਥੋਂ ਗੁਜ਼ਰ ਰਹੇ ਸਨ ਤਾਂ ਠੰਡ ਦਾ ਮੌਸਮ, ਉੱਤੋਂ ਵਰਖਾ ਸ਼ੁਰੂ ਹੋ ਗਈ। ਸਤਿਗੁਰਾਂ ਨਾਲ ਪੰਜ ਸਿੱਖ—ਭਾਈ ਬਿਧੀ ਚੰਦ, ਭਾਈ ਪਿਰਾਣਾ, ਭਾਈ ਜੇਠਾ ਅਤੇ ਭਾਈ ਗੁਰਦਾਸ ਸਾਹਿਬ ਆਦਿਕ ਗੁਰਸਿਖ ਨਾਲ ਸਨ। ਵਰਖਾ ਪੈਂਦੀ ਨੂੰ ਵੇਖ ਕੇ ਸਿੱਖਾਂ ਕਿਹਾ ਕਿ ਸੱਚੇ ਪਾਤਸ਼ਾਹ! ਆਪ ਆਗਿਆ ਕਰੋ ਤਾਂ ਆਹ ਨਗਰ ਨੇੜੇ ਹੀ ਹੈ। ਇਥੇ ਕਿਸੇ ਦੇ ਘਰ ਚੱਲ ਕੇ ਆਰਾਮ ਕਰੀਏ। ਮਹਾਰਾਜ ਨੇ ਕਿਹਾ ਕਿ ਭਾਈ ਜਿਥੇ ਹੀ ਸਮਾਂ ਗੁਜ਼ਰ ਜਾਵੇ, ਉਥੇ ਉਸੇ ਤਰ੍ਹਾਂ ਬਤੀਤ ਕਰ ਲੈਣਾ ਚਾਹੀਦਾ ਹੈ। ਕਿਥੇ ਕਿਥੇ ਫਿਰਾਂਗੇ, ਘਰ ਵੇਖਾਂਗੇ। ਭਾਈ ਬਿਧੀ ਚੰਦ ਕਹਿਣ ਲੱਗੇ ਕਿ ਮਹਾਰਾਜ! ਮੈਨੂੰ ਵੇਖ ਆਉਣ ਦਿਉ। ਗਿਆ ਤਾਂ ਕਿਤੇ ਵੇਸਵਾ ਨੱਚ ਰਹੀਆਂ ਸਨ, ਕਿਤੇ ਪ੍ਰਾਹੁਣੇ ਉਤਰੇ ਹੋਏ ਸਨ, ਸਾਰਿਆਂ ਜਵਾਬ ਦੇ ਦਿੱਤਾ। ਤਾਂ ਦੁਖੀ ਹਿਰਦੇ ਨਾਲ ਵਾਪਸ ਆ ਗਿਆ। ਸਤਿਗੁਰੂ ਜੀ ਕਹਿਣ ਲੱਗੇ ਕਿ ਜੇ ਆਰਾਮ ਕਰਨ ਦਾ ਖ਼ਿਆਲ ਹੈ ਤਾਂ ਚੱਲੋ ਇਕ ਪ੍ਰੇਮੀ ਸਿੱਖ ਭਈ ਹੇਮਾ ਜੀ ਇਥੋਂ ਮੀਲ ਕੁ 'ਤੇ ਰਹਿੰਦਾ ਹੈ। ਉਹ ਪਿਆਰਾ ਸਿਮਰਨ ਕਰਨ ਵਾਲਾ ਹੈ, ਚੱਲੋ ਉਹਦੇ ਕੋਲ ਚੱਲਦੇ ਹਾਂ। ਫੇਰ ਮਹਾਰਾਜ ਛਾਪਰੀ ਸਾਹਿਬ ਅਸਥਾਨ 'ਤੇ ਆ ਗਏ। ਭਾਈ ਹੇਮਾ ਜੀ ਸਰੀਰ 'ਤੇ ਕੰਬਲ ਰੱਖਿਆ ਕਰਦੇ ਅਤੇ ਆਪ ਦਾ ਖੇਤ ਬੀਜ ਲਿਆ ਕਰਦੇ ਸਨ। ਖੇਤ ਵਿੱਚੋਂ ਜਿਹੜੇ ਦਾਣੇ ਹੁੰਦੇ, ਉਹਨਾਂ ਨੂੰ ਆਪਣੀ ਚੱਕੀ ਵਿਚ ਪੀਹ ਕੇ ਰਾਹੀਆਂ ਨੂੰ ਪ੍ਰਸ਼ਾਦਾ ਛਕਾਇਆ ਕਰਦੇ ਤੇ ਨਾਲ ਪਰਮੇਸ਼ਰ ਦਾ ਭਜਨ ਕਰਿਆ ਕਰਦੇ ਸਨ। ਉਸ ਭਾਈ ਹੇਮੇ ਦੀ ਛਾਪਰੀ ਨੂੰ ਮਹਾਰਾਜ ਨੇ ਭਾਗ ਲਾਏ। ਗੁਰੂ ਜੀ ਪੰਜਾਂ ਸਿੱਖਾਂ ਸਮੇਤ ਪਹੁੰਚੇ। ਭਾਈ ਹੇਮਾ ਦੂਰੋਂ ਹੀ ਵੇਖ ਕੇ ਬੜਾ ਪ੍ਰਸੰਨ ਹੋਇਆ, ਜਿਵੇਂ ਚੜ੍ਹੇ ਸੂਰਜ ਨੂੰ ਵੇਖ ਕੇ ਕੰਵਲ ਖਿੜ ਜਾਂਦਾ ਹੈ। ਆਪਣੀ ਭੂਰੀ ਲਾਹ ਕੇ ਸਤਿਗੁਰਾਂ ਦੇ ਚਰਨਾਂ ਨੂੰ ਝਾੜਿਆ। ਪ੍ਰੇਮ ਨਾਲ ਛੱਪਰੀ 'ਚ ਬਿਠਾਇਆ ਤੇ ਆਪ ਚੱਕੀ ਪੀਹ ਕੇ ਪ੍ਰਸ਼ਾਦਾ ਸਤਿਗੁਰਾਂ ਸਮੇਤ ਸਿੱਖਾਂ ਨੂੰ ਛਕਾਇਆ, ਜਿਵੇਂ ਭਾਈ ਲਾਲੋ ਦੇ ਕੋਧਰੇ ਦੇ ਪ੍ਰਸ਼ਾਦੇ ਛਕ ਕੇ ਗੁਰੂ ਨਾਨਕ ਸਾਹਿਬ ਪ੍ਰਸੰਨ ਹੋਏ ਸਨ। ਭਾਈ ਮਰਦਾਨੇ ਨੂੰ ਸਾਰੇ ਸਵਾਦ ਦਿਖਾ ਦਿੱਤੇ ਸਨ, ਇਸ ਪ੍ਰਕਾਰ ਉਦੋਂ ਸਾਰੇ ਰਸ ਭਾਈ ਹੇਮੇ ਦੇ ਰੁੱਖੇ ਪ੍ਰਸ਼ਾਦਿਆਂ ਵਿੱਚੋਂ ਦਿਖਾ ਦਿੱਤੇ। ਉਸ ਵੇਲੇ ਇਹ ਸ਼ਬਦ ਤੇ ਕੁਝ ਹੋਰ ਸ਼ਬਦ ਵੀ ਉਚਾਰਨ ਕੀਤੇ।

***ਨੋਟ :*** ਇਸੇ ਹੀ ਖਾਨ ਛਾਪਰੀ ਵਾਲੇ ਅਸਥਾਨ 'ਤੇ ਤਪੇ ਦੇ ਇਤਰਾਜ਼ ਕਰਨ ਤੋਂ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਆ ਕੇ ਬਿਰਾਜੇ ਸਨ ਅਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਏਥੇ ਚਰਨ ਪਾਏ ਸਨ।

## ਜਿਥੈ ਨਾਮੁ ਜਪੀਐ; ਪ੍ਰਭ ਪਿਆਰੇ ॥ ਸੇ ਅਸਥਲ; ਸੋਇਨ ਚਉਬਾਰੇ ॥

***ਪਹਿਲਾ ਅਰਥ :*** ਹੇ ਭਾਈ ਹੇਮਾ ਜੀ! ਜਿਥੈ = ਜਿਸ ਜਗ੍ਹਾ ਉੱਤੇ ਪਿਆਰੇ ਪ੍ਰਭ = ਅਕਾਲ ਪੁਰਖ ਸਤਿਗੁਰੂ ਦਾ ਪਿਆਰ ਵਿਚ ਨਾਮ ਜਪਿਆ ਜਾਂਦਾ ਹੋਵੇ। ਸੇ = ਉਹ ਉਜਾੜ ਵਾਲੇ ਅਸਥਲ = ਅਸਥਾਨ ਵੀ ਸੋਇਨ = ਸੋਨੇ ਦੇ ਚੁਬਾਰੇ ਦੀ ਨਿਆਈਂ ਹਨ **ਵਾ:** ਉਹ ਸੋਇਨ = ਸੋਹਣੇ ਲੱਗਦੇ ਹਨ ਭਾਵ ਸ਼ੋਭਨੀਕ ਸੋਭਾ ਵਾਲੇ ਹਨ।

***ਦੂਸਰਾ ਅਰਥ :*** ਜਿਥੈ = ਜਿਸ ਹਿਰਦੇ ਰੂਪੀ ਜਗ੍ਹਾ ਵਿਚ ਪਿਆਰੇ ਪਰਮੇਸ਼ਰ ਦਾ ਨਾਮ ਜਪਿਆ ਜਾਂਦਾ ਹੈ, ਸੇ = ਉਹ ਹਿਰਦੇ ਰੂਪੀ ਅਸਥਾਨ ਬਿਬੇਕ, ਵੈਰਾਗ, ਖਟ ਸੰਪਤੀ, ਮੋਖ ਇੱਛਾ ਰੂਪ ਚਉਬਾਰਿਆਂ ਦੀ ਨਿਆਈਂ ਬਣ ਕੇ ਸੋਇਨ = ਸੋਭਦੇ ਹਨ **ਵਾ:** ਉਸ ਹਿਰਦੇ ਰੂਪੀ ਅਸਥਾਨ ਨੂੰ (ਚਉ+ਬਾਰੇ) ਚਉ = ਚਾਰ ਸ੍ਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਦਾ ਸੰਸ਼ੋਧਨ ਰੂਪ ਬਾਰੇ = ਦਰਵਾਜ਼ੇ ਲੱਗੇ ਹੋਏ ਹਨ **ਵਾ:** ਚਾਰੇ ਅੰਤਹਕਰਣ ਰੂਪੀ ਦਰਵਾਜ਼ੇ ਸੋਇਨ = ਸੋਨੇ ਦੀ ਨਿਆਈਂ ਸ਼ੁੱਧ ਸਰੂਪ ਦੀ ਪ੍ਰਾਪਤੀ ਵਾਲੇ ਹੋ ਜਾਂਦੇ ਹਨ।

## ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ; ਸੇਈ ਨਗਰ ਉਜਾੜੀ ਜੀਉ ॥੧॥

ਜਿਥੈ = ਜਿਸ ਜਗ੍ਹਾ ਮੇਰੇ ਗੋਇਦਾ = ਪਰਮੇਸ਼ਰ ਦਾ ਨਾਮ ਨ = ਨਹੀਂ ਜਪੀਐ = ਜਪਿਆ ਜਾਂਦਾ, ਸੇਈ = ਉਹ ਨਗਰ ਉਜਾੜੀ = ਬੀਆਬਾਨ ਜੰਗਲ ਦੀ ਨਿਆਈਂ ਹਨ ਜੀ **ਅਥਵਾ** ਜਿਸ ਦੇ ਸਰੀਰ ਵਿਚ ਰਿਦੇ ਰੂਪੀ ਥਾਂ ਅੰਦਰ ਮੇਰੇ ਗੋਇਦਾ = ਪਰਮੇਸ਼ਰ ਦਾ ਨਾਮ ਨਹੀਂ ਜਪਿਆ ਜਾਂਦਾ, ਸੇਈ = ਉਹ ਸਰੀਰ ਰੂਪੀ ਨਗਰ ਦੈਵੀ ਗੁਣਾਂ ਤੋਂ ਰਹਿਤ ਉੱਜੜੇ ਹੋਏ ਹਨ ॥੧॥

## ਹਰਿ; ਰੁਖੀ ਰੋਟੀ ਖਾਇ ਸਮਾਲੇ ॥
## ਹਰਿ ਅੰਤਰਿ ਬਾਹਰਿ; ਨਦਰਿ ਨਿਹਾਲੇ ॥

ਹੇ ਭਾਈ ਹੇਮਾ ਜੀ ! ਜਿਹੜੇ ਰੁਖੀ = ਖ਼ੁਸ਼ਕ ਰੋਟੀ (ਦਾਲ ਸਬਜ਼ੀ ਤੋਂ ਬਿਨਾ) ਖਾਇ = ਖਾ ਕਰਕੇ **ਵਾ:** ਵਿਸ਼ਿਆਂ ਵੱਲੋਂ ਬਿਰਤੀ ਨੂੰ ਰੁੱਖੀ ਰੱਖ ਕੇ ਸੰਤੋਖ ਰੂਪੀ ਭੋਜਨ ਖਾ ਕੇ ਹਰਿ = ਹਰੀ ਵਾਹਿਗੁਰੂ ਦੇ ਨਾਮ ਨੂੰ ਸਮਾਲੇ = ਸੰਭਾਲਦੇ ਹਨ। ਜੈਸਾ ਕਿ :

**ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥** *(ਅੰਗ ੧੩੭੯)*

ਉਹ ਹਰਿ = ਪਰਮੇਸ਼ਰ ਨੂੰ ਰਿਦੈ ਅੰਤਰਿ = ਅੰਦਰ ਵੀ ਤੇ ਬਾਹਰ ਸੰਸਾਰ ਵਿਚ ਵੀ ਗਿਆਨ ਨਦਰਿ = ਦ੍ਰਿਸ਼ਟੀ ਦੁਆਰਾ ਵੇਖ ਕੇ ਨਿਹਾਲੇ = ਪ੍ਰਸੰਨ ਹੁੰਦੇ ਹਨ।

## ਖਾਇ ਖਾਇ ਕਰੇ ਬਦਫੈਲੀ; ਜਾਣੁ ਵਿਸੂ ਕੀ ਵਾੜੀ ਜੀਉ ॥੨॥

ਪਰੰਤੂ ਜੋ ਅਨੇਕਾਂ ਪਦਾਰਥਾਂ ਨੂੰ ਖਾਇ ਖਾਇ = ਖਾ ਖਾ ਕੇ ਬਦਫੈਲੀ = ਕੁਕਰਮ ਕਰੇ = ਕਰਦੇ ਹਨ, ਉਨ੍ਹਾਂ ਦੇ ਅੰਦਰ ਤਾਂ ਵਿਸੂ = ਵਿਹੁ ਕੀ = ਦੀ ਵਾੜੀ = ਬਗ਼ੀਚੀ ਲੱਗੀ ਹੋਈ ਜਾਣੁ = ਜਾਨਣਾ ਕਰੋ ਜੀ, ਭਾਵ ਉਨ੍ਹਾਂ ਦੀ ਸੰਗਤ ਕਰਕੇ ਹੋਰ ਵੀ ਦੁਖੀ ਹੁੰਦੇ ਹਨ **ਵਾ:** ਇਉਂ ਜਾਨਣਾ ਕਰੋ ਕਿ ਉਨ੍ਹਾਂ ਦੀ ਸ਼ੁਭ ਗੁਣਾਂ ਰੂਪੀ ਬਗ਼ੀਚੀ (ਵਿ+ਸੂਕੀ) ਵਿ = ਵਿਸ਼ੇਸ਼ ਕਰਕੇ ਸੂਕੀ = ਸੁੱਕ ਗਈ ਹੈ ਜੀ ॥੨॥

## ਸੰਤਾ ਸੇਤੀ; ਰੰਗੁ ਨ ਲਾਏ ॥ ਸਾਕਤ ਸੰਗਿ; ਵਿਕਰਮ ਕਮਾਏ ॥

(**ਵਿ-ਕਰਮ** ਬੋਲੋ)

ਜਿਹੜੇ ਇਕ-ਰਸ ਨਾਮ ਵਿਚ ਰੰਗੇ ਹੋਏ ਸ਼ਾਂਤ ਬਿਰਤੀ ਵਾਲੇ ਸੰਤਾਂ ਸੇਤੀ = ਨਾਲ ਮਿਲ ਕੇ ਵਾਹਿਗੁਰੂ ਦੇ ਨਾਲ ਸਗੋਂ ਰੰਗੁ = ਪ੍ਰੇਮ ਨ = ਨਹੀਂ ਲਾਏ = ਲਾਉਂਦੇ **ਵਾ:** ਸੰਤਾਂ ਦੇ ਨਾਲ ਪ੍ਰੇਮ ਨਹੀਂ ਲਾਉਂਦੇ। ਸਗੋਂ ਸਾਕਤ = ਕਠੋਰ ਚਿਤ ਵਾਲੇ ਖੋਟੇ ਪੁਰਸ਼ਾਂ ਦੇ ਸੰਗਿ = ਨਾਲ ਮਿਲ ਕੇ ਵਿਕਰਮ = ਖੋਟੇ ਕਰਮ ਕਮਾਏ = ਕਮਾਉਂਦੇ ਹਨ।

## ਦੁਲਭ ਦੇਹ ਖੋਈ ਅਗਿਆਨੀ; ਜੜ ਅਪੁਣੀ ਆਪਿ ਉਪਾੜੀ ਜੀਉ ॥੩॥

ਉਨ੍ਹਾਂ ਅਗਿਆਨੀ = ਗਿਆਨ ਹੀਣ ਪੁਰਖਾਂ ਨੇ ਦੁਲਭ = ਕਠਨਤਾਈ ਨਾਲ ਪ੍ਰਾਪਤ ਹੋਣ ਵਾਲੀ ਮਨੁੱਖਾ ਦੇਹ = ਦੇਹੀ ਵਿਸ਼ਿਆਂ ਵਿਚ ਲੱਗ ਕੇ ਵਿਅਰਥ ਹੀ ਖੋਈ = ਗੁਆ ਲਈ ਹੈ, ਅਤੇ ਆਪਣੀ ਪੁੰਨਾਂ ਰੂਪੀ ਜੜ੍ਹ ਆਪ ਹੀ ਉਪਾੜੀ = ਪੁੱਟ ਲਈ ਹੈ ਜੀ **ਵਾ:** ਸ਼ਰਧਾ ਰੂਪੀ ਜੜ੍ਹ ਪੁੱਟ ਲਈ ਹੈ ਜੀ ॥੩॥

ਅੱਗੇ ਪਰਮੇਸ਼ਰ ਦੇ ਸਨਮੁੱਖ ਅਰਦਾਸ ਬੇਨਤੀ ਕਰਦੇ ਹਨ :

## ਤੇਰੀ ਸਰਣਿ; ਮੇਰੇ ਦੀਨ ਦਇਆਲਾ ॥ ਸੁਖ ਸਾਗਰ; ਮੇਰੇ ਗੁਰ ਗੋਪਾਲਾ ॥

ਹੇ ਮੇਰੇ ਦੀਨ = ਗ਼ਰੀਬਾਂ 'ਤੇ ਦਇਆਲਾ = ਦਇਆ ਕਰਨ ਵਾਲੇ ਪਰਮੇਸ਼ਰ ! ਅਸੀਂ ਤੇਰੀ = ਤੁਹਾਡੀ ਸਰਣਿ = ਓਟ ਵਿਚ ਆਏ ਹਾਂ।

ਹੇ ਮੇਰੇ ਗੋਪਾਲਾ = ਗੋ = ਪ੍ਰਿਥਵੀ ਦੇ ਪਾਲਾ = ਪਾਲਕ ਪਰਮੇਸ਼ਰ ! ਤੁਸੀਂ ਸੁੱਖਾਂ ਦੇ ਸਾਗਰ = ਸਮੁੰਦਰ ਹੋ।

## ਕਰਿ ਕਿਰਪਾ ਨਾਨਕੁ ਗੁਣ ਗਾਵੈ;
## ਰਾਖਹੁ ਸਰਮ ਅਸਾੜੀ ਜੀਉ ॥੪॥੩੦॥੩੭॥

ਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਸਾਡੇ 'ਤੇ ਕਿਰਪਾ ਦ੍ਰਿਸ਼ਟੀ ਕਰੋ ਕਿ ਅਸੀਂ ਸਦਾ ਹੀ ਆਪ ਜੀ ਦੇ ਗੁਣ ਗਾਵੈ = ਗਾਉਂਦੇ ਰਹੀਏ ਅਤੇ ਤੁਸੀਂ ਅਸਾੜੀ = ਸਾਡੀ ਲੋਕ-ਪ੍ਰਲੋਕ ਵਿਚ ਸਰਮ = ਲੱਜਿਆ ਰਾਖਹੁ = ਰੱਖਣਾ ਕਰੋ ਜੀ ॥੪॥੩੦॥੩੭॥ ਜੈਸਾ ਕਿ :

**ਪ੍ਰਭ ਜੂ ਤੋ ਕਹ ਲਾਜ ਹਮਾਰੀ ॥** *(ਸ਼ਬਦ ਹਜ਼ਾਰੇ, ਸ੍ਰੀ ਦਸਮ ਗ੍ਰੰਥ, ਪੰਨਾ ੭੧੦)*

## ਮਾਝ ਮਹਲਾ ੫ ॥
## ਚਰਣ ਠਾਕੁਰ ਕੇ; ਰਿਦੈ ਸਮਾਣੇ ॥ ਕਲਿ ਕਲੇਸ; ਸਭ ਦੂਰਿ ਪਇਆਣੇ ॥

ਜਿਨ੍ਹਾਂ ਦੇ ਰਿਦੈ = ਹਿਰਦੇ ਵਿਚ ਠਾਕੁਰ = ਸੁਆਮੀ ਪਰਮੇਸ਼ਰ ਕੇ = ਦੇ ਚਰਨ ਸਮਾਣੇ = ਸਮਾਏ ਹੋਏ ਹਨ, ਉਹਨਾਂ ਦੇ ਕਲਿ = ਝਗੜੇ, ਕਲਪਨਾ ਤੇ ਪੰਜ ਪ੍ਰਕਾਰ ਦੇ ਕਲੇਸ਼ ਆਦਿ ਸਭ = ਸਾਰੇ ਦੂਰ ਪਇਆਣੇ = ਚਲੇ ਗਏ ਹਨ।

## ਸਾਂਤਿ ਸੂਖ ਸਹਜ ਧੁਨਿ ਉਪਜੀ; ਸਾਧੂ ਸੰਗਿ ਨਿਵਾਸਾ ਜੀਉ ॥੧॥

ਉਨ੍ਹਾਂ ਦੇ ਹਿਰਦੇ ਅੰਦਰ ਸਾਂਤਿ = ਸ਼ਾਂਤੀ, ਆਤਮਿਕ ਸੂਖ = ਸੁੱਖ ਸਹਿਜ ਅਵਸਥਾ ਦੀ ਧੁਨਿ = ਧੁਨੀ ਉਪਜੀ = ਪੈਦਾ ਹੋ ਜਾਂਦੀ ਹੈ **ਵਾ:** ਸਹਜ = ਗਿਆਨ ਦੇ ਅਨੁਭਵ ਕਰਨ ਵਾਲੀ ਧੁਨੀ ਪੈਦਾ ਹੋ ਜਾਂਦੀ ਹੈ ਅਤੇ ਸਾਧੂ = ਸ੍ਰੇਸ਼ਟ ਜਨਾਂ ਦੇ ਸੰਗਿ = ਨਾਲ ਭਾਵ ਉਨ੍ਹਾਂ ਦੀ ਸੰਗਤ ਵਿਚ ਨਿਵਾਸਾ = ਵਾਸਾ ਹੁੰਦਾ ਹੈ ਜੀ ॥੧॥

## ਲਾਗੀ ਪ੍ਰੀਤਿ; ਨ ਤੂਟੈ ਮੂਲੇ ॥ ਹਰਿ ਅੰਤਰਿ ਬਾਹਰਿ; ਰਹਿਆ ਭਰਪੂਰੇ ॥

ਉਨ੍ਹਾਂ ਦੀ ਸੰਗਤ ਦੀ ਕਿਰਪਾ ਸਦਕਾ ਪਰਮੇਸ਼ਰ ਨਾਲ ਲਾਗੀ = ਲੱਗੀ ਹੋਈ ਪ੍ਰੀਤਿ = ਪ੍ਰੀਤੀ ਮੂਲੇ = ਉੱਕਾ (ਕਦਾਚਿਤ) ਵੀ ਨ = ਨਹੀਂ ਤੂਟੈ = ਟੁੱਟਦੀ। ਜੈਸਾ ਕਿ :

**ਮੂ ਲਾਲਨ ਸਿਉ ਪ੍ਰੀਤਿ ਬਨੀ ॥ਰਹਾਉ॥**
**ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥** *(ਅੰਗ ੮੨੭)*

ਉਸੇ ਪ੍ਰੀਤੀ ਦਾ ਸਦਕਾ ਇਹ ਨਿਸਚਾ ਹੈ ਕਿ ਹਰਿ = ਹਰੀ ਵਾਹਿਗੁਰੂ ਅੰਦਰ ਬਾਹਰ ਸਾਰੇ ਹੀ ਭਰਪੂਰੇ = ਵਿਆਪਕ ਹੋ ਰਹਿਆ = ਰਿਹਾ ਹੈ।

## ਸਿਮਰਿ ਸਿਮਰਿ ਸਿਮਰਿ ਗੁਣ ਗਾਵਾ; ਕਾਟੀ ਜਮ ਕੀ ਫਾਸਾ ਜੀਉ ॥੨॥

ਜੋ ਸਿਮਰਿ = ਸਿਮਰਨੇ ਜੋਗ ਪਰਮੇਸ਼ਰ ਦੇ ਸਿਮਰਿ = ਸਿਮਰਨ ਨੂੰ ਹਿਰਦੇ ਵਿਚ ਸਿਮਰਿ = ਸਿਮਰਦੇ ਹਨ ਅਤੇ ਰਸਨਾ ਕਰਕੇ ਸਦਾ ਹੀ ਪਰਮੇਸ਼ਰ ਦੇ ਗੁਣ ਗਾਵਾ = ਗਾਉਂਦੇ ਹਨ, ਉਹਨਾਂ ਦੀ ਜਮਾਂ ਦੀ ਫਾਹੀ = ਫਾਸੀ ਕਾਟੀ = ਕੱਟੀ ਗਈ ਹੈ ਜੀ ॥੨॥

## ਅੰਮ੍ਰਿਤੁ ਵਰਖੈ; ਅਨਹਦ ਬਾਣੀ ॥ ਮਨ ਤਨ ਅੰਤਰਿ; ਸਾਂਤਿ ਸਮਾਣੀ ॥

ਸਤਿਗੁਰੂ ਸਾਹਿਬ ਜੀ ਉਪਦੇਸ਼ ਬਾਣੀ ਦੁਆਰਾ ਅਨਹਦ = ਇਕ-ਰਸ ਨਾਮ ਅੰਮ੍ਰਿਤ ਦੀ ਵਰਖੈ = ਵਰਖਾ ਕਰਦੇ ਹਨ। ਜਿਨ੍ਹਾਂ ਗੁਰਮੁਖ ਜਨਾਂ ਨੇ ਨਾਮ ਅੰਮ੍ਰਿਤ ਨੂੰ ਪੀਣਾ ਕੀਤਾ ਹੈ, ਉਨ੍ਹਾਂ ਦੇ ਮਨ ਤੇ ਤਨ ਅੰਦਰ ਸਾਂਤਿ = ਸ਼ਾਂਤੀ ਸਮਾਣੀ = ਸਮਾ ਗਈ ਹੈ ਭਾਵ ਉਨ੍ਹਾਂ ਦੀਆਂ ਸਾਰੀਆਂ ਵਾਸ਼ਨਾਵਾਂ ਮਿਟ ਗਈਆਂ ਹਨ।

## ਤ੍ਰਿਪਤਿ ਅਘਾਇ ਰਹੇ ਜਨ ਤੇਰੇ; ਸਤਿਗੁਰਿ ਕੀਆ ਦਿਲਾਸਾ ਜੀਉ ॥੩॥

ਹੇ ਪਰਮੇਸ਼ਰ ਤੇਰੇ ਭਗਤ ਜਨ ਇਸ ਲੋਕ ਦੇ ਪਦਾਰਥਾਂ ਵੱਲੋਂ ਵੀ ਤ੍ਰਿਪਤਿ = ਸੰਤੁਸ਼ਟ ਤੇ ਸਵਰਗ ਦੇ ਪਦਾਰਥਾਂ ਵੱਲੋਂ ਵੀ ਅਘਾਇ = ਰੱਜ ਗਏ ਹਨ **ਵਾ:** ਲੋਕ-ਪ੍ਰਲੋਕ ਦੇ ਪਦਾਰਥਾਂ ਵੱਲੋਂ ਆਤਮ ਤ੍ਰਿਪਤੀ ਕਰਕੇ ਰੱਜ ਗਏ ਹਨ ਕਿਉਂਕਿ ਸਤਿਗੁਰਾਂ ਨੇ ਉਨ੍ਹਾਂ ਨੂੰ ਦਿਲਾਸਾ = ਧੀਰਜ ਦੇਣਾ ਕੀਆ = ਕੀਤਾ ਹੈ ਜੀ ॥੩॥

## ਜਿਸ ਕਾ ਸਾ; ਤਿਸ ਤੇ ਫਲੁ ਪਾਇਆ ॥
## ਕਰਿ ਕਿਰਪਾ; ਪ੍ਰਭ ਸੰਗਿ ਮਿਲਾਇਆ ॥

ਜਿਸ ਗੁਰੂ ਕਾ = ਦਾ ਮੈਂ ਸੇਵਕ ਸਾ = ਸੀ, ਤਿਸ = ਉਸ ਗੁਰੂ ਤੇ = ਤੋਂ ਹੀ ਬ੍ਰਹਮ ਗਿਆਨ, ਬ੍ਰਹਮਾਨੰਦ ਰੂਪੀ ਫਲ ਪਾਇਆ = ਪਾਉਣਾ ਕੀਤਾ ਹੈ।

ਗੁਰਾਂ ਨੇ ਕਿਰਪਾ = ਮੇਹਰ ਕਰਿ = ਕਰਕੇ ਮੈਨੂੰ ਪ੍ਰਭ = ਪਰਮੇਸ਼ਰ ਦੇ ਸੰਗਿ = ਨਾਲ ਮਿਲਾਇਆ = ਮੇਲ ਦਿੱਤਾ ਹੈ।

## ਆਵਣ ਜਾਣ ਰਹੇ ਵਡਭਾਗੀ; ਨਾਨਕ ਪੂਰਨ ਆਸਾ ਜੀਉ ॥੪॥੩੧॥੩੮॥

ਹੁਣ ਵਡਭਾਗੀ = ਵੱਡਿਆਂ ਭਾਗਾਂ ਕਰਕੇ ਦੁਨੀਆਂ ਵਿਚ ਆਵਣ ਜਾਣ = ਆਉਣਾ ਜਾਣਾ ਰਹੇ = ਰਹਿ ਗਿਆ, ਭਾਵ ਜੰਮਣ ਮਰਣ ਦਾ ਗੇੜ ਮੁੱਕ ਗਿਆ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਉਂ ਸਭ ਆਸਾਂ ਪੂਰਨ = ਪੂਰੀਆਂ ਹੋ ਗਈਆਂ ਹਨ ਜੀ ॥੪॥੩੧॥੩੮॥

## ਮਾਝ ਮਹਲਾ ੫ ॥

ਇਕ ਵਾਰੀ ਵਰਖਾ ਬੜੀ ਹੋਈ ਤਦੋਂ ਮਹਾਰਾਜ ਜੀ ਨੇ ਖ਼ੁਸ਼ੀ ਦਾ ਸ਼ਬਦ ਉਚਾਰਿਆ।

## ਮੀਹੁ ਪਇਆ; ਪਰਮੇਸਰਿ ਪਾਇਆ ॥ ਜੀਅ ਜੰਤ; ਸਭਿ ਸੁਖੀ ਵਸਾਇਆ ॥

ਹੇ ਭਾਈ ! ਪਰਮੇਸ਼ਰ ਦਾ ਪਾਇਆ ਹੋਇਆ ਮੀਂਹ ਬੱਦਲ ਵਰਸਿਆ ਹੈ **ਅਥਵਾ** ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਵਿਚ ਗੁਰੂ ਦੁਆਰਾ ਉਪਦੇਸ਼ ਰੂਪ ਮੀਂਹ ਪਿਆ ਹੈ।

ਜਿੰਨੇ ਵੀ ਜੀਅ ਜੰਤ = ਛੋਟੇ ਵੱਡੇ **ਵਾ:** ਸੂਖਮ ਅਸਥੂਲ ਜੀਵ ਸਨ, ਸਭਿ = ਸਾਰਿਆਂ ਨੂੰ ਸੁਖੀ = ਸੁੱਖ ਦੇ ਸਹਿਤ ਵਸਾਇਆ = ਵਸਾ ਦਿੱਤਾ ਹੈ **ਵਾ:** ਉੱਤਮ, ਮੱਧਮ, ਕਨਿਸ਼ਟ ਜਗਿਆਸੂ ਰੂਪੀ ਸਭਿ = ਸਾਰੇ ਅਧਿਕਾਰੀਆਂ ਨੂੰ ਆਤਮਿਕ ਸੁੱਖ ਦੇ ਸਹਿਤ ਵਸਾਇਆ = ਵਸਾ ਦਿੱਤਾ ਹੈ।

## ਗਇਆ ਕਲੇਸੁ, ਭਇਆ ਸੁਖੁ ਸਾਚਾ; ਹਰਿ ਹਰਿ ਨਾਮੁ ਸਮਾਲੀ ਜੀਉ ॥੧॥

ਹੇ ਭਾਈ ! ਉਨ੍ਹਾਂ ਦਾ ਹਰਿ = ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਸਮਾਲੀ = ਚੇਤੇ ਕਰਨ ਨਾਲ ਰਾਗ ਦ੍ਵੈਸ਼ ਆਦਿ ਪੰਜ ਪ੍ਰਕਾਰ ਦਾ ਕਲੇਸ਼ ਤੇ ਦੁਨਿਆਵੀ ਕਲੇਸ਼ ਚਲਾ ਗਿਆ ਹੈ ਅਤੇ ਸਾਚਾ = ਸੱਚਾ ਆਤਮਾਨੰਦ ਰੂਪ ਸੁੱਖ ਪ੍ਰਾਪਤ ਭਇਆ = ਹੋਇਆ ਹੈ ਜੀ ॥੧॥

## ਜਿਸ ਕੇ ਸੇ; ਤਿਨ ਹੀ ਪ੍ਰਤਿਪਾਰੇ ॥ ਪਾਰਬ੍ਰਹਮ ਪ੍ਰਭ; ਭਏ ਰਖਵਾਰੇ ॥

ਜਿਸ ਵਾਹਿਗੁਰੂ ਨੇ ਸਾਨੂੰ ਪੈਦਾ ਕੀਤਾ ਸੇ = ਸੀ, ਤਿਨ = ਉਸ ਨੇ ਹੀ ਆਪਣੇ ਸੇਵਕ ਜਾਣ ਕੇ ਪ੍ਰਤਿਪਾਰੇ = ਪ੍ਰਤਿਪਾਲਣਾ ਕੀਤੀ ਹੈ। ਅਤੇ

ਪ੍ਰਭ = ਸੁਆਮੀ ਪਾਰਬ੍ਰਹਮ = ਪਰਮੇਸ਼ਰ ਹੀ ਸਾਡੇ ਸੇਵਕਾਂ ਦੇ ਲੋਕ-ਪ੍ਰਲੋਕ ਵਿਚ ਰਖਵਾਰੇ = ਰਾਖੇ ਭਏ = ਹੋਏ ਹਨ।

[ਅੰਗ ੧੦੬]

## ਸੁਣੀ ਬੇਨੰਤੀ ਠਾਕੁਰਿ ਮੇਰੈ; ਪੂਰਨ ਹੋਈ ਘਾਲੀ ਜੀਉ ॥੨॥

ਮੇਰੇ ਠਾਕੁਰਿ = ਸੁਆਮੀ ਵਾਹਿਗੁਰੂ ਨੇ ਆਪਣੇ ਸੇਵਕਾਂ ਦੀ ਬੇਨਤੀ ਸੁਣ ਲਈ ਹੈ ਜਿਸ ਕਰਕੇ ਕੀਤੀ ਹੋਈ ਘਾਲੀ = ਕਮਾਈ ਪੂਰਨ ਹੋ ਗਈ ਹੈ ਭਾਵ ਨੇਪਰੇ ਚੜ੍ਹ ਗਈ ਹੈ **ਅਥਵਾ** ਬ੍ਰਹਮ ਵਿੱਦਿਆ ਦੀ ਘਾਲਣਾ ਤੇ ਨਿਸ਼ਕਾਮ ਕਰਮਾਂ ਦੀ ਘਾਲੀ = ਕਮਾਈ ਪੂਰਨ ਹੋ ਗਈ ਹੈ ਜੀ ॥੨॥

## ਸਰਬ ਜੀਆ ਕਉ; ਦੇਵਣਹਾਰਾ ॥ ਗੁਰ ਪਰਸਾਦੀ; ਨਦਰਿ ਨਿਹਾਰਾ ॥

ਸਰਬ = ਸਾਰੇ ਜੀਵਾਂ ਕਉ = ਨੂੰ ਵਾਹਿਗੁਰੂ ਆਸਰਾ, ਦਾਨ ਦੇਣ ਵਾਲਾ ਹੈ।

ਜਿਨ੍ਹਾਂ ਜੀਵਾਂ 'ਤੇ ਗੁਰ = ਸਤਿਗੁਰੂ ਦੀ ਪਰਸਾਦੀ = ਕ੍ਰਿਪਾ ਨਦਰਿ = ਦ੍ਰਿਸ਼ਟੀ ਹੋਈ ਹੈ, ਉਨ੍ਹਾਂ ਜੀਵਾਂ ਨੇ ਉਸ ਵਾਹਿਗੁਰੂ ਪਰਮੇਸ਼ਰ ਨੂੰ ਗਿਆਨ ਦੀਆਂ ਅੱਖਾਂ ਦੁਆਰਾ ਨਿਹਾਰਾ = ਵੇਖਣਾ ਕੀਤਾ ਹੈ।

## ਜਲ ਥਲ ਮਹੀਅਲ, ਸਭਿ ਤ੍ਰਿਪਤਾਣੇ; ਸਾਧੂ ਚਰਨ ਪਖਾਲੀ ਜੀਉ ॥੩॥

ਜਿਵੇਂ ਬੱਦਲ ਦੇ ਵਰਸਣ ਨਾਲ ਜਲ, ਥਲ ਤੇ ਪ੍ਰਿਥਵੀ ਆਦਿ ਸਾਰੇ ਤ੍ਰਿਪਤ ਹੋ ਜਾਂਦੇ ਹਨ। ਇਸੇ ਪ੍ਰਕਾਰ ਜਲ ਦੀ ਨਿਆਈਂ ਉੱਤਮ ਅਧਿਕਾਰੀ, ਥਲ ਦੀ ਨਿਆਈਂ ਕਨਿਸ਼ਟ ਅਧਿਕਾਰੀ ਮਹੀ = ਪ੍ਰਿਥਵੀ ਦੀ ਨਿਆਈਂ ਬੁੱਧੀਵਾਨ ਅਲ = ਆਕਾਸ਼ ਦੀ ਨਿਆਈਂ ਸ਼ੁੱਧ ਚਿੱਤ ਵਾਲੇ ਸਭ ਰੱਜ ਭਾਵ ਅਨੰਦਤ ਹੋ ਗਏ ਹਨ, ਜਿਨ੍ਹਾਂ ਸਾਧੂ = ਸ੍ਰੇਸ਼ਟ ਗੁਰਾਂ ਦੀ **ਵਾ:** ਸੰਤਾਂ ਦੀ ਕਿਰਪਾ ਨਾਲ ਇਹ ਸਭ ਕੁਝ ਹੋਇਆ ਹੈ, ਉਨ੍ਹਾਂ ਦੇ ਚਰਨਾਂ ਨੂੰ ਪਖਾਲੀ = ਧੋਣਾ ਕਰਦੇ ਹਾਂ **ਅਥਵਾ** ਜਿਨ੍ਹਾਂ ਨੇ ਸਾਧੂ = ਸ੍ਰੇਸ਼ਟ ਗੁਰਾਂ ਦੇ **ਵਾ:** ਸੰਤ ਜਨਾਂ ਦੇ ਚਰਨ ਧੋਣਾ ਕੀਤੇ ਹਨ, ਉਹ ਜਲਾਂ ਥਲਾਂ ਮਹੀਅਲ = ਵਿਚ ਸਾਰੇ ਹਰੀ ਨੂੰ ਪੂਰਨ ਜਾਣ ਕੇ ਆਤਮ ਤ੍ਰਿਪਤੀ ਕਰਕੇ ਤ੍ਰਿਪਤਾਣੇ = ਰੱਜ ਗਏ ਹਨ ਜੀ ॥੩॥

## ਮਨ ਕੀ ਇਛ; ਪੁਜਾਵਣਹਾਰਾ ॥ ਸਦਾ ਸਦਾ; ਜਾਈ ਬਲਿਹਾਰਾ ॥

ਜੋ ਪਰਮੇਸ਼ਰ ਮਨ = ਹਿਰਦੇ ਕੀ = ਦੀ ਇਛ = ਚਾਹਨਾ ਪੁਜਾਵਣਹਾਰਾ = ਪੂਰੀ ਕਰਨ ਵਾਲਾ ਹੈ। ਉਸ ਪਰਮੇਸ਼ਰ ਤੋਂ ਅਸੀਂ ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਬਲਿਹਾਰਾ = ਕੁਰਬਾਨ ਜਾਈ = ਜਾਂਦੇ ਹਾਂ।

## ਨਾਨਕ ਦਾਨੁ ਕੀਆ ਦੁਖ ਭੰਜਨਿ;
## ਰਤੇ ਰੰਗਿ ਰਸਾਲੀ ਜੀਉ ॥੪॥੩੨॥੩੯॥

ਗੁਰੂ ਜੀ ਉਚਾਰਨ ਕਰਦੇ ਹਨ ਕਿ ਜੀਵਾਂ ਦੇ ਦੁੱਖਾਂ ਨੂੰ ਮੇਟਣ ਵਾਲੇ ਵਾਹਿਗੁਰੂ ਨੇ ਸਾਨੂੰ ਗੁਰਾਂ ਦੁਆਰਾ ਆਪਣੇ ਨਾਮ ਦਾ ਦਾਨ ਦੇਣਾ ਕੀਆ = ਕੀਤਾ ਹੈ, ਜਿਸ ਕਰਕੇ ਅਸੀਂ ਰਸਾਲੀ (ਰਸ + ਆਲੀ) ਰਸਾਂ ਦੇ ਆਲੀ = ਘਰ ਵਾਹਿਗੁਰੂ ਦੇ ਨਾਮ ਰੰਗ ਵਿਚ ਰਤੇ = ਰੱਤੇ ਗਏ ਹਾਂ ਜੀ ॥੪॥੩੨॥੩੯॥

## ਮਾਝ ਮਹਲਾ ੫ ॥

## ਮਨੁ ਤਨੁ ਤੇਰਾ; ਧਨੁ ਭੀ ਤੇਰਾ ॥ ਤੂੰ ਠਾਕੁਰੁ ਸੁਆਮੀ; ਪ੍ਰਭੁ ਮੇਰਾ ॥

ਹੇ ਅੰਤਰਜਾਮੀ ! ਮਨੁ = ਸੂਖਮ ਸਰੀਰ, ਤਨੁ = ਸਥੂਲ ਸਰੀਰ ਇਹ ਤੇਰਾ = ਤੁਹਾਡਾ ਹੀ ਦਿੱਤਾ ਹੋਇਆ ਹੈ ਅਤੇ ਸੰਸਾਰੀ ਲੋੜਾਂ ਵਾਸਤੇ ਧਨ ਭੀ = ਵੀ ਤੇਰਾ = ਤੁਹਾਡਾ ਹੀ ਦਿੱਤਾ ਹੋਇਆ ਹੈ।

ਹੇ ਪਰਮੇਸ਼ਰ ! ਤੂੰ ਹੀ ਮੇਰਾ ਪਿੱਛੇ ਠਾਕੁਰੁ = ਮਾਲਕ ਸੀ, ਤੂੰ ਹੀ ਮੇਰਾ ਹੁਣ ਸੁਆਮੀ ਹੈਂ ਅਤੇ ਤੂੰ ਹੀ ਮੇਰਾ ਪ੍ਰਲੋਕ ਵਿਚ ਰੱਖਿਅਕ ਹੋਵੇਂਗਾ।

## ਜੀਉ ਪਿੰਡੁ ਸਭੁ ਰਾਸਿ ਤੁਮਾਰੀ; ਤੇਰਾ ਜੋਰੁ ਗੋਪਾਲਾ ਜੀਉ ॥੧॥

ਸੂਖਮ, ਸਥੂਲ ਤਿੰਨ ਦੇਹਾਂ ਰੂਪੀ ਸਭੁ = ਸਾਰੀ ਰਾਸਿ = ਪੂੰਜੀ ਤੁਮਾਰੀ = ਤੁਹਾਡੀ ਹੀ ਦਿੱਤੀ ਹੋਈ ਹੈ। ਹੇ ਗੋਪਾਲਾ = ਪ੍ਰਿਥਵੀ ਦੇ ਪਾਲਕ ਬ੍ਰਹਮ ਚੇਤਨ ਜੀ ! ਤੇਰਾ ਹੀ ਜੀਵਾਂ ਵਿਚ ਜੋਰੁ = ਬਲ ਹੈ ਭਾਵ ਤੇਰੀ ਚੇਤਨ ਸੱਤਾ ਨਾਲ ਹੀ ਸਾਰੇ ਜੀਵ ਤੁਰੇ ਫਿਰਦੇ ਹਨ॥੧॥

## ਸਦਾ ਸਦਾ; ਤੂੰਹੈ ਸੁਖਦਾਈ ॥ ਨਿਵਿ ਨਿਵਿ ਲਾਗਾ; ਤੇਰੀ ਪਾਈ ॥

ਹੇ ਪਰਮੇਸ਼ਰ ! ਸਦਾ ਸਦਾ = ਹਮੇਸ਼ਾਂ ਹਮੇਸ਼ਾਂ ਤੂੰਹੈ = ਤੂੰ ਹੀ ਲੋਕ-ਪ੍ਰਲੋਕ ਵਿਚ ਸੁਖਦਾਈ = ਸੁੱਖਾਂ ਦੇ ਦੇਣ ਵਾਲਾ ਹੈਂ। ਇਸ ਕਰਕੇ ਮੈਂ ਦੇਹ ਅਭਿਮਾਨ ਵੱਲੋਂ ਨਿਵਿ = ਝੁਕ ਕਰਕੇ ਤੇ ਗੁਣਾਂ ਦੇ ਹੰਕਾਰ ਵੱਲੋਂ ਨਿਵਿ = ਝੁਕ ਕਰਕੇ ਤੇਰੀ ਪਾਈ = ਚਰਨੀਂ ਲਾਗਾ = ਲੱਗਦਾ ਹਾਂ।

## ਕਾਰ ਕਮਾਵਾ ਜੇ ਤੁਧੁ ਭਾਵਾ; ਜਾ ਤੂੰ ਦੇਹਿ ਦਇਆਲਾ ਜੀਉ ॥੨॥

ਹੇ ਦਇਆ ਦੇ ਘਰ ਸਤਿਗੁਰੂ ਜੀ ! ਜਾ = ਜਦੋਂ ਤੂੰ = ਤੁਸੀਂ ਅੰਮ੍ਰਿਤ ਨਾਮ ਦੀ ਬਖ਼ਸ਼ਿਸ਼ ਕਰਦੇ ਹੋ, ਤਾਂ ਅਸੀਂ ਜੀਵ ਭਾਉ ਭਗਤੀ ਦੀ ਕਾਰ ਕਮਾਵਾ = ਕਮਾਉਂਦੇ ਹਾਂ ਜੋ ਆਪ ਜੀ ਨੂੰ ਭਾਵਾ = ਭਾਉਂਦੀ ਹੈ॥੨॥

## ਪ੍ਰਭ ਤੁਮ ਤੇ ਲਹਣਾ; ਤੂੰ ਮੇਰਾ ਗਹਣਾ ॥ ਜੋ ਤੂੰ ਦੇਹਿ; ਸੋਈ ਸੁਖੁ ਸਹਣਾ ॥

ਹੇ ਸੱਚੇ ਪਾਤਸ਼ਾਹ ਜੀ ! ਅਸੀਂ ਤੁਮ = ਤੁਹਾਡੇ ਤੇ = ਤੋਂ ਹੀ ਨਾਮ ਲਹਣਾ = ਪ੍ਰਾਪਤ ਕਰਨਾ ਹੈ। ਤੂੰ ਹੀ ਮੇਰਾ ਭਾਵਨਾ ਰੂਪ ਗਹਣਾ = ਭੂਖਣ ਹੈਂ। ਅਸਾਂ ਨੇ ਤੁਹਾਨੂੰ ਹੀ ਹਿਰਦੇ ਅੰਦਰ ਗਹਣਾ = ਗ੍ਰਹਿਣ ਭਾਵ ਪਕੜਨਾ ਕੀਤਾ ਹੈ। ਜੋ = ਜਿਹੜਾ ਕੁਝ ਤੂੰ = ਤੁਸੀਂ ਕ੍ਰਿਪਾ ਕਰਕੇ ਸਾਨੂੰ ਬਖ਼ਸ਼ ਦੇਹਿ = ਦਿੰਦੇ ਹੋ, ਅਸੀਂ ਸੋਈ = ਉਸ ਨੂੰ ਸੁੱਖ ਕਰਕੇ ਸਹਣਾ = ਸਹਾਰਨਾ ਕਰਦੇ ਹਾਂ।

## ਜਿਥੈ ਰਖਹਿ ਬੈਕੁੰਠੁ ਤਿਥਾਈ; ਤੂੰ ਸਭਨਾ ਕੇ ਪ੍ਰਤਿਪਾਲਾ ਜੀਉ ॥੩॥

ਜਿਥੇ ਤੁਸੀਂ ਰੱਖਦੇ ਹੋ, ਤਿਥਾਈ = ਉਹ ਥਾਂ ਹੀ ਸਾਨੂੰ ਬੈਕੁੰਠ ਵਾਂਗ ਹੈ। ਤੂੰ = ਤੁਸੀਂ ਆਪ ਹੀ ਸਾਰਿਆਂ ਜੀਵਾਂ ਤਾਈਂ ਪਾਲਣਾ ਕਰਨ ਵਾਲੇ ਹੋ ਜੀ॥੩॥

## ਸਿਮਰਿ ਸਿਮਰਿ; ਨਾਨਕ ਸੁਖੁ ਪਾਇਆ ॥ ਆਠ ਪਹਰ; ਤੇਰੇ ਗੁਣ ਗਾਇਆ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਅਸਾਂ ਨੇ ਆਪ ਦੇ ਨਾਮ ਨੂੰ ਸਿਮਰ ਸਿਮਰ ਕੇ ਆਤਮਕ ਸੁੱਖ ਪਾਇਆ = ਪ੍ਰਾਪਤ ਕੀਤਾ ਹੈ।

ਤੇਰੀ ਕ੍ਰਿਪਾ ਸਦਕਾ ਹੀ ਮੈਂ ਅੱਠੇ ਪਹਿਰ ਤੇਰੇ ਅੰਮ੍ਰਿਤ ਰੂਪ ਗੁਣਾਂ ਨੂੰ ਗਾਇਆ = ਗਾਉਣਾ ਕੀਤਾ ਹੈ।

## ਸਗਲ ਮਨੋਰਥ ਪੂਰਨ ਹੋਏ; ਕਦੇ ਨ ਹੋਇ ਦੁਖਾਲਾ ਜੀਉ ॥੪॥੩੩॥੪੦॥

ਮੇਰੇ ਮਨ ਦੇ ਸਗਲ = ਸਾਰੇ ਮਨੋਰਥ = ਸੰਕਲਪ ਪੂਰਨ = ਪੂਰੇ ਹੋਏ = ਹੋ ਗਏ ਹਨ, ਹੁਣ ਕਦੇ ਵੀ ਇਹ ਮਨ ਦੁਖਾਲਾ = ਦੁਖੀ ਨ = ਨਹੀਂ ਹੋਇ = ਹੋਵੇਗਾ ਜੀ ॥੪॥੩੩॥੪੦॥

## ਮਾਝ ਮਹਲਾ ੫ ॥ ਪਾਰਬ੍ਰਹਮਿ ਪ੍ਰਭਿ; ਮੇਘੁ ਪਠਾਇਆ ॥

ਪਾਰਬ੍ਰਹਮਿ = ਪਾਪਾਂ ਪੁੰਨਾਂ ਤੋਂ ਪਰੇ ਵਿਆਪਕ ਪ੍ਰਭਿ = ਪਰਮੇਸ਼ਰ ਨੇ ਆਪ ਹੀ ਵਰਖਾ ਕਰਨ ਲਈ ਮੇਘੁ = ਬੱਦਲ ਪਠਾਇਆ = ਭੇਜਿਆ ਹੈ।

## ਜਲਿ ਥਲਿ ਮਹੀਅਲਿ; ਦਹ ਦਿਸਿ ਵਰਸਾਇਆ ॥

ਜਿਸ ਨੇ ਜਲਿ = ਪਾਣੀ ਵਾਲੀਆਂ, ਥਲਿ = ਖੁਸ਼ਕ ਥਾਵਾਂ ਮਹੀਅਲਿ = ਵਿਚ ਅਤੇ ਦਹ ਦਿਸਿ = ਦਸੋਂ ਦਿਸ਼ਾਵਾਂ ਅੰਦਰ ਹੀ ਮੀਂਹ ਵਰਸਾਇਆ = ਵਰਸਾਉਣਾ ਕੀਤਾ ਹੈ।

## ਸਾਂਤਿ ਭਈ ਬੁਝੀ ਸਭ ਤ੍ਰਿਸਨਾ; ਅਨਦੁ ਭਇਆ ਸਭ ਠਾਈ ਜੀਉ ॥੧॥

ਸਾਰੇ ਜੀਵ ਜੰਤਾਂ ਦੀ ਤ੍ਰਿਸਨਾ = ਪਿਆਸ ਬੁਝੀ = ਬੁਝ ਗਈ ਹੈ ਅਤੇ ਸਾਂਤਿ = ਸ਼ਾਂਤੀ ਭਈ = ਹੋਈ ਹੈ, ਜਿਸ ਕਰਕੇ ਸਭ = ਸਾਰੀਆਂ ਠਾਈ = ਜਗ੍ਹਾ ਵਿਚ ਅਨੰਦ ਭਇਆ = ਹੋਇਆ ਹੈ ਜੀ ॥੧॥

### ਦੂਸਰਾ ਅਰਥ

**ਪਾਰਬ੍ਰਹਮਿ ਪ੍ਰਭਿ; ਮੇਘੁ ਪਠਾਇਆ ॥**

ਜਿਸ ਵੇਲੇ ਪਾਰਬ੍ਰਹਮ ਪਰਮੇਸ਼ਰ ਨੇ ਗੁਰੂ ਨਾਨਕ ਰੂਪੀ ਮੇਘੁ = ਬੱਦਲ ਨੂੰ ਸੰਸਾਰ ਦੀ ਕਲਿਆਣ ਵਾਸਤੇ ਪਠਾਇਆ = ਭੇਜਿਆ। ਤਾਂ :

**ਜਲਿ ਥਲਿ ਮਹੀਅਲਿ; ਦਹ ਦਿਸਿ ਵਰਸਾਇਆ ॥**

ਉਨ੍ਹਾਂ ਸਤਿਗੁਰਾਂ ਨੇ ਕਿਰਪਾ ਕਰਕੇ ਜਲਾਂ ਥਲਾਂ ਮਹੀਅਲਿ = ਵਿਚ **ਵਾ:** ਮਹੀ = ਪ੍ਰਿਥਵੀ, ਅਲਿ = ਆਕਾਸ਼ ਅਤੇ ਦਸੋਂ ਦਿਸ਼ਾਵਾਂ ਵਿਚ ਨਾਮ ਉਪਦੇਸ਼ ਦਾ ਮੀਂਹ ਵਰਸਾਉਣਾ ਕੀਤਾ ਹੈ **ਅਥਵਾ** ਜਲ ਦੀ ਨਿਆਈਂ ਪ੍ਰੇਮ ਵਿਚ ਭਿੱਜੇ ਰਹਿਣ ਵਾਲੇ ਅਧਿਕਾਰੀ, ਥਲ ਦੀ ਨਿਆਈਂ ਪਦਾਰਥਾਂ ਦੀ ਇੱਛਾ ਰੱਖਣ ਵਾਲੇ ਕਨਿਸ਼ਟ ਪੁਰਖਾਂ, ਮਹੀ = ਧਰਤੀ ਦੀ ਨਿਆਈਂ ਖਿਮਾ, ਆਤਮ ਵਿਸ਼ੈਣੀ ਬੁੱਧ ਵਾਲੇ, ਅਲਿ = ਅਕਾਸ਼ ਦੀ ਨਿਆਈਂ ਸ਼ੁੱਧ ਚਿੱਤ ਵਾਲੇ ਪੁਰਖਾਂ ਦੇ ਹਿਰਦਿਆਂ ਵਿਚ ਅਤੇ ਦਸੋਂ ਦਿਸ਼ਾਵਾਂ ਵਿਚ ਨਾਮ ਉਪਦੇਸ਼ ਦਾ ਮੀਂਹ ਵਰਸਾਉਣਾ ਕੀਤਾ ਹੈ।

**ਸਾਂਤਿ ਭਈ ਬੁਝੀ ਸਭ ਤ੍ਰਿਸਨਾ; ਅਨਦੁ ਭਇਆ ਸਭ ਠਾਈ ਜੀਉ ॥੧॥**

ਇਉਂ ਨਾਮ ਦੇ ਪ੍ਰਤਾਪ ਕਰਕੇ ਕਲਿਜੁਗ ਦੇ ਅੰਦਰ ਸ਼ਾਂਤੀ ਭਈ = ਹੋ ਗਈ, ਸਭ = ਸਾਰੀ ਰਸਾਂ ਕਸਾਂ ਦੀ ਤ੍ਰਿਸਨਾ ਬੁਝੀ = ਬੁਝ ਗਈ ਅਤੇ ਗੁਰਾਂ ਦੇ ਨਾਮ ਉਪਦੇਸ਼ ਦੀ ਵਰਖਾ ਕਰਕੇ, ਸਭ = ਸਾਰੇ ਸੰਤਾਂ ਭਗਤਾਂ ਦੇ ਰਿਦੇ ਰੂਪੀ ਠਾਈ = ਥਾਵਾਂ ਵਿਚ ਅਨੰਦ ਪ੍ਰਾਪਤ ਭਇਆ = ਹੋਇਆ ਹੈ ਜੀ ॥੧॥

## ਸੁਖਦਾਤਾ; ਦੁਖ ਭੰਜਨਹਾਰਾ ॥ ਆਪੇ ਬਖਸਿ ਕਰੇ; ਜੀਅ ਸਾਰਾ ॥

ਉਹ ਪਰਮੇਸ਼ਰ ਸਾਰਿਆਂ ਸੁੱਖਾਂ ਦਾ ਦਾਤਾ ਅਤੇ ਜੰਮਣ, ਮਰਣ ਦੇ ਦੁੱਖਾਂ ਨੂੰ ਭੰਜਨਹਾਰਾ = ਨਾਸ ਕਰਨ

ਵਾਲਾ ਹੈ। ਉਹ ਪਰਮੇਸ਼ਰ ਆਪੇ = ਆਪ ਹੀ ਜੀਵਾਂ ਦੇ ਔਗੁਣਾਂ ਨੂੰ ਬਖ਼ਸ਼ ਕੇ ਸਾਰਿਆਂ ਜੀਵਾਂ ਦੀ ਸਾਰਾ = ਸੰਭਾਲ ਕਰੇ = ਕਰਦਾ ਹੈ **ਵਾ:** ਉਹ ਹੀ ਆਪਣੇ ਨਾਮ ਦੀ, ਭਾਉ ਭਗਤੀ ਦੀ ਦਾਤ ਬਖ਼ਸ਼ ਕੇ ਸਾਰਿਆਂ ਜੀਵਾਂ ਦੀ ਪ੍ਰਲੋਕ ਵਿਚ ਸਾਰਾ = ਸੰਭਾਲ ਕਰਦਾ ਹੈ।

## ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ;
## ਪਇ ਪੈਰੀ ਤਿਸਹਿ ਮਨਾਈ ਜੀਉ ॥੨॥

ਉਹ ਪਰਮੇਸ਼ਰ ਆਪ ਹੀ ਆਪਣੇ ਪੈਦਾ ਕੀਤੇ ਹੋਏ ਸੰਸਾਰ ਨੂੰ ਪੁੱਤਰ ਜਾਣ ਕੇ ਆਪ ਹੀ ਸਾਰੇ ਜੀਵਾਂ ਦੇ ਪ੍ਰਤਿ = ਤਾਈਂ ਪਾਲੇ = ਪਾਲਣਾ ਕਰਦਾ ਹੈ। ਇਸ ਲਈ ਮੈਂ ਸਤਿਗੁਰਾਂ ਦੇ ਪੈਰੀ = ਚਰਨੀਂ ਪਇ = ਪੈ ਕੇ ਤਿਸਹਿ = ਉਸ ਪਰਮੇਸ਼ਰ ਨੂੰ ਹੀ ਮਨਾਉਣਾ ਕਰਦਾ ਹਾਂ ॥੨॥

## ਜਾ ਕੀ ਸਰਣਿ ਪਇਆ; ਗਤਿ ਪਾਈਐ ॥
## ਸਾਸਿ ਸਾਸਿ; ਹਰਿ ਨਾਮੁ ਧਿਆਈਐ ॥

ਜਿਸ ਪ੍ਰਭੂ ਦੀ ਸਰਣ ਪੈਣ ਨਾਲ ਗਤਿ = ਮੁਕਤੀ ਪਾਈਐ = ਪ੍ਰਾਪਤ ਹੁੰਦੀ ਹੈ।

ਇਸ ਕਰਕੇ ਸੁਆਸ ਦੇ ਅੰਦਰ ਬਾਹਰ ਆਉਂਦਿਆਂ ਜਾਂਦਿਆਂ ਧਿਆਨ ਬਿਰਤੀ ਦੁਆਰਾ ਉਸ ਹਰਿ = ਹਰੀ ਦੇ ਨਾਮ ਨੂੰ ਧਿਆਉਣਾ ਕਰੀਏ।

## ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ; ਸਭ ਤਿਸੈ ਕੀਆ ਜਾਈ ਜੀਉ ॥੩॥

ਤਿਸੁ = ਉਸ ਵਾਹਿਗੁਰੂ ਤੋਂ ਬਿਨਾਂ ਕੋਈ ਹੋਰ ਦੂਜਾ = ਦੂਸਰਾ ਠਾਕੁਰੁ = ਮਾਲਕ ਨਹੀਂ ਹੈ। ਮਾਤ ਲੋਕ, ਬ੍ਰਹਮ ਲੋਕ, ਪਾਤਾਲ ਲੋਕ, ਬੈਕੁੰਠ ਆਦਿ ਸਭ = ਸਾਰੀਆਂ ਹੀ ਜਾਈ = ਜਗ੍ਹਾ ਤਿਸੈ = ਉਸ ਕੀਆ = ਦੀਆਂ ਹੀ ਪੈਦਾ ਕੀਤੀਆਂ ਹੋਈਆਂ ਹਨ ਜੀ ॥੩॥

## ਤੇਰਾ ਮਾਣੁ; ਤਾਣੁ ਪ੍ਰਭ ਤੇਰਾ ॥ ਤੂੰ ਸਚਾ ਸਾਹਿਬੁ; ਗੁਣੀ ਗਹੇਰਾ ॥

ਹੇ ਪਰਮੇਸ਼ਰ ! ਸਾਨੂੰ ਮਨ ਵਿਚ ਤੇਰਾ ਹੀ ਮਾਣ ਤੇ ਸਰੀਰ ਵਿਚ ਤੇਰਾ ਹੀ ਤਾਣੁ = ਬਲ ਹੈ **ਵਾ:** ਮਨ ਵਿਚ ਸਰੂਪ ਦੇ ਗਿਆਨ ਦਾ ਮਾਣ ਤੇ ਬੁੱਧ ਵਿਚ ਬਿਬੇਕ ਦਾ ਤਾਣ ਤੇਰਾ ਹੀ ਹੈ। ਹੇ ਗ਼ਰੀਬ ਨਿਵਾਜ਼ ! ਤੂੰ ਸਚਾ ਸਾਹਿਬੁ = ਮਾਲਕ ਅਤੇ ਗੁਣੀ = ਗੁਣਾਂ ਦਾ ਗਹੇਰਾ = ਸਮੁੰਦਰ ਖ਼ਜ਼ਾਨਾ ਹੈਂ।

## ਨਾਨਕੁ ਦਾਸੁ ਕਹੈ ਬੇਨੰਤੀ;
## ਆਠ ਪਹਰ ਤੁਧੁ ਧਿਆਈ ਜੀਉ ॥੪॥੩੪॥੪੧॥

ਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਦਾਸਾ ਭਾਵ ਧਾਰ ਕੇ ਬੇਨਤੀ ਕਰਦੇ ਹਾਂ ਕਿ ਸਾਡਾ ਮਨ ਹੋਰ ਸੰਕਲਪਾਂ ਵੱਲ ਨਾ ਜਾਵੇ। ਅੱਠੇ ਪਹਿਰ ਤੁਧੁ = ਤੈਨੂੰ ਹੀ ਧਿਆਈ = ਧਿਆਉਣਾ ਕਰੀਏ ਜੀ ॥੪॥੩੪॥੪੧॥

## ਮਾਝ ਮਹਲਾ ੫ ॥
## ਸਭੇ ਸੁਖ ਭਏ; ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ; ਮਨਿ ਵੁਠੇ ॥

ਪ੍ਰਭ = ਪਰਮੇਸ਼ਰ ਦੇ ਤੁਠੇ = ਪ੍ਰਸੰਨ ਹੋਣ ਨਾਲ ਸਭੇ = ਸਾਰੇ ਲੋਕ-ਪ੍ਰਲੋਕ ਦੇ ਸੁੱਖ ਪ੍ਰਾਪਤ ਭਏ = ਹੋਏ ਹਨ ਕਿਉਂਕਿ ਪੂਰੇ = ਪੂਰਨ ਗੁਰ = ਸਤਿਗੁਰਾਂ ਕੇ = ਦੇ ਚਰਨ ਮਨਿ = ਹਿਰਦੇ ਵਿਚ ਵੁਠੇ = ਵੱਸ ਗਏ ਹਨ।

## ਸਹਜ ਸਮਾਧਿ ਲਗੀ ਲਿਵ ਅੰਤਰਿ; ਸੋ ਰਸੁ ਸੋਈ ਜਾਣੈ ਜੀਉ ॥੧॥

ਹੁਣ ਗੁਰੂ ਦੀ ਕ੍ਰਿਪਾ ਦੁਆਰਾ ਮਨ ਦੀ ਬਿਰਤੀ ਅੰਤਰਮੁਖ ਹੋ ਕੇ ਸਹਜ ਸਮਾਧਿ = ਨਿਰ-ਵਿਕਲਪ ਸਮਾਧੀ ਵਿਚ ਲੱਗ ਗਈ ਹੈ, ਸੋ = ਉਸ ਆਤਮਾਨੰਦ ਰੂਪ ਰਸ ਨੂੰ ਸੋਈ = ਉਹੀ ਜਾਣੈ = ਜਾਣਦਾ ਹੈ, ਜਿਸ ਨੇ ਮਾਣਿਆ ਹੈ, ਹੋਰ ਕੋਈ ਦੂਜਾ ਨਹੀਂ ਜਾਣ ਸਕਦਾ ਜੀ ॥੧॥

## ਅਗਮ ਅਗੋਚਰੁ; ਸਾਹਿਬੁ ਮੇਰਾ ॥ ਘਟ ਘਟ ਅੰਤਰਿ; ਵਰਤੈ ਨੇਰਾ ॥

ਮੇਰਾ ਸਾਹਿਬੁ = ਮਾਲਕ ਅਗਮ = ਮਨ ਦੀ ਗਮਤਾ-ਪਹੁੰਚ ਤੋਂ ਪਰ੍ਹੇ ਤੇ ਅਗੋਚਰੁ = ਇੰਦ੍ਰਿਆਂ ਦੇ ਅਵਿਸ਼ੇ ਹੈ।

ਸਾਰੀਆਂ ਖਾਣੀਆਂ ਦੇ ਜੀਵਾਂ ਦੇ ਘਟ ਘਟ ਅੰਤਰਿ = ਅੰਦਰ ਨੇਰਾ = ਨੇੜੇ ਹੋ ਕੇ ਵਰਤੈ = ਵਰਤਦਾ ਹੈ।

## ਸਦਾ ਅਲਿਪਤੁ ਜੀਆ ਕਾ ਦਾਤਾ; ਕੋ ਵਿਰਲਾ ਆਪੁ ਪਛਾਣੈ ਜੀਉ ॥੨॥

ਉਹ ਸਦਾ ਹੀ ਅਲਿਪਤੁ = ਨਿਰਲੇਪ ਰੂਪ ਹੈ, ਸਾਰਿਆਂ ਜੀਵਾਂ ਕਾ = ਦਾ ਦਾਤਾ ਹੈ, ਕੋ = ਕੋਈ ਵਿਰਲਾ ਹੀ ਉਸ ਨੂੰ ਆਪੁ = ਆਪਣਾ ਆਤਮਾ ਰੂਪ ਕਰਕੇ ਪਛਾਣੈ = ਪਛਾਣਦਾ ਹੈ ਜੀ ॥੨॥

## ਪ੍ਰਭ ਮਿਲਣੈ ਕੀ; ਏਹ ਨੀਸਾਣੀ ॥ ਮਨਿ ਇਕੋ; ਸਚਾ ਹੁਕਮੁ ਪਛਾਣੀ ॥

ਪ੍ਰਭ = ਪਰਮੇਸ਼ਰ ਦੇ ਮਿਲਣੈ = ਮਿਲਣ ਕੀ = ਦੀ ਏਹ = ਇਹੋ ਹੀ ਨਿਸਾਣੀ = ਨਿਸ਼ਾਨੀ ਹੈ ਕਿ ਸੱਚੇ ਪਰਮੇਸ਼ਰ ਦੇ ਹੁਕਮ ਨੂੰ ਪਛਾਣੀ = ਪਛਾਣ ਕੇ, ਉਸ ਇੱਕੋ ਪਰਮੇਸ਼ਰ ਨੂੰ ਹੀ ਮਨਿ = ਹਿਰਦੇ ਵਿਚ ਵਸਾਉਣਾ ਕਰੀਏ **ਵਾ:** ਇੱਕੋ ਹੀ ਸੱਚੇ ਪਰਮੇਸ਼ਰ ਦੇ ਹੁਕਮ ਨੂੰ ਮਨ ਵਿਚ ਪਛਾਣਨਾ ਕਰੀਏ।

## ਸਹਜਿ ਸੰਤੋਖਿ ਸਦਾ ਤ੍ਰਿਪਤਾਸੇ; ਅਨਦੁ ਖਸਮ ਕੈ ਭਾਣੈ ਜੀਉ ॥੩॥

ਹੇ ਪਿਆਰੇ ਜੀ! ਐਸੇ ਪੁਰਖ ਅਨਦੁ = ਅਨੰਦ ਸਰੂਪ ਖਸਮ = ਮਾਲਕ ਪਰਮੇਸ਼ਰ ਕੈ = ਦੇ ਭਾਣੈ = ਹੁਕਮ ਨੂੰ ਮੰਨ ਕੇ ਆਤਮਿਕ ਸਹਜਿ = ਸ਼ਾਂਤੀ ਤੇ ਪਦਾਰਥਾਂ ਵੱਲੋਂ ਸੰਤੋਖੀ ਹੋ ਕੇ ਸਦਾ = ਹਮੇਸ਼ਾਂ ਹੀ ਤ੍ਰਿਪਤਾਸੇ = ਤ੍ਰਿਪਤ ਰਹਿੰਦੇ ਹਨ ॥੩॥

## ਹਥੀ ਦਿਤੀ; ਪ੍ਰਭਿ ਦੇਵਣਹਾਰੈ ॥ ਜਨਮ ਮਰਣ ਰੋਗ; ਸਭਿ ਨਿਵਾਰੇ ॥

(**ਹਥੀ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਜਿਵੇਂ ਕੋਈ ਦਰਿਆ ਵਿੱਚੋਂ ਰੁੜ੍ਹਿਆ ਜਾਂਦਾ ਹੋਵੇ, ਉਸ ਨੂੰ ਕੋਈ ਤਾਰੂ ਆਦਮੀ ਆਪਣੀ ਬਾਂਹ ਪਕੜ ਕੇ ਬਾਹਰ ਕੱਢ ਲੈਂਦਾ ਹੈ, ਇਸੇ ਪ੍ਰਕਾਰ ਜਿਨ੍ਹਾਂ ਨੂੰ ਸੰਸਾਰ ਦੇ ਪਦਾਰਥਾਂ ਰੂਪੀ ਪਾਣੀ ਵਿਚ ਰੁੜ੍ਹੇ ਜਾਂਦਿਆਂ ਨੂੰ ਦੇਵਣਹਾਰੈ = ਦਾਤਾਂ ਦੇਣ ਵਾਲੇ ਪ੍ਰਭਿ = ਪਰਮੇਸ਼ਰ ਨੇ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾਉਣ ਵਾਸਤੇ ਆਪਣੀ ਕਿਰਪਾ, ਭਗਤੀ ਰੂਪੀ ਹਥੀ = ਬਾਂਹ ਪਕੜਾ ਦਿੱਤੀ ਹੈ।

ਉਨ੍ਹਾਂ ਦੇ ਜੰਮਣ ਮਰਣ ਦੇ ਰੋਗ ਆਦਿ ਸਭਿ = ਸਾਰੇ ਕਸ਼ਟ ਨਿਵਾਰੇ = ਨਵਿਰਤ ਕਰ ਦਿੱਤੇ ਹਨ।

## ਨਾਨਕ ਦਾਸ ਕੀਏ ਪ੍ਰਭਿ ਅਪੁਨੇ; ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ ਦਾਸ = ਸੇਵਕ ਬਣਾਉਣਾ ਕੀਏ = ਕੀਤਾ ਹੈ, ਉਹੀ ਹਰਿ = ਪਰਮੇਸ਼ਰ ਦੇ ਕੀਰਤਨਿ = ਜੱਸ ਦੁਆਰਾ ਵਾਹਿਗੁਰੂ ਦੇ ਰੰਗ = ਅਨੰਦ ਨੂੰ ਮਾਣੇ = ਮਾਣਦੇ ਹਨ, ਜੀ ॥੪॥੩੫॥੪੨॥

[ਅੰਗ ੧੦੭]

## ਮਾਝ ਮਹਲਾ ੫ ॥

## ਕੀਨੀ ਦਇਆ; ਗੋਪਾਲ ਗੁਸਾਈ ॥ ਗੁਰ ਕੇ ਚਰਣ; ਵਸੇ ਮਨ ਮਾਹੀ ॥

ਜਿਨ੍ਹਾਂ 'ਤੇ (ਗੋ + ਪਾਲ) ਗੋ = ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਗੁਸਾਈ = ਮਾਲਕ ਨੇ ਦਿਆਲਤਾ ਕੀਨੀ = ਕੀਤੀ ਹੈ। ਗੁਰ = ਸਤਿਗੁਰਾਂ ਕੇ = ਦੇ ਚਰਨ ਉਨ੍ਹਾਂ ਦੇ ਮਨ = ਹਿਰਦੇ ਮਾਹੀ = ਵਿਚ ਵੱਸੇ ਹਨ।

## ਅੰਗੀਕਾਰੁ ਕੀਆ ਤਿਨਿ ਕਰਤੈ; ਦੁਖ ਕਾ ਡੇਰਾ ਢਾਹਿਆ ਜੀਉ ॥੧॥

ਤਿਨਿ = ਉਸ ਕਰਤਾ ਪੁਰਖ ਨੇ ਤਰਸ ਕਰਕੇ ਉਨ੍ਹਾਂ ਨੂੰ ਅੰਗੀਕਾਰੁ = ਸਵੀਕਾਰ ਕਰ ਲਿਆ ਹੈ **ਵਾ:** ਉਨ੍ਹਾਂ ਦਾ ਪੱਖ ਕੀਤਾ ਹੈ ਅਤੇ ਉਨ੍ਹਾਂ ਦਾ ਜੰਮਣ ਮਰਣ ਦਾ ਦੁੱਖ ਅਤੇ ਅਗਿਆਨ ਦਾ ਡੇਰਾ = ਅਸਥਾਨ ਢਾਹ ਦਿੱਤਾ ਹੈ ਜੀ॥੧॥

## ਮਨਿ ਤਨਿ ਵਸਿਆ; ਸਚਾ ਸੋਈ ॥ ਬਿਖੜਾ ਥਾਨੁ; ਨ ਦਿਸੈ ਕੋਈ ॥

ਸੋਈ = ਉਹ ਸੱਚਾ ਵਾਹਿਗੁਰੂ ਗੁਰਾਂ ਦੀ ਕ੍ਰਿਪਾ ਦੁਆਰਾ ਜਿਨ੍ਹਾਂ ਦੇ ਮਨ ਤਨ ਵਿਚ ਵੱਸ ਗਿਆ ਹੈ। ਉਨ੍ਹਾਂ ਦਾ ਜਮਾਂ ਦਾ ਮਾਰਗ, ਪੰਜਾਂ ਕੋਸ਼ਾਂ ਆਦਿ ਦਾ ਬਿਖੜਾ = ਕਠਨ ਥਾਨ = ਥਾਂ ਹੁਣ ਕੋਈ ਵੀ ਨਹੀਂ ਦਿਸੈ = ਦਿੱਸਦਾ।

## ਦੂਤ ਦੁਸਮਣ ਸਭਿ ਸਜਣ ਹੋਏ; ਏਕੋ ਸੁਆਮੀ ਆਹਿਆ ਜੀਉ ॥੨॥

ਜਿਨ੍ਹਾਂ ਨੇ ਏਕੋ = ਇਕ ਸੁਆਮੀ = ਮਾਲਕ ਵਾਹਿਗੁਰੂ ਨੂੰ ਆਹਿਆ = ਚਾਹਿਆ ਹੈ, ਉਨ੍ਹਾਂ ਦੇ ਦੂਤ = ਜਮਦੂਤ ਅਤੇ ਦੁਸਮਣ = ਦੁਸ਼ਮਣੀ ਕਰਨ ਵਾਲੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਸਭਿ = ਸਾਰੇ ਸਜਣ = ਮਿੱਤਰ ਹੋਏ = ਹੋ ਗਏ ਹਨ **ਵਾ:** ਇਕ ਪਰਮੇਸ਼ਰ ਦੀ ਪ੍ਰਾਪਤੀ ਹੋਣ ਕਰਕੇ ਪ੍ਰਤੱਖ ਦੁਸ਼ਮਣ ਵੀ ਸੱਜਣ ਬਣ ਗਏ ਹਨ ਜੀ॥੨॥

**ਸਾਖੀ—ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ :** ਸਿੱਖ ਜਗਤ ਦੇ ਪ੍ਰਸਿੱਧ ਮਹਾਂਪੁਰਖ ਸੰਤ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਕਰਨੀ ਕਮਾਈ 'ਤੇ ਹਿੰਦੂ ਸਿੱਖਾਂ ਤੋਂ ਇਲਾਵਾ ਪਠਾਣ ਵੀ ਪ੍ਰਭਾਵਿਤ ਸਨ। ਇਕ ਪਠਾਣ ਇਹਨਾਂ ਦੀ ਚਰਨ ਸ਼ਰਨ ਵਿਚ ਆਇਆ ਤੇ ਮਹਾਂਪੁਰਖਾਂ ਦੇ ਚਰਨਾਂ ਵਿਚ ਕੁਝ ਪਦਾਰਥ ਅਰਪਨ ਕਰਕੇ ਬੇਨਤੀ ਕਰਨ ਲੱਗਾ ਕਿ ਮਹਾਰਾਜ! ਮੇਰੀ ਇੱਛਾ ਪੂਰੀ ਹੋਵੇ, ਕਿਉਂਕਿ ਤੁਸੀਂ ਬਾਕੀ ਦੇ ਸ਼ਰਧਾਲੂਆਂ ਦੀ ਵੀ ਇੱਛਾ ਪੂਰੀ ਕਰਦੇ ਹੋ। ਮਹਾਂਪੁਰਖਾਂ ਨੇ ਪੁੱਛਿਆ—ਤੇਰਾ ਕੀ ਮਨੋਰਥ ਹੈ ? ਪਠਾਨ ਨੇ ਦੱਸਿਆ ਕਿ ਇਕ ਬਹੁਤ ਖ਼ੂਬਸੂਰਤ ਹਿੰਦੂਆਂ ਦੀ ਲੜਕੀ ਹੈ। ਮੈਂ ਉਸ ਨਾਲ ਸ਼ਾਦੀ ਕਰਵਾਉਣਾ ਚਾਹੁੰਦਾ ਹਾਂ। ਮੇਰੀ ਇਹ ਇੱਛਾ ਪੂਰੀ ਕਰੋ। ਦੂਸਰਾ, ਮੁਸਲਮਾਨ ਮੇਰੇ ਨਾਲ ਵੈਰ ਕਰਦੇ ਹਨ, ਉਹਨਾਂ ਦਾ ਵੈਰ ਭਾਵ ਖ਼ਤਮ ਹੋਵੇ। ਮਹਾਂਪੁਰਸ਼ਾਂ ਨੇ ਕਿਹਾ ਕਿ ਤੇਰੀ ਸਮਝ ਦੀ ਗੱਲ ਹੈ। ਇੱਛਾ ਵੀ ਪੂਰੀ ਹੋ ਜਾਵੇਗੀ, ਵਿਕਾਰ ਵੀ ਮਿਟ ਜਾਣਗੇ, ਦੁਸ਼ਮਣੀ ਵੀ ਖ਼ਤਮ ਹੋ ਜਾਵੇਗੀ ਪਰ ਜੇ ਸਾਡਾ ਇਕ ਬਚਨ ਮੰਨੇਂ। ਪਠਾਨ ਨੇ ਕਿਹਾ ਕਿ ਹੁਕਮ ਕਰੋ। ਸੰਤਾਂ ਨੇ ਕਿਹਾ ਕਿ ਤੂੰ ਗੁਰੂ ਨਾਨਕ ਦਾ '੧ਓ' ਤੋਂ ਲੈ ਕੇ 'ਨਾਨਕ ਹੋਸੀ ਭੀ ਸਚੁ' ਤੱਕ ਕਲਾਮ ਪੜ੍ਹਿਆ ਕਰ, ਜੋ ਬਹੁਤ ਸ਼ਕਤੀ ਵਾਲਾ ਹੈ। ਅੱਠ ਘੰਟੇ ਮਸੀਤ ਵਿਚ ਬੈਠ ਕੇ ਜਪਣ ਦੀ ਆਗਿਆ ਕੀਤੀ ਤੇ ਕਿਹਾ ਕਿ ਇਸ ਨੂੰ ਗੁਪਤ ਰੂਪ ਵਿਚ ਜਪਣਾ ਅਤੇ ੪੦ ਦਿਨਾਂ ਵਿਚ ਨਾਗਾ ਨਹੀਂ ਪਾਉਣਾ। ਜਦੋਂ ੪-੫ ਦਿਨ ਹੀ ਹੋਏ ਸਨ ਤਾਂ ਮੁਸਲਮਾਨ ਜੋ ਵੈਰ ਕਰਦੇ ਸਨ, ਆਪ ਸਲਾਮਾਂ ਕਰਨ ਲੱਗ ਪਏ। ਕਹਿੰਦੇ—ਤੂੰ ਬੰਦਗੀ ਕਰਨ ਲੱਗ ਗਿਆ ਹੈਂ। ਇਸ ਲਈ ਅਸੀਂ ਵੈਰ ਛੱਡਿਆ। ਤੈਨੂੰ

ਅਸੀਂ ਮਾਰਨਾ ਸੀ ਪਰ ਹੁਣ ਨਹੀਂ ਮਾਰਦੇ। ਸ਼ਸਤਰ ਛੱਡ ਦਿੱਤੇ। ਜਦੋਂ ੨੫ ਦਿਨ ਹੋ ਗਏ ਤਾਂ ਉਸ ਦੇ ਅੰਦਰ ਵੀ ਵੈਰ ਭਾਵਨਾ ਖ਼ਤਮ ਹੋ ਗਈ। ਜਦੋਂ ੩੫ ਦਿਨ ਹੋ ਗਏ ਤਾਂ ਜਿਹੜੀ ਮਨ ਵਿਚ ਵਾਸ਼ਨਾ ਸੀ, ਉਹ ਵੀ ਖ਼ਤਮ ਹੋ ਗਈ। ਫੇਰ ਉਸ ਲੜਕੀ ਨੂੰ ਲੈ ਕੇ ਉਸ ਨੂੰ ਆਪਣੀ ਧੀ ਬਣਾਇਆ ਅਤੇ ਉਸ ਦਾ ਵਿਆਹ ਕੀਤਾ ਤੇ ਉਸ ਦਾ ਸਾਰਾ ਖ਼ਰਚ ਆਪ ਕੀਤਾ। ਜਿਵੇਂ ਹਿੰਦੂ ਲੋਕ ਦਾਜ ਦਿੰਦੇ ਹਨ, ਉਹ ਵੀ ਦਿੱਤਾ। ਫੇਰ ਮਹਾਂਪੁਰਖਾਂ ਦੇ ਚਰਨਾਂ ਵਿਚ ਆ ਕੇ ਕਹਿਣ ਲੱਗਾ ਕਿ ਮੇਰਾ ਮਨ ਵਿਕਾਰਾਂ ਵੱਲੋਂ ਮੁੜ ਗਿਆ ਹੈ। ਜਿਹੜੀ ਤੁਸੀਂ ਕਲਾਮ ਦਿੱਤੀ ਸੀ, ਇਹ ਬਹੁਤ ਸ਼ਕਤੀ ਵਾਲੀ ਹੈ। ਇਸ ਪ੍ਰਕਾਰ ਦੁਸ਼ਮਣ ਦੁੱਖ ਦੇਣ ਵਾਲੇ ਵੀ ਮਿੱਤਰ ਹੋ ਗਏ, ਇੱਛਾ ਐਸੀ ਪੂਰੀ ਹੋਈ ਕਿ ਮੁੜ ਕੇ ਵਿਕਾਰ ਭਾਵਨਾ ਵੀ ਖ਼ਤਮ ਹੋ ਗਈ।

## ਜੋ ਕਿਛੁ ਕਰੇ; ਸੁ ਆਪੇ ਆਪੈ ॥ ਬੁਧਿ ਸਿਆਣਪ; ਕਿਛੂ ਨ ਜਾਪੈ ॥

ਪਰਮੇਸ਼ਰ ਜੋ ਕਿਛੁ = ਕੁਝ ਵੀ ਕਰੇ = ਕਰਦਾ ਹੈ, ਸੁ = ਉਹ ਆਪ ਹੀ ਆਪੈ = ਆਪਣੇ ਆਪ ਤੋਂ ਤਿੰਨੇ ਕਾਲਾਂ ਵਿਚ ਕਰਦਾ ਹੈ। ਬੁਧਿ = ਬੁੱਧੀ ਦੀ ਸਿਆਣਪ = ਚਤੁਰਾਈ ਕਰਕੇ ਉਸ ਦੇ ਸਰੂਪ ਬਾਰੇ ਕਿਛੂ = ਕੁਝ ਵੀ ਜਾਪੈ = ਜਾਣਿਆ ਨ = ਨਹੀਂ ਜਾ ਸਕਦਾ।

## ਆਪਣਿਆ ਸੰਤਾ ਨੋ, ਆਪਿ ਸਹਾਈ; ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥

ਆਪਣਿਆ = ਆਪਣੇ ਸੰਤਾ = ਮਹਾਤਮਾ ਜਨਾਂ ਨੋ = ਤਾਈਂ ਆਪ ਹੀ ਸਹਾਈ = ਸਹਾਇਕ ਹੁੰਦਾ ਹੈ ਅਤੇ ਪ੍ਰਭਿ = ਪਰਮੇਸ਼ਰ ਨੇ ਉਨ੍ਹਾਂ ਦੇ ਭਰਮ ਦਾ ਭੁਲਾਵਾ = ਭੁਲੇਖਾ ਲਾਹਿਆ = ਲਾਹ ਦਿੱਤਾ ਹੈ **ਵਾ:** ਜੋ ਅਗਿਆਨ ਕਰਕੇ ਜੀਵ ਈਸ ਦੇ ਭੇਦ ਭਰਮ ਕਰਕੇ ਆਪਣੇ ਆਪ ਨੂੰ ਜੀਵ ਮੰਨਿਆ ਹੋਇਆ ਸੀ ਉਹ ਭੁਲਾਵਾ = ਭੁਲੇਖਾ ਦੂਰ ਕਰ ਦਿੱਤਾ ਹੈ ਜੀ ॥੩॥

## ਚਰਣ ਕਮਲ; ਜਨ ਕਾ ਆਧਾਰੋ ॥ ਆਠ ਪਹਰ; ਰਾਮ ਨਾਮੁ ਵਾਪਾਰੋ ॥

ਉਨ੍ਹਾਂ ਸੰਤ ਜਨਾਂ ਕਾ = ਦਾ ਆਧਾਰੋ = ਆਸਰਾ ਪਰਮੇਸ਼ਰ **ਵਾ:** ਗੁਰੂ ਦੇ ਚਰਨ ਕਮਲ ਹੀ ਹਨ।

ਇਸ ਕਰਕੇ ਉਹ ਸੰਤ ਜਨ ਆਠ = ਅੱਠੇ ਪਹਰ ਰਾਮ = ਪਰਮੇਸ਼ਰ ਦੇ ਨਾਮ ਦਾ ਜਪਣ ਜਪਾਉਣ ਰੂਪ ਵਾਪਾਰੋ = ਵਣਜ ਕਰਦੇ ਹਨ। ਅਤੇ

## ਸਹਜ ਅਨੰਦ ਗਾਵਹਿ ਗੁਣ ਗੋਵਿੰਦ;
## ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥

ਉਹ ਸੰਤ ਜਨ ਗੋਵਿੰਦ = ਪਰਮੇਸ਼ਰ ਦੇ ਗੁਣ ਗਾਉਣ ਕਰਕੇ ਸਹਜ = ਸੁਤੇ-ਸਿੱਧ ਹੀ ਅਨੰਦ ਵਿਚ ਰਹਿੰਦੇ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸੰਤ ਜਨ ਵਾਹਿਗੁਰੂ ਨੂੰ ਸਰਬ = ਸਾਰਿਆਂ ਥਾਵਾਂ ਵਿਚ ਹੀ ਸਮਾਹਿਆ = ਮਿਲਿਆ ਹੋਇਆ, ਭਾਵ ਵਿਆਪਕ ਜਾਣਦੇ ਹਨ ਜੀ ॥੪॥੩੬॥੪੩॥

## ਮਾਝ ਮਹਲਾ ੫ ॥

ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਚਨਾ ਕੀਤੀ ਤਾਂ ਸਿੱਖਾਂ ਨੇ ਪੁੱਛਿਆ ਕਿ ਇਹ ਕਿਸ ਦਾ ਮੰਦਰ ਹੈ ? ਮਹਾਰਾਜ ਜੀ ਨੇ ਕਿਹਾ ਕਿ ਇਹ ਸੱਚੇ ਵਾਹਿਗੁਰੂ ਦਾ ਹਰਿਮੰਦਰ ਸਾਹਿਬ ਹੈ। ਸਿੱਖਾਂ ਨੇ ਕਿਹਾ ਕਿ ਸੱਚਾ ਮੰਦਰ ਕਿਹੋ ਜਿਹਾ ਹੁੰਦਾ ਹੈ, ਇਹ ਗੁਰੂ ਜੀ ਦੱਸਦੇ ਹਨ :

## ਸੋ ਸਚੁ ਮੰਦਰੁ; ਜਿਤੁ ਸਚੁ ਧਿਆਈਐ ॥

ਹੇ ਭਾਈ ! ਸੋ = ਉਹ ਦਰਬਾਰ ਸਾਹਿਬ ਸੱਚੇ ਹਰੀ ਦਾ ਮੰਦਰ ਹੈ **ਵਾ:** ਉਹ ਸਚੁ = ਸਤਿ ਦੀ ਪ੍ਰਾਪਤੀ

ਵਾਲੀ ਸੰਗਤ ਵੀ ਹਰੀ ਦਾ ਮੰਦਰ ਹੈ, ਜਿਤੁ = ਜਿਸ ਵਿਚ ਸਚੁ = ਸੱਚੇ ਪਰਮੇਸ਼ਰ ਦਾ ਧਿਆਈਐ = ਚਿੰਤਨ ਕਰੀਦਾ ਹੈ।

**ਅਥਵਾ** ਉਸ ਦਾ ਅਧਿਸ਼ਠਾਨ ਰੂਪ ਮੰਦਰ ਸੱਚਾ ਹੈ, ਜਿਥੇ ਤੁਰੀਆ ਪਦ ਵਿਚ ਬਿਰਤੀ ਟਿਕਾ ਕੇ ਸੱਚੇ ਨੂੰ ਧਿਆਈਦਾ ਹੈ **ਅਥਵਾ** ਉਹ ਸਰੀਰ ਰੂਪੀ ਮੰਦਰ ਸੱਚ ਦੀ ਪ੍ਰਾਪਤੀ ਵਾਲਾ ਸਫਲਾ ਹੈ, ਜਿਸ ਵਿਚ ਸੱਚੇ ਪਰਮੇਸ਼ਰ ਦੇ ਨਾਮ ਨੂੰ ਧਿਆਇਦਾ ਹੈ। ਅਤੇ

## ਸੋ ਰਿਦਾ ਸੁਹੇਲਾ; ਜਿਤੁ ਹਰਿ ਗੁਣ ਗਾਈਐ ॥

ਸੋ = ਉਹ ਰਿਦਾ = ਹਿਰਦਾ ਵੀ ਸੁਹੇਲਾ = ਸੁਖੀ, ਸ਼ੋਭਨੀਕ ਹੈ, ਜਿਤੁ = ਜਿਸ ਵਿਚ ਹਰਿ = ਪਰਮੇਸ਼ਰ ਦੇ ਗੁਣ ਗਾਈਐ = ਗਾਈਦੇ ਹਨ।

## ਸਾ ਧਰਤਿ ਸੁਹਾਵੀ, ਜਿਤੁ ਵਸਹਿ ਹਰਿ ਜਨ; ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥

ਸਾ = ਉਹ ਧਰਤੀ ਬੜੀ ਸੁਹਾਵੀ = ਸ਼ੋਭਨੀਕ ਹੈ, ਜਿਤੁ = ਜਿਥੇ ਹਰੀ ਦੇ ਪਿਆਰੇ ਭਗਤ ਜਨ ਵੱਸਦੇ ਹਨ **ਅਥਵਾ** ਉਹ ਬੁੱਧੀ ਰੂਪੀ ਧਰਤੀ ਸ਼ੋਭਨੀਕ ਹੈ ਜਿਸ ਬੁੱਧੀ ਵਿਚ ਨਾਮ ਵਸਹਿ = ਵੱਸਦਾ ਹੈ ਅਤੇ ਹਰੀ ਦੇ ਜਨ ਪਰਮੇਸ਼ਰ ਦਾ ਨਿਸਚਾ ਕਰਦੇ ਹਨ **ਵਾ:** ਉਹ ਤੁਰੀਆ ਭੂਮਿਕਾ ਰੂਪੀ ਧਰਤੀ ਸੁਹਾਵੀ = ਸ਼ੋਭਨੀਕ ਹੈ। ਜਿਸ ਭੂਮਿਕਾ ਵਿਚ ਭਗਤ ਜਨ ਵੱਸ ਕੇ ਹਰੀ ਦੇ ਗੁਣ ਗਾਉਂਦੇ ਹੋਏ ਵਾਹਿਗੁਰੂ ਵਿਚ ਲੀਨ ਰਹਿੰਦੇ ਹਨ। (ਭੂਮਾ ਸ਼ਬਦ ਬ੍ਰਹਮ ਵਾਚਕ ਹੈ) **ਵਾ:** ਉਹ ਭੂਮਾ ਰੂਪ ਬ੍ਰਹਮ ਸ਼ੋਭਨੀਕ ਹੈ ਜਿਸ ਵਿਚ ਬਿਰਤੀ ਦੁਆਰ ਇਸਥਿਤ ਹੋ ਕੇ ਹਰੀ ਦੇ ਜਨ ਸ਼ੋਭਨੀਕ ਹੁੰਦੇ ਹਨ। ਹੇ ਪਿਆਰੇ ਜੀ ! ਇਸ ਕਰਕੇ ਅਸੀਂ ਸੱਚੇ ਨਾਮ ਨੂੰ ਜਪਣ ਵਾਲਿਆਂ ਦੇ **ਵਾ:** ਸੱਚੇ ਨਾਮ ਵਿਟਹੁ = ਉੱਪਰੋਂ ਕੁਰਬਾਣੋ = ਬਲਿਹਾਰ ਜਾਂਦੇ ਹਾਂ ॥੧॥

ਜਿਸ ਥਾਂ ਉੱਤੇ ਜਿਹੋ ਜਿਹਾ ਕਰਮ ਹੋਇਆ ਹੁੰਦਾ ਹੈ, ਉਸ ਉਪਰ ਉਸ ਦਾ ਅਸਰ ਹੁੰਦਾ ਹੈ। ਧਰਤੀ ਵਿਚ ਆਵਾਜ਼ ਗ੍ਰਹਿਣ ਕਰਨ ਦੀ ਸ਼ਕਤੀ ਹੈ। ਪਾਪ ਤੇ ਪੁੰਨ ਦਾ ਅਸਰ ਧਰਤੀ 'ਤੇ ਹੁੰਦਾ ਹੈ। ਜਿਸ ਧਰਤੀ 'ਤੇ ਪੁੰਨ ਹੋਇਆ ਹੁੰਦਾ ਹੈ, ਉਥੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਜਿਥੇ ਪਾਪ ਹੋਇਆ ਹੋਵੇ, ਉਥੇ ਹਾੜ ਦੇ ਮਹੀਨੇ ਕਈ ਰੂਹਾਂ ਦੇ ਹਾੜ ਬੋਲਦੇ ਹਨ ਤੇ ਰਾਤ ਨੂੰ ਵੀ ਕਈ ਰੂਹਾਂ ਵਿਰਲਾਪ ਕਰਦੀਆਂ ਹਨ। ਇਸ ਤਰ੍ਹਾਂ ਹੀ ਆਕਾਸ਼ ਵਿਚ ਹੁਣ ਤੱਕ ਦੀਆਂ ਬੇਅੰਤ ਆਵਾਜ਼ਾਂ ਟਿਕੀਆਂ ਹੋਈਆਂ ਹਨ। ਜਿਵੇਂ ਵੀ ਕੋਈ ਚੰਗਾ ਮੰਦਾ ਬੋਲਦਾ ਹੈ, ਸਭ ਦੀਆਂ ਆਵਾਜ਼ਾਂ ਆਕਾਸ਼ ਵਿਚ ਘੁੰਮ ਰਹੀਆਂ ਹਨ। ਜਿਹੜਾ ਈਸਾਈਆਂ ਦੇ ਪੈਗ਼ੰਬਰ ਈਸਾ ਜੀ ਨੇ ਉਪਦੇਸ਼ ਕੀਤਾ ਸੀ, ਉਸ ਦਾ ਸਹੀ ਪਾਠ ਪ੍ਰਾਪਤ ਕਰਨ ਵਾਸਤੇ ਅਮਰੀਕਾ ਵਾਲਿਆਂ ਨੇ ਯਤਨ ਕੀਤਾ। ਜਦੋਂ ਯੰਤਰਾਂ ਦੁਆਰਾ ਆਵਾਜ਼ਾਂ ਸੁਣੀਆਂ ਗਈਆਂ ਤਾਂ ਆਕਾਸ਼ ਵਿਚ ਬੜਾ ਭਿਆਨਕ ਰੌਲਾ ਪੈ ਰਿਹਾ ਸੀ। ਉਹ ਵਿਗਿਆਨੀ ਈਸਾ ਦੀ ਆਵਾਜ਼ ਨੂੰ ਵੱਖ ਨਹੀਂ ਕੱਢ ਸਕੇ। ਸਾਰੇ ਖੰਡ ਬ੍ਰਹਿਮੰਡ ਨਾਮ ਦੇ ਆਸਰੇ ਖੜ੍ਹੇ ਹਨ। ਸਾਰੀ ਕਾਇਨਾਤ ਪਰਮੇਸ਼ਰ ਦਾ ਨਾਮ ਜਪ ਰਹੀ ਹੈ, ਜੈਸਾ ਕਿ :

**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥**
**ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥**
**ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥** *(ਅੰਗ ੫੪੦)*

ਪ੍ਰਾਣ ਸੰਗਲੀ ਵਿਚ ਵੀ ਸਾਰੇ ਤੱਤਾਂ ਨੂੰ ਸ਼ਬਦ ਦੇ ਆਸਰੇ ਖੜੇ ਹੋਣ ਦਾ ਜ਼ਿਕਰ ਕੀਤਾ ਹੈ, ਜੈਸਾ ਕਿ :

**ਸਬਦੇ ਧਰਤੀ ਸਬਦ ਅਕਾਸ। ਸਬਦੇ ਸਬਦ ਕੀਆ ਪ੍ਰਗਾਸ।**

ਸਾਰੀ ਸ੍ਰਿਸ਼ਟੀ ਦੀ ਪੈਦਾਇਸ਼ ਸ਼ਬਦ ਤੋਂ ਹੋਈ ਹੈ, ਜਦੋਂ ਕੋਈ ਪੂਰਨ ਮਹਾਂਪੁਰਖ ਸ਼ਬਦ ਦੀ ਕਮਾਈ

ਅਭਿਆਸ ਕਰਦਾ ਹੈ, ਫਿਰ ਉਸ ਨੂੰ ਸਾਰੀ ਸ੍ਰਿਸ਼ਟੀ ਵਿੱਚੋਂ ਨਾਮ ਹੀ ਸੁਣਾਈ ਦਿੰਦਾ ਹੈ। ਇਸ ਲਈ ਜਿਥੇ ਬੈਠ ਕੇ ਰੱਬ ਦੇ ਪਿਆਰੇ ਪਰਮੇਸ਼ਰ ਦੇ ਗੁਣ ਗਾਉਂਦੇ ਹਨ, ਉਹ ਧਰਤੀ ਸ਼ੋਭਨੀਕ ਹੈ।

## ਸਚੁ ਵਡਾਈ; ਕੀਮ ਨ ਪਾਈ ॥ ਕੁਦਰਤਿ ਕਰਮੁ; ਨ ਕਹਣਾ ਜਾਈ ॥

ਸੱਚੇ ਨਾਮ ਦੀ ਵਡਿਆਈ ਦੀ ਕੀਮ = ਕੀਮਤ ਚਾਰੇ ਵੇਦ, ਅਠਾਰਾਂ ਪੁਰਾਣ, ੬ ਸ਼ਾਸਤਰ, ੨੭ ਸਿੰਮ੍ਰਿਤੀਆਂ, ਕੁਰਾਨ ਆਦਿ ਕਿਸੇ ਤੋਂ ਵੀ ਪਾਈ ਨਹੀਂ ਜਾ ਸਕਦੀ। ਉਸ ਦੀ ਕੁਦਰਤਿ = ਸ਼ਕਤੀ ਦਾ ਕਰਮੁ = ਕਰਤਬ ਵੀ ਕਹਣਾ = ਕਹਿਆ ਨਹੀਂ ਜਾਈ = ਜਾ ਸਕਦਾ **ਵਾ**: ਉਸ ਦੀ ਕੁਦਰਤਿ = ਸ਼ਕਤੀ ਤੇ ਕਰਮੁ = ਬਖ਼ਸ਼ਿਸ਼ ਦਾ ਵਰਨਣ ਨਹੀਂ ਕੀਤਾ ਜਾ ਸਕਦਾ **ਵਾ**: ਜਿਨ੍ਹਾਂ ਉੱਪਰ ਕੁਦਰਤਿ = ਸ੍ਰਿਸ਼ਟੀ ਨੂੰ ਰਚਣ ਵਾਲਾ ਪਰਮੇਸ਼ਰ ਕਰਮੁ = ਕਿਰਪਾ ਦ੍ਰਿਸ਼ਟੀ ਕਰਦਾ ਹੈ, ਉਨ੍ਹਾਂ ਦੀ ਅਵਸਥਾ, ਸ਼ਕਤੀ ਦਾ ਕਥਨ ਨਹੀਂ ਕੀਤਾ ਜਾ ਸਕਦਾ।

## ਧਿਆਇ ਧਿਆਇ ਜੀਵਹਿ ਜਨ ਤੇਰੇ; ਸਚੁ ਸਬਦੁ ਮਨਿ ਮਾਣੋ ਜੀਉ ॥੨॥

ਪਰ ਹੇ ਪਰਮੇਸ਼ਰ! ਤੇਰੇ ਪਿਆਰੇ ਸੰਤ ਜਨ ਤੇਰੇ ਨਾਮ ਨੂੰ ਧਿਆਤਾਕਾਰ ਬਿਰਤੀ ਦੁਆਰਾ ਧਿਆਇ ਧਿਆਇ = ਧਿਆ ਧਿਆ ਕੇ ਜੀਵਹਿ = ਜਿਉਂਦੇ ਹਨ ਅਤੇ ਉਹ ਮਨ ਵਿਚ ਤੇਰੇ ਸੱਚੇ ਸਬਦੁ = ਉਪਦੇਸ਼, ਨਾਮ ਦੇ ਰਸ ਨੂੰ ਮਾਣੋ = ਮਾਣਦੇ ਹਨ ਜੀ **ਅਥਵਾ** ਜਿਹੜੇ ਪ੍ਰਭੂ ਦੇ ਪਿਆਰੇ ਜਨ = ਸੇਵਕ ਹਨ, ਉਹ ਉਸ ਨੂੰ ਧਿਆ ਧਿਆ ਕੇ ਜੀਵਹਿ = ਜੀਉਂਦੇ ਹਨ। ਸੱਚੇ ਗੁਰਾਂ ਦੇ ਸ਼ਬਦ ਦੁਆਰਾ ਮਨ ਵਿਚ ਸਚੁ ਸਬਦੁ = ਬ੍ਰਹਮ ਦਾ ਅਨੰਦ ਮਾਣੋ = ਭੋਗਦੇ ਹਨ ਜੀ ॥੨॥

## ਸਚੁ ਸਾਲਾਹਣੁ; ਵਡਭਾਗੀ ਪਾਈਐ ॥ ਗੁਰ ਪਰਸਾਦੀ; ਹਰਿ ਗੁਣ ਗਾਈਐ ॥

ਸੱਚੇ ਵਾਹਿਗੁਰੂ ਦੀ ਹਰ ਵੇਲੇ ਸਿਫ਼ਤਿ-ਸਾਲਾਹ ਕਰਨੀ ਵਡਭਾਗੀ = ਵੱਡੇ ਭਾਗਾਂ ਦੁਆਰਾ ਹੀ ਪਾਈਐ = ਪ੍ਰਾਪਤ ਹੁੰਦੀ ਹੈ।

ਸਤਿਗੁਰੂ ਦੀ ਪਰਸਾਦੀ = ਕ੍ਰਿਪਾ ਦੁਆਰਾ ਹੀ ਹਰੀ ਦੇ ਗੁਣਾਂ ਨੂੰ ਗਾਈਐ = ਗਾਈਦਾ ਹੈ।

## ਰੰਗਿ ਰਤੇ ਤੇਰੈ ਤੁਧੁ ਭਾਵਹਿ; ਸਚੁ ਨਾਮੁ ਨੀਸਾਣੋ ਜੀਉ ॥੩॥

ਹੇ ਵਾਹਿਗੁਰੂ! ਜੋ ਤੇਰੇ ਪ੍ਰੇਮ ਰੰਗ ਵਿਚ ਰੱਤੇ ਹੋਏ ਹਨ, ਉਹੀ ਤੁਧੁ = ਤੁਹਾਨੂੰ ਭਾਵਹਿ = ਭਾਉਂਦੇ ਹਨ ਕਿਉਂਕਿ ਉਨ੍ਹਾਂ ਕੋਲ ਤੇਰੇ ਸੱਚੇ ਨਾਮ ਦਾ ਨੀਸਾਣੋ = ਟੋਂਬੂ, ਚਿੰਨ੍ਹ ਹੈ **ਵਾ**: ਉਹ ਤੇਰੇ ਸੱਚੇ ਨਾਮ ਨੂੰ ਜਪਣ ਕਰਕੇ ਸੰਸਾਰ ਵਿਚ ਨੀਸਾਣੋ = ਪ੍ਰਗਟ ਹੋ ਗਏ, ਜੀ ॥੩॥

## ਸਚੇ; ਅੰਤੁ ਨ ਜਾਣੈ ਕੋਈ ॥ ਥਾਨਿ ਥਨੰਤਰਿ; ਸਚਾ ਸੋਈ ॥

ਸਚੇ = ਸੱਚ ਸਰੂਪ ਪਰਮੇਸ਼ਰ ਦੇ ਨਾਮ, ਸਰੂਪ, ਗਿਆਨ ਦਾ ਕੋਈ ਵੀ ਅੰਤ ਨ = ਨਹੀਂ ਜਾਣੈ = ਜਾਣ ਸਕਦਾ। ਸੋਈ = ਉਹ ਸੱਚਾ ਪਰਮੇਸ਼ਰ ਸਾਰੀਆਂ ਥਾਨਿ = ਥਾਵਾਂ ਤੇ ਥਨੰਤਰਿ = ਥਾਵਾਂ ਦੇ ਅੰਦਰ ਰਹਿਣ ਵਾਲੇ ਜੀਵਾਂ ਦੇ ਅੰਦਰ ਆਪ ਹੀ ਵੱਸ ਰਿਹਾ ਹੈ।

## ਨਾਨਕ ਸਚੁ ਧਿਆਈਐ ਸਦ ਹੀ; ਅੰਤਰਜਾਮੀ ਜਾਣੋ ਜੀਉ ॥੪॥੩੭॥੪੪॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਸੱਚੇ ਪਰਮੇਸ਼ਰ ਨੂੰ ਸਦ = ਹਮੇਸ਼ਾ ਹੀ ਧਿਆਈਐ = ਧਿਆਉਣਾ ਕਰੋ, ਅਤੇ ਗਿਆਨ ਪ੍ਰਾਪਤ ਕਰਕੇ ਉਸ ਅੰਤਰਜਾਮੀ = ਅੰਦਰ ਦੀ ਜਾਨਣ ਵਾਲੇ ਪ੍ਰਭੂ ਦੇ ਸਰੂਪ ਨੂੰ

ਜਾਣੋ = ਜਾਨਣਾ ਕਰੋ **ਵਾ:** ਉਹ ਅੰਤਰਜਾਮੀ = ਪ੍ਰੇਰਕ ਪ੍ਰਭੂ ਸਾਰਿਆਂ ਜੀਵਾਂ ਦੀਆਂ ਗੱਲਾਂ ਜਾਣਦਾ ਹੈ ॥੪॥੩੭॥੪੪॥

## ਮਾਝ ਮਹਲਾ ੫ ॥

## ਰੈਣਿ ਸੁਹਾਵੜੀ; ਦਿਨਸੁ ਸੁਹੇਲਾ ॥ ਜਪਿ ਅੰਮ੍ਰਿਤ ਨਾਮੁ; ਸੰਤਸੰਗਿ ਮੇਲਾ ॥

ਉਹ ਰੈਣਿ = ਰਾਤ ਸੁਹਾਵੜੀ = ਸ਼ੋਭਨੀਕ ਹੈ ਤੇ ਉਹ ਦਿਨਸੁ = ਦਿਨ ਵੀ ਸੁਹੇਲਾ = ਸੁਖਦਾਈ ਹੈ। ਜਿਸ ਦਿਨ ਤੇ ਰਾਤ ਵਿਚ ਅੰਮ੍ਰਿਤ ਨਾਮ ਦਾ ਜਪਿ = ਜਾਪ ਤੇ ਸੰਤਸੰਗਿ = ਪੂਰਨ ਸੰਤਾਂ ਦੀ ਸੰਗਤ ਦਾ ਮੇਲਾ = ਮਿਲਾਪ ਹੁੰਦਾ ਹੈ।

**ਅਥਵਾ** ਉਹ ਪ੍ਰੇਮ ਦੇ ਵਿਚ ਭਿੱਜੀ ਹੋਈ ਅਵਸਥਾ ਰੂਪੀ ਰਾਤ ਸ਼ੋਭਨੀਕ ਹੈ, ਜਿਸ ਵਿਚ ਵੈਰਾਗ ਰੂਪੀ ਚੰਦਰਮਾ ਤੇ ਸ਼ੁਭ ਗੁਣਾਂ ਰੂਪੀ ਤਾਰੇ ਚਮਕਦੇ ਹਨ, ਉਹ ਗਿਆਨ ਰੂਪੀ ਦਿਨ ਵੀ ਸੁਹੇਲਾ ਹੈ।

ਜਿਸ ਵਿਚ ਅੰਮ੍ਰਿਤ ਨਾਮ ਦਾ ਕੀਰਤਨ ਰੂਪ ਵਿਚ ਜੱਸ ਤੇ ਸੰਤਾਂ ਦੀ ਸੰਗਤ ਦਾ ਮਿਲਾਪ ਹੁੰਦਾ ਹੈ।

## ਘੜੀ ਮੂਰਤ ਸਿਮਰਤ ਪਲ ਵੰਞਹਿ; ਜੀਵਣੁ ਸਫਲੁ ਤਿਥਾਈ ਜੀਉ ॥੧॥

ਜਿਥੇ ਇਕ ਘੜੀ ਮੂਰਤ = ਦੋ ਘੜੀਆਂ ਦੇ ਪਲ ਦਾ ਸਮਾਂ ਪ੍ਰਭੂ ਦੇ ਸਿਮਰਤ = ਸਿਮਰਨ ਵਿਚ ਵੰਞਹਿ = ਬਤੀਤ ਹੁੰਦਾ ਹੈ, ਤਿਥਾਈ = ਉਥੇ ਹੀ ਮਨੁੱਖਾ ਜੀਵਨ ਦਾ ਵਖਤ ਸਫਲੁ = ਸਫਲਾ ਹੈ ਜੀ ॥੧॥

## ਸਿਮਰਤ ਨਾਮੁ; ਦੋਖ ਸਭਿ ਲਾਥੇ ॥ ਅੰਤਰਿ ਬਾਹਰਿ; ਹਰਿ ਪ੍ਰਭੁ ਸਾਥੇ ॥

ਪਰਮੇਸ਼ਰ ਦੇ ਨਾਮ ਦਾ ਸਿਮਰਤ = ਸਿਮਰਨ ਕਰਨ ਵਾਲਿਆਂ ਦੇ ਸਾਰੇ ਦੋਖ = ਪਾਪ ਲਾਥੇ = ਲਹਿ ਜਾਂਦੇ ਹਨ। ਅਜਾਮਲ ਪਾਪੀ ਦੇ ਸਾਧਸੰਗਤ ਦੀ ਕ੍ਰਿਪਾ ਹੋਣ ਨਾਲ ਨਾਮ ਸਿਮਰਦਿਆਂ ਸਾਰੇ ਪਾਪ ਲਹਿ ਗਏ। ਗਨਕਾ ਪਾਪਣ ਵੇਸਵਾ ਦਾ ਧੰਧਾ ਕਰਨ ਵਾਲੀ ਨੇ ਸਾਧੂ ਮਹਾਤਮਾ ਦੀ ਸੰਗਤ ਪ੍ਰਾਪਤ ਹੋਣ ਨਾਲ ਵੇਸਵਾਪੁਣਾ ਛੱਡ ਦਿੱਤਾ ਤੇ ਨਾਮ ਸਿਮਰ ਸਿਮਰ ਕੇ ਸਦਗਤੀ ਨੂੰ ਪ੍ਰਾਪਤ ਹੋ ਗਈ। ਜੈਸਾ ਕਿ :

**ਪਤਿਤ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।** *(ਭਾਈ ਗੁਰਦਾਸ ਦੀ ਵਾਰ ੧੦, ਪਉੜੀ ੨੧)*

ਪਰਮੇਸ਼ਰ ਦਾ ਨਾਮ ਪਾਪੀਆਂ ਦੇ ਉਧਾਰ ਕਰਨ ਵਾਲਾ ਹੈ। ਜਿਤਨੇ ਵੀ ਸਰੀਰ ਨਾਲ ਪਾਪ ਕੀਤੇ ਸਨ, ਗਨਕਾ ਦੀ ਸਾਰੀ ਪਾਪਾਂ ਦੀ ਮੈਲ ਨਾਮ ਨੇ ਧੋ ਦਿੱਤੀ। ਜਦੋਂ ਕੋਈ ਵੀ ਪਿਛਲੇ ਕੀਤੇ ਪਾਪਾਂ ਦਾ ਪਛੁਤਾਵਾ ਕਰਦਾ ਹੈ, ਉਸ ਵਕਤ ਉਸ ਦੇ ਪਿਛਲੇ ਕੀਤੇ ਸਾਰੇ ਪਾਪ ਲੱਥ ਜਾਂਦੇ ਹਨ। ਪਰ ਜਿਹੜੇ ਲੋਕ ਵਿਕਾਰਾਂ ਦੇ ਵਸ ਹੋ ਕੇ ਪਾਪ ਕਰਮ ਕਰਦੇ ਹਨ, ਜੈਸਾ ਕਿ :

**ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥** *(ਅੰਗ ੧੩੪੮)*

ਜਿਹੜੇ ਲੋਕ ਇਹ ਸਮਝ ਕੇ ਕਿ ਤੀਰਥਾਂ 'ਤੇ ਜਾ ਕੇ ਦੀਵਾਲੀ ਜਾਂ ਮੱਸਿਆ ਨੂੰ ਇਸ਼ਨਾਨ ਕਰ ਲਵਾਂਗੇ ਤਾਂ ਸਾਰੇ ਪਾਪ ਲਹਿ ਜਾਣਗੇ। ਯਥਾ :

**ਬਹੁਰਿ ਕਮਾਵਹਿ ਹੋਇ ਨਿਸੰਕ ॥** *(ਅੰਗ ੧੩੪੮)*

ਮੁੜ ਮੁੜ ਕੇ ਪਾਪ ਕਰਮ ਕਰਦੇ ਹਨ, ਉਹ ਨਹੀਂ ਬਖ਼ਸ਼ੇ ਜਾਂਦੇ।

**ਜਮ ਪੁਰਿ ਬਾਂਧਿ ਖਰੇ ਕਾਲੰਕ ॥** *(ਅੰਗ ੧੩੪੮)*

ਉਹਨਾਂ ਨੂੰ ਜਮਾਂ ਦੀ ਪੁਰੀ ਵਿਚ ਬੰਨ੍ਹਿਆ ਜਾਵੇਗਾ। ਸਾਰੇ ਪਾਪਾਂ ਦਾ ਲੇਖਾ ਜੋਖਾ ਹੋਵੇਗਾ ਤੇ ਉਹਨਾਂ ਨੂੰ

ਜਮ ਦਾ ਦੰਡ ਪ੍ਰਾਪਤ ਹੋਵੇਗਾ। ਜਿਹੜੇ ਪ੍ਰਾਣੀ ਸਾਧਸੰਗਤ ਵਿਚ ਆ ਕੇ ਅੱਗੇ ਵਾਸਤੇ ਔਗੁਣਾਂ ਤੋਂ ਤੌਬਾ ਕਰ ਲੈਂਦੇ ਹਨ, ਪਛੁਤਾਵਾ ਕਰਦੇ ਹਨ, ਉਹ ਹੀ ਬਖ਼ਸ਼ੇ ਜਾਂਦੇ ਹਨ। ਤਥਾ :

**ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥** *(ਅੰਗ ੬੨੪)*

ਉਹਨਾਂ ਜੀਵਾਂ ਨੂੰ ਪਰਮੇਸ਼ਰ ਅੱਗੇ ਵਾਸਤੇ ਭਗਤੀ ਦੇ ਰਸਤੇ ’ਤੇ ਪਾ ਦਿੰਦਾ ਹੈ। ਇਸ ਤਰ੍ਹਾਂ ਸਿਮਰਨ ਕਰਕੇ ਸ਼ਬਦ, ਸਪਰਸ਼, ਰੂਪ, ਰਸ, ਗੰਧ, ਵਿਸ਼ਿਆਂ, ਕਾਮ, ਕ੍ਰੋਧ ਆਦਿ ਦੋਸ਼ ਪਾਪ ਲਹਿ ਜਾਂਦੇ ਹਨ। ਉਨ੍ਹਾਂ ਨੂੰ ਆਪਣੇ ਹਿਰਦੇ ਅੰਤਰਿ = ਵਿਚ ਤੇ ਬਾਹਰ ਸੰਸਾਰ ਵਿਚ ਹਰ ਵਕਤ ਹਰਿ = ਹਰੀ ਪ੍ਰਭੁ = ਪਰਮੇਸ਼ਰ ਸਾਥੇ = ਨਾਲ ਹੀ ਪ੍ਰਤੀਤ ਹੁੰਦਾ ਹੈ **ਵਾ:** ਅੰਗ ਸੰਗ ਪ੍ਰਤੀਤ ਹੁੰਦਾ ਹੈ।

## ਭੈ ਭਉ ਭਰਮੁ, ਖੋਇਆ ਗੁਰਿ ਪੂਰੈ; ਦੇਖਾ ਸਭਨੀ ਜਾਈ ਜੀਉ ॥੨॥

ਉਨ੍ਹਾਂ ਦਾ ਸੱਤ ਪ੍ਰਕਾਰ ਦਾ ਭੈ = ਖ਼ੌਫ਼, ਜੰਮਣ ਮਰਨ ਦਾ ਭਉ = ਡਰ, ਸਰੂਪ ਦਾ ਭਰਮ ਪੂਰੇ ਗੁਰਾਂ ਨੇ ਖੋਇਆ = ਨਾਸ ਕਰ ਦਿੱਤਾ ਹੈ ਅਤੇ ਉਨ੍ਹਾਂ ਨੇ ਸਭਨੀ = ਸਾਰੀਆਂ ਜਾਈ = ਥਾਵਾਂ ਵਿਚ ਪਰਮੇਸ਼ਰ ਨੂੰ ਹੀ ਦੇਖਾ = ਵੇਖਣਾ ਕੀਤਾ ਹੈ ਜੀ ॥੨॥

## ਪ੍ਰਭੁ ਸਮਰਥੁ; ਵਡ ਊਚ ਅਪਾਰਾ ॥ ਨਉ ਨਿਧਿ ਨਾਮੁ; ਭਰੇ ਭੰਡਾਰਾ ॥

ਉਹ ਪ੍ਰਭੁ = ਪਰਮੇਸ਼ਰ ਸਮਰਥੁ = ਸਰਬ ਸ਼ਕਤੀਮਾਨ ਹੈ, ਬ੍ਰਹਮਾ ਆਦਿਕ ਸਭ ਤੋਂ ਵਡ = ਵੱਡਾ ਤੇ ਊਚ = ਸ੍ਰੇਸ਼ਟ ਅਤੇ ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰੇ, ਅਪਾਰਾ = ਬੇਅੰਤ ਹੈ।

ਉਸ ਪਰਮੇਸ਼ਰ ਦੇ ਅਸਨ ਬਸਨ ਆਦਿ ਨਵਨਿਧਾਂ ਅਤੇ ਨਾਮ ਦੇ **ਵਾ:** ਨੌਂ ਨਿਧਾਂ ਰੂਪ ਨਾਮ ਅੰਮ੍ਰਿਤ ਦੇ ਭੰਡਾਰਾ = ਖ਼ਜ਼ਾਨੇ ਭਰੇ ਹੋਏ ਹਨ।

## ਆਦਿ ਅੰਤਿ ਮਧਿ, ਪ੍ਰਭੁ ਸੋਈ; ਦੂਜਾ ਲਵੈ ਨ ਲਾਈ ਜੀਉ ॥੩॥

ਸੋਈ = ਉਹ ਪ੍ਰਭੁ = ਪਰਮੇਸ਼ਰ ਸੰਸਾਰ ਦੇ ਆਦਿ = ਮੁੱਢ, ਅੰਤਿ = ਅਖ਼ੀਰ ਅਤੇ ਮਧਿ = ਵਿਚਕਾਰਲੇ ਭਾਵ ਵਰਤਮਾਨ ਸਮੇਂ ਅੰਦਰ ਹਰ ਥਾਂ ਵਿਆਪਕ ਹੈ, ਉਹ ਪ੍ਰਭੂ ਆਦਿ ਵਿਚ ਅਧਿਸ਼ਟਾਨ ਰੂਪ ਹੈ, ਮੱਧ ਵਿਚ ਵਿਆਪਕ ਸਰੂਪ ਹੈ, ਅੰਤ ਨੂੰ ਸਿਧਾਂਤ ਰੂਪ ਹੋਵੇਗਾ, ਇਸ ਲਈ ਉਸ ਦੇ ਲਵੈ = ਬਰਾਬਰ ਹੋਰ ਕੋਈ ਦੂਜਾ = ਦੂਸਰਾ ਨਹੀਂ ਲਾਇਆ ਜਾਂਦਾ ਜੀ ॥੩॥ ਜੈਸਾ ਕਿ :

**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥** *(ਅੰਗ ੮੫੮)*

## ਕਰਿ ਕਿਰਪਾ; ਮੇਰੇ ਦੀਨ ਦਇਆਲਾ ॥
## ਜਾਚਿਕੁ ਜਾਚੈ; ਸਾਧ ਰਵਾਲਾ ॥

ਇਉਂ ਬੇਨਤੀ ਕਰੋ ਕਿ ਹੇ ਮੇਰੇ ਦੀਨ = ਗ਼ਰੀਬ ਤੇ ਦਇਆਲਾ = ਦਿਆਲਤਾ ਕਰਨ ਵਾਲੇ ਪਰਮੇਸ਼ਰ ! ਤੂੰ ਆਪਣੀ ਕਿਰਪਾ = ਮੇਹਰ ਦੀ ਦ੍ਰਿਸ਼ਟੀ ਕਰ।

ਮੈਂ ਤੇਰੇ ਪਾਸੋਂ ਸਾਧ = ਸ੍ਰੇਸ਼ਟ ਗੁਰਮੁਖ ਜਨਾਂ ਦੀ ਰਵਾਲਾ = ਧੂੜੀ ਨੂੰ ਜਾਚਿਕੁ = ਮੰਗਤਾ ਹੋ ਕੇ ਜਾਚੈ = ਮੰਗਦਾ ਹਾਂ।

## ਦੇਹਿ ਦਾਨੁ, ਨਾਨਕੁ ਜਨੁ ਮਾਗੈ;
## ਸਦਾ ਸਦਾ ਹਰਿ ਧਿਆਈ ਜੀਉ ॥੪॥੩੮॥੪੫॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ਮੈ ਜਨੁ = ਦਾਸ ਤੇਰੇ ਕੋਲੋਂ ਮਾਂਗੈ = ਮੰਗਦਾ ਹਾਂ

ਕਿ ਮੈਨੂੰ ਇਕ ਹੋਰ ਵੀ ਦਾਨ ਦੇਣਾ ਕਰ, ਉਹ ਇਹ ਕਿ ਮੈਂ ਸਦਾ ਸਦਾ = ਹਮੇਸ਼ਾ ਹਮੇਸ਼ਾ ਤੇਰੇ ਹਰਿ ਨਾਮ ਨੂੰ ਧਿਆਈ = ਧਿਆਉਂਦਾ ਰਹਾਂ ਜੀ ॥੪॥੩੮॥੪੫॥

## ਮਾਝ ਮਹਲਾ ੫ ॥

## ਐਥੈ ਤੂੰਹੈ; ਆਗੈ ਆਪੇ ॥ ਜੀਅ ਜੰਤ੍ਰ; ਸਭਿ ਤੇਰੇ ਥਾਪੇ ॥

ਹੇ ਪਰਮੇਸ਼ਰ! ਐਥੈ = ਇਸ ਲੋਕ ਵਿਚ ਵੀ ਤੂੰ ਰੱਖਿਅਕ ਹੈਂ, ਆਗੈ = ਪਰਲੋਕ ਵਿਚ ਵੀ ਤੂੰ ਆਪੇ = ਆਪ ਹੀ ਸਹਾਇਤਾ ਕਰਨ ਵਾਲਾ ਹੈਂ **ਵਾ:** ਲੋਕ-ਪ੍ਰਲੋਕ ਵਿਚ ਵੀ ਤੂੰ ਆਪੇ ਆਪ ਹੀ ਹੈਂ; ਜੈਸਾ ਕਿ :

**ਊਹਾ ਹੁਕਮੁ ਤੁਮਾਰਾ ਸੁਣੀਐ ॥ ਈਹਾ ਹਰਿ ਜਸੁ ਤੇਰਾ ਭਣੀਐ ॥** *(ਅੰਗ ੧੦੮੧)*

ਛੋਟੇ ਵੱਡੇ ਜੀਅ ਜੰਤ ਸਭਿ = ਸਾਰੇ ਤੇਰੇ ਤੁਹਾਡੇ ਹੀ ਥਾਪੇ = ਬਣਾਏ ਹੋਏ ਹਨ।

## ਤੁਧੁ ਬਿਨੁ ਅਵਰੁ ਨ ਕੋਈ ਕਰਤੇ; ਮੈ ਧਰ ਓਟ ਤੁਮਾਰੀ ਜੀਉ ॥੧॥

ਹੇ ਕਰਤਾ ਪੁਰਖ ਵਾਹਿਗੁਰੂ! ਤੁਧੁ = ਤੁਹਾਡੇ ਤੋਂ ਬਗ਼ੈਰ ਦੂਜਾ ਅਵਰੁ = ਹੋਰ ਕੋਈ ਵੀ ਨਹੀਂ ਦਿੱਸਦਾ। ਇਸ ਲਈ ਮੈਂ ਤੁਮਾਰੀ = ਤੁਹਾਡੀ ਹੀ ਓਟ = ਟੇਕ ਧਰ = ਧਾਰਨ ਕੀਤੀ ਹੋਈ ਹੈ **ਅਥਵਾ** ਮੈਨੂੰ ਸਰੀਰ ਵਿਚ ਵੀ ਤੇਰੀ ਧਰ = ਓਟ ਆਸਰਾ ਹੈ। ਮਨ ਵਿਚ ਵੀ ਤੇਰੀ ਓਟ = ਟੇਕ ਹੈ ਤੇ ਲੋਕ-ਪ੍ਰਲੋਕ ਵਿਚ ਵੀ ਤੇਰਾ ਹੀ ਧਰ = ਆਸਰਾ ਹੈ ਜੀ ॥੧॥

## ਰਸਨਾ; ਜਪਿ ਜਪਿ ਜੀਵੈ, ਸੁਆਮੀ ॥ ਪਾਰਬ੍ਰਹਮ ਪ੍ਰਭ; ਅੰਤਰਜਾਮੀ ॥

ਹੇ ਸੁਆਮੀ = ਮਾਲਕ! ਆਪ ਨੂੰ ਰਸਨਾ ਦੁਆਰਾ ਜਪ ਜਪ ਕੇ ਜੀਵੈ = ਜਿਉਂਦੇ ਰਹੀਦਾ ਹੈ। ਹੇ ਪਾਰਬ੍ਰਹਮ = ਪਾਪਾਂ ਪੁੰਨਾਂ ਤੋਂ ਪਰੇ ਬ੍ਰਹਮ= ਵਿਆਪਕ ਪ੍ਰਭ= ਪਰਮੇਸ਼ਰ! ਤੂੰ ਘਟਿ ਘਟਿ ਦੀ ਜਾਨਣ ਵਾਲਾ ਅੰਤਰਜਾਮੀ ਹੈਂ **ਵਾ:** ਮੇਰੇ ਅੰਦਰ ਦੀ ਪ੍ਰੀਤੀ ਨੂੰ ਤੂੰ ਜਾਨਣ ਵਾਲਾ ਹੈਂ।

## ਜਿਨਿ ਸੇਵਿਆ, ਤਿਨ ਹੀ ਸੁਖੁ ਪਾਇਆ; ਸੋ ਜਨਮੁ ਨ ਜੂਐ ਹਾਰੀ ਜੀਉ ॥੨॥

ਹੇ ਪਰਮੇਸ਼ਰ! ਜਿਨਿ = ਜਿਨ੍ਹਾਂ ਨੇ ਤੈਨੂੰ ਦਾਸਾ ਭਾਵ ਧਾਰ ਕੇ ਸੇਵਿਆ = ਸੇਵਨਾ ਕੀਤਾ ਹੈ, ਤਿਨ = ਉਨ੍ਹਾਂ ਨੇ ਹੀ ਆਤਮਿਕ ਸੁੱਖ ਪਾਇਆ = ਪਾਉਣਾ ਕੀਤਾ ਹੈ ਤੇ ਸੋ = ਉਹ ਪ੍ਰਾਣੀ ਆਪਣੀ ਮਨੁੱਖਾ ਜਨਮ ਰੂਪੀ ਬਾਜ਼ੀ ਸੰਸਾਰ ਜੂਏ ਵਿਚ ਹਾਰਦੇ ਨਹੀਂ ਹਨ ਜੀ ਅਰਥਾਤ ਬਾਕੀ ਸੰਸਾਰ ਜਿਵੇਂ ਜੂਆ ਖੇਡਣ ਵਾਲਾ ਆਪਣੀ ਸਾਰੀ ਸੰਪਤੀ ਧਨ, ਪਦਾਰਥ ਜੂਏ ਵਿਚ ਹਾਰ ਜਾਂਦਾ ਹੈ, ਇਸੇ ਤਰ੍ਹਾਂ ਹੀ ਪਰਮੇਸ਼ਰ ਦੇ ਨਾਮ ਤੋਂ ਬੇਮੁਖ ਹੋਏ ਪ੍ਰਾਣੀ ਆਪਣੇ ਅਮੋਲਕ ਸੁਆਸਾਂ ਨੂੰ ਦੇਖਣ, ਭੋਗਣ, ਸੁੰਘਣ ਆਦਿ ਵਿਸ਼ਿਆਂ ਵਿਚ ਗੁਆ ਕੇ ਮਨੁੱਖਾ ਜਨਮ ਰੂਪੀ ਬਾਜ਼ੀ ਵਿਕਾਰਾਂ ਰੂਪੀ ਜੂਏ ਵਿਚ ਹਾਰ ਜਾਂਦੇ ਹਨ ॥੨॥

### [ਅੰਗ ੧੦੮]

## ਨਾਮੁ ਅਵਖਧੁ; ਜਿਨਿ ਜਨ ਤੇਰੈ ਪਾਇਆ ॥ ਜਨਮ ਜਨਮ ਕਾ; ਰੋਗੁ ਗਵਾਇਆ ॥

ਜਿਨ੍ਹਾਂ ਭਗਤ ਜਨਾਂ ਤੇਰੈ = ਤੁਹਾਡੇ ਨਾਮ ਰੂਪੀ ਅਵਖਧੁ = ਦਵਾਈ ਨੂੰ ਪਾਇਆ = ਪ੍ਰਾਪਤ ਕੀਤਾ ਹੈ।

ਉਹਨਾਂ ਦਾ ਜਨਮਾਂ ਜਨਮਾਂਤਰਾਂ ਦਾ ਅਗਿਆਨ ਰੂਪੀ ਰੋਗ, ਹਉਮੈ ਦਾ ਰੋਗ, ਦੇਹ ਅਧਿਆਸ ਤੇ ਕਾਮ, ਕ੍ਰੋਧ ਆਦਿ ਦਾ ਰੋਗ ਗਵਾਇਆ = ਮੇਟ ਦਿੱਤਾ। ਜੈਸਾ ਕਿ :

**ਮੇਰਾ ਬੈਦੁ ਗੁਰੂ ਗੋਵਿੰਦਾ ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥** *(ਅੰਗ ੬੧੮)*

## ਹਰਿ ਕੀਰਤਨੁ ਗਾਵਹੁ ਦਿਨੁ ਰਾਤੀ; ਸਫਲ ਏਹਾ ਹੈ ਕਾਰੀ ਜੀਉ ॥੩॥

ਇਸ ਲਈ ਹੇ ਭਾਈ! ਹਰਿ = ਪਰਮੇਸ਼ਰ ਦੇ ਕੀਰਤਨੁ = ਜੱਸ ਨੂੰ ਦਿਨ ਰਾਤ ਗਾਵਹੁ = ਗਾਉਣਾ ਕਰੋ, ਏਹਾ = ਇਹੋ ਹੀ ਸਫਲ ਕਾਰੀ = ਕੰਮ ਹੈ **ਵਾ:** ਹਰੀ ਦੇ ਜੱਸ ਨੂੰ ਗਾਉਣਾ ਕਰੋ, ਫੇਰ ਅਵਿੱਦਿਆ ਰੂਪੀ ਰਾਤ ਤੋਂ ਗਿਆਨ ਰੂਪੀ ਦਿਨ ਦਾ ਪ੍ਰਕਾਸ਼ ਹੋ ਜਾਵੇਗਾ, ਏਹਾ = ਇਹੋ ਹੀ ਸਫਲ = ਸਹਿਤ ਗਿਆਨ ਰੂਪ ਫਲ ਦੇ ਕਾਮਾਦਿ ਰੋਗਾਂ ਨੂੰ ਕੱਟਣ ਵਾਲੀ ਕਾਰੀ = ਔਸ਼ਧੀ ਹੈ ਜੀ ॥੩॥

## ਦ੍ਰਿਸਟਿ ਧਾਰਿ; ਅਪਨਾ ਦਾਸੁ ਸਵਾਰਿਆ ॥
## ਘਟ ਘਟ ਅੰਤਰਿ; ਪਾਰਬ੍ਰਹਮੁ ਨਮਸਕਾਰਿਆ ॥

ਉਸ ਪਰਮੇਸ਼ਰ ਨੇ ਦਇਆ ਦ੍ਰਿਸ਼ਟੀ ਧਾਰਿ = ਧਾਰਨ ਕਰਕੇ ਅਪਨੇ ਦਾਸੁ = ਸੇਵਕ ਦੇ ਔਗੁਣ ਮੇਟ ਕੇ ਸ਼ੁਭ ਗੁਣਾਂ ਦੇ ਸਹਿਤ ਸਵਾਰਿਆ = ਸੰਵਾਰ ਦਿੱਤਾ ਹੈ।

ਉਹ ਦਾਸ ਸਾਰਿਆਂ ਘਟ ਘਟ = ਘਟਾਂ ਘਟਾਂ ਦੇ ਅੰਤਰਿ = ਵਿਚ ਪਾਰਬ੍ਰਹਮੁ = ਪਰਮੇਸ਼ਰ ਨੂੰ ਵਿਆਪਕ ਜਾਣ ਕੇ ਨਮਸਕਾਰਿਆ = ਪ੍ਰਣਾਮ ਕਰਦਾ ਹੈ।

## ਇਕਸੁ ਵਿਣੁ ਹੋਰੁ ਦੂਜਾ ਨਾਹੀ;
## ਬਾਬਾ ਨਾਨਕ[1] ਇਹ ਮਤਿ ਸਾਰੀ ਜੀਉ ॥੪॥੩੯॥੪੬॥

ਉਸ ਸੇਵਕ ਦੀ ਐਸੀ ਦਿਬ ਦ੍ਰਿਸ਼ਟੀ ਜਾਗ ਪਈ ਕਿ ਇਕਸੁ = ਇਕ ਵਾਹਿਗੁਰੂ ਤੋਂ ਬਿਨਾਂ ਹੋਰ ਦੂਜਾ ਨਜ਼ਰ ਨਹੀਂ ਆਉਂਦਾ। ਬਾਬਾ = ਜੋ ਵੱਡੇ ਪੂਜਨੀਕ ਸਤਿਗੁਰੂ ਨਾਨਕ ਦੇਵ ਜੀ ਹਨ, ਉਹਨਾਂ ਦੀ ਇਹ ਸਾਰੀ = ਸ੍ਰੇਸ਼ਟ ਮਤਿ = ਸਿੱਖਿਆ ਅਸੀਂ ਕਹਿਣਾ ਕੀਤੀ ਹੈ ਜੀ **ਅਥਵਾ** ਬਾਬਾ ਨਾਨਕ = ਸਤਿਗੁਰੂ ਨਾਨਕ ਦੇਵ ਜੀ ਨੇ ਇਹ ਸ੍ਰੇਸ਼ਟ ਸਿੱਖਿਆ ਸਾਰੀ = ਕਥਨ ਕੀਤੀ ਹੈ ਕਿ ਇਕ ਵਾਹਿਗੁਰੂ ਤੋਂ ਬਗ਼ੈਰ ਸੰਸਾਰ ਵਿਚ ਹੋਰ ਕੋਈ ਵੀ ਦੂਜਾ ਸਮਰੱਥ ਨਹੀਂ ਹੈ ॥੪॥੩੯॥੪੬॥

## ਮਾਝ ਮਹਲਾ ੫ ॥
## ਮਨੁ ਤਨੁ ਰਤਾ; ਰਾਮ ਪਿਆਰੇ ॥ ਸਰਬਸੁ ਦੀਜੈ; ਅਪਨਾ ਵਾਰੇ ॥

ਸਾਡਾ ਮਨ ਵੀ ਤੇ ਤਨ ਵੀ ਪਿਆਰੇ ਰਮੇ ਹੋਏ ਰਾਮ ਵਿਚ ਰਤਾ = ਰੰਗਿਆ ਹੋਇਆ ਹੈ **ਵਾ:** ਜਿਸ ਨੇ ਪਿਆਰੇ ਪ੍ਰਭੂ ਵਿਚ ਆਪਣਾ ਆਪ ਰੰਗਿਆ ਹੋਇਆ ਹੈ।

ਉਸ ਦੇ ਤਾਈਂ ਆਪਣਾ ਤਨ, ਮਨ, ਧਨ, ਪੁੱਤਰ, ਲੱਛਮੀ ਆਦਿ ਸਾਰਾ ਸਰਬਸੁ = ਸਰਬੰਸ ਹੀ ਵਾਰੇ = ਕੁਰਬਾਨ ਕਰ ਦੀਜੈ = ਦੇਣਾ ਕਰੀਏ।

## ਆਠ ਪਹਰ ਗੋਵਿੰਦ ਗੁਣ ਗਾਈਐ; ਬਿਸਰੁ ਨ ਕੋਈ ਸਾਸਾ ਜੀਉ ॥੧॥

ਅੱਠੇ ਪਹਿਰ ਗੋਵਿੰਦ = ਪਰਮੇਸ਼ਰ ਦੇ ਗੁਣਾਂ ਨੂੰ ਗਾਈਐ = ਗਾਉਂਦੇ ਰਹੀਏ। ਕੋਈ ਇਕ ਸਾਸਾ = ਸੁਆਸ ਲੈਂਦਿਆਂ ਵੀ ਪਰਮੇਸ਼ਰ ਦਾ ਨਾਮ ਨਾ ਬਿਸਰੁ = ਭੁੱਲ ਜਾਵੇ, ਜੀ ॥੧॥

---

੧. ਜੋ ਇਥੇ 'ਬਾਬਾ ਨਾਨਕ' ਪਦ ਆਇਆ ਹੈ, ਇਸ ਦਾ ਅਰਥ ਭਾਵ ਗੁਰੂ ਅਰਜਨ ਦੇਵ ਜੀ ਨਹੀਂ, ਬਲਕਿ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਲਈ ਵਰਤਿਆ ਗਿਆ ਹੈ, ਜਿਸ ਦੀ ਦਿੱਤੀ ਸ੍ਰੇਸ਼ਟ ਬੁੱਧੀ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਆਪਣੇ ਆਪ ਨੂੰ ਬਾਬਾ ਨਹੀਂ ਕਹਿ ਰਹੇ ਅਤੇ ਨਾ ਹੀ ਕਿਸੇ ਨੂੰ ਸੰਬੋਧਨ ਕਰਕੇ ਕਿਹਾ ਹੈ।

## ਸੋਈ ਸਾਜਨ; ਮੀਤੁ ਪਿਆਰਾ ॥ ਰਾਮ ਨਾਮੁ; ਸਾਧਸੰਗਿ ਬੀਚਾਰਾ ॥

ਸੋਈ = ਉਹੀ ਪਰਮੇਸ਼ਰ ਮਾਤਾ ਦੇ ਗਰਭ ਵਿਚ ਸੱਜਣ, ਇਸ ਲੋਕ ਵਿਚ ਮੀਤੁ = ਮਿੱਤਰ ਤੇ ਪ੍ਰਲੋਕ ਵਿਚ ਪਿਆਰਾ ਹੈ **ਵਾ:** ਉਹੀ ਪਰਮੇਸ਼ਰ ਮਨ ਦਾ ਸੱਜਣ, ਤਨ ਦਾ ਮਿੱਤਰ, ਬਾਣੀ ਦਾ ਪਿਆਰਾ ਹੈ **ਵਾ:** ਸ੍ਰਵਣ, ਮੰਨਣ, ਨਿਧਿਆਸਣ ਕਰਨ ਵਾਲਾ ਸੱਜਣ, ਵੈਰਾਗ, ਬਿਬੇਕ ਵਾਲਾ ਮਿੱਤਰ ਤੇ ਗਿਆਨਵਾਨ ਪਿਆਰਾ ਹੈ। ਉਸੇ ਰਾਮ = ਪਰਮੇਸ਼ਰ ਦੇ ਨਾਮ ਨੂੰ ਸਾਧਸੰਗਤ ਵਿਚ ਬੀਚਾਰਾ = ਵੀਚਾਰਨਾ ਕਰੀਦਾ ਹੈ **ਅਥਵਾ** ਉਹੀ ਮਨ, ਬਾਣੀ, ਸਰੀਰ ਕਰਕੇ ਸਾਡਾ ਸੱਜਣ ਤੇ ਪਿਆਰਾ ਮਿੱਤਰ ਹੈ, ਜੋ ਰਾਮ = ਪਰਮੇਸ਼ਰ ਦੇ ਨਾਮ ਨੂੰ ਸਾਧਸੰਗਤ ਨਾਲ ਮਿਲ ਕੇ ਬਿਚਾਰਾ = ਵੀਚਾਰਦਾ ਹੈ। ਕਿਉਂਕਿ :

## ਸਾਧੂ ਸੰਗਿ ਤਰੀਜੈ ਸਾਗਰੁ; ਕਟੀਐ ਜਮ ਕੀ ਫਾਸਾ ਜੀਉ ॥੨॥

ਸਾਧਸੰਗਤ ਦੀ ਕ੍ਰਿਪਾ ਕਰਕੇ ਸੰਸਾਰ ਸਾਗਰੁ = ਸਮੁੰਦਰ ਤੋਂ ਤਰ ਜਾਈਦਾ ਹੈ ਅਤੇ ਜਮਾਂ ਕੀ = ਦੀ ਫਾਸਾ = ਫਾਹੀ ਕੱਟੀ ਜਾਂਦੀ ਹੈ ਜੀ ॥੨॥

## ਚਾਰਿ ਪਦਾਰਥ; ਹਰਿ ਕੀ ਸੇਵਾ ॥ ਪਾਰਜਾਤੁ; ਜਪਿ ਅਲਖ ਅਭੇਵਾ ॥

ਹਰੀ ਪਰਮੇਸ਼ਰ ਦੀ ਨਿਮਰਤਾ ਸਹਿਤ ਭਗਤੀ ਰੂਪੀ ਸੇਵਾ = ਟਹਿਲ ਕਰਕੇ ਚਾਰੇ ਪਦਾਰਥਾਂ ਧਰਮ, ਅਰਥ, ਕਾਮ, ਮੋਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਸ ਅਲਖ = ਲਖਣ ਤੋਂ ਰਹਿਤ, ਅਭੇਵਾ = ਭੇਦ ਤੋਂ ਰਹਿਤ ਪਰਮੇਸ਼ਰ ਦਾ ਨਾਮ ਜਪ ਕੇ ਪਾਰਜਾਤੁ = ਕਲਪਤਰ ਬ੍ਰਿਛ ਦੀ ਨਿਆਈਂ ਮਨ-ਇੱਛਤ ਫਲਾਂ ਦੀ ਪ੍ਰਾਪਤੀ ਹੁੰਦੀ ਹੈ।

## ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ; ਪੂਰਨ ਹੋਈ ਆਸਾ ਜੀਉ ॥੩॥

ਸਤਿਗੁਰੂ ਜੀ ਨੇ ਕ੍ਰਿਪਾ ਕਰਕੇ ਕਾਮ ਦਾ ਫੁਰਨਾ ਜਿਸ ਕਰਕੇ ਨਿਲੱਜ ਤੇ ਬੇ-ਡਰ ਹੋ ਕੇ ਭਟਕਦਾ ਫਿਰਦਾ ਸੀ। ਕ੍ਰੋਧ = ਤੀਖਣ ਬਿਰਤੀ ਹੋਣ ਕਰਕੇ ਆਪ ਤੋਂ ਵੱਡਿਆਂ ਦੀ ਨਿਰਾਦਰੀ ਕਰ ਦੇਣੀ, ਮਾਂ ਪਿਉ ਦਾ ਵੀ ਗਲ ਵੱਢਣ ਲਈ ਤਿਆਰ ਹੋ ਜਾਣਾ। ਕਿਲਬਿਖ = ਚਾਰ ਪ੍ਰਕਾਰ ਦੇ ਪਾਪ ਸ਼ਰਾਬ ਪੀਣੀ, ਚੋਰੀ ਕਰਨੀ, ਗੁਰੂ ਦੀ ਸੇਜਾ ਦਾ ਰਮਣ ਕਰਨਾ, ਬ੍ਰਹਮ ਗਿਆਨੀ ਨੂੰ ਮਾਰਨਾ, ਇਹ ਸਾਰੇ ਪਾਪ ਪੂਰੇ ਗੁਰਾਂ ਨੇ ਕੱਟ ਦਿੱਤੇ। ਸਾਰੀਆਂ ਹੀ ਆਸਾਂ ਪੂਰਨ ਹੋ ਗਈਆਂ ਹਨ ਜੀ ॥੩॥

## ਪੂਰਨ ਭਾਗ ਭਏ; ਜਿਸੁ ਪ੍ਰਾਣੀ ॥ ਸਾਧ ਸੰਗਿ; ਮਿਲੇ ਸਾਰੰਗਪਾਣੀ ॥

ਜਿਸ ਮਨੁੱਖ ਦੇ ਪੂਰਨ ਭਾਗ = ਉੱਤਮ ਭਾਗ ਪ੍ਰਗਟ ਭਏ = ਹੋਏ ਹਨ, ਉਸ ਪ੍ਰਾਣੀ ਨੂੰ ਸਾਧ ਸੰਗ ਦੁਆਰਾ ਸਾਰੰਗਪਾਣੀ = ਹੱਥਾਂ ਵਿਚ ਸਾਰਿੰਗ ਨਾਮੇ ਧਨੁੱਖ ਨੂੰ ਧਾਰਨ ਵਾਲਾ ਪਰਮੇਸ਼ਰ ਮਿਲੇ = ਮਿਲ ਗਿਆ ਹੈ **ਵਾ:** ਸਾਰਿੰਗ = ਪਪੀਹੇ ਦੀ ਨਿਆਈਂ ਨਾਮ ਰੂਪੀ ਸਵਾਂਤੀ ਬੂੰਦ ਪ੍ਰਾਪਤ ਹੋ ਗਈ ਹੈ।

## ਨਾਨਕ ਨਾਮੁ ਵਸਿਆ ਜਿਸੁ ਅੰਤਰਿ;
## ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥

ਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਸ ਪੁਰਖ ਦੇ ਅੰਦਰ ਪਰਮੇਸ਼ਰ ਦਾ ਨਾਮ ਵਸ ਗਿਆ ਹੈ, ਉਹ ਗ੍ਰਿਹਸਤ ਵਿਚ ਤੇ ਉਦਾਸਾ = ਵਿਰੱਕਤਪੁਣੇ ਵਿਚ ਵੀ ਪ੍ਰਮਾਣੀਕ ਹੈ **ਵਾ:** ਗ੍ਰਿਹਸਤ ਵਿਚ ਵੀ ਜਿਹੜੇ ਉਦਾਸ ਰਹਿੰਦੇ ਹਨ, ਉਹ ਸਾਧੂਆਂ ਦੀ ਤਰ੍ਹਾਂ ਪ੍ਰਮਾਣੀਕ ਹਨ ਜੀ ॥੪॥੪੦॥੪੭॥ ਜੈਸਾ ਕਿ :

**ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥** *(ਅੰਗ ੧੦੭੦)*

ਉਹ ਕਮਲ ਦੀ ਨਿਆਈਂ ਪ੍ਰਵਾਰ ਵਿਚ ਰਹਿੰਦਿਆਂ ਵਾਹਿਗੁਰੂ ਦੀ ਜੋਤਿ ਜਾਣ ਕੇ ਨਿਰਲੇਪ ਰਹਿੰਦੇ ਹਨ।

## ਮਾਝ ਮਹਲਾ ੫ ॥

## ਸਿਮਰਤ ਨਾਮੁ; ਰਿਦੈ ਸੁਖੁ ਪਾਇਆ ॥ ਕਰਿ ਕਿਰਪਾ; ਭਗਤੀ ਪ੍ਰਗਟਾਇਆ ॥

ਜਿਸ ਨੇ ਪਰਮੇਸ਼ਰ ਦੇ ਨਾਮ ਨੂੰ ਸਿਮਰਤ = ਸਿਮਰਿਆ ਹੈ, ਉਸ ਨੇ ਰਿਦੈ = ਹਿਰਦੇ ਦੇ ਵਿਚ ਹੀ ਸੁੱਖ ਸਰੂਪ ਨੂੰ ਪ੍ਰਾਪਤ ਕਰ ਲਿਆ ਹੈ। ਪਰਮੇਸ਼ਰ ਨੇ ਕਿਰਪਾ = ਮੇਹਰ ਕਰਿ = ਕਰਕੇ ਆਪਣੀ ਭਗਤੀ = ਭਗਤ ਜਨਾਂ ਨੂੰ ਭਗਤੀ ਵਿਚ ਲਾ ਕੇ ਕੁਲ ਦੁਨੀਆਂ ਅੰਦਰ ਪ੍ਰਗਟਾਇਆ = ਪ੍ਰਗਟ ਕਰ ਦਿੱਤਾ ਹੈ।

## ਸੰਤਸੰਗਿ ਮਿਲਿ ਹਰਿ ਹਰਿ ਜਪਿਆ; ਬਿਨਸੇ ਆਲਸ ਰੋਗਾ ਜੀਉ ॥੧॥

ਜਿਸ ਨੇ ਸਤਿਸੰਗ ਵਿਚ ਮਿਲ ਕੇ ਪਰਮੇਸ਼ਰ ਦਾ ਹਰਿ ਹਰਿ ਨਾਮ ਜਪਿਆ ਹੈ, ਉਸ ਦੇ ਆਲਸ = ਦਲਿੱਦਰ ਆਦਿਕ ਰੋਗ ਬਿਨਸੇ = ਵਿਸ਼ੇਸ਼ ਕਰਕੇ ਨਾਸ਼ ਹੋ ਗਏ ਹਨ ਜੀ ॥੧॥

## ਜਾ ਕੈ ਗ੍ਰਿਹਿ; ਨਵ ਨਿਧਿ ਹਰਿ ਭਾਈ ॥
## ਤਿਸੁ ਮਿਲਿਆ; ਜਿਸੁ ਪੁਰਬ ਕਮਾਈ ॥

ਜਾ = ਜਿਸ ਕੈ = ਦੇ ਹਿਰਦੇ ਰੂਪੀ ਗ੍ਰਿਹਿ = ਘਰ ਵਿਚ ਹਰਿ = ਪਰਮੇਸ਼ਰ ਦੀ ਨੌਂ ਨਿਧੀਆਂ ਰੂਪ ਨਵਧਾ ਭਗਤੀ ਭਾਈ = ਭਾਉਂਦੀ ਹੈ **ਵਾ:** ਹੇ ਭਾਈ! ਜਿਸ ਪਰਮੇਸ਼ਰ ਦੇ ਘਰ ਵਿਚ ਨੌਂ ਨਿਧੀਆਂ ਆਦਿ ਸਾਰੇ ਪਦਾਰਥ ਹਨ।

ਉਹ ਪਰਮੇਸ਼ਰ ਤਿਸੁ = ਉਸ ਨੂੰ ਮਿਲਿਆ ਹੈ, ਜਿਸ ਨੇ ਪੁਰਬ = ਪਿਛਲੇ ਜਨਮ ਵਿਚ ਕਮਾਈ = ਘਾਲਣਾ ਘਾਲੀ ਹੈ।

## ਗਿਆਨ ਧਿਆਨ ਪੂਰਨ ਪਰਮੇਸੁਰ; ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥

(**ਗੱਲਾਂ** ਬੋਲੋ)

ਉਹ ਪੂਰਨ ਪਰਮੇਸ਼ਰ ਨਿਰਗੁਣ ਸਰੂਪ ਵਿਚ ਗਿਆਨ ਸਰੂਪ ਤੇ ਸਰਗੁਣ ਸਰੂਪ ਵਿਚ ਧਿਆਨ ਸਰੂਪ ਹੈ, ਉਹ ਪ੍ਰਭੁ = ਪਰਮੇਸ਼ਰ ਸਭਨਾ = ਸਾਰੀਆਂ ਗੱਲਾਂ ਦੇ ਕਰਨੇ ਜੋਗਾ = ਲਾਇਕ ਹੈ ਜੀ **ਅਥਵਾ** ਜਿਹੜੇ ਪਰਮੇਸ਼ਰ ਦੀ ਪ੍ਰੇਮਾ-ਭਗਤੀ ਕਰਦੇ ਹਨ, ਉਹਨਾਂ ਨੂੰ ਕ੍ਰਿਪਾ ਕਰਕੇ ਨਿਰਗੁਣ ਸਰੂਪ ਦਾ ਗਿਆਨ ਸਰਗੁਣ ਸਰੂਪ ਦਾ ਧਿਆਨ ਦੇ ਕੇ ਲਬਾਲਬ ਪੂਰਨ ਕੀਤਾ ਹੈ। ਪ੍ਰਭੁ = ਮਾਲਕ ਪਰਮੇਸ਼ਰ ਸਾਰੀਆਂ ਗੱਲਾਂ ਵਿਚ ਜੋਗ ਹੈ ਭਾਵ ਕਰਨ ਵਾਲਾ ਹੈ। ਜਿਵੇਂ ਚਾਹੁੰਦਾ ਹੈ, ਉਸੇ ਤਰ੍ਹਾਂ ਕਰਦਾ ਹੈ ਜੀ ॥੨॥

## ਖਿਨ ਮਹਿ ਥਾਪਿ; ਉਥਾਪਨਹਾਰਾ ॥ ਆਪਿ ਇਕੰਤੀ; ਆਪਿ ਪਸਾਰਾ ॥

ਉਹ ਪ੍ਰਭੂ ਇਕ ਖਿਨ = ਛਿਨ ਮਹਿ = ਵਿਚ ਹੀ ਸੰਸਾਰ ਨੂੰ ਥਾਪਿ = ਇਸਥਿਤ ਕਰਕੇ ਪਾਲਣ ਵਾਲਾ ਹੈ ਤੇ ਇਕ ਖਿਨ ਵਿਚ ਹੀ ਉਥਾਪਨਹਾਰਾ = ਪਰਲੋ ਕਰਨ ਵਾਲਾ ਹੈ **ਅਥਵਾ** ਆਪ ਹੀ ਖਿਨ ਵਿਚ ਅਉਗੁਣਾਂ ਨੂੰ ਮੇਟ ਕੇ ਸ਼ੁਭ ਗੁਣਾਂ ਨੂੰ ਥਾਪਣ ਵਾਲਾ ਹੈ ਤੇ ਖਿਨ ਵਿਚ ਹੀ ਅਗਿਆਨ ਦੀ ਲੈਅਤਾ ਕਰਕੇ ਆਤਮ ਗਿਆਨ ਦੇ ਥਾਪਣ ਵਾਲਾ ਹੈ।

ਆਪ ਹੀ ਨਿਰਗੁਣ ਸਰੂਪ ਹੋ ਕੇ ਇਕੰਤੀ = ਏਕਾਂਤ ਵਿਚ ਰਹਿਣ ਵਾਲਾ ਹੈ। ਆਪ ਹੀ ਸਰਗੁਣ ਸਰੂਪ ਧਾਰ ਕੇ ਅਨੇਕਾਂ ਪਸਾਰੇ ਕਰਨ ਵਾਲਾ ਹੈ **ਅਥਵਾ** ਆਪ ਹੀ ਬਿਰੱਕਤ ਰੂਪ ਹੋ ਕੇ ਰਹਿਣ ਵਾਲਾ ਸੰਤ ਰੂਪ ਹੈ ਤੇ ਆਪ ਹੀ ਪਰਵਿਰਤੀ ਪਸਾਰੇ ਵਾਲਾ ਗ੍ਰਿਹਸਤੀ ਰੂਪ ਹੈ। ਜੈਸਾ ਕਿ :

**ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥** *(ਅੰਗ ੨੮੪)*

## ਲੇਪੁ ਨਹੀ ਜਗਜੀਵਨ ਦਾਤੇ; ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥

ਉਸ ਸਾਰੇ ਜਗਜੀਵਨ = ਜਗਤ ਦੇ ਜੀਵਨ ਦਾਤੇ ਪ੍ਰਭੂ ਨੂੰ ਸੰਸਾਰ ਦੀ ਲੇਪੁ = ਲਪਾਇਮਾਨਤਾ ਨਹੀਂ ਲੱਗਦੀ। ਸਗੋਂ ਉਸ ਪ੍ਰਭੂ ਦੇ ਦਰਸ਼ਨ ਡਿਠੇ = ਵੇਖ ਕੇ ਜਨਮਾਂ-ਜਨਮਾਂਤਰਾਂ ਦੇ ਵਿਜੋਗਾ = ਵਿਛੋੜੇ ਦੇ ਦੁਖ ਲਹਨਿ = ਲਹਿ ਜਾਂਦੇ ਹਨ ਜੀ ॥੩॥

## ਅੰਚਲਿ ਲਾਇ; ਸਭ ਸਿਸਟਿ ਤਰਾਈ ॥ ਆਪਣਾ ਨਾਉ; ਆਪਿ ਜਪਾਈ ॥

ਉਸ ਪਰਮੇਸ਼ਰ ਨੇ ਆਪਣੇ ਸਾਧਸੰਗਤ, ਨਾਮ ਰੂਪੀ ਅੰਚਲਿ = ਪੱਲੇ ਨਾਲ ਲਾਇ ਲਾ ਕੇ ਸਭ = ਸਾਰੀ ਸਿਸਟਿ = ਸ੍ਰਿਸ਼ਟੀ ਤਰਾਈ = ਤਾਰਨਾ ਕੀਤੀ ਹੈ।

ਉਸ ਨੇ ਆਪਣਾ ਨਾਉ = ਨਾਮ ਆਪ ਹੀ ਗੁਰਾਂ ਦੁਆਰਾ ਜਪਾਈ = ਜਪਾਉਣਾ ਕੀਤਾ ਹੈ।

## ਗੁਰ ਬੋਹਿਥੁ ਪਾਇਆ ਕਿਰਪਾ ਤੇ; ਨਾਨਕ ਧੁਰਿ ਸੰਜੋਗਾ ਜੀਉ ॥੪॥੪੧॥੪੮॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਧੁਰਿ = ਮੁੱਢ ਤੋਂ ਹੀ ਪੂਰਬਲੇ ਕਰਮਾਂ ਦੇ ਸੰਜੋਗ ਕਰਕੇ ਪਰਮੇਸ਼ਰ ਦੀ ਕਿਰਪਾ = ਦਇਆ ਦ੍ਰਿਸ਼ਟੀ ਤੇ = ਤੋਂ ਗੁਰੂ ਰੂਪ ਬੋਹਿਥੁ = ਜਹਾਜ਼ **ਵਾ:** ਗੁਰੂ ਦੁਆਰਾ ਨਾਮ ਰੂਪ ਜਹਾਜ਼ ਪਾਇਆ = ਪਾਉਣਾ ਕੀਤਾ ਹੈ ਜੀ ॥੪॥੪੧॥੪੮॥

## ਮਾਝ ਮਹਲਾ ੫ ॥

ਇਸ ਸ਼ਬਦ ਵਿਚ ਸਤਿਗੁਰੂ ਜੀ ਸਿੱਖ ਨੂੰ ਭਾਣੇ ਵਿਚ ਚੱਲਣ ਦੀ ਜਾਚ ਦੱਸਦੇ ਹਨ।

## ਸੋਈ ਕਰਣਾ; ਜਿ ਆਪਿ ਕਰਾਏ ॥ ਜਿਥੈ ਰਖੈ; ਸਾ ਭਲੀ ਜਾਏ ॥

ਸੋਈ = ਉਹ ਹੀ ਕਰਤੱਵ ਕਰਨਾ ਹੁੰਦਾ ਹੈ, ਜੋ ਪਰਮੇਸ਼ਰ ਆਪ ਪ੍ਰੇਰ ਕੇ ਕਰਾਏ = ਕਰਾਉਂਦਾ ਹੈ। ਜਿਥੇ ਵੀ ਵਾਹਿਗੁਰੂ ਰੱਖੇ, ਸਾ = ਉਹ ਹੀ ਭਲੀ = ਚੰਗੀ ਜਾਏ = ਜਗ੍ਹਾ ਹੈ।

## ਸੋਈ ਸਿਆਣਾ ਸੋ ਪਤਿਵੰਤਾ; ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥

ਅਸਲ ਵਿਚ ਸੋਈ = ਉਹ ਹੀ ਸ਼ਾਸਤਰਾਂ ਦੀ ਸੋਝੀ ਰੱਖਣ ਵਾਲਾ ਸਿਆਣਾ = ਚਤੁਰ ਹੈ ਤੇ ਸੋ = ਉਹੋ ਹੀ ਕਾਮ, ਕ੍ਰੋਧ ਤੋਂ ਬੇਪੱਤ ਨਾ ਹੋ ਕੇ ਸਤਿ, ਸੰਤੋਖ ਦੀ ਪਤਿਵੰਤਾ = ਇੱਜ਼ਤ ਵਾਲਾ ਹੈ ਜਿਸ ਨੂੰ ਵਾਹਿਗੁਰੂ ਦਾ ਹੁਕਮੁ = ਭਾਣਾ ਮਿੱਠਾ ਤੇ ਪਿਆਰਾ ਲਗੈ = ਲੱਗਦਾ ਹੈ ਜੀ ॥੧॥

## ਸਭ ਪਰੋਈ; ਇਕਤੁ ਧਾਗੈ ॥ ਜਿਸੁ ਲਾਇ ਲਏ; ਸੋ ਚਰਣੀ ਲਾਗੈ ॥

ਉਸ ਕਰਤਾ ਪੁਰਖ ਪਰਮੇਸ਼ਰ ਨੇ ਇਕਤੁ = ਇੱਕੋ ਚੇਤਨ ਸੱਤਾ ਰੂਪ ਧਾਗੈ = ਸੂਤ੍ਰ ਵਿਚ ਸਭ = ਸਾਰੀ ਸ੍ਰਿਸ਼ਟੀ ਪਰੋਈ ਹੋਈ ਹੈ **ਵਾ:** ਇਕ ਹੁਕਮ ਰੂਪ ਧਾਗੈ = ਸੂਤ੍ਰ ਵਿਚ ਪਰੋਈ ਹੋਈ ਹੈ **ਅਥਵਾ** ਸੁਆਸਾਂ ਰੂਪੀ ਧਾਗੇ ਵਿਚ ਪਰੋਈ ਹੋਈ ਹੈ। ਜੈਸਾ ਕਿ :

**ਪਵਨਿ ਪਰੋਇਓ ਸਗਲ ਅਕਾਰਾ ਪਾਵਕ ਕਾਸਟ ਸੰਗੇ ॥** *(ਅੰਗ ੧੨੩੫)*

ਜਿਸ ਜੀਵ ਨੂੰ ਵਾਹਿਗੁਰੂ ਸਿਮਰਨ ਦੁਆਰਾ ਨਾਮ ਵਿਚ ਲਾਇ = ਲਾ ਲਏ = ਲਵੇ ਸੋ = ਉਹੋ ਹੀ ਪੂਜਨੀਕ ਸਤਿਗੁਰਾਂ ਦੇ ਚਰਨੀ ਲਗੈ = ਲੱਗਦਾ ਹੈ।

## ਊਂਧ ਕਵਲੁ ਜਿਸੁ ਹੋਇ ਪ੍ਰਗਾਸਾ; ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥

ਜਿਸ ਪੁਰਖ ਦਾ ਔਗੁਣਾਂ ਕਰਕੇ ਹਿਰਦਾ ਰੂਪੀ ਕਵਲੁ = ਕਮਲ ਊਂਧ = ਮੂਧਾ ਸੀ[੧], ਉਹ ਸ਼ੁਭ ਗੁਣਾਂ ਦੇ ਕਰਕੇ ਸਿੱਧਾ ਹੋਇ = ਹੋ ਕੇ ਕਰਣਾ, ਮੁਦਤਾ, ਅਪੇਖਿਆ ਪੰਖੜੀਆਂ ਦੇ ਸਹਿਤ ਪ੍ਰਗਾਸਾ = ਖਿੜ ਜਾਂਦਾ ਹੈ, ਤਿਨਿ = ਉਸ ਪੁਰਖ ਨੇ ਸਰਬ = ਸਾਰਿਆਂ ਵਿਚ ਨਿਰੰਜਨੁ = ਸ਼ੁੱਧ ਸਰੂਪ ਬ੍ਰਹਮ ਨੂੰ ਪਰੀਪੂਰਨ ਡੀਠਾ = ਦੇਖਣਾ ਕੀਤਾ ਹੈ ਜੀ।

ਅਰਥਾਤ ਇਥੇ ਸਤਿਗੁਰੂ ਜੀ ਨੇ ਹਿਰਦੇ ਨੂੰ ਕਮਲ ਨਾਲ ਸ਼ੋਭਾ ਦਿੱਤੀ ਹੈ, ਜਿਵੇਂ ਪੁੱਠੇ ਕਮਲ ਵਿਚ ਸੂਰਜ ਦਾ ਪ੍ਰਕਾਸ਼ ਨਹੀਂ ਪੈਂਦਾ, ਪ੍ਰੰਤੂ ਜੇਕਰ ਕਮਲ ਸਿੱਧਾ ਹੋਵੇ ਤਾਂ ਹੀ ਸੂਰਜ ਦਾ ਪ੍ਰਕਾਸ਼ ਉਸ ਵਿਚ ਪੈਂਦਾ ਹੈ, ਇਸ ਪ੍ਰਕਾਰ ਕਮਲ ਨੂੰ ਵੀ ਸੂਰਜ ਦਾ ਦਰਸ਼ਨ ਹੁੰਦਾ ਹੈ, ਏਸੇ ਪ੍ਰਕਾਰ ਸਤਿਗੁਰਾਂ ਦੁਆਰਾ ਨਾਮ ਆਰਾਧਣ ਨਾਲ ਹਿਰਦਾ ਰੂਪੀ ਕਮਲ, ਪਰਮੇਸ਼ਰ ਦੇ ਸਨਮੁਖ ਹੋਣ ਰੂਪ ਸਿੱਧਾ ਹੋ ਜਾਂਦਾ ਹੈ, ਫੇਰ ਹਿਰਦੇ ਵਿਚ ਨਾਮ ਰਸ ਪੈਦਾ ਹੋ ਜਾਂਦਾ ਹੈ, ਜਿਵੇਂ ਸਿੱਧੇ ਕਮਲ ਵਿਚ ਪੈਦਾ ਹੋਇਆ ਮਕਰੰਦ ਰਸ ਉਸਦੇ ਵਿਚ ਹੁੰਦਾ ਹੈ ਤੇ ਉੱਪਰੋਂ ਪਿਆ ਤ੍ਰੇਲ ਰਸ ਵੀ ਵਿਚੇ ਹੀ ਰਹਿੰਦਾ ਹੈ, ਏਸੇ ਪ੍ਰਕਾਰ ਸਿੱਧੇ ਹੋਏ ਹਿਰਦੇ ਰੂਪੀ ਕਮਲ ਵਿਚ ਭਗਤੀ ਦਾ ਮਕਰੰਦ ਰਸ ਪੈਂਦਾ ਹੈ ਅਤੇ ਸੂਰਜ ਦੀ ਨਿਆਈਂ ਪਰਮੇਸ਼ਰ ਦੇ ਗਿਆਨ, ਸਰੂਪ ਦਾ ਪ੍ਰਕਾਸ਼ ਪੈਂਦਾ ਹੈ, ਜਿਵੇਂ ਕਮਲ ਫੁੱਲ ਪ੍ਰਕਾਸ਼ ਪੈਣ ਤੋਂ ਸੂਰਜ ਨੂੰ ਵੇਖਦਾ ਹੈ, ਤਿਵੇਂ ਹਿਰਦਾ ਕਮਲ ਗਿਆਨ ਦਾ ਪ੍ਰਕਾਸ਼ ਪੈਣ ਤੋਂ ਸੂਰਜ ਦੀ ਨਿਆਈਂ ਪਰਮੇਸ਼ਰ ਨੂੰ ਵੇਖਦਾ ਹੈ ॥੨॥

## ਤੇਰੀ ਮਹਿਮਾ; ਤੂੰਹੈ ਜਾਣਹਿ ॥ ਅਪਣਾ ਆਪੁ; ਤੂੰ ਆਪਿ ਪਛਾਣਹਿ ॥

ਹੇ ਅੰਤਰਜਾਮੀ ਪਰਮੇਸ਼ਰ ! ਤੇਰੀ ਮਹਿਮਾ = ਵਡਿਆਈ ਨੂੰ ਤੂੰ ਆਪ ਹੀ ਜਾਣਹਿ = ਜਾਣਦਾ ਹੈਂ।

ਗੁਰਾਂ ਦੇ ਉਪਦੇਸ਼ ਦੁਆਰਾ ਬ੍ਰਹਮ ਬੇਤਿਆਂ ਦੇ ਅੰਦਰ ਆਪਣੇ ਆਪ ਦੇ ਸਰੂਪ ਦਾ ਗਿਆਨ ਤੂੰ ਆਪ ਹੀ ਬ੍ਰਹਮ ਗਿਆਨੀ ਹੋ ਕੇ ਪਛਾਣਹਿ = ਪਛਾਣਦਾ ਹੈਂ **ਅਥਵਾ** ਆਪ ਹੀ ਤੱਤ ਤ੍ਵੰ ਪਦ ਦੇ ਲਖ ਅਰਥ ਰੂਪ ਗੁਰਾਂ ਦੇ ਮਹਾਂਵਾਕਾਂ ਦੁਆਰਾ ਆਪਣਾ ਆਪ ਬ੍ਰਹਮ ਰੂਪ ਕਰਕੇ ਪਹਿਚਾਣਦਾ ਹੈਂ।

## ਹਉ ਬਲਿਹਾਰੀ ਸੰਤਨ ਤੇਰੇ; ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥

ਹੇ ਪਰਮੇਸ਼ਰ ! ਹਉ = ਅਸੀਂ ਤੇਰੇ ਉਨ੍ਹਾਂ ਸੰਤਨ = ਮਹਾਤਮਾ ਜਨਾਂ ਤੋਂ ਬਲਿਹਾਰੀ = ਕੁਰਬਾਨ ਜਾਂਦੇ ਹਾਂ ਜਿਨਿ = ਜਿਨ੍ਹਾਂ ਨੇ ਕਾਮ ਦੇ ਫੁਰਨੇ ਨੂੰ ਵਸਤੂ ਵੀਚਾਰ, ਕ੍ਰੋਧ ਨੂੰ ਖਿਮਾ, ਸ਼ਾਂਤੀ, ਲੋਭ ਨੂੰ ਸੰਤੋਖ ਰੂਪੀ ਚੱਕੀ ਵਿਚ ਪਾ ਕੇ ਪੀਠਾ = ਪੀਹਣਾ ਕੀਤਾ ਹੈ ਜੀ **ਅਥਵਾ** ਵੈਰਾਗ, ਬਿਬੇਕ, ਸਾਧਨਾ, ਸ੍ਰਵਣ, ਮੰਨਣ, ਨਿਧਿਆਸਣ ਰੂਪੀ ਚੱਕੀ ਵਿਚ ਪਾ ਕੇ ਵਿਕਾਰਾਂ ਦੀ ਸੂਖਮ ਤੇ ਸਥੂਲ ਵਾਸ਼ਨਾ ਨੂੰ ਪੀਠਾ = ਪੀਹ ਸੁੱਟਿਆ ਹੈ ਜੀ ॥੩॥

## ਤੂੰ ਨਿਰਵੈਰੁ; ਸੰਤ ਤੇਰੇ ਨਿਰਮਲ ॥ ਜਿਨ ਦੇਖੇ; ਸਭ ਉਤਰਹਿ ਕਲਮਲ ॥

ਹੇ ਪ੍ਰਭੂ ! ਤੂੰ ਨਿਰਵੈਰੁ = ਵੈਰ ਤੋਂ ਰਹਿਤ ਹੈਂ ਅਤੇ ਤੇਰੇ ਸੰਤ ਭਗਤ ਜਨ ਵੀ ਨਿਰਮਲ = ਸ਼ੁੱਧ ਮਨ ਵਾਲੇ ਹਨ।

ਜਿਨ੍ਹਾਂ ਪਿਆਰਿਆਂ ਦੇ ਦਰਸ਼ਨ ਦੇਖ ਕੇ ਸਾਰੇ ਕਲਮਲ = ਪਾਪ ਉਤਰ ਜਾਂਦੇ ਹਨ **ਵਾ:** ਕਲ = ਕਲੇਸ਼ ਪਾਉਣ ਵਾਲੇ, ਮੈਲ ਰੂਪ ਕਲਿਜੁਗ ਦੇ ਪਾਪ ਮਿਟ ਜਾਂਦੇ ਹਨ।

---

੧. ਜਿਵੇਂ ਕਮਲ ਦੀਆਂ ਡੋਡੀਆਂ ਖਿੜਨ ਤੋਂ ਪਹਿਲਾਂ ਪੁੱਠੀਆਂ ਹੁੰਦੀਆਂ ਹਨ, ਪਰ ਸੂਰਜ ਦਾ ਪ੍ਰਕਾਸ਼ ਪੈਣ ਤੋਂ ਖਿੜ ਕੇ ਸਿੱਧੀਆਂ ਹੋ ਜਾਂਦੀਆਂ ਹਨ, ਏਥੇ ਭਾਵ ਉਸ ਪੁੱਠੇ ਹਿਰਦੇ ਤੋਂ ਹੈ, ਜੋ ਭਾਉ-ਭਗਤੀ, ਸੇਵਾ-ਸਿਮਰਨ ਕਰਕੇ ਸ਼ੁੱਧ ਨਾ ਹੋ ਕੇ ਪਰਮੇਸ਼ਰ ਦੇ ਸਨਮੁਖ ਨਹੀਂ ਹੋਇਆ।

## ਨਾਨਕ, ਨਾਮੁ ਧਿਆਇ ਧਿਆਇ ਜੀਵੈ; ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥੪॥੪੨॥੪੯॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸੰਤ ਜਨ ਤੇਰੇ ਨਾਮ ਨੂੰ ਧਿਆਇ ਧਿਆਇ = ਧਿਆ ਧਿਆ ਕੇ ਹੀ ਜੀਵੈ = ਜਿਉਂਦੇ ਹਨ ਅਤੇ ਉਨ੍ਹਾਂ ਦਾ ਪੰਜ ਪ੍ਰਕਾਰ ਦਾ ਭਰਮ, ਸੱਤ ਪ੍ਰਕਾਰ ਭਉ = ਡਰ ਅਤੇ ਧੀਠਾ = ਢੀਠ ਭਾਵ ਕਠੋਰ ਸੁਭਾਉ ਵੀ ਬਿਨਸਿਆ = ਨਾਸ਼ ਹੋ ਗਿਆ ਹੈ ਜੀ ॥੪॥੪੨॥੪੯॥

[ਅੰਗ ੧੦੯]

## ਮਾਂਝ ਮਹਲਾ ੫ ॥

## ਝੂਠਾ ਮੰਗਣੁ; ਜੇ ਕੋਈ ਮਾਗੈ ॥ ਤਿਸ ਕਉ ਮਰਤੇ; ਘੜੀ ਨ ਲਾਗੈ ॥

ਪਰਮੇਸ਼ਰ ਦੇ ਨਾਮ ਤੋਂ ਬਿਨਾਂ ਜੇ = ਜੇਕਰ ਕੋਈ ਜੀਵ ਸੰਸਾਰੀ ਪਦਾਰਥ ਮਾਗੈ = ਮੰਗਦਾ ਹੈ, ਉਸ ਨੂੰ ਮਰਦਿਆਂ ਜਾਂ ਨਾਸ ਹੋਣ ਨੂੰ ਇਕ ਘੜੀ ਵੀ ਨਹੀਂ ਲੱਗਦੀ **ਵਾ:** ਪਰਮਾਤਮਾ ਦੇ ਨਾਮ ਤੋਂ ਬਿਨਾਂ ਜੋ ਵੀ ਮੰਗਣਾ ਹੈ, ਸਭ ਝੂਠਾ ਮੰਗਣਾ ਹੀ ਹੈ।

**ਸਾਖੀ—ਭਸਮਾਸੁਰ ਦੀ :** ਜਿਵੇਂ ਸ੍ਰੀ ਦਸਮ ਗ੍ਰੰਥ ਵਿਚ ਆਈ ਸਾਖੀ ਅਨੁਸਾਰ ਭਸਮਾਂਗਦ ਦੂਸਰਾ ਨਾਮ ਭਸਮਾਸੁਰ ਦੈਂਤ ਨੇ ਸ਼ਿਵ ਜੀ ਨੂੰ ਤਪੱਸਿਆ ਕਰਕੇ ਖ਼ੁਸ਼ ਕਰ ਲਿਆ। ਜਦੋਂ ਸ਼ਿਵ ਜੀ ਨੇ ਵਰ ਮੰਗਣ ਲਈ ਕਿਹਾ ਤਾਂ ਇਸ ਨੇ ਵਰ ਮੰਗ ਲਿਆ ਕਿ ਜਿਸ ਦੇ ਸਿਰ 'ਤੇ ਮੈਂ ਆਪਣੇ ਹੱਥ ਦਾ ਕੜਾ ਲਾ ਦੇਵਾਂ ਤਾਂ ਉਹ ਭਸਮ ਹੋ ਜਾਵੇ। ਜਦੋਂ ਇਸ ਨੂੰ ਵਰ ਮਿਲ ਗਿਆ ਤਾਂ ਇਸ ਦੇ ਮਨ ਵਿਚ ਵੀਚਾਰ ਆਈ ਕਿ ਮੈਂ ਸ਼ਿਵ ਜੀ ਨੂੰ ਭਸਮ ਕਰਕੇ ਪਾਰਬਤੀ ਦਾ ਮਾਲਕ ਬਣ ਜਾਵਾਂ। ਦੈਂਤ ਦੇ ਮਨ ਦੀ ਗੱਲ ਜਾਣ ਕੇ ਸ਼ਿਵ ਜੀ ਨੇ ਦੌੜ ਕੇ ਕੇਦਾਰ ਨਾਥ ਤੀਰਥ ਵਾਲੀ ਜਗ੍ਹਾ ਉੱਤੇ ਜਾ ਕੇ ਝੋਟਾ ਬਣ ਕੇ ਆਪਣਾ ਸਿਰ ਪਹਾੜ ਵਿਚ ਲੁਕੋ ਲਿਆ। ਫੇਰ ਵਿਸ਼ਨੂੰ ਨੇ ਸ਼ਿਵ ਜੀ ਨੂੰ ਬਚਾਉਣ ਲਈ ਪਾਰਬਤੀ ਦਾ ਰੂਪ ਧਾਰਨ ਕੀਤਾ ਤੇ ਦੈਂਤ ਨੂੰ ਜਾ ਕੇ ਕਿਹਾ ਕਿ ਤੂੰ ਇਸ ਕੜੇ ਨੂੰ ਆਪਣੇ ਸਿਰ 'ਤੇ ਕਰਕੇ ਤਾਂ ਵੇਖ ਇਹ ਭਸਮ ਨਹੀਂ ਕਰਦਾ, ਤੈਨੂੰ ਝੂਠਾ ਵਰ ਦਿੱਤਾ ਹੈ **ਵਾ:** ਪਾਰਬਤੀ ਰੂਪ ਵਿਚ ਵਿਸ਼ਨੂੰ ਜੀ ਕਹਿਣ ਲੱਗੇ ਕਿ ਤੂੰ ਮੈਨੂੰ ਨ੍ਰਿਤ ਕਰਕੇ ਵਿਖਾ। ਜੇ ਤੂੰ ਮੈਨੂੰ ਖ਼ੁਸ਼ ਕਰ ਲਿਆ ਤਾਂ ਮੈਂ ਤੈਨੂੰ ਵਰ ਲਵਾਂਗੀ। ਸ਼ਿਵ ਜੀ ਨੂੰ ਭਸਮ ਕਰਨ ਦੀ ਲੋੜ ਨਹੀਂ ਪੈਣੀ। ਦੈਂਤ ਪਾਰਬਤੀ ਦੇ ਰੂਪ 'ਤੇ ਮੋਹਿਤ ਹੋ ਕੇ ਨ੍ਰਿਤ ਕਰਨ ਲੱਗ ਪਿਆ। ਜਦੋਂ ਇਸ ਦਾ ਹੱਥ ਆਪਣੇ ਸਿਰ 'ਤੇ ਗਿਆ ਤਾਂ ਉਸੇ ਵੇਲੇ ਭਸਮ ਹੋ ਗਿਆ। ਇਸ ਤਰ੍ਹਾਂ ਝੂਠਾ ਵਰ ਮੰਗਣ ਵਾਲੇ ਨੂੰ ਮਰਦੇ ਘੜੀ ਵੀ ਨਹੀਂ ਲੱਗਦੀ। ਇਸੇ ਤਰ੍ਹਾਂ ਹਰਣਾਖਸ਼ ਨੇ ਵਰ ਮੰਗਿਆ ਸੀ ਕਿ ਮੈਂ ਨਾ ਦਿਨੇ ਮਰਾਂ ਨਾ ਰਾਤ ਨੂੰ ਮਰਾਂ ਇਤਿਆਦਿਕ ਵਰ ਪ੍ਰਾਪਤ ਕਰ ਲਏ ਬ੍ਰਹਮਾ ਤੋਂ। ਪਰ ਜਦੋਂ ਅੰਤ ਸਮਾਂ ਆਇਆ ਤਾਂ ਦੇਹਲੀ 'ਤੇ ਰੱਖ ਕੇ ਸਾਰੇ ਵਰ ਪੂਰੇ ਕਰਕੇ ਨਰਸਿੰਘ ਅਵਤਾਰ ਨੇ ਨਹੁੰਆਂ ਨਾਲ ਪਾੜ ਦਿੱਤਾ। ਜੈਸਾ ਕਿ :

**ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ ॥** *(ਅੰਗ ੧੧੬੫)*

ਜੋ ਇਸ ਨੇ ਵਰ ਮੰਗਿਆ ਸੀ ਕਿ ਮੈਂ ਸਦਾ ਹੀ ਜਿਉਂਦਾ ਰਹਾਂ, ਇਹ ਵੀ ਝੂਠਾ ਮੰਗਣਾ ਹੈ।

**ਸਾਖੀ—ਜੁਲਾਹੇ ਦੀ ਸ਼ਿਵ ਤੋਂ ਵਰ ਮੰਗਣ ਦੀ :** ਇਸੇ ਤਰ੍ਹਾਂ ਇਕ ਬ੍ਰਾਹਮਣ ਹਰ ਰੋਜ਼ ਨਦੀ ਦੇ ਕਿਨਾਰੇ ਸ਼ਿਵ ਜੀ ਦੇ ਮੰਦਰ ਵਿਚ ਪੂਜਾ ਕਰਿਆ ਕਰਦਾ ਸੀ। ਇਸ ਦੀ ਰੀਸ ਵਿਚ ਇਕ ਜੁਲਾਹਾ ਹਰ ਰੋਜ਼ ਸ਼ਿਵ ਜੀ ਨੂੰ ਇੱਟ ਮਾਰਿਆ ਕਰਦਾ ਸੀ। ਇਕ ਦਿਨ ਬਹੁਤ ਜ਼ਿਆਦਾ ਮੀਂਹ ਪਿਆ। ਬ੍ਰਾਹਮਣ ਆ ਨਾ ਸਕਿਆ ਤੇ ਜੁਲਾਹੇ ਨੇ ਨਿਤਨੇਮ ਅਨੁਸਾਰ ਜਾ ਕੇ ਇੱਟ ਮਾਰ ਦਿੱਤੀ। ਸ਼ਿਵ ਜੀ ਖ਼ੁਸ਼ ਹੋ ਗਿਆ। ਮੰਦਰ ਵਿੱਚੋਂ ਆਵਾਜ਼ ਆਈ ਕਿ ਤੂੰ ਨਿਤਨੇਮੀ ਹੈਂ ਭਾਵੇਂ ਇੱਟਾਂ ਹੀ ਮਾਰਦਾ ਰਿਹਾ ਹੈਂ। ਵਰ ਮੰਗ ਲੈ। ਜੁਲਾਹੇ

ਨੇ ਸੋਚਿਆ ਕਿ ਜੇ ਮੇਰੇ ਸਾਰੇ ਅੰਗ ਦੁੱਗਣੇ ਹੋ ਜਾਣ ਤਾਂ ਮੈਂ ਦੁੱਗਣਾ ਕੰਮ ਕਰਾਂਗਾ। ਇਹ ਜਾਣ ਕੇ ਇਸ ਨੇ ਵਰ ਮੰਗ ਲਿਆ ਤੇ ਕਹਿੰਦਾ ਹੈ ਕਿ ਮੇਰੀਆਂ ਚਾਰ ਬਾਹਾਂ ਹੋ ਜਾਣ, ਦੋ ਮੂੰਹ ਹੋ ਜਾਣ, ਚਾਰ ਲੱਤਾਂ ਹੋ ਜਾਣ। ਇਹ ਵਰ ਪ੍ਰਾਪਤ ਕਰ ਕੇ ਜਦੋਂ ਪਿੰਡ ਵੱਲ ਆਇਆ ਤਾਂ ਲੋਕਾਂ ਨੇ ਵੇਖਿਆ ਕਿ ਇਹ ਕੀ ਬਲਾ ਤੁਰੀ ਆਉਂਦੀ ਹੈ। ਇੱਟਾਂ ਮਾਰ ਕੇ ਮਾਰ ਦਿੱਤਾ। ਉਸ ਨੂੰ ਇੱਟਾਂ ਮਾਰਨ ਦਾ ਇੱਟਾਂ ਵਿੱਚੋਂ ਫਲ ਮਿਲਿਆ। ਇਉਂ ਝੂਠਾ ਮੰਗਣ ਵਾਲੇ ਨੂੰ ਮਰਨ ਨੂੰ ਘੜੀ ਨਹੀਂ ਲੱਗਦੀ। ਇਹਨਾਂ ਦੇ ਮਰਦਿਆਂ, ਨਾਸ ਹੋਣ ਨੂੰ ਘੜੀ = ਬਹੁਤੀ ਦੇਰ ਨਹੀਂ ਲੱਗਦੀ, ਛੇਤੀ ਸਮਾਪਤ ਹੋ ਜਾਂਦੇ ਹਨ।

## ਪਾਰਬ੍ਰਹਮੁ ਜੋ ਸਦ ਹੀ ਸੇਵੈ; ਸੋ ਗੁਰ ਮਿਲਿ ਨਿਹਚਲੁ ਕਹਣਾ ॥੧॥

ਜੋ ਜੀਵ ਸਦ = ਸਦਾ ਹੀ ਪਾਰਬ੍ਰਹਮ = ਪਰਮੇਸ਼ਰ ਨੂੰ ਸੇਵੈ = ਆਰਾਧਦਾ ਹੈ, ਸੋ = ਉਸ ਨੂੰ ਗੁਰੂ ਨਾਲ ਮਿਲਣ ਕਰਕੇ ਨਿਹਚਲੁ = ਅਚੱਲ ਕਹਿਣਾ ਬਣਦਾ ਹੈ ॥੧॥

## ਪ੍ਰੇਮ ਭਗਤਿ; ਜਿਸ ਕੈ ਮਨਿ ਲਾਗੀ ॥ ਗੁਣ ਗਾਵੈ; ਅਨਦਿਨੁ ਨਿਤਿ ਜਾਗੀ ॥

ਜਿਸ ਪੁਰਖ ਦੇ ਅੰਦਰ ਪਰਮੇਸ਼ਰ ਦੇ ਨਾਮ ਦੀ ਪ੍ਰੇਮਾ-ਭਗਤੀ ਲੱਗ ਗਈ ਹੈ।

ਉਹ ਅਨਦਿਨੁ = ਦਿਨ ਰਾਤ ਗਿਆਨ ਅਵਸਥਾ ਵਿਚ ਨਿਤਿ = ਹਰ ਰੋਜ ਜਾਗ ਕੇ ਵਾਹਿਗੁਰੂ ਦੇ ਗੁਣਾਂ ਨੂੰ ਗਾਵੈ = ਗਾਉਂਦਾ ਹੈ।

## ਬਾਹ ਪਕੜਿ, ਤਿਸੁ ਸੁਆਮੀ ਮੇਲੈ; ਜਿਸ ਕੈ ਮਸਤਕਿ ਲਹਣਾ ॥੨॥

ਤਿਸੁ = ਉਸ ਜੀਵ ਦੀ ਬਿਰਤੀ ਰੂਪੀ ਬਾਂਹ ਨੂੰ ਪਕੜ ਕੇ ਸੁਆਮੀ = ਮਾਲਕ ਪ੍ਰਭੂ ਆਪਣੇ ਨਾਲ ਮੇਲ ਲੈਂਦਾ ਹੈ। ਜਿਸ ਕੈ = ਦੇ ਮਸਤਕਿ = ਮੱਥੇ ਉਤੇ ਪਰਮੇਸ਼ਰ ਦੇ ਲਹਣਾ = ਪ੍ਰਾਪਤ ਹੋਣ ਦਾ ਲੇਖ ਲਿਖਿਆ ਹੋਇਆ ਹੈ ॥੨॥

## ਚਰਨ ਕਮਲ; ਭਗਤਾਂ ਮਨਿ ਵੁਠੇ ॥ ਵਿਣੁ ਪਰਮੇਸਰ; ਸਗਲੇ ਮੁਠੇ ॥

ਭਗਤ ਜਨਾਂ ਦੇ ਮਨ ਵਿਚ ਵਾਹਿਗੁਰੂ ਦੇ ਨਾਮ ਰੂਪੀ ਚਰਨ ਵੁਠੇ = ਵੱਸਣੇ ਕਰਕੇ ਕਮਲ ਦੀ ਨਿਆਈਂ ਪ੍ਰਕਾਸ਼ਵਾਨ ਹੋ ਰਹੇ ਹਨ। ਜਿਹੜੇ ਪਰਮੇਸ਼ਰ ਤੋਂ ਬਿਨਾਂ ਹੋਰ ਪਾਸੇ ਲੱਗੇ ਹੋਏ ਹਨ, ਉਹ ਸਗਲੇ = ਸਾਰੇ ਮੁਠੇ = ਲੁੱਟੇ ਗਏ ਹਨ।

## ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ; ਨਾਮੁ ਸਚੇ ਕਾ ਗਹਣਾ ॥੩॥

ਅਸੀਂ ਸੰਤ ਜਨਾਂ ਕੀ = ਦੀ ਚਰਨ ਧੂੜ ਨਿਤ = ਹਮੇਸ਼ਾ ਹੀ ਬਾਂਛਹਿ = ਚਾਹੁੰਦੇ ਹਾਂ, ਕਿਉਂਕਿ ਸੰਤ ਜਨਾਂ ਨੇ ਸੱਚੇ ਪਰਮੇਸ਼ਰ ਦੇ ਨਾਮ ਕਾ = ਦਾ ਹੀ ਗਹਣਾ = ਭੂਖਣ ਪਹਿਨਿਆ ਹੋਇਆ ਹੈ **ਵਾ:** ਸੱਚੇ ਨਾਮ ਨੂੰ ਹੀ ਗਹਣਾ = ਗ੍ਰਹਿਣ ਕੀਤਾ ਹੈ ॥੩॥

## ਊਠਤ ਬੈਠਤ; ਹਰਿ ਹਰਿ ਗਾਈਐ ॥
## ਜਿਸੁ ਸਿਮਰਤ; ਵਰੁ ਨਿਹਚਲੁ ਪਾਈਐ ॥

ਊਠਤ = ਉੱਠਦਿਆਂ, ਬੈਠਤ = ਬਹਿੰਦਿਆਂ ਹਰਿ ਹਰਿ ਨਾਮ ਨੂੰ ਗਾਈਐ = ਗਾਉਣਾ ਕਰੀਏ **ਅਥਵਾ** ਊਠਤ = ਸੰਸਾਰ ਵੱਲੋਂ ਉਪਰਾਮ ਹੋਣ ਵੇਲੇ, ਬੈਠਤ = ਨਿਰਵਿਕਲਪ ਸਮਾਧੀ ਵਿਚ ਇਸਥਿਤ ਹੋਣ ਵੇਲੇ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਹਰਿ = ਹਰ ਵੇਲੇ ਗਾਈਐ = ਗਾਉਣਾ ਕਰੀਏ ਭਾਵ ਜਪਦੇ ਰਹੀਏ।

ਜਿਸ ਨਾਮ ਨੂੰ ਸਿਮਰਨ ਕਰਨ ਨਾਲ ਨਿਹਚਲੁ = ਅਚੱਲ ਰਹਿਣ ਵਾਲਾ ਵਰੁ = ਪਤੀ ਪਰਮੇਸ਼ਰ ਪਾਈਐ = ਪ੍ਰਾਪਤ ਕਰ ਲਈਦਾ ਹੈ ਭਾਵ ਉਸ ਵਿਚ ਅਭੇਦ ਹੋ ਜਾਈਦਾ ਹੈ। ਜੈਸਾ ਕਿ :

**ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨਾ ਜਾਇਆ ॥** *(ਅੰਗ ੭੮)*

## ਨਾਨਕ ਕਉ, ਪ੍ਰਭ ਹੋਇ ਦਇਆਲਾ;
## ਤੇਰਾ ਕੀਤਾ ਸਹਣਾ ॥੪॥੪੩॥੫੦॥

ਸਤਿਗੁਰੂ ਪੰਚਮ ਪਾਤਸ਼ਾਹ ਜੀ ਸ਼ਬਦਾਂ ਦੀ ਸਮਾਪਤੀ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਭਾਈ, ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਪ੍ਰਭ = ਪਰਮੇਸ਼ਰ ! ਤੂੰ ਸਾਡੇ 'ਤੇ ਦਇਆਲਾ = ਦਿਆਲੂ ਹੋਇ = ਹੋਣਾ ਕਰ ਭਾਵ ਸਾਨੂੰ ਇਹ ਬਲ ਬਖ਼ਸ਼ੋ, ਜਰਨ ਸ਼ਕਤੀ ਬਖ਼ਸ਼ਣਾ ਕਰੋ ਕਿ ਅਸੀਂ ਤੇਰੇ ਕੀਤੇ ਹੋਏ ਨੂੰ ਸਹਣਾ = ਸਹਾਰ ਸਕੀਏ ॥੪॥੪੩॥੫੦॥

***ਨੋਟ :*** ਅੰਕਾਂ ਦਾ ਵੇਰਵਾ :

੪ = ਇਸ ਸ਼ਬਦ ਦੇ ਚਾਰ ਪਦੇ ਹਨ।

੪੩ = ਸ਼ਬਦ ਪੰਚਮ ਪਾਤਸ਼ਾਹ ਜੀ ਦੇ ਹਨ।

੫੦ = ਸੱਤ ਸ਼ਬਦ ਚੌਥੇ ਪਾਤਸ਼ਾਹ ਦੇ ੪੩ ਪੰਜਵੇਂ ਪਾਤਸ਼ਾਹ ਜੀ ਦੇ ਕੁਲ ਜੋੜ ੪੩+੭=੫੦

## ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧ ॥

**ਉਥਾਨਕਾ :** ਮਾਝ ਰਾਗ ਵਿਚ ਅਸ਼ਟਪਦੀਆਂ ਉਚਾਰਨ ਕਰਕੇ ਰਾਗ ਦੇ ਪਹਿਲੇ ਸੁਰਤਾਲ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ। ਧੰਨ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ! ਮੈਨੂੰ ਭੁੱਖ ਲੱਗੀ ਹੈ। ਸਤਿਗੁਰੂ ਜੀ ਨੇ ਕੌੜੇ ਰੀਠੇ ਵੱਲ ਅੰਮ੍ਰਿਤ ਦ੍ਰਿਸ਼ਟੀ ਕੀਤੀ ਤੇ ਰੀਠੇ ਮਿੱਠੇ ਹੋ ਗਏ ਤੇ ਭਾਈ ਮਰਦਾਨਾ ਜੀ ਨੂੰ ਫਲ ਛਕਣ ਵਾਸਤੇ ਕਿਹਾ। ਭਾਈ ਮਰਦਾਨਾ ਫਲ ਖਾ ਕੇ ਬਹੁਤ ਪ੍ਰਸੰਨ ਹੋਏ। ਜਿਸ ਪਾਸੇ ਰੀਠੇ ਦੇ ਦਰੱਖ਼ਤ 'ਤੇ ਮਹਾਰਾਜ ਦੀ ਦ੍ਰਿਸ਼ਟੀ ਪਈ, ਉਹ ਮਿੱਠਾ ਹੋ ਗਿਆ ਤੇ ਦੂਜਾ ਪਾਸਾ ਫਿੱਕਾ ਹੀ ਰਿਹਾ। ਜਿਥੇ ਰੀਠਾ ਮਿੱਠਾ ਕੀਤਾ ਸੀ, ਉਥੇ ਯਾਦਗਰ ਅਸਥਾਨ ਗੁਰਦੁਆਰਾ ਬਣਿਆ ਹੋਇਆ ਹੈ। ਕਹਿੰਦੇ ਹਨ ਕਿ ਰੀਠੇ ਦਾ ਫਿੱਕਾ ਟਾਹਣਾ ਟੁੱਟ ਗਿਆ ਸੀ ਤੇ ਬਾਕੀ ਮਿੱਠਾ ਰਹਿ ਗਿਆ ਸੀ ਤੇ ਇਕ ਸਦੀ ਤੱਕ ਸੰਗਤਾਂ ਪ੍ਰਸ਼ਾਦ ਪ੍ਰਾਪਤ ਕਰਦੀਆਂ ਰਹੀਆਂ। ਆਯੂ ਪੂਰੀ ਹੋਣ 'ਤੇ ਰੀਠਾ ਸਮਾਪਤ ਹੋ ਗਿਆ। ਕਈ ਇਹ ਵੀ ਕਹਿੰਦੇ ਹਨ ਕਿ ਜਿਥੇ ਭਾਈ ਮਰਦਾਨਾ ਜੀ ਨੇ ਰੀਠੇ ਖਾ ਕੇ ਗਿਟਕਾਂ ਸੁੱਟੀਆਂ ਸਨ, ਉਹ ਉਥੇ ਪੈਦਾ ਹੋ ਗਏ। ਸੰਗਤਾਂ ਨੇ ਵੀ ਸਤਿਗੁਰੂ ਦੇ ਚਰਨਾਂ ਵਿਚ ਬੇਨਤੀ ਕੀਤੀ ਸੀ ਕਿ ਮਹਾਰਾਜ ਜੀ ! ਆਪ ਦੀ ਯਾਦਗਰ ਸਦਾ ਰਹਿਣੀ ਚਾਹੀਦੀ ਹੈ। ਸੋ ਹੁਣ ਤੱਕ ਮਿੱਠੇ ਰੀਠੇ ਲੱਗਦੇ ਹਨ। ਲਖਨਊ ਦੀ ਸੰਗਤ ਨੇ ਰੀਠਾ ਸਾਹਿਬ ਤੋਂ ਬੀਜ ਲੈ ਕੇ ਬੀਜਣਾ ਕੀਤੇ ਪਰ ਉਹ ਫਿੱਕੇ ਹੀ ਰਹੇ। ਇਸ ਅਸਥਾਨ 'ਤੇ ਸਿੱਧਾਂ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਸੱਚੇ ਪਾਤਸ਼ਾਹ ਜੀ ! ਸੱਚੀ ਦਰਗਾਹ ਵਿਚ ਕਿਸ ਨੂੰ ਬੁਲਾਇਆ ਜਾਂਦਾ ਹੈ। ਤਾਂ ਸਤਿਗੁਰੂ ਸਾਹਿਬ ਜੀ ਨੇ ਸ਼ਬਦ ਉਚਾਰਨ ਕਰ ਕੇ ਸਿੱਧਾਂ ਨੂੰ ਉੱਤਰ ਦੇਣਾ ਕੀਤਾ।

## ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਸਰੂਪ ਪਰਮੇਸ਼ਰ, ੴ = ਸਾਰਿਆਂ ਦਾ ਪ੍ਰਕਾਸ਼ਕ, ਸਤਿਗੁਰ ਪ੍ਰਸਾਦਿ = ਸਤਿਗੁਰਾਂ ਦੀ ਕ੍ਰਿਪਾ ਕਰਕੇ ਪ੍ਰਾਪਤ ਹੁੰਦਾ ਹੈ।

## ਸਬਦਿ ਰੰਗਾਏ; ਹੁਕਮਿ ਸਬਾਏ ॥ ਸਚੀ ਦਰਗਹ; ਮਹਲਿ ਬੁਲਾਏ ॥

ਸਬਾਏ = ਸਾਰੇ ਜੀਵ ਪਰਮੇਸ਼ਰ ਦੇ ਹੁਕਮ ਦੁਆਰਾ ਹੀ ਸੰਸਾਰ ਵਿਚ ਆਏ ਹੋਏ ਹਨ, ਪਰੰਤੂ ਜੋ ਗੁਰਾਂ ਦੇ ਸਬਦਿ = ਉਪਦੇਸ਼ ਵਿਚ ਰੰਗਾਏ = ਰੰਗੇ ਗਏ ਹਨ।

ਉਹ ਪਰਮੇਸ਼ਰ ਨੇ ਸੱਚੀ ਦਰਗਹ ਸਚਖੰਡ ਰੂਪੀ ਮਹਲਿ = ਮਹਲ ਵਿਚ ਬੁਲਾਏ = ਬੁਲਾ ਲਏ ਹਨ।

ਜਿਹੜੇ ਮਨੁੱਖ ਉਸ ਵਾਹਿਗੁਰੂ ਦੇ ਹੁਕਮਿ = ਭਾਣੇ ਵਿਚ ਆ ਜਾਂਦੇ ਹਨ, ਉਨ੍ਹਾਂ ਸਬਾਏ = ਸਾਰਿਆਂ ਨੂੰ ਸੱਚੀ ਦਰਗਹ = ਸਤਿਸੰਗਤ ਵਿਚ ਬੁਲਾਏ = ਮਿਲਾ ਕੇ ਸਤਿਗੁਰੂ ਜੀ ਕ੍ਰਿਪਾ ਕਰਕੇ ਸੁਰਤਿ ਵਿਚ ਸ਼ਬਦ ਦਾ ਰੰਗਾਏ = ਰੰਗ ਚਾੜ੍ਹ ਦਿੰਦੇ ਹਨ। ਆਪਣੇ ਸਰੂਪ ਰੂਪੀ ਮਹਿਲ ਦੀ ਪ੍ਰਾਪਤੀ ਕਰਵਾ ਦਿੰਦੇ ਹਨ **ਅਥਵਾ** ਹੁਕਮਿ ਸਬਾਏ = ਜਿਹੜੇ ਸਿੱਖ ਹੁਕਮ ਵਿਚ ਚੱਲਦੇ ਹਨ, ਉਨ੍ਹਾਂ ਨੂੰ ਤੁਰੀਆ ਪਦ ਆਪਣੇ ਸਰੂਪ ਰੂਪੀ ਮਹਿਲ ਵਿਚ ਬੁਲਾ ਲਿਆ **ਅਥਵਾ** ਜਿਨ੍ਹਾਂ ਦੇ ਮਨ ਨੂੰ ਹੁਕਮੀ ਪਰਮਾਤਮਾ ਨੇ ਸਤਿਸੰਗ ਦੁਆਰਾ ਸ਼ਬਦ ਦਾ ਰੰਗ ਚਾੜ੍ਹ ਦਿੱਤਾ, ਉਹਨਾਂ ਸਬਾਏ = ਸਾਰਿਆਂ ਨੂੰ ਸੱਚ ਮਹਲਿ = ਸਰੂਪ ਪਰਮੇਸ਼ਰ ਨੇ ਸੱਚੀ ਦਰਗਾਹ ਵਿਚ ਬੁਲਾਏ = ਬੁਲਾਉਣਾ ਕੀਤਾ ਹੈ।

## ਸਚੇ ਦੀਨ ਦਇਆਲ ਮੇਰੇ ਸਾਹਿਬਾ; ਸਚੇ ਮਨੁ ਪਤੀਆਵਣਿਆ ॥੧॥

ਹੇ ਦੀਨ = ਗ਼ਰੀਬਾਂ 'ਤੇ ਦਇਆਲ = ਦਇਆਲਤਾ ਕਰਨ ਵਾਲੇ ਮੇਰੇ ਸਾਹਿਬਾ = ਮਾਲਕ ਪਰਮੇਸ਼ਰ ! ਜੋ ਤੇਰੇ ਸੱਚੇ ਨਾਮ ਦਾ ਸ੍ਰਵਣ, ਮੰਨਣ, ਨਿਧਿਆਸਣ ਕਰਦੇ ਹਨ, ਉਨ੍ਹਾਂ ਦਾ ਮਨ ਤੇਰੇ ਸੱਚੇ ਸਰੂਪ ਵਿਚ ਪਤੀਆਵਣਿਆ = ਪਤੀਜ ਜਾਂਦਾ ਹੈ **ਵਾ:** ਜਿਨ੍ਹਾਂ ਦੇ ਮਨ ਸੱਚੇ ਦੇ ਪ੍ਰੇਮ ਵਿਚ ਰੰਗੇ ਜਾਂਦੇ ਹਨ, ਉਹਨਾਂ ਉਪਰ ਵਾਹਿਗੁਰੂ ਪਰਮੇਸ਼ਰ ਪਤੀਆਵਣਿਆ = ਭਰੋਸਾ ਕਰਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਸਬਦਿ ਸੁਹਾਵਣਿਆ ॥

ਹਉ = ਮੈਂ ਉਹਨਾਂ ਤੋਂ ਵਾਰੀ = ਬਲਿਹਾਰਨੇ ਜਾਂਦਾ ਹਾਂ, ਜਿਹੜੇ ਗੁਰੂ ਦੇ ਸ਼ਬਦ ਕਰਕੇ ਸੁਹਾਵਣਿਆ = ਸ਼ੋਭਨੀਕ ਹੋਏ ਹਨ **ਵਾ:** ਜਿਨ੍ਹਾਂ ਨੇ ਆਪਣਾ ਆਪਾ ਗੁਰੂ ਤੋਂ ਕੁਰਬਾਨ ਕੀਤਾ ਹੈ, ਸ਼ਬਦ ਕਰਕੇ ਸ਼ੋਭਾ ਵਾਲੇ ਹੋਏ ਹਨ, ਮੈਂ ਉਹਨਾਂ ਤੋਂ ਤਨ ਕਰਕੇ ਬਲਿਹਾਰ ਤੇ ਜੀਉ = ਮਨ ਕਰਕੇ ਵਾਰੀ = ਕੁਰਬਾਨ ਜਾਂਦਾ ਹਾਂ।

## ਅੰਮ੍ਰਿਤ ਨਾਮੁ ਸਦਾ ਸੁਖਦਾਤਾ; ਗੁਰਮਤੀ ਮੰਨਿ ਵਸਾਵਣਿਆ ॥੧॥ਰਹਾਉ॥

ਹੇ ਭਾਈ ! ਅੰਮ੍ਰਿਤ ਨਾਮ ਅਮਰ ਕਰਨ ਵਾਲਾ ਹੈ ਤੇ ਸਦਾ = ਸਦੀਵੀ ਸੁੱਖਾਂ ਦਾ ਦਾਤਾ ਹੈ। ਜਿਹਨਾਂ ਗੁਰਸਿੱਖਾਂ ਨੇ ਗੁਰਮਤੀ = ਗੁਰੂ ਦੀ ਮਤੀ = ਸਿੱਖਿਆ ਨੂੰ ਧਾਰਨ ਕਰਕੇ ਮੰਨਣਾ ਕੀਤਾ ਹੈ, ਉਹਨਾਂ 'ਤੇ ਗੁਰੂ ਸਾਹਿਬ ਜੀ ਨੇ ਕ੍ਰਿਪਾ ਕਰਕੇ ਅੰਮ੍ਰਿਤ ਨਾਮ ਨੂੰ ਮਨ ਵਿਚ ਵਸਾਵਣਿਆ = ਵਸਾਉਣਾ ਕੀਤਾ ਹੈ ॥੧॥ਰਹਾਉ॥

## ਨਾ ਕੋ ਮੇਰਾ; ਹਉ ਕਿਸੁ ਕੇਰਾ ॥ ਸਾਚਾ ਠਾਕੁਰੁ; ਤ੍ਰਿਭਵਣਿ ਮੇਰਾ ॥

ਇਸ ਸੰਸਾਰ ਵਿਚ ਮੇਰਾ ਕੋ = ਕੋਈ ਨਾ = ਨਹੀਂ ਹੈ, ਫੇਰ ਹਉ = ਮੈਂ ਕਿਸ ਕੇਰਾ = ਦਾ ਹਾਂ, ਭਾਵ ਨਾ ਹੀ ਕੋਈ ਮੇਰਾ ਸਹਾਇਕ ਹੈ ਅਤੇ ਨਾ ਹੀ ਮੈਂ ਕਿਸੇ ਦਾ ਸਾਥੀ ਹਾਂ।

ਕੇਵਲ ਸਾਚਾ = ਸੱਚਾ ਠਾਕੁਰੁ = ਮਾਲਕ ਪਰਮੇਸ਼ਰ ਹੀ ਤ੍ਰਿਭਵਣਿ = ਤਿੰਨਾਂ ਭਵਨਾਂ ਵਿਚ ਮੇਰਾ ਹੈ।

## ਹਉਮੈ ਕਰਿ ਕਰਿ ਜਾਇ ਘਨੇਰੀ; ਕਰਿ ਅਵਗਣ ਪਛੋਤਾਵਣਿਆ ॥੨॥

ਹਉਮੈ = ਹੰਗਤਾ ਮਮਤਾ ਕਰ ਕਰ ਕੇ ਘਨੇਰੀ = ਬਹੁਤੀ ਦੁਨੀਆਂ ਭੁੱਲੀ ਤੁਰੀ ਜਾ ਰਹੀ ਹੈ। ਜੀਵ ਅਵਗਣ = ਗੁਨਾਹ ਕਰਿ = ਕਰਕੇ ਅੰਤ ਵੇਲੇ ਪਛੋਤਾਵਣਿਆ = ਪਸ਼ਚਾਤਾਪ ਕਰਦੇ ਹਨ ॥੨॥

## ਹੁਕਮੁ ਪਛਾਣੈ; ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ; ਨਾਮਿ ਨੀਸਾਣੈ ॥

ਜੋ ਵਾਹਿਗੁਰੂ ਦੇ ਹੁਕਮ ਨੂੰ ਪਛਾਣ ਲੈਂਦਾ ਹੈ, ਸੋ = ਉਹ ਹਰਿ = ਵਾਹਿਗੁਰੂ ਦੇ ਗੁਣਾਂ ਨੂੰ ਵਖਾਣੈ = ਕਥਨ ਕਰਦਾ ਹੈ। ਜਿਹੜਾ ਜੀਵ ਗੁਰੂ ਦੇ ਉਪਦੇਸ਼ ਦੁਆਰਾ ਨਾਮ ਨੂੰ ਆਪਣੇ ਹਿਰਦੇ ਰੂਪੀ ਕਾਗ਼ਜ਼ 'ਤੇ ਚਿੱਤ ਨੂੰ ਲਿਖਾਰੀ ਬਣਾ ਕੇ ਪ੍ਰੇਮ ਰੂਪੀ ਕਲਮ ਦੁਆਰਾ ਲਿਖ ਲੈਂਦਾ ਹੈ, ਉਸ ਦੇ ਹਿਰਦੇ ਵਿਚ ਨਾਮਿ = ਨਾਮੀ ਪਰਮੇਸ਼ਰ ਨੀਸਾਣੈ = ਪ੍ਰਗਟ ਹੋ ਜਾਂਦਾ ਹੈ **ਅਥਵਾ** ਜੋ ਵਾਹਿਗੁਰੂ ਦੇ ਹੁਕਮ ਨੂੰ ਪਛਾਣ ਲੈਂਦਾ ਹੈ, ਉਹ ਹੀ ਹਰੀ ਦੇ ਗੁਣਾਂ ਦਾ ਵਖਾਣੈ = ਕਥਨ ਕਰਦਾ ਹੈ ਤੇ ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਉਸ ਨੂੰ ਨਾਮ ਰੂਪ ਨੀਸਾਣੈ = ਪ੍ਰਵਾਨਾ ਮਿਲ ਜਾਂਦਾ ਹੈ।

## ਸਭਨਾ ਕਾ ਦਰਿ ਲੇਖਾ ਸਚੈ; ਛੂਟਸਿ ਨਾਮਿ ਸੁਹਾਵਣਿਆ ॥੩॥

ਸਚੈ = ਸੱਚੇ ਪਰਮੇਸ਼ਰ ਦੀ ਦਰਿ = ਦਰਗਾਹ ਵਿਚ ਸਭਨਾ = ਸਾਰਿਆਂ ਜੀਵਾਂ ਕਾ = ਦਾ ਲੇਖਾ = ਹਿਸਾਬ ਕਿਤਾਬ ਹੋਣਾ ਹੈ, ਪਰੰਤੂ ਉਹੋ ਹੀ ਛੂਟਸਿ = ਛੁੱਟੇਗਾ ਜੋ ਨਾਮ ਕਰਕੇ ਸੁਹਾਵਣਿਆ = ਸ਼ੁਭਾਏਮਾਨ ਹੋ ਗਿਆ ਹੈ **ਵਾ:** ਉਥੇ ਸ਼ੋਭਨੀਕ ਨਾਮੀ ਦੇ ਨਾਮ ਜਪਣੇ ਕਰਕੇ ਹੀ ਛੂਟਸਿ = ਛੁੱਟੀਦਾ ਹੈ **ਅਥਵਾ** ਜੋ ਵੀ ਛੁੱਟਣਾ ਚਾਹੁੰਦਾ ਹੈ, ਉਹ ਤਿੰਨਾਂ ਲੋਕਾਂ ਵਿਚ ਸੁਭਾਇਮਾਨ ਪਰਮੇਸ਼ਰ ਦੇ ਨਾਮ ਨੂੰ ਜਪਣਾ ਕਰੇ ॥੩॥

## ਮਨਮੁਖੁ ਭੂਲਾ; ਠਉਰੁ ਨ ਪਾਏ ॥ ਜਮ ਦਰਿ ਬਧਾ; ਚੋਟਾ ਖਾਏ ॥

(**ਬੱਧਾ** ਬੋਲੋ)

ਵਿਕਾਰਾਂ ਵਿਚ ਲੱਗਣ ਕਰਕੇ ਮਨਮੁਖ ਪੁਰਖ ਪਰਮੇਸ਼ਰ ਦੇ ਨਾਮ ਤੋਂ ਭੂਲਾ = ਭੁੱਲਿਆ ਹੋਇਆ ਪਰਮੇਸ਼ਰ ਦੀ ਦਰਗਾਹ ਵਿਚ ਠਉਰੁ = ਥਾਂ ਨ = ਨਹੀਂ ਪਾਏ = ਪਾ ਸਕਦਾ **ਵਾ:** ਜਿੱਤ ਦੀ ਇਕਾਗਰਤਾ, ਤੁਰੀਆ ਪਦ ਰੂਪੀ ਥਾਂ ਦੀ ਪ੍ਰਾਪਤੀ ਨਹੀਂ ਕਰ ਸਕਦਾ।

ਉਹ ਇਸ ਲੋਕ ਵਿਚ ਕਾਮ, ਕ੍ਰੋਧ ਦੀਆਂ ਤਰਕਾਂ ਰੂਪੀ ਚੋਟਾਂ ਖਾਂਦਾ ਹੈ ਤੇ ਪ੍ਰਲੋਕ ਵਿਚ ਜਮਾਂ ਦੇ ਦਰ 'ਤੇ ਬਧਾ = ਬੰਨ੍ਹਿਆ ਹੋਇਆ ਚੋਟਾ = ਸੱਟਾਂ ਮਾਰਾਂ ਖਾਏ = ਖਾਂਦਾ ਹੈ। ਜੈਸਾ ਕਿ :

**ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥** *(ਅੰਗ ੪੬੪)*

## ਬਿਨੁ ਨਾਵੈ ਕੋ ਸੰਗਿ ਨ ਸਾਥੀ; ਮੁਕਤੇ ਨਾਮੁ ਧਿਆਵਣਿਆ ॥੪॥

ਪਰਮੇਸ਼ਰ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਕੋ = ਕੋਈ ਵੀ ਜੀਵ ਦਾ ਇਸ ਲੋਕ ਵਿਚ ਸਹਾਇਤਾ ਕਰਨ ਵਾਲਾ ਸੰਗਿ = ਸੰਗੀ ਤੇ ਪ੍ਰਲੋਕ ਵਿਚ ਸਹਾਇਤਾ ਕਰਨ ਵਾਲਾ ਸਾਥੀ ਨਹੀਂ ਹੈ, ਇਸ ਲਈ ਨਾਮ ਧਿਆਵਣਿਆ = ਧਿਆਉਣ ਵਾਲਾ ਹੀ ਜਮਾਂ ਦੇ ਦੁੱਖ ਤੋਂ ਮੁਕਤੇ = ਛੁਟਕਾਰਾ ਪਾਉਂਦਾ ਹੈ ॥੪॥

## ਸਾਕਤ ਕੂੜੇ; ਸਚੁ ਨ ਭਾਵੈ ॥ ਦੁਬਿਧਾ ਬਾਧਾ; ਆਵੈ ਜਾਵੈ ॥

ਕੂੜੇ = ਝੂਠੇ ਪਦਾਰਥਾਂ ਵਿਚ ਲੱਗੇ ਹੋਏ ਸਾਕਤ ਪੁਰਸ਼ਾਂ ਨੂੰ ਪਰਮੇਸ਼ਰ ਦਾ ਸੱਚਾ ਨਾਮ ਭਾਉਂਦਾ ਨਹੀਂ ਹੈ **ਵਾ:** ਸਾਕਤ = ਸ਼ਕਤੀ ਦੇ ਉਪਾਸ਼ਕ **ਵਾ:** ਸ਼ਕਤੀ = ਮਾਇਆ ਦੇ ਉਪਾਸ਼ਕ **ਵਾ:** ਸਾਕਤ = ਕਠੋਰ ਚਿਤ ਵਾਲੇ ਪੁਰਖ ਝੂਠੇ ਪਦਾਰਥਾਂ ਵਿਚ ਲੱਗੇ ਰਹਿੰਦੇ ਹਨ ਤੇ ਉਹਨਾਂ ਨੂੰ ਸੱਚਾ ਪ੍ਰੇਮ-ਭਗਤੀ ਦਾ ਕਰਤੱਵ ਭਾਉਂਦਾ ਨਹੀਂ ਹੈ।

ਉਨ੍ਹਾਂ ਦਾ ਜੀਵ ਆਤਮਾ ਦੁਬਿਧਾ = ਦ੍ਵੈਤ-ਭਾਵ ਵਿਚ ਬਾਧਾ = ਬੱਧਾ ਹੋਇਆ ਹੈ, ਇਸ ਲਈ ਉਹ ਮੁੜ ਮੁੜ ਕੇ ਆਵੈ ਜਾਵੈ = ਆਉਂਦਾ ਜਾਂਦਾ ਭਾਵ ਜੰਮਦਾ ਮਰਦਾ ਰਹਿੰਦਾ ਹੈ।

## ਲਿਖਿਆ ਲੇਖੁ ਨ ਮੇਟੈ ਕੋਈ; ਗੁਰਮੁਖਿ ਮੁਕਤਿ ਕਰਾਵਣਿਆ ॥੫॥

ਮੱਥੇ ਉੱਪਰ ਕਰਮਾਂ ਅਨੁਸਾਰ ਲਿਖਿਆ ਹੋਇਆ ਲੇਖ ਕੋਈ ਵੀ ਮੇਟੈ = ਮੇਟ ਨਹੀਂ ਸਕਦਾ ਭਾਵ ਲਿਖੇ ਲੇਖ ਭੋਗਣੇ ਹੀ ਪੈਂਦੇ ਹਨ, ਪਰੰਤੂ ਗੁਰਮੁਖਿ = ਮੁਖੀ ਗੁਰੂ ਹੀ ਮੁਕਤਿ = ਮੁਕਤੀ ਕਰਾਵਣਿਆ = ਕਰਾਉਣ ਵਾਲੇ ਹਨ ਭਾਵ ਉਹਨਾਂ ਦੇ ਲਿਖੇ ਹੋਏ ਲੇਖ ਪੂਰੇ ਗੁਰੂ ਸਾਹਿਬ ਜੀ ਸੂਲੀ ਤੋਂ ਸੂਲ ਦੇ ਰੂਪ ਵਿਚ ਭੁਗਤਾ ਕੇ ਮੇਟ ਦਿੰਦੇ ਹਨ ॥੫॥

## ਪੇਈਅੜੈ; ਪਿਰੁ ਜਾਤੋ ਨਾਹੀ ॥ ਝੂਠਿ ਵਿਛੁੰਨੀ; ਰੋਵੈ ਧਾਹੀ ॥

ਜਿਸ ਜੀਵ ਰੂਪੀ ਇਸਤਰੀ ਨੇ ਇਸ ਮਾਤ ਲੋਕ ਰੂਪੀ ਪੇਈਅੜੈ = ਪੇਕੇ ਘਰ ਵਿਚ ਰਹਿ ਕੇ ਪਿਰੁ = ਪਤੀ ਪਰਮਾਤਮਾ ਦੇ ਪ੍ਰਾਪਤੀ ਦੇ ਰਸਤੇ ਨੂੰ ਨਹੀਂ ਜਾਤੋ = ਜਾਣਿਆ।

ਉਹ ਝੂਠੀ ਜੀਵ ਰੂਪੀ ਇਸਤ੍ਰੀ ਪਤੀ ਪਰਮਾਤਮਾ ਤੋਂ ਵਿਛੁੰਨੀ = ਵਿਛੁੜ ਕੇ ਧਾਹਾਂ ਮਾਰ ਕੇ ਰੋਂਦੀ ਹੈ। ਜਿਹੜੀਆਂ ਜੀਵ ਰੂਪ ਇਸਤ੍ਰੀਆਂ ਇਕ ਅਕਾਲ ਪੁਰਖ ਨੂੰ ਛੱਡ ਕੇ ਹੋਰ ਦੇਵੀ ਦੇਵਤਿਆਂ ਦੀ ਉਪਾਸਨਾ ਕਰਦੀਆਂ ਹਨ, ਉਹ ਧਾਹਾਂ ਮਾਰ ਕੇ ਰੋਂਦੀਆਂ ਹਨ, ਉਨ੍ਹਾਂ ਦਾ ਕੋਈ ਬੇਲੀ ਨਹੀਂ ਹੁੰਦਾ। ਜੈਸਾ ਕਿ :

**ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥** *(ਅੰਗ ੪੭੦)*

ਜੋ ਅਗਿਅਨ ਆਦਿਕ ਸੁਭਾਅ ਇਹਦੇ ਵਿਚ ਲੱਗ ਕੇ ਭੁੱਲ ਗਈ ਹੈ, ਫੇਰ ਧਾਹਾਂ ਮਾਰ ਕੇ ਰੋਂਦੀ ਹੈ।

## ਅਵਗਣਿ ਮੁਠੀ ਮਹਲੁ ਨ ਪਾਏ; ਅਵਗਣ ਗੁਣਿ ਬਖਸਾਵਣਿਆ ॥੬॥

ਜਿਹੜੀ ਜੀਵ ਰੂਪੀ ਇਸਤ੍ਰੀ ਔਗੁਣਾਂ ਕਰਕੇ ਮੁਠੀ = ਲੁੱਟੀ ਗਈ ਹੈ, ਉਹ ਸਰੂਪ, ਤੁਰੀਆ ਪਦ ਨੂੰ ਨਹੀਂ ਪਾ ਸਕਦੀ। ਕੇਵਲ ਅਵਗਣ = ਔਗੁਣਾਂ ਨੂੰ ਸ਼ੁਭ ਗੁਣ ਹੀ ਬਖਸਾਵਣਿਆ = ਬਖ਼ਸ਼ਾਉਣ ਵਾਲੇ ਹਨ **ਵਾ**: ਗੁਰਮੁਖ ਸਖੀਆਂ ਨੇ ਗੁਰਾਂ ਦੁਆਰਾ ਸ਼ੁਭ ਗੁਣ ਧਾਰਨ ਕਰ ਕੇ ਔਗੁਣਾਂ ਨੂੰ ਬਖ਼ਸ਼ਾ ਲਿਆ ਹੈ ॥੬॥ ਜੈਸਾ ਕਿ :

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥**
**ਅਗੈ ਗਏ ਨ ਮੰਨੀਅਨ ਮਾਰਿ ਕਢਹੁ ਵੇਪੀਰ ॥** *(ਅੰਗ ੫੯੫)*

## ਪੇਈਅੜੈ; ਜਿਨਿ ਜਾਤਾ ਪਿਆਰਾ ॥ ਗੁਰਮੁਖਿ ਬੂਝੈ; ਤਤੁ ਬੀਚਾਰਾ ॥

ਜਿਸ ਜੀਵ ਰੂਪੀ ਇਸਤ੍ਰੀ ਨੇ ਇਸ ਮਾਤ ਲੋਕ ਰੂਪੀ ਪੇਈਅੜੈ = ਪੇਕੇ ਘਰ ਵਿਚ ਧਰਮ ਵਿਚ ਰਹਿੰਦਿਆਂ ਪ੍ਰਾਣਾਂ ਦੇ ਪਿਆਰੇ ਪਤੀ ਨੂੰ ਜਾਤਾ = ਜਾਣਿਆ ਹੈ, ਉਸ ਨੇ ਤਤੁ = ਸਾਰ ਰੂਪ ਪਰਮੇਸ਼ਰ ਦੀ ਬੀਚਾਰਾ = ਵੀਚਾਰ ਨੂੰ ਗੁਰਮੁਖਿ = ਮੁਖੀ ਗੁਰਾਂ ਦੁਆਰਾ ਬੂਝੈ = ਸਮਝਣਾ ਕੀਤਾ ਹੈ।

## ਆਵਣੁ ਜਾਣਾ ਠਾਕਿ ਰਹਾਏ; ਸਚੈ ਨਾਮਿ ਸਮਾਵਣਿਆ ॥੭॥

ਉਸ ਨੇ ਆਪਣਾ ਵਾਸ਼ਨਾ ਕਰਕੇ ਜਨਮ ਧਾਰ ਕੇ ਆਵਣੁ = ਆਉਣਾ ਤੇ ਮਰ ਕੇ ਜਾਣਾ ਠਾਕਿ = ਰੋਕ ਕੇ ਰਹਾਏ = ਰੱਖਿਆ ਹੈ ਭਾਵ ਜੰਮਣਾ ਮਰਣਾ ਨਵਿਰਤ ਕਰ ਲਿਆ ਹੈ, ਕਿਉਂਕਿ ਉਸ ਦਾ ਸੱਚੇ ਨਾਮ ਵਿਚ ਸਮਾਵਣਿਆ = ਸਮਾਉਣਾ ਹੋਇਆ ਹੈ ॥੭॥

## ਗੁਰਮੁਖਿ ਬੂਝੈ; ਅਕਥੁ ਕਹਾਵੈ ॥ ਸਚੇ ਠਾਕੁਰ; ਸਾਚੋ ਭਾਵੈ ॥

ਜੋ ਪਰਮੇਸ਼ਰ ਅਕਥੁ = ਕਥਨ ਤੋਂ ਰਹਿਤ ਕਹਾਵੈ = ਕਹਾਉਂਦਾ ਹੈ, ਉਸ ਨੂੰ ਗੁਰਮੁਖ ਜਨਾਂ ਨੇ ਮੁਖੀ ਗੁਰਾਂ ਦੁਆਰਾ ਬੂਝੈ = ਸਮਝਿਆ ਹੈ।

ਉਹ ਠਾਕਰੁ = ਸੁਆਮੀ ਸਦਾ ਸੱਚਾ ਹੈ ਤੇ ਉਸਨੂੰ ਸਾਚੋ = ਸੱਚ ਹੀ ਭਾਵੈ = ਭਾਉਂਦਾ ਹੈ **ਅਥਵਾ** ਮੁਖੀ ਗੁਰਾਂ ਦੇ ਉਪਦੇਸ਼ ਨੂੰ ਸਮਝ ਕੇ ਕਥਨ ਤੋਂ ਰਹਿਤ ਪਰਮੇਸ਼ਰ ਦੇ ਜੱਸ ਨੂੰ ਆਪ ਕਥਨ ਕਰੇ ਅਤੇ ਹੋਰਨਾਂ ਤੋਂ ਕਹਾਵੇ, ਕਿਉਂਕਿ ਸੱਚੇ ਸੁਆਮੀ ਪਰਮੇਸ਼ਰ ਨੂੰ ਸਾਚੋ = ਸੱਚਾ ਨਾਮ ਜਪਣ ਵਾਲੇ ਗੁਰਮੁਖ ਜਨ ਹੀ ਭਾਵੈ = ਭਾਉਂਦੇ ਹਨ।

## ਨਾਨਕ ਸਚੁ ਕਹੈ ਬੇਨੰਤੀ; ਸਚੁ ਮਿਲੈ ਗੁਣ ਗਾਵਣਿਆ ॥੮॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਬੇਨਤੀ ਪੂਰਬਕ ਸਚੁ ਕਹੈ = ਕਹਿੰਦੇ ਹਾਂ ਕਿ ਪਰਮੇਸ਼ਰ ਦੇ ਗੁਣਾਂ ਨੂੰ ਗਾਉਣ ਵਾਲੇ ਉਸ ਸੱਚ ਸਰੂਪ ਵਿਚ ਮਿਲੈ = ਮਿਲ ਜਾਂਦੇ ਹਨ ॥੮॥੧॥

**[ਅੰਗ ੧੧੦]**

## ਮਾਝ ਮਹਲਾ ੩ ਘਰੁ ੧ ॥

ਮਾਝ ਰਾਗ ਵਿਚ ਧੰਨ ਗੁਰੂ ਅਮਰਦਾਸ ਸਾਹਿਬ ਜੀ ਰਾਗ ਦੇ ਪਹਿਲੇ ਸੁਰਤਾਲ ਵਿਚ ਪਾਵਨ ਉਪਦੇਸ਼ ਉਚਾਰਨ ਕਰਦੇ ਹਨ।

## ਕਰਮੁ ਹੋਵੈ; ਸਤਿਗੁਰੂ ਮਿਲਾਏ ॥ ਸੇਵਾ ਸੁਰਤਿ; ਸਬਦਿ ਚਿਤੁ ਲਾਏ ॥

ਪੂਰਬਲੇ ਨਿਸ਼ਕਾਮ ਤੇ ਸ਼ੁਭ ਕਰਮ ਕੀਤੇ ਹੋਣ **ਵਾ:** ਪ੍ਰਭੂ ਦੀ ਕਰਮੁ = ਬਖ਼ਸ਼ਿਸ਼ (ਕ੍ਰਿਪਾ) ਹੋਵੇ ਤਾਂ ਪਰਮੇਸ਼ਰ ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਗਿਆਨ ਸਰੂਪ ਪੂਰੇ ਸਤਿਗੁਰੂ ਨਾਲ ਮਿਲਾਏ = ਮਿਲਾਉਂਦਾ ਹੈ **ਅਥਵਾ** ਜਦੋਂ ਪਰਮੇਸ਼ਰ ਆਪ ਕ੍ਰਿਪਾ ਕਰਦਾ ਹੈ ਤਾਂ ਜੀਵ ਪ੍ਰਭੂ ਦਾ ਪ੍ਰੇਰਿਆ ਨਿਸ਼ਕਾਮ ਕਰਮ ਕਰਦਾ ਹੈ। ਇਹਨਾਂ ਕਰਮਾਂ ਦੇ ਕਾਰਨ ਅੰਤਰਜਾਮੀ ਸਤਿਗੁਰੂ ਦਾ ਮਿਲਾਪ ਹੁੰਦਾ ਹੈ।

ਫੇਰ ਜਗਿਆਸੂ ਸਤਿਗੁਰੂ ਜੀ ਦੀ ਸੁਰਤਿ ਨਾਲ ਪ੍ਰੀਤੀ ਦੁਆਰਾ ਸੇਵਾ = ਟਹਿਲ ਕਰਦਾ ਹੈ **ਵਾ:** (ਸੁ+ਰਤਿ) ਸੁ = ਸ੍ਰੇਸ਼ਟ ਰਤਿ = ਪ੍ਰੀਤੀ ਨਾਲ ਸੇਵਾ ਕਰਦਾ ਹੈ ਅਤੇ ਗੁਰ ਸਬਦਿ = ਉਪਦੇਸ਼ **ਵਾ:** ਬ੍ਰਹਮ ਵਿਚ ਚਿੱਤ ਦੀ ਬਿਰਤੀ ਲਾਏ = ਲਾਉਂਦਾ ਹੈ।

## ਹਉਮੈ ਮਾਰਿ ਸਦਾ ਸੁਖੁ ਪਾਇਆ; ਮਾਇਆ ਮੋਹੁ ਚੁਕਾਵਣਿਆ ॥੧॥

ਇਸ ਯਤਨ ਨਾਲ ਹਉਮੈ = ਹੰਗਤਾ ਨੂੰ ਮਾਰ ਕੇ ਸਦਾ = ਸਦੀਵੀ ਸੁਖੁ = ਅਨੰਦ ਨੂੰ ਪਾਇਆ = ਪ੍ਰਾਪਤ ਕਰਦਾ ਹੈ ਅਤੇ ਮਾਇਆ ਦੇ ਮੋਹ ਨੂੰ ਚੁਕਾਵਣਿਆ = ਚੁੱਕਾ ਭਾਵ ਦੂਰ ਕਰ ਦਿੰਦਾ ਹੈ **ਵਾ:** ਜੋ ਮਾਇਆ ਰਿਧੀਆਂ ਸਿਧੀਆਂ ਰੂਪ ਮੋਹ ਸੀ, ਉਹ ਸਤਿਗੁਰੂ ਨੇ ਕ੍ਰਿਪਾ ਕਰਕੇ ਅੰਦਰੋਂ ਚੁੱਕਾ ਦਿੱਤਾ ਹੈ ॥੧॥ ਜੈਸਾ ਕਿ :

**ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥** *(ਅੰਗ ੫੯੩)*

ਰਿਧੀਆਂ ਸਿਧੀਆਂ ਗੁਰਮੁਖਾਂ ਦੇ ਬੂਹੇ ਅੱਗੇ ਖੜੀਆਂ ਰਹਿੰਦੀਆਂ ਹਨ। ਲੱਛਮੀ ਸਤਿਗੁਰੂ ਦੇ ਦਰ 'ਤੇ ਸਦਾ ਹੀ ਖੜੀ ਰਹਿੰਦੀ ਹੈ। ਸ੍ਰੀ ਗੋਇੰਦਵਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਸਾਰਾ ਦਿਨ ਲੰਗਰ ਚੱਲਦੇ ਸਨ। ਰਾਤ ਨੂੰ ਬਚਿਆ ਭੋਜਨ ਤੇ ਪਦਾਰਥ ਬਿਆਸ ਦਰਿਆ ਵਿਚ ਪਾ ਦਿੰਦੇ ਸਨ। ਸਵੇਰ ਵੇਲੇ ਫੇਰ ਮਾਇਆ ਦੇ ਢੇਰ ਲੱਗ ਜਾਂਦੇ ਸਨ। ਇਸ ਤਰ੍ਹਾਂ ਜਿਨ੍ਹਾਂ ਦੇ ਅੰਦਰੋਂ ਮਾਇਆ ਦਾ ਮੋਹ ਗੁਰੂ ਨੇ ਚੁੱਕ ਦਿੱਤਾ ਹੈ, ਉਹਨਾਂ ਦਾ ਮਾਇਆ ਕੁਝ ਵੀ ਵਿਗਾੜ ਨਹੀਂ ਸਕਦੀ।

## ਹਉ ਵਾਰੀ, ਜੀਉ ਵਾਰੀ; ਸਤਿਗੁਰ ਕੈ ਬਲਿਹਾਰਣਿਆ ॥

ਹਉ = ਮੈਂ ਤਨ ਕਰਕੇ ਵਾਰੀ = ਵਾਰਨੇ ਜੀਉ = ਮਨ ਕਰਕੇ ਵਾਰਨੇ ਅਤੇ ਬਾਣੀ ਕਰਕੇ ਵੀ ਸਤਿਗੁਰਾਂ ਕੈ = ਦੇ ਉੱਪਰੋਂ ਬਲਿਹਾਰਨੇ ਜਾਂਦਾ ਹਾਂ।

## ਗੁਰਮਤੀ ਪਰਗਾਸੁ ਹੋਆ ਜੀ; ਅਨ ਦਿਨੁ ਹਰਿ ਗੁਣ ਗਾਵਣਿਆ ॥੧॥ਰਹਾਉ॥

ਗੁਰਮਤੀ = ਗੁਰੂ ਦੀ ਸਿੱਖਿਆ ਦੁਆਰਾ ਜਿਨ੍ਹਾਂ ਦੇ ਜੀ = ਹਿਰਦੇ ਵਿਚ ਆਤਮ ਗਿਆਨ ਦਾ ਪਰਗਾਸੁ ਹੋਇਆ ਹੈ, ਉਹ ਆਪ ਵੀ ਅਨ ਦਿਨੁ = ਰਾਤ ਦਿਨ ਹਰਿ = ਪਰਮੇਸ਼ਰ ਦੇ ਗੁਣ ਗਾਵਣਿਆ = ਗਾਉਂਦੇ ਹਨ ਤੇ ਹੋਰਨਾਂ ਜਗਿਆਸੂਆਂ ਨੂੰ ਵੀ ਭਗਤੀ ਦੇ ਰਸਤੇ ਤੋਰਨ ਵਾਸਤੇ ਉੱਦਮ ਕਰਦੇ ਹਨ ॥੧॥ਰਹਾਉ॥

## ਤਨੁ ਮਨੁ ਖੋਜੇ; ਤਾ ਨਾਉ ਪਾਏ ॥ ਧਾਵਤੁ ਰਾਖੈ; ਠਾਕਿ ਰਹਾਏ ॥

ਇਸ ਤਨ ਨੂੰ ਖੋਜੇ ਤੋਂ ਮਨ ਦੀ ਪ੍ਰਾਪਤੀ ਹੁੰਦੀ ਹੈ ਤੇ ਮਨ ਦੀ ਖੋਜ ਕਰੋ ਤਾਂ ਨਾਉ = ਨਾਮ ਪਾਏ = ਪ੍ਰਾਪਤ ਹੁੰਦਾ ਹੈ **ਵਾ:** ਨਿਰੰਤਰ ਹੀ ਗੁਰਾਂ ਦੇ ਉਪਦੇਸ਼ ਦੁਆਰਾ ਤਨ ਮਨ ਨੂੰ ਖੋਜੇ ਤਾਂ ਪਰਮੇਸ਼ਰ ਦੇ ਨਾਮ ਨੂੰ ਪ੍ਰਾਪਤ ਕਰੀਦਾ ਹੈ। ਜੈਸਾ ਕਿ :

**ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥** *(ਅੰਗ ੧੨੪)*

ਅਤੇ ਮਨ ਨੂੰ ਵਾਸਨਾ, ਸੰਕਲਪਾਂ ਵਿਕਲਪਾਂ ਵਿਚ ਧਾਵਤੁ = ਦੌੜਦੇ ਹੋਏ ਨੂੰ ਰੋਕ ਕੇ ਰਾਖੈ = ਰੱਖੇ ਤੇ ਇੰਦਰੀਆਂ ਨੂੰ ਵਿਸ਼ਿਆਂ ਵੱਲੋਂ ਠਾਕਿ = ਰੋਕ ਕੇ ਰਹਾਏ = ਰੱਖੇ।

## ਗੁਰ ਕੀ ਬਾਣੀ ਅਨਦਿਨੁ ਗਾਵੈ; ਸਹਜੇ ਭਗਤਿ ਕਰਾਵਣਿਆ ॥੨॥

ਗੁਰੂ ਕੀ = ਦੀ ਬਾਣੀ ਨੂੰ ਅਨਦਿਨੁ = ਦਿਨ ਰਾਤ ਪ੍ਰੇਮ ਵਿਚ ਗਾਵੈ = ਗਾਉਣਾ ਕਰੇ, ਅਤੇ ਸਹਜੇ = ਸੁਭਾਵਿਕ ਹੀ ਪਰਮੇਸ਼ਰ ਦੀ ਪ੍ਰੇਮਾ ਭਗਤਿ = ਭਗਤੀ ਕਰੇ ਅਤੇ ਹੋਰਨਾਂ ਪਾਸੋਂ ਕਰਾਵਣਿਆ = ਕਰਾਉਣਾ ਕਰੇ ॥੨॥

## ਇਸੁ ਕਾਇਆ ਅੰਦਰਿ; ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ; ਤਾ ਵੇਖਾ ॥

ਇਸ ਕਾਇਆ = ਦੇਹ ਵਿਚ ਸ਼ੁਭ ਗੁਣਾਂ ਰੂਪ ਅਸੰਖਾ = ਅਣਗਿਣਤ ਵਸਤੂਆਂ ਮੌਜੂਦ ਹਨ **ਅਥਵਾ** ਸਾਰੀਆਂ ਵਸਤੂਆਂ ਦਾ ਮਾਲਕ ਇਸ ਦੇਹ ਵਿਚ ਬਿਰਾਜਮਾਨ ਹੈ। ਜੈਸਾ ਕਿ :

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥** *(ਅੰਗ ੬੯੫)*

ਮੁਖੀ ਗੁਰਾਂ ਦੁਆਰਾ ਸੱਚਾ ਨਾਮ ਮਿਲ ਜਾਵੇ ਤਾਂ ਉਸ ਦਾ ਵੇਖਣਾ ਹੁੰਦਾ ਹੈ **ਅਥਵਾ** ਜਿਨ੍ਹਾਂ ਦਾ ਮਨ ਸੱਚੇ ਵਾਹਿਗੁਰੂ ਵਿਚ ਮਿਲ ਜਾਂਦਾ ਹੈ, ਉਹ ਸੱਚੇ ਪਰਮੇਸ਼ਰ ਨੂੰ ਆਪਣੇ ਸਰੂਪ ਵਿਚ ਸਾਖਿਆਤ ਕਰਕੇ ਵੇਖ ਲੈਂਦੇ ਹਨ **ਅਥਵਾ** ਗੁਰਮੁਖ ਬੁੱਧੀ ਰੂਪੀ ਦੇਹ ਵਿਚ ਕਲਪਤ ਰੂਪ ਕਰਕੇ ਸਭ ਵਸਤੂਆਂ ਨੂੰ ਵੇਖਾ = ਵੇਖਦੇ ਹਨ।

## ਨਉ ਦਰਵਾਜੇ ਦਸਵੈ ਮੁਕਤਾ; ਅਨਹਦ ਸਬਦੁ ਵਜਾਵਣਿਆ ॥੩॥

ਜਿਨ੍ਹਾਂ ਨੇ ਨੌਂ ਗੋਲਕਾਂ ਤੇ ਦਸ ਇੰਦ੍ਰੀਆਂ ਰੂਪ ਦਰਵਾਜ਼ਿਆਂ ਨੂੰ ਵਿਸ਼ਿਆਂ ਵੱਲੋਂ ਰੋਕਿਆ ਹੈ, ਉਹ ਦਸਵੈ = ਦਸਮ ਦੁਆਰ ਵਿਚ ਸ਼ਬਦ ਨਾਲ ਸੁਰਤ ਜੋੜ ਕੇ ਮੁਕਤਾ = ਮੁਕਤ ਰੂਪ ਹੋ ਗਏ ਹਨ **ਵਾ:** ਜਿਨ੍ਹਾਂ ਨੇ ਸ਼ਬਦ ਸੁਰਤ ਦੇ ਅਭਿਆਸ ਦੁਆਰਾ ਨੌਂ ਦਰਵਾਜ਼ਿਆਂ ਨੂੰ ਵਿਸ਼ਿਆਂ ਵੱਲੋਂ ਰੋਕਣਾ ਕੀਤਾ ਹੈ, ਉਹ ਦਸਵੇਂ

ਮਨ ਨੂੰ ਚੇਤਨ ਬ੍ਰਹਮ ਵਿਚ ਅਭੇਦ ਕਰਕੇ ਬੰਧਨਾਂ ਤੋਂ ਰਹਿਤ ਹੋ ਗਏ ਹਨ ਤੇ ਹੱਦ ਤੋਂ ਰਹਿਤ ਸਬਦੁ = ਬ੍ਰਹਮ ਉਨ੍ਹਾਂ ਦੇ ਹਿਰਦੇ ਵਿਚ ਵਜਾਵਣਿਆ = ਪ੍ਰਗਟ ਹੋ ਗਿਆ ॥੩॥

## ਸਚਾ ਸਾਹਿਬੁ; ਸਚੀ ਨਾਈ ॥ ਗੁਰ ਪਰਸਾਦੀ; ਮੰਨਿ ਵਸਾਈ ॥

ਹੇ ਭਾਈ ! ਉਹ ਵਾਹਿਗੁਰੂ ਸੱਚਾ ਸਾਹਿਬੁ = ਮਾਲਕ ਹੈ, ਉਸ ਦੀ ਨਾਈ = ਵਡਿਆਈ ਮਹਿਮਾ ਵੀ ਸੱਚੀ ਹੈ। ਗੁਰਾਂ ਦੀ ਪਰਸਾਦੀ = ਕਿਰਪਾ ਨਾਲ ਹੀ ਉਸ ਪਰਮੇਸ਼ਰ ਦੀ ਵਡਿਆਈ ਮੰਨਿ = ਹਿਰਦੇ ਵਿਚ ਆ ਵਸਾਈ = ਵੱਸਦੀ ਹੈ।

## ਅਨਦਿਨੁ ਸਦਾ ਰਹੈ ਰੰਗਿ ਰਾਤਾ; ਦਰਿ ਸਚੈ ਸੋਝੀ ਪਾਵਣਿਆ ॥੪॥

ਫੇਰ ਉਹ ਜਗਿਆਸੂ ਅਨਦਿਨੁ = ਦਿਨ ਰਾਤ ਸਦਾ = ਹਮੇਸ਼ਾਂ ਪਰਮੇਸ਼ਰ ਦੇ ਨਾਮ ਰੰਗਿ = ਪ੍ਰੇਮ ਵਿਚ ਰੱਤਾ ਰਹੈ = ਰਹਿੰਦਾ ਹੈ, ਜਿਸ ਕਰਕੇ ਉਹ ਆਪਣੇ ਦਰਿ = ਅੰਦਰੋਂ ਸੱਚੇ ਸਾਖੀ ਬ੍ਰਹਮ ਚੇਤਨ ਦੀ ਸੋਝੀ = ਗਿਆਤ ਪਾਵਣਿਆ = ਪ੍ਰਾਪਤ ਕਰ ਲੈਂਦਾ ਹੈ **ਅਥਵਾ** ਸਤਿਸੰਗਤ ਦੇ ਸੱਚੇ ਦਰ ਤੋਂ ਸੱਚੇ ਦੇ ਸਿਮਰਨ ਦੀ ਸੋਝੀ = ਸਮਝ ਪ੍ਰਾਪਤ ਕਰ ਲੈਂਦਾ ਹੈ **ਵਾ:** ਗਿਆਨ ਰੂਪੀ ਦਰਿ = ਦਰਵਾਜ਼ੇ ਵਿਚ ਇਸਥਿਤ ਹੋ ਕੇ ਸੱਚੇ ਪਰਮੇਸ਼ਰ ਦੀ ਸੋਝੀ ਪਾਵਣਿਆ = ਪ੍ਰਾਪਤ ਕਰ ਲੈਂਦਾ ਹੈ ॥੪॥

## ਪਾਪ ਪੁੰਨ ਕੀ; ਸਾਰ ਨ ਜਾਣੀ ॥ ਦੂਜੈ ਲਾਗੀ; ਭਰਮਿ ਭੁਲਾਣੀ ॥

ਮਨਮੁਖਾਂ ਨੇ ਵਿਭਚਾਰ ਕਰਨ, ਧਰਮ ਤੋਂ ਹੀਣੇ ਰਹਿਣ ਰੂਪ ਪਾਪ ਤੇ ਸ੍ਰੇਸ਼ਟ ਸੁਭਾ ਧਾਰਨ ਕਰਨ, ਧਰਮ ਵਿਚ ਪ੍ਰੱਪਕ ਹੋਣ ਰੂਪ ਪੁੰਨ ਕੀ = ਦੀ ਸਾਰ = ਖ਼ਬਰ ਨ = ਨਹੀਂ ਜਾਣੀ, ਕਿਉਂਕਿ ਉਨ੍ਹਾਂ ਦੀ ਬੁੱਧੀ ਭਰਮ ਵਿਚ ਭੁਲਾਣੀ = ਭੁੱਲੀ ਹੋਈ ਦੂਜੈ = ਦ੍ਵੈਤ-ਭਾਵ ਵਿਚ ਲਾਗੀ = ਲੱਗ ਰਹੀ ਹੈ।

## ਅਗਿਆਨੀ ਅੰਧਾ ਮਗੁ ਨ ਜਾਣੈ;
## ਫਿਰਿ ਫਿਰਿ ਆਵਣ ਜਾਵਣਿਆ ॥੫॥

ਜਿਸ ਤਰ੍ਹਾਂ ਪ੍ਰਤੱਖ ਰੂਪ ਵਿਚ ਅੰਧਾ = ਨੇਤਰਹੀਣ ਅਗਿਆਨੀ = ਗਿਆਨ ਤੋਂ ਰਹਿਤ ਮਨੁੱਖ ਆਪਣੇ ਘਰ ਨੂੰ ਜਾਣ ਦਾ ਮਗੁ = ਰਸਤਾ ਨਹੀਂ ਜਾਣਦਾ, ਇਸੇ ਤਰ੍ਹਾਂ ਹੀ ਬਿਬੇਕ, ਵੈਰਾਗ ਰੂਪ ਨੇਤ੍ਰਾਂ ਤੋਂ ਹੀਣਾ ਅਗਿਆਨੀ ਮਨੁੱਖ ਪਰਮਾਤਮਾ ਦੇ ਪ੍ਰਾਪਤੀ ਰੂਪੀ ਭਗਤੀ ਰੂਪ ਮਗੁ = ਰਸਤੇ ਨੂੰ ਨਹੀਂ ਜਾਣਦਾ। ਇਸ ਕਰਕੇ ਫਿਰਿ ਫਿਰਿ = ਮੁੜ ਮੁੜ ਕੇ ਚੌਰਾਸੀ ਲੱਖ ਜੂਨਾਂ ਵਿਚ ਆਵਣ = ਆਉਂਦਾ ਜਾਵਣਿਆ = ਜਾਂਦਾ ਭਾਵ ਜੰਮਦਾ ਮਰਦਾ ਰਹਿੰਦਾ ਹੈ ॥੫॥

**ਦ੍ਰਿਸ਼ਟਾਂਤ :** ਜਿਵੇਂ ਇਕ ਅੰਨ੍ਹਾ, ਟੁੰਡਾ, ਗੰਜਾ ਆਦਮੀ ਇਕ ਕਿਲ੍ਹੇ ਵਿਚ ਪ੍ਰਵੇਸ਼ ਹੋ ਗਿਆ ਜਿਸ ਦੇ ੮੪ ਦਰਵਾਜ਼ੇ ਸਨ। ਉਸ ਦਾ ਇਕ ਦਰਵਾਜ਼ਾ ਖੁੱਲ੍ਹਾ ਸੀ, ਬਾਕੀ ਸਾਰੇ ਦਰਵਾਜ਼ੇ ਬੰਦ ਸਨ। ਜਿਹੜਾ ਦਰਵਾਜ਼ਾ ਖੁੱਲ੍ਹਾ ਸੀ, ਉਸ ਨੂੰ ਸ਼ਹਿਦ ਦਾ ਮਖਿਆਲ ਲੱਗਿਆ ਹੋਇਆ ਸੀ। ਉਸ ਅੰਨ੍ਹੇ ਪੁਰਸ਼ ਨੇ ਬੜੀਆਂ ਆਵਾਜ਼ਾਂ ਮਾਰੀਆਂ, ਕੂਕ ਪੁਕਾਰ ਕੀਤੀ ਕਿ ਮੈਨੂੰ ਕੋਈ ਬਾਹਰ ਨਿਕਲਣ ਲਈ ਰਾਹ ਦੱਸੋ। ਕਿਸੇ ਨੇ ਕਿਹਾ ਕਿ ਜਿਹੜਾ ਤੇਰਾ ਹੱਥ ਸਾਬਤ ਹੈ, ਉਸ ਨਾਲ ਕੰਧ ਟੋਂਹਦਾ ਚਲਿਆ ਚੱਲ। ਜਦੋਂ ਦਰਵਾਜ਼ਾ ਆ ਜਾਵੇਗਾ ਤਾਂ ਬਾਹਰ ਨਿਕਲ ਜਾਵੀਂ। ਜਦੋਂ ਦਰਵਾਜ਼ਾ ਆ ਗਿਆ ਤਾਂ ਅੰਨ੍ਹੇ ਪੁਰਸ਼ ਦਾ ਹੱਥ ਮਖਿਆਲ ਵਿਚ ਜਾ ਵੱਜਾ। ਮੱਖੀਆਂ ਉੱਡਣ ਲੱਗ ਪਈਆਂ। ਦੁਖੀ ਹੋ ਕੇ ਛੇਤੀ ਛੇਤੀ ਤੁਰ ਕੇ ਖੁੱਲ੍ਹਾ ਦਰਵਾਜ਼ਾ ਲੰਘ ਗਿਆ। ਮੁੜ ਕੇ ਫੇਰ ਉਸੇ ਚੱਕਰ ਵਿਚ ਪੈ ਗਿਆ।

**ਦਾ ਦ੍ਰਿਸ਼ਟਾਂਤ** : ਇਸੇ ਤਰ੍ਹਾਂ ਸੰਸਾਰ ਰੂਪੀ ਕਿਲ੍ਹਾ ਹੈ ਜਿਸ ਦੇ ਚੌਰਾਸੀ ਲੱਖ ਜੂਨਾਂ ਰੂਪੀ ਦਰਵਾਜ਼ੇ ਹਨ ਜੋ ਬੰਦ ਹਨ। ਕੇਵਲ ਮਨੁੱਖਾ ਜਨਮ ਹੀ ਇਕ ਖੁੱਲ੍ਹਾ ਦਰਵਾਜ਼ਾ ਹੈ। ਇਸ ਵਿਚ ਬਿਬੇਕ, ਵੈਰਾਗ **ਅਥਵਾ** ਗਿਆਨ ਰੂਪੀ ਨੇਤ੍ਰਾਂ ਤੋਂ ਬਿਨਾਂ ਜੀਵ ਅੰਨ੍ਹਾ ਹੈ। ਸ਼ੁਭ ਗੁਣਾਂ ਤੋਂ ਰਹਿਤ ਨਿਸ਼ਰਧਕਪੁਣੇ ਦਾ ਗੰਜਾਪਣ ਹੈ ਤੇ ਪ੍ਰੇਮ ਰੂਪੀ ਹੱਥਾਂ ਤੋਂ ਬਿਨਾਂ ਟੁੰਡਾ ਹੈ। ਮਾਇਆ ਮੱਖੀ ਰੂਪ ਹੈ। ਯਥਾ :

**ਮਾਖੀ ਰਾਮ ਕੀ ਤੂ ਮਾਖੀ ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥** *(ਅੰਗ ੧੨੨੭)*

ਇਸ ਤਰ੍ਹਾਂ ਜਦੋਂ ਮਨੁੱਖਾ ਜਨਮ ਰੂਪੀ ਦਰਵਾਜ਼ਾ ਆਇਆ ਤਾਂ ਉਥੇ ਵਿਸ਼ੇ ਸੁੱਖ ਰੂਪੀ ਮਖਿਆਲ ਹੈ। ਸ਼ਬਦ, ਸਪਰਸ਼, ਰੂਪ, ਰਸ, ਗੰਧ ਫੁਰਨੇ ਡੰਗ ਰੂਪ ਹਨ। ਜਦ ਇੱਛਾ ਰੂਪ ਖੁਰਕ ਹੋਈ ਤਾਂ ਇਸ ਇੱਛਾ ਵਿਚ ਹੀ ਮਨੁੱਖਾ ਜਨਮ ਲੰਘਾ ਦਿੱਤਾ। ਦੁਬਾਰਾ ਫੇਰ ਚੌਰਾਸੀ ਦੇ ਗੇੜ ਵਿਚ ਪੈ ਗਿਆ।

## ਗੁਰ ਸੇਵਾ ਤੇ; ਸਦਾ ਸੁਖੁ ਪਾਇਆ ॥ ਹਉਮੈ ਮੇਰਾ; ਠਾਕਿ ਰਹਾਇਆ ॥

ਜਿਨ੍ਹਾਂ ਨੇ ਪੂਰੇ ਗੁਰੂ ਦੀ ਨਿਸ਼ਕਾਮ ਸੇਵਾ = ਟਹਿਲ ਕਰਨੇ ਤੇ = ਤੋਂ ਸਦਾ = ਹਮੇਸ਼ਾ ਭਾਵ ਨਿੱਤ ਰਹਿਣ ਵਾਲਾ ਆਤਮਿਕ ਸੁੱਖ ਪਾਇਆ = ਪ੍ਰਾਪਤ ਕਰ ਲਿਆ ਹੈ, ਉਹਨਾਂ ਨੇ ਅੰਦਰੋਂ ਹੰਗਤਾ, ਮਮਤਾ, ਮੇਰਾ = ਮੇਰ-ਤੇਰ ਨੂੰ ਠਾਕਿ = ਰੋਕ ਰਹਾਇਆ = ਰੱਖਿਆ ਹੈ।

## ਗੁਰ ਸਾਖੀ, ਮਿਟਿਆ ਅੰਧਿਆਰਾ; ਬਜਰ ਕਪਾਟ ਖੁਲਾਵਣਿਆ ॥੬॥

ਉਨ੍ਹਾਂ ਦੇ ਹਿਰਦੇ ਵਿੱਚੋਂ ਗੁਰ ਸਾਖੀ = ਗੁਰੂ ਦੀ ਸਿੱਖਿਆ ਦੁਆਰਾ ਅਗਿਆਨ ਦਾ ਹਨੇਰਾ ਮਿਟ ਗਿਆ ਹੈ ਤੇ ਆਪਣੇ ਨਿਜ ਸਰੂਪ ਸਾਖੀ ਚੇਤਨ ਬ੍ਰਹਮ ਵਿਚ ਬਿਰਤੀ ਅਰੂੜ ਭਾਵ ਇਸਥਿਤ ਹੋਣੇ ਕਰਕੇ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ ਅਤੇ ਸੱਤਾਂ ਧਾਤਾਂ ਦੇ ਬਣੇ ਬੱਜਰ ਦੀ ਨਿਆਈਂ ਪੰਜਾਂ ਕੋਸ਼ਾਂ ਤੇ ਆਸਾ ਅੰਦੇਸ਼ਾ ਦੇ ਕਪਾਟ = ਤਖਤੇ ਖੁਲਾਵਣਿਆ = ਖੁੱਲ੍ਹ ਗਏ ਹਨ ॥੬॥

## ਹਉਮੈ ਮਾਰਿ; ਮੰਨਿ ਵਸਾਇਆ ॥ ਗੁਰ ਚਰਣੀ; ਸਦਾ ਚਿਤੁ ਲਾਇਆ ॥

ਜਿਨ੍ਹਾਂ ਨੇ ਹਿਰਦੇ ਵਿੱਚੋਂ ਹਉਮੈ = ਹੰਗਤਾ ਮਮਤਾ ਮਾਰ ਕੇ ਗੁਰੂ ਦੇ ਉਪਦੇਸ਼ ਨੂੰ ਸ੍ਰਵਣ, ਮੰਨਣ, ਨਿਧਿਆਸਣ ਦੁਆਰਾ ਮਨ ਵਿਚ ਵਸਾਇਆ = ਵਸਾ ਲਿਆ ਹੈ।

ਉਨ੍ਹਾਂ ਨੇ ਗੁਰ-ਸ਼ਬਦ ਰੂਪੀ ਚਰਨਾਂ ਵਿਚ ਸਦਾ = ਹਮੇਸ਼ਾ ਹੀ ਚਿੱਤ ਦੀ ਬਿਰਤੀ ਨੂੰ ਲਾਇਆ = ਲਾ ਲਿਆ ਹੈ।

## ਗੁਰ ਕਿਰਪਾ ਤੇ, ਮਨੁ ਤਨੁ ਨਿਰਮਲੁ; ਨਿਰਮਲ ਨਾਮੁ ਧਿਆਵਣਿਆ ॥੭॥

ਗੁਰ = ਸਤਿਗੁਰਾਂ ਦੀ ਕਿਰਪਾ = ਦਇਆ ਦ੍ਰਿਸ਼ਟੀ ਤੇ = ਤੋਂ ਹੀ ਉਨ੍ਹਾਂ ਦੇ ਮਨ ਦੇ ਸੰਕਲਪ, ਤਨ ਦੇ ਤਿੰਨੇ ਤਾਪ ਮਿਟ ਕੇ ਨਿਰਮਲੁ = ਉੱਜਲ ਹੋ ਗਏ ਹਨ, ਇਸ ਲਈ ਉਹ ਹਰ ਵੇਲੇ ਪਰਮੇਸ਼ਰ ਦੇ ਨਿਰਮਲੁ = ਪਵਿੱਤਰ ਨਾਮ ਨੂੰ ਧਿਆਵਣਿਆ = ਧਿਆਉਣਾ ਕਰਦੇ ਹਨ ॥੭॥

## ਜੀਵਣੁ ਮਰਣਾ; ਸਭੁ ਤੁਧੈ ਤਾਈ ॥ ਜਿਸੁ ਬਖਸੇ; ਤਿਸੁ ਦੇ ਵਡਿਆਈ ॥

ਹੇ ਪਰਮੇਸ਼ਰ ! ਤੇਰੇ ਭਗਤ ਜਨਾਂ ਦਾ ਜੀਵਣਾ ਤੇ ਮਰਣਾ ਸਭ ਤੁਧੈ = ਤੇਰੇ ਤਾਈ = ਲਈ ਹੈ, ਭਾਵ ਉਨ੍ਹਾਂ ਦਾ ਜੀਵਣਾ ਤੇ ਮਰਣਾ ਤੇਰੇ ਹੀ ਸਪੁਰਦ ਹੈ **ਅਥਵਾ** ਜਿਹੜੇ ਤੇਰੇ ਪਿਆਰੇ ਭਗਤ ਜਨ ਹਨ, ਜਦੋਂ ਤੱਕ ਉਹ ਤਨ ਕਰਕੇ ਜੀਵਣੁ = ਜਿਉਂਦੇ ਹਨ, ਤੇਰੇ ਨਾਲ ਜੁੜੇ ਰਹਿੰਦੇ ਹਨ ਤੇ ਸਰੀਰ ਛੱਡਣ ਤੋਂ ਬਾਅਦ

ਵੀ ਤੇਰੇ ਵਿਚ ਹੀ ਅਭੇਦ ਹੋ ਜਾਂਦੇ ਹਨ, ਜਿਵੇਂ ਮੱਛੀ ਜਿਉਂਦੀ ਹੋਈ ਵੀ ਪਾਨੀ ਨਾਲ ਪ੍ਰੀਤ ਕਰਦੀ ਹੈ ਤੇ ਮਰ ਕੇ ਵੀ ਪਾਨੀ ਨਾਲ ਪ੍ਰੀਤ ਕਰਦੀ ਹੈ, ਇਸ ਤਰ੍ਹਾਂ ਜੋ ਤੁਧੈ = ਤੇਰੇ ਤਾਈ = ਤੈਨੂੰ ਪ੍ਰਾਪਤ ਹੁੰਦੇ ਹਨ, ਉਹ ਤੇਰੇ ਨਾਲ ਜੁੜੇ ਰਹਿਣ ਨੂੰ ਆਪਣਾ ਜੀਵਨ ਮੰਨਦੇ ਹਨ ਤੇ ਵਿਛੁੜ ਜਾਣ ਨੂੰ ਮਰਣਾ ਮੰਨਦੇ ਹਨ। ਜੈਸਾ ਕਿ :

**ਆਖਾ ਜੀਵਾ ਵਿਸਰੈ ਮਰਿ ਜਾਉ ॥** *(ਅੰਗ ੯)*

**ਅਥਵਾ** ਜੋ ਜੀਵਤ-ਭਾਵ ਤੋਂ ਮਰ ਗਏ ਹਨ, ਉਹ ਸਾਰੇ ਤੇਰੇ ਤਾਈਂ ਪ੍ਰਾਪਤ ਹੋ ਗਏ। ਜਿਸ ਨੂੰ ਬਖ਼ਸ਼ ਲਵੇ ਤਿਸੁ = ਉਸ ਦੇ ਤਾਈਂ ਨਾਮ ਦੀ ਵਡਿਆਈ ਪ੍ਰਾਪਤ ਹੁੰਦੀ ਹੈ **ਵਾ:** ਪ੍ਰਤੱਖ ਬ੍ਰਹਮ ਗਿਆਨ ਦੀ ਵਡਿਆਈ = ਸ਼ੋਭਾ ਪ੍ਰਾਪਤ ਹੁੰਦੀ ਹੈ।

## ਨਾਨਕ ਨਾਮੁ ਧਿਆਇ, ਸਦਾ ਤੂੰ; ਜੰਮਣੁ ਮਰਣੁ ਸਵਾਰਣਿਆ ॥੮॥੧॥੨॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਜੀਵ! ਤੂੰ ਸਦਾ ਇਕ-ਰਸ ਨਾਮ ਨੂੰ ਧਿਆਉਣਾ ਕਰ, ਜਿਸ ਕਰਕੇ ਤੇਰਾ ਜੰਮਣਾ ਮਰਣਾ ਸੰਵਰ ਜਾਵੇਗਾ ॥੮॥੧॥੨॥

## ਮਾਝ ਮਹਲਾ ੩ ॥

## ਮੇਰਾ ਪ੍ਰਭੁ ਨਿਰਮਲੁ; ਅਗਮ ਅਪਾਰਾ ॥ ਬਿਨੁ ਤਕੜੀ; ਤੋਲੈ ਸੰਸਾਰਾ ॥

(**ਤੱਕੜੀ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਹੇ ਭਾਈ! ਮੇਰਾ ਪ੍ਰਭੁ = ਪਰਮਾਤਮਾ ਮਲ, ਵਿਖੇਪ, ਅਵਰਨ ਦੀ ਮੈਲ ਤੋਂ ਰਹਿਤ ਨਿਰਮਲੁ = ਸ਼ੁੱਧ ਸਰੂਪ ਅਗਮ = ਮਨ ਬੁੱਧੀ ਦੀ ਪਹੁੰਚ ਤੋਂ ਪਰ੍ਹੇ ਅਤੇ ਅਪਾਰਾ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਬੇਅੰਤ ਗੁਣਾਂ ਵਾਲਾ ਹੈ।

ਉਹ ਪ੍ਰਤੱਖ ਤਕੜੀ = ਤਰਾਜ਼ੂ ਤੋਂ ਬਿਨੁ = ਬਗ਼ੈਰ ਹੀ ਸੰਸਾਰਾ = ਜਗਤ ਨੂੰ ਤੋਲੈ = ਤੋਲ ਰਿਹਾ ਹੈ ਭਾਵ ਸਭ ਕੁਝ ਜਾਣਦਾ ਹੈ **ਅਥਵਾ** ਉਹ ਕਿਸੇ ਦੀ ਬੁੱਧ ਰੂਪੀ ਤੱਕੜੀ ਤੇ ਸ਼ਾਸਤਰ ਪ੍ਰਮਾਣ ਰੂਪ ਵੱਟਿਆਂ ਤੋਂ ਬਗ਼ੈਰ ਹੀ ਸਾਰੇ ਸੰਸਾਰ ਦੇ ਕਰਮ ਆਪਣੀ ਦ੍ਰਿਸ਼ਟੀ ਦੇ ਨਾਲ ਹੀ ਤੋਲ ਰਿਹਾ ਹੈ ਅਰਥਾਤ ਜੈਸੀ ਕਿਸੇ ਦੀ ਕਰਣੀ ਹੈ, ਉਸ ਦੇ ਅਨੁਸਾਰ ਫਲ ਭੁਗਤਾਉਂਦਾ ਹੈ **ਅਥਵਾ** ਜੋ ਪ੍ਰਾਣੀ ਬਿਨ ਤੱਕੜੀ ਭਾਵ ਨਾ ਤੋਲੇ ਜਾਣ ਵਾਲੇ ਪ੍ਰਭੂ ਦੇ ਨਾਮ ਨੂੰ ਧਿਆਉਂਦਾ ਹੈ, ਉਹ ਸੰਸਾਰ ਨੂੰ ਮਿਥਿਆ ਰੂਪ ਕਰਕੇ ਤੋਲੈ = ਵੀਚਾਰਨਾ ਕਰਦਾ ਹੈ।

## ਗੁਰਮੁਖਿ ਹੋਵੈ ਸੋਈ ਬੂਝੈ; ਗੁਣ ਕਹਿ ਗੁਣੀ ਸਮਾਵਣਿਆ ॥੧॥

ਜਿਹੜਾ ਗੁਰਮੁਖ ਉੱਤਮ ਅਧਿਕਾਰੀ ਹੋਵੈ = ਹੁੰਦਾ ਹੈ, ਸੋਈ = ਉਹੀ ਸਤਿਗੁਰਾਂ ਦੇ ਪਾਸੋਂ ਆਪਣੇ ਸਰੂਪ ਨੂੰ ਬੂਝੈ = ਬੁੱਝਦਾ ਹੈ ਤੇ ਉਸ ਪਰਮੇਸ਼ਰ ਦੇ ਸਤਿ, ਸੰਤੋਖ, ਗਿਆਨ ਆਦਿ ਗੁਣਾਂ ਨੂੰ ਕਹਿ ਕੇ ਗੁਣੀ ਪਰਮਾਤਮਾ ਵਿਚ ਸਮਾਵਣਿਆ = ਅਭੇਦ ਹੋ ਜਾਂਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਹਰਿ ਕਾ ਨਾਮੁ ਮੰਨਿ ਵਸਾਵਣਿਆ ॥

ਜਿਨ੍ਹਾਂ ਨੇ ਆਪਣੀ ਹਉ = ਦੇਹ ਅਧਿਆਸ ਨੂੰ ਵਾਰੀ = ਕੁਰਬਾਨ ਕਰ ਦਿੱਤਾ, ਜੀਉ = ਮਨ ਨੂੰ ਸ੍ਰਵਣ, ਮੰਨਣ, ਨਿਧਿਆਸਣ ਦੁਆਰਾ ਗੁਰ-ਸ਼ਬਦ ਦੇ ਵਾਰੀ = ਕੁਰਬਾਨ ਕੀਤਾ ਹੈ, ਉਹਨਾਂ ਨੇ ਮਨ ਵਿਚ ਹਰੀ ਦੇ ਨਾਮ ਨੂੰ ਵਸਾਉਣਾ ਕੀਤਾ ਹੈ **ਅਥਵਾ** ਉਸ ਗੁਰਮੁਖ ਤੋਂ ਹਉ = ਮੈਂ ਤਨ ਕਰਕੇ ਵਾਰਨੇ ਜਾਂਦਾ ਹਾਂ। ਜੀਉ ਵਾਰੀ = ਮਨ ਕਰਕੇ ਕੁਰਬਾਨ ਜਾਂਦਾ ਹਾਂ, ਜਿਸ ਨੇ ਹਰੀ ਦੇ ਨਾਮ ਨੂੰ ਮਨ ਵਿਚ ਵਸਾਵਣਿਆ = ਵਸਾਉਣਾ ਕੀਤਾ ਹੈ।

## ਜੋ ਸਚਿ ਲਾਗੇ, ਸੇ ਅਨਦਿਨੁ ਜਾਗੇ; ਦਰਿ ਸਚੈ ਸੋਭਾ ਪਾਵਣਿਆ ॥੧॥ਰਹਾਉ॥

ਜੋ ਸੱਚੇ ਨੂੰ ਸ੍ਰਵਣ ਕਰਨ ਵਿਚ ਲੱਗ ਗਏ ਹਨ, ਸੇ = ਉਹ ਦਿਨ ਰਾਤ ਮੰਨਣ ਵਿਚ ਜਾਗ ਪਏ ਹਨ **ਵਾ**: ਜਿਹੜੇ ਸੱਚੇ ਨਾਮ ਦੇ ਨਿਧਿਆਸਣ ਵਿਚ ਲੱਗ ਗਏ, ਉਹਨਾਂ ਦੀ ਅਵਿੱਦਿਆ ਰੂਪ ਰਾਤ ਨਾਸ਼ ਹੋ ਗਈ ਤੇ ਉਹ ਗਿਆਨ ਰੂਪੀ ਦਿਨ ਵਿਚ ਜਾਗ ਪਏ ਹਨ ਅਤੇ ਸੱਚੇ ਦਰਬਾਰ ਸੱਚਖੰਡ ਵਿਚ ਸ਼ੋਭਾ ਪਾਉਂਦੇ ਹਨ **ਅਥਵਾ** ਜੋ ਦਰਿ = ਅੰਦਰ ਸੱਚਾ ਵਾਹਿਗੁਰੂ ਹੈ, ਉਸ ਨੂੰ ਅੰਤਹਕਰਣ ਦਾ ਸਾਖੀ ਰੂਪ ਜਾਣ ਕੇ ਉਸ ਵਿਚ ਲੀਨ ਹੋ ਕੇ ਸ਼ੋਭਾ ਪਾਉਂਦੇ ਹਨ **ਅਥਵਾ** ਜੋ ਸੱਚੇ ਦਾ ਗਿਆਨ ਰੂਪੀ ਦਰ ਹੈ, ਉਸ ਵਿਚ ਇਸਥਿਤ ਹੋ ਕੇ ਸ਼ੋਭਾ ਪਾਉਂਦੇ ਹਨ ॥੧॥ਰਹਾਉ॥

## ਆਪਿ ਸੁਣੈ; ਤੈ ਆਪੇ ਵੇਖੈ ॥ ਜਿਸ ਨੋ ਨਦਰਿ ਕਰੇ; ਸੋਈ ਜਨੁ ਲੇਖੈ ॥

ਜਿਵੇਂ ਨਦੀਆਂ, ਨਾਲੇ, ਸਮੁੰਦਰ ਵਿਚ ਮਿਲ ਕੇ ਸਮੁੰਦਰ ਰੂਪ ਹੀ ਹੋ ਜਾਂਦੇ ਹਨ, ਇਸ ਤਰ੍ਹਾਂ ਹੀ ਬ੍ਰਹਮ ਬੇਤੇ ਹੰਗਤਾ ਨੂੰ ਮੇਟ ਕੇ ਬ੍ਰਹਮ ਸਰੂਪ ਹੋ ਜਾਂਦੇ ਹਨ। ਉਹਨਾਂ ਦੇ ਅੰਦਰ ਆਪ ਹੀ ਸੁਣਦਾ ਹੈ ਤੇ ਆਪ ਹੀ ਵੇਖਦਾ ਹੈ **ਅਥਵਾ** ਆਪ ਹੀ ਸਰੋਤਾ ਹੋ ਕੇ ਸੁਣਨ ਵਾਲਾ ਜਗਿਆਸੂ ਹੈ। ਆਪ ਹੀ ਨਦਰ ਕਰਕੇ ਸਰੋਤਿਆਂ ਨੂੰ ਦੇਖਣ ਵਾਲਾ ਹੈ ਭਾਵ ਕ੍ਰਿਪਾ ਦ੍ਰਿਸ਼ਟੀ ਕਰਕੇ ਨਿਹਾਲ ਕਰਨ ਵਾਲਾ ਹੈ **ਵਾ**: ਆਪਣੇ ਜੱਸ ਨੂੰ ਆਪ ਹੀ ਸੁਣ ਰਿਹਾ ਹੈ ਤੇ ਆਪ ਹੀ ਦ੍ਰਿਸ਼ਟਾ ਰੂਪ ਹੋ ਕੇ ਵੇਖ ਰਿਹਾ ਹੈ।

ਜਿਸ ਨੋ = ਜਿਹਨਾਂ 'ਤੇ ਕ੍ਰਿਪਾ ਨਦਰਿ = ਦ੍ਰਿਸ਼ਟੀ ਕਰੇ = ਕਰਦਾ ਹੈ, ਸੋਈ = ਉਹੀ ਜਨੁ = ਪੁਰਖ ਹੀ ਪਰਮੇਸ਼ਰ ਨੂੰ ਜਾਣ ਕਰਕੇ ਲੇਖੇ ਵਿਚ ਪੈਂਦੇ ਹਨ, ਪਰਵਾਣ ਹੁੰਦੇ ਹਨ। ਅਤੇ :

## ਆਪੇ ਲਾਇ ਲਏ, ਸੋ ਲਾਗੈ; ਗੁਰਮੁਖਿ ਸਚੁ ਕਮਾਵਣਿਆ ॥੨॥

ਉਹਨਾਂ ਨੂੰ ਉੱਤਮ ਅਧਿਕਾਰੀ ਜਾਣ ਕੇ ਉਹਨਾਂ ਨੂੰ ਆਤਮ-ਪਰਮਾਤਮ ਰੂਪ ਹੋ ਕੇ ਆਪਣੇ ਨਿਜ ਸਰੂਪ ਵਿਚ ਲਾਇ = ਲਾ ਲਏ = ਲੈਂਦਾ ਹੈ ਤੇ ਸੋ = ਉਹ ਆਪਣੇ ਨਿਜ ਸਰੂਪ ਵਿਚ ਲਾਗੈ = ਲੱਗ ਭਾਵ ਜੁੜ ਜਾਂਦੇ ਹਨ। ਉਹੋ ਹੀ ਗੁਰਮੁਖ ਜਨ ਸੱਚੇ ਨਾਮ ਨੂੰ ਕਮਾਵਣਿਆ = ਕਮਾਉਣਾ ਕਰਦੇ ਹਨ ॥੨॥

## ਜਿਸੁ ਆਪਿ ਭੁਲਾਏ; ਸੁ ਕਿਥੈ ਹਥੁ ਪਾਏ ॥ ਪੂਰਬਿ ਲਿਖਿਆ; ਸੁ ਮੇਟਣਾ ਨ ਜਾਏ ॥

ਜੀਵ ਦੇ ਪੂਰਬਲੇ ਕੀਤੇ ਕਰਮਾਂ ਅਨੁਸਾਰ ਜਿਸ ਨੂੰ ਪਰਮੇਸ਼ਰ ਆਪਣੇ ਵੱਲੋਂ ਭੁਲਾ ਦਿੰਦਾ ਹੈ, ਸੁ = ਉਹ ਪੁਰਸ਼ ਆਪਣੇ ਸਰੂਪ ਦੀ ਪ੍ਰਾਪਤੀ ਲਈ ਕਿਥੇ ਹੱਥ ਪਾ ਸਕਦਾ ਹੈ।

ਜੋ ਪੂਰਬਿ = ਪਿਛਲੇ ਕੀਤੇ ਕਰਮਾਂ ਦਾ ਲਿਖਿਆ ਹੋਇਆ ਲੇਖ ਹੈ, ਸੁ = ਉਹ ਭੋਗੇ ਬਿਨਾਂ ਮੇਟਿਆ ਨਹੀਂ ਜਾਏ = ਜਾ ਸਕਦਾ।

## ਜਿਨ ਸਤਿਗੁਰੁ ਮਿਲਿਆ, ਸੇ ਵਡਭਾਗੀ; ਪੂਰੈ ਕਰਮਿ ਮਿਲਾਵਣਿਆ ॥੩॥

ਜਿਨ੍ਹਾਂ ਨੂੰ ਪੂਰਾ ਸਤਿਗੁਰੂ ਮਿਲਿਆ ਹੈ, ਸੇ = ਉਹ ਵਡਭਾਗੀ = ਉੱਤਮ ਭਾਗਾਂ ਵਾਲੇ ਪੁਰਸ਼ ਹਨ ਪਰੰਤੂ ਪੂਰੈ = ਪੂਰਨ ਨਿਸ਼ਕਾਮ ਕਰਮ ਹੀ ਸਤਿਗੁਰਾਂ ਨਾਲ ਮਿਲਾਵਣਿਆ = ਮਿਲਾਉਣ ਵਾਲੇ ਹਨ **ਅਥਵਾ** ਪੂਰਿਆਂ ਗੁਰਾਂ ਦੀ ਕਰਮਿ = ਕਿਰਪਾ ਨਾਲ ਪ੍ਰਭੂ ਦਾ ਮਿਲਾਪ ਹੁੰਦਾ ਹੈ ॥੩॥

## ਪੇਈਅੜੈ; ਧਨ ਅਨਦਿਨੁ ਸੁਤੀ ॥ ਕੰਤਿ ਵਿਸਾਰੀ; ਅਵਗਣਿ ਮੁਤੀ ॥

ਜਿਹੜੀ ਜੀਵ ਰੂਪੀ ਇਸਤਰੀ ਮਾਤ ਲੋਕ ਰੂਪੀ ਪੇਈਅੜੇ = ਪੇਕੇ ਘਰ ਮੋਹ ਦੇ ਕਾਰਨ ਅਵਿੱਦਿਆ

ਰੂਪੀ ਨੀਂਦ ਵਿਚ ਅਨਦਿਨੁ = ਰਾਤ ਦਿਨ ਸੁੱਤੀ ਪਈ ਹੈ, ਭਾਵ ਜਿਸ ਨੇ ਗੁਰਮੁਖ ਰੂਪੀ ਸਖੀਆਂ ਪਾਸੋਂ ਪਤੀ ਵਾਹਿਗੁਰੂ ਦੇ ਮਿਲਾਪ ਲਈ ਸ਼ੁਭ ਗੁਣਾਂ ਨੂੰ ਧਾਰਨ ਨਹੀਂ ਕੀਤਾ।

ਉਹ ਕਾਮਾਦਿ ਅਵਗਣਿ = ਔਗੁਣਾਂ ਕਰਕੇ ਮੁਤੀ = ਲੁੱਟੀ ਹੋਈ ਨੂੰ ਕੰਤਿ = ਪਤੀ ਪਰਮੇਸ਼ਰ ਨੇ ਵਿਸਾਰੀ = ਭੁੱਲਾ ਦਿੱਤਾ ਹੈ।

## ਅਨਦਿਨੁ ਸਦਾ ਫਿਰੈ ਬਿਲਲਾਦੀ; ਬਿਨੁ ਪਿਰ ਨੀਦ ਨ ਪਾਵਣਿਆ ॥੪॥

ਜਿਸ ਕਰਕੇ ਉਹ ਅਨਦਿਨੁ = ਦਿਨ ਰਾਤ ਸਦਾ ਹੀ ਬਿਲਲਾਦੀ = ਵਿਰਲਾਪ ਕਰਦੀ ਫਿਰੈ = ਫਿਰਦੀ ਹੈ ਕਿਉਂਕਿ ਉਹ ਬਿਨਾਂ ਪਿਰ = ਪਤੀ-ਪ੍ਰਭੂ ਦੀ ਪ੍ਰਾਪਤੀ ਤੋਂ ਕਦੇ ਵੀ ਸਮਾਧੀ ਰੂਪ, ਸ਼ਾਂਤੀ ਰੂਪ ਨੀਂਦ ਨਹੀਂ ਪਾਵਣਿਆ = ਪਾ ਸਕਦੀ ॥੪॥

## ਪੇਈਅੜੈ; ਸੁਖਦਾਤਾ ਜਾਤਾ ॥ ਹਉਮੈ ਮਾਰਿ; ਗੁਰ ਸਬਦਿ ਪਛਾਤਾ ॥

ਜਿਸ ਨੇ ਸੰਸਾਰ ਰੂਪੀ ਪੇਈਅੜੇ = ਪੇਕੇ ਘਰ ਵਿਚ ਸੁੱਖਾਂ ਦੇ ਦਾਤੇ ਪਰਮੇਸ਼ਰ ਨੂੰ ਜਾਤਾ = ਜਾਣ ਲਿਆ ਹੈ।

ਉਸ ਨੇ ਗੁਰਾਂ ਦੇ ਸ਼ਬਦ ਦੁਆਰਾ ਹਉਮੈ ਨੂੰ ਮਾਰ ਕੇ ਪਰਮੇਸ਼ਰ ਨੂੰ ਪਛਾਣ ਲਿਆ ਹੈ।

**ਅਥਵਾ** ਜਿਸ ਜੀਵ ਰੂਪੀ ਇਸਤ੍ਰੀ ਨੇ ਮਾਤ-ਲੋਕ ਰੂਪੀ ਪੇਕੇ ਘਰ ਵਿਚ ਰਹਿੰਦਿਆਂ ਗੁਰ-ਸ਼ਬਦ ਦੀ ਕਮਾਈ ਕਰਕੇ, ਹੰਗਤਾ ਮਮਤਾ ਨੂੰ ਮਾਰ ਲਿਆ ਹੈ, ਉਸ ਨੇ ਸੁਖਦਾਤਾ = ਸੁੱਖਾਂ ਦੇ ਦਾਤੇ ਪਰਮੇਸ਼ਰ ਨੂੰ ਜਾਤਾ = ਜਾਣ ਲਿਆ ਹੈ ਭਾਵ ਹਉਮੈ ਨੂੰ ਮਾਰ ਕੇ ਸੁੱਖਾਂ ਦੀ ਸੇਜ ਨੂੰ ਪਛਾਣ ਲਿਆ ਹੈ।

[ਅੰਗ ੧੧੧]

## ਸੇਜ ਸੁਹਾਵੀ, ਸਦਾ ਪਿਰੁ ਰਾਵੇ; ਸਚੁ ਸੀਗਾਰੁ ਬਣਾਵਣਿਆ ॥੫॥

ਉਸ ਦੀ ਅੰਤਸ਼ਕਰਣ ਰੂਪੀ ਸੇਜਾ ਸੁਹਾਵੀ = ਸ਼ੋਭਨੀਕ ਹੈ, ਉਹ ਸਦਾ = ਹਮੇਸ਼ਾ ਹੀ ਪਿਰੁ = ਪਤੀ ਪਰਮੇਸ਼ਰ ਦੇ ਅਨੰਦ ਨੂੰ ਰਾਵੇ = ਭੋਗਦੀ ਹੈ ਕਿਉਂਕਿ ਉਸਦਾ ਸਚੁ = ਸੱਚੇ ਨਾਮ ਦਾ ਹੀ ਸ਼ਿੰਗਾਰ ਬਣਾਵਣਿਆ = ਬਣਾਇਆ ਹੋਇਆ ਹੈ **ਵਾ:** ਸਾਧਨਾ ਰੂਪ ਸ਼ਿੰਗਾਰ ਬਣਾਇਆ ਹੋਇਆ ਸੱਚਾ ਹੈ **ਵਾ:** ਸਫਲਾ ਹੈ ਅਰਥਾਤ ਜਿਹੜੀ ਜੀਵ ਰੂਪ ਇਸਤਰੀ ਨੇ ਪਤੀ ਪਰਮੇਸ਼ਰ ਨਾਲ ਅਭੇਦਤਾ ਪ੍ਰਾਪਤ ਕਰ ਲਈ ਹੈ, ਉਹ ਸਦਾ ਹੀ ਪਿਰੁ = ਪਤੀ ਦੇ ਅਨੰਦ ਨੂੰ ਰਾਵੇ = ਭੋਗਦੀ ਹੈ। ਮਨ, ਬੁੱਧ, ਚਿਤ, ਅਹੰਕਾਰ ਇਹ ਪਾਵੇ ਹਨ। ਬਿਰਤੀਆਂ ਬਾਹੀਆਂ ਹਨ। ਪ੍ਰੇਮ ਰੂਪੀ ਬਾਨੀ ਸੇਜਾ ਹੈ, ਸਮਤਾ ਦੀ ਤਲਾਈ ਵਿਛਾਈ ਹੋਈ ਹੈ। ਹੰਕਾਰ ਨੂੰ ਮਿਟਾਉਣ ਰੂਪੀ ਸਿਰਹਾਣਾ, ਭਗਤੀ ਰੂਪ ਸਿਰਪੋਸ਼ ਹੈ ਤੇ ਚਾਰੇ ਮਹਾਵਾਕਾਂ ਦੇ ਸੇਜ ਬੰਦ ਪਸਰੇ ਹੋਏ ਹਨ। ਸਤਿ, ਸੰਤੋਖ, ਦਇਆ, ਧਰਮ, ਰੂਪ ਹਾਰ ਲਟਕ ਰਹੇ ਹਨ। ਸ਼ਬਦ, ਸਪਰਸ਼, ਰੂਪ, ਰਸ, ਗੰਧ, ਤਿਆਗ ਰੂਪੀ ਫੁੱਲ ਅਰਪੇ ਹੋਏ ਹਨ। ਇਸ ਤਰ੍ਹਾਂ ਉਹਨਾਂ ਦੀ ਅੰਤਹਕਰਣ ਰੂਪੀ ਸੇਜਾ ਗੁਣ ਗਾਉਂਦੇ ਸ਼ੋਭਨੀਕ ਹੋਈ ਹੈ। ਉਹ ਸਦਾ ਹੀ ਪਤੀ ਦੇ ਅਨੰਦ ਨੂੰ ਮਾਣਦੀ ਹੈ। ਉਹਨਾਂ ਨੇ ਸਤਿ, ਸੰਤੋਖ, ਦਇਆ, ਧਰਮ ਨੂੰ ਨਿਸਚੇ ਕਰਕੇ ਧਾਰਨ ਕੀਤਾ ਹੈ। ਇਹਨਾਂ ਸਾਧਨਾਂ ਦਾ ਸੀਗਾਰ ਬਣਾਇਆ ਹੋਇਆ ਸਚੁ = ਸਫਲਾ ਹੈ ॥੫॥

## ਲਖ ਚਉਰਾਸੀਹ; ਜੀਅ ਉਪਾਏ ॥
## ਜਿਸ ਨੋ ਨਦਰਿ ਕਰੇ; ਤਿਸੁ ਗੁਰੂ ਮਿਲਾਏ ॥

ਜਿਸ ਵਾਹਿਗੁਰੂ ਪਰਮੇਸ਼ਰ ਨੇ ਚੌਰਾਸੀ ਲੱਖ ਜੀਅ = ਜੀਵ ਉਪਾਏ = ਪੈਦਾ ਕੀਤੇ ਹਨ।

ਉਹ ਪਰਮੇਸ਼ਰ ਜਿਸ 'ਤੇ ਕ੍ਰਿਪਾ ਨਦਰਿ = ਦ੍ਰਿਸ਼ਟੀ ਕਰੇ = ਕਰਦਾ ਹੈ, ਤਿਸੁ = ਉਸ ਨੂੰ ਪੂਰੇ ਗੁਰੂ ਨਾਲ ਮਿਲਾਏ = ਮਿਲਾਉਂਦਾ ਹੈ।

## ਕਿਲਵਿਖ ਕਾਟਿ ਸਦਾ ਜਨ ਨਿਰਮਲ; ਦਰਿ ਸਚੈ ਨਾਮਿ ਸੁਹਾਵਣਿਆ ॥੬॥

ਉਹ ਗੁਰਮੁਖ ਜਨ ਗੁਰਾਂ ਦੁਆਰਾ ਕਿਲਵਿਖ = ਪਾਪਾਂ ਨੂੰ ਕਾਟਿ = ਕੱਟ ਕੇ ਸਦਾ = ਹਮੇਸ਼ਾ ਵਾਸਤੇ ਨਿਰਮਲ = ਉੱਜਲ ਜੀਵਨ ਵਾਲਾ ਹੋ ਗਿਆ ਹੈ, ਫੇਰ ਸੱਚੇ ਨਾਮ ਦੁਆਰਾ ਸੱਚੀ ਦਰਗਹ ਵਿਚ ਸੁਹਾਵਣਿਆ = ਸ਼ੋਭਨੀਕ ਹੁੰਦਾ ਹੈ ॥੬॥

## ਲੇਖਾ ਮਾਗੈ; ਤਾ ਕਿਨਿ ਦੀਐ ॥ ਸੁਖੁ ਨਾਹੀ; ਫੁਨਿ ਦੂਐ ਤੀਐ ॥

ਇਸ ਲਈ ਪਰਮੇਸ਼ਰ ਦੀ ਕਿਰਪਾ ਨਾਲ ਹੀ ਛੁਟਕਾਰਾ ਹੁੰਦਾ ਹੈ ਆਪਣੇ ਕਰਮਾਂ ਨਾਲ ਨਹੀਂ ਕਿਉਂਕਿ ਜੇਕਰ ਪਰਮੇਸ਼ਰ ਕੀਤੇ ਹੋਏ ਕਰਮਾਂ ਦਾ ਲੇਖਾ = ਹਿਸਾਬ ਕਿਤਾਬ ਮਾਗੈ = ਮੰਗੇਗਾ, ਤਾ = ਤਦ ਕਿਨਿ = ਕਿਸ ਪਾਸੋਂ ਦੀਐ = ਦਿੱਤਾ ਜਾਵੇਗਾ ਭਾਵ ਜੀਵ ਨੂੰ ਆਪ ਹੀ ਲੇਖਾ ਦੇਣਾ ਪਵੇਗਾ।

ਫੁਨਿ = ਫੇਰ ਦੂਐ = ਦ੍ਵੈਤ, ਦੂਜੀ ਮਾਇਆ ਤੇ ਤੀਐ = ਤਿੰਨ ਗੁਣਾਂ **ਵਾ:** ਦੂਐ = ਦੋ ਰਾਗ ਦ੍ਵੈਖ ਤੇ ਤੀਐ = ਤਿੰਨ ਪ੍ਰਕਾਰ ਦੀ (ਸੁਤ, ਬਿਤ, ਲੋਕ ਈਖਣਾ) ਵਾਸ਼ਨਾ ਵਿਚ ਕਿਸੇ ਪ੍ਰਕਾਰ ਦਾ ਸੁਖ ਨਾਹੀ = ਨਹੀਂ ਹੈਂ।

## ਆਪੇ ਬਖਸਿ ਲਏ ਪ੍ਰਭੁ ਸਾਚਾ; ਆਪੇ ਬਖਸਿ ਮਿਲਾਵਣਿਆ ॥੭॥

ਜਿਨ੍ਹਾਂ ਨੂੰ ਸਾਚਾ = ਸੱਚੇ ਪ੍ਰਭੂ ਨੇ ਕਿਰਪਾ ਕਰਕੇ ਆਪੇ = ਆਪ ਹੀ ਬਖ਼ਸ਼ ਲਏ = ਲੈਣਾ ਕੀਤਾ ਹੈ, ਉਨ੍ਹਾਂ ਨੂੰ ਆਪੇ = ਆਪ ਹੀ ਨਾਮ ਦੀ ਬਖਸਿ = ਬਖ਼ਸ਼ਿਸ਼ ਕਰਕੇ ਆਪਣੇ ਨਿਜ ਸਰੂਪ ਦਾ ਅਨੰਦ ਦੇ ਕੇ ਆਪਣੇ ਸਰੂਪ ਵਿਚ ਮਿਲਾਵਣਿਆ = ਮੇਲ ਲਿਆ ਹੈ ॥੭॥

## ਆਪਿ ਕਰੇ; ਤੈ ਆਪਿ ਕਰਾਏ ॥ ਪੂਰੇ ਗੁਰ ਕੈ; ਸਬਦਿ ਮਿਲਾਏ ॥

ਪ੍ਰਭੂ ਆਪ ਹੀ ਬ੍ਰਹਮਾ ਆਦਿ ਨੂੰ ਪੈਦਾ ਕਰਕੇ ਫੇਰ ਸੰਸਾਰ ਨੂੰ ਪੈਦਾ ਕਰਦਾ ਹੈ ਤੇ ਆਪ ਹੀ ਫਲ ਦੇਣਾ ਕਰਾਏ = ਕਰਦਾ ਹੈ। ਆਪ ਹੀ ਅਧਿਕਾਰੀ ਪੈਦਾ ਕਰਕੇ ਪੂਰੇ ਗੁਰ ਕੈ ਸਬਦਿ = ਗੁਰੂ ਦੇ ਉਪਦੇਸ਼ ਦੁਆਰਾ ਬ੍ਰਹਮ ਗਿਆਨ ਦੇ ਕੇ ਆਪਣੇ ਨਾਲ ਮਿਲਾਏ = ਮੇਲ ਲੈਂਦਾ ਹੈ।

## ਨਾਨਕ ਨਾਮੁ ਮਿਲੈ ਵਡਿਆਈ; ਆਪੇ ਮੇਲਿ ਮਿਲਾਵਣਿਆ ॥੮॥੨॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੀ ਕਿਰਪਾ ਕਰਕੇ ਗੁਰਾਂ ਦੁਆਰਾ ਨਾਮ ਪ੍ਰਾਪਤ ਕਰਕੇ ਸਰੂਪ ਦੀ ਪ੍ਰਾਪਤੀ ਰੂਪ ਵਡਿਆਈ = ਸ਼ੋਭਾ ਮਿਲੈ = ਮਿਲਦੀ ਹੈ ਅਤੇ ਉਹ ਪਰਮੇਸ਼ਰ ਆਪ ਹੀ ਆਪਣੇ ਸਰੂਪ ਦੇ ਮੇਲ ਵਿਚ ਮਿਲਾਵਣਿਆ = ਮਿਲਾਵਣ ਵਾਲਾ ਹੈ ॥੮॥੨॥੩॥

## ਮਾਝ ਮਹਲਾ ੩ ॥

## ਇਕੋ ਆਪਿ; ਫਿਰੈ ਪਰਛੰਨਾ ॥ ਗੁਰਮੁਖਿ ਵੇਖਾ; ਤਾ ਇਹੁ ਮਨੁ ਭਿੰਨਾ ॥

ਇੱਕੋ ਪਰਮੇਸ਼ਰ ਆਪ ਹੀ ਜੀਵਾਂ ਵਿਚ ਸਾਖੀ ਚੇਤਨ ਹੋ ਕੇ ਪਰਛੰਨਾ = ਗੁਪਤ ਰੂਪ ਵਿਚ ਫਿਰੈ = ਵਿਚਰ ਰਿਹਾ ਹੈ **ਵਾ:** ਪਰਛੰਨਾ = ਭਿੰਨ ਭਿੰਨ ਫਿਰ ਰਿਹਾ ਹੈ **ਵਾ:** ਜੀਵਨ ਮੁਕਤ ਬ੍ਰਹਮ ਗਿਆਨੀਆਂ ਵਿਚ ਪਰ = ਵਿਸ਼ੇਸ਼ ਕਰਕੇ ਛੰਨਾ = ਵਿਚਰ ਰਿਹਾ ਹੈ।

ਗੁਰਮੁਖਿ = ਮੁਖੀ ਗੁਰਾਂ ਦੁਆਰਾ ਜਦੋਂ ਆਪਣੇ ਨਿਜ ਸਰੂਪ ਨੂੰ ਵੇਖਾ = ਵੇਖਣਾ ਕੀਤਾ ਹੈ ਤਾਂ ਇਹ ਮਨ ਨਾਮ ਸਿਮਰਨ ਵਿਚ ਭਿੰਨਾ = ਭਿੱਜ ਗਿਆ ਹੈ।

## ਤ੍ਰਿਸਨਾ ਤਜਿ, ਸਹਜ ਸੁਖੁ ਪਾਇਆ; ਏਕੋ ਮੰਨਿ ਵਸਾਵਣਿਆ ॥੧॥

ਜਦੋਂ ਰਸਾਂ ਕਸਾਂ, ਖਾਣ ਪੀਣ ਦੇ ਪਦਾਰਥਾਂ ਦੀ ਤ੍ਰਿਸ਼ਨਾ ਤਜਿ = ਛੁਟ ਗਈ ਤਾਂ ਸਹਜ ਸੁਖੁ = ਆਤਮ ਸੁੱਖ ਪਾਇਆ = ਪ੍ਰਾਪਤ ਕੀਤਾ। ਇਕ ਅਕਾਲ ਦੇ ਅਧਿਕਾਰੀ ਹੋ ਕੇ ਪਹਿਲਾਂ ਸ੍ਰਵਣ, ਮੰਨਣ ਕਰਕੇ ਫੇਰ ਮੰਨਿ = ਹਿਰਦੇ ਵਿਚ ਇਕ ਵਾਹਿਗੁਰੂ ਨੂੰ ਵਸਾਵਣਿਆ = ਵਸਾਉਣਾ ਕੀਤਾ ਹੈ ॥੧॥

## ਹਉ ਵਾਰੀ ਜੀਉ ਵਾਰੀ; ਇਕਸੁ ਸਿਉ ਚਿਤੁ ਲਾਵਣਿਆ ॥

ਹਉ = ਅਸੀਂ ਉਹਨਾਂ ਤੋਂ ਤਨ ਕਰਕੇ ਵਾਰੀ = ਬਲਿਹਾਰ ਜਾਂਦੇ ਹਾਂ, ਜੀਉ = ਮਨ ਕਰਕੇ ਵਾਰੀ = ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਇਕਸੁ = ਇਕ ਅਕਾਲ ਪੁਰਖ ਸਿਉ = ਨਾਲ ਚਿੱਤ ਦੀ ਬਿਰਤੀ ਨੂੰ ਲਾਵਣਿਆ = ਲਾਉਣਾ ਕੀਤਾ ਹੈ।

## ਗੁਰਮਤੀ ਮਨੁ ਇਕਤੁ ਘਰਿ ਆਇਆ;
## ਸਚੈ ਰੰਗਿ ਰੰਗਾਵਣਿਆ ॥੧॥ਰਹਾਉ॥

ਗੁਰਮਤੀ = ਗੁਰੂ ਦੀ ਮਤੀ = ਸਿੱਖਿਆ ਦੁਆਰਾ ਦ੍ਵੈਤ ਨੂੰ ਛੱਡ ਕੇ ਜਿਨ੍ਹਾਂ ਦਾ ਮਨ ਏਕਤਾ ਰੂਪੀ ਘਰ ਵਿਚ ਆ ਗਿਆ ਭਾਵ ਸਾਰਿਆਂ ਵਿਚ ਪਰਮੇਸ਼ਰ ਨੂੰ ਜਾਣ ਲਿਆ ਤੇ ਉਹਨਾਂ ਨੇ ਆਪਣੇ ਮਨ ਰੂਪੀ ਬਸਤ੍ਰ ਨੂੰ ਸਚੈ = ਸੱਚੇ ਪਰਮੇਸ਼ਰ ਦੇ ਨਾਮ ਰੰਗ ਵਿਚ ਰੰਗਾਵਣਿਆ = ਰੰਗਾਉਣਾ ਕੀਤਾ ਹੈ ॥੧॥ਰਹਾਉ॥

## ਇਹੁ ਜਗੁ ਭੂਲਾ; ਤੈਂ ਆਪਿ ਭੁਲਾਇਆ ॥ ਇਕੁ ਵਿਸਾਰਿ; ਦੂਜੈ ਲੋਭਾਇਆ ॥

ਹੇ ਪਰਮੇਸ਼ਰ ! ਇਹ ਜਗੁ = ਸੰਸਾਰ ਮਾਇਆ ਵਿਚ ਲੱਗ ਕੇ ਤੇਰੇ ਸਰੂਪ ਵੱਲੋਂ ਭੂਲਾ = ਭੁੱਲਿਆ ਹੋਇਆ ਹੈ, ਪਰੰਤੂ ਤੈਂ = ਤੂੰ ਆਪ ਹੀ ਜੀਵਾਂ ਨੂੰ ਕਰਮਾਂ ਅਨੁਸਾਰ ਭੁਲਾਇਆ = ਭੁਲਾਉਣਾ ਕੀਤਾ ਹੈ ਅਤੇ

ਇਹ ਸੰਸਾਰ ਇਕ ਤੈਨੂੰ ਵਿਸਾਰਿ = ਭੁਲਾ ਕੇ ਦੂਜੈ = ਦੂਸਰੇ ਪਦਾਰਥਾਂ ਵਿਚ ਲੋਭਾਇਆ = ਲੁਭਾਇਮਾਨ ਹੋ ਰਿਹਾ ਹੈ।

**ਅਥਵਾ** ਹੇ ਗ਼ਰੀਬ ਨਿਵਾਜ਼ ਸਤਿਗੁਰੂ ! ਇਹ ਜਗੁ = ਜੀਵ ਇਕ ਪਰਮੇਸ਼ਰ ਨੂੰ ਭੁਲਾ ਕੇ ਜੋ ਦ੍ਵੈਤ ਵਿਚ ਲੁਭਾਇਮਾਨ ਹੋ ਰਿਹਾ ਹੈ, ਇਹ ਆਪ ਹੀ ਭੁੱਲਿਆ ਹੋਇਆ ਹੈ ਜਾਂ ਪਰਮਾਤਮਾ ਨੇ ਭੁਲਾਇਆ ਹੈ। ਸਤਿਗੁਰੂ ਜੀ ਕਹਿੰਦੇ ਹਨ ਕਿ ਹੇ ਭਾਈ ! ਇਹ ਜੀਵ ਜੇਕਰ ਆਪ ਭੁੱਲਾ ਹੈ ਤਾਂ ਵੀ ਕਰਮਾਂ ਅਨੁਸਾਰ ਤੇ ਜੇ ਪਰਮੇਸ਼ਰ ਨੇ ਭੁਲਾਇਆ ਹੈ ਤਾਂ ਵੀ ਕਰਮਾਂ ਅਨੁਸਾਰ ਭੁਲਾਇਆ ਹੈ। ਇਕ ਪਰਮੇਸ਼ਰ ਵਾਹਿਗੁਰੂ ਨੂੰ ਵਿਸਾਰ ਕਰਕੇ ਦੂਜੈ = ਦੂਸਰੇ ਪਦਾਰਥਾਂ ਵਿਚ ਲੋਭਾਇਆ = ਲੁਭਾਇਮਾਨ ਹੋ ਰਿਹਾ ਹੈ।

## ਅਨਦਿਨੁ ਸਦਾ ਫਿਰੈ ਭ੍ਰਮਿ ਭੂਲਾ; ਬਿਨੁ ਨਾਵੈ ਦੁਖੁ ਪਾਵਣਿਆ ॥੨॥

ਹੇ ਪਰਮੇਸ਼ਰ ! ਇਹ ਸੰਸਾਰ ਅਨਦਿਨੁ = ਰਾਤ ਦਿਨ ਭਰਮ ਕਰਕੇ ਤੇਰੇ ਸਰੂਪ ਵੱਲੋਂ ਭੂਲਾ = ਭੁੱਲਿਆ ਹੋਇਆ ਸਦਾ ਹੀ ਚੌਰਾਸੀ ਲੱਖ ਜੂਨਾਂ ਵਿਚ ਭਟਕਦਾ ਫਿਰੈ = ਫਿਰਦਾ ਹੈ, ਇਸ ਲਈ ਤੇਰੇ ਨਾਮ ਤੋਂ ਬਗ਼ੈਰ ਜੰਮਣ ਮਰਣ ਦੇ ਦੁੱਖ ਨੂੰ ਪਾਵਣਿਆ = ਪਾਉਣਾ ਕਰਦਾ ਹੈ ॥੨॥

## ਜੋ ਰੰਗਿ ਰਾਤੇ; ਕਰਮ ਬਿਧਾਤੇ ॥ ਗੁਰ ਸੇਵਾ ਤੇ; ਜੁਗ ਚਾਰੇ ਜਾਤੇ ॥

ਜੋ ਕਰਮਾਂ ਅਨੁਸਾਰ ਬਿਧਾਤੇ = ਫਲ ਬਰ ਦਾਤੇ ਪਰਮੇਸ਼ਰ ਦੇ ਪ੍ਰੇਮ ਵਿਚ ਰਾਤੇ = ਰੱਤੇ, ਤਦਾਕਾਰ ਹੋਏ ਹਨ, ਉਹ ਗੁਰਾਂ ਦੀ ਸੇਵਾ = ਟਹਿਲ ਕਰਨ ਤੇ = ਤੋਂ ਚਾਰੇ = ਚਹੁਾਂ ਜੁਗਾਂ ਵਿਚ ਜਾਤੇ = ਜਾਣੇ ਗਏ ਹਨ।

***ਦੂਸਰਾ ਅਰਥ ਅੰਨਵੇਂ ਅਨੁਸਾਰ :*** ਜੋ ਪੁਰਸ਼ ਸਤਿਗੁਰੂ ਦੀ ਸੇਵਾ ਕਰਕੇ ਕਰਮਾਂ ਅਨੁਸਾਰ ਬਿਧਾਤੇ = ਫਲ

ਬਰ ਦਾਤੇ ਪਰਮੇਸ਼ਰ ਦੇ ਰੰਗ ਵਿਚ ਰੰਗੇ ਹੋਏ ਹਨ, ਉਹ ਚਾਰੇ ਜੁਗਾਂ ਵਿਚ ਜਾਣੇ ਗਏ **ਅਥਵਾ** ਜਿਹੜੇ ਚਾਰੇ ਸਾਧਨ ਸ੍ਰਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਪਦ ਦਾ ਸੰਸ਼ੋਧਨ ਕਰਨ ਵਾਲੇ ਹਨ, ਉਹ ਜੁਗ = ਦੋ ਜੀਵ ਤੇ ਈਸ ਦਾ ਭਾਵ ਮੇਟ ਕੇ ਤੁਰੀਆ ਪਦ ਨੂੰ ਪ੍ਰਾਪਤ ਕਰਨ ਵਾਲੇ ਚਾਰੇ ਜੁਗਾਂ ਵਿਚ ਜਾਤੇ = ਜਾਣੇ ਗਏ।

## ਜਿਸ ਨੋ ਆਪਿ ਦੇਇ ਵਡਿਆਈ; ਹਰਿ ਕੈ ਨਾਮਿ ਸਮਾਵਣਿਆ ॥੩॥

ਜਿਸ ਨੂੰ ਪਰਮੇਸ਼ਰ ਆਪਣੀ ਪ੍ਰਾਪਤੀ ਦੀ ਵਡਿਆਈ = ਸ਼ੋਭਾ ਦੇਇ = ਦੇਣਾ ਕਰਦਾ ਹੈ, ਉਹਦਾ ਮਨ ਹਰਿ = ਹਰੀ ਦੇ ਨਾਮ ਵਿਚ ਸਮਾਵਣਿਆ = ਸਮਾਉਣਾ ਕਰਦਾ ਹੈ, ਅਭੇਦ ਹੁੰਦਾ ਹੈ ॥੩॥

## ਮਾਇਆ ਮੋਹਿ; ਹਰਿ ਚੇਤੈ ਨਾਹੀ ॥ ਜਮ ਪੁਰਿ ਬਧਾ; ਦੁਖ ਸਹਾਹੀ ॥

ਜਿਹੜੇ ਜੀਵ ਮਾਇਆ ਦੇ ਮੋਹ ਵਿਚ ਲੱਗੇ ਹੋਏ ਹਨ, ਉਹ ਹਰੀ ਪਰਮੇਸ਼ਰ ਨੂੰ ਚੇਤੈ = ਯਾਦ ਨਹੀਂ ਕਰਦੇ ਹਨ। ਉਹ ਜਮਾਂ ਦੀ ਪੁਰੀ ਵਿਚ ਬਧਾ = ਬੰਨ੍ਹੇ ਹੋਏ ਦੁੱਖਾਂ ਨੂੰ ਸਹਾਹੀ = ਸਹਾਰਦੇ ਹਨ।

## ਅੰਨ੍ਾ ਬੋਲਾ ਕਿਛੁ ਨਦਰਿ ਨ ਆਵੈ; ਮਨਮੁਖ ਪਾਪਿ ਪਚਾਵਣਿਆ ॥੪॥

ਮਨਮੁਖ ਗਿਆਨ, ਵੈਰਾਗ ਰੂਪ ਨੇਤਰਾਂ ਤੋਂ ਬਿਨਾਂ ਹੋਣ ਕਰਕੇ ਅੰਨ੍ਹਾ ਹੈ। ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਤੋਂ ਬਿਨਾਂ ਬੋਲ਼ਾ ਹੋ ਰਿਹਾ ਹੈ, ਜਿਸ ਕਰਕੇ ਬੁਰਾ ਭਲਾ ਕਿਛੁ = ਕੁਝ ਵੀ ਉਸ ਦੀ ਨਦਰਿ = ਨਿਗਾਹ ਵਿਚ ਨਹੀਂ ਆਵੈ = ਆਉਂਦਾ। ਇਉਂ ਮਨਮੁਖ ਪੁਰਖ ਅੱਠੇ ਪਹਿਰ ਪਾਪਾਂ ਦੇ ਵਿਚ ਪਚਾਵਣਿਆ = ਨਾਸ਼ ਹੋ ਰਿਹਾ ਹੈ, ਸੜ ਰਿਹਾ ਹੈ ॥੪॥

## ਇਕਿ ਰੰਗਿ ਰਾਤੇ; ਜੋ ਤੁਧੁ ਆਪਿ ਲਿਵ ਲਾਏ ॥
## ਭਾਇ ਭਗਤਿ; ਤੇਰੈ ਮਨਿ ਭਾਏ ॥

ਹੇ ਵਾਹਿਗੁਰੂ! ਇਕ ਤੇਰੇ ਪ੍ਰੇਮ ਰੰਗ ਵਿਚ ਰੱਤੇ ਹੋਏ ਹਨ ਜੋ ਤੁਧੁ = ਤੂੰ ਆਪ ਪ੍ਰੇਰ ਕੇ ਆਪਣੀ ਲਿਵ ਵਿਚ ਲਾਏ ਹੋਏ ਹਨ। ਇਹ ਪ੍ਰੇਮਾ-ਭਗਤੀ ਕਰਨ ਵਾਲੇ ਤੇਰੇ ਮਨ ਵਿਚ ਭਾ ਗਏ ਹਨ।

## ਸਤਿਗੁਰੁ ਸੇਵਨਿ ਸਦਾ ਸੁਖਦਾਤਾ;
## ਸਭ ਇਛਾ ਆਪਿ ਪੁਜਾਵਣਿਆ ॥੫॥

ਜਿਹਨਾਂ ਨੇ ਸਦੀਵੀ ਸੁੱਖਾਂ ਦੇ ਦਾਤੇ ਸਤਿਗੁਰੂ ਦਾ ਸੇਵਨਿ = ਪੂਜਨ ਕੀਤਾ ਹੈ, ਉਹਨਾਂ ਦੀਆਂ ਸਾਰੀਆਂ ਇੱਛਾਵਾਂ ਆਪ ਸਤਿਗੁਰੂ ਸਾਹਿਬ ਪੁਜਾਵਣਿਆ = ਪੂਰੀਆਂ ਕਰਦੇ ਹਨ ॥੫॥

## ਹਰਿ ਜੀਉ; ਤੇਰੀ ਸਦਾ ਸਰਣਾਈ ॥ ਆਪੇ ਬਖਸਿਹਿ; ਦੇ ਵਡਿਆਈ ॥

ਹੇ ਹਰਿ = ਵਾਹਿਗੁਰੂ ਜੀ! ਜੋ ਸਦਾ = ਹਮੇਸ਼ਾ ਹੀ ਤੇਰੀ = ਤੁਹਾਡੀ ਸਰਣਾਈ = ਸ਼ਰਨ ਵਿਚ ਪਿਆ ਰਹਿੰਦਾ ਹੈ, ਉਸ ਦੇ ਔਗੁਣ ਬਖ਼ਸ਼ ਕੇ ਤੂੰ ਆਪ ਹੀ ਅੰਮ੍ਰਿਤ ਨਾਮ ਦੀ, ਬ੍ਰਹਮ ਵਿੱਦਿਆ ਦੀ ਵਡਿਆਈ ਬਖਸਿਹਿ = ਬਖ਼ਸ਼ ਦੇ = ਦਿੰਦਾ ਹੈ।

## ਜਮਕਾਲੁ ਤਿਸੁ ਨੇੜਿ ਨ ਆਵੈ;
## ਜੋ ਹਰਿ ਹਰਿ ਨਾਮੁ ਧਿਆਵਣਿਆ ॥੬॥

ਹੇ ਵਾਹਿਗੁਰੂ! ਜੋ ਤੇਰੇ ਹਰਿ ਹਰਿ ਨਾਮ ਨੂੰ ਧਿਆਵਣਿਆ = ਧਿਆਉਂਦਾ ਹੈ, ਤਿਸੁ = ਉਸ ਦੇ

ਜਮਕਾਲੁ = ਕਾਲ ਕਰਨ ਵਾਲਾ ਜਮ ਨੇੜੇ = ਨਜ਼ਦੀਕ ਨ = ਨਹੀਂ ਆਵੈ = ਆਉਂਦਾ **ਵਾ:** ਜੰਮਣ ਮਰਣ ਦਾ ਸਮਾਂ ਨੇੜੇ ਨਹੀਂ ਆਉਂਦਾ ॥੬॥

## ਅਨਦਿਨੁ ਰਾਤੇ; ਜੋ ਹਰਿ ਭਾਏ ॥ ਮੇਰੈ ਪ੍ਰਭਿ ਮੇਲੇ; ਮੇਲਿ ਮਿਲਾਏ ॥

ਜੋ ਹਰਿ = ਪ੍ਰਭੂ ਨੂੰ ਭਾਏ = ਭਾ ਗਏ ਹਨ, ਉਹ ਦਿਨ ਰਾਤ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੱਤੇ ਰਹਿੰਦੇ ਹਨ। ਮੇਰੇ ਪ੍ਰਭਿ = ਪਰਮੇਸ਼ਰ ਨੇ ਉਹ ਪੂਰੇ ਗੁਰਾਂ ਨਾਲ ਮੇਲ ਦਿੱਤੇ ਹਨ ਅਤੇ ਫੇਰ ਆਪਣੇ ਸਰੂਪ ਦੇ ਮੇਲ ਵਿਚ ਮਿਲਾਏ = ਮਿਲਾ ਲਏ ਹਨ, ਭਾਵ ਅਭੇਦ ਕਰ ਲਏ ਹਨ।

## ਸਦਾ ਸਦਾ ਸਚੇ, ਤੇਰੀ ਸਰਣਾਈ; ਤੂੰ ਆਪੇ ਸਚੁ ਬੁਝਾਵਣਿਆ ॥੭॥

ਹੇ ਸੱਚੇ ਪਰਮੇਸ਼ਰ ! ਉਹ ਸਦਾ ਸਦਾ ਤੇਰੀ = ਤੁਹਾਡੀ ਸਰਣਾਈ = ਸ਼ਰਨ ਵਿਚ ਪਏ ਰਹਿੰਦੇ ਹਨ, ਪਰੰਤੂ ਤੂੰ ਆਪੇ = ਆਪ ਹੀ ਉਨ੍ਹਾਂ ਤਾਈਂ ਆਪਣੇ ਸੱਚ ਸਰੂਪ ਨੂੰ ਬੁਝਾਵਣਿਆ = ਬੁਝਾਉਣ ਵਾਲਾ ਹੈਂ ॥੭॥

## ਜਿਨ ਸਚੁ ਜਾਤਾ; ਸੇ ਸਚਿ ਸਮਾਣੇ ॥ ਹਰਿ ਗੁਣ ਗਾਵਹਿ; ਸਚੁ ਵਖਾਣੇ ॥

ਜਿਨ੍ਹਾਂ ਨੇ ਸੱਚੇ ਨਾਮ ਨੂੰ ਗੁਰਾਂ ਦੁਆਰਾ ਜਾਤਾ = ਜਾਣਿਆ ਹੈ, ਸੇ = ਉਹ ਤੇਰੇ ਸੱਚੇ ਸਰੂਪ ਵਿਚ ਸਮਾਣੇ = ਸਮਾਏ ਰਹਿੰਦੇ ਹਨ। ਉਹ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਗਾਵਹਿ = ਗਾਉਂਦੇ ਹਨ ਅਤੇ ਸੁਭਾਵਿਕ ਵੀ ਸਚੁ = ਸੱਚੇ ਨਾਮ ਨੂੰ ਹੀ ਵਖਾਣੇ = ਕਥਨ ਕਰਦੇ ਰਹਿੰਦੇ ਹਨ।

## ਨਾਨਕ ਨਾਮਿ ਰਤੇ ਬੈਰਾਗੀ; ਨਿਜ ਘਰਿ ਤਾੜੀ ਲਾਵਣਿਆ ॥੮॥੩॥੪॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਅੰਮ੍ਰਿਤ ਨਾਮ ਵਿਚ ਰਤੇ = ਰੰਗੇ ਹੋਏ ਹਨ, ਉਹ ਪੂਰਨ ਵੈਰਾਗ ਵਾਲੇ ਹੋਏ ਹਨ। ਉਹਨਾਂ ਨੂੰ ਤਰ ਤੀਬਰ, ਤਰ-ਤਮ ਵੈਰਾਗ ਪ੍ਰਾਪਤ ਹੋਇਆ ਹੈ ਤੇ ਉਹਨਾਂ ਨੇ ਆਪਣੇ ਨਿਜ ਸਰੂਪ ਰੂਪੀ ਘਰ ਵਿਚ ਤਾੜੀ = ਸਮਾਧੀ **ਵਾ:** ਬਿਰਤੀ ਨੂੰ ਲਾਉਣਾ ਕੀਤਾ ਹੈ ॥੮॥੩॥੪॥

## ਮਾਝ ਮਹਲਾ ੩ ॥

## ਸਬਦਿ ਮਰੈ; ਸੁ ਮੁਆ ਜਾਪੈ ॥ ਕਾਲੁ ਨ ਚਾਪੈ; ਦੁਖੁ ਨ ਸੰਤਾਪੈ ॥

ਜਿਹੜਾ ਪੁਰਖ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਜੀਵਤ ਭਾਵ ਵੱਲੋਂ ਮਰੈ = ਮਰ ਗਿਆ ਹੈ, ਸੁ = ਉਹ ਮੁਆ = ਮਰਿਆ ਹੋਇਆ ਸ੍ਰੇਸ਼ਟ ਜਾਪੈ = ਜਾਣੀਦਾ ਹੈ **ਵਾ:** ਉਹ ਮਰਿਆ ਹੋਇਆ ਬਿਦੇਹ ਮੁਕਤ ਜਾਪੈ = ਜਾਣੀਦਾ ਹੈ।

ਉਸਨੂੰ ਕਾਲ ਚਾਪੈ = ਦਬਾ ਨ = ਨਹੀਂ ਸਕਦਾ ਤੇ ਜੰਮਣ ਮਰਣ ਦਾ ਦੁੱਖ ਵੀ ਨਹੀਂ ਸੰਤਾਪੈ = ਤਪਾਉਂਦਾ **ਵਾ:** ਅਗਿਆਨ ਦਾ ਦੁੱਖ ਤੇ ਆਧੀ, ਬਿਆਧੀ ਆਦਿਕ ਤਾਪ ਵੀ ਨਹੀਂ ਲੱਗਦੇ।

## ਜੋਤੀ ਵਿਚਿ ਮਿਲਿ ਜੋਤਿ ਸਮਾਣੀ; ਸੁਣਿ ਮਨ ਸਚਿ ਸਮਾਵਣਿਆ ॥੧॥

ਜੋਤੀ = ਪ੍ਰਕਾਸ਼ ਸਰੂਪ ਪਰਮੇਸ਼ਰ ਵਿਚ ਮਿਲ ਕੇ ਉਸ ਦੀ ਪ੍ਰਤਕ ਜੋਤ ਉਸ ਵਿਚ ਹੀ ਸਮਾਣੀ = ਸਮਾ ਗਈ ਹੈ, ਕਿਉਂਕਿ ਉਹ ਗੁਰਾਂ ਦੇ ਬਚਨਾਂ ਨੂੰ ਸ੍ਰਵਣ, ਮੰਨਣ, ਨਿਧਿਆਸਣ ਕਰਕੇ ਸੱਚ ਸਰੂਪ ਵਿਚ ਸਮਾਵਣਿਆ = ਸਮਾ ਗਿਆ ਹੈ ॥੧॥

## ਹਉ ਵਾਰੀ, ਜੀਉ ਵਾਰੀ; ਹਰਿ ਕੈ ਨਾਇ ਸੋਭਾ ਪਾਵਣਿਆ ॥

ਹਉ = ਮੈਂ ਉਸ ਤੋਂ ਬਾਣੀ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ, ਮਨ, ਸਰੀਰ, ਕਰਕੇ ਵੀ ਵਾਰੀ =

ਕੁਰਬਾਨ ਜਾਂਦਾ ਹਾਂ, ਜੋ ਹਰਿ = ਪਰਮੇਸ਼ਰ ਕੈ = ਦੇ ਨਾਇ = ਨਾਮ ਨੂੰ ਜਪ ਕੇ ਲੋਕ ਪ੍ਰਲੋਕ ਵਿਚ ਸੋਭਾ = ਵਡਿਆਈ ਨੂੰ ਪਾਵਣਿਆ = ਪਾਉਣ ਵਾਲਾ ਹੈ।

## ਸਤਿਗੁਰੁ ਸੇਵਿ, ਸਚਿ ਚਿਤੁ ਲਾਇਆ; ਗੁਰਮਤੀ ਸਹਜਿ ਸਮਾਵਣਿਆ ॥੧॥ਰਹਾਉ॥

ਜਿਸ ਨੇ ਸਤਿਗੁਰੂ ਦੀ ਸੇਵਿ = ਟਹਿਲ ਕਰਕੇ ਸੱਚੇ ਨਾਮ ਵਿਚ ਚਿਤ ਨੂੰ ਲਾਉਣਾ ਕੀਤਾ ਹੈ। ਉਹ ਗੁਰਮਤੀ = ਗੁਰੂ ਦੀ ਸਿੱਖਿਆ ਦੁਆਰਾ ਸਹਜਿ ਸਰੂਪ ਵਿਚ ਸਮਾਵਣਿਆ = ਸਮਾ, ਅਭੇਦ ਹੋ ਗਿਆ ਹੈ ॥੧॥ਰਹਾਉ॥

## ਕਾਇਆ ਕਚੀ; ਕਚਾ ਚੀਰੁ ਹੰਢਾਏ ॥ ਦੂਜੈ ਲਾਗੀ; ਮਹਲੁ ਨ ਪਾਏ ॥

ਪ੍ਰਤੱਖ ਅਸਥੂਲ ਦੇਹ ਕੱਚੀ ਹੈ ਤੇ ਕੱਚੇ ਹੀ ਚੀਰੁ = ਬਸਤਰ ਰੇਸ਼ਮ, ਮਲਮਲ ਆਦਿ ਹੰਢਾਏ = ਹੰਢਾਉਂਦੀ ਹੈ **ਅਥਵਾ** ਸੂਖਮ ਦੇਹ ਵੀ ਕੱਚੀ ਹੈ ਜੋ ਅਸਥੂਲ ਦੇਹ ਰੂਪੀ ਕੱਚੇ ਵਸਤਰ ਹੰਢਾਉਂਦੀ ਹੈ **ਅਥਵਾ** ਬੁੱਧੀ ਰੂਪੀ ਕਾਇਆ = ਦੇਹੀ ਕੱਚੀ ਹੈ ਜੋ ਪਦਾਰਥਾਂ ਰੂਪੀ ਕੱਚੇ ਵਸਤਰ ਹੰਢਾਉਂਦੀ ਹੈ।

ਇਹ ਦੂਜੈ = ਦ੍ਵੈਤ ਵਿਚ ਲੱਗਣ ਕਰਕੇ ਮਹਲੁ = ਸਰੂਪ ਨੂੰ ਪ੍ਰਾਪਤ ਨਹੀਂ ਕਰ ਸਕਦੀ **ਵਾ** = ਤੁਰੀਆ ਪਦ ਰੂਪੀ ਮਹਲ ਦੀ ਪਾਏ = ਪ੍ਰਾਪਤੀ ਤੋਂ ਖ਼ਾਲੀ ਰਹਿ ਜਾਂਦੀ ਹੈ।

[ਅੰਗ ੧੧੨]

## ਅਨਦਿਨੁ ਜਲਦੀ ਫਿਰੈ ਦਿਨੁ ਰਾਤੀ; ਬਿਨੁ ਪਿਰ ਬਹੁ ਦੁਖੁ ਪਾਵਣਿਆ ॥੨॥

ਅਨਦਿਨੁ = ਇਕ-ਰਸ ਦਿਨ ਰਾਤ ਤ੍ਰਿਸ਼ਨਾ ਦੀ ਅੱਗ ਵਿਚ ਜਲਦੀ = ਸੜਦੀ ਫਿਰੈ = ਫਿਰਦੀ ਰਹਿੰਦੀ ਹੈ। ਇਕ ਅਕਾਲ ਪੁਰਖ ਪਿਰ = ਪਤੀ ਦੀ ਪ੍ਰਾਪਤੀ ਤੋਂ ਬਿਨਾਂ ਜਨਮ ਮਰਣ ਰੂਪੀ ਬਹੁਤ ਦੁੱਖ ਪਾਵਣਿਆ = ਪਾਉਂਦੀ ਹੈ ॥੨॥

## ਦੇਹੀ ਜਾਤਿ; ਨ ਆਗੈ ਜਾਏ ॥ ਜਿਥੈ ਲੇਖਾ ਮੰਗੀਐ; ਤਿਥੈ ਛੁਟੈ ਸਚੁ ਕਮਾਏ ॥

ਇਸ ਅਸਥੂਲ ਦੇਹੀ ਤੇ ਬ੍ਰਾਹਮਣ ਖੱਤਰੀ ਆਦਿ ਜਾਤਿ = ਜਾਤੀ ਨੇ ਆਗੈ = ਅੱਗੇ ਪ੍ਰਲੋਕ ਵਿਚ ਨਾਲ ਨ = ਨਹੀਂ ਜਾਏ = ਜਾਣਾ। ਜੈਸਾ ਕਿ :

**ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥** *(ਅੰਗ ੪੬੯)*

ਜਿਥੇ ਕਰਮਾਂ ਦਾ ਲੇਖਾ = ਹਿਸਾਬ ਕਿਤਾਬ ਮੰਗੀਐ = ਮੰਗਿਆ ਜਾਣਾ ਹੈ, ਤਿਥੈ = ਉਥੇ ਸੱਚੇ ਨਾਮ ਦੀ ਕਮਾਈ ਕਰਕੇ ਹੀ ਛੁਟਕਾਰਾ ਹੋਣਾ ਹੈ।

## ਸਤਿਗੁਰੁ ਸੇਵਨਿ ਸੇ ਧਨਵੰਤੇ; ਐਥੈ ਓਥੈ ਨਾਮਿ ਸਮਾਵਣਿਆ ॥੩॥

ਜਿਹੜੇ ਸਤਿਗੁਰੂ ਨੂੰ ਸੇਵਨਿ = ਸੇਵਦੇ ਹਨ ਸੇ = ਉਹ ਲੋਕ ਪਰਲੋਕ ਵਿਚ ਧਨਵੰਤੇ = ਧਨਾਢ ਹਨ, ਉਹ ਐਥੈ = ਇਥੇ ਵੀ ਨਾਮ ਵਿਚ ਮਿਲੇ ਹੋਏ ਹਨ ਤੇ ਓਥੈ = ਉਥੇ ਪਰਲੋਕ ਵਿਚ ਵੀ ਨਾਮਿ = ਨਾਮੀ ਪਰਮਾਤਮਾ ਵਿਚ ਸਮਾਵਣਿਆ = ਅਭੇਦ ਹੁੰਦੇ ਹਨ ॥੩॥

## ਭੈ ਭਾਇ; ਸੀਗਾਰੁ ਬਣਾਏ ॥ ਗੁਰ ਪਰਸਾਦੀ; ਮਹਲੁ ਘਰੁ ਪਾਏ ॥

ਜਿਸ ਨੇ ਪ੍ਰਭੂ ਦੇ ਭੈ = ਡਰ ਤੇ ਭਾਇ = ਪ੍ਰੇਮ ਦਾ ਸ਼ਿੰਗਾਰ ਬਣਾਏ = ਬਣਾਉਣਾ ਕੀਤਾ ਹੈ, ਉਸ ਨੇ

ਗੁਰੂ ਦੀ ਕਿਰਪਾ ਦੁਆਰਾ ਘਰੁ = ਹਿਰਦੇ ਵਿਚ ਮਹਲੁ = ਨਿਜ ਸਰੂਪ ਨੂੰ ਪਾਇਆ ਹੈ **ਵਾ:** ਸਾਧ ਸੰਗਤ ਰੂਪੀ ਘਰ ਵਿੱਚੋਂ ਆਪਣੇ ਨਿਜ ਸਰੂਪ ਨੂੰ ਪਾ ਲਿਆ ਹੈ।

## ਅਨਦਿਨੁ ਸਦਾ ਰਵੈ ਦਿਨੁ ਰਾਤੀ; ਮਜੀਠੈ ਰੰਗੁ ਬਣਾਵਣਿਆ ॥੪॥

ਜੋ ਅਨਦਿਨੁ = ਇਕ-ਰਸ ਦਿਨ ਰਾਤ ਸਦਾ ਹੀ ਪਰਮੇਸ਼ਰ ਦੇ ਨਾਮ ਨੂੰ ਰਵੈ = ਉਚਾਰਦਾ ਹੈ, ਉਸ ਨੂੰ ਮਜੀਠ ਰੰਗ ਦੀ ਨਿਆਈਂ ਭਗਤੀ ਦਾ ਪੱਕਾ ਰੰਗ ਚੜ੍ਹ ਕੇ ਵਾਹਿਗੁਰੂ ਦੀ ਪ੍ਰਾਪਤੀ ਦਾ ਆਨੰਦ ਬਣਾਵਣਿਆ = ਬਣ ਆਉਂਦਾ ਹੈ ॥੪॥

## ਸਭਨਾ ਪਿਰੁ ਵਸੈ; ਸਦਾ ਨਾਲੇ ॥ ਗੁਰ ਪਰਸਾਦੀ; ਕੋ ਨਦਰਿ ਨਿਹਾਲੇ ॥

ਪਿਰੁ = ਪਤੀ ਪਰਮੇਸ਼ਰ ਸਦਾ = ਹਮੇਸ਼ਾ ਹੀ ਸਭਨਾ = ਸਾਰਿਆਂ ਜੀਵਾਂ ਦੇ ਨਾਲੇ = ਸਾਥ ਹੀ ਵਸੈ = ਵੱਸਦਾ ਹੈ। ਪਰ ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਕੋ = ਕੋਈ ਹੀ ਉਸਨੂੰ ਗਿਆਨ ਨਦਰਿ = ਦ੍ਰਿਸ਼ਟੀ ਦੁਆਰਾ ਨਿਹਾਲੇ = ਵੇਖਦਾ ਹੈ **ਵਾ:** ਗੁਰਮੁਖਾਂ ਦੀ ਸੰਗਤ ਕਰਕੇ ਕੋਈ ਵਿਰਲਾ ਹੀ ਗਿਆਨ ਦ੍ਰਿਸ਼ਟੀ ਨਾਲ ਵੇਖ ਕੇ ਨਿਹਾਲ ਹੁੰਦਾ ਹੈ।

## ਮੇਰਾ ਪ੍ਰਭੁ, ਅਤਿ ਊਚੋ ਊਚਾ; ਕਰਿ ਕਿਰਪਾ ਆਪਿ ਮਿਲਾਵਣਿਆ ॥੫॥

ਮੇਰਾ ਪ੍ਰਭੁ = ਪਰਮਾਤਮਾ ਅਤਿ = ਬਹੁਤ ਹੀ ਉੱਚਿਆਂ ਤੋਂ ਉੱਚਾ ਹੈ ਤੇ ਆਪ ਹੀ ਕਿਰਪਾ ਕਰ ਕੇ ਸੇਵਕਾਂ ਨੂੰ ਆਪਣੇ ਨਾਲ ਮਿਲਾਵਣਿਆ = ਮਿਲਾ ਲੈਂਦਾ ਹੈ **ਵਾ:** ਊਚੋ = ਸ੍ਰੇਸ਼ਟ ਪ੍ਰਭੂ ਊਚਾ = ਉੱਚੇ ਸ਼ੁਭ ਗੁਣਾਂ ਦੀ ਬਖ਼ਸ਼ਿਸ਼ ਕਰ ਕੇ ਅਧਿਕਾਰੀਆਂ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ ॥੫॥

## ਮਾਇਆ ਮੋਹਿ; ਇਹੁ ਜਗੁ ਸੁਤਾ ॥ ਨਾਮੁ ਵਿਸਾਰਿ; ਅੰਤਿ ਵਿਗੁਤਾ ॥

(**ਸੁੱਤਾ**, **ਵਿਗੁੱਤਾ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਇਹ ਸੰਸਾਰ ਮਾਇਆ ਦੇ ਮੋਹ ਵਿਚ ਪੈ ਕੇ ਅਵਿੱਦਿਆ ਦੀ ਨੀਂਦ ਵਿਚ ਸੁੱਤਾ ਪਿਆ ਹੈ। ਪਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਭੁੱਲ ਕੇ ਅੰਤਿ ਨੂੰ ਵਿਗੁਤਾ = ਖ਼ਰਾਬ ਹੁੰਦਾ ਹੈ।

## ਜਿਸ ਤੇ ਸੁਤਾ, ਸੋ ਜਾਗਾਏ; ਗੁਰਮਤਿ ਸੋਝੀ ਪਾਵਣਿਆ ॥੬॥

ਜਿਸ ਪ੍ਰਭੂ ਦੇ ਸੰਕਲਪ ਨਾਲ ਇਹ ਜੀਵ ਮੋਹ **ਵਾ:** ਅਵਿੱਦਿਆ ਦੀ ਨੀਂਦ ਵਿਚ ਸੁੱਤਾ ਪਿਆ ਹੈ, ਸੋ = ਉਹ ਪ੍ਰਭੂ ਆਪ ਹੀ ਗੁਰੂ ਨਾਲ ਮੇਲ ਕਰ ਕੇ ਗਿਆਨ ਅਵਸਥਾ ਵਿਚ ਜਾਗਾਏ = ਜਗਾ ਦੇਵੇ ਤਾਂ ਹੀ ਸੰਸਾਰ ਗੁਰਮਤਿ = ਗੁਰੂ ਦੀ ਸਿੱਖਿਆ ਲੈ ਕੇ ਸੋਝੀ = ਗਿਆਤ ਪਾਵਣਿਆ = ਪਾਉਂਦਾ ਹੈ ॥੬॥

## ਅਪਿਉ ਪੀਐ; ਸੋ ਭਰਮੁ ਗਵਾਏ ॥ ਗੁਰ ਪਰਸਾਦਿ; ਮੁਕਤਿ ਗਤਿ ਪਾਏ ॥

ਜੋ ਪਰਮੇਸ਼ਰ ਦੇ ਅਪਿਉ = ਅੰਮ੍ਰਿਤ ਨਾਮ ਨੂੰ ਪੀਐ = ਪੀਂਦਾ ਹੈ, ਉਹ ਆਪਣੇ ਚਿੱਤ ਵਿੱਚੋਂ ਭਰਮ ਨੂੰ ਗਵਾਏ = ਗਵਾ ਦਿੰਦਾ ਹੈ। ਗੁਰੂ ਦੀ ਕਿਰਪਾ ਦੁਆਰਾ ਸਲੋਕ, ਸਮੀਪ, ਸਰੂਪ, ਸਯੁਜ ਤੇ ਕੈਵਲ ਮੋਖਸ਼ ਦੀ ਗਤਿ = ਪ੍ਰਾਪਤੀ ਪਾਏ = ਪਾ ਲੈਂਦਾ ਹੈ।

## ਭਗਤੀ ਰਤਾ ਸਦਾ ਬੈਰਾਗੀ; ਆਪੁ ਮਾਰਿ ਮਿਲਾਵਣਿਆ ॥੭॥

ਉਹ ਪ੍ਰੇਮਾ-ਭਗਤੀ ਕਰਕੇ ਸਦਾ ਹੀ ਵੈਰਾਗਮਾਨ ਹੋ ਕੇ ਨਾਮ ਰੰਗ ਵਿਚ ਰਤਾ = ਰੱਤਿਆ ਗਿਆ ਹੈ ਉਸ ਨੇ ਆਪੁ = ਹਉਮੈ ਨੂੰ ਮਾਰ ਕੇ ਆਪਣਾ ਨਿਜ ਸਰੂਪ ਪਰਮਾਤਮਾ ਨਾਲ ਮਿਲਾ ਲਿਆ ਹੈ ਤੇ ਹੋਰਨਾਂ ਨੂੰ ਵੀ ਅਧਿਕਾਰੀ ਬਣਾ ਕੇ ਮਿਲਾਵਣਿਆ = ਮਿਲਾਉਣਾ ਕੀਤਾ ਹੈ ॥੭॥

## ਆਪਿ ਉਪਾਏ; ਧੰਧੈ ਲਾਏ ॥ ਲਖ ਚਉਰਾਸੀ; ਰਿਜਕੁ ਆਪਿ ਅਪੜਾਏ ॥

ਪਰਮੇਸ਼ਰ ਨੇ ਆਪ ਹੀ ਜੀਵ ਜੰਤ ਉਪਾਏ = ਪੈਦਾ ਕੀਤੇ ਹਨ ਤੇ ਉਨ੍ਹਾਂ ਦੀ ਵਾਸ਼ਨਾ ਅਨੁਸਾਰ ਵੱਖਰੇ ਵੱਖਰੇ ਧੰਧੈ = ਧੰਦਿਆਂ ਵਿਚ ਲਾਏ = ਲਾ ਦਿੱਤਾ ਹੈ। ਚੌਰਾਸੀ ਲੱਖ ਜੂਨਾਂ ਵਿਚ ਉਹ ਆਪ ਹੀ ਰਿਜਕੁ = ਰੋਜ਼ੀ ਅਪੜਾਏ = ਪਹੁੰਚਾਉਣ ਵਾਲਾ ਹੈ। ਸੰਸਾਰੀ ਜੀਵ ਪ੍ਰਭੂ ਦੇ ਨਾਮ ਨੂੰ ਭੁੱਲ ਕੇ ਰੋਜ਼ੀ ਦੀ ਚਿੰਤਾ ਕਰਦੇ ਹਨ, ਪਰ ਸਤਿਗੁਰੂ ਜੀ ਕਹਿੰਦੇ ਹਨ ਕਿ ਤੂੰ ਉਸ ਪਰਮੇਸ਼ਰ ਨੂੰ ਯਾਦ ਕਰ, ਜੋ ਸਭ ਨੂੰ ਰਿਜ਼ਕ ਦੇਣ ਵਾਲਾ ਹੈ। ਜੈਸਾ ਕਿ :

**ਜਾਨ ਕੋ ਦੇਤ ਅਜਾਨ ਕੋ ਦੇਤ ਜ਼ਮੀਨ ਕੋ ਦੇਤ ਜ਼ਮਾਨ ਕੋ ਦੈ ਹੈ ॥**
**ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥** *(ਸ੍ਰੀ ਦਸਮ ਗ੍ਰੰਥ, ਪੰਨਾ ੩੫)*

## ਨਾਨਕ ਨਾਮੁ ਧਿਆਇ ਸਚਿ ਰਾਤੇ;
## ਜੋ ਤਿਸੁ ਭਾਵੈ ਸੁ ਕਾਰ ਕਰਾਵਣਿਆ ॥੮॥੪॥੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਪਰਮੇਸ਼ਰ ਦੇ ਨਾਮ ਨੂੰ ਧਿਆਉਂਦੇ ਹਨ, ਉਹ ਸੱਚ ਸਰੂਪ ਵਿਚ ਰੰਗੇ ਹੋਏ ਹਨ ਤੇ ਜੋ ਤਿਸੁ = ਉਸ ਪਰਮੇਸ਼ਰ ਨੂੰ ਭਾਉਂਦਾ ਹੈ, ਸੁ = ਉਹੋ ਹੀ ਆਪਣੇ ਪਿਆਰਿਆਂ ਪਾਸੋਂ ਭਾਉ ਭਗਤੀ ਦੀ ਕਾਰ ਕਰਾਵਣਿਆ = ਕਰਵਾਉਂਦਾ ਹੈ **ਵਾ:** ਮਨਮੁਖਾਂ ਪਾਸੋਂ ਕਾਮ, ਕ੍ਰੋਧ ਆਦਿ ਕਾਰ ਨੂੰ ਆਪ ਹੀ ਕਰਾਵਣਿਆ = ਕਰਵਾਉਂਦਾ ਹੈ ॥੮॥੪॥੫॥

## ਮਾਝ ਮਹਲਾ ੩ ॥ ਅੰਦਰਿ; ਹੀਰਾ ਲਾਲੁ ਬਣਾਇਆ ॥
## ਗੁਰ ਕੈ ਸਬਦਿ; ਪਰਖਿ ਪਰਖਾਇਆ ॥

ਹੀਰਾ = ਹੀਰੇ ਵਾਂਗ ਸ਼ੁੱਧ ਲਾਲੁ = ਪਿਆਰੇ ਪਰਮੇਸ਼ਰ ਨੇ ਹਿਰਦੇ ਦੇ ਅੰਦਰਿ = ਵਿਚ ਹੀ ਅਪਣਾ ਟਿਕਾਣਾ ਬਣਾਇਆ ਹੋਇਆ ਹੈ। ਜਿਵੇਂ ਹੀਰੇ ਅਤੇ ਲਾਲ ਦੀ ਆਭਾ (ਚਮਕ) ਉਸ ਤੋਂ ਵੱਖਰੀ ਨਹੀਂ ਹੁੰਦੀ, ਇਸ ਤਰ੍ਹਾਂ ਹੀ ਸਾਰੇ ਸੰਸਾਰ ਜੜ੍ਹ ਚੇਤਨ ਵਿਚ ਪਰਮਾਤਮਾ ਦੀ ਸੱਤਾ ਸਮਾ ਰਹੀ ਹੈ **ਅਥਵਾ** ਹੀਰੇ ਤੇ ਲਾਲਾਂ ਦੀ ਨਿਆਈਂ ਅਮੋਲਕ ਪ੍ਰਭੂ ਨੇ ਅੰਤਹਕਰਣ ਦੇ ਅੰਦਰ ਹੀ ਟਿਕਾਣਾ ਬਣਾਇਆ ਹੋਇਆ ਹੈ।

ਜਿਨ੍ਹਾਂ ਨੇ ਸਤਿਗੁਰੂ ਦੀ ਸ਼ਰਣ ਪੈ ਕੇ ਆਪਣੇ ਆਪ ਨੂੰ ਪਰਖਾਇਆ ਹੈ, ਸਤਿਗੁਰੂ ਜੀ ਉਹਨਾਂ ਦੇ ਨਿਜ ਸਰੂਪ ਨੂੰ ਪਰਖ ਦਿੰਦਾ ਹੈ **ਵਾ:** ਮਹਾਤਮਾ ਜਨਾਂ ਨੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਹੀਰੇ ਲਾਲ ਦੀ ਨਿਆਈਂ ਅਮੋਲਕ ਪਰਮੇਸ਼ਰ ਦੇ ਸਰੂਪ ਨੂੰ ਆਪ ਪਰਖਿਆ ਹੈ ਤੇ ਜਗਿਆਸੂਆਂ ਨੇ ਪਰਖਾ ਦਿੱਤਾ ਹੈ।

## ਜਿਨ ਸਚੁ ਪਲੈ, ਸਚੁ ਵਖਾਣਹਿ; ਸਚੁ ਕਸਵਟੀ ਲਾਵਣਿਆ ॥੧॥

(**ਪੱਲੈ**, **ਕਸਵੱਟੀ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਜਿਨ੍ਹਾਂ ਦੇ ਬੁੱਧੀ ਰੂਪੀ ਪੱਲੇ ਵਿਚ ਸੱਚਾ ਨਾਮ ਹੈ, ਉਹ ਹਮੇਸ਼ਾ ਸੱਚੇ ਨਾਮ ਨੂੰ ਹੀ ਵਖਾਣਹਿ = ਕਥਨ ਕਰਦੇ ਹਨ ਤੇ ਉਨ੍ਹਾਂ ਨੂੰ ਗੁਰੂ ਜੀ ਭਗਤੀ, ਭਾਣਾ ਮੰਨਣ ਰੂਪ ਸੱਚੀ ਕਸਵਟੀ 'ਤੇ ਲਾਉਣਾ ਕਰਦੇ ਹਨ ॥੧॥

## ਹਉ ਵਾਰੀ, ਜੀਉ ਵਾਰੀ; ਗੁਰ ਕੀ ਬਾਣੀ ਮੰਨਿ ਵਸਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਤੇ ਮਨ ਕਰਕੇ ਬਲਿਹਾਰ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਗੁਰੂ ਦੀ ਬਾਣੀ ਨੂੰ ਮਨ ਵਿਚ ਵਸਾਉਣਾ ਕੀਤਾ ਹੈ।

## ਅੰਜਨ ਮਾਹਿ ਨਿਰੰਜਨੁ ਪਾਇਆ; ਜੋਤੀ ਜੋਤਿ ਮਿਲਾਵਣਿਆ ॥੧॥ਰਹਾਉ॥

ਉਨ੍ਹਾਂ ਨੇ ਅੰਜਨ = ਮਾਇਆ ਮਾਹਿ = ਵਿਚ ਰਹਿੰਦਿਆਂ ਹੀ ਨਿਰੰਜਨੁ = ਸ਼ੁੱਧ ਸਰੂਪ ਪ੍ਰਭੂ ਨੂੰ ਪਾਇਆ ਹੈ ਤੇ ਉਹਨਾਂ ਦੀ ਜੋਤ ਨੂੰ ਜੋਤੀ = ਪ੍ਰਭੂ ਨੇ ਆਪਣੇ ਨਾਲ ਮਿਲਾਵਣਿਆ = ਮਿਲਾ ਲਿਆ ਹੈ ॥੧॥ਰਹਾਉ॥

## ਇਸੁ ਕਾਇਆ ਅੰਦਰਿ; ਬਹੁਤੁ ਪਸਾਰਾ ॥
## ਨਾਮੁ ਨਿਰੰਜਨੁ; ਅਤਿ ਅਗਮ ਅਪਾਰਾ ॥

ਇਸ ਦੇਹ ਦੇ ਵਿਚ ਬਹੁਤ = ਬੇਅੰਤ ਪਸਾਰਾ ਹੈ **ਵਾ:** ਸ਼ੁਭ ਗੁਣਾਂ ਦਾ ਬਹੁਤ ਪਸਾਰਾ ਹੈ **ਵਾ:** ਈਸ਼ਵਰ ਦੀ ਵਿਰਾਟ ਰੂਪੀ ਦੇਹ ਵਿਚ ਬੇਅੰਤ ਪਸਾਰਾ ਹੈ **ਵਾ:** ਬੁੱਧੀ ਰੂਪੀ ਕਾਇਆ ਵਿਚ ਮਿਥਿਆ ਪਦਾਰਥਾਂ ਨੂੰ ਨਿਸਚੇ ਕਰਨ ਰੂਪ ਬਹੁਤ ਪਸਾਰਾ ਹੈ। ਇਸ ਦੇਹ ਅੰਦਰ ਹੀ ਨਿਰੰਜਨੁ = ਸ਼ੁੱਧ ਸਰੂਪ ਪ੍ਰਭੂ ਦਾ ਨਾਮ ਹੈ, ਜੋ ਅਤਿ = ਅਤਿਅੰਤ ਹੀ ਅਗਮ = ਮਨ ਬੁੱਧੀ ਤੋਂ ਅਪਹੁੰਚ ਤੇ ਅਪਾਰਾ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ।

## ਗੁਰਮੁਖਿ ਹੋਵੈ ਸੋਈ ਪਾਏ; ਆਪੇ ਬਖਸਿ ਮਿਲਾਵਣਿਆ ॥੨॥

ਜੋ ਗੁਰਮੁਖਿ ਅਧਿਕਾਰੀ ਹੁੰਦਾ ਹੈ, ਸੋਈ = ਉਹ ਹੀ ਅੰਮ੍ਰਿਤ ਨਾਮ ਨੂੰ ਪ੍ਰਾਪਤ ਕਰਦਾ ਹੈ। ਜਿਨ੍ਹਾਂ ਦੇ ਔਗੁਣ ਆਪ ਗੁਰੂ ਜੀ ਬਖ਼ਸ਼ ਦਿੰਦੇ ਹਨ, ਉਹਨਾਂ ਨੂੰ ਪਰਮੇਸ਼ਰ ਨਾਲ ਮਿਲਾਵਣਿਆ = ਮਿਲਾ ਦਿੰਦੇ ਹਨ ॥੨॥

## ਮੇਰਾ ਠਾਕੁਰੁ; ਸਚੁ ਦ੍ਰਿੜਾਏ ॥ ਗੁਰ ਪਰਸਾਦੀ; ਸਚਿ ਚਿਤੁ ਲਾਏ ॥

ਜਿਨ੍ਹਾਂ ਗੁਰਮੁਖ ਜਨਾਂ ਨੂੰ ਮੇਰਾ ਠਾਕੁਰੁ = ਸੁਆਮੀ ਪਰਮੇਸ਼ਰ ਸਚੁ = ਸੱਚਾ ਨਾਮ ਦ੍ਰਿੜਾਏ = ਦ੍ਰਿੜ੍ਹ ਕਰਵਾ ਦਿੰਦਾ ਹੈ। ਉਹ ਗੁਰ = ਸਤਿਗੁਰਾਂ ਦੀ ਪਰਸਾਦੀ = ਕਿਰਪਾ ਨਾਲ ਸਚਿ = ਸੱਚੇ ਨਾਮ ਵਿਚ ਚਿੱਤ ਨੂੰ ਲਾਏ = ਲਾਉਂਦੇ ਹਨ।

## ਸਚੋ ਸਚੁ ਵਰਤੈ ਸਭਨੀ ਥਾਈ; ਸਚੇ ਸਚਿ ਸਮਾਵਣਿਆ ॥੩॥

ਉਨ੍ਹਾਂ ਨੂੰ ਗਿਆਨ ਦ੍ਰਿਸ਼ਟੀ ਹੋਣ ਕਰਕੇ ਸਭਨੀ = ਸਾਰੀਆਂ ਥਾਈ = ਥਾਵਾਂ ਵਿਚ ਸਚੋ = ਸੱਚਾ ਹੀ ਸੱਚਾ ਵਰਤੈ = ਵਰਤਦਾ ਪ੍ਰਤੀਤ ਹੁੰਦਾ ਹੈ, ਐਸੇ ਸੱਚੇ ਨਾਮ ਨੂੰ ਜਪਣ ਵਾਲੇ ਸੱਚ ਸਰੂਪ ਪਰਮੇਸ਼ਰ ਵਿਚ ਹੀ ਸਮਾਵਣਿਆ = ਸਮਾ ਜਾਂਦੇ ਹਨ ॥੩॥

ਜਿਵੇਂ ਇਕ ਬਾਦਸ਼ਾਹ ਸੀ, ਉਸ ਨੇ ਯੱਗ ਕੀਤਾ। ਜਿਹੜੇ ਬਾਦਸ਼ਾਹ ਸਨ, ਉਹਨਾਂ ਅੱਗੇ ਸੋਨੇ ਦਾ ਥਾਲ ਰੱਖਿਆ। ਵਜ਼ੀਰਾਂ ਅੱਗੇ ਚਾਂਦੀ ਦੇ ਥਾਲ ਰੱਖੇ। ਉਥੇ ਇਕ ਫ਼ਕੀਰ ਆਇਆ। ਉਸ ਕੋਲ ਪਾਰਸ ਦੀ ਵੱਟੀ ਸੀ। ਉਸ ਨੇ ਪਾਰਸ ਦੀ ਵੱਟੀ ਛੁਹਾ ਕੇ ਸਾਰਿਆਂ ਦੇ ਥਾਲਾਂ ਨੂੰ ਸੋਨੇ ਦੇ ਬਣਾ ਦਿੱਤਾ। ਰਾਜਾ ਵੇਖ ਕੇ ਬੜਾ ਹੈਰਾਨ ਹੋਇਆ ਤੇ ਕਹਿਣ ਲੱਗਾ ਕਿ ਇਹ ਤੁਹਾਡੇ ਕੋਲ ਕੀ ਚੀਜ਼ ਹੈ ? ਫ਼ਕੀਰ ਨੇ ਕਿਹਾ ਕਿ ਤੁਸੀਂ ਵਿਤਕਰਾ ਕੀਤਾ ਹੈ ਜੋ ਵੱਖਰੀਆਂ ਵੱਖਰੀਆਂ ਧਾਤਾਂ ਦੇ ਬਰਤਨ ਦਿੱਤੇ ਹਨ। ਅਸੀਂ ਪਾਰਸ ਛੁਹਾ ਕੇ ਸਾਰਿਆਂ ਨੂੰ ਸੋਨੇ ਦੇ ਬਣਾ ਦਿੱਤਾ। ਇਸ ਤਰ੍ਹਾਂ ਹੀ ਅੰਤਰਜਾਮੀ ਪਰਮੇਸ਼ਰ ਦਾ ਜੋ ਸਰਗੁਣ ਸਰੂਪ ਹੋਇਆ ਹੈ, ਬਾਕੀ ਦੇਵਤੇ ਤੇ ਜੀਵਾਂ ਦੇ ਜੋ ਸਰੀਰ ਹਨ, ਅੱਠ ਧਾਤਾਂ ਦੇ ਬਣੇ ਹੋਏ ਹਨ। ਤੱਤਬੇਤੇ ਮਹਾਂਪੁਰਸ਼ਾਂ ਕੋਲ ਪ੍ਰੇਮਾ-ਭਗਤੀ ਰੂਪ, ਬ੍ਰਹਮ ਵਿੱਦਿਆ ਰੂਪ ਪਾਰਸ ਦੀ ਵੱਟੀ ਹੈ, ਨਾਮ ਦੀ ਪਾਰਸ ਕਲਾ ਹੈ, ਜਿਨ੍ਹਾਂ ਨੇ ਭਗਤੀ ਰੂਪੀ ਪਾਰਸ ਦੀ ਵੱਟੀ ਛੁਹਾ ਕੇ ਚਾਰੇ ਵਰਣਾਂ, ਚਾਰੇ ਆਸ਼ਰਮ, ਚਾਰੇ ਮਜ਼ਹਬਾਂ ਦੇ ਜੀਵਾਂ ਵਿਚ ਜੋਤੀ ਸਰੂਪ ਪਰਮਾਤਮਾ ਨੂੰ ਪ੍ਰਗਟ ਕਰ ਦਿੱਤਾ ਹੈ।

## ਵੇਪਰਵਾਹੁ; ਸਚੁ ਮੇਰਾ ਪਿਆਰਾ ॥ ਕਿਲਵਿਖ ਅਵਗਣ; ਕਾਟਣਹਾਰਾ ॥

ਮੇਰਾ ਪਿਆਰਾ ਸਚੁ = ਸਤ ਸਰੂਪ ਪਰਮੇਸ਼ਰ ਵੇਪਰਵਾਹੁ = ਇੱਛਾ ਤੋਂ ਰਹਿਤ, ਡਰ ਤੋਂ ਰਹਿਤ ਹੈ ਜੋ ਚਾਰੇ ਤਰ੍ਹਾਂ ਦੇ ਕਿਲਵਿਖ = ਪਾਪ ਤੇ ਸਾਰੇ ਅਵਗਣ = ਔਗੁਣਾਂ ਨੂੰ ਕਾਟਣਹਾਰਾ = ਕੱਟਣ ਵਾਲਾ ਹੈ।

## ਪ੍ਰੇਮ ਪ੍ਰੀਤਿ ਸਦਾ ਧਿਆਈਐ; ਭੈ ਭਾਇ ਭਗਤਿ ਦ੍ਰਿੜਾਵਣਿਆ ॥੪॥

ਹੇ ਭਾਈ! ਪਰਮੇਸ਼ਰ ਨੂੰ ਹਿਰਦੇ ਵਿਚ ਪ੍ਰੇਮ ਸਹਿਤ ਤੇ ਬਾਨੀ ਦੁਆਰਾ ਪ੍ਰੀਤੀ ਧਾਰ ਕੇ ਧਿਆਉਣਾ ਕਰੀਏ। ਫੇਰ ਭੈ = ਡਰ ਧਾਰਨ ਤੋਂ ਸਤਿਗੁਰੂ ਜੀ ਭਾਇ ਭਗਤਿ = ਪ੍ਰੇਮਾ-ਭਗਤੀ ਦ੍ਰਿੜਾਵਣਿਆ = ਦ੍ਰਿੜ੍ਹ ਕਰਾਉਂਦੇ ਹਨ॥੪॥

## ਤੇਰੀ ਭਗਤਿ ਸਚੀ; ਜੇ ਸਚੇ ਭਾਵੈ ॥ ਆਪੇ ਦੇਇ; ਨ ਪਛੋਤਾਵੈ ॥

ਹੇ ਸੱਚੇ ਪਰਮੇਸ਼ਰ! ਜੇ = ਜੇਕਰ ਤੈਨੂੰ ਭਾਵੈ = ਭਾ ਜਾਵੇ ਤਾਂ ਤੇਰੀ = ਤੁਹਾਡੀ ਭਗਤਿ = ਭਗਤੀ ਕੀਤੀ ਹੋਈ ਸਚੀ = ਸਫਲੀ ਹੈ **ਵਾ:** ਹੇ ਭਾਈ! ਤੇਰੀ ਕੀਤੀ ਹੋਈ ਭਗਤੀ ਤਾਂ ਹੀ ਸਫਲੀ ਹੈ ਜੇਕਰ ਤੂੰ ਸੱਚੇ ਨੂੰ ਭਾਅ ਜਾਵੇਂ।

ਜਿਸਨੂੰ ਪਰਮੇਸ਼ਰ ਆਪੇ = ਆਪ ਭਗਤੀ ਦੇਇ = ਦਿੰਦਾ ਹੈ ਉਹ ਫੇਰ ਪਛੋਤਾਵੈ = ਪਛਤਾਉਂਦਾ ਨ = ਨਹੀਂ ਹੈ।

## ਸਭਨਾ ਜੀਆ ਕਾ, ਏਕੋ ਦਾਤਾ; ਸਬਦੇ ਮਾਰਿ ਜੀਵਾਵਣਿਆ ॥੫॥

ਸਾਰਿਆਂ ਜੀਵਾਂ ਦਾ ਇੱਕੋ ਹੀ ਦਾਤਾ ਹੈ ਜੋ ਆਪ ਹੀ ਗੁਰੂ ਰੂਪ ਹੋ ਕੇ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਾਰ ਕੇ ਆਪਣੇ ਨਿੱਜ ਸਰੂਪ ਵੱਲ ਜੀਵਾਵਣਿਆ = ਜਿਉਂਦੇ ਕਰਨ ਵਾਲਾ ਹੈ॥੫॥

## ਹਰਿ, ਤੁਧੁ ਬਾਝਹੁ; ਮੈ ਕੋਈ ਨਾਹੀ ॥ ਹਰਿ ਤੁਧੈ ਸੇਵੀ; ਤੈ ਤੁਧੁ ਸਾਲਾਹੀ ॥

ਹੇ ਹਰੀ ਪਰਮੇਸ਼ਰ! ਤੁਧੁ = ਤੁਹਾਡੇ ਤੋਂ ਬਗ਼ੈਰ ਮੈ = ਮੈਨੂੰ ਹੋਰ ਕੋਈ ਦੂਸਰਾ ਪ੍ਰਤੀਤ ਨਹੀਂ ਹੁੰਦਾ। ਹੇ ਹਰੀ! ਤੁਧੈ = ਤੇਰਾ ਬਾਣੀ ਕਰਕੇ ਸੇਵੀ = ਸੇਵਨ ਕਰਦੇ ਹਾਂ ਤੈ = ਅਤੇ ਤੁਧੁ = ਤੇਰੀ ਮਨ ਕਰ ਕੇ ਸਾਲਾਹੀ = ਸਿਫ਼ਤ ਕਰਦੇ ਹਾਂ, ਸਰੀਰ ਕਰ ਕੇ ਟਹਿਲ ਕਰਦੇ ਹਾਂ।

## ਆਪੇ ਮੇਲਿ ਲੈਹੁ, ਪ੍ਰਭ ਸਾਚੇ; ਪੂਰੈ ਕਰਮਿ ਤੂੰ ਪਾਵਣਿਆ ॥੬॥

ਹੇ ਸੱਚੇ ਪ੍ਰਭ = ਪਰਮੇਸ਼ਰ! ਕ੍ਰਿਪਾ ਕਰਕੇ ਆਪ ਹੀ ਆਪਣੇ ਨਾਲ ਮੇਲ ਲੈਹੁ = ਲੈਣਾ ਕਰੋ, ਕਿਉਂਕਿ ਪੂਰੈ = ਪੂਰਨ ਨਿਸ਼ਕਾਮ ਕਰਮਾਂ **ਵਾ:** ਪੂਰੇ ਗੁਰਾਂ ਦੀ ਕਰਮਿ = ਕਿਰਪਾ ਕਰਕੇ ਹੀ ਤੂੰ ਪਾਵਣਿਆ = ਪਾਇਆ ਜਾਂਦਾ ਹੈਂ॥੬॥

## ਮੈ ਹੋਰੁ ਨ ਕੋਈ; ਤੁਧੈ ਜੇਹਾ ॥ ਤੇਰੀ ਨਦਰੀ; ਸੀਝਸਿ ਦੇਹਾ ॥

ਮੈ = ਮੈਨੂੰ ਹੋਰ ਕੋਈ ਵੀ ਸੰਸਾਰ ਵਿਚ ਤੁਧੈ = ਤੁਹਾਡੇ ਜੇਹਾ = ਵਰਗਾ ਨਜ਼ਰ ਨਹੀਂ ਆਉਂਦਾ। ਤੇਰੀ = ਤੁਹਾਡੀ ਕਿਰਪਾ ਨਦਰੀ = ਦ੍ਰਿਸ਼ਟੀ ਨਾਲ ਹੀ ਕਾਰਨ, ਸੂਖਮ, ਸਥੂਲ, ਦੇਹਾਂ ਤੇ ਸੰਚਤ, ਪ੍ਰਾਲਬਧ, ਕਿਰਿਆਮਾਨ ਕਰਮਾਂ ਤੋਂ ਸੀਝਸਿ = ਮੁਕਤ ਹੋਈਦਾ ਹੈ।

## ਅਨਦਿਨੁ ਸਾਰਿ ਸਮਾਲਿ ਹਰਿ ਰਾਖਹਿ; ਗੁਰਮੁਖਿ ਸਹਜਿ ਸਮਾਵਣਿਆ ॥੭॥

ਹੇ ਹਰੀ! ਤੂੰ ਆਪ ਹੀ ਦਿਨ ਰਾਤ ਸਾਰਿਆਂ ਜੀਵਾਂ ਦੀ ਸਾਰਿ = ਸ੍ਰੇਸ਼ਟ ਸਮਾਲਿ = ਸੰਭਾਲ

ਰਾਖਹਿ = ਰੱਖਦਾ ਹੈਂ। ਗੁਰਮੁਖਾਂ ਨੇ ਸਹਜਿ = ਗਿਆਨ ਪ੍ਰਾਪਤ ਕਰਕੇ ਨਿਜ ਸਰੂਪ ਵਿਚ ਸਮਾਵਣਿਆ = ਸਮਾਉਣਾ ਕੀਤਾ ਹੈ ॥੭॥

## ਤੁਧੁ ਜੇਵਡੁ; ਮੈ ਹੋਰੁ ਨ ਕੋਈ ॥ ਤੁਧੁ ਆਪੇ ਸਿਰਜੀ; ਆਪੇ ਗੋਈ ॥

ਹੇ ਵਾਹਿਗੁਰੂ ! ਤੇਰੇ ਜੇਵਡ = ਜਿੱਡਾ ਮੈਨੂੰ ਹੋਰ ਕੋਈ ਨਜ਼ਰ ਨਹੀਂ ਆਉਂਦਾ। ਤੁਧੁ = ਤੂੰ ਆਪ ਹੀ ਸਾਰੀ ਸ੍ਰਿਸ਼ਟੀ ਸਿਰਜੀ = ਬਣਾਈ ਹੈ ਤੇ ਆਪ ਹੀ ਗੋਈ = ਲੈਅ ਕਰਨ ਵਾਲਾ ਹੈਂ।

[ਅੰਗ ੧੧੩]

## ਤੂੰ ਆਪੇ ਹੀ, ਘੜਿ ਭੰਨਿ ਸਵਾਰਹਿ; ਨਾਨਕ ਨਾਮਿ ਸੁਹਾਵਣਿਆ ॥੮॥੫॥੬॥

ਤੂੰ ਆਪ ਹੀ ਸੂਖਮ ਤੱਤਾਂ ਦੁਆਰਾ ਸੂਖਮ ਸਰੀਰ ਤੇ ਸਥੂਲ ਤੱਤਾਂ ਦੁਆਰਾ ਸਥੂਲ ਸਰੀਰਾਂ ਨੂੰ ਘੜਦਾ ਹੈਂ ਭਾਵ ਬਣਾਉਂਦਾ ਹੈਂ, ਆਪ ਹੀ ਭੰਨਿ = ਨਾਸ ਕਰ ਦਿੰਦਾ ਹੈਂ ਫੇਰ ਆਪ ਹੀ ਅੰਗਾਂ ਪ੍ਰਤੰਗਾਂ ਨੂੰ ਸਵਾਰਹਿ = ਸੰਵਾਰ ਦਿੰਦਾ ਹੈਂ **ਵਾ:** ਤੂੰ ਆਪ ਹੀ ਸ੍ਰਵਣ, ਮੰਨਣ, ਨਿਧਿਆਸਣ ਜਿਨ੍ਹਾਂ ਦੇ ਹਿਰਦੇ ਵਿਚ ਘੜ ਦਿੰਦਾ ਹੈਂ, ਉਹਨਾਂ ਦੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ **ਵਾ:** ਅਗਿਆਨ ਨੂੰ ਭੰਨ ਕੇ ਬ੍ਰਹਮ ਗਿਆਨ ਦੀ ਘਾੜਤ ਘੜ ਕੇ ਜੀਵਨ ਨੂੰ ਸਵਾਰਹਿ = ਸਵਾਰਨ ਵਾਲਾ ਹੈਂ। ਗੁਰੂ ਜੀ ਕਥਨ ਕਰਦੇ ਹਨ ਕਿ ਜੀਵ ਨਾਮ ਕਰਕੇ ਹੀ ਸ਼ੋਭਨੀਕ ਹੁੰਦਾ ਹੈ **ਅਥਵਾ** ਹੇ ਸੁਭਾਇਮਾਨ ਪਰਮੇਸ਼ਰ ! ਤੂੰ ਆਪ ਹੀ ਸੰਸਾਰ ਦੀ ਘਾੜਤ ਘੜਦਾ ਹੈਂ ਆਪ ਹੀ ਸਵਾਰਹਿ = ਸੰਵਾਰਨ ਭਾਵ ਪਾਲਣਾ ਕਰਦਾ ਹੈਂ ਤੇ ਆਪ ਹੀ ਭੰਨਿ = ਨਾਸ਼ ਭਾਵ ਪਰਲੋ ਕਰ ਦਿੰਦਾ ਹੈਂ ॥੮॥੫॥੬॥

## ਮਾਝ ਮਹਲਾ ੩ ॥

## ਸਭ ਘਟ; ਆਪੇ ਭੋਗਣਹਾਰਾ ॥ ਅਲਖੁ ਵਰਤੈ; ਅਗਮ ਅਪਾਰਾ ॥

ਸਾਰਿਆਂ ਘਟ = ਸਰੀਰਾਂ ਵਿਚ ਉਹ ਪ੍ਰਭੂ ਆਪ ਹੀ ਪਦਾਰਥਾਂ ਦੇ ਭੋਗਣਹਾਰਾ = ਭੋਗਣ ਵਾਲਾ ਹੈ। ਜੋ ਅਗਮ = ਗੰਮਤਾ ਤੋਂ ਰਹਿਤ, ਅਪਾਰ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ, ਉਹ ਅਲਖੁ = ਲਖਣ ਤੋਂ ਰਹਿਤ ਪਰਮੇਸ਼ਰ ਸਾਰੇ ਹੀ ਵਿਆਪਕ ਹੋ ਕੇ ਵਰਤੈ = ਵਰਤ ਰਿਹਾ ਹੈ।

## ਗੁਰ ਕੈ ਸਬਦਿ, ਮੇਰਾ ਹਰਿ ਪ੍ਰਭੁ ਧਿਆਈਐ; ਸਹਜੇ ਸਚਿ ਸਮਾਵਣਿਆ ॥੧॥

ਗੁਰੂ ਸਾਹਿਬ ਦੇ ਉਪਦੇਸ਼ ਦੁਆਰਾ ਮੇਰਾ ਹਰਿ = ਹਰੀ ਪ੍ਰਭੁ = ਵਾਹਿਗੁਰੂ ਧਿਆਈਐ = ਧਿਆਈਦਾ ਹੈ ਫੇਰ ਸਹਜੇ = ਸੁਤੇ-ਸਿੱਧ ਹੀ ਸੱਚ ਸਰੂਪ ਵਿਚ ਸਮਾਵਣਿਆ = ਸਮਾ ਜਾਈਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਗੁਰ ਸਬਦੁ ਮੰਨਿ ਵਸਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰ ਕੇ ਵਾਰੀ = ਕੁਰਬਾਨ ਜਾਂਦਾ ਹਾਂ ਤੇ ਮਨ ਕਰ ਕੇ ਵਾਰੀ = ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਵਣਿਆ = ਵਸਾ ਲਿਆ ਹੈ।

## ਸਬਦੁ ਸੂਝੈ, ਤਾ ਮਨ ਸਿਉ ਲੂਝੈ; ਮਨਸਾ ਮਾਰਿ ਸਮਾਵਣਿਆ ॥੧॥ਰਹਾਉ॥

ਜੇਕਰ ਜੀਵ ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਨੂੰ ਸੂਝੈ = ਜਾਣ ਲਵੇ **ਵਾ:** ਗੁਰਾਂ ਦੇ ਉਪਦੇਸ਼ ਦੁਆਰਾ ਗਿਆਨ ਦੀ ਸੁਝ ਆ ਜਾਵੇ ਤਾਂ ਮਨ ਦੇ ਸਿਉ = ਨਾਲ ਲੂਝੈ = ਲੜਿਆ ਜਾਂਦਾ ਹੈ, ਅਰਥਾਤ ਆਸੁਰੀ ਸੰਪਦਾ ਨੂੰ ਦੈਵੀ-ਸੰਪਦਾ ਦੁਆਰਾ ਦਬਾਅ ਲੈਂਦਾ ਹੈ ਤੇ ਮਨ ਦੇ ਅਨੰਤ ਸੰਕਲਪਾਂ ਵਿਕਲਪਾਂ 'ਤੇ ਕਾਬੂ ਪਾਉਣ ਲਈ ਯਤਨਸ਼ੀਲ ਹੋ ਜਾਂਦਾ ਹੈ **ਵਾ:** ਜਦੋਂ ਗੁਰਾਂ ਦੇ ਸ਼ਬਦ ਦੁਆਰਾ ਬ੍ਰਹਮ ਦੀ ਵੀਚਾਰ ਪ੍ਰਾਪਤ ਹੁੰਦੀ ਹੈ

ਤਾਂ ਤੱਤਪਦ ਤੇ ਤੂੰ ਪਦ ਦੀ ਏਕਤਾ ਚਾਹੁੰਦਾ ਹੈ, ਫੇਰ ਮਨਸਾ = ਮਨ ਦੀਆਂ ਇੱਛਾਵਾਂ ਨੂੰ ਮਾਰ ਕੇ ਸੱਚ ਸਰੂਪ ਵਿਚ ਸਮਾਵਣਿਆ = ਸਮਾ ਜਾਂਦਾ ਹੈ ॥੧॥ਰਹਾਉ॥

## ਪੰਚ ਦੂਤ; ਮੁਹਹਿ ਸੰਸਾਰਾ ॥ ਮਨਮੁਖ ਅੰਧੇ; ਸੁਧਿ ਨ ਸਾਰਾ ॥

ਪੰਜ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਦੂਤ ਸੰਸਾਰ ਨੂੰ ਮੁਹਹਿ = ਲੁੱਟ ਰਹੇ ਹਨ। ਪਰੰਤੂ ਮਨ, ਬੁੱਧ ਰੂਪ ਨੇਤਰਾਂ ਵਿਚ ਵਿਚਾਰ ਰੂਪੀ ਨਿਗ੍ਹਾ ਤੋਂ ਹੀਣੇ ਅੰਧੇ = ਅਗਿਆਨੀ ਮਨਮੁਖਾਂ ਨੂੰ ਪ੍ਰਮਾਰਥ ਦੀ ਸੁਧਿ = ਗਿਆਤ ਅਤੇ ਸਰੂਪ ਦੀ ਪ੍ਰਾਪਤੀ ਦੀ ਸਾਰਾ = ਖ਼ਬਰ ਨਹੀਂ ਹੈ **ਵਾ:** ਸਾਰ ਰੂਪ ਬ੍ਰਹਮ ਦੀ ਸੁਧਿ = ਸੋਝੀ ਨਹੀਂ ਹੈ।

## ਗੁਰਮੁਖਿ ਹੋਵੈ, ਸੁ ਅਪਣਾ ਘਰੁ ਰਾਖੈ; ਪੰਚ ਦੂਤ ਸਬਦਿ ਪਚਾਵਣਿਆ ॥੨॥

ਜਿਹੜੇ ਗੁਰਮੁਖ ਹੁੰਦੇ ਹਨ, ਉਹ ਆਪਣੇ ਅੰਤਹਕਰਣ ਰੂਪੀ ਘਰ ਨੂੰ ਵਿਕਾਰਾਂ ਤੋਂ ਰੋਕ ਕੇ ਰਾਖੈ = ਰੱਖਦੇ ਹਨ। ਪੰਜ ਕਾਮ ਆਦਿਕਾਂ ਨੂੰ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਬ੍ਰਹਮ ਅਭਿਆਸ ਰੂਪੀ ਅਗਨੀ ਨਾਲ ਪਚਾਵਣਿਆ = ਸਾੜਦੇ ਹਨ, ਨਾਸ਼ ਕਰਦੇ ਹਨ ॥੨॥

## ਇਕਿ ਗੁਰਮੁਖਿ; ਸਦਾ ਸਚੈ ਰੰਗਿ ਰਾਤੇ ॥ ਸਹਜੇ ਪ੍ਰਭੁ ਸੇਵਹਿ; ਅਨਦਿਨੁ ਮਾਤੇ ॥

ਇਕ ਗੁਰਮੁਖ ਸਦਾ ਇਕ-ਰਸ, ਇਕ ਪਰਮੇਸ਼ਰ ਦੇ ਨਾਮ ਦੇ ਰੰਗ ਵਿਚ ਰਾਤੇ = ਰੱਤੇ ਰਹਿੰਦੇ ਹਨ। ਸਹਜੇ = ਸੁਤੇ-ਸਿੱਧ ਹੀ ਦਿਨ ਰਾਤ ਪ੍ਰਭੂ ਦੇ ਸੇਵਹਿ = ਸੇਵਨ ਵਿਚ ਮਾਤੇ = ਮਸਤ ਰਹਿੰਦੇ ਹਨ।

## ਮਿਲਿ ਪ੍ਰੀਤਮ, ਸਚੇ ਗੁਣ ਗਾਵਹਿ; ਹਰਿ ਦਰਿ ਸੋਭਾ ਪਾਵਣਿਆ ॥੩॥

ਉਹ ਪਿਆਰੇ ਪ੍ਰੀਤਮ ਸਤਿਗੁਰੂ ਨਾਲ ਮਿਲ ਕੇ ਸੱਚੇ ਪ੍ਰਭੂ ਦੇ ਗੁਣ ਗਾਵਹਿ = ਗਾਉਂਦੇ ਹਨ ਤੇ ਪਰਮੇਸ਼ਰ ਦੀ ਦਰਗਾਹ ਸਚਖੰਡ ਵਿਚ ਸ਼ੋਭਾ ਪਾਵਣਿਆ = ਪ੍ਰਾਪਤ ਕਰਦੇ ਹਨ ॥੩॥

## ਏਕਮ ਏਕੈ; ਆਪੁ ਉਪਾਇਆ ॥ ਦੁਬਿਧਾ ਦੂਜਾ; ਤ੍ਰਿਬਿਧਿ ਮਾਇਆ ॥

ਏਕਮ ਦੀ ਥਿਤ ਦੁਆਰਾ ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਕ ਪਰਮੇਸ਼ਰ ਨੇ ਆਪ ਹੀ ਸੰਸਾਰ ਨੂੰ ਉਪਾਇਆ = ਪੈਦਾ ਕੀਤਾ ਹੈ।

ਦੂਜਾ = ਦੂਜ ਥਿਤ ਦੁਆਰਾ ਉਪਦੇਸ਼ ਕਰਦੇ ਹਨ, ਫਿਰ ਦੁਬਿਧਾ ਨੂੰ ਪੈਦਾ ਕੀਤਾ ਹੈ। ਤ੍ਰਿਬਿਧਿ = ਤੀਜੀ ਥਿਤੁ ਦੁਆਰਾ ਕਥਨ ਕਰਦੇ ਹਨ ਫਿਰ ਸਾਰੇ ਮਾਇਆ ਵਰਤਾ ਦਿੱਤੀ[੧] **ਵਾ:** ਏਕਮ ਏਕੈ = ਇਕ ਪ੍ਰਭੂ ਨੇ ਆਪ ਹੀ ਤਿੰਨ ਗੁਣ ਰਾਜਸੀ, ਸਾਤਕੀ, ਤਾਮਸੀ ਤ੍ਰਿਬਿਧਿ = ਤਿੰਨ ਪ੍ਰਕਾਰ ਦੀ ਮਾਇਆ ਨੂੰ ਪੈਦਾ ਕੀਤਾ ਹੈ। ਤ੍ਰਿਬਿਧਿ ਮਾਇਆ ਨੇ ਜੀਵਾਂ ਨੂੰ ਦੁਬਿਧਾ ਵਿਚ ਪਾ ਕੇ ਦੂਜਾ = ਦੂਸਰੇ ਭਾਵ ਜਮਾਂ ਦੇ ਵਸ ਕਰ ਦਿੱਤਾ ਹੈ।

## ਚਉਥੀ ਪਉੜੀ ਗੁਰਮੁਖਿ ਊਚੀ; ਸਚੋ ਸਚੁ ਕਮਾਵਣਿਆ ॥੪॥

ਜਿਹਨਾਂ ਗੁਰਮੁਖਾਂ ਨੇ ਸੱਚੇ ਨਾਮ ਨੂੰ ਸ੍ਰਵਣ ਕਰਕੇ ਮੰਨਣ ਕੀਤਾ ਤੇ ਫੇਰ ਨਿਧਿਆਸਣ ਕੀਤਾ ਤੇ ਸੱਚੇ ਨਾਮ ਦੀ ਕਮਾਈ ਨੂੰ ਕਮਾਵਣਿਆ = ਕਮਾਉਣਾ ਕੀਤਾ ਹੈ, ਉਹਨਾਂ ਨੂੰ ਸਭ ਤੋਂ ਉੱਚੀ ਅਵਸਥਾ ਚੌਥੀ ਪਉੜੀ = ਤੁਰੀਆ ਪਦ ਪ੍ਰਾਪਤ ਹੋਈ ਹੈ ॥੪॥

---

੧. ਭਾਵੇਂ ਇਥੇ ਥਿੱਤਾਂ ਦਾ ਪ੍ਰਸੰਗ ਨਾ ਹੋਣ ਕਰਕੇ ਸਾਰੀਆਂ ਥਿੱਤਾਂ ਦਾ ਵੇਰਵਾ ਨਹੀਂ ਆਇਆ ਹੈ, ਏਕਮ, ਦੂਜ, ਤੀਜ ਦੇ ਅਰਥਾਂ ਨੂੰ ਸੰਪ੍ਰਦਾਈ ਗਿਆਨੀ ਮਹਾਂਪੁਰਖ ਬਾਹਰ ਥਿੱਤਾਂ ਦਾ ਅਰਥ ਕਰਕੇ ਫੇਰ ਅੰਤਰੀਵ ਭਾਵ ਵਿਚ ਅਰਥ ਕਰਦੇ ਹਨ। ਇਥੇ ਵੀ ਇਸੇ ਤਰ੍ਹਾਂ ਕੀਤਾ ਗਿਆ ਹੈ।

## ਸਭੁ ਹੈ ਸਚਾ; ਜੇ ਸਚੇ ਭਾਵੈ ॥ ਜਿਨਿ ਸਚੁ ਜਾਤਾ; ਸੋ ਸਹਜਿ ਸਮਾਵੈ ॥

ਜੇ ਸੱਚੇ ਸਤਿਗੁਰੂ ਨੂੰ ਭਾਵੈ = ਭਾ ਜਾਵੇ ਤਾਂ ਸਾਰੇ ਸੱਚਾ ਪਰਮੇਸ਼ਰ ਵਰਤਦਾ ਨਜ਼ਰ ਆ ਜਾਂਦਾ ਹੈ। ਜਿਨ੍ਹਾਂ ਨੇ ਸੱਚੇ ਨਾਮ ਨੂੰ ਜਾਤਾ = ਜਾਣਿਆ ਹੈ, ਸੋ = ਉਹ ਸੁਤੇ-ਸਿੱਧ ਹੀ ਸਹਜਿ = ਸ਼ਾਂਤ ਸਰੂਪ ਵਿਚ ਸਮਾਵੈ = ਅਭੇਦ ਹੋ ਜਾਂਦੇ ਹਨ।

## ਗੁਰਮੁਖਿ ਕਰਣੀ, ਸਚੇ ਸੇਵਹਿ; ਸਾਚੇ ਜਾਇ ਸਮਾਵਣਿਆ ॥੫॥

ਜੋ ਸੱਚੇ ਦਾ ਸੇਵਹਿ = ਸੇਵਨ ਕਰਨਾ ਹੈ, ਇਹੋ ਹੀ ਗੁਰਮੁਖ ਭਗਤੀ ਰੂਪੀ ਸ੍ਰੇਸ਼ਟ ਕਰਣੀ ਕਰਦੇ ਹਨ, ਜਿਸ ਕਰਕੇ ਉਹ ਸੱਚੇ ਪ੍ਰਭੂ ਵਿਚ ਜਾਇ = ਜਾ ਕੇ ਸਮਾਵਣਿਆ = ਸਮਾ ਜਾਂਦੇ ਹਨ ॥੫॥

## ਸਚੇ ਬਾਝਹੁ; ਕੋ ਅਵਰੁ ਨ ਦੂਆ ॥ ਦੂਜੈ ਲਾਗਿ; ਜਗੁ ਖਪਿ ਖਪਿ ਮੂਆ ॥

ਉਨ੍ਹਾਂ ਦੀ ਐਸੀ ਦਿਬ ਦ੍ਰਿਸ਼ਟੀ ਜਾਗ ਪੈਂਦੀ ਹੈ ਕਿ ਸੱਚੇ ਪਰਮੇਸ਼ਰ ਤੋਂ ਬਾਝਹੁ = ਬਿਨਾਂ ਅਵਰੁ = ਹੋਰ ਕੋ = ਕੋਈ ਦੂਆ = ਦੂਜਾ ਨਜ਼ਰ ਨਹੀਂ ਆਉਂਦਾ। ਦੂਜੈ = ਦਵੈਤ ਭਾਵ ਵਿਚ ਲਾਗਿ = ਲੱਗਣ ਕਰਕੇ ਜਗੁ = ਜਗਤ ਜੂਨਾਂ ਵਿਚ ਖਪਿ ਖਪਿ = ਖਚਤ ਹੋ ਹੋ ਕੇ ਮੂਆ = ਮਰਦਾ ਰਹਿੰਦਾ ਹੈ।

## ਗੁਰਮੁਖਿ ਹੋਵੈ, ਸੁ ਏਕੋ ਜਾਣੈ; ਏਕੋ ਸੇਵਿ ਸੁਖੁ ਪਾਵਣਿਆ ॥੬॥

ਜਿਹੜਾ ਗੁਰਮੁਖ ਹੁੰਦਾ ਹੈ, ਸੁ = ਉਹ ਇਕ ਪਰਮੇਸ਼ਰ ਨੂੰ ਜਾਣ ਕੇ ਉਸ ਇੱਕੋ ਦਾ ਸੇਵਿ = ਚਿੰਤਨ ਕਰਕੇ ਆਤਮਿਕ ਸੁੱਖ ਨੂੰ ਪਾਵਣਿਆ = ਪਾਉਂਦਾ ਹੈ ॥੬॥

## ਜੀਅ ਜੰਤ; ਸਭਿ ਸਰਣਿ ਤੁਮਾਰੀ ॥ ਆਪੇ ਧਰਿ ਦੇਖਹਿ; ਕਚੀ ਪਕੀ ਸਾਰੀ ॥

ਹੇ ਪਰਮੇਸ਼ਰ! ਛੋਟੇ ਵੱਡੇ ਜੀਅ ਜੰਤ ਸਭਿ = ਸਾਰੇ ਤੁਮਾਰੀ = ਤੁਹਾਡੀ ਹੀ ਸਰਣਿ = ਓਟ ਵਿਚ ਹਨ। ਇਹ ਸੰਸਾਰ ਤੇਰੀ ਚੌਂਪੜ ਦੀ ਸਾਰੀ = ਖੇਲ ਹੈ, ਇਸ ਉੱਪਰ ਤੂੰ ਆਪ ਹੀ ਸਾਧਨਾਂ ਕਰਨ ਵਾਲੇ ਜਗਿਆਸੂਆਂ ਰੂਪੀ ਨਰਦਾਂ ਨੂੰ ਧਰਿ = ਰੱਖ ਕੇ ਦੇਖਹਿ = ਦੇਖਦਾ ਹੈਂ ਕਿ ਕਿਹੜੀ ਪੱਕੀ ਹੈ ਤੇ ਕਿਹੜੀ ਕੱਚੀ ਹੈ।

**ਅਥਵਾ** ਜਿਤਨੇ ਵੀ ਸੂਖਮ ਸਥੂਲ ਜੀਵ ਹਨ, ਸਭ ਤੁਹਾਡੀ ਹੀ ਸ਼ਰਨ ਵਿਚ ਹਨ। ਇਹ ਸੰਸਾਰ ਚੌਪੜ ਦੀ ਖੇਡ ਦੀ ਨਿਆਈਂ ਹੈ। ਚੌਰਾਸੀ ਲੱਖ ਜੂਨਾਂ ਇਸ ਚੌਪੜ ਦੀ ਖੇਡ ਦੇ ਖ਼ਾਨੇ ਹਨ। ਤਿੰਨ ਗੁਣਾਂ ਰੂਪ ਡਾਲੇ ਹਨ, ਚਾਰੇ ਵਰਣ : ਖੱਤਰੀ, ਬ੍ਰਾਹਮਣ, ਸ਼ੂਦ੍ਰ, ਵੈਸ਼, ਚਾਰੇ ਮਜ਼ਹਬ : ਸ਼ੀਆ, ਸੁੰਨੀ, ਰਾਫ਼ਜ਼ੀ, ਇਮਾਮਸਾਫ਼ੀ, ਚਾਰੇ ਆਸ਼ਰਮ : ਬ੍ਰਹਮਚਾਰੀ, ਗ੍ਰਿਹਸਤੀ, ਬਾਣਪ੍ਰਸਤੀ, ਸੰਨਿਆਸੀ, ਚਾਰੇ ਪੁਰਸ਼ ਉੱਤਮ, ਮੱਧਮ, ਕਨਿਸ਼ਟ, ਅਧਮ ਇਹ ਸਾਰੇ ਜੀਵ ਨਰਦਾਂ ਹਨ। ਆਪੇ ਹੀ ਪ੍ਰਭੂ ਜੀਵਾਂ ਰੂਪੀ ਸਾਰੀ = ਨਰਦਾਂ ਨੂੰ ਜੂਨਾਂ ਵਿਚ ਪਾ ਕੇ ਵੇਖਦਾ ਹੈ। ਜੋ ਜੀਵ ਵਿਸ਼ਿਆਂ ਦੇ ਅਧੀਨ ਹਨ, ਉਹ ਕੱਚੀਆਂ ਨਰਦਾਂ ਹਨ ਅਤੇ ਜਿਹੜੇ ਸਾਰੀ = ਸਾਰ ਰੂਪੀ ਭਗਤੀ ਵਿਚ ਲੱਗੇ ਹੋਏ ਜੀਵ ਹਨ, ਉਹ ਪੱਕੀਆਂ ਨਰਦਾਂ ਹਨ। ਸਾਰਿਆਂ ਨੂੰ ਪ੍ਰਭੂ ਵੇਖ ਰਿਹਾ ਹੈ।

## ਅਨਦਿਨੁ ਆਪੇ ਕਾਰ ਕਰਾਏ; ਆਪੇ ਮੇਲਿ ਮਿਲਾਵਣਿਆ ॥੭॥

ਗੁਰਮੁਖਾਂ ਕੋਲੋਂ ਅਨਦਿਨ = ਰਾਤ ਦਿਨ ਆਪ ਹੀ ਭਗਤੀ ਰੂਪੀ ਕਾਰ ਕਰਾਏ = ਕਰਾ ਕੇ ਆਪ ਹੀ ਸਰੂਪ ਦੇ ਮੇਲ ਵਿਚ ਉਨ੍ਹਾਂ ਨੂੰ ਮਿਲਾਵਣਿਆ = ਮਿਲਾਉਣਾ ਕਰਦਾ ਹੈ ॥੭॥

## ਤੂੰ ਆਪੇ ਮੇਲਹਿ; ਵੇਖਹਿ ਹਦੂਰਿ ॥ ਸਭ ਮਹਿ; ਆਪਿ ਰਹਿਆ ਭਰਪੂਰਿ ॥

ਜਿਨ੍ਹਾਂ ਨੂੰ ਤੂੰ ਆਪਣੇ ਸਰੂਪ ਨਾਲ ਮੇਲ ਲੈਂਦਾ ਹੈਂ, ਉਹ ਸਦਾ ਤੈਨੂੰ ਹਦੂਰਿ = ਨੇੜੇ ਵੇਖਦੇ ਹਨ **ਵਾ:** ਤੂੰ

ਉਨ੍ਹਾਂ ਨੂੰ ਆਪਣੀ ਹਦੂਰਿ = ਹਜ਼ੂਰੀ ਵਿਚ ਪਹੁੰਚੇ ਹੋਏ ਵੇਖਦਾ ਹੈ। ਉਹਨਾਂ ਦੀ ਐਸੀ ਦਿਬ-ਦ੍ਰਿਸ਼ਟੀ ਜਾਗ ਪੈਂਦੀ ਹੈ ਕਿ ਉਹ ਸਭ = ਸਾਰਿਆਂ ਮਹਿ = ਵਿਚ ਆਪਣਾ ਨਿਜ ਸਰੂਪ ਭਰਪੂਰਿ = ਵਿਆਪਕ ਹੋ ਰਿਹਾ ਵੇਖਦੇ ਹਨ।

## ਨਾਨਕ ਆਪੇ ਆਪਿ ਵਰਤੈ; ਗੁਰਮੁਖਿ ਸੋਝੀ ਪਾਵਣਿਆ ॥੮॥੬॥੭॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਆਪੇ = ਆਪ ਹੀ ਸਾਰੇ ਰੂਪਾਂ ਵਿਚ ਵਰਤ ਰਿਹਾ ਹੈ ਇਹ ਮੁਖੀ ਗੁਰਾਂ ਦੁਆਰਾ ਗੁਰਮੁਖਾਂ ਨੇ ਹੀ ਸੋਝੀ = ਸਮਝ ਪ੍ਰਾਪਤ ਕੀਤੀ ਹੈ ॥੮॥੬॥੭॥

## ਮਾਝ ਮਹਲਾ ੩ ॥

## ਅੰਮ੍ਰਿਤ ਬਾਣੀ; ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ; ਕਿਨੈ ਚਖਿ ਡੀਠੀ ॥

ਸਤਿਗੁਰਾਂ ਕੀ = ਦੀ ਅੰਮ੍ਰਿਤ ਰੂਪੀ ਬਾਣੀ ਸਾਰਿਆਂ ਰਸਾਂ ਤੋਂ ਅਤਿਅੰਤ ਮੀਠੀ = ਪਿਆਰੀ ਹੈ। ਪਰ ਕਿਨੈ = ਕਿਸੇ ਵਿਰਲੇ ਹੀ ਗੁਰਮੁਖਿ ਨੇ ਚਖਿ ਭਾਵ ਪੂਰਨ ਸੁਆਦ ਪ੍ਰਾਪਤ ਕਰ ਕੇ ਡੀਠੀ = ਵੇਖਣਾ ਕੀਤੀ ਹੈ। ਜੈਸਾ ਕਿ :

**ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖ ਦੁਆਰ ॥** *(ਅੰਗ ੧੨੭੫)*

## ਅੰਤਰਿ ਪਰਗਾਸੁ, ਮਹਾ ਰਸੁ ਪੀਵੈ; ਦਰਿ ਸਚੈ ਸਬਦੁ ਵਜਾਵਣਿਆ ॥੧॥

ਜੋ ਸਚੈ = ਸੱਚੇ ਸਤਸੰਗ ਰੂਪੀ ਦਰ ਵਿਚ ਗੁਰ-ਸ਼ਬਦ ਨੂੰ ਪ੍ਰੇਮ ਧਾਰ ਕੇ ਵਜਾਵਣਿਆ = ਵਜਾਉਣਾ ਭਾਵ ਗਾਉਂਦਾ ਹੈ, ਉਸ ਦੇ ਅੰਤਰਿ = ਹਿਰਦੇ ਵਿਚ ਗਿਆਨ ਦਾ ਪਰਗਾਸੁ = ਚਾਨਣ ਹੋ ਜਾਂਦਾ ਹੈ ਤੇ ਉਹ ਗਿਆਨ ਦੁਆਰਾ ਇਕ-ਰਸ ਮਹਾ ਰਸੁ = ਬ੍ਰਹਮਾਨੰਦ ਨੂੰ ਪੀਵੈ = ਪੀਂਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਗੁਰ ਚਰਣੀ ਚਿਤੁ ਲਾਵਣਿਆ ॥

ਹਉ = ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰੀ = ਕੁਰਬਾਨ ਤੇ, ਮਨ ਕਰਕੇ ਵੀ ਵਾਰ ਵਾਰ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਚਿਤ ਨੂੰ ਗੁਰੂ ਚਰਨਾਂ ਵਿਚ ਲਾਵਣਿਆ = ਲਾਉਣਾ ਕੀਤਾ ਹੈ।

## ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ;
## ਮਨੁ ਨਾਵੈ ਮੈਲੁ ਚੁਕਾਵਣਿਆ ॥੧॥ਰਹਾਉ॥

(**ਨਾਵੈ** ਭਾਰਾ ਬੋਲੋ)

ਸਤਿਗੁਰੂ ਜੀ ਨਾਮ ਅੰਮ੍ਰਿਤ ਦੇ ਸੱਚੇ ਸਰੁ = ਸਰੋਵਰ ਹੈ = ਹਨ। ਜੋ ਸ਼ਰਧਾ ਧਾਰ ਕੇ ਮਨ ਤਨ ਕਰਕੇ ਨਾਵੈ = ਇਸ਼ਨਾਨ ਕਰਦਾ ਹੈ, ਸਤਿਗੁਰੂ ਜੀ ਕਿਰਪਾ ਕਰਕੇ ਉਸ ਦੀ ਅਵਿੱਦਿਆ ਰੂਪੀ ਮੈਲ, ਪਾਪਾਂ ਦੀ ਮੈਲ ਨੂੰ ਚੁਕਾਵਣਿਆ = ਚੁੱਕ ਦਿੰਦੇ ਹਨ ॥੧॥ਰਹਾਉ॥

## ਤੇਰਾ ਸਚੇ; ਕਿਨੈ ਅੰਤੁ ਨ ਪਾਇਆ ॥
## ਗੁਰ ਪਰਸਾਦਿ; ਕਿਨੈ ਵਿਰਲੈ ਚਿਤੁ ਲਾਇਆ ॥

ਹੇ ਸੱਚੇ ਅਕਾਲ ਪੁਰਖ ! ਤੇਰਾ ਕਿਸੇ ਨੇ ਪਾਰ ਉਰਾਰ ਕਰਕੇ ਅੰਤ ਨਹੀਂ ਪਾਇਆ। ਗੁਰੂ ਦੀ ਕ੍ਰਿਪਾ ਦੁਆਰਾ ਕਿਸੇ ਵਿਰਲੇ ਨੇ ਹੀ ਪਰਮੇਸ਼ਰ ਨਾਲ ਚਿਤ ਲਾਇਆ = ਲਾਉਣਾ ਭਾਵ ਜੋੜਨਾ ਕੀਤਾ ਹੈ। ਜੈਸਾ ਕਿ :

**ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਚੀਤਿ ॥** *(ਅੰਗ ੧੪੨੭)*

## ਤੁਧੁ ਸਾਲਾਹਿ, ਨ ਰਜਾ ਕਬਹੂੰ; ਸਚੈ ਨਾਵੈ ਕੀ ਭੁਖ ਲਾਵਣਿਆ ॥੨॥

(**ਰੱਜਾ** ਅੱਧਕ ਸਹਿਤ ਬੋਲੋ)

ਮੈਂ ਤੁਧੁ = ਤੈਨੂੰ ਕਬਹੂੰ = ਕਦੇ ਵੀ ਸਾਲਾਹਿ = ਸਲਾਹੁੰਦਾ ਹੋਇਆ ਰੱਜਦਾ ਨਹੀਂ **ਅਥਵਾ** ਐਸੀ ਕ੍ਰਿਪਾ ਕਰੋ ਕਿ ਤੇਰੇ ਨਾਮ ਨੂੰ ਜਪਦਿਆਂ ਕਦੇ ਵੀ ਰੱਜੀਏ ਨਾ। ਸਦਾ ਹੀ ਸਿਮਰਨ ਨੂੰ ਚਿਤ ਚਾਹੁੰਦਾ ਰਹੇ ਪਰ ਇਸ ਸੱਚੇ ਨਾਮ ਦੀ ਭੁੱਖ ਤੂੰ ਆਪ ਹੀ ਲਾਵਣਿਆ = ਲਾਉਣ ਵਾਲਾ ਹੈਂ ॥੨॥

## ਏਕੋ ਵੇਖਾ; ਅਵਰੁ ਨ ਬੀਆ ॥ ਗੁਰ ਪਰਸਾਦੀ; ਅੰਮ੍ਰਿਤੁ ਪੀਆ ॥

(ਅੰਨਵੇਂ ਅਨੁਸਾਰ) ਜਿਨ੍ਹਾਂ ਨੇ ਗੁਰੂ ਦੀ ਪਰਸਾਦੀ = ਕ੍ਰਿਪਾ ਦੁਆਰਾ ਨਾਮ ਅੰਮ੍ਰਿਤ ਨੂੰ ਪੀਆ = ਪੀਣਾ ਕੀਤਾ ਹੈ, ਉਹ ਹਰ ਜਗ੍ਹਾ ਏਕੋ = ਇਕ ਪਰਮੇਸ਼ਰ ਦੀ ਜੋਤ ਨੂੰ ਵੇਖਾ = ਵੇਖਦੇ ਹਨ ਤੇ ਉਹਨਾਂ ਨੂੰ ਅਵਰੁ = ਹੋਰ ਬੀਆ = ਦੂਜਾ ਨਜ਼ਰ ਨਹੀਂ ਆਉਂਦਾ।

## ਗੁਰ ਕੈ ਸਬਦਿ ਤਿਖਾ ਨਿਵਾਰੀ; ਸਹਜੇ ਸੂਖਿ ਸਮਾਵਣਿਆ ॥੩॥

ਜਿਨ੍ਹਾਂ ਨੇ ਗੁਰੂ ਦੇ ਸ਼ਬਦ ਦੀ ਕਮਾਈ ਕੀਤੀ ਹੈ, ਉਹਨਾਂ ਦੀ ਤ੍ਰਿਸ਼ਨਾ ਦੀ ਤਿਖਾ = ਤ੍ਰੇਹ ਨਿਵਾਰੀ = ਨਵਿਰਤੀ ਹੋ ਗਈ ਹੈ। ਉਹ ਬਿਨਾਂ ਯਤਨ ਤੋਂ ਸਹਜੇ = ਸੁਤੇ-ਸਿੱਧ ਹੀ ਸੁੱਖ ਸਰੂਪ ਵਿਚ ਸਮਾਵਣਿਆ = ਸਮਾ ਭਾਵ ਅਭੇਦ ਹੋ ਗਏ ਹਨ ॥੩॥

## ਰਤਨੁ ਪਦਾਰਥੁ; ਪਲਰਿ ਤਿਆਗੈ ॥ ਮਨਮੁਖੁ ਅੰਧਾ; ਦੂਜੈ ਭਾਇ ਲਾਗੈ ॥

ਜੋ ਗੁਰੂ ਉਪਦੇਸ਼ ਰੂਪੀ ਰਤਨ ਪਦਾਰਥ ਨੂੰ ਬੁੱਧੀ ਰੂਪ ਪੱਲੇ ਵਿੱਚੋਂ ਪਲਰਿ = ਪਰਾਲੀ ਦੀ ਨਿਆਈਂ ਫੋਕਟ ਜਾਣ ਕੇ ਤਿਆਗੈ = ਛੱਡ ਦਿੰਦਾ ਹੈ।

ਉਹ ਮਨਮੁਖ ਅੰਧਾ = ਅਗਿਆਨੀ ਦੂਜੈ = ਦਵੈਤ ਭਾਇ = ਭਰਮ ਵਿਚ ਲਾਗੈ = ਲੱਗਾ ਰਹਿੰਦਾ ਹੈ।

ਅੰਨਵੇ ਅਨੁਸਾਰ ਅਰਥ : ਮਨਮੁਖੁ ਅੰਧਾ = ਅਗਿਆਨੀ ਨੇ ਦ੍ਵੈਸ਼ ਵਿਚ ਲੱਗ ਕੇ ਨਾਮ ਰੂਪੀ ਰਤਨ ਪਦਾਰਥ ਨੂੰ ਹਿਰਦੇ ਵਿੱਚੋਂ ਪਲਰਿ = ਪਰਾਲੀ ਦੀ ਨਿਆਈਂ ਖ਼ਾਲੀ ਜਾਣ ਕੇ ਤਿਆਗੈ = ਛੱਡ ਦਿੱਤਾ ਹੈ।

## ਜੋ ਬੀਜੈ, ਸੋਈ ਫਲੁ ਪਾਏ; ਸੁਪਨੈ ਸੁਖੁ ਨ ਪਾਵਣਿਆ ॥੪॥

ਉਹ ਜੋ = ਜਿਹੋ ਜਿਹਾ ਵੀ ਬੀਜ ਬੀਜਦਾ ਹੈ, ਸੋਈ = ਉਹੋ ਜਿਹਾ ਹੀ ਫਲ ਪਾਏ = ਪਾਉਂਦਾ ਹੈ ਇਉਂ ਦ੍ਵੈਸ਼ ਵਿਚ ਲੱਗਣੇ ਕਰਕੇ ਉਹ ਸੁਪਨੇ ਵਿਚ ਵੀ ਸੁੱਖ ਨਹੀਂ ਪਾਵਣਿਆ = ਪਾਉਂਦਾ **ਵਾ:** ਸੰਸਾਰ ਰੂਪੀ ਸੁਪਨੇ ਵਿਚ ਸੁੱਖ ਨਹੀਂ ਪਾਉਂਦਾ ॥੪॥

## ਅਪਨੀ ਕਿਰਪਾ ਕਰੇ; ਸੋਈ ਜਨੁ ਪਾਏ ॥ ਗੁਰ ਕਾ ਸਬਦੁ; ਮੰਨਿ ਵਸਾਏ ॥

ਜਿਸ 'ਤੇ ਸਤਿਗੁਰੂ ਜੀ ਆਪਣੀ ਕ੍ਰਿਪਾ ਕਰਦੇ ਹਨ, ਸੋਈ = ਉਹ ਗੁਰਮੁਖ ਜਨ ਹੀ ਪਰਮੇਸ਼ਰ ਨੂੰ ਪਾਏ = ਪਾਉਂਦਾ ਹੈ ਤੇ ਗੁਰੂ ਕਾ = ਦਾ ਸਬਦੁ = ਉਪਦੇਸ਼ ਮਨ ਵਿਚ ਵਸਾਏ = ਵਸਾਉਂਦਾ ਹੈ।

**[ਅੰਗ ੧੧੪]**

## ਅਨਦਿਨੁ ਸਦਾ ਰਹੈ, ਭੈ ਅੰਦਰਿ; ਭੈ ਮਾਰਿ ਭਰਮੁ ਚੁਕਾਵਣਿਆ ॥੫॥

ਉਹ ਅਨਦਿਨੁ = ਰਾਤ ਦਿਨ ਸਦਾ = ਹਮੇਸ਼ਾ ਹੀ ਪ੍ਰਭੂ ਦੇ ਭੈ = ਡਰ ਅੰਦਰਿ = ਵਿਚ ਰਹੈ = ਰਹਿੰਦਾ

ਹੈ, ਇਸ ਲਈ ਉਹ ਜਮ ਆਦਿਕਾਂ ਦੇ ਭੈ = ਡਰ ਨੂੰ ਮਾਰਿ = ਖ਼ਤਮ ਕਰ ਕੇ ਭਰਮ ਨੂੰ ਚੁਕਾਵਣਿਆ = ਚੁਕਾਉਣ ਵਾਲਾ ਹੋ ਜਾਂਦਾ ਹੈ ਭਾਵ ਉਸ ਦਾ ਸੱਤ ਪ੍ਰਕਾਰ ਦਾ ਡਰ ਤੇ ਪੰਜ ਪ੍ਰਕਾਰ ਭਰਮ ਦੂਰ ਹੋ ਜਾਂਦਾ ਹੈ ॥੫॥

## ਭਰਮੁ ਚੁਕਾਇਆ; ਸਦਾ ਸੁਖੁ ਪਾਇਆ ॥
## ਗੁਰ ਪਰਸਾਦਿ; ਪਰਮ ਪਦੁ ਪਾਇਆ ॥

ਜਦੋਂ ਭਰਮ ਚੁਕਾਇਆ = ਚੁਕਾ ਦਿੱਤਾ ਤਾਂ ਉਸ ਨੇ ਸਦੀਵੀ ਸੁੱਖ ਨੂੰ ਪਾਇਆ = ਪ੍ਰਾਪਤ ਕਰ ਲਿਆ। ਗੁਰੂ ਦੀ ਕ੍ਰਿਪਾ ਦੁਆਰਾ ਪਰਮ ਪਦੁ = ਕੈਵਲ ਮੋਖਸ਼ ਰੂਪ ਪਦਵੀ ਨੂੰ ਪਾਇਆ = ਪਾ ਲਿਆ ਹੈ।

## ਅੰਤਰੁ ਨਿਰਮਲੁ, ਨਿਰਮਲ ਬਾਣੀ; ਹਰਿ ਗੁਣ ਸਹਜੇ ਗਾਵਣਿਆ ॥੬॥

ਜਿਸ ਦੇ ਹਿਰਦੇ ਵਿਚ ਨਿਰਮਲੁ = ਪਵਿੱਤਰ ਬਾਣੀ ਵੱਸ ਗਈ ਹੈ, ਉਸ ਦਾ ਅੰਤਹਕਰਣ ਨਿਰਮਲ = ਸੁੱਧ ਹੋ ਗਿਆ ਹੈ ਅਤੇ ਉਹ ਸਹਜੇ = ਸੁਤੇ-ਸਿੱਧ ਦਿਨ ਰਾਤ ਹਰਿ = ਹਰੀ ਪਰਮੇਸ਼ਰ ਦੇ ਗੁਣ ਗਾਵਣਿਆ = ਗਾਉਂਦਾ ਰਹਿੰਦਾ ਹੈ ॥੬॥

## ਸਿਮ੍ਰਿਤਿ ਸਾਸਤ; ਬੇਦ ਵਖਾਣੈ ॥ ਭਰਮੇ ਭੂਲਾ; ਤਤੁ ਨ ਜਾਣੈ ॥

ਸਤਾਈ ਸਿੰਮ੍ਰਿਤੀਆਂ, ਛੇ ਸ਼ਾਸਤਰ ਤੇ ਚਾਰ ਵੇਦ ਇਹ ਵਖਾਣੈ = ਕਥਨ ਕਰਦੇ ਹਨ **ਵਾ:** ਮਨਮੁਖ ਸਿੰਮ੍ਰਿਤੀਆਂ ਸ਼ਾਸਤ੍ਰਾਂ ਤੇ ਬੇਦਾਂ ਨੂੰ ਕਥਨ ਤਾਂ ਕਰਦਾ ਹੈ ਪਰ ਭਰਮੇ = ਭੁਲੇਖੇ ਵਿਚ ਭੁੱਲਿਆ ਹੋਇਆ ਤਤੁ = ਸਿਧਾਂਤ ਰੂਪੀ ਬ੍ਰਹਮ ਨੂੰ ਨਹੀਂ ਜਾਣੈ = ਜਾਣਦਾ।

## ਬਿਨੁ ਸਤਿਗੁਰ ਸੇਵੇ, ਸੁਖੁ ਨ ਪਾਏ; ਦੁਖੋ ਦੁਖੁ ਕਮਾਵਣਿਆ ॥੭॥

ਇਸ ਪ੍ਰਕਾਰ ਸਤਿਗੁਰੂ ਦੀ ਸੇਵਾ ਕੀਤੇ ਤੇ ਬਿਨਾਂ ਉਸ ਮਨਮੁਖ ਨੂੰ ਕਿਤੇ ਵੀ ਸੁੱਖ ਪਾਏ = ਪ੍ਰਾਪਤ ਨਹੀਂ ਹੁੰਦਾ ਦੁੱਖ ਹੀ ਦੁੱਖ ਕਮਾਵਣਿਆ = ਕਮਾਉਣਾ ਕਰਦਾ ਹੈ **ਵਾ:** ਦੁੱਖ ਦੇਣ ਵਾਲੇ ਕਰਮ ਕਰਦਾ ਹੈ ਤੇ ਅੰਤ ਨੂੰ ਦੁੱਖ ਹੀ ਭੋਗਦਾ ਹੈ ॥੭॥

## ਆਪਿ ਕਰੇ; ਕਿਸੁ ਆਖੈ ਕੋਈ ॥ ਆਖਣਿ ਜਾਈਐ; ਜੇ ਭੂਲਾ ਹੋਈ ॥

ਸਭ ਕੁਝ ਕਰਨਹਾਰ ਪਰਮੇਸ਼ਰ ਆਪ ਹੀ ਕਰੇ = ਕਰਦਾ ਹੈ। ਕੋਈ ਕਿਸੇ ਨੂੰ ਕੀ ਕਹਿ ਸਕਦਾ ਹੈ ? ਪਰਮੇਸ਼ਰ ਨੂੰ ਆਖਣ ਵਾਸਤੇ ਤਾਂ ਜਾਈਏ, ਜੇ = ਜੇਕਰ ਉਹ ਭੂਲਾ = ਭੁੱਲਿਆ ਹੋਵੇ।

## ਨਾਨਕ ਆਪੇ ਕਰੇ ਕਰਾਏ; ਨਾਮੇ ਨਾਮਿ ਸਮਾਵਣਿਆ ॥੮॥੭॥੮॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪ੍ਰਭੂ ਆਪ ਹੀ ਬ੍ਰਹਮਾ ਆਦਿਕਾਂ ਨੂੰ ਪੈਦਾ ਕਰੇ = ਕਰਦਾ ਹੈ, ਅਤੇ ਆਪ ਹੀ ਉਨ੍ਹਾਂ ਤੋਂ ਸ੍ਰਿਸਟੀ ਦੀ ਰਚਨਾ ਕਰਾਏ = ਕਰਾਉਂਦਾ ਹੈ, ਜਿਹੜੇ ਜੀਵ ਉਸ ਪਰਮਾਤਮਾ ਦਾ ਨਾਮ ਜਪਦੇ ਹਨ, ਉਹ ਨਾਮਿ = ਨਾਮੀ ਪ੍ਰਭੂ ਵਿਚ ਸਮਾਵਣਿਆ = ਅਭੇਦ ਹੋ ਜਾਂਦੇ ਹਨ ॥੮॥੭॥੮॥

## ਮਾਝ ਮਹਲਾ ੩ ॥
## ਆਪੇ ਰੰਗੇ; ਸਹਜਿ ਸੁਭਾਏ ॥ ਗੁਰ ਕੈ ਸਬਦਿ; ਹਰਿ ਰੰਗੁ ਚੜਾਏ ॥

(**ਚੜਾਏ** ਦਾ ਉਚਾਰਣ ਭਾਰਾ ਹੈ)

ਜਿਸ ਨੂੰ ਪਰਮੇਸ਼ਰ ਆਪੇ = ਆਪ ਪ੍ਰੇਮ ਰੰਗ ਵਿਚ ਰੰਗਣਾ ਚਾਹੇ, ਉਸ ਨੂੰ ਸਹਜਿ ਸੁਭਾਏ = ਸੁਭਾਵਿਕ

ਹੀ ਰੰਗ ਦੇਂਦਾ ਹੈ **ਵਾ:** ਆਪ ਹੀ ਪ੍ਰੇਮ ਰੰਗ ਵਿਚ ਰੰਗ ਕੇ ਸਹਜਿ = ਸ਼ਾਂਤੀ ਸੁਭਾਇ = ਸੁਭਾਅ ਬਖ਼ਸ਼ਦਾ ਹੈ।

ਪ੍ਰੰਤੂ ਇਸ ਪ੍ਰੇਮ ਦੇ ਰੰਗ ਨੂੰ ਗੁਰਾਂ ਕੈ = ਦੇ ਸ਼ਬਦਿ = ਉਪਦੇਸ਼ ਦੁਆਰਾ ਹਰਿ = ਪਰਮੇਸ਼ਰ ਆਪ ਹੀ ਚੜ੍ਹਾਏ = ਚਾੜ੍ਹਦਾ ਹੈ।

## ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ; ਭੈ ਭਾਇ ਰੰਗੁ ਚੜਾਵਣਿਆ ॥੧॥

ਜਿਸ ਦਾ ਤਨੁ = ਸਥੂਲ ਸਰੀਰ ਮਨੁ = ਸੂਖਮ ਸਰੀਰ ਪਰਮਾਤਮਾ ਦੇ ਪ੍ਰੇਮ ਦੇ ਰੰਗ ਵਿਚ ਰਤਾ = ਰੰਗਿਆ ਗਿਆ ਹੈ, ਰਸਨਾ = ਜਿਹਵਾ ਵੀ ਚਲੂਲੀ = ਗਾੜ੍ਹੇ ਪ੍ਰੇਮ ਰੰਗ ਵਿਚ ਰੰਗੀ ਗਈ ਹੈ ਉਸ ਗੁਰਮੁਖ ਨੇ ਪ੍ਰਭੂ ਦੇ ਭੈ = ਡਰ ਨੂੰ ਧਾਰਨ ਕਰਕੇ ਭਾਇ = ਪ੍ਰੇਮ ਦੇ ਰੰਗ ਨੂੰ ਚੜਾਵਣਿਆ = ਚੜ੍ਹਾਉਣਾ ਕੀਤਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਨਿਰਭਉ ਮੰਨਿ ਵਸਾਵਣਿਆ ॥

ਮੈਂ ਉਸ ਗੁਰਮੁਖ ਜਨ ਤੋਂ ਤਨ ਕਰਕੇ ਵਾਰੀ = ਕੁਰਬਾਨ ਤੇ ਮਨ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ, ਜਿਸ ਨੇ ਨਿਰਭਉ ਪਰਮੇਸ਼ਰ ਨੂੰ ਮਨ ਵਿਚ ਵਸਾਵਣਿਆ = ਵਸਾਉਣਾ ਕੀਤਾ ਹੈ।

## ਗੁਰ ਕਿਰਪਾ ਤੇ, ਹਰਿ ਨਿਰਭਉ ਧਿਆਇਆ;
## ਬਿਖੁ ਭਉਜਲੁ ਸਬਦਿ ਤਰਾਵਣਿਆ ॥੧॥ਰਹਾਉ ॥

ਜਿਸ ਗੁਰਮੁਖ ਜਨ ਨੇ ਗੁਰੂ ਦੀ ਕਿਰਪਾ ਤੇ = ਤੋਂ ਨਿਰਭਉ = ਭੈ ਰਹਿਤ ਪ੍ਰਭੂ ਨੂੰ ਧਿਆਇਆ = ਧਿਆਉਣਾ ਕੀਤਾ ਹੈ। ਉਸ ਨੂੰ ਬਿਖੁ = ਵਿਹੁ ਰੂਪੀ ਭਉਜਲੁ = ਸੰਸਾਰ-ਸਮੁੰਦਰ ਤੋਂ ਸਤਿਗੁਰਾਂ ਨੇ ਸਬਦਿ = ਉਪਦੇਸ਼ ਰੂਪੀ ਜਹਾਜ਼ 'ਤੇ ਚੜ੍ਹਾ ਕੇ ਨਾਮ ਦਾ ਆਸਰਾ ਦੇ ਕੇ ਤਰਾਵਣਿਆ = ਤਰਾਉਣਾ ਕੀਤਾ ਹੈ ॥੧॥ਰਹਾਉ॥

## ਮਨਮੁਖ ਮੁਗਧ; ਕਰਹਿ ਚਤੁਰਾਈ ॥ ਨਾਤਾ ਧੋਤਾ; ਥਾਇ ਨ ਪਾਈ ॥

(**ਨਾਤਾ** ਦਾ ਉਚਾਰਣ ਭਾਰਾ ਕਰਨਾ ਹੈ)

ਮਨਮੁਖ ਮੁਗਧ = ਮੂਰਖ ਅਗਿਆਨੀ ਗੱਲਾਂ ਬਾਤਾਂ ਦੁਆਰਾ ਚਤੁਰਾਈ = ਸਿਆਣਪ ਕਰਹਿ = ਕਰਦਾ ਹੈ। ਇਸ ਲਈ ਉਸ ਦਾ ਤੀਰਥਾਂ 'ਤੇ ਨਾਤਾ = ਨਹਾਉਣਾ ਧੋਤਾ = ਧੋਣਾ ਥਾਇ = ਥਾਂ ਨ = ਨਹੀਂ ਪਾਈ = ਪੈਂਦਾ **ਵਾ:** ਨੇਤੀ ਧੋਤੀ ਆਦਿਕ ਕਰਮ ਕਾਂਡ ਕਰਕੇ ਵੀ ਸਰੂਪ ਰੂਪੀ ਥਾਂ ਦੀ ਪ੍ਰਾਪਤੀ ਨਹੀਂ ਹੁੰਦੀ।[੧]

## ਜੇਹਾ ਆਇਆ ਤੇਹਾ ਜਾਸੀ; ਕਰਿ ਅਵਗਣ ਪਛੋਤਾਵਣਿਆ ॥੨॥

ਉਹ ਮਨਮੁਖ ਜੇਹਾ = ਜਿਹੋ ਜਿਹਾ ਮਨੁੱਖਾ ਜਨਮ ਧਾਰ ਕੇ ਆਇਆ ਸੀ, ਤੇਹਾ = ਤਿਹੋ ਜਿਹਾ ਹੀ ਖ਼ਾਲੀ ਤੁਰ ਜਾਸੀ = ਜਾਂਦਾ ਹੈ ਤੇ ਅੰਤ ਨੂੰ ਅਵਗਣ = ਔਗੁਣਾਂ ਕਰਿ = ਕਰਕੇ ਪਛੋਤਾਵਣਿਆ = ਪਛਤਾਉਂਦਾ ਹੈ ॥੨॥

## ਮਨਮੁਖ ਅੰਧੇ; ਕਿਛੂ ਨ ਸੂਝੈ ॥ ਮਰਣੁ ਲਿਖਾਇ ਆਏ; ਨਹੀ ਬੂਝੈ ॥

(**ਸੂਝੈ, ਬੂਝੈ** ਦਾ ਉਚਾਰਣ ਕੱਸ ਕੇ ਹੈ)

ਬਿਬੇਕ ਵੈਰਾਗ ਰੂਪ ਨੇਤ੍ਰਾਂ ਤੋਂ ਹੀਣੇ ਅੰਧੇ = ਅਗਿਆਨੀ ਮਨਮੁਖ ਨੂੰ ਲੋਕ ਪਰਲੋਕ ਦੀ ਕਿਛੂ = ਕੁਝ ਵੀ ਸੂਝੈ = ਸਮਝ ਨਹੀਂ ਹੈ। ਸੰਸਾਰ ਵਿਚ ਧੁਰ ਤੋਂ ਮੌਤ ਲਿਖਾ ਕੇ ਆਏ ਹਨ ਪਰ ਇਥੇ ਆ ਕੇ ਮਰਨੇ ਨੂੰ ਬੂਝੈ = ਸਮਝਦੇ ਨਹੀਂ। ਜਿਹੜਾ ਮਰਣ ਦਾ ਦਿਨ ਹੈ, ਉਹ ਬੰਨ੍ਹਿਆ ਹੋਇਆ ਹੈ। ਜੈਸਾ ਕਿ :

---

੧. ਨਾਤਾ ਧੋਤਾ ਆਮ ਇਕ ਪ੍ਰਚੱਲਤ ਬੋਲੀ ਹੈ, ਨਹਾਉਣਾ ਸਰੀਰ ਦਾ ਤੇ ਧੋਣਾ ਮੂੰਹ ਦਾ।

**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥**
**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥** *(ਅੰਗ ੧੩੭੭)*

**ਵਾ**: ਇਸ ਲੋਕ ਵਿਚ ਆ ਕੇ ਨਾਮ ਨੂੰ ਨਹੀਂ ਬੁੱਝਦੇ।

## ਮਨਮੁਖ ਕਰਮ ਕਰੇ, ਨਹੀ ਪਾਏ; ਬਿਨੁ ਨਾਵੈ ਜਨਮੁ ਗਵਾਵਣਿਆ ॥੩॥

ਮਨਮੁਖ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਹੋਰ ਕਰਮ-ਕਾਂਡ ਕਰੇ = ਕਰਦਾ ਹੈ ਪਰ ਪ੍ਰਭੂ ਦੇ ਨਾਮ ਨੂੰ ਨਹੀਂ ਪਾ ਸਕਦਾ। ਇਸ ਕਰਕੇ ਨਾਮ ਜਪੇ ਤੋਂ ਬਿਨੁ = ਬਗ਼ੈਰ ਆਪਣਾ ਮਨੁੱਖਾ ਜਨਮ ਵਿਅਰਥ ਹੀ ਗਵਾਵਣਿਆ = ਗੁਆ ਭਾਵ ਨਾਸ਼ ਕਰਾ ਲੈਂਦਾ ਹੈ ॥੩॥

## ਸਚੁ ਕਰਣੀ; ਸਬਦੁ ਹੈ ਸਾਰੁ ॥ ਪੂਰੈ ਗੁਰਿ; ਪਾਈਐ ਮੋਖ ਦੁਆਰੁ ॥

ਗੁਰੂ ਦੇ ਸਬਦੁ = ਉਪਦੇਸ਼ ਦੀ ਕਮਾਈ ਕਰਨੀ ਹੀ ਸਾਰੀਆਂ ਕਮਾਈਆਂ ਵਿੱਚੋਂ ਸਾਰੁ = ਸ੍ਰੇਸ਼ਟ ਹੈ। ਕਿਉਂਕਿ ਪੂਰੈ = ਪੂਰਨ ਗੁਰਾਂ ਦੁਆਰਾ ਹੀ ਮੋਖ = ਮੁਕਤੀ ਦਾ ਦੁਆਰੁ = ਦਰਵਾਜ਼ਾ ਗਿਆਨ ਪਾਈਐ = ਪ੍ਰਾਪਤ ਕਰੀਦਾ ਹੈ।

## ਅਨਦਿਨੁ ਬਾਣੀ ਸਬਦਿ ਸੁਣਾਏ; ਸਚਿ ਰਾਤੇ ਰੰਗਿ ਰੰਗਾਵਣਿਆ ॥੪॥

ਜਿਹੜੇ ਅਨਦਿਨੁ = ਦਿਨ ਰਾਤ ਇਕ-ਰਸ ਗੁਰਬਾਣੀ ਦਾ ਉਪਦੇਸ਼ ਸ੍ਰਵਣ ਕਰਵਾਉਂਦੇ ਹਨ, ਉਹ ਸੱਚੇ ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਰੱਤੇ ਰਹਿੰਦੇ ਹਨ ਤੇ ਹੋਰਨਾਂ ਨੂੰ ਵੀ ਨਾਮ ਦੇ ਰੰਗ ਵਿਚ ਰੰਗਾਵਣਿਆ = ਰੰਗ ਦਿੰਦੇ ਹਨ ॥੪॥

## ਰਸਨਾ ਹਰਿ ਰਸਿ ਰਾਤੀ; ਰੰਗੁ ਲਾਏ ॥ ਮਨੁ ਤਨੁ ਮੋਹਿਆ; ਸਹਜਿ ਸੁਭਾਏ ॥

ਜਿਨ੍ਹਾਂ ਦੀ ਰਸਨਾ ਹਰੀ ਦੇ ਨਾਮ ਰਸ ਵਿਚ ਰਾਤੀ = ਰੰਗੀ ਹੋਈ ਹੈ, ਉਹਨਾਂ ਨੂੰ ਸਤਿਗੁਰੂ ਪ੍ਰੇਮ ਦਾ ਰੰਗੁ = ਲਾਏ = ਲਾ ਦਿੰਦੇ ਹਨ। ਉਨ੍ਹਾਂ ਦਾ ਸਹਜਿ ਸੁਭਾਏ = ਸੁਤੇ ਸਿੱਧ ਸੁਭਾਵਿਕ ਹੀ ਮਨ ਤਨ ਮੋਹਿਆ = ਮੋਹਤ ਹੋ ਜਾਂਦਾ ਹੈ **ਅਥਵਾ** ਜੋ ਵੀ ਪਰਮੇਸ਼ਰ ਦੇ ਨਾਮ ਵਿਚ ਰੰਗੇ ਹੋਇਆਂ ਦਾ ਉਪਦੇਸ਼ ਸੁਣਦਾ ਹੈ, ਉਸ ਦਾ ਮਨ, ਤਨ ਸੁਭਾਏ = ਸੁਭਾਵਿਕ ਹੀ ਮੋਹਿਆ ਜਾਂਦਾ ਹੈ।

## ਸਹਜੇ, ਪ੍ਰੀਤਮੁ ਪਿਆਰਾ ਪਾਇਆ; ਸਹਜੇ ਸਹਜਿ ਮਿਲਾਵਣਿਆ ॥੫॥

ਉਨ੍ਹਾਂ ਨੇ ਸ਼ਾਂਤ ਸਰੂਪ ਪਰਮ ਪਿਆਰੇ ਸਤਿਗੁਰੂ ਨੂੰ ਸਹਜੇ = ਸੁਭਾਵਿਕ ਹੀ ਪਾਇਆ ਹੈ। ਅਤੇ ਸਤਿਗੁਰਾਂ ਨੇ ਉਨ੍ਹਾਂ ਨੂੰ ਸਹਜੇ = ਗਿਆਨ ਦੁਆਰਾ ਸਹਜ ਸਰੂਪ ਵਿਚ ਮਿਲਾਵਣਿਆ = ਮਿਲਾ ਦਿੱਤਾ ਹੈ ॥੫॥

## ਜਿਸੁ ਅੰਦਰਿ ਰੰਗੁ; ਸੋਈ ਗੁਣ ਗਾਵੈ ॥ ਗੁਰ ਕੈ ਸਬਦਿ; ਸਹਜੇ ਸੁਖਿ ਸਮਾਵੈ ॥

ਜਿਸ ਜਗਿਆਸੂ ਦੇ ਅੰਦਰ ਗੁਰੂ ਨੇ ਕ੍ਰਿਪਾ ਕਰ ਕੇ ਪ੍ਰੇਮ ਦਾ ਰੰਗ ਬਖ਼ਸ਼ਿਸ਼ ਕੀਤਾ ਹੈ, ਸੋਈ = ਉਹ ਹੀ ਪ੍ਰਭੂ ਦੇ ਗੁਣ ਗਾਵੈ = ਗਾਉਂਦਾ ਹੈ। ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਸਹਜੇ = ਸੁਤੇ-ਸਿੱਧ ਹੀ ਆਤਮ ਸੁੱਖ ਵਿਚ ਸਮਾਵੈ = ਸਮਾਉਂਦਾ ਹੈ।

## ਹਉ ਬਲਿਹਾਰੀ, ਸਦਾ ਤਿਨ ਵਿਟਹੁ; ਗੁਰ ਸੇਵਾ ਚਿਤੁ ਲਾਵਣਿਆ ॥੬॥

ਮੈਂ ਸਦਾ ਹੀ ਉਨ੍ਹਾਂ ਗੁਰਮੁਖਾਂ ਦੇ ਵਿਟਹੁ = ਉੱਪਰੋਂ ਬਲਿਹਾਰ ਸਦਕੇ ਜਾਂਦਾ ਹਾਂ, ਜਿਨ੍ਹਾਂ ਨੇ ਗੁਰੂ ਦੀ ਸੇਵਾ = ਟਹਿਲ ਵਿਚ ਚਿਤ ਬਿਰਤੀ ਨੂੰ ਲਾਵਣਿਆ = ਲਾਉਣਾ ਕੀਤਾ ਹੈ ॥੬॥

## ਸਚਾ ਸਚੋ; ਸਚਿ ਪਤੀਜੈ ॥ ਗੁਰ ਪਰਸਾਦੀ; ਅੰਦਰੁ ਭੀਜੈ ॥

ਜਿਨ੍ਹਾਂ ਨੂੰ ਸਚੋ = ਸੱਚੇ ਪਰਮੇਸ਼ਰ ਤੇ ਨਿਸਚਾ ਹੈ ਤੇ ਸੱਚੇ ਪਰਮੇਸ਼ਰ ਦਾ ਸ੍ਵਣ, ਮੰਨਣ, ਨਿਧਿਆਸਣ ਕਰਦੇ ਹਨ, ਉਨ੍ਹਾਂ ਤੇ ਸੱਚਾ ਪਰਮੇਸ਼ਰ ਪਤੀਜੈ = ਪਤੀਜਦਾ ਹੈ, ਭਰੋਸਾ ਕਰਦਾ ਹੈ। ਅਤੇ ਉਨ੍ਹਾਂ ਦਾ ਗੁਰੂ ਦੀ ਕ੍ਰਿਪਾ ਦੁਆਰਾ ਮਨ ਅੰਤਰ ਆਤਮਾ ਪ੍ਰੇਮ ਵਿਚ ਰੰਗ ਭੀਜੈ = ਭਿੱਜਦਾ ਹੈ।

## ਬੈਸਿ ਸੁਥਾਨਿ, ਹਰਿ ਗੁਣ ਗਾਵਹਿ; ਆਪੇ ਕਰਿ ਸਤਿ ਮਨਾਵਣਿਆ ॥੭॥

ਸਤਿਸੰਗ ਰੂਪੀ ਸੁਥਾਨਿ = ਸ੍ਰੇਸ਼ਟ ਸਥਾਨ 'ਤੇ ਬੈਸਿ = ਬੈਠ ਕਰਕੇ ਜੋ ਹਰਿ = ਹਰੀ ਪਰਮੇਸ਼ਰ ਦੇ ਗੁਣ ਗਾਵਹਿ = ਗਾਉਂਦੇ ਹਨ ਉਨ੍ਹਾਂ ਕੋਲੋਂ ਪਰਮੇਸ਼ਰ ਆਪ ਹੀ ਨਿਸਚੇ ਕਰਕੇ ਆਪਣਾ ਸਤਿ = ਸੱਚ ਸਰੂਪ ਮਨਾਵਣਿਆ = ਮਨਾਉਣਾ ਕਰਦਾ ਹੈ **ਅਥਵਾ** ਜਿਨ੍ਹਾਂ ਗੁਰਮੁਖਾਂ ਨੇ ਸਤਿਸੰਗ ਵਿਚ ਕਮਾਈ ਕੀਤੀ ਹੈ, ਉਹ ਵਾਹਿਗੁਰੂ ਨੂੰ ਪ੍ਰਾਪਤ ਹੋ ਗਏ ਹਨ। ਉਹਨਾਂ ਦੁਆਰਾ ਹੋਰਨਾਂ ਜਗਿਆਸੂਆਂ ਨੂੰ ਸਤਿ ਉਪਦੇਸ਼ ਸ੍ਵਣ ਕਰਵਾ ਕੇ ਪਰਮੇਸ਼ਰ ਸੱਚ ਦਾ ਮੰਨਣ ਕਰਾਉਂਦਾ ਹੈ ॥੭॥

## ਜਿਸ ਨੋ ਨਦਰਿ ਕਰੇ; ਸੋ ਪਾਏ ॥ ਗੁਰ ਪਰਸਾਦੀ; ਹਉਮੈ ਜਾਏ ॥

ਜਿਸ ਨੋ = ਉਪਰ ਸਤਿਗੁਰੂ ਜੀ ਕ੍ਰਿਪਾ ਨਦਰਿ = ਦ੍ਰਿਸ਼ਟੀ ਕਰੇ = ਕਰਦੇ ਹਨ, ਸੋ = ਉਹ ਸਤਿਸੰਗਤ **ਵਾ:** ਨਾਮ ਧਨ ਨੂੰ ਪਾਏ = ਪ੍ਰਾਪਤ ਕਰਦਾ ਹੈ। ਉਸ ਦੀ ਗੁਰੂ ਦੀ ਕ੍ਰਿਪਾ ਦੁਆਰਾ ਹਉਮੈ = ਹੰਗਤਾ ਮਮਤਾ ਵੀ ਨਵਿਰਤੀ ਹੋ ਜਾਏ = ਜਾਂਦੀ ਹੈ।

## ਨਾਨਕ, ਨਾਮੁ ਵਸੈ ਮਨ ਅੰਤਰਿ; ਦਰਿ ਸਚੈ ਸੋਭਾ ਪਾਵਣਿਆ ॥੮॥੮॥੯॥

ਗੁਰੂ ਜੀ ਕਥਨ ਕਰਦੇ ਹਨ ਕਿ ਗੁਰਮੁਖਾਂ ਦੇ ਅੰਦਰ ਸੱਚੇ ਪ੍ਰਭੂ ਦਾ ਨਾਮ ਵਸ ਜਾਂਦਾ ਹੈ। ਉਹ ਇਸ ਲੋਕ ਵਿਚ ਤੇ ਪ੍ਰਭੂ ਦੇ ਸੱਚੇ ਦਰਬਾਰ ਵਿਚ ਸੋਭਾ = ਵਡਿਆਈ ਨੂੰ ਪਾਉਂਦੇ ਹਨ ॥੮॥੮॥੯॥

## ਮਾਝ ਮਹਲਾ ੩ ॥

## ਸਤਿਗੁਰੁ ਸੇਵਿਐ; ਵਡੀ ਵਡਿਆਈ ॥ ਹਰਿ ਜੀ; ਅਚਿੰਤੁ ਵਸੈ ਮਨਿ ਆਈ ॥

ਪੂਰੇ ਸਤਿਗੁਰੂ ਦੀ ਸੇਵਾ ਕਰਕੇ ਸਭ ਤੋਂ ਵੱਡੀ ਵਡਿਆਈ = ਸ਼ੋਭਾ ਇਹ ਪ੍ਰਾਪਤ ਹੁੰਦੀ ਹੈ। ਕਿ ਹਰਿ = ਪਰਮੇਸ਼ਰ ਜੀ ਅਚਿੰਤ = ਅਚਾਨਕ ਹੀ ਮਨਿ = ਹਿਰਦੇ ਵਿਚ ਆਈ = ਆ ਕੇ ਵਸੈ = ਵਸ ਜਾਂਦਾ ਹੈ **ਵਾ:** ਪਰਮੇਸ਼ਰ ਜੀ ਅਚਿੰਤ = ਅਕਸ ਮਾਤਰ ਹੀ ਮਨ ਵਿਚ ਆ ਕੇ ਵਸ ਜਾਂਦਾ ਹੈ **ਵਾ:** ਚਿਤਵਨੀ ਤੋਂ ਰਹਿਤ ਹੋਣੇ ਕਰਕੇ ਪਰਮੇਸ਼ਰ ਜੀ ਹਿਰਦੇ ਵਿਚ ਆ ਵਸਦਾ ਹੈ।

## ਹਰਿ ਜੀਉ, ਸਫਲਿਓ ਬਿਰਖੁ ਹੈ ਅੰਮ੍ਰਿਤੁ;
## ਜਿਨਿ ਪੀਤਾ, ਤਿਸੁ ਤਿਖਾ ਲਹਾਵਣਿਆ ॥੧॥

ਹਰਿ = ਪਰਮੇਸ਼ਰ ਜੀਉ = ਜੀ ਸਫਲਿਓ = ਸਹਿਤ ਗਿਆਨ ਰੂਪੀ ਫਲ ਦੇ ਬਿਰਖੁ = ਬ੍ਰਿਛ ਹੈ = ਹਨ, ਉਸ ਪਰਮੇਸ਼ਰ ਦਾ ਗਿਆਨ ਰੂਪੀ ਫਲ ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਹੈ **ਵਾ:** ਗਿਆਨ ਰੂਪੀ ਫਲ ਅੰਮ੍ਰਿਤ ਦੀ ਤਰ੍ਹਾਂ ਮਿੱਠਾ ਹੈ, ਜਿਸ ਨੇ ਗਿਆਨ ਰੂਪੀ ਫਲ ਦਾ ਰਸ ਪੀਤਾ ਹੈ, ਉਸ ਦੀ ਹੋਰਨਾਂ ਰਸਾਂ ਕਸਾਂ ਦੀ ਤਿਖਾ = ਪਿਆਸ ਲਹਾਵਣਿਆ = ਲਾਹ ਦੇਣ ਵਾਲਾ ਹੈ ਅਰਥਾਤ ਲਾਹ ਦਿੰਦਾ ਹੈ।

**ਅਥਵਾ** ਹਰਿ ਜੀ ਦੇ ਸਰਗੁਣ ਸਰੂਪ ਸਤਿਗੁਰੂ ਸਾਹਿਬ ਜੀ ਸਹਿਤ ਗਿਆਨ ਰੂਪੀ ਫਲ ਦੇ ਬਿਰਖੁ =

ਬ੍ਰਿਛ ਹਨ। ਜਿਵੇਂ ਫਲਾਂ ਵਿਚ ਰਸ ਹੁੰਦਾ ਹੈ, ਇਸ ਤਰ੍ਹਾਂ ਹੀ ਗਿਆਨ ਰੂਪੀ ਫਲ ਵਿਚ ਬ੍ਰਹਮਾਨੰਦ ਰੂਪੀ ਅੰਮ੍ਰਿਤ ਰਸ ਹੈ। ਜਿਸ ਪ੍ਰਾਣੀ ਨੇ ਬ੍ਰਹਮਾਨੰਦ ਅੰਮ੍ਰਿਤ ਰਸ ਨੂੰ ਪੀਤਾ ਹੈ, ਉਸ ਦੀ ਤ੍ਰਿਸ਼ਨਾ ਰੂਪੀ ਤਿਖਾ = ਤੇਹ ਲਹਾਵਣਿਆ = ਲਹਿ ਜਾਂਦੀ ਹੈ॥੧॥

## ਹਉ ਵਾਰੀ, ਜੀਉ ਵਾਰੀ; ਸਚੁ ਸੰਗਤਿ ਮੇਲਿ ਮਿਲਾਵਣਿਆ ॥

ਹਉ = ਮੈਂ ਉਸ ਤੋਂ ਤਨ ਕਰਕੇ ਵਾਰੀ = ਵਾਰਨੇ ਤੇ, ਮਨ ਕਰਕੇ ਵਾਰਨੇ ਜਾਂਦਾ ਹਾਂ, ਜਿਸ ਨੇ ਸੱਚੇ ਸਤਿਗੁਰੂ ਦੀ ਸੰਗਤ ਦੇ ਮੇਲ ਵਿਚ ਆਪਣੇ ਆਪ ਨੂੰ ਮਿਲਾਵਣਿਆ = ਮਿਲਾਉਣਾ ਕੀਤਾ ਹੈ।

## ਹਰਿ ਸਤਸੰਗਤਿ ਆਪੇ ਮੇਲੈ;
## ਗੁਰ ਸਬਦੀ, ਹਰਿ ਗੁਣ ਗਾਵਣਿਆ ॥੧॥ਰਹਾਉ॥

ਜਿਨ੍ਹਾਂ ਨੂੰ ਹਰਿ = ਹਰੀ ਪਰਮੇਸ਼ਰ ਸਤਿਸੰਗਤ ਵਿਚ ਆਪ ਕਿਰਪਾ ਕਰਕੇ ਮੇਲੈ = ਮੇਲਦਾ ਹੈ ਉਹ ਗੁਰਾਂ ਦੇ ਉਪਦੇਸ਼ ਦੁਆਰਾ ਹਰੀ ਦੇ ਗੁਣਾਂ ਨੂੰ ਗਾਵਣਿਆ = ਗਾਉਂਦੇ ਹਨ **ਅਥਵਾ** ਜਿਨ੍ਹਾਂ ਨੇ ਗੁਰ-ਸ਼ਬਦ ਦੀ ਕਮਾਈ ਕੀਤੀ ਹੈ, ਉਹਨਾਂ ਨਾਲ ਮਿਲ ਕੇ ਹਰੀ ਦੇ ਗੁਣਾਂ ਨੂੰ ਗਾਉਣਾ ਕਰੀਏ॥੧॥ਰਹਾਉ॥

[ਅੰਗ ੧੧੫]

## ਸਤਿਗੁਰੁ ਸੇਵੀ; ਸਬਦਿ ਸੁਹਾਇਆ ॥ ਜਿਨਿ ਹਰਿ ਕਾ ਨਾਮੁ; ਮੰਨਿ ਵਸਾਇਆ ॥

ਉਹੋ ਹੀ ਸਤਿਗੁਰਾਂ ਦੀ ਸੇਵੀ = ਸੇਵਾ ਕਰ ਕੇ ਅਤੇ ਸਬਦਿ = ਉਪਦੇਸ਼ ਦੀ ਕਮਾਈ ਕਰ ਕੇ ਸੁਹਾਇਆ = ਸ਼ੋਭਨੀਕ ਹੋਏ ਹਨ। ਜਿਨ੍ਹਾਂ ਨੇ ਹਰਿ = ਹਰੀ ਕਾ = ਦਾ ਨਾਮ ਮਨ ਵਿਚ ਵਸਾਇਆ = ਵਸਾਉਣਾ ਕੀਤਾ ਹੈ।

## ਹਰਿ ਨਿਰਮਲੁ, ਹਉਮੈ ਮੈਲੁ ਗਵਾਏ; ਦਰਿ ਸਚੈ ਸੋਭਾ ਪਾਵਣਿਆ ॥੨॥

ਉਹ ਮਾਇਆ ਦੀ ਮੈਲ ਤੋਂ ਰਹਿਤ ਨਿਰਮਲ ਹਰੀ ਦੇ ਨਾਮ ਨੂੰ ਜਪ ਕੇ ਹਉਮੈ ਦੀ ਮੈਲ ਨੂੰ ਗਵਾਏ = ਗਵਾ ਲੈਂਦੇ ਹਨ ਅਤੇ ਸੱਚੇ ਪ੍ਰਭੂ ਦੇ ਸਚਖੰਡ ਰੂਪੀ ਦਰਿ = ਦਰਬਾਰ ਵਿਚ ਸੋਭਾ = ਵਡਿਆਈ ਪਾਵਣਿਆ = ਪਾਉਂਦੇ ਹਨ ॥੨॥

## ਬਿਨੁ ਗੁਰ; ਨਾਮੁ ਨ ਪਾਇਆ ਜਾਇ ॥ ਸਿਧ ਸਾਧਿਕ; ਰਹੇ ਬਿਲਲਾਇ ॥

ਪੂਰੇ ਗੁਰੂ ਤੋਂ ਬਿਨਾਂ ਕਿਸੇ ਵੀ ਯਤਨ ਦੁਆਰਾ ਕਿਸੇ ਪਾਸੋਂ ਵੀ ਪਰਮੇਸ਼ਰ ਦਾ ਨਾਮ ਨਹੀਂ ਪਾਇਆ ਜਾਂਦਾ। ਚੌਰਾਸੀ ਸਿਧ ਤੇ ਸਾਧਿਕ = ਸਾਧਨਾ ਕਰਨ ਵਾਲੇ, ਧੂਣੀਆਂ ਤਾਪਣ ਵਾਲੇ, ਜਲਧਾਰੇ ਕਰਨ ਵਾਲੇ ਆਦਿ ਜਗਿਆਸੂ ਨਾਮ ਪ੍ਰਾਪਤੀ ਲਈ ਬਿਲਲਾਇ = ਵਿਰਲਾਪ ਕਰ ਰਹੇ ਹਨ।

## ਬਿਨੁ ਗੁਰ ਸੇਵੇ, ਸੁਖੁ ਨ ਹੋਵੀ; ਪੂਰੈ ਭਾਗਿ ਗੁਰੁ ਪਾਵਣਿਆ ॥੩॥

ਪੂਰੇ ਗੁਰੂ ਦੀ ਸੇਵੇ = ਟਹਿਲ ਕੀਤੇ ਬਿਨਾਂ ਸਦੀਵੀ ਸੁੱਖ ਪ੍ਰਾਪਤ ਨਹੀਂ ਹੁੰਦਾ, ਜਿਨ੍ਹਾਂ ਦੇ ਪੂਰੈ = ਪੂਰਨ ਨਿਸ਼ਕਾਮ ਭਾਗਿ = ਕਰਮ ਹੁੰਦੇ ਹਨ, ਉਹ ਹੀ ਪੂਰੇ ਸਤਿਗੁਰੂ ਨੂੰ ਪਾਵਣਿਆ = ਪਾਉਣਾ ਕਰਦੇ ਹਨ ॥੩॥

## ਇਹੁ ਮਨੁ ਆਰਸੀ; ਕੋਈ ਗੁਰਮੁਖਿ ਵੇਖੈ ॥ ਮੋਰਚਾ ਨ ਲਾਗੈ; ਜਾ ਹਉਮੈ ਸੋਖੈ ॥

ਇਸ ਮਨ ਨੂੰ ਆਰਸੀ = ਸ਼ੀਸ਼ੇ ਵਾਂਗੂੰ ਸ਼ੁੱਧ ਕਰ ਕੇ ਕੋਈ ਵਿਰਲਾ ਗੁਰਮੁਖ ਹੀ ਪਰਮੇਸ਼ਰ ਦੇ ਸਰੂਪ ਨੂੰ ਵੇਖਦਾ ਹੈ **ਅਥਵਾ** ਇਸ ਮਨ ਰੂਪੀ ਸ਼ੀਸ਼ੇ ਵਿੱਚੋਂ ਕੋਈ ਵਿਰਲਾ ਗੁਰਮੁਖ ਹੀ ਨਿਜ ਆਤਮਾ ਰੂਪੀ ਮੂੰਹ ਨੂੰ

ਵੇਖੈ = ਵੇਖਦਾ ਹੈ। ਜਦੋਂ ਹਉਮੈ ਨੂੰ ਸੋਖੈ = ਸੁਕਾ ਦਿੱਤਾ ਤਾਂ ਫੇਰ ਅਵਿੱਦਿਆ **ਵਾ:** ਕਾਮ, ਕ੍ਰੋਧ ਆਦਿ ਦਾ ਮੋਰਚਾ = ਜ਼ੰਗਾਲ ਨਹੀਂ ਲੱਗਦਾ।[1]

## ਅਨਹਤ ਬਾਣੀ, ਨਿਰਮਲ ਸਬਦੁ ਵਜਾਏ; ਗੁਰ ਸਬਦੀ ਸਚਿ ਸਮਾਵਣਿਆ ॥੪॥

ਜੋ ਮਨੁੱਖ ਗੁਰੂ ਦੇ ਨਿਰਮਲ = ਉੱਜਲ ਸਬਦੁ = ਉਪਦੇਸ਼, ਬਾਣੀ ਨੂੰ ਅਨਹਤ = ਇਕ ਰਸ ਵਜਾਏ = ਉਚਾਰਨ ਕਰਦਾ ਹੈ, ਉਹ ਗੁਰ ਸਬਦੀ = ਗੁਰੂ ਉਪਦੇਸ਼ ਦੀ ਕਮਾਈ ਕਰ ਕੇ ਸੱਚੇ ਪਰਮੇਸ਼ਰ ਵਿਚ ਸਮਾਵਣਿਆ = ਸਮਾ ਭਾਵ ਮਿਲ ਜਾਂਦਾ ਹੈ ॥੪॥

## ਬਿਨੁ ਸਤਿਗੁਰ; ਕਿਹੁ ਨ ਦੇਖਿਆ ਜਾਇ ॥
## ਗੁਰਿ ਕਿਰਪਾ ਕਰਿ; ਆਪੁ ਦਿਤਾ ਦਿਖਾਇ ॥

ਪੂਰੇ ਸਤਿਗੁਰੂ ਦੀ ਕਿਰਪਾ ਤੋਂ ਬਿਨਾਂ ਕਿਹੁ = ਕਿਸੇ ਵੀ ਯਤਨ ਦੁਆਰਾ ਆਪਣਾ ਆਤਮਕ ਸਰੂਪ ਸਾਖਿਆਤ ਕਰ ਕੇ ਨਹੀਂ ਦੇਖਿਆ ਜਾਇ = ਜਾ ਸਕਦਾ। ਸਤਿਗੁਰੂ ਜੀ ਨੇ ਕਿਰਪਾ ਕਰਿ = ਕਰ ਕੇ ਆਪ ਹੀ ਗੁਰਮੁਖ ਜਨਾਂ ਨੂੰ ਅੰਤਰ-ਆਤਮਾ ਦਾ ਦਰਸ਼ਨ ਦਿਖਾਇ = ਵਿਖਾ ਦਿੱਤਾ ਹੈ।

## ਆਪੇ ਆਪਿ, ਆਪਿ ਮਿਲਿ ਰਹਿਆ; ਸਹਜੇ ਸਹਜਿ ਸਮਾਵਣਿਆ ॥੫॥

ਆਪੇ ਈਸ਼ਵਰ ਰੂਪ ਹੈ, ਆਪੇ ਜੀਵ ਰੂਪ ਹੈ, ਆਪ ਹੀ ਸਤ ਅਨੰਦ ਰੂਪ ਹੋ ਕੇ ਸਾਰਿਆਂ ਵਿਚ ਮਿਲ ਰਿਹਾ ਹੈ, ਉਸ ਸਹਜਿ = ਸ਼ਾਂਤ ਸਰੂਪ ਪਰਮੇਸ਼ਰ ਵਿਚ ਸਹਜੇ = ਗਿਆਨ ਕਰ ਕੇ ਸਮਾਵਣਿਆ = ਸਮਾ ਜਾਈਦਾ ਹੈ ॥੫॥

## ਗੁਰਮੁਖਿ ਹੋਵੈ; ਸੁ ਇਕਸੁ ਸਿਉ ਲਿਵ ਲਾਏ ॥
## ਦੂਜਾ ਭਰਮੁ; ਗੁਰ ਸਬਦਿ ਜਲਾਏ ॥

ਜਿਹੜੇ ਗੁਰਮੁਖ ਹੋਵੈ = ਹੁੰਦੇ ਹਨ ਸੁ = ਉਹ ਇਕਸੁ = ਇਕ ਅਕਾਲ ਪੁਰਖ ਦੇ ਸਿਉ = ਨਾਲ ਹੀ ਚਿੱਤ ਦੀ ਲਿਵ = ਬਿਰਤੀ ਨੂੰ ਲਾਏ = ਲਾਉਂਦੇ ਭਾਵ ਜੋੜਦੇ ਹਨ। ਅਤੇ ਗੁਰ-ਸ਼ਬਦ ਦੀ ਕਮਾਈ ਕਰ ਕੇ ਦੂਜਾ = ਦ੍ਵੈਸ਼ ਅਤੇ ਭਰਮੁ = ਭੁਲੇਖੇ ਨੂੰ ਜਲਾਏ = ਸਾੜ ਦਿੰਦੇ ਹਨ।

## ਕਾਇਆ ਅੰਦਰਿ, ਵਣਜੁ ਕਰੇ ਵਾਪਾਰਾ; ਨਾਮੁ ਨਿਧਾਨੁ ਸਚੁ ਪਾਵਣਿਆ ॥੬॥

ਉਹ ਇਸ ਕਾਇਆ = ਸਰੀਰ ਦੇ ਅੰਦਰਿ = ਵਿਚ ਹੀ ਆਪ ਨਾਮ ਜਪਣ ਦਾ ਵਣਜੁ = ਵਪਾਰ ਕਰੇ = ਕਰਦੇ ਹਨ ਤੇ ਹੋਰਨਾਂ ਤੋਂ ਨਾਮ ਜਪਾਉਣ ਰੂਪ ਵਾਪਾਰਾ = ਵਣਜ ਕਰਾਉਂਦੇ ਹਨ ਕਿਉਂਕਿ ਉਨ੍ਹਾਂ ਨੇ ਗੁਰਾਂ ਪਾਸੋਂ ਸੱਚਾ ਨਾਮ ਰੂਪੀ ਨਿਧਾਨੁ = ਖ਼ਜ਼ਾਨਾ ਪਾਵਣਿਆ = ਪਾਉਣਾ ਕੀਤਾ ਹੈ ॥੬॥

---

੧. ਆਰਸ਼ੀ ਸ਼ੀਸ਼ੇ ਨੂੰ ਕਹਿੰਦੇ ਹਨ, ਜੋ ਸੰਸਕ੍ਰਿਤ ਦੇ ਪਦ ਆਦਰਸ਼ ਤੋਂ ਬਣਿਆ ਹੈ, ਪੁਰਾਣੇ ਸਮੇਂ ਕੱਚ ਦਾ ਸ਼ੀਸ਼ਾ ਨਹੀਂ ਹੁੰਦਾ ਸੀ, ਉਸ ਵੇਲੇ ਲੋਹੇ ਨੂੰ ਰਗੜ-ਰਗੜ ਕੇ ਇਤਨਾ ਲਿਸ਼ਕਾ ਲੈਂਦੇ ਸਨ ਕਿ ਉਸ ਵਿਚ ਆਪਣਾ ਚਿਹਰਾ ਦਿੱਸਣ ਲੱਗ ਪੈਂਦਾ ਸੀ, ਇਸ ਲੋਹੇ ਦੇ ਸ਼ੀਸ਼ੇ ਨੂੰ ਸਿਲ੍ਹ ਦੇ ਕਾਰਨ ਜ਼ੰਗਾਲ ਲੱਗ ਜਾਂਦਾ ਹੈ, ਇਸ ਕਰਕੇ ਇਥੇ ਸ਼ੀਸ਼ੇ ਨੂੰ ਜ਼ੰਗਾਲ ਲੱਗਣੇ ਦਾ ਜ਼ਿਕਰ ਕੀਤਾ ਹੈ।

ਇਸੇ ਪ੍ਰਕਾਰ ਮਨ ਰੂਪੀ ਸ਼ੀਸ਼ੇ ਵਿਚ ਜੀਵ ਆਪਣਾ ਸ਼ੁੱਧ (ਸ੍ਵੈ) ਸਰੂਪ ਦੇਖ ਸਕਦਾ ਹੈ, ਪਰ ਇਸ ਨੂੰ ਹਉਮੈ ਦੀ ਸਿਲ੍ਹ (ਸਲਾਬ) ਨੇ ਰਾਗ, ਦ੍ਵੈਖ ਦਾ ਜੰਗਾਲ ਲਾ ਦਿੱਤਾ ਹੈ, ਜੇਕਰ ਰਾਗ ਦ੍ਵੈਖ ਨੂੰ ਜਿੱਤਿਆ ਜਾਵੇ, ਮੈਂ ਮੇਰੀ ਹਟ ਜਾਵੇ ਤਾਂ ਮਨ ਨਿਰਮਲ ਹੋ ਕੇ ਸ਼ੀਸ਼ੇ ਦਾ ਕੰਮ ਦਿੰਦਾ ਹੈ, ਜਿਸ ਵਿਚ ਆਪਣੇ ਆਪ ਦਾ ਆਤਮ ਸਰੂਪ ਆਪ ਨੂੰ ਦਿੱਸ ਪੈਂਦਾ ਹੈ।

## ਗੁਰਮੁਖਿ ਕਰਣੀ; ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ; ਮੋਖ ਦੁਆਰੁ ॥

ਸਰੂਪ ਦੀ ਪ੍ਰਾਪਤੀ ਲਈ ਜੋ ਸਾਰ ਰੂਪ ਹਰਿ = ਪਰਮੇਸ਼ਰ ਦਾ ਕੀਰਤਿ = ਜਸ ਕਰਨਾ ਹੈ, ਇਹੋ ਹੀ ਗੁਰਮੁਖਾਂ ਦੀ ਕਰਨੀ ਹੈ **ਵਾ:** ਜੋ ਹਰੀ ਦਾ ਕੀਰਤਨ ਰੂਪ ਗੁਰਮੁਖਾਂ ਦੀ ਕਰਨੀ ਹੈ ਇਹੋ ਹੀ ਸ੍ਰੇਸ਼ਟ ਕਰਨੀ ਹੈ। ਜਿਸ ਕਰਕੇ ਗੁਰਮੁਖ ਨਾਮ ਦੀ ਕਮਾਈ ਕਰ ਕੇ ਮੋਖ = ਮੁਕਤੀ ਦੇ ਦੁਆਰੁ = ਦਰਵਾਜ਼ੇ ਗਿਆਨ ਨੂੰ ਪਾਏ = ਪਾ ਲੈਂਦੇ ਹਨ।

## ਅਨਦਿਨੁ ਰੰਗਿ ਰਤਾ ਗੁਣ ਗਾਵੈ; ਅੰਦਰਿ ਮਹਲਿ ਬੁਲਾਵਣਿਆ ॥੭॥

ਜੋ ਗੁਰਮੁਖ ਅਨਦਿਨੁ = ਦਿਨ ਰਾਤ ਰੰਗਿ = ਪ੍ਰੇਮ ਵਿਚ ਰੱਤਾ ਹੋਇਆ ਪਰਮੇਸ਼ਰ ਦੇ ਗੁਣ ਗਾਵੈ = ਗਾਉਂਦਾ ਹੈ, ਉਸ ਨੂੰ ਪਰਮੇਸ਼ਰ ਤੁਰੀਆ ਪਦ ਦੀ ਅਵਸਥਾ ਬਖ਼ਸ਼ਿਸ਼ ਕਰਕੇ ਨਿਜ ਸਰੂਪ ਰੂਪੀ ਮਹਲ ਦੇ ਅੰਦਰਿ = ਵਿਚ ਬੁਲਾਵਣਿਆ = ਬੁਲਾ ਲੈਂਦਾ ਹੈ ਭਾਵ ਅਭੇਦ ਕਰ ਲੈਂਦਾ ਹੈ ॥੭॥

## ਸਤਿਗੁਰੁ ਦਾਤਾ; ਮਿਲੈ ਮਿਲਾਇਆ ॥ ਪੂਰੈ ਭਾਗਿ; ਮਨਿ ਸਬਦੁ ਵਸਾਇਆ ॥

ਇਹ ਸ੍ਰੇਸ਼ਟ ਕਰਨੀ ਗੁਰੂ ਤੋਂ ਪ੍ਰਾਪਤ ਹੁੰਦੀ ਹੈ, ਪਰੰਤੂ ਸਤਿਗੁਰੂ ਦਾਤਾ ਨਿਸ਼ਕਾਮ ਕਰਮਾਂ ਦੁਆਰਾ ਪਰਮੇਸ਼ਰ ਦਾ ਮਿਲਾਇਆ ਹੋਇਆ ਹੀ ਮਿਲੈ = ਮਿਲਦਾ ਹੈ **ਵਾ:** ਸਤਿਗੁਰੂ ਦਾਤੇ ਦੀ ਕਿਰਪਾ ਦੁਆਰਾ ਹੀ ਨਾਮ ਮਿਲੈ = ਮਿਲਦਾ ਹੈ ਤੇ ਨਾਮ ਦੀ ਕਮਾਈ ਕਰਕੇ ਪਰਮੇਸ਼ਰ ਦਾ ਮਿਲਾਇਆ = ਮਿਲਾਪ ਹੁੰਦਾ ਹੈ। ਅਤੇ ਪੂਰੈ = ਪੂਰਨ ਨਿਸ਼ਕਾਮ ਭਾਗਿ = ਕਰਮਾਂ ਕਰਕੇ ਹੀ ਐਸੇ ਗੁਰਾਂ ਦਾ ਬਖ਼ਸ਼ਿਸ਼ ਕੀਤਾ ਹੋਇਆ ਸਬਦ ਮਨਿ = ਹਿਰਦੇ ਵਿਚ ਵਸਾਇਆ ਜਾ ਸਕਦਾ ਹੈ।

## ਨਾਨਕ ਨਾਮੁ ਮਿਲੈ ਵਡਿਆਈ;
## ਹਰਿ ਸਚੇ ਕੇ ਗੁਣ ਗਾਵਣਿਆ ॥੮॥੯॥੧੦॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ ਜਪਣ ਨਾਲ ਜੀਵ ਨੂੰ ਦਰਗਾਹ ਵਿਚ ਵਡਿਆਈ = ਸ਼ੋਭਾ ਮਿਲੈ = ਮਿਲਦੀ ਹੈ। ਇਸ ਕਰਕੇ ਉਸ ਸੱਚੇ ਹਰਿ = ਹਰੀ ਪਰਮੇਸ਼ਰ ਕੇ = ਦੇ ਗੁਣ ਗਾਵਣਿਆ = ਗਾਉਣਾ ਕਰੀਏ ॥੮॥੯॥੧੦॥

## ਮਾਝ ਮਹਲਾ ੩ ॥
## ਆਪੁ ਵੰਞਾਏ; ਤਾ ਸਭ ਕਿਛੁ ਪਾਏ ॥ ਗੁਰ ਸਬਦੀ; ਸਚੀ ਲਿਵ ਲਾਏ ॥

ਜਿਹੜਾ ਗੁਰੂ ਕਿਰਪਾ ਦੁਆਰਾ ਆਪੁ = ਆਪਾ ਭਾਵ (ਹੰਕਾਰ) ਨੂੰ ਵੰਞਾਏ = ਗਵਾ ਦੇਵੇ, ਤਾਂ ਉਹ ਸਭ ਕੁਝ ਰਿਧੀਆਂ ਸਿਧੀਆਂ, ਬ੍ਰਹਮ ਵਿੱਦਿਆ, ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ ਆਦਿ ਪਾਏ = ਪ੍ਰਾਪਤ ਕਰ ਲੈਂਦਾ ਹੈ। ਅਤੇ ਉਹੋ ਹੀ ਗੁਰ-ਸ਼ਬਦ ਦੀ ਕਮਾਈ ਕਰਕੇ ਪਰਮੇਸ਼ਰ ਵਿਚ ਸੱਚੀ ਲਿਵ = ਬਿਰਤੀ ਨੂੰ ਲਾਏ = ਲਾ ਲੈਂਦਾ ਹੈ।

## ਸਚੁ ਵਣੰਜਹਿ ਸਚੁ ਸੰਘਰਹਿ; ਸਚੁ ਵਾਪਾਰੁ ਕਰਾਵਣਿਆ ॥੧॥

ਉਹ ਸੱਚੇ ਸਤਿਗੁਰੂ ਪਾਸੋਂ ਸੱਚੇ ਨਾਮ ਨੂੰ ਵਣੰਜਹਿ = ਖ਼ਰੀਦਣਾ ਕਰਦਾ ਹੈ ਤੇ ਸੱਚੇ ਨਾਮ ਨੂੰ ਹੀ ਹਿਰਦੇ ਵਿਚ ਸੰਘਰਹਿ = ਇਕੱਤ੍ਰ ਕਰਦਾ ਹੈ ਅਤੇ ਹੋਰਨਾਂ ਪਾਸੋਂ ਵੀ ਨਾਮ ਜਪਾਉਣ ਰੂਪੀ ਸੱਚਾ ਵਾਪਾਰ ਕਰਾਵਣਿਆ = ਕਰਾਉਣਾ ਕਰਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਹਰਿ ਗੁਣ ਅਨਦਿਨੁ ਗਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰਕੇ ਵਾਰੀ = ਵਾਰਨੇ ਜੀਉ = ਜੀਵ ਭਾਵ ਤੋਂ ਵਾਰੀ = ਬਲਿਹਾਰਨੇ ਜਾਂਦਾ ਹਾਂ ਜੋ ਅਨਦਿਨੁ = ਦਿਨ ਰਾਤ ਹਰਿ = ਪ੍ਰਭੂ ਦੇ ਗੁਣਾਂ ਨੂੰ ਗਾਵਣਿਆ = ਗਾਉਂਦੇ ਹਨ।

## ਹਉ ਤੇਰਾ, ਤੂੰ ਠਾਕੁਰੁ ਮੇਰਾ; ਸਬਦਿ ਵਡਿਆਈ ਦੇਵਣਿਆ ॥੧॥ਰਹਾਉ॥

ਹਉ = ਮੈਂ ਤੇਰਾ ਸੇਵਕ ਹਾਂ, ਤੂੰ ਮੇਰਾ ਠਾਕੁਰ = ਸੁਆਮੀ ਮਾਲਕ ਹੈਂ ਗੁਰੂ ਦੇ ਸਬਦਿ = ਉਪਦੇਸ਼ ਦੀ ਕਮਾਈ ਕਰਨ ਵਾਲਿਆਂ ਨੂੰ ਤੂੰ ਨਿਜ ਸਰੂਪ ਦੀ ਪ੍ਰਾਪਤੀ ਰੂਪੀ ਵਡਿਆਈ = ਸ਼ੋਭਾ ਦੇਵਣਿਆ = ਦੇਣ ਵਾਲਾ ਹੈਂ ॥੧॥ਰਹਾਉ॥

## ਵੇਲਾ ਵਖਤ; ਸਭਿ ਸੁਹਾਇਆ ॥ ਜਿਤੁ ਸਚਾ; ਮੇਰੇ ਮਨਿ ਭਾਇਆ ॥

ਉਹ ਚਾਰ ਘੜੀ ਦਾ ਵੇਲਾ = ਸਮਾਂ ਤੇ ਦਿਨ ਰਾਤ ਦਾ ਵਖਤ **ਵਾ:** ਪੂਰੇ ਗੁਰਾਂ ਦੀ ਸ਼ਰਨ ਵਿਚ ਆਉਣ ਦਾ ਸਮਾਂ ਤੇ ਉਪਦੇਸ਼ ਪ੍ਰਾਪਤ ਕਰਨ ਦਾ ਵਖਤ **ਵਾ:** ਸ੍ਰਵਣ ਮੰਨਣ ਕਰਨ ਦਾ ਵੇਲਾ ਤੇ ਨਿਧਿਆਸਣ, ਤੱਤ ਤ੍ਵੰ ਦਾ ਸੰਸੋਧਨ ਕਰਨ ਦਾ ਵਕਤ ਸਭਿ = ਸਾਰਾ ਸੁਹਾਇਆ = ਸ਼ੋਭਨੀਕ ਹੈ।

ਜਿਸ ਵੇਲੇ ਤੇ ਵਕਤ ਵਿਚ ਸੱਚਾ ਪਰਮੇਸ਼ਰ ਮੇਰੇ ਮਨ ਵਿਚ ਭਾਇਆ = ਚੰਗਾ ਲੱਗਿਆ ਹੈ।

## ਸਚੇ ਸੇਵਿਐ, ਸਚੁ ਵਡਿਆਈ; ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥

ਸਚੇ ਸੇਵਿਐ = ਸੱਚੇ ਨੂੰ ਧਿਆਉਣ ਨਾਲ ਸੱਚ ਸਰੂਪ ਦੀ ਪ੍ਰਾਪਤੀ ਰੂਪੀ ਵਡਿਆਈ = ਸ਼ੋਭਾ ਮਿਲਦੀ ਹੈ, ਗੁਰੂ ਕਿਰਪਾ ਤੇ = ਤੋਂ ਹੀ ਸੱਚਾ ਨਾਮ ਪਾਵਣਿਆ = ਪਾਉਣਾ ਕਰੀਦਾ ਹੈ ॥੨॥

## ਭਾਉ ਭੋਜਨੁ; ਸਤਿਗੁਰਿ ਤੁਠੈ ਪਾਏ ॥
## ਅਨ ਰਸੁ ਚੂਕੈ; ਹਰਿ ਰਸੁ ਮੰਨਿ ਵਸਾਏ ॥

ਭਾਉ = ਪ੍ਰੇਮ ਰੂਪੀ ਭੋਜਨ ਸਤਿਗੁਰਿ ਤੁਠੈ = ਸਤਿਗੁਰਾਂ ਦੀ ਪ੍ਰਸੰਨਤਾ ਦੁਆਰਾ ਪਾਏ = ਪ੍ਰਾਪਤ ਹੁੰਦਾ ਹੈ। ਸਤਿਗੁਰੂ ਦੀ ਪ੍ਰਸੰਨਤਾ ਦਾ ਭਾਵ ਹਿਰਦੇ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਣਾ।

ਜਦੋਂ ਮਨ ਵਿਚ ਹਰੀ ਪਰਮੇਸ਼ਰ ਦੇ ਨਾਮ ਦਾ ਰਸ ਵਸਾਏ = ਵਸ ਜਾਂਦਾ ਹੈ, ਫੇਰ ਸ਼ਬਦ, ਸਪਰਸ਼, ਰੂਪ, ਰਸ, ਗੰਧ ਵਿਸ਼ਿਆਂ ਦੇ ਅਨ = ਹੋਰ ਰਸ ਚੂਕੈ = ਦੂਰ ਹੋ ਜਾਂਦੇ ਹਨ।

## ਸਚੁ ਸੰਤੋਖੁ, ਸਹਜ ਸੁਖੁ ਬਾਣੀ; ਪੂਰੇ ਗੁਰ ਤੇ ਪਾਵਣਿਆ ॥੩॥

ਸੱਚ ਦੇ ਧਾਰਨੀ ਹੋਣਾ, ਸੰਤੋਖੀ ਹੋਣਾ, ਸਹਜ = ਸ਼ਾਂਤ ਸੁਭਾਅ ਹੋਣਾ, ਮੁੱਖੋਂ ਸੁੱਖ ਦੇਣ ਵਾਲੀ ਬਾਣੀ ਬੋਲਣੀ ਆਦਿ ਇਹ ਸਭ ਕੁਝ ਪੂਰੇ = ਪੂਰਨ ਸਤਿਗੁਰਾਂ ਤੇ = ਤੋਂ ਹੀ ਪਾਵਣਿਆ = ਪਾਉਣਾ ਕਰੀਦੇ ਹਨ **ਵਾ:** ਸਹਜ = ਆਤਮਕ ਸ਼ਾਂਤੀ ਵਾਲਾ ਸਦੀਵੀ ਸੁੱਖ ਪੂਰੇ ਗੁਰੂ ਦੀ ਬਾਣੀ ਦੁਆਰਾ ਪਾਵਣਿਆ = ਪਾਇਆ ਜਾਂਦਾ ਹੈ ॥੩॥

## ਸਤਿਗੁਰੁ ਨ ਸੇਵਹਿ; ਮੂਰਖ ਅੰਧ ਗਵਾਰਾ ॥
## ਫਿਰਿ ਓਇ ਕਿਥਹੁ; ਪਾਇਨਿ ਮੋਖ ਦੁਆਰਾ ॥

ਉਹ ਦੇਹ ਅਭਿਮਾਨ ਕਰਕੇ ਮੂਰਖ, ਸ਼ਾਸਤਰ ਗਿਆਨ ਤੋਂ ਹੀਣੇ ਅੰਧ = ਅੰਨ੍ਹੇ ਤੇ ਪ੍ਰਮਾਰਥ, ਵਿਵਹਾਰਾਂ

ਵੱਲੋਂ ਗਵਾਰਾ = ਬੇਸਮਝ ਹਨ **ਵਾ:** ਮਨ, ਬਾਣੀ, ਸਰੀਰ ਕਰਕੇ ਮੂਰਖ ਅੰਨੇ ਤੇ ਬੇਸਮਝ ਹਨ। ਫਿਰ ਓਇ = ਉਹ ਕਿਥੋਂ ਤੇ ਕਿਸ ਤਰ੍ਹਾਂ ਮੋਖ = ਮੁਕਤੀ ਦਾ ਦੁਆਰਾ = ਦਰਵਾਜ਼ਾ ਬ੍ਰਹਮ ਗਿਆਨ ਪ੍ਰਾਪਤ ਕਰਨਗੇ। ਭਾਵ ਨਹੀਂ ਪ੍ਰਾਪਤ ਕਰ ਸਕਦੇ।

## ਮਰਿ ਮਰਿ ਜੰਮਹਿ, ਫਿਰਿ ਫਿਰਿ ਆਵਹਿ;
## ਜਮ ਦਰਿ ਚੋਟਾ ਖਾਵਣਿਆ ॥੪॥

ਸਤਿਗੁਰਾਂ ਤੋਂ ਬੇਮੁੱਖ ਹੋਣ ਕਰਕੇ ਮੌਤ ਦੇ ਮਰਿ = ਮਾਰੇ ਹੋਏ ਮਰਿ = ਮਰਦੇ ਤੇ ਵਾਸਨਾ ਦੇ ਬੱਧੇ ਹੋਏ ਜੰਮਹਿ = ਜੰਮਦੇ ਰਹਿੰਦੇ ਹਨ, ਇਉਂ ਫਿਰਿ ਫਿਰਿ = ਮੁੜ ਮੁੜ ਚੌਰਾਸੀ ਲੱਖ ਜੂਨਾਂ ਵਿਚ ਆਵਹਿ = ਆਉਂਦੇ ਰਹਿੰਦੇ ਹਨ ਅਤੇ ਜਮਾਂ ਦੇ ਦਰ 'ਤੇ ਬੰਨ੍ਹੇ ਹੋਏ ਚੋਟਾ = ਸੱਟਾਂ ਖਾਵਣਿਆ = ਖਾਂਦੇ ਰਹਿੰਦੇ ਹਨ ॥੪॥

## ਸਬਦੈ ਸਾਦੁ ਜਾਣਹਿ; ਤਾ ਆਪੁ ਪਛਾਣਹਿ ॥
## ਨਿਰਮਲ ਬਾਣੀ; ਸਬਦਿ ਵਖਾਣਹਿ ॥

ਜਦ ਅਧਿਕਾਰੀ ਜਨ ਗੁਰਾਂ ਦੇ ਸਬਦੈ = ਉਪਦੇਸ਼ ਦੁਆਰਾ ਪ੍ਰੇਮ, ਨਾਮ ਦੇ ਸਾਦੁ = ਰਸ ਨੂੰ ਜਾਣਹਿ = ਜਾਣ ਲੈਂਦੇ ਹਨ, ਤਾ = ਤਦ ਆਪੁ = ਆਪਣੇ ਨਿਜ ਸਰੂਪ ਨੂੰ ਪਛਾਣਹਿ = ਪਹਿਚਾਣ ਲੈਂਦੇ ਹਨ। ਅਤੇ

ਸਤਿਗੁਰਾਂ ਦੀ ਨਿਰਮਲ = ਉੱਜਲ ਬਾਣੀ ਦੁਆਰਾ ਸਬਦਿ = ਬ੍ਰਹਮ ਨੂੰ ਵਖਾਣਹਿ = ਕਥਨ ਕਰਦੇ ਹਨ **ਵਾ:** ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਨਿਰਮਲ = ਉੱਜਲ ਤਾਈਂ ਦੇਣ ਵਾਲੀ ਬਾਣੀ ਦਾ ਕਥਨ ਕਰਦੇ ਹਨ।

## ਸਚੇ ਸੇਵਿ, ਸਦਾ ਸੁਖੁ ਪਾਇਨਿ;
## ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥

ਇਸ ਪ੍ਰਕਾਰ ਸੱਚੇ ਸਤਿਗੁਰ ਦੀ ਸੇਵਾ ਕਰਕੇ ਸਦਾ = ਸਦੀਵੀ ਆਤਮਿਕ ਸੁੱਖ ਪਾਇਨਿ = ਪ੍ਰਾਪਤ ਕਰਦੇ ਹਨ ਅਤੇ ਨੌਂ ਨਿਧਾਂ ਦੇ ਖ਼ਜ਼ਾਨੇ ਅੰਮ੍ਰਿਤ ਨਾਮ ਨੂੰ ਮਨ ਵਿਚ ਵਸਾਵਣਿਆ = ਵਸਾ ਲੈਂਦੇ ਹਨ ॥੫॥

## ਸੋ ਥਾਨੁ ਸੁਹਾਇਆ; ਜੋ ਹਰਿ ਮਨਿ ਭਾਇਆ ॥
## ਸਤਸੰਗਤਿ ਬਹਿ; ਹਰਿ ਗੁਣ ਗਾਇਆ ॥

ਸੋ = ਉਹ ਸਰੀਰ, ਹਿਰਦਾ ਰੂਪੀ ਥਾਨੁ = ਸਥਾਨ ਸੁਹਾਇਆ = ਸ਼ੋਭਨੀਕ ਹੈ, ਜੋ = ਜਿਹੜਾ ਹਰਿ = ਪਰਮੇਸ਼ਰ ਦੇ ਮਨਿ ਵਿਚ ਭਾਇਆ = ਚੰਗਾ ਲੱਗਿਆ ਹੈ। ਅਤੇ

ਜਿਸ ਨੇ ਸਤਿਸੰਗਤ ਵਿਚ ਬਹਿ = ਬੈਠ ਕੇ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਗਾਇਆ = ਗਾਉਣਾ ਕੀਤਾ ਹੈ।

## ਅਨਦਿਨੁ ਹਰਿ ਸਾਲਾਹਹਿ ਸਾਚਾ; ਨਿਰਮਲ ਨਾਦੁ ਵਜਾਵਣਿਆ ॥੬॥

ਅਜਿਹਾ ਪੁਰਸ਼ ਅਨਦਿਨੁ = ਦਿਨ ਰਾਤ ਇਕ-ਰਸ ਹਰੀ ਪਰਮਾਤਮਾ ਦੀ ਸੱਚੀ ਸਾਲਾਹਹਿ = ਸਿਫ਼ਤਿ-ਸਾਲਾਹ ਕਰਦਾ ਹੈ, ਜਿਸ ਕਰਕੇ ਉਸ ਦੇ ਹਿਰਦੇ ਵਿਚ ਨਿਰਮਲ = ਮਾਇਆ ਦੀ ਮੈਲ ਤੋਂ ਰਹਿਤ ਬ੍ਰਹਮ ਦਾ ਨਾਦੁ = ਸ਼ਬਦ ਵਜਾਵਣਿਆ = ਪ੍ਰਗਟ ਹੋ ਜਾਂਦਾ ਹੈ ॥੬॥

[ਅੰਗ ੧੧੬]

## ਮਨਮੁਖ ਖੋਟੀ ਰਾਸਿ; ਖੋਟਾ ਪਾਸਾਰਾ ॥ ਕੂੜੁ ਕਮਾਵਨਿ; ਦੁਖੁ ਲਾਗੈ ਭਾਰਾ ॥

ਮਨਮੁਖਾਂ ਕੋਲ ਅਸ਼ਰਧਾ ਰੂਪੀ ਖੋਟੀ ਰਾਸਿ = ਪੂੰਜੀ ਹੈ ਤੇ ਮੰਦ ਕਰਮਾਂ ਕਰਨ ਰੂਪ ਖੋਟਾ ਪਸਾਰਾ ਹੀ ਕਰਦੇ ਹਨ **ਵਾ:** ਖੋਟੇ ਸਾਧਨਾਂ ਦਾ ਪਸਾਰਾ = ਵਪਾਰ ਵੀ ਖੋਟਾ ਹੀ ਹੈ। ਜੈਸਾ ਕਿ :

**ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥ ਸਬਦੁ ਨ ਚੀਨੈ ਲਵੈ ਕੁਬਾਣਿ ॥** *(ਅੰਗ ੯੪੧)*

ਉਸ ਖੋਟੇ ਪਸਾਰੇ ਨੂੰ ਫੈਲਾਉਣ ਲਈ ਕੂੜੁ = ਝੂਠ ਨੂੰ ਕਮਾਵਨਿ = ਕਮਾਉਂਦੇ ਹਨ, ਜਿਸ ਕਰਕੇ ਅੰਤ ਨੂੰ ਜਮਾਂ ਦੇ ਵਸ ਪੈ ਕੇ ਭਾਰਾ = ਵੱਡਾ ਦੁੱਖ ਲਾਗੈ = ਲੱਗਦਾ ਹੈ।

## ਭਰਮੇ ਭੂਲੇ, ਫਿਰਨਿ ਦਿਨ ਰਾਤੀ; ਮਰਿ ਜਨਮਹਿ ਜਨਮੁ ਗਵਾਵਣਿਆ ॥੭॥

ਇਉਂ ਭਰਮ ਵਿਚ ਭੂਲੇ = ਭੁੱਲੇ ਹੋਏ ਦਿਨ ਰਾਤ ਵਿਅਰਥ ਫਿਰਨਿ = ਫਿਰਦੇ ਰਹਿੰਦੇ ਹਨ ਅਤੇ ਮਰਿ = ਮਰਦੇ ਜਨਮਹਿ = ਜੰਮਦੇ ਹੋਏ ਆਪਣਾ ਮਨੁੱਖਾ ਜਨਮ ਨਿਸਫਲ ਗਵਾਵਣਿਆ = ਗਵਾਉਣਾ ਕਰਦੇ ਹਨ ॥੭॥

## ਸਚਾ ਸਾਹਿਬੁ; ਮੈ ਅਤਿ ਪਿਆਰਾ ॥ ਪੂਰੇ ਗੁਰ ਕੈ; ਸਬਦਿ ਅਧਾਰਾ ॥

(**ਅਤਿ** ਦਾ ਉਚਾਰਣ ਅੱਧਕ ਰਹਿਤ ਪੋਲਾ ਹੈ)

ਸੱਚਾ ਸਾਹਿਬੁ = ਮਾਲਕ ਵਾਹਿਗੁਰੂ ਮੈ = ਮੈਨੂੰ ਅਤਿ = ਅਤਿਅੰਤ ਪਿਆਰਾ = ਸਨੇਹੀ ਲੱਗ ਰਿਹਾ ਹੈ। ਪੂਰੇ ਗੁਰੂ ਦੇ ਉਪਦੇਸ਼ ਕੈ = ਕਰਕੇ ਮੈਨੂੰ ਉਸ ਦਾ ਅਧਾਰਾ = ਆਸਰਾ ਮਿਲ ਗਿਆ ਹੈ।

## ਨਾਨਕ ਨਾਮਿ ਮਿਲੈ ਵਡਿਆਈ; ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥

ਜਿਨ੍ਹਾਂ ਨੇ ਦੁੱਖ ਸੁੱਖ ਨੂੰ ਸਮ = ਬਰਾਬਰ (ਸਮਾਨ) ਕਰਿ = ਕਰਕੇ ਜਾਨਣਿਆ = ਜਾਨਣਾ ਕੀਤਾ ਹੈ, ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਨੂੰ ਨਾਮ ਜਪਣ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਰੂਪ ਵਡਿਆਈ = ਸ਼ੋਭਾ ਮਿਲੈ = ਮਿਲਦੀ ਹੈ ॥੮॥੧੦॥੧੧॥

## ਮਾਝ ਮਹਲਾ ੩ ॥

## ਤੇਰੀਆ ਖਾਣੀ; ਤੇਰੀਆ ਬਾਣੀ ॥ ਬਿਨੁ ਨਾਵੈ; ਸਭ ਭਰਮਿ ਭੁਲਾਣੀ ॥

ਹੇ ਅਕਾਲ ਪੁਰਖ! ਚਾਰ ਖਾਣੀਆਂ : ਅੰਡਜ, ਜੇਰਜ, ਸੇਤਜ, ਉਤਭੁਜ ਇਹ ਵੀ ਤੇਰੀਆਂ ਰਚੀਆਂ ਹੋਈਆਂ ਹਨ ਤੇ ਚਾਰ ਬਾਣੀਆਂ : ਪਰਾ, ਪਸੰਤੀ, ਮਧਮਾ, ਬੈਖਰੀ ਇਹ ਵੀ ਤੇਰੀਆਂ ਰਚੀਆਂ ਹੋਈਆਂ ਹਨ **ਅਥਵਾ** ਹੋਰ ਕਿਤਨੀਆਂ ਹੀ ਸੋਨਾ, ਚਾਂਦੀ, ਪਾਰਾ, ਤਾਂਬਾ, ਜਿਸਤ, ਸਿੱਕਾ, ਕਲੀ, ਲੋਹਾ ਆਦਿ ਖਾਣੀਆਂ ਇਹ ਵੀ ਤੇਰੀਆਂ ਪੈਦਾ ਕੀਤੀਆਂ ਹੋਈਆਂ ਹਨ। ਇਸੇ ਪ੍ਰਕਾਰ ਕਿਤਨੀਆਂ ਹੀ ਬ੍ਰਹਿਮੰਡ ਦੀਆਂ ਤਾਤਕ ਬਾਣੀ, ਤ੍ਰਿਗੁਣ ਆਤਮਕ ਬਾਣੀ, ਪ੍ਰਕਿਰਤਕ ਬਾਣੀ, ਮਹਿੱਤਤਕ ਬਾਣੀ ਆਦਿ ਵੀ ਤੇਰੀਆਂ ਪੈਦਾ ਕੀਤੀਆਂ ਹੋਈਆਂ ਹਨ। ਪਰੰਤੂ ਤੇਰੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਚਾਰੇ ਖਾਣੀਆਂ ਤੇ ਬਾਣੀਆਂ ਵਾਲੀ ਸ੍ਰਿਸਟੀ ਸਭ = ਸਾਰੀ ਭਰਮ ਵਿਚ ਭੁਲਾਣੀ = ਭੁੱਲੀ ਹੋਈ ਹੈ।

## ਗੁਰ ਸੇਵਾ ਤੇ ਹਰਿ ਨਾਮੁ ਪਾਇਆ; ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥

ਹੇ ਪਰਮੇਸ਼ਰ! ਤੇਰਾ ਇਹ ਨਾਮ ਗੁਰ = ਸਤਿਗੁਰਾਂ ਦੀ ਤਨ ਮਨ ਦੁਆਰਾ ਨਿਸ਼ਕਾਮ ਸੇਵਾ =

ਟਹਿਲ ਕਰਨ ਤੇ = ਤੋਂ ਹੀ ਪਾਇਆ = ਪ੍ਰਾਪਤ ਹੁੰਦਾ ਹੈ ਬਿਨਾਂ ਸਤਿਗੁਰੂ ਤੋਂ ਕੋਈ ਵੀ ਅੰਮ੍ਰਿਤ ਨਾਮ ਨੂੰ ਪਾ ਨਹੀਂ ਸਕਦਾ ॥੧॥

## ਹਉ ਵਾਰੀ, ਜੀਉ ਵਾਰੀ; ਹਰਿ ਸੇਤੀ ਚਿਤੁ ਲਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ, ਜੀਉ = ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਪ੍ਰਭੂ ਸੇਤੀ = ਨਾਲ ਚਿਤ ਦੀ ਬਿਰਤੀ ਨੂੰ ਲਾਵਣਿਆ = ਲਾਉਣਾ ਕੀਤਾ ਹੈ।

## ਹਰਿ ਸਚਾ, ਗੁਰ ਭਗਤੀ ਪਾਈਐ;
## ਸਹਜੇ ਮੰਨਿ ਵਸਾਵਣਿਆ ॥੧॥ਰਹਾਉ॥

ਸੱਚਾ ਪਰਮੇਸ਼ਰ ਪੂਰੇ ਗੁਰੂ ਦੁਆਰਾ ਭਗਤੀ ਕਰਕੇ ਪਾਇਆ ਜਾਂਦਾ ਹੈ, ਫਿਰ ਸਤਿਗੁਰੂ ਜੀ ਮਨ ਵਿਚ ਸਹਜੇ = ਸੁਤੇ-ਸਿੱਧ ਹੀ ਪਰਮੇਸ਼ਰ ਨੂੰ ਵਸਾਵਣਿਆ = ਵਸਾ ਦਿੰਦੇ ਹਨ ॥੧॥ਰਹਾਉ॥

## ਸਤਿਗੁਰੁ ਸੇਵੇ; ਤਾ ਸਭ ਕਿਛੁ ਪਾਏ ॥
## ਜੇਹੀ ਮਨਸਾ ਕਰਿ ਲਾਗੈ; ਤੇਹਾ ਫਲੁ ਪਾਏ ॥

ਜੇਕਰ ਜੀਵ ਸਤਿਗੁਰੂ ਦੀ ਸੇਵਾ ਕਰੇ ਤਾ ਸਭ ਕੁਝ ਹੀ ਪ੍ਰਾਪਤ ਹੋ ਜਾਂਦਾ ਹੈ। ਜਿਹੋ ਜਿਹੀ ਕੋਈ ਮਨਸਾ = ਇੱਛਾ ਕਾਮਨਾ ਕਰਕੇ ਸੇਵਾ ਵਿਚ ਲੱਗ ਜਾਂਦਾ ਹੈ, ਤੇਹਾ = ਉਹੋ ਹੀ ਫਲ ਪਾਏ = ਪਾ ਲੈਂਦਾ ਹੈ।

## ਸਤਿਗੁਰੁ ਦਾਤਾ ਸਭਨਾ ਵਥੂ ਕਾ; ਪੂਰੈ ਭਾਗਿ ਮਿਲਾਵਣਿਆ ॥੨॥

ਸਤਿਗੁਰੂ ਸਾਰੀਆਂ ਹੀ ਧਰਮ, ਅਰਥ, ਕਾਮ, ਮੋਖ ਆਦਿ ਵਥੂ = ਵਸਤੂਆਂ ਕਾ = ਦਾ ਦਾਤਾ ਹੈ। ਪਰ ਪੂਰੈ = ਪੂਰਨ ਭਾਗਿ = ਕਰਮਾਂ ਕਰਕੇ ਹੀ ਪਰਮੇਸ਼ਰ ਸਤਿਗੁਰਾਂ ਨਾਲ ਮਿਲਾਵਣਿਆ = ਮਿਲਾਉਣਾ ਕਰਦਾ ਹੈ ॥੨॥

## ਇਹੁ ਮਨੁ ਮੈਲਾ; ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ; ਦੂਜੈ ਭਾਏ ॥

ਇਕ ਅਕਾਲ ਪੁਰਖ ਵਾਹਿਗੁਰੂ ਨੂੰ ਨਾ ਧਿਆਉਣ ਕਰਕੇ ਇਹ ਜੀਵ ਦਾ ਮਨ ਮੈਲਾ ਹੋ ਰਿਹਾ ਹੈ। ਜਿਸ ਕਰਕੇ ਮਨ ਅੰਤਰਿ = ਵਿਚ ਦੂਜੈ ਭਾਏ = ਦ੍ਵੈਸ਼-ਭਾਵ ਦੀ ਬਹੁਤ ਮੈਲ ਲਾਗੀ = ਲੱਗ ਰਹੀ ਹੈ।

## ਤਟਿ ਤੀਰਥਿ, ਦਿਸੰਤਰਿ ਭਵੈ ਅਹੰਕਾਰੀ; ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥

ਪੁੰਨ ਕਰਮਾਂ ਕਰਕੇ ਜੇ ਕਦੇ ਤੀਰਥਾਂ ਦੇ ਤਟਿ = ਕਿਨਾਰਿਆਂ ਅਤੇ ਦਿਸੰਤਰਿ = ਦੇਸ਼ਾਂਤਰਾਂ ਵਿਚ ਭਵੈ = ਭਾਉਂਦਾ ਫਿਰੇ ਤਾਂ ਅਹੰਕਾਰੀ = ਹੰਕਾਰ ਦੇ ਸਹਿਤ ਹੋ ਜਾਂਦਾ ਹੈ ਕਿ ਮੈਂ ਇਤਨੇ ਤੀਰਥਾਂ ਦੀ ਯਾਤਰਾਂ ਕੀਤੀ ਹੈ, ਇਉਂ ਜੀਵ ਆਪਣੇ ਮਨ ਅੰਦਰ ਹੋਰ ਵੀ ਵਧੇਰੈ = ਜ਼ਿਆਦਾ ਹਉਮੈ = ਹੰਗਤਾ ਮਮਤਾ ਦੀ ਮਲੁ = ਮੈਲ ਲਾਵਣਿਆ = ਲਾ ਲੈਂਦਾ ਹੈ ॥੩॥

## ਸਤਿਗੁਰੁ ਸੇਵੇ; ਤਾ ਮਲੁ ਜਾਏ ॥ ਜੀਵਤੁ ਮਰੈ; ਹਰਿ ਸਿਉ ਚਿਤੁ ਲਾਏ ॥

ਪਰ ਜੇਕਰ ਸਤਿਗੁਰੂ ਜੀ ਦੀ ਸੇਵੇ = ਟਹਿਲ ਕਰਨੀ ਕਰੇ ਤਾਂ ਮਨ ਵਿੱਚੋਂ ਦ੍ਵੈਸ਼ ਭਾਵ, ਹਉਮੈ ਦੀ ਮਲੁ = ਮੈਲ ਲਹਿ ਜਾਏ = ਜਾਂਦੀ ਹੈ। ਫੇਰ ਜੀਵ, ਜੀਵਤ ਭਾਵ ਤੋਂ ਮਰੈ = ਮਰ ਕਰ ਕੇ ਹਰਿ = ਵਾਹਿਗੁਰੂ ਦੇ ਨਾਮ ਸਿਉ = ਨਾਲ ਚਿਤੁ = ਹਿਰਦੇ ਨੂੰ ਲਾਏ = ਲਾ ਲੈਂਦਾ ਹੈ। ਅਤੇ

## ਹਰਿ ਨਿਰਮਲੁ ਸਚੁ, ਮੈਲੁ ਨ ਲਾਗੈ; ਸਚਿ ਲਾਗੈ ਮੈਲੁ ਗਵਾਵਣਿਆ ॥੪॥

ਉਹ ਸੱਚ ਸਰੂਪ ਹਰਿ = ਪਰਮੇਸ਼ਰ ਸਦਾ ਹੀ ਨਿਰਮਲੁ = ਉੱਜਲ ਸਰੂਪ ਹੈ, ਉਸਨੂੰ ਕਿਸੇ ਪ੍ਰਕਾਰ ਦੀ ਮੈਲ ਨ = ਨਹੀਂ ਲਾਗੈ = ਲੱਗਦੀ, ਜੋ ਜੀਵ ਗੁਰਾਂ ਦੁਆਰਾ ਸੱਚ ਦੇ ਸਿਮਰਨ ਵਿਚ ਲੱਗ ਜਾਂਦਾ ਹੈ, ਗੁਰੂ **ਵਾ:** ਪਰਮੇਸ਼ਰ ਉਸ ਦੀ ਹਉਮੈ ਆਦਿ ਦੀ ਸਾਰੀ ਮੈਲ ਨੂੰ ਗਵਾਵਣਿਆ = ਗਵਾ ਦਿੰਦੇ ਹਨ ॥੪॥

## ਬਾਝੁ ਗੁਰੂ ਹੈ; ਅੰਧ ਗੁਬਾਰਾ ॥ ਅਗਿਆਨੀ ਅੰਧਾ; ਅੰਧੁ ਅੰਧਾਰਾ ॥

ਪੂਰੇ ਗੁਰੂ ਤੋਂ ਬਾਝੁ = ਬਗ਼ੈਰ ਅੰਧ = ਅਗਿਆਨ ਦਾ ਗਾੜ੍ਹਾ ਗੁਬਾਰਾ = ਹਨ੍ਹੇਰਾ ਪਸਰ ਰਿਹਾ ਹੈ।

ਅਗਿਆਨੀ = ਗਿਆਨ ਹੀਣ ਜੀਵ ਪ੍ਰੋਖ ਅਪ੍ਰੋਖ ਗਿਆਨ ਰੂਪੀ ਨੇਤਰਾਂ ਤੋਂ ਬਿਨਾਂ ਅੰਧਾ = ਅੰਨ੍ਹਾ ਹੋ ਰਿਹਾ ਹੈ, ਇਸ ਕਰਕੇ ਅੰਧ = ਅੰਧਤਾਈ ਵਾਲੇ ਕਰਮ ਕਰਨੇ ਕਰਕੇ ਹਿਰਦੇ ਵਿਚ ਅਗਿਆਨ ਦਾ ਅੰਧਾਰਾ = ਹਨੇਰਾ ਪਿਆ ਰਹਿੰਦਾ ਹੈ **ਵਾ:** ਅੰਨ੍ਹੇ ਅਗਿਆਨੀ ਜੀਵ ਨੂੰ ਮਨਮੁਖਤਾ ਰੂਪ ਹਨੇਰੇ ਕਰਕੇ ਅੰਧਕਾਰ ਹੀ ਰਹਿੰਦਾ ਹੈ।

## ਬਿਸਟਾ ਕੇ ਕੀੜੇ, ਬਿਸਟਾ ਕਮਾਵਹਿ; ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥

ਜੀਵ ਪਹਿਲਾਂ ਵੀ ਮਾਤਾ ਦੇ ਉਦਰ ਵਿਚ ਬਿਸਟਾ = ਗੰਦਗੀ ਕੇ = ਦੇ ਕੀੜੇ = ਕਿਰਮ ਸਨ, ਹੁਣੇ ਵੀ ਵਿਸ਼ੇ ਵਿਕਾਰਾਂ ਰੂਪੀ ਬਿਸਟਾ = ਗੰਦਗੀ ਨੂੰ ਕਮਾਵਹਿ = ਕਮਾਉਣਾ ਕਰਦੇ ਹਨ ਤੇ ਅੰਤ ਨੂੰ ਮਰ ਕੇ ਨਰਕਾਂ ਰੂਪੀ ਬਿਸਟਾ ਮਾਹਿ = ਵਿਚ ਪੈ ਕੇ ਪਚਾਵਣਿਆ = ਸੜਦੇ ਹਨ ॥੫॥

## ਮੁਕਤੇ ਸੇਵੇ; ਮੁਕਤਾ ਹੋਵੈ ॥ ਹਉਮੈ ਮਮਤਾ; ਸਬਦੇ ਖੋਵੈ ॥

ਜਿਹੜੇ ਮੁਕਤੇ = ਮੁਕਤ ਸਰੂਪ ਗੁਰਾਂ ਨੂੰ ਸੇਵੇ = ਸੇਂਵਦੇ ਹਨ, ਉਹ ਮੁਕਤ ਹੋਵੈ = ਹੋ ਜਾਂਦੇ ਹਨ। ਅਤੇ ਉਹ ਗੁਰੂ ਦੇ ਸਬਦੇ = ਉਪਦੇਸ਼ ਦੁਆਰਾ ਦੇਹ ਅਧਿਆਸ ਦੀ ਹਉਮੈ = ਹੰਗਤਾ ਤੇ ਪਦਾਰਥ ਤੇ ਸੰਬੰਧੀਆਂ ਦੀ ਮਮਤਾ ਖੋਵੈ = ਦੂਰ ਕਰ ਲੈਂਦੇ ਹਨ।

## ਅਨਦਿਨੁ ਹਰਿ ਜੀਉ ਸਚਾ ਸੇਵੀ; ਪੂਰੈ ਭਾਗਿ ਗੁਰ ਪਾਵਣਿਆ ॥੬॥

ਪੂਰੇ ਭਾਗਾਂ ਦੁਆਰਾ ਹੀ ਐਸੇ ਪੂਰੇ ਗੁਰੂ ਨੂੰ ਪਾਈਦਾ ਹੈ ਜਿਸ ਕਰਕੇ ਅਨਦਿਨੁ = ਦਿਨ ਰਾਤ ਇਕ-ਰਸ ਹਰਿ ਜੀਉ ਸੱਚੇ ਪਰਮੇਸ਼ਰ ਦੀ ਸੇਵੀ = ਅਰਾਧਨਾ ਕਰੀਦੀ ਹੈ ॥੬॥

## ਆਪੇ ਬਖਸੇ; ਮੇਲਿ ਮਿਲਾਏ ॥ ਪੂਰੇ ਗੁਰ ਤੇ; ਨਾਮੁ ਨਿਧਿ ਪਾਏ ॥

ਜਿਨ੍ਹਾਂ ਦੇ ਆਪੇ ਹੀ ਪਰਮੇਸ਼ਰ ਔਗੁਣਾਂ ਨੂੰ ਬਖ਼ਸ਼ ਕੇ ਸ਼ੁਭ ਗੁਣਾਂ ਦੀ ਬਖ਼ਸ਼ਿਸ਼ ਕਰਕੇ ਪੂਰੇ ਗੁਰੂ ਦੇ ਮੇਲ ਵਿਚ ਮਿਲਾਏ = ਮਿਲਾ ਦਿੰਦਾ ਹੈ, ਉਹ ਫੇਰ ਪੂਰੇ = ਪੂਰਨ ਗੁਰ = ਸਤਿਗੁਰਾਂ ਤੇ = ਤੋਂ ਨਾਮ ਰੂਪ ਨਿਧਿ = ਖ਼ਜ਼ਾਨੇ ਨੂੰ ਪਾਏ = ਪਾਉਂਦੇ ਹਨ।

## ਸਚੈ ਨਾਮਿ, ਸਦਾ ਮਨੁ ਸਚਾ; ਸਚੁ ਸੇਵੇ ਦੁਖੁ ਗਵਾਵਣਿਆ ॥੭॥

ਜਿਹਨਾਂ ਦਾ ਮਨ ਸੱਚੇ ਨਾਮ ਨੂੰ ਸ੍ਵਣ ਕਰਨ ਵਿਚ ਲੱਗਿਆ ਹੈ ਤੇ ਮੰਨਣ ਵੀ ਸੱਚੇ ਦਾ ਹੀ ਕਰਦੇ ਹਨ, ਉਹਨਾਂ ਦੀ ਸੱਚੇ ਨਾਮ ਵਿਚ ਬਿਰਤੀ ਲੱਗ ਜਾਣ 'ਤੇ ਸਦਾ ਹੀ ਮਨ ਸਚਿਆਈ ਵਾਲਾ ਹੋ ਜਾਂਦਾ ਹੈ ਅਤੇ ਉਹ ਸੱਚੇ ਪਰਮੇਸ਼ਰ ਦੀ ਸੇਵਣਾ ਕਰ ਕੇ ਜੰਮਣ ਮਰਣ ਦੇ ਦੁੱਖ ਨੂੰ ਗਵਾਵਣਿਆ = ਗਵਾਉਣਾ ਕਰਦੇ ਹਨ ॥੭॥

## ਸਦਾ ਹਜੂਰਿ; ਦੂਰਿ ਨ ਜਾਣਹੁ ॥ ਗੁਰ ਸਬਦੀ; ਹਰਿ ਅੰਤਰਿ ਪਛਾਣਹੁ ॥

ਸੱਚਾ ਵਾਹਿਗੁਰੂ ਸਦਾ ਹੀ ਹਜ਼ੂਰਿ = ਨੇੜੇ ਹੈ, ਉਸ ਨੂੰ ਕਦੇ ਵੀ ਦੂਰ ਨਾ ਜਾਣਹੁ = ਜਾਨਣਾ ਕਰੋ। ਗੁਰ ਸਬਦੀ = ਗੁਰੂ ਦੇ ਉਪਦੇਸ਼ ਦੁਆਰਾ ਹਰੀ ਪਰਮੇਸ਼ਰ ਨੂੰ ਅੰਤਰਿ ਆਤਮਾ ਵਿਚ ਪਛਾਣਹੁ = ਪਛਾਣਨਾ ਕਰੋ।

## ਨਾਨਕ ਨਾਮਿ ਮਿਲੈ ਵਡਿਆਈ; ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਸੱਚੇ ਨਾਮ ਦੁਆਰਾ ਪ੍ਰਭੂ ਦਰਬਾਰ ਵਿਚ ਵਡਿਆਈ = ਸ਼ੋਭਾ ਮਿਲੈ = ਮਿਲਦੀ ਹੈ ਤੇ ਅੰਮ੍ਰਿਤ ਨਾਮ ਪੂਰੇ ਗੁਰੂ ਤੇ = ਤੋਂ ਪਾਵਣਿਆ = ਪਾਇਆ ਜਾਂਦਾ ਹੈ ॥੮॥੧੧॥੧੨॥

## ਮਾਝ ਮਹਲਾ ੩ ॥

ਸਤਿਗੁਰੂ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਸੱਚੇ ਪੁਰਖ ਕੌਣ ਹਨ ? ਸੁਣ ਕੇ ਗੁਰੂ ਸਾਹਿਬ ਜੀ ਉੱਤਰ ਦਿੰਦੇ ਹੋਏ ਉਚਾਰਨ ਕਰਦੇ ਹਨ :

## ਐਥੈ ਸਾਚੇ; ਸੁ ਆਗੈ ਸਾਚੇ ॥ ਮਨੁ ਸਚਾ; ਸਚੈ ਸਬਦਿ ਰਾਚੇ ॥

ਜੋ ਪੁਰਸ਼ ਐਥੈ = ਇਸ ਲੋਕ ਵਿਚ ਸੱਚੇ ਨਾਮ ਨੂੰ ਜਪਦੇ ਹਨ, ਉਹ ਆਗੈ = ਅੱਗੇ ਪਰਲੋਕ ਵਿਚ ਵੀ ਸਾਚੇ = ਸਚਿਆਈ ਵਾਲੇ ਹੋਣਗੇ। ਜਿਨ੍ਹਾਂ ਦੇ ਮਨ ਵਿਚ ਸੱਚਾ ਪਰਮੇਸ਼ਰ ਵਸਿਆ ਹੋਇਆ ਹੈ, ਉਹ ਬਾਣੀ, ਸਰੀਰ ਕਰਕੇ ਸਚੈ = ਸੱਚੇ ਦੇ ਸ਼ਬਦ ਵਿਚ ਰਾਚੇ = ਰਚੇ ਰਹਿੰਦੇ ਹਨ।

## ਸਚਾ ਸੇਵਹਿ ਸਚੁ ਕਮਾਵਹਿ; ਸਚੋ ਸਚੁ ਕਮਾਵਣਿਆ ॥੧॥

ਗੁਰਮੁਖ ਜਨ ਤਨ ਕਰਕੇ ਸੱਚ ਨੂੰ ਸੇਵਦੇ ਹਨ ਤੇ ਮਨ ਬਾਣੀ ਕਰਕੇ ਸੱਚ ਦੀ ਹੀ ਕਮਾਵਹਿ = ਕਮਾਈ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਸਚੁ = ਨਿਸਚਾ ਹੈ ਕਿ ਸੱਚਾ ਪਰਮੇਸ਼ਰ ਹੀ ਲੋਕ ਪਰਲੋਕ ਵਿਚ (ਕਮ+ਆਵਣਿਆ) ਕਮ = ਕੰਮ ਆਵਣਿਆ = ਆਉਂਦਾ ਹੈ **ਵਾ:** ਉਹ ਸੱਚੇ ਨਾਮ ਨੂੰ ਕਮਾਵਣਿਆ = ਕਮਾਉਣਾ ਕਰਦੇ ਹਨ ਤੇ ਹੋਰਨਾਂ ਨੂੰ ਵੀ ਸੱਚ ਦੀ ਕਮਾਈ ਕਰਨ ਦਾ ਉਪਦੇਸ਼ ਬਖ਼ਸ਼ਦੇ ਹਨ ॥੧॥

## ਹਉ ਵਾਰੀ, ਜੀਉ ਵਾਰੀ; ਸਚਾ ਨਾਮੁ ਮੰਨਿ ਵਸਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਮਨ ਕਰਕੇ ਵਾਰ ਵਾਰ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸੱਚੇ ਨਾਮ ਨੂੰ ਮਨ ਵਿਚ ਵਸਾਵਣਿਆ = ਵਸਾਇਆ ਹੈ।

## ਸਚੇ ਸੇਵਹਿ ਸਚਿ ਸਮਾਵਹਿ; ਸਚੇ ਕੇ ਗੁਣ ਗਾਵਣਿਆ ॥੧॥ਰਹਾਉ॥

ਜੋ ਸੱਚੇ ਪਰਮੇਸ਼ਰ ਦੇ ਗੁਣ ਗਾਵਣਿਆ = ਗਾਉਂਦੇ ਹਨ ਤੇ ਸੱਚੇ ਵਾਹਿਗੁਰੂ ਦੀ ਹੀ ਸੇਵਹਿ = ਉਪਾਸ਼ਨਾ ਕਰਦੇ ਹਨ, ਉਹ ਸੱਚੇ ਅਕਾਲ ਪੁਰਖ ਵਿਚ ਸਮਾਵਹਿ = ਅਭੇਦ ਹੋ ਜਾਂਦੇ ਹਨ ॥੧॥ਰਹਾਉ॥

## ਪੰਡਿਤ ਪੜਹਿ; ਸਾਦੁ ਨ ਪਾਵਹਿ ॥ ਦੂਜੈ ਭਾਇ; ਮਾਇਆ ਮਨੁ ਭਰਮਾਵਹਿ ॥

ਪੰਡਿਤ = ਵਿਦਵਾਨ ਜੋ ਕੇਵਲ ਵੇਦ ਸ਼ਾਸਤ੍ਰ ਤਾਂ ਪੜਹਿ = ਪੜ੍ਹਦੇ ਹਨ ਪਰ ਪ੍ਰੇਮਾ-ਭਗਤੀ ਤੋਂ ਬਿਨਾਂ ਅੰਮ੍ਰਿਤ ਨਾਮ ਦੇ ਸਾਦੁ = ਸੁਆਦ ਰਸ ਨੂੰ ਨਹੀਂ ਪਾਵਹਿ = ਪਾਉਂਦੇ। ਸਗੋਂ ਦੂਜੈ ਭਾਇ = ਦ੍ਵੈਤ-ਭਾਵ, ਮਾਇਆ ਦੇ ਮੋਹ ਵਿਚ ਮਨ ਨੂੰ ਭਰਮਾਵਹਿ = ਭਰਮਾਉਂਦੇ ਰਹਿੰਦੇ ਹਨ।

## ਮਾਇਆ ਮੋਹਿ, ਸਭ ਸੁਧਿ ਗਵਾਈ; ਕਰਿ ਅਵਗਣ ਪਛੋਤਾਵਣਿਆ ॥੨॥

ਜਿਸ ਕਰਕੇ ਮਾਇਆ ਦੇ ਮੋਹ ਨੇ ਉਨ੍ਹਾਂ ਦੀ ਸਭ = ਸਾਰੀ ਆਤਮਿਕ ਜੀਵਨ ਵਾਲੀ ਸੁਧਿ = ਗਿਆਤ ਗਵਾਈ = ਗਵਾ ਦਿੱਤੀ ਹੈ, ਅਵਗਣ = ਗੁਨਾਹਾਂ ਕਰਿ = ਕਰਕੇ ਅੰਤ ਨੂੰ ਪਛੋਤਾਵਣਿਆ = ਪਛਤਾਉਂਦੇ ਹਨ ॥੨॥

## ਸਤਿਗੁਰੁ ਮਿਲੈ; ਤਾ ਤਤੁ ਪਾਏ ॥ ਹਰਿ ਕਾ ਨਾਮੁ; ਮੰਨਿ ਵਸਾਏ ॥

ਜੇਕਰ ਉਹ (ਵਿਦਵਾਨ ਲੋਕ) ਪੂਰੇ ਸਤਿਗੁਰੂ ਜੀ ਨੂੰ ਮਿਲੈ = ਮਿਲ ਪੈਣ ਤਾਂ ਤਤੁ = ਸਿਧਾਂਤ ਰੂਪ ਪਰਮੇਸ਼ਰ ਦੇ ਨਾਮ ਨੂੰ ਪਾਏ = ਪਾ ਲੈਣਗੇ।

ਫੇਰ ਸਤਿਗੁਰੂ ਜੀ ਹਰਿ = ਪਰਮੇਸ਼ਰ ਕਾ = ਦਾ ਨਾਮ ਉਨ੍ਹਾਂ ਦੇ ਮੰਨਿ = ਹਿਰਦੇ ਵਿਚ ਵਸਾਏ = ਵਸਾ ਦੇਣਗੇ। ਅਤੇ

[ਅੰਗ ੧੧੭]

## ਸਬਦਿ ਮਰੈ ਮਨੁ ਮਾਰੈ ਅਪੁਨਾ; ਮੁਕਤੀ ਕਾ ਦਰੁ ਪਾਵਣਿਆ ॥੩॥

ਉਹ ਗੁਰੂ ਦੇ ਉਪਦੇਸ਼ ਦੁਆਰਾ ਜੀਵਤ ਭਾਵ ਤੋਂ ਮਰ ਕੇ ਫੇਰ ਆਪਣੇ ਮਨ ਦੇ ਬੁਰੇ ਵਿਸ਼ਿਆਂ ਵਿਕਾਰਾਂ ਵਾਲੇ ਫੁਰਨੇ ਮਾਰ ਕੇ ਸਾਧਸੰਗਤ ਵਿੱਚੋਂ ਮੁਕਤੀ ਕਾ = ਦਾ ਦਰੁ = ਦਰਵਾਜ਼ਾ ਭਾਵ ਗਿਆਨ ਨੂੰ ਪਾਵਣਿਆ = ਪਾਉਣਾ ਕਰਨਗੇ ॥੩॥

## ਕਿਲਵਿਖ ਕਾਟੈ; ਕ੍ਰੋਧੁ ਨਿਵਾਰੇ ॥ ਗੁਰ ਕਾ ਸਬਦੁ; ਰਖੈ ਉਰ ਧਾਰੇ ॥

ਉਹੋ ਹੀ ਚਾਰ ਪ੍ਰਕਾਰ ਦੇ ਕਿਲਵਿਖ = ਪਾਪਾਂ ਨੂੰ ਕਾਟੈ = ਕੱਟ ਲੈਂਦਾ ਹੈ ਅਤੇ ਕ੍ਰੋਧ ਆਦਿ ਵਿਕਾਰਾਂ ਨੂੰ ਨਿਵਾਰੇ = ਨਵਿਰਤ ਕਰ ਲੈਂਦਾ ਹੈ। ਜੋ ਗੁਰਾਂ ਕਾ = ਦਾ ਸ਼ਬਦ ਆਪਣੇ ਉਰ = ਹਿਰਦੇ ਵਿਚ ਧਾਰੇ = ਧਾਰਨ ਕਰਕੇ ਰਖੈ = ਰੱਖਦਾ ਹੈ।

**ਅਥਵਾ** ਗੁਰੂ ਕਾ = ਦਾ ਸਬਦੁ = ਉਪਦੇਸ਼ ਉਰ = ਹਿਰਦੇ ਵਿਚ ਧਾਰੇ = ਧਾਰਨ ਕਰਕੇ ਰਖੈ = ਰੱਖਣਾ ਕਰੇ ਅਤੇ ਕ੍ਰੋਧ ਦੀ ਨਿਵਾਰੇ = ਨਵਿਰਤੀ ਕਰੇ ਭਾਵ ਕਦੇ ਵੀ ਗ਼ੁੱਸਾ ਨਾ ਕਰੇ, ਤਾਂ ਗੁਰੂ ਦੀ ਕ੍ਰਿਪਾ ਦੁਆਰਾ ਸਾਰੇ ਕਿਲਵਿਖ = ਪਾਪ ਕੱਟੇ ਜਾਂਦੇ ਹਨ।

## ਸਚਿ ਰਤੇ ਸਦਾ ਬੈਰਾਗੀ; ਹਉਮੈ ਮਾਰਿ ਮਿਲਾਵਣਿਆ ॥੪॥

ਜਿਹੜੇ ਸੱਚੇ ਨਾਮ ਵਿਚ ਰਤੇ = ਰੰਗੇ ਜਾਂਦੇ ਹਨ, ਉਹਨਾਂ ਨੇ ਸੰਸਾਰ ਵੱਲੋਂ ਸਦਾ ਹੀ ਵੈਰਾਗੀ ਹੋ ਕੇ ਹਉਮੈ ਨੂੰ ਮਾਰ ਲਿਆ ਹੈ ਅਤੇ ਸੱਚੇ ਪਰਮੇਸ਼ਰ ਨੇ ਉਹਨਾਂ ਨੂੰ ਆਪਣੇ ਸਰੂਪ ਵਿਚ ਮਿਲਾਵਣਿਆ = ਮਿਲਾਉਣਾ ਕੀਤਾ ਹੈ ॥੪॥

## ਅੰਤਰਿ ਰਤਨੁ; ਮਿਲੈ ਮਿਲਾਇਆ ॥ ਤ੍ਰਿਬਿਧਿ ਮਨਸਾ; ਤ੍ਰਿਬਿਧਿ ਮਾਇਆ ॥

ਅੰਤਰਿ = ਹਿਰਦੇ ਦੇ ਵਿਚ ਹੀ ਪਰਮੇਸ਼ਰ ਦਾ ਨਾਮ ਰੂਪੀ ਰਤਨ ਮੌਜੂਦ ਹੈ ਪਰ ਗੁਰੂ ਦੇ ਮਿਲਾਇਆਂ ਹੀ ਮਿਲਦਾ ਹੈ। (ਕਿਉਂਕਿ)

ਜੀਵਾਂ ਨੂੰ ਤ੍ਰਿਬਿਧਿ = ਤਿੰਨ ਪ੍ਰਕਾਰ ਦੀ ਮਨਸਾ = ਇੱਛਾ (ਸੁਤ ਵਿਤ ਲੋਕ ਈਖਣਾ ਤੀਨੀ) ਤਿੰਨ ਪ੍ਰਕਾਰ ਦੀ ਰਾਜਸੀ, ਤਾਮਸੀ, ਸਾਂਤਕੀ ਮਾਇਆ ਚਿੰਬੜੀ ਹੋਈ ਹੈ।

## ਪੜਿ ਪੜਿ ਪੰਡਿਤ, ਮੋਨੀ ਥਕੇ; ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥

ਪੰਡਿਤ = ਵਿਦਵਾਨ ਲੋਕ ਪੋਥੀਆਂ ਪੜ੍ਹ ਪੜ੍ਹ ਕੇ ਥੱਕ ਗਏ। ਜ਼ੁਬਾਨ ਤੋਂ ਨਾ ਬੋਲਣ ਵਾਲੇ ਮੋਨੀ ਵੀ ਥੱਕ ਗਏ, ਪਰ ਚਉਥੇ ਪਦ = ਤੁਰੀਆ ਪਦ ਦੀ ਸਾਰ = ਖ਼ਬਰ ਕਿਸੇ ਨੇ ਵੀ ਪਾਵਣਿਆ = ਪਾਉਣਾ ਨ = ਨਹੀਂ ਕੀਤੀ ॥੫॥

## ਆਪੇ ਰੰਗੇ; ਰੰਗੁ ਚੜਾਏ ॥ ਸੇ ਜਨ ਰਾਤੇ; ਗੁਰ ਸਬਦਿ ਰੰਗਾਏ ॥

ਜਿਨ੍ਹਾਂ ਨੂੰ ਸਤਿਗੁਰੂ ਜੀ ਆਪ ਹੀ ਕ੍ਰਿਪਾ ਕਰਕੇ ਆਪਣੇ ਪ੍ਰੇਮ ਰੰਗ ਵਿਚ ਰੰਗ ਲੈਂਦੇ ਹਨ, ਉਹਨਾਂ ਨੂੰ ਨਾਮ ਦਾ, ਗਿਆਨ ਦਾ ਰੰਗ ਚਾੜ੍ਹ ਦਿੰਦੇ ਹਨ। ਜੋ ਗੁਰ ਸਬਦਿ = ਗੁਰੂ ਉਪਦੇਸ਼ ਦੇ ਰੰਗਾਏ = ਰੰਗ ਵਿਚ ਰੰਗੇ ਗਏ ਹਨ, ਸੇ = ਉਹ ਜਨ = ਪੁਰਖ ਹੀ ਪਰਮੇਸ਼ਰ ਦੀ ਭਗਤੀ ਵਿਚ ਰਾਤੇ = ਰੰਗੇ ਜਾਂਦੇ ਹਨ।

## ਹਰਿ ਰੰਗੁ ਚੜਿਆ ਅਤਿ ਅਪਾਰਾ; ਹਰਿ ਰਸਿ ਰਸਿ ਗੁਣ ਗਾਵਣਿਆ ॥੬॥

ਉਨ੍ਹਾਂ ਦੇ ਹਿਰਦੇ ਅੰਦਰ ਅਤਿ = ਅਤਿਅੰਤ ਅਪਾਰਾ = ਪਾਰਾਵਾਰ ਤੋਂ ਰਹਿਤ ਹਰਿ = ਪਰਮੇਸ਼ਰ ਦੇ ਨਾਮ, ਭਗਤੀ ਦਾ ਰੰਗ ਚੜ੍ਹਿਆ ਹੈ, ਜਿਹੜੇ ਪ੍ਰੇਮ ਰਸ ਵਿਚ ਭਿੱਜ ਭਾਵ ਤਦਾਕਾਰ ਹੋ ਕੇ ਹਰੀ ਦੇ ਗੁਣ ਗਾਉਂਦੇ ਹਨ **ਵਾ:** ਜੋ ਪ੍ਰੇਮ-ਰਸ ਵਿਚ ਪਰਮੇਸ਼ਰ ਦੇ ਗੁਣ ਗਾਵਣਿਆ = ਗਾਉਂਦੇ ਹਨ, ਉਹਨਾਂ ਦਾ ਚਿੱਤ ਵੀ ਹਰਿ = ਪਰਮੇਸ਼ਰ ਦੇ ਨਾਮ ਰਸ ਵਿਚ ਰਸਿਆ ਹੋਇਆ ਅਤੇ ਰਸਨਾ ਵੀ ਨਾਮ ਰਸ ਵਿਚ ਰਸੀ ਹੋਈ ਹੈ ॥੬॥

## ਗੁਰਮੁਖਿ ਰਿਧਿ ਸਿਧਿ; ਸਚੁ ਸੰਜਮੁ ਸੋਈ ॥
## ਗੁਰਮੁਖਿ ਗਿਆਨੁ ਨਾਮਿ; ਮੁਕਤਿ ਹੋਈ ॥

ਸੋਈ = ਉਹੀ ਹਰੀ ਦਾ ਸੱਚਾ ਨਾਮ ਗੁਰਮੁਖ ਜਨਾਂ ਦੀ ਰਿਧੀ ਸਿਧੀ ਤੇ ਸੰਜਮ ਹੈ।

ਗੁਰਮੁਖ ਜਨ ਪਰਮੇਸ਼ਰ ਦੇ ਨਾਮ ਕਰਕੇ ਗਿਆਨ ਪ੍ਰਾਪਤ ਕਰਦੇ ਹਨ ਅਤੇ ਗਿਆਨ ਦੁਆਰਾ ਗੁਰਮੁਖਾਂ ਨੂੰ ਮੁਕਤਿ = ਮੁਕਤੀ ਪ੍ਰਾਪਤ ਹੁੰਦੀ ਹੈ।

**ਅਥਵਾ** ਗੁਰਮੁਖਾਂ ਨੇ ਸੋਈ = ਸ਼ੋਭਨੀਕ ਸੱਚੇ ਨਾਮ ਨੂੰ ਹੀ ਰਿਧੀ ਸਿਧੀ ਤੇ ਸੰਜਮ ਨਿਸਚੇ ਕੀਤਾ ਹੈ। ਨਾਮ ਨੂੰ ਜਪਣਾ ਹੀ ਗੁਰਮੁਖਾਂ ਦਾ ਗਿਆਨ ਹੈ ਤੇ ਗੁਰਮੁਖਾਂ ਨੂੰ ਨਾਮਿ = ਨਾਮੀ ਪਰਮੇਸ਼ਰ ਦੇ ਗਿਆਨ ਕਰਕੇ ਮੁਕਤੀ ਪ੍ਰਾਪਤ ਹੋਈ ਹੈ।

## ਗੁਰਮੁਖਿ ਕਾਰ ਸਚੁ ਕਮਾਵਹਿ; ਸਚੇ ਸਚਿ ਸਮਾਵਣਿਆ ॥੭॥

ਗੁਰਮੁਖ ਭਗਤੀ ਰੂਪੀ ਸੱਚੀ ਕਾਰ ਨੂੰ ਕਮਾਵਹਿ = ਕਮਾਉਂਦੇ ਹਨ ਤੇ ਸੱਚੇ ਨਾਮ ਨੂੰ ਜਪ ਕੇ ਸੱਚੇ ਪਰਮੇਸ਼ਰ ਵਿਚ ਸਮਾਵਣਿਆ = ਸਮਾ ਭਾਵ ਅਭੇਦ ਹੋ ਜਾਂਦੇ ਹਨ ॥੭॥

## ਗੁਰਮੁਖਿ ਥਾਪੇ; ਥਾਪਿ ਉਥਾਪੇ ॥ ਗੁਰਮੁਖਿ ਜਾਤਿ ਪਤਿ; ਸਭੁ ਆਪੇ ॥

ਗੁਰਮੁਖਾਂ ਨੇ ਮੁਖੀ ਗੁਰਾਂ ਦੁਆਰਾ ਇਹ ਜਾਣਿਆ ਹੈ ਕਿ ਵਾਹਿਗੁਰੂ ਆਪ ਹੀ ਸੰਸਾਰ ਨੂੰ ਥਾਪੇ = ਬਣਾਉਣ ਭਾਵ ਪੈਦਾ ਕਰਦਾ ਹੈ ਤੇ ਆਪ ਹੀ ਥਾਪਿ = ਸਾਜ ਕੇ ਫੇਰ ਪਾਲਣਾ ਕਰਦਾ ਹੈ ਤੇ ਆਪ ਹੀ ਫੇਰ ਉਥਾਪੇ = ਪੁੱਟਣਾ ਭਾਵ ਲਯ ਕਰਦਾ ਹੈ **ਵਾ:** ਗੁਰਮੁਖ ਜਨ ਹਿਰਦੇ ਵਿਚ ਥਾਪੇ = ਇਸਥਿਤ ਹੋਏ ਅਗਿਆਨ ਨੂੰ ਗੁਰਾਂ ਦੁਆਰਾ ਹਿਰਦੇ ਵਿਚ ਗਿਆਨ ਥਾਪਿ = ਇਸਥਿਤ ਕਰਕੇ ਉਥਾਪੇ = ਪੁੱਟ ਦਿੰਦੇ ਹਨ **ਅਥਵਾ** ਗੁਰਮੁਖ ਥਾਪੇ ਹੋਏ ਕਾਮ, ਕ੍ਰੋਧ ਆਦਿ ਨੂੰ ਅੰਦਰੋਂ ਗੁਰੂ ਕ੍ਰਿਪਾ ਦੁਆਰਾ ਉਥਾਪੇ = ਪੁੱਟ ਦਿੰਦੇ ਹਨ ਤੇ ਸ਼ੁਭ ਗੁਣਾਂ ਨੂੰ ਗੁਰੂ ਦੀ ਬਖ਼ਸ਼ਿਸ਼ ਜਾਣ ਕੇ ਥਾਪਿ = ਇਸਥਿਤ ਕਰਦੇ ਹਨ।

ਗੁਰਮੁਖਾਂ ਦੀ ਜਾਤ ਪਾਤ ਸਭ ਕੁਝ ਪਰਮੇਸ਼ਰ ਆਪ ਹੀ ਹੈ **ਵਾ:** ਗੁਰਮੁਖ ਜਨਾਂ ਨੇ ਜਾਤਿ = ਜਾਣਿਆ ਹੈ ਕਿ ਪਤਿ = ਪਤੀ ਪਰਮੇਸ਼ਰ ਸਭੁ = ਸਾਰਿਆਂ ਅੰਦਰ ਆਪੇ = ਆਪ ਹੀ ਵਿਆਪਕ ਹੋ ਰਿਹਾ ਹੈ।

## ਨਾਨਕ ਗੁਰਮੁਖਿ ਨਾਮੁ ਧਿਆਏ; ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥

ਗੁਰੂ ਜੀ ਉਚਾਰਨ ਕਰਦੇ ਹਨ ਕਿ ਗੁਰਮੁਖ ਜਨ ਗੁਰੂ ਦੁਆਰਾ ਨਾਮ ਨੂੰ ਧਿਆਉਂਦੇ ਹਨ ਉਹ ਨਾਮ ਨੂੰ ਜਪਣ ਕਰਕੇ ਨਾਮਿ = ਨਾਮੀ ਪਰਮੇਸ਼ਰ ਵਿਚ ਸਮਾਵਣਿਆ = ਸਮਾਉਣਾ ਕਰਦੇ ਹਨ ॥੮॥੧੨॥੧੩॥

## ਮਾਝ ਮਹਲਾ ੩ ॥

## ਉਤਪਤਿ ਪਰਲਉ; ਸਬਦੇ ਹੋਵੈ ॥ ਸਬਦੇ ਹੀ; ਫਿਰਿ ਓਪਤਿ ਹੋਵੈ ॥

ਸ੍ਰਿਸਟੀ ਦੀ ਉਤਪਤੀ = ਪੈਦਾਇਸ਼ ਇਸ ਤੇ ਪਰਲਉ = ਲੈਤਾ ਸਬਦੇ = ਬ੍ਰਹਮ (ਬਾਣੀ, ਫੁਰਨੇ) ਦੁਆਰਾ ਹੋਵੈ = ਹੁੰਦੀ ਹੈ **ਵਾ:** ਮਹਾਂ ਪਰਲੋ ਦੀ ਉਤਪਤੀ ਸਬਦੇ = ਬ੍ਰਹਮ ਤੋਂ ਹੀ ਹੁੰਦੀ ਹੈ।

ਮਹਾਂ ਪਰਲੋ ਤੋਂ ਬਾਅਦ ਸਬਦੇ = ਬ੍ਰਹਮ ਦੁਆਰਾ ਹੀ ਫਿਰਿ = ਮੁੜ ਕੇ ਸ੍ਰਿਸਟੀ ਦੀ ਓਪਤਿ = ਉਤਪਤੀ ਹੋਵੈ = ਹੁੰਦੀ ਹੈ।

**ਅਥਵਾ** ਸ੍ਰਿਸ਼ਟੀ ਦੀ ਉਤਪਤਿ = ਉੱਤਪਤੀ ਸ਼ਬਦ ਦੁਆਰਾ ਹੋਈ ਹੈ। ਜੈਸਾ ਕਿ :

**ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥** *(ਅੰਗ ੧੦੦੩)*

**ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ ॥**
**ਓਅੰਕਾਰਿ ਸੈਲ ਜੁਗ ਭਏ ॥ ਓਅੰਕਾਰਿ ਬੇਦ ਨਿਰਮਏ ॥** *(ਅੰਗ ੯੨੯)*

ਜਦੋਂ ਸੰਸਾਰ ਦੀ ਪਰਲਉ = ਪਰਲੋ ਹੁੰਦੀ ਹੈ, ਉਦੋਂ ਅਨੇਕ ਤੋਂ ਇਕ ਹੋ ਜਾਂਦਾ ਹੈ। ਉਹ ਵੀ ਸ਼ਬਦ ਦੁਆਰਾ ਹੀ ਹੁੰਦੀ ਹੈ। ਜੈਸਾ ਕਿ :

**ਅਨੇਕ ਹੈਂ ॥ ਫਿਰਿ ਏਕ ਹੈਂ ॥** *(ਜਾਪੁ ਸਾਹਿਬ, ਸ੍ਰੀ ਦਸਮ ਗ੍ਰੰਥ, ਪੰਨਾ ੩)*

**ਅਥਵਾ** ਜਿਹੜੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉੱਤਪਤ ਹੋਏ ਹਨ, ਇਹਨਾਂ ਦੀ ਪਰਲੋ ਗੁਰ-ਸ਼ਬਦ ਦੀ ਕਮਾਈ ਕਰਕੇ ਹੁੰਦੀ ਹੈ। ਸ਼ਬਦ ਦੁਆਰਾ ਹੀ ਸਤਿ, ਸੰਤੋਖ, ਦਇਆ, ਧਰਮ ਆਦਿ ਦੀ ਉੱਤਪਤੀ ਹੁੰਦੀ ਹੈ। ਜੋ ਹਿਰਦੇ ਵਿਚ ਅਗਿਆਨ ਉੱਤਪਤ ਹੋ ਰਿਹਾ ਹੈ, ਇਸ ਦੀ ਪਰਲੋ ਸ਼ਬਦ ਦੁਆਰਾ ਹੀ ਹੁੰਦੀ ਹੈ। ਬ੍ਰਹਮ ਦੇ ਪ੍ਰੋਖ ਅਪ੍ਰੋਖ ਗਿਆਨ ਦੀ ਉੱਤਪਤੀ ਸ਼ਬਦ ਦੁਆਰਾ ਹੁੰਦੀ ਹੈ।

## ਗੁਰਮੁਖਿ ਵਰਤੈ, ਸਭੁ ਆਪੇ ਸਚਾ; ਗੁਰਮੁਖਿ ਉਪਾਇ ਸਮਾਵਣਿਆ ॥੧॥

ਗੁਰਮੁਖ ਜਾਣਦੇ ਹਨ ਕਿ ਸੱਚਾ ਵਾਹਿਗੁਰੂ ਆਪ ਹੀ ਸਰਬ ਰੂਪਾਂ ਵਿਚ ਵਰਤ ਰਿਹਾ ਹੈ ਗੁਰਮੁਖ ਜਨਾਂ ਨੂੰ ਗਿਆਤ ਹੈ ਕਿ ਪਰਮੇਸ਼ਰ ਆਪ ਹੀ ਸ੍ਰਿਸਟੀ ਨੂੰ ਉਪਾਇ = ਪੈਦਾ ਕਰਕੇ ਫੇਰ ਸਮਾਵਣਿਆ = ਸਮਾਉਣਾ ਭਾਵ ਲੈਅ ਕਰਨ ਵਾਲਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਗੁਰੁ ਪੂਰਾ ਮੰਨਿ ਵਸਾਵਣਿਆ ॥

ਹਉ = ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਮਨ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਪੂਰੇ ਗੁਰੂ ਦੇ ਉਪਦੇਸ਼ ਨੂੰ ਮਨ ਵਿਚ ਮੰਨਣ ਕਰਕੇ ਵਸਾਵਣਿਆ = ਵਸਾਇਆ ਭਾਵ ਧਾਰਨ ਕੀਤਾ ਹੈ।

## ਗੁਰ ਤੇ ਸਾਂਤਿ, ਭਗਤਿ ਕਰੇ ਦਿਨੁ ਰਾਤੀ; ਗੁਣ ਕਹਿ ਗੁਣੀ ਸਮਾਵਣਿਆ ॥੧॥ਰਹਾਉ॥

ਜੋ ਗੁਰ = ਸਤਿਗੁਰਾਂ ਤੇ = ਤੋਂ ਆਤਮਿਕ ਸ਼ਾਂਤੀ ਪ੍ਰਾਪਤ ਕਰਕੇ ਦਿਨ ਰਾਤ ਪ੍ਰੇਮਾ ਭਗਤਿ = ਭਗਤੀ ਕਰੇ = ਕਰਦੇ ਹਨ, ਉਹ ਗੁਣੀ ਪਰਮੇਸ਼ਰ ਦੇ ਗੁਣ ਕਹਿ = ਕਥਨ ਕਰਕੇ ਉਸ ਪਰਮੇਸ਼ਰ ਵਿਚ ਹੀ ਸਮਾਵਣਿਆ = ਸਮਾਅ ਜਾਂਦੇ ਹਨ ॥੧॥ਰਹਾਉ॥

## ਗੁਰਮੁਖਿ ਧਰਤੀ; ਗੁਰਮੁਖਿ ਪਾਣੀ ॥ ਗੁਰਮੁਖਿ, ਪਵਣੁ ਬੈਸੰਤਰੁ; ਖੇਲੈ ਵਿਡਾਣੀ ॥

ਗੁਰਮੁਖ ਜਨ ਜਾਣਦੇ ਹਨ ਕਿ ਇਹ ਧਰਤੀ ਪਰਮੇਸ਼ਰ ਨੇ ਆਪ ਹੀ ਰਚੀ ਹੈ ਤੇ ਗੁਰਮੁਖ ਜਨਾਂ ਦਾ ਇਹ ਨਿਸਚਾ ਹੈ ਕਿ ਪਰਮੇਸ਼ਰ ਨੇ ਆਪ ਹੀ ਪਾਣੀ ਰਚਿਆ ਹੈ।

ਗੁਰਮੁਖ ਜਨਾਂ ਨੂੰ ਇਹ ਗਿਆਤ ਹੈ ਕਿ ਪਵਣੁ = ਪੌਣ, ਬੈਸੰਤਰੁ = ਅਗਨੀ ਆਦਿ ਪਰਮੇਸ਼ਰ ਦੇ ਰਚੇ ਹੋਏ ਤੱਤ ਵੱਖਰੋਂ ਵੱਖਰੀਆਂ ਵਿਡਾਣੀ = ਅਸਚਰਜ ਖੇਲੈ = ਖੇਡਾਂ ਖੇਡਦੇ ਹਨ **ਵਾ:** ਪਰਮੇਸ਼ਰ ਪੰਜਾਂ ਤੱਤਾਂ ਦੁਆਰਾ ਸ੍ਰਿਸਟੀ ਨੂੰ ਰਚ ਕੇ ਵਿਡਾਣੀ = ਅਸਚਰਜ ਖੇਲੈ = ਖੇਡਾਂ ਖੇਡ ਰਿਹਾ ਹੈ।

***ਦੂਸਰਾ ਅਰਥ :*** ਗੁਰਮੁਖ ਜਨ ਧਰਤੀ ਵਾਂਗੂੰ ਖਿਮਾ, ਧੀਰਜਤਾ ਦੇ ਸਹਿਤ ਰਹਿੰਦੇ ਹਨ, ਗੁਰਮੁਖ ਜਨ ਪਾਣੀ ਦੀ ਤਰ੍ਹਾਂ ਸ਼ੁੱਧ ਹਿਰਦੇ ਦੇ **ਵਾ:** ਸੀਤਲਤਾ ਦੇ ਗੁਣ ਸਹਿਤ ਰਹਿੰਦੇ ਹਨ।

ਗੁਰਮੁਖ ਜਨ ਪਵਣ ਦੀ ਤਰ੍ਹਾਂ ਸਮਾਨ ਬਿਰਤੀ ਦੇ ਸਹਿਤ, ਅਗਨੀ ਦੀ ਤਰ੍ਹਾਂ ਪ੍ਰਕਾਸ਼ ਵਾਲੀ ਆਤਮ ਵਿਸ਼ੈਣੀ ਬੁੱਧ ਦੇ ਸਹਿਤ ਰਹਿੰਦੇ ਹਨ, ਇਉਂ ਅਸਚਰਜ ਸਰੂਪ ਪਰਮੇਸ਼ਰ ਵਿਚ ਖੇਲੈ = ਖੇਡਦੇ ਹਨ।

***ਤੀਸਰਾ ਅਰਥ :*** ਜਿਨ੍ਹਾਂ ਗੁਰਮੁਖ ਜਨਾਂ ਨੇ ਬੁੱਧ ਰੂਪ ਧਰਤੀ ਵਿਚ ਗੁਰਮੁਖਿ = ਮੁਖੀ ਗੁਰਾਂ ਦੁਆਰਾ ਪਾਣੀ ਦੀ ਨਿਆਈਂ ਪ੍ਰੇਮ ਪੈਦਾ ਕੀਤਾ ਹੈ।

ਉਹ ਗੁਰਮੁਖ ਪਵਣੁ = ਹਵਾ ਭਾਵ ਸੁਆਸ ਸੁਆਸ ਸਿਮਰਨ ਕਰਦੇ ਹਨ, ਫਿਰ ਉਨ੍ਹਾਂ ਨੂੰ ਬੈਸੰਤਰ = ਜਠਰਾ ਅਗਨੀ ਦਾ ਹਿਰਦੇ ਅੰਦਰ ਚਾਨਣ ਪ੍ਰਤੀਤ ਹੋਣ ਲੱਗ ਜਾਂਦਾ ਹੈ, ਭਾਵ ਖੰਡਾਂ ਬ੍ਰਹਿਮੰਡਾਂ ਵਿਚ ਪਰਮੇਸ਼ਰ ਦੀ ਜੋਤ ਪ੍ਰਤੀਤ ਹੋਣ ਲੱਗ ਜਾਂਦੀ ਹੈ, ਇਹ ਪਰਮੇਸ਼ਰ ਦੇ ਹੀ ਵਿਡਾਣੀ = ਅਸਚਰਜ ਖੇਲੈ = ਖੇਡ ਹਨ।

***ਚੌਥਾ ਅਰਥ :*** ਗੁਰਮੁਖ ਜਨਾਂ ਦੀ ਬੁੱਧ ਰੂਪ ਧਰਤੀ ਪਰਮੇਸ਼ਰ ਨੂੰ ਨਿਸਚੇ ਕਰਦੀ ਹੈ, ਗੁਰਮੁਖ ਜਨਾਂ ਦਾ ਮਨ ਪਾਣੀ ਦੀ ਨਿਆਈਂ ਉੱਜਲ ਹੈ। ਅਤੇ

ਗੁਰਮੁਖ ਜਨਾਂ ਦਾ ਚਿੱਤ ਪਵਣੁ = ਹਵਾ ਵਰਗਾ ਨਿਰਲੇਪ ਹੈ ਤੇ ਬੈਸੰਤਰ = ਅਗਨੀ ਦੀ ਨਿਆਈਂ ਬ੍ਰਹਮ ਗਿਆਨ ਰੂਪ ਪ੍ਰਕਾਸ਼ ਵਾਲੇ ਹੋ ਕੇ ਪਰਮੇਸ਼ਰ ਦੇ ਅਸਚਰਜ ਖੇਲ ਦੇਖਦੇ ਹਨ।

***ਪੰਜਵਾਂ ਅਰਥ :*** ਗੁਰਮੁਖ ਜਨ ਤੁਰੀਆ ਪਦ ਰੂਪੀ ਧਰਤੀ ਵਾਲੇ ਹੁੰਦੇ ਹਨ, ਗੁਰਮੁਖ ਜਨ ਪਾਣੀ ਵਾਂਗੂੰ ਸਭ ਨੂੰ ਵਿਕਾਰਾਂ ਦੀ ਮੈਲ ਤੋਂ ਰਹਿਤ ਕਰਕੇ ਨਿਰਮਲ ਕਰਨ ਵਾਲੇ ਹਨ। ਕਿਉਂਕਿ

ਗੁਰਮੁਖ ਜਨ ਆਪ ਪਾਉਣ ਵਾਂਗੂੰ ਪਵਿੱਤਰ ਤੇ ਗਿਆਨ ਰੂਪੀ ਪ੍ਰਕਾਸ਼ ਵਾਲੇ ਹੁੰਦੇ ਹਨ, ਜਿਸ ਕਰਕੇ ਉਹ ਚੇਤਨ ਬ੍ਰਹਮ ਦੀਆਂ ਅਸਚਰਜ ਖੇਲਾਂ ਨੂੰ ਦੇਖਦੇ ਹਨ।

## ਸੋ ਨਿਗੁਰਾ, ਜੋ ਮਰਿ ਮਰਿ ਜੰਮੈ; ਨਿਗੁਰੇ ਆਵਣ ਜਾਵਣਿਆ ॥੨॥

ਹੇ ਭਾਈ ! ਗੁਰਮੁਖਾਂ ਤੋਂ ਉਲਟ ਸੋ = ਉਹ ਨਿਗੁਰਾ = ਗੁਰੂ ਤੋਂ ਹੀਣਾ ਹੈ, ਜੋ = ਜਿਹੜਾ ਮਰਿ = ਮੌਤ ਕਰਕੇ ਮਰਿ = ਮਰਦਾ ਤੇ ਵਾਸ਼ਨਾ ਕਰਕੇ ਜੰਮੈ = ਜੰਮਦਾ ਰਹਿੰਦਾ ਹੈ, ਇਉਂ ਗੁਰਮੁਖਾਂ ਵਾਲੀ ਰੀਤੀ ਨਾ ਹੋਣ

ਕਰਕੇ ਨਿਗੁਰੇ ਪੁਰਸ਼ ਦਾ ਸੰਸਾਰ ਵਿਚ ਜਨਮ ਧਾਰ ਕੇ ਆਵਣ = ਆਉਣਾ ਤੇ ਮਰ ਕੇ ਜਾਵਣਿਆ = ਜਾਣਾ ਬਣਿਆ ਰਹਿੰਦਾ ਹੈ ॥੨॥

## ਤਿਨਿ ਕਰਤੈ; ਇਕੁ ਖੇਲੁ ਰਚਾਇਆ ॥

ਤਿਨਿ = ਉਸ ਕਰਤੈ = ਅਕਾਲ ਪੁਰਖ ਨੇ ਸੰਸਾਰ ਰੂਪੀ ਇਕ ਖੇਲ ਰਚਾਇਆ = ਰਚਾਉਣਾ ਕੀਤਾ ਹੈ।

## ਕਾਇਆ ਸਰੀਰੈ ਵਿਚਿ; ਸਭੁ ਕਿਛੁ ਪਾਇਆ ॥

ਇਹ ਸਰੀਰੈ = ਦੇਹ ਤੇ ਕਾਇਆ = ਬੁੱਧ ਵਿਚਿ = ਅੰਦਰ ਸਭੁ = ਸਾਰਾ ਕਿਛੁ = ਕੁਝ ਭਾਵ ਦੈਵੀ ਗੁਣ, ਆਸੁਰੀ ਗੁਣ ਤੇ ਚੇਤਨ ਸੱਤਾ ਨੂੰ ਪਾਇਆ = ਪਾਉਣਾ ਕੀਤਾ ਹੈ **ਵਾ:** ਚਾਰੇ ਪਦਾਰਥਾਂ ਦੇ ਦੇਣ ਵਾਲੇ ਨਾਮ ਨੂੰ ਪਾਉਣਾ ਕੀਤਾ ਹੈ।

**ਅਥਵਾ** ਇਸ ਵੈਰਾਟ ਰੂਪ ਈਸ਼ਰ ਦੇ ਕਾਇਆ = ਸਰੀਰ ਰੂਪੀ ਸਰੀਰੈ = ਘਰ ਵਿਚ ਪਾਤਾਲ ਅਕਾਸ਼ ਆਦਿ ਸਭ ਕੁਝ ਪਾਇਆ ਭਾਵ ਪੈਦਾ ਕੀਤਾ ਹੋਇਆ ਹੈ।

**ਅਥਵਾ** ਈਸ਼ਵਰ ਦੇ ਕਾਇਆ = ਸਰੀਰ ਵਿੱਚੋਂ ਦੈਂਤ, ਦੇਵਤਿਆਂ ਆਦਿ ਦੀਆਂ ਸਰੀਰੈ = ਦੇਹਾਂ ਪੈਦਾ ਕੀਤੀਆਂ ਹਨ।

## ਸਬਦਿ ਭੇਦਿ, ਕੋਈ ਮਹਲੁ ਪਾਏ; ਮਹਲੇ ਮਹਲਿ ਬੁਲਾਵਣਿਆ ॥੩॥

ਗੁਰਾਂ ਦੇ ਸਬਦਿ = ਉਪਦੇਸ਼ਾਂ ਦੇ ਭੇਦ ਦੁਆਰਾ ਕੋਈ ਕੋਈ ਹੀ ਆਪਣੇ ਨਿਜ ਮਹਲੁ = ਸਰੂਪ ਨੂੰ ਪਾਏ = ਪਾਉਂਦਾ ਹੈ, ਤਦੋਂ ਪਰਮੇਸ਼ਰ ਉਨ੍ਹਾਂ ਨੂੰ ਸਾਧ ਸੰਗਤ ਰੂਪੀ ਮਹਲੇ = ਮਹੱਲ ਦੁਆਰਾ ਆਪਣੇ ਸਰੂਪ ਰੂਪੀ ਮਹਲਿ = ਮਹੱਲ ਵਿਚ ਬੁਲਾਵਣਿਆ = ਬੁਲਾ ਲੈਂਦਾ ਹੈ ॥੩॥

## ਸਚਾ ਸਾਹੁ; ਸਚੇ ਵਣਜਾਰੇ ॥ ਸਚੁ ਵਣੰਜਹਿ; ਗੁਰ ਹੇਤਿ ਅਪਾਰੇ ॥

ਸਤਿਗੁਰੂ ਸਾਹਿਬ ਜੀ ਸੱਚੇ ਸ਼ਾਹੂਕਾਰ ਹਨ, ਜਗਿਆਸੂ ਗੁਰਸਿੱਖ ਸੱਚੇ ਵਣਜਾਰੇ ਹਨ। ਸੱਚ ਦੀ ਪ੍ਰਾਪਤੀ ਵਾਲੇ ਜਗਿਆਸੂ ਗੁਰੂ ਨਾਲ ਅਪਾਰੇ = ਬੇਅੰਤ ਹੇਤਿ = ਪ੍ਰੇਮ ਕਰਕੇ ਨਾਮ ਰੂਪੀ ਸੱਚੇ ਸੌਦੇ ਨੂੰ ਵਣੰਜਹਿ = ਖ਼ਰੀਦਦੇ ਹਨ।

## ਸਚੁ ਵਿਹਾਝਹਿ ਸਚੁ ਕਮਾਵਹਿ; ਸਚੋ ਸਚੁ ਕਮਾਵਣਿਆ ॥੪॥

ਉਹ ਸੱਚੇ ਨਾਮ ਨੂੰ ਵਿਹਾਝਹਿ = ਖ਼ਰੀਦ ਕੇ ਸੱਚੇ ਨਾਮ ਨੂੰ ਹੀ ਕਮਾਵਹਿ = ਕਮਾਉਂਦੇ ਹਨ ਤੇ ਇਉਂ ਆਪ ਸੱਚੇ ਨਾਮ ਦੀ ਕਮਾਈ ਕਰਦੇ ਹੋਏ ਹੋਰਨਾਂ ਤੋਂ ਵੀ ਸੱਚੇ ਨਾਮ ਦੀ ਕਮਾਈ ਕਮਾਵਣਿਆ = ਕਰਵਾਉਂਦੇ ਹਨ ॥੪॥

## ਬਿਨੁ ਰਾਸੀ; ਕੋ ਵਥੁ ਕਿਉ ਪਾਏ ॥ ਮਨਮੁਖ ਭੂਲੇ; ਲੋਕ ਸਬਾਏ ॥

ਸ਼ਰਧਾ ਰੂਪੀ ਰਾਸੀ = ਪੂੰਜੀ ਤੋਂ ਬਿਨਾਂ ਨਾਮ **ਵਾ:** ਆਤਮ ਵਥੁ = ਵਸਤੂ ਨੂੰ ਕੋਈ ਕਿਉ = ਕਿਵੇਂ ਪਾਏ = ਪਾ ਸਕਦਾ ਹੈ ਭਾਵ ਨਹੀਂ ਪਾ ਸਕਦਾ। ਮਨਮੁਖ ਲੋਕ ਸਬਾਏ = ਸਾਰੇ ਹੀ ਮਾਇਆ ਵਿਚ ਭੁੱਲੇ ਫਿਰਦੇ ਹਨ।

## ਬਿਨੁ ਰਾਸੀ, ਸਭ ਖਾਲੀ ਚਲੇ; ਖਾਲੀ ਜਾਇ ਦੁਖੁ ਪਾਵਣਿਆ ॥੫॥

ਸ਼ਰਧਾ ਦੀ ਨਾਮ ਰੂਪੀ ਰਾਸੀ = ਪੂੰਜੀ ਤੋਂ ਬਿਨਾਂ ਸਭ = ਸਾਰੇ ਮਨਮੁਖ ਖ਼ਾਲੀ ਚਲੇ ਜਾਂਦੇ ਹਨ ਪਰਲੋਕ ਵਿਚ ਖ਼ਾਲੀ ਜਾਇ = ਜਾ ਕੇ ਨਰਕਾਂ ਦਾ **ਵਾ:** ਚੌਰਾਸੀ ਲੱਖ ਜੂਨਾਂ ਦਾ ਦੁੱਖ ਪਾਵਣਿਆ = ਪਾਉਂਦੇ ਹਨ ॥੫॥

**ਇਕਿ ਸਚੁ ਵਣੰਜਹਿ; ਗੁਰ ਸਬਦਿ ਪਿਆਰੇ ॥ ਆਪਿ ਤਰਹਿ; ਸਗਲੇ ਕੁਲ ਤਾਰੇ ॥**

ਇਕਿ = ਕਈ ਗੁਰ ਸਬਦਿ = ਉਪਦੇਸ਼ ਦੇ ਪਿਆਰੇ ਕੇਵਲ ਸਚੁ = ਸੱਚੇ ਨਾਮ ਨੂੰ ਹੀ ਵਣੰਜਹਿ = ਖ਼ਰੀਦਦੇ ਹਨ। ਜਿਸ ਕਰਕੇ ਉਹ ਆਪ ਵੀ ਤਰਹਿ = ਤਰਦੇ ਹਨ ਤੇ ਸਗਲੇ = ਸਾਰੀਆਂ ਕੁਲਾਂ ਨੂੰ ਵੀ ਤਾਰ ਲੈਂਦੇ ਹਨ।

**ਆਏ ਸੇ ਪਰਵਾਣੁ ਹੋਏ; ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥**

ਸੇ = ਉਹੋ ਹੀ ਸੰਸਾਰ ਵਿਚ ਆਏ ਪਰਵਾਣੁ = ਪ੍ਰਮਾਣੀਕ ਹੋਏ ਹਨ, ਜਿਨ੍ਹਾਂ ਨੇ ਪ੍ਰੀਤਮ = ਪਿਆਰੇ ਗੁਰਾਂ ਨੂੰ ਮਿਲ ਕੇ ਆਤਮ ਸੁੱਖ ਨੂੰ ਪਾਵਣਿਆ = ਪਾਉਣਾ ਕੀਤਾ ਹੈ ॥੬॥

**ਅੰਤਰਿ ਵਸਤੁ; ਮੂੜਾ ਬਾਹਰੁ ਭਾਲੇ ॥ ਮਨਮੁਖ ਅੰਧੇ; ਫਿਰਹਿ ਬੇਤਾਲੇ ॥**

ਸਭ ਦੇ ਅੰਦਰ ਹੀ ਆਤਮ ਰੂਪ ਵਸਤੂ ਹੈ ਪਰ ਮੂੜਾ = ਮੂਰਖ ਪੁਰਸ਼ ਬਾਹਰ ਜੰਗਲਾਂ ਵਿਚ ਭਾਲੇ = ਭਾਲਦਾ ਫਿਰਦਾ ਹੈ। ਪ੍ਰੋਖ ਅਪ੍ਰੋਖ ਗਿਆਨ ਰੂਪੀ ਨੇਤ੍ਰਾਂ ਤੋਂ ਹੀਣੇ ਅੰਧੇ = ਅੰਨ੍ਹੇ ਮਨਮੁਖ ਅਗਿਆਨੀ ਜੀਵ ਬੇਤਾਲੇ = ਭੂਤਨਿਆਂ ਵਾਂਗੂੰ ਤੁਰੇ ਫਿਰਹਿ = ਫਿਰਦੇ ਹਨ **ਵਾ:** ਮਨਮੁਖ ਭੂਤਾਂ ਵਾਂਗੂੰ ਖਿੰਡੇ ਮਨ ਵਾਲੇ ਹਨ ਤੇ ਅੰਨ੍ਹੇ ਦੀ ਤਰ੍ਹਾਂ ਵਿਚਾਰਹੀਣ ਹੋਏ ਭਟਕਦੇ ਫਿਰਦੇ ਹਨ।

**ਜਿਥੈ ਵਥੁ ਹੋਵੈ, ਤਿਥਹੁ ਕੋਇ ਨ ਪਾਵੈ; ਮਨਮੁਖ ਭਰਮਿ ਭੁਲਾਵਣਿਆ ॥੭॥**

ਜਿਥੈ = ਜਿਸ ਸਤਿਸੰਗਤ ਰੂਪੀ ਥਾਂ ਵਿਚ ਆਤਮ ਰੂਪੀ ਵਥੁ = ਵਸਤੂ ਹੋਵੈ = ਹੁੰਦੀ ਹੈ, ਤਿਥਹੁ = ਉਥੋਂ ਕੋਇ = ਕੋਈ ਵੀ ਪਾਵੈ = ਪਾਉਂਦਾ ਨਹੀਂ ਮਨਮੁਖ ਪ੍ਰਾਣੀ ਭਰਮ ਵਿਚ ਭੁੱਲੇ ਫਿਰਦੇ ਹਨ ॥੭॥

**ਆਪੇ ਦੇਵੈ; ਸਬਦਿ ਬੁਲਾਏ ॥ ਮਹਲੀ ਮਹਲਿ; ਸਹਜ ਸੁਖੁ ਪਾਏ ॥**

ਜਿਨ੍ਹਾਂ ਨੂੰ ਪਰਮੇਸ਼ਰ ਆਪ ਬੁਲਾ ਕੇ ਗੁਰ-ਉਪਦੇਸ਼ ਦੁਆਰਾ ਨਾਮ ਦੀ ਦਾਤ ਦੇਵੈ = ਦਿੰਦਾ ਹੈ, ਉਹ ਮਹਲੀ = ਜਗਿਆਸੂ ਤੁਰੀਆ ਪਦ ਰੂਪੀ ਮਹਲ ਦੇ ਸੁੱਖ ਨੂੰ ਸਹਜ = ਸੁਤੇ ਸਿਧ ਹੀ ਪਾਏ = ਪਾਉਂਦੇ ਹਨ।

**ਨਾਨਕ, ਨਾਮਿ ਮਿਲੈ ਵਡਿਆਈ;**
**ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦੇ ਨਾਮ ਜਪਣ ਵਾਲਿਆਂ ਨੂੰ ਪ੍ਰਭੂ ਦੇ ਦਰਬਾਰ ਵਿਚ ਵਡਿਆਈ = ਸੋਭਾ ਮਿਲੈ = ਮਿਲਦੀ ਹੈ। ਇਸ ਕਰਕੇ ਜਗਿਆਸੂ, ਗੁਰਮੁਖ ਜਨ ਆਪੇ = ਆਪਣੇ ਸ਼ਰਧਾ ਤੇ ਭਰੋਸੇ ਰੂਪੀ ਕੰਨਾਂ ਦੁਆਰਾ ਸੁਣ ਸੁਣ ਕੇ ਨਾਮ ਨੂੰ ਧਿਆਵਣਿਆ = ਧਿਆਉਣਾ ਕਰਦੇ ਹਨ ॥੮॥੧੩॥੧੪॥

**[ਅੰਗ ੧੧੮]**

## ਮਾਝ ਮਹਲਾ ੩ ॥

**ਸਤਿਗੁਰ; ਸਾਚੀ ਸਿਖ ਸੁਣਾਈ ॥ ਹਰਿ ਚੇਤਹੁ; ਅੰਤਿ ਹੋਇ ਸਖਾਈ ॥**

ਸਤਿਗੁਰੂ ਸਾਹਿਬ ਜੀ ਨੇ ਇਹ ਸੱਚੀ ਸਿਖ = ਸਿੱਖਿਆ ਸੁਣਾਉਣਾ ਕੀਤੀ ਹੈ। ਕਿ

ਹੇ ਭਾਈ! ਹਰੀ ਪ੍ਰਭੂ ਦੇ ਨਾਮ ਨੂੰ ਚੇਤਹੁ = ਯਾਦ ਕਰੋ, ਸਿਮਰਨ ਕਰੋ ਜੋ ਅੰਤ ਸਮੇਂ ਤੁਹਾਡਾ ਸਖਾਈ = ਸਹਾਇਕ, ਮਿੱਤਰ ਹੋਵੇਗਾ।

## ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ; ਸਤਿਗੁਰ ਕੈ ਭਾਇ ਪਾਵਣਿਆ ॥੧॥

ਜੋ ਹਰਿ = ਪਰਮੇਸ਼ਰ ਅਗਮੁ = ਮਨ ਦੀ ਗਮਤਾ ਕਰਕੇ ਅਗੰਮ, ਅਗੋਚਰੁ = ਇੰਦ੍ਰੀਆਂ ਦੇ ਅਵਿਸ਼ੇ, ਅਜੋਨੀ = ਜੂਨਾਂ ਤੋਂ ਰਹਿਤ ਤੇ ਅਨਾਥੁ = ਜਿਸ ਦਾ ਕੋਈ ਮਾਲਕ ਨਹੀਂ ਹੈਂ, ਉਹ ਪਰਮੇਸ਼ਰ ਸਤਿਗੁਰੂ ਨਾਲ ਭਾਇ = ਪ੍ਰੇਮ ਕਰਕੇ ਪਾਇਆ ਜਾਂਦਾ ਹੈ **ਵਾ:** ਸਤਿਗੁਰੂ ਦੇ ਭਾਇ = ਭਾਣੇ ਵਿਚ ਚੱਲਣਾ ਕਰੀਏ ਤੇ ਸਤਿਗੁਰੂ ਨੂੰ ਭਾ ਜਾਈਏ ਤਾਂ ਉਸ ਨੂੰ ਪਾਇਆ ਜਾਂਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਆਪੁ ਨਿਵਾਰਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰਕੇ ਵਾਰੀ = ਕੁਰਬਾਨ ਤੇ ਜੀਉ = ਮਨ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਆਪਾ-ਭਾਵ ਨੂੰ ਅੰਦਰੋਂ ਨਵਿਰਤ ਕੀਤਾ ਹੈ।

## ਆਪੁ ਗਵਾਏ, ਤਾ ਹਰਿ ਪਾਏ; ਹਰਿ ਸਿਉ ਸਹਜਿ ਸਮਾਵਣਿਆ ॥੧॥ਰਹਾਉ॥

ਜੇ ਆਪਾ-ਭਾਵ ਹੰਗਤਾ ਗਵਾ ਦੇਈਏ ਤਾਂ ਹਰੀ ਪਰਮੇਸ਼ਰ ਨੂੰ ਪਾਏ = ਪਾਈਦਾ ਹੈ। ਹਰੀ ਦੇ ਸਿਉ = ਨਾਲ ਸਹਜਿ = ਸੁਤੇ-ਸਿੱਧ ਸਮਾਵਣਿਆ = ਸਮਾ, ਅਭੇਦ ਹੋਈਦਾ ਹੈ ॥੧॥ਰਹਾਉ॥

## ਪੂਰਬਿ ਲਿਖਿਆ; ਸੁ ਕਰਮੁ ਕਮਾਇਆ ॥
## ਸਤਿਗੁਰੁ ਸੇਵਿ; ਸਦਾ ਸੁਖੁ ਪਾਇਆ ॥

ਪੂਰਬਿ = ਪਿਛਲੇ ਜਨਮ ਕਾਲ ਦਾ ਜੋ ਲੇਖ ਮੱਥੇ 'ਤੇ ਲਿਖਿਆ ਹੈ, ਸੁ = ਉਹ ਹੀ ਜੀਵ ਨੇ ਕਮਾਉਣਾ ਕੀਤਾ ਹੈ ਭਾਵ ਪਿਛਲੇ ਕੀਤੇ ਕਰਮਾਂ ਦੀ ਵਾਸ਼ਨਾ ਅਨੁਸਾਰ ਜੀਵ ਕਰਮ ਕਮਾਉਂਦਾ ਹੈ।

ਗੁਰਮੁਖ ਜਨਾਂ ਨੇ ਪੂਰੇ ਸਤਿਗੁਰ ਦੀ ਸੇਵਾ ਕਰਕੇ ਸਦਾ ਰਹਿਣ ਵਾਲਾ ਬ੍ਰਹਮਾਨੰਦ ਦਾ ਸੁੱਖ ਪਾਇਆ ਹੈ।

## ਬਿਨੁ ਭਾਗਾ, ਗੁਰੁ ਪਾਈਐ ਨਾਹੀ; ਸਬਦੈ ਮੇਲਿ ਮਿਲਾਵਣਿਆ ॥੨॥

ਬਿਨਾਂ ਭਾਗਾਂ ਤੋਂ, ਨਿਸ਼ਕਾਮ ਕਰਮਾਂ ਤੋਂ ਬਿਨਾਂ ਕਿਸੇ ਨੂੰ ਵੀ ਸਤਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ। ਜਿਨ੍ਹਾਂ ਨੂੰ ਸ਼ਬਦ ਦੁਆਰਾ ਉਪਦੇਸ਼ ਦੇ ਕੇ ਮੇਲਿਆ ਹੈ, ਉਹਨਾਂ ਨੂੰ ਪ੍ਰਭੂ ਨੇ ਆਪਣੇ ਮੇਲ ਵਿਚ ਮਿਲਾਵਣਿਆ = ਮਿਲਾਉਣਾ ਕੀਤਾ ਹੈ ॥੨॥

## ਗੁਰਮੁਖਿ; ਅਲਿਪਤੁ ਰਹੈ ਸੰਸਾਰੇ ॥ ਗੁਰ ਕੈ ਤਕੀਐ; ਨਾਮਿ ਅਧਾਰੇ ॥

(**ਤਕੀਐ** ਦਾ ਉਚਾਰਣ ਪੋਲਾ ਹੈ)

ਗੁਰਮੁਖ ਜਨ ਸੰਸਾਰ ਤੋਂ ਅਲਿਪਤੁ = ਅਸੰਗ ਰਹਿੰਦੇ ਹਨ। ਉਹ ਗੁਰਮੁਖ ਜਨ ਸਰੀਰ ਕਰਕੇ ਗੁਰੂ ਸਾਹਿਬ ਜੀ ਕੈ = ਦੇ ਤਕੀਐ = ਆਸਰੇ ਅਤੇ ਮਨ, ਬਾਣੀ ਕਰਕੇ ਨਾਮ ਦੇ ਅਧਾਰੇ = ਆਸਰੇ ਰਹਿੰਦੇ ਹਨ **ਵਾ:** ਉਨ੍ਹਾਂ ਗੁਰਮੁਖਾਂ ਜਨਾਂ ਨੇ ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਦੇ ਆਸਰੇ ਨੂੰ ਤਕੀਐ = ਤੱਕਿਆ ਹੈ।

## ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ; ਆਪੇ ਖਪਿ ਦੁਖੁ ਪਾਵਣਿਆ ॥੩॥

ਤਿਸ ਨੋ = ਉਹਨਾਂ ਗੁਰਮੁਖ ਜਨਾਂ ਨੂੰ ਕੋਈ ਮਨਮੁਖ, ਅਗਿਆਨ, ਵਿਸ਼ੇ ਆਦਿਕ ਕਿਆ = ਕੀ ਜੋਰੁ = ਬਲ ਜਣਾਉਣਾ ਕਰੇ = ਕਰਨਗੇ ਭਾਵ ਕੋਈ ਜ਼ੋਰ ਨਹੀਂ ਪਾ ਸਕਦੇ **ਅਥਵਾ** ਸਿਮਰਨ ਨਾਲ ਜੁੜੇ ਹੋਏ ਗੁਰਮੁਖਾਂ 'ਤੇ ਮਨਮੁਖ ਆਪਣਾ ਕੀ ਜੋਰੁ = ਬਲ ਪਾ ਸਕਦੇ ਹਨ। ਮਨਮੁਖ ਆਪ ਹੀ ਖਪ ਖਪ ਕੇ ਦੁੱਖ ਪਾਵਣਿਆ = ਪਾਉਂਦੇ ਹਨ ॥੩॥

## ਮਨਮੁਖਿ ਅੰਧੇ; ਸੁਧਿ ਨ ਕਾਈ ॥ ਆਤਮਘਾਤੀ; ਹੈ ਜਗਤ ਕਸਾਈ ॥

ਗਿਆਨ ਤੋਂ ਹੀਣੇ ਮਨਮੁਖ ਅੰਧੇ = ਅੰਨ੍ਹਿਆਂ ਨੂੰ ਪ੍ਰਮਾਰਥ ਦੀ ਕੋਈ ਸੁਧਿ = ਖ਼ਬਰ ਨਹੀਂ **ਵਾ:** ਉਹਨਾਂ ਨੂੰ ਆਪਣੇ ਬੁਰੇ ਭਲੇ ਦੀ ਖ਼ਬਰ ਨਹੀਂ ਹੈ। ਉਹ ਮਨਮੁਖ ਤਾਂ ਆਪਣੇ ਆਪ ਦਾ ਘਾਤ ਕਰਨ ਵਾਲਾ ਹੈ ਅਤੇ ਜਗਤ ਦਾ ਕਸਾਈ ਹੈ **ਵਾ:** ਉਹ ਤਾਂ ਜਗਤ ਵਿਚ ਆਤਮਘਾਤੀ = ਆਪਣੇ ਆਪ ਨੂੰ ਮਾਰਨ ਵਾਲਾ ਕਸਾਈ ਹੈ। ਜਿਸ ਤਰ੍ਹਾਂ ਕਸਾਈ ਜੀਵਾਂ ਦੇ ਗਲਾਂ 'ਤੇ ਛੁਰੀ ਚਲਾਉਂਦਾ ਹੈ, ਇਸੇ ਤਰ੍ਹਾਂ ਮਨਮੁਖ ਔਗੁਣਾਂ ਕਰਕੇ ਆਤਮਿਕ ਜੀਵਨ ਵੱਲੋਂ ਆਪਣੇ ਗਲ 'ਤੇ ਆਪ ਹੀ ਛੁਰੀ ਚਲਾਉਂਦਾ ਹੈ **ਅਥਵਾ** ਖ਼ੁਦਕੁਸ਼ੀ ਕਰਨ ਵਾਲਾ ਜਗਤ ਦਾ ਕਸਾਈ ਹੈ **ਅਥਵਾ** ਆਪਣੇ ਸਰੂਪ ਨੂੰ ਨਾ ਜਾਨਣ ਵਾਲਾ ਆਤਮਘਾਤੀ ਜਗਤ ਦਾ ਕਸਾਈ ਹੈ।

## ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ; ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥੪॥

ਮਨਮੁਖ ਨਿੰਦਿਆ ਕਰ ਕਰ ਕੇ ਪਾਪਾਂ ਦਾ ਬਹੁ = ਬਹੁਤਾ ਭਾਰੁ = ਬੋਝ ਉਠਾਵੈ = ਉਠਾਉਂਦਾ ਹੈ ਤੇ ਮਜੂਰੀ = ਮਜ਼ਦੂਰੀ ਤੋਂ ਬਿਨਾਂ ਹੀ ਲੋਕਾਂ ਦੇ ਪਾਪਾਂ ਰੂਪੀ ਭਾਰ ਨੂੰ ਢੋਂਦਾ ਹੋਇਆ ਪਹੁਚਾਵਣਿਆ = ਅਪੜਾਉਂਦਾ ਹੈ ॥੪॥

## ਇਹੁ ਜਗੁ ਵਾੜੀ; ਮੇਰਾ ਪ੍ਰਭੁ ਮਾਲੀ ॥ ਸਦਾ ਸਮਾਲੇ; ਕੋ ਨਾਹੀ ਖਾਲੀ ॥

ਇਹ ਜਗੁ = ਜਗਤ ਵਾੜੀ = ਬਗ਼ੀਚੀ ਦੀ ਨਿਆਈਂ ਹੈ, ਮੇਰਾ ਵਾਹਿਗੁਰੂ ਇਸ ਦਾ ਮਾਲੀ ਹੈ। ਉਹ ਜੀਵਾਂ ਰੂਪੀ ਪੌਦਿਆਂ ਦੀ ਸਦਾ ਹੀ ਸਮਾਲੇ = ਸੰਭਾਲ ਕਰਦਾ ਹੈ, ਉਸ ਦੀ ਦਾਤ ਤੋਂ ਕੋਈ ਵੀ ਖ਼ਾਲੀ ਨਹੀਂ ਹੈ।

## ਜੇਹੀ ਵਾਸਨਾ ਪਾਏ, ਤੇਹੀ ਵਰਤੈ; ਵਾਸੂ ਵਾਸੁ ਜਣਾਵਣਿਆ ॥੫॥

ਜੇਹੀ = ਜਿਹੋ ਜਿਹੀ ਕਰਮਾਂ ਅਨੁਸਾਰ ਵਾਹਿਗੁਰੂ ਜੀਵ ਦੇ ਅੰਦਰ ਵਾਸ਼ਨਾ ਪਾਏ = ਪਾਉਂਦਾ ਹੈ, ਤੇਹੀ = ਤੇਹੋ ਜਿਹੀ ਵਾਸ਼ਨਾ ਅਨੁਸਾਰ ਜੀਵ ਸੰਸਾਰ ਵਿਚ ਵਰਤੈ = ਵਰਤਦਾ ਹੈ। ਵਾਸੂ = ਵਾਸਨਾ ਵਾਲੇ ਸਰੀਰ ਰੂਪੀ ਬਰਤਨ ਵਿਚ ਜੈਸੀ ਚੰਗੀ ਮੰਦੀ ਵਾਸੁ = ਵਾਸਨਾ ਹੁੰਦੀ ਹੈ, ਤਿਹੋ ਜਿਹੀ ਹੀ ਉਹ ਜਣਾਵਣਿਆ = ਜਣਾਉਂਦੇ ਹਨ **ਵਾ:** ਗੁਰਮੁਖ ਜਨ ਭਗਤੀ ਦੀ ਵਾਸਨਾ ਜਣਾਉਂਦੇ ਹਨ, ਮਨਮੁਖ ਵਿਸ਼ੇ ਵਾਸਨਾ ਨੂੰ ਜਣਾਉਂਦੇ ਹਨ। ਜਿਵੇਂ ਕਸਤੂਰੀ, ਚੰਦਨ ਆਦਿ ਆਪਣੀ ਖ਼ੁਸ਼ਬੂ ਜਣਾ ਦਿੰਦੇ ਹਨ। ਆਪਣੀ ਵਾਸ਼ਨਾ ਤੋਂ ਚੰਗਾ ਹੋਣਾ ਪ੍ਰਗਟ ਕਰਦੇ ਹਨ ਤੇ ਤੰਬਾਕੂ ਆਦਿ ਆਪਣੀ ਭੈੜੀ ਵਾਸ਼ਨਾ ਤੋਂ ਬੁਰਾ ਹੋਣਾ ਪ੍ਰਗਟ ਕਰਦੇ ਹਨ ਇਸੇ ਪ੍ਰਕਾਰ ਜੀਵ ਆਪਣੇ ਕਰਮਾਂ ਅਨੁਸਾਰ ਚੰਗੇ ਮੰਦੇ ਕਰਮਾਂ ਕਰਕੇ ਸੰਸਾਰ ਅੰਦਰ ਗੁਰਮੁਖ ਤੇ ਮਨਮੁਖ ਰੂਪ ਵਿਚ ਪ੍ਰਗਟ ਹੁੰਦੇ ਹਨ ॥੫॥

## ਮਨਮੁਖੁ ਰੋਗੀ ਹੈ; ਸੰਸਾਰਾ ॥ ਸੁਖਦਾਤਾ ਵਿਸਰਿਆ; ਅਗਮ ਅਪਾਰਾ ॥

ਸੰਸਾਰਾ = ਜਗਤ ਵਿਚ ਮਨਮੁਖ ਪੁਰਖ ਹਉਮੈ, ਵਿਕਾਰਾਂ ਦੇ ਰੋਗ ਕਰਕੇ ਰੋਗੀ ਹੈ = ਹਨ। ਕਿਉਂਕਿ ਉਨ੍ਹਾਂ ਨੂੰ ਅਗਮ = ਮਨ ਦੀ ਗੰਮਤਾ ਕਰਕੇ ਅਗੰਮ, ਅਪਾਰਾ = ਪਾਰਾਵਾਰ ਤੋਂ ਰਹਿਤ, ਸੁਖਦਾਤਾ = ਸੁੱਖਾਂ ਦਾ ਦਾਤਾ ਪਰਮੇਸ਼ਰ ਵਿਸਰਿਆ = ਭੁੱਲਿਆ ਹੋਇਆ ਹੈ।

## ਦੁਖੀਏ ਨਿਤਿ ਫਿਰਹਿ ਬਿਲਲਾਦੇ; ਬਿਨੁ ਗੁਰ ਸਾਂਤਿ ਨ ਪਾਵਣਿਆ ॥੬॥

ਜਿਸ ਕਰਕੇ ਉਹ ਨਿਤਿ = ਨਿਤਾਪ੍ਰਤੀ ਦੁਖੀ ਹੋ ਕੇ ਬਿਲਲਾਦੇ = ਵਿਰਲਾਪ ਕਰਦੇ ਫਿਰਹਿ = ਫਿਰਦੇ ਹਨ ਅਤੇ ਬਿਨਾਂ ਪੂਰੇ ਗੁਰੂ ਤੋਂ ਕਦੇ ਵੀ ਸ਼ਾਂਤੀ ਨਹੀਂ ਪਾਵਣਿਆ = ਪਾਉਣਾ ਕਰਦੇ ॥੬॥

## ਜਿਨਿ ਕੀਤੇ; ਸੋਈ ਬਿਧਿ ਜਾਣੈ ॥ ਆਪਿ ਕਰੇ; ਤਾ ਹੁਕਮਿ ਪਛਾਣੈ ॥

ਜਿਸ ਵਾਹਿਗੁਰੂ ਨੇ ਇਹ ਜੀਵ ਪੈਦਾ ਕੀਤੇ ਹਨ, ਸੋਈ = ਉਹ ਆਪ ਹੀ ਜੀਵਾਂ ਦੀ ਬਿਧੀ ਨੂੰ ਜਾਣਦਾ ਹੈ। ਜੇਕਰ ਉਹ ਪਰਮੇਸ਼ਰ ਆਪ ਕਿਰਪਾ ਕਰੇ ਤਾਂ ਜੀਵ ਪ੍ਰਭੂ ਦੇ ਹੁਕਮ ਨੂੰ ਪਛਾਣੈ = ਪਛਾਣਦੇ ਹਨ।

## ਜੇਹਾ ਅੰਦਰਿ ਪਾਏ, ਤੇਹਾ ਵਰਤੈ; ਆਪੇ ਬਾਹਰਿ ਪਾਵਣਿਆ ॥੭॥

ਜਿਹੋ ਜਿਹਾ ਜੀਵਾਂ ਦੇ ਅੰਦਰ ਪ੍ਰਭੂ ਸੁਭਾਅ ਪਾਉਂਦਾ ਹੈ, ਤੇਹਾ = ਤਿਹੋ ਜਿਹੇ ਸੁਭਾਅ ਅਨੁਸਾਰ ਹੀ ਜੀਵ ਵਰਤਦੇ ਹਨ। ਅਤੇ ਪਰਮੇਸ਼ਰ ਆਪੇ = ਆਪ ਹੀ ਉਨ੍ਹਾਂ ਦੇ ਚੰਗੇ ਮੰਦੇ ਸੁਭਾਅ ਨੂੰ ਬਾਹਰ ਸੰਸਾਰ ਵਿਚ ਪ੍ਰਗਟ ਕਰ ਦਿੰਦਾ ਹੈ ॥੭॥

## ਤਿਸੁ ਬਾਝਹੁ ਸਚੇ; ਮੈ ਹੋਰੁ ਨ ਕੋਈ ॥ ਜਿਸੁ ਲਾਇ ਲਏ; ਸੋ ਨਿਰਮਲੁ ਹੋਈ ॥

ਤਿਸੁ = ਉਸ ਸੱਚੇ ਵਾਹਿਗੁਰੂ ਤੋਂ ਬਿਨਾਂ ਮੈਨੂੰ ਹੋਰ ਕੋਈ ਪ੍ਰਤੀਤ ਨਹੀਂ ਹੁੰਦਾ। ਉਹ ਪਰਮੇਸ਼ਰ ਜਿਸ ਨੂੰ ਆਪਣੀ ਪ੍ਰੇਮਾ-ਭਗਤੀ ਵਿਚ ਲਾਇ = ਲਾ ਲਏ = ਲੈਂਦਾ ਹੈ, ਸੋ = ਉਹ ਨਿਰਮਲੁ = ਪਵਿੱਤ੍ਰ, ਪਾਪਾਂ ਤੋਂ ਰਹਿਤ ਹੋ ਜਾਂਦਾ ਹੈ।

## ਨਾਨਕ ਨਾਮੁ ਵਸੈ ਘਟ ਅੰਤਰਿ; ਜਿਸੁ ਦੇਵੈ ਸੋ ਪਾਵਣਿਆ ॥੮॥੧੪॥੧੫॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਭਾਈ! ਪਰਮੇਸ਼ਰ ਦਾ ਨਾਮ ਤਾਂ ਹਿਰਦੇ ਦੇ ਵਿਚ ਹੀ ਵਸੈ = ਵਸਦਾ ਹੈ, ਪਰ ਜਿਸ ਨੂੰ ਗੁਰੂ ਕ੍ਰਿਪਾ ਕਰਕੇ ਨਾਮ ਦੀ ਦਾਤ ਦੇਵੈ = ਦਿੰਦਾ ਹੈ, ਸੋ = ਉਹ ਪਾਵਣਿਆ = ਪ੍ਰਾਪਤ ਕਰਦਾ ਹੈ ॥੮॥੧੪॥੧੫॥

## ਮਾਝ ਮਹਲਾ ੩ ॥

## ਅੰਮ੍ਰਿਤ ਨਾਮੁ; ਮੰਨਿ ਵਸਾਏ ॥ ਹਉਮੈ ਮੇਰਾ; ਸਭੁ ਦੁਖੁ ਗਵਾਏ ॥

ਜਿਹੜੇ ਨਾਮ ਅੰਮ੍ਰਿਤ ਨੂੰ ਮੰਨਿ = ਹਿਰਦੇ ਵਿਚ ਵਸਾਏ = ਵਸਾਉਂਦੇ ਹਨ।

ਉਹ ਦੇਹ ਦੀ ਹਉਮੈ = ਹੰਗਤਾ, ਪਦਾਰਥਾਂ ਦੀ ਮੇਰਾ = ਮੇਰ ਤੇਰ ਤੇ ਜੰਮਣ ਮਰਣ ਆਦਿ ਦੇ ਸਭੁ = ਸਾਰੇ ਦੁੱਖਾਂ ਨੂੰ ਗਵਾਏ = ਗਵਾ ਲੈਂਦੇ ਹਨ।

## ਅੰਮ੍ਰਿਤ ਬਾਣੀ, ਸਦਾ ਸਲਾਹੇ; ਅੰਮ੍ਰਿਤ ਅੰਮ੍ਰਿਤੁ ਪਾਵਣਿਆ ॥੧॥

ਜੇਕਰ ਉਹ ਨਾਮ ਅੰਮ੍ਰਿਤ ਦੇ ਨਾਲ ਅੰਮ੍ਰਿਤ ਬਾਣੀ ਨੂੰ ਵੀ ਸਦਾ = ਹਮੇਸ਼ਾ ਸਲਾਹੇ = ਸਾਲਾਹੁਣਾ ਕਰਨ ਤਾਂ ਅੰਮ੍ਰਿਤ ਗਿਆਨ ਪ੍ਰਾਪਤ ਕਰਕੇ ਅੰਮ੍ਰਿਤ ਰੂਪ ਪਰਮੇਸ਼ਰ ਨੂੰ ਪਾਵਣਿਆ = ਪਾ ਲੈਂਦੇ ਹਨ **ਵਾ:** ਅੰਮ੍ਰਿਤੁ = ਮ੍ਰਿਤੂ ਤੋਂ ਰਹਿਤ ਪਰਮੇਸ਼ਰ ਦੇ ਸਰੂਪ **ਵਾ:** ਅਮਰ ਪਦਵੀ ਨੂੰ ਪਾ ਲੈਂਦੇ ਹਨ ॥੧॥

## ਹਉ ਵਾਰੀ, ਜੀਉ ਵਾਰੀ; ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਜੀਵ ਭਾਵ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੇ ਨਾਮ ਅੰਮ੍ਰਿਤ ਬਾਣੀ ਨੂੰ ਮਨ ਵਿਚ ਵਸਾਵਣਿਆ = ਵਸਾਇਆ ਹੈ।

## ਅੰਮ੍ਰਿਤ ਬਾਣੀ, ਮੰਨਿ ਵਸਾਏ; ਅੰਮ੍ਰਿਤੁ ਨਾਮੁ ਧਿਆਵਣਿਆ ॥੧॥ਰਹਾਉ॥

ਜਿਨ੍ਹਾਂ ਨੇ ਗੁਰਬਾਣੀ ਦੇ ਅੰਮ੍ਰਿਤ ਉਪਦੇਸ਼ ਨੂੰ ਮਨ ਵਿਚ ਵਸਾਇਆ ਹੈ, ਉਹਨਾਂ ਨੇ ਨਾਮ ਅੰਮ੍ਰਿਤ ਨੂੰ ਧਿਆਵਣਿਆ = ਧਿਆਉਣਾ ਕੀਤਾ ਹੈ ॥੧॥ਰਹਾਉ॥

## ਅੰਮ੍ਰਿਤੁ ਬੋਲੈ; ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ; ਪਰਖੈ ਸਦਾ ਨੈਣੀ ॥

ਜਿਹੜੇ ਸਦਾ = ਹਮੇਸ਼ਾ ਹੀ ਮੁੱਖ ਦੁਆਰਾ ਅੰਮ੍ਰਿਤ ਵਰਗੀ ਮਿੱਠੀ ਵੈਣੀ = ਬਾਣੀ ਨੂੰ ਬੋਲੈ = ਉਚਾਰਦੇ ਹਨ, ਉਹ ਸਦਾ = ਹਮੇਸ਼ਾ ਵੈਰਾਗ, ਬਿਬੇਕ ਰੂਪੀ ਨੈਣੀ = ਅੱਖਾਂ ਦੁਆਰਾ ਪਰਖ ਕੇ ਅੰਮ੍ਰਿਤੁ = ਅਮਰ ਪਰਮੇਸ਼ਰ ਨੂੰ ਵੇਖੈ = ਦੇਖ ਲੈਂਦੇ ਹਨ ਕਿ ਸਾਰਿਆਂ ਵਿਚ ਉਹ ਪਰਮੇਸ਼ਰ ਆਪ ਹੀ ਬਿਰਾਜਮਾਨ ਹੈ **ਅਥਵਾ** ਉਹ ਅੰਮ੍ਰਿਤ ਰੂਪੀ ਪ੍ਰਭੂ ਨੂੰ ਪ੍ਰੋਖ ਅਤੇ ਅਪ੍ਰੋਖ ਗਿਆਨ ਵਾਲੇ ਨੇਤਰਾਂ ਨਾਲ ਸਦਾ = ਹਮੇਸ਼ਾ ਵੇਖ ਕੇ ਪਰਖ ਲੈਂਦੇ ਹਨ।

## ਅੰਮ੍ਰਿਤ ਕਥਾ ਕਹੈ, ਸਦਾ ਦਿਨੁ ਰਾਤੀ; ਅਵਰਾ ਆਖਿ ਸੁਣਾਵਣਿਆ ॥੨॥

ਉਹ ਗੁਰਮੁਖ ਜਨ ਦਿਨ ਰਾਤ ਸਦਾ ਰਹਿਣ ਵਾਲੇ ਅਤੇ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਪਰਮੇਸ਼ਰ ਦੀ ਆਪ ਕਥਾ ਕਹੈ = ਉਚਾਰਦੇ ਹਨ ਤੇ ਅਵਰਾ = ਹੋਰਾਂ ਤਾਈਂ ਵੀ ਆਖਿ = ਕਹਿ ਕੇ ਸੁਣਾਵਣਿਆ = ਸੁਣਾਉਂਦੇ ਹਨ। ਭਾਵ ਅੰਮ੍ਰਿਤ ਰੂਪ ਨਾਮ ਬਾਣੀ ਦਾ ਹੀ ਪ੍ਰਚਾਰ ਕਰਦੇ ਹਨ ॥੨॥

## ਅੰਮ੍ਰਿਤ ਰੰਗਿ ਰਤਾ; ਲਿਵ ਲਾਏ ॥ ਅੰਮ੍ਰਿਤੁ; ਗੁਰ ਪਰਸਾਦੀ ਪਾਏ ॥

ਗੁਰਮੁਖ ਜਨ ਲਿਵ = ਬਿਰਤੀ ਲਾ ਕੇ ਅੰਮ੍ਰਿਤ ਨਾਮ ਦੇ ਰੰਗਿ = ਪ੍ਰੇਮ ਵਿਚ ਰਤਾ = ਰੱਤੇ ਰਹਿੰਦੇ ਹਨ। ਪਰ ਗੁਰਮੁਖ ਜਨ ਅੰਮ੍ਰਿਤ ਨਾਮ ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਹੀ ਪਾਏ = ਪਾਉਂਦੇ ਹਨ।

## ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ; ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥

ਜੋ ਦਿਨ ਰਾਤ ਅੰਮ੍ਰਿਤ ਨਾਮ ਨੂੰ ਰਸਨਾ ਦੁਆਰਾ ਬੋਲੈ = ਉਚਾਰਦੇ ਹਨ, ਉਹਨਾਂ ਨੂੰ ਸਤਿਗੁਰੂ ਜੀ ਕ੍ਰਿਪਾ ਕਰਕੇ ਮਨ ਤਨ ਵਿਚ ਇਕ-ਰਸ ਬ੍ਰਹਮਾਨੰਦ ਰੂਪੀ ਅੰਮ੍ਰਿਤ ਪੀਆਵਣਿਆ = ਪਿਆਉਣਾ ਕਰਦੇ ਹਨ ॥੩॥

## ਸੋ ਕਿਛੁ ਕਰੈ; ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ; ਮੇਟਿ ਨ ਸਕੈ ਕੋਈ ॥

ਵਾਹਿਗੁਰੂ ਸੋ = ਉਹ ਕਿਛੁ = ਕੁਝ ਕਰੈ = ਕਰਦਾ ਹੈ ਜੋ ਸਾਡੇ ਚਿਤ ਵਿਚ ਨਹੀਂ ਹੋਈ = ਹੁੰਦਾ। ਤਿਸ = ਉਸ ਪਰਮੇਸ਼ਰ ਦਾ ਹੁਕਮ ਕੋਈ ਵੀ ਮੇਟ ਨਹੀਂ ਸਕਦਾ।

## ਹੁਕਮੇ ਵਰਤੈ ਅੰਮ੍ਰਿਤ ਬਾਣੀ; ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥

ਉਸ ਪਰਮੇਸ਼ਰ ਦੇ ਹੁਕਮ ਵਿਚ ਹੀ ਅੰਮ੍ਰਿਤ ਬਾਣੀ ਵਰਤ ਰਹੀ ਹੈ। ਹੁਕਮ ਵਿਚ ਹੀ ਉਹ ਪਰਮੇਸ਼ਰ ਗੁਰਮੁਖ ਜਨਾਂ ਨੂੰ ਨਾਮ ਅੰਮ੍ਰਿਤ ਪੀਆਵਣਿਆ = ਪਿਆਉਣਾ ਕਰਦਾ ਹੈ ॥੪॥

## ਅਜਬ ਕੰਮ; ਕਰਤੇ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ; ਫੇਰੇ ॥

(**ਅਜੱਬ** ਨਹੀਂ ਬੋਲਣਾ)

ਕਰਤੇ = ਰਚਣਹਾਰ ਹਰਿ = ਪ੍ਰਭੂ ਕੇਰੇ = ਦੇ ਅਜਬ = ਅਸਚਰਜ ਕੰਮ = ਕਰਤਬ ਹਨ। ਇਹ ਮਨ ਭਰਮ ਵਿਚ ਭੁੱਲ ਕੇ ਚੌਰਾਸੀ ਲੱਖ ਜੂਨਾਂ ਦੇ ਫੇਰੇ = ਗੇੜ ਵਿਚ ਪੈ ਜਾਂਦਾ ਹੈ **ਅਥਵਾ** ਇਸ ਭੁੱਲੇ ਮਨ ਨੂੰ ਫੇਰੇ = ਮੋੜ ਕੇ ਸੰਗਤ ਵਿਚ ਆ ਕੇ ਵਾਹਿਗੁਰੂ ਨਾਲ ਜੋੜਨਾ ਕਰੇ।

## ਅੰਮ੍ਰਿਤ ਬਾਣੀ ਸਿਉ, ਚਿਤੁ ਲਾਏ; ਅੰਮ੍ਰਿਤ ਸਬਦਿ ਵਜਾਵਣਿਆ ॥੫॥

ਅੰਮ੍ਰਿਤ ਬਾਣੀ ਦੇ ਸਿਉ = ਨਾਲ ਚਿਤ ਦੀ ਬਿਰਤੀ ਨੂੰ ਲਾਏ = ਲਾਉਣਾ ਕਰੇ, ਤਾਂ ਹਿਰਦੇ ਵਿਚ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਸਬਦਿ = ਬ੍ਰਹਮ ਵਜਾਵਣਿਆ = ਪ੍ਰਗਟ ਹੋ ਜਾਂਦਾ ਹੈ ॥੫॥

[ਅੰਗ ੧੧੯]

## ਖੋਟੇ ਖਰੇ; ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ; ਲੋਕ ਸਬਾਏ ॥

ਹੇ ਪਰਮੇਸ਼ਰ ! ਤੂੰ ਆਪ ਹੀ ਖੋਟੇ = ਧਰਮ ਤੋਂ ਹੀਣੇ ਤੇ ਖਰੇ = ਧਰਮ ਵਿਚ ਪ੍ਰਪੱਕ ਰਹਿਣ ਵਾਲੇ ਜੀਵ ਉਪਾਏ = ਪੈਦਾ ਕੀਤੇ ਹਨ। ਤੂੰ ਆਪ ਹੀ ਸਬਾਏ = ਸਾਰਿਆਂ ਲੋਕਾਂ ਦੇ ਸੁਭਾਅ ਦੀ ਪਰਖੇ = ਪਰਖ ਕਰਦਾ ਹੈਂ।

## ਖਰੇ ਪਰਖਿ ਖਜਾਨੈ ਪਾਇਹਿ; ਖੋਟੇ ਭਰਮਿ ਭੁਲਾਵਣਿਆ ॥੬॥

ਜੋ ਖਰੇ = ਧਰਮ ਦੇ ਵਿਚ ਪ੍ਰਪੱਕ ਹਨ, ਉਹਨਾਂ ਨੂੰ ਪਰਖ ਕੇ ਆਪਣੇ ਸਰੂਪ ਰੂਪੀ ਖਜਾਨੈ = ਭੰਡਾਰੇ ਵਿਚ ਪਾ ਲੈਂਦਾ ਹੈਂ। ਅਤੇ ਖੋਟੇ = ਧਰਮ ਤੋਂ ਹੀਣਿਆਂ ਨੂੰ ਭਰਮ ਵਿਚ ਭੁਲਾਵਣਿਆ = ਭੁਲਾ ਦਿੰਦਾ ਹੈਂ।

ਅੱਗੇ ਜਗਿਆਸੂ ਮੁੱਖ ਦੁਆਰਾ ਕਥਨ ਕਰਦੇ ਹਨ ॥੬॥

## ਕਿਉ ਕਰਿ ਵੇਖਾ; ਕਿਉ ਸਾਲਾਹੀ ॥ ਗੁਰ ਪਰਸਾਦੀ; ਸਬਦਿ ਸਲਾਹੀ ॥

ਹੇ ਵਾਹਿਗੁਰੂ ! ਮੈਂ ਤੇਰੇ ਸਰੂਪ ਨੂੰ ਕਿਉ = ਕਿਵੇਂ ਕਰਿ = ਕਰਕੇ ਵੇਖਾ = ਵੇਖਣਾ ਕਰਾਂ ਭਾਵ ਦਰਸ਼ਨ ਕਰਾਂ, ਅਤੇ ਕਿਉ = ਕਿਵੇਂ ਸਾਲਾਹੀ = ਸਲਾਹੁਣਾ ਕਰਾਂ ?

*ਉੱਤਰ:*

ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਹੀ ਤੇਰੇ ਸਰੂਪ ਨੂੰ ਦੇਖੀਦਾ ਹੈ ਅਤੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਤੈਨੂੰ ਸਲਾਹੀ = ਸਲਾਹੁਣਾ ਕਰੀਦਾ ਹੈ।

## ਤੇਰੇ ਭਾਣੇ ਵਿਚਿ, ਅੰਮ੍ਰਿਤੁ ਵਸੈ; ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥

ਤੇਰੇ ਭਾਣੇ = ਹੁਕਮ ਵਿਚ ਆਉਣ ਨਾਲ ਹਿਰਦੇ ਵਿਚ ਅੰਮ੍ਰਿਤ ਨਾਮ ਵਸੈ = ਵਸਦਾ ਹੈ। ਅਤੇ ਤੂੰ ਆਪਣੇ ਭਾਣੈ = ਹੁਕਮ ਵਿਚ ਹੀ ਨਾਮ ਅੰਮ੍ਰਿਤ ਨੂੰ ਪੀਆਵਣਿਆ = ਪਿਆਉਣਾ ਕਰਦਾ ਹੈਂ ॥੭॥

## ਅੰਮ੍ਰਿਤ ਸਬਦੁ; ਅੰਮ੍ਰਿਤ ਹਰਿ ਬਾਣੀ ॥ ਸਤਿਗੁਰ ਸੇਵਿਐ; ਰਿਦੈ ਸਮਾਣੀ ॥

ਗੁਰਾਂ ਦਾ ਸਬਦੁ = ਉਪਦੇਸ਼ ਅੰਮ੍ਰਿਤ ਰੂਪ ਹੈ ਤੇ ਹਰਿ = ਪਰਮੇਸ਼ਰ ਦੀ ਪ੍ਰਾਪਤੀ ਕਰਾਉਣ ਵਾਲੀ ਬਾਣੀ ਵੀ ਅੰਮ੍ਰਿਤ ਰੂਪ ਹੈ। ਸਤਿਗੁਰੂ ਦੀ ਸੇਵਾ ਕਰਕੇ ਹੀ ਅੰਮ੍ਰਿਤ ਬਾਣੀ ਰਿਦੈ = ਹਿਰਦੈ ਵਿਚ ਸਮਾਣੀ = ਸਮਾਉਂਦੀ ਹੈ।

## ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ;
## ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਪਰਮੇਸ਼ਰ ਦਾ ਅੰਮ੍ਰਿਤ ਨਾਮ ਹੀ ਸਦੀਵੀ ਤੇ ਸਾਰਿਆਂ ਸੁੱਖਾਂ ਦਾ ਦਾਤਾ ਹੈ ਅੰਮ੍ਰਿਤ ਨਾਮ ਨੂੰ ਪੀਣ ਨਾਲ ਤ੍ਰਿਸਨਾ ਆਦਿ ਦੀਆਂ ਸਾਰੀਆਂ ਭੁੱਖਾਂ ਲਹਿ = ਲੱਥ ਜਾਵਣਿਆ = ਜਾਂਦੀਆਂ ਹਨ ॥੮॥੧੫॥੧੬॥

## ਮਾਝ ਮਹਲਾ ੩ ॥

## ਅੰਮ੍ਰਿਤੁ ਵਰਸੈ; ਸਹਜਿ ਸੁਭਾਏ ॥ ਗੁਰਮੁਖਿ ਵਿਰਲਾ; ਕੋਈ ਜਨੁ ਪਾਏ ॥

ਸਤਿਗੁਰੂ ਸਾਹਿਬ ਜੀ ਸਹਜਿ ਸੁਭਾਏ = ਸੁਤੇ-ਸਿੱਧ ਹੀ ਬੱਦਲ ਰੂਪ ਹੋ ਕੇ ਅੰਮ੍ਰਿਤ ਰੂਪ ਨਾਮ ਬਾਣੀ ਦੀ ਵਰਖਾ ਕਰਦੇ ਹਨ। ਪਰ ਕੋਈ ਵਿਰਲਾ ਹੀ ਗੁਰਮੁਖ ਜਨ ਗੁਰੂ ਪਾਸੋਂ ਨਾਮ ਅੰਮ੍ਰਿਤ ਨੂੰ ਪਾਏ = ਪਾਉਂਦਾ ਹੈ।

## ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ; ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥

ਅੰਮ੍ਰਿਤ ਨਾਮ ਨੂੰ ਪੀਣ ਵਾਲੇ ਸਦਾ ਲਈ ਤ੍ਰਿਪਤਾਸੇ = ਰੱਜ ਜਾਂਦੇ ਹਨ ਅਤੇ ਗੁਰੂ ਨੇ ਕਿਰਪਾ ਕਰਕੇ ਉਹਨਾਂ ਦੀ ਰਸਾਂ ਕਸਾਂ ਦੀ ਮਾਇਆ ਦੀ ਤ੍ਰਿਸ਼ਨਾ ਬੁਝਾਵਣਿਆ = ਬੁਝਾ ਦਿੱਤੀ ਹੈ ॥੧॥

## ਹਉ ਵਾਰੀ, ਜੀਉ ਵਾਰੀ; ਗੁਰਮੁਖਿ ਅੰਮ੍ਰਿਤੁ ਪੀਆਵਣਿਆ ॥

ਹਉ = ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਮਨ ਕਰਕੇ ਵਾਰੀ = ਬਲਿਹਾਰ ਕੁਰਬਾਨ ਜਾਂਦਾ ਹਾਂ, ਜੋ ਗੁਰਮੁਖ ਜਨ ਆਪ ਨਾਮ ਅੰਮ੍ਰਿਤ ਨੂੰ ਪੀਂਦੇ ਹਨ ਤੇ ਹੋਰਨਾਂ ਨੂੰ ਨਾਮ ਅੰਮ੍ਰਿਤ ਪੀਆਵਣਿਆ = ਪਿਆਉਂਦੇ ਹਨ।

## ਰਸਨਾ ਰਸੁ ਚਾਖਿ, ਸਦਾ ਰਹੈ ਰੰਗਿ ਰਾਤੀ;
## ਸਹਜੇ ਹਰਿ ਗੁਣ ਗਾਵਣਿਆ ॥੧॥ਰਹਾਉ॥

ਨਾਮ ਜਪਣ ਵਾਲਿਆਂ ਦੀ ਰਸਨਾ ਨਾਮ-ਰਸ ਨੂੰ ਚੱਖ ਕੇ ਸਦਾ ਹੀ ਰੰਗਿ = ਅਨੰਦ ਵਿਚ ਰਾਤੀ = ਰੱਤੀ ਰਹਿੰਦੀ ਹੈ ਤੇ ਉਹ ਸਹਜੇ = ਸੁਤੇ-ਸਿੱਧ ਹੀ ਹਰਿ = ਪ੍ਰਭੂ ਦੇ ਗੁਣ ਗਾਵਣਿਆ = ਗਾਉਂਦੇ ਰਹਿੰਦੇ ਹਨ ॥੧॥ਰਹਾਉ॥

## ਗੁਰ ਪਰਸਾਦੀ; ਸਹਜੁ ਕੋ ਪਾਏ ॥
## ਦੁਬਿਧਾ ਮਾਰੇ; ਇਕਸੁ ਸਿਉ ਲਿਵ ਲਾਏ ॥

ਗੁਰੂ ਦੀ ਪਰਸਾਦੀ = ਕਿਰਪਾ ਨਾਲ ਕੋਈ ਵਿਰਲਾ ਜਨ ਹੀ ਸਹਜੁ = ਗਿਆਨ ਨੂੰ ਪਾਏ = ਪਾਉਂਦਾ ਹੈ। ਅਤੇ

ਦੁਬਿਧਾ = ਦ੍ਵੈਤ ਨੂੰ ਮਾਰ ਕੇ ਇਕਸੁ = ਇਕ ਅਕਾਲ ਪੁਰਖ ਨਾਲ ਲਿਵ = ਬਿਰਤੀ ਨੂੰ ਲਾਏ = ਲਾਉਂਦਾ ਹੈ।

## ਨਦਰਿ ਕਰੇ, ਤਾ ਹਰਿ ਗੁਣ ਗਾਵੈ; ਨਦਰੀ ਸਚਿ ਸਮਾਵਣਿਆ ॥੨॥

ਪ੍ਰਭੂ ਨਦਰਿ = ਕਿਰਪਾ ਕਰੇ ਤਾਂ ਹੀ ਕੋਈ ਹਰੀ ਦੇ ਗੁਣਾਂ ਨੂੰ ਗਾਵੈ = ਗਾਉਂਦਾ ਹੈ, ਅਤੇ ਉਸ ਦੀ ਨਦਰੀ = ਕ੍ਰਿਪਾ ਦ੍ਰਿਸ਼ਟੀ ਨਾਲ ਹੀ ਉਸ ਦੇ ਸੱਚ ਸਰੂਪ ਵਿਚ ਸਮਾਵਣਿਆ = ਸਮਾਉਣਾ ਹੁੰਦਾ ਹੈ ॥੨॥

## ਸਭਨਾ ਉਪਰਿ; ਨਦਰਿ ਪ੍ਰਭ ਤੇਰੀ ॥ ਕਿਸੈ ਥੋੜੀ; ਕਿਸੈ ਹੈ ਘਣੇਰੀ ॥

ਹੇ ਵਾਹਿਗੁਰੂ! ਸਾਰਿਆਂ ਉਪਰ ਤੇਰੀ ਕ੍ਰਿਪਾ ਦ੍ਰਿਸ਼ਟੀ ਹੈ। ਕਿਸੇ 'ਤੇ ਥੋੜ੍ਹੀ ਹੈ ਤੇ ਕਿਸੇ 'ਤੇ ਘਣੇਰੀ = ਬਹੁਤੀ ਹੈ। ਜਿਵੇਂ ਸੂਰਜ ਦਾ ਪ੍ਰਕਾਸ਼ ਤਾਂ ਸਾਰੇ ਬ੍ਰਹਿਮੰਡ ਵਿਚ ਹੈ ਪਰ ਧਰਤੀ ਉਪਰ ਕੇਵਲ ਧੁੱਪ ਹੀ ਹੈ ਤੇ ਪਾਣੀ ਵਿਚ ਸੂਰਜ ਦਾ ਪ੍ਰਤੀਬਿੰਬ ਵੀ ਹੈ ਤੇ ਧੁੱਪ ਵੀ ਹੈ ਅਤੇ ਆਤਸ਼ੀ ਸ਼ੀਸ਼ੇ ਵਿਚ ਨਾਲੇ ਧੁੱਪ ਵੀ ਹੈ, ਪ੍ਰਤੀਬਿੰਬ ਵੀ ਤੇ ਅਗਨੀ ਦਾ ਵੀ ਪ੍ਰਕਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਜੜ੍ਹ ਬੁੱਧੀ ਵਾਲੇ ਜੋ ਤਾਮਸੀ ਹਨ, ਉਹਨਾਂ ਉਪਰ ਥੋੜ੍ਹੀ ਕ੍ਰਿਪਾ ਹੈ। ਉਹਨਾਂ ਨੂੰ ਥੋੜ੍ਹੀ ਪ੍ਰਤੀਤ ਹੁੰਦੀ ਹੈ। ਜਿਹੜੇ ਰਜੋ ਗੁਣੀ ਬਿਰਤੀ ਵਾਲੇ ਲੋਭੀ, ਲਾਲਚੀ, ਈਰਖਾ ਤੇ ਉੱਦਮ ਆਦਿ ਵੀ ਕਰਦੇ ਹਨ, ਉਹਨਾਂ 'ਤੇ ਪਾਣੀ ਵਿਚ ਪ੍ਰਤੀਬਿੰਬ ਦੀ ਨਿਆਈਂ ਸਤਿ ਰੂਪ ਪ੍ਰਤੀਤ ਹੋ ਰਹੀ ਹੈ। ਆਤਸ਼ੀ ਸ਼ੀਸ਼ੇ ਦੀ ਨਿਆਈਂ ਜਿਹੜੇ ਬ੍ਰਹਮ ਗਿਆਨੀ ਹਨ, ਉਹਨਾਂ ਦੇ ਅੰਦਰ ਬ੍ਰਹਮ ਗਿਆਨ ਰੂਪੀ ਅਗਨੀ ਪੈਦਾ ਹੋ ਜਾਂਦੀ ਹੈ, ਜਿਸ ਦੁਆਰਾ ਸਾਰਾ ਅਗਿਆਨ ਨਾਸ ਹੋ ਜਾਂਦਾ ਹੈ।

## ਤੁਝ ਤੇ ਬਾਹਰਿ, ਕਿਛੁ ਨ ਹੋਵੈ; ਗੁਰਮੁਖਿ ਸੋਝੀ ਪਾਵਣਿਆ ॥੩॥

ਹੇ ਪ੍ਰਭੂ ! ਤੁਹਾਡੇ ਹੁਕਮ ਤੋਂ ਬਾਹਰ ਕਿਛੁ = ਕੁੱਝ ਵੀ ਨਹੀਂ ਹੋਵੈ = ਹੋ ਸਕਦਾ। ਗੁਰਮੁਖਾਂ ਨੇ ਇਸ ਗੱਲ ਦੀ ਸੋਝੀ = ਗਿਆਤ ਪਾਵਣਿਆ = ਪਾਉਣਾ ਕੀਤੀ ਹੈ ॥੩॥

## ਗੁਰਮੁਖਿ; ਤਤੁ ਹੈ ਬੀਚਾਰਾ ॥ ਅੰਮ੍ਰਿਤਿ ਭਰੇ; ਤੇਰੇ ਭੰਡਾਰਾ ॥

ਗੁਰਮੁਖਾਂ ਨੇ ਤਤੁ = ਸਿਧਾਂਤ ਰੂਪ ਬ੍ਰਹਮ ਦੀ ਵੀਚਾਰ ਕੀਤੀ ਹੈ ਹੇ ਪਰਮੇਸ਼ਰ ਜੀ ! ਤੇਰੇ = ਤੁਹਾਡੇ ਪਾਸ ਨਾਮ ਅੰਮ੍ਰਿਤ ਦੇ ਭੰਡਾਰੇ ਭਰੇ ਪਏ ਹਨ **ਅਥਵਾ** ਗੁਰਮੁਖਾਂ ਦੇ ਅੰਤਹਕਰਣ ਰੂਪੀ ਭੰਡਾਰੇ ਨਾਮ ਅੰਮ੍ਰਿਤ ਨਾਲ ਭਰੇ ਪਏ ਹਨ।

## ਬਿਨੁ ਸਤਿਗੁਰ ਸੇਵੇ, ਕੋਈ ਨ ਪਾਵੈ; ਗੁਰ ਕਿਰਪਾ ਤੇ ਪਾਵਣਿਆ ॥੪॥

ਸਤਿਗੁਰੂ ਦੀ ਨਿਸ਼ਕਾਮ ਸੇਵਾ ਕੀਤੇ ਬਿਨਾਂ ਕੋਈ ਨਾਮ ਦੀ ਦਾਤ ਨੂੰ ਨਹੀਂ ਪਾਵੈ = ਪਾ ਸਕਦਾ, ਗੁਰੂ ਕਿਰਪਾ ਤੇ = ਤੋਂ ਹੀ ਨਾਮ ਅੰਮ੍ਰਿਤ ਪਾਵਣਿਆ = ਪਾਇਆ ਜਾਂਦਾ ਹੈ ॥੪॥

## ਸਤਿਗੁਰੁ ਸੇਵੈ; ਸੋ ਜਨੁ ਸੋਹੈ ॥ ਅੰਮ੍ਰਿਤ ਨਾਮਿ; ਅੰਤਰੁ ਮਨੁ ਮੋਹੈ ॥

ਜੋ ਜਗਿਆਸੂ ਸਤਿਗੁਰਾਂ ਦੀ ਤਨ ਮਨ ਕਰਕੇ ਸੇਵਾ ਕਰਦੇ ਹਨ, ਸੋ = ਉਹ ਜਨੁ = ਦਾਸ ਲੋਕ ਪ੍ਰਲੋਕ ਵਿਚ ਸੋਹੈ = ਸ਼ੋਭਨੀਕ ਹੁੰਦੇ ਹਨ। ਕਿਉਂਕਿ ਉਹਨਾਂ ਦੇ ਅੰਦਰ ਅੰਮ੍ਰਿਤ ਨਾਮ ਹੈ ਜਿਹੜਾ ਸਾਰਿਆਂ ਦੇ ਮਨਾਂ ਨੂੰ ਮੋਹੈ = ਮੋਹਤ ਕਰਨ ਵਾਲਾ ਹੈ **ਅਥਵਾ** ਉਹਨਾਂ ਦੇ ਮਨ ਨੂੰ ਨਾਮ ਅੰਮ੍ਰਿਤ ਨੇ ਮੋਹ ਲਿਆ ਹੈ।

## ਅੰਮ੍ਰਿਤਿ ਮਨੁ ਤਨੁ, ਬਾਣੀ ਰਤਾ; ਅੰਮ੍ਰਿਤੁ ਸਹਜਿ ਸੁਣਾਵਣਿਆ ॥੫॥

ਗੁਰਮੁਖਾਂ ਦਾ ਮਨ ਤਨ ਅੰਮ੍ਰਿਤ ਬਾਣੀ ਵਿਚ ਰਤਾ = ਰੰਗਿਆ ਹੋਇਆ ਹੈ, ਉਹ ਹੋਰਨਾਂ ਨੂੰ ਵੀ ਸੁਤੇ-ਸਿੱਧ ਅੰਮ੍ਰਿਤ ਬਚਨ ਸੁਣਾਵਣਿਆ = ਸੁਣਾਉਂਦੇ ਹਨ ॥੫॥

## ਮਨਮੁਖੁ ਭੂਲਾ; ਦੂਜੈ ਭਾਇ ਖੁਆਏ ॥ ਨਾਮੁ ਨ ਲੇਵੈ; ਮਰੈ ਬਿਖੁ ਖਾਏ ॥

ਨਾਮ ਤੋਂ ਭੁੱਲਿਆ ਹੋਇਆ ਮਨਮੁਖ ਦੂਜੈ ਭਾਇ = ਦ੍ਵੈਤ-ਭਾਵ ਦੇ ਵਿਚ ਖੁਆਏ = ਭਟਕਣੇ ਕਰਕੇ ਖੁਆਰ ਹੁੰਦਾ ਹੈ। ਕਿਉਂਕਿ ਉਹ ਗੁਰਾਂ ਤੋਂ ਨਾਮ ਦੀ ਦਾਤ ਨ = ਨਹੀਂ ਲੇਵੈ = ਲੈਂਦਾ ਇਸ ਕਰਕੇ ਵਿਸ਼ਿਆਂ ਰੂਪੀ ਬਿਖੁ = ਜ਼ਹਿਰ ਖਾਏ = ਖਾ ਕੇ ਆਤਮਕ ਮੌਤ ਮਰ ਜਾਂਦਾ ਹੈ।

## ਅਨਦਿਨੁ ਸਦਾ, ਵਿਸਟਾ ਮਹਿ ਵਾਸਾ; ਬਿਨੁ ਸੇਵਾ ਜਨਮੁ ਗਵਾਵਣਿਆ ॥੬॥

ਮਨਮੁਖ ਦਾ ਰਾਤ ਦਿਨ ਸਦਾ ਨਿੰਦਿਆ ਤੇ ਵਿਸ਼ੇ-ਵਿਕਾਰਾਂ ਰੂਪੀ ਗੰਦਗੀ ਮਹਿ = ਵਿਚ ਹੀ ਵਾਸਾ = ਨਿਵਾਸ ਰਹਿੰਦਾ ਹੈ, ਉਸ ਨੇ ਗੁਰੂ ਦੀ ਸੇਵਾ = ਟਹਿਲ ਤੋਂ ਬਿਨਾਂ ਆਪਣਾ ਮਨੁੱਖਾ ਜਨਮ ਹੀ ਵਿਅਰਥ ਗਵਾਵਣਿਆ = ਗਵਾਉਣਾ ਕੀਤਾ ਹੈ ॥੬॥

## ਅੰਮ੍ਰਿਤੁ ਪੀਵੈ; ਜਿਸ ਨੋ ਆਪਿ ਪੀਆਏ ॥
## ਗੁਰ ਪਰਸਾਦੀ; ਸਹਜਿ ਲਿਵ ਲਾਏ ॥

ਜਿਸ ਗੁਰਮੁਖ ਨੂੰ ਆਪ ਕਿਰਪਾ ਕਰਕੇ ਨਾਮ ਅੰਮ੍ਰਿਤ ਪੀਆਏ = ਪਿਆਉਂਦਾ ਹੈ, ਉਹ ਹੀ ਨਾਮ ਅੰਮ੍ਰਿਤ ਨੂੰ ਪੀਵੈ = ਪੀਂਦਾ ਹੈ। ਅਤੇ ਉਸ ਦੀ ਗੁਰੂ ਦੀ ਕਿਰਪਾ ਨਾਲ ਸਹਜਿ = ਸੁਤੇ ਸਿੱਧ ਪਰਮੇਸ਼ਰ ਵਿਚ ਲਿਵ = ਬਿਰਤੀ ਲਾਏ = ਲੱਗ ਜਾਂਦੀ ਹੈ।

## ਪੂਰਨ, ਪੂਰਿ ਰਹਿਆ ਸਭ ਆਪੇ; ਗੁਰਮਤਿ ਨਦਰੀ ਆਵਣਿਆ ॥੭॥

ਜੋ ਪੂਰਨ = ਪਰੀਪੂਰਨ ਪਰਮਾਤਮਾ ਸਾਰੀਆਂ ਥਾਵਾਂ 'ਤੇ ਆਪ ਹੀ ਪੂਰਿ = ਵਿਆਪਕ ਹੋ ਰਿਹਾ ਹੈ, ਉਹ ਗੁਰਮੁਖਾਂ ਨੂੰ ਹੀ ਗੁਰਮਤਿ = ਗੁਰੂ ਦੀ ਸਿੱਖਿਆ ਦੁਆਰਾ ਪਰਮੇਸ਼ਰ ਨਦਰੀ = ਦ੍ਰਿਸ਼ਟੀ ਵਿਚ ਆਵਣਿਆ = ਆਇਆ ਹੈ ॥੭॥

## ਆਪੇ ਆਪਿ; ਨਿਰੰਜਨੁ ਸੋਈ ॥ ਜਿਨਿ ਸਿਰਜੀ; ਤਿਨਿ ਆਪੇ ਗੋਈ[੧] ॥

ਸੋਈ = ਉਹ ਪ੍ਰਭੂ ਆਪੇ ਆਪ ਹੀ ਨਿਰੰਜਨੁ = ਮਾਇਆ ਤੋਂ ਨਿਰਲੇਪ ਸ਼ੁੱਧ ਸਰੂਪ ਹੈ। ਜਿਸ ਪਰਮੇਸ਼ਰ ਨੇ ਇਸ ਸ੍ਰਿਸ਼ਟੀ ਦੀ ਸਿਰਜੀ = ਸਿਰਜਣਾ ਕੀਤੀ ਤੇ ਤਿਨਿ = ਉਸ ਨੇ ਆਪੇ = ਆਪ ਹੀ ਗੋਈ = ਛੁਪਾ ਭਾਵ ਲੈਅ ਕਰ ਲਈ ਹੈ।

## ਨਾਨਕ ਨਾਮੁ ਸਮਾਲਿ ਸਦਾ ਤੂੰ; ਸਹਜੇ ਸਚਿ ਸਮਾਵਣਿਆ ॥੮॥੧੬॥੧੭॥

ਗੁਰੂ ਸਾਹਿਬ ਜੀ ਉਚਾਰਨ ਕਰਦੇ ਹਨ ਕਿ ਹੇ ਭਾਈ ਤੂੰ ਸਦਾ ਹੀ ਨਾਮ ਨੂੰ ਹਿਰਦੇ ਵਿਚ ਸਮਾਲਿ = ਸੰਭਾਲਣਾ ਕਰ, ਫਿਰ ਸਹਜੇ = ਸੁਭਾਵਿਕ ਹੀ ਸੱਚ ਸਰੂਪ ਪਰਮੇਸ਼ਰ ਵਿਚ ਸਮਾਵਣਿਆ = ਅਭੇਦ ਹੋ ਜਾਵੇਂਗਾ ॥੮॥੧੬॥੧੭॥

## ਮਾਝ ਮਹਲਾ ੩ ॥

## ਸੇ ਸਚਿ ਲਾਗੇ; ਜੋ ਤੁਧੁ ਭਾਏ ॥ ਸਦਾ ਸਚੁ ਸੇਵਹਿ; ਸਹਜ ਸੁਭਾਏ ॥

ਹੇ ਪਰਮੇਸ਼ਰ ! ਜੋ ਪੁਰਖ ਤੁਧੁ = ਤੈਨੂੰ ਭਾਏ = ਭਾ ਗਏ ਹਨ, ਉਹ ਹੀ ਸੱਚੇ ਨਾਮ ਵਿਚ ਲੱਗੇ ਹਨ। ਉਹ ਸਦੀਵੀ ਰਹਿਣ ਵਾਲੇ ਸੱਚੇ ਵਾਹਿਗੁਰੂ ਦੀ ਸੇਵਹਿ = ਉਪਾਸਨਾ ਦੁਆਰਾ ਸਹਜ = ਗਿਆਨ ਨੂੰ ਪ੍ਰਾਪਤ ਕਰਕੇ ਸ਼ਾਂਤ ਸੁਭਾਅ ਹੋ ਗਏ ਹਨ।

## ਸਚੈ ਸਬਦਿ ਸਚਾ ਸਾਲਾਹੀ; ਸਚੈ ਮੇਲਿ ਮਿਲਾਵਣਿਆ ॥੧॥

ਸਤਿਸੰਗਤ ਦੇ ਮਿਲਾਪ, ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਸੱਚੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰੀਏ ਤਾਂ ਸੱਚਾ ਪ੍ਰਭੂ ਆਪਣੇ ਸਰੂਪ ਦੇ ਮੇਲ ਵਿਚ ਮਿਲਾ ਲੈਂਦਾ ਹੈ **ਅਥਵਾ** ਜਿਹੜੇ ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਉਹ ਹੋਰਨਾਂ ਨੂੰ ਵੀ ਸੱਚੇ ਪਰਮੇਸ਼ਰ ਦੇ ਨਾਲ ਮਿਲਾਵਣਿਆ = ਮਿਲਾ ਦਿੰਦੇ ਹਨ ॥੧॥

## ਹਉ ਵਾਰੀ, ਜੀਉ ਵਾਰੀ; ਸਚੁ ਸਾਲਾਹਣਿਆ ॥

ਮੈਂ ਉਹਨਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਮਨ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ, ਜੋ ਸੱਚੇ ਨਾਮ ਨੂੰ ਸਾਲਾਹਣਿਆ = ਸਲਾਹੁੰਦੇ ਹਨ।

## ਸਚੁ ਧਿਆਇਨਿ, ਸੇ ਸਚਿ ਰਾਤੇ; ਸਚੇ ਸਚਿ ਸਮਾਵਣਿਆ ॥੧॥ਰਹਾਉ॥

ਜੋ ਜਗਿਆਸੂ ਸੱਚੇ ਨਾਮ ਨੂੰ ਧਿਆਇਨਿ = ਧਿਆਉਂਦੇ ਹਨ, ਸੇ = ਉਹ ਸੱਚ ਸਰੂਪ ਵਿਚ ਰਾਤੇ = ਰੰਗੇ ਜਾਂਦੇ ਹਨ। ਅਤੇ ਸਚਿ = ਨਿਸਚੇ ਕਰਕੇ ਸੱਚੇ ਪ੍ਰਭੂ ਵਿਚ ਸਮਾਵਣਿਆ = ਸਮਾਉਣਾ ਕਰਦੇ ਹਨ ॥੧॥ਰਹਾਉ॥

## ਜਹ ਦੇਖਾ; ਸਚੁ ਸਭਨੀ ਥਾਈ ॥ ਗੁਰ ਪਰਸਾਦੀ; ਮੰਨਿ ਵਸਾਈ ॥

ਫੇਰ ਉਹ ਜਗਿਆਸੂ ਜਨ ਜਹ = ਜਿਥੇ ਵੀ ਦੇਖਾ = ਦੇਖਦੇ ਹਨ, ਉਨ੍ਹਾਂ ਨੂੰ ਸੱਚਾ ਪਰਮੇਸ਼ਰ ਹੀ

---

੧. ਸੰਸਕ੍ਰਿਤ ਵਿਚ ਗੋਈ ਨਾਮ ਮਿਲਾਉਣ ਦਾ ਹੈ। ਫ਼ਾਰਸੀ ਵਿਚ ਗੋਈ = ਸੱਦੀ, ਸੱਦ ਭਾਵ ਬੁਲਾਉਣਾ, ਪੰਜਾਬੀ ਵਿਚ ਛੁਪਾ ਲਈ।

ਸਭਨੀ = ਸਾਰੀਆਂ ਥਾਈ = ਜਗ੍ਹਾ 'ਤੇ ਨਜ਼ਰ ਆਉਂਦਾ ਹੈ ਪਰ ਪਰਮੇਸ਼ਰ ਦਾ ਨਾਮ ਗੁਰੂ ਦੀ ਪਰਸਾਦੀ = ਕਿਰਪਾ ਨਾਲ ਹੀ ਮਨ ਵਿਚ ਵਸਾਈ = ਵਸਦਾ ਹੈ।

## ਤਨੁ ਸਚਾ, ਰਸਨਾ ਸਚਿ ਰਾਤੀ; ਸਚੁ ਸੁਣਿ ਆਖਿ ਵਖਾਨਣਿਆ ॥੨॥

ਉਨ੍ਹਾਂ ਦੇ ਤਨੁ = ਸਰੀਰ ਦੇ ਰੋਮ ਰੋਮ ਵਿਚ ਵੀ ਸੱਚਾ ਨਾਮ ਵਸਿਆ ਹੋਇਆ ਹੈ, ਰਸਨਾ ਵੀ ਸਚਿ = ਸੱਚੇ ਨਾਮ ਵਿਚ ਰਾਤੀ = ਰੰਗੀ ਹੋਈ ਹੈ, ਕੰਨ ਵੀ ਸੱਚੇ ਨਾਮ ਨੂੰ ਸੁਣਿ = ਸੁਣਦੇ ਹਨ ਅਤੇ ਮੁਖੋਂ ਵੀ ਸੱਚੇ ਨਾਮ ਨੂੰ ਆਖਿ = ਕਹਿ ਕੇ ਵਖਾਨਣਿਆ = ਵਖਿਆਨ ਕਰਦੇ ਹਨ ॥੨॥

[ਅੰਗ ੧੨੦]

## ਮਨਸਾ ਮਾਰਿ; ਸਚਿ ਸਮਾਣੀ ॥ ਇਨਿ ਮਨਿ ਡੀਠੀ; ਸਭ ਆਵਣ ਜਾਣੀ ॥

ਉਨ੍ਹਾਂ ਨੇ ਮਨ ਦੀ ਮਨਸਾ = ਵਾਸ਼ਨਾ ਮਾਰ ਕੇ ਆਪਣੀ ਬਿਰਤੀ ਸੱਚ ਵਿਚ ਸਮਾਣੀ = ਸਮਾਉਣਾ ਭਾਵ ਅਭੇਦ ਕਰ ਲਈ ਹੈ। ਅਤੇ ਉਨ੍ਹਾਂ ਨੇ ਆਪਣੇ ਇਨਿ = ਇਸ ਮਨ ਦੁਆਰਾ ਨਿਸਚੇ ਕਰਕੇ ਡੀਠੀ = ਵੇਖ ਲਿਆ ਹੈ ਕਿ ਸਾਰੀ ਦੁਨੀਆਂ ਆਵਣ ਜਾਣੀ = ਆਉਣ ਜਾਣ ਵਾਲੀ ਹੈ **ਵਾ:** ਗੁਰਮੁਖਾਂ ਨੇ ਇਹ ਮਨ ਦੀ ਆਉਣ ਜਾਣ ਵਾਲੀ ਸਾਰੀ ਹਾਲਤ ਵੇਖੀ ਹੈ।

## ਸਤਿਗੁਰੁ ਸੇਵੇ, ਸਦਾ ਮਨੁ ਨਿਹਚਲੁ; ਨਿਜ ਘਰਿ ਵਾਸਾ ਪਾਵਣਿਆ ॥੩॥

ਸਤਿਗੁਰੂ ਦੀ ਸੇਵਾ ਕਰਕੇ ਸਦਾ ਹੀ ਉਨ੍ਹਾਂ ਦਾ ਮਨ ਨਿਹਚਲੁ = ਅਡੋਲ ਹੋ ਜਾਂਦਾ ਹੈ ਤੇ ਸਰੂਪ ਰੂਪੀ ਨਿਜ ਘਰ ਵਿਚ ਵਾਸਾ = ਨਿਵਾਸ ਪਾਵਣਿਆ = ਪਾ ਲੈਂਦੇ ਹਨ ॥੩॥

## ਗੁਰ ਕੈ ਸਬਦਿ; ਰਿਦੈ ਦਿਖਾਇਆ ॥ ਮਾਇਆ ਮੋਹੁ; ਸਬਦਿ ਜਲਾਇਆ ॥

ਜਿਨ੍ਹਾਂ ਨੇ ਗੁਰੂ ਦੇ ਸਬਦਿ = ਉਪਦੇਸ਼ ਦੀ ਕਮਾਈ ਕੀਤੀ ਹੈ, ਉਹਨਾਂ ਨੂੰ ਗੁਰਾਂ ਨੇ ਰਿਦੈ = ਹਿਰਦੇ ਵਿੱਚੋਂ ਹੀ ਪ੍ਰਭੂ ਪ੍ਰਗਟ ਕਰਕੇ ਦਿਖਾਇਆ = ਦਿਖਾ ਦਿੱਤਾ ਹੈ। ਉਨ੍ਹਾਂ ਨੇ ਗੁਰੂ ਦੇ ਉਪਦੇਸ਼ ਦੁਆਰਾ ਮਾਇਆ ਦੇ ਮੋਹ ਨੂੰ ਬ੍ਰਹਮ ਅਭਿਆਸ ਰੂਪੀ ਅਗਨੀ ਨਾਲ ਜਲਾਇਆ = ਸਾੜ ਦਿੱਤਾ ਹੈ।

## ਸਚੋ ਸਚਾ ਵੇਖਿ ਸਾਲਾਹੀ; ਗੁਰ ਸਬਦੀ ਸਚੁ ਪਾਵਣਿਆ ॥੪॥

ਇਉਂ ਉਹ ਗੁਰਮੁਖ ਜਨ ਹਰੇਕ ਜਗਾ ਸੱਚੇ ਹੀ ਸੱਚ ਸਰੂਪ ਨੂੰ ਵੇਖਿ = ਦੇਖ ਕੇ ਸਦਾ ਹੀ ਸਾਲਾਹੀ = ਸਲਾਹੁੰਦੇ ਹਨ, ਅਤੇ ਗੁਰ ਸਬਦੀ = ਉਪਦੇਸ਼ ਦੁਆਰਾ ਨਾਮ ਦੀ ਕਮਾਈ ਕਰਕੇ ਸਚੁ = ਸੱਚ ਸਰੂਪ ਪਰਮੇਸ਼ਰ ਨੂੰ ਪਾਵਣਿਆ = ਪਾਉਣਾ ਕਰਦੇ ਹਨ ॥੪॥

## ਜੋ ਸਚਿ ਰਾਤੇ; ਤਿਨ ਸਚੀ ਲਿਵ ਲਾਗੀ ॥ ਹਰਿ ਨਾਮੁ ਸਮਾਲਹਿ; ਸੇ ਵਡਭਾਗੀ ॥

ਜੋ ਸੱਚੇ ਨਾਮ ਵਿਚ ਰਾਤੇ = ਰੰਗੇ ਗਏ ਹਨ, ਤਿਨ = ਉਹਨਾਂ ਦੀ ਬਿਰਤੀ ਸੱਚ ਵਿਚ ਲਾਗੀ = ਲੱਗ ਭਾਵ ਜੁੜ ਗਈ ਹੈ। ਜੋ ਹਰੀ ਨਾਮ ਨੂੰ ਸਮਾਲਹਿ = ਸਿਮਰਦੇ ਹਨ, ਸੇ = ਉਹ ਵਡਭਾਗੀ = ਵੱਡੇ ਭਾਗਾਂ ਵਾਲੇ ਹਨ।

## ਸਚੈ ਸਬਦਿ ਆਪਿ ਮਿਲਾਏ; ਸਤਸੰਗਤਿ ਸਚੁ ਗੁਣ ਗਾਵਣਿਆ ॥੫॥

ਉਹ ਗੁਰਮੁਖ ਜਨ ਪਰਮੇਸ਼ਰ ਨੇ ਗੁਰਾਂ ਦੇ ਸੱਚੇ ਸਬਦਿ = ਉਪਦੇਸ਼ ਦੁਆਰਾ ਆਪ ਆਪਣੇ ਸਰੂਪ ਨਾਲ ਮਿਲਾਏ ਹਨ, ਜੋ ਸਤਿਸੰਗਤ ਵਿਚ ਬੈਠ ਕੇ ਸੱਚੇ ਦੇ ਗੁਣਾਂ ਨੂੰ ਗਾਵਣਿਆ = ਗਾਉਂਦੇ ਹਨ ॥੫॥

## ਲੇਖਾ ਪੜੀਐ; ਜੇ ਲੇਖੇ ਵਿਚਿ ਹੋਵੈ ॥

ਵੇਦਾਂ ਸ਼ਾਸਤਰਾਂ ਸੁਰਤੀ, ਸਿਮਰਤੀਆਂ ਦੇ **ਵਾ:** ਜੋਤਿਸ਼ ਵਿੱਦਿਆ ਆਦਿ ਦੇ ਲੇਖਾ = ਹਿਸਾਬ ਕਿਤਾਬ ਨੂੰ ਤਾਂ ਪੜੀਐ = ਪੜਨਾ ਕਰੀਏ ਜੇ = ਜੇਕਰ ਪਰਮੇਸ਼ਰ ਉਪਰੋਕਤ ਲੇਖੇ = ਹਿਸਾਬ ਕਿਤਾਬ ਵਿਚ ਆਉਂਦਾ ਹੋਵੇ **ਵਾ:** ਗੁਰਮੁਖ ਜਨ ਕਹਿੰਦੇ ਹਨ ਕਿ ਲੇਖਾ = ਹਿਸਾਬ ਕਿਤਾਬ ਤਾਂ ਪੜੀਏ ਜੇਕਰ ਉਹ ਪਰਮੇਸ਼ਰ ਲੇਖੇ = ਹਿਸਾਬ ਕਿਤਾਬ ਵਿਚ ਆਉਂਦਾ ਹੋਵੇ।

## ਓਹੁ ਅਗਮੁ ਅਗੋਚਰੁ; ਸਬਦਿ ਸੁਧਿ ਹੋਵੈ ॥

ਉਹ ਪਰਮੇਸ਼ਰ ਮਨ ਕਰਕੇ ਅਗਮੁ = ਅਪਹੁੰਚ ਤੇ ਅਗੋਚਰੁ = ਇੰਦਰੀਆਂ ਦੇ ਅਵਿਸ਼ੇ ਹੈ, ਉਸ ਦੀ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਸੁਧਿ = ਗਿਆਤ ਹੁੰਦੀ ਹੈ।

## ਅਨਦਿਨੁ ਸਚਿ ਸਬਦਿ ਸਾਲਾਹੀ; ਹੋਰੁ, ਕੋਇ ਨ ਕੀਮਤਿ ਪਾਵਣਿਆ ॥੬॥

ਉਸ ਪਰਮੇਸ਼ਰ ਦੀ ਅਨਦਿਨੁ = ਰਾਤ ਦਿਨੇ ਗੁਰਾਂ ਦਾ ਸੱਚਾ ਸਬਦ ਸਾਲਾਹੀ = ਸਲਾਹੁਣੇ ਕਰਕੇ ਪ੍ਰਾਪਤੀ ਰੂਪ ਕੀਮਤ ਪਾਈਦੀ ਹੈ ਹੋਰ ਕੋਈ ਵੀ ਕਿਸੇ ਪ੍ਰਕਾਰ ਨਾਲ ਉਸ ਦੀ ਕੀਮਤ ਨਹੀਂ ਪਾ ਸਕਦਾ ॥੬॥

## ਪੜਿ ਪੜਿ ਥਾਕੇ; ਸਾਂਤਿ ਨ ਆਈ ॥ ਤ੍ਰਿਸਨਾ ਜਾਲੇ; ਸੁਧਿ ਨ ਕਾਈ ॥

ਪੰਡਤ, ਵਿਦਵਾਨ ਲੋਕ ਵੇਦਾਂ ਸ਼ਾਸਤਰਾਂ ਆਦਿ ਨੂੰ ਪੜ੍ਹ ਪੜ੍ਹ ਕੇ ਥੱਕ ਗਏ ਹਨ ਪਰ ਉਨ੍ਹਾਂ ਨੂੰ ਆਤਮਿਕ ਸ਼ਾਂਤੀ ਨਹੀਂ ਆਈ। (ਨਾਰਦ ਮੁਨੀ ਨੇ ਕਈ ਹਜ਼ਾਰ ਸਾਲ ਵੇਦ ਸ਼ਾਸਤਰਾਂ ਦੀ ਵਿੱਦਿਆ ਪੜ੍ਹੀ। ਸਨਕਾਦਿਕਾਂ ਨੂੰ ਕਹਿਣ ਲੱਗਾ ਕਿ ਮੈਂ ਇਤਨੀ ਵਿੱਦਿਆ ਪੜ੍ਹੀ ਹੈ। ਸਨਕ ਸਨੰਦਨ ਕਹਿਣ ਲੱਗੇ ਕਿ ਤੇਰੇ ਮਨ ਨੂੰ ਅਜੇ ਸ਼ਾਂਤੀ ਨਹੀਂ ਆਈ। ਤੂੰ ਚੰਚਲਤਾਈ ਵਾਲੀ ਵਿੱਦਿਆ ਹੀ ਪੜ੍ਹੀ ਹੈ। ਇਸ ਤਰ੍ਹਾਂ ਬਹੁਤੀ ਵਿੱਦਿਆ ਪੜ੍ਹਨ ਨਾਲ ਮਨ ਨੂੰ ਸ਼ਾਂਤੀ ਨਹੀਂ ਆਉਂਦੀ।) ਸਗੋਂ ਵੇਦ ਸ਼ਾਸਤਰਾਂ ਦੇ ਪੜ੍ਹਨ ਵਾਲੇ ਵਿਦਵਾਨ ਲੋਕ ਰਸਾਂ ਕਸਾਂ ਦੀ ਤ੍ਰਿਸ਼ਨਾ ਰੂਪੀ ਅਗਨ ਨੇ ਸਾੜ ਦਿੱਤੇ ਹਨ। ਉਨ੍ਹਾਂ ਨੂੰ ਆਤਮਿਕ, ਨਿਜ ਸਰੂਪ ਦੀ ਕਾਈ = ਕੋਈ ਵੀ ਸੁਧਿ = ਗਿਆਤ ਨਹੀਂ ਹੈ।

## ਬਿਖੁ ਬਿਹਾਝਹਿ, ਬਿਖੁ ਮੋਹ ਪਿਆਸੇ; ਕੂੜੁ ਬੋਲਿ ਬਿਖੁ ਖਾਵਣਿਆ ॥੭॥

ਉਹ ਮਾਇਆ ਰੂਪੀ ਬਿਖੁ = ਜ਼ਹਿਰ ਹੀ ਬਿਹਾਝਹਿ = ਖ਼ਰੀਦਦੇ ਹਨ। ਬਿਖੁ = ਵਿਸ਼ਿਆਂ ਦੇ ਮੋਹ ਕਰਕੇ ਵਿਸ਼ਿਆਂ ਨੂੰ ਭੋਗਣ ਦੇ ਪਿਆਸੇ = ਤਿਹਾਏ ਹਨ, ਅਤੇ ਉਹ ਕੂੜੁ = ਝੂਠ ਬੋਲਿ = ਬੋਲਣ ਰੂਪ ਬਿਖੁ = ਜ਼ਹਿਰ ਨੂੰ ਖਾਂਵਣਿਆ = ਖਾਦੇ ਹਨ **ਵਾ:** ਝੂਠ ਬੋਲ ਕਰਕੇ ਵਿਹੁ ਰੂਪ ਵਿਸ਼ਿਆਂ ਨੂੰ ਭੋਗਣ ਰੂਪ ਹੀ ਖਾਂਦੇ ਹਨ ॥੭॥

## ਗੁਰ ਪਰਸਾਦੀ; ਏਕੋ ਜਾਣਾ ॥ ਦੂਜਾ ਮਾਰਿ; ਮਨੁ ਸਚਿ ਸਮਾਣਾ ॥

ਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਨੇ ਇਕ ਅਕਾਲ ਪੁਰਖ ਨੂੰ ਜਾਣ ਲਿਆ ਹੈ। ਉਹਨਾਂ ਦਾ ਮਨ ਦੂਜਾ = ਦ੍ਵੈਸ਼ ਨੂੰ ਮਾਰ ਕੇ ਸੱਚ ਵਿਚ ਸਮਾਣਾ = ਸਮਾ ਗਿਆ, ਅਭੇਦ ਹੋ ਗਿਆ ਹੈ।

## ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ; ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਮਨ ਅੰਤਰਿ = ਵਿਚ ਗੁਰੂ ਦੀ ਪਰਸਾਦੀ = ਕਿਰਪਾ

ਨਾਲ ਨਾਮ ਸਿਮਰਨ ਦਾ ਵਰਤਾਰਾ ਵਰਤੈ = ਵਰਤਦਾ ਹੈ, ਉਹ ਇਕ ਪ੍ਰਭੂ ਨੂੰ ਪਾਵਣਿਆ = ਪਾਉਣਾ ਕਰਦੇ ਹਨ ॥੮॥੧੭॥੧੮॥

## ਮਾਝ ਮਹਲਾ ੩ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ ਚਰਨਾਂ ਵਿਚ ਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਸਾਰੇ ਪਸਾਰੇ ਵਿਚ ਕੌਣ ਵਰਤ ਰਿਹਾ ਹੈ, ਤਾਂ ਉੱਤਰ ਵਿਚ ਸਤਿਗੁਰੂ ਜੀ ਪਰਮੇਸ਼ਰ ਦੇ ਸਨਮੁਖ ਬੇਨਤੀ ਕਰਦਿਆਂ ਇਹ ਸ਼ਬਦ ਉਚਾਰਨ ਕੀਤਾ :

### ਵਰਨ ਰੂਪ; ਵਰਤਹਿ ਸਭ ਤੇਰੇ ॥ ਮਰਿ ਮਰਿ ਜੰਮਹਿ; ਫੇਰ ਪਵਹਿ ਘਣੇਰੇ ॥

ਹੇ ਪਰਮੇਸ਼ਰ ਇਸ ਸੰਸਾਰ ਵਿਚ ਚਾਰੇ ਵਰਨ (ਖੱਤਰੀ, ਬ੍ਰਾਹਮਣ, ਸੂਦ, ਵੈਸ਼) **ਵਾ:** ਵਰਨ = ਰੰਗ ਤੇ ਰੂਪ = ਆਕਾਰ ਸਭ = ਸਾਰੇ ਤੇਰੇ ਹੀ ਵਰਤਾਏ ਹੋਏ ਵਰਤਹਿ = ਵਰਤਦੇ ਹਨ।

ਇਹ ਬੇਅੰਤ ਰੂਪ ਰੰਗਾਂ ਵਾਲੇ ਜੀਵ ਮੌਤ ਦੇ ਮਰਿ = ਮਾਰੇ ਹੋਏ ਮਰਿ = ਮਰਦੇ ਤੇ ਵਾਸ਼ਨਾ ਦੇ ਬੱਧੇ ਹੋਏ ਜੰਮਹਿ = ਜੰਮਦੇ ਰਹਿੰਦੇ ਹਨ ਇਉਂ ਇਸ ਕਰਕੇ ਚੁਰਾਸੀ ਲੱਖ ਜੂਨਾਂ ਦੇ ਘਣੇਰੇ = ਬਹੁਤੇ ਫੇਰ = ਗੇੜੇ ਪਵਹਿ = ਪੈਂਦੇ ਹਨ।

### ਤੂੰ ਏਕੋ ਨਿਹਚਲੁ, ਅਗਮ ਅਪਾਰਾ; ਗੁਰਮਤੀ ਬੂਝ ਬੁਝਾਵਣਿਆ ॥੧॥

ਹੇ ਪ੍ਰਭੂ ! ਤੂੰ ਇੱਕੋ ਹੀ ਨਿਹਚਲੁ = ਅਚੱਲ ਸਰੂਪ, ਅਗਮ = ਮਨ ਦੀ ਗਮਤਾ ਤੋਂ ਪਰ੍ਹੇ, ਅਪਾਰਾ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈਂ। ਪਰ ਗੁਰਮਤੀ = ਗੁਰ ਸਿੱਖਿਆ ਦੁਆਰਾ ਗੁਰਮੁਖ ਜਨਾਂ ਨੂੰ ਆਤਮ ਵਿਸ਼ੈਣੀ ਬੁੱਧ ਦੇ ਕੇ ਆਪਣੀ ਪ੍ਰਾਪਤੀ ਦੀ ਬੂਝ = ਸਮਝ ਬੁਝਾਵਣਿਆ = ਸਮਝਾ ਦਿੰਦਾ ਹੈਂ ॥੧॥

### ਹਉ ਵਾਰੀ, ਜੀਉ ਵਾਰੀ; ਰਾਮ ਨਾਮੁ ਮੰਨਿ ਵਸਾਵਣਿਆ ॥

ਹਉ = ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਮਨ ਕਰਕੇ ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਰਾਮ = ਪਰਮੇਸ਼ਰ ਦੇ ਨਾਮ ਨੂੰ ਮਨ ਵਿਚ ਵਸਾਵਣਿਆ = ਵਸਾਇਆ ਹੋਇਆ ਹੈ।

### ਤਿਸੁ ਰੂਪੁ ਨ ਰੇਖਿਆ, ਵਰਨੁ ਨ ਕੋਈ; ਗੁਰਮਤੀ ਆਪਿ ਬੁਝਾਵਣਿਆ ॥੧॥ਰਹਾਉ॥

ਤਿਸੁ = ਉਸ ਪ੍ਰਭੂ ਦਾ ਨਾ ਕੋਈ ਰੂਪੁ = ਆਕਾਰ, ਨਾ ਹੀ ਮੱਛ ਕੱਛ ਆਦਿ ਰੇਖਿਆ = ਰੇਖਾ ਤੇ ਨਾ ਹੀ ਕੋਈ ਖੱਤ੍ਰੀ, ਬ੍ਰਾਹਮਣ ਆਦਿ ਵਰਨ ਹੈ **ਵਾ:** ਨਾ ਕੋਈ ਵਰਨ = ਰੰਗ ਹੈ, ਉਹ ਆਪਣੇ ਸਰੂਪ ਦੀ ਸੋਝੀ ਗੁਰਮਤੀ = ਗੁਰੂ ਦੀ ਸਿੱਖਿਆ ਦੁਆਰਾ ਆਪ ਹੀ ਬੁਝਾਵਣਿਆ = ਸਮਝਾ ਦਿੰਦਾ ਹੈ ॥੧॥ਰਹਾਉ॥

### ਸਭ ਏਕਾ ਜੋਤਿ; ਜਾਣੈ ਜੇ ਕੋਈ ॥ ਸਤਿਗੁਰੁ ਸੇਵਿਐ; ਪਰਗਟੁ ਹੋਈ ॥

ਸਭ = ਸਾਰੇ ਸੂਰਜ, ਚੰਦਰਮਾ, ਤਾਰਿਆਂ ਆਦਿ ਵਿਚ ਇਕ ਅਕਾਲ ਪੁਰਖ ਦੀ ਹੀ ਜੋਤਿ ਪ੍ਰਕਾਸ਼ ਰਹੀ ਹੈ, ਜੇ = ਜੇਕਰ ਕੋਈ ਇਸ ਗੱਲ ਨੂੰ ਜਾਣੈ = ਜਾਣ ਲੈਣਾ ਕਰੇ ਤਾਂ ਵੀ ਉਹ ਕਿਸੇ ਨੂੰ ਪ੍ਰਗਟ ਨਹੀਂ ਹੁੰਦੀ। ਜੇਕਰ ਪੂਰੇ ਸਤਿਗੁਰੂ ਦੀ ਨਿਸ਼ਕਾਮ ਸੇਵਾ ਕਰਕੇ ਮਨ ਦੀ ਪਾਪਾਂ ਰੂਪ ਮੈਲ ਨੂੰ ਦੂਰ ਕਰੇ ਤਾਂ ਅਵਿੱਦਿਆ ਦਾ ਪੜਦਾ ਦੂਰ ਹੋ ਕੇ ਉਹ ਜੋਤ ਪ੍ਰਗਟ ਹੋ ਜਾਂਦੀ ਹੈ।

### ਗੁਪਤੁ ਪਰਗਟੁ, ਵਰਤੈ ਸਭ ਥਾਈ; ਜੋਤੀ ਜੋਤਿ ਮਿਲਾਵਣਿਆ ॥੨॥

ਜੋ ਪਰਮੇਸ਼ਰ ਨਿਰਗੁਣ ਸਰੂਪ ਹੋ ਕੇ ਸਾਰਿਆਂ ਥਾਵਾਂ ਵਿਚ ਗੁਪਤ ਤੇ ਸਰਗੁਣ ਸਰੂਪ ਹੋ ਕੇ ਪਰਗਟੁ = ਪ੍ਰਤੱਖ ਹੀ ਵਰਤ ਰਿਹਾ ਹੈ। ਉਹ ਪਰਮੇਸ਼ਰ ਗੁਰਮੁਖ ਜਨਾਂ ਦੀ ਪ੍ਰਤਕ ਜੋਤ ਨੂੰ ਆਪਣੀ ਅਦ੍ਵੈਤ ਜੋਤ ਵਿਚ ਮਿਲਾਵਣਿਆ = ਮਿਲਾ ਲੈਂਦਾ ਹੈ ॥੨॥

## ਤਿਸਨਾ ਅਗਨਿ; ਜਲੈ ਸੰਸਾਰਾ ॥ ਲੋਭੁ ਅਭਿਮਾਨੁ; ਬਹੁਤੁ ਅਹੰਕਾਰਾ ॥

ਇਹ ਸੰਸਾਰਾ = ਜਗਤ ਤਿਸਨਾ = ਤ੍ਰਿਸਨਾ ਦੀ ਅਗਨਿ = ਅਗਨੀ ਵਿਚ ਜਲੈ = ਸੜ ਰਿਹਾ ਹੈ।

ਸੰਸਾਰੀ ਲੋਕਾਂ ਨੂੰ ਪਦਾਰਥਾਂ ਦੇ ਜੋੜਨ ਦਾ ਲੋਭੁ = ਲਾਲਚ, ਦੇਹ ਦਾ ਅਭਿਮਾਨ ਅਤੇ ਗੁਣਾਂ, ਵਿੱਦਿਆ ਆਦਿ ਦਾ ਬਹੁਤ ਅਹੰਕਾਰ ਹੈ **ਵਾ:** ਕਿਸੇ ਨੂੰ ਸੂਖਮ ਅਹੰਕਾਰ ਤੇ ਕਿਸੇ ਨੂੰ ਸਥੂਲ ਹੰਕਾਰ ਹੈ।

## ਮਰਿ ਮਰਿ ਜਨਮੈ, ਪਤਿ ਗਵਾਏ ਅਪਣੀ; ਬਿਰਥਾ ਜਨਮੁ ਗਵਾਵਣਿਆ ॥੩॥

ਪਰਮੇਸ਼ਰ ਤੋਂ ਭੁੱਲੇ ਹੋਏ ਜੀਵ ਮੌਤ ਦੇ ਮਰਿ = ਮਾਰੇ ਹੋਏ ਮਰਿ = ਮਰਦੇ ਹਨ ਤੇ ਵਾਸ਼ਨਾ ਕਰਕੇ ਜਨਮੈ = ਜੰਮਦੇ ਰਹਿੰਦੇ ਹਨ ਤੇ ਆਪਣੀ ਪਤਿ = ਇੱਜ਼ਤ ਆਬਰੂ ਗਵਾਏ = ਗੁਆ ਲੈਂਦੇ ਹਨ ਇਸ ਕਰਕੇ ਵਾਹਿਗੁਰੂ ਦੀ ਪ੍ਰਾਪਤੀ ਤੋਂ ਬਿਨਾਂ ਆਪਣਾ ਮਨੁੱਖਾ ਜਨਮ ਬਿਰਥਾ = ਵਿਅਰਥ ਹੀ ਗਵਾਵਣਿਆ = ਗੁਆਉਣਾ ਕਰਦੇ ਹਨ ॥੩॥

## ਗੁਰ ਕਾ ਸਬਦੁ; ਕੋ ਵਿਰਲਾ ਬੂਝੈ ॥ ਆਪੁ ਮਾਰੇ; ਤਾ ਤ੍ਰਿਭਵਣੁ ਸੂਝੈ ॥

ਗੁਰੂ ਕਾ = ਦਾ ਉਪਦੇਸ਼ ਕੋਈ ਵਿਰਲਾ ਹੀ ਬੂਝੈ = ਜਾਣਦਾ ਹੈ। ਜੇਕਰ ਉਹ ਆਪੁ = ਆਪਾ ਭਾਵ (ਹੰਕਾਰ) ਨੂੰ ਮਾਰੇ = ਮਾਰ ਲਵੇ ਤਾ = ਤਦ ਉਸਨੂੰ ਤ੍ਰਿਭਵਣੁ = ਤਿੰਨਾਂ ਲੋਕਾਂ ਦੀ ਸੂਝੈ = ਗਿਆਤ ਹੋ ਜਾਂਦੀ ਹੈ **ਵਾ:** ਤਿੰਨਾਂ ਭਵਨਾਂ ਵਿਚ ਪਰਮੇਸ਼ਰ ਹੀ ਸੂਝੈ = ਦਿਸ ਪੈਂਦਾ ਹੈ **ਵਾ:** ਤਿੰਨ ਭਵਨਾਂ ਰੂਪੀ ਜਾਗ੍ਰਤ, ਸੁਪਨ, ਸਖੋਪਤ ਅਵਸਥਾ ਦੀ ਸਮਝ ਪੈ ਜਾਂਦੀ ਹੈ **ਵਾ:** ਉਹ ਤਿੰਨੇ ਲੋਕਾਂ ਨੂੰ ਮਿਥਿਆ ਰੂਪ ਸੂਝੈ = ਜਾਣ ਲੈਂਦਾ ਹੈ।

## ਫਿਰਿ ਓਹੁ ਮਰੈ, ਨ ਮਰਣਾ ਹੋਵੈ; ਸਹਜੇ ਸਚਿ ਸਮਾਵਣਿਆ ॥੪॥

ਫੇਰ ਉਹ ਜੀਵਤ ਭਾਵ ਵੱਲੋਂ ਮਰੈ = ਮਰ ਜਾਂਦਾ ਹੈ, ਜਿਸ ਕਰਕੇ ਉਸ ਦਾ ਮੁੜ ਮੁੜ ਜੂਨਾਂ ਵਿਚ ਪੈ ਕੇ ਮਰਨਾ ਨ = ਨਹੀਂ ਹੋਵੈ = ਹੁੰਦਾ **ਵਾ:** ਨਾ ਹੀ ਉਹ ਫਿਰਿ = ਮੁੜ ਕੇ ਕਦੀ ਮਰੈ = ਮਰਦਾ ਤੇ ਨਾ ਹੀ ਉਸ ਨੂੰ ਮਰਨਾ ਪ੍ਰਤੀਤ ਹੁੰਦਾ ਹੈ, ਉਹ ਤਾਂ ਸਹਜੇ = ਸੁਤੇ ਸਿੱਧ ਸੁਭਾਵਿਕ ਹੀ ਸੱਚ ਸਰੂਪ ਵਿਚ ਸਮਾਵਣਿਆ = ਸਮਾਇਆ ਰਹਿੰਦਾ ਹੈ ॥੪॥

## ਮਾਇਆ ਮਹਿ; ਫਿਰਿ ਚਿਤੁ ਨ ਲਾਏ ॥ ਗੁਰ ਕੈ ਸਬਦਿ; ਸਦ ਰਹੈ ਸਮਾਏ ॥

ਉਹ ਗੁਰਮੁਖ ਮਾਇਆ ਮਹਿ = ਵਿਚ ਫਿਰ ਚਿੱਤ ਦੀ ਬਿਰਤੀ ਨ = ਨਹੀਂ ਲਾਏ = ਲਾਉਂਦਾ।

ਉਹ ਤਾਂ ਗੁਰਾ ਕੈ = ਦੇ ਸਬਦਿ = ਉਪਦੇਸ਼ ਦੁਆਰਾ ਸਦ = ਸਦਾ ਹੀ ਵਾਹਿਗੁਰੂ ਵਿਚ ਸਮਾਏ = ਸਮਾਇਆ ਰਹੈ = ਰਹਿੰਦਾ ਹੈ।

## ਸਚੁ ਸਲਾਹੇ, ਸਭ ਘਟ ਅੰਤਰਿ; ਸਚੋ ਸਚੁ ਸੁਹਾਵਣਿਆ ॥੫॥

ਉਹ ਉਸ ਸੱਚੇ ਪਰਮਾਤਮਾ ਦੀ ਸਲਾਹੇ = ਸਿਫ਼ਤ ਕਰਦਾ ਹੈ, ਜੋ ਸਾਰਿਆਂ ਘਟਾਂ ਵਿਚ ਬਿਰਾਜਮਾਨ ਹੈ **ਅਥਵਾ** ਉਸ ਨੂੰ ਸਾਰਿਆਂ ਘਟਾਂ ਵਿਚ ਸੱਚਾ ਸਰੂਪ ਪ੍ਰਗਟ ਹੋ ਗਿਆ ਹੈ ਉਹ ਸੱਚੇ ਨਾਮ ਨੂੰ ਜਪ ਕੇ ਸੱਚ ਸਰੂਪ ਦੀ ਪ੍ਰਾਪਤੀ ਕਰਕੇ ਸੁਹਾਵਣਿਆ = ਸੁੰਦਰ ਸ਼ੋਭਨੀਕ ਹੋ ਗਿਆ ਹੈ ॥੫॥

## ਸਚੁ ਸਾਲਾਹੀ; ਸਦਾ ਹਜੂਰੇ ॥ ਗੁਰ ਕੈ ਸਬਦਿ; ਰਹਿਆ ਭਰਪੂਰੇ ॥

ਉਹ ਗੁਰਮੁਖ ਜਨ ਸਦਾ = ਹਮੇਸ਼ਾ ਹਜੂਰੇ = ਹਾਜ਼ਰ ਨਾਜਰ ਜਾਣ ਕੇ ਸਚੁ = ਸੱਚੇ ਪਰਮੇਸ਼ਰ ਨੂੰ ਸਾਲਾਹੀ = ਸਲਾਹੁੰਦਾ ਰਹਿੰਦਾ ਹੈ **ਵਾ:** ਉਹ ਸੱਚੇ ਨੂੰ ਹੀ ਸਲਾਹੁੰਦਾ ਹੈ ਜੋ ਸਦਾ ਨੇੜੇ ਤੋਂ ਨੇੜੇ ਹੈ। ਅਤੇ

ਗੁਰ ਕੈ = ਦੇ ਸਬਦਿ = ਉਪਦੇਸ਼ ਦੀ ਕਮਾਈ ਕਰਕੇ ਐਸਾ ਨਿਸਚਾ ਕਰਦਾ ਹੈ ਕਿ ਸੱਚਾ ਪਰਮੇਸ਼ਰ ਸਾਰੇ ਹੀ ਭਰਪੂਰੇ = ਵਿਆਪਕ ਹੋ ਰਹਿਆ = ਰਿਹਾ ਹੈ।

## ਗੁਰ ਪਰਸਾਦੀ, ਸਚੁ ਨਦਰੀ ਆਵੈ; ਸਚੇ ਹੀ ਸੁਖੁ ਪਾਵਣਿਆ ॥੬॥

ਗੁਰਾਂ ਦੀ ਪਰਸਾਦੀ = ਕਿਰਪਾ ਨਾਲ ਉਸ ਨੂੰ ਸਚੁ = ਸੱਚਾ ਹੀ ਨਦਰੀ = ਦ੍ਰਿਸ਼ਟੀ ਵਿਚ ਆਵੈ = ਆਉਂਦਾ ਹੈ, ਉਸ ਸੱਚੇ ਦੇ ਦ੍ਰਿਸ਼ਟੀ ਵਿਚ ਆਉਣ ਕਰਕੇ ਹੀ ਗੁਰਮੁਖ ਜਨ ਆਤਮਿਕ ਸੁੱਖ ਨੂੰ ਪਾਵਣਿਆ = ਪਾਉਣਾ ਕਰਦਾ ਹੈ ॥੬॥

## ਸਚੁ ਮਨ ਅੰਦਰਿ; ਰਹਿਆ ਸਮਾਇ ॥ ਸਦਾ ਸਚੁ ਨਿਹਚਲੁ; ਆਵੈ ਨ ਜਾਇ ॥

ਉਹ ਸਚੁ = ਸੱਚਾ ਪਰਮੇਸ਼ਰ ਸਾਰਿਆਂ ਦੇ ਮਨ = ਹਿਰਦੇ ਅੰਦਰਿ = ਵਿਚ ਸਮਾਇ = ਸਮਾ ਰਿਹਾ ਹੈ। ਉਹ ਸੱਚਾ ਵਾਹਿਗੁਰੂ ਸਦਾ ਇਕ-ਰਸ ਰਹਿਣ ਵਾਲਾ ਨਿਹਚਲੁ = ਅਚੱਲ ਹੈ, ਨਾ ਕਿਧਰੇ ਆਵੈ = ਆਉਂਦਾ ਹੈ, ਨਾ ਜਾਇ = ਜਾਂਦਾ ਹੈ।

## ਸਚੇ ਲਾਗੈ, ਸੋ ਮਨੁ ਨਿਰਮਲੁ; ਗੁਰਮਤੀ ਸਚਿ ਸਮਾਵਣਿਆ ॥੭॥

ਜੋ ਸੱਚੇ ਪਰਮੇਸ਼ਰ ਦਾ ਨਾਮ ਜਪਣ ਲਾਗੈ = ਲੱਗ ਜਾਂਦਾ ਹੈ, ਭਾਵ ਨਾਮ ਵਿਚ ਜੁੜ ਜਾਂਦਾ ਹੈ, ਉਸ ਦਾ ਮਨ ਨਿਰਮਲੁ = ਸ਼ੁੱਧ ਹੋ ਜਾਂਦਾ ਹੈ। ਅਤੇ ਉਹ ਗੁਰਮਤੀ = ਗੁਰ ਸਿੱਖਿਆ ਦੁਆਰਾ ਸੱਚ ਸਰੂਪ ਵਿਚ ਸਮਾਵਣਿਆ = ਸਮਾ ਜਾਂਦਾ ਹੈ ॥੭॥

## ਸਚੁ ਸਾਲਾਹੀ; ਅਵਰੁ ਨ ਕੋਈ ॥ ਜਿਤੁ ਸੇਵਿਐ; ਸਦਾ ਸੁਖੁ ਹੋਈ ॥

ਉਸ ਸੱਚੇ ਵਾਹਿਗੁਰੂ ਦੀ ਸਾਲਾਹੀ = ਉਸਤਤ ਕਰੀਏ, ਜਿਸ ਵਰਗਾ ਅਵਰੁ = ਹੋਰ ਕੋਈ ਨਹੀਂ ਹੈ। ਜਿਸ ਦਾ ਸੇਵਿਐ = ਸੇਵਨ ਕਰਕੇ ਸਦਾ = ਸਦੀਵੀ ਸੁੱਖ ਦੀ ਪ੍ਰਾਪਤੀ ਹੋਈ = ਹੁੰਦੀ ਹੈ।

[ਅੰਗ ੧੨੧]

## ਨਾਨਕ, ਨਾਮਿ ਰਤੇ ਵੀਚਾਰੀ; ਸਚੋ ਸਚੁ ਕਮਾਵਣਿਆ ॥੮॥੧੮॥੧੯॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਜੋ ਵੀਚਾਰੀ = ਵੀਚਾਰਵਾਨ ਨਾਮ ਵਿਚ ਰੱਤੇ ਹੋਏ ਹਨ, ਉਹ ਸੱਚੇ ਨਾਮ ਦਾ ਸ੍ਰਵਣ ਮੰਨਣ ਕਰਕੇ ਸੱਚ ਨੂੰ ਹੀ ਕਮਾਵਣਿਆ = ਕਮਾਉਣਾ ਭਾਵ ਨਿਧਿਆਸਣ ਕਰਦੇ ਹਨ ॥੮॥੧੮॥੧੯॥

## ਮਾਝ ਮਹਲਾ ੩ ॥

## ਨਿਰਮਲ ਸਬਦੁ; ਨਿਰਮਲ ਹੈ ਬਾਣੀ ॥ ਨਿਰਮਲ ਜੋਤਿ; ਸਭ ਮਾਹਿ ਸਮਾਣੀ ॥

ਗੁਰੂ ਸਾਹਿਬ ਜੀ ਦਾ ਸਬਦੁ = ਉਪਦੇਸ਼ ਮਾਇਆ ਦੀ ਮੈਲ ਤੋਂ ਰਹਿਤ ਨਿਰਮਲ = ਸ਼ੁੱਧ ਹੈ ਅਤੇ ਸਤਿਗੁਰੂ ਦੀ ਅੰਮ੍ਰਿਤ ਬਾਣੀ ਵੀ ਮਾਇਆ ਦੀ ਮੈਲ ਤੋਂ ਰਹਿਤ ਨਿਰਮਲ = ਸ਼ੁੱਧ ਹੈ **ਵਾ:** ਸਤਿਗੁਰੂ ਦਾ ਨਿਰਮਲ ਸ਼ਬਦ = ਪਵਿੱਤਰ ਉਪਦੇਸ਼ ਮਾਇਆ ਦੀ ਮੈਲ ਤੋਂ ਛੁਡਾਉਣ ਵਾਲਾ ਹੈ। ਅਤੇ ਸਤਿਗੁਰਾਂ ਦੀ ਅੰਮ੍ਰਿਤ ਬਾਣੀ ਵੀ ਨਿਰਮਲ = ਉੱਜਲ ਜੀਵਨ ਬਖਸ਼ਣ ਵਾਲੀ ਹੈ।

ਪਰਮੇਸ਼ਰ ਦੀ ਨਿਰਮਲ = ਉੱਜਲ ਜੋਤ ਸਾਰਿਆ ਵਿਚ ਸਮਾਈ ਹੋਈ ਹੈ **ਅਥਵਾ** ਸਬਦੁ = ਬ੍ਰਹਮ

ਨਿਰਮਲ ਹੈ, ਨਿਰਗੁਣ ਬ੍ਰਹਮ ਦਾ ਸਰਗੁਣ ਸਰੂਪ ਸਤਿਗੁਰ ਦੀ ਬਾਣੀ ਵੀ ਨਿਰਮਲ ਹੈ ਤੇ ਉਸ ਦੀ ਚੇਤਨ ਜੋਤਿ = ਸੱਤਾ ਵੀ ਨਿਰਮਲ ਹੈ ਜੋ ਸਾਰਿਆਂ ਵਿਚ ਸਮਾਣੀ = ਸਮਾ ਰਹੀ ਹੈ।

## ਨਿਰਮਲ ਬਾਣੀ ਹਰਿ ਸਾਲਾਹੀ; ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥

ਨਿਰਮਲ ਬਾਣੀ ਦੁਆਰਾ ਹਰੀ ਪਰਮੇਸ਼ਰ ਦੀ ਸਾਲਾਹੀ = ਉਸਤਤ ਕਰੀਏ ਜੋ ਹਰੀ ਦੇ ਨਿਰਮਲ ਨਾਮ ਨੂੰ ਜਪਦੇ ਹਨ, ਉਹਨਾਂ ਨੇ ਮਾਇਆ, ਪਾਪਾਂ ਰੂਪੀ ਮੈਲ ਨੂੰ ਗਵਾਵਣਿਆ = ਗੁਆਉਣਾ ਕੀਤਾ ਹੈ॥੧॥

## ਹਉ ਵਾਰੀ, ਜੀਉ ਵਾਰੀ; ਸੁਖਦਾਤਾ ਮੰਨਿ ਵਸਾਵਣਿਆ ॥

ਹਉ = ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰੀ = ਵਾਰਨੇ ਅਤੇ ਮਨ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸੁੱਖਾਂ ਦੇ ਦਾਤੇ ਪਰਮੇਸ਼ਰ ਨੂੰ ਮਨ ਵਿਚ ਵਸਾਵਣਿਆ = ਵਸਾਉਣਾ ਕੀਤਾ ਹੈ।

## ਹਰਿ ਨਿਰਮਲੁ ਗੁਰ ਸਬਦਿ ਸਲਾਹੀ; ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ਰਹਾਉ॥

ਗੁਰੂ ਉਪਦੇਸ਼ ਦੁਆਰਾ ਹਰੀ ਦੇ ਨਿਰਮਲ ਗੁਣਾਂ ਦੀ ਸਲਾਹੀ = ਉਸਤਤ ਕਰੀਏ। ਜੇਕਰ ਗੁਰੂ ਦੇ ਸਬਦੋ = ਉਪਦੇਸ਼ ਨੂੰ ਸ਼ਰਧਾ ਨਾਲ ਸੁਣਿ = ਸ੍ਰਵਣ ਕਰਾਂਗੇ ਤਾਂ ਸਤਿਗੁਰੂ ਜੀ ਮਾਇਆ ਦੇ ਪਦਾਰਥਾਂ ਦੀ ਤਿਸਾ = ਤ੍ਰਿਸ਼ਨਾ ਮਿਟਾਵਣਿਆ = ਮਿਟਾ ਦੇਣਗੇ॥੧॥ਰਹਾਉ॥

## ਨਿਰਮਲ ਨਾਮੁ; ਵਸਿਆ ਮਨਿ ਆਏ ॥ ਮਨੁ ਤਨੁ ਨਿਰਮਲੁ; ਮਾਇਆ ਮੋਹੁ ਗਵਾਏ ॥

ਜਿਨ੍ਹਾਂ ਦੇ ਵਾਹਿਗੁਰੂ ਦਾ ਨਿਰਮਲ = ਉੱਜਲ ਨਾਮ ਮਨਿ = ਹਿਰਦੇ ਵਿਚ ਆਏ = ਆ ਕੇ ਵਸਿਆ = ਵਸ ਗਿਆ ਹੈ।

ਉਨ੍ਹਾਂ ਦਾ ਮਨ ਤੇ ਤਨ ਵੀ ਨਿਰਮਲੁ = ਉੱਜਲ ਹੋ ਗਿਆ ਹੈ ਕਿਉਂਕਿ ਉਨ੍ਹਾਂ ਨੇ ਮਾਇਆ ਦਾ ਮੋਹ, ਅਗਿਆਨ ਨੂੰ ਗਵਾਏ = ਗਵਾ ਦਿੱਤਾ ਹੈ।

## ਨਿਰਮਲ ਗੁਣ ਗਾਵੈ, ਨਿਤ ਸਾਚੇ ਕੇ; ਨਿਰਮਲ ਨਾਦੁ ਵਜਾਵਣਿਆ ॥੨॥

ਜੋ ਸੱਚੇ ਵਾਹਿਗੁਰੂ ਦੇ ਨਿਰਮਲ = ਉੱਜਲ ਗੁਣਾਂ ਨੂੰ ਗਾਵੈ = ਗਾਉਂਦੇ ਹਨ, ਉਹਨਾਂ ਦੇ ਮਨ ਵਿਚ ਨਿਰਮਲ = ਸ਼ੁੱਧ ਨਾਦ = ਸ਼ਬਦ ਵਜਾਵਣਿਆ = ਪ੍ਰਗਟ ਹੋ ਜਾਂਦਾ ਹੈ **ਅਥਵਾ** ਨਿਰਮਲ = ਸ਼ੁੱਧ ਨਾਦ = ਬ੍ਰਹਮ ਵਜਾਵਣਿਆ = ਪ੍ਰਗਟ ਹੋ ਜਾਂਦਾ ਹੈ॥੨॥

## ਨਿਰਮਲ ਅੰਮ੍ਰਿਤੁ; ਗੁਰ ਤੇ ਪਾਇਆ ॥
## ਵਿਚਹੁ ਆਪੁ ਮੁਆ; ਤਿਥੈ ਮੋਹੁ ਨ ਮਾਇਆ ॥

ਜਿਨ੍ਹਾਂ ਨੇ ਨਿਰਮਲ = ਉੱਜਲ ਅੰਮ੍ਰਿਤ ਨਾਮ ਨੂੰ ਪੂਰੇ ਗੁਰ = ਸਤਿਗੁਰਾਂ ਤੇ = ਤੋਂ ਪਾਇਆ = ਪਾਉਣਾ ਕੀਤਾ ਹੈ। ਉਹਨਾਂ ਦੇ ਹਿਰਦੇ ਵਿੱਚੋਂ ਆਪੁ = ਆਪਾ ਭਾਵ ਦੇਹ ਅਧਿਆਸ ਹੰਕਾਰ ਮੁਆ = ਮਰ ਗਿਆ ਹੈ, ਤੇ ਤਿਥੈ = ਉਥੇ ਮਾਇਆ ਦਾ ਮੋਹ ਵੀ ਨਹੀਂ ਰਿਹਾ।

## ਨਿਰਮਲ ਗਿਆਨੁ, ਧਿਆਨੁ ਅਤਿ ਨਿਰਮਲੁ;
## ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥

ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰੂ ਦੀ ਬਾਣੀ ਦਾ ਪਵਿੱਤਰ ਅੰਮ੍ਰਿਤ ਉਪਦੇਸ਼ ਮਨ ਵਿਚ ਵਸਾਉਣਾ ਕੀਤਾ

ਹੈ, ਉਹਨਾਂ ਨੂੰ ਸੰਸੇ ਵਿਪਰਜੇ ਤੋਂ ਰਹਿਤ ਨਿਰਮਲ = ਉੱਜਲ ਗਿਆਨ ਪ੍ਰਾਪਤ ਹੋਇਆ ਹੈ ਤੇ ਸੰਕਲਪਾਂ ਵਿਕਲਪਾਂ ਤੋਂ ਰਹਿਤ ਅਤਿ = ਅਤਿਅੰਤ ਨਿਰਮਲ = ਉੱਜਲ ਧਿਆਨ ਪ੍ਰਾਪਤ ਹੋਇਆ ਹੈ ॥੩॥

## ਜੋ ਨਿਰਮਲੁ ਸੇਵੇ; ਸੁ ਨਿਰਮਲੁ ਹੋਵੈ ॥ ਹਉਮੈ ਮੈਲੁ; ਗੁਰ ਸਬਦੇ ਧੋਵੈ ॥

ਜੋ ਮਾਇਆ ਦੀ ਮੈਲ ਤੋਂ ਰਹਿਤ ਨਿਰਮਲ ਪਰਮੇਸ਼ਰ ਦੀ ਸੇਵੇ = ਉਪਾਸ਼ਨਾ ਕਰਦੇ ਹਨ, ਸੁ = ਉਹ ਭਜਨ ਸਿਮਰਨ ਕਰਨ ਵਾਲੇ ਵੀ ਨਿਰਮਲੁ = ਉੱਜਲ ਹੋ ਜਾਂਦੇ ਹਨ। ਕਿਉਂਕਿ ਉਹ ਹਉਮੈ ਦੀ ਮੈਲ ਨੂੰ ਗੁਰੂ ਦੇ ਸਬਦੇ = ਉਪਦੇਸ਼ ਦੁਆਰਾ ਧੋਵੈ = ਧੋ ਲੈਂਦੇ ਹਨ **ਵਾ:** ਹੰਗਤਾ ਦੀ ਮੈਲ ਨੂੰ ਸੰਗਤ ਰੂਪੀ ਘਾਟ 'ਤੇ ਜਾ ਕੇ ਪ੍ਰੇਮ ਰੂਪ ਜਲ ਪਾ ਕੇ ਗੁਰੂ ਦੇ ਉਪਦੇਸ਼ ਦੁਆਰਾ ਨਾਮ ਰੂਪੀ ਸਾਬਣ ਲਾ ਕੇ, ਨਿਸਚੇ ਰੂਪ ਪਟੜੇ 'ਤੇ ਰੱਖ ਕੇ ਉਕਤੀਆਂ ਜੁਗਤੀਆਂ ਦੀਆਂ ਮੁੱਕੀਆਂ ਨਾਲ ਧੋ ਲੈਂਦੇ ਹਨ। ਅਤੇ

## ਨਿਰਮਲ ਵਾਜੈ, ਅਨਹਦ ਧੁਨਿ ਬਾਣੀ;
## ਦਰਿ ਸਚੈ ਸੋਭਾ ਪਾਵਣਿਆ ॥੪॥

ਉਨ੍ਹਾਂ ਦੇ ਹਿਰਦੇ ਵਿਚ ਨਿਰਮਲ = ਉੱਜਲ ਬਾਣੀ ਦੀ ਅਨਹਦ = ਇਕ-ਰਸ ਧੁਨਿ = ਧੁਨੀ ਵਾਜੈ = ਪ੍ਰਗਟ ਹੋ ਜਾਂਦੀ ਹੈ, ਜਿਸ ਕਰਕੇ ਉਹ ਸੱਚੇ ਦਰਬਾਰ ਵਿਚ ਸ਼ੋਭਾ ਪਾਵਣਿਆ = ਪਾਉਂਦੇ ਹਨ ॥੪॥

## ਨਿਰਮਲ ਤੇ; ਸਭ ਨਿਰਮਲ ਹੋਵੈ ॥ ਨਿਰਮਲੁ ਮਨੂਆ; ਹਰਿ ਸਬਦਿ ਪਰੋਵੈ ॥

ਨਿਰਮਲ = ਉੱਜਲ ਪਰਮੇਸ਼ਰ ਦੇ ਨਾਮ ਜਪਣ ਤੇ = ਤੋਂ ਸਭ = ਸਾਰੇ ਜੀਵ ਨਿਰਮਲ = ਉੱਜਲ ਜੀਵਨ ਵਾਲੇ ਹੋਵੈ = ਹੋ ਜਾਂਦੇ ਹਨ **ਵਾ:** ਨਿਰਮਲ = ਉੱਜਲ ਸਰੂਪ ਸਤਿਗੁਰਾਂ ਤੇ = ਤੋਂ ਗਿਆਨ ਪ੍ਰਾਪਤ ਕਰਨ ਵਾਲੇ ਸਭ = ਸਾਰੇ ਜੀਵ ਉੱਜਲ ਹੋ ਜਾਂਦੇ ਹਨ। ਕਿਉਂਕਿ,

ਉਹ ਨਿਰਮਲੁ = ਉੱਜਲ ਮਨੂਆ = ਮਨ ਵਾਲੇ ਹਰਿ = ਪਰਮੇਸ਼ਰ ਦੇ ਸ਼ਬਦ ਨੂੰ ਹਿਰਦੇ ਵਿਚ ਪਰੋਵੈ = ਪਰੋ ਲੈਂਦੇ ਹਨ।

## ਨਿਰਮਲ ਨਾਮਿ ਲਗੇ ਬਡਭਾਗੀ; ਨਿਰਮਲੁ ਨਾਮਿ ਸੁਹਾਵਣਿਆ ॥੫॥

ਉਹ ਵਡਭਾਗੀ = ਵੱਡੇ ਭਾਗਾਂ ਵਾਲੇ ਜੀਵ ਵਾਹਿਗੁਰੂ ਦੇ ਨਿਰਮਲ = ਉੱਜਲ ਨਾਮ ਵਿਚ ਹਰ ਵਕਤ ਲੱਗੇ ਰਹਿੰਦੇ ਹਨ ਅਤੇ ਉਹ ਨਿਰਮਲ = ਉੱਜਲ ਨਾਮ ਕਰਕੇ **ਵਾ:** ਨਾਮੀ ਪਰਮੇਸ਼ਰ ਨੂੰ ਪਾ ਕੇ ਸੁਹਾਵਣਿਆ = ਸ਼ੋਭਨੀਕ ਹੁੰਦੇ ਹਨ ॥੫॥

## ਸੋ ਨਿਰਮਲੁ; ਜੋ ਸਬਦੇ ਸੋਹੈ ॥ ਨਿਰਮਲ ਨਾਮਿ; ਮਨੁ ਤਨੁ ਮੋਹੈ ॥

ਜੋ = ਜਿਹੜੇ ਸ਼ਬਦ ਦੀ ਕਮਾਈ ਕਰਕੇ ਸੋਹੈ = ਸ਼ੋਭਨੀਕ ਹੋਏ ਹਨ, ਸੋ = ਉਹ ਜੀਵ ਨਿਰਮਲੁ = ਉੱਜਲ ਹੋ ਗਏ ਹਨ। ਨਿਰਮਲ = ਉੱਜਲ ਨਾਮ ਨੂੰ ਜਪਣ ਕਰਕੇ ਉਨ੍ਹਾਂ ਦਾ ਮਨ ਤਨ ਨਾਮ ਵਿਚ ਮੋਹੈ = ਮੋਹਿਆ ਗਿਆ ਹੈ।

## ਸਚਿ ਨਾਮਿ, ਮਲੁ ਕਦੇ ਨ ਲਾਗੈ; ਮੁਖੁ ਊਜਲੁ ਸਚੁ ਕਰਾਵਣਿਆ ॥੬॥

ਸੱਚੇ ਨਾਮ ਨੂੰ ਜਪਣੇ ਕਰਕੇ ਉਹਨਾਂ ਨੂੰ ਕਦੇ ਵੀ ਮਾਇਆ ਦੀ ਮੈਲ ਨਹੀਂ ਲਾਗੈ = ਲੱਗਦੀ ਇਉਂ ਪ੍ਰਭੂ ਦੇ ਸੱਚੇ ਦਰਬਾਰ ਵਿਚ ਉਹਨਾਂ ਦਾ ਮੁੱਖ ਉੱਜਲ ਹੁੰਦਾ ਹੈ ਤੇ ਹੋਰਨਾਂ ਦਾ ਵੀ ਮੁੱਖ ਉੱਜਲ ਕਰਾਵਣਿਆ = ਕਰਵਾਉਂਦੇ ਹਨ ॥੬॥

## ਮਨੁ ਮੈਲਾ ਹੈ; ਦੂਜੈ ਭਾਇ ॥ ਮੈਲਾ ਚਉਕਾ[੧]; ਮੈਲੈ ਥਾਇ ॥

ਮਨਮੁਖ ਜੀਵਾਂ ਦਾ ਦੂਜੈ ਭਾਇ = ਦਵੈਸ਼ ਭਾਵ ਕਰਕੇ ਮਨੁ = ਹਿਰਦਾ ਮੈਲਾ = ਮਲੀਨ ਹੈ।

ਉਨ੍ਹਾਂ ਦਾ ਅੰਤਹਕਰਣ ਰੂਪੀ ਚੌਂਕਾ ਵੀ ਮੈਲਾ = ਮਲੀਨ ਹੈ ਅਤੇ ਸਰੀਰ, ਇੰਦਰਿਆਂ ਰੂਪੀ ਥਾਇ = ਅਸਥਾਨ ਵੀ ਮੈਲੈ = ਮਲੀਨ ਹੈ।

## ਮੈਲਾ ਖਾਇ, ਫਿਰਿ ਮੈਲੁ ਵਧਾਏ; ਮਨਮੁਖ ਮੈਲੁ ਦੁਖੁ ਪਾਵਣਿਆ ॥੭॥

ਉਹ ਪਰਾਇਆ ਹੱਕ ਵਿਸ਼ਿਆਂ ਵਿਕਾਰਾਂ ਨੂੰ ਭੋਗਣ ਰੂਪ ਮੈਲਾ = ਮਲੀਨਤਾ ਹੀ ਖਾਇ = ਖਾਂਦੇ ਹਨ, ਫਿਰ ਬਿਸਟਾ, ਪਾਪਾਂ ਦੀ ਮੈਲ ਨੂੰ ਹੀ ਵਧਾਏ = ਵਧਾਉਂਦੇ ਹਨ, ਇਉਂ ਮਨਮੁਖ ਪੁਰਸ਼ ਪਾਪਾਂ ਰੂਪੀ ਮੈਲ ਕਾਰਨ ਲੋਕ ਪਰਲੋਕ ਵਿਚ ਦੁੱਖ ਹੀ ਪਾਉਣਾ ਕਰਦੇ ਹਨ ॥੭॥

## ਮੈਲੇ ਨਿਰਮਲ ਸਭਿ; ਹੁਕਮਿ ਸਬਾਏ ॥ ਸੇ ਨਿਰਮਲ; ਜੋ ਹਰਿ ਸਾਚੇ ਭਾਏ ॥

ਸਭਿ = ਸਾਰੇ ਮੈਲੇ = ਅੰਤਹਕਰਣ ਦੀ ਮੈਲ ਵਾਲੇ ਤੇ ਸਬਾਏ = ਸਾਰੇ ਨਿਰਮਲ = ਉੱਜਲ ਅੰਤਹਕਰਣ ਵਾਲੇ ਪਰਮੇਸ਼ਰ ਦੇ ਹੁਕਮ ਵਿਚ ਹੀ ਹਨ, ਪਰ ਜੋ = ਜਿਹੜੇ ਸਾਚੇ = ਸੱਚੇ ਹਰਿ = ਪਰਮੇਸ਼ਰ ਨੂੰ ਭਾਏ = ਭਾ ਜਾਂਦੇ ਹਨ ਸੇ = ਉਹ ਨਿਰਮਲ = ਉੱਜਲ ਹੋ ਜਾਂਦੇ ਹਨ।

## ਨਾਨਕ, ਨਾਮੁ ਵਸੈ ਮਨ ਅੰਤਰਿ;
## ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਹਨਾਂ ਗੁਰਮਖਾਂ ਦੇ ਮਨ ਵਿਚ ਗੁਰੂ ਦੁਆਰਾ ਨਾਮ ਵਸ ਗਿਆ ਹੈ, ਉਹਨਾਂ ਗੁਰਮੁਖਾਂ ਦੇ ਮਨ ਵਿੱਚੋਂ ਨਾਮ ਨੇ ਪਾਪਾਂ ਰੂਪੀ ਮੈਲ ਨੂੰ ਚੁਕਾਵਣਿਆ = ਚੁੱਕ ਦਿੱਤਾ ਹੈ ॥੮॥੧੯॥੨੦॥

## ਮਾਝ ਮਹਲਾ ੩ ॥
## ਗੋਵਿੰਦੁ ਊਜਲੁ; ਊਜਲ ਹੰਸਾ ॥ ਮਨੁ ਬਾਣੀ; ਨਿਰਮਲ ਮੇਰੀ ਮਨਸਾ ॥

ਗੋਵਿੰਦੁ = ਪਰਮੇਸ਼ਰ ਮਾਨ ਸਰੋਵਰ ਦੀ ਨਿਆਈਂ ਉੱਜਲ ਸਰੂਪ ਹੈ ਅਤੇ ਬ੍ਰਹਮ ਵਿਚ ਅਭੇਦ ਹੋਏ ਹੰਸਾ = ਹੰਸ ਰੂਪ ਤੱਤਬੇਤੇ ਵੀ ਊਜਲ = ਪਵਿੱਤਰ ਸਰੂਪ ਹਨ, **ਵਾ:** ਗੋ = ਵੇਦਾਂ ਕਰਕੇ ਵਿੰਦੁ = ਜੋ ਜਾਨਣ ਯੋਗ ਉੱਜਲ ਪਰਮੇਸ਼ਰ ਹੈ, ਉਸ ਨੂੰ ਪ੍ਰਾਪਤ ਕਰਕੇ ਹੰਸਾ = ਜੀਵ-ਆਤਮਾ ਊਜਲ = ਨਿਰਮਲ ਹੋ ਜਾਂਦਾ ਹੈ। ਉਨ੍ਹਾਂ ਦਾ ਮਨ, ਬਾਣੀ ਤੇ ਮਨਸਾ = ਬੁੱਧੀ ਮੇਰੀ = ਮੇਰ ਤੇਰ ਵੱਲੋਂ ਨਿਰਮਲ = ਉੱਜਲ ਹੋ ਗਈ **ਵਾ:** ਉਨ੍ਹਾਂ ਵਿੱਚੋਂ ਹਰੇਕ ਦਾ ਨਿਸਚਾ ਹੈ ਕਿ ਸਾਡਾ ਮਨ, ਬਾਣੀ ਤੇ ਸਾਡੀ ਬੁੱਧੀ ਨੂੰ ਪ੍ਰਭੂ ਹੀ ਸਿਮਰਨ ਕਰਦਾ ਹੈ। ਕਿਉਂਕਿ

## ਮਨਿ ਊਜਲ, ਸਦਾ ਮੁਖ ਸੋਹਹਿ; ਅਤਿ ਊਜਲ ਨਾਮੁ ਧਿਆਵਣਿਆ ॥੧॥

ਉਹ ਅਤਿ = ਅਤਿਅੰਤ ਉੱਜਲ ਪ੍ਰਭੂ ਦੇ ਨਾਮ ਨੂੰ ਧਿਆਵਣਿਆ = ਧਿਆਉਣੇ ਕਰਦੇ ਹਨ, ਉਹਨਾਂ ਦਾ ਮਨ ਊਜਲ = ਨਿਰਮਲ ਹੋ ਗਿਆ ਤੇ ਮੁੱਖ ਸਦਾ ਹੀ ਸੋਹਹਿ = ਸ਼ੋਭਨੀਕ ਹੋ ਰਿਹਾ ਹੈ ॥੧॥

---

੧. ਚਉਕਾ = ਰੋਟੀ ਪਕਾਉਣ ਦਾ ਅਸਥਾਨ (ਰਸੋਈ ਦਾ ਚਾਰ ਕੋਨਾ ਮੰਡਲ)।

## ਹਉ ਵਾਰੀ, ਜੀਉ ਵਾਰੀ; ਗੋਬਿੰਦ ਗੁਣ ਗਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਮਨ ਕਰਕੇ ਵਾਰੀ = ਕੁਰਬਾਨ ਜਾਂਦਾ ਹਾਂ ਜਿਹੜੇ ਗੋਬਿੰਦ = ਪਰਮੇਸ਼ਰ ਦੇ ਗੁਣ ਗਾਵਣਿਆ = ਗਾਉਂਦੇ ਹਨ।

## ਗੋਬਿਦੁ ਗੋਬਿਦੁ ਕਹੈ, ਦਿਨ ਰਾਤੀ; ਗੋਬਿਦ ਗੁਣ ਸਬਦਿ ਸੁਣਾਵਣਿਆ ॥੧॥ਰਹਾਉ॥

ਜੋ ਗੁਰਮੁਖ ਜਨ (ਗੋਬਿਦੁ) ਗੋ = ਪ੍ਰਿਥਵੀ ਦੀ ਬਿਦੁ = ਰੱਖਿਆ ਕਰਨ ਵਾਲੇ, ਗੋ = ਗੁਰਾਂ ਦੀ ਬਾਣੀ ਕਰਕੇ ਬਿਦ = ਜਾਨਣੇ ਯੋਗ ਪਰਮੇਸ਼ਰ ਦੇ ਨਾਮ ਨੂੰ ਦਿਨ ਰਾਤ ਕਹੈ = ਕਥਨ ਕਰਦੇ ਹਨ, ਉਹ ਹੋਰਨਾਂ ਨੂੰ ਵੀ ਇੰਦਰੀਆਂ ਦੇ ਪ੍ਰਕਾਸ਼ ਕਰਨ ਵਾਲੇ ਗੋਬਿਦ = ਪਰਮੇਸ਼ਰ ਦੇ ਗੁਣ ਗੁਰਾਂ ਦੇ ਸਬਦ ਦੁਆਰਾ ਸੁਣਾਵਣਿਆ = ਸੁਨਾਉਣਾ ਕਰਦੇ ਹਨ ॥੧॥ਰਹਾਉ॥

## ਗੋਬਿਦੁ ਗਾਵਹਿ; ਸਹਜਿ ਸੁਭਾਏ ॥ ਗੁਰ ਕੈ ਭੈ ਊਜਲ; ਹਉਮੈ ਮਲੁ ਜਾਏ ॥

ਗੁਰਮੁਖ ਜਨ ਗੋਬਿਦੁ = ਪਰਮੇਸ਼ਰ ਦੇ ਗੁਣਾਂ ਨੂੰ ਗਾਵਹਿ = ਗਾ ਕੇ ਸਹਜਿ = ਸ਼ਾਂਤੀ ਸੁਭਾਏ = ਸੁਭਾਅ ਵਾਲੇ ਹੋ ਜਾਂਦੇ ਹਨ **ਵਾ:** ਗੁਰਮੁਖ ਜਨ ਪਰਮੇਸ਼ਰ ਦੇ ਗੁਣਾਂ ਨੂੰ ਸਹਜਿ ਸੁਭਾਇ = ਸੁਤੇ ਸਿੱਧ ਗਾਵਹਿ = ਗਾਉਂਦੇ ਹਨ। ਅਤੇ

ਗੁਰਾਂ ਕੈ = ਦੇ ਭੈ ਨੂੰ ਧਾਰਨ ਕਰਨੇ ਕਰਕੇ ਊਜਲ = ਨਿਰਮਲ ਹੋ ਗਏ ਹਨ ਤੇ ਉਨ੍ਹਾਂ ਦੀ ਹਊਮੈ = ਹੰਗਤਾ ਦੀ ਮਲੁ = ਮੈਲ ਵੀ ਚਲੀ ਜਾਏ = ਜਾਂਦੀ ਹੈ।

## ਸਦਾ ਅਨੰਦਿ ਰਹਹਿ, ਭਗਤਿ ਕਰਹਿ ਦਿਨੁ ਰਾਤੀ; ਸੁਣਿ ਗੋਬਿੰਦ ਗੁਣ ਗਾਵਣਿਆ ॥੨॥

(ਪਾਠਾਂਤ੍ਰ **ਗੋਬਿਦ**)

ਦਿਨ ਰਾਤ ਪਰਮੇਸ਼ਰ ਦੀ ਪ੍ਰੇਮਾ-ਭਗਤਿ = ਭਗਤੀ ਕਰਹਿ = ਕਰਦੇ ਹਨ **ਵਾ:** ਪ੍ਰੇਮਾ-ਭਗਤੀ ਕਰਹਿ = ਕਰਨੇ ਕਰਕੇ ਉਨ੍ਹਾਂ ਦੇ ਹਿਰਦੇ ਵਿਚ ਅਵਿੱਦਿਆ ਰੂਪੀ ਰਾਤੀ = ਰਾਤ ਤੋਂ ਗਿਆਨ ਰੂਪੀ ਦਿਨ ਦਾ ਪ੍ਰਕਾਸ਼ ਹੋ ਗਿਆ ਹੈ, ਜਿਸ ਕਰਕੇ ਉਹ ਸਦਾ ਹੀ ਆਪਣੇ ਨਿਜ ਸਰੂਪ ਵਿਚ ਇਸਥਿਤ ਹੋ ਕੇ ਅਨੰਦ ਦੇ ਸਹਿਤ ਰਹਹਿ = ਰਹਿੰਦੇ ਹਨ ਅਤੇ ਹਰ ਵਕਤ ਪ੍ਰੱਤਖ **ਵਾ:** ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਦੁਆਰਾ ਨਾਮ ਨੂੰ ਸੁਣਿ = ਸੁਣਦੇ ਹਨ ਤੇ ਪ੍ਰਤੱਖ, **ਵਾ:** ਪ੍ਰੀਤ ਰੂਪੀ ਰਸਨਾ ਦੁਆਰਾ ਗੋਬਿੰਦ = ਪਰਮੇਸ਼ਰ ਦੇ ਗੁਣਾਂ ਨੂੰ ਗਾਵਣਿਆ = ਗਾਉਂਦੇ ਰਹਿੰਦੇ ਹਨ ॥੨॥ ਅੱਗੇ ਸਤਿਗੁਰੂ ਜੀ ਰਾਸਧਾਰੀਆਂ ਦੇ ਮੁਕਾਬਲੇ ਤੇ ਅਸਲੀ ਭਗਤ ਦਾ ਰੂਪ ਵਰਣਨ ਕਰਦੇ ਹਨ।

## ਮਨੂਆ ਨਾਚੈ; ਭਗਤਿ ਦ੍ਰਿੜਾਏ ॥ ਗੁਰ ਕੈ ਸਬਦਿ; ਮਨੈ ਮਨੁ ਮਿਲਾਏ ॥

ਭਗਤ ਜਨ ਆਪਣੇ ਮਨੂਆ = ਮਨ ਵਿਚ ਸੱਤ ਅਸੱਤ ਦਾ ਨਿਰਨਾ ਕਰਨ ਰੂਪ ਨਾਚੈ = ਨਿਰਤਕਾਰੀ ਕਰਕੇ ਭਗਤਿ = ਭਗਤੀ ਨੂੰ ਦ੍ਰਿੜਾਏ = ਦ੍ਰਿੜ ਕਰਦੇ ਹਨ। ਅਤੇ

ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਮਨੈ = ਸ਼ਿਰੋਮਣੀ ਪਰਮਾਤਮਾ ਦੇ ਨਾਲ ਮਨੁ = ਜੀਵ-ਆਤਮਾ ਨੂੰ ਮਿਲਾਏ = ਮਿਲਾਉਣਾ ਕਰਦੇ ਹਨ।

## ਸਚਾ ਤਾਲੁ ਪੂਰੇ, ਮਾਇਆ ਮੋਹੁ ਚੁਕਾਏ; ਸਬਦੇ ਨਿਰਤਿ ਕਰਾਵਣਿਆ ॥੩॥

ਮਾਇਆ ਦੇ ਮੋਹ ਨੂੰ ਹਿਰਦੇ ਵਿੱਚੋਂ ਚੁਕਾਇ = ਚੁਕਾਉਣ ਰੂਪ ਹੀ ਸਚਾ ਤਾਲ ਪੂਰੇ = ਪੂਰਨਾ ਕਰਦੇ

ਹਨ **ਵਾ:** ਮਾਇਆ ਦਾ ਮੋਹ ਦੂਰ ਕਰਕੇ ਮਹਾਵਾਕਾਂ ਰੂਪੀ ਸੱਚੇ ਤਾਲਾਂ ਨੂੰ ਪੂਰਨਾ ਕਰਦੇ ਹਨ ਅਤੇ ਗੁਰੂ ਦੇ ਸ਼ਬਦ ਦੁਆਰਾ ਸਤਿ ਅਸਤਿ ਦਾ ਨਿਰਣਾ ਕਰਦੇ ਹਨ ਤੇ ਹੋਰਨਾਂ ਨੂੰ ਵੀ ਸਤਿ ਅਸਤਿ ਦਾ ਨਿਰਤਿ = ਨਿਰਣਾ ਕਰਾਵਣਿਆ = ਕਰਵਾਉਣਾ ਕਰਦੇ ਹਨ ॥੩॥

## ਊਚਾ ਕੂਕੇ; ਤਨਹਿ ਪਛਾੜੇ ॥ ਮਾਇਆ ਮੋਹਿ; ਜੋਹਿਆ ਜਮਕਾਲੇ ॥

ਜੋ ਪੁਰਸ਼ ਕਪਟ ਧਾਰ ਕੇ ਉੱਚਾ ਕੂਕੇ = ਚੀਕਾਂ ਮਾਰਦੇ ਹਨ ਤੇ ਤਨਹਿ = ਸਰੀਰ ਨੂੰ ਧਰਤੀ 'ਤੇ ਪਛਾੜੇ = ਪਟਕਾ ਕੇ ਮਾਰਦੇ ਹਨ ਉਹ ਤਾਂ ਮਾਇਆ ਕਾਰਨ ਹੀ ਨੱਚਦੇ ਟੱਪਦੇ ਹਨ। ਐਸੇ ਮਾਇਆ ਦੇ ਮੋਹੇ ਹੋਏ ਪੁਰਖਾਂ ਨੂੰ ਜਮਕਾਲ ਨੇ ਜੋਹਿਆ = ਤੱਕਿਆ ਹੋਇਆ ਹੈ।

[ਅੰਗ ੧੨੨]

## ਮਾਇਆ ਮੋਹੁ, ਇਸੁ ਮਨਹਿ ਨਚਾਏ; ਅੰਤਰਿ ਕਪਟੁ ਦੁਖੁ ਪਾਵਣਿਆ ॥੪॥

ਮਾਇਆ ਦਾ ਮੋਹ ਉਨ੍ਹਾਂ ਦੇ ਇਸ ਮਨ ਨੂੰ ਨਿਤਾਪ੍ਰਤੀ ਨਚਾਰ ਬਣਾ ਕੇ ਨਚਾਏ = ਨਚਾਉਂਦਾ ਹੈ। ਇਸ ਤਰ੍ਹਾਂ ਮਨ ਅੰਤਰਿ = ਵਿਚ ਮਾਇਆ ਦਾ ਮੋਹ ਹੋਣ ਕਾਰਨ ਕਪਟੁ = ਛਲ ਕਰਕੇ ਨਿਰਤਕਾਰੀ ਕਰਨ ਵਾਲੇ ਦੁੱਖ ਹੀ ਪਾਵਣਿਆ = ਪਾਉਂਦੇ ਹਨ ॥੪॥

## ਗੁਰਮੁਖਿ ਭਗਤਿ; ਜਾ ਆਪਿ ਕਰਾਏ ॥ ਤਨੁ ਮਨੁ ਰਾਤਾ; ਸਹਜਿ ਸੁਭਾਏ ॥

ਤਦੋਂ ਹੀ ਗੁਰਮੁਖਤਾਈ ਵਾਲੀ ਭਗਤਿ = ਭਗਤੀ ਹੁੰਦੀ ਹੈ ਜਾ = ਜਦੋਂ ਪਰਮੇਸ਼ਰ ਆਪ ਗੁਰਾਂ ਦੁਆਰਾ ਕਰਾਏ = ਕਰਵਾਉਂਦਾ ਹੈ।

ਇਉਂ ਗੁਰਮੁਖ ਜਨਾਂ ਦਾ ਸਹਜਿ ਸੁਭਾਏ = ਸੁਤੇ ਸਿਧ ਹੀ ਮਨ ਤਨ ਨਾਮ ਰੰਗ ਵਿਚ ਰਾਤਾ = ਰੱਤਿਆ ਰਹਿੰਦਾ ਹੈ। ਅਤੇ

## ਬਾਣੀ ਵਜੈ ਸਬਦਿ ਵਜਾਏ; ਗੁਰਮੁਖਿ ਭਗਤਿ ਥਾਇ ਪਾਵਣਿਆ ॥੫॥

ਉਹ ਸ਼ਰਧਾ ਪ੍ਰੇਮ ਸਹਿਤ ਹੋ ਕੇ ਹਰ ਵਕਤ ਗੁਰਾਂ ਦੀ ਬਾਣੀ ਨੂੰ ਵਜੈ = ਉਚਾਰਣ ਕਰਦੇ ਹਨ, ਜਿਸ ਕਰਕੇ ਉਨ੍ਹਾਂ ਦੇ ਹਿਰਦੇ ਵਿਚ ਸਬਦਿ = ਬ੍ਰਹਮ ਵਜਾਏ = ਪ੍ਰਗਟ ਹੋ ਜਾਂਦਾ ਹੈ, ਇਉਂ ਗੁਰਮੁਖਾਂ ਦੀ ਕੀਤੀ ਹੋਈ ਭਗਤੀ ਨੂੰ ਪਰਮੇਸ਼ਰ ਥਾਇ = ਥਾਂ ਭਾਵ ਲੇਖੇ ਵਿਚ ਪਾਵਣਿਆ = ਪਾਉਣਾ ਕਰਦਾ ਹੈ ॥੫॥

## ਬਹੁ ਤਾਲ ਪੂਰੇ; ਵਾਜੇ ਵਜਾਏ ॥ ਨਾ ਕੋ ਸੁਣੇ; ਨ ਮੰਨਿ ਵਸਾਏ ॥

ਮਨਮੁਖ ਪੁਰਖ ਕੈਂਸੀਆਂ ਆਦਿ ਖੜਕਾ ਕੇ ਬਹੁ = ਬਹੁਤ ਤਰ੍ਹਾਂ ਦੇ ਤਾਲ ਪੂਰਦੇ ਹਨ ਤੇ ਅਨੇਕਾਂ ਤਰ੍ਹਾਂ ਦੇ ਵਾਜੇ ਵਜਾਏ = ਵਜਾਉਂਦੇ ਹਨ। ਪਰ ਉਹਨਾਂ ਦੇ ਵਾਜਿਆਂ ਨੂੰ ਕੋਈ ਨਾਮ ਅਭਿਆਸੀ ਅੰਤਰਮੁਖ ਬਿਰਤੀ ਵਾਲਾ ਨਾ ਸੁਣਦਾ ਹੈ ਤੇ ਨਾ ਹੀ ਮਨ ਵਿਚ ਵਸਾਏ = ਵਸਾਉਂਦਾ ਹੈ।

## ਮਾਇਆ ਕਾਰਣਿ, ਪਿੜ ਬੰਧਿ ਨਾਚੈ; ਦੂਜੈ ਭਾਇ ਦੁਖੁ ਪਾਵਣਿਆ ॥੬॥

ਮਨਮੁਖ ਪ੍ਰਾਣੀ ਕੇਵਲ ਮਾਇਆ ਵਾਸਤੇ ਵੱਡੇ ਵੱਡੇ ਪਿੜ = ਅਖਾੜੇ ਬੰਧਿ = ਬੰਨ੍ਹ ਕੇ ਨਾਚੈ = ਨੱਚਦੇ ਹਨ ਪਰ ਦ੍ਵੈਤ- ਭਾਵ ਵਿਚ ਲੱਗਣ ਕਰਕੇ ਜੰਮਣ ਮਰਣ ਦਾ ਦੁੱਖ ਹੀ ਪਾਵਣਿਆ = ਪਾਉਂਦੇ ਹਨ ॥੬॥

## ਜਿਸੁ ਅੰਤਰਿ ਪ੍ਰੀਤਿ ਲਗੈ; ਸੋ ਮੁਕਤਾ ॥ ਇੰਦ੍ਰੀ ਵਸਿ; ਸਚ ਸੰਜਮਿ ਜੁਗਤਾ ॥

ਜਿਸ ਦੇ ਹਿਰਦੇ ਅੰਦਰ ਵਾਹਿਗੁਰੂ ਦੇ ਨਾਮ ਦੀ ਸੱਚੀ ਪ੍ਰੀਤ ਲੱਗ ਗਈ ਹੈ, ਸੋ = ਉਹ ਮੁਕਤ ਰੂਪ

ਹੈ। ਉਹ ਇੰਦ੍ਰੀਆਂ ਨੂੰ ਵਸ ਕਰਕੇ ਸੱਚੇ ਸੰਜਮ ਵਿਚ ਜੁਗਤਾ = ਜੁੜਿਆ ਰਹਿੰਦਾ ਹੈ **ਵਾ:** ਉਹ ਇੰਦ੍ਰੀਆਂ ਨੂੰ ਵਸ ਵਿਚ ਕਰਕੇ ਸੰਜਮਿ = ਸਤਿ, ਸੰਤੋਖ, ਸੀਲ ਨੂੰ ਧਾਰਨ ਕਰਕੇ ਸੱਚੇ ਪ੍ਰਭੂ ਦੇ ਨਾਮ ਵਿਚ ਜੁਗਤਾ = ਜੁੜਿਆ ਰਹਿੰਦਾ ਹੈ। ਅਤੇ

**ਗੁਰ ਕੈ ਸਬਦਿ, ਸਦਾ ਹਰਿ ਧਿਆਏ; ਏਹਾ ਭਗਤਿ ਹਰਿ ਭਾਵਣਿਆ ॥੭॥**

ਉਹ ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਹਰੀ ਪਰਮੇਸ਼ਰ ਦੇ ਨਾਮ ਨੂੰ ਧਿਆਏ = ਧਿਆਉਣਾ ਕਰਦਾ ਹੈ, ਇਹੋ ਭਗਤੀ ਹੀ ਹਰਿ = ਵਾਹਿਗੁਰੂ ਨੂੰ ਭਾਵਣਿਆ = ਭਾਉਂਦੀ ਹੈ ॥੭॥

**ਗੁਰਮੁਖਿ ਭਗਤਿ; ਜੁਗ ਚਾਰੇ ਹੋਈ ॥ ਹੋਰਤੁ; ਭਗਤਿ ਨ ਪਾਏ ਕੋਈ ॥**

ਚਾਰੇ ਜੁਗਾਂ ਵਿਚ ਮੁਖੀ ਗੁਰਾਂ ਦੁਆਰਾ ਹੀ ਭਗਤੀ ਹੁੰਦੀ ਆਈ ਹੈ। ਗੁਰਾਂ ਤੋਂ ਬਿਨਾਂ ਹੋਰ ਕਿਸੇ ਪ੍ਰਕਾਰ ਕੋਈ ਵੀ ਭਗਤੀ ਨੂੰ ਪ੍ਰਾਪਤ ਨਹੀਂ ਕਰ ਸਕਦਾ।

**ਨਾਨਕ, ਨਾਮੁ ਗੁਰ ਭਗਤੀ ਪਾਈਐ; ਗੁਰ ਚਰਣੀ ਚਿਤੁ ਲਾਵਣਿਆ ॥੮॥੨੦॥੨੧॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਭਾਈ! ਪਰਮੇਸ਼ਰ ਦਾ ਨਾਮ ਤਾਂ ਗੁਰਾਂ ਦੀ ਭਗਤਿ = ਭਗਤੀ ਕਰਕੇ ਹੀ ਪਾਈਐ = ਪਾਈਦਾ ਹੈ। ਇਸ ਲਈ ਪ੍ਰੇਮ ਸਹਿਤ ਹੋ ਕਰਕੇ ਗੁਰੂ ਦੇ ਚਰਨਾਂ ਵਿਚ ਚਿਤ ਬਿਰਤੀ ਨੂੰ ਲਾਵਣਿਆ = ਲਾਉਣਾ ਕਰੀਏ ॥੮॥੨੦॥੨੧॥

## ਮਾਝ ਮਹਲਾ ੩ ॥

ਸਿੱਖਾਂ ਨੇ ਗੁਰੂ ਸਾਹਿਬ ਜੀ ਨੂੰ ਪ੍ਰਸ਼ਨ ਕੀਤਾ ਕਿ ਐਸੀ ਬਿਧੀ ਦੱਸੋ ਕਿ ਦੁੱਖ ਪ੍ਰਾਪਤ ਨਾ ਹੋਵੇ ਤਾਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ ਕਿ

**ਸਚਾ ਸੇਵੀ; ਸਚੁ ਸਾਲਾਹੀ ॥ ਸਚੈ ਨਾਇ; ਦੁਖੁ ਕਬ ਹੀ ਨਾਹੀ ॥**

ਹੇ ਭਾਈ! ਸੱਚੇ ਅਕਾਲ ਪੁਰਖ ਦਾ ਸਰੀਰ ਕਰਕੇ ਸੇਵੀ = ਸੇਵਨ ਕਰੀਏ, ਸੱਚੇ ਪਰਮੇਸ਼ਰ ਨੂੰ ਬਾਣੀ ਕਰਕੇ ਸਾਲਾਹੀ = ਸਲਾਹੁਣਾ ਕਰੀਏ। ਪ੍ਰਭੂ ਦੇ ਸੱਚੇ ਨਾਇ = ਨਾਮ ਨੂੰ ਹਿਰਦੇ ਵਿਚ ਵਸਾਈਏ, ਫੇਰ ਕਬ ਹੀ = ਕਦੇ ਵੀ ਦੁੱਖ ਪ੍ਰਾਪਤ ਨਹੀਂ ਹੋਵੇਗਾ।

**ਸੁਖਦਾਤਾ ਸੇਵਨਿ, ਸੁਖੁ ਪਾਇਨਿ; ਗੁਰਮਤਿ ਮੰਨਿ ਵਸਾਵਣਿਆ ॥੧॥**

ਜੋ ਪੁਰਸ਼ ਸਰਬ ਸੁੱਖਾਂ ਦੇ ਦਾਤੇ ਪਰਮੇਸ਼ਰ ਨੂੰ ਮਨ ਬਾਣੀ ਕਰਕੇ ਸੇਵਨਿ = ਸਿਮਰਨਾ ਕਰਦੇ ਹਨ, ਉਹ ਸਦੀਵੀ ਸੁੱਖ ਪ੍ਰਾਪਤ ਕਰਦੇ ਹਨ, ਕਿਉਂਕਿ ਉਨ੍ਹਾਂ ਨੇ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਮੰਨਿ = ਹਿਰਦੇ ਵਿਚ ਸੁੱਖ ਦਾਤੇ ਪਰਮੇਸ਼ਰ ਦੇ ਨਾਮ ਨੂੰ ਵਸਾਵਣਿਆ = ਵਸਾਉਣਾ ਕੀਤਾ ਹੈ ॥੧॥

**ਹਉ ਵਾਰੀ, ਜੀਉ ਵਾਰੀ; ਸੁਖ ਸਹਜਿ ਸਮਾਧਿ ਲਗਾਵਣਿਆ ॥**

ਹਉ = ਮੈਂ ਤਨ ਕਰਕੇ ਵਾਰੀ = ਵਾਰਨੇ, ਜੀਉ = ਮਨ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸੁੱਖ ਸਰੂਪ ਪਰਮੇਸ਼ਰ ਵਿਚ ਸਹਜਿ = ਸੁਤੇ ਸਿਧ ਹੀ ਨਿਰਵਿਕਲਪ ਸਮਾਧੀ ਨੂੰ ਲਗਾਵਣਿਆ = ਲਾਉਣਾ ਕੀਤਾ ਹੈ।

**ਜੋ ਹਰਿ ਸੇਵਹਿ, ਸੇ ਸਦਾ ਸੋਹਹਿ; ਸੋਭਾ ਸੁਰਤਿ ਸੁਹਾਵਣਿਆ ॥੧॥ਰਹਾਉ॥**

ਜੋ ਹਰਿ = ਵਾਹਿਗੁਰੂ ਦੀ ਸੇਵਹਿ = ਉਪਾਸ਼ਨਾ ਭਜਨ ਕਰਦੇ ਹਨ, ਸੇ = ਉਹ ਸਦਾ ਹੀ ਲੋਕ ਪਰਲੋਕ

ਵਿਚ ਸੋਹਹਿ = ਸ਼ੋਭਨੀਕ ਹੁੰਦੇ ਹਨ ਅਤੇ ਉਨ੍ਹਾਂ ਦੀ ਸ਼ੋਭਾ = ਵਡਿਆਈ ਤੇ ਸੁਰਤਿ = ਸੁਰਤੀ ਵੀ ਸ਼ੋਭਨੀਕ ਹੋਈ ਹੈ **ਵਾ:** ਜਿਨ੍ਹਾਂ ਦੀ ਹਰੀ ਦੀ ਸੋਭਾ = ਮਹਿਮਾਂ ਵਿਚ ਸੁਰਤਿ = ਸੁਰਤੀ ਲੱਗੀ ਹੋਈ ਹੈ, ਉਹ ਵੀ ਸੁਹਾਵਣਿਆ = ਸ਼ੋਭਨੀਕ ਹੁੰਦੇ ਹਨ ॥੧॥ਰਹਾਉ॥

## ਸਭੁ ਕੋ; ਤੇਰਾ ਭਗਤੁ ਕਹਾਏ ॥ ਸੇਈ ਭਗਤ; ਤੇਰੈ ਮਨਿ ਭਾਏ ॥

ਹੇ ਅੰਤਰਜਾਮੀ ਵਾਹਿਗੁਰੂ ! ਭਾਵੇਂ ਸਭ ਕੋਈ ਸਾਧਨਾ ਕਰਨ ਵਾਲਾ ਤੇਰਾ = ਤੁਹਾਡਾ ਭਗਤ ਕਹਾਏ = ਕਹਾਉਂਦਾ ਹੈ। ਪਰ ਅਸਲ ਵਿਚ ਸੇਈ = ਉਹੋ ਹੀ ਭਗਤ ਹੈ ਜੋ ਤੇਰੈ = ਤੁਹਾਡੇ ਮਨ ਨੂੰ ਭਾਏ = ਭਾਉਂਦਾ ਹੈ।

## ਸਚੁ ਬਾਣੀ ਤੁਧੈ ਸਾਲਾਹਨਿ; ਰੰਗਿ ਰਾਤੇ ਭਗਤਿ ਕਰਾਵਣਿਆ ॥੨॥

ਹੇ ਪ੍ਰਭੂ ! ਜਿਹੜਾ ਸੱਚੀ ਬਾਣੀ ਦੁਆਰਾ ਤੈਨੂੰ ਸਲਾਹੁੰਦਾ ਹੈ, ਉਹ ਰੰਗਿ = ਪ੍ਰੇਮ ਵਿਚ ਰਾਤੇ = ਰੱਤਿਆ ਹੋਇਆ ਆਪ ਵੀ ਭਗਤੀ ਕਰਦਾ ਹੈ ਤੇ ਹੋਰਨਾਂ ਪਾਸੋਂ ਵੀ ਭਗਤੀ ਕਰਾਵਣਿਆ = ਕਰਵਾਉਂਦਾ ਹੈ ॥੨॥

## ਸਭੁ ਕੋ; ਸਚੇ ਹਰਿ ਜੀਉ ਤੇਰਾ ॥ ਗੁਰਮੁਖਿ ਮਿਲੈ; ਤਾ ਚੂਕੈ ਫੇਰਾ ॥

ਹੇ ਸੱਚੇ ਹਰੀ ਪਰਮੇਸ਼ਰ ਜੀ ! ਸਭ ਕੋਈ ਸੰਸਾਰ ਵਿਚ ਤੇਰਾ ਹੀ ਹੈ। ਜਦੋਂ ਮੁਖੀ ਗੁਰਾਂ ਦਾ ਮਿਲਾਪ ਹੋ ਜਾਵੇ **ਅਥਵਾ** ਗੁਰਮੁਖਾਂ ਦੀ ਸੰਗਤ ਮਿਲ ਜਾਵੇ ਤਾਂ ਚੌਰਾਸੀ ਲੱਖ ਜੂਨਾਂ ਦਾ ਫੇਰਾ = ਗੇੜਾ ਚੂਕੈ = ਚੁੱਕਿਆ ਜਾਂਦਾ ਹੈ।

## ਜਾ ਤੁਧੁ ਭਾਵੈ, ਤਾ ਨਾਇ ਰਚਾਵਹਿ; ਤੂੰ ਆਪੇ ਨਾਉ ਜਪਾਵਣਿਆ ॥੩॥

ਹੇ ਵਾਹਿਗੁਰੂ ! ਜੇ ਤੈਨੂੰ ਭਾਵੈ = ਭਾ ਜਾਵੇ ਤਾਂ ਹੀ ਜਗਿਆਸੂ ਨਾਇ = ਨਾਮ ਵਿਚ ਰਚਾਵਹਿ = ਲੀਨ ਹੁੰਦਾ ਹੈ ਅਤੇ ਤੂੰ ਆਪ ਹੀ ਆਪਣਾ ਨਾਮ ਜਪਾਵਣਿਆ = ਜਪਾਉਣਾ ਕਰਦਾ ਹੈਂ ॥੩॥

## ਗੁਰਮਤੀ; ਹਰਿ ਮੰਨਿ ਵਸਾਇਆ ॥ ਹਰਖੁ ਸੋਗੁ; ਸਭੁ ਮੋਹੁ ਗਵਾਇਆ ॥

ਗੁਰਮਤੀ = ਗੁਰ ਸਿੱਖਿਆ ਦੁਆਰਾ ਜਿਨ੍ਹਾਂ ਨੇ ਹਰਿ = ਪਰਮੇਸ਼ਰ ਦੇ ਨਾਮ ਨੂੰ ਮੰਨਿ = ਹਿਰਦੇ ਵਿਚ ਵਸਾਇਆ = ਵਸਾਉਣਾ ਕੀਤਾ ਹੈ। ਉਨ੍ਹਾਂ ਨਾਮ ਦੀ ਕਮਾਈ ਕਰਨ ਵਾਲਿਆਂ ਨੂੰ ਪਦਾਰਥਾਂ ਦੇ ਪ੍ਰਾਪਤ ਹੋਣ ਤੋਂ ਹਰਖੁ = ਖ਼ੁਸ਼ੀ ਨਹੀਂ ਹੁੰਦੀ ਤੇ ਪਦਾਰਥਾਂ ਦੇ ਚਲੇ ਜਾਣ 'ਤੇ ਸੋਗੁ = ਗ਼ਮ ਨਹੀਂ ਹੁੰਦਾ, ਕਿਉਂਕਿ ਉਹਨਾਂ ਨੇ ਮਨ ਅੰਦਰੋਂ ਸਾਰਾ ਮੋਹ ਗਵਾਇਆ = ਗਵਾ ਦਿੱਤਾ ਹੈ।

## ਇਕਸੁ ਸਿਉ, ਲਿਵ ਲਾਗੀ ਸਦ ਹੀ; ਹਰਿ ਨਾਮੁ ਮੰਨਿ ਵਸਾਵਣਿਆ ॥੪॥

ਉਨ੍ਹਾਂ ਦੀ ਇਕਸੁ = ਇਕ ਪਰਮੇਸ਼ਰ ਦੇ ਸਿਉ = ਨਾਲ ਸਦ = ਸਦਾ ਹੀ ਲਿਵ = ਬਿਰਤੀ ਲਾਗੀ = ਲੱਗੀ ਰਹਿੰਦੀ ਹੈ ਉਹ ਆਪ ਹਰਿ = ਪਰਮੇਸ਼ਰ ਦੇ ਨਾਮ ਨੂੰ ਆਪਣੇ ਮੰਨਿ = ਹਿਰਦੇ ਵਿਚ ਵਸਾਉਂਦੇ ਹਨ ਤੇ ਹੋਰਨਾਂ ਦੇ ਹਿਰਦੇ ਵਿਚ ਨਾਮ ਨੂੰ ਵਸਾਵਣਿਆ = ਵਸਾਉਣਾ ਕਰਦੇ ਹਨ ॥੪॥

## ਭਗਤ ਰੰਗਿ ਰਾਤੇ; ਸਦਾ ਤੇਰੈ ਚਾਏ ॥ ਨਉ ਨਿਧਿ ਨਾਮੁ; ਵਸਿਆ ਮਨਿ ਆਏ ॥

ਹੇ ਪਰਮੇਸ਼ਰ ! ਤੇਰੇ ਭਗਤ ਮਨ ਕਰਕੇ ਰੰਗਿ = ਪ੍ਰੇਮ ਰੰਗ ਵਿਚ ਰਾਤੇ = ਰਤੇ ਹੋਏ ਹਨ ਅਤੇ ਬਾਣੀ ਕਰਕੇ ਸਦਾ = ਹਮੇਸ਼ਾ ਤੇਰੇ ਹੀ ਚਾਏ = ਉਤਸ਼ਾਹ ਦੇ ਸਹਿਤ ਰਹਿੰਦੇ ਹਨ ਜੀ। ਕਿਉਂਕਿ ਨੌਂ ਨਿਧੀਆਂ ਦਾ ਖ਼ਜ਼ਾਨਾ ਅੰਮ੍ਰਿਤ ਨਾਮ ਉਹਨਾਂ ਦੇ ਮਨ ਵਿਚ ਆਏ = ਆ ਕੇ ਵਸ ਗਿਆ ਹੈ।

**ਪੂਰੈ ਭਾਗਿ ਸਤਿਗੁਰੁ ਪਾਇਆ; ਸਬਦੇ ਮੇਲਿ ਮਿਲਾਵਣਿਆ ॥੫॥**

ਉਨ੍ਹਾਂ ਨੇ ਪੂਰੈ = ਪੂਰਨ ਨਿਸ਼ਕਾਮ ਭਾਗਿ = ਕਰਮਾਂ ਕਰਕੇ ਸਤਿਗੁਰਾਂ ਨੂੰ ਪਾਇਆ ਹੈ, ਤੇ ਸਤਿਗੁਰ ਨੇ ਸਬਦੇ = ਉਪਦੇਸ਼ ਦੁਆਰਾ ਤੇਰੇ ਮੇਲ ਵਿਚ ਮਿਲਾਵਣਿਆ = ਮਿਲਾਉਣਾ ਕੀਤਾ ਹੈ ॥੫॥

**ਤੂੰ ਦਇਆਲੁ; ਸਦਾ ਸੁਖਦਾਤਾ ॥ ਤੂੰ ਆਪੇ ਮੇਲਿਹਿ; ਗੁਰਮੁਖਿ ਜਾਤਾ ॥**

ਹੇ ਵਾਹਿਗੁਰੂ ! ਤੂੰ ਸਦਾ ਹੀ ਦਇਆਲੂ ਸੁਭਾਅ ਵਾਲਾ ਹੈਂ ਤੇ ਸਦਾ ਹੀ ਸੁੱਖਾਂ ਦਾ ਦਾਤਾ ਹੈਂ। ਜਿਨ੍ਹਾਂ ਗੁਰਮੁਖਾਂ ਨੇ ਮੁਖੀ ਗੁਰਾਂ ਦੇ ਪਾਵਨ ਉਪਦੇਸ਼ ਹਿਰਦੇ ਵਿਚ ਵਸਾ ਕੇ ਤੈਨੂੰ ਜਾਤਾ = ਜਾਨਿਆ ਹੈ, ਉਹਨਾਂ ਨੂੰ ਤੂੰ ਆਪਣੇ ਨਾਲ ਮੇਲ ਲੈਂਦਾ ਹੈਂ।

**ਤੂੰ ਆਪੇ ਦੇਵਹਿ, ਨਾਮੁ ਵਡਾਈ; ਨਾਮਿ ਰਤੇ ਸੁਖੁ ਪਾਵਣਿਆ ॥੬॥**

ਹੇ ਪਰਮੇਸ਼ਰ ! ਤੂੰ ਆਪ ਹੀ ਆਪਣੇ ਪਿਆਰਿਆਂ ਨੂੰ ਅੰਮ੍ਰਿਤ ਨਾਮ ਜਪਣ ਜਪਾਉਣ ਦੀ ਵਡਾਈ = ਸ਼ੋਭਾ ਬਖ਼ਸ਼ਦਾ ਹੈਂ। ਜੋ ਤੇਰੇ ਨਾਮ ਵਿਚ ਰੰਗੇ ਹਨ, ਉਹਨਾਂ ਗੁਰਮੁਖਾਂ ਨੇ ਸਦੀਵੀ ਸੁੱਖ ਨੂੰ ਪਾਵਣਿਆ = ਪਾਉਣਾ ਕੀਤਾ ਹੈ ॥੬॥

**ਸਦਾ ਸਦਾ; ਸਾਚੇ ਤੁਧੁ ਸਾਲਾਹੀ ॥ ਗੁਰਮੁਖਿ ਜਾਤਾ; ਦੂਜਾ ਕੋ ਨਾਹੀ ॥**

ਹੇ ਸੱਚੇ ਪਰਮੇਸ਼ਰ ! ਗੁਰਮੁਖ ਜਨ ਸਦਾ ਸਦਾ = ਹਮੇਸ਼ਾ ਹਮੇਸ਼ਾ ਤੁਧੁ = ਤੈਨੂੰ ਹੀ ਸਾਲਾਹੀ = ਸਲਾਹੁੰਦੇ ਹਨ। ਕਿਉਂਕਿ ਉਨ੍ਹਾਂ ਗੁਰਮੁਖਾਂ ਨੇ ਗੁਰਾਂ ਦੀ ਕ੍ਰਿਪਾ ਨਾਲ ਗਿਆਨ ਦ੍ਰਿਸ਼ਟੀ ਪ੍ਰਾਪਤ ਕਰਕੇ ਇਹ ਜਾਤਾ = ਜਾਨਿਆ ਹੈ ਕਿ ਤੇਰੇ ਤੋਂ ਬਿਨ੍ਹਾਂ ਹੋਰ ਦੂਜਾ ਸਮਰਥ ਕੋ = ਕੋਈ ਨਾਹੀ = ਨਹੀਂ ਹੈ।

**ਏਕਸੁ ਸਿਉ ਮਨੁ ਰਹਿਆ ਸਮਾਏ; ਮਨਿ ਮੰਨਿਐ ਮਨਹਿ ਮਿਲਾਵਣਿਆ ॥੭॥**

ਉਨ੍ਹਾਂ ਗੁਰਮੁਖਾਂ ਦਾ ਇਕਸੁ = ਇਕ ਤੇਰੇ ਸਿਉ = ਨਾਲ ਹੀ ਮਨੁ ਸਮਾਏ = ਸਮਾ ਰਿਹਾ ਹੈ, ਕਿਉਂਕਿ ਉਨ੍ਹਾਂ ਦਾ ਮਨ ਗੁਰ ਉਪਦੇਸ਼ ਵਿਚ ਮੰਨ ਗਿਆ ਹੈ, ਜਿਸ ਕਰਕੇ ਸਤਿਗੁਰਾਂ ਨੇ ਉਨ੍ਹਾਂ ਨੂੰ ਮਨ ਦੇ ਵਿਚ ਹੀ ਤੇਰੇ ਸਰੂਪ ਨਾਲ ਮਿਲਾਵਣਿਆ = ਮਿਲਾਉਣਾ ਕੀਤਾ ਹੈ ॥੭॥

**ਗੁਰਮੁਖਿ ਹੋਵੈ; ਸੋ ਸਾਲਾਹੇ ॥ ਸਾਚੇ ਠਾਕੁਰ; ਵੇਪਰਵਾਹੇ ॥**

ਹੇ ਪਰਮੇਸ਼ਰ ! ਜਿਹੜੇ ਗੁਰਮੁਖ ਹੋਵੈ = ਹੁੰਦੇ ਹਨ, ਸੋ = ਉਹ ਤੇਰੇ ਨਾਮ ਨੂੰ ਸਾਲਾਹੇ = ਸਲਾਹੁੰਦੇ ਰਹਿੰਦੇ ਹਨ। ਹੇ ਸਾਚੇ = ਸੱਚੇ ਠਾਕੁਰ = ਸੁਆਮੀ ਪਰਮੇਸ਼ਰ ! ਤੂੰ ਵੇਪਰਵਾਹੇ = ਇੱਛਾ ਤੋਂ ਰਹਿਤ, ਭੈ ਤੋਂ ਰਹਿਤ ਹੈਂ।

**ਨਾਨਕ ਨਾਮੁ ਵਸੈ ਮਨ ਅੰਤਰਿ; ਗੁਰ ਸਬਦੀ ਹਰਿ ਮੇਲਾਵਣਿਆ ॥੮॥੨੧॥੨੨॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਨ੍ਹਾਂ ਗੁਰਮੁਖ ਜਨਾਂ ਦੇ ਮਨ = ਹਿਰਦੇ ਅੰਤਰਿ = ਅੰਦਰ ਤੇਰਾ ਨਾਮ ਵਸੈ = ਵਸ ਜਾਂਦਾ ਹੈ, ਹੇ ਹਰਿ = ਪਰਮੇਸ਼ਰ ! ਤੂੰ ਗੁਰੂ ਦੇ ਸਬਦੀ = ਉਪਦੇਸ਼ ਦੁਆਰਾ ਉਨ੍ਹਾਂ ਨੂੰ ਆਪਣੇ ਸਰੂਪ ਵਿਚ ਮੇਲਾਵਣਿਆ = ਮਿਲਾ ਲੈਂਦਾ ਹੈ ॥੮॥੨੧॥੨੨॥

## ਮਾਝ ਮਹਲਾ ੩ ॥

**ਤੇਰੇ ਭਗਤ ਸੋਹਹਿ; ਸਾਚੇ ਦਰਬਾਰੇ ॥ ਗੁਰ ਕੈ ਸਬਦਿ; ਨਾਮਿ ਸਵਾਰੇ ॥**

ਹੇ ਵਾਹਿਗੁਰੂ ! ਉਹ ਤੇਰੇ ਭਗਤ ਜਨ ਸਾਚੇ = ਸੱਚੇ ਸਾਧਸੰਗਤ, ਸੱਚਖੰਡ, ਤੁਰੀਆ ਪਦ ਰੂਪੀ

ਦਰਬਾਰੇ = ਦਰਬਾਰ ਵਿਚ ਸੋਹਹਿ = ਸ਼ੋਭਦੇ ਹਨ। ਜੋ ਗੁਰਾਂ ਕੈ = ਦੇ ਸਬਦਿ = ਉਪਦੇਸ਼ ਤੇ ਤੇਰੇ ਨਾਮ ਦੁਆਰਾ ਆਪਣੇ ਚਿੱਤ ਦੀ ਬਿਰਤੀ ਨੂੰ ਸਵਾਰੇ = ਠੀਕ, ਦਰੁਸਤ ਕਰ ਲੈਂਦੇ ਹਨ।

## ਸਦਾ ਅਨੰਦਿ ਰਹਹਿ ਦਿਨੁ ਰਾਤੀ; ਗੁਣ ਕਹਿ ਗੁਣੀ ਸਮਾਵਣਿਆ ॥੧॥

ਉਹ ਦਿਨ ਰਾਤ ਸਦਾ ਹੀ ਤੇਰੇ ਅਨੰਦ ਸਰੂਪ ਵਿਚ ਰਹਹਿ = ਰਹਿੰਦੇ ਹਨ। ਹੇ ਗੁਣੀ ਪਰਮੇਸ਼ਰ! ਇਉਂ ਤੇਰੇ ਗੁਣਾਂ ਨੂੰ ਕਹਿ = ਕਥਨ ਕਰਕੇ ਤੇਰੇ ਵਿਚ ਹੀ ਸਮਾਵਣਿਆ = ਸਮਾ ਜਾਂਦੇ ਹਨ ॥੧॥

[ਅੰਗ ੧੨੩]

## ਹਉ ਵਾਰੀ, ਜੀਉ ਵਾਰੀ; ਨਾਮੁ ਸੁਣਿ ਮੰਨਿ ਵਸਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਜੀਉ = ਮਨ ਕਰਕੇ ਬਲਿਹਾਰ ਕੁਰਬਾਨ ਜਾਂਦਾ ਹਾਂ ਜਿਨ੍ਹਾਂ ਨੇ ਤੇਰੇ ਨਾਮ ਨੂੰ ਸ਼ਰਧਾ ਪ੍ਰੇਮ ਸਹਿਤ ਹੋ ਕੇ ਨਿਸਚੇ ਰੂਪੀ ਕੰਨਾਂ ਦੁਆਰਾ ਸੁਣਨਾ ਕੀਤਾ ਹੈ ਤੇ ਅਭੇਦ ਦੀਆਂ ਸਾਧਕ ਤੇ ਭੇਦ ਦੀਆਂ ਬਾਧਕ ਜੁਗਤੀਆਂ ਦੁਆਰਾ ਤੇਰੇ ਨਾਮ ਦਾ ਮੰਨਣ ਕਰਕੇ ਸਜਾਤੀ ਬਿਰਤੀ ਦਾ ਪ੍ਰਵਾਹ ਤੇ ਵਿਜਾਤੀ ਬਿਰਤੀ ਦਾ ਤਿਆਗ ਕਰਕੇ ਹਿਰਦੇ ਵਿਚ ਵਸਾਵਣਿਆ = ਵਸਾਉਣਾ ਕੀਤਾ ਹੈ।

## ਹਰਿ ਜੀਉ ਸਚਾ, ਊਚੋ ਊਚਾ; ਹਉਮੈ ਮਾਰਿ ਮਿਲਾਵਣਿਆ ॥੧॥ਰਹਾਉ॥

ਹੇ ਹਰੀ ਪਰਮੇਸ਼ਰ ਜੀ! ਇਕ ਤੂੰ ਹੀ ਸੱਚਾ ਹੈਂ, ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਆਦਿ ਉੱਚਿਆਂ ਤੋਂ ਵੀ ਉੱਚਾ ਹੈਂ। ਅਤੇ ਹਉਮੈ = ਹੰਗਤਾ ਮਮਤਾ ਨੂੰ ਮਾਰਨ ਵਾਲੇ ਗੁਰਮੁਖ ਜਨਾਂ ਨੂੰ ਤੂੰ ਆਪਣੇ ਸਰੂਪ ਵਿਚ ਮਿਲਾਵਣਿਆ = ਮਿਲਾਉਣਾ ਕਰਦਾ ਹੈ ॥੧॥ਰਹਾਉ॥

## ਹਰਿ ਜੀਉ ਸਾਚਾ; ਸਾਚੀ ਨਾਈ ॥ ਗੁਰ ਪਰਸਾਦੀ; ਕਿਸੈ ਮਿਲਾਈ ॥

ਹੇ ਹਰੀ ਪਰਮੇਸ਼ਰ ਜੀ! ਤੂੰ ਆਪ ਸੱਚਾ ਹੈਂ ਤੇਰੀ ਨਾਈ = ਮਹਿਮਾ ਵੀ ਸੱਚੀ ਹੈ **ਵਾ:** ਤੇਰੀ ਸਤਿਨਾਮ ਰੂਪੀ ਨਾਈ = ਅਵਾਜ਼ ਵੀ ਸੱਚੀ ਹੈ।

ਪਰ ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਕਿਸੇ ਵਿਰਲੇ ਨੂੰ ਹੀ ਆਪਣੇ ਸਰੂਪ ਨਾਲ ਮਿਲਾਈ = ਮਿਲਾਉਣਾ ਕਰਦਾ ਹੈਂ **ਵਾ:** ਕਿਸੇ ਵਿਰਲੇ ਨੂੰ ਹੀ ਨਾਮ ਦੀ ਵਡਿਆਈ ਮਿਲਾਈ = ਮਿਲਦੀ ਹੈ।

## ਗੁਰ ਸਬਦਿ ਮਿਲਹਿ, ਸੇ ਵਿਛੁੜਹਿ ਨਾਹੀ; ਸਹਜੇ ਸਚਿ ਸਮਾਵਣਿਆ ॥੨॥

ਹੇ ਪਰਮੇਸ਼ਰ! ਜੋ ਗੁਰ-ਸ਼ਬਦ ਨਾਲ ਸੁਰਤ ਕਰਕੇ ਮਿਲਹਿ = ਮਿਲ ਜਾਂਦੇ ਹਨ, ਸੇ = ਉਹ ਫੇਰ ਕਦੇ ਵੀ ਵਿਛੁੜਦੇ ਨਹੀਂ, ਉਹ ਸਹਜੇ = ਗਿਆਨ ਦੁਆਰਾ ਤੇਰੇ ਸੱਚ ਸਰੂਪ ਵਿਚ ਸਮਾਵਣਿਆ = ਅਭੇਦ ਹੋ ਜਾਂਦੇ ਹਨ ॥੨॥

## ਤੁਝ ਤੇ ਬਾਹਰਿ; ਕਛੂ ਨ ਹੋਇ ॥ ਤੂੰ ਕਰਿ ਕਰਿ ਵੇਖਹਿ; ਜਾਣਹਿ ਸੋਇ ॥

ਹੇ ਪਰਮੇਸ਼ਰ! ਤੁਝ = ਤੁਹਾਡੇ ਹੁਕਮ ਤੋਂ ਬਾਹਰ ਕਛੂ = ਕੁਝ ਵੀ ਨਹੀਂ ਹੋਇ = ਹੋ ਸਕਦਾ। ਤੂੰ ਆਪ ਹੀ ਜੀਵਾਂ ਦੀ ਉੱਤਪਤੀ ਕਰਕੇ, ਪਾਲਣਾ ਕਰਕੇ ਸਾਰਿਆਂ ਦੇ ਕਰਮਾਂ ਨੂੰ ਵੇਖਦਾ ਹੈਂ, ਤੇ ਸਭ ਦੀ ਸੋਈ = ਖ਼ਬਰ ਨੂੰ ਜਾਣਹਿ = ਜਾਣਦਾ ਹੈਂ।

## ਆਪੇ ਕਰੇ ਕਰਾਏ ਕਰਤਾ; ਗੁਰਮਤਿ ਆਪਿ ਮਿਲਾਵਣਿਆ ॥੩॥

ਹੇ ਕਰਤਾ = ਅਕਾਲ ਪੁਰਖ ! ਤੂੰ ਆਪੇ = ਆਪ ਹੀ ਬ੍ਰਹਮਾ ਆਦਿਕ ਨੂੰ ਪੈਦਾ ਕਰੇ = ਕਰਦਾ ਹੈਂ ਤੇ ਫੇਰ ਆਪ ਹੀ ਉਸ ਤੋਂ ਸ੍ਰਿਸਟੀ ਪੈਦਾ ਕਰਾਏ = ਕਰਾਉਂਦਾ ਹੈ **ਵਾ:** ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਕਰਦਾ ਹੈਂ ਤੇ ਆਪ ਹੀ ਸਾਧਨ ਕਰਨ ਵਾਲੇ ਅਧਿਕਾਰੀ ਜਨਾਂ ਤੋਂ ਸ੍ਰਵਣ, ਮੰਨਣ, ਨਿਧਿਆਸਣ ਕਰਾਏ = ਕਰਾਉਣ ਵਾਲਾ ਹੈਂ, ਆਪ ਹੀ ਗੁਰਮਤੀ = ਗੁਰ ਸਿੱਖਿਆ ਦੁਆਰਾ ਅਧਿਕਾਰੀ ਜਨਾਂ ਨੂੰ ਆਪਣੇ ਸਰੂਪ ਵਿਚ ਮਿਲਾਵਣਿਆ = ਮਿਲਾਉਣ ਵਾਲਾ ਹੈਂ ॥੩॥

## ਕਾਮਣਿ ਗੁਣਵੰਤੀ; ਹਰਿ ਪਾਏ ॥ ਭੈ ਭਾਇ; ਸੀਗਾਰੁ ਬਣਾਏ ॥

ਜਿਵੇਂ ਪ੍ਰਤੱਖ ਰੂਪ ਵਿਚ ਪਤੀ ਨੂੰ ਮਿਲਣ ਦੀ ਤਾਂਘ ਰੱਖਣ ਵਾਲੀ ਇਸਤਰੀ ਪਤੀ ਨੂੰ ਪਾਉਂਦੀ ਹੈ, ਇਸ ਤਰ੍ਹਾਂ ਜੋ ਜਗਿਆਸੂ ਰੂਪੀ ਕਾਮਣਿ = ਇਸਤਰੀ ਗੁਣਵੰਤੀ = ਸ਼ੁਭ ਗੁਣਾਂ ਦੇ ਸਹਿਤ ਹੈ, ਉਹ ਹਰਿ = ਪਰਮੇਸ਼ਰ ਨੂੰ ਪਾਏ = ਪਾਉਣਾ ਕਰਦੀ ਹੈ। ਜਿਵੇਂ ਪ੍ਰਤੱਖ ਇਸਤਰੀ ਅਨੇਕਾਂ ਸ਼ਿੰਗਾਰ ਬਣਾਉਣਾ ਕਰਦੀ ਹੈ, ਇਸੇ ਤਰ੍ਹਾਂ ਜਗਿਆਸੂ ਰੂਪ ਇਸਤਰੀ ਭੈ = ਡਰ ਦੇ ਸੰਜੁਗਤ ਹੋ ਕੇ ਭਾਇ = ਪ੍ਰੇਮ ਕਰਨ ਰੂਪ ਵਿਚ ਸ਼ਿੰਗਾਰ ਬਣਾਏ = ਬਣਾਉਣਾ ਕਰਦੀ ਹੈ। ਜੈਸਾ ਕਿ :

**ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥** *(ਅੰਗ ੭੨੨)*

## ਸਤਿਗੁਰੁ ਸੇਵਿ ਸਦਾ ਸੋਹਾਗਣਿ; ਸਚ ਉਪਦੇਸਿ ਸਮਾਵਣਿਆ ॥੪॥

ਜੋ ਜਗਿਆਸੂ ਰੂਪੀ ਇਸਤਰੀ ਸਤਿਗੁਰਾਂ ਦੀ ਤਨ ਮਨ ਕਰਕੇ ਸੇਵਿ = ਸੇਵਾ ਕਰਦੀ ਹੈ, ਉਹ ਸਦਾ = ਹਮੇਸ਼ਾ ਹੀ ਸੋਹਾਗਣਿ = ਸੋਹਾਗਵੰਤੀ ਭਾਵ ਪਰਮੇਸ਼ਰ ਦੇ ਅਨੰਦ ਵਾਲੀ ਹੈ ਅਤੇ ਉਹ ਹਮੇਸ਼ਾ ਸੱਚ ਉਪਦੇਸ਼ ਵਿਚ ਸਮਾਵਣਿਆ = ਸਮਾ ਜਾਂਦੀ ਹੈ ॥੪॥

## ਸਬਦੁ ਵਿਸਾਰਨਿ; ਤਿਨਾ ਠਉਰੁ ਨ ਠਾਉ ॥
## ਭ੍ਰਮਿ ਭੂਲੇ; ਜਿਉ ਸੁੰਞੈ ਘਰਿ ਕਾਉ ॥

ਜੋ ਗੁਰੂ ਸਬਦੁ = ਉਪਦੇਸ਼ ਨੂੰ ਵਿਸਾਰਨਿ = ਭੁਲਾ ਦਿੰਦੇ ਹਨ, ਤਿਨਾ = ਉਹਨਾਂ ਨੂੰ ਲੋਕ ਪਰਲੋਕ ਵਿਚ ਕਿਤੇ ਵੀ ਠਉਰੁ = ਠਹਿਰਣ ਲਈ ਠਾਉ = ਥਾਂ (ਟਿਕਾਣਾ) ਨਹੀਂ ਮਿਲਦਾ **ਵਾ:** ਜਿਨ੍ਹਾਂ ਦੇ ਹਿਰਦੇ ਵਿਚ ਸ਼ੁਭ ਗੁਣਾਂ ਦੇ ਠਹਿਰਣ ਦੀ ਥਾਂ ਨਹੀਂ, ਉਹਨਾਂ ਨੂੰ ਤੁਰੀਆ ਪਦ ਦੀ ਪ੍ਰਾਪਤੀ ਰੂਪੀ ਥਾਂ ਨਹੀਂ ਮਿਲਦੀ।

ਉਹ ਭਰਮ ਵਿਚ ਇਸ ਤਰ੍ਹਾਂ ਭੁੱਲੇ ਫਿਰਦੇ ਹਨ ਜਿਵੇਂ ਸੁੰਞੈ = ਸੁੰਨੇ ਘਰ ਵਿਚ ਕਾਉ = ਕਾਂ ਆਉਂਦਾ ਹੈ ਤੇ ਕੁਰਲਾ ਕੁਰਲਾ ਕੇ ਚਲਿਆ ਜਾਂਦਾ ਹੈ। ਇਸ ਤਰ੍ਹਾਂ ਭਰਮ ਵਿਚ ਭੁੱਲੇ ਹੋਏ ਜੀਵ ਸੰਸਾਰ ਰੂਪੀ ਘਰ ਵਿਚ ਆ ਕੇ ਗੁਰੂ ਦੇ ਸ਼ਬਦ ਤੋਂ ਬਿਨਾਂ ਰੋਂਦੇ ਕੁਰਲਾਉਂਦੇ ਖ਼ਾਲੀ ਹੀ ਤੁਰ ਜਾਂਦੇ ਹਨ।

## ਹਲਤੁ ਪਲਤੁ ਤਿਨੀ ਦੋਵੈ ਗਵਾਏ; ਦੁਖੇ ਦੁਖਿ ਵਿਹਾਵਣਿਆ ॥੫॥

ਤਿਨੀ = ਉਨ੍ਹਾਂ ਮਨਮੁਖ ਪੁਰਸ਼ਾਂ ਨੇ ਮਨੁੱਖਾ ਜਨਮ ਪ੍ਰਾਪਤ ਕਰਕੇ ਵਿਕਾਰਾਂ ਵਿਚ ਲੱਗ ਕਰ ਕੇ ਦੋਵੈ = ਦੋਨੋਂ ਹਲਤੁ ਪਲਤੁ = ਲੋਕ ਪਰਲੋਕ ਵਿਅਰਥ ਗਵਾਏ = ਗਵਾ ਲਏ ਹਨ। ਐਸੇ ਪੁਰਸ਼ਾਂ ਦੀ ਸਾਰੀ ਆਰਜਾ ਦੁੱਖਾਂ ਹੀ ਦੁੱਖਾਂ ਵਿਚ ਹੀ ਵਿਹਾਵਣਿਆ = ਬਤੀਤ ਹੁੰਦੀ ਹੈ ॥੫॥

## ਲਿਖਦਿਆ ਲਿਖਦਿਆ; ਕਾਗਦ ਮਸੁ ਖੋਈ ॥ ਦੂਜੈ ਭਾਇ; ਸੁਖੁ ਪਾਏ ਨ ਕੋਈ ॥

ਭਾਵੇਂ ਕੋਈ ਅਨੇਕਾਂ ਗ੍ਰੰਥ ਲਿਖਦਿਆਂ ਲਿਖਦਿਆਂ ਕਾਗਦ = ਕਾਗਜ਼ ਤੇ ਮਸੁ = ਸਿਆਹੀ ਖੋਈ =

ਖ਼ਤਮ ਕਰ ਲਵੇ। ਪਰੰਤੂ ਫੇਰ ਵੀ ਪ੍ਰੇਮਾ-ਭਗਤੀ ਤੇ ਆਤਮ ਗਿਆਨ ਤੋਂ ਬਿਨਾਂ ਦੂਜੈ ਭਾਇ = ਦ੍ਵੈਤ ਭਾਵ ਕਰਕੇ ਕੋਈ ਵੀ ਮਨੁੱਖ ਆਤਮਕ ਸੁੱਖ ਨਹੀਂ ਪਾ ਸਕਦਾ।

## ਕੂੜੁ ਲਿਖਹਿ ਤੈ ਕੂੜੁ ਕਮਾਵਹਿ; ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥

ਉਹ ਕੂੜੁ = ਝੂਠੇ ਲੇਖੇ ਲਿਖਹਿ = ਲਿਖਦੇ ਹਨ ਤੈ = ਤੇ ਕੂੜੁ = ਝੂਠ ਬੋਲ ਕੇ ਕੂੜੁ = ਝੂਠਾ ਧਨ ਕਮਾਵਹਿ = ਕਮਾਉਂਦੇ ਹਨ ਇਉਂ ਕੂੜਿ = ਝੂਠ ਵਿਚ ਚਿੱਤ ਲਾਵਣਿਆ = ਲਾਉਣੇ ਕਰਕੇ ਤ੍ਰਿਸ਼ਨਾ, ਕਾਲ ਤੇ ਨਰਕਾਂ ਦੀ ਅਗਨੀ ਵਿਚ ਜਲਿ = ਸੜ ਜਾਵਹਿ = ਜਾਂਦੇ ਹਨ ॥੬॥

## ਗੁਰਮੁਖਿ ਸਚੋ ਸਚੁ; ਲਿਖਹਿ ਵੀਚਾਰੁ ॥ ਸੇ ਜਨ ਸਚੇ; ਪਾਵਹਿ ਮੋਖ ਦੁਆਰੁ ॥

ਗੁਰਮੁਖ ਜਨ ਸਚੋ ਸਚੁ = ਨਿਰੋਲ ਸੱਚ ਦੀ ਵਿਚਾਰ ਨੂੰ ਹੀ ਲਿਖਹਿ = ਲਿਖਦੇ ਹਨ, **ਵਾ:** ਸੱਚ ਹੀ ਲਿਖਦੇ ਹਨ **ਵਾ:** ਗੁਰਮੁਖ ਜਨ ਸਚੋ = ਸੱਚੇ ਪਰਮੇਸ਼ਰ ਦੇ ਸੱਚੇ ਨਾਮ ਦੀ ਵੀਚਾਰ ਨੂੰ ਆਪਣੇ ਹਿਰਦੇ ਰੂਪੀ ਕਾਗਜ਼ ਤੇ ਸ਼ਰਧਾ ਰੂਪੀ ਸਿਆਹੀ ਨਾਲ ਪ੍ਰੇਮ ਰੂਪੀ ਕਲਮ ਦੁਆਰਾ ਲਿਖਦੇ ਹਨ। ਇਸ ਕਰਕੇ ਸੇ = ਉਹ ਗੁਰਮੁਖ ਜਨ ਸਦਾ ਸੱਚੇ ਹਨ ਕਿਉਂਕਿ ਉਹਨਾਂ ਨੇ ਸੰਸਾਰ ਤੋਂ ਮੋਖ = ਮੁਕਤੀ ਦਾ ਦੁਆਰੁ = ਦਰਵਾਜ਼ਾ ਗਿਆਨ ਪਾਵਹਿ = ਪ੍ਰਾਪਤ ਕਰ ਲਿਆ ਹੈ।

## ਸਚੁ ਕਾਗਦੁ ਕਲਮ ਮਸਵਾਣੀ; ਸਚੁ ਲਿਖਿ ਸਚਿ ਸਮਾਵਣਿਆ ॥੭॥

ਉਹ ਕਾਗਦੁ = ਕਾ:ਗਜ਼, ਕਲਮ ਤੇ ਮਸਵਾਣੀ = ਦਵਾਤ ਸਫਲੀ ਹੈ ਜਿਸ ਉੱਤੇ ਸੱਚਾ ਨਾਮ ਲਿਖਿਆ ਹੈ **ਵਾ:** ਉਹਨਾਂ ਦਾ ਅੰਤਹਕਰਣ ਰੂਪੀ ਕਾ:ਗਜ਼ ਸ਼ਰਧਾ ਰੂਪੀ ਮਸਵਾਣੀ = ਦਵਾਤ ਤੇ ਪ੍ਰੇਮ ਰੂਪੀ ਕਲਮ ਵੀ ਸੱਚੀ ਹੈ। ਇਉਂ ਉਹ ਸੱਚੇ ਨਾਮ ਨੂੰ ਲਿਖਿ = ਲਿਖਣੇ ਕਰਕੇ ਸੱਚ ਸਰੂਪ ਵਿਚ ਸਮਾਵਣਿਆ = ਸਮਾਉਣਾ ਕਰਦੇ ਹਨ ॥੭॥

## ਮੇਰਾ ਪ੍ਰਭੁ; ਅੰਤਰਿ ਬੈਠਾ ਵੇਖੈ ॥ ਗੁਰ ਪਰਸਾਦੀ ਮਿਲੈ; ਸੋਈ ਜਨੁ ਲੇਖੈ ॥

ਮੇਰਾ ਪ੍ਰਭੁ = ਪਰਮੇਸ਼ਰ ਸਾਰਿਆਂ ਦੇ ਹਿਰਦੇ ਵਿਚ ਸਾਖੀ ਚੇਤਨ ਰੂਪ ਹੋ ਕੇ ਬੈਠਾ ਹੋਇਆ ਜੀਵਾਂ ਦੇ ਚੰਗੇ ਮੰਦੇ ਕਰਮਾਂ ਨੂੰ ਵੇਖੈ = ਵੇਖ ਰਿਹਾ ਹੈ।

ਪਰੰਤੂ ਜੋ ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਅੰਤਰ ਆਤਮੇ ਮਿਲੈ = ਮਿਲ ਪੈਂਦਾ ਹੈ, ਸੋਈ = ਉਹੀ ਜਨੁ = ਪੁਰਖ ਲੇਖੇ ਵਿਚ ਪੈਂਦਾ ਹੈ ਭਾਵ ਪ੍ਰਮਾਣੀਕ ਹੁੰਦਾ ਹੈ।

## ਨਾਨਕ, ਨਾਮੁ ਮਿਲੈ ਵਡਿਆਈ; ਪੂਰੇ ਗੁਰ ਤੇ ਪਾਵਣਿਆ ॥੮॥੨੨॥੨੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਨਾਮ ਜਪਣ ਕਰਕੇ ਹੀ ਲੋਕ ਪਰਲੋਕ ਵਿਚ ਵਡਿਆਈ ਮਿਲੈ = ਮਿਲਦੀ ਹੈ ਪਰੰਤੂ ਇਹ ਨਾਮ ਪੂਰੈ = ਪੂਰਨ ਗੁਰ = ਸਤਿਗੁਰਾਂ ਤੇ = ਤੋਂ ਹੀ ਪਾਵਣਿਆ = ਪਾਇਆ ਜਾਂਦਾ ਹੈ ॥੮॥੨੨॥੨੩॥

## ਮਾਝ ਮਹਲਾ ੩ ॥

ਜਗਿਆਸੂ ਰੂਪ ਦੇ ਵਿਚ ਸਿੱਖ ਬੇਨਤੀ ਕਰਦੇ ਹਨ ਕਿ ਸਤਿਗੁਰੂ ਜੀ ! ਜੀਵ ਆਤਮਾ ਵੀ ਰਾਮ ਦੀ ਅੰਸ਼ ਹੈ, ਫੇਰ ਜੀਵ ਤੇ ਈਸ਼ਵਰ ਦੀ ਏਕਤਾ ਦਾ ਪਰਗਾਸ ਕਿਵੇਂ ਹੋਵੇ ? ਤਾਂ ਸਤਿਗੁਰੂ ਜੀ ਨੇ ਉੱਤਰ ਦਿੰਦਿਆਂ ਸ਼ਬਦ ਉਚਾਰਨ ਕੀਤਾ।

## ਆਤਮ ਰਾਮ ਪਰਗਾਸੁ; ਗੁਰ ਤੇ ਹੋਵੈ ॥

ਹੇ ਭਾਈ ! ਆਤਮ = ਮਨ ਵਿਚ ਰਾਮ = ਪਰਮੇਸ਼ਰ ਦੇ ਸਰੂਪ ਦਾ ਪਰਗਾਸੁ = ਚਾਨਣਾ ਗੁਰੂ ਦੀ ਕਿਰਪਾ ਦੁਆਰਾ ਨਾਮ, ਗਿਆਨ ਤੇ = ਤੋਂ ਹੀ ਹੋਵੈ = ਹੁੰਦਾ ਹੈ। ਅਰਥਾਤ ਜੋ ਖੰਡਾਂ ਬ੍ਰਹਮੰਡਾਂ, ਜੜ੍ਹ ਚੇਤਨ ਆਦਿ ਸਾਰਿਆਂ ਵਿਚ ਪਰਮੇਸ਼ਰ ਦੀ ਚੇਤਨ ਸੱਤਾ ਦਾ ਪ੍ਰਕਾਸ਼ ਹੋ ਰਿਹਾ ਹੈ।

ਉਸ ਦੀ ਚੇਤਨ ਸੱਤਾ ਤੋਂ ਬਿਨਾਂ ਸਾਰੇ ਜੜ੍ਹ ਅਨਾਤਮ ਹਨ। ਇਸ ਲਈ ਆਤਮਾ ਹੀ ਬ੍ਰਹਮ ਚੇਤਨ ਤੇ ਬ੍ਰਹਮ ਚੇਤਨ ਹੀ ਆਤਮਾ ਰੂਪ ਹੈ। ਉਹ ਚੇਤਨ ਬ੍ਰਹਮ ਸਾਰਿਆਂ ਦੇ ਆਤਮਾ ਦਾ ਸਾਖੀ ਰੂਪ ਹੈ। ਤੂੰ ਪਦ ਜੋ ਜੀਵ ਦਾ ਵਾਚਕ ਹੈ, ਉਸਦਾ ਲਖ ਅਰਥ ਉਹ ਆਤਮਾ ਸਾਖੀ ਹੈ ਤੇ ਤੱਤ ਪਦ ਜੋ ਈਸ਼ਵਰ ਦਾ ਵਾਚਕ ਹੈ, ਉਸਦਾ ਲਖ ਅਰਥ ਰਾਮ ਹੈ ਜੋ ਸਾਰਿਆਂ ਦਾ ਸਾਖੀ ਰੂਪ ਹੈ। ਜੀਵ-ਆਤਮਾ ਤੇ ਰਾਮ ਦੀ ਅਭੇਦਤਾ ਦਾ ਗਿਆਨ ਸ੍ਵੈ-ਅਨੁਭਵ ਪ੍ਰਕਾਸ਼ ਪੂਰੇ ਗੁਰੂ ਦੁਆਰਾ ਹੁੰਦਾ ਹੈ।

## ਹਉਮੈ ਮੈਲੁ ਲਾਗੀ; ਗੁਰ ਸਬਦੀ ਖੋਵੈ ॥

ਜੋ ਹਿਰਦੇ ਅੰਦਰ ਹਉਮੈ = ਹੰਗਤਾ ਮਮਤਾ ਦੀ ਮੈਲ ਲਾਗੀ = ਲੱਗ ਰਹੀ ਹੈ, ਉਸ ਨੂੰ ਗੁਰ ਦੇ ਸ਼ਬਦ ਦੁਆਰਾ ਖੋਵੈ = ਨਾਸ ਕਰਨਾ ਕਰੇ।

## ਮਨੁ ਨਿਰਮਲੁ, ਅਨਦਿਨੁ ਭਗਤੀ ਰਾਤਾ; ਭਗਤਿ ਕਰੇ ਹਰਿ ਪਾਵਣਿਆ ॥੧॥

ਜੋ ਗੁਰਾਂ ਦੇ ਸਬਦ ਦੁਆਰਾ ਮਨ ਨੂੰ ਨਿਰਮਲੁ = ਉੱਜਲ ਕਰਕੇ ਅਨਦਿਨੁ = ਰਾਤ ਦਿਨ ਭਗਤੀ ਵਿਚ ਰਾਤਾ = ਰੱਤਿਆ ਰਹਿੰਦਾ ਹੈ, ਉਹ ਪ੍ਰੇਮਾ ਭਗਤਿ = ਭਗਤੀ ਨੂੰ ਕਰੇ = ਕਰਕੇ ਹਰਿ = ਪਰਮੇਸ਼ਰ ਨੂੰ ਪਾਵਣਿਆ = ਪਾਉਣਾ ਕਰਦਾ ਹੈ ਤੇ ਅੱਗੇ ਨੂੰ ਵੀ ਜੋ ਭਗਤੀ ਕਰਨਗੇ, ਉਹ ਪ੍ਰਭੂ ਨੂੰ ਪ੍ਰਾਪਤ ਕਰਨਗੇ ॥੧॥

## ਹਉ ਵਾਰੀ, ਜੀਉ ਵਾਰੀ; ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥

ਹਉ = ਮੈਂ ਉਹਨਾਂ ਤੋਂ ਤਨ ਕਰਕੇ ਵਾਰਨੇ ਤੇ ਜੀਅ ਕਰਕੇ ਬਲਿਹਾਰ ਜਾਂਦਾ ਹਾਂ, ਜਿਹੜੇ ਆਪ ਪਰਮੇਸ਼ਰ ਦੀ ਪ੍ਰੇਮਾ-ਭਗਤੀ ਕਰਨਿ = ਕਰਦੇ ਹਨ ਤੇ ਹੋਰਨਾਂ ਪਾਸੋਂ ਪ੍ਰੇਮਾ-ਭਗਤੀ ਕਰਾਵਣਿਆ = ਕਰਵਾਉਂਦੇ ਹਨ।

## ਤਿਨਾ ਭਗਤ ਜਨਾ ਕਉ, ਸਦ ਨਮਸਕਾਰੁ ਕੀਜੈ;<br>ਜੋ ਅਨਦਿਨੁ ਹਰਿ ਗੁਣ ਗਾਵਣਿਆ ॥੧॥ਰਹਾਉ॥

ਤਿਨਾ = ਉਹਨਾਂ ਭਗਤ ਜਨਾਂ ਨੂੰ ਹੱਥ ਜੋੜ ਕੇ ਸਦਾ ਨਮਸਕਾਰੁ = ਬੰਦਨਾ ਕਰੀਏ ਜੋ ਅਨਦਿਨੁ = ਦਿਨ ਰਾਤ ਇਕ-ਰਸ ਹਰੀ ਦੇ ਗੁਣ ਗਾਵਣਿਆ = ਗਾਉਂਦੇ ਹਨ ॥੧॥ਰਹਾਉ॥

## ਆਪੇ ਕਰਤਾ; ਕਾਰਣੁ ਕਰਾਏ ॥ ਜਿਤੁ ਭਾਵੈ; ਤਿਤੁ ਕਾਰੈ ਲਾਏ ॥

ਅਕਾਲ ਪੁਰਖ ਪਰਮੇਸ਼ਰ ਆਪ ਹੀ ਸਾਰੀ ਸ੍ਰਿਸ਼ਟੀ ਦਾ ਕਾਰਨ ਰੂਪ ਹੈ ਤੇ ਆਪ ਹੀ ਸਾਰੇ ਕਾਰਜਾਂ ਨੂੰ ਕਰਾਏ = ਕਰਾਉਣ ਵਾਲਾ ਹੈ **ਵਾ:** ਪਰਮੇਸ਼ਰ ਆਪ ਹੀ ਜਗਤ ਦਾ ਕਾਰਨ ਜੋ ਮਾਇਆ ਮਹਿਤਤ ਤ੍ਰਿਧਾ ਹੰਕਾਰ ਆਦਿ ਹਨ, ਉਨ੍ਹਾਂ ਦੁਆਰੇ ਸੰਸਾਰ ਰੂਪ ਕਾਰਜ ਨੂੰ ਪੈਦਾ ਕਰਾਉਂਦਾ ਹੈ ਅਰਥਾਤ ਕੋਈ ਮੱਤ ਪ੍ਰਮਾਣੂ ਨੂੰ ਕਾਰਨ ਮੰਨਦਾ ਹੈ। ਕੋਈ ਸ੍ਰਿਸ਼ਟੀ ਦੇ ਕਿਸੇ ਕਰਮ ਨੂੰ ਤੇ ਕੋਈ ਸੂਖਮ ਤੱਤ ਨੂੰ। ਕਿਸੇ ਨੇ ਤਿੰਨ ਗੁਣਾਂ ਨੂੰ ਕਾਰਨ ਮੰਨਿਆ ਹੈ। ਮੁਸਲਮਾਨ ਤੇ ਈਸਾਈ ਮੱਤ ਵਾਲੇ ਬਾਬਾ ਆਦਮ ਤੇ ਅੰਮਾ ਹਵਾ ਨੂੰ ਕਾਰਨ ਮੰਨਦੇ ਹਨ ਪਰ ਇਹ ਸਾਰੇ ਹੀ ਪਰਮੇਸ਼ਰ ਦੀ ਸੱਤਾ ਤੋਂ ਬਿਨਾਂ ਜੜ੍ਹ ਹਨ। ਕੋਈ ਵੀ ਚੀਜ਼ ਉਸ ਦੀ ਚੇਤਨ ਸੱਤਾ

ਤੋਂ ਬਗ਼ੈਰ ਹਰਕਤ ਨਹੀਂ ਕਰ ਸਕਦੀ। ਮਾਇਆ ਵੀ ਉਸ ਦੀ ਚੇਤਨ ਸੱਤਾ ਤੋਂ ਬਿਨਾਂ ਜੜ੍ਹ ਹੈ। ਉਸ ਦੀ ਸੱਤਾ ਪ੍ਰਾਪਤ ਕਰਕੇ ਤ੍ਰਿਗੁਣ ਰੂਪ ਹੋ ਕੇ ਜੀਵਾਂ ਤੋਂ ਕਿਰਿਆ ਕਰਵਾਉਂਦੀ ਹੈ। ਇਸ ਲਈ ਉਹ ਕਰਤਾ ਪੁਰਖ ਆਪ ਹੀ ਸਭ ਦਾ ਕਾਰਨ ਰੂਪ ਹੈ। ਫੇਰ ਜਿਤੁ = ਜਿਸ ਤਰ੍ਹਾਂ ਉਸ ਨੂੰ ਭਾਵੈ = ਭਾਉਂਦਾ ਹੈ, ਤਿਤੁ = ਉਸ ਪਾਸੇ ਸਾਰਿਆਂ ਜੀਵਾਂ ਨੂੰ ਕਾਰੈ = ਕੰਮ ਲਾਏ = ਲਾਉਂਦਾ ਹੈ।

## ਪੂਰੈ ਭਾਗਿ ਗੁਰ ਸੇਵਾ ਹੋਵੈ; ਗੁਰ ਸੇਵਾ ਤੇ ਸੁਖੁ ਪਾਵਣਿਆ ॥੨॥

ਪੂਰੇ ਭਾਗਾਂ ਨਾਲ ਹੀ ਪੂਰੇ ਗੁਰੂ ਦੀ ਸੇਵਾ ਪ੍ਰਾਪਤ ਹੋਵੈ = ਹੁੰਦੀ ਹੈ ਅਤੇ ਗੁਰੂ ਦੀ ਸੇਵਾ ਕਰਨ ਤੇ = ਤੋਂ ਹੀ ਆਤਮਕ ਸੁੱਖ ਪਾਵਣਿਆ = ਪਾਉਣਾ ਕਰੀਦਾ ਹੈ॥੨॥

## ਮਰਿ ਮਰਿ ਜੀਵੈ; ਤਾ ਕਿਛੁ ਪਾਏ ॥ ਗੁਰ ਪਰਸਾਦੀ; ਹਰਿ ਮੰਨਿ ਵਸਾਏ ॥

ਜਿਸ ਸੰਸਾਰ ਵਾਲੇ ਪਾਸੇ ਜੀਵ ਜਿਉਂਦਾ ਹੈ, ਉਸ ਪਾਸੇ ਵੱਲੋਂ ਮਰ ਜਾਵੇ ਤੇ ਜਿਸ ਪਰਮੇਸ਼ਰ ਵਾਲੇ ਪਾਸੇ ਤੋਂ ਬੇਮੁਖ ਹੋਣ ਕਰਕੇ ਮਰਿਆ ਹੈ, ਉਸ ਪਾਸੇ ਵੱਲੋਂ ਜੀਅ ਪਵੇ **ਵਾ:** ਮੋਹ, ਦੇਹ ਅਭਿਮਾਨ ਪਦਾਰਥਾਂ ਵੱਲੋਂ ਸੰਸਾਰ ਦੇ ਵਿਸ਼ਿਆਂ ਦੇ ਸੁੱਖ ਵੱਲੋਂ ਮਰ ਜਾਵੇ। ਤੇ ਗੁਰੂ ਉਪਦੇਸ਼ ਦੁਆਰਾ ਸੰਸਾਰ ਵੱਲੋਂ ਮਰ ਕੇ ਪਰਮੇਸ਼ਰ ਵਾਲੇ ਪਾਸੇ ਆਤਮਿਕ ਜੀਵਨ ਜਿਉਣਾ ਕਰੇ ਤਾਂ ਹੀ ਪਰਮੇਸ਼ਰ ਕੋਲੋਂ ਨਾਮ, ਗਿਆਨ ਦੀ ਦਾਤ ਪਾਏ = ਪਾ ਸਕਦਾ ਹੈ।

ਗੁਰੂ ਦੀ ਕ੍ਰਿਪਾ ਦੁਆਰਾ ਹਰੀ ਪ੍ਰਭੂ ਦੇ ਨਾਮ ਨੂੰ ਮਨ ਵਿਚ ਵਸਾਉਣਾ ਕਰੀਏ।

## ਸਦਾ ਮੁਕਤੁ, ਹਰਿ ਮੰਨਿ ਵਸਾਏ; ਸਹਜੇ ਸਹਜਿ ਸਮਾਵਣਿਆ ॥੩॥

ਜਿਨ੍ਹਾਂ ਨੇ ਹਰੀ ਦੇ ਨਾਮ ਨੂੰ ਮਨ ਵਿਚ ਵਸਾਇਆ ਹੈ, ਉਹ ਸਦਾ ਹੀ ਜੀਵਨ ਮੁਕਤ ਰੂਪ ਹਨ। ਉਹ ਸਹਜੇ = ਗਿਆਨ ਦੁਆਰਾ ਸਹਜਿ ਅਵਸਥਾ ਭਾਵ ਚੌਥੀ ਤੁਰੀਆ ਪਦ ਰੂਪੀ ਅਵਸਥਾ ਵਿਚ ਸਮਾਏ ਹੋਏ ਹਨ॥੩॥

## ਬਹੁ ਕਰਮ ਕਮਾਵੈ; ਮੁਕਤਿ ਨ ਪਾਏ ॥ ਦੇਸੰਤਰੁ ਭਵੈ; ਦੂਜੈ ਭਾਇ ਖੁਆਏ ॥

ਬਿਨਾਂ ਪੂਰੇ ਗੁਰੂ ਦੇ ਉਪਦੇਸ਼ ਤੋਂ ਜੋ ਅਨੇਕ ਤਰ੍ਹਾਂ ਦੇ ਨਿੱਤ, ਨਮਿੱਤ, ਪ੍ਰਾਸ਼ਚਿਤ ਆਦਿ ਬਹੁ = ਬਹੁਤੇ ਕਰਮਾਂ ਨੂੰ ਕਮਾਵੈ = ਕਮਾਉਣਾ ਕਰਦੇ ਹਨ, ਉਹ ਕਦੇ ਵੀ ਬੰਧਨਾਂ ਤੋਂ ਮੁਕਤਿ = ਮੁਕਤੀ ਨਹੀਂ ਪਾ ਸਕਦੇ। ਉਹ ਭਾਵੇਂ ਦੇਸੰਤਰੁ = ਦੇਸਾਂ ਪ੍ਰਦੇਸ਼ਾਂ ਭਾਵ ਦਸੇ ਦਿਸ਼ਾਵਾਂ ਵਿਚ ਭਵੈ = ਭਾਉਂਦੇ ਫਿਰਨ **ਵਾ:** ਇੰਦਰੀਆਂ, ਬਿਰਤੀਆਂ ਰੂਪੀ ਦਿਸ਼ਾਵਾਂ ਵਿਚ ਭ੍ਰਮਦੇ ਫਿਰਨ ਪਰੰਤੂ ਉਹ ਤਾਂ ਦੂਜੈ ਭਾਇ = ਦਵੈਸ਼ ਭਾਅ ਵਿਚ ਲੱਗਣ ਕਰਕੇ ਖੁਆਏ = ਖ਼ਰਾਬ ਹੀ ਹੁੰਦੇ ਰਹਿੰਦੇ ਹਨ।

## ਬਿਰਥਾ ਜਨਮੁ ਗਵਾਇਆ ਕਪਟੀ; ਬਿਨੁ ਸਬਦੈ ਦੁਖੁ ਪਾਵਣਿਆ ॥੪॥

ਇਉਂ ਉਹ ਕਪਟੀ = ਛਲ ਕਰਨ ਵਾਲੇ ਮਨਮੁਖ ਪੁਰਸ਼ ਆਪਣਾ ਮਨੁੱਖਾ ਜਨਮ ਬਿਰਥਾ = ਬੇਅਰਥ ਹੀ ਗਵਾਇਆ = ਗਵਾਉਣਾ ਕਰਦੇ ਹਨ ਤੇ ਸਤਿਗੁਰਾਂ ਦੇ ਸਬਦੈ = ਉਪਦੇਸ਼ ਤੋਂ ਬਿਨ੍ਹਾਂ ਹੋਣ ਕਰਕੇ ਅੱਗੇ ਪ੍ਰਲੋਕ ਵਿਚ ਵੀ ਦੁੱਖ ਪਾਵਣਿਆ = ਪਾਉਣਾ ਕਰਦੇ ਹਨ॥੪॥

## ਧਾਵਤੁ ਰਾਖੈ; ਠਾਕਿ ਰਹਾਏ ॥ ਗੁਰ ਪਰਸਾਦੀ; ਪਰਮ ਪਦੁ ਪਾਏ ॥

ਜੇਕਰ ਵਿਸ਼ਿਆਂ ਵੱਲ ਧਾਵਤੁ = ਦੌੜਦੀਆਂ ਇੰਦ੍ਰੀਆਂ ਨੂੰ ਰੋਕ ਕੇ ਰੱਖੇ ਅਤੇ ਵਾਸ਼ਨਾ ਤੇ ਸੰਕਲਪਾਂ ਵੱਲੋਂ ਮਨ ਨੂੰ ਠਾਕਿ ਰਹਾਏ = ਰੋਕ ਕੇ ਰੱਖੇ। ਤਾਂ ਗੁਰੂ ਦੀ ਕ੍ਰਿਪਾ ਨਾਲ ਪਰਮ ਪਦੁ = ਕੈਵਲ ਮੋਖਸ਼ ਪਾਉਣਾ ਕਰੀਦਾ ਹੈ।

## ਸਤਿਗੁਰੁ ਆਪੇ ਮੇਲਿ ਮਿਲਾਏ; ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥

ਪੂਰਬਲੇ ਕੀਤੇ ਪੁੰਨ ਕਰਮਾਂ ਅਨੁਸਾਰ ਜੀਵ ਨੂੰ ਪ੍ਰੇਰ ਕੇ ਸਤਿਗੁਰੂ ਜੀ ਆਪੇ = ਆਪ ਹੀ ਵਾਹਿਗੁਰੂ ਦੇ ਮੇਲ ਨਾਲ ਮਿਲਾਏ = ਮਿਲਾ ਦਿੰਦੇ ਹਨ ਜਿਸ ਕਰਕੇ ਜੀਵ ਪ੍ਰੀਤਮ = ਪਿਆਰੇ ਵਾਹਿਗੁਰੂ ਨਾਲ ਮਿਲ ਕੇ ਸਦੀਵੀ ਸੁੱਖ ਨੂੰ ਪਾ ਲੈਂਦਾ ਹੈ ॥੫॥

[ਅੰਗ ੧੨੪]

## ਇਕਿ ਕੂੜਿ ਲਾਗੇ; ਕੂੜੇ ਫਲ ਪਾਏ ॥ ਦੂਜੈ ਭਾਇ; ਬਿਰਥਾ ਜਨਮੁ ਗਵਾਏ ॥

ਇਕਿ = ਕਈ ਐਸੇ ਜੀਵ ਹਨ ਜੋ ਕੂੜਿ = ਝੂਠੇ ਪਰਪੰਚ, ਪਦਾਰਥਾਂ ਵਿਚ ਲਾਗੇ = ਲੱਗੇ ਹੋਏ ਹਨ ਉਹ ਕੂੜੇ = ਝੂਠੇ ਹੀ ਫਲ ਪਾਏ = ਪਾਉਂਦੇ ਹਨ **ਵਾ:** ਝੂਠ ਦਾ ਫਲ ਦੁੱਖ ਹੀ ਪਾਉਂਦੇ ਹਨ। ਅਤੇ ਕੂੜਿ = ਝੂਠੇ ਪਰਪੰਚ ਵਿਚ ਲਾਗੇ = ਲੱਗਣ ਕਰਕੇ ਕੂੜੇ = ਝੂਠੇ ਹੀ ਫਲ ਮਿਲਣਗੇ ਭਾਵ ਝੂਠ ਦਾ ਫਲ ਦੁੱਖ ਹੀ ਪ੍ਰਾਪਤ ਹੋਵੇਗਾ। ਦੂਜੈ = ਦ੍ਵੈਸ਼ ਵਿਚ ਭਾਇ = ਪ੍ਰੇਮ ਲਗਾ ਕੇ ਮਨੁੱਖਾ ਜਨਮ ਬਿਰਥਾ = ਬੇਅਰਥ ਹੀ ਗਵਾਏ = ਗਵਾ ਲੈਂਦੇ ਹਨ **ਅਥਵਾ** ਦੂਜੈ = ਦੂਸਰੇ ਭਾਵ ਮਾਇਕੀ ਪਦਾਰਥਾਂ ਵਿਚ ਭਾਇ = ਪ੍ਰੇਮ ਕਰਕੇ ਆਪਣੇ ਮਨੁੱਖਾ ਜਨਮ ਨੂੰ ਬਿਰਥਾ = ਬੇਅਰਥ ਹੀ ਗਵਾਏ = ਗਵਾ ਲੈਂਦੇ ਹਨ।

## ਆਪਿ ਡੁਬੇ, ਸਗਲੇ ਕੁਲ ਡੋਬੇ; ਕੂੜੁ ਬੋਲਿ ਬਿਖੁ ਖਾਵਣਿਆ ॥੬॥

ਉਹ ਆਪ ਵੀ ਸੰਸਾਰ ਵਿਚ ਡੁਬੇ = ਡੁੱਬਦੇ ਹਨ ਤੇ ਸਗਲੇ = ਸਾਰੇ ਕੁਲ = ਖ਼ਾਨਦਾਨ ਆਦਿਕਾਂ ਨੂੰ ਵੀ ਡੋਬੇ = ਡੋਬ ਲੈਂਦੇ ਹਨ ਅਤੇ ਕੂੜੁ = ਝੂਠ ਬੋਲ ਬੋਲ ਕੇ ਵਿਸ਼ਿਆਂ ਰੂਪੀ ਬਿਖੁ = ਜ਼ਹਿਰ ਨੂੰ ਖਾਵਣਿਆ = ਖਾਣਾ ਕਰਦੇ ਹਨ ॥੬॥

## ਇਸੁ ਤਨ ਮਹਿ ਮਨੁ; ਕੋ ਗੁਰਮੁਖਿ ਦੇਖੈ ॥ ਭਾਇ ਭਗਤਿ; ਜਾ ਹਉਮੈ ਸੋਖੈ ॥

ਇਸੁ ਤਨ = ਸਰੀਰ ਮਹਿ = ਵਿਚ ਮਨ ਨੂੰ ਇਸਥਿਤ ਹੋਇਆਂ ਕੋ = ਕੋਈ ਗੁਰਮੁਖ ਹੀ ਦੇਖੈ = ਵੇਖਦਾ ਹੈ। **ਵਾ:** ਤਨ = ਸੂਖਮ ਸਰੀਰ ਸਰੂਪ ਵਿਚ ਮਨੁ = ਸ਼ਿਰੋਮਣੀ ਹਰੀ ਪਰਮੇਸ਼ਰ ਨੂੰ ਗੁਰ-ਉਪਦੇਸ਼ ਦੁਆਰਾ ਮੰਨਣ ਕਰਕੇ ਜੋ ਸ੍ਵੈ-ਪ੍ਰਕਾਸ਼ ਰੂਪ ਹੈ, ਉਸ ਨੂੰ ਕੋਈ ਗੁਰਮੁਖ ਹੀ ਦੇਖ ਸਕਦਾ ਹੈ।

ਜਿਵੇਂ ਕਿ ਮੂੰਹ ਦੇਖਣ ਲਈ ਸ਼ੀਸ਼ਾ ਸਾਫ਼ ਚਾਹੀਦਾ ਹੈ। ਸ਼ੀਸ਼ੇ ਉਪਰ ਛਾਈਆਂ ਨਾ ਪਈਆਂ ਹੋਣ, ਸ਼ੀਸ਼ਾ ਸਾਫ਼ ਹੋਵੇ, ਫੇਰ ਹੀ ਸਾਫ਼ ਦਿਖਦਾ ਹੈ, ਇਸੇ ਪ੍ਰਕਾਰ ਭਾਇ ਭਗਤਿ = ਪ੍ਰੇਮਾ-ਭਗਤੀ ਕਰਕੇ ਜਾ = ਜਦੋਂ ਹਉਮੈ = ਹੰਗਤਾ ਮਮਤਾ ਦੀਆਂ ਛਾਈਆਂ ਨੂੰ ਸੋਖੈ = ਖਿੱਚ ਦੇਵੇ, ਸਾਫ਼ ਕਰ ਦੇਵੇ **ਵਾ:** ਸੋਖੈ = ਸੁਕਾ ਦੇਵੇ, ਤਾਂ ਉਹ ਭਗਤੀ ਕਰਕੇ ਸਰੂਪ ਨੂੰ ਵੇਖ ਸਕਦਾ ਹੈ।

## ਸਿਧ ਸਾਧਿਕ ਮੋਨਿਧਾਰੀ, ਰਹੇ ਲਿਵ ਲਾਇ;
## ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥

ਚੌਰਾਸੀ ਸਿੱਧ, ਸਾਧਿਕ = ਸਾਧਨਾਂ ਕਰਨ ਵਾਲੇ, ਮੋਨਿਧਾਰੀ = ਚੁੱਪ ਧਾਰਨ ਕਰਨ ਵਾਲੇ ਆਦਿ ਸਾਰੇ ਹੀ ਪਰਮੇਸ਼ਰ ਦੀ ਪ੍ਰਾਪਤੀ ਲਈ ਜੜ੍ਹ ਵਸਤੂਆਂ ਦੀ ਤਰ੍ਹਾਂ ਬੈਠੇ ਹੋਏ ਲਿਵ = ਬਿਰਤੀ ਲਾਇ = ਲਾ ਰਹੇ ਹਨ, ਪਰ ਤਿਨ = ਉਨ੍ਹਾਂ ਨੂੰ ਭੀ = ਵੀ ਕੀਤੇ ਸਾਧਨਾ ਆਦਿਕ ਨੇ ਤਨ = ਸਰੀਰ ਮਹਿ = ਵਿਚ ਮਨ ਦਿਖਾਵਣਿਆ = ਦਿਖਾਉਣਾ ਨਹੀਂ ਕੀਤਾ ॥੭॥ ਜੈਸਾ ਕਿ :

ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥ *(ਅੰਗ ੩੩੦)*

## ਆਪਿ ਕਰਾਏ; ਕਰਤਾ ਸੋਈ ॥ ਹੋਰੁ ਕਿ ਕਰੇ; ਕੀਤੈ ਕਿਆ ਹੋਈ ॥

ਸੋਈ = ਉਹ ਕਰਤਾ = ਸ੍ਰਿਸ਼ਟੀ ਦੇ ਰਚਣ ਵਾਲਾ ਪਰਮੇਸ਼ਰ ਆਪੇ = ਆਪ ਹੀ ਸਭ ਕੁਝ ਕਰਦਾ ਕਰਾਏ = ਕਰਾਉਂਦਾ ਹੈ।

ਹੋਰ ਕੋਈ ਹਉਮੈ ਦੇ ਸਹਿਤ ਕਿ = ਕੀ ਕਰੇ = ਕਰ ਸਕਦਾ ਹੈ ਅਤੇ ਉਸ ਦਾ ਕੀਤਾ ਹੋਇਆ ਕਿਆ = ਕੀ ਹੋਈ = ਹੋ ਸਕਦਾ **ਵਾ:** ਪੈਦਾ ਕੀਤੇ ਹੋਏ ਜੀਵ ਕੋਲੋਂ ਕੀ ਹੋ ਸਕਦਾ ਹੈ, ਭਾਵ ਕੁਝ ਨਹੀਂ ਹੋ ਸਕਦਾ।

## ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ; ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਸ ਨੂੰ ਪਰਮੇਸ਼ਰ ਅੰਮ੍ਰਿਤ ਨਾਮ ਬਖ਼ਸ਼ ਦੇਵੈ = ਦਿੰਦਾ ਹੈ ਸੋ = ਉਹੋ ਹੀ ਸਤਿਗੁਰਾਂ ਦੁਆਰਾ ਨਾਮ ਨੂੰ ਸ਼ਰਧਾ ਰੂਪੀ ਝੋਲੀ ਵਿਚ ਪਵਾ ਲੇਵੈ = ਲੈਂਦਾ ਹੈ ਅਤੇ ਫੇਰ ਨਾਮੋ = ਨਾਮ ਨੂੰ ਸ੍ਰਵਣ ਮੰਨਣ ਕਰਕੇ ਆਪਣੇ ਮੰਨਿ = ਹਿਰਦੇ ਵਿਚ ਵਸਾਵਣਿਆ = ਵਸਾ ਲੈਂਦਾ ਹੈ ॥੮॥੨੩॥੨੪॥

## ਮਾਝ ਮਹਲਾ ੩ ॥

## ਇਸੁ ਗੁਫਾ ਮਹਿ; ਅਖੁਟ ਭੰਡਾਰਾ ॥ ਤਿਸੁ ਵਿਚਿ ਵਸੈ; ਹਰਿ ਅਲਖ ਅਪਾਰਾ ॥

ਇਸ ਸਰੀਰ ਰੂਪੀ ਗੁਫ਼ਾ ਦੇ ਮਹਿ = ਵਿਚ ਅਖੁਟ = ਮੁੱਕਣ ਤੋਂ ਰਹਿਤ ਨਾਮ ਦਾ ਭੰਡਾਰਾ = ਖ਼ਜ਼ਾਨਾ ਹੈ[1] **ਵਾ:** ਇਸ ਬ੍ਰਹਿਮੰਡ ਰੂਪ ਗੁਫ਼ਾ ਦੇ ਮਹਿ = ਵਿਚ ਅਖੁਟ = ਮੁੱਕਣ ਤੋਂ ਰਹਿਤ ਭੰਡਾਰਾ = ਖ਼ਜ਼ਾਨਾ ਹੈ **ਅਥਵਾ** ਇਸ ਦਸਮ ਦੁਆਰ ਰੂਪੀ ਗੁਫ਼ਾ ਵਿਚ ਅਖੁਟ = ਨਾ ਮੁੱਕਣ ਵਾਲਾ ਭੰਡਾਰਾ ਰੱਖਿਆ ਹੋਇਆ ਹੈ। ਭਾਵ ਜਿਹੜੀ ਚੇਤਨ ਦੀ ਲਾਟ ਚਮਕ ਰਹੀ ਹੈ, ਉਸ ਦੇ ਦਰਸ਼ਨ ਕਰਨ ਨਾਲ ਜੋ ਅਨੰਦ ਪ੍ਰਾਪਤ ਹੁੰਦਾ ਹੈ, ਇਹ ਨਾ ਮੁੱਕਣ ਵਾਲਾ ਭੰਡਾਰਾ ਹੈ **ਵਾ:** ਸਾਧਸੰਗਤ ਵੀ ਇਕ ਗੁਫ਼ਾ ਦੀ ਨਿਆਈਂ ਹੈ ਜਿਸ ਵਿਚ ਮੁੱਕਣ ਤੋਂ ਰਹਿਤ ਭਗਤੀ ਰੂਪ ਭੰਡਾਰਾ ਹੈ **ਵਾ:** ਇਸ ਤੁਰੀਆ ਪਦ ਰੂਪੀ ਗੁਫ਼ਾ ਵਿਚ ਅਖੁਟ = ਨਾ ਮੁੱਕਣ ਵਾਲਾ ਅਨੰਦ ਦਾ ਭੰਡਾਰਾ ਹੈ। ਤਿਸੁ = ਉਸ ਸਰੀਰ, ਦਸਮ ਦੁਆਰ, ਸਤਿਸੰਗਤ, ਤੁਰੀਆ ਪਦ ਰੂਪੀ ਗੁਫ਼ਾ ਦੇ ਵਿਚ ਅਲਖ = ਲਖਣ ਤੋਂ ਰਹਿਤ, ਅਪਾਰਾ = ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਰਹਿਤ ਹਰਿ = ਪਰਮੇਸ਼ਰ ਸਾਖਸ਼ਾਤ ਹੋ ਕੇ ਵਸੈ = ਵਸਦਾ ਹੈ।

## ਆਪੇ ਗੁਪਤੁ, ਪਰਗਟੁ ਹੈ ਆਪੇ; ਗੁਰ ਸਬਦੀ ਆਪੁ ਵੰਞਾਵਣਿਆ ॥੧॥

ਆਪ ਹੀ ਮਨਮੁਖਾਂ ਨੂੰ, ਅਗਿਆਨੀਆਂ ਨੂੰ ਗੁਪਤ ਹੈ ਤੇ ਆਪ ਹੀ ਗੁਰਮੁਖਾਂ ਤੇ ਗਿਆਨੀਆਂ ਨੂੰ ਪਰਗਟੁ = ਪ੍ਰਤੱਖ ਹੈ **ਵਾ:** ਆਪ ਹੀ ਨਿਰਗੁਣ ਸਰੂਪ ਵਿਚ ਗੁਪਤ ਹੈ ਤੇ ਆਪ ਹੀ ਸਰਗੁਣ ਸਰੂਪ ਵਿਚ ਪਰਗਟੁ = ਪ੍ਰਤੱਖ ਹੈ **ਵਾ:** ਆਪ ਹੀ ਪ੍ਰੋਖ ਗਿਆਨੀਆਂ ਨੂੰ ਗੁਪਤ ਹੈ ਤੇ ਆਪ ਹੀ ਅਪ੍ਰੋਖ ਗਿਆਨੀਆਂ ਨੂੰ ਪਰਗਟੁ = ਪ੍ਰਤੱਖ ਹੈ। ਗੁਰ = ਗੁਰੂ ਸਬਦੀ = ਸ਼ਬਦ ਦੀ ਕਮਾਈ ਕਰਨ ਵਾਲੇ ਆਪੁ = ਆਪਾ-ਭਾਵ (ਹੰਕਾਰ) ਹਿਰਦੇ ਵਿੱਚੋਂ ਵੰਞਾਵਣਿਆ = ਨਾਸ਼ ਕਰ ਲੈਂਦੇ ਹਨ ॥੧॥

## ਹਉ ਵਾਰੀ, ਜੀਉ ਵਾਰੀ; ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥

ਹਉ = ਅਸੀਂ ਤਨ ਕਰਕੇ ਵਾਰੀ = ਬਲਿਹਾਰ ਜੀਉ = ਅੰਤਸ਼ਕਰਣ ਕਰਕੇ ਵੀ ਵਾਰੀ = ਬਲਿਹਾਰ ਜਾਂਦੇ ਹਾਂ, ਜੋ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੇ ਨਾਮ ਨੂੰ ਮਨ ਵਿਚ ਵਸਾਵਣਿਆ = ਵਸਾਉਂਦੇ ਹਨ।

## ਅੰਮ੍ਰਿਤ ਨਾਮੁ ਮਹਾ ਰਸੁ ਮੀਠਾ; ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ਰਹਾਉ॥

ਅੰਮ੍ਰਿਤ ਨਾਮ ਮਹਾ ਰਸੁ = ਵੱਡਾ ਅਨੰਦ ਭਾਵ ਬ੍ਰਹਮਾਨੰਦ ਦੇ ਦੇਣ ਵਾਲਾ ਸਾਰਿਆਂ ਪਦਾਰਥਾਂ ਤੋਂ ਮੀਠਾ = ਪਿਆਰਾ ਰਸਦਾਇਕ ਹੈ। ਗੁਰਮਤੀ = ਗੁਰ ਸਿੱਖਿਆ ਨੂੰ ਧਾਰਨ ਕਰਨ ਵਾਲੇ ਆਪ ਨਾਮ ਅੰਮ੍ਰਿਤ ਪੀਂਦੇ ਹਨ ਤੇ ਹੋਰਨਾਂ ਨੂੰ ਪੀਆਵਣਿਆ = ਪਿਲਾਉਣਾ ਕਰਦੇ ਹਨ ॥੧॥ਰਹਾਉ॥

## ਹਉਮੈ ਮਾਰਿ; ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ; ਗੁਰ ਪਰਸਾਦੀ ਪਾਇਆ ॥

ਜਿਨ੍ਹਾਂ ਨੇ ਨਾਮ ਅੰਮ੍ਰਿਤ ਨੂੰ ਪੀ ਕੇ ਹਉਮੈ = ਹੰਗਤਾ ਮਮਤਾ ਨੂੰ ਮਾਰ ਕੇ ਬਜਰ = ਪੱਥਰ ਵਾਗੂੰ ਕਠੋਰ ਪੰਜਾਂ ਕੋਸ਼ਾਂ, ਆਸਾ ਅੰਦੇਸਾ, ਜੜਤਾ ਬਿਰਤੀ ਰੂਪ ਕਪਾਟ = ਤਖ਼ਤੇ ਗੁਰਾਂ ਤੋਂ ਗਿਆਨ ਪ੍ਰਾਪਤ ਕਰਕੇ ਖੁਲਾਇਆ = ਖੁਲਵਾਉਣਾ ਕੀਤੇ ਹਨ **ਵਾ:** ਦਸਮ ਦੁਆਰ ਵਿਚ ਜਾਣ ਲਈ ਖਟ ਚੱਕਰਾਂ ਰੂਪ ਬਜਰ ਤਖ਼ਤੇ ਖੁਲਵਾਉਣੇ ਕੀਤੇ ਹਨ।

ਇਹ ਅਮੋਲਕੁ = ਮੁੱਲ ਤੋਂ ਰਹਿਤ ਨਾਮ ਅੰਮ੍ਰਿਤ ਗੁਰਾਂ ਦੀ ਪਰਸਾਦੀ = ਕਿਰਪਾ ਕਰਕੇ ਹੀ ਪਾਇਆ ਜਾਂਦਾ ਹੈ।

## ਬਿਨੁ ਸਬਦੈ ਨਾਮੁ ਨ ਪਾਏ ਕੋਈ; ਗੁਰ ਕਿਰਪਾ ਮੰਨਿ ਵਸਾਵਣਿਆ ॥੨॥

ਗੁਰੂ ਦੇ ਸਬਦੈ = ਉਪਦੇਸ਼ ਕਮਾਏ ਤੋਂ ਬਿਨੁ = ਬਗ਼ੈਰ ਕੋਈ ਵੀ ਨਾਮ ਦੀ ਪ੍ਰਾਪਤੀ ਨ = ਨਹੀਂ ਕਰ ਸਕਦਾ, ਗੁਰ = ਸਤਿਗੁਰਾਂ ਨੇ ਆਪ ਹੀ ਕਿਰਪਾ = ਦਇਆ ਦ੍ਰਿਸ਼ਟੀ ਕਰਕੇ ਅਧਿਕਾਰੀ ਜਨਾਂ ਦੇ ਹਿਰਦੇ ਵਿਚ ਨਾਮ ਵਸਾਵਣਿਆ = ਵਸਾਉਣਾ ਕੀਤਾ ਹੈ ॥੨॥

## ਗੁਰ ਗਿਆਨ ਅੰਜਨੁ ਸਚੁ; ਨੇਤ੍ਰੀ ਪਾਇਆ ॥
## ਅੰਤਰਿ ਚਾਨਣੁ; ਅਗਿਆਨੁ ਅੰਧੇਰੁ ਗਵਾਇਆ ॥

ਗੁਰਾਂ ਨੇ ਅਪ੍ਰੋਖ ਗਿਆਨ ਰੂਪੀ ਸੱਚਾ ਅੰਜਨੁ = ਸੁਰਮਾ ਜਿਨ੍ਹਾਂ ਦੇ ਮਨ ਬੁੱਧ ਰੂਪ ਨੇਤਰਾਂ ਵਿਚ ਪਾਇਆ = ਪਾਉਣਾ ਕੀਤਾ ਹੈ। ਉਹਨਾਂ ਦੇ ਅੰਦਰੋਂ ਅਗਿਆਨ ਦਾ ਅੰਧੇਰੁ = ਅੰਧਕਾਰ ਗਵਾਇਆ = ਗਵਾ ਦਿੱਤਾ ਹੈ ਅਤੇ ਅੰਤਰਿ ਚਾਨਣੁ = ਅੰਤਸ਼ਕਰਣ ਵਿਚ ਗਿਆਨ ਦਾ ਪ੍ਰਕਾਸ਼ ਕਰ ਦਿੱਤਾ ਹੈ।

## ਜੋਤੀ ਜੋਤਿ ਮਿਲੀ, ਮਨੁ ਮਾਨਿਆ; ਹਰਿ ਦਰਿ ਸੋਭਾ ਪਾਵਣਿਆ ॥੩॥

ਉਨ੍ਹਾਂ ਦਾ ਮਨ ਪਰਮੇਸ਼ਰ ਵਿਚ ਮਾਨਿਆ = ਮੰਨ ਗਿਆ ਹੈ ਤੇ ਉਨ੍ਹਾਂ ਦੀ ਪ੍ਰਤਕ ਜੋਤ ਜੋਤੀ = ਅਦ੍ਵੈਤ ਰੂਪ ਜੋਤੀ ਸਰੂਪ ਵਿਚ ਮਿਲੀ = ਮਿਲ ਗਈ ਹੈ ਅਤੇ ਉਹ ਫੇਰ ਹਰੀ ਦੀ ਦਰਿ = ਦਰਗਾਹ ਭਾਵ ਸਚਖੰਡ ਵਿਚ ਸੋਭਾ = ਵਡਿਆਈ ਪਾਵਣਿਆ = ਪਾਉਂਦੇ ਹਨ ॥੩॥

## ਸਰੀਰਹੁ ਭਾਲਣਿ; ਕੋ ਬਾਹਰਿ ਜਾਏ ॥
## ਨਾਮੁ ਨ ਲਹੈ; ਬਹੁਤੁ ਵੇਗਾਰਿ ਦੁਖੁ ਪਾਏ ॥

ਇਸ ਸਰੀਰ ਵਿੱਚੋਂ ਪਰਮੇਸ਼ਰ ਨੂੰ ਭਾਲਣਿ = ਖੋਜਣ ਲਈ ਜਿਹੜੇ ਕੋ = ਕੋਈ ਬਾਹਰ ਜੰਗਲਾਂ ਵਿਚ ਜਾਏ = ਜਾਂਦੇ ਹਨ। ਉਹ ਪੁਰਸ਼ ਪਰਮੇਸ਼ਰ ਦਾ ਨਾਮ ਲਹੈ = ਪ੍ਰਾਪਤ ਨ = ਨਹੀਂ ਕਰ ਸਕਦੇ, ਸਗੋਂ ਵੇਗਾਰਿ = ਵੇਗਾਰੀਆਂ ਦੀ ਨਿਆਈਂ ਬਹੁਤ ਜ਼ਿਆਦਾ ਦੁੱਖ ਪਾਏ = ਪਾਉਂਦੇ ਹਨ **ਵਾ:** ਆਪਣਾ ਜੀਵਨ ਵੇਗਾਰਿ = ਵਿਗਾੜ ਕੇ ਅੰਤ ਨੂੰ ਬਹੁਤ ਹੀ ਦੁੱਖ ਪਾਉਣਾ ਕਰਨਗੇ **ਵਾ:** ਉਸ ਨੂੰ ਵੇਗਾਰਿ = ਵਿਗਾੜ ਕਰਨ ਵਾਲੇ ਵਿਕਾਰ ਚਿੰਬੜ ਜਾਣਗੇ।

## ਮਨਮੁਖ ਅੰਧੇ ਸੂਝੈ ਨਾਹੀ; ਫਿਰਿ ਘਿਰਿ ਆਇ, ਗੁਰਮੁਖਿ ਵਥੁ ਪਾਵਣਿਆ ॥੪॥

ਵੈਰਾਗ, ਬਿਬੇਕ ਰੂਪੀ ਨੇਤਰਾਂ ਤੋਂ ਬਿਨਾਂ ਮਨਮੁਖ ਅੰਧੇ = ਅਗਿਆਨੀਆਂ ਨੂੰ ਆਪਣਾ ਸਰੂਪ ਹੀ ਸੂਝੈ = ਸੁੱਝਦਾ ਭਾਵ ਦਿੱਸਦਾ ਨਹੀਂ ਹੈ, ਪਰ ਜੇਕਰ ਫਿਰਿ ਘਿਰਿ = ਮੁੜ ਘਿੜ ਕੇ ਸਤਿਸੰਗਤ ਵਿਚ ਆਇ = ਆ ਜਾਣ ਤਾਂ ਗੁਰਮੁਖਿ = ਮੁਖੀ ਗੁਰੂ ਸਾਹਿਬ ਤੋਂ ਗੁਰਮੁਖ ਬਣ ਕੇ ਆਤਮਾਨੰਦ ਰੂਪੀ ਵਥੁ = ਵਸਤੂ ਨੂੰ ਪਾਵਣਿਆ = ਪਾਉਣਾ ਕਰਨਗੇ ॥੪॥

## ਗੁਰ ਪਰਸਾਦੀ; ਸਚਾ ਹਰਿ ਪਾਏ ॥ ਮਨਿ ਤਨਿ ਵੇਖੈ; ਹਉਮੈ ਮੈਲੁ ਜਾਏ ॥

ਇਸ ਪ੍ਰਕਾਰ ਐਸੇ ਮਨਮੁਖ ਵੀ ਗੁਰਮੁਖ ਬਣ ਕੇ ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਸੱਚ ਸਰੂਪ ਹਰਿ = ਪਰਮੇਸ਼ਰ ਨੂੰ ਪਾਏ = ਪਾ ਲੈਂਦੇ ਹਨ।

ਉਹ ਮਨ ਤੇ ਤਨ ਵਿਚ ਪਰਮੇਸ਼ਰ ਦੀ ਜੋਤ ਨੂੰ ਵੇਖੈ = ਦੇਖ ਲੈਂਦੇ ਹਨ, ਜਿਸ ਕਰਕੇ ਉਨ੍ਹਾਂ ਦੇ ਹਿਰਦੇ ਵਿੱਚੋਂ ਹਉਮੈ = ਹੰਗਤਾ ਮਮਤਾ ਦੀ ਮੈਲ ਵੀ ਚਲੀ ਜਾਇ = ਜਾਂਦੀ ਹੈ।

## ਬੈਸਿ ਸੁਥਾਨਿ, ਸਦ ਹਰਿ ਗੁਣ ਗਾਵੈ; ਸਚੈ ਸਬਦਿ ਸਮਾਵਣਿਆ ॥੫॥

ਉਹ ਸੁਥਾਨਿ = ਸ੍ਰੇਸ਼ਟ ਸਾਧਸੰਗਤ ਰੂਪੀ ਅਸਥਾਨ ਵਿਚ ਬੈਠ ਕੇ ਸਦ = ਹਮੇਸ਼ਾ ਹੀ ਹਰਿ = ਪਰਮੇਸ਼ਰ ਦੇ ਗੁਣਾਂ ਨੂੰ ਗਾਵੈ = ਗਾਉਂਦੇ ਹਨ ਤੇ ਸਚੈ = ਸੱਚੇ ਗੁਰਾਂ ਦੇ ਸਬਦਿ = ਉਪਦੇਸ਼ ਕਰਕੇ ਪ੍ਰਭੂ ਵਿਚ ਸਮਾਵਣਿਆ = ਸਮਾ ਭਾਵ ਅਭੇਦ ਹੋ ਜਾਂਦੇ ਹਨ ॥੫॥

## ਨਉ ਦਰ ਠਾਕੇ; ਧਾਵਤੁ ਰਹਾਏ ॥ ਦਸਵੈ ਨਿਜ ਘਰਿ; ਵਾਸਾ ਪਾਏ ॥

ਜੋ ਨਉ = ਨੌਂ ਦਰ = ਦਰਵਾਜ਼ੇ ਰੂਪ ਗੋਲਕਾਂ ਨੂੰ ਵਿਸ਼ਿਆਂ ਵੱਲੋਂ ਠਾਕੇ = ਰੋਕ ਕੇ ਤੇ ਸੰਕਲਪਾਂ ਵਿਕਲਪਾਂ ਵਿਚ ਧਾਵਤੁ = ਦੌੜਦੇ ਹੋਏ ਮਨ ਨੂੰ ਰੋਕ ਕੇ ਰਹਾਏ = ਰੱਖਦੇ ਹਨ।

ਉਹ ਦਸਵੈ = ਦਸਵੇਂ ਨਿਜ ਸਰੂਪ ਰੂਪੀ ਘਰ ਵਿਚ ਵਾਸਾ = ਨਿਵਾਸ ਪਾਏ = ਪਾ ਲੈਂਦੇ ਹਨ।

## ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ; ਗੁਰਮਤੀ ਸਬਦੁ ਸੁਣਾਵਣਿਆ ॥੬॥

ਓਥੈ = ਉਥੇ ਦਸਵੇਂ ਨਿਜ ਸਰੂਪ ਰੂਪੀ ਘਰ ਵਿਚ ਦਿਨ ਰਾਤ ਅਨਹਦ = ਹੱਦ ਤੋਂ ਰਹਿਤ ਸਬਦ ਵਜਹਿ = ਵਜਦੇ ਹਨ, ਗੁਰਮਤੀ = ਗੁਰ ਸਿੱਖਿਆ ਦੁਆਰਾ ਹੀ ਉਹ ਪੁਰਸ਼ ਇਨ੍ਹਾਂ ਸ਼ਬਦਾਂ ਨੂੰ ਸੁਣਾਵਣਿਆ = ਸੁਨਣ ਵਾਸਤੇ ਆਉਂਦੇ ਹਨ **ਵਾ:** ਉਨ੍ਹਾਂ ਸ਼ਬਦਾਂ ਨੂੰ ਗੁਰ ਮਤੀਏ ਹੀ ਸੁਣਾਉਣਾ ਕਰਦੇ ਹਨ ॥੬॥

## ਬਿਨੁ ਸਬਦੈ; ਅੰਤਰਿ ਆਨੇਰਾ ॥ ਨ ਵਸਤੁ ਲਹੈ; ਨ ਚੂਕੈ ਫੇਰਾ ॥

ਸਤਿਗੁਰਾਂ ਦੇ ਸ਼ਬਦ ਦੀ ਕਮਾਈ ਕਰੇ ਤੋਂ ਬਿਨੁ = ਬਗ਼ੈਰ ਹਿਰਦੇ ਅੰਤਰਿ = ਅੰਦਰ ਅਗਿਆਨ ਦਾ ਆਨੇਰਾ = ਹਨੇਰਾ ਹੈ।

ਜਿਸ ਕਰਕੇ ਨਾ ਹੀ ਨਾਮ, ਬ੍ਰਹਮਾਨੰਦ ਰੂਪੀ ਵਸਤੂ ਲਹੈ = ਪ੍ਰਾਪਤ ਹੁੰਦੀ ਹੈ ਤੇ ਨਾ ਹੀ ਜੰਮਣ ਮਰਣ ਦਾ ਫੇਰ = ਗੇੜਾ ਚੂਕੈ = ਚੁੱਕਿਆ ਜਾਂਦਾ ਹੈ ਭਾਵ ਮੁੱਕਦਾ ਹੈ।

**ਸਾਖੀ—ਭਾਈ ਰਣਧੀਰ ਸਿੰਘ ਜੀ ਦੀ :** ਅਲਤਾਬਾਦ ਦੀ ਗੱਲ ਹੈ ਕਿ ਇਕ ਵਾਰੀ ਭਾਈ ਰਣਧੀਰ ਸਿੰਘ ਜੀ ਜੋ ਨਾਰੰਗਵਾਲ ਦੇ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੇ ਪੰਥ ਵਾਸਤੇ ਦਸ ਸਾਲ ਜੇਲ੍ਹ ਕੱਟੀ, ਉਹਨਾਂ 'ਤੇ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੁਣ ਦਾ ਤੇ ਸਰਕਾਰ ਤੋਂ ਬਾਗ਼ੀ ਹੋਣ ਦਾ ਦੋਸ਼ ਸੀ। ਭਾਈ ਸਾਹਿਬ

ਜੀ ਜਦੋਂ ਕਾਲਜ ਪੜ੍ਹਦੇ ਸੀ, ਪਹਿਲਾਂ ਲਾਹੌਰ ਪੜ੍ਹੇ ਸੀ ਫੇਰ ਅਲਤਾਬਾਦ, ਉਹਨਾਂ ਦਾ ਮਿਲਾਪ ਇਕ ਗੁਰੂ ਕਹਾਉਣ ਵਾਲੇ ਵਿਅਕਤੀ ਨਾਲ ਹੋਇਆ ਜੋ ਕਹਿੰਦਾ ਸੀ ਜਿਵੇਂ ਖਜੂਰ ਨੂੰ ਖਜੂਰਾਂ ਲੱਗੀਆਂ ਹੁੰਦੀਆਂ ਹਨ, ਇਉਂ ਦਸਵੇਂ ਦੁਆਰ ਵਿਚ ਲੱਗੇ ਹੋਏ ਸੂਰਜ ਦਿਸਦੇ ਹਨ। ਭਾਈ ਸਾਹਿਬ ਜੀ ਨੇ ਸੁਣ ਕੇ ਵਿਚਾਰਿਆ ਕਿ ਇਹ ਗੱਲ ਨਹੀਂ ਹੋ ਸਕਦੀ। ਭਾਈ ਰਣਧੀਰ ਸਿੰਘ ਜੀ ਨੇ ਉਹਨਾਂ ਦੀ ਘੜੀ ਚੁੱਕ ਕੇ ਜੇਬ ਵਿਚ ਪਾ ਲਈ ਤੇ ਫੇਰ ਸੋਚਿਆ ਕਿ ਮੈਨੂੰ ਹੀ ਚੋਰ ਨਾ ਬਣਾ ਦੇਣ। ਉਹਨਾਂ ਅੱਖ ਬਚਾ ਕੇ ਘੜੀ ਪਿਛਲੇ ਪਾਸੇ ਰੱਖ ਦਿੱਤੀ। ਜਦੋਂ ਉਹਨਾਂ ਦਾ ਲਾਂਗਰੀ ਸੇਵਾਦਾਰ ਆਇਆ, ਉਸ ਨੇ ਆ ਕੇ ਕਿਹਾ—ਮਹਾਰਾਜ ! ਭੋਜਨ ਤਿਆਰ ਹੈ। ਇਹ ਸਹੀ ਟਾਇਮ 'ਤੇ ਘੜੀ ਵੇਖ ਕੇ ਭੋਜਨ ਖਾਂਦੇ ਸੀ। ਜਦੋਂ ਧਿਆਨ ਘੜੀ ਵੱਲ ਗਿਆ ਤਾਂ ਲੱਭਣ ਲੱਗ ਪਏ। ਜਦੋਂ ਪਰੇਸ਼ਾਨ ਹੋ ਕੇ ਇੱਧਰ ਉਧਰ ਤੱਕਣ ਲੱਗੇ ਤਾਂ ਭਾਈ ਸਾਹਿਬ ਜੀ ਨੇ ਕਿਹਾ ਕਿ ਤੁਸੀਂ ਚੇਲਿਆਂ ਨੂੰ ਦਸਵੇਂ ਦੁਆਰ ਵਿਚ ਕਰੋੜਾਂ ਸੂਰਜ ਦਿਖਾ ਦਿੰਦੇ ਹੋ, ਤੁਹਾਨੂੰ ਘੜੀ ਦਾ ਪਤਾ ਨਹੀਂ ਕਿਥੇ ਹੈ ? ਭਾਈ ਸਾਹਿਬ ਜੀ ਨੇ ਕਿਹਾ ਕਿ ਜੋ ਆਪਣੀ ਖੋਈ ਘੜੀ ਨਹੀਂ ਲੱਭ ਸਕਦਾ, ਉਹ ਦੂਸਰਿਆਂ ਨੂੰ ਕੀ ਕਰੋੜਾਂ ਸੂਰਜ ਦਿਖਾਏਗਾ। ਐਸੇ ਪਾਖੰਡ ਨੂੰ ਗੁਰੂ ਸਾਹਿਬ ਜੀ ਨੇ ਇਸ ਪ੍ਰਕਾਰ ਲਿਖਿਆ ਹੈ, ਜੈਸਾ ਕਿ :

**ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥** *(ਧਨਾਸਰੀ ਮ: ੧, ਅੰਗ ੬੬੩)*

## ਸਤਿਗੁਰ ਹਥਿ ਕੁੰਜੀ, ਹੋਰਤੁ ਦਰੁ ਖੁਲੈ ਨਾਹੀ; ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥

ਸਤਿਗੁਰਾਂ ਦੇ ਹੱਥ ਵਿਚ ਬ੍ਰਹਮ ਵਿੱਦਿਆ, ਭਗਤੀ ਰੂਪੀ ਕੁੰਜੀ = ਚਾਬੀ ਹੈ, ਜਿਸ ਤੋਂ ਬਿਨ੍ਹਾਂ ਕਿਸੇ ਹੋਰਤੁ = ਹੋਰ ਤਰੀਕੇ ਨਾਲ ਪੰਜਾਂ ਕੋਸ਼ਾਂ, ਆਸਾ ਅੰਦੇਸ਼ਾਂ ਰੂਪੀ ਦਰੁ = ਦਰਵਾਜ਼ੇ ਤੇ ਅਗਿਆਨ ਰੂਪੀ ਜ਼ਿੰਦਰਾ ਖੁਲੈ = ਖੁੱਲਦਾ ਨਾਹੀ = ਨਹੀਂ ਹੈ **ਵਾ:** ਸਤਿਗੁਰਾਂ ਦੇ ਹੱਥ ਵਿਚ ਪ੍ਰਾਣਾਯਾਮ ਰੂਪੀ ਕੁੰਜੀ ਹੈ, ਹੋਰ ਕਿਸੇ ਪਾਸੋਂ ਵੀ ਖਟ ਚੱਕਰਾਂ ਰੂਪੀ ਦਰਵਾਜ਼ਾ ਖੁੱਲਦਾ ਨਹੀਂ ਹੈ। ਜਿਨ੍ਹਾਂ ਦੇ ਪੂਰੇ = ਪੂਰਨ ਭਾਗ ਹੋਣ, ਉਨ੍ਹਾਂ ਨੂੰ ਗੁਰੁ = ਸਤਿਗੁਰੂ ਜੀ ਦਾ ਮਿਲਾਵਣਿਆ = ਮਿਲਾਪ ਹੁੰਦਾ ਹੈ ॥੭॥

## ਗੁਪਤੁ ਪਰਗਟੁ; ਤੂੰ ਸਭਨੀ ਥਾਈ ॥ ਗੁਰ ਪਰਸਾਦੀ; ਮਿਲਿ ਸੋਝੀ ਪਾਈ ॥

ਗੁਪਤ ਰੂਹਾਂ, ਭਾਵ ਸੂਖਮ ਰੂਹਾਂ ਅਤੇ ਪਰਗਟੁ = ਪ੍ਰਤੱਖ ਸਰੀਰਾਂ ਆਦਿ ਵਿਚ ਤੂੰ ਸਭਨੀ = ਸਾਰੇ ਥਾਈ = ਥਾਵਾਂ ਵਿਚ ਹੈਂ। ਭਾਵੇਂ ਕੋਈ ਗਿਆਨੀ ਹੈ, ਭਾਵੇਂ ਅਗਿਆਨੀ ਹੈ, ਉਹਨਾਂ ਵਿਚ ਵੀ ਹੇ ਪਰਮੇਸ਼ਰ ! ਤੂੰ ਹੈਂ। ਜਿਵੇਂ ਪੂਰਨਮਾਸ਼ੀ ਦਾ ਚੰਦਰਮਾ ਚੜ੍ਹਿਆ ਪ੍ਰਿਥਵੀ 'ਤੇ ਸਭ ਨੂੰ ਦਿੱਸਦਾ ਹੈ, ਮੱਸਿਆ ਦੀ ਰਾਤ ਨੂੰ ਚੰਦਰਮਾ ਹੁੰਦਾ ਤਾਂ ਆਕਾਸ਼ ਵਿਚ ਹੀ ਹੈ ਪਰ ਦਿੱਸਦਾ ਨਹੀਂ ਹੈ। ਇਸੇ ਪ੍ਰਕਾਰ ਜਿਵੇਂ ਆਕਾਸ਼ ਵਿਚ ਚੰਦਰਮਾ ਗੁਪਤ ਰਹਿੰਦਾ ਹੈ, ਅਗਿਆਨੀਆਂ ਦੇ ਮਨ ਮੱਸਿਆ ਦੀ ਅੰਧੇਰੀ ਰਾਤ ਵਾਂਗ ਹਨ। ਚੰਦਰਮਾ ਦੀ ਨਿਆਈਂ ਹਿਰਦੇ ਆਕਾਸ਼ ਵਿਚ ਬ੍ਰਹਮ ਦੀ ਜੋਤ ਗੁਪਤ ਰੂਪ ਵਿਚ ਹੈ। ਉਸ ਦਾ ਉਹਨਾਂ ਨੂੰ ਪ੍ਰਕਾਸ਼ ਨਹੀਂ ਦਿੱਸਦਾ। ਗੁਰਮੁਖਾਂ ਦੇ ਹਿਰਦੇ ਵਿਚ ਪੂਰਨਮਾਸ਼ੀ ਦੀ ਰਾਤ ਦੀ ਨਿਆਈਂ ਬ੍ਰਹਮ ਰੂਪ ਚੰਦਰਮਾ ਪਰਗਟ ਹੈ। ਇਸ ਪ੍ਰਕਾਰ ਹੇ ਵਾਹਿਗੁਰੂ ! ਤੂੰ ਹੈਂ ਤਾਂ ਸਭਨੀ ਥਾਈਂ ਪਰ ਗੁਰਮੁਖਾਂ ਨੂੰ ਗਿਆਨ ਦੁਆਰਾ ਦਿਸਦਾ ਹੈਂ। ਮਨਮੁਖਾਂ ਨੂੰ ਅਗਿਆਨ ਕਰਕੇ ਗੁਪਤੁ = ਲੁਕਿਆ ਹੋਇਆ ਹੈਂ। ਜਿਹੜੇ ਸਤਿਗੁਰਾਂ ਦੀ ਪਰਸਾਦੀ = ਕ੍ਰਿਪਾ ਨਾਲ ਮਿਲੇ ਹਨ, ਉਹਨਾਂ ਨੇ ਗਿਆਨ ਦੀ ਸੋਝੀ = ਗਿਆਤ ਪਾਈ = ਪ੍ਰਾਪਤ ਕੀਤੀ ਹੈ।

## ਨਾਨਕ, ਨਾਮੁ ਸਲਾਹਿ ਸਦਾ ਤੂੰ; ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪਿਆਰਿਆ ! ਤੂੰ ਸਦਾ = ਹਮੇਸ਼ਾ ਹੀ ਨਾਮ ਦੁਆਰਾ ਪਰਮੇਸ਼ਰ

ਨੂੰ ਸਲਾਹਿਆ ਕਰ ਭਾਵ ਨਾਮ ਦੁਆਰਾ ਪਰਮੇਸ਼ਰ ਦੀ ਸਲਾਹਿ = ਸ਼ਲਾਘਾ ਕਰਿਆ ਕਰ। ਗੁਰਮੁਖਾਂ ਦੀ ਸੰਗਤ ਕਰ ਕੇ ਪਰਮੇਸ਼ਰ ਦਾ ਨਾਮ ਮਨ ਵਿਚ ਵਸਾਵਣਿਆ = ਵਸਾਇਆ ਕਰ ॥੮॥੨੪॥੨੫॥

## ਮਾਝ ਮਹਲਾ ੩ ॥

## ਗੁਰਮੁਖਿ ਮਿਲੈ; ਮਿਲਾਏ ਆਪੇ ॥ ਕਾਲੁ ਨ ਜੋਹੈ; ਦੁਖੁ ਨ ਸੰਤਾਪੇ ॥

ਗੁਰਮੁਖ ਜਨ ਵਾਹਿਗੁਰੂ ਨਾਲ ਮਿਲੈ = ਮਿਲੇ ਹੋਏ ਹਨ ਤੇ ਵਾਹਿਗੁਰੂ ਨੇ ਉਨ੍ਹਾਂ ਨੂੰ ਆਪੇ = ਆਪ ਹੀ ਆਪਣੇ ਸਰੂਪ ਨਾਲ ਮਿਲਾਏ = ਮਿਲਾਉਣਾ ਕੀਤਾ ਹੈ **ਵਾ:** ਜੋ ਮੁਖੀ ਗੁਰਾਂ ਦੀ ਸੰਗਤ ਨਾਲ ਮਿਲੈ = ਮਿਲਦੇ ਹਨ ਉਨ੍ਹਾਂ ਨੂੰ ਸਤਿਗੁਰੂ ਜੀ ਆਪ ਹੀ ਪਰਮੇਸ਼ਰ ਨਾਲ ਮਿਲਾ ਦਿੰਦੇ ਹਨ। ਉਨ੍ਹਾਂ ਨੂੰ ਕਾਲ ਬੁਰੀ ਨਿਗਾਹ ਨਾਲ ਜੋਹੈ = ਦੇਖ ਵੀ ਨਹੀਂ ਸਕਦਾ ਤੇ ਜੰਮਣ ਮਰਣ ਦੇ ਦੁੱਖਾਂ ਤੋਂ ਸੰਤਾਪੇ = ਦੁੱਖੀ ਨਹੀਂ ਹੁੰਦੇ।

## ਹਉਮੈ ਮਾਰਿ, ਬੰਧਨ ਸਭ ਤੋੜੈ; ਗੁਰਮੁਖਿ ਸਬਦਿ ਸੁਹਾਵਣਿਆ ॥੧॥

ਉਨ੍ਹਾਂ ਨੇ ਦੇਹ ਦੀ ਹਉਮੈ = ਹੰਗਤਾ ਮਾਰ ਕੇ ਕਰਤਾ ਭੁਗਤਾ, ਜੰਮਣ ਮਰਣ ਆਦਿ ਦੇ ਸਭ = ਸਾਰੇ ਬੰਧਨ ਤੋੜੈ = ਤੋੜ ਲਏ ਹਨ ਅਤੇ ਉਹ ਗੁਰਮੁਖਿ ਗੁਰਾਂ ਦੇ ਸਬਦਿ = ਉਪਦੇਸ਼ ਕਰਕੇ ਹੀ ਸੁਹਾਵਣਿਆ = ਸ਼ੋਭਨੀਕ ਹੋ ਰਹੇ ਹਨ ॥੧॥

## ਹਉ ਵਾਰੀ, ਜੀਉ ਵਾਰੀ; ਹਰਿ ਹਰਿ ਨਾਮਿ ਸੁਹਾਵਣਿਆ ॥

ਹਉ = ਮੈਂ ਉਨ੍ਹਾਂ ਤੋਂ ਤਨ ਕਰਕੇ ਵਾਰਨੇ ਅਤੇ ਜੀਉ = ਜੀਅ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ। ਜੋ ਹਰਿ = ਪਰਮੇਸ਼ਰ ਦੇ ਹਰਿ = ਹਰ ਵੇਲੇ ਨਾਮ ਨੂੰ ਜਪਣ ਕਰਕੇ ਸੁਹਾਵਣਿਆ = ਸ਼ੋਭਨੀਕ ਹੋਏ ਹਨ, ਕਿਉਂਕਿ ਨਾਮ ਦੁਆਰਾ ਹੀ ਨਾਮ ਜਪਣ ਵਾਲੇ ਸ਼ੋਭਨੀਕ ਹੁੰਦੇ ਹਨ।

[ਅੰਗ ੧੨੫]

## ਗੁਰਮੁਖਿ ਗਾਵੈ, ਗੁਰਮੁਖਿ ਨਾਚੈ; ਹਰਿ ਸੇਤੀ ਚਿਤੁ ਲਾਵਣਿਆ ॥੧॥ਰਹਾਉ॥

ਗੁਰਮੁਖ ਜਨ ਪਰਮੇਸ਼ਰ ਦੇ ਗੁਣਾਂ ਨੂੰ ਰਸਨਾ ਨਾਲ ਗਾਵੈ = ਗਾਇਨ ਕਰਦੇ ਹਨ ਤੇ ਗੁਰਮੁਖ ਨਾਮ, ਸੱਤ ਅਸੱਤ ਦਾ ਨਿਰਨਾ ਕਰਨ ਰੂਪ ਨਾਚੈ = ਨਿਰਤਕਾਰੀ ਕਰਦੇ ਹਨ **ਵਾ:** ਗੁਰਮੁਖ ਜਨ ਗੁਰਮੁਖਤਾਈ ਵਿਚ ਪਰਮੇਸ਼ਰ ਦਾ ਜੱਸ ਗਾਉਂਦੇ ਹਨ ਤੇ ਗੁਰਮੁਖਤਾਈ ਕਰਕੇ ਹਿਰਦੇ ਵਿਚ ਸਿਮਰਨ ਕਰਨ ਰੂਪ ਨਾਚੈ = ਨੱਚਦੇ ਹਨ ਭਾਵ ਜੋ ਸਿਮਰਨ ਤੋਂ ਅਨੰਦ ਪ੍ਰਾਪਤ ਹੁੰਦਾ ਹੈ, ਇਹੋ ਹੀ ਉਨ੍ਹਾਂ ਦਾ ਨੱਚਣ ਦੀ ਨਿਆਈਂ ਹੈ ਅਤੇ ਹਰ ਵਕਤ ਹਰਿ = ਪਰਮੇਸ਼ਰ ਦੇ ਸੇਤੀ = ਨਾਲ ਚਿੱਤ ਦੀ ਬਿਰਤੀ ਨੂੰ ਲਾਵਣਿਆ = ਲਾਉਂਦੇ ਹਨ ਭਾਵ ਜੋੜੀ ਰੱਖਦੇ ਹਨ ॥੧॥ਰਹਾਉ॥

## ਗੁਰਮੁਖਿ; ਜੀਵੈ ਮਰੈ ਪਰਵਾਣੁ ॥ ਆਰਜਾ ਨ ਛੀਜੈ; ਸਬਦੁ ਪਛਾਣੁ ॥

ਗੁਰਮੁਖ ਸਰੀਰ ਕਰਕੇ ਜੀਵੈ = ਜਿਉਂਦੇ ਵੀ ਪ੍ਰਮਾਣੀਕ ਹਨ ਜੋ ਲੱਖਾਂ ਪ੍ਰਾਣੀਆਂ ਨੂੰ ਵਾਹਿਗੁਰੂ ਨਾਲ ਜੋੜਦੇ ਰਹਿੰਦੇ ਹਨ ਅਤੇ ਜੇ ਮਰੈ = ਮਰ ਜਾਣ ਭਾਵ ਸਰੀਰ ਛੱਡ ਜਾਣ ਤਾਂ ਵੀ ਪ੍ਰਮਾਣੀਕ ਹਨ ਕਿਉਂਕਿ ਉਹ ਵਾਹਿਗੁਰੂ ਦੀ ਜੋਤਿ ਵਿਚ ਮਿਲ ਜਾਂਦੇ ਹਨ ਅਤੇ ਜੋ ਪਿਛਲੇ ਗੁਰਮੁਖਾਂ ਦਾ ਸੰਗ ਕਰਨ ਵਾਲੇ ਹਨ, ਉਹਨਾਂ ਨੂੰ ਵੈਰਾਗ ਹੋ ਜਾਂਦਾ ਹੈ। ਵੈਰਾਗ ਕਰਕੇ ਕਮਾਈ ਕਰਕੇ ਉਹ ਵੀ ਉੱਚੇ ਜੀਵਨ ਵਾਲੇ ਹੋ ਜਾਂਦੇ ਹਨ। ਇਸ ਤਰ੍ਹਾਂ ਗੁਰਮੁਖ ਪ੍ਰਮਾਣੀਕ ਹਨ **ਵਾ:** ਗੁਰਮੁਖ ਜੀਵੈ = ਜੀਵਤ ਭਾਵ ਤੋਂ ਮਰੈ = ਮਰੇ ਹੋਏ ਹਨ ਅਤੇ ਉਹ ਹਰੀ ਵਾਹਿਗੁਰੂ ਦੀ ਦਰਗਾਹ ਵਿਚ ਪਰਵਾਣੁ = ਪ੍ਰਮਾਣੀਕ ਹਨ।

ਜਿਨ੍ਹਾਂ ਗੁਰਮੁਖਾਂ ਨੇ ਸਬਦੁ = ਬ੍ਰਹਮ ਨੂੰ ਪਛਾਣ ਲਿਆ ਹੈ, ਉਹਨਾਂ ਗੁਰਮੁਖਾਂ ਦੀ ਆਰਜਾ = ਉਮਰ ਛੀਜੈ = ਨਾਸ਼ ਨ = ਨਹੀਂ ਹੁੰਦੀ, ਭਾਵ ਨਿਸਫਲ ਨਹੀਂ ਹੁੰਦੀ। **ਵਾ:** ਗੁਰਮੁਖਾਂ ਦੀ ਆਰਜਾ = ਸ੍ਰੇਸ਼ਟਤਾਈ ਛੀਜੈ = ਨਾਸ਼ ਨਹੀਂ ਹੁੰਦੀ। ਸਬਦੁ = ਬ੍ਰਹਮ ਨੂੰ ਪਛਾਣ ਕਰਕੇ ਹਰੀ ਵਾਹਿਗੁਰੂ ਦੀ ਜੋਤਿ ਵਿਚ ਮਿਲੇ ਹੋਏ ਹਨ। ਭਾਈ ਨੰਦ ਲਾਲ ਜੀ ਦੀ ਗ਼ਜ਼ਲ ਦਾ ਅਨੁਵਾਦ ਮੇਘਰਾਜ ਜੀ ਨੇ ਉਚਾਰਦਿਆਂ ਇਸ ਪ੍ਰਕਾਰ ਲਿਖਿਆ ਹੈ ਜੈਸਾ ਕਿ :

**ਉਮਰ ਊਹਾ ਵਿਚ ਲੇਖੇ ਜੋ ਯਾਦ ਸਾਂਈ ਵਿਚ ਗੁਜ਼ਰੇ ਪੈਂਦੀ ਮੁਜਰੇ ॥** *(ਭਾਈ ਨੰਦ ਲਾਲ ਜੀ)*

## ਗੁਰਮੁਖਿ ਮਰੈ ਨ, ਕਾਲੁ ਨ ਖਾਏ; ਗੁਰਮੁਖਿ ਸਚਿ ਸਮਾਵਣਿਆ ॥੨॥

ਗੁਰਮੁਖ ਮਰੈ = ਮਰਦੇ ਨ = ਨਹੀਂ ਭਾਵ ਮੌਤ ਕਰਕੇ ਮਰਦੇ ਨਹੀਂ ਉਹਨਾਂ ਨੂੰ ਕਾਲ ਖਾਏ = ਖਾ ਨ = ਨਹੀਂ ਸਕਦਾ। ਗੁਰਮੁਖ ਤਾਂ ਸੱਚੇ ਅਕਾਲ ਪੁਰਖ ਵਾਹਿਗੁਰੂ ਨਾਲ ਜਿਉਂਦੇ ਹੀ ਮਿਲੇ ਹੋਏ ਹਨ, ਉਹਨਾਂ ਨੂੰ ਕਾਲ ਨੇ ਕੀ ਖਾਣਾ ਹੈ ? ਗੁਰਮੁਖ ਤਾਂ ਸੱਚ ਸਰੂਪ ਵਿਚ ਸਮਾਵਣਿਆ = ਸਮਾਏ ਹੋਏ ਹਨ, ਅਭੇਦ ਹੋਏ ਹਨ। ਜਿਸ ਪ੍ਰਕਾਰ ਜਿਥੇ ਅੱਗ ਮੱਚਦੀ ਹੋਵੇ, ਉਤਨਾ ਚਿਰ ਅੱਗ 'ਤੇ ਕਾਰਜ ਕਰੀਦਾ ਹੈ ਪਰ ਜਦੋਂ ਅੱਗ ਬੁਝਾ ਦੇਈਏ ਤਾਂ ਕੁਝ ਸਮੇਂ ਤੱਕ ਹੀ ਚੁੱਲ੍ਹਾ ਗਰਮ ਰਹਿੰਦਾ ਹੈ। ਤਵਾ ਵੀ ਕੁਝ ਸਮੇਂ ਲਈ ਗਰਮ ਰਹਿੰਦਾ ਹੈ ਪਰ ਅੱਗ ਨਹੀਂ ਹੁੰਦੀ। ਇਸੇ ਪ੍ਰਕਾਰ ਸਰੀਰ ਪ੍ਰਾਲਬਧ ਰੂਪੀ ਗਰਮੀ ਕਰਕੇ ਗਰਮ ਰਹਿੰਦਾ ਹੈ। ਗੁਰਮੁਖਾਂ ਨੂੰ ਤ੍ਰਿਸ਼ਨਾ ਦੀ ਅੱਗ, ਕਾਲ ਦੀ ਅੱਗ, ਮੌਤ ਦੀ ਅੱਗ ਸਾੜ ਨਹੀਂ ਸਕਦੀ। ਗੁਰਮੁਖ ਤਾਂ ਸੱਚੇ ਅਕਾਲ ਪੁਰਖ ਵਿਚ ਹੀ ਅਭੇਦ ਰਹਿੰਦੇ ਹਨ ॥੨॥

## ਗੁਰਮੁਖਿ; ਹਰਿ ਦਰਿ ਸੋਭਾ ਪਾਏ ॥ ਗੁਰਮੁਖਿ; ਵਿਚਹੁ ਆਪੁ ਗਵਾਏ ॥

ਉਪਾਸਕ ਬਿਰਤੀ ਵਾਲੇ ਗੁਰਮੁਖ ਜਨ ਹਰਿ = ਹਰੀ ਅਕਾਲ ਪੁਰਖ ਦੀ ਦਰਿ = ਦਰਗਾਹ ਵਿਚ ਸੋਭਾ = ਵਡਿਆਈ ਪਾਏ = ਪਾਉਂਦੇ ਹਨ। ਗੁਰਮੁਖ ਆਪਣੇ ਹਿਰਦੇ ਵਿਚਹੁ = ਅੰਦਰੋਂ ਆਪੁ = ਆਪਾ- ਭਾਵ **ਵਾ:** ਹੰਕਾਰ ਨੂੰ ਗਵਾਏ = ਗਵਾਉਂਦੇ ਹਨ।

## ਆਪਿ ਤਰੈ, ਕੁਲ ਸਗਲੇ ਤਾਰੇ; ਗੁਰਮੁਖਿ ਜਨਮੁ ਸਵਾਰਣਿਆ ॥੩॥

ਗੁਰਮੁਖ ਆਪ ਵੀ ਤਰੈ = ਮੁਕਤ ਹੋ ਜਾਂਦੇ ਹਨ ਅਤੇ ਸਗਲੇ = ਸਾਰੀਆਂ ਕੁਲਾਂ ਨੂੰ ਵੀ ਤਾਰੇ = ਤਾਰ ਲੈਂਦੇ ਹਨ, ਗੁਰਮੁਖ ਆਪਣੇ ਮਨੁੱਖਾ ਜਨਮ ਨੂੰ ਸਵਾਰਣਿਆ = ਸਵਾਰ ਲੈਂਦੇ ਹਨ ਅਤੇ ਹੋਰਨਾਂ ਦੇ ਮਨੁੱਖਾ ਜਨਮਾਂ ਨੂੰ ਵੀ ਸਵਾਰ ਦਿੰਦੇ ਹਨ ॥੩॥

## ਗੁਰਮੁਖਿ; ਦੁਖੁ ਕਦੇ ਨ ਲਗੈ ਸਰੀਰਿ ॥

ਗੁਰਮੁਖਾਂ ਦੇ ਸੂਖਮ ਸਰੀਰ ਨੂੰ ਕਦੇ ਵੀ ਦੁੱਖ ਨਹੀਂ ਲਗੈ = ਲੱਗਦਾ ਭਾਵ ਤਤੀਕਸ਼ਾ ਬਿਰਤੀ ਹੋਣ ਕਰਕੇ ਬਿਰਤੀ ਦੁੱਖ-ਸੁੱਖ ਵਿਚ ਸਮਾਨ ਰਹਿੰਦੀ ਹੈ। ਜਿਵੇਂ :

**ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ॥** *(ਸਲੋਕ ਮ: ੩, ਅੰਗ ੬੪੪)*

ਗੁਰਮੁਖਾਂ ਦੇ ਸਰੀਰ ਨੂੰ ਕੋਹਲੂ ਵਿਚ ਵੀ ਪੀੜ ਦੇਵੇ, ਕੋਈ ਐਸਾ ਸਰੀਰ ਦਾ ਦੁਸ਼ਮਣ ਸਰੀਰ ਨੂੰ ਦੁੱਖ ਦੇਣਾ ਚਾਹੇ, ਫੇਰ ਵੀ ਉਹ ਗੁਰੂ ਪਰਮੇਸ਼ਰ ਦੀ ਪ੍ਰੀਤ ਨਹੀਂ ਛੱਡਦੇ। ਜਿਵੇਂ ਭਾਈ ਮਤੀਦਾਸ ਜੀ ਆਰੇ ਨਾਲ ਚੀਰੇ ਗਏ, ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ। ਗੁਰੂ ਸਾਹਿਬ ਜੀ ਦੇ ਪਿੰਜਰੇ ਵੱਲ ਹੀ ਵੇਖਦਿਆਂ ਵੇਖਦਿਆਂ ਸ਼ਹੀਦੀ ਪ੍ਰਾਪਤ ਕੀਤੀ। ਇਸੇ ਤਰ੍ਹਾਂ ਗੁਰਮੁਖ ਭਾਈ ਮਨੀ ਸਿੰਘ ਸਾਹਿਬ ਜੀ ਜੋ ਬ੍ਰਹਮ ਗਿਆਨ ਵਿਚ ਇਸਥਿਤ

ਸਨ, ਉਸ ਵੇਲੇ ਜੱਲਾਦ ਨੇ ਆਪ ਜੀ ਦੇ ਗੁੱਟ ਉੱਤੇ ਸ਼ਸਤਰ ਦਾ ਮਾਰਨਾ ਕੀਤਾ ਤਾਂ ਭਾਈ ਮਨੀ ਸਿੰਘ ਜੀ ਨੇ ਕਿਹਾ ਸੀ ਕਿ ਹੇ ਜੱਲਾਦ! ਤੈਨੂੰ ਤੇਰੀ ਸਰਕਾਰ ਵੱਲੋਂ ਮੇਰੇ ਬੰਦ ਬੰਦ ਕੱਟਣ ਦਾ ਹੁਕਮ ਹੈ। ਤੂੰ ਕਾਹਲੀ ਕਿਉਂ ਕਰਦਾ ਹੈਂ। ਕਾਜ਼ੀ ਦੇ ਫ਼ਤਵੇ ਅਨੁਸਾਰ ਬੰਦ ਬੰਦ ਕੱਟਣ ਦਾ ਹੁਕਮ ਹੈ। ਮੇਰੀਆਂ ਉਂਗਲਾਂ ਦੇ ਤਿੰਨ ਬੰਦ ਹਨ। ਪਹਿਲਾਂ ਤਿੰਨ ਵਾਰ ਉਂਗਲਾਂ ਦੇ ਬੰਦ ਕੱਟ ਤੇ ਫੇਰ ਚੌਥਾ ਵਾਰ ਗੁੱਟ 'ਤੇ ਲਾਈਂ। ਇਹ ਸੁਣ ਕੇ ਜੱਲਾਦ ਨੇ ਤੌਬਾ ਕੀਤੀ। ਸਰਕਾਰ ਨੂੰ ਕਿਹਾ ਕਿ ਮੈਂ ਅੱਜ ਤੋਂ ਜੱਲਾਦਪੁਣਾ ਨਹੀਂ ਕਰਨਾ। ਜੱਲਾਦ ਵੀ ਭਾਈ ਸਾਹਿਬ ਜੀ ਦੀ ਕੁਰਬਾਨੀ 'ਤੇ ਵੈਰਾਗ ਵਿਚ ਆ ਗਿਆ ਸੀ। ਫਿਰ ਦੂਸਰੇ ਜੱਲਾਦ ਨੂੰ ਸਰਕਾਰ ਨੇ ਹੁਕਮ ਕੀਤਾ। ਫੇਰ ਉਸ ਨੇ ਪਹਿਲਾਂ ਉਂਗਲਾਂ ਦੇ ਤਿੰਨ ਵਾਰ ਬੰਦ ਕੱਟ ਕੇ ਫੇਰ ਗੁੱਟ 'ਤੇ ਵਾਰ ਕੀਤਾ ਸੀ। ਭਾਈ ਮਨੀ ਸਿੰਘ ਜੀ ਸੁਖਮਨੀ ਸਾਹਿਬ ਜੀ ਦਾ ਪਾਠ ਕਰਦੇ ਰਹੇ। ਨੌਵੀਂ ਅਸ਼ਟਪਦੀ ਤੱਕ ਸਰੀਰ ਨਿੱਕੇ ਨਿੱਕੇ ਬੋਟੀਆਂ ਦੇ ਰੂਪ ਵਿਚ ਧਰਤੀ 'ਤੇ ਖਿਲਰਿਆ ਪਿਆ ਸੀ। ਸੰਪੂਰਨ ਸੁਖਮਨੀ ਸਾਹਿਬ ਦੇ ਪਾਠ ਦੀ ਸਾਰੇ ਟੋਟਿਆਂ ਵਿੱਚੋਂ ਆਵਾਜ਼ ਆਉਂਦੀ ਰਹੀ ਸੀ। ਭਾਈ ਮਤੀ ਦਾਸ ਅਸੰਖ ਜਪੁ ਦੀ ਪਉੜੀ 'ਤੇ ਦੋ ਫਾੜ ਹੋ ਚੁੱਕੇ ਸਨ। ਦੋਨਾਂ ਫਾੜਿਆਂ ਵਿੱਚੋਂ ਸੰਪੂਰਨ ਜਪੁ ਜੀ ਸਾਹਿਬ ਦਾ ਪਾਠ ਹੁੰਦਾ ਰਿਹਾ ਸੀ। ਇਉਂ ਗੁਰਮੁਖਾਂ ਨੇ ਭਾਈ ਮਨੀ ਸਿੰਘ ਜੀ ਤੇ ਭਾਈ ਮਤੀ ਦਾਸ ਜੀ ਨੇ ਇਹਨਾਂ ਅਰਥਾਂ ਨੂੰ ਆਪਣੇ ਸਰੀਰ 'ਤੇ ਹੰਢਾ ਕੇ ਸਾਬਤ ਕੀਤਾ ਕਿ ਗੁਰਮੁਖਾਂ ਨੂੰ ਸਰੀਰ ਦਾ ਦੁੱਖ ਮਨ ਕਰਕੇ ਨਹੀਂ ਲੱਗਦਾ। ਜੇ ਇਹਨਾਂ ਨੂੰ ਦੁੱਖ ਲੱਗਦਾ ਤਾਂ ਬੰਦ ਬੰਦ ਭਾਈ ਮਨੀ ਸਿੰਘ ਜੀ ਨਾ ਕਟਾਉਂਦੇ ਤੇ ਭਾਈ ਮਤੀ ਦਾਸ ਜੀ ਆਰੇ ਨਾਲ ਨਾ ਚਿਰਾਉਂਦੇ। ਗੁਰਮੁਖ ਦੇਹ ਤੋਂ ਬਿਦੇਹ ਹੁੰਦੇ ਹਨ। ਜਿਵੇਂ ਕੋਈ ਦਰਜ਼ੀ ਨੂੰ ਕਹੇ ਕਿ ਮੇਰਾ ਇਹੋ ਜਿਹਾ ਕਮੀਜ਼ ਤਿਆਰ ਕਰ ਦੇ, ਇਹੋ ਜਿਹੀਆਂ ਕਲੀਆਂ ਰੱਖ, ਇਹੋ ਜਿਹਾ ਗਲਾਵਾਂ ਰੱਖੀਂ ਪਰ ਉਹ ਆਪਣੇ ਆਪ ਨੂੰ ਬਸਤਰ ਤੋਂ ਵੱਖਰਾ ਸਮਝਦਾ ਹੈ। ਬਸਤਰ ਨੂੰ ਕੈਂਚੀ ਕੱਟਦੀ ਹੈ, ਸੂਈ ਤੋਪੇ ਭਰਦੀ ਹੈ। ਜਿਸ ਦਾ ਬਸਤਰ ਹੈ, ਉਸ ਨੂੰ ਨਾ ਸੂਈ ਚੁੱਭਣ ਦਾ ਦੁੱਖ ਹੁੰਦਾ ਹੈ ਤੇ ਨਾ ਕੈਂਚੀ ਦੇ ਕੱਟਣ ਦਾ। ਇਉਂ ਗੁਰਮੁਖ ਦੇਹ ਤੋਂ ਪਰ੍ਹੇ ਰਹਿ ਕੇ ਦੇਹ ਦੀ ਚੀਰ ਫਾੜ ਨੂੰ ਹੁੰਦਿਆਂ ਵੇਖ ਕੇ ਦੁਖੀ ਨਹੀਂ ਹੁੰਦੇ। ਇਸੇ ਅਵਸਥਾ ਦੀ ਦਾਤ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਿੱਤੀ ਹੈ।

**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ॥**
**ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥੨॥** *(ਧਨਾਸਰੀ ਮ: ੫, ਅੰਗ ੬੭੧)*

ਜਿਵੇਂ ਮਨਸੂਰ ਨੂੰ ਪੱਥਰ ਮਾਰਨ ਦੀ ਸਜ਼ਾ ਸਰਕਾਰ ਨੇ ਦਿੱਤੀ ਸੀ, ਉਹ ਸਹਿਣ ਕਰਦਾ ਗਿਆ। ਪੱਥਰ ਮਾਰਨ ਵਾਲਿਆਂ ਨੂੰ ਸਰਕਾਰ ਦਾ ਹੁਕਮ ਸੀ ਕਿ ਕੋਈ ਵਿਅਕਤੀ ਜਿਸ ਨੇ ਮਨਸੂਰ ਨੂੰ ਕੁਝ ਵੀ ਨਾ ਮਾਰਿਆ, ਉਸ ਨੂੰ ਸਜ਼ਾ ਦਿੱਤੀ ਜਾਵੇਗੀ। ਉਸ ਕਤਾਰ ਵਿਚ ਮਨਸੂਰ ਦਾ ਆਤਮਿਕ ਮਿੱਤਰ ਸ਼ਿਬਲੀ ਵੀ ਖੜਾ ਸੀ, ਉਸ ਨੇ ਸੋਚਿਆ ਕਿ ਜੇ ਮੈਂ ਪੱਥਰ ਮਾਰਦਾ ਹਾਂ ਤਾਂ ਮੈਂ ਮਿੱਤਰ ਨਹੀਂ, ਦੁਸ਼ਮਣ ਹੋਵਾਂਗਾ। ਲੋਕ ਪੱਥਰਾਂ ਦੀ ਚੋਟ ਮੇਰੇ ਮਿੱਤਰ ਨੂੰ ਪਹੁੰਚਾਉਂਦੇ ਹਨ। ਇਹ ਦੁਸ਼ਮਣ ਹਨ, ਮੈਂ ਮਿੱਤਰ ਹਾਂ, ਇਸ ਲਈ ਮੈਂ ਅਜਿਹਾ ਕਰਾਂ ਜਿਸ ਨਾਲ ਸਰਕਾਰ ਦਾ ਹੁਕਮ ਵੀ ਮੰਨਿਆ ਜਾਵੇ ਅਤੇ ਮਿੱਤਰ ਨੂੰ ਸਰੀਰਕ ਦੁੱਖ ਵੀ ਨਾ ਪਹੁੰਚੇ। ਮਨਸੂਰ ਦੇ ਮਿੱਤਰ ਨੇ ਇਕ ਫੁੱਲ ਮਾਰਿਆ। ਅਜੀਬ ਗੱਲ ਹੋਈ ਜਿਸ 'ਤੇ ਸਾਰੇ ਲੋਕ ਹੈਰਾਨ ਹੋਏ ਕਿ ਜੋ ਪੱਥਰ ਮਾਰੇ 'ਤੇ ਹਾਏ ਨਹੀਂ ਸੀ ਕਰਦਾ, ਉਹ ਫੁੱਲ ਮਾਰੇ 'ਤੇ ਚੀਕਣ ਕਿਉਂ ਲੱਗ ਪਿਆ ਹੈ। ਇਸ ਦਾ ਉੱਤਰ ਮਨਸੂਰ ਨੇ ਦਿੱਤਾ ਕਿ ਹੇ ਮਿੱਤਰ! ਤੂੰ ਮੇਰਾ ਜਾਣੂ ਸੀ। ਇਸ ਲਈ ਤੈਨੂੰ ਮਾਰਨ ਵਾਲਿਆਂ ਦੀ ਕਤਾਰ ਵਿਚ ਖੜਾ ਨਹੀਂ ਸੀ ਹੋਣਾ ਚਾਹੀਦਾ। ਤਾਂ ਸ਼ਿਬਲੀ ਨੇ ਪੁੱਛਿਆ ਕਿ ਐ ਮਿੱਤਰ ਮਨਸੂਰ! ਫੁੱਲ ਦੀ ਤਾਂ ਚੋਟ ਨਹੀਂ ਹੁੰਦੀ। ਤਾਂ ਮਨਸੂਰ ਨੇ ਕਿਹਾ ਕਿ ਜੋ ਲੋਕ ਮੇਰੇ ਜਿਸਮ ਨੂੰ ਪੱਥਰ ਮਾਰਦੇ ਹਨ, ਇਹਦਾ ਦੁੱਖ ਮੇਰੇ ਮਨ ਨੂੰ ਨਹੀਂ ਲੱਗਿਆ। ਦੁੱਖ ਤਾਂ ਇਸ ਗੱਲ ਦਾ ਹੈ ਕਿ ਮਾਰਨਾ ਤਾਂ ਮਾਰਨਾ ਹੀ ਹੈ ਭਾਵੇਂ ਪੱਥਰ ਹੋਵੇ ਭਾਵੇਂ ਫੁੱਲ। ਇਸ ਲਈ ਮਿੱਤਰ ਦੇ ਹੱਥੋਂ ਮਾਰਨ ਦੀ ਚੋਟ ਮੇਰੇ ਮਨ ਨੂੰ ਲੱਗੀ ਹੈ। ਇਹ ਮਾਨਸਿਕ ਪੀੜਾ ਹੈ, ਤੂੰ ਜਾਣੂ ਹੋ ਕੇ ਅਗਿਆਨੀਆਂ

ਵਾਲੀ ਕਿਰਿਆ ਕੀਤੀ ਹੈ। ਤੇਰੇ ਅਗਿਆਨ 'ਤੇ ਮਨ ਦੁਖੀ ਹੋਇਆ ਹੈ। ਇਉਂ ਮਨਸੂਰ ਦੀ ਅਵਸਥਾ ਵੀ ਗੁਰਮੁਖਾਂ ਵਾਲੀ ਹੋਣ ਕਰਕੇ ਪੱਥਰ ਮਾਰਨ ਦਾ ਸਰੀਰਕ ਦੁੱਖ ਨਹੀਂ ਹੋਇਆ। ਇਸ ਪ੍ਰਕਾਰ ਪ੍ਰੇਮ ਵਿਚ ਦੁੱਖ ਨਹੀਂ ਪ੍ਰਤੀਤ ਹੁੰਦਾ। ਜੈਸਾ ਕਿ ਗੁਰੂ ਨਾਨਕ ਸਾਹਿਬ ਜੀ ਫ਼ੁਰਮਾਨ ਕਰਦੇ ਹਨ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥** *(ਮ: ੧, ਅੰਗ ੧੪੧੨)*

ਇਹ ਤਾਂ ਪ੍ਰੇਮ ਦੀ ਖੇਡ ਹੈ। ਗਿਆਨ ਭਾਵੇਂ ਹੁੰਦਾ ਹੈ ਪਰ ਪ੍ਰੇਮ ਦਾ ਖੇਲ ਅਕੱਥ ਹੈ। ਭਾਈ ਮਨੀ ਸਿੰਘ ਜੀ, ਭਾਈ ਮਤੀ ਦਾਸ ਜੀ, ਭਾਈ ਤਾਰੂ ਸਿੰਘ ਜੀ ਇਹਨਾਂ ਗੁਰਸਿੱਖਾਂ ਦੇ ਅੰਦਰ ਗੁਰੂ ਨਾਨਕ ਸਾਹਿਬ ਦਾ ਪ੍ਰੇਮ ਸੀ। ਇਸ ਕਰਕੇ ਦੇਹ ਦਾ ਚੇਤਾ ਹੀ ਨਹੀਂ ਸੀ। ਇਉਂ ਗੁਰਮੁਖਾਂ ਮਹਾਂਪੁਰਖਾਂ ਦਾ ਉੱਚਾ ਜੀਵਨ ਹੁੰਦਾ ਹੈ।

## ਗੁਰਮੁਖਿ; ਹਉਮੈ ਚੂਕੈ ਪੀਰ ॥

ਗੁਰਮੁਖਾਂ ਦੇ ਅੰਦਰੋਂ ਹਉਮੈ = ਹੰਗਤਾ ਮਮਤਾ ਦੀ ਪੀਰ = ਪੀੜਾ ਚੂਕੈ = ਚੁੱਕੀ ਭਾਵ, ਦੂਰ ਚਲੀ ਗਈ ਹੈ ਕਿਉਂਕਿ ਪੀੜਾ ਹਉਮੈ ਕਰਕੇ ਹੁੰਦੀ ਹੈ। ਅਸਲ ਵਿਚ ਪੀੜ ਹਉਮੈ ਵਿਚ ਮਿਲੀ ਹੋਈ ਹੈ। ਹਉਮੈ ਦੇ ਦੂਰ ਹੋਣ ਨਾਲ ਪੀੜਾ ਆਪੇ ਹੀ ਦੂਰ ਹੋ ਜਾਂਦੀ ਹੈ। ਜਿਵੇਂ ਮਰੇ ਹੋਏ ਪੁਰਸ਼ ਨੂੰ ਅੱਗ ਵਿਚ ਸਾੜੀਏ ਤਾਂ ਪੀੜ ਪ੍ਰਤੀਤ ਨਹੀਂ ਹੁੰਦੀ, ਇਸੇ ਤਰ੍ਹਾਂ ਗੁਰਮੁਖਾਂ ਨੂੰ ਹਉਮੈ ਦੀ ਪੀੜ ਨਹੀਂ ਹੁੰਦੀ। ਜਿਵੇਂ ਆਕਾਸ਼ ਵਿਚ ਤੀਰ ਛੱਡੀਏ, ਉਹ ਖੁੱਭਦਾ ਨਹੀਂ ਹੈ, ਇਸ ਤਰ੍ਹਾਂ ਤੱਤਬੇਤੇ ਆਕਾਸ਼ ਦੀ ਨਿਆਈਂ ਨਿਰਲੇਪ ਹੁੰਦੇ ਹਨ, ਉਹਨਾਂ ਨੂੰ ਕਿਸੇ ਪ੍ਰਕਾਰ ਦੀ ਖੋਭ ਨਹੀਂ ਹੁੰਦੀ।

## ਗੁਰਮੁਖਿ ਮਨੁ ਨਿਰਮਲੁ, ਫਿਰਿ ਮੈਲੁ ਨ ਲਾਗੈ; ਗੁਰਮੁਖਿ ਸਹਜਿ ਸਮਾਵਣਿਆ ॥੪॥

ਗੁਰਮੁਖਾਂ ਦੇ ਮਨ ਨਿਰਮਲੁ = ਸ਼ੁੱਧ ਹਨ, ਇਸ ਕਰਕੇ ਬ੍ਰਹਮ ਗਿਆਨ ਹੋਣ 'ਤੇ ਫਿਰਿ = ਬਾਅਦ ਵਿਚ ਹੰਗਤਾ ਦੀ ਮੈਲੁ = ਅਪਵਿੱਤਰਤਾ ਨ = ਨਹੀਂ ਲਾਗੈ = ਲੱਗਦੀ ਭਾਵ ਕਿ ਅਸੀਂ ਐਡੇ ਬ੍ਰਹਮ ਗਿਆਨੀ ਹਾਂ, ਅਸੀਂ ਸੰਤ ਹਾਂ। ਇਸ ਪ੍ਰਕਾਰ ਹੰਗਤਾ ਦੀ ਮੈਲ ਉਹਨਾਂ ਦੇ ਅੰਦਰ ਨਹੀਂ ਲੱਗਦੀ, ਕਿਉਂਕਿ ਗੁਰਮੁਖ ਸਹਜਿ = ਗਿਆਨ ਪਦਵੀ ਵਿਚ ਸਮਾਵਣਿਆ = ਸਮਾਏ ਹੋਏ ਹਨ ॥੪॥

## ਗੁਰਮੁਖਿ; ਨਾਮੁ ਮਿਲੈ ਵਡਿਆਈ ॥ ਗੁਰਮੁਖਿ; ਗੁਣ ਗਾਵੈ ਸੋਭਾ ਪਾਈ ॥

ਗੁਰਮੁਖ ਜਨਾਂ ਨੂੰ ਨਾਮ ਜਪਣ ਕਰਕੇ ਹੀ ਵਡਿਆਈ = ਸ਼ੋਭਾ ਮਿਲੈ = ਮਿਲਦੀ ਹੈ। ਗੁਰਮੁਖ ਜਨ ਪਰਮੇਸ਼ਰ ਦੇ ਗੁਣਾਂ ਨੂੰ ਗਾਵੈ = ਗਾਉਣੇ ਕਰਕੇ ਹੀ ਲੋਕ ਪ੍ਰਲੋਕ ਵਿਚ ਸੋਭਾ = ਵਡਿਆਈ ਪਾਈ = ਪਾਉਂਦੇ ਹਨ।

## ਸਦਾ ਅਨੰਦਿ ਰਹੈ ਦਿਨੁ ਰਾਤੀ; ਗੁਰਮੁਖਿ ਸਬਦੁ ਕਰਾਵਣਿਆ ॥੫॥

ਉਹ ਗੁਰਮੁਖ ਜਨ ਦਿਨ ਰਾਤ ਸਦਾ = ਹਮੇਸ਼ਾਂ ਅਨੰਦ ਦੇ ਵਿਚ ਰਹੈ = ਰਹਿੰਦੇ ਹਨ, ਉਹ ਗੁਰਮੁਖ ਜਨ ਆਪ ਸ਼ਬਦ ਦੀ ਕਮਾਈ ਕਰਦੇ ਹਨ ਅਤੇ ਹੋਰਨਾਂ ਜਗਿਆਸੂ ਜਨਾਂ ਤੋਂ ਸ਼ਬਦ ਦੀ ਕਮਾਈ ਕਰਾਵਣਿਆ = ਕਰਾਉਂਦੇ ਹਨ ॥੫॥

## ਗੁਰਮੁਖਿ; ਅਨਦਿਨੁ ਸਬਦੇ ਰਾਤਾ ॥ ਗੁਰਮੁਖਿ; ਜੁਗ ਚਾਰੇ ਹੈ ਜਾਤਾ ॥

ਗੁਰਮੁਖਾਂ ਦਾ ਮਨ ਅਨਦਿਨੁ = ਦਿਨ ਰਾਤ ਸਬਦੇ = ਉਪਦੇਸ਼ ਵਿਚ ਰਾਤਾ = ਰੰਗਿਆ ਰਹਿੰਦਾ ਹੈ। ਗੁਰਮੁਖ ਚਾਰੇ ਜੁਗਾਂ ਵਿਚ ਜਾਤਾ = ਜਾਣੇ ਜਾਂਦੇ ਹਨ **ਵਾ:** ਚਾਰ ਜੁਗਾਂ ਵਾਲੇ ਸੰਸਾਰ ਵਿਚ ਜਾਣੇ ਗਏ ਹਨ।

## ਗੁਰਮੁਖਿ ਗੁਣ ਗਾਵੈ, ਸਦਾ ਨਿਰਮਲੁ; ਸਬਦੇ ਭਗਤਿ ਕਰਾਵਣਿਆ ॥੬॥

ਗੁਰਮੁਖ ਮਾਇਆ ਦੀ ਮੈਲ ਤੋਂ ਨਿਰਮਲੁ = ਉੱਜਲ ਹੋ ਕੇ ਸਦਾ ਹਰੀ ਵਾਹਿਗੁਰੂ ਦੇ ਗੁਣ ਗਾਵੈ = ਗਾਉਂਦੇ ਹਨ ਕਿਉਂਕਿ ਉਹ ਆਪ ਗੁਰਾਂ ਦੇ ਸਬਦੇ = ਉਪਦੇਸ਼ ਦੁਆਰਾ ਭਗਤੀ ਕਰਦੇ ਹਨ ਤੇ ਹੋਰਨਾਂ ਤੋਂ ਭਗਤਿ = ਭਗਤੀ ਕਰਾਵਣਿਆ = ਕਰਾਉਂਦੇ ਹਨ ॥੬॥

## ਬਾਝੁ ਗੁਰੂ ਹੈ; ਅੰਧ ਅੰਧਾਰਾ ॥ ਜਮ ਕਾਲਿ ਗਰਠੇ; ਕਰਹਿ ਪੁਕਾਰਾ ॥

(**ਗਰੱਠੇ** ਨਹੀਂ ਬੋਲਣਾ)

ਗੁਰਾਂ ਤੋਂ ਬਾਝੁ = ਬਿਨ੍ਹਾਂ ਵੈਰਾਗ, ਬਿਬੇਕ ਰੂਪੀ ਨੇਤਰਾਂ ਤੋਂ ਅੰਧ = ਅੰਨ੍ਹੇ ਮਨਮੁਖ ਜੀਵਾਂ ਨੂੰ ਅਗਿਆਨਤਾ ਦਾ ਅੰਧਾਰਾ = ਅੰਧਕਾਰ ਬਣਿਆ ਰਹਿੰਦਾ ਹੈ। ਅੰਤ ਨੂੰ ਉਹ ਜਮਕਾਲ ਦੇ ਗਰਠੇ = ਗ੍ਰਸੇ ਭਾਵ ਪਕੜੇ ਹੋਏ ਪੁਕਾਰਾ = ਫਰਿਆਦਾਂ ਕਰਹਿ = ਕਰਦੇ ਹਨ।

## ਅਨਦਿਨੁ ਰੋਗੀ ਬਿਸਟਾ ਕੇ ਕੀੜੇ; ਬਿਸਟਾ ਮਹਿ ਦੁਖੁ ਪਾਵਣਿਆ ॥੭॥

ਅਨਦਿਨੁ = ਰਾਤ ਦਿਨੇ ਹਉਮੈ ਦੇ ਰੋਗੀ = ਰੋਗ ਕਰਕੇ **ਵਾ:** ਅਗਿਆਨ ਦੇ ਰੋਗ ਕਰਕੇ ਮਾਤਾ ਦੇ ਗਰਭ ਰੂਪੀ ਬਿਸ਼ਟਾ ਦੇ ਕੀੜੇ ਬਣਦੇ ਹਨ **ਵਾ:** ਗੰਦਗੀ ਦੇ ਕੀੜੇ ਬਣਦੇ ਹਨ ਅਤੇ ਉਹ ਨਰਕ ਰੂਪੀ ਬਿਸ਼ਟਾ ਮਹਿ = ਵਿਚ ਪੈ ਕੇ ਦੁਖੁ ਪਾਵਣਿਆ = ਪਾਉਂਦੇ ਹਨ ॥੭॥

## ਗੁਰਮੁਖਿ; ਆਪੇ ਕਰੇ ਕਰਾਏ ॥ ਗੁਰਮੁਖਿ ਹਿਰਦੈ; ਵੁਠਾ ਆਪਿ ਆਏ ॥

ਗੁਰਮੁਖ ਜਾਣਦੇ ਹਨ ਕਿ ਮੇਰਾ ਵਾਹਿਗੁਰੂ ਆਪੇ = ਆਪ ਹੀ ਜੀਵਾਂ ਨੂੰ ਪੈਦਾ ਕਰਦਾ ਹੈ। ਆਪ ਹੀ ਪ੍ਰਤਿਪਾਲਣਾ ਕਰਦਾ ਤੇ ਕਰਾਏ = ਕਰਾਉਂਦਾ ਹੈ **ਅਥਵਾ** ਗੁਰਮੁਖ ਆਪ ਅਭਿਆਸ ਕਰਦੇ ਹਨ ਤੇ ਹੋਰਨਾਂ ਤੋਂ ਕਰਾਉਂਦੇ ਹਨ। ਗੁਰਮੁਖਾਂ ਦੇ ਹਿਰਦੇ ਵਿਚ ਆਪ ਹੀ ਸ੍ਵਣ ਕਰਦਾ ਹੈ ਤੇ ਆਪ ਹੀ ਕਰਾਉਂਦਾ ਹੈ। ਗੁਰਮੁਖਾਂ ਦੇ ਹਿਰਦੇ ਵਿਚ ਆਪ ਹੀ ਪ੍ਰਤੱਖ ਆਏ = ਆ ਕੇ ਵੁਠਾ = ਵਸ ਰਿਹਾ ਹੈ। ਜਿਵੇਂ ਖੂਹ ਦਾ ਪਾਣੀ ਡੋਲ ਨਾਲ ਕੱਢੀਦਾ ਹੈ। ਇਕ ਸੋਮੇ ਦਾ ਪਾਣੀ ਆਪ ਹੀ ਵਹਿੰਦਾ ਰਹਿੰਦਾ ਹੈ। ਤੱਤਬੇਤਿਆਂ ਨੂੰ ਸੋਮੇ ਦੇ ਪਾਣੀ ਦੀ ਨਿਆਈਂ, ਜਗਿਆਸੂਆਂ ਨੂੰ ਸਾਧਨ ਕਰਨ ਰੂਪ ਦੇਹ ਰੂਪੀ ਖੂਹ 'ਚੋਂ ਪਾਣੀ ਕੱਢਣ ਦੀ ਨਿਆਈਂ ਪ੍ਰਤੱਖ ਕਰਨਾ ਪੈਂਦਾ ਹੈ। ਤੱਤਬੇਤਿਆਂ ਨੂੰ ਇਕ-ਰਸ ਸੋਮੇ ਦੇ ਪਾਣੀ ਦੀ ਤਰ੍ਹਾਂ ਸਖਿਆਤਤਾ ਦਾ ਅਨੰਦ ਬਣਿਆ ਰਹਿੰਦਾ ਹੈ।

## ਨਾਨਕ ਨਾਮਿ ਮਿਲੈ ਵਡਿਆਈ; ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਨਾਮ ਜਪਣ ਕਰਕੇ ਹੀ ਗੁਰਮੁਖਾਂ ਨੂੰ ਲੋਕ ਪਰਲੋਕ ਵਿਚ ਵਡਿਆਈ = ਸ਼ੋਭਾ ਮਿਲੈ = ਮਿਲਦੀ ਹੈ ਕਿਉਂਕਿ ਉਨ੍ਹਾਂ ਨੇ ਪੂਰੇ = ਪੂਰਨ ਗੁਰ = ਸਤਿਗੁਰਾਂ ਤੇ = ਤੋਂ ਨਾਮ ਪਾਵਣਿਆ = ਪਾਉਣਾ ਕੀਤਾ ਹੈ ॥੮॥੨੫॥੨੬॥

## ਮਾਝ ਮਹਲਾ ੩ ॥

ਜਗਿਆਸੂ ਦਾ ਪ੍ਰਸ਼ਨ ਹੈ ਕਿ ਹੇ ਸੱਚੇ ਪਾਤਸ਼ਾਹ ਜੀ ! ਜਿਹੜੀਆਂ ਸਰੀਰਾਂ ਵਿਚ ਜੋਤਾਂ ਹੁੰਦੀਆਂ ਹਨ, ਉਹ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ ? ਤਾਂ ਮਹਾਰਾਜ ਸਾਹਿਬ ਜੀ ਕਹਿਣ ਲੱਗੇ ਕਿ :

## ਏਕਾ ਜੋਤਿ; ਜੋਤਿ ਹੈ ਸਰੀਰਾ ॥

ਹੇ ਭਾਈ ! ਸਾਰਿਆਂ ਸਰੀਰਾ = ਦੇਹਾਂ ਵਿਚ ਏਕਾ = ਇਕ ਹੀ ਜੋਤ ਹੈ। ਜਿਹੜੀਆਂ ਖਟ ਜੋਤਿ =

ਜੋਤੀਆਂ ਚੰਦ, ਸੂਰਜ, ਤਾਰੇ, ਬੁੱਧੀ, ਬਿਜਲੀ, ਅਗਨੀ ਆਦਿ ਹਨ ਇਨ੍ਹਾਂ ਸਾਰਿਆਂ ਵਿਚ ਇੱਕੋ ਹੀ ਜੋਤ ਹੈ। ਜਿਤਨੇ ਸਰੀਰ ਹਨ ਇਹ ਵੀ ਸਾਰੇ ਜੋਤ ਆਸਰੇ ਪ੍ਰਕਾਸ਼ ਰਹੇ ਹਨ।

**ਦ੍ਰਿਸ਼ਟਾਂਤ :** ਸੂਰਜ ਦੇ ਪ੍ਰਕਾਸ਼ ਸਾਹਮਣੇ ਸੈਂਕੜੇ ਘੜੇ ਪਾਣੀ ਦੇ ਭਰ ਕੇ ਰੱਖ ਦਈਏ, ਉਹਨਾਂ ਸਾਰਿਆਂ ਵਿਚ ਇੱਕੋ ਸੂਰਜ ਦਾ ਪ੍ਰਤੀਬਿੰਬ ਪੈਣ ਲੱਗ ਜਾਂਦਾ ਹੈ। ਇਸੇ ਪ੍ਰਕਾਰ ਜਿਤਨੇ ਅੰਤਸ਼ਕਰਨ ਰੂਪੀ ਪਾਣੀ ਦੇ ਘੜੇ ਹਨ, ਉਨ੍ਹਾਂ ਵਿਚ ਇੱਕੋ ਪਰਮਾਤਮਾ ਦਾ ਪ੍ਰਤੀਬਿੰਬ ਹੈ। ਸੂਖਮ ਤੇ ਸਥੂਲ ਸਰੀਰ ਵਿਚ ਵਾਹਿਗੁਰੂ ਦੀ ਚੇਤਨ ਸੱਤਾ ਪੈ ਰਹੀ ਹੈ, ਇਹ ਜੋਤ ਚਮਕ ਰਹੀ ਹੈ, ਉਸ ਜੋਤ ਦੇ ਆਸਰੇ ਬੋਲਣ ਚੱਲਣ ਦੀ ਸੰਕਲਪ ਉਠਾਉਣ ਦੀ ਗਿਆਨ ਦੀ ਸੋਝੀ ਹੋ ਰਹੀ ਹੈ। ਇਸੇ ਪ੍ਰਕਾਰ ਇੱਕੋ ਜੋਤੀ ਦੀ ਜੋਤ ਸਦਾ ਪ੍ਰਕਾਸ਼ ਰਹੀ ਹੈ। ਜਗਿਆਸੂ ਨੇ ਪ੍ਰਸ਼ਨ ਕੀਤਾ ਕਿ ਉਹ ਜੋਤ ਦਿੱਸਦੀ ਕਿਉਂ ਨਹੀਂ, ਬਲਕਿ ਜੋਤ ਦਿੱਸਣ ਦੇ ਥਾਂ ਕੋਈ ਪਾਪੀ, ਕੋਈ ਪੁੰਨੀ, ਕੋਈ ਦੁਖੀ, ਕੋਈ ਸੁਖੀ, ਕੋਈ ਰੋਗੀ, ਕੋਈ ਭੋਗੀ, ਇਹ ਵੱਖਰੇ ਵੱਖਰੇ ਪ੍ਰਤੀਤ ਹੁੰਦੇ ਹਨ। ਤਾਂ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ

## ਸਬਦਿ ਦਿਖਾਏ; ਸਤਿਗੁਰੁ ਪੂਰਾ ॥

ਹੇ ਭਾਈ! ਉਨ੍ਹਾਂ ਨੂੰ ਜੋਤ ਪ੍ਰਗਟ ਹੁੰਦੀ ਹੈ, ਜਿਨ੍ਹਾਂ ਨੂੰ ਪੂਰਾ = ਪੂਰਨ ਸਤਿਗੁਰੂ ਜੀ ਸਬਦਿ = ਉਪਦੇਸ਼ ਦੀ ਕਮਾਈ ਦੁਆਰਾ ਪ੍ਰਗਟ ਕਰਕੇ ਦਿਖਾਏ = ਦਿਖਾ ਦਿੰਦੇ ਹਨ। ਫੇਰ ਪਰਮਾਤਮਾ ਇਉਂ ਦਿਸਣ ਲੱਗ ਜਾਂਦਾ ਹੈ ਜਿਵੇਂ ਪਾਣੀ ਵਿਚ ਅਨੇਕਾਂ ਲਹਿਰਾਂ ਹੁੰਦੀਆਂ ਹਨ। ਜੈਸਾ ਕਿ :

**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧॥** *(ਥਿਤੀ ਗਉੜੀ ਮ: ੫, ਅੰਗ ੨੯੬)*

## ਆਪੇ ਫਰਕੁ ਕੀਤੋਨੁ ਘਟ ਅੰਤਰਿ; ਆਪੇ ਬਣਤ ਬਣਾਵਣਿਆ ॥੧॥

ਸਾਰਿਆਂ ਘਟ = ਹਿਰਦਿਆਂ ਦੇ ਅੰਤਰਿ = ਅੰਦਰ ਦ੍ਵੈਤ ਹੋਣ ਕਰਕੇ ਫਰਕੁ = ਦੂਜਾਪਣ ਵੀ ਆਪ ਹੀ ਪਾਉਣਾ ਕੀਤੋਨੁ = ਕੀਤਾ ਹੈ। ਇਸ ਕਰਕੇ ਚਾਰ ਪ੍ਰਕਾਰ ਦੇ ਜਗਿਆਸੂ ਵੱਖਰੇ ਵੱਖਰੇ ਮੰਨੇ ਹਨ ਜਿਨ੍ਹਾਂ ਵਿਚ ਰਾਜਸੀ, ਤਾਮਸੀ, ਸਾਤਕੀ ਸੁਭਾਅ ਕਰਕੇ ਸਭਨਾਂ ਵਿਚ ਆਪ ਹੀ ਫ਼ਰਕ ਪਾ ਛੱਡਿਆ ਹੈ ਕਿਉਂਕਿ ਅੰਤਸ਼ਕਰਨ ਦੀਆਂ ਉਪਾਧੀਆਂ ਵਿਚ ਫ਼ਰਕ ਹੈ। ਜੋਤ ਵਿਚ ਕੋਈ ਫ਼ਰਕ ਨਹੀਂ। ਜਿਸ ਪ੍ਰਕਾਰ ਪਾਣੀ ਵਿਚ ਲਾਲ ਰੰਗ ਪਾਈਏ ਤਾਂ ਲਾਲ, ਹਰਾ ਪਾਈਏ ਤਾਂ ਹਰਾ, ਨੀਲਾ ਪਾਈਏ ਤਾਂ ਨੀਲਾ, ਇਉਂ ਪਾਣੀ ਰੂਪ ਅੰਤਸ਼ਕਰਨ ਦੀਆਂ ਉਪਾਧੀਆਂ ਵੱਖਰੀਆਂ ਵੱਖਰੀਆਂ ਹੋਣ ਕਰਕੇ ਰੰਗਾਂ ਦੀ ਨਿਆਈਂ ਵੱਖਰਾ ਵੱਖਰਾ ਹੈ ਪਰ ਜੋਤ ਇਕ ਹੈ। ਪਰਮੇਸ਼ਰ ਨੇ ਆਪ ਹੀ ਚੌਰਾਸੀ ਲੱਖ ਜੂਨ ਦੀ ਬਣਤ = ਬਣਾਵਟ ਬਣਾਵਣਿਆ = ਬਣਾਈ ਹੈ ਭਾਵ ਜੜ੍ਹ ਜੰਗਮ, ਪਸ਼ੂ, ਪੰਛੀ ਕੀੜੇ ਮਕੌੜੇ ਆਦਿ ਵੱਖਰੇ ਵੱਖਰੇ ਬਣਾਏ ਹਨ। ਇਹ ਸੰਸਾਰ ਅਤੇ ਜੀਵਾਂ ਦੀ ਬਣਤਰ ਬਾਜ਼ੀਗਰ ਦੇ ਖੇਡ ਦੀ ਨਿਆਈਂ ਤਮਾਸ਼ਾ ਹੈ॥੧॥ ਜੈਸਾ ਕਿ :

**ਬਾਜੀਗਰਿ ਜੈਸੇ ਬਾਜੀ ਪਾਈ॥ ਨਾਨਾ ਰੂਪ ਭੇਖ ਦਿਖਲਾਈ॥** *(ਸੂਹੀ ਮ: ੫ ਘਰੁ ੧, ਅੰਗ ੭੩੬)*

## ਹਉ ਵਾਰੀ, ਜੀਉ ਵਾਰੀ; ਹਰਿ ਸਚੇ ਕੇ ਗੁਣ ਗਾਵਣਿਆ ॥

ਹਉ = ਮੈਂ ਉਹਨਾਂ ਤੋਂ ਸਰੀਰ ਕਰਕੇ ਵਾਰੀ = ਵਾਰਨੇ ਜੀਉ = ਜੀਅ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ। ਜਿਹੜੇ ਸਚੇ = ਸੱਚ ਸਰੂਪ ਵਾਹਿਗੁਰੂ ਕੇ = ਦੇ ਗੁਣ = ਗੁਣਾਂ ਨੂੰ ਗਾਵਣਿਆ = ਗਾਉਣ ਵਾਲੇ ਹਨ।

## ਬਾਝੁ ਗੁਰੂ, ਕੋ ਸਹਜੁ ਨ ਪਾਏ; ਗੁਰਮੁਖਿ ਸਹਜਿ ਸਮਾਵਣਿਆ ॥੧॥ਰਹਾਉ॥

ਗੁਰੂ ਤੋਂ ਬਾਝੁ = ਬਿਨਾਂ ਕੋ = ਕੋਈ ਵੀ ਸਹਜੁ = ਗਿਆਨ ਨੂੰ ਨ = ਨਹੀਂ ਪਾਏ = ਪ੍ਰਾਪਤ ਕਰ ਸਕਦਾ।

ਇਸ ਕਰਕੇ ਮੁਖੀ ਗੁਰੂ ਸਾਹਿਬ ਦੁਆਰਾ ਗੁਰਮੁਖ ਜਨ ਸਹਜਿ = ਸਹਜੇ ਹੀ ਸਰੂਪ ਵਿਚ ਸਮਾਵਣਿਆ = ਸਮਾ ਜਾਂਦੇ ਹਨ ॥੧॥ਰਹਾਉ॥

## ਤੂੰ ਆਪੇ ਸੋਹਹਿ; ਆਪੇ ਜਗੁ ਮੋਹਹਿ ॥ ਤੂੰ ਆਪੇ ਨਦਰੀ; ਜਗਤੁ ਪਰੋਵਹਿ ॥

ਉਹਨਾਂ ਦੀ ਐਸੀ ਦਿਬ ਦ੍ਰਿਸ਼ਟੀ ਹੋ ਗਈ ਹੈ। ਉਹ ਜਾਣਦੇ ਹਨ ਕਿ ਹੇ ਪਰਮੇਸ਼ਰ ਤੂੰ ਆਪ ਹੀ ਸਾਰਿਆਂ ਵਿਚ ਬ੍ਰਹਮ ਚੇਤਨ ਰੂਪ ਹੋ ਕਰਕੇ ਸੋਹਹਿ = ਸ਼ੋਭਨੀਕ ਹੋ ਰਿਹਾ ਹੈਂ ਤੇ ਆਪ ਹੀ ਸਾਰੇ ਜਗੁ = ਜਗਤ ਨੂੰ ਮਾਇਆ ਦੇ ਮੋਹ ਵਿਚ ਮੋਹਹਿ = ਮੋਹਤ ਕਰ ਰਿਹਾ ਹੈਂ **ਵਾ:** ਤੂੰ ਆਪ ਹੀ ਤੱਤਬੇਤਿਆਂ ਦੇ ਅੰਦਰ ਆਪਣਾ ਰੂਪ ਹੋ ਕੇ ਸੋਹਹਿ = ਸ਼ੋਭ ਰਿਹਾ ਹੈਂ। ਤੂੰ ਆਪ ਹੀ ਬ੍ਰਹਮ ਗਿਆਨੀ ਹੋ ਕੇ ਜਗੁ = ਜਗਤ ਨੂੰ ਮੋਹਹਿ = ਮੋਹਤ ਕਰ ਰਿਹਾ ਹੈਂ।

ਤੂੰ ਆਪ ਹੀ ਆਪਣੀ ਨਦਰੀ = ਦ੍ਰਿਸ਼ਟੀ ਵਿਚ ਸਾਰੇ ਜਗਤੁ = ਸੰਸਾਰ ਨੂੰ ਚੇਤਨ ਸੱਤਾ ਰੂਪੀ ਧਾਗੇ ਵਿਚ ਪਰੋਵਹਿ = ਪ੍ਰੋ ਕੇ ਰੱਖਦਾ ਹੈਂ **ਅਥਵਾ** ਜਿਨ੍ਹਾਂ ਦੇ ਉੱਤੇ ਆਪ ਨਦਰੀ = ਕ੍ਰਿਪਾ ਦ੍ਰਿਸ਼ਟੀ ਕਰਦਾ ਹੈਂ, ਉਹਨਾਂ ਜਗਤੁ = ਸੰਸਾਰ ਦੇ ਜੀਵਾਂ ਨੂੰ ਆਪਣੇ ਵਿਚ ਪਰੋਵਹਿ = ਪ੍ਰੋ ਲੈਂਦਾ ਹੈਂ **ਵਾ:** ਏਕਤਾ ਵਿਚ ਲੈ ਆਉਂਦਾ ਹੈਂ **ਅਥਵਾ** ਤੂੰ ਆਪ ਹੀ ਨਦਰੀ = ਗਿਆਨ ਦ੍ਰਿਸ਼ਟੀ ਵਾਲਾ ਹੋ ਕੇ ਭਾਵ ਤੱਤਬੇਤਾ ਹੋ ਕੇ ਸਾਰੇ ਜਗਤ ਵਿਚ ਆਪਣੀ ਜੋਤ ਨੂੰ ਪ੍ਰੋ ਰਿਹਾ ਹੈਂ।

## ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ; ਗੁਰਮੁਖਿ ਹਰਿ ਦੇਖਾਵਣਿਆ ॥੨॥

ਹੇ ਕਰਤੇ = ਕਰਤਾ ਪੁਰਖ ਪਰਮੇਸ਼ਰ ! ਤੂੰ ਆਪੇ = ਆਪ ਹੀ ਈਸ਼ਵਰ ਰੂਪ ਹੋ ਕੇ ਜੀਵਾਂ ਦੇ ਮੰਦੇ ਕਰਮਾਂ ਅਨੁਸਾਰ ਦੁੱਖ ਤੇ ਚੰਗੇ ਕਰਮਾਂ ਅਨੁਸਾਰ ਸੁੱਖ ਦੇਵਹਿ = ਦਿੰਦਾ ਹੈਂ ਅਤੇ ਹੇ ਹਰਿ = ਪਰਮੇਸ਼ਰ ! ਤੂੰ ਆਪ ਹੀ ਗੁਰਮੁਖ ਜਨਾਂ ਨੂੰ ਆਪਣਾ ਸਰੂਪ ਦੇਖਾਵਣਿਆ = ਦਿਖਾਉਣਾ ਕਰਦਾ ਹੈਂ। ਜਿਸ ਕਰਕੇ ਗੁਰਮੁਖ ਜਨ ਇਉਂ ਜਾਣਦੇ ਹਨ ਕਿ ਸਾਡੇ ਕੀਤੇ ਪਾਪਾਂ ਦਾ ਫਲ ਦੁੱਖ ਮਿਲ ਰਿਹਾ ਹੈ। ਪੁੰਨਾਂ ਦਾ ਫਲ ਪਰਮਾਤਮਾ ਵੱਲੋਂ ਸੁੱਖ ਮਿਲ ਰਿਹਾ ਹੈ ॥੨॥

**ਦ੍ਰਿਸ਼ਟਾਂਤ :** ਇਕ ਕੂਕਰ ਦ੍ਰਿਸ਼ਟੀ ਹੈ। ਇਕ ਸ਼ੇਰ ਦ੍ਰਿਸ਼ਟੀ ਹੈ। ਕੁੱਤੇ ਨੂੰ ਲਾਠੀ ਮਾਰੀਏ ਤਾਂ ਲਾਠੀ ਮਾਰਨ ਵਾਲੇ ਨੂੰ ਛੱਡ ਕੇ ਲਾਠੀ ਨੂੰ ਪੈਂਦਾ ਹੈ। ਸ਼ੇਰ 'ਤੇ ਜੇ ਕੋਈ ਸ਼ਸਤਰ ਦਾ ਪਰਹਾਰ ਕਰਦਾ ਹੈ ਤਾਂ ਉਹ ਸ਼ਸਤਰ ਛੱਡ ਕੇ ਮਾਰਣ ਵਾਲੇ ਦੇ ਵੱਲ ਪੈਂਦਾ ਹੈ। ਇਉਂ ਗੁਰਮੁਖ ਪਰਮੇਸ਼ਰ ਵੱਲ ਨਿਗ੍ਹਾ ਰੱਖਦੇ ਹਨ। ਕਿਸੇ ਨਾਲ ਵੈਰ ਨਹੀਂ ਕਰਦੇ। ਉਹ ਕਹਿੰਦੇ ਹਨ ਜੋ ਕਰ ਰਿਹਾ ਹੈ, ਠੀਕ ਕਰ ਰਿਹਾ ਹੈ। ਗੁਰਮੁਖ ਤੇਰੇ ਸਰੂਪ ਨੂੰ ਵੇਖਦੇ ਹਨ। ਹੇ ਹਰੀ ! ਤੂੰ ਉਹਨਾਂ ਨੂੰ ਆਪਣਾ ਆਪ ਦਿਖਾਉਣਾ ਕਰਦਾ ਹੈਂ।

## ਆਪੇ ਕਰਤਾ; ਕਰੇ ਕਰਾਏ ॥ ਆਪੇ ਸਬਦੁ ਗੁਰ; ਮੰਨਿ ਵਸਾਏ ॥

ਹੇ ਪਰਮੇਸ਼ਰ ! ਤੂੰ ਆਪ ਹੀ ਕਰਤਾ ਪੁਰਖ ਹੋ ਕੇ ਬ੍ਰਹਮਾ ਆਦਿ ਨੂੰ ਪੈਦਾ ਕਰੇ = ਕਰਦਾ ਹੈਂ ਤੇ ਆਪ ਹੀ ਬ੍ਰਹਮਾ ਆਦਿਕਾਂ ਤੋਂ ਸ੍ਰਿਸ਼ਟੀ ਪੈਦਾ ਕਰਾਏ = ਕਰਾਉਂਦਾ ਹੈਂ **ਵਾ:** ਵਿਸ਼ਨੂੰ ਆਦਿਕਾਂ ਤੋਂ ਪਾਲਣਾ ਤੇ ਸ਼ਿਵਜੀ ਤੋਂ ਲੈਅਤਾ ਕਰਾਉਂਦਾ ਹੈਂ। ਆਪ ਹੀ ਗੁਰ = ਗੁਰੂ ਦੇ ਸਬਦੁ = ਉਪਦੇਸ਼ ਨੂੰ ਗੁਰਮੁਖਾਂ ਦੇ ਮੰਨਿ = ਮਨ ਵਿਚ ਵਸਾਏ = ਵਸਾਉਂਦਾ ਹੈਂ।

## ਸਬਦੇ ਉਪਜੈ ਅੰਮ੍ਰਿਤ ਬਾਣੀ; ਗੁਰਮੁਖਿ ਆਖਿ ਸੁਣਾਵਣਿਆ ॥੩॥

ਹੇ ਪਰਮੇਸ਼ਰ ! ਜਿਹੜੇ ਗੁਰਮੁਖ ਸਬਦੇ = ਗੁਰੂ ਦੇ ਉਪਦੇਸ਼ ਨੂੰ ਕਮਾਉਂਦੇ ਹਨ, ਉਨ੍ਹਾਂ ਦੇ ਹਿਰਦੇ ਅੰਦਰ ਅੰਮ੍ਰਿਤ ਰੂਪ ਬਾਣੀ ਉਪਜੈ = ਪ੍ਰਗਟ ਹੁੰਦੀ ਹੈ ਅਤੇ ਉਹ ਗੁਰਮੁਖ ਰਸਨਾ ਦੁਆਰਾ ਆਖਿ = ਉਚਾਰ ਕੇ ਆਪ

ਦੇ ਜਸ ਨੂੰ ਸੁਣਾਵਣਿਆ = ਸੁਣਾਉਂਦੇ ਹਨ **ਅਥਵਾ** ਅੰਮ੍ਰਿਤ ਬਾਣੀ ਦੁਆਰਾ ਹੀ ਸਬਦੇ = ਬ੍ਰਹਮ ਪ੍ਰਗਟ ਹੁੰਦਾ ਹੈ ॥੩॥

## ਆਪੇ ਕਰਤਾ; ਆਪੇ ਭੁਗਤਾ ॥ ਬੰਧਨ ਤੋੜੇ; ਸਦਾ ਹੈ ਮੁਕਤਾ ॥

ਹੇ ਪਰਮੇਸ਼ਰ ! ਤੂੰ ਆਪ ਹੀ ਜਗਤ ਦਾ ਕਰਤਾ ਰੂਪ ਹੈਂ ਤੇ ਆਪ ਹੀ ਪਦਾਰਥਾਂ ਦੇ ਭੁਗਤਾ = ਭੋਗਣ ਵਾਲਾ ਜੀਵ ਰੂਪ ਹੈ **ਵਾ:** ਆਪ ਹੀ ਸ੍ਰਿਸ਼ਟੀ ਦੇ ਕਰਤਾ = ਰਚਣ ਵਾਲਾ ਹੈਂ ਤੇ ਆਪ ਹੀ ਕਾਲ ਰੂਪ ਹੋ ਕੇ ਸ੍ਰਿਸ਼ਟੀ ਦਾ ਭੁਗਤਾ = ਭੋਜਨ ਕਰ ਲੈਂਦਾ ਹੈਂ ਭਾਵ ਖਾ ਲੈਂਦਾ ਹੈਂ। ਹੇ ਪਰਮੇਸ਼ਰ ! ਜਿਨ੍ਹਾਂ ਦੇ ਤੂੰ ਕਰਤਾ ਭੋਗਤਾ ਦੇ ਬੰਧਨ = ਜੰਜਾਲ ਤੋੜੇ = ਤੋੜ ਦਿੰਦਾ ਹੈ, ਉਹ ਪੁਰਖ ਸਦਾ ਹੀ ਮੁਕਤਾ = ਮੁਕਤ ਰੂਪ ਹਨ **ਵਾ:** ਆਪ ਹੀ ਬੰਧਨਾਂ ਨੂੰ ਤੋੜ ਕੇ ਸਦਾ ਤਤਬੇਤਾ ਮੁਕਤ ਸਰੂਪ ਹੈਂ।

## ਸਦਾ ਮੁਕਤੁ ਆਪੇ ਹੈ ਸਚਾ; ਆਪੇ ਅਲਖੁ ਲਖਾਵਣਿਆ ॥੪॥

ਹੇ ਸੱਚੇ ਪਰਮੇਸ਼ਰ ! ਤੂੰ ਆਪ ਹੀ ਸਦਾ = ਹਮੇਸ਼ਾ ਮੁਕਤ ਰੂਪ ਹੈਂ ਤੇ ਆਪੇ = ਆਪ ਹੀ ਆਪਣੇ ਅਲਖੁ = ਲਖਣ ਤੋਂ ਰਹਿਤ ਸਰੂਪ ਨੂੰ ਗੁਰਾਂ ਦੁਆਰਾ ਲੱਖਣਾ ਬਿਰਤੀ ਕਰਕੇ ਲਖਾਵਣਿਆ = ਲਖਾ ਦਿੰਦਾ ਹੈਂ ਭਾਵ ਆਪਣਾ ਸਰੂਪ ਜਣਾ ਦਿੰਦਾ ਹੈਂ ॥੪॥

## ਆਪੇ ਮਾਇਆ; ਆਪੇ ਛਾਇਆ ॥

ਹੇ ਪਰਮੇਸ਼ਰ ! ਤੂੰ ਆਪੇ = ਆਪ ਹੀ ਮਾਇਆ ਰੂਪ ਹੈਂ ਤੇ ਆਪ ਹੀ ਛਾਇਆ = ਪ੍ਰਤੀਬਿੰਬ ਰੂਪ ਹੈਂ ਭਾਵ ਚੇਤਨ ਰੂਪ ਹੈਂ। ਜੈਸਾ ਕਿ :

**ਤੀਨਿ ਗੁਣਾ ਇਕ ਸਕਤਿ ਉਪਾਇਆ ॥**
**ਮਹਾ ਮਾਇਆ ਤਾ ਕੀ ਹੈ ਛਾਇਆ ॥** *(ਗੋਂਡ ਮ: ੫, ਅੰਗ ੮੬੮)*

**ਅਥਵਾ** ਛਾਇਆ = ਪਰਛਾਵੇਂ ਦੀ ਨਿਆਈਂ ਅਵਿੱਦਿਆ ਰੂਪ ਵੀ ਆਪ ਹੀ ਹੈਂ ਕਿਉਂਕਿ ਸਰਬ ਰੂਪ ਹੋਣ ਕਰਕੇ ਸਭ ਕੁਝ ਤੂੰ ਆਪ ਹੀ ਹੈਂ। ਅਰਥਾਤ ਜੋ ਵੀ ਕਲਪਤ ਪਦਾਰਥ ਹੁੰਦਾ ਹੈ ਅਧਿਸ਼ਠਾਨ ਤੋਂ ਵੱਖਰਾ ਨਹੀਂ ਹੁੰਦਾ। ਇਸ ਕਰਕੇ ਉਹ ਪਰਮਾਤਮਾ ਹੀ ਮਾਇਆ ਰੂਪ ਤੇ ਪਰਮਾਤਮਾ ਹੀ ਛਾਇਆ ਰੂਪ ਹੈ। ਜਿਹੜੀ ਮਹਾਂ ਮਾਇਆ ਹੈ ਜਿਸ ਤੋਂ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਪੈਦਾ ਹੋਏ ਹਨ, ਉਹ ਇਕ ਪਰਛਾਵੇਂ ਦੀ ਨਿਆਈਂ ਹੈ। ਮਹਾਂ ਮਾਇਆ ਜਿਹੜੀ ਜੜ੍ਹ ਸੀ, ਉਸ ਵਿਚ ਜੋ ਚੇਤਨ ਦਾ ਪ੍ਰਤੀਬਿੰਬ ਪਾਇਆ, ਉਸ ਪ੍ਰਤੀਬਿੰਬ ਕਰਕੇ ਹਰਕਤ ਵਾਲੀ ਹੋਈ। ਉਸ ਹਰਕਤ ਨੂੰ ਪ੍ਰਾਪਤ ਹੋ ਕੇ ਜਿਸ ਵਿਚ ਸਤੋ ਗੁਣ ਵਿਸ਼ੇਸ਼ ਰਿਹਾ ਤੇ ਰਜੋ ਤੇ ਤਮੋ ਉਸ ਦੇ ਪ੍ਰਭਾਵ ਹੇਠ ਦੱਬੇ ਰਹੇ, ਉਹ ਈਸ਼ਵਰ ਬਣ ਗਈ। ਜਿਸ ਵਿਚ ਤਮੋ ਗੁਣ ਵਿਸ਼ੇਸ਼ ਰਿਹਾ ਤੇ ਸਤੋ ਗੁਣ ਤੇ ਰਜੋ ਗੁਣ ਦੱਬੇ ਰਹੇ, ਉਹ ਜੀਵ ਬਣ ਗਈ। ਇਉਂ ਮਾਇਆ ਤੇ ਛਾਇਆ ਪ੍ਰਤੀਬਿੰਬ ਰੂਪ ਆਪ ਹੀ ਹੈ **ਵਾ:** ਜਿਹੜਾ ਅਵਿੱਦਿਆ ਵਿਚ ਪ੍ਰਤੀਬਿੰਬ ਹੈ ਉਹ ਜੀਵ ਹੈ, ਜਿਹੜਾ ਮਾਇਆ ਵਿਚ ਪ੍ਰਤੀਬਿੰਬ ਹੈ ਉਹ ਈਸਰ ਰੂਪ ਹੈ, ਇਉਂ ਆਪ ਹੀ ਸਾਰਿਆਂ ਵਿਚ ਵਰਤ ਰਿਹਾ ਹੈ।

## ਆਪੇ ਮੋਹੁ; ਸਭੁ ਜਗਤੁ ਉਪਾਇਆ ॥

ਹੇ ਪਰਮੇਸ਼ਰ ! ਤੂੰ ਆਪੇ = ਆਪ ਹੀ ਮਾਇਆ ਦਾ ਮੋਹ ਪਾ ਕੇ ਸਭੁ = ਸਾਰੇ ਜਗਤੁ = ਸੰਸਾਰ ਨੂੰ ਉਪਾਇਆ = ਪੈਦਾ ਕੀਤਾ ਹੈ **ਵਾ:** ਮੋਹੁ = ਅਗਿਆਨ ਦੁਆਰਾ ਸਾਰੇ ਸੰਸਾਰ ਨੂੰ ਪੈਦਾ ਕੀਤਾ ਹੈ।

## ਆਪੇ ਗੁਣਦਾਤਾ ਗੁਣ ਗਾਵੈ; ਆਪੇ ਆਖਿ ਸੁਣਾਵਣਿਆ ॥੫॥

ਹੇ ਪਰਮੇਸ਼ਰ ! ਤੂੰ ਆਪ ਹੀ ਗਿਆਨ ਆਦਿਕ ਗੁਣ = ਗੁਣਾਂ ਦਾ ਦਾਤਾ ਹੈਂ ਭਾਵ ਗੁਰੂ ਰੂਪ ਹੋ ਕੇ

ਗੁਣਾਂ ਦਾ ਦਾਤਾ ਹੈਂ ਤੇ ਆਪ ਹੀ ਅਧਿਕਾਰੀ ਰੂਪ ਹੋ ਕੇ ਗੁਣਾਂ ਨੂੰ ਗਾਵੈ = ਗਾਉਂਦਾ ਹੈ। ਉਹਨਾਂ ਗੁਣਾਂ ਨੂੰ ਆਪ ਹੀ ਗੁਰੂ ਰੂਪ ਹੋ ਕੇ ਆਖਿ = ਕਹਿ ਕੇ ਸੁਣਾਵਣਿਆ = ਸੁਣਾਉਂਦਾ ਹੈਂ ॥੫॥

## ਆਪੇ ਕਰੇ; ਕਰਾਏ ਆਪੇ ॥ ਆਪੇ ਥਾਪਿ; ਉਥਾਪੇ ਆਪੇ ॥

ਹੇ ਪਰਮੇਸ਼ਰ ! ਤੂੰ ਆਪ ਹੀ ਸ੍ਰਵਣ ਕਰਨ ਵਾਲਾ ਹੈਂ ਤੇ ਆਪ ਹੀ ਮੰਨਣ ਕਰਨ ਵਾਲਾ ਹੈਂ। ਹੇ ਪਰਮੇਸ਼ਰ ! ਤੂੰ ਆਪ ਹੀ ਜੀਵ ਥਾਪਿ = ਅਸਥਾਪਨ ਕੀਤੇ ਹਨ ਤੇ, ਉਹਨਾਂ ਦੇ ਅੰਦਰੋਂ ਆਸੁਰੀ ਸੰਪਦਾ ਨੂੰ ਉਥਾਪੇ = ਨਾਸ਼ ਕਰਨ ਵਾਲਾ ਵੀ ਤੂੰ ਆਪ ਹੀ ਹੈਂ **ਵਾ:** ਤੂੰ ਆਪ ਹੀ ਜੀਵਾਂ ਨੂੰ ਥਾਪਿ = ਸਥਾਪਨ ਕਰਦਾ ਹੈਂ ਤੇ ਆਪ ਹੀ ਉਥਾਪੇ = ਲੈਅਤਾ ਕਰਦਾ ਹੈਂ **ਅਥਵਾ** ਆਪ ਹੀ ਜੋ ਅਗਿਆਨ ਆਦਿਕ ਥਾਪਿ = ਸਥਾਪਨ ਕੀਤੇ ਹਨ, ਉਨ੍ਹਾਂ ਨੂੰ ਗੁਰਮੁਖ ਦੇ ਹਿਰਦੇ ਵਿੱਚੋਂ ਉਥਾਪੇ = ਪੁੱਟਣ ਵਾਲਾ ਵੀ ਤੂੰ ਆਪ ਹੀ ਹੈਂ।

## ਤੁਝ ਤੇ ਬਾਹਰਿ, ਕਛੂ ਨ ਹੋਵੈ; ਤੂੰ ਆਪੇ ਕਾਰੈ ਲਾਵਣਿਆ ॥੬॥

ਹੇ ਪਰਮੇਸ਼ਰ ! ਤੁਝ = ਤੁਹਾਡੇ ਹੁਕਮ ਤੇ = ਤੋਂ ਬਾਹਰ ਤਾਂ ਕਛੂ = ਕੁਝ ਵੀ ਨ = ਨਹੀਂ ਹੋਵੈ = ਹੋ ਸਕਦਾ **ਵਾ:** ਕੋਈ ਕੁਝ ਨਹੀਂ ਕਰ ਸਕਦਾ।

ਜੀਵਾਂ ਦੀ ਜੈਸੀ ਪ੍ਰਵਿਰਤੀ ਹੈ **ਵਾ:** ਜੈਸੀ ਵਾਸ਼ਨਾ ਹੈ, ਤੂੰ ਆਪੇ ਹੀ ਉਹੋ ਜਿਹੀ ਕਾਰੈ = ਕਾਰ ਵਿਚ ਲਾਵਣਿਆ = ਲਾਉਣਾ ਕਰਦਾ ਹੈਂ ॥੬॥

## ਆਪੇ ਮਾਰੇ; ਆਪਿ ਜੀਵਾਏ ॥ ਆਪੇ ਮੇਲੇ; ਮੇਲਿ ਮਿਲਾਏ ॥

ਹੇ ਪਰਮੇਸ਼ਰ ! ਤੂੰ ਆਪ ਹੀ ਜੀਵਤ ਭਾਵ ਤੋਂ ਮਾਰਨ ਵਾਲਾ ਹੈਂ, ਆਪ ਹੀ ਆਪਣੀ ਭਗਤੀ ਦੇ ਕੇ ਜਿਉਂਦੇ ਕਰਨ ਵਾਲਾ ਹੈਂ **ਅਥਵਾ** ਆਪ ਹੀ ਦੇਹਾਂ ਦਾ ਅੰਤ ਕਰਨ ਰੂਪ ਮਾਰਦਾ ਹੈਂ ਅਤੇ ਆਪ ਹੀ ਜੀਵਨ ਮੁਕਤ ਵਾਲੇ ਸਤਿਪੁਰਸ਼ ਨੂੰ ਜੀਵਨ ਪਦਵੀ ਦਿੰਦਾ ਹੈਂ।

ਆਪ ਹੀ ਜਗਿਆਸੂਆਂ ਨੂੰ ਬ੍ਰਹਮ ਗਿਆਨ ਵਿਚ ਮੇਲੇ = ਮੇਲ ਕੇ ਫੇਰ ਆਪਣੇ ਸਰੂਪ ਦੇ ਮੇਲ ਵਿਚ ਮਿਲਾਏ = ਮਿਲਾ ਲੈਂਦਾ ਹੈਂ **ਵਾ:** ਆਪ ਹੀ ਗੁਰਾਂ ਦੇ ਮੇਲ ਵਿਚ ਮਿਲਾ ਕੇ ਆਪਣੇ ਸਰੂਪ ਨਾਲ ਮਿਲਾਏ = ਮਿਲਾ ਲੈਂਦਾ ਹੈਂ।

## ਸੇਵਾ ਤੇ, ਸਦਾ ਸੁਖੁ ਪਾਇਆ; ਗੁਰਮੁਖਿ ਸਹਜਿ ਸਮਾਵਣਿਆ ॥੭॥

ਹੇ ਪਰਮੇਸ਼ਰ ! ਤੇਰੀ ਭਗਤੀ ਰੂਪ ਸੇਵਾ = ਟਹਿਲ ਕਰਨ ਤੇ = ਤੋਂ ਹੀ ਗੁਰਮੁਖ ਜਨਾਂ ਨੇ ਸਦਾ = ਹਮੇਸ਼ਾਂ ਰਹਿਣ ਵਾਲਾ ਆਤਮਿਕ ਸੁੱਖ ਪਾਇਆ = ਪਾਉਣਾ ਕੀਤਾ ਹੈ, ਜਿਸ ਕਰਕੇ ਗੁਰਮੁਖ ਜਨ ਤੇਰੇ ਸਹਜ ਸਰੂਪ ਵਿਚ ਸਮਾਵਣਿਆ = ਸਮਾ ਜਾਂਦੇ ਹਨ **ਵਾ:** ਗੁਰਾਂ ਤੋਂ ਸਹਜਿ = ਗਿਆਨ ਪ੍ਰਾਪਤ ਕਰਕੇ ਚੌਥੇ ਤੁਰੀਆ ਪਦ ਵਿਚ ਸਮਾ ਜਾਂਦੇ ਹਨ ॥੭॥

**[ਅੰਗ ੧੨੬]**

## ਆਪੇ; ਊਚਾ ਊਚੋ ਹੋਈ ॥ ਜਿਸੁ ਆਪਿ ਵਿਖਾਲੇ; ਸੁ ਵੇਖੈ ਕੋਈ ॥

ਹੇ ਪਰਮੇਸ਼ਰ ! ਤੂੰ ਆਪ ਹੀ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਆਦਿਕ ਅਤੇ ਅਬਿਆਕ੍ਰਿਤ, ਹਿਰਨ ਗਰਭ ਵੈਰਾਟ ਆਦਿਕ ਸਾਰਿਆਂ ਊਚਾ = ਉੱਚਿਆ ਤੋਂ ਊਚੋ = ਉੱਚਾ ਹੋਈ = ਹੋ ਰਿਹਾ ਹੈਂ। ਹੇ ਪ੍ਰਭੂ ! ਜਿਸ ਨੂੰ ਆਪ ਆਪਣਾ ਸਰੂਪ ਵਿਖਾਲੇ = ਵਿਖਾਲਦਾ ਹੈਂ, ਸੁ = ਉਹੋ ਕੋਈ ਹੀ ਤੇਰੇ ਸਰੂਪ ਨੂੰ ਵੇਖੈ = ਵੇਖਦਾ ਹੈ।

## ਨਾਨਕ, ਨਾਮੁ ਵਸੈ ਘਟ ਅੰਤਰਿ; ਆਪੇ ਵੇਖਿ ਵਿਖਾਲਣਿਆ ॥੮॥੨੬॥੨੭॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਹੇ ਪਰਮੇਸ਼ਰ! ਜਿਨ੍ਹਾਂ ਦੇ ਘਟ = ਹਿਰਦੇ ਦੇ ਅੰਤਰਿ = ਵਿਚ ਤੇਰਾ ਨਾਮ ਵਸ ਜਾਂਦਾ ਹੈ, ਉਹ ਆਪ ਤੇਰੇ ਸਰੂਪ ਨੂੰ ਵੇਖਦੇ ਹਨ ਤੇ ਹੋਰਨਾਂ ਤਾਈਂ ਵੀ ਵਿਖਾਲਣਿਆ = ਵਿਖਾਉਣਾ ਕਰਦੇ ਹਨ। ਜਿਵੇਂ ਆਪਣੇ ਮੂੰਹ ਨੂੰ ਸ਼ੀਸ਼ੇ ਵਿਚ ਵੇਖੀਦਾ ਹੈ, ਹੋਰਨਾਂ ਅੱਗੇ ਵੀ ਸ਼ੀਸ਼ਾ ਕਰਕੇ ਵਿਖਾ ਦੇਈਦਾ ਹੈ। ਉਹ ਆਪਣੇ ਆਤਮਿਕ ਸਰੂਪ ਨੂੰ ਗਿਆਨ ਰੂਪ ਸ਼ੀਸ਼ੇ ਨਾਲ ਵੇਖਦਾ ਹੈਂ। ਹੋਰਨਾਂ ਨੂੰ ਅੰਤਸ਼ਕਰਨ ਦੇ ਸਾਖੀ ਰੂਪ ਕਰਕੇ ਆਪ ਵਿਖਾ ਦਿੰਦਾ ਹੈ। ਉਹ ਫੇਰ ਤੱਤਬੇਤੇ ਬ੍ਰਹਮ ਗਿਆਨੀ ਦੀ ਪਦਵੀ ਨੂੰ ਪ੍ਰਾਪਤ ਹੋ ਜਾਂਦੇ ਹਨ, ਐਸੀ ਬਖ਼ਸ਼ਿਸ਼ ਹੋ ਜਾਂਦੀ ਹੈ॥੮॥੨੬॥੨੭॥

## ਮਾਝ ਮਹਲਾ ੩ ॥

ਸਿੱਖਾਂ ਨੇ ਪੁੱਛਿਆ ਕਿ ਸਤਿਗੁਰੂ ਜੀ! ਮੁਸਲਮਾਨ ਅੱਲ੍ਹਾ ਨੂੰ ਸੱਤਵੇਂ ਅਰਸ਼ ਵਿਚ ਮੰਨਦੇ ਹਨ। ਹਿੰਦੂ ਕਾਂਸ਼ੀ, ਦਵਾਰਕਾ ਵਿਚ, ਕੋਈ ਕਹਿੰਦਾ ਹੈ ਕਿ ਹਰੀ ਵਾਹਿਗੁਰੂ ਖੀਰ ਸਮੁੰਦਰ ਵਿਚ ਰਹਿੰਦਾ ਹੈ। ਆਪ ਦੱਸੋ ਸੱਚੇ ਪਾਤਸ਼ਾਹ! ਪਰਮੇਸ਼ਰ ਕਿਥੇ ਹੈ? ਤਾਂ ਹਜ਼ੂਰ ਸ਼ਬਦ ਉਚਾਰਨ ਕਰਦੇ ਹਨ:

## ਮੇਰਾ ਪ੍ਰਭੁ; ਭਰਪੂਰਿ ਰਹਿਆ ਸਭ ਥਾਈ ॥

ਹੇ ਭਾਈ! ਮੇਰਾ ਪ੍ਰਭੁ = ਹਰੀ ਵਾਹਿਗੁਰੂ ਸਭ = ਸਾਰਿਆਂ ਥਾਈ = ਥਾਵਾਂ ਵਿਚ ਭਰਪੂਰਿ = ਪਰੀਪੂਰਨ ਹੋ ਰਿਹਾ ਹੈ।

***ਪ੍ਰਸ਼ਨ :*** *ਹੇ ਸਤਿਗੁਰੂ! ਜੇਕਰ ਪ੍ਰਭੂ ਸਭ ਸਾਰਿਆਂ ਥਾਵਾਂ ਵਿਚ ਵਿਆਪਕ ਹੈਂ ਤਾਂ ਫੇਰ ਉਸਨੂੰ ਕਿਥੋਂ ਪਾਉਣਾ ਕਰੀਏ?*
***ਉੱਤਰ :***

## ਗੁਰ ਪਰਸਾਦੀ; ਘਰ ਹੀ ਮਹਿ ਪਾਈ ॥

ਜਿਨ੍ਹਾਂ 'ਤੇ ਗੁਰ ਪਰਸਾਦੀ = ਗੁਰਾਂ ਦੀ ਕਿਰਪਾ ਹੋਈ ਹੈ, ਉਹਨਾਂ ਨੇ ਮਨੁੱਖਾਂ ਸਰੀਰ ਰੂਪੀ ਘਰ ਮਹਿ = ਵਿੱਚੋਂ ਹੀ ਪਰਮੇਸ਼ਰ ਨੂੰ ਪਾਈ = ਪਾ ਲਿਆ ਹੈ। **ਵਾ:** ਸਾਧਸੰਗਤ ਰੂਪੀ ਘਰ ਵਿੱਚੋਂ ਵੀ ਪ੍ਰਾਪਤ ਕਰ ਲਿਆ ਹੈ **ਵਾ:** ਗੁਰਪਰਸਾਦੀ = ਗੁਰਾਂ ਦੀ ਕਿਰਪਾ ਦੁਆਰਾ ਹਰੀ ਨੂੰ ਅੰਤਹਕਰਨ ਰੂਪੀ ਘਰ ਮਹਿ = ਵਿੱਚੋਂ ਹੀ ਪਾ ਲਿਆ ਹੈ **ਵਾ:** ਘਰ = ਗ੍ਰਿਹਸਤ ਵਿਚ ਰਹਿੰਦਿਆਂ ਵੀ ਉਹਨਾਂ ਨੇ ਹਰੀ ਵਾਹਿਗੁਰੂ ਨੂੰ ਪਾ ਲਿਆ ਹੈ।

***ਪ੍ਰਸ਼ਨ :*** *ਮਹਾਰਾਜ ਜੀ! ਜਿਨ੍ਹਾਂ ਨੂੰ ਹਰੀ ਪ੍ਰਾਪਤ ਹੋ ਗਿਆ, ਉਹਨਾਂ ਦੀ ਕਰਨੀ ਕੈਸੀ ਹੈ?*
***ਉੱਤਰ :*** ਤਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਸੱਚੇ ਪਾਤਸ਼ਾਹ ਉੱਤਰ ਦਿੰਦੇ ਹਨ:

## ਸਦਾ ਸਰੇਵੀ, ਇਕ ਮਨਿ ਧਿਆਈ; ਗੁਰਮੁਖਿ ਸਚਿ ਸਮਾਵਣਿਆ ॥੧॥

ਜੋ ਸਦਾ = ਹਮੇਸ਼ਾ ਹਰੀ ਵਾਹਿਗੁਰੂ ਨੂੰ ਇਕ = ਇਕਾਗਰ ਮਨ ਨਾਲ ਸਰੇਵੀ = ਸੇਵਦੇ ਅਤੇ ਮਨ ਬਾਣੀ ਕਰਕੇ ਧਿਆਈ = ਧਿਆਉਂਦੇ ਹਨ। ਉਹ ਗੁਰਮੁਖ ਜਨ ਸੱਚ ਸਰੂਪ ਵਿਚ ਸਮਾਵਣਿਆ = ਅਭੇਦ ਹੋ ਜਾਂਦੇ ਹਨ॥੧॥

## ਹਉ ਵਾਰੀ, ਜੀਉ ਵਾਰੀ; ਜਗਜੀਵਨੁ ਮੰਨਿ ਵਸਾਵਣਿਆ ॥

ਹਉ = ਮੈਂ ਉਹਨਾਂ ਤੋਂ ਸਰੀਰ ਕਰਕੇ ਵਾਰਨੇ ਜੀਉ = ਜੀਅ ਕਰਕੇ ਵਾਰੀ = ਬਲਿਹਾਰਣੇ ਜਾਂਦਾ ਹਾਂ,

ਜਿਨ੍ਹਾਂ ਨੇ ਜਗਜੀਵਨੁ = ਜਗਤ ਨੂੰ ਜੀਵਨ ਦਾਨ ਦੇਣ ਵਾਲੇ ਹਰੀ ਪ੍ਰਭੂ ਨੂੰ ਮੰਨਿ = ਮਨ ਵਿਚ ਵਸਾਵਨਿਆ = ਵਸਾ ਲਿਆ ਹੈ।

## ਹਰਿ ਜਗਜੀਵਨੁ, ਨਿਰਭਉ ਦਾਤਾ; ਗੁਰਮਤਿ ਸਹਜਿ ਸਮਾਵਣਿਆ ॥੧॥ਰਹਾਉ॥

ਹੇ ਭਾਈ ! ਹਰਿ = ਹਰੀ ਅਕਾਲ ਪੁਰਖ ਸਾਰੇ ਜਗਜੀਵਨੁ = ਜਗਤ ਦਾ ਜੀਵਨ ਰੂਪ ਹੈ, ਨਿਰਭਉ = ਡਰ ਤੋਂ ਰਹਿਤ ਹੈ, ਸਾਰਿਆਂ ਨੂੰ ਦਾਤਾ = ਦਾਤਾਂ ਦੇਣ ਵਾਲਾ ਹੈ।

ਜੋ ਗੁਰਮਤਿ = ਗੁਰਾਂ ਦੀ ਮਤਿ = ਸਿੱਖਿਆ ਨੂੰ ਧਾਰਨ ਕਰ ਲੈਂਦੇ ਹਨ, ਉਹ ਸਹਜਿ = ਸ਼ਾਂਤ ਰੂਪ ਪਰਮੇਸ਼ਰ ਵਿਚ ਸਮਾਵਨਿਆ = ਸਮਾ, ਅਭੇਦ ਹੋ ਜਾਂਦੇ ਹਨ ॥੧॥ਰਹਾਉ॥

## ਘਰ ਮਹਿ ਧਰਤੀ; ਧਉਲੁ ਪਾਤਾਲਾ ॥

ਇਸ ਸੰਸਾਰ ਰੂਪੀ ਘਰ ਮਹਿ = ਵਿਚ ਪਰਮੇਸ਼ਰ ਨੇ ਧਰਤੀ ਪਾਤਾਲਾ = ਪਾਤਾਲ, ਅਕਾਸ਼ ਨੂੰ ਧਰਮ ਰੂਪੀ ਧਉਲੁ = ਚਿੱਟੇ ਬੈਲ ਦੇ ਆਸਰੇ ਇਸਥਿਤ ਕਰਕੇ ਰੱਖਿਆ ਹੋਇਆ ਹੈ।

***ਦੂਸਰਾ ਅਰਥ :*** ਸਰੀਰ ਰੂਪੀ ਘਰ ਦੇ ਵਿਚ ਧਰਤੀ ਦੀ ਨਿਆਈਂ ਧੀਰਜ, ਖਿਮਾ, ਧਉਲੁ = ਉੱਜਲਤਾ, ਧਰਮ ਤੇ ਪਤਾਲ ਭਾਵ ਨਿਮਰਤਾ ਆਦਿ ਗੁਣਾਂ ਨੂੰ ਇਸਥਿਤ ਕੀਤਾ ਹੋਇਆ ਹੈ।

***ਤੀਸਰਾ ਅਰਥ :*** ਸਤਿਸੰਗਤ ਰੂਪੀ ਘਰ ਵਿਚ ਨਿਮਰਤਾ ਰੂਪੀ ਧਰਤੀ ਹੈ, ਭਾਵ ਜਿਵੇਂ ਧਰਤੀ ਵਿਚ ਬੀਜਿਆ ਹੋਇਆ ਬੀਜ ਫਲਦਾ ਹੈ, ਇਉਂ ਨਿਮਰਤਾ ਰੂਪੀ ਧਰਤੀ ਵਿਚ ਨਾਮ ਸਿਮਰਨ ਦਾ ਬੀਜ ਫਲਦਾ ਹੈ, ਧਰਤੀ ਨੂੰ ਕੋਈ ਪੁੱਟੀ ਜਾਵੇ ਜਾਂ ਕੋਈ ਲੇਪਨ ਕਰੀ ਜਾਵੇ ਧਰਤੀ ਨੂੰ ਕੋਈ ਫਰਕ ਨਹੀਂ ਹੈ, ਇਉਂ ਸਤਿਸੰਗੀਆਂ ਦਾ ਕੋਈ ਆਦਰ ਕਰੇ ਭਾਵੇਂ ਕੋਈ ਨਿਰਾਦਰ ਕਰੇ ਉਹ ਤਾਂ ਧਰਤੀ ਦੀ ਨਿਆਈਂ ਪਰਉਪਕਾਰ ਹੀ ਕਰਦੇ ਹਨ।

ਧਉਲੁ = ਧਰਮ ਰੂਪੀ ਧੌਲਾ ਬੈਲ ਵੀ ਸਤਿਸੰਗਤ ਰੂਪੀ ਘਰ ਵਿਚ ਰੱਖਿਆ ਹੋਇਆ ਹੈ, ਅਰਥਾਤ ਜਿਵੇਂ ਬੈਲ ਚਿੱਟਾ ਹੁੰਦਾ ਹੈ, ਇਉਂ ਧਰਮ ਵੀ ਉੱਜਲ ਹੈ, ਪੁਰਾਣਾਂ ਵਿਚ ਇਹ ਬਚਨ ਮਿਥਿਹਾਸ ਹੀ ਕਿਹਾ ਜਾ ਸਕਦਾ ਹੈ ਕਿ ਕਿਸੇ ਗਾਂ ਦਾ ਵੱਛਾ ਧਉਲਾ ਬਲਦ ਧਰਤੀ ਚੁੱਕੀ ਖੜ੍ਹਾ ਹੈ, ਗੁਰੂ ਜੀ ਨੇ ਆਪਣੇ ਬਚਨਾਂ ਵਿਚ ਪੁਰਾਣਕ ਸ਼ਬਦ ਵਰਤੇ ਹਨ ਪਰ ਸਿਧਾਂਤ ਆਪਣਾ ਸੱਤ ਸਰੂਪ ਦਾ ਰੱਖਿਆ ਹੈ।[੧]

ਪਾਤਾਲਾ = ਪਤਾਲ ਤੋਂ ਭਾਵ ਗੰਭੀਰਤਾ ਅਰਥਾਤ ਸਤਿਸੰਗਤ ਰੂਪੀ ਘਰ ਵਿਚ ਜਾ ਕੇ ਬਿਰਤੀ ਬਹੁਤ ਗੰਭੀਰ ਭਾਵ ਸਰੂਪ ਦੀ ਵੀਚਾਰ ਵਾਲੀ ਹੋ ਜਾਂਦੀ ਹੈ।

***ਚੌਥਾ ਅਰਥ :*** ਜਿਨ੍ਹਾਂ ਨੂੰ ਅੰਤਹਕਰਨ ਰੂਪੀ ਘਰ ਵਿਚ ਪਹਿਲੀ, ਦੂਜੀ, ਤੀਜੀ, ਚੌਥੀ ਆਦਿ ਭੂਮਿਕਾ ਰੂਪੀ ਧਰਤੀ ਪ੍ਰਾਪਤ ਹੈ ਅਤੇ ਧਉਲੁ = ਉੱਜਲ ਨਿਸ਼ਕਾਮ ਕਰਮ ਹਨ, ਉਨ੍ਹਾਂ ਨੇ ਆਪਣੇ ਪਾਤਾਲਾ (ਪਾ+ਤਾਲਾ) ਤਾਲਾ = ਸਰੂਪ ਨੂੰ ਪਾ = ਪ੍ਰਾਪਤ ਕਰ ਲਿਆ ਹੈ।

## ਘਰ ਹੀ ਮਹਿ ਪ੍ਰੀਤਮੁ; ਸਦਾ ਹੈ ਬਾਲਾ ॥

ਸੰਸਾਰ, ਸਰੀਰ, ਸਤਿਸੰਗਤ, ਅੰਤਹਕਰਣ ਰੂਪੀ ਘਰ ਦੇ ਮਹਿ = ਵਿਚ ਹੀ ਪ੍ਰੀਤਮ = ਪਿਆਰਾ ਬਾਲਾ = ਬੇਪ੍ਰਵਾਹ, ਬਲ ਵਾਲਾ ਪਰਮੇਸ਼ਰ ਸਦਾ = ਹਮੇਸ਼ਾ ਹੀ ਵਸ ਰਿਹਾ ਹੈ **ਅਥਵਾ** ਬ੍ਰਹਮ ਗਿਆਨੀਆਂ ਦੇ ਅੰਤਸ਼ਕਰਣ ਰੂਪੀ ਘਰ ਮਹਿ = ਵਿਚ ਸਦਾ ਹੀ ਪਿਆਰਾ ਬਲ ਵਾਲਾ ਪਰਮੇਸ਼ਰ ਪ੍ਰਤੱਖ ਵਸ ਰਿਹਾ ਹੈ।

---

੧. ਧਉਲ ਸ਼ਬਦ ਦੀ ਵਿਸ਼ੇਸ਼ ਵਿਚਾਰ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ "ਧੌਲੁ ਧਰਮੁ ਦਇਆ ਕਾ ਪੂਤੁ ॥" ਵਾਲੀ ਤੁਕ ਉੱਪਰ ਪੜ੍ਹੋ ਜੀ।

## ਸਦਾ ਅਨੰਦਿ ਰਹੈ ਸੁਖਦਾਤਾ; ਗੁਰਮਤਿ ਸਹਜਿ ਸਮਾਵਣਿਆ ॥੨॥

ਉਹ ਸੁਖਦਾਤਾ = ਸੁੱਖਾਂ ਦਾ ਦਾਤਾ ਪਰਮੇਸ਼ਰ ਸਦਾ = ਹਮੇਸ਼ਾਂ ਅਨੰਦ ਦੇ ਸਹਿਤ ਰਹੈ = ਰਹਿੰਦਾ ਹੈ, ਗੁਰਮਤਿ = ਗੁਰ ਸਿੱਖਿਆ ਦੁਆਰਾ ਹੀ ਉਸਦੇ ਸਹਜ ਪਦ ਵਿਚ ਸਮਾਵਣਿਆ = ਸਮਾਈਦਾ ਹੈ **ਵਾ**: ਸਹਜਿ = ਸੁਭਾਵਿਕ ਹੀ ਉਸ ਵਿਚ ਅਭੇਦ ਹੋਈਦਾ ਹੈ ॥੨॥

## ਕਾਇਆ ਅੰਦਰਿ; ਹਉਮੈ ਮੇਰਾ ॥ ਜੰਮਣ ਮਰਣੁ; ਨ ਚੂਕੈ ਫੇਰਾ ॥

ਇਸ ਕਾਇਆ = ਦੇਹ ਦੇ ਅੰਦਰ ਹਉਮੈ = ਹੰਗਤਾ ਮਮਤਾ ਦੀ ਮੇਰਾ = ਮੇਰ ਤੇਰ ਹੈ ਜੋ ਮੈਂ ਦੇਹ ਹਾਂ, ਦਾ ਭਾਵ ਪ੍ਰਗਟ ਕਰਦੀ ਹੈ ਉਸ ਹਉਮੈ ਕਰਕੇ ਜੰਮਣ ਤੇ ਮਰਨ ਦਾ ਫੇਰਾ = ਚੱਕਰ ਬਣਿਆ ਰਹਿੰਦਾ ਹੈ ਜੋ ਚੂਕੈ = ਚੁੱਕਿਆ ਨ = ਨਹੀਂ ਜਾਂਦਾ। ਜਿਵੇਂ ਹਲਟ ਦੀਆਂ ਟਿੰਡਾਂ ਘੁੰਮਦੀਆਂ ਰਹਿੰਦੀਆਂ ਹਨ, ਇਸੇ ਤਰ੍ਹਾਂ ਹਉਮੈ ਕਰਕੇ ਜੂਨਾਂ ਵਿਚ ਘੁੰਮਦੇ ਰਹਿੰਦੇ ਹਨ।

## ਗੁਰਮੁਖਿ ਹੋਵੈ, ਸੁ ਹਉਮੈ ਮਾਰੇ; ਸਚੋ ਸਚੁ ਧਿਆਵਣਿਆ ॥੩॥

ਜਿਹੜੇ ਗੁਰਮੁਖ ਜਨ ਹੋਵੈ = ਹੁੰਦੇ ਹਨ ਸੁ = ਉਹ ਨਾਮ ਦੀ ਕਮਾਈ ਕਰਕੇ ਹਉਮੈ = ਹੰਗਤਾ ਨੂੰ ਮਾਰ ਲੈਂਦੇ ਹਨ ਕਿਉਂਕਿ ਉਹ ਸਚੁ = ਸੱਚੇ ਨਾਮ ਦਾ ਸ੍ਰਵਣ ਕਰਕੇ ਅਤੇ ਸੱਚੇ ਨਾਮ ਦਾ ਮੰਨਣ ਕਰਕੇ ਫੇਰ ਧਿਆਵਣਿਆ = ਧਿਆਉਣਾ ਕਰਦੇ ਹਨ ॥੩॥

## ਕਾਇਆ ਅੰਦਰਿ; ਪਾਪੁ ਪੁੰਨੁ ਦੁਇ ਭਾਈ ॥ ਦੁਹੀ ਮਿਲਿ ਕੈ; ਸ੍ਰਿਸਟਿ ਉਪਾਈ ॥

ਇਸ ਕਾਇਆ = ਦੇਹ ਦੇ ਅੰਦਰਿ = ਵਿਚ ਪਾਪ ਤੇ ਪੁੰਨ ਦੁਇ = ਦੋਵੇਂ ਭਾਈ = ਭਰਾ ਹਨ ਅਰਥਾਤ ਨਖਿੱਧ ਕਰਮ ਕਰਨੇ ਪਾਪ ਹਨ। ਜੋ ਸ਼ਾਸਤਰ ਮਰਯਾਦਾ ਤੋਂ ਗੁਰਮਤਿ ਤੋਂ ਉਲਟ ਕਰਮ ਕਰਨਾ ਇਹ ਪਾਪ ਹੈ। ਵਿਧੀ ਪੂਰਵਕ ਕੰਮ ਕਰਨ ਨਾਲ ਫਲ ਦੀ ਇੱਛਾ ਰੱਖਣੀ, ਇਹ ਪੁੰਨ ਕਰਮ ਹੈ। ਇਹ ਦੋਵੇਂ ਭਾਈ ਦੇਹ ਦੇ ਅੰਦਰ ਹਨ। ਇਹਨਾਂ ਦੋਹਾਂ ਨੂੰ ਭਾਈ ਇਸ ਕਰਕੇ ਕਿਹਾ ਹੈ ਕਿ ਦੋਹਾਂ ਦਾ ਜਨਮ ਇੱਕੋ ਮਨ ਰੂਪੀ ਪਿਤਾ ਤੋਂ ਦੋ ਪ੍ਰਕਾਰ ਦੀ ਵਾਸ਼ਨਾ ਤੋਂ ਹੋਇਆ ਹੈ। ਸ਼ੁਭ ਵਾਸ਼ਨਾ ਤੋਂ ਸ਼ੁਭ ਕਰਮ ਤੇ ਅਸ਼ੁਭ ਵਾਸ਼ਨਾ ਤੋਂ ਅਸ਼ੁਭ ਕਰਮ ਪੈਦਾ ਹੋਏ ਹਨ। ਅਸ਼ੁਭ ਕਰਮ ਤੋਂ ਪਾਪ, ਸ਼ੁਭ ਕਰਮ ਤੋਂ ਪੁੰਨ ਦੋਵੇਂ ਦੇਹ ਦੇ ਵਿਚ ਹੀ ਹਨ।

ਇਹਨਾਂ ਦੁਹੀ = ਦੋਨਾਂ ਨੇ ਹੀ ਮਿਲਿ ਕੈ = ਮਿਲ ਕਰਕੇ ਸ੍ਰਿਸਟਿ = ਦੁਨੀਆਂ ਉਪਾਈ = ਪੈਦਾ ਕੀਤੀ ਹੈ। ਜਿਥੇ ਪਾਪ ਬਹੁਤੇ ਅਤੇ ਪੁੰਨ ਥੋੜ੍ਹੇ ਹਨ, ਇਸ 'ਤੇ ਪਸ਼ੂ ਦੀ ਦੇਹ ਬਣਦੀ ਹੈ। ਜਿਨ੍ਹਾਂ ਦੇ ਨਿਰੇ ਪਾਪ ਹਨ, ਉਹਨਾਂ ਨੂੰ ਪ੍ਰੇਤ ਜੂਨ ਮਿਲਦੀ ਹੈ। ਜਿਨ੍ਹਾਂ ਦੇ ਪੁੰਨ ਬਹੁਤ ਤੇ ਪਾਪ ਥੋੜ੍ਹੇ ਹਨ, ਉਹਨਾਂ ਨੂੰ ਦੇਵ ਦੇਹੀ ਮਿਲਦੀ ਹੈ। ਜਿਨ੍ਹਾਂ ਜੀਵਾਂ ਦੇ ਪਾਪ ਪੁੰਨ ਬਰਾਬਰ ਹੁੰਦੇ ਹਨ, ਉਨ੍ਹਾਂ ਨੂੰ ਮਨੁੱਖ ਦੇਹੀ ਪ੍ਰਾਪਤ ਹੁੰਦੀ ਹੈ। ਸੋ ਇਸ ਪ੍ਰਕਾਰ ਪਾਪ ਪੁੰਨ ਦੇ ਕਾਰਨ ਉੱਤਮ ਮੱਧਮ ਕਨਿਸ਼ਟ ਸ੍ਰਿਸ਼ਟੀ ਪੈਦਾ ਹੁੰਦੀ ਹੈ।

## ਦੋਵੈ ਮਾਰਿ ਜਾਇ, ਇਕਤੁ ਘਰਿ ਆਵੈ; ਗੁਰਮਤਿ ਸਹਜਿ ਸਮਾਵਣਿਆ ॥੪॥

ਪਾਪ ਤੇ ਪੁੰਨ ਦੋਵੈ = ਦੋਹਾਂ ਨੂੰ ਹਿਰਦੇ ਰੂਪੀ ਜਾਇ = ਜਗ੍ਹਾ ਵਿੱਚੋਂ ਗਿਆਨ ਰੂਪੀ ਸ਼ਸਤਰ ਨਾਲ ਮਾਰ ਕੇ ਇਕਤੁ = ਏਕਤਾ ਦੇ ਘਰ ਵਿਚ ਆਵੈ = ਆਉਣਾ ਕਰੇ। ਫੇਰ ਗੁਰਮਤਿ = ਗੁਰਾਂ ਦੀ ਸਿੱਖਿਆ ਦੁਆਰਾ ਸਹਜਿ = ਅਨੰਦ ਸਰੂਪ ਵਿਚ ਸਮਾਵਣਿਆ = ਸਮਾਉਣਾ ਹੁੰਦਾ ਹੈ, ਅਭੇਦ ਹੋਈਦਾ ਹੈ ॥੪॥

ਅਰਥਾਤ ਦੋਨਾਂ ਨੂੰ ਮਾਰਨ ਦਾ ਢੰਗ ਇਹ ਹੈ ਕਿ ਪਾਪ ਕਰਨੇ ਛੱਡ ਦੇਵੇ ਤੇ ਪੁੰਨ ਕਰਕੇ ਫਲ ਦੀ ਇੱਛਾ ਨਾ ਕਰੇ। ਇਸ ਪ੍ਰਕਾਰ ਨਾ ਪਾਪ ਦਾ ਫਲ ਦੁੱਖ ਤੇ ਨਾ ਪੁੰਨ ਦਾ ਫਲ ਸੁੱਖ। ਨਾ ਪਾਪ ਦਾ ਫਲ ਪਸ਼ੂ ਦੇਹੀ ਨਾ ਪੁੰਨ ਦਾ ਫਲ ਦੇਵ ਦੇਹੀ। ਨਾ ਦੋਹਾਂ ਦਾ ਸਮਿਲਤ ਰੂਪ ਮਨੁੱਖ ਦੇਹੀ ਪ੍ਰਾਪਤ ਹੋਵੇ। ਇਹੋ ਹੀ ਦੋਹਾਂ

ਦਾ ਮਾਰਨਾ ਏਕਤਾ ਰੂਪੀ ਘਰ ਵਿਚ ਆਉਣਾ ਹੈ। ਜੋ ਪੁੰਨ ਕਰਕੇ ਦੇਵ ਦੇਹੀ ਦੀ ਇੱਛਾ ਹੈ, ਮੁੜ ਕੇ ਇਥੇ ਹੀ ਆਉਣਾ ਪੈਂਦਾ ਹੈ। ਜੈਸਾ ਕਿ :

**ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥** *(ਅੰਗ ੬੯੨)*

ਇਸ ਕਰਕੇ ਸਕਾਮ ਕਰਮ ਕਰਨੇ ਛੱਡ ਦੇਵੇ, ਇਹ ਦੋਵੇਂ ਇਸ ਪ੍ਰਕਾਰ ਹਨ।

**ਦ੍ਰਿਸ਼ਟਾਂਤ :** ਜਿਵੇਂ ਕੋਈ ਪਾਤਸ਼ਾਹ ਆਪਣੇ ਦੁਸ਼ਮਣ ਰਾਜੇ ਨੂੰ ਪਕੜ ਕੇ ਸੋਨੇ ਦੀ ਬੇੜੀ ਪਾ ਦੇਵੇ ਤਾਂ ਸੋਨੇ ਦੀ ਬੇੜੀ ਨਾਲ ਉਸ ਦੀ ਮਹਾਨਤਾ ਨਹੀਂ ਵੱਧ ਜਾਵੇਗੀ, ਸਗੋਂ ਉਹ ਕੈਦੀ ਹੀ ਕਹਾਵੇਗਾ। ਜੇ ਉਸ ਨੂੰ ਲੋਹੇ ਦੀ ਬੇੜੀ ਪਾ ਦੇਵੇ ਤਾਂ ਵੀ ਕੈਦੀ ਹੀ ਹੈ। ਇਸ ਪ੍ਰਕਾਰ ਜੋ ਹੋਰ ਜੂਨਾਂ ਹਨ, ਇਹ ਤਾਂ ਲੋਹੇ ਦੀ ਬੇੜੀ ਦੀ ਨਿਆਈਂ ਹਨ ਅਤੇ ਜੋ ਸਵਰਗ ਦੇ ਸੁੱਖ ਭੋਗਣ ਲਈ ਅਪੱਛਰਾਂ ਦੇ ਨਾਚ ਵਿਸ਼ੇ-ਵਿਕਾਰਾਂ ਨੂੰ ਭੋਗਣ ਦੇ ਲਈ ਦੇਵ ਦੇਹੀ ਹੈ, ਇਹ ਸੋਨੇ ਦੀ ਬੇੜੀ ਦੀ ਨਿਆਈਂ ਹੈ।

ਇਹ ਜੀਵ ਸਤਿਸੰਗਤ ਵਿਚ ਜਾਵੇ ਜਿਥੇ ਸਤਿ ਅਸਤਿ ਦਾ ਨਿਰਣਾ ਹੁੰਦਾ ਹੈ, ਉਹ ਸਤਿਸੰਗਤ ਕਹੀ ਜਾਂਦੀ ਹੈ, ਉਥੇ ਗਿਆਨ ਸ਼ਸਤਰ ਨਾਲ ਦੋਹਾਂ ਨੂੰ ਮਾਰੇ ਭਾਵ ਪਾਪ ਕਰਨਾ ਛੱਡੇ, ਪੁੰਨ ਕਰਕੇ ਫਲ ਦੀ ਇੱਛਾ ਨਾ ਰੱਖੇ, ਫਿਰ ਨਿਜ ਸਰੂਪ ਜੋ ਏਕਤਾ ਦਾ ਘਰ ਹੈ, ਉਸ ਵਿਚ ਇਸਥਿਤ ਹੋ ਜਾਂਦਾ ਹੈ। ਹੋਰ ਸਾਰੀਆਂ ਇੱਛਾਵਾਂ ਤਿਆਗ ਕੇ ਕੇਵਲ ਪਰਮਾਤਮਾ ਦੇ ਜੱਸ ਕਰਨ ਦੀ ਇੱਛਾ ਰੱਖੇ। ਜੈਸਾ ਕਿ :

**ਕਾਹੂ ਫਲ ਕੀ ਇਛਾ ਨਹੀ ਬਾਛੈ ॥**
**ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥** *(ਗਉੜੀ ਮ: ੫, ਅੰਗ ੨੭੪)*

## ਘਰ ਹੀ ਮਾਹਿ; ਦੂਜੈ ਭਾਇ ਅਨੇਰਾ ॥ ਚਾਨਣੁ ਹੋਵੈ; ਛੋਡੈ ਹਉਮੈ ਮੇਰਾ ॥

ਸਰੀਰ, ਹਿਰਦੇ ਰੂਪੀ ਘਰ ਮਾਹਿ = ਵਿਚ ਹੀ ਵਾਹਿਗੁਰੂ ਵਸਦਾ ਹੈ ਪਰ ਦੂਜੈ = ਦ੍ਵੈਤ ਭਾਵ ਕਰਕੇ ਅਗਿਆਨਤਾ ਦਾ ਅਨੇਰਾ = ਅੰਧਕਾਰ ਹੋ ਰਿਹਾ ਹੈ।

ਜੇ ਦੇਹ ਦੀ ਹਉਮੈ ਪਦਾਰਥਾਂ ਤੇ ਸੰਬੰਧੀਆਂ ਦੀ ਮੇਰਾ = ਮੇਰ ਛੋਡੈ = ਛੱਡ ਦੇਵੇ, ਫੇਰ ਉਸ ਨੂੰ ਗਿਆਨ ਦਾ ਚਾਨਣੁ = ਪ੍ਰਕਾਸ਼ ਹੋਵੈ = ਹੋ ਜਾਂਦਾ ਹੈ ਤੇ ਕਰੋੜਾਂ ਸੂਰਜਾਂ ਵਾਂਗ ਲਿਸ਼ਕ ਉਹਦੇ ਅੰਦਰ ਪੈ ਜਾਂਦੀ ਹੈ।

## ਪਰਗਟੁ ਸਬਦੁ ਹੈ ਸੁਖਦਾਤਾ; ਅਨਦਿਨੁ ਨਾਮੁ ਧਿਆਵਣਿਆ ॥੫॥

ਅਨਦਿਨੁ = ਰਾਤ ਦਿਨ ਅੰਮ੍ਰਿਤ ਨਾਮ ਨੂੰ ਧਿਆਵਣਿਆ = ਧਿਆਉਣ ਕਰਕੇ ਸੁਖਦਾਤਾ = ਸੁੱਖਾਂ ਦੇ ਦੇਣ ਵਾਲਾ ਸਬਦੁ = ਬ੍ਰਹਮ ਹਿਰਦੇ ਵਿੱਚੋਂ ਹੀ ਪ੍ਰਗਟ ਹੋ ਜਾਂਦਾ ਹੈ॥੫॥

## ਅੰਤਰਿ ਜੋਤਿ; ਪਰਗਟੁ ਪਾਸਾਰਾ ॥ ਗੁਰ ਸਾਖੀ; ਮਿਟਿਆ ਅੰਧਿਆਰਾ ॥

ਜਿਤਨਾ ਸਾਰੇ ਸੰਸਾਰ ਦਾ ਪਸਾਰਾ ਪ੍ਰਗਟ ਹੋ ਰਿਹਾ ਹੈ, ਉਹਦੇ ਅੰਦਰਿ = ਵਿਚ ਜੋਤਿ = ਜੋਤੀ ਸਰੂਪ ਸਾਰਿਆਂ ਨੂੰ ਪ੍ਰਕਾਸ਼ ਰਿਹਾ ਹੈ।

ਜਿਨ੍ਹਾਂ ਨੂੰ ਗੁਰੂ ਦੀ ਸਾਖੀ = ਸਿੱਖਿਆ ਕਰਕੇ ਸੱਚ ਸਰੂਪ ਦਾ ਗਿਆਨ ਹੋ ਗਿਆ ਹੈ, ਉਨ੍ਹਾਂ ਦੇ ਹਿਰਦੇ ਵਿੱਚੋਂ ਅਗਿਆਨਤਾ ਦਾ ਅੰਧਿਆਰਾ = ਅੰਧੇਰ ਮਿਟਿਆ = ਮਿਟ ਗਿਆ ਹੈ।

## ਕਮਲੁ ਬਿਗਾਸਿ ਸਦਾ ਸੁਖੁ ਪਾਇਆ; ਜੋਤੀ ਜੋਤਿ ਮਿਲਾਵਣਿਆ ॥੬॥

ਫੇਰ ਉਨ੍ਹਾਂ ਦਾ ਹਿਰਦਾ ਰੂਪੀ ਕਮਲੁ = ਕੌਲ ਕਰੁਣਾ, ਮੁੱਦਤਾ, ਮੈਤਰੀ, ਅਪੇਖਿਆ ਰੂਪੀ ਪੰਖੜੀਆਂ

ਦੇ ਸਹਿਤ ਬਿਗਾਸਿ = ਖਿੜ ਜਾਂਦਾ ਹੈ, ਜਿਸ ਕਰਕੇ ਉਨ੍ਹਾਂ ਨੇ ਸਦਾ = ਸਦੀਵੀ ਰਹਿਣ ਵਾਲੇ ਸੁਖੁ = ਅਨੰਦ ਨੂੰ ਪਾਇਆ = ਪਾਉਣਾ ਕੀਤਾ ਹੈ, ਉਨ੍ਹਾਂ ਦੀ ਜੋਤੀ ਪ੍ਰਭੂ ਨੇ ਆਪਣੇ ਵਿਚ ਮਿਲਾ ਲਈ ਹੈ ॥੬॥

## ਅੰਦਰਿ ਮਹਲ; ਰਤਨੀ ਭਰੇ ਭੰਡਾਰਾ ॥ ਗੁਰਮੁਖਿ ਪਾਏ; ਨਾਮੁ ਅਪਾਰਾ ॥

ਇਸ ਸਰੀਰ, ਹਿਰਦੇ ਰੂਪੀ ਮਹੱਲ ਦੇ ਅੰਦਰ ਹੀ ਸ਼ੁਭ ਗੁਣਾਂ ਰੂਪੀ ਰਤਨਾਂ ਦੇ ਭੰਡਾਰਾ = ਖ਼ਜ਼ਾਨੇ ਭਰੇ ਹੋਏ ਹਨ **ਵਾ:** ਜਿਨ੍ਹਾਂ ਦੇ ਵੈਰਾਗ, ਬਿਬੇਕ ਰੂਪ ਰਤਨਾਂ ਨਾਲ ਅੰਤਹਕਰਣ ਰੂਪੀ ਭੰਡਾਰੇ ਭਰੇ ਹੋਏ ਹਨ ਉਨ੍ਹਾਂ ਨੂੰ ਅੰਦਰੋਂ ਹੀ ਤੁਰੀਆ ਪਦ ਰੂਪੀ ਮਹੱਲ ਪ੍ਰਾਪਤ ਹੋਇਆ ਹੈ।

ਇਨ੍ਹਾਂ ਸ਼ੁਭ ਗੁਣਾਂ ਦੇ ਸਹਿਤ ਹੋ ਕੇ ਅਪਾਰਾ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ਦੇ ਨਾਮ ਨੂੰ ਗੁਰਮੁਖ ਜਨ ਪਾਏ = ਪਾਉਂਦੇ ਹਨ **ਵਾ:** ਅਪਾਰਾ = ਬੇਅੰਤ ਪਰਮੇਸ਼ਰ ਦੇ ਨਾਮ ਨੂੰ ਜਪ ਕੇ ਗੁਰਮੁਖਾਂ ਨੇ ਨਿਜ ਸਰੂਪ ਨੂੰ ਪਾਏ = ਪਾਉਣਾ ਕੀਤਾ ਹੈ।

## ਗੁਰਮੁਖਿ ਵਣਜੇ ਸਦਾ ਵਾਪਾਰੀ; ਲਾਹਾ ਨਾਮੁ ਸਦ ਪਾਵਣਿਆ ॥੭॥

ਗੁਰਮੁਖ ਵਾਪਾਰੀ ਬਣ ਕੇ ਗੁਰੂ ਸਾਹਿਬ ਕੋਲੋਂ ਆਪਣਾ ਤਨ, ਮਨ, ਧਨ ਰੂਪ ਰਾਸ਼ੀ ਦੇ ਕੇ ਸਦਾ ਹੀ ਨਾਮ ਰੂਪੀ ਸੌਦੇ ਨੂੰ ਵਣਜੇ = ਖ਼ਰੀਦਦੇ ਹਨ। ਅਤੇ ਨਾਮ ਦੀ ਪ੍ਰਾਪਤੀ ਦਾ ਸਦ = ਹਮੇਸ਼ਾ ਲਾਹਾ = ਲਾਭ ਪਾਵਣਿਆ = ਪਾਉਂਦੇ ਹਨ ॥੭॥

## ਆਪੇ ਵਥੁ ਰਾਖੈ; ਆਪੇ ਦੇਇ ॥ ਗੁਰਮੁਖਿ ਵਣਜਹਿ; ਕੇਈ ਕੇਇ ॥

ਪਰਮੇਸ਼ਰ ਨੇ ਆਪੇ = ਆਪ ਹੀ ਸਾਰਿਆਂ ਦੇ ਹਿਰਦੇ ਵਿਚ ਚੇਤਨ ਸੱਤਾ, ਨਾਮ, ਬ੍ਰਹਮ ਵਿੱਦਿਆ ਰੂਪ ਵਥੁ = ਵਸਤੂ ਰਾਖੈ = ਰੱਖੀ ਹੋਈ ਹੈ ਅਤੇ ਆਪ ਹੀ ਬ੍ਰਹਮ ਵਿੱਦਿਆ, ਨਾਮ ਰੂਪੀ ਵਥੁ = ਵਸਤੂ ਗੁਰੂ ਸਰੂਪ ਹੋ ਕੇ ਜਗਿਆਸੂਆਂ ਨੂੰ ਦੇਇ = ਦੇਣਾ ਕਰਦਾ ਹੈ।

ਪਰ ਗੁਰੂ ਪਾਸੋਂ ਇਸ ਵਾਪਾਰ ਨੂੰ ਕੇਈ ਕੇਇ = ਕੋਈ ਕੋਈ ਵਿਰਲੇ ਗੁਰਮੁਖ ਜਨ ਹੀ ਵਣਜਹਿ = ਖ਼ਰੀਦਦੇ ਹਨ।

## ਨਾਨਕ, ਜਿਸੁ ਨਦਰਿ ਕਰੇ ਸੋ ਪਾਏ; ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥

ਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਨ੍ਹਾਂ ਉੱਤੇ ਵਾਹਿਗੁਰੂ ਪਰਮੇਸ਼ਰ ਨਦਰਿ = ਕ੍ਰਿਪਾ ਦ੍ਰਿਸ਼ਟੀ ਕਰੇ = ਕਰਦਾ ਹੈ, ਸੋ = ਉਹ ਨਾਮ ਰੂਪੀ ਵਸਤੂ ਨੂੰ ਗੁਰਾਂ ਦੁਆਰਾ ਪਾਏ = ਪਾ ਲੈਂਦੇ ਹਨ ਅਤੇ ਸਤਿਗੁਰੂ ਜੀ ਕਿਰਪਾ ਕਰਿ = ਕਰਕੇ ਉਨ੍ਹਾਂ ਦੇ ਹਿਰਦੇ ਵਿਚ ਨਾਮ ਵਸਾਵਣਿਆ = ਵਸਾ ਦਿੰਦੇ ਹਨ ॥੮॥੨੭॥੨੮॥

## ਮਾਝ ਮਹਲਾ ੩ ॥

## ਹਰਿ ਆਪੇ ਮੇਲੇ; ਸੇਵ ਕਰਾਏ ॥ ਗੁਰ ਕੈ ਸਬਦਿ; ਭਾਉ ਦੂਜਾ ਜਾਏ ॥

ਹਰਿ = ਪਰਮੇਸ਼ਰ ਆਪੇ = ਆਪ ਹੀ ਗੁਰਾਂ ਨਾਲ ਮੇਲ ਕੇ ਗੁਰਾਂ ਦੀ ਸੇਵ = ਟਹਿਲ ਕਰਾਏ = ਕਰਾਉਂਦਾ ਹੈ। ਫੇਰ ਗੁਰਾਂ ਕੈ = ਦੇ ਸਬਦਿ = ਉਪਦੇਸ਼ ਕਰਕੇ ਦੂਜਾ = ਦਵੈਤ ਭਾਉ = ਭਾਅ ਚਲਿਆ ਜਾਏ = ਜਾਂਦਾ ਹੈ।

## ਹਰਿ ਨਿਰਮਲੁ, ਸਦਾ ਗੁਣਦਾਤਾ; ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥

ਹਰਿ = ਪਰਮੇਸ਼ਰ ਨਿਰਮਲੁ = ਉੱਜਲ **ਵਾ:** ਮਲ, ਵਿਖੇਪ, ਅਵਰਨ ਆਦਿਕ ਦੀ ਮੈਲ ਤੋਂ ਰਹਿਤ ਸਦਾ = ਹਮੇਸ਼ਾ ਹੀ ਗੁਣਾਂ ਦਾ ਦਾਤਾ ਹੈ, ਅਤੇ ਹਰਿ = ਪਰਮੇਸ਼ਰ ਆਪ ਹੀ ਆਪਣੇ ਗੁਣਾਂ ਮਹਿ = ਵਿਚ ਸਮਾਵਣਿਆ = ਸਮਾਇਆ ਹੋਇਆ **ਵਾ:** ਪਰਮੇਸ਼ਰ ਆਪ ਹੀ ਅਸੱਤ ਜੜ੍ਹ ਦੁੱਖ ਰੂਪ ਜਗਤ ਦੀ ਮਾਇਆ

ਰੂਪੀ ਮੈਲ ਤੋਂ ਰਹਿਤ ਸ਼ੁੱਧ ਸਰੂਪ ਤੇ ਸਦਾ ਹੀ ਗਿਆਨ ਆਦਿਕ ਗੁਣਾਂ ਦਾ ਦਾਤਾ ਹੈ, ਜਿਨ੍ਹਾਂ ਵਿਚ ਹਰੀ ਦੀ ਪ੍ਰਾਪਤੀ ਵਾਲੇ ਗੁਣ ਹਨ, ਉਹਨਾਂ ਨੂੰ ਆਪ ਹਰੀ ਆਪਣੇ ਵਿਚ ਸਮਾਵਨਿਆ = ਸਮਾ ਲੈਂਦਾ ਹੈ ਭਾਵ ਅਭੇਦ ਕਰ ਲੈਂਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਸਚੁ ਸਚਾ ਹਿਰਦੈ ਵਸਾਵਣਿਆ ॥

ਹਉ = ਮੈਂ ਸਰੀਰ ਕਰਕੇ ਵਾਰੀ = ਵਾਰਨੇ ਜੀਉ = ਜੀਅ ਕਰਕੇ ਵਾਰੀ = ਬਲਿਹਾਰ ਜਾਂਦਾ ਹਾਂ, ਜਿਨ੍ਹਾਂ ਨੇ ਸਚੁ = ਨਿਸਚੇ ਕਰਕੇ ਸੱਚੇ ਹਰੀ ਨੂੰ ਹਿਰਦੇ ਵਿਚ ਵਸਾਵਣਿਆ = ਵਸਾਉਣਾ ਕੀਤਾ ਹੈ।

## ਸਚਾ ਨਾਮੁ ਸਦਾ ਹੈ ਨਿਰਮਲੁ; ਗੁਰ ਸਬਦੀ ਮੰਨਿ ਵਸਾਵਣਿਆ ॥੧॥ਰਹਾਉ॥

ਪਰਮੇਸ਼ਰ ਦਾ ਸੱਚਾ ਨਾਮ ਸਦਾ = ਹਮੇਸ਼ਾ ਹੀ ਨਿਰਮਲੁ = ਉੱਜਲਾ ਹੈ ਭਾਵ ਪਾਪਾਂ ਤੋਂ ਰਹਿਤ ਕਰਨ ਵਾਲਾ ਹੈ। ਜਿਨ੍ਹਾਂ ਦੇ ਅੰਦਰ ਗੁਰ ਸਬਦੀ = ਗੁਰੂ ਦੇ ਸ਼ਬਦ ਦੀ ਕਮਾਈ ਹੈ, ਉਹਨਾਂ ਨੇ ਮਨ ਅੰਦਰ ਵਾਹਿਗੁਰੂ ਨਾਮ ਨੂੰ ਵਸਾਵਣਿਆ = ਵਸਾਉਣਾ ਕੀਤਾ ਹੈ ॥੧॥ਰਹਾਉ॥

## ਆਪੇ ਗੁਰੁ ਦਾਤਾ; ਕਰਮਿ ਬਿਧਾਤਾ ॥ ਸੇਵਕ ਸੇਵਹਿ; ਗੁਰਮੁਖਿ ਹਰਿ ਜਾਤਾ ॥

ਆਪੇ ਹੀ ਗੁਰੂ ਰੂਪ ਹੋ ਕੇ ਨਾਮ ਦਾ ਦਾਤਾ ਹੈ ਤੇ ਆਪ ਹੀ ਈਸ਼ਰ ਰੂਪ ਹੋ ਕੇ ਕਰਮਿ ਬਿਧਾਤਾ = ਫਲ ਬਰ ਦਾਤਾ ਹੈ। ਜੋ ਗੁਰਮੁਖ ਸੇਵਕ = ਦਾਸ ਬਣ ਕੇ ਸੇਵਹਿ = ਸੇਵਦੇ ਹਨ, ਉਹਨਾਂ ਨੇ ਹਰਿ = ਹਰੀ ਨੂੰ ਜਾਤਾ = ਜਾਣ ਲਿਆ ਹੈ।

## ਅੰਮ੍ਰਿਤ ਨਾਮਿ, ਸਦਾ ਜਨ ਸੋਹਹਿ; ਗੁਰਮਤਿ ਹਰਿ ਰਸੁ ਪਾਵਣਿਆ ॥੨॥

ਅੰਮ੍ਰਿਤ ਨਾਮ ਨੂੰ ਪੀ ਕੇ ਗੁਰਮੁਖ ਜਨ ਸਦਾ = ਹਮੇਸ਼ਾ ਸੋਹਹਿ = ਸ਼ੋਭਨੀਕ ਹੋ ਰਹੇ ਹਨ, ਕਿਉਂਕਿ ਉਨ੍ਹਾਂ ਗੁਰੂ ਦੀ ਮਤਿ = ਸਿੱਖਿਆ ਦੁਆਰਾ ਹਰੀ ਦੇ ਨਾਮ ਰਸ ਨੂੰ ਪਾਵਣਿਆ = ਪਾਉਣਾ ਕੀਤਾ ਹੈ ॥੨॥

## ਇਸੁ ਗੁਫਾ ਮਹਿ; ਇਕੁ ਥਾਨੁ ਸੁਹਾਇਆ ॥
## ਪੂਰੈ ਗੁਰਿ; ਹਉਮੈ ਭਰਮੁ ਚੁਕਾਇਆ ॥

ਇਸ ਦੇਹ ਰੂਪੀ ਗੁਫ਼ਾ ਮਹਿ = ਵਿਚ ਇਕ ਅੰਤਹਕਰਨ ਰੂਪੀ ਥਾਨੁ = ਅਸਥਾਨ ਬਹੁਤ ਹੀ ਸੁਹਾਇਆ = ਸ਼ੋਭਨੀਕ ਹੈ **ਅਥਵਾ** ਇਸ ਬ੍ਰਹਿਮੰਡ ਰੂਪ ਗੁਫ਼ਾ ਦੇ ਅੰਦਰ ਇਕ ਭਾਰਤ ਖੰਡ ਦੀ ਧਰਤੀ ਦਾ ਥਾਨੁ = ਅਸਥਾਨ ਭਗਤੀ ਕਰਨ ਵਾਸਤੇ, ਪ੍ਰਭੂ ਦੀ ਪ੍ਰਾਪਤੀ ਵਾਸਤੇ ਸੁਹਾਇਆ = ਸੁਭਾਇਮਾਨ ਹੈ ਕਿਉਂਕਿ ਭਾਰਤ ਖੰਡ ਕਰਮਭੂਮੀ ਹੈ। ਬਾਕੀ ਦੇ ਖੰਡ, ਮੁਲਕ ਭੋਗਭੂਮੀ ਹਨ। ਇਸ ਕਰਕੇ ਇਹ ਸੁਭਾਇਮਾਨ ਕਹੀਦਾ ਹੈ **ਅਥਵਾ** ਇਸ ਤੁਰੀਆ ਪਦ ਰੂਪੀ ਗੁਫ਼ਾ ਮਹਿ = ਵਿਚ ਇਕ ਸਰੂਪ ਦੀ ਸਾਖਿਆਤਤਾ ਰੂਪੀ ਥਾਨੁ = ਅਸਥਾਨ ਬੜਾ ਸੁਹਾਇਆ = ਸ਼ੋਭਨੀਕ ਹੈ।

ਪੂਰੇ ਗੁਰਾਂ ਨੇ ਦੇਹ ਦੀ ਹਉਮੈ = ਹੰਗਤਾ ਮਮਤਾ ਅਤੇ ਭਰਮ ਨੂੰ ਚੁੱਕ ਦਿੱਤਾ ਹੈ। ਫੇਰ ਇਹ ਸਰੂਪ ਰੂਪੀ ਥਾਂ ਪ੍ਰਾਪਤ ਹੋਇਆ ਹੈ।

## ਅਨਦਿਨੁ ਨਾਮੁ ਸਲਾਹਨਿ, ਰੰਗਿ ਰਾਤੇ; ਗੁਰ ਕਿਰਪਾ ਤੇ ਪਾਵਣਿਆ ॥੩॥

ਜੋ ਨਾਮ ਦੇ ਰੰਗਿ = ਪ੍ਰੇਮ ਵਿਚ ਰਾਤੇ = ਤਦਾਕਾਰ ਹੋਏ ਹਨ, ਉਹ ਅਨਦਿਨੁ = ਰਾਤ ਦਿਨ ਪਰਮੇਸ਼ਰ ਨੂੰ ਸਲਾਹਨਿ = ਸਲਾਹੁੰਦੇ ਹਨ ਭਾਵ ਸ਼ਲਾਘਾ ਕਰਦੇ ਹਨ ਅਤੇ ਗੁਰਾਂ ਦੀ ਕਿਰਪਾ ਤੇ = ਤੋਂ ਆਤਮਿਕ ਅਨੰਦ ਨੂੰ ਪਾਵਣਿਆ = ਪਾਉਣਾ ਕਰਦੇ ਹਨ ॥੩॥

[ਅੰਗ ੧੨੭]

## ਗੁਰ ਕੈ ਸਬਦਿ; ਇਹੁ ਗੁਫਾ ਵੀਚਾਰੇ ॥
## ਨਾਮੁ ਨਿਰੰਜਨੁ; ਅੰਤਰਿ ਵਸੈ ਮੁਰਾਰੇ ॥

ਜੋ ਗੁਰ = ਸਤਿਗੁਰਾਂ ਕੈ = ਦੇ ਸਬਦਿ = ਉਪਦੇਸ਼ ਕਰਕੇ ਇਹ ਦੇਹ, ਤੁਰੀਆ ਪਦ ਰੂਪੀ ਗੁਫ਼ਾ ਵਿਚ ਸੱਚ ਸਰੂਪ ਦੀ ਪ੍ਰਾਪਤੀ ਬਾਰੇ ਵੀਚਾਰੇ = ਵਿਚਾਰ ਕਰਦੇ ਹਨ।

ਉਹ ਜਾਣ ਲੈਂਦੇ ਹਨ ਕਿ ਮੁਰਾਰੇ = ਮੁਰ ਦੈਂਤ **ਵਾ**: ਅਗਿਆਨ ਰੂਪੀ ਮੁਰ ਦੈਂਤ ਨੂੰ ਨਾਸ਼ ਕਰਨ ਵਾਲੇ ਨਿਰੰਜਨੁ = ਸ਼ੁੱਧ ਸਰੂਪ ਪਰਮੇਸ਼ਰ ਦਾ ਨਾਮ ਹਿਰਦੇ ਦੇ ਅੰਤਰਿ = ਅੰਦਰ ਹੀ ਵਸੈ = ਵਸਦਾ ਹੈ।

## ਹਰਿ ਗੁਣ ਗਾਵੈ, ਸਬਦਿ ਸੁਹਾਏ; ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥

ਜੋ ਹਰੀ ਦੇ ਗੁਣ = ਗੁਣਾਂ ਨੂੰ ਗਾਵੈ = ਗਾਉਂਦੇ ਹਨ ਅਤੇ ਗੁਰੂ ਦੇ ਸਬਦਿ = ਉਪਦੇਸ਼ ਨੂੰ ਸ੍ਰਵਣ ਕਰਕੇ ਬੜੇ ਸੁਹਾਏ = ਸ਼ੋਭਨੀਕ ਹੁੰਦੇ ਹਨ, ਉਹ ਪ੍ਰੀਤਮ = ਪਿਆਰੇ ਪਰਮੇਸ਼ਰ ਨਾਲ ਮਿਲ ਕੇ ਸਦੀਵ ਸੁੱਖ ਨੂੰ ਪਾਵਣਿਆ = ਪਾਉਣਾ ਕਰਦੇ ਹਨ ॥੪॥

## ਜਮੁ ਜਾਗਾਤੀ; ਦੂਜੈ ਭਾਇ ਕਰੁ ਲਾਏ ॥

ਜੋ ਦੂਜੈ = ਦਵੈਤ ਭਾਇ = ਭਾਅ ਵਿਚ ਲੱਗੇ ਹੋਏ ਹਨ, ਉਨ੍ਹਾਂ ਨੂੰ ਜਮ ਜਾਗਾਤੀ = ਮਸੂਲੀਆ ਹੋ ਕੇ ਕਰੁ = ਮਸੂਲ (ਟੈਕਸ) ਲਾਏ = ਲਾਉਂਦਾ ਹੈ। ਅਰਥਾਤ ਜਿਹੜੇ ਜੀਵ ਨੇ ਪਾਖੰਡ ਸਹਿਤ ਕਰਮ ਧਰਮ ਕੀਤੇ ਹਨ, ਉਹਨਾਂ ਨੂੰ ਜਮ ਜਾਗਾਤੀ ਰਸਤੇ ਵਿੱਚੋਂ ਜਗਾਤ ਲਾਉਣ ਵਾਲੇ ਜਮ ਲੁੱਟ ਲੈਂਦੇ ਹਨ। ਜੈਸਾ ਕਿ :

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**
**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥** *(ਸੂਹੀ ਮ: ੫, ਅੰਗ ੭੪੭)*

ਉਹ ਜੱਲਾਦ ਬੈਤਰਨੀ ਨਦੀ ਜੋ ਪੁਰਾਣਾਂ ਵਿਚ ਮੰਨੀ ਹੈ, ਜੀਵ ਨੇ ਜੋ ਸਕਾਮ ਕਰਮ ਕੀਤੇ ਹਨ ਜਿਵੇਂ ਕਿਸੇ ਨੇ ਦੁੱਧ, ਪਾਣੀ, ਬਸਤਰ, ਅੰਨ ਦਾਨ ਕੀਤੇ ਹੋਏ ਹੁੰਦੇ ਹਨ। ਜੀਵ ਨੂੰ ਜਦੋਂ ਉਥੇ ਲੋੜ ਪੈਂਦੀ ਹੈ ਜਿਵੇਂ ਪਿਆਸ ਲੱਗੇ ਤੋਂ ਪਾਣੀ ਮੰਗਦਾ ਹੈ ਤਾਂ ਉਹ ਕਹਿੰਦੇ ਹਨ ਕਿ ਦਾਨ ਕੀਤੇ ਪਾਣੀ ਦਾ ਪੁੰਨ ਰੂਪ ਫਲ ਸਾਨੂੰ ਦੇ ਦੇ ਤੇ ਅਸੀਂ ਤੈਨੂੰ ਪਾਣੀ ਦੇ ਦਿੰਦੇ ਹਾਂ। ਇਸੇ ਤਰ੍ਹਾਂ ਬਾਕੀ ਦੇ ਪਦਾਰਥਾਂ ਦੇ ਪੁੰਨ ਲੁੱਟੇ ਜਾਂਦੇ ਹਨ। ਇਕ ਕੀਰਤਨ ਜੋ ਨਾਮ ਰੂਪ ਹੈ, ਉਹ ਨਹੀਂ ਲੁੱਟ ਹੁੰਦਾ। ਬਾਕੀ ਚਾਰ ਪ੍ਰਕਾਰ ਦੇ ਦੰਡ ਮੰਨੇ ਹਨ। ਲੋਕ ਦੰਡ, ਰਾਜ ਦੰਡ, ਪਿਤਰ ਦੰਡ, ਜਿਨ੍ਹਾਂ ਵਿਚ ਦੂਜੈ = ਦ੍ਵੈਤ-ਭਾਵ ਹੈ, ਉਹਨਾਂ ਨੂੰ ਇਹ ਉਪਰੋਕਤ ਦੰਡ ਲਾਏ = ਲੱਗਦੇ ਹਨ। ਜਿਵੇਂ ਕਿਸੇ ਦੇ ਨਾਲ ਪਾਤਸ਼ਾਹ ਹੋਵੇ ਤਾਂ ਉਸ ਨੂੰ ਮਸੂਲ ਕੋਈ ਕੀ ਲਾ ਸਕਦਾ ਹੈ, ਬਲਕਿ ਭੇਟਾ ਦੇ ਕੇ ਮਿਲਦੇ ਹਨ ਕਿ ਪਾਤਸ਼ਾਹ ਇਸ ਦਾ ਮਿੱਤਰ ਹੈ। ਇਸੇ ਤਰ੍ਹਾਂ ਜਿਸ ਦਾ ਪਾਤਸ਼ਾਹਾਂ ਦਾ ਪਾਤਸ਼ਾਹ ਮਿੱਤਰ ਹੈ ਉਸ ਨੂੰ, ਜੈਸਾ ਕਿ :

**ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥** *(ਰਾਗ ਸਾਰੰਗ ਸਲੋਕ ਮ: ੩, ਅੰਗ ੧੨੪੮)*

ਜਮਕਾਲ ਤਾਂ ਭੇਟਾ ਦੇ ਕੇ ਮਿਲਦਾ ਹੈ। ਸੇਵਕ ਬਣ ਜਾਂਦਾ ਹੈ, ਡਰਦਾ ਹੈ ਕਿ ਕਿਤੇ ਸ਼ਿਕਾਇਤ ਨਾ ਕਰ ਦੇਵੇ, ਨੀਵਾਂ ਹੋ ਕੇ ਚੱਲਦਾ ਹੈ।

## ਨਾਵਹੁ ਭੂਲੇ; ਦੇਇ ਸਜਾਏ ॥

ਜਿਹੜੇ ਨਾਵਹੁ = ਨਾਮ ਨੂੰ ਭੂਲੇ = ਭੁੱਲੇ ਹਨ, ਉਨ੍ਹਾਂ ਨੂੰ ਜਮ ਸਜਾਏ = ਸਜ਼ਾਵਾਂ ਦੇਇ = ਦਿੰਦੇ ਹਨ।

## ਘੜੀ ਮੁਹਤ ਕਾ ਲੇਖਾ ਲੇਵੈ; ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥

ਉਹ ਮਨਮੁਖਾਂ ਪਾਸੋਂ ਘੜੀ ਮੁਹਤ = ਅੱਧੀ ਘੜੀ ਕਾ = ਦਾ ਵੀ ਲੇਖਾ = ਹਿਸਾਬ ਲੇਵੈ = ਲੈਂਦੇ ਹਨ। ਰਤੀ ਭਰ ਤੇ ਮਾਸੇ ਭਰ ਦਾ ਵੀ ਤੋਲ ਕੱਢਣਾ ਕਰਦੇ ਹਨ **ਅਥਵਾ** ਜਿਹੜੇ ਪਾਪ ਕੀਤੇ ਹੋਏ ਹਨ (ਹੁਣ ਦੇ ਹਿਸਾਬ ਨਾਲ ਘੜੀ ਦਾ ਸਮਾਂ ੨੪ ਮਿੰਟ ਦਾ ਹੈ, ਅੱਧੀ ਘੜੀ ਦਾ ਸਮਾਂ ੧੨ ਮਿੰਟ ਦਾ ਹੈ), ਉਹ ਜਮ ਐਸਾ ਹੈ ਜੋ ਰਤੀਅਹੁ = ਅੱਠ ਚਾਵਲਾਂ ਦੀ ਇਕ ਰੱਤੀ ਹੁੰਦੀ ਹੈ। ਮਾਸਾ = ਅੱਠ ਰੱਤੀਆਂ ਦਾ ਇਕ ਮਾਸਾ ਹੁੰਦਾ ਹੈ। ਤੋਲ = ਤੋਲਾ, ਬਾਰਾਂ ਮਾਸ਼ਿਆਂ ਦਾ ਇਕ ਤੋਲਾ ਹੁੰਦਾ ਹੈ, ਇਉਂ ਬਰੀਕੀ ਨਾਲ ਹਿਸਾਬ ਕਢਾਵਣਿਆ = ਕੱਢਣਾ ਕਰਦਾ ਹੈ। ਇਸੇ ਪ੍ਰਕਾਰ ਜੋ ਤੋਲੇ ਦੀ ਨਿਆਈਂ ਆਪਣੇ ਆਪ ਨੂੰ ਪੂਰੇ ਮੰਨੀ ਬੈਠੇ ਹਨ, ਉਹ ਮਾਸਿਆਂ ਦੀ ਨਿਆਈਂ ਇੰਦਰੀਆਂ ਦੇ ਦਮਨ ਕਰਨ ਵਾਲੇ ਮਾਲਕ ਬਣ ਬੈਠੇ ਹਨ। ਜੇ ਪੁੱਛੀਏ ਤਾਂ ਕਹਿੰਦੇ ਹਨ ਕਿ ਸਾਡੀ ਪ੍ਰੀਤ ਲੱਗੀ ਹੋਈ ਹੈ, ਸੁਰਤ ਲੱਗੀ ਹੋਈ ਹੈ। ਇਹ ਹਉਮੈ ਜਿਨ੍ਹਾਂ ਦੇ ਅੰਦਰ ਹੁੰਦੀ ਹੈ, ਜਮ ਫੇਰ ਉਹਨਾਂ ਦੇ ਅੰਦਰੋਂ ਤੋਲ = ਤੋਲੇ ਤੋਲੇ, ਮਾਸੇ ਮਾਸੇ, ਰੱਤੀ ਰੱਤੀ ਦਾ ਹਿਸਾਬ ਲਵੇਗਾ ॥੫॥

## ਪੇਈਅੜੈ; ਪਿਰੁ ਚੇਤੇ ਨਾਹੀ ॥ ਦੂਜੈ ਮੁਠੀ; ਰੋਵੈ ਧਾਹੀ ॥

ਜਿਸ ਇਸਤਰੀ ਨੂੰ ਘਰ ਵਿਚ ਰਹਿੰਦਿਆਂ ਪਤੀ ਦੀ ਸੇਵਾ ਅਤੇ ਪ੍ਰੇਮ ਚੇਤੇ ਨਹੀਂ, ਭੁਲਾ ਦਿੱਤਾ ਹੈ, ਪਤੀਵਰਤਾ ਧਰਮ ਵਿਚ ਪ੍ਰਪੱਕ ਨਹੀਂ ਤੇ ਪਤੀ ਦੇ ਗੁਣਾਂ ਨੂੰ ਚੇਤੇ ਨਹੀਂ ਕਰਦੀ **ਅਥਵਾ** ਜਿਹੜੀ ਜੀਵ ਰੂਪੀ ਇਸਤਰੀ ਸੰਸਾਰ ਰੂਪੀ ਪੇਈਅੜੈ = ਪੇਕੇ ਘਰ ਵਿਚ ਰਹਿੰਦਿਆਂ ਪਿਰੁ = ਪਤੀ ਪਰਮਾਤਮਾ ਦੇ ਗੁਣਾਂ ਨੂੰ ਚੇਤੈ = ਯਾਦ ਨਾਹੀ = ਨਹੀਂ ਕਰਦੀ।

ਦੂਜੈ = ਦੂਜਿਆਂ ਪੁਰਖਾਂ ਦੀ ਸੰਗਤ ਕਰਕੇ ਜਤ, ਸਤ ਵੱਲੋਂ ਮੁਠੀ = ਲੁੱਟੀ ਗਈ, ਫੇਰ ਸਮਾਂ ਬੀਤਣ ਤੋਂ ਧਾਹੀ = ਧਾਹਾਂ ਮਾਰ ਮਾਰ ਕੇ ਰੋਵੈ = ਰੋਂਦੀ ਹੈ **ਅਥਵਾ** ਇਸੇ ਪ੍ਰਕਾਰ ਪੇਕੇ ਘਰ ਇਹ ਮਾਤ ਲੋਕ ਹੈ। ਇਹਦੇ ਵਿਚ ਜਿਸ ਨੇ ਹਰੀ ਦੇ ਗੁਣਾਂ ਦੀ ਸੇਵਾ ਭਗਤੀ ਕਰਨੀ ਨਹੀਂ ਸਿੱਖੀ, ਨਾਮ ਨਹੀਂ ਜਪਿਆ, ਹਰੀ ਪਰਮਾਤਮਾ ਨੂੰ ਚੇਤੇ ਨਹੀਂ ਕੀਤਾ, ਉਹ ਫੇਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਦੇਵੀ ਦੇਵਤਿਆਂ ਦੀ ਉਪਾਸ਼ਨਾ ਵਿਚ ਮੁਠੀ = ਲੁੱਟੀ ਗਈ ਹੈ ਅਤੇ ਧਾਹੀ = ਧਾਹਾਂ ਮਾਰ ਮਾਰ ਕੇ ਰੋਵੈ = ਰੋਂਦੀ ਹੈ।

## ਖਰੀ ਕੁਆਲਿਓ, ਕੁਰੂਪਿ ਕੁਲਖਣੀ; ਸੁਪਨੈ ਪਿਰੁ ਨਹੀ ਪਾਵਣਿਆ ॥੬॥

ਜਿਸ ਪ੍ਰਕਾਰ ਜਿਹੜੀ ਖਰੀ = ਅਤਿਅੰਤ ਕੁਆਲਿਓ = ਨਾ ਸਲਾਹੁਣੇ ਯੋਗ ਨੀਚ ਖ਼ਾਨਦਾਨ ਵਾਲੀ ਕੁਰੂਪਿ = ਭੈੜੇ ਸਰੂਪ ਵਾਲੀ ਅਤੇ ਕੁਲਖਣੀ = ਖੋਟੇ ਲੱਛਣਾਂ ਵਾਲੀ ਇਸਤਰੀ ਹੈ, ਉਹ ਸੁਪਨੇ ਵਿਚ ਭੀ ਪਿਰੁ = ਪਤੀ ਨੂੰ ਪ੍ਰਾਪਤ ਨਹੀਂ ਕਰ ਸਕਦੀ **ਅਥਵਾ** ਇਸੇ ਪ੍ਰਕਾਰ ਜਿਹੜੀ ਜੀਵ ਰੂਪ ਇਸਤਰੀ ਖਰੀ = ਅਤਿਅੰਤ ਹੀ ਕੁਆਲਿਓ = ਭੈੜੀਆਂ ਆਦਤਾਂ ਵਾਲੀ, ਕੁਰੂਪਿ = ਖੋਟੇ ਰੂਪ ਭਾਵ ਦਿਲ ਦੀ ਸਫ਼ਾਈ ਤੋਂ ਰਹਿਤ ਅਤੇ ਕਾਮ, ਕ੍ਰੋਧ ਰੂਪ ਕੁਲਖਣੀ = ਖੋਟੇ ਲੱਛਣਾਂ ਵਾਲੀ ਹੈ। ਉਹ ਸੁਪਨੇ ਮਾਤਰ ਵੀ ਪਿਰੁ = ਪਤੀ ਅਕਾਲ ਪੁਰਖ ਦੀ ਪ੍ਰਾਪਤੀ ਰੂਪ ਅਨੰਦ ਨੂੰ ਨਹੀਂ ਪਾਵਣਿਆ = ਪਾਉਣਾ ਕਰਦੀ ॥੬॥

## ਪੇਈਅੜੈ; ਪਿਰੁ ਮੰਨਿ ਵਸਾਇਆ ॥ ਪੂਰੈ ਗੁਰਿ; ਹਦੂਰਿ ਦਿਖਾਇਆ ॥

ਜਿਨ੍ਹਾਂ ਜੀਵ ਰੂਪ ਇਸਤਰੀਆਂ ਨੇ ਸੰਸਾਰ ਰੂਪੀ ਪੇਈਅੜੈ = ਪੇਕੇ ਘਰ ਵਿਚ ਪਿਰੁ = ਪਤੀ ਪਰਮਾਤਮਾ ਨੂੰ ਮੰਨਿ = ਹਿਰਦੇ ਵਿਚ ਵਸਾਇਆ = ਵਸਾਉਣਾ ਕੀਤਾ ਹੈ ਉਹਨਾਂ ਨੂੰ ਪੂਰੈ = ਪੂਰਨ ਗੁਰਿ = ਗੁਰਾਂ ਨੇ ਹਰੀ ਅਕਾਲ ਪੁਰਖ ਹਦੂਰਿ = ਨੇੜੇ ਹੀ ਦਿਖਾਇਆ = ਦਿਖਾ ਦਿੱਤਾ ਹੈ। ਜੈਸਾ ਕਿ :

**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥** *(ਸੋਰਠਿ ਰਵਿਦਾਸ ਜੀ, ਅੰਗ ੬੫੮)*

## ਕਾਮਣਿ ਪਿਰੁ ਰਾਖਿਆ, ਕੰਠਿ ਲਾਇ; ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ॥੭॥

ਜਿਹੜੀਆਂ ਜਗਿਆਸੂ ਰੂਪੀ ਕਾਮਣਿ = ਇਸਤਰੀਆਂ ਨੂੰ ਪਿਰੁ = ਪਤੀ ਅਕਾਲ ਪੁਰਖ ਨੇ ਅਭੇਦ ਨਿਸਚੇ ਰੂਪੀ ਕੰਠਿ = ਗਲ ਨਾਲ ਲਾਇ = ਲਾ ਕੇ ਰਾਖਿਆ = ਰੱਖਿਆ ਹੈ। ਉਹ ਗੁਰਾਂ ਦੇ ਸਬਦੇ = ਉਪਦੇਸ਼ ਦੀ ਕਮਾਈ ਕਰਕੇ ਵਾਹਿਗੁਰੂ ਦੇ ਅਨੰਦ ਨੂੰ ਰਾਵੈ = ਮਾਣਦੀਆਂ ਹਨ। ਉਹਨਾਂ ਦੀ ਰਿਦੇ ਰੂਪੀ ਸੇਜ = ਸੇਜਾ, ਸ਼ਰਧਾ ਰੂਪੀ ਵਿਛਾਈ ਨਾਲ ਸੁਹਾਵਣਿਆ = ਸ਼ੋਭਨੀਕ ਹੁੰਦੀ ਹੈ ॥੭॥

## ਆਪੇ ਦੇਵੈ; ਸਦਿ ਬੁਲਾਏ ॥ ਆਪਣਾ ਨਾਉ; ਮੰਨਿ ਵਸਾਏ ॥

ਜਿਨ੍ਹਾਂ ਦੇ ਈਸ਼ਵਰ ਨਿਸ਼ਕਾਮ ਕਰਮ ਵੇਖਦਾ ਹੈ, ਉਨ੍ਹਾਂ ਨੂੰ ਗੁਰਾਂ ਦਾ ਉਪਦੇਸ਼ ਦੇਣ ਲਈ ਸੱਦ ਕੇ ਆਪ ਹੀ ਬੁਲਾਉਂਦਾ ਹੈ **ਵਾ:** ਜਿਹੜੇ ਗੁਰਾਂ ਦੀ ਸ਼ਰਨ ਵਿਚ ਆਏ ਹਨ, ਉਹਨਾਂ ਨੂੰ ਸਦਿ = ਸ਼ੀਘਰ ਹੀ ਬੁਲਾਏ = ਬੁਲਾ ਕੇ ਉਨ੍ਹਾਂ ਦੀ ਅੰਤਰਮੁਖ ਬਿਰਤੀ ਕਰਕੇ, ਆਪ ਹੀ ਬ੍ਰਹਮਾਨੰਦ ਰੂਪੀ ਅਨੰਦ ਬਖ਼ਸ਼ ਦਿੰਦਾ ਹੈ। ਅਤੇ ਆਪਣਾ ਅੰਮ੍ਰਿਤ ਨਾਉ = ਨਾਮ ਮੰਨਿ = ਹਿਰਦੇ ਵਿਚ ਵਸਾਏ = ਵਸਾ ਦਿੰਦਾ ਹੈ।

## ਨਾਨਕ, ਨਾਮੁ ਮਿਲੈ ਵਡਿਆਈ;
## ਅਨਦਿਨੁ ਸਦਾ ਗੁਣ ਗਾਵਣਿਆ ॥੮॥੨੮॥੨੯॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਨਾਮ ਕਰਕੇ ਹੀ ਵਡਿਆਈ = ਸ਼ੋਭਾ ਮਿਲੈ = ਮਿਲਦੀ ਹੈ। ਜੋ ਸਦਾ = ਸਦੀਵ ਕਾਲ ਅਨਦਿਨੁ = ਰਾਤ ਦਿਨੇ ਹਰੀ ਦੇ ਗੁਣਾਂ ਨੂੰ ਗਾਵਣਿਆ = ਗਾਉਂਦੇ ਰਹਿੰਦੇ ਹਨ, ਉਹ ਸਦਾ ਨਿਹਾਲ ਹੁੰਦੇ ਹਨ ॥੮॥੨੮॥੨੯॥

## ਮਾਝ ਮਹਲਾ ੩ ॥
## ਊਤਮ ਜਨਮੁ; ਸੁਥਾਨਿ ਹੈ ਵਾਸਾ ॥ ਸਤਿਗੁਰੁ ਸੇਵਹਿ; ਘਰ ਮਾਹਿ ਉਦਾਸਾ ॥

ਹੇ ਭਾਈ ! ਪਰਮੇਸ਼ਰ ਨੇ ਇਹ ਊਤਮ = ਸ੍ਰੇਸ਼ਟ ਮਨੁੱਖਾ ਜਨਮ ਦਿੱਤਾ ਹੈ ਅਤੇ ਸੁਥਾਨਿ = ਸ੍ਰੇਸ਼ਟ ਅਸਥਾਨ ਭਾਰਤ ਖੰਡ ਵਿਚ ਵਾਸਾ = ਨਿਵਾਸ ਦਿੱਤਾ ਹੈ, ਅਰਥਾਤ ਭਾਰਤ ਖੰਡ ਬਾਕੀ ਮੁਲਕਾਂ ਨਾਲੋਂ ਉੱਤਮ ਮੰਨਿਆ ਗਿਆ ਹੈ, ਕਿਉਂਕਿ ਇਥੇ ਪਾਪ ਪੁੰਨ ਦਾ ਗਿਆਨ ਹੈ ਅਤੇ ਇਸ ਨੂੰ ਕਰਮ-ਭੂਮੀ ਵੀ ਕਿਹਾ ਜਾਂਦਾ ਹੈ, ਇਥੇ ਸਤਿਸੰਗਤ ਕਰਕੇ ਪ੍ਰਮਾਰਥ ਦੀ ਸੂਝ ਆਉਂਦੀ ਹੈ ਅਤੇ ਲੋਕ-ਪ੍ਰਲੋਕ ਦਾ ਗਿਆਨ ਵੀ ਮਿਲਦਾ ਹੈ, ਇਉਂ ਇਸ ਸੁੰਦਰ ਅਸਥਾਨ ਉੱਪਰ ਪਰਮੇਸ਼ਰ ਨੇ ਉੱਤਮ ਮਨੁੱਖਾ ਜਨਮ ਦਿੱਤਾ ਹੈ, ਬਾਕੀ ਮੁਲਕਾਂ ਵਿਚ ਖਾਣਾ ਪੀਣਾ ਤੇ ਭੋਗਣਾ ਹੀ ਹੈ। ਇਸ ਲਈ ਉਨ੍ਹਾਂ ਨੂੰ ਭੋਗ-ਭੂਮੀ ਵੀ ਕਹਿੰਦੇ ਹਨ।

ਜੋ ਇਸ ਮਨੁੱਖਾ ਜਨਮ ਵਿਚ ਸਤਿਗੁਰਾਂ ਨੂੰ ਸੇਵਹਿ = ਸੇਵਦੇ ਹਨ ਅਤੇ ਘਰ = ਗ੍ਰਹਿਸਤ ਮਾਹਿ = ਵਿਚ ਰਹਿੰਦੇ ਹੋਏ ਵੀ ਗ੍ਰਹਿਸਤ ਤੋਂ ਉਦਾਸਾ = ਉਪਰਾਮ ਰਹਿੰਦੇ ਹਨ। ਜੈਸਾ ਕਿ :

**ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥** *(ਸੋਰਠਿ ਮ: ੩, ਅੰਗ ੫੯੯)*

## ਹਰਿ ਰੰਗਿ ਰਹਹਿ, ਸਦਾ ਰੰਗਿ ਰਾਤੇ; ਹਰਿ ਰਸਿ ਮਨੁ ਤ੍ਰਿਪਤਾਵਣਿਆ ॥੧॥

ਉਹ ਸਦਾ = ਹਮੇਸ਼ਾ ਹਰਿ = ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਰਾਤੇ = ਰੱਤੇ ਹੋਏ ਉਸਦੇ ਰੰਗਿ = ਪ੍ਰੇਮ ਵਿਚ ਹੀ ਰੰਗੇ ਰਹਹਿ = ਰਹਿੰਦੇ ਹਨ **ਵਾ:** ਮਨ, ਬਾਣੀ ਕਰਕੇ ਪ੍ਰੇਮ ਵਿਚ ਰੰਗੇ ਰਹਿੰਦੇ ਹਨ, ਸਰੀਰ ਕਰਕੇ ਵੀ ਸਦਾ ਉਸਦੇ ਪ੍ਰੇਮ ਰੰਗ ਵਿਚ ਰੰਗੇ ਰਹਿੰਦੇ ਹਨ ਅਤੇ ਹਰਿ = ਹਰੀ ਦੇ ਨਾਮ ਰਸ ਕਰਕੇ ਆਪਣੇ ਮਨ ਨੂੰ ਤ੍ਰਿਪਤਾਵਣਿਆ = ਰਜਾਉਣਾ ਕਰਦੇ ਹਨ ॥੧॥

## ਹਉ ਵਾਰੀ, ਜੀਉ ਵਾਰੀ; ਪੜਿ ਬੁਝਿ ਮੰਨਿ ਵਸਾਵਣਿਆ ॥

ਹਉ = ਅਸੀਂ ਉਨ੍ਹਾਂ ਤੋਂ ਸਰੀਰ ਕਰਕੇ ਵਾਰਨੇ ਅਤੇ ਜੀਉ = ਜੀਅ ਕਰਕੇ ਵਾਰੀ = ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਗੁਰੂ ਉਪਦੇਸ਼ ਨੂੰ **ਵਾ:** ਬਾਣੀ ਨੂੰ ਪੜ੍ਹ ਕੇ ਸਿਧਾਂਤ ਨੂੰ ਬੁੱਝਿਆ ਹੈ ਅਤੇ ਮੰਨਿ = ਹਿਰਦੇ ਵਿਚ ਵਸਾਵਣਿਆ = ਵਸਾਉਣਾ ਕੀਤਾ ਹੈ।

**ਸਾਖੀ—ਯੁਧਿਸ਼ਟਰ ਦੀ :** ਇਸ ਦੇ ਉਪਰ ਇਕ ਦੁਆਪਰ ਯੁੱਗ ਦੀ ਸਾਖੀ ਹੈ। ਜਿਹੜਾ ਯੁਧਿਸ਼ਟਰ ਸੀ ਉਹ ਬਚਪਨ ਵਿਚ ਗੁਰੂ ਜਨਾਂ ਕੋਲ ਰਹਿ ਕੇ ਪੜ੍ਹਾਈ ਕਰਦਾ ਸੀ। ਇਸ ਨੇ ਆਪਣੇ ਗੁਰੂ ਦਰੋਣਾਚਾਰੀਆ ਕੋਲੋਂ ਪੜ੍ਹਿਆ ਕਿ ਹਮੇਸ਼ਾ ਸੱਚ ਬੋਲਣਾ ਚਾਹੀਦਾ ਹੈ। ਯੁਧਿਸ਼ਟਰ ਨੇ ਇਹ ਸਿੱਖਿਆ ਧਾਰਨ ਕਰ ਲਈ। ਦੁਰਜੋਧਨ ਨੇ ਵੀ ਸਾਰਾ ਕੈਦਾ ਪੜ੍ਹਿਆ ਤੇ ਗੁਰੂ ਨੇ ਪੁੱਛਿਆ ਕਿ ਦੁਰਜੋਧਨ ਤੂੰ ਕੀ ਪੜ੍ਹਿਆ ਹੈ ? ਦੁਰਜੋਧਨ ਨੇ ਕਿਹਾ, ਮੈਂ ਸਾਰਾ ਕੈਦਾ ਪੜ੍ਹਿਆ ਹੈ। ਫੇਰ ਯੁਧਿਸ਼ਟਰ ਨੂੰ ਪੁੱਛਿਆ ਕਿ ਤੂੰ ਕੀ ਪੜ੍ਹਿਆ ਹੈ ਤਾਂ ਯੁਧਿਸ਼ਟਰ ਨੇ ਕਿਹਾ ਕਿ ਮੈਂ ਸੱਚ ਬੋਲਣਾ ਪੜ੍ਹਿਆ ਹੈ। ਗੁਰੂ ਨੇ ਪੁੱਛਿਆ, ਹੋਰ ਕੀ ਪੜ੍ਹਿਆ ਹੈ ? ਤਾਂ ਯੁਧਿਸ਼ਟਰ ਨੇ ਕਿਹਾ ਕਿ ਗ਼ੁੱਸਾ ਨਹੀਂ ਕਰਨਾ, ਇਹ ਦੂਸਰਾ ਸ਼ਬਦ ਪੜ੍ਹਿਆ ਹੈ। ਦਰੋਣਾਚਾਰੀਆ ਨੇ ਅਜ਼ਮਾਇਸ਼ ਕਰਨ ਲਈ ਧਰਮ ਪੁੱਤਰ ਯੁਧਿਸ਼ਟਰ ਦੇ ਚਪੇੜ ਮਾਰੀ ਪਰ ਉਹ ਪ੍ਰਸੰਨ ਚਿੱਤ ਹੀ ਰਿਹਾ। ਰਾਜੇ ਦੇ ਪੁੱਤਰ ਹੋਣ ਦਾ, ਆਪਣੇ ਅਪਮਾਨ ਦਾ ਰਾਈ ਜਿੰਨਾ ਵੀ ਅੰਦਰ ਭਾਵ ਪ੍ਰਗਟ ਨਹੀਂ ਹੋਇਆ। ਦਰੋਣਾਚਾਰੀਆ ਹੈਰਾਨ ਹੋ ਗਿਆ ਕਿ ਇਸ ਨੇ ਸਬਕ ਪੜ੍ਹਿਆ ਹੀ ਨਹੀਂ ਬਲਕਿ ਪੜ੍ਹ ਕੇ ਬੁੱਝਿਆ ਹੈ, ਅਮਲ ਕੀਤਾ ਹੈ। ਇਸ ਦੀ ਪੜ੍ਹਾਈ ਠੀਕ ਹੈ। ਬਚਪਨ ਵਿਚ ਜੋ ਪੜ੍ਹ ਕੇ ਦੋ ਗੁਣ ਧਾਰਨ ਕੀਤੇ ਸੀ ਕਿ ਇਕ ਗ਼ੁੱਸਾ ਨਹੀਂ ਕਰਨਾ ਤੇ ਦੂਸਰਾ ਸੱਚ ਬੋਲਣਾ ਹੈ। ਗ਼ੁੱਸਾ ਨਾ ਕਰਨ ਦੀ ਅਜ਼ਮਾਇਸ਼ ਬਚਪਨ ਵਿਚ ਹੀ ਗੁਰੂ ਵੱਲੋਂ ਹੋਈ ਤੇ ਯੁਧਿਸ਼ਟਰ ਖਰਾ ਉਤਰਿਆ। ਸੱਚ ਬੋਲਣ ’ਤੇ ਸਮੇਂ ਨੇ ਇਮਤਿਹਾਨ ਲਿਆ, ਜਦੋਂ ਦੁਰਜੋਧਨ ਯੁਧਿਸ਼ਟਰ ਕੋਲ ਆ ਕੇ ਕਹਿਣ ਲੱਗਾ ਕਿ ਹੇ ਭਰਾਤਾ! ਤੂੰ ਸੱਚ ਬੋਲਣ ਵਿਚ ਬਚਪਨ ਤੋਂ ਹੀ ਸ਼ਲਾਘਾ ਯੋਗ ਹੈਂ। ਤੇਰੇ ਸੱਚ ’ਤੇ ਮੈਂ ਵੀ ਭਰੋਸਾ ਕਰਕੇ ਆਇਆ ਹਾਂ। ਮੇਰਾ ਭੀਮਸੈਨ ਨਾਲ ਯੁੱਧ ਹੋਣ ਵਾਲਾ ਹੈ। ਮੈਨੂੰ ਦੱਸ ਕਿ ਮੇਰਾ ਬਚਾ ਕਿਵੇਂ ਹੋ ਸਕਦਾ ਹੈ ? ਭੀਮਸੈਨ ਦੀ ਗਦਾ ਦਾ ਮੇਰੇ ’ਤੇ ਅਸਰ ਨਾ ਹੋਵੇ। ਤਾਂ ਇਸ ਨੇ ਕਿਹਾ ਕਿ ਤੇਰੀ ਮਾਤਾ ਨੇ ਅੱਖਾਂ ’ਤੇ ਪੱਟੀ ਬੰਨ੍ਹੀ ਹੋਈ ਹੈ। ਕਦੇ ਕਿਸੇ ਮਰਦ ਵੱਲ ਤੱਕਿਆ ਨਹੀਂ। ਜੇ ਵੱਡੀ ਮਾਤਾ ਕੁਝ ਪਲਾਂ ਲਈ ਪੱਟੀ ਖੋਲ੍ਹ ਦੇਵੇ ਅਤੇ ਤੂੰ ਜੈਸਾ ਮਾਤਾ ਦੇ ਪੇਟ ਤੋਂ ਜੰਮਿਆ ਸੀ, ਮਤਲਬ ਬਸਤਰ ਤੋਂ ਬਿਨਾਂ ਮਾਤਾ ਦੇ ਅੱਗੇ ਖਲੋ੍ਹ ਜਾਵੇਂ ਤਾਂ ਵੱਡੀ ਮਾਂ ਦੇ ਨੇਤਰਾਂ ਵਿਚ ਇਤਨੀ ਸ਼ਕਤੀ ਹੈ ਕਿ ਮਾਤਾ ਦੀ ਦ੍ਰਿਸ਼ਟੀ ਨਾਲ ਤੇਰੀ ਦੇਹ ਬਜਰ ਦੀ ਹੋ ਜਾਵੇਗੀ। ਦੁਰਜੋਧਨ ਵਾਪਸ ਚਲਾ ਗਿਆ। ਪਿੱਛੋਂ ਭਗਵਾਨ ਕ੍ਰਿਸ਼ਨ ਜੀ ਨੂੰ ਪਤਾ ਲੱਗਿਆ ਤਾਂ ਭਗਵਾਨ ਜੀ ਨੇ ਯੁਧਿਸ਼ਟਰ ਨੂੰ ਪੁੱਛਿਆ ਕਿ ਤੂੰ ਇਹ ਕੀ ਕੀਤਾ ਹੈ ? ਤਾਂ ਧਰਮ ਪੁੱਤਰ ਨੇ ਕਿਹਾ ਕਿ ਮੈਂ ਜੋ ਬਚਪਨ ਵਿਚ ਪੜ੍ਹ ਕੇ ਜਾਣਿਆ ਹੈ, ਉਹ ਅਮਲ ਵਿਚ ਲਿਆਂਦਾ ਹੈ ਕਿ ਹਮੇਸ਼ਾ ਸੱਚ ਬੋਲਣਾ ਹੈ। ਭਗਵਾਨ ਜੀ! ਮੈਂ ਸੱਚ ਬੋਲਿਆ ਹੈ। ਭਗਵਾਨ ਜੀ ਕਹਿਣ ਲੱਗੇ ਕਿ ਤੂੰ ਆਪਣੇ ਭਰਾ ਦੇ ਨਾਸ਼ ਹੋਣ ਦਾ ਫ਼ਿਕਰ ਨਹੀਂ ਕੀਤਾ। ਯੁਧਿਸ਼ਟਰ ਨੇ ਕਿਹਾ ਕਿ ਮੈਂ ਧਰਮ ਦੇ ਨਸ਼ਟ ਹੋਣ ਦਾ ਫ਼ਿਕਰ ਕੀਤਾ ਹੈ। ਝੂਠ ਬੋਲਣ ਤੋਂ ਜੋ ਪਾਪ ਲੱਗਣਾ ਸੀ, ਉਸ ਪਾਪ ਤੋਂ ਬਚਣ ਦਾ ਫ਼ਿਕਰ ਕੀਤਾ ਹੈ। ਭਗਵਾਨ ਕ੍ਰਿਸ਼ਨ ਨੇ ਕਿਹਾ ਕਿ ਮੈਂ ਪਾਪ ਤੇ ਜ਼ੁਲਮ ਦਾ ਨਾਸ਼ ਕਰਨ ਲਈ ਸੰਸਾਰ ਵਿਚ ਆਇਆ ਹਾਂ। ਮੈਨੂੰ ਹੀ ਕੁਝ ਕਰਨਾ ਪਵੇਗਾ। ਤੂੰ ਜੋ ਸੱਚ ਬੋਲਿਆ ਹੈ, ਮੈਂ ਤੇਰੇ ਸੱਚ ਦੀ ਕਦਰ ਕਰਦਾ ਹਾਂ। ਫੇਰ ਭਗਵਾਨ ਕ੍ਰਿਸ਼ਨ ਜੀ ਨੇ ਛਲ ਕਰਕੇ ਉਲਟੀ ਸਿੱਖਿਆ ਦੇਣ ਵਾਸਤੇ ਜਿਸ ’ਤੇ ਉਹਦਾ ਨਾਸ਼ ਹੋ ਜਾਵੇ, ਲੁਕ ਕੇ ਖੜ ਗਏ। ਜਦੋਂ ਦੁਰਜੋਧਨ ਇਸ਼ਨਾਨ ਕਰ ਕੇ ਅਲਫ਼ ਨਗਨ ਹੋ ਕੇ ਮਾਤਾ ਗੰਧਾਰੀ ਵੱਲ ਤੁਰਿਆ ਜਾਂਦਾ ਸੀ, ਕਿਉਂਕਿ ਮਮਤਾ ਦੀ ਮਾਰੀ ਮਾਂ ਆਪਣੇ ਪੁੱਤਰ ਦੀ ਰੱਖਿਆ ਲਈ ਆਪਣਾ ਜ਼ਿੰਦਗੀ ਦਾ ਪ੍ਰਣ ਕੁਝ ਪਲਾਂ ਲਈ ਤੋੜਨ ਲਈ ਸਹਿਮਤ ਹੋ ਗਈ ਸੀ, ਲੁਕ ਕੇ ਖੜੇ ਹੋਏ ਭਗਵਾਨ ਕ੍ਰਿਸ਼ਨ ਜੀ ਦੇ ਕੋਲੋਂ ਜਦੋਂ ਦੁਰਜੋਧਨ ਲੰਘਣ ਲੱਗਾ

ਤਾਂ ਭਗਵਾਨ ਜੀ ਉੱਚੀ ਉੱਚੀ ਹੱਸ ਕੇ ਉਸ ਦਾ ਮਖ਼ੌਲ ਉਡਾਉਣ ਲੱਗੇ ਕਿ ਹੇ ਦੁਰਜੋਧਨ! ਤੂੰ ਐਡਾ ਬੇਸ਼ਰਮ ਹੈਂ ਕਿ ਇਸ਼ਨਾਨ ਕਰ ਕੇ ਕੋਈ ਵੀ ਬਸਤਰ ਨਹੀਂ ਪਹਿਨਿਆ ਤਾਂ ਦੁਰਜੋਧਨ ਨੇ ਕਿਹਾ ਕਿ ਮੈਨੂੰ ਵੱਡੇ ਭਰਾਤਾ ਨੇ ਬਜਰ ਦੀ ਦੇਹ ਬਣਾਉਣ ਦੀ ਵਿਉਂਤ ਦੱਸੀ ਹੈ। ਮੈਂ ਇਸ ਹਾਲਤ ਵਿਚ ਮਾਤਾ ਦੇ ਕੋਲ ਚੱਲਿਆ ਹਾਂ, ਜਿਥੇ ਉਹ ਅੱਖਾਂ ਤੋਂ ਪੱਟੀ ਖੋਲ੍ਹ ਕੇ ਦ੍ਰਿਸ਼ਟੀ ਦੀ ਸ਼ਕਤੀ ਨਾਲ ਮੇਰੇ ਵੱਲ ਤੱਕੇਗੀ ਜਿਸ ਨਾਲ ਮੇਰੀ ਦੇਹ ਬਜਰ ਦੀ ਬਣ ਜਾਵੇਗੀ। ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਕਿ ਹੇ ਦੁਰਜੋਧਨ! ਲੋਕ ਠੀਕ ਕਹਿੰਦੇ ਹਨ ਕਿ ਸਰੀਕ ਤਾਂ ਮਿੱਟੀ ਦਾ ਵੀ ਬੁਰਾ ਹੈ। ਇਸ ਤਰ੍ਹਾਂ ਦੇਹਾਂ ਬਜਰ ਦੀਆਂ ਕਦਾਚਿੱਤ ਨਹੀਂ ਹੁੰਦੀਆਂ। ਸਿਰਫ਼ ਤੈਨੂੰ ਤੇਰੀ ਮਾਂ ਦੇ ਸਾਹਮਣੇ ਬੇ-ਪੜਤ ਕਰਕੇ ਮਾਂ ਪੁੱਤ ਦੋਨਾਂ ਨੂੰ ਬੇਇੱਜ਼ਤ ਕਰਨ ਦੀ ਸਲਾਹ ਦਿੱਤੀ ਹੈ। ਆਸ ਨਹੀਂ ਸੀ ਕਿ ਧਰਮ ਪੁੱਤਰ ਵੀ ਐਸੀ ਖੋਟੀ ਸਲਾਹ ਵੀ ਦੇ ਸਕਦਾ ਹੈ। ਦੁਰਜੋਧਨ ਭਗਵਾਨ ਕ੍ਰਿਸ਼ਨ ਦੀ ਛਲ ਵਾਲੀ ਗੱਲ ਨੂੰ ਸੱਚ ਜਾਣ ਕੇ ਭਗਵਾਨ ਕ੍ਰਿਸ਼ਨ ਦੀ ਗੱਲ ਨਾਲ ਸਹਿਮਤ ਹੋ ਗਿਆ। ਕ੍ਰਿਸ਼ਨ ਜੀ ਨੇ ਯੁਧਿਸ਼ਟਰ ਦੇ ਬੋਲੇ ਸੱਚ ਨੂੰ ਸਾਬਤ ਕਰਨ ਲਈ ਅਤੇ ਜ਼ੁਲਮ ਦਾ ਨਾਸ਼ ਕਰਨ ਲਈ ਇਹ ਸਲਾਹ ਦਿੱਤੀ ਕਿ ਤੂੰ ਲੱਕ ਨੂੰ ਕੇਲੇ ਦੇ ਪੱਤੇ ਬੰਨ੍ਹ ਕੇ ਆਪਣੇ ਗੁਪਤ ਅੰਗ ਢੱਕ ਲੈ, ਨਹੀਂ ਤਾਂ ਅਨਰਥ ਹੋ ਜਾਵੇਗਾ। ਅੱਗੇ ਕਲਜੁਗ ਦਾ ਸਮਾਂ ਹੈ। ਪੁੱਤ ਮਾਵਾਂ ਦੀ ਸ਼ਰਮ ਨਹੀਂ ਕਰਿਆ ਕਰਨਗੇ। ਇਸ ਢੰਗ ਨਾਲ ਤੇਰੀ ਦੇਹ ਬਜਰ ਦੀ ਵੀ ਹੋ ਜਾਵੇਗੀ ਤੇ ਮਾਂ ਪੁੱਤਰ ਦੇ ਰਿਸ਼ਤੇ ਦੀ ਮਰਯਾਦਾ ਵੀ ਰਹਿ ਜਾਵੇਗੀ। ਦੁਰਜੋਧਨ ਨੇ ਕੇਲੇ ਦੇ ਪੱਤੇ ਅੱਗੇ ਬੰਨ੍ਹ ਕੇ ਜਾਣਾ ਕੀਤਾ ਅਤੇ ਮਾਤਾ ਨੂੰ ਪੱਟੀ ਖੋਲ੍ਹਣ ਲਈ ਬੇਨਤੀ ਕੀਤੀ। ਜਦੋਂ ਗੰਧਾਰੀ ਨੇ ਅੱਖਾਂ ਤੋਂ ਪੱਟੀ ਖੋਲ੍ਹੀ ਤਾਂ ਉਸ ਦੀ ਸ਼ਕਤੀ ਦ੍ਰਿਸ਼ਟੀ ਨੇ ਦੁਰਜੋਧਨ ਦੀ ਦੇਹ ਬਜਰ ਦੀ ਕਰ ਦਿੱਤੀ, ਜਿਸ ’ਤੇ ਕੋਈ ਸ਼ਸਤਰ ਅਸਰ ਨਹੀਂ ਸੀ ਕਰ ਸਕਦਾ। ਸ਼ਕਤੀ ਦਾ ਕਵਚ ਪਹਿਨਾ ਦਿੱਤਾ। ਮਾਤਾ ਨੇ ਕਿਹਾ ਕਿ ਦੁਰਜੋਧਨ! ਲੱਕ ਨੂੰ ਪੱਤੇ ਕਿਉਂ ਬੰਨ੍ਹੇ ਹਨ? ਤਾਂ ਉਸ ਨੇ ਕਿਹਾ ਕਿ ਮਾਤਾ ਦੇ ਸਾਹਮਣੇ ਜਵਾਨ ਪੁੱਤਰ ਨੂੰ ਨਗਨ ਹੋਣਾ ਸ਼ਰਮ ਦੀ ਗੱਲ ਹੈ। ਇਸ ਲਈ ਮੈਂ ਪੱਤੇ ਬੰਨ੍ਹ ਲਏ। ਗੰਧਾਰੀ ਨੇ ਗ਼ੁੱਸੇ ਵਿਚ ਆ ਕੇ ਕਿਹਾ ਕਿ ਤੂੰ ਆਪਣੀ ਮੌਤ ਦਾ ਕਾਰਨ ਜਿਉਂਦਾ ਰੱਖ ਲਿਆ ਹੈ। ਮਾਂ ਦੇ ਲਈ ਪੁੱਤਰ ਪੁੱਤਰ ਹੀ ਰਹਿੰਦਾ ਹੈ। ਭਾਵੇਂ ਉਸ ਦੀ ਉਮਰ ਕਿਤਨੀ ਭੀ ਹੋ ਜਾਵੇ। ਪੁੱਤਰ ਦਾ ਨੰਗੇਜ ਬਚਪਨ ਵਿਚ ਮਾਤਾ ਨੇ ਸੈਂਕੜੇ ਵਾਰੀ ਦੇਖਿਆ ਹੁੰਦਾ ਹੈ। ਫੇਰ ਉਸ ਮਾਤਾ ਨੂੰ ਇਕ ਵਾਰੀ ਦੇਖਣ ਨਾਲ ਕੀ ਫ਼ਰਕ ਪੈਣਾ ਸੀ। ਦੁਰਜੋਧਨ, ਤੂੰ ਮੂਰਖ ਨਿਕਲਿਆ। ਮੇਰਾ ਪ੍ਰਣ ਵੀ ਤੁੜਵਾਇਆ ਤੇ ਗੱਲ ਉਥੇ ਦੀ ਉਥੇ ਹੀ ਰਹਿ ਗਈ। ਇਸ ਸਾਖੀ ਦਾ ਸਿਧਾਂਤ ਇਹ ਹੈ ਕਿ ਧਰਮ ਪੁੱਤਰ ਨੇ ਜੋ ਬਚਪਨ ਵਿਚ ਪੜ੍ਹਿਆ ਸੀ, ਉਸ ਨੇ ਧਾਰਨ ਕੀਤਾ ਅਤੇ ਮਨ ਵਿਚ ਵਸਾਇਆ। ਆਪਣੇ ਦੁਸ਼ਮਣ ਨਾਲ ਵੀ ਯੁਧਿਸ਼ਟਰ ਨੇ ਸੱਚ ਬੋਲਿਆ। ਯੁਧਿਸ਼ਟਰ ਦੇ ਸੱਚ ਨੂੰ ਪਰਖਣ ਵਾਸਤੇ ਧਰਮਰਾਜੇ ਨੇ ਕਸਾਈ ਦਾ ਰੂਪ ਧਾਰਨ ਕਰ ਲਿਆ। ਯੁਧਿਸ਼ਟਰ ਨਦੀ ਕਿਨਾਰੇ ਭਜਨ ਕਰ ਰਿਹਾ ਸੀ। ਉਸ ਦੇ ਮੂਹਰੇ ਗਊ ਲੰਘਾ ਦਿੱਤੀ ਤੇ ਕਸਾਈ ਰੂਪ ਵਿਚ ਆ ਕੇ ਪੁੱਛਿਆ ਕਿ ਗਊ ਕਿਧਰ ਗਈ ਹੈ? ਧਰਮ ਪੁੱਤਰ ਨੇ ਕਿਹਾ ਕਿ ਕਿਸ ਨੂੰ ਪੁੱਛਦਾ ਹੈਂ? ਕਸਾਈ ਨੇ ਕਿਹਾ ਕਿ ਤੈਨੂੰ ਪੁੱਛਦਾ ਹਾਂ। ਯੁਧਿਸ਼ਟਰ ਕਹਿਣ ਲੱਗਾ ਕਿ ਹੇ ਕਸਾਈ! ਅੱਖਾਂ ਵੇਖਦੀਆਂ ਹਨ ਪਰ ਬੋਲ ਨਹੀਂ ਸਕਦੀਆਂ। ਕੰਨ ਸੁਣਦੇ ਹਨ ਪਰ ਦੇਖ ਨਹੀਂ ਸਕਦੇ। ਜ਼ੁਬਾਨ ਬੋਲਦੀ ਹੈ ਪਰ ਦੇਖ ਨਹੀਂ ਸਕਦੀ। ਸੁਣ ਕੇ ਧਰਮਰਾਜ ਪੈਰੀਂ ਪੈ ਗਿਆ ਤੇ ਕਹਿਣ ਲੱਗਾ ਕਿ ਤੂੰ ਧੰਨ ਹੈਂ। ਸੱਚ ਵੀ ਬੋਲ ਦਿੱਤਾ ਤੇ ਗਊ ਦੀ ਜਾਨ ਵੀ ਬਚਾ ਲਈ।

## ਗੁਰਮੁਖਿ ਪੜਹਿ, ਹਰਿ ਨਾਮੁ ਸਲਾਹਹਿ;
## ਦਰਿ ਸਚੈ ਸੋਭਾ ਪਾਵਣਿਆ ॥੧॥ਰਹਾਉ॥

ਗੁਰਮੁਖ ਨਾਮ ਸੰਬੰਧੀ ਪੜ੍ਹਨਾ ਕਰਦੇ ਹਨ ਅਤੇ ਹਰੀ ਦੇ ਨਾਮ ਦੀ ਹੀ ਸਲਾਹਹਿ = ਵਡਿਆਈ ਕਰਦੇ ਹਨ। ਸੱਚੇ ਪਰਮੇਸ਼ਰ ਦੀ ਦਰਿ = ਦਰਗਾਹ ਵਿਚ ਸੋਭਾ = ਵਡਿਆਈ ਪਾਵਣਿਆ = ਪਾਉਂਦੇ ਹਨ ॥੧॥ਰਹਾਉ॥

## ਅਲਖ ਅਭੇਉ; ਹਰਿ ਰਹਿਆ ਸਮਾਏ ॥ ਉਪਾਇ ਨ ਕਿਤੀ; ਪਾਇਆ ਜਾਏ ॥

ਹਰਿ = ਹਰੀ ਅਲਖ = ਲਖਣ ਤੋਂ ਰਹਿਤ ਅਭੇਉ = ਭੇਦ ਪਾਉਣ ਤੋਂ ਰਹਿਤ ਸਾਰੇ ਸਮਾਏ = ਸਮਾ ਰਹਿਆ = ਰਿਹਾ ਹੈ ਭਾਵ ਵਿਆਪਕ ਹੋ ਰਿਹਾ ਹੈ। ਅਤੇ ਕਿਤੀ = ਕਿਸੇ ਵੀ (ਧੂਣੀਆ ਤਾਪਣੀਆ, ਜਲ ਧਾਰੇ ਕਰਨੇ) ਆਦਿ ਸਾਧਨਾ ਦੇ ਉਪਾਇ = ਯਤਨ ਕਰਨ ਨਾਲ ਪਰਮੇਸ਼ਰ ਪਾਇਆ ਨ = ਨਹੀਂ ਜਾਏ = ਜਾਂਦਾ।

## ਕਿਰਪਾ ਕਰੇ ਤਾ ਸਤਿਗੁਰੁ ਭੇਟੈ; ਨਦਰੀ ਮੇਲਿ ਮਿਲਾਵਣਿਆ ॥੨॥

ਜੇਕਰ ਵਾਹਿਗੁਰੂ ਕਿਰਪਾ = ਮੇਹਰ ਕਰੇ ਤਾਂ ਇਹ ਜੀਵ ਪੂਰਬਲੇ ਨਿਸ਼ਕਾਮ ਕਰਮਾਂ ਕਰਕੇ ਸਤਿਗੁਰਾਂ ਨਾਲ ਭੇਟੈ = ਮਿਲਦਾ ਹੈ ਅਤੇ ਫੇਰ ਸਤਿਗੁਰੂ ਜੀ ਆਪਣੀ ਕਿਰਪਾ ਨਦਰੀ = ਦ੍ਰਿਸ਼ਟੀ ਕਰਕੇ ਵਾਹਿਗੁਰੂ ਦੇ ਮੇਲ ਵਿਚ ਮਿਲਾਵਣਿਆ = ਮਿਲਾਉਣਾ ਕਰਦੇ ਹਨ ॥੨॥

## ਦੂਜੈ ਭਾਇ ਪੜੈ; ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ; ਲੂਝੈ ॥

ਜੋ ਦੂਜੈ = ਦ੍ਵੈਤ ਭਾਇ = ਭਾਵਨਾ ਵਾਲੇ ਲੋਕ ਅਨੇਕਾਂ ਪੁਸਤਕਾਂ ਨੂੰ ਪੜੈ = ਪੜ੍ਹਦੇ ਹਨ ਪਰ ਬੂਝੈ = ਸਮਝਦੇ ਨਹੀਂ ਹਨ।

ਉਹ ਤ੍ਰਿਬਿਧਿ = ਤਿੰਨ ਪ੍ਰਕਾਰ ਦੀ ਮਾਇਆ ਰਾਜਸੀ, ਤਾਮਸੀ, ਸਾਂਤਕੀ ਇਹਦੇ ਕਾਰਣਿ = ਵਾਸਤੇ ਲੂਝੈ = ਝਗੜਦੇ ਰਹਿੰਦੇ ਹਨ।

ਤਿੰਨ ਪ੍ਰਕਾਰ ਦੇ ਲੋਕ ਹਨ ਜਿਨ੍ਹਾਂ ਵਿੱਚੋਂ ੧. ਸਾਂਤਕੀ ਲੋਕ ਸਵਰਗ ਵਿਚ ਦੇਵਤਾ ਬਣ ਕੇ ਰਹਿੰਦੇ ਹਨ। ੨. ਰਾਜਸੀ ਲੋਕ ਮਾਤ ਲੋਕ ਵਿਚ ਮਨੁੱਖ ਬਣ ਕੇ ਰਹਿੰਦੇ ਹਨ। ੩. ਤਾਮਸੀ ਲੋਕ ਪਾਤਾਲ ਵਿਚ ਦੈਂਤ ਬਣ ਕੇ ਰਹਿੰਦੇ ਹਨ **ਅਥਵਾ** ਮਨੁੱਖਾਂ ਵਿਚ ਤਿੰਨ ਪ੍ਰਕਾਰ ਦੇ ਲੋਕ ਕਹੇ ਜਾਂਦੇ ਹਨ। ਤਮੋ ਗੁਣੀ, ਮੰਤਰ ਸਿੱਧ ਕਰਕੇ ਦੁਨੀਆਂ ਨੂੰ ਵਸ ਕਰਨ ਵਾਸਤੇ ਧੂਣੀਆਂ, ਤਾਪਣੀਆਂ, ਬਰਤ ਰੱਖਣੇ, ਭੁੱਖੇ ਰਹਿਣਾ ਆਦਿਕ ਕਰਮ ਕਰਦੇ ਹਨ। ਫੇਰ ਕਦੇ ਕਿਸੇ ਨੂੰ ਸਰਾਪ ਦਿੰਦੇ ਹਨ ਅਤੇ ਕਿਸੇ ਨੂੰ ਵਰ ਦਿੰਦੇ ਹਨ। ਇਹ ਤਮੋ ਗੁਣੀ ਮਾਇਆ ਵਿਚ ਲੁੱਝੇ ਹੋਏ ਹਨ। ਤਮੋ ਗੁਣੀ ਕਾਮੀ, ਕ੍ਰੋਧੀ ਹੋਇਆ ਕਰਦੇ ਹਨ। ਰਜੋ ਗੁਣੀ ਉੱਦਮ ਕਰਕੇ ਮਾਇਆ ਕਮਾਉਂਦੇ ਹਨ। ਆਪਣੇ ਖਾਣ ਪੀਣ, ਪਹਿਨਣ ਭੋਗਣ ਦਾ ਬਹੁਤਾ ਚਸਕਾ ਰੱਖਦੇ ਹਨ। ਮਕਾਨ ਆਦਿਕ ਬਣਾਉਣ ਦੇ ਰੁਝਾਨ ਵਿਚ ਰੁੱਝੇ ਰਹਿੰਦੇ ਹਨ। ਅਨੇਕਾਂ ਪ੍ਰਕਾਰ ਦੇ ਸੁੱਖ ਸਾਧਨ ਬਣਾਉਂਦੇ ਰਹਿੰਦੇ ਹਨ। ਇਹ ਰਜੋ ਗੁਣੀ ਮਾਇਆ ਵਿਚ ਰੁੱਝੇ ਹੋਏ ਹਨ। ਸਾਂਤਕੀ ਲੋਕ ਉਹ ਹਨ, ਸਾਧਨ ਕਰਕੇ ਸਿੱਧੀਆਂ ਪ੍ਰਾਪਤ ਕਰ ਲੈਣੀਆਂ ਤੇ ਫੇਰ ਸਿੱਧੀਆਂ ਦੇ ਬਲ ਨਾਲ ਸਿੱਧੀਆਂ ਦੇ ਚਮਤਕਾਰ ਦਿਖਾ ਕੇ ਉਹਨਾਂ ਤੋਂ ਆਪਣੀ ਪੂਜਾ ਕਰਾਉਣ ਦੀ ਇੱਛਾ ਰੱਖਦੇ ਹਨ। ਇਹ ਸਤੋ ਗੁਣੀ, ਮਾਇਆ ਵਿਚ ਹੀ ਝਗੜਦੇ ਹਨ। ਦੇਵਤਿਆਂ ਵਿਚ ਤਿੰਨ ਦੇਵਤੇ ਰਜੋ, ਸਤੋ, ਤਮੋ ਗੁਣ ਦੇ ਆਧਾਰਿਤ ਇਸ ਪ੍ਰਕਾਰ ਹਨ: ਰਜੋਗੁਣੀ ਦੇਵਤਾ ਬ੍ਰਹਮਾ ਮੁੱਖ ਹੈ ਤੇ ਸਤੋ ਗੁਣੀ ਵਿਸ਼ਨੂੰ ਜੀ ਮੁਖ ਹਨ, ਤਮੋ ਗੁਣੀ ਸ਼ਿਵ ਜੀ ਮੁਖ ਹਨ। ਇਹ ਤਿੰਨੇ ਦੇਵਤੇ ਇਸ ਮਾਇਆ ਦਾ ਚਰਿੱਤਰ ਹਨ। ਜਦੋਂ ਤਮੋ ਗੁਣ ਹੁੰਦਾ ਹੈ ਉਦੋਂ ਕ੍ਰੋਧ, ਹਠ ਆਦਿਕ ਸੁਭਾਅ ਬਣਦੇ ਹਨ। ਜਦੋਂ ਰਜੋ ਗੁਣੀ ਸੁਭਾਅ ਬਣਦਾ ਹੈ ਉਦੋਂ ਪਦਾਰਥ ਇਕੱਠਾ ਕਰਨ ਵਾਸਤੇ ਲੋਭ ਕਰਦਾ ਹੈ। ਸਤੋ ਗੁਣੀ ਆਪਣੇ ਜੱਸ ਦੀ ਇੱਛਾ ਰੱਖ ਕੇ ਸ਼ੁਭ ਕਰਮ ਕਰਦਾ ਹੈ। ਸੋ ਇਸ ਪ੍ਰਕਾਰ ਜੀਵ ਤਿੰਨ ਤਰ੍ਹਾਂ ਦੀ ਮਾਇਆ ਦੇ ਵਾਸਤੇ ਝਗੜਦੇ ਰਹਿੰਦੇ ਹਨ।

## ਤ੍ਰਿਬਿਧਿ ਬੰਧਨ, ਤੂਟਹਿ ਗੁਰ ਸਬਦੀ; ਗੁਰ ਸਬਦੀ ਮੁਕਤਿ ਕਰਾਵਣਿਆ ॥੩॥

ਪਰ ਤ੍ਰਿਬਿਧਿ = ਤਿੰਨ ਪ੍ਰਕਾਰ ਦੀ ਮਾਇਆ ਦੇ ਬੰਧਨ = ਜੰਜਾਲ ਗੁਰਾਂ ਦੇ ਸਬਦੀ = ਉਪਦੇਸ਼ ਦੀ

ਕਮਾਈ ਕੀਤੀਆਂ ਹੀ ਤੂਟਹਿ = ਟੁੱਟਦੇ ਹਨ ਅਤੇ ਗੁਰਾਂ ਦਾ ਸਬਦੀ = ਉਪਦੇਸ਼ ਹੀ ਮੁਕਤਿ = ਮੁਕਤੀ ਕਰਾਵਣਿਆ = ਕਰਾਉਣ ਵਾਲਾ ਹੈ।

**ਅਥਵਾ** ਤ੍ਰਿਬਿਧਿ = ਤਿੰਨ ਪ੍ਰਕਾਰ ਦੇ ਬੰਧਨ = ਬੰਨਣ ਹੁੰਦੇ ਹਨ : ਅਸਥੂਲ ਸਰੀਰ, ਸੂਖਮ ਸਰੀਰ, ਕਾਰਨ ਸਰੀਰ। ਅਸਥੂਲ ਸਰੀਰ ਜੋ ਮਾਤਾ ਪਿਤਾ ਦੇ ਸੰਬੰਧ ਕਰਕੇ ਪੰਜ ਤੱਤਾਂ, ਪੱਚੀ ਪ੍ਰਕਿਰਤੀਆਂ ਤੋਂ ਪੈਦਾ ਹੋਇਆ ਹੈ, ਮੋਹ ਕਰਕੇ ਇਹ ਵੀ ਬੰਧਨ ਰੂਪ ਹੈ। ਸੂਖਮ ਸਰੀਰ ੧੭ ਤੱਤਾਂ, ਭਾਵ ਪੰਜ ਗਿਆਨ-ਇੰਦਰੇ, ਪੰਜ ਕਰਮ-ਇੰਦਰੇ, ਪੰਜ ਪ੍ਰਾਣ, ਮਨ ਤੇ ਬੁੱਧ ਜਿਸ ਨੂੰ ਜੀਵ ਲੈ ਕੇ ਲੋਕ ਪਰਲੋਕ ਵਿਚ ਆਉਂਦਾ ਜਾਂਦਾ ਹੈ। ਇਸ ਨੂੰ ਵੀ ਅਗਿਆਨ ਦਾ ਬੰਧਨ ਹੈ। ਕਾਰਨ ਸਰੀਰ ਜੋ ਅਵਿੱਦਿਆ ਕਰਕੇ ਬੰਧਨ ਰੂਪ ਹੋ ਰਿਹਾ ਹੈ। ਇਸ ਪ੍ਰਕਾਰ ਜੀਵਾਂ ਨੂੰ ਤਿੰਨ ਪ੍ਰਕਾਰ ਦੀ ਇੱਛਾ ਰੂਪ ਬੰਧਨ ਹੈ।

**ਸੁਤ ਬਿਤ ਲੋਕ ਈਖਣਾ ਤੀਨੀ॥**

ਈਖਣਾ = ਇੱਛਾ, ਸੁਤ = ਪੁੱਤਰ ਵਾਸ਼ਨਾ ਕਿ ਮੇਰੇ ਔਲਾਦ ਹੋਵੇ, ਬਿਤ = ਧਨ ਪ੍ਰਾਪਤੀ ਦੀ ਇੱਛਾ, ਲੋਕ = ਲੋਕ ਵਾਸ਼ਨਾ ਕਿ ਲੋਕ ਮੇਰਾ ਜੱਸ ਕਰਨ। ਇਹਨਾਂ ਵਾਸ਼ਨਾ ਵਿਚ ਕਰਤਾ ਭੋਗਤਾ ਦੇ ਆਦਿਕ ਬੰਧਨ ਹਨ। ਸਤੋ, ਰਜੋ, ਤਮੋ ਤਿੰਨ ਗੁਣਾਂ ਵਿਚ ਜਿਹੜੀ ਹੰਗਤਾ ਹੈ, ਇਹ ਵੀ ਬੰਧਨ ਪਏ ਹੋਏ ਹਨ। ਜਿਵੇਂ ਪਿੱਛੇ ਜੀਵ ਮਾਤਾ ਦੇ ਗਰਭ ਵਿਚ ਲਟਕਦਾ ਆਇਆ ਹੈ, ਇਥੇ ਵਿਕਾਰਾਂ ਵਿਚ ਫਸਦਾ ਹੈ ਤੇ ਅੱਗੇ ਜਮਾਂ ਕੋਲ ਫਸਦਾ ਹੈ। ਇਨ੍ਹਾਂ ਬੰਧਨਾਂ ਤੋਂ ਗੁਰ-ਸ਼ਬਦ ਦੀ ਕਮਾਈ ਕਰਕੇ ਛੁੱਟੀਦਾ ਹੈ। ਉੱਤਮ, ਮੱਧਮ, ਕਨਿਸ਼ਟ ਇਹ ਵੀ ਬੰਧਨ ਹਨ। ਕਰਤਾ, ਭੋਗਤਾ, ਮੈਂ ਕਰਦਾ ਹਾਂ, ਭੋਗਦਾ ਹਾਂ। ਮੈਂ ਦੁੱਖੀ ਹਾਂ, ਸੁੱਖੀ ਹਾਂ ਆਦਿਕ ਮਮਤਾ ਦੇ ਦੇਹ ਅਧਿਆਸ ਦੇ ਬੰਧਨ ਸ਼ਬਦ ਦੀ ਕਮਾਈ ਕਰਕੇ ਛੁੱਟਦੇ ਹਨ। ਜੋ ਗੁਰ-ਸ਼ਬਦ ਦੀ ਕਮਾਈ ਕਰਦੇ ਹਨ, ਉਹ ਆਪ ਵੀ ਮੁਕਤ ਹੁੰਦੇ ਹਨ ਅਤੇ ਹੋਰਨਾਂ ਨੂੰ ਵੀ ਮੁਕਤ ਕਰਾਵਣਿਆ = ਕਰਾਉਂਦੇ ਹਨ॥੩॥

## ਇਹੁ ਮਨੁ ਚੰਚਲੁ; ਵਸਿ ਨ ਆਵੈ॥
## ਦੁਬਿਧਾ ਲਾਗੈ; ਦਹ ਦਿਸਿ ਧਾਵੈ॥

ਇਹ ਮਨ ਚੰਚਲੁ = ਕਦੇ ਵੀ ਨਾ ਟਿਕਣ ਵਾਲਾ ਵਸ ਵਿਚ ਨ = ਨਹੀਂ ਆਵੈ = ਆਉਂਦਾ ਹੈ। ਅਰਥਾਤ ਇਹ ਮਨ ਬਾਂਦਰ ਦੀ ਨਿਆਈਂ ਚੰਚਲ ਹੈ। ਜੈਸਾ 'ਵਿਚਾਰ ਮਾਲਾ' ਵਿਚ ਉਚਾਰਨ ਹੈ :

**ਕਬਹੂੰ ਨ ਮਨ ਥਿਰਤਾ ਗਹੀ ਸਮਝਾਯੋ ਸੈ ਪੋਤ॥**
**ਜੈਸੇ ਮਰਕਟ ਬਿਰਛ ਪਰ ਕਬਹੂੰ ਨ ਠਾਢੋ ਹੋਤ॥੯॥** *(ਵਿਚਾਰ ਮਾਲਾ, ਅਧਿ. ੧)*

ਜਿਸ ਪ੍ਰਕਾਰ ਬਾਂਦਰ ਇਕ ਬ੍ਰਿਛ 'ਤੇ ਟਿਕ ਕੇ ਨਹੀਂ ਬੈਠਦਾ. ਇਸੇ ਤਰ੍ਹਾਂ ਮਨ ਦਾ ਸੁਭਾਅ ਹੈ। ਕਦੇ ਕਿਸੇ ਸੰਕਲਪ ਰੂਪ ਪੱਤਰਿਆਂ 'ਤੇ ਬੈਠਦਾ ਹੈ, ਕਦੇ ਕਿਸੇ ਵਾਸ਼ਨਾ ਰੂਪ ਟਾਹਣੀ 'ਤੇ ਦੌੜਦਾ ਹੈ। ਜੋ ਸੁਪਨੇ ਵਿਚ ਵੀ ਪਿਛਲੇ ਜੋ ਅਨੇਕਾਂ ਜਨਮ ਧਾਰੇ ਹਨ, ਉਹ ਵੇਖਦਾ ਹੈ ਜਾਂ ਕੋਈ ਹੋਰ ਅੱਗੇ ਨੂੰ ਜਨਮ ਧਾਰਨੇ ਹਨ, ਉਹਨਾਂ ਦੀ ਚਿਤਵਨੀ ਕਰਦਾ ਹੈ ਜਾਂ ਕੋਈ ਜਾਗ੍ਰਤ ਅਵਸਥਾ ਵਿਚ ਜਿਹੜਾ ਵਿਸ਼ੇਸ਼ ਮੋਹ ਹੁੰਦਾ ਹੈ, ਉਹਨਾਂ ਨੂੰ ਉਲਟੇ ਰੂਪ ਕਰਕੇ ਸੁਪਨੇ ਵਿਚ ਵੇਖਦਾ ਹੈ। ਜਾਗ੍ਰਤ ਵਿਚ ਪੰਜਾਂ ਵਿਸ਼ਿਆਂ ਵਿਚ ਦੌੜਦਾ ਹੈ। ਸੁਖੋਪਤ ਅਵਸਥਾ ਵਿਚ ਜੜ੍ਹ ਹੋ ਕੇ ਅਵਿੱਦਿਆ ਵਿਚ ਲੀਨ ਹੋ ਜਾਂਦਾ ਹੈ। ਇਹ ਮਨ ਚੰਚਲ ਹੈ, ਵਸ ਨਹੀਂ ਆਉਂਦਾ। ਬੜੇ ਬੜੇ ਸਿਧ ਸਾਧਿਕ ਯਤਨ ਕਰਦੇ ਹਨ। ਸਿੱਧੀਆਂ ਦਿਖਾਉਣ ਵਾਲੇ ਰਾਜ ਛੱਡ ਕੇ ਵੀ ਇਕਾਗਰ ਮਨ ਨਹੀਂ ਕਰ ਪਾਏ। ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਸੁਲਤਾਨਪੁਰ ਵਿਚ ਨਵਾਬ ਅਤੇ ਕਾਜ਼ੀ ਨੂੰ ਸਿੱਖਿਆ ਦਿੱਤੀ ਸੀ ਕਿ ਖ਼ੁਦਾ ਦੀ ਇਬਾਦਤ, ਨਮਾਜ਼ ਆਦਿਕ ਮਨ ਸਥਿਰ ਕਰਕੇ ਪੜ੍ਹਨੀ ਚਾਹੀਦੀ ਹੈ। ਕਾਜ਼ੀ ਨੂੰ ਕਿਹਾ ਕਿ ਤੂੰ ਵਛੇਰੇ ਨੂੰ ਸੰਭਾਲਣ ਲੱਗਾ ਹੋਇਆ ਸੀ ਤੇ ਨਵਾਬ ਨੂੰ ਕਿਹਾ ਕਿ ਤੂੰ ਕੰਧਾਰ

ਵਿਚ ਘੋੜੇ ਖ਼ਰੀਦਣ ਲੱਗਾ ਹੋਇਆ ਸੀ। ਇਹਨਾਂ ਦੋਹਾਂ ਦਾ ਮਨ ਚੰਚਲ ਹੋ ਗਿਆ ਸੀ। ਅੰਤਰਜਾਮੀ ਸਤਿਗੁਰੂ ਜੀ ਨੇ ਦੋਹਾਂ ਦੇ ਚੰਚਲ ਮਨ ਦਾ ਪੜਦਾ ਫਾਸ਼ ਕਰ ਦਿੱਤਾ ਸੀ।

ਇਹ ਮਨ ਦੁਬਿਧਾ = ਦੁਚਿਤੇ ਪੁਣੇ ਵਿਚ ਲਾਗੈ = ਲੱਗ ਕੇ ਦਹ ਦਿਸਿ = ਦਸੇ ਦਿਸਾਵਾਂ ਵਿਚ ਧਾਵੈ = ਦੌੜਦਾ ਫਿਰਦਾ ਰਹਿੰਦਾ ਹੈ।[੧]

## ਬਿਖੁ ਕਾ ਕੀੜਾ, ਬਿਖੁ ਮਹਿ ਰਾਤਾ; ਬਿਖੁ ਹੀ ਮਾਹਿ ਪਚਾਵਣਿਆ ॥੪॥

ਇਹ ਜੀਵ ਮਾਤਾ ਦੇ ਗਰਭ ਰੁਪੀ ਬਿਖੁ = ਜਹਿਰ ਦਾ ਕੀੜਾ = ਕਿਰਮ ਹੈ, ਇਥੇ ਵੀ ਬਿਖੁ = ਵਿਸ਼ਿਆਂ ਮਹਿ = ਵਿਚ ਰਾਤਾ = ਰੰਗਿਆ ਹੋਇਆ ਹੈ, ਅਖੀਰ ਨੂੰ ਵੀ ਨਰਕਾਂ ਰੂਪੀ ਵਿਹੁ ਵਿਚ ਹੀ ਪਚਾਵਣਿਆ = ਸੜੇਗਾ ਭਾਵ ਪਹੁੰਚਾਇਆ ਜਾਵੇਗਾ ॥੪॥

## ਹਉ ਹਉ ਕਰੇ; ਤੈ ਆਪੁ ਜਣਾਏ ॥ ਬਹੁ ਕਰਮ ਕਰੈ; ਕਿਛੁ ਥਾਇ ਨ ਪਾਏ ॥

ਇਹ ਜੀਵ ਹਉ = ਮੈਂ ਪੰਡਤ ਹਾਂ, ਹਉ = ਮੈਂ ਵਿਦਵਾਨ ਹਾਂ ਇਉਂ ਹਉ ਹਉ ਕਰੇ = ਕਰਦਾ ਹੈ ਤੈ = ਅਤੇ ਆਪਣੇ ਆਪ ਨੂੰ ਹਰ ਵਕਤ ਚੰਗਾ ਜਣਾਏ = ਜਣਾਉਂਦਾ ਰਹਿੰਦਾ ਹੈ ਕਿ ਮੇਰੇ ਤੁਲ ਹੋਰ ਕੋਈ ਨਹੀਂ ਹੋ ਸਕਦਾ। ਬਹੁ = ਬਹੁਤ ਨਿੱਤ, ਨਮਿੱਤ ਆਦਿਕ ਕਰਮ ਕਰੈ = ਕਰਦਾ ਰਹਿੰਦਾ ਹੈ, ਜੋ ਕਿਸੇ ਪ੍ਰਕਾਰ ਭੀ ਨਿਸ਼ਕਾਮ ਕਰਮਾਂ ਤੋਂ ਬਿਨਾਂ ਥਾਇ = ਲੇਖੇ ਵਿਚ ਨ = ਨਹੀਂ ਪਾਏ = ਪੈਂਦੇ **ਵਾ:** ਉਹ ਕਿਸੇ ਪ੍ਰਕਾਰ ਵੀ ਸਰੂਪ ਰੂਪੀ ਥਾਇ = ਥਾਂ ਵਿਚ ਨਹੀਂ ਪੈਂਦੇ **ਵਾ:** ਤੁਰੀਆ ਪਦ ਰੂਪੀ ਥਾਂ ਵਿਚ ਨਹੀਂ ਪੈਂਦੇ।

## ਤੁਝ ਤੇ ਬਾਹਰਿ, ਕਿਛੂ ਨ ਹੋਵੈ; ਬਖਸੇ ਸਬਦਿ ਸੁਹਾਵਣਿਆ ॥੫॥

ਹੁਣ ਜਗਿਆਸੂ ਵੱਲੋਂ ਪਰਮੇਸ਼ਰ ਅੱਗੇ ਬੇਨਤੀ ਕਰਨ ਦਾ ਭਾਵ ਪ੍ਰਗਟ ਕਰਦੇ ਹਨ ਕਿ ਹੇ ਪਰਮੇਸ਼ਰ! ਇਸ ਮਨ ਨੂੰ ਆਪ ਹੀ ਵਸ ਕਰਨ ਵਾਲੇ ਹੋ। ਤੁਝ = ਤੁਹਾਡੇ ਤੇ = ਤੋਂ ਬਿਨਾਂ ਮਨ ਨੂੰ ਵਸ ਕਰਨ ਲਈ ਕਿਛੂ = ਕੁਝ ਵੀ ਉਪਾਅ ਨਹੀਂ ਹੋਵੈ = ਹੋ ਸਕਦਾ। ਜਿਸ ਨੂੰ ਤੂੰ ਬਖ਼ਸ਼ ਲੈਂਦਾ ਹੈ ਉਹ ਸ਼ਬਦ ਕਰਕੇ ਸੁਹਾਵਣਿਆ = ਸ਼ੋਭਨੀਕ ਹੁੰਦੇ ਹਨ **ਵਾ:** ਜਿਨ੍ਹਾਂ ਨੇ ਤੇਰੇ ਦਰ 'ਤੇ ਬਖ਼ਸ਼ੇ ਹੋਏ ਗੁਰਮੁਖਾਂ ਦੇ ਉਪਦੇਸ਼ ਨੂੰ ਕਮਾਇਆ ਹੈ ਉਹਨਾਂ ਦਾ ਜੀਵਨ ਸੁਹਾਵਣਿਆ = ਸ਼ੋਭਨੀਕ ਹੋਇਆ ਹੈ ॥੫॥

## ਉਪਜੈ ਪਚੈ; ਹਰਿ ਬੂਝੈ ਨਾਹੀ ॥ ਅਨਦਿਨੁ; ਦੂਜੈ ਭਾਇ ਫਿਰਾਹੀ ॥

ਜਿਹੜਾ ਮਨਮੁਖ ਹਰਿ = ਹਰੀ ਦੇ ਸਰੂਪ ਨੂੰ ਬੂਝੈ = ਸਮਝਦਾ ਨਹੀਂ ਹੈ, ਉਹ ਸੰਸਾਰ ਵਿਚ ਉਪਜੈ = ਪੈਦਾ ਹੋ ਕੇ ਪਚੈ = ਖਰਾਬ ਭਾਵ ਨਾਸ਼ ਹੁੰਦਾ ਹੈ **ਵਾ:** ਅੰਤ ਨੂੰ ਨਰਕਾਂ ਦੀ ਅਗਨੀ ਵਿਚ ਪਚੈ = ਸੜਦਾ ਹੈ। ਅਤੇ ਉਹ ਮਨਮੁਖ ਅਨਦਿਨੁ = ਰਾਤ ਦਿਨੇ ਦੂਜੈ = ਦ੍ਵੈਤ ਭਾਇ = ਭਾਵ ਵਿਚ ਭੱਜਿਆ ਫਿਰਾਹੀ = ਫਿਰਦਾ ਹੈ।

## ਮਨਮੁਖ ਜਨਮੁ, ਗਇਆ ਹੈ ਬਿਰਥਾ; ਅੰਤਿ ਗਇਆ ਪਛੁਤਾਵਣਿਆ ॥੬॥

ਐਸੇ ਮਨਮੁਖ ਦਾ ਜਨਮ ਬਿਰਥਾ = ਬੇਅਰਥ ਹੀ ਚਲਾ ਗਇਆ = ਗਿਆ ਹੈ। ਅੰਤ ਨੂੰ ਫੇਰ ਪਛੁਤਾਵਣਿਆ = ਪਸ਼ਚਾਤਾਪ ਕਰਦਾ ਸੰਸਾਰ ਤੋਂ ਚਲਾ ਗਇਆ = ਗਿਆ ਕਿ ਮੈਂ ਮਨੁੱਖਾ ਜਨਮ ਵਿਚ ਕੋਈ ਲਾਭ ਨਹੀਂ ਲੈ ਸਕਿਆ ॥੬॥

---

੧. ਦਸੇ ਦਿਸਾਵਾਂ ਇਹ ਹਨ — ਪੂਰਬ, ਪੱਛਮ, ਉੱਤਰ, ਦੱਖਣ ਚਾਰ ਇਨ੍ਹਾਂ ਦੇ ਕੋਨ ਈਸਾਣ, ਨੈਰਤ, ਵੈਯਵ, ਅਗਨ, ਇਕ ਅਕਾਸ਼ ਵਾਲਾ ਪਾਸਾ, ਇਕ ਪਾਤਾਲ ਵਾਲਾ ਪਾਸਾ।

## ਪਿਰੁ ਪਰਦੇਸਿ; ਸਿਗਾਰੁ ਬਣਾਏ ॥ ਮਨਮੁਖ ਅੰਧੁ; ਐਸੇ ਕਰਮ ਕਮਾਏ ॥

ਸਤਿਗੁਰੂ ਜੀ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ ਕਿ ਜਿਵੇਂ ਸੰਸਾਰਕ ਇਸਤਰੀ ਦਾ ਪਿਰੁ = ਪਤੀ ਪਰਦੇਸਿ = ਪਰਾਏ ਦੇਸ ਵਿਚ ਗਿਆ ਹੋਵੇ, ਉਹ ਮਗਰੋਂ ਸੁਰਖ਼ੀ ਬਿੰਦੀ ਲਾ ਕੇ ਹਾਰ ਸ਼ਿੰਗਾਰ ਬਣਾਏ = ਬਣਾ ਕੇ ਬੈਠੇ ਤਾਂ ਪਤੀ ਤੋਂ ਬਿਨਾਂ ਸਭ ਕੁਝ ਨਿਸਫਲ ਹੈ। ਜੈਸਾ ਕਿ :

**ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ ॥ ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥**
**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ ॥ ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥**

*(ਫੁਨਹੇ ਮ: ੫, ਅੰਗ ੧੩੬੧)*

(**ਵਾ:** ਇਸੇ ਪ੍ਰਕਾਰ ਜਿਸ ਜਗਿਆਸੂ ਰੂਪ ਇਸਤਰੀ ਦਾ ਪਤੀ ਪਰਮੇਸ਼ਰ ਅਸਖਿਆਤ ਹੋਣ ਰੂਪ ਪ੍ਰਦੇਸ਼ ਗਿਆ ਹੋਵੇ, ਉਸਦੇ ਜਪ ਤਪ ਰੂਪੀ ਸਾਧਨਾਂ ਦੇ ਸ਼ਿੰਗਾਰ ਬਣਾਏ ਹੋਏ ਨਿਸਫਲ ਹੀ ਹੁੰਦੇ ਹਨ)

ਇਉਂ ਜੀਵ ਰੂਪ ਮਨਮੁਖ ਇਸਤਰੀ ਅੰਧ = ਅਗਿਆਨੀ ਹੈ ਜੋ ਐਸੇ = ਇਹੋ ਜਿਹੇ ਬੇਅਰਥ ਕਰਮਾ ਨੂੰ ਕਮਾਏ = ਕਮਾਉਂਦੀ ਹੈ। ਇਸੇ ਤਰ੍ਹਾਂ ਵਾਹਿਗੁਰੂ ਪਤੀ ਪਰਦੇਸ ਜਾਣ ਦੀ ਨਿਆਈਂ ਗੁਪਤ ਹੋ ਰਿਹਾ ਹੈ, ਅੰਦਰ ਪ੍ਰਗਟ ਨਹੀਂ ਹੈ। ਨਾਟਕ ਕਰਕੇ ਲੋਕਾਂ ਨੂੰ ਆਪਣੇ ਵਸ ਕਰ ਲਿਆ। ਕਦੇ ਭੇਖ ਦਿਖਾ ਕੇ ਪਾਖੰਡ ਕਰਕੇ ਲੋਕਾਂ ਨੂੰ ਵਸ ਕਰ ਲਿਆ। ਜਲਧਾਰੇ, ਧੂਣੀਆਂ ਤਾਪ ਕੇ ਇਹ ਸਾਧਨਾ ਦੇ ਸ਼ਿੰਗਾਰ ਬੇਅਰਥ ਹਨ। ਜੀਵ ਰੂਪ ਮਨਮੁਖ ਇਸਤਰੀ ਅੰਧੁ = ਅਗਿਆਨੀ ਇਹੋ ਜਿਹੇ ਕਰਮ ਕਮਾ ਕੇ ਲੋਕਾਂ ਨੂੰ ਆਪਣੇ ਮਗਰ ਲਾਉਂਦੀ ਹੈ। ਉਸ ਦਾ ਫਲ ਇਹ ਮਿਲੇਗਾ।

## ਹਲਤਿ ਨ ਸੋਭਾ, ਪਲਤਿ ਨ ਢੋਈ; ਬਿਰਥਾ ਜਨਮੁ ਗਵਾਵਣਿਆ ॥੭॥

ਜਿਸ ਕਰਕੇ ਹਲਤਿ = ਇਸ ਲੋਕ ਵਿਚ ਵੀ ਉਸ ਦੀ ਸੋਭਾ = ਵਡਿਆਈ ਨਹੀਂ ਹੋ ਸਕਦੀ, ਪਲਤਿ = ਪਰਲੋਕ ਵਿਚ ਢੋਈ = ਆਸਰਾ ਨਹੀਂ ਮਿਲਦਾ ਭਾਵ ਠਹਿਰਣ ਲਈ ਜਗ੍ਹਾ ਨਹੀਂ ਮਿਲਦੀ, ਇਉਂ ਉਸ ਨੇ ਆਪਣਾ ਮਨੁੱਖਾ ਜਨਮ ਬਿਰਥਾ = ਬੇਅਰਥ ਹੀ ਗਵਾਵਣਿਆ = ਗਵਾ ਲਿਆ ਹੈ ॥੭॥

## ਹਰਿ ਕਾ ਨਾਮੁ; ਕਿਨੈ ਵਿਰਲੈ ਜਾਤਾ ॥ ਪੂਰੇ ਗੁਰ ਕੈ; ਸਬਦਿ ਪਛਾਤਾ ॥

ਹਰਿ = ਵਾਹਿਗੁਰੂ ਦਾ ਨਾਮ ਸਤਿਸੰਗਤ ਦੁਆਰਾ ਕਿਨੈ = ਕਿਸੇ ਵਿਰਲੇ ਨੇ ਹੀ ਜਾਤਾ = ਜਾਣਿਆ ਹੈ। ਉਸ ਨੇ ਪੂਰੇ = ਪੂਰਨ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਪਰਮੇਸ਼ਰ ਨੂੰ ਪਛਾਤਾ = ਪਛਾਣ ਲਿਆ ਹੈ।

## ਅਨਦਿਨੁ ਭਗਤਿ ਕਰੇ, ਦਿਨੁ ਰਾਤੀ; ਸਹਜੇ ਹੀ ਸੁਖੁ ਪਾਵਣਿਆ ॥੮॥

ਉਹ ਅਨਦਿਨੁ = ਇਕ-ਰਸ ਦਿਨ ਅਤੇ ਰਾਤ ਨੂੰ ਭਗਤੀ ਕਰੇ = ਕਰਦਾ ਹੈ **ਵਾ:** ਉਸ ਨੂੰ ਅਨਦਿਨੁ = ਨਿਰੰਤਰ ਇਕ-ਰਸ ਭਗਤੀ ਕਰਕੇ ਅਵਿੱਦਿਆ ਰੂਪੀ ਰਾਤ ਤੋਂ ਗਿਆਨ ਰੂਪੀ ਦਿਨ ਦਾ ਚਾਨਣਾ ਹੋ ਗਿਆ ਹੈ ਅਤੇ ਉਹ ਸਹਜੇ = ਸੁਤੇ-ਸਿੱਧ ਹੀ ਆਤਮਿਕ ਸੁੱਖ ਨੂੰ ਪਾਵਣਿਆ = ਪਾਉਣਾ ਕਰਦਾ ਹੈ **ਵਾ:** ਉਹ ਹੀ = ਨਿਸਚੇ ਕਰਕੇ ਸਹਜ ਸੁੱਖ ਨੂੰ ਪਾਉਣਾ ਕਰਦਾ ਹੈ।

## ਸਭ ਮਹਿ ਵਰਤੈ; ਏਕੋ ਸੋਈ ॥ ਗੁਰਮੁਖਿ; ਵਿਰਲਾ ਬੂਝੈ ਕੋਈ ॥

ਉਸ ਦੀ ਐਸੀ ਦਿਬ ਦ੍ਰਿਸ਼ਟੀ ਜਾਗ ਪੈਂਦੀ ਹੈ ਕਿ ਸੋਈ = ਓਹੀ ਏਕੋ = ਇੱਕੋ ਅਦ੍ਵੈਤ ਰੂਪ ਪਰਮੇਸ਼ਰ ਸਭ = ਸਾਰਿਆਂ ਮਹਿ = ਵਿਚ ਵਰਤੈ = ਵਰਤਦਾ ਪ੍ਰਤੀਤ ਹੁੰਦਾ ਹੈ।

ਪਰ ਇਸ ਗੱਲ ਨੂੰ ਕੋਈ ਵਿਰਲਾ ਗੁਰਮੁਖ ਹੀ ਗੁਰਾਂ ਦੇ ਉਪਦੇਸ਼ ਦੁਆਰਾ ਬੂਝੈ = ਸਮਝਦਾ ਹੈ।

## ਨਾਨਕ, ਨਾਮਿ ਰਤੇ ਜਨ ਸੋਹਹਿ; ਕਰਿ ਕਿਰਪਾ ਆਪਿ ਮਿਲਾਵਣਿਆ ॥੮॥੨੯॥੩੦॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਇਉਂ ਐਸੇ ਗੁਰਮੁਖਿ ਜਨ ਨਾਮ 'ਚ ਰੱਤੇ ਹੋਏ ਲੋਕ ਪਰਲੋਕ ਵਿਚ ਸੋਹਹਿ = ਸ਼ੋਭਨੀਕ ਹੋ ਰਹੇ ਹਨ ਅਤੇ ਪਰਮੇਸ਼ਰ ਨੇ ਕਿਰਪਾ ਦ੍ਰਿਸ਼ਟੀ ਕਰਕੇ ਉਹਨਾਂ ਨੂੰ ਆਪਣੇ ਸਰੂਪ ਨਾਲ ਮਿਲਾਵਣਿਆ = ਮਿਲਾਉਣਾ ਕੀਤਾ ਹੈ ॥੮॥੨੯॥੩੦॥

[ਅੰਗ ੧੨੮]

## ਮਾਝ ਮਹਲਾ ੩ ॥

**ਉਥਾਨਕਾ :** ਇਕ ਵਾਰੀ ਕਾਂਸ਼ੀ ਦੇ ਪੜ੍ਹੇ ਹੋਏ ਵਿਦਵਾਨ ਗੁਰੂ ਸਾਹਿਬ ਜੀ ਦੀ ਸਭਾ ਵਿਚ ਪਹੁੰਚੇ। ਗੁਰੂ ਸਾਹਿਬ ਜੀ ਨਾਮ ਬਾਣੀ ਦਾ ਉਪਦੇਸ਼ ਦੇ ਰਹੇ ਸਨ ਤਾਂ ਵਿਦਵਾਨ ਪੰਡਤਾਂ ਨੇ ਕਿਹਾ ਕਿ ਮੁਕਤੀ ਗਿਆਨ ਦੁਆਰਾ ਹੈ ਤੇ ਤੁਸੀਂ ਕੇਵਲ ਨਾਮ ਦਾ ਹੀ ਪ੍ਰਚਾਰ ਕਰਦੇ ਹੋ ਜਾਂ ਸੇਵਾ ਸਤਿਸੰਗਤ ਮਹਾਤਮ ਦੱਸਦੇ ਹੋ। ਅਸੀਂ ਵੇਦ ਵੇਦੰਗ ਪੜ੍ਹੇ ਹੋਏ ਹਾਂ। ਤਾਂ ਸੁਣ ਕੇ ਮਹਾਰਾਜ ਜੀ ਨੇ ਉਚਾਰਨ ਕੀਤਾ ਕਿ ਕੇਵਲ ਵਿੱਦਿਆ ਤਾਂ ਕੋਈ ਵੀ ਪੜ੍ਹ ਸਕਦਾ ਹੈ। ਅਮਲ ਤੋਂ ਬਿਨਾਂ ਇਲਮ ਕਿਸੇ ਕੰਮ ਨਹੀਂ ਆਉਂਦਾ।

## ਮਨਮੁਖ ਪੜਹਿ; ਪੰਡਤਿ ਕਹਾਵਹਿ ॥ ਦੂਜੈ ਭਾਇ; ਮਹਾ ਦੁਖੁ ਪਾਵਹਿ ॥

ਹੇ ਭਾਈ ! ਮਨਮੁਖ = ਮਨ ਦੇ ਆਖੇ ਲੱਗਣ ਵਾਲੇ ਲੋਕ ਵੇਦ ਵਿੱਦਿਆ ਮਾਇਆ ਦੀ ਪ੍ਰਾਪਤੀ ਵਾਸਤੇ ਪੜਹਿ = ਪੜ੍ਹਦੇ ਹਨ ਅਤੇ ਛੇ ਸ਼ਾਸਤਰ, ਸਿੰਮ੍ਰਿਤੀਆਂ, ਵਿਆਕਰਣ, ਜੋਤਿਸ਼, ਪਿੰਗਲ, ਸਿੱਖਿਆ, ਕਲਪ, ਨਿਰੁਕਤ, ਖਟ ਅੰਗ ਆਦਿ ਨੂੰ ਪੜ੍ਹ ਕੇ ਪੰਡਤਿ = ਵਿਦਵਾਨ ਕਹਾਵਹਿ = ਕਹਾਉਂਦੇ ਹਨ। ਕੇਵਲ ਸ਼ਾਸਤਰ ਗਿਆਨ ਮੁਕਤੀ ਨਹੀਂ ਦੇਵੇਗਾ ਕਿਉਂਕਿ ਉਹ ਤਾਂ ਦੂਜੈ = ਦ੍ਵੈਸ਼ ਭਾਇ = ਭਾਵਨਾ ਵਿਚ ਲੱਗ ਕੇ ਮਹਾ ਦੁਖੁ = ਵੱਡਾ ਦੁੱਖ ਜੰਮਣ ਮਰਣ ਦਾ ਪਾਵਹਿ = ਪਾਉਂਦੇ ਹਨ।

## ਬਿਖਿਆ ਮਾਤੇ ਕਿਛੁ ਸੂਝੈ ਨਾਹੀ; ਫਿਰਿ ਫਿਰਿ ਜੂਨੀ ਆਵਣਿਆ ॥੧॥

ਉਨ੍ਹਾਂ ਬਿਖਿਆ = ਵਿਸ਼ਿਆਂ ਵਿਚ ਮਾਤੇ = ਮਸਤ ਹੋਇਆਂ ਨੂੰ ਕਿਛੁ = ਕੁਝ ਵੀ ਸੂਝੈ = ਸੁੱਝਦਾ ਨਾਹੀ = ਨਹੀਂ ਹੈ ਭਾਵ ਪਰਮਾਰਥ, ਲੋਕ, ਪਰਲੋਕ ਦਾ ਗਿਆਨ ਨਹੀਂ ਹੈ ਜਿਸ ਕਰਕੇ ਉਹ ਚੌਰਾਸੀ ਦੇ ਫੇਰਿਆਂ ਵਿਚ ਫਿਰਦੇ ਰਹਿੰਦੇ ਹਨ **ਵਾ:** ਫਿਰਿ ਫਿਰਿ = ਬਾਰ ਬਾਰ ਜੂਨੀ = ਜੂਨੀਆਂ ਵਿਚ ਆਵਣਿਆ = ਆਉਂਦੇ ਹਨ।

ਫਿਰ ਪੰਡਤਾਂ ਨੇ ਪੁੱਛਿਆ ਕਿ ਆਪ ਜੀ ਦਾ ਸਿਧਾਂਤ ਕੀ ਹੈ ? ਤਾਂ ਗੁਰੂ ਜੀ ਨੇ ਨਾਮ-ਰਸ ਦੀ ਮਹਾਨਤਾ ਦਰਸਾਈ ਕਿ ਹਉਮੈ ਨੂੰ ਮਾਰ ਕੇ, ਨਿਸ਼ਕਾਮ ਸੇਵਾ ਕਰ ਕੇ ਨਾਮ-ਰਸ ਨੂੰ ਪੀਣਾ ਤੇ ਪਿਲਾਉਣਾ ਸਾਡਾ ਸਿਧਾਂਤ ਹੈ।

## ਹਉ ਵਾਰੀ, ਜੀਉ ਵਾਰੀ; ਹਉਮੈ ਮਾਰਿ ਮਿਲਾਵਣਿਆ ॥

ਹਉ = ਅਸੀਂ ਉਹਨਾਂ ਤੋਂ ਸਰੀਰ ਕਰਕੇ ਵਾਰਨੇ ਜੀਉ = ਮਨ ਕਰਕੇ ਵਾਰੀ = ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਹਉਮੈ = ਹੰਗਤਾ ਮਮਤਾ ਨੂੰ ਮਾਰਿ = ਮਾਰ ਕੇ ਵਾਹਿਗੁਰੂ ਵਿਚ ਆਪਣੇ ਆਪ ਨੂੰ ਮਿਲਾਵਣਿਆ = ਮਿਲਾਉਣਾ ਕੀਤਾ ਹੈ।

## ਗੁਰ ਸੇਵਾ ਤੇ, ਹਰਿ ਮਨਿ ਵਸਿਆ; ਹਰਿ ਰਸੁ ਸਹਜਿ ਪੀਆਵਣਿਆ ॥੧॥ਰਹਾਉ॥

ਗੁਰ ਸੇਵਾ = ਗੁਰਾਂ ਦੀ ਟਹਿਲ ਕਰਨ ਤੇ =ਤੋਂ ਜਿਨ੍ਹਾਂ ਦੇ ਮਨਿ = ਹਿਰਦੇ ਵਿਚ ਹਰਿ = ਹਰੀ ਵਸਿਆ = ਵਸ ਗਿਆ ਹੈ।

ਫੇਰ ਉਹ ਸਹਜਿ = ਸੁਤੇ-ਸਿੱਧ ਹਰਿ ਰਸੁ = ਹਰੀ ਰਸ ਦੇ ਅਨੰਦ ਨੂੰ ਆਪ ਪੀਂਦੇ ਹਨ ਅਤੇ ਹੋਰਨਾਂ ਨੂੰ ਪੀਆਵਣਿਆ = ਪਿਲਾਉਂਦੇ ਹਨ ॥੧॥ਰਹਾਉ॥

## ਵੇਦੁ ਪੜਹਿ; ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ; ਮੋਹੇ ਮਾਇਆ ॥

ਜਿਹੜੇ ਮਨਮੁਖ ਲੋਕ ਕੇਵਲ ਮਾਇਆ ਵਾਸਤੇ ਸਾਸ਼ਤਰਾਂ ਨੂੰ ਪੜਹਿ = ਪੜਦੇ ਹਨ, ਉਨ੍ਹਾਂ ਨੂੰ ਹਰਿ = ਹਰੀ ਰਸ ਨਹੀਂ ਆਇਆ। ਕਿਉਂਕਿ ਉਹ ਤਾਂ ਮਾਇਆ ਦੇ ਮੋਹੇ ਹੋਏ ਵਿਦਿਆ ਦੇ ਹੰਕਾਰ ਵਿਚ ਵਾਦੁ = ਝਗੜੇ ਹੀ ਵਖਾਣਹਿ = ਕਥਨ ਕਰਦੇ ਰਹਿੰਦੇ ਹਨ।

## ਅਗਿਆਨਮਤੀ ਸਦਾ ਅੰਧਿਆਰਾ; ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥

ਉਨ੍ਹਾਂ ਦੀ ਅਗਿਆਨਮਤੀ = ਗਿਆਨ ਤੋਂ ਹੀਨੀ ਬੁੱਧੀ ਵਿਚ ਸਦਾ = ਹਮੇਸ਼ਾ ਤੱਤ ਸਰੂਪ ਦੀ ਪਛਾਣ ਵੱਲੋਂ ਹਨੇਰਾ ਛਾਇਆ ਰਹਿੰਦਾ ਹੈ, ਪਰ ਜੇਕਰ ਉਹ ਗੁਰਮੁਖਿ = ਮੁਖੀ ਗੁਰਾਂ ਦੁਆਰਾ ਤੱਤ ਸਰੂਪ ਦੀ ਬੂਝਿ = ਸਮਝ ਪਾ ਲੈਣ ਤਾਂ ਉਹ ਵੀ ਪ੍ਰਭੂ ਦੇ ਗੁਣ ਗਾਵਣਿਆ = ਗਾਉਣ ਵਾਲੇ ਹੋ ਜਾਂਦੇ ਹਨ **ਵਾ**: ਉਨ੍ਹਾਂ ਦੀ ਆਪਣੀ ਬੁੱਧੀ ਵਿਚ ਸਦਾ = ਹਮੇਸ਼ਾ ਅਗਿਆਨਤਾ ਦਾ ਅੰਧਿਆਰਾ = ਹਨੇਰਾ ਪਿਆ ਰਹਿੰਦਾ ਹੈ, ਪਰੰਤੂ ਜਿਨ੍ਹਾਂ ਨੇ ਮੁਖੀ ਗੁਰਾਂ ਨੂੰ ਬੁੱਝ ਲਿਆ ਹੈ ਉਹ ਪ੍ਰਭੂ ਦੇ ਗੁਣਾਂ ਨੂੰ ਗਾਵਣਿਆ = ਗਾਉਣਾ ਕਰਦੇ ਹਨ ॥੨॥

## ਅਕਥੋ ਕਥੀਐ; ਸਬਦਿ ਸੁਹਾਵੈ ॥ ਗੁਰਮਤੀ; ਮਨਿ ਸਚੋ ਭਾਵੈ ॥

ਸਤਿਗੁਰੂ ਜੀ ਅਕਥੋ = ਕਥਨ ਤੋਂ ਰਹਿਤ ਪਰਮੇਸ਼ਰ ਦੇ ਜੱਸ ਨੂੰ ਕਥੀਐ = ਕਥਨ ਕਰਦੇ ਹਨ, ਗੁਰਾਂ ਦੇ ਸਬਦਿ = ਉਪਦੇਸ਼ ਕਰਕੇ ਹੀ ਗੁਰਮੁਖ ਜਨ ਸੁਹਾਵੈ = ਸ਼ੋਭਨੀਕ ਹੁੰਦੇ ਹਨ **ਵਾ**: ਤੱਤਬੇਤੇ ਵੀ ਅਕਥ ਸਰੂਪ ਪਰਮੇਸ਼ਰ ਦੇ ਜੱਸ ਨੂੰ ਕਥਨ ਕਰਕੇ ਦੱਸਦੇ ਹਨ ਕਿ ਉਸ ਦੇ ਸ਼ਬਦ ਕਰਕੇ ਹੀ ਜੀਵਨ ਸ਼ੋਭਨੀਕ ਹੁੰਦਾ ਹੈ। ਜਿਨ੍ਹਾਂ ਨੇ ਗੁਰ = ਗੁਰਾਂ ਦੀ ਮਤੀ = ਸਿੱਖਿਆ ਧਾਰਨ ਕੀਤੀ ਹੈ, ਉਨ੍ਹਾਂ ਦੇ ਮਨ ਵਿਚ ਸਚੋ = ਸੱਚਾ ਅਕਾਲ ਪੁਰਖ ਹੀ ਭਾਵੈ = ਭਾਉਂਦਾ ਹੈ।

## ਸਚੋ ਸਚੁ ਰਵਹਿ ਦਿਨੁ ਰਾਤੀ; ਇਹੁ ਮਨੁ ਸਚਿ ਰੰਗਾਵਣਿਆ ॥੩॥

ਉਹ ਸਚੋ = ਸੱਚੇ ਦਾ ਸ੍ਰਵਣ ਅਤੇ ਸਚੁ = ਸੱਚੇ ਦਾ ਮੰਨਣ ਕਰਕੇ ਦਿਨੁ ਰਾਤੀ = ਦਿਨ ਰਾਤ ਜੱਸ ਨੂੰ ਰਵਹਿ = ਉਚਾਰਨ ਕਰਦੇ ਰਹਿੰਦੇ ਹਨ ਅਤੇ ਆਪਣੇ ਇਹੁ = ਇਸ ਮਨ ਰੂਪੀ ਬਸਤਰ ਨੂੰ ਸਚਿ = ਸੱਚੇ ਨਾਮ ਰੰਗ ਵਿਚ ਰੰਗਾਵਣਿਆ = ਰੰਗਾਉਣਾ ਕਰਦੇ ਹਨ ॥੩॥

## ਜੋ ਸਚਿ ਰਤੇ; ਤਿਨ ਸਚੋ ਭਾਵੈ ॥ ਆਪੇ ਦੇਇ; ਨ ਪਛੋਤਾਵੈ ॥

ਜੋ = ਜਿਹੜੇ ਸਚਿ = ਸੱਚੇ ਨਾਮ ਵਿਚ ਰਤੇ = ਰੰਗੇ ਹੋਏ ਹਨ, ਤਿਨ = ਉਹਨਾਂ ਨੂੰ ਸੱਚੇ ਹਰੀ ਦਾ ਨਾਮ ਹੀ ਭਾਵੈ = ਭਾਉਂਦਾ ਹੈ ਭਾਵ ਚੰਗਾ ਲੱਗਦਾ ਹੈ।

ਜਿਨ੍ਹਾਂ ਨੂੰ ਆਪ ਪਰਮੇਸ਼ਰ ਗੁਰਾਂ ਦੁਆਰਾ ਆਪੇ = ਆਪਣੇ ਸਰੂਪ ਦਾ ਗਿਆਨ ਬਖ਼ਸ਼ ਦੇਇ = ਦਿੰਦਾ ਹੈ, ਉਹਨਾਂ ਨੂੰ ਫੇਰ ਕਿਸੇ ਪ੍ਰਕਾਰ ਦਾ ਪਛੋਤਾਵੈ = ਪਸ਼ਚਾਤਾਪ ਨ = ਨਹੀਂ ਰਹਿੰਦਾ **ਵਾ**: ਹਰੀ ਆਪ ਦਾਤ ਦੇ ਕੇ ਪਛਤਾਉਂਦਾ ਨਹੀਂ ਕਿ ਮੈਂ ਕਿਉਂ ਦਾਤ ਦੇਣੀ ਸੀ।

## ਗੁਰ ਕੈ ਸਬਦਿ, ਸਦਾ ਸਚੁ ਜਾਤਾ; ਮਿਲਿ ਸਚੇ ਸੁਖੁ ਪਾਵਣਿਆ ॥੪॥

ਜਿਨ੍ਹਾਂ ਨੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਨਾਮ ਦੀ ਕਮਾਈ ਕਰਕੇ ਸਦਾ ਸੱਚ ਸਰੂਪ ਹਰੀ ਨੂੰ

ਜਾਤਾ = ਜਾਣ ਲਿਆ ਹੈ ਉਨ੍ਹਾਂ ਨੇ ਸੱਚੇ ਸਤਿਗੁਰਾਂ ਨਾਲ ਮਿਲ ਕੇ ਸੁੱਖ ਸਰੂਪ ਵਾਹਿਗੁਰੂ ਨੂੰ ਪਾਵਣਿਆ = ਪਾਉਣਾ ਕੀਤਾ ਹੈ ॥੪॥

## ਕੂੜੁ ਕੁਸਤੁ; ਤਿਨਾ ਮੈਲੁ ਨ ਲਾਗੈ ॥
## ਗੁਰ ਪਰਸਾਦੀ; ਅਨਦਿਨੁ ਜਾਗੈ ॥

ਕੂੜੁ = ਝੂਠ ਬੋਲਣ ਤੇ ਕੁਸਤੁ = ਖੋਟੇ ਹਠ ਕਰਨ ਦੀ ਤਿਨਾ = ਉਨ੍ਹਾਂ ਨੂੰ ਮੈਲ ਨ = ਨਹੀਂ ਲਾਗੈ = ਲੱਗਦੀ। ਕਿਉਂਕਿ ਗੁਰ ਪਰਸਾਦੀ = ਗੁਰਾਂ ਦੀ ਕਿਰਪਾ ਕਰਕੇ ਅਨਦਿਨੁ = ਰਾਤ ਦਿਨੇ ਉਹਨਾਂ ਦਾ ਮਨ ਗਿਆਨ ਅਵਸਥਾ ਵਿਚ ਜਾਗੈ = ਜਾਗ ਪਿਆ ਹੈ। ਅਤੇ

## ਨਿਰਮਲ ਨਾਮੁ ਵਸੈ, ਘਟ ਭੀਤਰਿ; ਜੋਤੀ ਜੋਤਿ ਮਿਲਾਵਣਿਆ ॥੫॥

ਉਨ੍ਹਾਂ ਗੁਰਮੁਖਾਂ ਦੇ ਘਟ = ਹਿਰਦੇ ਅੰਤਰਿ = ਵਿਚ ਨਿਰਮਲ = ਉੱਜਲ ਹਰੀ ਦਾ ਨਾਮ ਵਸੈ = ਵਸ ਜਾਂਦਾ ਹੈ, ਜਿਸ ਕਰਕੇ ਉਨ੍ਹਾਂ ਦੀ ਪ੍ਰਤਕ ਜੋਤ ਨੂੰ ਜੋਤੀ = ਪ੍ਰਕਾਸ਼ ਰੂਪ ਬ੍ਰਹਮ ਆਪਣੇ ਵਿਚ ਮਿਲਾਵਣਿਆ = ਮਿਲਾ ਲੈਂਦਾ ਹੈ ॥੫॥

## ਤ੍ਰੈ ਗੁਣ ਪੜਹਿ; ਹਰਿ ਤਤੁ ਨ ਜਾਣਹਿ ॥
## ਮੂਲਹੁ ਭੁਲੇ; ਗੁਰ ਸਬਦੁ ਨ ਪਛਾਣਹਿ ॥

ਜਿਹੜੇ ਤ੍ਰੈ ਗੁਣ = ਤਿੰਨ ਗੁਣਾਂ—ਰਾਜਸੀ, ਤਾਮਸੀ, ਸਾਂਤਕੀ ਦੀ ਪੜ੍ਹਾਈ ਮਾਇਆ ਕਮਾਉਣ ਵਾਸਤੇ ਪੜਹਿ = ਪੜ੍ਹਦੇ ਹਨ, ਉਹ ਹਰਿ = ਹਰੀ ਦੇ ਤਤੁ = ਸਿਧਾਂਤ ਨੂੰ ਨ = ਨਹੀਂ ਜਾਣਦੇ। ਕਰਮ-ਕਾਂਡ ਦੀ ਪੜ੍ਹਾਈ ਤਾਮਸੀ ਹੈ। ਉਪਾਸ਼ਨਾ ਵਿਚ ਜੋੜਨ ਵਾਲੀ ਪੜ੍ਹਾਈ ਰਾਜਸੀ ਹੈ। ਬ੍ਰਹਮ ਗਿਆਨ ਵਾਲੀ ਪੜ੍ਹਾਈ ਸਾਂਤਕੀ ਹੈ। ਉਹ ਮੂਲਹੁ = ਮੁੱਢ ਭਾਵ ਜਨਮ ਤੋਂ ਹੀ ਭੁਲੇ = ਭੁੱਲੇ ਹੋਏ ਹਨ, ਗੁਰੂ ਸਾਹਿਬ ਜੀ ਦੇ ਸਬਦੁ = ਉਪਦੇਸ਼ ਨੂੰ ਪਛਾਣਹਿ = ਪਛਾਣਦੇ ਨ = ਨਹੀਂ ਹਨ।

## ਮੋਹ ਬਿਆਪੇ, ਕਿਛੁ ਸੂਝੈ ਨਾਹੀ; ਗੁਰ ਸਬਦੀ ਹਰਿ ਪਾਵਣਿਆ ॥੬॥

ਮਾਇਆ ਦੇ ਮੋਹ ਵਿਚ ਬਿਆਪੇ = ਲੱਗੇ ਹੋਇਆਂ ਨੂੰ ਕਿਛੁ = ਕੁਝ ਵੀ ਗਿਆਨ ਦੀ ਸੂਝੈ = ਸੋਝੀ ਨਾਹੀ = ਨਹੀਂ ਹੈ **ਵਾ:** ਲੋਕ ਪਰਲੋਕ ਦਾ ਗਿਆਨ ਨਹੀਂ ਹੈ। ਪਰ ਗੁਰਾਂ ਦੇ ਸਬਦੀ = ਉਪਦੇਸ਼ ਦੀ ਕਮਾਈ ਕਰਕੇ ਹੀ ਹਰਿ = ਪਰਮੇਸ਼ਰ ਨੂੰ ਪਾਵਣਿਆ = ਪਾਉਣ ਵਾਲੇ ਹੋਈਦਾ ਹੈ ॥੬॥

## ਵੇਦੁ ਪੁਕਾਰੈ; ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ; ਦੂਜੈ ਭਾਇਆ ॥

ਵੇਦ ਤ੍ਰਿਬਿਧਿ = ਤਿੰਨ ਪ੍ਰਕਾਰ ਭਾਵ ਰਾਜਸੀ, ਤਾਮਸੀ, ਸਾਂਤਕੀ ਮਾਇਆ ਨੂੰ ਹੀ ਪੁਕਾਰੈ = ਕਥਨ ਕਰਦੇ ਹਨ। ਮਨਮੁਖ ਦੂਜੈ = ਦ੍ਵੈਤ-ਭਾਵ ਵਿਚ ਲੱਗੇ ਹੋਏ ਹਨ, ਜਿਸ ਕਰਕੇ ਸੱਚ ਸਰੂਪ ਨੂੰ ਬੂਝਹਿ = ਸਮਝਦੇ ਨਹੀਂ ਹਨ।

## ਤ੍ਰੈ ਗੁਣ ਪੜਹਿ, ਹਰਿ ਏਕੁ ਨ ਜਾਣਹਿ; ਬਿਨੁ ਬੂਝੇ ਦੁਖੁ ਪਾਵਣਿਆ ॥੭॥

ਮਨਮੁਖ ਤ੍ਰੈ ਗੁਣ = ਤਿੰਨਾਂ ਗੁਣਾਂ (ਕਰਮ, ਉਪਾਸ਼ਨਾ, ਗਿਆਨ ਨੂੰ ਦ੍ਰਿੜ ਕਰਾਉਣ ਵਾਲੀ ਵੇਦਾਂ ਦੀ ਪੜਾਈ ਤਾਂ ਪੜ੍ਹਦੇ ਹਨ) ਪਰ ਇਕ ਅਦ੍ਵੈਤ ਰੂਪ ਹਰੀ ਪਰਮੇਸ਼ਰ ਨੂੰ ਜਾਣਹਿ = ਜਾਣਦੇ ਨਹੀਂ ਹਨ ਭਾਵ ਸਮਝਦੇ ਨਹੀਂ ਹਨ ਇਉਂ ਹਰੀ ਪਰਮੇਸ਼ਰ ਨੂੰ ਬੂਝੇ = ਸਮਝੇ ਤੋਂ ਬਿਨਾਂ ਜੰਮਣ ਮਰਨ ਦਾ ਦੁੱਖ ਪਾਵਣਿਆ = ਪਾਉਣਾ ਕਰਦੇ ਹਨ ॥੭॥

## ਜਾ ਤਿਸੁ ਭਾਵੈ; ਤਾ ਆਪਿ ਮਿਲਾਏ ॥ ਗੁਰ ਸਬਦੀ; ਸਹਸਾ ਦੂਖੁ ਚੁਕਾਏ ॥

ਜਾ = ਜਦੋਂ ਤਿਸੁ = ਉਸ ਹਰੀ ਪਰਮੇਸ਼ਰ ਨੂੰ ਜੀਵ ਭਾਵੈ = ਭਾ ਜਾਂਦਾ ਹੈ ਤਾਂ ਆਪਿ = ਆਪਣੇ ਨਾਲ ਮਿਲਾਏ = ਮਿਲਾ ਲੈਂਦਾ ਹੈ ਜਾਂ ਸਤਿਸੰਗਤ ਨਾਲ ਮਿਲਾਏ = ਮਿਲਾਪ ਕਰਾ ਦਿੰਦਾ ਹੈ। ਗੁਰੂ ਜੀ ਸ਼ਬਦ ਦੀ ਕਮਾਈ ਕਰਾ ਕੇ ਤਿੰਨ ਪ੍ਰਕਾਰ ਦੇ ਸਹਸਾ = ਸੰਸੇ, ਪ੍ਰਮਾਣਗਤ, ਪ੍ਰਮੇਯਗਤ ਸੰਸਾ, ਵਿਪਰਜੇ, ਇਹ ਸੰਸੇ ਤੇ ਜੰਮਣ ਮਰਣ ਦਾ ਦੁੱਖ ਚੁਕਾਏ = ਚੁੱਕਾ ਦਿੰਦੇ ਹਨ।

## ਨਾਨਕ, ਨਾਵੈ ਕੀ ਸਚੀ ਵਡਿਆਈ;
## ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਨ੍ਹਾਂ ਨੂੰ ਨਾਮ ਕੀ = ਦੀ ਸੱਚੀ ਵਡਿਆਈ = ਸ਼ੋਭਾ ਪ੍ਰਾਪਤ ਹੁੰਦੀ ਹੈ ਅਤੇ ਉਹ ਨਾਮ ਦਾ ਮੰਨਣ ਕਰਕੇ ਹਿਰਦੇ ਵਿੱਚੋਂ ਹੀ ਸੁਖੁ = ਅਨੰਦ ਸਰੂਪ ਪਰਮੇਸ਼ਰ ਨੂੰ ਪਾਵਣਿਆ = ਪਾਉਣਾ ਕਰਦੇ ਹਨ **ਵਾ:** ਨਾਮ ਦੀ ਹੀ ਸੱਚੀ ਵਡਿਆਈ ਹੈ ਜੋ ਨਾਮ ਜਪਣ ਕਰਕੇ ਪ੍ਰਾਪਤ ਹੁੰਦੀ ਹੈ, ਨਾਮ ਨੂੰ ਮਨ ਵਿਚ ਵਸਾਉਣ ਕਰਕੇ ਆਤਮਿਕ ਸੁੱਖ ਪਾਉਣਾ ਕਰੀਦਾ ਹੈ ॥੮॥੩੦॥੩੧॥

ਫੇਰ ਪੰਡਤ ਨੇ ਸਵਾਲ ਕੀਤਾ ਕਿ ਤੁਸੀਂ ਨਿਰਗੁਣ ਦੀ ਉਪਾਸ਼ਨਾ ਕਰਦੇ ਹੋ ਕਿ ਸਰਗੁਣ ਦੀ ? ਕਿਉਂਕਿ ਸਰਗੁਣ ਦੇ ਉਪਾਸ਼ਕ ਆਕਾਰਾਂ ਨੂੰ ਧਿਆਉਂਦੇ ਹਨ। ਨਿਰਗੁਣ ਦੇ ਉਪਾਸ਼ਕ ਨਿਰਾਕਾਰ ਨੂੰ ਧਿਆਉਂਦੇ ਹਨ। ਤਾਂ ਸਤਿਗੁਰੂ ਜੀ ਨੇ ਸ਼ਬਦ ਉਚਾਰਨ ਕੀਤਾ :

## ਮਾਝ ਮਹਲਾ ੩ ॥
## ਨਿਰਗੁਣੁ ਸਰਗੁਣੁ; ਆਪੇ ਸੋਈ ॥ ਤਤੁ ਪਛਾਣੈ; ਸੋ ਪੰਡਿਤੁ ਹੋਈ ॥

ਹੇ ਪੰਡਤ ਜੀ ! ਸੋਈ = ਉਹ ਪਰਮੇਸ਼ਰ ਆਪੇ = ਆਪ ਹੀ ਨਿਰਗੁਣ ਸਰਗੁਣ ਰੂਪ ਹੈ **ਅਥਵਾ** ਉਹ ਪਰਮੇਸ਼ਰ ਆਪ ਹੀ ਤਿੰਨ ਗੁਣਾਂ ਤੋਂ ਰਹਿਤ ਹੋਣ ਕਰਕੇ ਨਿਰੰਕਾਰ ਸਰੂਪ ਹੈ। ਜੋ ਨਿਰਾਕਾਰ ਹੈ, ਉਸ ਨੂੰ ਨਿਰਗੁਣ ਕਿਹਾ ਹੈ। ਸਰਗੁਣ = ਮਾਇਆ ਸਬਲ ਹੋਣ ਕਰਕੇ ਮਾਇਆ ਦੇ ਗੁਣਾਂ ਸਹਿਤ ਈਸ਼ਵਰ ਕਹਾਉਂਦਾ ਹੈ, ਉਸ ਨੂੰ ਸਰਗੁਣ ਕਿਹਾ ਜਾਂਦਾ ਹੈ। ਨਿਰਗੁਣ ਸਰੂਪ ਵਿਚ ਪਰਮੇਸ਼ਰ ਬ੍ਰਹਮ ਕਹਿਲਾਉਂਦਾ ਹੈ। ਸਰਗੁਣ ਸਰੂਪ ਵਿਚ ਗੁਰੂ **ਵਾ:** ਈਸ਼ਵਰ ਕਹਾਉਂਦਾ ਹੈ। ਦੋਨੋਂ ਸਰੂਪਾਂ ਵਿਚ ਸੋਈ = ਉਹ ਬ੍ਰਹਮ ਆਪ ਹੀ ਹੈ **ਵਾ:** ਜਿਵੇਂ ਪਾਣੀ ਦੇ ਸੈਂਕੜੇ ਘੜਿਆਂ ਵਿਚ ਇਕ ਹੀ ਸੂਰਜ ਨਜ਼ਰ ਆਉਂਦਾ ਹੈ। ਬਿੰਬ ਦਾ ਪ੍ਰਤੀਬਿੰਬ ਹੁੰਦਾ ਹੈ। ਬਿੰਬ = ਸੂਰਜ ਇਕ ਹੀ ਹੈ। ਘੜੇ ਅਤੇ ਪਾਣੀ ਦੀ ਉਪਾਧੀ ਕਰਕੇ ਪ੍ਰਤੀਬਿੰਬ ਵੱਖਰੇ-ਵੱਖਰੇ ਦਿਸਦੇ ਹਨ। ਇਸ ਪ੍ਰਕਾਰ ਅੰਤਸ਼ਕਰਨ ਘੜੇ ਦੀ ਨਿਆਈਂ ਤੇ ਕਾਮਨਾ ਪਾਣੀ ਦੀ ਨਿਆਈਂ ਹੈ। ਉਸ ਦੇ ਵਿਚ ਪਰਮੇਸ਼ਰ ਦਾ ਜੋ ਅਕਸ ਪੈਂਦਾ ਹੈ, ਉਹ ਸਰਗੁਣ ਹੈ। ਜਿਸ ਦਾ ਪੈਂਦਾ ਹੈ ਉਹ ਨਿਰਗੁਣ ਹੈ। ਉਹ ਇਕ ਆਪ ਹੀ ਬਿੰਬ ਅਤੇ ਪ੍ਰਤੀਬਿੰਬ ਇਹ ਮਾਇਆ ਕਰਕੇ ਹੀ ਹਨ। ਮਾਇਆ ਸਬਲ ਬਿੰਬ ਰੂਪ ਹੈ। ਜੀਵ ਅਵਿੱਦਿਆ ਕਰਕੇ ਪ੍ਰਤੀਬਿੰਬ ਹੋ ਰਿਹਾ ਹੈ।

ਜਿਹੜਾ ਤਤੁ = ਸਿਧਾਂਤ ਨੂੰ ਪਛਾਣੈ = ਜਾਣ ਲੈਂਦਾ ਹੈ, ਸੋ = ਉਹੋ ਹੀ ਅਸਲੀ ਪੰਡਿਤੁ = ਵਿਦਵਾਨ ਹੋਈ = ਹੁੰਦਾ ਹੈ।

## ਆਪਿ ਤਰੈ, ਸਗਲੇ ਕੁਲ ਤਾਰੈ; ਹਰਿ ਨਾਮੁ ਮੰਨਿ ਵਸਾਵਣਿਆ ॥੧॥

ਉਹ ਆਪਿ ਵੀ ਤਰੈ = ਤਰ ਜਾਂਦਾ ਹੈ ਤੇ ਸਗਲੇ = ਸਾਰੀਆਂ ਕੁਲ = ਕੁਲਾਂ ਨੂੰ ਵੀ ਤਾਰੈ = ਤਾਰ ਲੈਂਦਾ ਹੈ, ਜੋ ਹਰਿ = ਪ੍ਰਭੂ ਦੇ ਨਾਮ ਨੂੰ ਮੰਨਿ = ਹਿਰਦੇ ਵਿਚ ਵਸਾਵਣਿਆ = ਵਸਾਉਣਾ ਕਰਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਹਰਿ ਰਸੁ ਚਖਿ ਸਾਦੁ ਪਾਵਣਿਆ ॥

ਹਉ = ਅਸੀਂ ਸਰੀਰ ਕਰਕੇ ਵਾਰਨੇ ਜੀਉ = ਜੀਅ ਕਰਕੇ ਵਾਰੀ = ਬਲਿਹਾਰ ਜਾਂਦੇ ਹਾਂ। ਜੋ ਹਰਿ ਰਸੁ = ਹਰੀ ਰਸ ਨੂੰ ਚਖਿ = ਚੱਖਦੇ ਹਨ **ਵਾ:** ਧਾਰਨ ਕਰਦੇ ਹਨ ਅਤੇ ਨਾਮ ਰਸ ਦੇ ਸਾਦੁ = ਸੁਆਦ ਨੂੰ ਪਾਵਣਿਆ = ਪਾਉਣਾ ਕਰਦੇ ਹਨ।

## ਹਰਿ ਰਸੁ ਚਾਖਹਿ, ਸੇ ਜਨ ਨਿਰਮਲ; ਨਿਰਮਲ ਨਾਮੁ ਧਿਆਵਣਿਆ ॥੧॥ਰਹਾਉ॥

ਜੋ ਹਰੀ ਰਸ ਨੂੰ ਚਾਖਹਿ = ਚੱਖਦੇ ਭਾਵ ਧਾਰਨ ਕਰਦੇ ਹਨ, ਸੇ = ਉਹ ਜਨ = ਪੁਰਸ਼ ਨਿਰਮਲ = ਉੱਜਲ ਹੋ ਜਾਂਦੇ ਹਨ, ਕਿਉਂਕਿ ਉਹ ਨਿਰਮਲ ਨਾਮ ਨੂੰ ਧਿਆਵਣਿਆ = ਧਿਆਉਣਾ ਕਰਦੇ ਹਨ **ਵਾ:** ਉਹ ਨਾਮ ਨੂੰ ਧਿਆਵਣਿਆ = ਧਿਆਉਣੇ ਕਰਕੇ ਮਾਇਆ ਦੀ (ਨਿਰ+ਮਲ) ਮਲ = ਮੈਲ ਤੋਂ ਨਿਰ = ਰਹਿਤ ਹੋ ਜਾਂਦੇ ਹਨ **ਵਾ:** ਨਿਰਮਲ = ਉੱਜਲ ਸਰੂਪ ਹੋ ਜਾਂਦੇ ਹਨ ॥੧॥ਰਹਾਉ॥

***ਪ੍ਰਸ਼ਨ :*** *ਫੇਰ ਪੰਡਤ ਕਹਿਣ ਲੱਗੇ ਕਿ ਹੇ ਸਤਿਗੁਰੂ ਜੀ ! ਇੱਛਾ ਤੋਂ ਬਗ਼ੈਰ ਕਰਮ ਕਰਨ ਵਾਲਾ ਨਿਸ਼ਕਾਮੀ ਕੌਣ ਹੈ ?*

***ਉੱਤਰ :***

## ਸੋ ਨਿਹਕਰਮੀ; ਜੋ ਸਬਦੁ ਬੀਚਾਰੇ ॥ ਅੰਤਰਿ ਤਤੁ ਗਿਆਨਿ; ਹਉਮੈ ਮਾਰੇ ॥

ਹੇ ਪੰਡਤ ! ਜੋ ਪ੍ਰਮਾਰਥ ਦੀ ਪ੍ਰਾਪਤੀ ਰੂਪ ਇੱਛਾ ਹੈ, ਉਹ ਨਿਸ਼ਕਾਮਤਾ ਹੈ। ਜੋ ਸੰਸਾਰ ਦੀ ਇੱਛਾ ਹੈ, ਉਹ ਸਕਾਮਤਾ ਹੈ। ਇਸ ਲਈ ਜੋ ਸਬਦੁ = ਬ੍ਰਹਮ ਦੀ ਵੀਚਾਰੇ = ਵੀਚਾਰ ਕਰਦਾ ਹੈ, ਉਹ ਨਿਸ਼ਕਾਮੀ ਹੈ। ਅਤੇ ਹਉਮੈ = ਹੰਗਤਾ ਮਮਤਾ ਨੂੰ ਮਾਰੇ = ਮਾਰ ਕੇ ਹਿਰਦੇ ਅੰਤਰਿ = ਵਿਚ ਤੱਤ ਸਰੂਪ ਦਾ ਜਥਾਰਥ ਗਿਆਨ ਪ੍ਰਾਪਤ ਕਰਦਾ ਹੈ।

## ਨਾਮੁ ਪਦਾਰਥੁ ਨਉ ਨਿਧਿ ਪਾਏ; ਤ੍ਰੈ ਗੁਣ ਮੇਟਿ ਸਮਾਵਣਿਆ ॥੨॥

ਉਹ ਨਾਮ ਪਦਾਰਥ ਕਰਕੇ ਨਉਨਿਧਿ = ਨੌਂ ਨਿਧੀਆਂ ਪਾਏ = ਪਾ ਲੈਂਦਾ ਹੈ[੧] **ਵਾ:** ਨਉ ਨਿੱਧੀਆਂ ਦੇਣ ਵਾਲੇ ਨਾਮ ਰੂਪੀ ਪਦਾਰਥ ਨੂੰ ਪਾ ਲੈਂਦਾ ਹੈ ਅਤੇ ਤ੍ਰੈ ਗੁਣ = ਤਿੰਨਾਂ ਗੁਣਾਂ **ਵਾ:** ਤ੍ਰਿਗੁਣੀ ਮਾਇਆਂ ਦੀ ਪਕੜ ਨੂੰ ਮੇਟ ਕਰਕੇ ਬ੍ਰਹਮ ਸਰੂਪ ਵਿਚ ਸਮਾਵਣਿਆ = ਸਮਾ ਜਾਂਦਾ ਹੈ ॥੨॥

## ਹਉਮੈ ਕਰੈ; ਨਿਹਕਰਮੀ ਨ ਹੋਵੈ ॥ ਗੁਰ ਪਰਸਾਦੀ; ਹਉਮੈ ਖੋਵੈ ॥

ਜਿਹੜਾ ਦੇਹ ਦੀ ਹਉਮੈ = ਹੰਗਤਾ ਕਰੈ = ਕਰਦਾ ਹੈ **ਵਾ:** ਹੰਗਤਾ ਦੇ ਸਹਿਤ ਕਰਮ ਕਰਦਾ ਹੈ। ਉਹ ਨਿਹਕਰਮੀ = ਨਿਸ਼ਕਾਮੀ ਨ = ਨਹੀਂ ਹੋਵੈ = ਹੁੰਦਾ। ਗੁਰ ਪਰਸਾਦੀ = ਗੁਰਾਂ ਦੀ ਕਿਰਪਾ ਦਾ ਪਾਤਰ ਬਣ ਕੇ ਕੋਈ ਵਿਰਲਾ ਹੀ ਹਉਮੈ = ਹੰਗਤਾ ਮਮਤਾ ਨੂੰ ਖੋਵੈ = ਗਵਾਉਣਾ ਕਰਦਾ ਹੈ।

## ਅੰਤਰਿ ਬਿਬੇਕੁ, ਸਦਾ ਆਪੁ ਵੀਚਾਰੇ; ਗੁਰ ਸਬਦੀ ਗੁਣ ਗਾਵਣਿਆ ॥੩॥

ਜਿਸਦੇ ਹਿਰਦੇ ਅੰਤਰਿ = ਅੰਦਰ ਜੀਵ ਈਸ ਦੀ ਏਕਤਾ ਦਾ ਬਿਬੇਕੁ = ਗਿਆਨ ਹੈ, ਉਹ ਹਉਮੈ,

---

੧. **ਅਸਨ ਬਸਨ ਭੂ ਕਨਕ ਪੁਨ ਦਾਸੀ ਚੌਪ ਗੁਲਾਮ।**
**ਰਥਵਾਹੇ ਹਿੰਡਾਏ ਜਾਨੀਏ ਯੇ ਨਉ ਨਿਧਿ ਕੇ ਨਾਮ ॥੧੦੧॥** *(ਗੁਰਮੁਖ ਪ੍ਰਕਾਸ਼, ਪੰਨਾ ੪੯੫)*

ਵਿਕਾਰਾਂ ਤੋਂ ਰਹਿਤ ਹੋ ਕੇ ਸਦਾ = ਹਮੇਸ਼ਾ ਆਪੁ = ਆਪਣੇ ਆਤਮ ਸਰੂਪ ਦੀ ਵੀਚਾਰੇ = ਵੀਚਾਰ ਕਰਦਾ ਹੈ ਅਤੇ ਗੁਰੂ ਦੇ ਸਬਦੀ = ਉਪਦੇਸ਼ ਦੀ ਕਮਾਈ ਕਰਕੇ ਗੁਣਾਂ ਨੂੰ ਗਾਵਣਿਆ = ਗਾਉਣਾ ਕਰਦਾ ਹੈ ॥੩॥

## ਹਰਿ ਸਰੁ ਸਾਗਰੁ; ਨਿਰਮਲੁ ਸੋਈ ॥ ਸੰਤ ਚੁਗਹਿ ਨਿਤ; ਗੁਰਮੁਖਿ ਹੋਈ ॥

ਹਰਿ = ਪਰਮੇਸ਼ਰ ਸਰੁ = ਸਮੁੰਦਰ ਦੀ ਨਿਆਈਂ ਹੈ, ਸਾਗਰੁ = ਸਮੁੰਦਰ ਵਿਚ ਤਾਂ ਖਾਰਾਪਣ ਹੋਣ ਦਾ ਵਿਕਾਰ ਹੈ ਪਰੰਤੂ ਸੋਈ = ਉਸ ਪਰਮੇਸ਼ਰ ਵਿਚ ਨਿਰਮਲੁ = ਉੱਜਲਤਾ ਦਾ ਗੁਣ ਹੈ।

**ਅਥਵਾ** ਸੋਈ = ਉਹ ਨਿਰਮਲੁ = ਉੱਜਲ ਸਰੂਪ ਹਰਿ = ਪਰਮੇਸ਼ਰ ਦੀ ਸਤਿਸੰਗਤ ਸਾਗਰੁ = ਮਾਨਸਰੋਵਰ ਦੇ ਸਰੁ = ਸੱਦਰਸ ਹੈ। ਜਿਸ ਸਤਿਸੰਗਤ ਰੂਪੀ ਮਾਨਸਰੋਵਰ ਵਿਚ ਗੁਰਮੁਖਿ = ਮੁਖੀ ਗੁਰਾਂ ਦੇ ਸਨਮੁਖ ਹੋਈ = ਹੋ ਕੇ ਸੰਤ ਰੂਪ ਹੰਸ ਨਿਤ = ਨਿਤਾਪ੍ਰਤੀ ਨਾਮ, ਬਾਣੀ, ਸ਼ੁਭ ਗੁਣਾਂ ਰੂਪੀ ਮੋਤੀ ਚੁਗਹਿ = ਚੁੱਗਦੇ ਹਨ।

## ਇਸਨਾਨੁ ਕਰਹਿ ਸਦਾ ਦਿਨੁ ਰਾਤੀ; ਹਉਮੈ ਮੈਲੁ ਚੁਕਾਵਣਿਆ ॥੪॥

ਸਤਿਸੰਗਤ ਰੂਪੀ ਸਰੋਵਰ ਵਿਚ ਜਿਥੇ ਨਾਮ ਬਾਣੀ ਦਾ ਚੋਗ ਚੁੱਗਦੇ ਹਨ, ਉਥੇ ਨਾਮ ਅਤੇ ਬਾਣੀ ਦੇ ਸਿਧਾਂਤ ਰੂਪੀ ਜਲ ਵਿਚ ਸਦਾ = ਹਮੇਸ਼ਾ ਦਿਨ ਰਾਤ ਇਸ਼ਨਾਨ ਕਰਹਿ = ਕਰਦੇ ਹਨ **ਵਾ:** ਜਿਹੜੇ ਨਾਮ ਬਾਣੀ ਵਿਚ ਹਮੇਸ਼ਾ ਮਨ ਦਾ ਇਸ਼ਨਾਨ ਕਰਾਉਂਦੇ ਰਹਿੰਦੇ ਹਨ, ਉਹਨਾਂ ਨੂੰ ਅਵਿੱਦਿਆ ਰੂਪੀ ਰਾਤੀ = ਰਾਤ ਤੋਂ ਗਿਆਨ ਰੂਪੀ ਦਿਨ ਚੜ੍ਹ ਆਉਂਦਾ ਹੈ ਅਤੇ ਇਸੇ ਇਸ਼ਨਾਨ ਦੇ ਮਹਾਤਮ ਕਰਕੇ ਉਨ੍ਹਾਂ ਦੀ ਦੇਹ ਹਉਮੈ = ਹੰਗਤਾ ਅਤੇ ਰਾਗ ਦ੍ਵੈਸ਼ ਦੀ ਮੈਲ ਸਤਿਗੁਰੂ ਜੀ ਚੁਕਾਵਣਿਆ = ਚੁਕਾਉਣਾ ਕਰਦੇ ਹਨ ॥੪॥

## ਨਿਰਮਲ ਹੰਸਾ; ਪ੍ਰੇਮ ਪਿਆਰਿ ॥ ਹਰਿ ਸਰਿ ਵਸੈ; ਹਉਮੈ ਮਾਰਿ ॥

ਜਿਨ੍ਹਾਂ ਨਿਰਮਲ = ਉੱਜਲ ਜੀਵਨ ਵਾਲੇ ਸੰਤ ਰੂਪ ਹੰਸਾਂ ਦੇ ਅੰਦਰ ਵਾਹਿਗੁਰੂ ਵਿਚ ਮਨ ਕਰਕੇ ਪ੍ਰੇਮ ਤੇ ਤਨ ਕਰਕੇ ਪਿਆਰ ਹੈ ਉਹ ਹਉਮੈ = ਹੰਗਤਾ ਨੂੰ ਮਾਰ ਕੇ ਹਰਿ = ਪਰਮੇਸ਼ਰ ਦੇ ਸਤਿਸੰਗਤ ਰੂਪੀ ਸਰਿ = ਸਰੋਵਰ ਵਿਚ ਵਸੈ = ਵਸਦੇ ਹਨ।

[ਅੰਗ ੧੨੯]

## ਅਹਿਨਿਸਿ ਪ੍ਰੀਤਿ ਸਬਦਿ ਸਾਚੈ; ਹਰਿ ਸਰਿ ਵਾਸਾ ਪਾਵਣਿਆ ॥੫॥

ਜਿਨ੍ਹਾਂ ਦੀ ਅਹਿਨਿਸਿ = ਰਾਤ ਦਿਨ ਸੱਚੇ ਸਬਦਿ ਵਿਚ ਪ੍ਰੀਤੀ ਲੱਗੀ ਹੋਈ ਹੈ, ਉਹ ਹਰੀ ਰੂਪ ਸਰਿ = ਸਰੋਵਰ ਵਿਚ ਵਾਸਾ = ਨਿਵਾਸ ਪਾਵਣਿਆ = ਪਾਉਣਾ ਕਰਦੇ ਹਨ ॥੫॥

## ਮਨਮੁਖੁ ਸਦਾ ਬਗੁ ਮੈਲਾ; ਹਉਮੈ ਮਲੁ ਲਾਈ ॥
## ਇਸਨਾਨੁ ਕਰੈ; ਪਰੁ ਮੈਲੁ ਨ ਜਾਈ ॥

ਮਨਮੁਖ ਸਦਾ = ਹਮੇਸ਼ਾ ਹੀ ਬਗੁ = ਬਗਲੇ ਦੀ ਨਿਆਈਂ ਦੰਭੀ ਹਨ। ਕਿਉਂਕਿ ਉਨ੍ਹਾਂ ਨੇ ਆਪਣੇ ਹਿਰਦੇ ਵਿਚ ਹਉਮੈ = ਹੰਗਤਾ ਮਮਤਾ ਦੀ ਮਲੁ = ਮੈਲ ਲਾਈ ਹੋਈ ਹੈ ਕਿ ਸਾਡੇ ਵਰਗਾ ਕੌਣ ਬਣ ਜਾਵੇਗਾ, ਇਸ ਲਈ ਭਾਵੇਂ ਉਹ ਤੀਰਥਾਂ 'ਤੇ ਇਸ਼ਨਾਨ ਵੀ ਕਰੈ = ਕਰਦੇ ਹਨ ਪਰ ਅੰਦਰੋਂ ਪਾਪਾਂ ਦੀ ਮੈਲ ਨਹੀਂ ਜਾਈ = ਜਾਂਦੀ।

## ਜੀਵਤੁ ਮਰੈ, ਗੁਰ ਸਬਦੁ ਬੀਚਾਰੈ; ਹਉਮੈ ਮੈਲੁ ਚੁਕਾਵਣਿਆ ॥੬॥

ਜੋ ਗੁਰੂ ਦੇ ਸਬਦੁ = ਉਪਦੇਸ਼ ਦੀ ਬੀਚਾਰੈ = ਵੀਚਾਰ ਕਰਦੇ ਹਨ, ਉਹ ਜੀਵ ਜੀਵਤ ਭਾਵ ਵੱਲੋਂ ਮਰ

ਜਾਂਦੇ ਹਨ ਅਤੇ ਸਤਿਗੁਰੂ ਜੀ ਉਹਨਾਂ ਦੀ ਹਉਮੈ = ਹੰਗਤਾ ਮਮਤਾ ਦੀ ਮੈਲ ਚੁਕਾਵਣਿਆ = ਚੁੱਕਾ ਦਿੰਦੇ ਹਨ ॥੬॥

## ਰਤਨੁ ਪਦਾਰਥੁ; ਘਰ ਤੇ ਪਾਇਆ ॥ ਪੂਰੈ ਸਤਿਗੁਰਿ; ਸਬਦੁ ਸੁਣਾਇਆ ॥

ਉਹਨਾਂ ਨੇ ਨਾਮ ਰਤਨ ਰੂਪੀ ਪਦਾਰਥ ਹਰੀ ਦੇ ਸਾਧਸੰਗਤ ਰੂਪੀ ਘਰ ਤੇ = ਤੋਂ ਪਾਇਆ ਹੈ **ਵਾ:** ਉਹਨਾਂ ਨੇ ਆਪਣੇ ਅੰਤਸ਼ਕਰਣ ਰੂਪੀ ਘਰ ਵਿੱਚੋਂ ਬ੍ਰਹਮਾਨੰਦ ਨੂੰ ਪਾਇਆ ਹੈ। ਜਿਨ੍ਹਾਂ ਨੂੰ ਪੂਰੈ = ਪੂਰਨ ਸਤਿਗੁਰਾਂ ਨੇ ਸਬਦੁ = ਉਪਦੇਸ਼ ਸੁਣਾਇਆ ਹੈ **ਵਾ:** ਜਿਨ੍ਹਾਂ ਨੇ ਸ਼ਰਧਾ ਭਰੋਸੇ ਰੂਪੀ ਕੰਨਾਂ ਨਾਲ ਪੂਰੇ ਸਤਿਗੁਰਾਂ ਦਾ ਉਪਦੇਸ਼ ਸ੍ਰਵਨ ਕੀਤਾ ਹੈ।

## ਗੁਰ ਪਰਸਾਦਿ ਮਿਟਿਆ ਅੰਧਿਆਰਾ; ਘਟਿ ਚਾਨਣੁ ਆਪੁ ਪਛਾਨਣਿਆ ॥੭॥

ਗੁਰ ਪਰਸਾਦਿ = ਸਤਿਗੁਰਾਂ ਦੀ ਕ੍ਰਿਪਾ ਕਰਕੇ ਉਹਨਾਂ ਦਾ ਅਗਿਆਨ ਦਾ ਅੰਧਿਆਰਾ = ਹਨੇਰਾ ਮਿਟ ਗਿਆ ਹੈ। ਜਿਨ੍ਹਾਂ ਨੇ ਘਟਿ = ਹਿਰਦੇ ਵਿਚ ਬ੍ਰਹਮ ਗਿਆਨ ਦਾ ਚਾਨਣ ਹੋਣ ਕਰਕੇ ਆਪਣੇ ਸਰੂਪ ਨੂੰ ਪਛਾਨਣਿਆ = ਪਛਾਣ ਲਿਆ ਹੈ। ਹਨੇਰੇ ਵਿਚ ਆਪਣੀ ਦੇਹ ਦਾ ਚੇਤਾ ਹੁੰਦਾ ਹੈ। ਪਰ ਅਗਿਆਨ ਆਪਣਾ ਆਪ ਵੀ ਭੁਲਾ ਦਿੰਦਾ ਹੈ ॥੭॥

## ਆਪਿ ਉਪਾਏ; ਤੈ ਆਪੇ ਵੇਖੈ ॥ ਸਤਿਗੁਰੁ ਸੇਵੈ; ਸੋ ਜਨੁ ਲੇਖੈ ॥

ਹਰੀ ਆਪ ਹੀ ਸਾਰਿਆਂ ਨੂੰ ਉਪਾਏ = ਪੈਦਾ ਕਰਦਾ ਹੈ ਤੇ ਆਪ ਹੀ ਜੀਵਾਂ ਦੇ ਕੀਤੇ ਚੰਗੇ ਮੰਦੇ ਕਰਮਾਂ ਨੂੰ ਵੇਖੈ = ਦੇਖਦਾ ਹੈ। ਪਰ ਜੋ ਸਤਿਗੁਰਾਂ ਦੀ ਸੇਵੈ = ਟਹਿਲ ਕਰਦੇ ਹਨ ਸੋ = ਉਹ ਜਨੁ = ਪੁਰਖ ਹੀ ਲੇਖੈ = ਲੇਖੇ ਵਿਚ, ਪ੍ਰਮਾਣੀਕ ਹਨ।

## ਨਾਨਕ, ਨਾਮੁ ਵਸੈ ਘਟ ਅੰਤਰਿ; ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਘਟ = ਹਿਰਦੇ ਦੇ ਅੰਤਰਿ = ਵਿਚ ਪਰਮੇਸ਼ਰ ਦਾ ਨਾਮ ਵਸ ਜਾਂਦਾ ਹੈ, ਉਹ ਗੁਰਮੁਖ ਜਨ ਮੋਖਸ਼ ਦੀ ਪ੍ਰਾਪਤੀ ਵਾਲੇ ਹੋ ਜਾਂਦੇ ਹਨ, ਪਰੰਤੂ ਪਰਮੇਸ਼ਰ ਦਾ ਨਾਮ ਗੁਰਾਂ ਦੀ ਕਿਰਪਾ ਤੇ = ਤੋਂ ਹੀ ਪਾਵਣਿਆ = ਪਾਇਆ ਜਾਂਦਾ ਹੈ ॥੮॥੩੧॥੩੨॥

## ਮਾਝ ਮਹਲਾ ੩ ॥

## ਮਾਇਆ ਮੋਹੁ; ਜਗਤੁ ਸਬਾਇਆ ॥ ਤ੍ਰੈ ਗੁਣ ਦੀਸਹਿ; ਮੋਹੇ ਮਾਇਆ ॥

ਇਹ ਸਬਾਇਆ = ਸਾਰਾ ਜਗਤੁ = ਸੰਸਾਰ ਮਾਇਆ ਦਾ ਮੋਹ ਹੀ ਹੈ **ਵਾ:** ਮਾਇਆ ਦੇ ਮੋਹ ਵਿਚ ਹੀ ਲੱਗਾ ਹੋਇਆ ਹੈ ਤ੍ਰੈ ਗੁਣ = ਤ੍ਰਿਗੁਣੀ (ਰਾਜਸੀ, ਤਾਮਸੀ, ਸਾਂਤਕੀ) ਜੀਵ **ਵਾ:** ਰਾਜਸੀ ਬ੍ਰਹਮਾ, ਸਾਂਤਕੀ ਵਿਸ਼ਨੂੰ, ਤਾਮਸੀ ਸ਼ਿਵ ਜੀ ਆਦਿ ਵੀ ਮਾਇਆ ਦੇ ਮੋਹੇ = ਮੋਹਿਤ ਕੀਤੇ ਹੋਏ ਦੀਸਹਿ = ਦਿੱਸਦੇ ਹਨ। ਜੈਸਾ ਕਿ :

**ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ॥**

*(ਸਵਈਏ ਮਹਲੇ ਚਉਥੇ ਕੇ, ਅੰਗ ੧੪੦੩)*

## ਗੁਰ ਪਰਸਾਦੀ, ਕੋ ਵਿਰਲਾ ਬੂਝੈ; ਚਉਥੈ ਪਦਿ ਲਿਵ ਲਾਵਣਿਆ ॥੧॥

ਗੁਰਾਂ ਦੀ ਪਰਸਾਦੀ = ਕਿਰਪਾ ਦੁਆਰਾ ਕੋ = ਕੋਈ ਵਿਰਲਾ = ਟਾਂਵਾ ਹੀ ਇਸ ਵੀਚਾਰ ਨੂੰ ਬੂਝੈ = ਸਮਝ ਕੇ ਤਿੰਨਾਂ ਗੁਣਾਂ ਤੋਂ ਉੱਪਰ ਚਉਥੇ ਤੁਰੀਆ ਪਦ ਵਿਚ ਲਿਵ = ਬਿਰਤੀ ਨੂੰ ਲਾਵਣਿਆ = ਲਾਉਣਾ ਕਰਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਮਾਇਆ ਮੋਹੁ ਸਬਦਿ ਜਲਾਵਣਿਆ ॥

ਹਉ = ਅਸੀਂ ਉਹਨਾਂ ਤੋਂ ਤਨ ਕਰਕੇ ਵਾਰੀ = ਵਾਰਨੇ ਤੇ ਜੀਉ = ਜੀਅ ਕਰਕੇ ਵਾਰੀ = ਬਲਿਹਾਰ ਜਾਂਦੇ ਹਾਂ ਜੋ ਨਾਮ, ਸਬਦਿ = ਉਪਦੇਸ਼ ਦੀ ਕਮਾਈ ਕਰਕੇ ਮਾਇਆ ਦੇ ਮੋਹ ਨੂੰ ਜਲਾਵਣਿਆ = ਜਲਾ ਦਿੰਦੇ ਹਨ।

## ਮਾਇਆ ਮੋਹੁ ਜਲਾਏ, ਸੋ ਹਰਿ ਸਿਉ ਚਿਤੁ ਲਾਏ; ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ਰਹਾਉ॥

ਜੋ ਸ਼ਬਦ ਦੀ ਕਮਾਈ ਕਰਕੇ ਮਾਇਆ ਦੇ ਮੋਹ ਨੂੰ ਜਲਾਏ = ਜਲਾ ਦਿੰਦੇ ਹਨ, ਸੋ = ਉਹ ਹਰਿ = ਹਰੀ ਵਾਹਿਗੁਰੂ ਸਿਉ = ਨਾਲ ਚਿੱਤ ਨੂੰ ਲਾਏ = ਲਾ ਲੈਂਦੇ ਹਨ ਅਤੇ ਉਹ ਹਰਿ = ਪਰਮੇਸ਼ਰ ਦੇ ਦਰਿ = ਦੁਆਰ ਤੇ ਮਹਲੀ = ਮਹਿਲ ਸੱਚਖੰਡ ਵਿਚ ਸੋਭਾ = ਵਡਿਆਈ ਪਾਵਣਿਆ = ਪਾਉਣਾ ਕਰਦੇ ਹਨ **ਵਾ:** ਹਰੀ ਦੇ ਗਿਆਨ ਰੂਪੀ ਦਰ ਵਿਚ ਇਸਥਿਤ ਹੋ ਕੇ ਸ੍ਰੇਸ਼ਟ ਮਹਲੀ = ਅਧਿਕਾਰੀ ਜਨ ਸੋਭਾ = ਵਡਿਆਈ ਪਾਵਣਿਆ = ਪਾਉਣਾ ਕਰਦੇ ਹਨ ॥੧॥ਰਹਾਉ॥

## ਦੇਵੀ ਦੇਵਾ; ਮੂਲੁ ਹੈ ਮਾਇਆ ॥ ਸਿੰਮ੍ਰਿਤਿ ਸਾਸਤ; ਜਿੰਨਿ ਉਪਾਇਆ ॥

ਜਿੰਨੇ ਵੀ ਦੇਵੀ ਦੇਵਾ = ਦੇਵਤੇ ਹਨ, ਸਾਰਿਆਂ ਦਾ ਮੂਲੁ = ਮੁੱਢ ਕਾਰਨ ਮਾਇਆ ਹੀ ਹੈ। ਸਤਾਈ ਸਿੰਮ੍ਰਿਤੀਆਂ ਤੇ ਛੇ ਸ਼ਾਸਤਰ ਜਿਨ੍ਹਾਂ ਰਿਖੀਆਂ ਨੇ ਉਪਾਇਆ = ਪੈਦਾ ਕੀਤੇ ਹਨ, ਉਹ ਸਾਰੇ ਮਾਇਆ ਦੇ ਹੀ ਮੋਹ ਵਿਚ ਲੱਗ ਗਏ **ਵਾ:** ਇੰਨ੍ਹਾਂ ਦਾ ਕਾਰਨ ਵੀ ਮਾਇਆ ਹੀ ਹੈ।

## ਕਾਮੁ ਕ੍ਰੋਧੁ ਪਸਰਿਆ ਸੰਸਾਰੇ; ਆਇ ਜਾਇ ਦੁਖੁ ਪਾਵਣਿਆ ॥੨॥

ਸਾਰੇ ਸੰਸਾਰੇ = ਜਗਤ ਵਿਚ ਕਾਮ, ਕ੍ਰੋਧ ਰੂਪ ਮਾਇਆ ਦਾ ਜਾਲ ਪਸਰਿਆ = ਫੈਲ ਰਿਹਾ ਹੈ। (ਜਿਵੇਂ ਦੁਰਬਾਸਾ ਨੇ ਕ੍ਰੋਧ ਕਰਕੇ ਯਾਦਵਾਂ ਦੀ ਕੁਲ ੫੬ ਕਰੋੜ ਨੂੰ ਸਰਾਪ ਦੇ ਕੇ ਖ਼ਤਮ ਕਰ ਦਿੱਤਾ ਸੀ। ਜਿਸ ਵੇਲੇ ਦੁਰਬਾਸਾ ਰਾਜੇ ਅੰਬਰੀਕ ਨੂੰ ਸਰਾਪ ਦੇਣ ਲੱਗਾ ਤਾਂ ਉਸ ਨੂੰ ਸੁਦਰਸ਼ਨ ਚੱਕਰ ਨੇ ਭਜਾ ਦਿੱਤਾ ਸੀ। ਐਸਾ ਕਾਮ ਕ੍ਰੋਧ ਸਾਰੇ ਸੰਸਾਰ ਵਿਚ ਫੈਲਿਆ ਹੋਇਆ ਹੈ) ਉਸ ਕਾਮ ਕ੍ਰੋਧ ਦੀ ਸੰਗਤ ਕਰ ਕੇ ਜੀਵ ਆਇ ਜਾਇ = ਆਉਣ ਜਾਣ ਭਾਵ ਜੰਮਣ ਮਰਣ ਦੇ ਦੁੱਖ ਨੂੰ ਪਾਵਣਿਆ = ਪਾਉਣਾ ਕਰਦੇ ਹਨ ॥੨॥

## ਤਿਸੁ ਵਿਚਿ; ਗਿਆਨ ਰਤਨੁ ਇਕੁ ਪਾਇਆ ॥ ਗੁਰ ਪਰਸਾਦੀ; ਮੰਨਿ ਵਸਾਇਆ ॥

ਤਿਸੁ = ਉਸ ਪਰਮੇਸ਼ਰ ਨੇ ਹੀ ਸੰਸਾਰ, ਸਤਿਸੰਗਤ ਵਿਚ ਇਕ ਗਿਆਨ ਰੂਪੀ ਰਤਨ ਪਾਇਆ ਹੈ।

ਪਰੰਤੂ ਗੁਰ ਪਰਸਾਦੀ = ਕਿਰਪਾ ਵਾਲਿਆਂ ਨੇ ਹੀ ਉਸ ਇਕ ਗਿਆਨ ਰੂਪੀ ਰਤਨ ਨੂੰ ਮੰਨਿ = ਹਿਰਦੇ ਵਿਚ ਵਸਾਇਆ = ਵਸਾਉਣਾ ਕੀਤਾ ਹੈ।

**ਅਥਵਾ** ਉਨ੍ਹਾਂ ਨੇ ਤਿਸ ਸੰਗਤ ਵਿਚ ਟਿਕ ਕੇ ਹਿਰਦੇ ਵਿੱਚੋਂ ਗਿਆਨ ਰੂਪੀ ਰਤਨ ਇਕ ਪਾਇਆ = ਪਾਉਣਾ ਕੀਤਾ ਹੈ।

ਜਿਨ੍ਹਾਂ ਨੇ ਗੁਰ ਦੀ ਕਿਰਪਾ ਦੁਆਰਾ ਹਿਰਦੇ ਵਿਚ ਨਾਮ ਨੂੰ ਵਸਾਇਆ = ਵਸਾਉਣਾ ਕੀਤਾ ਹੈ। ਅਤੇ

## ਜਤੁ ਸਤੁ ਸੰਜਮੁ, ਸਚੁ ਕਮਾਵੈ; ਗੁਰਿ ਪੂਰੈ ਨਾਮੁ ਧਿਆਵਣਿਆ ॥੩॥

ਉਹੋ ਹੀ ਜਤ, ਸਤ, ਸੰਜਮੁ = ਇੰਦਰੀਆਂ ਦਾ ਦਮਨ ਤੇ ਸੱਚ ਨੂੰ ਕਮਾਵੈ = ਕਮਾ ਕਰਕੇ ਪੂਰੈ = ਪੂਰਿਆਂ ਗੁਰਾਂ ਦੁਆਰਾ ਪ੍ਰਾਪਤ ਕੀਤੇ ਨਾਮ ਨੂੰ ਧਿਆਵਣਿਆ = ਧਿਆਉਣਾ ਕਰਦੇ ਹਨ ॥੩॥

## ਪੇਈਅੜੈ; ਧਨ ਭਰਮਿ ਭੁਲਾਣੀ ॥ ਦੂਜੈ ਲਾਗੀ; ਫਿਰਿ ਪਛੋਤਾਣੀ ॥

ਜੋ ਇਸਤਰੀ ਪੇਈਅੜੈ = ਪੇਕੇ ਘਰ ਵਿਚ ਰਹਿੰਦੀ ਹੋਈ ਹੋਰ ਪਤੀਆਂ ਦੇ ਭਰਮਿ = ਭੁਲੇਖੇ ਵਿਚ ਭੁਲਾਣੀ = ਭੁੱਲ ਜਾਂਦੀ ਹੈ ਉਹ ਦੂਜੈ = ਦੂਸਰੇ ਪੁਰਖਾਂ ਦੀ ਕੁਸੰਗਤ ਵਿਚ ਲੱਗੀ ਹੋਣ ਕਰਕੇ ਫਿਰਿ = ਫੇਰ ਪਛੋਤਾਣੀ = ਪਛਤਾਉਂਦੀ ਹੈ।

**ਅਥਵਾ** ਇਸੇ ਪ੍ਰਕਾਰ ਜੋ ਜੀਵ ਰੂਪ ਇਸਤਰੀ ਮਾਤ ਲੋਕ ਰੂਪੀ ਪੇਈਅੜੈ = ਪੇਕੇ ਘਰ ਦੇ ਭਰਮਿ ਵਿਚ ਭੁਲਾਣੀ = ਭੁੱਲੀ ਹੋਈ ਹੈ ਭਾਵ ਜਿਸ ਦੀ ਬਿਰਤੀ ਵਿਸ਼ੇ-ਵਿਕਾਰਾਂ, ਦੇਵੀ ਦੇਵਤਿਆਂ ਆਦਿ ਦੀ ਉਪਾਸ਼ਨਾ ਵਿਚ ਲੱਗੀ ਹੋਈ ਹੈ, ਉਹ ਭਰਮ ਵਿਚ ਭੁੱਲੀ ਹੋਈ ਹੈ। ਜਿਸ ਕਰਕੇ ਉਹ ਜੀਵ ਰੂਪ ਇਸਤਰੀ ਅੰਤ ਨੂੰ ਦੂਜੈ = ਦ੍ਵੈਤ-ਭਾਵ ਵਿਚ ਲੱਗੀ ਹੋਣ ਕਰਕੇ ਪਛੋਤਾਣੀ = ਪਸ਼ਚਾਤਾਪ ਹੀ ਕਰੇਗੀ।

## ਹਲਤੁ ਪਲਤੁ ਦੋਵੈ ਗਵਾਏ; ਸੁਪਨੈ ਸੁਖੁ ਨ ਪਾਵਣਿਆ ॥੪॥

ਉਸ ਨੇ ਹਲਤੁ = ਇਹ ਲੋਕ ਤੇ ਪਲਤੁ = ਪਰਲੋਕ ਦੋਨੋਂ ਹੀ ਗਵਾਏ = ਗਵਾ ਲਏ ਹਨ ਇਸ ਕਰਕੇ ਉਹ ਸੰਸਾਰ ਰੂਪੀ ਸੁਪਨੇ ਵਿਚ ਸੁਪਨੇ ਮਾਤਰ ਵੀ ਸੁੱਖ ਨਹੀਂ ਪਾਵਣਿਆ = ਪਾਉਣਾ ਕਰਦੀ ॥੪॥

## ਪੇਈਅੜੈ; ਧਨ ਕੰਤੁ ਸਮਾਲੇ ॥ ਗੁਰ ਪਰਸਾਦੀ; ਵੇਖੈ ਨਾਲੇ ॥

ਜੋ ਇਸਤਰੀ ਪੇਈਅੜੈ = ਪੇਕੇ ਘਰ ਵਿਚ ਰਹਿੰਦੀ ਆਪਣੇ ਕੰਤੁ = ਪਤੀ ਦੀ ਸੇਵਾ ਕਰਨ ਵਾਲੇ ਗੁਣ ਧਾਰਨ ਵਾਲੀ ਧਰਮ ਆਦਿਕ ਗੁਣਾਂ ਨੂੰ ਸਮਾਲੇ = ਸੰਭਾਲਦੀ ਹੈ **ਵਾ:** ਇਸੇ ਪ੍ਰਕਾਰ ਜੋ ਜੀਵ ਰੂਪ ਇਸਤਰੀ ਮਾਤ ਲੋਕ ਰੂਪੀ ਪੇਕੇ ਘਰ ਵਿਚ ਰਹਿੰਦੀ ਹੋਈ ਕੰਤੁ = ਪਤੀ ਪਰਮੇਸ਼ਰ ਨੂੰ ਸਮਾਲੇ = ਯਾਦ ਕਰਦੀ ਹੈ। ਉਹ ਗੁਰ ਪਰਸਾਦੀ = ਗੁਰਾਂ ਦੀ ਕਿਰਪਾ ਨਾਲੇ = ਨਾਲ ਪਤੀ ਪਰਮਾਤਮਾ ਨੂੰ ਲੋਕ ਪਰਲੋਕ ਵਿਚ ਪ੍ਰਗਟ ਵੇਖੈ = ਵੇਖਦੀ ਹੈ।

## ਪਿਰ ਕੈ ਸਹਜਿ ਰਹੈ ਰੰਗਿ ਰਾਤੀ; ਸਬਦਿ ਸਿੰਗਾਰੁ ਬਣਾਵਣਿਆ ॥੫॥

ਉਹ ਪਤੀ ਪਰਮਾਤਮਾ ਦੇ ਰੰਗਿ = ਅਨੰਦ ਵਿਚ ਸਹਜਿ = ਸੁਤੇ-ਸਿੱਧ ਹੀ ਰਾਤੀ = ਰੱਤੀ ਰਹਿੰਦੀ ਹੈ। ਉਸ ਨੇ ਗੁਰ ਸਬਦਿ = ਉਪਦੇਸ਼ ਦੀ ਕਮਾਈ ਨੂੰ ਅੱਠੇ ਪਹਿਰ ਕਰਨ ਰੂਪੀ ਸ਼ਿੰਗਾਰ ਬਣਾਵਣਿਆ = ਬਣਾਉਣਾ ਕੀਤਾ ਹੈ ॥੫॥ ਜੈਸਾ ਕਿ :

**ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥** *(ਆਸਾ ਘਰੁ ੬, ਮਹਲਾ ੧, ਅੰਗ ੩੫੯)*

## ਸਫਲੁ ਜਨਮੁ; ਜਿਨਾ ਸਤਿਗੁਰੁ ਪਾਇਆ ॥
## ਦੂਜਾ ਭਾਉ; ਗੁਰ ਸਬਦਿ ਜਲਾਇਆ ॥

ਉਹਨਾਂ ਮਹਾਂਪੁਰਖਾਂ ਦਾ ਮਨੁੱਖਾ ਜਨਮ ਸਫਲਾ ਹੈ ਜਿਨ੍ਹਾਂ ਨੇ ਸਤਿਗੁਰੂ ਸਾਹਿਬ ਜੀ ਨੂੰ ਪਾਇਆ ਹੈ। ਉਹਨਾਂ ਨੇ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਨਾਲ ਅੰਦਰੋਂ ਦੂਜੈ ਭਾਉ = ਦ੍ਵੈਤ-ਭਾਵ ਨੂੰ ਜਲਾਇਆ = ਸਾੜ ਦਿੱਤਾ ਹੈ।

## ਏਕੋ ਰਵਿ ਰਹਿਆ ਘਟ ਅੰਤਰਿ;
## ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥

ਉਨ੍ਹਾਂ ਨੂੰ ਏਕੋ = ਇਕ ਪ੍ਰਭੂ ਹੀ ਸਾਰਿਆਂ ਦੇ ਘਟ = ਹਿਰਦੇ ਅੰਤਰਿ = ਵਿਚ ਰਵਿ ਰਹਿਆ = ਵਿਆਪਕ

ਹੋ ਰਿਹਾ ਪ੍ਰਤੀਤ ਹੁੰਦਾ ਹੈ, ਇਸ ਲਈ ਉਹ ਸਤਸੰਗਤਿ ਨਾਲ ਮਿਲ ਕੇ ਹਰਿ = ਪ੍ਰਭੂ ਦੇ ਗੁਣਾਂ ਨੂੰ ਗਾਵਨਿਆ = ਗਾਉਣਾ ਕਰਦੇ ਹਨ, ਭਾਵ ਉਹ ਹਿਰਦੇ ਵਿਚ ਇੱਕੋ ਪ੍ਰਭੂ ਨੂੰ ਹੀ ਵੇਖਦੇ ਹਨ॥੬॥

## ਸਤਿਗੁਰੁ ਨ ਸੇਵੇ; ਸੋ ਕਾਹੇ ਆਇਆ ॥
## ਧ੍ਰਿਗੁ ਜੀਵਣੁ; ਬਿਰਥਾ ਜਨਮੁ ਗਵਾਇਆ ॥

ਜਿਹੜਾ ਗੁਰਾਂ ਜੀ ਦੀ ਸੇਵੇ = ਟਹਿਲ ਨਹੀਂ ਕਰ ਸਕਦਾ, ਸੋ = ਉਹ ਕਾਹੇ = ਕਿਸ ਵਾਸਤੇ ਮਨੁੱਖਾ ਜਨਮ ਧਾਰ ਕੇ ਸੰਸਾਰ ਵਿਚ ਆਇਆ ਹੈ। ਉਸ ਦਾ ਜੀਵਣੁ = ਜਨਮ ਧ੍ਰਿਗੁ = ਧ੍ਰਿਕਾਰ ਯੋਗ ਹੈ ਕਿਉਂਕਿ ਉਸਨੇ ਆਪਣਾ ਮਨੁੱਖਾ ਜਨਮ ਵਿਸ਼ੇ-ਵਿਕਾਰਾਂ ਵਿਚ ਲੱਗ ਕੇ ਬਿਰਥਾ = ਬੇਅਰਥ ਹੀ ਗਵਾ ਲਿਆ ਹੈ।

## ਮਨਮੁਖਿ, ਨਾਮੁ ਚਿਤਿ ਨ ਆਵੈ; ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥

ਮਨਮੁਖਿ = ਮਨ ਨੂੰ ਮੁਖੀ ਰੱਖਣ ਵਾਲੇ ਪੁਰਖ ਨੂੰ ਪ੍ਰਭੂ ਦਾ ਨਾਮ ਚਿਤਿ = ਚੇਤੇ ਨਹੀਂ ਆਵੈ = ਆਉਂਦਾ, ਪ੍ਰਭੂ ਦੇ ਨਾਵੈ = ਨਾਮ ਤੋਂ ਬਿਨਾਂ ਉਹ ਬਹੁ ਦੁਖੁ = ਬਹੁਤੇ ਦੁੱਖਾਂ ਨੂੰ ਪਾਵਣਿਆ = ਪਾਉਣਾ ਕਰਦਾ ਹੈ॥੭॥

## ਜਿਨਿ ਸਿਸਟਿ ਸਾਜੀ; ਸੋਈ ਜਾਣੈ ॥ ਆਪੇ ਮੇਲੈ; ਸਬਦਿ ਪਛਾਣੈ ॥

ਜਿਨਿ = ਜਿਸ ਪਰਮੇਸ਼ਰ ਵਾਹਿਗੁਰੂ ਨੇ ਸਿਸਟਿ = ਦੁਨੀਆਂ ਸਾਜੀ = ਬਣਾਈ ਹੈ, ਸੋਈ = ਉਹੀ ਸਾਰਿਆਂ ਦੇ ਹਿਰਦਿਆਂ ਦੀ ਜਾਣੈ = ਜਾਣਦਾ ਹੈ। ਜੋ ਗੁਰੂ ਦੇ ਸਬਦਿ = ਉਪਦੇਸ਼ ਦੀ ਪਛਾਣ ਕਰਦੇ ਹਨ, ਉਹਨਾਂ ਨੂੰ ਪਰਮੇਸ਼ਰ ਆਪਣੇ ਸਰੂਪ ਦੇ ਨਾਲ ਮੇਲੈ = ਮੇਲ ਲੈਂਦਾ ਹੈ।

## ਨਾਨਕ ਨਾਮੁ ਮਿਲਿਆ ਤਿਨ ਜਨ ਕਉ;
## ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਧੁਰਿ = ਮੁੱਢ ਤੋਂ ਅੰਤਹਕਰਣ ਰੂਪੀ ਮਸਤਕਿ = ਮੱਥੇ ਉੱਪਰ ਪਰਮੇਸ਼ਰ ਦੇ ਨਾਮ ਦੀ ਪ੍ਰਾਪਤੀ ਦਾ ਲੇਖ ਲਿਖਾਵਣਿਆ = ਲਿਖਾਉਣਾ ਕੀਤਾ ਹੈ। ਤਿਨ = ਉਹਨਾਂ ਜਨ = ਪੁਰਖਾਂ ਕਉ = ਨੂੰ ਪਰਮੇਸ਼ਰ ਦਾ ਨਾਮ ਮਿਲਿਆ ਹੈ **ਅਥਵਾ** ਜੋ ਧੁਰਿ = ਆਦਿ ਰੂਪੀ ਸਤਿਗੁਰੂ ਜੀ ਹਨ, ਜਿਨ੍ਹਾਂ ਨੇ ਉਨ੍ਹਾਂ ਗੁਰਾਂ ਪਾਸੋਂ ਰਿਦੇ ਰੂਪੀ ਮਸਤਕਿ = ਮੱਥੇ 'ਤੇ ਉਪਦੇਸ਼ ਰੂਪੀ ਲੇਖ ਲਿਖ ਲਿਆ ਹੈ। ਉਹਨਾਂ ਦੇ ਹਿਰਦੇ ਵਿਚ ਮਹਾਰਾਜ ਦਾ ਨਾਮ ਵਸਿਆ ਹੈ। ਜਿਵੇਂ ਮਾਤਾ ਸੁਲੱਖਣੀ ਜੀ ਨੇ ਗੁਰੂ ਸਾਹਿਬ ਜੀ ਤੋਂ ਲੇਖ ਲਿਖਾਏ ਸਨ। ਏਕਾ ਲਿਖਣ ਲੱਗਿਆਂ ਸੱਤ (੭) ਲਿਖਿਆ ਗਿਆ ਸੀ॥੮॥੧॥੩੨॥੩੩॥

ਅਖ਼ੀਰ ਵਿਚ ਆਏ ਅੰਕਾਂ ਦਾ ਵੇਰਵਾ

ਇਥੇ ਅੱਠ (੮) ਅੰਕ ਅਸ਼ਟਪਦੀ ਦੀਆਂ ਪਉੜੀਆਂ ਦਾ ਜਣਾਇਕ ਹੈ। ਇਥੇ ਇਕ (੧) ਗੁਰੂ ਨਾਨਕ ਦੇਵ ਜੀ ਦੀ ਅਸ਼ਟਪਦੀ ਦਾ ਜਣਾਇਕ ਹੈ। ੩੨ ਅੰਕ ਗੁਰੂ ਅਮਰਦਾਸ ਜੀ ਦੀਆਂ ਅਸ਼ਟਪਦੀਆਂ ਦਾ ਜਣਾਇਕ ਹੈ, ੩੩ ਅੰਕ ਕੁੱਲ ਜੋੜ ਹੈ।

## ਮਾਝ ਮਹਲਾ ੪ ॥
## ਆਦਿ ਪੁਰਖੁ; ਅਪਰੰਪਰੁ ਆਪੇ ॥ ਆਪੇ ਥਾਪੇ; ਥਾਪਿ ਉਥਾਪੇ ॥

ਪਰਮੇਸ਼ਰ ਸਾਰੇ ਜਗਤ ਦਾ ਆਦਿ = ਮੁੱਢ ਰੂਪ ਤੇ ਪੁਰਖੁ = ਪੂਰਨ ਹੈ **ਵਾ:** (ਪੁ + ਰਖੁ) ਪੁ = ਨਰਕਾਂ ਤੋਂ ਰਖੁ = ਰੱਖਿਆ ਕਰਨ ਵਾਲਾ ਹੈ **ਵਾ:** ਸਾਰਿਆਂ ਨੂੰ ਪੁਰਖੁ = ਪੁਰਸ਼ਾਰਥ ਦੇਣ ਵਾਲਾ ਹੈ **ਵਾ:** ਇੱਕੋ ਹੀ ਪੁਰਖ ਹੈ। ਬਾਕੀ ਸਾਰੇ ਇਸਤਰੀਆਂ ਦੀ ਨਿਆਈਂ ਹਨ **ਵਾ:** ਉਹ ਚੇਤਨ ਪੁਰਖ ਹੈ, ਬਾਕੀ ਮਾਇਆ ਦੀ ਅੰਸ਼ ਹਨ

**ਵਾ**: ਸਾਰੀਆਂ (ਪੁਰ+ਖ) ਪੁਰ = ਪੁਰੀਆਂ ਵਿਚ ਖ = ਆਕਾਸ਼ ਦੀ ਨਿਆਈਂ ਵਿਆਪਕ ਹੈ ਅਤੇ (ਅਪਰੰ + ਪਰ) ਅਪਰੰ = ਪ੍ਰਕਿਰਤੀ ਉਰੇ ਹੈ ਤੇ ਪਰਮੇਸ਼ਰ ਪਰੁ = ਪਰਾ ਰੂਪ ਹੈ ਭਾਵ ਸੰਸਾਰ ਤੋਂ ਪਰਾ ਰੂਪ ਹੈ।

ਆਪੇ = ਆਪ ਹੀ ਪਰਮੇਸ਼ਰ ਸੰਸਾਰ ਦੀ ਥਾਪੇ = ਉਤਪਤੀ ਕਰਦਾ ਹੈ। ਆਪ ਹੀ ਥਾਪਿ = ਪਾਲਣਾ ਕਰਦਾ ਹੈ ਤੇ ਆਪ ਹੀ ਉਥਾਪੇ = ਨਾਸ਼ ਕਰਦਾ ਹੈ ਭਾਵ ਲੈਤਾ ਕਰਦਾ ਹੈ **ਵਾ**: ਆਪ ਹੀ ਸੂਖਮ ਤੱਤ ਥਾਪ ਕੇ ੧੭ ਤੱਤਾਂ ਦਾ ਸੂਖਮ ਸਰੀਰ ਬਣਾਇਆ ਹੈ। ਆਪ ਹੀ ਸਥੂਲ ਤੱਤ ਥਾਪ ਕੇ ਸਥੂਲ ਸਰੀਰ ਬਣਾਇਆ ਹੈ। ਆਪ ਹੀ ਪੰਜ ਤੱਤ ਥਾਪ ਕੇ ਪਾਲਣਾ ਕਰਦਾ ਹੈ ਤੇ ਆਪ ਹੀ ਉਥਾਪੇ = ਪਰਲੋ ਕਰਦਾ ਹੈ **ਵਾ**: ਮਹਾਂਪੁਰਖਾਂ ਤੱਤਬੇਤਿਆਂ ਨੂੰ ਆਪ ਹੀ ਪੰਜਾਂ ਤੱਤਾਂ ਦੀ ਧਾਰਨਾ ਗਿਆਨ ਸਰੂਪ ਵਿਚ ਸੰਸਥਾਪਨ ਕਰ ਦਿੱਤਾ ਹੈ। ਉਹਨਾਂ ਦੇ ਹਿਰਦੇ ਵਿਚ ਜਿਹੜਾ ਆਸੁਰੀ ਸੰਪਦਾ ਦਾ ਪ੍ਰਧਾਨ ਅਗਿਆਨ ਥਾਪਿ = ਥਾਪਿਆ ਸੀ, ਉਸ ਨੂੰ ਆਪੇ ਹੀ ਗਿਆਨ ਕਰਾ ਕੇ ਉਥਾਪੇ = ਪੁੱਟ ਦਿੰਦਾ ਹੈ ਭਾਵ ਕੱਢ ਦਿੰਦਾ ਹੈ **ਵਾ**: ਆਪ ਹੀ ਜੋ ਜੀਵ ਦੇ ਕਰਮਾਂ ਕਰਕੇ ਜੰਮਣ ਮਰਨ ਇਸਥਿਤ ਕੀਤੇ ਹਨ, ਉਹਨਾਂ ਨੂੰ ਬ੍ਰਹਮ ਗਿਆਨ ਵਿਚ ਸਥਾਪਤ ਕਰਕੇ ਜੰਮਣ ਮਰਨ ਤੋਂ ਉਥਾਪੇ = ਲੈਤਾ ਕਰ ਦਿੰਦਾ ਹੈ ਭਾਵ ਮੁਕਤ ਕਰ ਦਿੰਦਾ ਹੈ।

## ਸਭ ਮਹਿ ਵਰਤੈ, ਏਕੋ ਸੋਈ; ਗੁਰਮੁਖਿ ਸੋਭਾ ਪਾਵਣਿਆ ॥੧॥

ਜਿਨ੍ਹਾਂ ਨੂੰ ਸੋਈ = ਉਹ ਇੱਕੋ ਪਰਮੇਸ਼ਰ ਹੀ ਸਭ = ਸਾਰਿਆਂ ਮਹਿ = ਵਿਚ ਵਰਤੈ = ਵਰਤਦਾ ਦਿੱਸਦਾ ਹੈ, ਉਹ ਗੁਰਮੁਖ ਜਨ ਪਰਮੇਸ਼ਰ ਦੀ ਦਰਗਾਹ ਵਿਚ ਸੋਭਾ = ਵਡਿਆਈ ਪਾਵਣਿਆਂ = ਪਾਉਂਦੇ ਹਨ ॥੧॥

## ਹਉ ਵਾਰੀ, ਜੀਉ ਵਾਰੀ; ਨਿਰੰਕਾਰੀ ਨਾਮੁ ਧਿਆਵਣਿਆ ॥

ਹਉ = ਅਸੀਂ ਉਨ੍ਹਾਂ ਤੋਂ ਸਰੀਰ ਕਰਕੇ ਵਾਰੀ = ਵਾਰਨੇ ਅਤੇ ਜੀਉ = ਜੀਅ ਕਰਕੇ ਵਾਰੀ = ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੇ ਨਿਰੰਕਾਰੀ = ਹਰੀ ਵਾਹਿਗੁਰੂ ਦੇ ਅੰਮ੍ਰਿਤ ਨਾਮ ਨੂੰ ਧਿਆਵਣਿਆ = ਧਿਆਉਣਾ ਕੀਤਾ ਹੈ।

[ਅੰਗ ੧੩੦]

## ਤਿਸੁ ਰੂਪੁ ਨ ਰੇਖਿਆ, ਘਟਿ ਘਟਿ ਦੇਖਿਆ;
## ਗੁਰਮੁਖਿ ਅਲਖੁ ਲਖਾਵਣਿਆ ॥੧॥ਰਹਾਉ॥

ਤਿਸੁ = ਉਸ ਹਰੀ ਪਰਮੇਸ਼ਰ ਦਾ ਨਾ ਕੋਈ ਰੂਪ ਹੈ, ਨਾ ਕੋਈ ਉਹਦੇ ਵਿਚ ਮੱਛ, ਕੱਛ, ਆਦਿਕ ਰੇਖਾਵਾਂ ਹਨ। ਉਸ ਪਰਮੇਸ਼ਰ ਨੂੰ ਗੁਰਮੁਖ ਜਨਾਂ ਨੇ ਘਟਿ ਘਟਿ = ਘਟਾਂ ਘਟਾਂ ਵਿਚ ਦੇਖਿਆ ਹੈ ਅਤੇ ਗੁਰਮੁਖ ਜਨਾਂ ਨੇ ਹੀ ਉਸ ਅਲਖੁ = ਲਖਣ ਤੋਂ ਰਹਿਤ ਅਨੰਦ ਸਰੂਪ ਨੂੰ ਮੁਖੀ ਗੁਰਾਂ ਦੁਆਰਾ ਆਪ ਲਖਣਾ ਤੇ ਹੋਰਨਾਂ ਨੂੰ ਵੀ ਉਪਦੇਸ਼ ਦੇ ਕੇ ਲਖਾਵਣਿਆ = ਲਖਾਉਣਾ, ਜਣਾਉਣਾ ਕੀਤਾ ਹੈ ॥੧॥ਰਹਾਉ॥

## ਤੂ ਦਇਆਲੁ; ਕਿਰਪਾਲੁ ਪ੍ਰਭੁ ਸੋਈ ॥ ਤੁਧੁ ਬਿਨ ਦੂਜਾ; ਅਵਰੁ ਨ ਕੋਈ ॥

ਹੇ ਪਰਮੇਸ਼ਰ ! ਤੂੰ ਦਇਆਲੁ = ਦਇਆ ਦਾ ਘਰ ਹੈਂ, ਕਿਰਪਾਲੁ = ਕ੍ਰਿਪਾਲੂ ਸਰੂਪ ਹੈਂ ਅਤੇ ਸੋਈ ਤੂੰ ਸਾਰਿਆਂ ਦਾ ਪ੍ਰਭੁ = ਮਾਲਕ ਹੈਂ **ਵਾ**: ਹੇ ਅਕਾਲ ਪੁਰਖ ਵਾਹਿਗੁਰੂ ! ਤੂੰ ਪਿੱਛੇ ਵੀ ਦਇਆਲੁ = ਦਇਆ ਦਾ ਘਰ ਸੀ ਤੇ ਹੁਣ ਵਰਤਮਾਨ ਸਮੇਂ ਵਿਚ ਕ੍ਰਿਪਾਲੂ ਹੈਂ ਤੇ ਸੋਈ ਤੂੰ ਅੱਗੇ ਨੂੰ ਵੀ ਪ੍ਰਭੂ ਸਮਰੱਥ ਹੋਵੇਂਗਾ। ਤੁਧੁ = ਤੁਹਾਡੇ ਤੋਂ ਬਿਨਾਂ ਦੂਸਰਾ ਅਵਰੁ = ਹੋਰ ਕੋਈ ਵੀ ਨਹੀਂ ਹੈ।

## ਗੁਰੁ ਪਰਸਾਦੁ ਕਰੇ ਨਾਮੁ ਦੇਵੈ; ਨਾਮੇ ਨਾਮਿ ਸਮਾਵਣਿਆ ॥੨॥

ਹੇ ਪਰਮੇਸ਼ਰ ! ਜਿਸ ਉੱਪਰ ਗੁਰੁ = ਸਤਿਗੁਰੂ ਪਰਸਾਦੁ = ਕਿਰਪਾ ਕਰੇ = ਕਰਦਾ ਹੈ, ਉਸ ਨੂੰ ਤੇਰਾ ਨਾਮ

ਦੇਵੈ = ਦਿੰਦਾ ਹੈ ਅਤੇ ਹੇ ਨਾਮੀ ਪਰਮੇਸ਼ਰ! ਉਹ ਗੁਰਮੁਖ ਜਨ ਤੇਰਾ ਨਾਮ ਜਪ ਕੇ ਤੇਰੇ ਸਰੂਪ ਵਿਚ ਸਮਾਵਨਿਆ = ਸਮਾਉਣਾ ਕਰਦੇ ਹਨ॥੨॥

## ਤੂੰ ਆਪੇ ਸਚਾ; ਸਿਰਜਣਹਾਰਾ॥ ਭਗਤੀ ਭਰੇ; ਤੇਰੇ ਭੰਡਾਰਾ॥

ਹੇ ਸਿਰਜਣਹਾਰਾ = ਰਚਣਹਾਰ ਪਰਮੇਸ਼ਰ! ਤੂੰ ਆਪੇ = ਆਪ ਹੀ ਤਿੰਨਾਂ ਕਾਲਾਂ ਵਿਚ ਸੱਚਾ ਹੈਂ। ਜੈਸਾ ਕਿ :

**ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥** *(ਜਪੁ ਜੀ ਸਾਹਿਬ, ਅੰਗ ੧)*

ਹੇ ਪਰਮੇਸ਼ਰ! ਤੇਰੇ ਭੰਡਾਰਾ = ਖ਼ਜ਼ਾਨੇ ਪ੍ਰੇਮਾ-ਭਗਤੀ ਨਾਲ ਭਰੇ ਪਏ ਹਨ **ਵਾ:** ਗੁਰਮੁਖਾਂ ਦੇ ਹਿਰਦੇ ਰੂਪੀ ਭੰਡਾਰੇ ਵੀ ਤੇਰੀ ਭਗਤੀ ਨਾਲ ਲਬਾ ਲਬ ਕਰਕੇ ਭਰੇ ਪਏ ਹਨ।

## ਗੁਰਮੁਖਿ ਨਾਮੁ ਮਿਲੈ ਮਨੁ ਭੀਜੈ; ਸਹਜਿ ਸਮਾਧਿ ਲਗਾਵਣਿਆ॥੩॥

ਹੇ ਪਰਮੇਸ਼ਰ! ਗੁਰਮੁਖ ਜਨਾਂ ਨੂੰ ਗੁਰੂ ਦੀ ਸੰਗਤ ਦੁਆਰਾ ਹੀ ਤੇਰਾ ਨਾਮ ਮਿਲੈ = ਮਿਲਦਾ ਹੈ, ਜਿਸ ਕਰਕੇ ਉਨ੍ਹਾਂ ਦਾ ਮਨ ਤੇਰੇ ਨਾਮ ਰਸ ਵਿਚ ਭੀਜੈ = ਭਿੱਜ ਜਾਂਦਾ ਹੈ ਅਤੇ ਉਹ ਸਹਜਿ = ਸੁਤੇ ਸਿਧ ਹੀ ਨਿਰਵਿਕਲਪ ਸਮਾਧੀ ਲਗਾਵਣਿਆ = ਲਗਾਉਣਾ ਕਰਦੇ ਹਨ॥੩॥

## ਅਨਦਿਨੁ ਗੁਣ ਗਾਵਾ; ਪ੍ਰਭ ਤੇਰੇ॥ ਤੁਧੁ ਸਾਲਾਹੀ; ਪ੍ਰੀਤਮ ਮੇਰੇ॥

ਹੇ ਪ੍ਰਭ = ਅਕਾਲ ਪੁਰਖ ਵਾਹਿਗੁਰੂ! ਮੈ ਤੇਰੇ ਅਨਦਿਨੁ = ਰਾਤ ਦਿਨੇ ਹੀ ਗੁਣਾਂ ਨੂੰ ਗਾਵਾ = ਗਾਉਣਾ ਕਰਦਾ ਹਾਂ। ਹੇ ਮੇਰੇ ਪ੍ਰੀਤਮ = ਪਿਆਰੇ ਪ੍ਰਭੂ! ਮੈ ਤੁਧੁ = ਤੇਰੀ ਹੀ ਸਾਲਾਹੀ = ਸਿਫ਼ਤ ਕਰਦਾ ਰਹਿੰਦਾ ਹਾਂ।

## ਤੁਧੁ ਬਿਨੁ, ਅਵਰੁ ਨ ਕੋਈ ਜਾਚਾ; ਗੁਰ ਪਰਸਾਦੀ ਤੂੰ ਪਾਵਣਿਆ॥੪॥

ਤੁਧੁ = ਤੁਹਾਡੇ ਤੋਂ ਬਿਨਾਂ ਮੈਂ ਅਵਰੁ = ਹੋਰ ਕਿਸੇ ਕੋਲੋਂ ਕੋਈ ਵੀ ਦਾਨ ਨਹੀਂ ਜਾਚਾ = ਮੰਗਦਾ **ਵਾ:** ਤੁਹਾਡੇ ਸਰੂਪ ਦੀ ਪ੍ਰਾਪਤੀ ਤੋਂ ਬਗ਼ੈਰ ਮੈਂ ਹੋਰ ਕੋਈ ਵੀ ਦਾਨ ਨਹੀਂ ਮੰਗਦਾ। ਪਰੰਤੂ ਤੂੰ ਗੁਰ ਦੀ ਪਰਸਾਦੀ = ਕਿਰਪਾ ਦੁਆਰਾ ਹੀ ਪਾਵਣਿਆ = ਪਾਇਆ ਜਾਂਦਾ ਹੈਂ॥੪॥

## ਅਗਮੁ ਅਗੋਚਰੁ; ਮਿਤਿ ਨਹੀ ਪਾਈ॥
## ਅਪਣੀ ਕ੍ਰਿਪਾ ਕਰਹਿ; ਤੂੰ ਲੈਹਿ ਮਿਲਾਈ॥

ਹੇ ਅਗਮੁ = ਮਨ ਬਾਣੀ ਦੇ ਅਵਿਸ਼ੇ, ਅਗੋਚਰੁ = ਇੰਦਰੀਆਂ ਦੇ ਅਵਿਸ਼ੇ ਪਰਮੇਸ਼ਰ! ਤੇਰੀ ਮਿਤਿ = ਮਰਯਾਦਾ, ਕੀਮਤ ਨਹੀਂ ਪਾਈ ਜਾਂਦੀ।

ਜਿਸ ਉਤੇ ਆਪਣੀ ਕ੍ਰਿਪਾ = ਮੇਹਰ ਕਰਹਿ = ਕਰਦਾ ਹੈਂ ਉਸ ਨੂੰ ਤੂੰ ਆਪਣੇ ਸਰੂਪ ਨਾਲ ਮਿਲਾਈ = ਮਿਲਾ ਲੈਂਦਾ ਹੈਂ।

## ਪੂਰੇ ਗੁਰ ਕੈ, ਸਬਦਿ ਧਿਆਈਐ; ਸਬਦੁ ਸੇਵਿ ਸੁਖੁ ਪਾਵਣਿਆ॥੫॥

ਪੂਰੇ = ਪੂਰਨ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਤੇਰੇ ਨਾਮ ਨੂੰ ਧਿਆਈਐ = ਧਿਆਇਆ ਜਾਂਦਾ ਹੈ, ਗੁਰ ਸਬਦੁ = ਉਪਦੇਸ਼ ਦਾ ਸੇਵਿ = ਸੇਵਨ ਕਰਨ ਨਾਲ ਹੀ ਆਤਮਿਕ ਸੁਖ ਨੂੰ ਪਾਵਣਿਆ = ਪਾਉਣਾ ਕਰੀਦਾ ਹੈ॥੫॥

## ਰਸਨਾ ਗੁਣਵੰਤੀ; ਗੁਣ ਗਾਵੈ ॥ ਨਾਮੁ ਸਲਾਹੇ; ਸਚੇ ਭਾਵੈ ॥

ਜੋ ਗੁਰਮੁਖ ਜਨ ਪਰਮੇਸ਼ਰ ਦੇ ਗੁਣਾਂ ਨੂੰ ਗਾਵੈ = ਗਾਉਂਦੇ ਹਨ, ਉਨ੍ਹਾਂ ਦੀ ਰਸਨਾ = ਜੀਭਾ ਗੁਣਵੰਤੀ = ਗੁਣਾਂ ਵਾਲੀ ਭਾਵ ਪਰਉਪਕਾਰਾਂ ਵਾਲੀ ਹੈ **ਵਾ:** ਜੋ ਹਰੀ ਦੇ ਗੁਣਾਂ ਨੂੰ ਗਾਉਂਦੀ ਹੈ, ਉਹ ਅਮੋਲਕ ਗੁਣਾਂ ਵਾਲੀ ਰਸਨਾ ਹੈ। ਜੈਸਾ ਕਿ :

**ਹਰਿ ਗੁਣ ਗਾਵਤ ਰਸਨ ਅਮੋਲੀ ॥** *(ਗਉੜੀ ਗੁਆਰੇਰੀ ਮ: ੫, ਅੰਗ ੧੯੦)*

ਜੋ ਵਾਹਿਗੁਰੂ ਦੇ ਨਾਮ ਨੂੰ ਸਲਾਹੇ = ਸਲਾਹੁੰਦੇ ਹਨ, ਉਹ ਸੱਚੇ ਨੂੰ ਭਾਵੈ = ਚੰਗੇ ਲੱਗਦੇ ਹਨ।

## ਗੁਰਮੁਖਿ ਸਦਾ ਰਹੈ ਰੰਗਿ ਰਾਤੀ; ਮਿਲਿ ਸਚੇ ਸੋਭਾ ਪਾਵਣਿਆ ॥੬॥

ਗੁਰਮੁਖਾਂ ਦੀ ਬਿਰਤੀ ਸਦਾ = ਹਮੇਸ਼ਾ ਬ੍ਰਹਮਾਕਾਰ ਹੋ ਕੇ ਪ੍ਰੇਮ ਰੰਗ ਵਿਚ ਰਾਤੀ = ਰੱਤੀ ਰਹੈ = ਰਹਿੰਦੀ ਹੈ, ਉਹ ਸੱਚੇ ਪਰਮੇਸ਼ਰ ਨਾਲ ਮਿਲ ਕੇ ਸੋਭਾ = ਵਡਿਆਈ ਪਾਵਣਿਆ = ਪਾਉਂਦੇ ਹਨ ॥੬॥

## ਮਨਮੁਖ; ਕਰਮ ਕਰੇ ਅਹੰਕਾਰੀ ॥ ਜੂਐ ਜਨਮੁ; ਸਭ ਬਾਜੀ ਹਾਰੀ ॥

ਮਨਮੁਖ ਜੀਵ ਅਹੰਕਾਰੀ = ਹੰਕਾਰ ਦੇ ਸੰਜੁਗਤ ਹੀ ਕਰਮ ਕਰੇ = ਕਰਦੇ ਹਨ **ਵਾ:** ਮਨਮੁਖ ਜੀਵ ਕਰਮ ਤਾਂ ਭਾਵੇਂ ਗੁਰਮੁਖਾਂ ਵਾਲੇ ਕਰਦੇ ਹਨ, ਪਰ ਅੰਦਰੋਂ ਅਹੰਕਾਰੀ = ਹੰਕਾਰ ਦੇ ਸਹਿਤ ਹੁੰਦੇ ਹਨ **ਵਾ:** ਹੰਕਾਰੀ ਜੀਵ ਮਨਮੁਖਤਾ ਵਾਲੇ ਕਰਮ ਕਰਦੇ ਹਨ।

ਉਹ ਅੰਤ ਨੂੰ ਸੰਸਾਰ, ਵਿਸ਼ਿਆ ਰੂਪੀ ਜੂਐ = ਜੂਏ ਵਿਚ ਹੀ ਆਪਣੀ ਮਨੁੱਖਾ ਜਨਮ ਰੂਪ ਸਭ = ਸਾਰੀ ਬਾਜ਼ੀ ਹਾਰੀ = ਹਾਰ ਜਾਂਦੇ ਹਨ।

## ਅੰਤਰਿ ਲੋਭੁ ਮਹਾ ਗੁਬਾਰਾ; ਫਿਰਿ ਫਿਰਿ ਆਵਣਿ ਜਾਵਣਿਆ ॥੭॥

ਉਹਨਾਂ ਦੇ ਅੰਤਰਿ = ਅੰਦਰ ਪਦਾਰਥਾਂ ਦਾ ਲੋਭ ਹੋਣ ਕਰਕੇ ਅਗਿਆਨ ਦਾ ਮਹਾ = ਬਹੁਤਾ ਗੁਬਾਰਾ = ਹਨੇਰਾ ਹੈ। ਜਿਸ ਕਰਕੇ ਉਹ ਫਿਰਿ ਫਿਰਿ = ਮੁੜ ਮੁੜ ਕੇ ਜੂਨਾਂ ਵਿਚ ਆਵਣਿ = ਆਉਣਾ ਜਾਵਣਿਆ = ਜਾਣਾ ਕਰਦੇ ਹਨ ॥੭॥

## ਆਪੇ ਕਰਤਾ; ਦੇ ਵਡਿਆਈ ॥ ਜਿਨ ਕਉ ਆਪਿ; ਲਿਖਤੁ ਧੁਰਿ ਪਾਈ ॥

ਕਰਤਾ ਪੁਰਖ ਆਪ ਹੀ ਉਨ੍ਹਾਂ ਨੂੰ ਨਾਮ ਦੀ ਵਡਿਆਈ = ਸ਼ੋਭਾ ਬਖ਼ਸ਼ਦਾ ਹੈ। ਜਿਨ੍ਹਾਂ ਨੂੰ ਆਪ ਹੀ ਹਰੀ ਵਾਹਿਗੁਰੂ ਨੇ ਧੁਰਿ = ਮੁੱਢ ਤੋਂ ਚੰਗੇ ਕਰਮਾਂ ਦੀ ਲਿਖਤ ਲਿਖ ਕੇ ਪਾਈ ਹੈ।

## ਨਾਨਕ, ਨਾਮੁ ਮਿਲੈ ਭਉ ਭੰਜਨੁ; ਗੁਰ ਸਬਦੀ ਸੁਖੁ ਪਾਵਣਿਆ ॥੮॥੧॥੩੪॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੂੰ ਭਉ ਭੰਜਨੁ = ਭਉ = ਭੈ ਨੂੰ ਭੰਜਨੁ = ਨਾਸ਼ ਕਰਨ ਵਾਲੇ ਪਰਮੇਸ਼ਰ ਦਾ ਨਾਮ ਮਿਲੈ = ਮਿਲਿਆ ਹੈ, ਉਹਨਾਂ ਨੇ ਗੁਰਾਂ ਦੇ ਸਬਦੀ = ਉਪਦੇਸ਼ ਦੀ ਕਮਾਈ ਕਰ ਕੇ ਸੁੱਖ ਸਰੂਪ ਨੂੰ ਪਾਵਣਿਆ = ਪਾਉਣਾ ਕੀਤਾ ਹੈ ॥੮॥੧॥੩੪॥

## ਮਾਝ ਮਹਲਾ ੫ ਘਰੁ ੧ ॥

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੂੰ ਗੁਰਸਿੱਖਾਂ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਸਾਰੇ ਵੇਦ ਅਤੇ ਸਾਰੀਆਂ ਸੁਰਤੀਆਂ ਸਿੰਮ੍ਰਿਤੀਆਂ ਦੇ ਐਸੇ ਬਚਨ ਹਨ ਕਿ ਸਾਰੇ ਹੀ ਜੋਤੀ ਸਰੂਪ

ਵਿਆਪਕ ਹੈ, ਉਹ ਸਤਿ ਸਰੂਪ ਸਾਰਿਆਂ ਦੇ ਅੰਦਰ ਹੈ ਪਰੰਤੂ ਉਹ ਪ੍ਰਾਪਤ ਕਿਉਂ ਨਹੀਂ ਹੁੰਦਾ ? ਤਾਂ ਸੁਣ ਕੇ ਸਤਿਗੁਰੂ ਸਾਹਿਬ ਜੀ ਨੇ ਇਹ ਸ਼ਬਦ ਉਚਾਰਨ ਕੀਤਾ।

## ਅੰਤਰਿ ਅਲਖੁ; ਨ ਜਾਈ ਲਖਿਆ ॥ ਨਾਮੁ ਰਤਨੁ ਲੈ; ਗੁਝਾ ਰਖਿਆ ॥

(**ਗੁਝਾ** ਦਾ ਉਚਾਰਨ ਅੱਧਕ ਸਹਿਤ ਕਰਨਾ ਹੈ)

ਹੇ ਭਾਈ ! ਉਹ ਅਲਖੁ = ਲਖਣ ਤੋਂ ਰਹਿਤ ਪਰਮੇਸ਼ਰ ਇਸ ਸਰੀਰ, ਹਿਰਦੇ ਦੇ ਅੰਤਰਿ = ਵਿਚ ਹੀ ਵੱਸਦਾ ਹੈ, ਪਰ ਅਸ਼ੁੱਧ ਮਨ, ਨਾਮ ਤੋਂ ਬਿਨਾਂ ਲਖਿਆ = ਜਾਣਿਆ ਨਹੀਂ ਜਾ ਸਕਦਾ।

ਪਰਮੇਸ਼ਰ ਨੇ ਨਾਮ ਰੂਪੀ ਰਤਨ ਲੈ ਕਰਕੇ ਇਸ ਸਰੀਰ, ਹਿਰਦੇ ਅੰਦਰ ਹੀ ਗੁਝਾ = ਗੁਪਤ ਰੱਖਿਆ ਹੋਇਆ ਹੈ।

**ਅਥਵਾ** ਹੇ ਗੁਰਸਿੱਖੋ ! ਉਹ ਸਰੂਪ ਹਿਰਦੇ ਅੰਦਰ ਹੈ ਤਾਂ ਸਹੀ, ਪਰੰਤੂ ਅਲਖ ਹੈ। ਅਸ਼ੁੱਧ ਮਨ ਕਰਕੇ ਅਲਖੁ = ਲਖਿਆ ਨਹੀਂ ਜਾਂਦਾ। ਸਿਆਣਪ ਨਾਲ ਰਾਜਸੀ, ਤਾਮਸੀ, ਸਾਂਤਕੀ ਸੁਭਾਅ ਨਾਲ **ਅਥਵਾ** ਜਾਗ੍ਰਤ, ਸੁਪਨ, ਸੁਖੋਪਤ ਦੇ ਅੰਦਰ ਹੋਣ ਕਰਕੇ ਕਿ ਮੈਂ ਜਾਗਦਾ ਹਾਂ, ਮੈਂ ਸੌਂਦਾ ਹਾਂ, ਮੇਰੀ ਸੁਖੋਪਤੀ ਅਵਸਥਾ ਹੈ। ਇਸ ਕਰਕੇ ਲਖਣਾ ਬਿਰਤੀ ਦੁਆਰਾ ਸਤਿਗੁਰੂ ਜੀ ਲਖਾਉਂਦੇ ਹਨ। ਉਹ ਹੈ ਤਾਂ ਸਾਰਿਆਂ ਦੇ ਅੰਦਰ ਅਤੇ ਸਾਰੇ ਉਸ ਦੇ ਅੰਦਰ ਹਨ, ਪਰੰਤੂ ਉਹ ਸਾਰਿਆਂ ਦਾ ਅਧਿਸ਼ਠਾਨ ਰੂਪ ਹੈ। ਸਾਰਿਆਂ ਦਾ ਪ੍ਰਕਾਸ਼ਤਾ ਰੂਪ ਹੈ। ਉਹ ਪ੍ਰਕਿਰਤੀ ਵਿਚ ਵੀ ਪ੍ਰਾਣਾਂ ਅਤੇ ਬੁੱਧ ਸਰੂਪ ਕਰਕੇ ਹੈ, ਪਰੰਤੂ ਲਖਣ ਤੋਂ ਰਹਿਤ ਹੈ। ਉਹ ਸਾਰਿਆਂ ਅੰਦਰ ਹੈ। ਜੈਸਾ ਕਿ :

**ਯਹ ਨਹ ਯਹ ਨਹ ਯਹ ਨਹ ਹੋਈ ਇਨੁ ਤੇ ਪਰੇ ਸਤ ਹੈ ਸੋਈ ॥**

ਨਾ ਇੰਦ੍ਰੀਏ, ਨਾ ਪ੍ਰਾਣ, ਨਾ ਬੁੱਧ, ਨਾ ਪ੍ਰਕਿਰਤੀ, ਉਹ ਹਰੀ ਪਰਾ ਰੂਪ ਹੈ ਜੋ ਕਿ ਕਿਸੇ ਪ੍ਰਕਾਰ ਕਰਕੇ ਅਲਖੁ = ਜਾਣਿਆ ਨਹੀਂ ਜਾ ਸਕਦਾ। ਵਾਹਿਗੁਰੂ ਦੀ ਪ੍ਰਾਪਤੀ ਦਾ ਮੁੱਖ ਅਸਥਾਨ ਨਾਮ ਹੈ। ਉਹ ਨਾਮ ਰੂਪੀ ਰਤਨ ਗੁਝਾ = ਗੁਪਤ ਰੱਖਿਆ ਹੋਇਆ ਹੈ। ਗੁਰੂ ਤੋਂ ਬਿਨਾਂ ਨਾਮ ਰੂਪੀ ਰਤਨ ਲੈ = ਲਿਆ ਭਾਵ ਪ੍ਰਾਪਤ ਨਹੀਂ ਹੁੰਦਾ। ਜਿਵੇਂ ਰਤਨ ਹਨੇਰੇ ਵਿਚ ਰੱਖ ਦੇਈਏ ਤਾਂ ਚਾਨਣਾ ਹੋ ਜਾਂਦਾ ਹੈ। ਅਗਿਆਨਤਾ ਦੇ ਅੰਧਕਾਰ ਵਿਚ ਨਾਮ ਰੂਪੀ ਰਤਨ ਪ੍ਰਕਾਸ਼ ਕਰਦਾ ਹੈ। ਉਹ ਨਾਮ ਰੂਪੀ ਰਤਨ ਆਪ ਵੀ ਪ੍ਰਕਾਸ਼ ਰੂਪੀ ਗਿਆਨ ਦਾ ਉਜਾਲਾ ਹੈ ਅਤੇ ਜਿਸ ਹਿਰਦੇ ਵਿਚ ਟਿਕ ਜਾਵੇ ਤਾਂ ਉਸ ਨੂੰ ਵੀ ਪ੍ਰਕਾਸ਼ਵਾਨ ਕਰ ਦਿੰਦਾ ਹੈ। ਨਾਮ ਅਤੇ ਰੂਪ ਮਾਇਆ ਦੇ ਜੋ ਦੋ ਪਰਦੇ ਹਨ, ਉਨ੍ਹਾਂ ਦੇ ਅੰਦਰ ਅਸਤੀ, ਭਾਂਤੀ ਪ੍ਰੇਯ ਜੋ ਆਪਣਾ ਸਰੂਪ ਹੈ, ਉਹ ਗੁਝਾ = ਗੁਪਤ ਰੱਖਿਆ ਹੋਇਆ ਹੈ। ਨਾਮ ਰੂਪੀ ਰਤਨ ਨਾਲ ਉਸ ਨੂੰ ਪ੍ਰਾਪਤ ਕਰ ਲੈ = ਲਈਦਾ ਹੈ।

## ਅਗਮੁ ਅਗੋਚਰੁ ਸਭ ਤੇ ਊਚਾ; ਗੁਰ ਕੈ ਸਬਦਿ ਲਖਾਵਣਿਆ ॥੧॥

ਉਹ ਅਗਮੁ = ਮਨ ਦੇ ਅਵਿਸ਼ੇ ਤੇ ਅਗੋਚਰੁ = ਇੰਦਰੀਆਂ ਦੇ ਵੀ ਅਵਿਸ਼ੇ ਪਰਮੇਸ਼ਰ ਅੱਬਿਆ ਕ੍ਰਿਤ, ਹਿਰਨ ਗਰਭ, ਵੈਰਾਟ ਆਦਿ ਸਭ = ਸਾਰਿਆਂ ਤੇ = ਤੋਂ ਊਚਾ = ਉੱਚਾ ਭਾਵ ਸ੍ਰੇਸ਼ਟ ਹੈ, ਜੋ ਆਪਣੇ ਆਪ ਨੂੰ ਗੁਰ ਕੈ = ਦੇ ਸਬਦਿ = ਉਪਦੇਸ਼ ਦੁਆਰਾ ਗੁਰਮੁਖਾਂ ਦੇ ਹਿਰਦੇ ਵਿਚ ਲਖਾਵਣਿਆ = ਲਖਾਉਣਾ (ਜਣਾਉਣਾ) ਕਰਦਾ ਹੈ ॥੧॥

## ਹਉ ਵਾਰੀ, ਜੀਉ ਵਾਰੀ; ਕਲਿ ਮਹਿ ਨਾਮੁ ਸੁਣਾਵਣਿਆ ॥

ਹਉ = ਅਸੀਂ ਉਨ੍ਹਾਂ ਤੋਂ ਤਨ ਕਰਕੇ ਵਾਰੀ = ਵਾਰਨੇ ਅਤੇ ਜੀਉ = ਮਨ ਕਰਕੇ ਵੀ ਵਾਰੀ = ਬਲਿਹਾਰ ਜਾਂਦੇ ਹਾਂ ਜਿਨ੍ਹਾਂ ਸੰਤ ਜਨਾਂ ਨੇ ਇਸ ਕਲਿ = ਕਲਯੁੱਗ ਵਿਚ ਨਾਮ ਦੇ ਉਪਦੇਸ਼ ਨੂੰ ਸੁਣਾਵਣਿਆ = ਸੁਣਾਉਣਾ ਕੀਤਾ ਹੈ।

## ਸੰਤ ਪਿਆਰੇ ਸਚੈ ਧਾਰੇ; ਵਡਭਾਗੀ ਦਰਸਨੁ ਪਾਵਣਿਆ ॥੧॥ਰਹਾਉ॥

ਉਹ ਪਿਆਰੇ ਸੰਤ ਜਨ ਸਚੈ = ਸੱਚ ਸਰੂਪ ਪਰਮੇਸ਼ਰ ਦੇ ਹੀ ਧਾਰੇ = ਆਸਰੇ ਰਹਿੰਦੇ ਹਨ ਅਤੇ ਉਨ੍ਹਾਂ ਪਿਆਰਿਆਂ ਦੇ ਵੱਡੇ ਭਾਗਾਂ ਕਰਕੇ ਦਰਸ਼ਨ ਪਾਏ ਜਾਂਦੇ ਹਨ **ਅਥਵਾ** ਜਿਨ੍ਹਾਂ ਦੇ ਅੰਦਰੋਂ ਵਡ = ਵੱਡਾ ਪਨ ਭਾਵ ਵਡਿਆਈ ਦੀ ਇੱਛਾ ਭਾਗੀ = ਚਲੀ ਗਈ ਹੈ, ਉਨ੍ਹਾਂ ਨੇ ਹਰੀ ਪਰਮੇਸ਼ਰ ਦੇ ਦਰਸ਼ਨ ਪਾਉਣਾ ਕੀਤੇ ਹਨ ॥੧॥ਰਹਾਉ॥

## ਸਾਧਿਕ ਸਿਧ; ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ਰ; ਧਿਆਇਨਿ ਹਿਰਦੇ ॥

ਸਾਧਿਕ = ਸਾਧਨਾਂ ਕਰਨ ਵਾਲੇ ਪੁਰਖ, ਸਿਧ = ਸਿੱਧੀ ਦੀ ਪ੍ਰਾਪਤੀ ਵਾਲੇ ਜੋਗੀ ਆਦਿ ਜਿਸੈ = ਜਿਸ ਪਰਮੇਸ਼ਰ ਦੀ ਪ੍ਰਾਪਤੀ ਕਉ = ਵਾਸਤੇ ਭਰਮਨ ਕਰਦੇ ਫਿਰਦੇ ਹਨ।

ਬ੍ਰਹਮੇ ਇੰਦਰ ਆਦਿ ਵੱਡੇ ਦੇਵਤੇ ਵੀ ਜਿਸ ਪਰਮੇਸ਼ਰ ਨੂੰ ਪ੍ਰਾਪਤ ਕਰਨ ਲਈ ਹਿਰਦੇ ਵਿਚ ਧਿਆਇਨਿ = ਧਿਆਉਂਦੇ ਹਨ।

## ਕੋਟਿ ਤੇਤੀਸਾ ਖੋਜਹਿ ਤਾ ਕਉ; ਗੁਰ ਮਿਲਿ ਹਿਰਦੈ ਗਾਵਣਿਆ ॥੨॥

ਤੇਤੀਸਾ = ਤੇਤੀ ਕੋਟਿ = ਕ੍ਰੋੜ ਦੇਵਤੇ ਵੀ ਤਾ ਕਉ = ਉਸ ਪਰਮੇਸ਼ਰ ਨੂੰ ਖੋਜਹਿ = ਲੱਭਦੇ ਹਨ। ਐਸੇ ਪਰਮੇਸ਼ਰ ਦੇ ਗੁਣਾਂ ਨੂੰ ਗੁਰਾਂ ਨਾਲ ਮਿਲ ਕੇ ਗੁਰਮੁਖ ਜਨ ਆਪਣੇ ਹਿਰਦੇ ਵਿਚ ਗਾਵਣਿਆ = ਗਾਉਂਦੇ ਹਨ ॥੨॥

## ਆਠ ਪਹਰ; ਤੁਧੁ ਜਾਪੇ ਪਵਨਾ ॥ ਧਰਤੀ ਸੇਵਕ; ਪਾਇਕ ਚਰਨਾ ॥

ਹੇ ਪਰਮੇਸ਼ਰ ! ਆਠ = ਅੱਠੇ ਪਹਰ ਤੁਧੁ = ਤੈਨੂੰ ਪਵਨਾ = ਹਵਾ **ਵਾ:** ਪਵਨ ਦੇਵਤਾ ਜਾਪੇ = ਜਪਦਾ ਹੈ। ਅਤੇ ਧਰਤੀ ਵੀ ਸੇਵਕ = ਦਾਸਾ ਭਾਵ ਧਾਰ ਕੇ ਤੇਰੇ ਚਰਨਾਂ ਦੀ ਪਾਇਕ = ਦਾਸੀ ਬਣੀ ਹੋਈ ਹੈ **ਅਥਵਾ** ਧਰਤੀ ਵੀ ਤੇਰੀ ਸੇਵਕ ਹੈ ਅਤੇ ਜੋ ਸਮਾਨ, ਬੜਵਾਨਲ, ਜਠਰ, ਦਾਹ ਪਾਇਕ = ਪਾਵਕ (ਅਗਨੀ) ਆਦਿ ਵੀ ਤੇਰੇ ਚਰਨਾਂ ਦੀ ਦਾਸੀ ਹੈ **ਵਾ:** ਜਿਨ੍ਹਾਂ ਦੀ ਧਰਤੀ ਦੀ ਨਿਆਈਂ ਬੁੱਧੀ ਸੇਵਕ ਬਣੀ ਹੈ, ਉਹ ਤੇਰੇ ਚਰਨਾਂ ਦੇ ਦਾਸ ਹਨ। ਧਰਤੀ ਦੀ ਨਿਆਈਂ ਖਿਮਾ ਧਾਰ ਕੇ ਜੋ ਸੇਵਕ ਬਣੇ ਹਨ, ਕੁਲ ਸੰਸਾਰ ਉਨ੍ਹਾਂ ਦੇ ਚਰਨਾਂ ਦਾ ਦਾਸ ਹੈ।

## ਖਾਣੀ ਬਾਣੀ ਸਰਬ ਨਿਵਾਸੀ; ਸਭਨਾ ਕੈ ਮਨਿ ਭਾਵਣਿਆ ॥੩॥

ਹੇ ਪਰਮੇਸ਼ਰ ! ਖਾਣੀ = ਅੰਡਜ, ਜੇਰਜ, ਸੇਤਜ, ਉਤਭੁਜ ਚਾਰ ਖਾਣੀਆਂ ਤੇ ਬਾਣੀ = ਬੈਖਰੀ, ਮੱਧਮ, ਪਸੰਤੀ, ਪਰਾ ਚਾਰ ਬਾਣੀਆਂ ਇਨ੍ਹਾਂ ਸਰਬ = ਸਾਰਿਆਂ ਵਿਚ ਤੁਸੀਂ ਆਪ ਹੀ ਨਿਵਾਸ ਕਰਦੇ ਹੋ ਅਤੇ ਸਭਨਾ = ਸਾਰਿਆਂ ਦੇ ਮਨਾਂ ਨੂੰ ਭਾਵਣਿਆ = ਚੰਗੇ ਲੱਗਦੇ ਹੋ ॥੩॥

## ਸਾਚਾ ਸਾਹਿਬੁ; ਗੁਰਮੁਖਿ ਜਾਪੈ ॥ ਪੂਰੇ ਗੁਰ ਕੈ; ਸਬਦਿ ਸਿਞਾਪੈ ॥

ਹੇ ਸੱਚੇ ਸਾਹਿਬੁ = ਮਾਲਕ ਪਰਮੇਸ਼ਰ ! ਆਪ ਜੀ ਦਾ ਸਰੂਪ ਗੁਰਮੁਖ ਜਨਾਂ ਨੇ ਜਾਪੈ = ਜਾਣਿਆ ਹੈ **ਅਥਵਾ** ਸੱਚੇ ਅਕਾਲ ਪੁਰਖ ਦਾ ਸਰੂਪ ਗੁਰਮੁਖ ਜਨਾਂ ਦੀ ਸੰਗਤ ਦੁਆਰਾ ਜਾਪੈ = ਜਾਣਿਆ ਜਾਂਦਾ ਹੈ। ਪੂਰੇ ਗੁਰੂ ਦੇ ਸਬਦਿ = ਉਪਦੇਸ਼ ਕੈ = ਕਰਕੇ ਹੀ ਗੁਰਮੁਖ ਜਨ ਆਪ ਜੀ ਦੇ ਸਰੂਪ ਨੂੰ ਸਿਞਾਪੈ = ਪਛਾਣ ਲੈਂਦੇ ਹਨ।

## ਜਿਨ ਪੀਆ ਸੇਈ ਤ੍ਰਿਪਤਾਸੇ; ਸਚੇ ਸਚਿ ਅਘਾਵਣਿਆ ॥੪॥

ਹੇ ਪਰਮੇਸ਼ਰ ! ਜਿਨ੍ਹਾਂ ਨੇ ਤੇਰੇ ਅੰਮ੍ਰਿਤ ਨਾਮ ਨੂੰ ਪੀਆ = ਪੀਣਾ ਕੀਤਾ ਹੈ, ਸੇਈ = ਉਹ ਅਤਿਸ਼ੈ ਕਰਕੇ ਤ੍ਰਿਪਤਾਸੇ = ਤ੍ਰਿਪਤ ਹੋ ਗਏ ਹਨ। ਉਹ ਤੇਰੇ ਸੱਚੇ ਨਾਮ ਦਾ ਸ੍ਰਵਣ ਅਤੇ ਤੇਰੇ ਸੱਚੇ ਨਾਮ ਦਾ ਮੰਨਣ ਕਰਕੇ ਅਘਾਵਣਿਆ = ਰੱਜ ਗਏ ਹਨ **ਵਾ:** ਉਹ ਇਸ ਲੋਕ ਦੇ ਪਦਾਰਥਾਂ ਵੱਲੋਂ ਤ੍ਰਿਪਤਾਸੇ = ਤ੍ਰਿਪਤ ਹੋ ਗਏ ਹਨ ਅਤੇ ਸਚਿ = ਨਿਸਚੇ ਕਰਕੇ ਤੇਰੇ ਸੱਚੇ ਨਾਮ ਦੁਆਰਾ ਪ੍ਰਲੋਕ ਦੇ ਪਦਾਰਥਾਂ ਵੱਲੋਂ ਅਘਾਵਣਿਆ = ਰੱਜ ਗਏ ਹਨ ॥੪॥

## ਤਿਸੁ ਘਰਿ ਸਹਜਾ; ਸੋਈ ਸੁਹੇਲਾ ॥ ਅਨਦ ਬਿਨੋਦ; ਕਰੇ ਸਦ ਕੇਲਾ ॥

ਤਿਸੁ = ਉਸ ਦੇ ਹੀ ਹਿਰਦੇ ਰੂਪੀ ਘਰ ਵਿਚ ਸਹਜਾ = ਗਿਆਨ ਹੈ, ਸੋਈ = ਉਹ ਹੀ ਸੁਹੇਲਾ = ਸੁਖੀ ਹੈ। ਉਹੋ ਹੀ ਬਿਨੋਦ = ਕੌਤਕ ਕਰਨ ਵਾਲੇ ਅਨਦ = ਸੁੱਖ ਸਰੂਪ ਪਰਮੇਸ਼ਰ ਨਾਲ ਮਿਲ ਕੇ ਸਦਾ = ਹਮੇਸ਼ਾ ਕੇਲਾ = ਖੁਸ਼ੀਆਂ ਮਾਨਣਾ ਕਰੇ = ਕਰਦਾ ਹੈ। ਅਤੇ

## ਸੋ ਧਨਵੰਤਾ, ਸੋ ਵਡ ਸਾਹਾ; ਜੋ ਗੁਰ ਚਰਣੀ ਮਨੁ ਲਾਵਣਿਆ ॥੫॥

ਸੋ = ਉਹੋ ਹੀ ਧਨਵੰਤਾ = ਸ਼ੁਭ ਗੁਣਾਂ ਰੂਪੀ ਧਨ ਵਾਲਾ ਅਤੇ ਵਡ = ਵੱਡਾ ਸਾਹਾ = ਸ਼ਾਹੂਕਾਰ ਹੈ, ਜੋ ਗੁਰੂ ਦੇ ਚਰਨਾਂ ਨਾਲ ਆਪਣੇ ਮਨ ਨੂੰ ਲਾਉਣਾ ਕਰਦਾ ਹੈ ॥੫॥

## ਪਹਿਲੋਦੇ; ਤੈਂ ਰਿਜਕੁ ਸਮਾਹਾ ॥ ਪਿਛੋਦੇ; ਤੈਂ ਜੰਤੁ ਉਪਾਹਾ ॥

ਹੇ ਪਰਮੇਸ਼ਰ ! ਸ੍ਰਿਸ਼ਟੀ ਦੇ ਰਚਣ ਤੋਂ ਪਹਿਲੋਦੇ = ਪਹਿਲਾਂ ਹੀ ਤੈਂ = ਤੂੰ ਜੀਵਾਂ ਲਈ ਰਿਜਕੁ = ਰੋਜ਼ੀ ਸਮਾਹਾ = ਅਪੜਾਉਂਦਾ ਹੈਂ। ਅਤੇ ਫੇਰ ਪਿਛੋਦੇ = ਬਾਅਦ ਵਿਚ ਤੈਂ = ਤੂੰ ਜੰਤੁ = ਜੀਵਾਂ ਨੂੰ ਉਪਾਹਾ = ਪੈਦਾ ਕਰਦਾ ਹੈਂ। ਜੈਸਾ ਕਿ :

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥** *(ਰਾਗ ਗੂਜਰੀ ਮ: ੫, ਅੰਗ ੧੦)*

## ਤੁਧੁ ਜੇਵਡੁ ਦਾਤਾ, ਅਵਰੁ ਨ ਸੁਆਮੀ; ਲਵੈ ਨ ਕੋਈ ਲਾਵਣਿਆ ॥੬॥

ਹੇ ਸੁਆਮੀ = ਮਾਲਕ ਪਰਮੇਸ਼ਰ ! ਤੁਧੁ = ਤੇਰੇ ਜੇਵਡੁ = ਜਿੱਡਾ ਵੱਡਾ ਦਾਤਾ = ਦਾਤਾਂ ਦੇਣ ਵਾਲਾ ਅਵਰੁ = ਹੋਰ ਕੋਈ ਵੀ ਨਹੀਂ ਹੈ। ਇਸ ਲਈ ਤੇਰੇ ਲਵੈ = ਬਰਾਬਰ ਕੋਈ ਵੀ ਨ = ਨਹੀਂ ਲਾਵਣਿਆ = ਲਾਇਆ ਜਾ ਸਕਦਾ ॥੬॥ ਜੈਸਾ ਕਿ :

**ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥** *(ਸਲੋਕ ਮ: ੪, ਅੰਗ ੬੫੨)*

ਤਥਾ : **ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥** *(ਸੋਰਠਿ ਮ: ੫, ਅੰਗ ੬੧੩)*

**ਸਾਖੀ—ਮੂਸੇ ਪੈਗ਼ੰਬਰ ਦੀ :** ਜਿਵੇਂ ਮੂਸਾ ਪੈਗ਼ੰਬਰ ਇਕ ਵਾਰ ਖ਼ੁਦਾ ਨੂੰ ਕਹਿਣ ਲੱਗਾ ਕਿ ਜੀਵਾਂ ਨੂੰ ਰੋਜ਼ੀ ਦੇਣ ਦੀ ਸੇਵਾ ਮੈਨੂੰ ਬਖ਼ਸ਼ ਦਿਉ। ਤਾਂ ਖ਼ੁਦਾ ਨੇ ਆਖਿਆ ਕਿ ਸਾਰੇ ਜੀਵਾਂ ਨੂੰ ਰੋਜ਼ੀ ਦੇਣੀ ਤੇਰਾ ਕੰਮ ਨਹੀਂ ਹੈ। ਤੂੰ ਜਿਸ ਪਿੰਡ ਵਿਚ ਰਹਿੰਦਾ ਹੈਂ, ਉਸ ਸਾਰੇ ਪਿੰਡ ਵਾਲਿਆਂ ਨੂੰ ਇਕ ਦਿਨ ਰੋਜ਼ੀ ਦੇ ਕੇ ਦੇਖ ਲੈ। ਪਰ ਰੋਜ਼ੀ ਦੇਣ ਦਾ ਕੰਮ ਤੇਰੇ ਬਸ ਦੀ ਬਾਤ ਨਹੀਂ ਹੈ। ਜਦੋਂ ਮੂਸਾ ਜੀ ਨੇ ਰੱਬੀ ਸ਼ਕਤੀ ਦੁਆਰਾ ਸਾਰਿਆਂ ਨੂੰ ਰੋਜ਼ੀ ਵੰਡ ਦਿੱਤੀ ਪਰ ਇਕ ਕਾਮੀ ਪੁਰਸ਼ ਜੋ ਗੰਦੀ ਵਾਸ਼ਨਾ ਦੀ ਪੂਰਤੀ ਲਈ ਮਰੀ ਹੋਈ ਨੌਜਵਾਨ ਔਰਤ ਨੂੰ ਕਬਰ ਵਿੱਚੋਂ ਕੱਢ ਕੇ ਮੰਦ ਕਰਮ ਕਰਦਾ ਸੀ, ਨਫ਼ਰਤ ਨਾਲ ਉਸ ਨੂੰ ਰੋਜ਼ੀ ਨਹੀਂ ਦਿੱਤੀ ਕਿ ਇਹ ਪਾਪੀ ਹੈ। ਖ਼ੁਦਾ ਨੇ ਪੁੱਛਿਆ ਕਿ ਸਾਰਿਆਂ ਨੂੰ ਰੋਜ਼ੀ ਦੇ ਦਿੱਤੀ ਹੈ ? ਤਾਂ ਮੂਸਾ ਜੀ ਨੇ ਕਿਹਾ, ਹਾਂ

ਜੀ! ਖ਼ੁਦਾ ਨੇ ਕਿਹਾ ਕਿ ਜੋ ਕਬਰ ਵਿਚ ਮਰੀ ਔਰਤ ਦੀ ਬੇਅਦਬੀ ਕਰ ਰਿਹਾ ਸੀ, ਕੀ ਉਸ ਨੂੰ ਰੋਜ਼ੀ ਦਿੱਤੀ? ਤਾਂ ਮੂਸਾ ਜੀ ਨੇ ਕਿਹਾ ਕਿ ਨਹੀਂ। ਫਿਰ ਖ਼ੁਦਾ ਨੇ ਪੁੱਛਿਆ ਕਿ ਕਿਉਂ? ਤਾਂ ਮੂਸਾ ਜੀ ਨੇ ਕਿਹਾ ਕਿ ਉਸ ਨੂੰ ਇਸ ਕਰਕੇ ਰੋਜ਼ੀ ਨਹੀਂ ਦਿੱਤੀ ਕਿ ਉਹ ਕਾਮੀ, ਬਿਭਚਾਰੀ ਅਤੇ ਪਾਪੀ ਪੁਰਸ਼ ਸੀ। ਤਾਂ ਖ਼ੁਦਾ ਨੇ ਕਿਹਾ ਕਿ ਰੋਜ਼ੀ ਦੇਣ ਵੇਲੇ ਇਹ ਦ੍ਵੈਸ਼ ਕਰਨ ਵਾਲਾ ਰੋਜ਼ੀ ਦੇਣ ਦਾ ਅਧਿਕਾਰੀ ਨਹੀਂ। ਮੇਰਾ ਇਹ ਨਿਯਮ ਹੈ ਕਿ ਮੈਂ ਰੋਜ਼ੀ ਪੁੰਨੀ ਪਾਪੀ ਸਾਰਿਆਂ ਨੂੰ ਦਿੰਦਾ ਹਾਂ। ਭਾਵੇਂ ਕੋਈ ਆਪਣੇ ਕਰਮੀਂ ਚੰਗਾ ਜਾਂ ਮਾੜਾ ਹੈ। ਹਿਸਾਬ ਕਿਤਾਬ ਸਾਰਿਆਂ ਦਾ ਵੱਖੋ-ਵੱਖਰਾ ਹੋਵੇਗਾ। ਮੂਸਾ ਕਹਿਣ ਲੱਗਾ ਕਿ ਤੁਸੀਂ ਰੋਜ਼ੀ ਸਾਰਿਆਂ ਨੂੰ ਦਿੰਦੇ ਹੋ? ਤਾਂ ਖ਼ੁਦਾ ਕਹਿਣ ਲੱਗਾ ਕਿ ਹਾਂ! ਮੂਸਾ ਜੀ ਨੇ ਟੋਪੀ ਵਿਚ ਡੱਬੀ ਰੱਖੀ ਹੋਈ ਸੀ। ਉਸ ਵਿਚ ਇਕ ਕੀੜਾ ਬੰਦ ਕੀਤਾ ਹੋਇਆ ਸੀ। ਮੂਸਾ ਜੀ ਕਹਿਣ ਲੱਗੇ ਕਿ ਐ ਖ਼ੁਦਾ! ਕੀ ਇਸ ਕੀੜੇ ਨੂੰ ਵੀ ਰੋਜ਼ੀ ਦਿੱਤੀ ਹੈ? ਤਾਂ ਖ਼ੁਦਾ ਨੇ ਕਿਹਾ ਕਿ ਹਾਂ। ਜਦੋਂ ਮੂਸਾ ਜੀ ਨੇ ਡੱਬੀ ਖੋਲ੍ਹੀ ਤਾਂ ਮੂਸਾ ਪੈਗ਼ੰਬਰ ਹੈਰਾਨ ਹੋ ਗਿਆ ਕਿ ਕੀੜੇ ਦੇ ਮੂੰਹ ਵਿਚ ਚੌਲ ਦਾ ਦਾਣਾ ਹੈ। ਮੂਸਾ ਜੀ ਨੇ ਅਸਚਰਜ ਹੋ ਕੇ ਨਮਾਜ਼ ਪੜ੍ਹੀ। ਉਦੋਂ ਤੋਂ ਹੀ ਪੰਜਵੀਂ ਨਮਾਜ਼ ਚੱਲੀ ਹੈ। ਇਸ ਕਰਕੇ ਪਰਮਾਤਮਾ ਦੇ ਬਰਾਬਰ ਹੋਰ ਕੋਈ ਵੀ ਦਾਤਾ ਨਹੀਂ ਹੈ। ਉਸ ਦੇ ਸਦਰਸ਼ ਕੋਈ ਵੀ ਲਾਇਆ ਨਹੀਂ ਜਾ ਸਕਦਾ ਭਾਵ ਉਸ ਦੇ ਵਰਗੀ ਤੁਲਨਾ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ।

## ਜਿਸੁ ਤੂੰ ਤੁਠਾ; ਸੋ ਤੁਧੁ ਧਿਆਏ ॥ ਸਾਧ ਜਨਾ ਕਾ; ਮੰਤ੍ਰੁ ਕਮਾਏ ॥

ਜਿਸ ਜੀਵ ਦੇ ਨਿਸ਼ਕਾਮ ਕਰਮ ਵੇਖ ਕੇ ਤੂੰ ਤੁਠਾ = ਪ੍ਰਸੰਨ ਹੋ ਜਾਂਦਾ ਹੈਂ, ਸੋ = ਉਹ ਤੁਧੁ = ਤੈਨੂੰ ਧਿਆਏ = ਧਿਆਨ ਦੁਆਰਾ ਧਿਆਉਂਦਾ ਹੈ। ਜੋ ਸਾਧ = ਸ੍ਰੇਸਟ ਕਰਮ ਕਰਨ ਵਾਲੇ ਮਹਾਤਮਾ ਜਨਾਂ **ਵਾ:** ਸ੍ਰੇਸਟ ਸਤਿਗੁਰਾਂ ਕਾ = ਦਾ ਮੰਤ੍ਰ = ਉਪਦੇਸ਼ **ਵਾ:** ਸਤਿਨਾਮ ਰੂਪੀ ਮੰਤਰ ਕਮਾਏ = ਕਮਾਉਂਦਾ ਹੈ।

[ਅੰਗ ੧੩੧]

## ਆਪਿ ਤਰੈ ਸਗਲੇ ਕੁਲ ਤਾਰੇ; ਤਿਸੁ ਦਰਗਹ ਠਾਕ ਨ ਪਾਵਣਿਆ ॥੭॥

ਉਹ ਆਪ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ ਭਾਵ ਮੁਕਤ ਹੋ ਜਾਂਦਾ ਹੈ ਅਤੇ ਆਪਣੀਆਂ ਸਗਲੇ = ਸਾਰੀਆਂ ਕੁਲਾਂ ਨੂੰ ਭੀ ਤਾਰੇ = ਮੁਕਤ ਕਰ ਲੈਂਦਾ ਹੈ ਅਤੇ ਤਿਸੁ = ਉਸ ਨੂੰ ਦਰਗਹ = ਪਰਲੋਕ ਵਿਚ ਕੋਈ ਜਮ ਆਦਿਕ ਠਾਕ = ਰੋਕ ਨ = ਨਹੀਂ ਪਾਵਣਿਆ = ਪਾਉਂਦੇ **ਵਾ:** ਜੋ ਹਿਰਦੇ ਦੇ ਦਰ = ਅੰਦਰ ਤੁਰੀਆ ਪਦ ਰੂਪੀ ਗਹ = ਜਗ੍ਹਾ ਹੈ ਉਸ ਦੇ ਵਿਚ ਰਾਗ ਦ੍ਵੈਸ਼ ਆਦਿ ਦੋਸ਼ ਰੋਕ ਨਹੀਂ ਪਾ ਸਕਦੇ, ਕਿਉਂਕਿ ਉਹ ਅੰਤਰਮੁਖ ਹੋ ਕੇ ਸਰੂਪ ਵਿਚ ਲੀਨ ਹੋ ਜਾਂਦਾ ਹੈ ॥੭॥

## ਤੂੰ ਵਡਾ; ਤੂੰ ਊਚੋ ਊਚਾ ॥ ਤੂੰ ਬੇਅੰਤੁ; ਅਤਿ ਮੂਚੋ ਮੂਚਾ ॥

ਹੇ ਹਰੀ! ਤੂੰ ਤ੍ਰੈਕਾਲ ਅਬਾਧ ਰੂਪ ਹੋਣ ਕਰਕੇ ਸਾਰਿਆਂ ਤੋਂ ਵੱਡਾ ਹੈਂ ਅਤੇ ਬ੍ਰਹਮਾ ਆਦਿਕ ਊਚੋ = ਉੱਚਿਆਂ ਤੋਂ ਵੀ ਤੂੰ ਊਚਾ = ਉੱਚਾ ਹੈਂ ਤੂੰ ਲੋਕ ਪ੍ਰਲੋਕ ਕਰਕੇ ਬੇਅੰਤੁ = ਅੰਤ ਤੋਂ ਰਹਿਤ ਹੈਂ ਅਤੇ ਅਤਿ = ਬਹੁਤ ਮੂਚੋ ਮੂਚਾ = ਵਿਸਤਾਰ ਵਾਲਿਆਂ ਤੋਂ ਵੀ ਵਿਸਤਾਰ ਵਾਲਾ ਹੈਂ।

## ਹਉ ਕੁਰਬਾਣੀ ਤੇਰੈ ਵੰਞਾ; ਨਾਨਕ ਦਾਸ ਦਸਾਵਣਿਆ ॥੮॥੧॥੩੫॥

ਹਉ = ਅਸੀਂ ਤੇਰੈ = ਤੁਹਾਡੇ ਤੋਂ ਕੁਰਬਾਣੀ = ਬਲਿਹਾਰ ਵੰਞਾ = ਜਾਂਦੇ ਹਾਂ ਅਤੇ ਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਆਪ ਜੀ ਦੇ ਦਾਸ = ਸੇਵਕਾਂ ਦੇ ਦਸਾਵਣਿਆ = ਸੇਵਕ ਹਾਂ **ਵਾ:** ਸੇਵਕਾਂ ਦੇ ਸੇਵਕ ਦਸਾਵਣਿਆ = ਸਦਾਉਂਦੇ ਹਾਂ ॥੮॥੧॥੩੫॥

## ਮਾਝ ਮਹਲਾ ੫ ॥

**ਉਥਾਨਕਾ :** ਜਦੋਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਮੰਜੀ ਸਾਹਿਬ ਅੰਮ੍ਰਿਤਸਰ ਬਿਰਾਜਮਾਨ ਸਨ ਤਾਂ ਸਿੱਧ ਗੁਰੂ ਸਾਹਿਬ ਜੀ ਨੂੰ ਪਰਖਣ ਲਈ ਆਏ ਅਤੇ ਸਿੱਧਾਂ ਨੇ ਆ ਕੇ ਆਦੇਸ ਆਦੇਸ ਉਚਾਰੀ ਤਾਂ ਗੁਰੂ ਜੀ ਨੇ ਕਿਹਾ ਕਿ ਹੇ ਸਿੱਧੋ ! ਆਦਿ ਪੁਰਖ ਨੂੰ ਆਦੇਸ ਹੈ। ਇਤਨਾ ਸੁਣ ਕੇ ਸਿੱਧਾਂ ਨੇ ਗੁਰੂ ਜੀ ਨੂੰ ਚੌਵੀ (੨੪) ਪ੍ਰਸ਼ਨ ਕੀਤੇ। ਜਿਨ੍ਹਾਂ ਦਾ ਸਤਿਗੁਰੂ ਜੀ ਪਹਿਲਾਂ ਚਾਰ ਪਦਿਆਂ ਵਿਚ ਕਥਨ ਕਰਨੇ ਫੇਰ ਉੱਤਰ ਦੇਣਗੇ।

*ਪ੍ਰਸ਼ਨ :*

### ਕਉਣੁ ਸੁ ਮੁਕਤਾ; ਕਉਣੁ ਸੁ ਜੁਗਤਾ ॥
### ਕਉਣੁ ਸੁ ਗਿਆਨੀ; ਕਉਣੁ ਸੁ ਬਕਤਾ ॥

੧. ਸੁ = ਉਹ ਮੁਕਤ ਪੁਰਸ਼ ਕੌਣ ਹੈ ? ੨. ਸੁ = ਉਹ ਕੌਣ ਪੁਰਸ਼ ਹੈ, ਜੋ ਪਰਮਾਤਮਾ ਨਾਲ ਜੁਗਾਂ ਜੁਗਾਂ ਵਿਚ ਜੁਗਤਾ = ਜੁੜਿਆ ਰਹਿੰਦਾ ਹੈ ? ੩. ਸੁ = ਸ੍ਰੇਸ਼ਟ ਸਰੂਪ ਦਾ ਗਿਆਨੀ ਕੌਣ ਹੈ ? ੪. ਸੁ = ਸ੍ਰੇਸ਼ਟ ਬਕਤਾ ਬ੍ਰਹਮ ਸਰੋਤਰੀ ਤੱਤ ਬੇਤਾ ਬ੍ਰਹਮ ਨੇਸ਼ਟੀ ਕਉਣ = ਕੌਣ ਹੈ ?

### ਕਉਣੁ ਸੁ ਗਿਰਹੀ, ਕਉਣੁ ਉਦਾਸੀ; ਕਉਣੁ ਸੁ ਕੀਮਤਿ ਪਾਏ ਜੀਉ ॥੧॥

੫. ਸੁ = ਸ੍ਰੇਸ਼ਟ ਗਿਰਹੀ = ਗ੍ਰਿਹਸਥੀ ਕੌਣ ਹੈ ? ੬. ਸੰਸਾਰ ਤੋਂ ਉਦਾਸੀ = ਉਦਾਸ ਰਹਿਣ ਵਾਲਾ ਕੌਣ ਹੈ ? ੭. ਸੁ = ਉਸ ਹਰੀ ਦੀ ਪ੍ਰਾਪਤੀ ਰੂਪ ਕੀਮਤ ਨੂੰ ਕੌਣ ਪਾ ਸਕਦਾ ਹੈ ਜੀ ॥੧॥

### ਕਿਨਿ ਬਿਧਿ ਬਾਧਾ; ਕਿਨਿ ਬਿਧਿ ਛੂਟਾ ॥
### ਕਿਨਿ ਬਿਧਿ; ਆਵਣੁ ਜਾਵਣੁ ਤੂਟਾ ॥

੮. ਸੰਸਾਰ ਵਿਚ ਜੀਵ ਕਿਨਿ = ਕਿਹੜੇ ਬਿਧਿ = ਤਰੀਕੇ ਨਾਲ ਬਾਧਾ = ਬੰਨਿਆ ਗਿਆ ਹੈ ? ੯. ਕਿਨਿ = ਕਿਹੜੇ ਬਿਧਿ = ਤਰੀਕੇ ਨਾਲ ਛੂਟਾ = ਛੁਟਕਾਰਾ ਪਾਉਂਦਾ ਹੈ ? ੧੦. ਕਿਨਿ = ਕਿਹੜੇ ਬਿਧਿ = ਤਰੀਕੇ ਨਾਲ ਆਉਣਾ ਜਾਣਾ ਭਾਵ ਜੰਮਣਾ ਮਰਨਾ ਤੂਟਾ = ਟੁੱਟਦਾ ਹੈ ?

### ਕਉਣ ਕਰਮ, ਕਉਣ ਨਿਹਕਰਮਾ; ਕਉਣੁ ਸੁ ਕਹੈ ਕਹਾਏ ਜੀਉ ॥੨॥

੧੧. ਸਮਾਨ ਕਰਮ ਕੌਣ ਕਰਦਾ ਹੈ ? ੧੨. ਨਿਹਕਰਮਾ = ਨਿਸ਼ਕਾਮੀ ਕੌਣ ਹੈ ? ੧੩. ਸੁ = ਉਹ ਕੌਣ ਪੁਰਸ਼ ਹੈ ਜੋ ਪਰਮੇਸ਼ਰ ਦੇ ਜੱਸ ਨੂੰ ਆਪ ਕਹੈ = ਕਹਿੰਦਾ ਹੈ ਤੇ ਹੋਰਨਾਂ ਪਾਸੋਂ ਕਹਾਏ = ਕਹਾਉਂਦਾ ਹੈ ਜੀ ॥੨॥

### ਕਉਣੁ ਸੁ ਸੁਖੀਆ; ਕਉਣੁ ਸੁ ਦੁਖੀਆ ॥ ਕਉਣੁ ਸੁ ਸਨਮੁਖੁ; ਕਉਣੁ ਵੇਮੁਖੀਆ ॥

੧੪. ਆਤਮਾ ਨੰਦ ਨੂੰ ਪਾ ਕੇ ਸੰਸਾਰ ਵਿਚ ਸੁ = ਸ੍ਰੇਸ਼ਟ ਸੁਖੀਆ ਕੌਣ ਹੈ ? ੧੫. ਸੰਸਾਰ ਵਿਚ ਸੁ = ਉਹ ਕੌਣ ਹੈ ਜੋ ਦੁਖੀ ਹੈ ? ੧੬. ਪਰਮੇਸ਼ਰ ਦੇ ਸਨਮੁਖ ਰਹਿਣ ਵਾਲਾ ਸੁ = ਉਹ ਕੌਣ ਹੈ ? ੧੭. ਪਰਮੇਸ਼ਰ ਤੋਂ ਬੇਮੁਖ ਕੌਣ ਹੈ ?।

### ਕਿਨਿ ਬਿਧਿ ਮਿਲੀਐ, ਕਿਨਿ ਬਿਧਿ ਬਿਛੁਰੈ;
### ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥

੧੮. ਕਿਨਿ = ਕਿਸ ਬਿਧਿ = ਤਰੀਕੇ ਨਾਲ ਹਰੀ ਨੂੰ ਮਿਲੀਐ = ਮਿਲੀਦਾ ਹੈ ? ੧੯. ਕਿਨਿ = ਕਿਹੜੇ

ਬਿਧਿ = ਤਰੀਕੇ ਕਰਕੇ ਹਰੀ ਨਾਲੋਂ ਬਿਛੁਰੈ = ਵਿਛੁੜੀਦਾ ਹੈ ? ੨੦. ਇਸ ਵਿਧੀ ਨੂੰ ਪ੍ਰਗਟ ਕਰਨ ਵਾਲਾ ਕੌਣ ਹੈ। ਆਪ ਜੀ ਦੱਸਣਾ ਕਰੋ ॥੩॥

## ਕਉਣੁ ਸੁ ਅਖਰੁ; ਜਿਤੁ ਧਾਵਤੁ ਰਹਤਾ ॥
## ਕਉਣੁ ਉਪਦੇਸੁ; ਜਿਤੁ ਦੁਖੁ ਸੁਖੁ ਸਮ ਸਹਤਾ ॥

੨੧. ਸੁ = ਉਹ ਕਿਹੜਾ ਅੱਖਰ **ਵਾ:** ਅਖਰੁ = ਮੰਤਰ ਹੈ, ਜਿਤੁ = ਜਿਸ ਕਰਕੇ ਧਾਵਤੁ = ਦੌੜਦਾ ਮਨ ਸਥਿਰ ਰਹਤਾ = ਰਹਿੰਦਾ ਹੈ। ੨੨. ਉਹ ਉਪਦੇਸ਼ ਕਿਹੜਾ ਹੈ ਜਿਤੁ = ਜਿਸ ਅਨੁਸਾਰ ਚੱਲ ਕੇ ਮਨ ਦੁੱਖ ਸੁੱਖ ਨੂੰ ਸਮ = ਬਰਾਬਰ ਸਹਤਾ = ਸਹਾਰਦਾ ਹੈ।

## ਕਉਣੁ ਸੁ ਚਾਲ, ਜਿਤੁ ਪਾਰਬ੍ਰਹਮੁ ਧਿਆਏ;
## ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥

੨੩. ਸੁ = ਉਹ ਕਿਹੜੀ ਸ੍ਰੇਸ਼ਟ ਚਾਲ = ਚਾਲੀ, ਰੀਤੀ ਹੈ ਜਿਤੁ = ਜਿਸ ਨਾਲ ਪਾਰਬ੍ਰਹਮੁ = ਹਰੀ ਅਕਾਲ ਪੁਰਖ ਨੂੰ ਧਿਆਏ = ਧਿਆਇਆ ਜਾਂਦਾ ਹੈ ? ੨੪. ਕਿਨਿ = ਕਿਹੜੇ ਬਿਧਿ = ਤਰੀਕੇ ਨਾਲ ਹਰੀ ਦੇ ਕੀਰਤਨੁ = ਜਸ ਨੂੰ ਗਾਏ = ਗਾਇਆ ਜਾਂਦਾ ਹੈ ਜੀ ? ॥੪॥ ਇਥੋਂ ਤੱਕ ਚੌਵੀ ਪ੍ਰਸ਼ਨ ਆ ਚੁੱਕੇ ਹਨ। ***ਉੱਤਰ :*** ਅੱਗੇ ਗੁਰੂ ਸਾਹਿਬ ਜੀ ਉੱਤਰ ਦਿੰਦੇ ਹਨ :

## ਗੁਰਮੁਖਿ ਮੁਕਤਾ; ਗੁਰਮੁਖਿ ਜੁਗਤਾ ॥
## ਗੁਰਮੁਖਿ ਗਿਆਨੀ; ਗੁਰਮੁਖਿ ਬਕਤਾ ॥

੧. ਗੁਰਮੁਖ ਹੀ ਸੰਸਾਰੀ ਬੰਧਨਾਂ ਤੋਂ ਮੁਕਤਾ = ਮੁਕਤ ਹੈ **ਵਾ:** ਗੁਰਮੁਖ ਹੀ ਕੈਵਲ, ਜੀਵਨ, ਬਿਦੇਹ ਮੁਕਤੀ ਪ੍ਰਾਪਤ ਕਰਨ ਵਾਲਾ ਹੈ। ੨. ਗੁਰਮੁਖ ਹੀ ਜੁਗਾਂ-ਜੁਗਾਂ ਵਿਚ ਪਰਮੇਸ਼ਰ ਨਾਲ ਜੁਗਤਾ = ਜੁੜਿਆ ਹੋਇਆ ਹੈ।

੩. ਗੁਰਮੁਖ ਹੀ ਸ੍ਰੇਸ਼ਟ ਸਰੂਪ ਦਾ ਗਿਆਨੀ = ਗਿਆਨਵਾਨ ਹੈ। ੪. ਗੁਰਮੁਖ ਹੀ ਬਕਤਾ = ਬਕਤਬ ਭਾਵ ਪਰਮੇਸ਼ਰ ਦਾ ਜਸ ਉਚਾਰਨ ਵਾਲਾ ਹੈ।

## ਧੰਨੁ ਗਿਰਹੀ ਉਦਾਸੀ ਗੁਰਮੁਖਿ; ਗੁਰਮੁਖਿ ਕੀਮਤਿ ਪਾਏ ਜੀਉ ॥੫॥

੫. ਗੁਰਮੁਖ ਹੀ ਸ੍ਰੇਸ਼ਟ ਗਿਰਹੀ = ਗ੍ਰਿਹਸਥੀ ਧੰਨ = ਧੰਨਤਾ ਦੇ ਜੋਗ ਹੈ, ੬. ਗੁਰਮੁਖ ਹੀ ਸੰਸਾਰ ਤੋਂ ਉਦਾਸੀ = ਉਪਰਾਮ ਰਹਿਣ ਵਾਲਾ ਹੈ **ਅਥਵਾ** ਜਿਸਦੀ ਸ਼ਾਂਤੀ ਰੂਪ ਇਸਤਰੀ, ਸੰਤੋਖ ਰੂਪੀ ਪਿਤਾ, ਖਿਮਾ ਰੂਪੀ ਮਾਂ, ਗਿਆਨ ਰੂਪੀ ਪੁੱਤਰ ਹੈ। ਐਸਾ ਗ੍ਰਿਹਸਥੀ ਗੁਰਮੁਖ ਧੰਨ ਹੈ, ਅਤੇ ਜਿਸਨੇ ਤ੍ਰਿਸ਼ਨਾ ਰੂਪੀ ਇਸਤਰੀ, ਦੁਬਿਧਾ ਰੂਪੀ ਧੀ, ਰਾਗ ਦ੍ਵੈਸ਼ ਰੂਪੀ ਪੁੱਤਰਾਂ ਦਾ ਤਿਆਗ ਕੀਤਾ ਹੈ, ਐਸਾ ਉਦਾਸੀ ਗੁਰਮੁਖ ਵੀ ਧੰਨ ਹੈ। ੭. ਗੁਰਮੁਖ ਹੀ ਉਸ ਪਰਮੇਸ਼ਰ ਦੀ ਪ੍ਰਾਪਤੀ ਰੂਪੀ ਕੀਮਤ ਨੂੰ ਪਾਏ = ਪਾਉਂਦਾ ਹੈ ਜੀ ॥੫॥

## ਹਉਮੈ ਬਾਧਾ; ਗੁਰਮੁਖਿ ਛੂਟਾ ॥ ਗੁਰਮੁਖਿ; ਆਵਣੁ ਜਾਵਣੁ ਤੂਟਾ ॥

੮. ਇਸ ਸੰਸਾਰ ਵਿਚ ਜੀਵ ਹਉਮੈ = ਹੰਗਤਾ ਮਮਤਾ ਦੇ ਬੰਧਨਾਂ ਵਿਚ ਬਾਧਾ = ਬੱਝਾ ਹੋਇਆ ਹੈ, ੯. ਇਹ ਜੀਵ ਗੁਰਮੁਖ ਹੋ ਕੇ ਹੀ ਇੰਨ੍ਹਾਂ ਬੰਧਨਾਂ ਤੋਂ ਛੂਟਾ = ਛੁਟਕਾਰਾ ਪਾਉਂਦਾ ਹੈ।

੧੦. ਗੁਰਮੁਖ ਹੋ ਕੇ ਹੀ ਆਵਣੁ ਜਾਵਣੁ = ਆਉਣਾ ਜਾਣਾ ਭਾਵ ਜੰਮਣਾ ਮਰਨਾ ਤੂਟਾ = ਟੁੱਟਦਾ ਹੈ।

**ਗੁਰਮੁਖਿ ਕਰਮ, ਗੁਰਮੁਖਿ ਨਿਹਕਰਮਾ; ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥**

੧੧. ਗੁਰਮੁਖ ਹੀ ਸਮਾਨ, ਸ਼ੁੱਭ ਕਰਮ ਕਰਦਾ ਹੈ ਭਾਵ ਗੁਰਾਂ ਦੀ ਸ਼ਰਧਾਂ ਭਾਵਨਾ ਨਾਲ ਫਲ ਦੀ ਇੱਛਾ ਤੋਂ ਰਹਿਤ ਹੋ ਕੇ ਸੇਵਾ ਕਰਦਾ ਹੈ, ੧੨. ਗੁਰਮੁਖ ਹੀ ਨਿਹਕਰਮਾ = ਨਿਸ਼ਕਾਮੀ **ਵਾ:** ਕਰਮਾਂ ਤੋਂ ਰਹਿਤ ਹੈ, ੧੩. ਗੁਰਮੁਖ ਸੁਭਾਏ = ਸੁਭਾਵਿਕ ਉਸ ਪਰਮੇਸ਼ਰ ਦੇ ਜਸ ਨੂੰ ਆਪ ਕਰੇ = ਕਰਦਾ ਹੈ ਅਤੇ ਹੋਰਨਾਂ ਪਾਸੋਂ ਕਰਾਉਂਦਾ ਹੈ ਜੀ ॥੬॥

**ਗੁਰਮੁਖਿ ਸੁਖੀਆ; ਮਨਮੁਖਿ ਦੁਖੀਆ ॥**
**ਗੁਰਮੁਖਿ ਸਨਮੁਖੁ; ਮਨਮੁਖਿ ਵੇਮੁਖੀਆ ॥**

੧੪. ਗੁਰਮੁਖ ਹੀ ਆਤਮਾ, ਬ੍ਰਹਮਾਨੰਦ ਨੂੰ ਪ੍ਰਾਪਤ ਕਰਕੇ ਪੂਰਨ ਸੁਖੀਆ = ਸੁਖੀ ਹੈ, ੧੫. ਇਸ ਸੰਸਾਰ ਵਿਚ ਮਨਮੁਖ ਹੀ ਵਿਸ਼ਿਆਂ ਵਿਚ ਲੱਗਣ ਕਰਕੇ ਦੁਖੀਆ = ਦੁਖੀ ਹੈ।

੧੬. ਗੁਰਮੁਖ ਹੀ ਸਾਵਧਾਨ ਹੋ ਕੇ ਪਰਮੇਸ਼ਰ ਦੇ ਸਨਮੁਖ ਰਹਿੰਦਾ ਹੈ ਭਾਵ ਪਰਮੇਸ਼ਰ ਨੂੰ ਹਰ ਵੇਲੇ ਆਪਣੇ ਨਜ਼ਦੀਕ ਸਮਝਦਾ ਹੈ ਤੇ ਆਪ ਨੂੰ ਸਦਾ ਉਸ ਦੀ ਹਜ਼ੂਰੀ ਦੀ ਪ੍ਰਤੀਤੀ ਵਿਚ ਰੱਖਦਾ ਹੈ। ੧੭. ਮਨਮੁਖ ਹੀ ਪਰਮੇਸ਼ਰ ਤੋਂ ਵੇਮੁਖੀਆ = ਬੇ-ਮੁਖ ਹੈ ਭਾਵ ਕੁਸੰਗਤ ਦੇ ਪ੍ਰਭਾਵ ਕਾਰਨ ਪਰਮੇਸ਼ਰ ਨੂੰ ਆਪਣੇ ਹਾਜ਼ਰਾ-ਹਜ਼ੂਰ ਨਹੀਂ ਸਮਝਦਾ।

**ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ; ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥**

੧੮. ਗੁਰਮੁਖ ਹੋ ਕੇ **ਵਾ:** ਗੁਰਮੁਖਾਂ ਦੀ ਸੰਗਤ ਕਰਕੇ ਹੀ ਪਰਮੇਸ਼ਰ ਨਾਲ ਮਿਲੀਐ = ਮਿਲੀਦਾ ਹੈ, ੧੯. ਮਨਮੁਖਿ = ਮਨਮੁਖਤਾ ਕਰਕੇ ਪਰਮੇਸ਼ਰ ਨਾਲੋਂ ਵਿਛੁਰੈ = ਵਿੱਛੜ ਜਾਈਦਾ ਹੈ। ੨੦. ਇਸ ਮਿਲਣ ਤੇ ਵਿਛੜਨ ਦੀ ਬਿਧਿ = ਵਿਧੀ (ਜੁਗਤੀ) ਨੂੰ ਗੁਰਮੁਖ ਹੀ ਬ੍ਰਹਮ ਵਿਦਿਆ ਦੁਆਰਾ ਪ੍ਰਗਟਾਏ = ਪ੍ਰਗਟ ਕਰਦਾ ਹੈ ਜੀ ॥੭॥

**ਗੁਰਮੁਖਿ ਅਖਰੁ; ਜਿਤੁ ਧਾਵਤੁ ਰਹਤਾ ॥**
**ਗੁਰਮੁਖਿ ਉਪਦੇਸੁ; ਦੁਖੁ ਸੁਖੁ ਸਮ ਸਹਤਾ ॥**

੨੧. ਉਹ ਗੁਰਮੁਖਿ = ਗੁਰਮੁਖਤਾਈ ਵਾਲਾ ਅੱਖਰ ਹੈ **ਵਾ:** ਗੁਰਮੁਖਿ = ਮੁਖੀ ਗੁਰਾਂ ਦਾ ਉਚਾਰਨ ਕੀਤਾ ਹੋਇਆ ਵਾਹਿਗੁਰੂ ਰੂਪੀ ਅਖਰੁ = ਮੰਤ੍ਰ ਹੈ, ਜਿਤੁ = ਜਿਸ ਦੇ ਸਿਮਰਨ ਕਰਨ ਨਾਲ ਵਾਸ਼ਨਾਵਾਂ ਵਿਚ ਧਾਵਤੁ = ਦੌੜਨ ਵੱਲੋਂ ਮਨ ਇਸਥਿਤ ਹੋ ਕੇ ਰਹਤਾ = ਰਹਿੰਦਾ ਹੈ।

੨੨. ਉਹ ਗੁਰਮੁਖਿ = ਮੁਖੀ ਗੁਰਾਂ **ਵਾ:** ਗੁਰਮੁਖਾਂ ਦਾ ਉਪਦੇਸ਼ ਹੀ ਹੈ, ਜਿਸ ਦੀ ਕਮਾਈ ਕਰਕੇ ਮਨ ਦੁੱਖ ਸੁੱਖ ਨੂੰ ਸਮ = ਬਰਾਬਰ ਸਹਤਾ = ਸਹਾਰਦਾ ਹੈ।

**ਗੁਰਮੁਖਿ ਚਾਲ, ਜਿਤੁ ਪਾਰਬ੍ਰਹਮੁ ਧਿਆਏ; ਗੁਰਮੁਖਿ ਕੀਰਤਨੁ ਗਾਏ ਜੀਉ ॥੮॥**

੨੩. ਗੁਰਮੁਖਾਂ ਕੋਲ ਹੀ ਪ੍ਰੇਮਾ-ਭਗਤੀ ਵਾਲੀ ਚਾਲ = ਰੀਤ ਹੈ, ਜਿਤੁ = ਜਿਸ ਕਰਕੇ ਪਾਰਬ੍ਰਹਮ = ਪਰਮੇਸ਼ਰ ਧਿਆਏ = ਧਿਆਇਆ ਜਾਂਦਾ ਹੈ, ੨੪. ਗੁਰਮੁਖਾਂ ਦੇ ਗੁਣ ਧਾਰਨ ਕਰਕੇ **ਵਾ:** ਮੁਖੀ ਗੁਰਾਂ ਦੀ ਕਿਰਪਾ ਦੁਆਰਾ ਹੀ ਪਰਮੇਸ਼ਰ ਦਾ ਕੀਰਤਨੁ = ਜਸ ਗਾਏ = ਗਾਇਆ ਜਾਂਦਾ ਹੈ ਜੀ ॥੮॥

ਇਥੋਂ ਤੱਕ ਚੌਵੀ (੨੪) ਪ੍ਰਸ਼ਨਾਂ ਦੇ ਗੁਰੂ ਸਾਹਿਬ ਜੀ ਵੱਲੋਂ ਉੱਤਰ ਦਿੱਤੇ ਗਏ ਹਨ।

## ਸਗਲੀ ਬਣਤ; ਬਣਾਈ ਆਪੇ ॥ ਆਪੇ ਕਰੇ; ਕਰਾਏ ਥਾਪੇ ॥

ਗੁਰਮੁਖ ਜਾਣਦੇ ਹਨ ਕਿ ਪਰਮੇਸ਼ਰ ਨੇ ਆਪੇ ਹੀ ਸਗਲੀ = ਸਾਰੀ ਬਣਤ = ਬਣਾਵਟ ਬਣਾਈ ਹੈ। ਆਪ ਹੀ ਬ੍ਰਹਮਾ ਰੂਪ ਹੋ ਕੇ ਥਾਪੇ = ਪੈਦਾ ਕਰਦਾ ਹੈ ਤੇ ਆਪ ਹੀ ਵਿਸ਼ਨੂੰ ਰੂਪ ਹੋ ਕੇ ਪ੍ਰਤਿਪਾਲਦਾ ਹੈ ਤੇ ਆਪ ਹੀ ਸ਼ਿਵ ਜੀ ਰੂਪ ਹੋ ਕੇ ਪਰਲੋ ਕਰਦਾ ਹੈ।

## ਇਕਸੁ ਤੇ ਹੋਇਓ ਅਨੰਤਾ; ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥੨॥੩੬॥

ਇਕਸੁ = ਇਕ ਸਰੂਪ ਤੇ = ਤੋਂ ਅਨੰਤਾ = ਬੇਅੰਤ ਸਰੂਪ ਹੋਇਓ = ਹੋ ਰਿਹਾ ਹੈ। ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੂੰ ਏਕਸੁ = ਇਕ ਹਰੀ ਪਰਮੇਸ਼ਰ ਦਾ ਗਿਆਨ ਹੋ ਗਿਆ, ਉਹ ਹਰੀ ਮਾਹਿ = ਵਿਚ ਹੀ ਸਮਾਏ = ਸਮਾ ਜਾਂਦੇ ਹਨ ਭਾਵ ਅਭੇਦ ਹੋ ਜਾਂਦੇ ਹਨ ॥੯॥੨॥੩੬॥

## ਮਾਝ ਮਹਲਾ ੫ ॥

## ਪ੍ਰਭੁ ਅਬਿਨਾਸੀ; ਤਾ ਕਿਆ ਕਾੜਾ ॥ ਹਰਿ ਭਗਵੰਤਾ; ਤਾ ਜਨੁ ਖਰਾ ਸੁਖਾਲਾ ॥

ਹੇ ਅਬਿਨਾਸੀ = ਨਾਸ ਤੋਂ ਰਹਿਤ ਪ੍ਰਭੁ = ਪਰਮੇਸ਼ਰ ! ਜਦੋਂ ਤੂੰ ਸਾਡਾ ਮਾਲਕ ਹੈਂ ਤਾਂ ਫਿਰ ਕਿਆ = ਕਿਸ ਪ੍ਰਕਾਰ ਦਾ ਕਾੜਾ = ਝੋਰਾ ਭਾਵ ਦੁੱਖ ਹੈ।

ਹੇ ਭਗਵੰਤਾ = ਪਰਮੇਸ਼ਰ ! ਜਦੋਂ ਤੂੰ ਹੀ ਸਾਰੇ ਦੁੱਖਾਂ ਦਾ ਹਰਿ = ਹਾਰਕ ਹੈਂ ਤਾਂ ਅਸੀਂ ਜਨੁ = ਦਾਸ ਖਰਾ = ਅਤਿਅੰਤ ਸੁਖਾਲਾ = ਸੁੱਖੀ ਹਾਂ **ਵਾ:** ਮੈਂ ਜਨ ਸੁਖਾਲਾ (ਸੁਖ+ਆਲਾ) ਸੁਖ = ਸੁੱਖਾਂ ਦਾ ਆਲਾ = ਘਰ ਬਣ ਗਿਆ ਹਾਂ।

## ਜੀਅ ਪ੍ਰਾਨ ਮਾਨ ਸੁਖਦਾਤਾ; ਤੂੰ ਕਰਹਿ ਸੋਈ ਸੁਖੁ ਪਾਵਣਿਆ ॥੧॥

ਹੇ ਪਰਮੇਸ਼ਰ ! ਤੂੰ ਹੀ ਜੀਅ = ਜੀਵਾਂ ਨੂੰ ਪ੍ਰਾਣ ਮਾਨ = ਸਤਿਕਾਰ ਤੇ ਸੁਖਦਾਤਾ = ਸੁੱਖ ਦੇਣ ਵਾਲਾ ਹੈਂ ਅਤੇ ਜੋ ਵੀ ਤੂੰ ਕਰਦਾ ਹੈਂ ਉਸ ਨੂੰ ਅਸੀਂ ਸੁੱਖ ਕਰਕੇ ਪਾਵਣਿਆ = ਪਾਉਣਾ ਕਰਦੇ ਹਾਂ ॥੧॥

## ਹਉ ਵਾਰੀ, ਜੀਉ ਵਾਰੀ; ਗੁਰਮੁਖਿ ਮਨਿ ਤਨਿ ਭਾਵਣਿਆ ॥

ਹਉ = ਅਸੀਂ ਸਰੀਰ ਕਰਕੇ ਵਾਰੀ = ਵਾਰਨੇ, ਜੀਉ = ਹਿਰਦੇ ਕਰਕੇ ਵੀ ਉਨ੍ਹਾਂ ਤੋਂ ਵਾਰੀ = ਬਲਿਹਾਰ ਜਾਂਦੇ ਹਾਂ ਜੋ ਗੁਰਮੁਖ ਮਨ ਤਨ ਕਰਕੇ ਸ਼ਰਧਾ ਭਾਵਨਾ ਨਾਲ ਸਿਮਰਨ ਕਰਦੇ ਹੋਏ ਤੈਨੂੰ ਭਾਵਣਿਆ = ਭਾ ਜਾਂਦੇ ਹਨ।

## ਤੂੰ ਮੇਰਾ ਪਰਬਤੁ, ਤੂੰ ਮੇਰਾ ਓਲਾ; ਤੁਮ ਸੰਗਿ ਲਵੈ ਨ ਲਾਵਣਿਆ ॥੧॥ਰਹਾਉ॥

ਹੇ ਪਰਮੇਸ਼ਰ ! ਤੂੰ ਹੀ ਮੇਰਾ ਪਰਬਤ ਦੀ ਨਿਆਈਂ ਅਚੱਲ ਆਸਰਾ ਹੈਂ, ਤੂੰ ਹੀ ਮੇਰਾ ਓਲਾ = ਪੜਦਾ ਰੂਪ ਹੈਂ **ਵਾ:** ਤੂੰ ਹੀ ਮੇਰਾ ਮਨ ਕਰਕੇ ਪਰਬਤ ਭਾਵ ਅਧਿਸ਼ਠਾਨ ਆਸਰਾ ਰੂਪ ਹੈਂ, ਤੂੰ ਹੀ ਤਨ ਕਰਕੇ ਮੇਰਾ ਓਲਾ = ਪੜਦਾ ਰੂਪ ਹੈ, ਤੁਮ = ਤੇਰੇ ਸੰਗਿ = ਨਾਲ ਕਿਸੇ ਪੀਰ ਪੈਗ਼ੰਬਰ ਆਦਿ ਨੂੰ ਲਵੈ = ਬਰਾਬਰ ਨ = ਨਹੀਂ ਲਾਵਣਿਆ = ਲਾਇਆ ਜਾ ਸਕਦਾ ॥੧॥ਰਹਾਉ॥

## ਤੇਰਾ ਕੀਤਾ; ਜਿਸੁ ਲਾਗੈ ਮੀਠਾ ॥ ਘਟਿ ਘਟਿ ਪਾਰਬ੍ਰਹਮੁ; ਤਿਨਿ ਜਨਿ ਡੀਠਾ ॥

ਹੇ ਹਰੀ ! ਤੇਰਾ = ਤੁਹਾਡਾ ਕੀਤਾ ਜਿਸ ਨੂੰ ਮੀਠਾ = ਪਿਆਰਾ ਲਾਗੈ = ਲੱਗਦਾ ਹੈ।ਹੇ ਪਾਰਬ੍ਰਹਮੁ = ਪਰਮੇਸ਼ਰ ! ਤੈਨੂੰ ਘਟਿ ਘਟਿ = ਘਟਾ ਘਟਾ ਵਿਚ ਤਿਨਿ = ਉਸ ਗੁਰਮੁਖ ਜਨ ਨੇ ਡੀਠਾ = ਦੇਖਣਾ ਕੀਤਾ ਹੈ।

## ਥਾਨਿ ਥਨੰਤਰਿ ਤੂੰਹੈ ਤੂੰਹੈ; ਇਕੋ ਇਕੁ ਵਰਤਾਵਣਿਆ ॥੨॥

ਹੇ ਪਰਮੇਸ਼ਰ ! ਸਾਰੇ ਥਾਨਿ = ਥਾਵਾਂ ਤੇ ਥਨੰਤਰਿ = ਥਾਵਾਂ ਵਿਚ ਰਹਿਣ ਵਾਲੇ ਜੀਵਾਂ ਵਿਚ ਇਕ ਤੂੰ ਹੀ, ਤੂੰ ਹੀ ਵਿਆਪਕ ਹੋ ਰਿਹਾ ਹੈ ਅਤੇ ਇੱਕੋ ਇਕ ਤੂੰ ਹੀ ਸਾਰਿਆਂ ਤੇ ਆਪਣਾ ਹੁਕਮ ਵਰਤਾਵਣਿਆ = ਵਰਤਾ ਰਿਹਾ ਹੈਂ **ਵਾ:** ਇੱਕੋ ਇਕ ਤੂੰ ਹੀ ਨਿਰਗੁਣ ਸਰਗੁਣ ਸਰੂਪ ਹੋ ਕੇ ਵਰਤ ਰਿਹਾ ਹੈਂ ॥੨॥

## ਸਗਲ ਮਨੋਰਥ; ਤੂੰ ਦੇਵਣਹਾਰਾ ॥ ਭਗਤੀ ਭਾਇ; ਭਰੇ ਭੰਡਾਰਾ ॥

ਹੇ ਪਰਮੇਸ਼ਰ ! ਜੋ ਇਕ ਚਿਤ ਹੋ ਕੇ ਤੈਨੂੰ ਯਾਦ ਕਰਦੇ ਹਨ, ਉਹਨਾਂ ਸਗਲ = ਸਾਰਿਆਂ ਨੂੰ ਮਨੋਰਥ = ਮਨ ਭਾਉਂਦੇ ਪਦਾਰਥ ਤੂੰ ਹੀ ਦੇਵਣਹਾਰਾ = ਦੇਣ ਵਾਲਾ ਹੈਂ। ਗੁਰਮੁਖ ਜਨਾਂ ਨੇ ਤੇਰੀ ਭਾਇ = ਪ੍ਰੇਮਾ-ਭਗਤੀ ਨਾਲ ਹਿਰਦੇ ਰੂਪੀ ਭੰਡਾਰਾ = ਖ਼ਜ਼ਾਨੇ ਲਬਾਲਬ ਭਰੇ ਹਨ।

[ਅੰਗ ੧੩੨]

## ਦਇਆ ਧਾਰਿ ਰਾਖੇ ਤੁਧੁ ਸੇਈ; ਪੂਰੈ ਕਰਮਿ ਸਮਾਵਣਿਆ ॥੩॥

ਸੇਈ = ਉਹੀ ਤੁਧੁ = ਤੂੰ ਆਪ ਆਪਣੀ ਦਇਆ = ਮਿਹਰ ਧਾਰਿ = ਧਾਰਨ ਕਰਕੇ ਮੋਹ ਮਾਇਆ ਤੋਂ ਬਚਾ ਕੇ ਰਾਖੇ = ਰੱਖ ਲਏ ਹਨ ਅਤੇ ਉਹੀ ਪੂਰੈ = ਪੂਰਨ ਨਿਸ਼ਕਾਮ ਕਰਮਾਂ ਕਰਕੇ ਤੇਰੇ ਵਿਚ ਸਮਾਵਣਿਆ = ਸਮਾ ਜਾਂਦੇ ਹਨ ॥੩॥

## ਅੰਧ ਕੂਪ ਤੇ; ਕੰਢੈ ਚਾੜੇ ॥ ਕਰਿ ਕਿਰਪਾ; ਦਾਸ ਨਦਰਿ ਨਿਹਾਲੇ ॥

ਹੇ ਵਾਹਿਗੁਰੂ ! ਉਨ੍ਹਾਂ ਨੂੰ ਤੂੰ ਸੰਸਾਰ ਰੂਪੀ ਅੰਧ = ਅੰਨ੍ਹੇ ਕੂਪ = ਖੂਹ ਤੋਂ ਮੁਕਤੀ ਰੂਪੀ ਕੰਢੈ = ਕਿਨਾਰੇ 'ਤੇ ਚਾੜੇ = ਚਾੜਿਆ ਹੈ। ਜਿਨ੍ਹਾਂ ਦਾਸ = ਸੇਵਕਾਂ ਵੱਲ ਆਪਣੀ ਕਿਰਪਾ = ਮਿਹਰ ਦੀ ਨਦਰਿ = ਦ੍ਰਿਸ਼ਟੀ ਕਰਿ = ਕਰਕੇ ਨਿਹਾਲੇ = ਦੇਖਦਾ ਹੈਂ।

## ਗੁਣ ਗਾਵਹਿ ਪੂਰਨ ਅਬਿਨਾਸੀ; ਕਹਿ ਸੁਣਿ ਤੋਟਿ ਨ ਆਵਣਿਆ ॥੪॥

ਹੇ ਪੂਰਨ ਅਬਿਨਾਸੀ ਪਰਮੇਸ਼ਰ ! ਉਹ ਆਪ ਜੀ ਦੇ ਗੁਣਾਂ ਨੂੰ ਗਾਵਹਿ = ਗਾਉਂਦੇ ਹਨ ਇਉਂ ਆਪ ਜੀ ਦੇ ਗੁਣ ਕਹਿ = ਕਹਿਣ ਵਾਲਿਆਂ ਤੇ ਸੁਣਨ ਵਾਲਿਆਂ ਦਾ ਤੋਟਿ = ਘਾਟਾ ਨ = ਨਹੀਂ ਆਵਣਿਆ = ਆਉਂਦਾ ॥੪॥

## ਐਥੈ ਓਥੈ; ਤੂੰਹੈ ਰਖਵਾਲਾ ॥ ਮਾਤ ਗਰਭ ਮਹਿ; ਤੁਮ ਹੀ ਪਾਲਾ ॥

ਹੇ ਪਰਮੇਸ਼ਰ ! ਗੁਰਮੁਖਾਂ ਦਾ ਐਥੈ = ਇਸ ਲੋਕ ਤੇ ਓਥੈ = ਪਰਲੋਕ ਵਿਚ ਵੀ ਤੂੰ ਹੀ ਰਖਵਾਲਾ = ਰੱਖਿਅਕ ਹੈਂ **ਵਾ:** ਇਥੇ ਸੰਸਾਰਾਕਾਰ ਬਿਰਤੀ ਵਿਚ ਤੇ ਪਰਲੋਕ ਵਿਚ ਬ੍ਰਹਮਾਕਾਰ ਬਿਰਤੀ ਵਿਚ ਕਿ ਕਿਤੇ ਅਭਿਮਾਨ ਨ ਫੁਰੇ, ਤੂੰ ਹੀ ਰਖਵਾਲਾ = ਰੱਖਣ ਵਾਲਾ ਹੈਂ। ਇਥੇ ਮਾਤਾ ਦੇ ਗਰਭ = ਪੇਟ ਮਹਿ = ਵਿਚ ਵੀ ਤੂੰ ਹੀ ਪਾਲਾ = ਪਾਲਣਾ ਕਰਨ ਵਾਲਾ ਹੈਂ **ਵਾ:** ਇਥੇ ਮਾਤਾ ਦੇ ਗਰਭ ਤੋਂ, ਵਿਕਾਰਾਂ ਤੋਂ ਅਤੇ ਪਰਲੋਕ ਵਿਚ ਜਮਾਂ ਤੋਂ ਤੂੰ ਆਪ ਹੀ ਪਾਲਾ = ਪ੍ਰਤਿਪਾਲਣਾ ਕਰਨ ਵਾਲਾ ਹੈਂ।

## ਮਾਇਆ ਅਗਨਿ ਨ ਪੋਹੈ ਤਿਨ ਕਉ; ਰੰਗਿ ਰਤੇ ਗੁਣ ਗਾਵਣਿਆ ॥੫॥

ਤਿਨ੍ਹਾਂ ਨੂੰ ਸੰਸਾਰ ਵਿਚ ਮਾਇਆ ਰੂਪੀ ਅਗਨਿ = ਅੱਗ ਪੋਹੈ = ਪੋਹਦੀ ਨਹੀਂ ਹੈ। ਜੋ ਤੇਰੇ ਨਾਮ ਰੂਪੀ ਰੰਗ = ਪ੍ਰੇਮ ਵਿਚ ਰਤੇ = ਰੰਗੇ ਤਦਾਕਾਰ ਹੋਏ ਤੇਰੇ ਗੁਣਾਂ ਨੂੰ ਗਾਵਣਿਆ = ਗਾਉਂਦੇ ਹਨ। ਜਿਵੇਂ ਗਰਭ

ਦੀ ਅੱਗ 'ਚੋਂ ਲਿਵ ਲਾ ਕੇ ਬਚਾਇਆ ਹੈ, ਤਿਵੇਂ ਉਹਨਾਂ ਨੂੰ ਮਾਇਆ ਰੂਪੀ ਅਗਨੀ ਨਹੀਂ ਪੋਂਹਦੀ। ਤ੍ਰਿਸ਼ਨਾ ਰੂਪੀ ਲਾਟ ਵਿਚ ਸਾੜੇ ਨਹੀਂ ਜਾ ਸਕਦੇ ॥੫॥ ਜੈਸਾ ਕਿ :

**ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥** *(ਅੰਗ ੯੨੧)*

## ਕਿਆ ਗੁਣ ਤੇਰੇ; ਆਖਿ ਸਮਾਲੀ ॥ ਮਨ ਤਨ ਅੰਤਰਿ; ਤੁਧੁ ਨਦਰਿ ਨਿਹਾਲੀ ॥

ਹੇ ਹਰੀ ! ਤੇਰੇ ਕਿਆ = ਕਿਹੜੇ ਗੁਣ ਮੁੱਖ ਦੁਆਰਾ ਆਖਿ = ਕਹਿ ਕੇ ਸਮਾਲੀ = ਸੰਭਾਲਣਾ ਕਰੀਏ ਭਾਵ ਯਾਦ ਕਰੀਏ।ਮੇਰੇ ਮਨ ਤੇ ਤਨ = ਸਰੀਰ ਅੰਤਰਿ = ਅੰਦਰ ਤੂੰ ਹੀ ਹੈਂ, ਇਸ ਲਈ ਤੁਧੁ = ਤੂੰ ਆਪਣੀ ਕ੍ਰਿਪਾ ਨਦਰਿ = ਦ੍ਰਿਸ਼ਟੀ ਕਰਕੇ ਐਸੀ ਗਿਆਨ ਦ੍ਰਿਸ਼ਟੀ ਬਖਸ਼ਣਾ ਕਰ ਕਿ ਮੈਂ ਤੇਰੇ ਸੱਚ ਸਰੂਪ ਨੂੰ ਨਿਹਾਲੀ = ਦੇਖਣਾ ਕਰਾਂ।

## ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ; ਤੁਧੁ ਬਿਨੁ ਅਵਰੁ ਨ ਜਾਨਣਿਆ ॥੬॥

ਹੇ ਸੁਆਮੀ = ਪਰਮੇਸ਼ਰ ! ਤੂੰ ਹੀ ਮੇਰਾ ਇਸ ਲੋਕ ਵਿਚ ਮੀਤੁ = ਮਿੱਤਰ ਤੇ ਤੂੰ ਹੀ ਮੇਰਾ ਪ੍ਰਲੋਕ ਵਿਚ ਸਾਜਨੁ = ਸੱਜਣ ਹੈਂ, ਤੁਧੁ = ਤੇਰੇ ਤੋਂ ਬਿਨੁ = ਬਗ਼ੈਰ ਤੇਰੇ ਵਰਗਾ ਅਵਰੁ = ਹੋਰ ਕੋਈ ਵੀ ਜਾਨਣਿਆ = ਜਾਨਣਾ ਨਹੀਂ ਕੀਤਾ ॥੬॥

## ਜਿਸ ਕਉ; ਤੂੰ ਪ੍ਰਭ ਭਇਆ ਸਹਾਈ ॥ ਤਿਸੁ ਤਤੀ ਵਾਉ; ਨ ਲਗੈ ਕਾਈ ॥

ਹੇ ਪ੍ਰਭ = ਹਰੀ ! ਜਿਸ ਕਉ = ਤਾਈਂ ਤੂੰ ਸਹਾਈ = ਸਹਾਇਕ ਭਇਆ = ਹੋਇਆ ਹੈਂ। ਤਿਸੁ = ਉਸ ਪੁਰਸ਼ ਨੂੰ ਮਾਤਾ ਦੇ ਗਰਭ, ਵਿਸ਼ੇ ਵਿਕਾਰਾਂ ਦੀ ਤਤੀ ਵਾਉ = ਹਵਾ ਕਾਈ = ਕਿਸੇ ਪ੍ਰਕਾਰ ਵੀ ਨਹੀਂ ਲਗੈ = ਲੱਗਦੀ **ਵਾ:** ਨਰਕਾਂ ਦੇ ਦੁੱਖਾਂ ਦੀ ਈਰਖਾ, ਕ੍ਰੋਧ ਦੀ ਹਵਾ ਕਾਈ = ਰਾਈ ਮਾਤਰ ਵੀ ਨਹੀਂ ਲਗੈ = ਲੱਗਦੀ।

## ਤੂ ਸਾਹਿਬੁ ਸਰਣਿ ਸੁਖਦਾਤਾ; ਸਤਸੰਗਤਿ ਜਪਿ ਪ੍ਰਗਟਾਵਣਿਆ ॥੭॥

ਤੂੰ ਸਾਰਿਆਂ ਦਾ ਸਾਹਿਬੁ = ਮਾਲਕ ਤੇ ਸ਼ਰਨ ਵਿਚ ਆਇਆਂ ਨੂੰ ਸੁੱਖ ਦੇਣ ਵਾਲਾ ਹੈਂ ਅਤੇ ਜੋ ਸਤਿਸੰਗਤ ਦੁਆਰਾ ਆਪ ਜੀ ਦੇ ਸਿਮਰਨ ਦਾ ਜਾਪ ਕਰਦੇ ਹਨ, ਉਹਨਾਂ ਅੰਦਰ ਆਪਣੇ ਸਰੂਪ ਨੂੰ ਪ੍ਰਗਟਾਵਣਿਆ = ਪ੍ਰਗਟ ਕਰਨ ਵਾਲਾ ਹੈਂ ॥੭॥

## ਤੂੰ ਊਚ ਅਥਾਹੁ; ਅਪਾਰੁ ਅਮੋਲਾ ॥ ਤੂੰ ਸਾਚਾ ਸਾਹਿਬੁ; ਦਾਸੁ ਤੇਰਾ ਗੋਲਾ ॥

ਹੇ ਪਰਮੇਸ਼ਰ ! ਤੂੰ ਤਿੰਨਾਂ ਗੁਣਾਂ ਤੋਂ ਊਚ = ਉੱਚਾ, ਸ਼ਕਤੀ ਬਿਰਤੀ ਕਰਕੇ ਅਥਾਹੁ = ਥਾਹ ਤੋਂ ਰਹਿਤ, ਅਪਾਰੁ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਤੇ ਅਮੋਲਾ = ਅਮੋਲਕ ਹੈਂ।

ਹੇ ਪਰਮੇਸ਼ਰ ! ਤੂੰ ਸਾਚਾ = ਸੱਚਾ ਸਾਹਿਬੁ = ਮਾਲਕ ਹੈਂ ਮੈ ਦਾਸੁ = ਸੇਵਕ ਤੇਰਾ ਗੋਲਾ = ਗ਼ੁਲਾਮ ਹਾਂ **ਵਾ:** ਤੇਰੇ ਦਾਸਾਂ ਦਾ ਗੋਲਾ = ਦਾਸ ਹਾਂ।

## ਤੂੰ ਮੀਰਾ ਸਾਚੀ ਠਕੁਰਾਈ; ਨਾਨਕ ਬਲਿ ਬਲਿ ਜਾਵਣਿਆ ॥੮॥੩॥੩੭॥

ਹੇ ਪਰਮੇਸ਼ਰ ! ਤੂੰ ਸੱਚਾ ਮੀਰਾ = ਪਾਤਸ਼ਾਹ ਹੈਂ ਤੇ ਤੇਰੀ ਠਕੁਰਾਈ = ਪਾਤਸ਼ਾਹੀ, ਸਰਦਾਰੀ, ਮਾਲਕੀ ਵੀ ਸਾਚੀ = ਸੱਚੀ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਆਪ ਜੀ ਤੋਂ ਮਨ, ਬਾਣੀ, ਸਰੀਰ ਕਰਕੇ ਬਲਿ ਬਲਿ = ਬਲਿਹਾਰ ਕੁਰਬਾਨ ਜਾਵਣਿਆ = ਜਾਂਦਾ ਹਾਂ ॥੮॥੩॥੩੭॥

# ਮਾਝ ਮਹਲਾ ੫ ਘਰੁ ੨ ॥

## ਨਿਤ ਨਿਤ; ਦਯੁ ਸਮਾਲੀਐ ॥ ਮੂਲਿ; ਨ ਮਨਹੁ ਵਿਸਾਰੀਐ ॥ਰਹਾਉ॥

(**ਦਈਉ** ਉਚਾਰੋ)

ਹੇ ਭਾਈ ! ਨਿਤ ਨਿਤ = ਸਦਾ ਸਦਾ ਦਯੁ = ਪ੍ਰੇਰਕ ਪਰਮੇਸ਼ਰ ਨੂੰ ਸਮਾਲੀਐ = ਯਾਦ ਕਰੀਏ **ਵਾ:** ਜੋ ਸਾਰਿਆਂ ਨੂੰ ਪ੍ਰੇਰ ਕੇ ਆਪਣੀ ਸੱਤਾ ਦੇ ਕੇ ਚਲਾਉਣ ਵਾਲਾ ਹੈ। ਉਸ ਨੂੰ ਨਿਤ = ਨਿਤਾਪ੍ਰਤੀ ਹੀ ਸਮਾਲੀਐ = ਯਾਦ ਕਰੀਏ। ਉਸ ਪਰਮੇਸ਼ਰ ਨੂੰ ਮੂਲ = ਮੁੱਢ ਤੋਂ ਭਾਵ ਜਨਮ ਤੋਂ ਲੈ ਕੇ ਅਖ਼ੀਰੀ ਸਮੇਂ ਤੱਕ ਮਨਹੁ = ਮਨ ਵਿੱਚੋਂ ਵਿਸਾਰੀਐ = ਭੁੱਲਣਾ ਨਾ ਕਰੀਏ ॥ਰਹਾਉ॥

## ਸੰਤਾ ਸੰਗਤਿ; ਪਾਈਐ ॥ ਜਿਤੁ; ਜਮ ਕੈ ਪੰਥਿ ਨ ਜਾਈਐ ॥

ਸੰਤਾ = ਮਹਾਂਪੁਰਖਾਂ ਦੀ ਸੰਗਤ ਕਰਕੇ ਉਸ ਦੇ ਉਪਦੇਸ਼ ਨੂੰ ਪਾਈਐ = ਪ੍ਰਾਪਤ ਕਰੀਏ। ਜਿਤੁ = ਜਿਸ ਕੈ = ਕਰਕੇ ਜਮਾ = ਜਮਾਂ ਦੇ ਭਾਵ ਜੰਮਣ ਮਰਣ ਦੇ ਪੰਥਿ = ਮਾਰਗ 'ਤੇ ਨਹੀਂ ਜਾਈਦਾ।

## ਤੋਸਾ ਹਰਿ ਕਾ ਨਾਮੁ ਲੈ; ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥੧॥

ਹੇ ਭਾਈ ! ਹਰਿ = ਪਰਮੇਸ਼ਰ ਕਾ = ਦਾ ਨਾਮ ਹੀ ਪ੍ਰਲੋਕ ਰੂਪੀ ਰਸਤੇ ਲਈ ਆਪਣੇ ਅੰਤਹਕਰਣ ਰੂਪੀ ਪੱਲੇ ਵਿਚ ਤੋਸਾ = ਖ਼ਰਚ ਬੰਨ੍ਹ ਲੈ = ਲੈਣਾ ਕਰ, ਜਿਸ ਕਰਕੇ ਤੇਰੇ ਕੁਲਹਿ = ਕੁਲਾਂ ਤਾਈਂ ਗਾਲਿ = ਕਲੰਕ ਨ = ਨਹੀਂ ਲਾਗੈ = ਲੱਗੇਗਾ ਜੀ **ਵਾ:** ਦੈਵੀ ਸੰਪਦਾ ਰੂਪੀ ਕੁਲ ਨੂੰ ਆਸੁਰੀ ਸੰਪਦਾ ਦਾ ਗਾਲ੍ਹਾ ਨਹੀਂ ਲੱਗੇਗਾ ਜੀ। ਤੋਸਾ = ਜਿਸ ਵਿਚ ਖੰਡ, ਘਿਉ ਅਤੇ ਆਟਾ ਤਿੰਨਾਂ ਦੀ ਸਮਿਲਤ ਬਣਾ ਕੇ ਪਕਾ ਦਿੱਤੀ ਹੋਵੇ। ਉਸ ਪ੍ਰਸਾਦੇ ਨੂੰ ਤੋਸਾ ਭਾਵ ਮੰਨੀ ਕਹਿੰਦੇ ਹਨ, ਜਿਸ ਵਿਚ ਭਗਤੀ ਰੂਪੀ ਖੰਡ ਪਈ ਹੈ। ਗਿਆਨ ਰੂਪੀ ਮੈਦਾ, ਪ੍ਰੇਮ ਰੂਪੀ ਘਿਉ ਪਾਇਆ ਹੈ। ਜਦੋਂ ਤੂੰ ਐਸਾ ਖ਼ਰਚ ਪੱਲੇ ਬੰਨ੍ਹ ਲਏਂਗਾ ਤਾਂ ਫਿਰ ਤੇਰੀ ਕੁਲ ਨੂੰ ਗਾਲਿ = ਕਲੰਕ ਨਹੀਂ ਲੱਗੇਗਾ ॥੧॥

## ਜੋ; ਸਿਮਰੰਦੇ ਸਾਂਈਐ ॥ ਨਰਕਿ; ਨ ਸੇਈ ਪਾਈਐ ॥

ਜੋ ਸਾਂਈਐ = ਮਾਲਕ ਪਰਮੇਸ਼ਰ ਨੂੰ ਸਿਮਰੰਦੇ = ਸਿਮਰਨਾ ਭਾਵ ਯਾਦ ਕਰਦੇ ਹਨ, ਫਿਰ ਸੇਈ = ਉਹ ਨਰਕਾਂ ਵਿਚ ਨਹੀਂ ਪਾਈਐ = ਪਾਏ ਜਾਣਗੇ।

## ਤਤੀ ਵਾਉ ਨ ਲਗਈ; ਜਿਨ ਮਨਿ ਵੁਠਾ ਆਇ ਜੀਉ ॥੨॥

ਉਨ੍ਹਾਂ ਨੂੰ ਮਾਤਾ ਦੇ ਗਰਭ ਆਦਿ ਦੀ ਤਤੀ = ਤਪਸ਼ ਰੂਪ ਵਾਉ = ਹਵਾ ਨਹੀਂ ਲੱਗੇਗੀ, ਜਿਨ੍ਹਾਂ ਦੇ ਮਨ ਵਿਚ ਉਹ ਹਰੀ ਪਰਮੇਸ਼ਰ ਆਇ = ਆ ਕੇ ਵੁਠਾ = ਵਸ ਗਿਆ ਹੈ ਜੀ ॥੨॥

## ਸੇਈ; ਸੁੰਦਰ ਸੋਹਣੇ ॥ ਸਾਧਸੰਗਿ; ਜਿਨ ਬੈਹਣੇ ॥

ਸੇਈ = ਉਹ ਹੀ ਇਸ ਲੋਕ ਵਿਚ ਸੁੰਦਰ ਅਤੇ ਪਰਲੋਕ ਵਿਚ ਸੋਹਣੇ ਹਨ, ਜਿਨ = ਜਿਨ੍ਹਾਂ ਨੂੰ ਸ਼ੁਭ ਗੁਣਾਂ ਦੁਆਰਾ ਸਾਧਸੰਗਿ = ਸਤ ਸੰਗਤ ਵਿਚ ਬੈਠਨ ਦੀ ਦਾਤ ਪ੍ਰਾਪਤ ਹੋਈ ਹੈ। ਅਰਥਾਤ ਜਿਨ੍ਹਾਂ ਨੇ ਸੰਗਤ ਵਿਚ ਜਾ ਕੇ ਕਹਿਣੀ, ਬਹਿਣੀ, ਰਹਿਣੀ, ਸਹਿਣੀ ਆਦਿ ਸਾਰੀਆਂ ਸਿੱਖ ਲੈਣਾ ਕੀਤੀਆਂ ਹਨ। ਬਹਿਣੀ = ਚੌਂਕੜਾ ਮਾਰ ਕੇ ਸਾਵਧਾਨ ਹੋ ਕੇ ਬੈਠਣਾ, ਕਹਿਣੀ = ਮਿੱਠਾ ਬੋਲਣਾ, ਸਹਿਣੀ = ਕੁਵਚਨਾਂ ਨੂੰ

ਸਹਾਰਨਾ, ਰਹਿਣੀ = ਸਾਬਤ ਸੂਰਤ ਤੇ ਗੁਰਮਤ ਦੀ ਮਰਯਾਦਾ ਵਿੱਚ ਰਹਿਣਾ, ਜੋ ਚਿਤ ਨੂੰ ਇਕਾਗਰ ਕਰਕੇ ਬੈਠਦੇ ਹਨ। ਜੈਸਾ ਕਿ :

**ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥** *(ਰਾਮਕਲੀ ਮ: ੧, ਸਿਧ ਗੋਸਟਿ, ਅੰਗ ੯੩੮)*

ਇਸ ਪ੍ਰਕਾਰ ਜਿਨ੍ਹਾਂ ਦੀਆਂ ਮਨ ਦੀਆਂ ਵਾਸ਼ਨਾਵਾਂ ਬੈਠ ਗਈਆਂ ਹਨ, ਜਿਨ੍ਹਾਂ ਨੂੰ ਬੈਠਣ ਲਈ ਨਾਮ ਰੂਪੀ ਸਿੰਘਾਸਣ ਮਿਲਿਆ ਹੈ **ਵਾ:** ਜੋ ਗਿਆਨ ਰੂਪੀ ਸਿੰਘਾਸਣ 'ਤੇ ਬੈਠ ਗਏ ਹਨ। ਉਹੋ ਹੀ ਲੋਕ ਪਰਲੋਕ ਵਿਚ ਸੋਹਣੇ ਹਨ।

## ਹਰਿ ਧਨੁ ਜਿਨੀ ਸੰਜਿਆ; ਸੇਈ ਗੰਭੀਰ ਅਪਾਰ ਜੀਉ ॥੩॥

ਜਿਨ੍ਹਾਂ ਨੇ ਹਰਿ = ਹਰੀ ਪਰਮੇਸ਼ਰ ਦਾ ਨਾਮ ਰੂਪੀ ਧਨੁ = ਖ਼ਜ਼ਾਨਾ ਸੰਜਿਆ = ਇਕੱਤਰ ਕੀਤਾ ਹੈ, ਸੇਈ = ਉਹੋ ਹੀ ਗੰਭੀਰ = ਡੂੰਘੇ ਸੁਭਾਅ ਵਾਲੇ ਅਤੇ ਅਪਾਰ ਸਰੂਪ ਨੂੰ ਪ੍ਰਾਪਤ ਕਰਨ ਵਾਲੇ ਹੋਏ ਹਨ ਜੀ ॥੩॥

## ਹਰਿ ਅਮਿਉ ਰਸਾਇਣੁ; ਪੀਵੀਐ ॥ ਮੁਹਿ ਡਿਠੈ ਜਨ ਕੈ; ਜੀਵੀਐ ॥

ਜੋ ਹਰਿ = ਹਰੀ ਪਰਮੇਸ਼ਰ ਅਮਿਉ = ਅੰਮ੍ਰਿਤ ਰੂਪ ਅਤੇ ਰਸਾਇਣੁ (ਰਸ + ਆਇਣੁ) ਰਸਾਂ ਦਾ ਆਇਣ = ਘਰ ਹੈ, ਉਸ ਦੇ ਅੰਮ੍ਰਿਤ ਰਸ ਨੂੰ ਸ੍ਰਵਣ ਕਰਨ ਰੂਪ ਪੀਵੀਐ = ਪੀਣਾ ਕਰੀਏ। ਜਿਹੜੇ ਗੁਰਮੁਖ ਐਸੇ ਨਾਮ ਰਸ ਨੂੰ ਪੀਂਦੇ ਹਨ, ਐਸੇ ਜਨਾਂ ਦੇ ਮੁਹਿ = ਚਿਹਰੇ ਨੂੰ ਡਿਠੈ = ਦੇਖ ਕੇ ਜੀਵੀਐ = ਜਿਉਂਦੇ ਰਹੀਦਾ ਹੈ, ਉਨ੍ਹਾਂ ਦੇ ਦਰਸ਼ਨ ਕਰਨ ਨਾਲ ਕ੍ਰੋੜਾਂ ਕਲੰਕ ਮਿਟ ਜਾਂਦੇ ਹਨ।

## ਕਾਰਜ ਸਭਿ, ਸਵਾਰਿ ਲੈ; ਨਿਤ ਪੂਜਹੁ ਗੁਰ ਕੇ ਪਾਵ ਜੀਉ ॥੪॥

ਹੇ ਪਿਆਰੇ ਜੀ ! ਆਪਣੇ ਲੋਕ ਪਰਲੋਕ ਦੇ ਸਭਿ = ਸਾਰੇ ਕਾਰਜ = ਕੰਮ ਸਵਾਰ ਲੈਣਾ ਕਰ ਅਤੇ ਨਿਤ = ਹਮੇਸ਼ਾ ਹੀ ਗੁਰੂ ਦੇ ਪਾਵ = ਚਰਨਾਂ ਨੂੰ ਪੂਜਹੁ = ਪੂਜਨ ਕਰ ॥੪॥

## ਜੋ ਹਰਿ; ਕੀਤਾ ਆਪਣਾ ॥ ਤਿਨਹਿ; ਗੁਸਾਈ ਜਾਪਣਾ ॥

ਜੋ = ਜਿਸ ਨੂੰ ਹਰਿ = ਹਰੀ ਪਰਮੇਸ਼ਰ ਨੇ ਆਪਣਾ ਸੇਵਕ ਬਣਾਉਣਾ ਕੀਤਾ ਹੈ, ਤਿਨਹਿ = ਉਸ ਨੇ ਹੀ (ਗੁਸਾਈ) ਗੁ = ਧਰਤੀ ਦੇ ਸਾਈ = ਮਾਲਕ ਪਰਮੇਸ਼ਰ ਦਾ ਜਾਪਣਾ = ਜਾਪ ਭਾਵ ਅਰਾਧਨਾ ਕੀਤੀ ਹੈ।

## ਸੋ ਸੂਰਾ ਪਰਧਾਨੁ ਸੋ; ਮਸਤਕਿ ਜਿਸ ਦੈ ਭਾਗੁ ਜੀਉ ॥੫॥

ਸੋ = ਉਹੋ ਹੀ ਸੂਰਾ = ਸੂਰਮਾ ਹੈ ਜਿਸ ਨੇ ਮਨ, ਬਾਣੀ, ਸਰੀਰ ਕਰਕੇ ਵਿਕਾਰਾਂ ਨੂੰ ਜਿੱਤ ਲਿਆ ਹੈ ਅਤੇ ਸੋ = ਉਹੋ ਹੀ ਪਰਲੋਕ ਵਿਚ ਸਾਰਿਆਂ ਤੋਂ ਸ੍ਰੇਸ਼ਟ ਪਰਧਾਨੁ = ਮੁਖੀ ਹੈ, ਜਿਸ ਦੇ ਮਸਤਕਿ = ਮੱਥੇ ਦੇ ਸ਼ਿਰੋਮਣੀ ਭਾਗੁ = ਕਰਮ ਹਨ ॥੫॥ ਜੈਸਾ ਕਿ :

**ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥**
**ਕਹੁ ਨਾਨਕ ਸੁਨ ਰੇ ਮਨਾ ਤਿਹ ਨਰ ਮਾਥੈ ਭਾਗ ॥੧੭॥**

*(ਸਲੋਕ ਮ: ੯, ਅੰਗ ੧੪੨੭)*

## ਮਨ ਮੰਧੇ; ਪ੍ਰਭੁ ਅਵਗਾਹੀਆ ॥ ਏਹਿ; ਰਸ ਭੋਗਣ ਪਾਤਿਸਾਹੀਆ ॥

ਜੋ ਮਨ ਦੇ ਮੰਧੇ = ਵਿਚ ਗੁਰਾਂ ਦੇ ਦਿੱਤੇ ਉਪਦੇਸ਼ ਦੁਆਰਾ ਨਾਮ ਦੀ ਕਮਾਈ ਕਰਕੇ ਪ੍ਰਭੁ = ਮਾਲਕ

ਨੂੰ ਅਵਗਾਹੀਆ = ਵਿਚਾਰਨਾ ਹੈ। ਏਹਿ = ਇਹੋ ਹੀ ਪਾਤਸ਼ਾਹੀਆਂ ਦੇ ਰਸਾਂ ਦਾ ਭੋਗਣ = ਮਾਨਣਾ ਹੈ **ਵਾ**: ਤਦੋਂ ਹੀ ਇਹ ਆਤਮਿਕ ਰਸ = ਅਨੰਦ ਦੇ ਭੋਗਣ ਦੀਆਂ ਪਾਤਸ਼ਾਹੀਆਂ ਮਿਲਦੀਆਂ ਹਨ।

**ਸੁਖਾਂ ਦਾ ਵੇਰਵਾ :** ਇਹ ਰਸ ਪਾਤਸ਼ਾਹੀਆਂ ਦੇ ਅਨੰਤ ਪ੍ਰਕਾਰ ਦੇ ਰਸ ਭੋਗਣ ਤੋਂ ਉੱਤਮ ਹੈ ਭਾਵ ਪਾਤਸ਼ਾਹੀਆਂ ਨੂੰ ਵੀ ਉਹ ਅਨੰਦ ਪ੍ਰਾਪਤ ਨਹੀਂ, ਜੋ ਜੀਵਨ ਮੁਕਤਾਂ ਨੂੰ ਪ੍ਰਾਪਤ ਹੈ। ਤਿੰਨੇ ਦੇਹਾਂ ਸਥੂਲ, ਸੂਖਮ ਅਤੇ ਕਾਰਨ ਦੇਹ ਤੋਂ ਪਰ੍ਹੇ ਹੈ। ਪੰਜੇ ਕੋਸ਼ ਅੰਨਮੈ ਕੋਸ਼, ਪ੍ਰਾਣਮੈ ਕੋਸ਼, ਮਨੋਮੈ ਕੋਸ਼, ਵਿਗਿਆਨਮੈ ਕੋਸ਼, ਅਨੰਦਮੈ ਕੋਸ਼ ਇਨ੍ਹਾਂ ਪੰਜਾਂ ਕੋਸ਼ਾਂ ਤੋਂ ਪਰ੍ਹੇ ਜੋ ਕਥਨੀ ਵਿਚ ਨਾ ਆ ਸਕੇ, ਐਸਾ ਅਕਥਨੀ ਰਸ ਹੈ। ਇਨ੍ਹਾਂ ਰਸਾਂ ਦਾ ਵੇਰਵਾ ਇਸ ਪ੍ਰਕਾਰ ਮੰਨਿਆ ਹੈ ਕਿ ਮਨੁੱਖਾਂ ਵਿੱਚੋਂ ਰਾਜਿਆਂ ਨੂੰ ਵੱਡੇ ਸੁੱਖ ਮੰਨੇ ਹਨ। ਜੋ ਇਕ ਚੱਕਰਵਰਤੀ ਬਾਦਸ਼ਾਹ ਨੂੰ ਸਾਰੀ ਉਮਰ ਸੁੱਖ ਹੈ, ਉਹ ਇਕ ਗੰਧਰਬ = ਰਾਗੀ ਨੂੰ ਜੋ ਇਕਾਗਰ ਮਨ ਹੋ ਕੇ ਸੁਰਤਾਲ ਵਿਚ ਗਾਇਨ ਕਰਦਾ ਹੈ, ਉਸ ਬਾਦਸ਼ਾਹ ਨਾਲੋਂ ੧੦੦ ਗੁਣਾ ਉਹ ਸੁਖੀ ਹੈ। ਮਾਤ ਲੋਕ ਦੇ ਰਾਗੀ ਨਾਲੋਂ ਦੇਵਪੁਰੀ ਦੇ ਗੰਧਰਬ = ਰਾਗੀ ਨੂੰ ੧੦੦ ਗੁਣਾ ਜ਼ਿਆਦਾ ਸੁੱਖ ਹੁੰਦਾ ਹੈ। ਉਹਨਾਂ ਨਾਲੋਂ ਅਯਾਨ ਸੰਗਿਆ ਵਾਲੇ ਦੇਵਤਿਆਂ ਨੂੰ ੧੦੦ ਗੁਣਾ ਜ਼ਿਆਦਾ ਸੁੱਖ ਹੁੰਦਾ ਹੈ। ਅਯਾਨ ਦੇਵਤਿਆਂ ਦੇ ਸੁੱਖ ਨਾਲੋਂ ਇੰਦਰ ਪੁਰੀ ਦੇ ਰਾਜੇ ਨੂੰ ੧੦੦ ਗੁਣਾ ਜ਼ਿਆਦਾ ਸੁੱਖ ਹੁੰਦਾ ਹੈ। ਇੰਦਰ ਨਾਲੋਂ ਬ੍ਰਹਮਾ ਨੂੰ ੧੦੦ ਗੁਣਾ ਜ਼ਿਆਦਾ ਸੁੱਖ ਹੈ। ਬ੍ਰਹਮਾ ਨਾਲੋਂ ੧੦੦ ਗੁਣਾ ਇਕਾਂਤ ਵਿਚ ਵਸ ਕੇ ਇਕਾਗਰ ਚਿੱਤ ਜੋਗੀ ਨੂੰ ਸੁੱਖ ਜ਼ਿਆਦਾ ਹੁੰਦਾ ਹੈ। ਜੋਗੀਆਂ ਨਾਲੋਂ ਨਿਰਵਿਕਲਪ ਸਮਾਧੀ ਵਾਲਿਆਂ ਨੂੰ ੧੦੦ ਗੁਣਾ ਜ਼ਿਆਦਾ ਸੁੱਖ ਹੈ। ਨਿਰਵਿਕਲਪ ਸਮਾਧੀ ਵਾਲਿਆਂ ਨਾਲੋਂ ਬ੍ਰਹਮ ਗਿਆਨੀ ਜੀਵਨ ਮੁਕਤਾ ਨੂੰ ੧੦੦ ਗੁਣਾ ਜ਼ਿਆਦਾ ਸੁੱਖ ਹੁੰਦਾ ਹੈ।

## ਮੰਦਾ ਮੂਲਿ ਨ ਉਪਜਿਓ; ਤਰੇ ਸਚੀ ਕਾਰੈ ਲਾਗਿ ਜੀਉ ॥੬॥

ਜਿਨ੍ਹਾਂ ਦੇ ਮਨ ਵਿਚ ਮੂਲਿ = ਮੁੱਢ ਭਾਵ ਜਨਮ ਤੋਂ ਹੀ ਮੰਦਾ ਸੰਕਲਪ, ਮੰਦਾ ਸੁਭਾਅ ਉਪਜਿਓ = ਪੈਦਾ ਨਹੀਂ ਹੋਇਆ, ਉਹ ਸੱਚੇ ਪਰਮੇਸ਼ਰ ਦੀ ਭੈ ਭਗਤੀ ਰੂਪੀ ਸੱਚੀ ਕਾਰ ਵਿਚ ਲੱਗ ਕੇ ਸੰਸਾਰ ਰੂਪੀ ਸਮੁੰਦਰ ਤੋਂ ਤਰੇ = ਤਰ ਗਏ ਹਨ ਜੀ ॥੬॥

## ਕਰਤਾ; ਮੰਨਿ ਵਸਾਇਆ ॥ ਜਨਮੈ ਕਾ; ਫਲੁ ਪਾਇਆ ॥

ਜਿਨ੍ਹਾਂ ਨੇ ਕਰਤਾ ਪੁਰਖ ਹਰੀ ਪਰਮੇਸ਼ਰ ਨੂੰ ਹਿਰਦੇ ਵਿਚ ਵਸਾਇਆ = ਵਸਾ ਲਿਆ ਹੈ, ਉਨ੍ਹਾਂ ਨੇ ਮਨੁੱਖਾ ਜਨਮ ਧਾਰਨ ਕਾ = ਦਾ ਫਲ (ਬ੍ਰਹਮ ਗਿਆਨ) ਪਾ ਲਿਆ ਹੈ।

## ਮਨਿ ਭਾਵੰਦਾ ਕੰਤੁ ਹਰਿ; ਤੇਰਾ ਥਿਰੁ ਹੋਆ ਸੋਹਾਗੁ ਜੀਉ ॥੭॥

ਜਦੋਂ ਤੈਨੂੰ ਮਨ ਭਾਵੰਦਾ = ਭਾਉਂਦਾ ਕੰਤੁ = ਪਤੀ ਹਰਿ = ਪਰਮੇਸ਼ਰ ਮਿਲ ਗਿਆ ਤਾਂ ਤਦੋਂ ਹੇ ਜੀਵ ਰੂਪ ਇਸਤਰੀ ਤੇਰਾ ਸੋਹਾਗੁ = ਅਨੰਦ ਥਿਰੁ = ਇਸਥਿਤ ਹੋਆ = ਹੋ ਜਾਵੇਗਾ ਜੀ ॥੭॥

## ਅਟਲ ਪਦਾਰਥੁ; ਪਾਇਆ ॥ ਭੈ ਭੰਜਨ ਕੀ; ਸਰਣਾਇਆ ॥

(**ਅਟਲ** ਦਾ ਉਚਾਰਨ ਅੱਧਕ ਸਹਿਤ ਕਰਨਾ ਹੈ)

ਉਸ ਨੇ ਅਟਲ = ਟਲਣ ਤੋਂ ਰਹਿਤ ਬ੍ਰਹਮਾਨੰਦ ਰੂਪੀ ਪਦਾਰਥ ਪਾ ਲਿਆ ਹੈ। ਜੋ ਜੰਮਣ ਮਰਨ ਦੇ ਭੈ = ਡਰ ਨੂੰ ਭੰਜਨ = ਭੰਨਣ ਵਾਲੇ ਪਰਮੇਸ਼ਰ ਦੀ ਸਰਣਾਇਆ = ਸ਼ਰਨ ਵਿਚ ਆਇਆ ਹੈ।

## ਲਾਇ ਅੰਚਲਿ ਨਾਨਕ ਤਾਰਿਅਨੁ; ਜਿਤਾ ਜਨਮੁ ਅਪਾਰ ਜੀਉ ॥੮॥੪॥੩੮॥

ਸਤਿਗੁਰੂ ਜੀ ਕਥਨ ਕਰਦੇ ਹਨ ਉਸ ਨੂੰ ਪ੍ਰੇਮ, ਸਾਧਸੰਗਤ, ਸ਼ਰਨ ਰੂਪੀ ਅੰਚਲਿ = ਪੱਲੇ ਵਿਚ ਲਾ

ਕੇ ਤਾਰਿਅਨੁ = ਤਾਰ ਲੈਣਾ ਕੀਤਾ ਹੈ, ਕਿਉਂਕਿ ਉਸ ਨੇ ਪਾਰਾਵਾਰ ਤੋਂ ਰਹਿਤ ਅਮੋਲਕ ਮਨੁੱਖਾ ਜਨਮ ਨੂੰ ਜਿਤਾ = ਜਿੱਤ ਲਿਆ ਹੈ ਜੀ ॥੮॥੪॥੩੮॥

## ੴ ਸਤਿਗੁਰ ਪ੍ਰਸਾਦਿ ॥ ਮਾਝ ਮਹਲਾ ੫ ਘਰੁ ੩ ॥

੧ = ਇਕ ਅਦ੍ਵੈਤ ਰੂਪ ਪਰਮੇਸ਼ਰ, ੴ = ਸਾਰਿਆਂ ਦਾ ਪ੍ਰਕਾਸ਼ਕ ਸਤਿਗੁਰਾਂ ਦੀ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ। ਸਤਿਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਦੇ ਤੀਸਰੇ ਸੁਰ ਤਾਲ ਵਿਚ ਅਸ਼ਟਪਦੀ ਉਚਾਰਨ ਕਰਦੇ ਹਨ। ਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਸਤਿਗੁਰੂ ਜੀ ! ਮਨ ਕਿਸ ਤਰ੍ਹਾਂ ਧੀਰਜ ਨੂੰ ਪਕੜੇ ? ਤਾਂ ਸਤਿਗੁਰੂ ਸਾਹਿਬ ਜੀ ਨੇ ਸ਼ਬਦ ਉਚਾਰਨ ਕੀਤਾ :

## ਹਰਿ ਜਪਿ ਜਪੇ; ਮਨਿ ਧੀਰੇ ॥੧॥ਰਹਾਉ॥

ਹੇ ਭਾਈ ! ਜੋ ਹਰਿ = ਹਰੀ ਪਰਮੇਸ਼ਰ ਦੇ ਜਾਪ ਨੂੰ ਜਪਦੇ ਹਨ, ਉਨ੍ਹਾਂ ਦੇ ਮਨ ਧੀਰੇ = ਧੀਰਜਤਾ ਸਹਿਤ ਹੋ ਗਏ ਹਨ ॥੧॥ਰਹਾਉ॥

## ਸਿਮਰਿ ਸਿਮਰਿ ਗੁਰਦੇਉ; ਮਿਟਿ ਗਏ ਭੈ ਦੂਰੇ ॥੧॥

ਜਿਨ੍ਹਾਂ ਨੇ ਗੁਰਦੇਉ = ਗੁਰਦੇਵ ਸਤਿਗੁਰਾਂ ਦੁਆਰਾ ਪਰਮੇਸ਼ਰ ਦੇ ਸਿਮਰਿ = ਸਿਮਰਨ ਨੂੰ ਸਿਮਰਿ = ਸਿਮਰਿਆ ਹੈ, ਉਨ੍ਹਾਂ ਦੇ ਜੰਮਣ ਮਰਣ ਦੇ ਭੈ = ਡਰ ਦੂਰ ਹੋ ਕੇ ਮਿਟ ਭਾਵ ਨਵਿਰਤ ਹੋ ਗਏ ਹਨ **ਵਾ:** ਹਰੀ ਪਰਮੇਸ਼ਰ ਤੋਂ ਦੂਰ ਕਰਨ ਵਾਲੇ ਜੰਮਣ ਮਰਨ ਰੂਪ ਭੈ = ਡਰ ਮਿਟਿ = ਖ਼ਤਮ ਹੋ ਗਏ ਹਨ ॥੧॥

[ਅੰਗ ੧੩੩]

## ਸਰਨਿ ਆਵੈ ਪਾਰਬ੍ਰਹਮ ਕੀ; ਤਾਂ ਫਿਰਿ ਕਾਹੇ ਝੂਰੇ ॥੨॥

ਜੋ ਪਾਰਬ੍ਰਹਮ = ਪਰਮੇਸ਼ਰ ਦੀ ਸ਼ਰਨ ਵਿਚ ਆਵੈ = ਆਉਂਦੇ ਹਨ ਤਾਂ ਫਿਰ ਉਨ੍ਹਾਂ ਨੂੰ ਕਾਹੇ = ਕਿਸ ਵਾਸਤੇ ਝੂਰੇ = ਝੂਰਨ ਦੀ ਲੋੜ ਹੈ ॥੨॥

## ਚਰਨ ਸੇਵ, ਸੰਤ ਸਾਧ ਕੇ; ਸਗਲ ਮਨੋਰਥ ਪੂਰੇ ॥੩॥

ਜਿਨ੍ਹਾਂ ਨੇ ਸਾਧ = ਸ੍ਰੇਸ਼ਟ ਸੰਤਾਂ ਦੇ ਚਰਨਾਂ ਨੂੰ ਸੇਵ = ਸੇਵਨਾ ਕੀਤਾ ਹੈ **ਵਾ:** ਜਿਨ੍ਹਾਂ ਨੇ ਸੰਤ = ਸ਼ਾਂਤ ਆਤਮਾ, ਸਾਧ = ਮਨ ਨੂੰ ਸਾਧਣ ਵਾਲੇ ਪੁਰਖਾਂ ਦੀ ਸੰਗਤ ਕਰ ਕੇ ਪਰਮੇਸ਼ਰ ਦੇ ਚਰਨਾਂ ਕਮਲਾਂ ਨੂੰ ਸੇਵਨਾ ਕੀਤਾ ਹੈ, ਉਹਨਾਂ ਦੇ ਸਾਰੇ ਮਨੋਰਥ = ਮਨ ਦੇ ਸੰਕਲਪ ਪੂਰੇ ਹੋ ਗਏ ਹਨ ॥੩॥

## ਘਟਿ ਘਟਿ ਏਕੁ ਵਰਤਦਾ; ਜਲਿ ਥਲਿ ਮਹੀਅਲਿ ਪੂਰੇ ॥੪॥

ਜੋ ਘਟਿ ਘਟਿ = ਘਟਾਂ ਘਟਾਂ ਭਾਵ ਚਾਰੇ ਖਾਣੀਆਂ ਵਿਚ ਏਕੁ = ਇੱਕੋ ਪਰਮੇਸ਼ਰ ਹੀ ਵਰਤਦਾ = ਵਰਤ ਰਿਹਾ ਹੈ ਅਤੇ ਜਲਿ = ਜਲਾਂ ਥਲਾਂ ਮਹੀਅਲਿ = ਵਿਚ **ਵਾ:** ਮਹੀ = ਧਰਤੀ ਤੇ ਅਲਿ = ਆਕਾਸ਼ ਵਿਚ ਪੂਰੇ = ਪੂਰਨ ਹੈ ॥੪॥

**ਅਥਵਾ** ਜਿਵੇਂ ਪਾਰਸ ਨਾਲ ਮਿਲ ਕੇ ਅੱਠ ਧਾਤਾਂ ਸੋਨੇ ਦੀਆਂ ਹੀ ਦਿਸਦੀਆਂ ਹਨ, ਇਸੇ ਪ੍ਰਕਾਰ ਗੁਰਮੁਖ ਜਨਾਂ ਨੂੰ ਘਟਾਂ ਘਟਾਂ ਵਿਚ ਗੁਰੂ ਸ਼ਬਦ ਰੂਪ ਪਾਰਸ ਨਾਲ ਪਰਸਣੇ ਕਰਕੇ ਇਕ ਹਰੀ ਹੀ ਸਾਰੇ ਵਰਤਦਾ ਦਿੱਸਦਾ ਹੈ ਅਤੇ ਜਲ ਦੀ ਨਿਆਈਂ ਉੱਤਮ ਅਧਿਕਾਰੀਆਂ, ਥਲ ਦੀ ਨਿਆਈਂ ਕਨਿਸ਼ਨ

ਅਧਿਕਾਰੀਆਂ, ਪ੍ਰਿਥਵੀ ਦੀ ਨਿਆਈਂ ਬੁੱਧੀਵਾਨ ਪੁਰਖਾਂ ਅਤੇ ਆਕਾਸ਼ ਦੀ ਨਿਆਈਂ ਨਿਰਖੋਭ ਚਿੱਤ ਵਾਲਿਆਂ ਵਿਚ ਵੀ ਪੂਰਨ ਹੈ॥੪॥

## ਪਾਪ ਬਿਨਾਸਨੁ ਸੇਵਿਆ; ਪਵਿਤ੍ਰ ਸੰਤਨ ਕੀ ਧੂਰੇ ॥੫॥

ਜਿਨ੍ਹਾਂ ਨੇ ਸਾਰੇ ਪਾਪਾਂ ਦੇ ਬਿਨਾਸਨੁ = ਨਾਸ਼ ਕਰਨ ਵਾਲੇ ਪਰਮੇਸ਼ਰ ਦਾ ਸੇਵਿਆ = ਪੂਜਨ ਕੀਤਾ ਹੈ, ਉਨ੍ਹਾਂ ਸੰਤਾਂ ਦੀ ਚਰਨ ਧੂੜ ਪਵਿੱਤਰ ਹੈ **ਵਾ:** ਜਿਨ੍ਹਾਂ ਨੇ ਸੰਤਨ = ਸੰਤਾਂ ਕੀ = ਦੀ ਚਰਨ ਧੂੜੀ ਨਾਲ ਮਨ ਨੂੰ ਪਵਿਤ੍ਰ = ਨਿਰਮਲ ਕਰਕੇ ਪਾਪਾਂ ਦੇ ਬਿਨਾਸਨੁ = ਨਾਸ਼ ਕਰਨ ਵਾਲੇ ਪਰਮੇਸ਼ਰ ਨੂੰ ਸੇਵਿਆ = ਸੇਵਨਾ ਕੀਤਾ ਹੈ॥੫॥

## ਸਭ ਛਡਾਈ ਖਸਮਿ ਆਪਿ; ਹਰਿ ਜਪਿ ਭਈ ਠਰੂਰੇ ॥੬॥

ਜੋ ਲੋਕਾਈ ਹਰਿ = ਪ੍ਰਭੂ ਦਾ ਨਾਮ ਜਪ ਕੇ ਠਰੂਰੇ = ਠੰਢੀ (ਸੀਤਲਤਾਈ) ਨੂੰ ਪ੍ਰਾਪਤ ਭਈ = ਹੋਈ ਹੈ, ਉਹ ਸਭ = ਸਾਰੀ ਲੋਕਾਈ ਖਸਮਿ = ਮਾਲਕ ਪ੍ਰਭੂ ਨੇ ਆਪ ਜੰਮਣ ਮਰਣ ਤੋਂ ਛਡਾਈ = ਛੁਡਾਉਣਾ ਕੀਤੀ ਹੈ॥੬॥

## ਕਰਤੈ ਕੀਆ ਤਪਾਵਸੋ; ਦੁਸਟ ਮੁਏ ਹੋਇ ਮੂਰੇ ॥੭॥

ਕਰਤੈ = ਕਰਤਾ ਪੁਰਖ ਹਰੀ ਨੇ ਇਹ ਤਪਾਵਸੋ = ਨਿਆਂ ਕੀਆ = ਕੀਤਾ ਹੈ। ਜੋ ਦੁਸ਼ਟ ਮਨਮੁਖ ਮੂੜ੍ਹ ਮੂਰੇ = ਅੱਗੇ ਹੋਏ ਫਿਰਦੇ ਸੀ, ਉਹ ਸਾਰੇ ਮਰ ਗਏ। ਮੂਰਾ ਉਸ ਨੂੰ ਕਹਿੰਦੇ ਹਨ ਜਿਵੇਂ ਮੱਝ ਦਾ ਕੱਟਾ ਮਰ ਜਾਵੇ, ਮੱਝ ਦੁੱਧ ਨਹੀਂ ਦਿੰਦੀ ਤਾਂ ਗੁੱਜਰ ਲੋਕ ਕੱਟੇ ਦੀ ਖੱਲ ਲੁਹਾ ਕੇ ਉਸ ਵਿਚ ਤੂੜੀ ਵਗੈਰਾ ਭਰ ਕੇ ਸੀਅ ਕਰਕੇ ਮੱਝ ਅੱਗੇ ਖੜਾ ਕਰ ਦਿੰਦੇ ਹਨ। ਮੱਝ ਉਸ ਨੂੰ ਚੱਟੀ ਜਾਂਦੀ ਹੈ ਤੇ ਉਹ ਦੁੱਧ ਦੇਣ ਲੱਗ ਜਾਂਦੀ ਹੈ। ਜਿਹੜੇ ਮੂਰੇ = ਜੜ੍ਹ ਸਨ, ਉਹ ਹਰੀ ਨਾਲੋਂ ਮਰ ਗਏ। ਇਹੋ ਜਿਹੀਆਂ ਖੱਲਾਂ ਔਗੁਣਾਂ ਰੂਪੀ ਤੂੜੀ ਨਾਲ ਹੀ ਭਰੀਆਂ ਹਨ **ਵਾ:** ਮੂਰੇ = ਜਿਸ ਦੇ ਅੰਗ ਪੈਰ ਝੜ ਜਾਣ ਭਾਵ ਸ਼ੁਭ ਗੁਣਾਂ ਰੂਪੀ ਜਿਨ੍ਹਾਂ ਦੇ ਅੰਗ ਝੜ ਗਏ ਹਨ ਉਹ ਮੂਲ ਰੂਪ ਵਿਚ ਦੁਸ਼ਟ ਪੁਰਸ਼ ਪਰਮਾਤਮਾ ਨਾਲੋਂ ਮਰੇ ਹੋਏ ਹਨ॥੭॥

## ਨਾਨਕ ਰਤਾ ਸਚਿ ਨਾਇ; ਹਰਿ ਵੇਖੈ ਸਦਾ ਹਜੂਰੇ ॥੮॥੫॥੩੯॥੧॥੩੨॥੧॥੫॥੩੯॥

ਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਦਾ ਮਨ ਸਚਿ ਸੱਚੇ ਨਾਇ = ਨਾਮ ਵਿਚ ਰਤਾ = ਰੰਗਿਆ ਹੈ, ਉਹ ਹਰੀ ਨੂੰ ਸਦਾ ਹਜੂਰੇ = ਨੇੜੇ ਤੋਂ ਨੇੜੇ ਦੇਖਦੇ ਹਨ॥੮॥੫॥੩੯॥੧॥੩੨॥੧॥੫॥੩੯॥

***ਨੋਟ : ਅੰਕਾਂ ਦਾ ਵੇਰਵਾ*** : ਇਕ ਅਸ਼ਟਪਦੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ, ੩੨ ਅਸ਼ਟਪਦੀਆਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਹਨ। ਇਕ ਅਸ਼ਟਪਦੀ ਚੌਥੇ ਪਾਤਸ਼ਾਹ ਜੀ ਦੀ, ੫ ਅਸ਼ਟਪਦੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਹਨ। ਕੁੱਲ ਜੋੜ ੩੯ ਹੈ।

**ਉਥਾਨਕਾ ਬਾਰਹਮਾਹਾ :** ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸ੍ਰੀ ਅੰਮ੍ਰਿਤਸਰ ਸਾਹਿਬ ਬਿਰਾਜਮਾਨ ਸਨ। ਹਰਿਮੰਦਰ ਸਾਹਿਬ ਸਰੋਵਰ ਦੀ ਸੇਵਾ ਅਤੇ ਸੰਗਤਾਂ ਨੂੰ ਉਪਦੇਸ਼ ਦੇ ਕੇ ਤਾਰਨ ਦੀ, ਗੁਰੂ ਨਾਨਕ ਦੇਵ ਜੀ ਦੇ ਘਰ ਦੀ ਸੇਵਾ ਨਿਭਾ ਰਹੇ ਸਨ। ਇਕ ਵਾਰੀ ਸਤਿਗੁਰਾਂ ਦੇ ਪਾਸ ਇਕ ਵਿਦਵਾਨ ਪੰਡਤ ਜੋ ਭਾਈ ਸਾਲੋ ਜੀ ਦੀ ਧਰਮਸਾਲਾ ਪਾਸ ਰਹਿੰਦਾ ਸੀ ਉਸ ਨੇ ਆ ਕੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ਮੈਂ ਸੰਸਕ੍ਰਿਤ ਆਦਿ ਗ੍ਰੰਥ ਪੜ੍ਹਿਆ ਹੋਇਆ ਹਾਂ ਪਰੰਤੂ ਮੈਨੂੰ ਕਿਤੇ ਵੀ ਕਥਾ ਸੁਣਾਉਣ ਲਈ ਥਾਂ ਨਹੀਂ ਮਿਲਦੀ, ਮੈਂ ਬੜਾ ਗਰੀਬ ਹਾਂ, ਮੇਰੇ ਪਰਿਵਾਰ ਦਾ ਗੁਜਾਰਾ ਨਹੀਂ ਚੱਲਦਾ, ਆਪ ਜੀ ਕਿਰਪਾ ਕਰਕੇ ਮੈਨੂੰ ਆਪਣੇ ਕੋਲ ਸੰਗਰਾਂਦ

ਵਾਲੇ ਦਿਨ ਕਥਾ ਸੁਣਾ ਲੈਣ ਦਿਆ ਕਰੋ। ਇਸ ਦੀ ਬੇਨਤੀ ਮੰਨ ਕੇ ਗਰੀਬੀ ਤੇ ਤਰਸ ਕਰਕੇ ਸਤਿਗੁਰੂ ਜੀ ਨੇ ਇਸ ਨੂੰ ਸੰਗਰਾਂਦ ਵਾਲੇ ਦਿਨ ਕਥਾ ਕਰਨ ਦੀ ਆਗਿਆ ਦੇ ਦਿੱਤੀ, ਅਤੇ ਇਸ ਦੇ ਪਰਿਵਾਰ ਦਾ ਗੁਜਾਰਾ ਤੋਰਨ ਲਈ ਮਾਇਆ ਵੀ ਸੰਗਤਾਂ ਵੱਲੋਂ ਦੁਆ ਦਿਆ ਕਰਦੇ ਸਨ। ਇਕ ਦਿਨ ਪੰਚਮ ਪਾਤਸ਼ਾਹ ਜੀ ਗੁਰੂ ਕੇ ਬਾਗ਼ ਵਾਲੀ ਜਗ੍ਹਾ ਜਿਥੇ ਮਾਰਬਲ ਦਾ ਮੰਜੀ ਸਾਹਿਬ ਛਤਰੀ ਵਾਲਾ ਬਣਿਆ ਹੋਇਆ ਹੈ, (ਜਿਸ ਦੀ ਯਾਦ ਵਿੱਚ ਅੱਜ ਦੀਵਾਨ ਹਾਲ ਮੰਜੀ ਸਾਹਿਬ ਬਣਿਆ ਹੋਇਆ ਹੈ, ਉਹ ਸੰਗਤਾਂ ਦੇ ਬੈਠਣ ਦੀ ਸਹੂਲਤ ਨੂੰ ਮੁੱਖ ਰੱਖ ਕੇ ਉਸ ਦਾ ਮੁੱਖ ਦੂਸਰੇ ਪਾਸੇ ਕੀਤਾ ਗਿਆ ਜੋ ਪੰਚਮ ਪਾਤਸ਼ਾਹ ਜੀ ਦੀ ਯਾਦ ਤਾਜ਼ਾ ਕਰਾਉਂਦਾ ਹੈ। ਉਹ ਮੰਜੀ ਸਾਹਿਬ ਠੀਕ ਉਸੇ ਥਾਂ ਸੁਸ਼ੋਭਿਤ ਹੈ।) ਉਸ ਥਾਂ ਨਿੱਤ ਗੁਰੂ ਜੀ ਬਿਰਾਜਮਾਨ ਹੋ ਕੇ ਸੰਗਤਾਂ ਪ੍ਰਤੀ ਉਪਦੇਸ਼ ਬਖ਼ਸ਼ਿਸ਼ ਕਰਿਆ ਕਰਦੇ ਸਨ। ਚੇਤਰ ਦੀ ਸੰਗਰਾਂਦ ਵਾਲੇ ਦਿਨ ਬਾਬਾ ਬੁੱਢਾ ਸਾਹਿਬ ਜੀ ਨੇ ਹੱਥ ਜੋੜ ਕੇ ਖੜੇ ਹੋ ਕੇ ਸਤਿਗੁਰਾਂ ਅੱਗੇ ਬੇਨਤੀ ਕੀਤੀ ਕਿ ਮਹਾਰਾਜ! ਸੰਗਤਾਂ ਵੱਲੋਂ ਇਕ ਬੇਨਤੀ ਹੈ। ਸਤਿਗੁਰੂ ਜੀ ਕਹਿਣ ਲੱਗੇ ਕਿ ਬਾਬਾ ਬੁੱਢਾ ਜੀ! ਨਿਰਸੰਕੋਚ ਹੋ ਕੇ ਕਹਿਣਾ ਕਰੋ। ਤਾਂ ਬਾਬਾ ਬੁੱਢਾ ਸਾਹਿਬ ਜੀ ਨੇ ਕਿਹਾ ਕਿ ਸਤਿਗੁਰੂ ਜੀ! ਸੰਗਰਾਂਦ ਵਾਲੇ ਦਿਨ ਜੋ ਬ੍ਰਾਹਮਣ ਕਾਫ਼ੀ ਸਮੇਂ ਤੋਂ ਫਲਾਦੇਸ ਸੁਣਾਉਂਦਾ ਆ ਰਿਹਾ ਹੈ, ਅੱਜ ਉਸ ਨੇ ਬੁਲਾਉਣ ਗਏ ਸਿੱਖਾਂ ਨੂੰ ਜਵਾਬ ਦੇ ਦਿੱਤਾ ਹੈ ਕਿ ਗੁਰੂ ਤਾਂ ਤੁਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੰਨਦੇ ਹੋ ਤੇ ਫਲਾਦੇਸ ਮੇਰੇ ਕੋਲੋਂ ਸੁਣਦੇ ਹੋ। ਇਸ ਲਈ ਮੈਂ ਸਿੱਖਾਂ ਨੂੰ ਫਲਾਦੇਸ ਨਹੀਂ ਸੁਣਾਉਂਦਾ। ਸਤਜੁਗ ਤੋਂ ਲੈ ਕੇ ਹੁਣ ਤੱਕ ਚਾਰ ਜੁਗਾਂ ਵਿਚ ਸਾਨੂੰ ਲੋਕ ਪੂਜਦੇ ਆਏ ਹਨ। ਇਹ ਕਲਜੁਗ ਦੇ ਵਿਚ ਕੈਸੀ ਉਲਟੀ ਰੀਤ ਚੱਲ ਪਈ ਜੋ ਸਿੱਖ ਸਾਨੂੰ ਪੂਜਣ ਤੋਂ ਇਨਕਾਰੀ ਹੋ ਗਏ। ਇਸ ਲਈ ਜਾਂ ਤਾਂ ਮੇਰਾ ਪੂਜਨ ਸਵੀਕਾਰ ਕਰੋ। ਹੁਣ ਤੁਹਾਡਾ ਮਹੀਨਾ ਸਫਲ ਨਹੀਂ ਹੋਇਆ ਕਰੇਗਾ ਕਿਉਂਕਿ ਮਹੀਨਾ ਚੜ੍ਹੇ ਤੋਂ ਕਿਸੇ ਭਲੇ ਦੇ ਮੂੰਹੋਂ ਨਾਮ ਸੁਣਿਆਂ ਹੀ ਮਹੀਨਾ ਸਫਲ ਹੁੰਦਾ ਹੈ। ਐਸਾ ਸਾਡੇ ਸ਼ਾਸਤਰਾਂ ਵਿਚ ਵਿਧਾਨ ਕੀਤਾ ਗਿਆ ਹੈ ਤੇ ਚਾਰ ਵਰਣਾਂ ਵਿਚ ਬ੍ਰਾਹਮਣ ਦਾ ਮੁੱਖ ਹੀ ਭਲਾ ਗਿਣਿਆ ਜਾਂਦਾ ਹੈ। ਹੇ ਸਤਿਗੁਰੂ ਜੀ! ਇਸ ਬ੍ਰਾਹਮਣਵਾਦ ਤੋਂ, ਬ੍ਰਾਹਮਣਾਂ ਦੇ ਭਰਮ ਜਾਲ ਤੋਂ ਗੁਰੂ ਨਾਨਕ ਦੇ ਚਲਾਏ ਨਿਰਮਲ ਪੰਥ ਨੂੰ ਬਚਾਉਣਾ ਕਰੋ। ਸਾਡੇ ਸਭ ਕੁਝ ਸਤਿਗੁਰੂ ਜੀ ਆਪ ਹੀ ਹੋ। ਇਸ ਲਈ ਕ੍ਰਿਪਾ ਕਰਕੇ ਆਪਣੇ ਮੁੱਖੋਂ ਅਜਿਹੀ ਬਾਣੀ ਰਚ ਦਿਉ, ਜਿਸ ਵਿਚ ਬਾਰਾਂ ਮਹੀਨਿਆਂ ਦੇ ਨਾਮ ਆ ਜਾਣ। ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ ਕਿ ਬਾਬਾ ਬੁੱਢਾ ਸਾਹਿਬ ਜੀ! ਬਾਰਾਂ ਮਹੀਨਿਆਂ ਦੇ ਨਾਮ ਦੀ ਬਾਣੀ ਤੁਖਾਰੀ ਰਾਗ ਵਿਚ ਜਗਤ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਹੈ। ਗੁਰੂ ਨਾਨਕ ਸਾਹਿਬ ਨੇ ਬ੍ਰਾਹਮਣਾਂ ਦੇ ਭਰਮ ਜਾਲ ਤੋਂ ਮੁਕਤ ਕਰਨ ਲਈ ਬਾਰਹਮਾਹਾ ਉਚਾਰਨ ਕੀਤਾ। ਸੰਗਰਾਂਦ ਵਾਲੇ ਦਿਨ ਉਸ ਦਾ ਪਾਠ ਕਰ ਕੇ ਆਪਣਾ ਜਨਮ ਸਫਲਾ ਕਰੋ। ਸਿੱਖ ਪੰਥ ਬ੍ਰਾਹਮਣ ਜਾਲ ਵਿਚ ਕਿਉਂ ਫਸੇ ? ਇਹ ਤਾਂ ਸਭ ਤੋਂ ਨਿਰਾਲਾ ਹੈ। ਬਾਬਾ ਬੁੱਢਾ ਜੀ ਕਹਿਣ ਲੱਗੇ ਕਿ ਸਤਿਗੁਰੂ ਜੀ! ਤੁਖਾਰੀ ਰਾਗ ਵਾਲੇ ਬਾਰਹਮਾਹਾ ਦੀ ਭਾਸ਼ਾ ਬਹੁਤ ਕਠਨ ਹੈ ਜਿਸ ਕਰਕੇ ਅਰਥ ਤੋਂ ਬਿਨਾਂ ਸਾਰਿਆਂ ਨੂੰ ਸਮਝ ਨਹੀਂ ਪੈਂਦੀ। ਜਿਸ ਵਿਚ ਮਹਾਰਾਜ ਨੇ ਗੁਪਤ ਅਲੰਕਾਰ ਵਰਤੇ ਹਨ। ਆਪ ਕਿਰਪਾ ਕਰਕੇ ਸਰਲ ਰੂਪ ਬਾਰਹਮਾਹਾ ਉਚਾਰਨ ਕਰੋ। ਇਹ ਸਾਡੀ ਬੇਨਤੀ ਹੈ। ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਬਾਬਾ ਬੁੱਢਾ ਸਾਹਿਬ ਜੀ! ਮੂਲ ਸਿਧਾਂਤ ਦੇ ਵਿਚ ਤਾਂ ਬਾਣੀ ਤੁਖਾਰੀ ਰਾਗ ਵਾਲੀ ਹੈ ਤੇ ਰਹੇਗੀ ਪਰ ਉਸ ਦਾ ਸਿਧਾਂਤ ਲੈ ਕੇ ਟੀਕਾ ਰੂਪ ਬਾਣੀ ਰਚ ਦਿੰਦੇ ਹਾਂ ਕਿਉਂਕਿ ਸੰਗਤ ਵਿਚ ਆਪ ਪਰਮੇਸ਼ਰ ਵਸ ਰਿਹਾ ਹੈ। ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਸਰਲ ਸੁਭਾਅ ਦੇ ਸਿੱਖਾਂ ਦੇ ਕਾਰਨ ਬ੍ਰਾਹਮਣ ਹੰਕਾਰੀ ਹੋ ਬੈਠਾ ਹੈ ਕਿਉਂਕਿ ਸਿੱਖ ਉਸ ਨੂੰ ਆਨਾ ਦੋ ਆਨਾ ਟਕਾ ਫਲਾਦੇਸ ਸੁਣਾਉਣ ਦੀ ਭੇਟਾ ਦਿੰਦੇ ਰਹੇ। ਅੱਜ ਤੋਂ ਬਾਅਦ ਐਸੀ ਮਰਯਾਦਾ ਬੰਨ੍ਹਦੇ ਹਾਂ ਅਤੇ ਸਿੱਖਾਂ ਨੂੰ ਹੁਕਮ ਦਿੰਦੇ ਹਾਂ ਕਿ ਕਿਸੇ ਬ੍ਰਾਹਮਣ ਕੋਲ ਸਿੱਖ ਫਲਾਦੇਸ ਸੁਣਨ ਨਹੀਂ ਜਾਏਗਾ। ਅੱਜ ਤੋਂ ਇਹ ਮਰਯਾਦਾ ਹੋਈ। ਉਸ ਦਿਨ ਚੇਤਰ ਮਹੀਨੇ ਦੀ ਸੰਗਰਾਂਦ ਸੀ। ਸਤਿਗੁਰੂ ਜੀ ਨੇ ਹੁਕਮ ਦਿੱਤਾ ਕਿ ਕੜਾਹ ਪ੍ਰਸਾਦਿ ਤਿਆਰ ਕਰ ਕੇ ਹਜ਼ੂਰੀ ਵਿਚ ਲਿਆਂਦਾ ਜਾਵੇ। ਸਿੱਖਾਂ ਨੇ ਕੜਾਹ

ਪ੍ਰਸਾਦਿ ਤਿਆਰ ਕਰ ਕੇ ਸਤਿਗੁਰਾਂ ਦੀ ਹਜ਼ੂਰੀ ਵਿਚ ਲਿਆਂਦਾ ਤਾਂ ਸਤਿਗੁਰਾਂ ਨੇ ਇਹ ਪਵਿੱਤਰ ਬਾਣੀ ਉਚਾਰਨ ਕੀਤੀ ਅਤੇ ਮਰਯਾਦਾ ਕਾਇਮ ਕੀਤੀ ਕਿ ਸਤਿਗੁਰਾਂ ਦੀ ਹਜ਼ੂਰੀ ਵਿੱਚ ਸਿੱਖ ਪੂਰੇ ਬਾਰਹਮਾਹਾ ਦਾ ਪਾਠ ਕਰੇ। ਜਿਸ ਮਹੀਨੇ ਦੀ ਸੰਗਰਾਂਦ ਹੋਵੇ, ਉਸ ਮਹੀਨੇ ਦਾ ਸ਼ਬਦ ਦੁਬਾਰਾ ਪੜ੍ਹਿਆ ਅਤੇ ਵਿਚਾਰਿਆ ਜਾਵੇ। ਜੇ ਕੋਈ ਅਰਥਾਂ ਦਾ ਜਾਣੂ ਹੋਵੇ, ਉਹ ਅਰਥ ਕਰ ਕੇ ਸੁਣਾਵੇ। ਜੇਕਰ ਨਾ ਹੋਵੇ ਤਾਂ ਕੇਵਲ ਪਾਠ ਕਰ ਕੇ ਅਰਦਾਸ ਕਰ ਲਈ ਜਾਵੇ। ਬ੍ਰਾਹਮਣ ਸੂਰਜ ਦਾ ਦਿਨ ਜਾਣ ਕੇ ਸੰਗਰਾਂਦ ਵਾਲੇ ਦਿਨ ਸੂਰਜ ਦੀ ਪੂਜਾ ਕਰਦੇ ਹਨ ਕਿਉਂਕਿ ਜੋਤਸ਼ ਮੱਤ ਅਨੁਸਾਰ ਸੂਰਜ ਨਵੀਂ ਰਾਸ ਵਿਚ ਪ੍ਰਵੇਸ਼ ਕਰਦਾ ਹੈ। ਇਸ ਲਈ ਇਸ ਦੇ ਤਿੰਨ ਨਾਮ ਹਨ ਸੰਸਕ੍ਰਿਤ ਵਿਚ—੧. ਸੰਕ੍ਰਾਂਤੀ ੨. ਸੂਰਯਾ ਕ੍ਰਾਂਤੀ ੩. ਸੰਕਰਮਣ—ਜਿਸ ਦੇ ਅਰਥ ਹਨ ਸੂਰਜ ਦਾ ਨਵੀਂ ਰਾਸ ਵਿਚ ਆ ਕੇ ਸੰ = ਭਲੀ ਪ੍ਰਕਾਰ ਕ੍ਰਾਂਤੀ = ਤਬਦੀਲੀ। ਸੂਰਜ ਦੇ ਨਵੀਂ ਰਾਸ ਵਿਚ ਆਉਣ ਨਾਲ ਪ੍ਰਕਿਰਤੀ ਵਿਚ ਤਬਦੀਲੀ ਆ ਜਾਂਦੀ ਹੈ, ਜਿਸ ਦਾ ਅਸਰ ਛੋਟੇ ਪੌਦਿਆਂ ਤੋਂ ਲੈ ਕੇ ਵੱਡੇ ਪੌਦਿਆਂ ਤੱਕ ਹੋ ਜਾਂਦਾ ਹੈ। ਦੂਸਰਾ ਸ਼ਬਦ ਸੂਰਯਾ ਕ੍ਰਾਂਤੀ, ਸੂਰਜ ਦੁਆਰਾ ਕ੍ਰਾਂਤੀ = ਤਬਦੀਲੀ, ਲਗਭਗ ਪਹਿਲੇ ਅਰਥ ਨਾਲ ਮਿਲਦਾ ਹੀ ਅਰਥ ਬਣਦਾ ਹੈ। ਤੀਸਰਾ ਸੰਕਰਮਣ ਦਾ ਅਰਥ ਝੜਾਈ ਕਰਨੀ, ਸੂਰਜ ਦਾ ਨਵੀਂ ਰਾਸ ਵਿਚ ਚੜਾਈ ਕਰਨਾ। ਗੁਰਮੁਖੀ ਵਿਚ ਉਸ ਨੂੰ ਸੰਗਰਾਂਦ ਕਹਿੰਦੇ ਹਨ। ਇਹ ਸੰਸਕ੍ਰਿਤ ਵਿੱਚੋਂ ਤਬਦੀਲ ਹੋ ਕੇ ਵਰਤਿਆ ਜਾਣ ਵਾਲਾ ਸ਼ਬਦ ਹੈ। ਇਸ ਬਾਣੀ ਦਾ ਸਿਰਲੇਖ ਜੋ ਸਤਿਗੁਰਾਂ ਨੇ ਦਿੱਤਾ ਹੈ, ਪਹਿਲਾਂ ਉਸ ਦੇ ਅਰਥ ਕਰਨੇ ਵਾਜਬ ਹੋਣਗੇ। (ਇਹ ਅਰਥਾਂ ਦਾ ਖ਼ਜ਼ਾਨਾ ਦਮਦਮੀ ਟਕਸਾਲ ਦੇ ੧੨ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ੨੮ਵੀਂ (ਅਠਾਈਵੀਂ) ਕਥਾ ਕਰਦਿਆਂ ਮਾਹਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਭਾਈ ਬਲਵੰਤ ਸਿੰਘ ਅਤੇ ਸੰਤ ਪਰਮਜੀਤ ਸਿੰਘ ਜੀ ਦੇ ਨਗਰ ਵਿਦਿਆਰਥੀਆਂ ਨੂੰ ਪੜ੍ਹਾਉਂਦਿਆਂ ਹੋਇਆਂ ਵਰਤਾਇਆ।) ਪਹਿਲਾਂ ਬਾਰਹਮਾਹਾ ਸ਼ਬਦ ਦੇ ਅਰਥ ਕੀਤੇ ਹਨ।

[੧]**ਬਾਰਹਮਾਹਾ :** ਇਕ ਕਾਵਿ ਰੂਪੀ ਬਾਣੀ ਜਿਸ ਵਿਚ ਸਾਲ ਦੇ ਬਾਰਾਂ ਮਹੀਨਿਆਂ ਦੇ ਆਧਾਰ ’ਤੇ ਰਚਨਾ ਕੀਤੀ ਗਈ ਹੈ, ਇਹ ਵਿਸ਼ੇਸ਼ ਕਰਕੇ ਮਹੀਨਿਆਂ ਦੇ ਮੁਤਾਬਿਕ ਬਦਲਦੇ ਪ੍ਰਕਿਰਤੀ ਦੇ ਰੰਗਾਂ ’ਤੇ ਆਧਾਰਿਤ ਬਿਰਹੋਂ ਦੀਆਂ ਸੁਰਾਂ ਛੇੜਦਾ ਹੈ। ਅੰਤ ਮਿਲਾਪ ਦਾ ਨਗ਼ਮਾ ਗਾਉਂਦਾ ਹੈ। ਇਸ ਦਾ ਤਾਣਾ ਪੇਟਾ ਵਧੇਰੇ ਬਿਰਹੋਂ ਦੀਆਂ ਸੁਰਾਂ ਛੇੜਦਾ ਹੈ। ਅੰਤ ਮਿਲਾਪ ਦਾ ਬੁਣਿਆ ਜਾਂਦਾ ਹੈ। ਮਸਊਦ ਸਾਅਦ ਸੁਲੇਮਾਨ ਲਾਹੌਰੀ (੧੦੪੭-੧੧੨੨) ਈਸਵੀ ਦਾ ਲਿਖਿਆ ਪ੍ਰਾਪਤ ਫ਼ਾਰਸੀ ਬਾਰਹਮਾਹਾ ਇਸ ਗੱਲ ਦਾ ਪ੍ਰਮਾਣ ਪੇਸ਼ ਕਰਦਾ ਹੈ ਕਿ ਭਾਰਤੀ ਸਾਹਿਤ ਵਿਚ ਇਸ ਦੀ ਪਰੰਪਰਾ ਪੁਰਾਣੀ ਰਹੀ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ ਇਕ ਫ਼ਾਰਸੀ ਕਵੀ ਨੇ ਬਾਰਹਮਾਹਾ ਲਿਖਿਆ ਕਿਉਂਕਿ ਈਰਾਨੀ ਸ਼ਾਇਰੀ ਵਿਚ ਤਾਂ ਇਸ ਦਾ ਰਿਵਾਜ ਨਹੀਂ ਹੈ। ਇਸ ਤੋਂ ਪਿੱਛੋਂ ਦੇ ਲਿਖੇ ਹਿੰਦੀ ਬਾਰਾਮਾਹਾ ਮਿਲਦੇ ਹਨ ਤੇ ਸੰਤ, ਭਗਤ, ਕਵੀਆਂ ਨੇ ਵੀ ਇਸ ਕਾਵਿ ਰੂਪ ਦਾ ਪ੍ਰਯੋਗ ਕੀਤਾ ਹੈ। ਗੁਰੂ ਸਾਹਿਬਾਨਾਂ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੁਖਾਰੀ ਤੇ ਮਾਝ ਰਾਗ ਵਿਚ ਬਾਰਹਮਾਹੇ ਉਚਾਰਨ ਕੀਤੇ ਹਨ। ‘ਬਾਰਹ ਮਾਹਾ’ ਬਾਣੀ ਅੰਕਿਤ ਭਾਵਾਂ ਨੂੰ ਛੇ ਹਿੱਸਿਆਂ ਵਿਚ ਵੰਡਿਆ ਗਿਆ ਹੈ :

੧. **ਉਪਦੇਸਾਤਮਿਕ ਭਾਵ :** ਚੇਤਿ, ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥
੨. **ਪ੍ਰੇਮਾਤਮਿਕ ਭਾਵ :** ਅਸੁਨਿ, ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥
੩. **ਵਿਜੋਗਾਤਮਿਕ ਭਾਵ :** ਵੇਮੁਖ, ਹੋਏ ਰਾਮ ਤੇ, ਲਗਨਿ ਜਨਮ ਵਿਜੋਗ॥
੪. **ਸੰਜੋਗਾਤਮਿਕ ਭਾਵ :** ਇਛ ਪੁਨੀ ਵਡਭਾਗਣੀ, ਵਰੁ ਪਾਇਆ ਹਰਿ ਰਾਇ॥
੫. **ਹਲੀਮੀਭਾਵਾਤਮਿਕ ਭਾਵ :** ਮਾਘਿ, ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥
੬. **ਅਨੰਦਾਤਮਿਕ ਭਾਵ :** ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥

---

੧. *ਨੋਟ :* ਦੋ ਬਾਰਹਮਾਹਾ ਸ੍ਰੀ ਦਸਮ ਗ੍ਰੰਥ ਵਿੱਚ ਲਿਖੇ ਮਿਲਦੇ ਹਨ।

## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ਬਾਰਹ = ਬਾਰ੍ਹਾਂ ਮਾਹਾ = ਮਹੀਨੇ ਭਾਵ ਜੇ ਕੇਵਲ ਮਾਹ ਹੁੰਦਾ ਤਾਂ ਇਕ ਦਾ ਵਾਚਕ ਸੀ। ਮਾਝ ਰਾਗ ਵਿਚ ਮਹਲਾ ੫ = ਪੰਚਮ ਪਾਤਸ਼ਾਹ ਜੀ ਘਰੁ ੪ = ਚੌਥੇ ਸੁਰਤਾਲ ਵਿਚ ਬਾਰਹ = ਬਾਰਾਂ ਮਾਹਾ = ਮਹੀਨਿਆਂ ਦੁਆਰਾ ਉਪਦੇਸ਼ ਬਖ਼ਸ਼ਿਸ ਕਰਦੇ ਹਨ ਘਰ ਚੌਥੇ ਵਿਚ ਗਾਉਣ ਦਾ ਹੁਕਮ ਦੱਸਦਾ ਹੈ ਕਿ ਇਹ ਵੀ ਇਕ ਅਸਟਪਦੀ ਵਾਂਗ ਹੈ ਜਿਸ ਦੇ ੧੪ ਪਦ ਹਨ। ਇਸ ਪ੍ਰਕਾਰ ਅੰਤਰੀਵ ਭਾਵ ਵਿਚ ਜੋ ਸਾਡੀ ਅਵਸਥਾ ਹੈ, ਇਸ ਦੇ ਉਮਰ ਵਿਚ ਬਾਰ੍ਹਾਂ ਹਿੱਸੇ ਬਣਦੇ ਹਨ : ੧. ਬਾਲਕ ਅਵਸਥਾ ਵਿਚ ਮਾਤਾ ਦੇ ਅਸਥਨਾਂ ਨਾਲ ਪਿਆਰ ਹੁੰਦਾ ਹੈ। ੨. ਮਾਤਾ ਪਿਤਾ ਦੇ ਸਮਝਣ ਦੀ ਹੈ। ੩. ਭੈਣ, ਭਰਾ ਅਤੇ ਰਿਸ਼ਤੇਦਾਰਾਂ ਦੀ ਪਛਾਣ ਹੁੰਦੀ ਹੈ। ੪. ਚੌਥੀ ਅਵਸਥਾ ਖੇਡਣ ਵਿਚ ਪ੍ਰੇਮ ਹੁੰਦਾ ਹੈ। ੫. ਖਾਣ ਪੀਣ ਦੀ, ਕਿਸ਼ੋਰ ਅਵਸਥਾ। ੬. ਜਵਾਨੀ ਅਵਸਥਾ ਜਿਸ ਵਿਚ ਕਾਮ ਦਾ ਵੇਗ ਤੇਜ਼ ਹੋ ਜਾਂਦਾ ਹੈ। ੭. ਸੱਤਵੀਂ ਅਵਸਥਾ ਧਨ ਸੰਚਣ ਅਤੇ ਘਰ ਬਾਰ ਬਣਾਉਣ ਦੀ ਹੈ। ੮. ਅੱਠਵੀਂ ਅਵਸਥਾ ਭਰ ਜਵਾਨੀ ਦੀ ਹੈ। ਕ੍ਰੋਧੀ ਹੋ ਜਾਂਦਾ ਹੈ। ੯. ਨੌਂਵੀਂ ਅਵਸਥਾ ਵਿਚ ਕੇਸ ਚਿੱਟੇ ਹੋ ਜਾਂਦੇ ਹਨ। ੧੦. ਦਸਵੀਂ ਅਵਸਥਾ ਅਗਿਆਨ ਦੀ ਹੈ ਜੋ ਗ੍ਰੰਥਾਂ ਵਿਚ ਆਉਂਦੀ ਹੈ। ੧੧. ਗਿਆਰਵੀਂ ਅਵਸਥਾ ਜੀਵਨ ਮੁਕਤ ਦੀ। ੧੨. ਬਾਰ੍ਹਵੀਂ ਅਵਸਥਾ ਬ੍ਰਹਮ ਗਿਆਨ ਦੀ ਹੈ **ਵਾ:** ਬਿਦੇਹ ਮੁਕਤੀ ਦੀ ਹੈ। ਇਹ ਬਾਰ੍ਹਾਂ ਮਹੀਨਿਆਂ ਦੀ ਨਿਆਈਂ ਬਾਰ੍ਹਾਂ ਅਵਸਥਾ ਬਣਾ ਕੇ ਸਤਿਗੁਰੂ ਜੀ ਹੀ ਉਪਦੇਸ਼ ਬਖ਼ਸ਼ਦੇ ਹਨ। ਅੰਤਰੀਵ ਅਰਥ ਅਵਸਥਾ ਦਾ ਲਾਉਣਾ, ਬਾਰ੍ਹਾਂ ਮਹੀਨਿਆਂ ਦਾ ਲਾਉਣਾ। ਹੁਣ ਅੱਗੇ ਸਿੱਖਾਂ ਦੀ ਬੇਨਤੀ ਮੰਨ ਕੇ ਬਾਰਹ ਮਾਹਾ ਉਚਾਰਨ ਕਰਦੇ ਹੋਏ ਪਹਿਲਾਂ ਮੰਗਲ ਉਚਾਰਨ ਕਰਦੇ ਹਨ।

## ੧ੴ ਸਤਿਗੁਰ ਪ੍ਰਸਾਦਿ ॥

੧ = ਅਦ੍ਵੈਤ ਰੂਪ ਪਰਮੇਸ਼ਰ ਜੋ ਸਜਾਤੀ, ਵਿਜਾਤੀ, ਸ੍ਵਗਤ ਭੇਦ ਤੋਂ ਰਹਿਤ ਹੈ। ਦੇਸ਼ ਕਾਲ ਵਸਤੂ ਪ੍ਰਛੇਦ ਰਹਿਤ ਹੈ। ਸਜਾਤੀ = ਉਸ ਜਾਤ ਦਾ ਹੋਰ ਹੋਣਾ ਜਿਵੇਂ ਬ੍ਰਾਹਮਣ ਜਾਤ ਦੇ ਹੋਰ ਬ੍ਰਾਹਮਣ ਹਨ। ਬਿਜਾਤੀ = ਹੋਰ ਜਾਤ ਹੋਣੀ ਪਰਮੇਸ਼ਰ ਵਰਗਾ ਹੋਰ ਪਰਮੇਸ਼ਰ ਨਹੀਂ, ਇਸ ਲਈ ਸਜਾਤੀ ਭੇਦ ਮਨੁੱਖਾਂ 'ਚ ਤਾਂ ਹੈ ਪਰ ਪਰਮਾਤਮਾ 'ਚ ਨਹੀਂ। ਬਿਜਾਤੀ ਉਸ ਵਰਗੇ ਗੁਣਾਂ ਵਾਲਾ ਦੂਸਰਾ ਪਰਮੇਸ਼ਰ ਹੋਰ ਸਰੂਪ ਵਾਲਾ ਨਹੀਂ, ਇਸ ਲਈ ਵਿਜਾਤੀ ਭੇਦ ਵੀ ਉਸ ਵਿਚ ਨਹੀਂ। ਸ੍ਵਗਤ ਭੇਦ = ਜਿਵੇਂ ਬ੍ਰਿਛ ਦੇ ਆਪਣੇ ਹੀ ਸਰੂਪ ਵਿਚ ਟਾਹਣੀਆਂ ਅਤੇ ਪੱਤੇ ਆਦਿ ਅਲੱਗ ਅਲੱਗ ਹਨ। ਮਨੁੱਖ ਦੇ ਹੱਥ, ਪੈਰ, ਉਂਗਲਾ ਆਦਿ ਅੰਗ ਪ੍ਰਤੰਗ ਹਨ। ਇਹ (ਸ੍ਵਗਤ) ਸ੍ਵ = ਆਪਣੇ ਹੀ ਸਰੂਪ ਦਾ ਭੇਦ ਗਤ = ਪ੍ਰਾਪਤ ਹੋਣਾ। ਉਹ ਇਨ੍ਹਾਂ ਤਿੰਨਾਂ ਭੇਦਾਂ ਤੋਂ ਰਹਿਤ ਹੈ। ਦੂਸਰਾ ਦੇਸ਼, ਕਾਲ, ਵਸਤੂ ਪ੍ਰਛੇਦ ਰਹਿਤ ਹੈ। ਦੇਸ = ਜਿਵੇਂ ਹਿੰਦੋਸਤਾਨ, ਪਾਕਿਸਤਾਨ, ਚੀਨ, ਈਰਾਨ ਆਦਿ ਮਨੁੱਖ ਦੇਸ਼ਾਂ ਦੀ ਵੰਡ ਵਿਚ ਹੈ ਪਰ ਪਰਮਾਤਮਾ ਕਿਸੇ ਦੇਸ਼ ਦੀ ਵੰਡ 'ਚ ਨਹੀਂ। ਕਾਲ = ਭੂਤ, ਭਵਿੱਖ ਤੇ ਵਰਤਮਾਨ ਕਾਲ ਸਮਿਆਂ ਵਿਚ ਨਹੀਂ। ਵਸਤੂ = ਸੰਸਾਰ ਅਲੱਗ ਅਲੱਗ (ਵਸਤੂ) ਚੀਜ਼ਾਂ ਵਿਚ ਵੰਡਿਆ ਹੋਇਆ ਹੈ। ਹਰ ਵਸਤੂ ਦਾ ਅਲੱਗ ਅਲੱਗ ਨਾਮ ਹੈ। ਪਰਮਾਤਮਾ ਕਿਸੇ ਪ੍ਰਕਾਰ ਵਸਤੂਆਂ 'ਚ ਨਹੀਂ ਵੰਡ ਹੁੰਦਾ। ਇਸ ਲਈ ਪਰ = ਵਿਸ਼ੇਸ਼ ਕਰਕੇ ਛੇਦ = ਅਲੱਗ ਪਰਮਾਤਮਾ ਵਸਤੂਆਂ ਕਰਕੇ ਵੀ ਅਲੱਗ ਅਲੱਗ ਨਹੀਂ ਹੈ। ਇਸ ਲਈ ਦੇਸ਼, ਕਾਲ, ਵਸਤੂ ਪ੍ਰਛੇਦ ਰਹਿਤ ਹੈ। ਇਕ ਅਖੰਡ ਸਰੂਪ ਹੈ ਤਾਂ ਇਕ ਕਿਹਾ ਹੈ। ੴ = ਜੋ ਸਰਬ ਦਾ ਪ੍ਰਕਾਸ਼ ਹੈ ਜਿਸ ਨੂੰ ਭਗਤਾਂ ਦੇ ਅੰਗੀਕਾਰ ਕਰਨ ਵਾਲਾ ਮੰਨਿਆ ਹੈ।

ਸਤਿ = ਤਿੰਨ ਕਾਲਾਂ ਵਿਚ ਅਬਾਧ = ਨਾਸ਼ ਤੋਂ ਰਹਿਤ ਹੈ। ਸਭ ਨੂੰ ਸਫੁਰਤੀ ਦੇਣ ਵਾਲਾ ਹੈ। ਗੁਰ = ਚੇਤਨ ਸਰੂਪ, ਅਗਿਆਨ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਹੈ। ਪ੍ਰਸਾਦਿ = ਅਨੰਦ ਸਰੂਪ ਹੈ। ਬਾਰਹਮਾਹਾ ਦੇ ੧੪ ਪਦਾਂ ਵਿਚ ਪਹਿਲੀ ਮੰਗਲ ਰੂਪ ਪਉੜੀ ਵਿਚ ਅਭਿਮਾਨ ਸਹਿਤ

ਕੀਤੇ ਹੋਏ ਕਰਮਾਂ ਦਾ ਦੋਸ਼ ਜਾਣ ਕੇ ਆਪ ਨੂੰ ਬਖ਼ਸ਼ਾਉਣ ਵਾਸਤੇ ਵਾਹਿਗੁਰੂ ਅੱਗੇ ਬੇਨਤੀ ਕਰਨ ਦਾ ਢੰਗ ਦੱਸਦੇ ਹਨ।

## ਕਿਰਤਿ ਕਰਮ ਕੇ ਵੀਛੁੜੇ; ਕਰਿ ਕਿਰਪਾ ਮੇਲਹੁ ਰਾਮ ॥

ਹੇ ਅਕਾਲ ਪੁਰਖ ਵਾਹਿਗੁਰੂ! ਅਸੀਂ ਆਪਣੇ ਪੂਰਬਲੇ ਕਿਰਤਿ = ਕੀਤੇ ਹੋਏ ਕਰਮਾਂ ਕੇ = ਦੇ ਕਰਕੇ ਹੀ ਆਪ ਜੀ ਤੋਂ ਵੀਛੁੜੇ = ਜੁਦਾ ਹੋਏ ਹਾਂ, ਕਿਰਪਾ ਕਰਿ = ਕਰਕੇ ਸਾਨੂੰ ਆਪਣੇ ਨਾਲ ਮੇਲਹੁ = ਮੇਲਣਾ ਕਰੋ **ਵਾ:** ਹੇ ਸਤਿਗੁਰੂ ਜੀ! ਅਸੀਂ ਪੂਰਬਲੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਪ੍ਰਮਾਤਮਾ ਨਾਲੋਂ ਵਿਛੜੇ ਹੋਏ ਹਾਂ, ਆਪ ਹੀ ਕਿਰਪਾ ਕਰਕੇ ਸਾਨੂੰ ਰਾਮ = ਰਮੇ ਹੋਏ ਪਰਮੇਸ਼ਰ ਦੇ ਨਾਲ ਮੇਲਣਾ ਕਰੋ। ਜੈਸਾ ਕਿ:

**ਕਾਗਦ ਲੇਖਾ ਜੌ ਕਰੋ ਕਹਾਂ ਪੁਜਾਵੌਂ ਨਾਥ ॥**
**ਔਗੁਨ ਮੇਰੇ ਬਖਸ਼ੀਏ ਮਾਥੇ ਧਰੀਏ ਹਾਥ ॥੯੧॥** *(ਭਾਵਰਸਾਂਮ੍ਰਿਤ)*

***ਪ੍ਰਸ਼ਨ :*** *ਕਰਮ ਕਿਸ ਨੂੰ ਕਹਿੰਦੇ ਹਨ ਅਤੇ ਕਿਵੇਂ ਕੀਤੇ ਜਾਂਦੇ ਹਨ ?*
***ਉੱਤਰ :*** ਕੀਤੇ ਜਾਣ ਵਾਲੀ ਕਿਰਿਆ, ਉਸ ਨੂੰ ਕਰਮ ਕਹਿੰਦੇ ਹਨ ਭਾਵੇਂ ਮਾੜੀ ਹੋਵੇ ਭਾਵੇਂ ਚੰਗੀ ਹੋਵੇ। ਧਰਮ ਗ੍ਰੰਥਾਂ ਵਿਚ ਤਿੰਨ ਪ੍ਰਕਾਰ ਦੇ ਕਰਮਾਂ ਦਾ ਜ਼ਿਕਰ ਆਉਂਦਾ ਹੈ, ਜੋ ਇਸ ਪ੍ਰਕਾਰ ਹੈ:

੧. **ਸੰਚਤ ਕਰਮ :** ਜਨਮਾਂ ਜਨਮਾਂਤਰਾਂ ਦੇ ਇਕੱਠੇ ਹੋਏ ਕਰਮਾਂ ਨੂੰ 'ਸੰਚਤ ਕਰਮ' ਕਿਹਾ ਜਾਂਦਾ ਹੈ।
੨. **ਪ੍ਰਾਲਬਧ ਕਰਮ :** ਜਨਮ ਦੀ ਪ੍ਰਾਪਤੀ ਹੋਈ, ਫਿਰ ਦੁੱਖ, ਸੁੱਖ, ਧਨ, ਪਦਾਰਥ ਜੋ ਵੀ ਵਡਿਆਈ ਮਿਲਦੀ ਹੈ, ਇਸ ਨੂੰ 'ਪ੍ਰਾਲਬਧ ਕਰਮ' ਕਿਹਾ ਜਾਂਦਾ ਹੈ। ਇਸ ਦੁਆਰਾ ਸਰੀਰ ਮਿਲਦਾ ਹੈ।
੩. **ਕਿਰੇਮਾਨ ਕਰਮ :** ਜਿਹੜੀ ਮਾਨ ਹੰਗਤਾ ਦੇ ਸਹਿਤ ਉੱਠਦਿਆਂ ਬੈਠਦਿਆਂ ਕੀਤੀ ਕਿਰਿਆ ਹੈ ਉਸ ਨੂੰ 'ਕਿਰੇਮਾਨ ਕਰਮ' ਕਿਹਾ ਜਾਂਦਾ ਹੈ।

***ਨੋਟ :*** ਸੁਤੇ-ਸਿੱਧ ਸੁਭਾਵਿਕ ਕਿਰਿਆ ਕਰਮ ਨਹੀਂ ਕਹਿਲਾਉਂਦੀ। ਸੁਤੇ-ਸਿੱਧ ਕਿਰਿਆ ਦਾ ਫਲ ਦੇਣ ਵਾਲਾ ਕਰਮ ਨਹੀਂ ਬਣਦਾ। ਕਿਉਂਕਿ ਜੇਕਰ ਅਸੀਂ ਚੰਗੇ ਕਰਮ ਕਰਾਂਗੇ ਤਾਂ ਦੇਵ ਦੇਹੀ ਨੂੰ ਪ੍ਰਾਪਤ ਹੋਵਾਂਗੇ। ਮਾੜੇ ਕਰਮ ਕਮਾਉਣਾ ਕਰਾਂਗੇ ਤਾਂ ਮਨੁੱਖਾ ਦੇਹੀ ਨੂੰ ਪ੍ਰਾਪਤ ਹੋਵਾਂਗੇ ਪਰੰਤੂ ਪਰਮਾਤਮਾ ਨੂੰ ਨਹੀਂ ਮਿਲ ਸਕਾਂਗੇ।

## ਚਾਰਿ ਕੁੰਟ, ਦਹ ਦਿਸ ਭ੍ਰਮੇ; ਥਕਿ ਆਏ ਪ੍ਰਭ ਕੀ ਸਾਮ ॥

ਅਸੀਂ ਚਾਰ ਕੁੰਟ ਰੂਪ ਜੋ ਦਹ = ਦਸ ਦਿਸ = ਦਿਸਾਵਾਂ ਹਨ ਉਸ ਵਿਚ ਭਰਮਦੇ ਹੋਏ, (ਚਾਰਿ ਕੁੰਟ = ਪੂਰਬ, ਪੱਛਮ, ਉੱਤਰ, ਦੱਖਣ ਤੇ ਚਾਰ ਉਪ-ਦਿਸ਼ਾ ਈਸ਼ਾਨ, ਨੈਰਤ, ਵੈਵ ਤੇ ਅਗਨਿ ਚਾਰ ਦਿਸ਼ਾ ਅਤੇ ਚਾਰ ਉਪ-ਦਿਸ਼ਾ ਇਹ ਚਾਰ ਅਤੇ ਚਾਰ ਅੱਠ ਦਿਸ਼ਾ ਬਣੀਆਂ। ਨੌਵਾਂ ਪਾਤਾਲ ਅਤੇ ਦਸਵਾਂ ਆਕਾਸ਼। ਇਹ ਦਸ ਦਿਸ਼ਾ ਹਨ) **ਵਾ:** ਚਾਰਿ ਕੁੰਟ ਦੀ ਨਿਆਈਂ ਚਾਰ ਖਾਣੀਆਂ, ਦਸੋ ਦਿਸ਼ਾਂ ਅਤੇ ਚੌਰਾਸੀ ਲੱਖ ਜੂਨਾਂ ਵਿਚ ਭਰਮਦੇ ਹੋਏ **ਵਾ:** ਚਾਰਿ ਕੁੰਟ ਦੀ ਨਿਆਈਂ ਮਨ, ਬੁੱਧ, ਚਿੱਤ, ਅਹੰਕਾਰ ਅਤੇ ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੀਆਂ ਦੀ ਵਾਸ਼ਨਾ ਰੂਪੀ ਦਸ ਦਿਸ਼ਾਵਾਂ ਵਿੱਚੋਂ ਭ੍ਰਮੇ = ਭਰਮਦੇ ਹੋਏ ਥੱਕ ਕੇ ਪ੍ਰਭ = ਹੇ ਅਕਾਲ ਪੁਰਖ ਪਰਮੇਸ਼ਰ! ਆਪ ਜੀ ਦੀ ਸਾਮ = ਸ਼ਰਨ ਵਿਚ ਆਏ ਹਾਂ। ਜੈਸਾ ਕਿ:

**ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥**
**ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥** *(ਗਉੜੀ ਮ: ੫, ਅੰਗ ੨੫੩)*

## ਧੇਨੁ, ਦੁਧੈ ਤੇ ਬਾਹਰੀ; ਕਿਤੈ ਨ ਆਵੈ ਕਾਮ ॥

ਜਿਵੇਂ ਬਾਣੀਏ ਦੇ ਘਰ ਧੇਨੁ = ਗਊ ਦੁੱਧ ਤੋਂ ਬਾਹਰੀ = ਬਿਨਾਂ ਹਲ ਖੂਹ ਆਦਿ ਜੋੜਨ ਦੇ ਕਿਤੈ = ਕਿਸੇ ਵੀ ਕਾਮ = ਕੰਮ ਨ = ਨਹੀਂ ਆਵੈ = ਆਉਂਦੀ। ਕਿਉਂਕਿ ਗਊ ਅਤੇ ਦੁੱਧ ਦੋਨਾਂ ਦਾ ਸੰਬੰਧ ਹੈ। ਇਹ ਦੋਵੇਂ ਪ੍ਰਕਿਰਤੀ ਵਿੱਚੋਂ ਲਏ ਗਏ ਪ੍ਰਮਾਣ ਹਨ। ਇਨ੍ਹਾਂ ਦੁਆਰਾ ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ **ਵਾ:** ਇਸੇ ਪ੍ਰਕਾਰ ਹੀ ਨਿਸ਼ਕਾਮ ਕਰਮਾਂ ਰੂਪ ਦੁੱਧ ਤੋਂ ਬਿਨਾਂ ਜੋ ਮਨੁੱਖਾ ਦੇਹ ਰੂਪੀ ਗਊ ਹੈ, ਉਹ ਜੀਵ ਰੂਪ ਬਾਣੀਏ ਲਈ ਕਿਸੇ ਕੰਮ ਨਹੀਂ ਆਉਂਦੀ **ਵਾ:** ਬੁੱਧ ਰੂਪ ਗਊਂਪਾਸੋਂ ਧਰਮ, ਅਰਥ, ਕਾਮ, ਮੋਖ ਚਾਰੇ ਫਲਾਂ ਰੂਪੀ ਦੁੱਧ ਪ੍ਰਾਪਤ ਨਹੀਂ ਹੁੰਦਾ **ਵਾ:** ਨਾਮ ਪਦਾਰਥ ਪ੍ਰੇਮ ਪਦਾਰਥ ਗਿਆਨ ਪਦਾਰਥ ਅਤੇ ਮੁਕਤ ਪਦਾਰਥ ਰੂਪੀ ਦੁੱਧ ਪ੍ਰਾਪਤ ਨਹੀਂ ਹੁੰਦਾ, ਉਹ ਦੇਹ ਰੂਪੀ ਗਊ ਕਿਸ ਕੰਮ ਹੈ **ਅਥਵਾ** ਧੇਨੁ = ਬੁੱਧੀ ਰੂਪੀ ਗਊ ਜੋ ਸਰੂਪ ਗਿਆਨ ਰੂਪੀ ਦੁੱਧ ਤੋਂ ਬਿਨਾਂ ਹੈ ਅਤੇ ਮਿਥਿਆ ਪਦਾਰਥਾਂ ਨੂੰ ਨਿਸਚੇ ਕਰਨ ਵਿਚ ਲੱਗੀ ਰਹਿੰਦੀ ਹੈ, ਉਹ ਬੁੱਧੀ ਸਾਡੇ ਕਿਸੇ ਵੀ ਕੰਮ ਨਹੀਂ ਆਉਂਦੀ।

## ਜਲ ਬਿਨੁ, ਸਾਖ ਕੁਮਲਾਵਤੀ; ਉਪਜਹਿ ਨਾਹੀ ਦਾਮ ॥

***ਪਹਿਲਾ ਅਰਥ :*** ਜਿਸ ਪ੍ਰਕਾਰ ਜਲ = ਪਾਣੀ ਤੋਂ ਬਿਨੁ = ਬਗ਼ੈਰ ਸਾਖ = ਖੇਤੀ ਕੁਮਲਾਵਤੀ = ਕੁਮਲਾ ਜਾਂਦੀ ਹੈ ਅਤੇ ਫਿਰ ਉਸ ਤੋਂ ਦਾਮ = ਦਮੜਿਆਂ (ਰੁਪਇਆਂ) ਰੂਪੀ ਲਾਭ ਉਪਜਹਿ = ਪੈਦਾ ਨਹੀਂ ਹੋ ਸਕਦਾ।

***ਦੂਸਰਾ ਅਰਥ :*** ਇਸੇ ਤਰ੍ਹਾਂ ਸਾਡੀ ਸ਼ੁਭ ਗੁਣਾਂ ਰੂਪੀ ਸਾਖ = ਖੇਤੀ ਆਪ ਜੀ ਦੇ ਪ੍ਰੇਮ ਰੂਪੀ ਜਲ = ਪਾਣੀ ਤੋਂ ਬਿਨਾਂ ਕੁਮਲਾਵਤੀ = ਮੁਰਝਾ ਰਹੀ ਹੈ। ਇਸ ਨੂੰ ਗਾਹੁਣ ਰੂਪੀ ਭਾਵੇਂ ਕਿਤਨੇ ਸਾਧਨ ਕਰੀਏ ਪਰ ਇਸ ਵਿੱਚੋਂ ਵੈਰਾਗ, ਬਿਬੇਕ ਆਦਿ ਰੂਪੀ ਦਾਣੇ ਨਹੀਂ ਨਿਕਲ ਸਕਦੇ। ਇਨ੍ਹਾਂ ਦਾਣਿਆਂ ਤੋਂ ਬਿਨਾਂ ਮੁਕਤੀ ਰੂਪੀ ਦਾਮ = ਦਮੜੇ ਉਪਜਹਿ = ਪੈਦਾ ਨਹੀਂ ਹੋ ਸਕਦੇ ਭਾਵ ਹੇ ਪਰਮੇਸ਼ਰ! ਤੇਰੀ ਪ੍ਰਾਪਤੀ ਨਹੀਂ ਹੋ ਸਕਦੀ।

***ਤੀਸਰਾ ਅਰਥ :*** ਹੇ ਅਕਾਲ ਪੁਰਖ! ਆਪ ਦੇ ਪ੍ਰੇਮ ਰੂਪੀ ਜਲ ਤੋਂ ਬਿਨਾਂ ਜੀਵ ਆਤਮਾ ਰੂਪੀ ਸਾਖ = ਟਾਹਣੀਆਂ ਕੁਮਲਾ ਜਾਂਦੀਆਂ ਹਨ **ਵਾ:** ਜਿਸ ਪ੍ਰਕਾਰ ਵੇਲਾਂ ਪਾਣੀ ਤੋਂ ਬਿਨਾਂ ਸੁੱਕੀਆਂ ਰਹਿ ਜਾਂਦੀਆਂ ਹਨ ਅਤੇ ਫੇਰ ਤਾਰਾਂ ਭਾਵ ਸੂਤ ਨਹੀਂ ਕੱਤਦੀਆਂ, ਇਸ ਕਰਕੇ ਫਲ ਨਹੀਂ ਲੱਗਦੇ ਹਨ।

***ਨੋਟ :*** ਵੇਲਾਂ ਵਿਚ ਜਿਹੜਾ ਬਰੀਕ ਜਿਹਾ ਧਾਗਾ ਪੈਦਾ ਹੁੰਦਾ ਹੈ, ਉਸ ਨੂੰ ਸੂਤ ਕਿਹਾ ਜਾਂਦਾ ਹੈ। ਜੇਕਰ ਪੈਦਾ ਨਾ ਹੋਵੇ ਤਾਂ ਵੇਲ ਨੂੰ ਫਲ ਨਹੀਂ ਲੱਗਦਾ। ਕਿਹਾ ਜਾਂਦਾ ਹੈ ਕਿ ਵੇਲਾਂ ਨੇ ਸੂਤ ਨਹੀਂ ਕੱਤਿਆ।

ਇਸੇ ਤਰ੍ਹਾਂ ਹੀ ਜਗਿਆਸੂ ਦੀ ਬੁੱਧੀ ਰੂਪੀ ਵੇਲ ਦੀਆਂ ਕਰੁਣਾ, ਮੁੱਦਤਾ, ਮੈਤ੍ਰੀ ਅਪੇਖਿਆ ਰੂਪੀ ਸਾਖ = ਟਾਹਣੀਆਂ ਆਪ ਜੀ ਦੇ ਪ੍ਰੇਮ ਰੂਪੀ ਜਲ ਤੋਂ ਬਿਨਾਂ ਹਨ ਜਿਸ ਕਰਕੇ ਸ੍ਰਵਣ ਕਰਨ ਰੂਪ ਸੂਤ ਨਹੀਂ ਕੱਤਦੀਆਂ, ਮੰਨਣ ਰੂਪ ਫਲ, ਨਿਧਿਆਸਣ ਕਰਨ ਰੂਪ ਚੂੰਏਂ (ਡੋਡੀਆਂ) ਅਤੇ ਗਿਆਨ ਰੂਪੀ ਫਲ ਨਹੀਂ ਲੱਗਦਾ, ਇਉਂ ਮੁਕਤੀ ਰੂਪ ਦਮੜੇ ਪੈਦਾ ਨਹੀਂ ਹੁੰਦੇ ਭਾਵ ਮੁਕਤੀ ਪ੍ਰਾਪਤ ਨਹੀਂ ਹੁੰਦੀ।

## ਹਰਿ ਨਾਹ, ਨ ਮਿਲੀਐ ਸਾਜਨੈ; ਕਤ ਪਾਈਐ ਬਿਸਰਾਮ ॥

(ਦੂਸਰਾ ਪਾਠ ਨਾਹਨ ਇਕੱਠਾ)

ਹੇ ਨਾਹ = ਪਤੀ ਹਰਿ = ਪਰਮੇਸ਼ਰ ਸਾਜਨੈ = ਸੱਜਣ! ਜੇ ਤੇਰੇ ਨਾਲ ਮਿਲੀਐ = ਮਿਲਾਪ ਨਾ ਹੋਵੇ ਤਾਂ ਕਤ = ਕਿਸ ਪ੍ਰਕਾਰ ਬਿਸਰਾਮ = ਟਿਕਾਉ ਨੂੰ ਪਾਈਐ = ਪਾਉਣਾ ਕਰੀਏ। ਭਾਵ ਕਿਤੇ ਵੀ ਇਸਥਿਤੀ ਨਹੀਂ ਮਿਲਦੀ।

**ਅਥਵਾ** = ਹਰਿ = ਹਰੀ ਵਾਹਿਗੁਰੂ ਰੂਪੀ ਨਾਹ = ਪਤੀ ਜੋ ਅੰਤ ਸਮੇਂ ਦਾ ਆਤਮਿਕ ਸਾਜਨੈ = ਮਿੱਤਰ ਹੈ, ਉਸ ਦੇ ਨਾ ਮਿਲਣ ਕਰਕੇ ਕਤ = ਕਿਥੇ ਬਿਸਰਾਮ = ਇਸਥਿਤੀ ਨੂੰ ਪਾਈਐ = ਪ੍ਰਾਪਤ ਕਰੀਏ ਭਾਵ ਅਬਿਨਾਸੀ ਪਦ ਦੀ ਪ੍ਰਾਪਤੀ ਨਹੀਂ ਹੁੰਦੀ ਕਿਉਂਕਿ ਕਾਲ ਕਿਤੇ ਵੀ ਟਿਕਣ ਨਹੀਂ ਦਿੰਦਾ ਭਾਵੇਂ ਚੌਰਾਸੀ ਲੱਖ ਜੂਨਾਂ ਹਨ ਭਾਵੇਂ ਇੰਦ੍ਰਪੁਰੀ, ਸ਼ਿਵਪੁਰੀ, ਬ੍ਰਹਮਪੁਰੀ ਆਦਿ ਹਨ। ਜੈਸਾ ਕਿ :

**ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥** *(ਗਉੜੀ ਮ: ੫, ਅੰਗ ੨੧੪)*

**ਜਹਾ ਜਹਾ ਇਹ ਦੇਹੀ ਧਾਰੀ ਰਹਨੁ ਨ ਪਾਇਓ ਕਬਹੂੰ॥** *(ਦੇਵਗੰਧਾਰੀ ਮ: ੫, ਅੰਗ ੫੨੯)*

## ਜਿਤੁ ਘਰਿ, ਹਰਿ ਕੰਤੁ ਨ ਪ੍ਰਗਟਈ; ਭਠਿ ਨਗਰ ਸੇ ਗ੍ਰਾਮ॥

***ਪਹਿਲਾ ਅਰਥ :*** ਜਿਤੁ = ਜਿਸ ਦੇ ਘਰਿ = ਹਿਰਦੇ ਵਿਚ ਕੰਤੁ = ਪਤੀ ਹਰਿ = ਪਰਮੇਸ਼ਰ ਪ੍ਰਗਟਈ = ਪ੍ਰਗਟ ਨਹੀਂ ਹੁੰਦਾ, ਸੇ = ਉਹ ਸਰੀਰ ਰੂਪੀ ਨਗਰ = ਸ਼ਹਿਰ ਇੰਦਰੀਆਂ ਰੂਪ ਗ੍ਰਾਮ = ਪਿੰਡ ਭੱਠੇ ਦੀ ਤਰ੍ਹਾਂ ਤਪਦੇ ਰਹਿੰਦੇ ਹਨ।

***ਦੂਸਰਾ ਅਰਥ :*** ਜਿਸ ਜੀਵ ਰੂਪੀ ਇਸਤਰੀ ਦੇ ਅੰਤਸ਼ਕਰਨ ਰੂਪੀ ਘਰ ਵਿਚ ਹਰਿ = ਹਰੀ ਵਾਹਿਗੁਰੂ ਕੰਤੁ = ਪਤੀ ਪ੍ਰਗਟਈ = ਪ੍ਰਤੱਖ ਨ = ਨਹੀਂ ਹੋਇਆ, ਉਹ ਨਗਰ ਦੀ ਨਿਆਈਂ ਭਾਵੇਂ ਵੱਡੇ ਸਰੀਰ ਵਾਲੇ ਭਾਵੇਂ ਗ੍ਰਾਮ = ਛੋਟੇ ਸਰੀਰ ਭਾਵ ਮੱਧਰੇ ਕੱਦ ਵਾਲੇ ਹਨ। ਸਭ ਭਠਿ = ਭੱਠੀ ਦੀ ਨਿਆਈਂ ਹਨ ਜਿਸ ਵਿਚ ਵਿਸ਼ਿਆਂ ਦੀ ਰਾਖ ਤੇ ਤ੍ਰਿਸ਼ਨਾ ਦੀ ਅੱਗ ਹੈ **ਵਾ:** ਭਾਵੇਂ ਨਗਰਾਂ ਦੀ ਤਰ੍ਹਾਂ ਦੇਵਤਿਆਂ ਦੀਆਂ ਦੇਹਾਂ ਹਨ, ਚਾਹੇ ਗ੍ਰਾਮ ਦੀ ਤਰ੍ਹਾਂ ਮਨੁੱਖਾਂ ਦੀਆਂ ਦੇਹਾਂ ਹਨ, ਉਹ ਪ੍ਰਾਣਾਂ ਰੂਪੀ ਪਉਣ ਨਾਲ ਪਾਪਾਂ ਰੂਪੀ ਕੋਇਲੇ ਧੁੱਖਣ ਤੋਂ ਭੱਠ ਦੀ ਤਰ੍ਹਾਂ ਸੜਦੀਆਂ ਰਹਿੰਦੀਆਂ ਹਨ।

## ਸ੍ਰਬ ਸੀਗਾਰ ਤੰਬੋਲ ਰਸ; ਸਣੁ ਦੇਹੀ ਸਭ ਖਾਮ॥

ਜਿਸ ਇਸਤਰੀ ਦੇ ਘਰ ਵਿਚ ਪਤੀ ਦਰਸ਼ਨ ਨਹੀਂ ਦਿੰਦਾ, ਉਸ ਦੇ ਸ੍ਰਬ = ਸਾਰੇ ਸੀਗਾਰ = ਸਜਾਵਟ ਦੇ ਸਾਮਾਨ, ਨੱਥ ਆਦਿਕ ਗਹਿਣੇ ਅਤੇ ਸੁੰਦਰ ਬਸਤਰ ਪਾ ਲੈਣੇ, ਇਹ ਸਾਰੇ ਸੀਗਾਰ ਚੱਥੇ ਹੋਏ ਤੰਬੋਲ = ਪਾਨਾਂ ਦੇ ਬੀੜੇ ਅਤੇ ਖਾਧੇ ਹੋਏ ਰਸ ਕਸ ਦੇਹੀ ਦੇ ਸਣੁ = ਸਹਿਤ ਖਾਮ = ਕੱਚੇ ਹਨ। (ਕੱਚੇ ਨੂੰ ਫ਼ਾਰਸੀ ਵਿਚ ਖਾਮ ਕਹਿੰਦੇ ਹਨ।) ਇਉਂ ਜਗਿਆਸੂ ਰੂਪ ਇਸਤਰੀ ਦੇ ਸ੍ਰਬ = ਸਾਰੇ ਸਾਧਨਾਂ ਰੂਪੀ ਸ਼ਿੰਗਾਰ ਮਹਾਵਾਕਾਂ ਦੇ ਉਚਾਰਨ ਕਰਨ ਰੂਪੀ ਤੰਬੋਲ = ਪਾਨਾਂ ਦੇ ਬੀੜੇ ਪ੍ਰੇਮ ਰਸ ਦੀਆਂ ਗੱਲਾਂ ਕਰਨੀਆਂ ਤੇ ਜੋਗਾ ਨੰਦ ਆਦਿ ਸਣੁ = ਸਮੇਤ ਦੇਹੀ ਦੇ ਸਾਰੇ ਸਾਧਨ ਖਾਮ = ਕਚਿਆਈ ਵਾਲੇ ਹਨ ਭਾਵ ਇੰਨ੍ਹਾਂ ਦਾ ਕੋਈ ਲਾਭ ਨਹੀਂ।

## ਪ੍ਰਭ ਸੁਆਮੀ ਕੰਤ ਵਿਹੂਣੀਆ; ਮੀਤ ਸਜਣ ਸਭਿ ਜਾਮ॥

***ਪਹਿਲਾ ਅਰਥ :*** ਜੋ ਜੀਵ ਰੂਪ ਇਸਤਰੀ ਸੁਆਮੀ = ਮਾਲਕ ਪ੍ਰਭ = ਪਰਮੇਸ਼ਰ ਕੰਤ = ਪਤੀ ਤੋਂ ਵਿਹੂਣੀਆ = ਬਿਨਾਂ ਹੈ ਉਸ ਨੂੰ ਦੁਨਿਆਵੀ ਮੀਤ = ਮਿੱਤਰ ਸੱਜਣ ਜਮਾਂ ਦੇ ਵਤ ਦੁੱਖਦਾਈ ਲੱਗਦੇ ਹਨ।

***ਦੂਸਰਾ ਅਰਥ :*** ਹੇ ਪ੍ਰਭ = ਸਮਰੱਥ ਅਕਾਲ ਪੁਰਖ ਸੁਆਮੀ = ਮਾਲਕ ਜਿਥੇ ਸਾਰੇ ਕੰਤ (ਕੰ + ਅੰਤ) ਕੰ = ਸੁੱਖ ਅੰਤ = ਖ਼ਤਮ ਹੋ ਜਾਂਦੇ ਹਨ ਭਾਵ ਬ੍ਰਹਮਾਨੰਦ ਦੀ ਅਵਸਥਾ ਹੈ, ਐਸੀ ਅਵਸਥਾ ਦੀ ਪ੍ਰਾਪਤੀ ਤੋਂ ਬਿਨਾਂ ਮਿੱਤਰ ਦੀ ਨਿਆਈਂ ਵੈਰਾਗ, ਬਿਬੇਕ, ਸੱਜਣ ਦੀ ਨਿਆਈਂ ਸਤੁ ਸੰਤੋਖ ਆਦਿ ਸਭਿ = ਸਾਰੇ ਸਾਧਨ ਜਮਾਂ ਦੀ ਨਿਆਈਂ ਦੁੱਖਦਾਈ ਪ੍ਰਤੀਤ ਹੁੰਦੇ ਹਨ ਭਾਵ ਇਤਨਾ ਚਿਰ ਸਾਧਨ ਕਰਦਿਆਂ ਨੂੰ ਹੋ ਗਿਆ ਹੈ ਪਰ ਅਜੇ ਤੱਕ ਪ੍ਰਾਪਤੀ ਨਹੀਂ ਹੋਈ।

## ਨਾਨਕ ਕੀ ਬੇਨੰਤੀਆ; ਕਰਿ ਕਿਰਪਾ ਦੀਜੈ ਨਾਮੁ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਪੂਰੇ ਗੁਰਾਂ ਦੇ ਚਰਨਾਂ ਵਿਚ ਇਸ ਤਰ੍ਹਾਂ ਬੇਨਤੀਆਂ ਕਰੋ ਕਿ ਹੇ ਸਤਿਗੁਰੂ ਜੀ! ਸਾਡੀ ਜਨਾਂ ਕੀ = ਦੀ ਇਹੋ ਬੇਨਤੀ ਹੈ ਕਿ ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਸਾਨੂੰ ਅਮਰ ਕਰਨ ਵਾਲਾ ਅੰਮ੍ਰਿਤ ਨਾਮ ਦੀਜੈ = ਦੇਣਾ ਕਰੋ, ਜੈਸਾ ਕਿ :

**ਜਾਚਕ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥** *(ਗਉੜੀ ਸੁਖਮਨੀ ਮ: ੫, ਅੰਗ ੨੮੯)*

## ਹਰਿ ਮੇਲਹੁ ਸੁਆਮੀ, ਸੰਗਿ ਪ੍ਰਭ; ਜਿਸ ਕਾ ਨਿਹਚਲ ਧਾਮ ॥੧॥

ਹੇ ਹਰਿ = ਵਾਹਿਗੁਰੂ ਸਰੂਪ ਸੁਆਮੀ ਸਤਿਗੁਰੂ ਜੀ! ਸਾਨੂੰ ਪ੍ਰਭ = ਅਕਾਲ ਪੁਰਖ ਵਾਹਿਗੁਰੂ ਦੇ ਸੰਗਿ = ਨਾਲ ਮੇਲਹੁ = ਮੇਲਣਾ ਕਰੋ ਜੀ, ਜਿਸ ਵਾਹਿਗੁਰੂ ਕਾ = ਦਾ ਨਿਹਚਲ = ਅਚਲ ਸਰੂਪ ਰੂਪੀ ਧਾਮ = ਘਰ ਹੈ। ਇਸ ਤਰ੍ਹਾਂ ਸਤਿਗੁਰਾਂ ਨੇ ਮੰਗਲ ਰੂਪ ਕਰਕੇ ਪ੍ਰਾਰਥਨਾ ਦੁਆਰਾ ਜੀਵ ਵੱਲੋਂ ਪਰਮਾਤਮਾ ਦੀ ਪ੍ਰਾਪਤੀ ਵਿਚ ਇਹ ਬਚਨ ਉਚਾਰੇ ਹਨ।

**ਚੇਤਰ ਦਾ ਮਹੀਨਾ :** ਅੱਗੇ ਚੇਤ ਦੇ ਮਹੀਨੇ ਦੁਆਰਾ ਪਵਿੱਤਰ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ। ਦੋ ਮਹੀਨਿਆਂ ਦੀ ਇੱਕ ਰੁੱਤ ਹੁੰਦੀ ਹੈ। ਇਸੇ ਪ੍ਰਕਾਰ ਬਾਰਾਂ ਮਹੀਨਿਆਂ ਵਿੱਚ ਛੇ ਰੁੱਤਾਂ ਹਨ, ਜਿਨ੍ਹਾਂ ਦਾ ਵੇਰਵਾ ਮਹੀਨਿਆਂ ਦੇ ਨਾਲ-ਨਾਲ ਹੀ ਦਿੱਤਾ ਜਾਵੇਗਾ। ਛੇ ਰੁੱਤਾਂ ਵਿੱਚੋਂ ਪਹਿਲੀ ਬਸੰਤ ਰੁੱਤ ਹੈ, ਇਹ ਚੇਤ ਅਤੇ ਵੈਸਾਖ ਦੋ ਮਹੀਨਿਆਂ ਦੀ ਸਾਂਝੀ ਰੁੱਤ ਹੈ। ਜੈਸਾ ਕਿ :

**ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥** *(ਰਾਮਕਲੀ ਰੁਤੀ ਮ: ੫, ਅੰਗ ੯੨੭)*

ਪੰਚਮ ਪਾਤਸ਼ਾਹ ਚੇਤ ਦੇ ਮਹੀਨੇ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ ਕਿ ਚੇਤ ਦਾ ਅਸਲੀ ਮਹੀਨਾ ਮਨੁੱਖਾ ਸਰੀਰ ਹੈ। ਮਨੁੱਖਾ ਸਰੀਰ ਵਿਚ ਸਾਨੂੰ ਕੀ ਕਰਨਾ ਚਾਹੀਦਾ ਹੈ ? ਉਸ ਦੇ ਉੱਤਰ ਵਿਚ ਦੱਸਦੇ ਹਨ ਕਿ ਵਾਹਿਗੁਰੂ ਨੂੰ ਚੇਤੇ ਕਰਨਾ ਚਾਹੀਦਾ ਹੈ।

## ਚੇਤਿ, ਗੋਵਿੰਦੁ ਅਰਾਧੀਐ; ਹੋਵੈ ਅਨੰਦੁ ਘਣਾ ॥

***ਪਹਿਲਾ ਅਰਥ :*** ਮਨੁੱਖਾ ਸਰੀਰ ਰੂਪੀ ਚੇਤ ਦਾ ਮਹੀਨਾ ਤਦ ਹੀ ਸਫਲਾ ਹੈ ਜੇਕਰ ਇਸ ਦੁਆਰਾ (ਗੋ + ਵਿੰਦੁ) ਗੋ = ਧਰਤੀ ਦੇ ਵਿੰਦੁ = ਰੱਖਿਅਕ ਪਰਮੇਸ਼ਰ ਨੂੰ ਅਰਾਧੀਐ = ਅਰਾਧਣਾ ਕਰੀਏ ਤਾਂ ਹੀ ਮਨੁੱਖਾ ਜੀਵਨ ਵਿਚ ਜੀਵਨ ਦਾ ਘਣਾ = ਬਹੁਤ ਅਨੰਦੁ = ਸੁੱਖ ਪ੍ਰਾਪਤ ਹੋਵੈ = ਹੋਵੇਗਾ। ਇਹ ਸਰੀਰ ਭਜਨ ਸਿਮਰਨ ਕਰਨ ਲਈ ਮਿਲਿਆ ਹੈ ਨਾ ਕਿ ਸੰਸਾਰੀ ਪਦਾਰਥਾਂ ਨੂੰ ਭੋਗਣ ਵਾਸਤੇ। ਜੈਸਾ ਕਿ ਭਰਥਰੀ ਜੀ ਨੇ ਕਿਹਾ ਹੈ :

**ਤਨ ਚੇਤਨ ਚੇਤਨ ਹੇਤ ਭਯੋ ॥ ਭਵ ਭੋਗਨ ਹੇਤ ਨ ਦੈਵ ਦਯੋ ॥**
**ਇਤ ਹੇਤ ਜਨੋ ਤੁਮ ਭੋਗ ਤਜੋ ॥ ਤਨ ਮਾਨਸ ਮੋ ਨਿਜ ਬ੍ਰਹਮ ਭਜੋ ॥੪੭॥** *(ਵੈਰਾਗ ਸੱਤਕ, ਅਧਿ. ੧੦)*

***ਦੂਸਰਾ ਅਰਥ :*** (ਚੇਤਿ ਗੋਵਿੰਦੁ ਅਰਾਧੀਐ) ਮਨੁੱਖਾ ਸਰੀਰ ਪਰਮੇਸ਼ਰ ਦੇ ਚੇਤਿ = ਚਿੰਤਨ ਦਾ ਮਹੀਨਾ ਹੈ, ਇਸ ਨੂੰ ਪਾ ਕੇ ਵਾਹਿਗੁਰੂ ਨੂੰ ਚੇਤੇ ਕਰਨ ਦੀ ਸ਼ੌਕ ਅਵਸਥਾ ਸਾਡੇ ਅੰਦਰ ਹੋਣੀ ਚਾਹੀਦੀ ਹੈ।ਇਸ ਲਈ ਗੁਰਾਂ ਦੁਆਰਾ ਗੋਵਿੰਦੁ = ਪਰਮੇਸ਼ਰ ਨੂੰ ਅਰਾਧੀਐ = ਧਿਆਉਣਾ ਕਰੀਏ **ਵਾ:** (ਚੇਤਿ ਗੋਵਿੰਦੁ ਅਰਾਧੀਐ) ਗੋ = ਵੇਦਾਂਤ ਦੇ ਵਾਕਾਂ ਅਨੁਸਾਰ ਜੋ ਵਿੰਦੁ = ਜਾਨਣ ਯੋਗ ਹੈ **ਵਾ:** ਗੋ = ਇੰਦਰੀਆਂ ਦਾ ਜੋ ਵਿੰਦੁ = ਪ੍ਰਕਾਸ਼ਕ ਚੇਤਨ ਹੈ, ਉਸ ਨੂੰ ਅਰਾਧੀਐ = ਧਿਆਉਣਾ ਕਰੀਏ **ਵਾ:** (ਚੇਤਿ ਗੋਵਿੰਦੁ ਅਰਾਧੀਐ) ਗੋ = ਧਰਤੀ ਦੇ ਅੰਦਰ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਸਤੇ ਜੋ ਗੁਰੂ ਰੂਪ ਹੋ ਕੇ ਵਿੰਦੂ = ਪ੍ਰਾਪਤ ਹੋਏ ਹਨ, ਉਨ੍ਹਾਂ ਨੂੰ ਧਿਆਉਣਾ ਕਰੀਏ। ਇਸ ਮਨੁੱਖਾ ਜਨਮ ਰੂਪੀ ਚੇਤ ਮਹੀਨੇ ਨੂੰ ਪਾ ਕੇ ਵਾਹਿਗੁਰੂ ਨਾਲ ਜੁੜੀਏ।

(ਹੋਵੈ ਅਨੰਦੁ ਘਣਾ) ਕੇਵਲ ਪਰਮੇਸ਼ਰ ਨਾਲ ਮਿਲ ਕੇ ਹੀ ਘਣਾ = ਬਹੁਤਾ ਅਨੰਦੁ = ਸੁੱਖ ਪ੍ਰਾਪਤ ਹੁੰਦਾ ਹੈ, ਉਸ ਤੋਂ ਬਿਨਾਂ ਪ੍ਰਾਪਤ ਹੋਣ ਵਾਲੇ ਅਨੰਦ ਸਥਿਰ ਨਹੀਂ ਰਹਿੰਦੇ ਕਿਉਂਕਿ ਉਨ੍ਹਾਂ ਦੇ ਅਨੰਦ ਦੀ ਸਥਿਰਤਾ ਕਿਸੇ ਹੋਰ ਦੇ ਆਸਰੇ ਹੈ ਪਰੰਤੂ ਵਾਹਿਗੁਰੂ ਸੁਤੇ ਪ੍ਰਕਾਸ਼ਵਾਨ ਹੈ। ਜੈਸਾ ਕਿ :

**ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥** *(ਆਸਾ ਮ: ੫, ਅੰਗ ੪੫੨)*

ਕਈਆਂ ਨੇ ਵਿਸ਼ਿਆਂ ਨੂੰ ਹੀ ਘਣਾ ਅਨੰਦ ਮੰਨਿਆ ਹੈ। ਕਿਸੇ ਨੇ ਚਮਕ ਨੂੰ ਹੀ ਘਣਾ ਅਨੰਦ ਮੰਨਿਆ ਹੈ। ਅਨੰਦ ਮੈਂ ਕੋਸ਼ ਵਿਚ ਕਈ ਅੰਨਮੈਂ ਕੋਸ਼ ਨੂੰ ਘਣਾ ਅਨੰਦ ਮੰਨੀ ਬੈਠੇ ਹਨ। ਕਈ ਸੁਖੋਪਤ ਅਵਸਥਾ ਵਿਚ ਘਣਾ ਅਨੰਦ ਮੰਨੀ ਬੈਠੇ ਹਨ। ਕਈ ਵਿਸ਼ੇ ਭੋਗਣ ਨੂੰ ਹੀ ਘਣਾ ਅਨੰਦ ਮੰਨੀ ਬੈਠੇ ਹਨ। ਪਰੰਤੂ ਪਰਮੇਸ਼ਰ ਦੇ ਨਾਮ ਜਪਣ ਵਾਲੇ ਗੁਰਮੁਖ ਜਨਾਂ ਨੂੰ ਹੀ ਘਣਾ ਅਨੰਦ ਪ੍ਰਾਪਤ ਹੁੰਦਾ ਹੈ। ਜੈਸਾ ਕਿ :

**ਬਿਖਿਆਨੰਦ ਸੰਸਾਰ ਹੈ ਭਜਨਾਨੰਦ ਹਰ ਦਾਸ ॥**
**ਬ੍ਰਹਮਾਨੰਦ ਜੀਵਨ ਮੁਕਤ ਭਈ ਵਾਸ਼ਨਾ ਨਾਸ ॥** *(ਵਿਚਾਰ ਮਾਲਾ, ਅਧਿ. ੮)*

**ਦ੍ਰਿਸ਼ਟਾਂਤ ਨਾਲੇ ਦਾ :** ਜਿਸ ਪ੍ਰਕਾਰ ਵਰਖਾ ਪੈਣ 'ਤੇ ਨਾਲੇ ਪਾਣੀ ਨਾਲ ਚੜ੍ਹ ਜਾਂਦੇ ਹਨ, ਜਦੋਂ ਵਰਖਾ ਪਹਾੜਾਂ ਵਿੱਚੋਂ ਪੈਣ ਤੋਂ ਹਟ ਜਾਵੇ ਤਾਂ ਸੁੱਕ ਜਾਂਦੇ ਹਨ। ਜਦੋਂ ਕਈ ਜਪੀ ਤਪੀ ਬੰਦਗੀ ਵਿਚ ਜੁੜ ਜਾਂਦੇ ਹਨ, ਉਹਨਾਂ ਦੇ ਅੰਦਰ ਨਾਲਿਆਂ ਦੇ ਪ੍ਰਵਾਹ ਵਾਂਗ ਘਣਾ ਅਨੰਦ ਪੈਦਾ ਹੋਣ ਲੱਗ ਜਾਂਦਾ ਹੈ। ਜਦੋਂ ਸਾਧਨਾ ਨਾਲੋਂ ਟੁੱਟ ਜਾਣ, ਉਦੋਂ ਇਹ ਅਨੰਦ ਆਦਿ ਖ਼ਤਮ ਹੋ ਜਾਂਦਾ ਹੈ।

**ਨਦੀਆਂ :** ਇਸੇ ਪ੍ਰਕਾਰ ਜਿਵੇਂ ਨਦੀਆਂ ਦਾ ਪ੍ਰਵਾਹ ਹੁੰਦਾ ਹੈ ਤਾਂ ਪਹਾੜਾਂ ਵਿਚ ਵਰਖਾ ਅਤੇ ਬਰਫ਼ ਢਲਣ ਨਾਲ ਵਗਦੀਆਂ ਹਨ ਪਰ ਜੇਕਰ ਬਰਫ਼ ਢਲਣੀ ਬੰਦ ਹੋ ਜਾਵੇ ਤਾਂ ਨਦੀਆਂ ਸੁੱਕ ਜਾਦੀਆਂ ਹਨ।

***ਅੰਤਰੀਵ :*** ਨਦੀਆਂ ਦੇ ਪ੍ਰਵਾਹ ਦੀ ਨਿਆਈਂ ਜਗਿਆਸੂਆਂ ਦੇ ਹਿਰਦੇ ਵਿਚ ਵੀ ਇਕ ਐਸਾ ਅਨੰਦ ਬਣਦਾ ਹੈ। ਇਸ਼ਟ ਦੇਵ ਰੂਪੀ ਪਹਾੜਾਂ ਵਿੱਚੋਂ ਹੌਲੀ ਹੌਲੀ ਉਪਦੇਸ਼ ਰੂਪੀ ਵਰਖਾ ਹੁੰਦੀ ਰਹੇ ਤਾਂ ਨਦੀਆਂ ਦੇ ਪ੍ਰਵਾਹ ਦੀ ਨਿਆਈਂ ਅਨੰਦ ਬਣਿਆ ਰਹਿੰਦਾ ਹੈ। ਜਦੋਂ ਉਪਾਸ਼ਨਾ ਘਟ ਗਈ, ਉਪਦੇਸ਼ ਨਾ ਮਿਲਿਆ ਤਾਂ ਇਹ ਅਨੰਦ ਟੁੱਟ ਜਾਂਦਾ ਹੈ।

**ਸਮੁੰਦਰ :** ਜਿਵੇਂ ਸਮੁੰਦਰ ਦਾ ਪਾਣੀ ਹੁੰਦਾ ਹੈ, ਉਹ ਨਾ ਸੁੱਕਦਾ ਹੈ ਅਤੇ ਨਾ ਹੀ ਮੁੱਕਦਾ ਹੈ, ਭਾਵੇਂ ਬੜਵਾ ਅਗਨੀ ਉਸ ਨੂੰ ਸਾੜੀ ਜਾਂਦੀ ਹੈ।

***ਅੰਤਰੀਵ :*** ਪਰਮੇਸ਼ਰ ਦਾ ਜਿਹੜਾ ਘਣਾ ਅਨੰਦ ਹੈ, ਉਹ ਸਮੁੰਦਰ ਦੇ ਪਾਣੀ ਦੀ ਨਿਆਈਂ ਹੈ, ਭਾਵੇਂ ਵਾਸ਼ਨਾ ਰੂਪੀ ਬੜਵਾ ਅਗਨੀ ਸਾੜੀ ਜਾਵੇ ਪਰੰਤੂ ਇਹ ਅਨੰਦ ਨਾ ਮੁੱਕਦਾ ਹੈ ਨਾ ਕਦੇ ਸੁੱਕਦਾ ਹੈ ਅਤੇ ਨਾ ਹੀ ਡੁੱਲਦਾ ਹੈ। ਬਾਕੀ ਸਾਰੇ ਅਨੰਦ ਕਟੋਰੇ ਦੇ ਪਾਣੀ ਦੀ ਨਿਆਈਂ ਹਨ, ਜਿਵੇਂ ਕਟੋਰੇ ਦਾ ਪਾਣੀ ਜੂਠਾ ਹੋ ਜਾਂਦਾ ਹੈ, ਇੰਦਰੇ ਜੂਠੇ ਹੋ ਜਾਂਦੇ ਹਨ, ਸਰੀਰ ਅਪਵਿੱਤਰ ਹੋ ਜਾਂਦਾ ਹੈ **ਅਥਵਾ** ਪਦਾਰਥ ਦਾ ਵਿਯੋਗ ਹੋ ਜਾਂਦਾ ਹੈ, ਇਵੇਂ ਬ੍ਰਹਮਾਨੰਦ ਸਮੁੰਦਰ ਦੀ ਨਿਆਈਂ ਹੈ। ਜਦੋਂ ਇਕ ਵਾਰੀ ਪ੍ਰਾਪਤ ਹੋ ਜਾਵੇ ਤਾਂ ਫਿਰ ਨਾਸ਼ ਨਹੀਂ ਹੁੰਦਾ ਬਲਕਿ ਹੋਰ ਦੁੱਗਣਾ ਵੱਧ ਜਾਂਦਾ ਹੈ। ਜੈਸਾ ਕਿ :

**ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥** *(ਅੰਗ ੨੪੯)*

ਜਿਹੜੀ ਸਰੂਪ ਦੀ ਸਾਖਿਆਤਤਾ ਹੋਈ ਹੈ, ਇਹੀ ਘਣਾ ਅਨੰਦ ਹੈ। ਉਸ ਦਾ ਵਿਯੋਗ ਨਹੀਂ ਹੁੰਦਾ, ਉਹ ਜੰਮਣ ਮਰਣ ਤੋਂ ਰਹਿਤ ਹੋ ਜਾਂਦੇ ਹਨ, ਇਹ ਘਣਾ ਅਨੰਦ ਹੈ। ਨੀਂਦ, ਸੁਖੋਪਤ ਅਵਸਥਾ, ਅਮਲ ਦਾ ਘਣਾ ਅਨੰਦ ਨਹੀਂ, ਘਣਾ ਅਨੰਦ ਸਿਰਫ਼ ਪਰਮੇਸ਼ਰ ਦਾ ਹੈ। ਇਸ ਅਨੰਦ ਨੂੰ ਪ੍ਰਾਪਤ ਕਿਵੇਂ ਕਰਨਾ ਹੈ ?

## ਸੰਤ ਜਨਾ ਮਿਲਿ ਪਾਈਐ; ਰਸਨਾ ਨਾਮੁ ਭਣਾ ॥

ਉਸ ਵਾਹਿਗੁਰੂ ਦੇ ਭਜਨ ਦੇ ਘਨੇ ਅਨੰਦ **ਵਾ:** ਨਾਮ ਨੂੰ ਸ਼ਾਂਤ ਰਸ ਬਿਰਤੀ ਵਾਲੇ ਮਹਾਂਪੁਰਸ਼ਾਂ, ਦੇ

ਨਾਲ ਮਿਲ ਕੇ ਭਾਵ ਉਨ੍ਹਾਂ ਦੀ ਸੰਗਤ ਕਰ ਕੇ ਪਾਈਐ = ਪਾਈਦਾ ਹੈ ਫੇਰ ਉਸ ਨਾਮ ਨੂੰ ਰਸਨਾ ਦੁਆਰਾ ਉਚਾਰਨ ਕਰੀਏ, ਅਰਥਾਤ ਸਿਮਰਨ ਕਰਨ ਨਾਲ ਹੌਲੀ ਹੌਲੀ ਰਸਨਾ 'ਤੇ ਵਾਹਿਗੁਰੂ ਵਸ ਜਾਂਦਾ ਹੈ। ਉਸ ਤੋਂ ਜਿਹੜੇ ਸੁਆਸ ਹਰਕਤ ਵਿਚ ਹਨ, ਉਹਨਾਂ ਨਾਲ ਵੀ ਸਿਮਰਨ ਦਾ ਪ੍ਰਵਾਹ ਚੱਲਣ ਲੱਗ ਪੈਂਦਾ ਹੈ। ਇਸ ਪ੍ਰਵਾਹ ਨਾਲ ਸਾਰੇ ਸੰਸਕਾਰ ਧੋਤੇ ਜਾਂਦੇ ਹਨ, ਫਿਰ ਅਜਪਾ ਜਾਪ ਪ੍ਰਗਟ ਹੋ ਜਾਂਦਾ ਹੈ ਅਤੇ ਫਿਰ ਰੋਮਾਂ ਵਿਚ ਪਰਮੇਸ਼ਰ ਦਾ ਚਿੰਤਨ ਹੋਣ ਲੱਗ ਜਾਂਦਾ ਹੈ। ਜੈਸਾ ਕਿ :

**ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥** *(ਅੰਗ ੩੨੦)*

**ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥ ਕੋਟਿ ਜਨਮ ਕੇ ਦੂਖ ਗਵਾਇਓ ॥** *(ਬੈਰਾੜੀ ਮ: ੫, ਅੰਗ ੭੨੦)*

## ਜਿਨਿ ਪਾਇਆ ਪ੍ਰਭੁ ਆਪਣਾ; ਆਏ ਤਿਸਹਿ ਗਣਾ ॥

ਜਿਨਿ = ਜਿਨ੍ਹਾਂ ਨੇ ਆਪਣਾ ਜਾਣ ਕੇ ਪ੍ਰਭੁ = ਅਕਾਲ ਪੁਰਖ ਨੂੰ ਪਾਇਆ = ਪਾਉਣਾ ਕੀਤਾ ਹੈ, ਤਿਸਹਿ = ਉਹਨਾਂ ਦਾ ਹੀ ਸੰਸਾਰ 'ਤੇ ਆਉਣਾ ਸਫ਼ਲ ਗਣਾ = ਗਿਣਿਆ ਜਾਂਦਾ ਹੈ।

**ਵਾ:** ਭਜਨ ਤੋਂ ਹੀਣਿਆਂ ਨੂੰ ਗਣਾ = ਜਮ ਗਣ ਲੈਣ ਆਉਂਦੇ ਹਨ **ਵਾ:** ਜੋ ਪਰਮੇਸ਼ਰ ਦੀ ਭਜਨ ਬੰਦਗੀ ਕਰਨ ਵਾਲੇ ਹਨ, ਉਹਨਾਂ ਨੂੰ ਰਾਮ ਗਣ ਲੈਣ ਵਾਸਤੇ ਆਉਂਦੇ ਹਨ।

ਜਿਵੇਂ ਕਬੀਰ ਸਾਹਿਬ ਜੀ ਦੇ ਕੋਲ ਇਕ ਬਜ਼ੁਰਗ ਦੇ ਪੁੱਤਰ ਆਏ ਕਿ ਸਾਡੇ ਪਿਤਾ ਜੀ ਅਖ਼ੀਰਲੇ ਸੁਆਸਾਂ 'ਤੇ ਹਨ, ਸਾਨੂੰ ਉਹਨਾਂ ਕੋਲ ਜਮ ਦਿਖਾਈ ਦਿੰਦੇ ਹਨ। ਕ੍ਰਿਪਾ ਕਰਕੇ ਸਾਡੇ ਪਿਤਾ ਜੀ ਨੂੰ ਦਰਸ਼ਨ ਦਿਉ। ਉਹਨਾਂ ਨੂੰ ਜਮ ਦਿਖਾਈ ਦਿੰਦੇ ਹਨ। ਕਬੀਰ ਜੀ ਜਦੋਂ ਆਏ, ਉਹ ਜਮ ਗਣਾਂ ਤੋਂ ਉਲਟ ਕੇ ਸਿਮਰਨ ਦੇ ਪ੍ਰਤਾਪ ਨਾਲ ਰਾਮ ਗਣ ਬਣ ਗਏ। ਉਨ੍ਹਾਂ ਨੂੰ ਜਮ ਗਣ ਨਹੀਂ ਦਿਸਦੇ। ਜੰਮਣ ਮਰਣ ਤੋਂ ਉਲਟ ਕੇ ਰਾਮ ਦਾ ਸਰੂਪ ਹੋ ਜਾਂਦੇ ਹਨ। ਜੈਸਾ ਕਿ :

**ਜਮ ਤੇ ਉਲਟਿ ਭਏ ਹੈ ਰਾਮ ॥** *(ਗਉੜੀ ਕਬੀਰ ਜੀ, ਅੰਗ ੩੨੬)*

ਜਿਵੇਂ ਅਜਾਮਲ ਨੂੰ ਜਮਦੂਤ ਲੈਣ ਵਾਸਤੇ ਆਏ ਸੀ ਪਰੰਤੂ ਪਰਮੇਸ਼ਰ ਦਾ ਸਿਮਰਨ ਕਰਨੇ ਕਰਕੇ ਰਾਮ ਗਣ ਬਣ ਗਏ ਇਸ ਪ੍ਰਕਾਰ ਕਈਆਂ ਨੂੰ ਸ਼ਹੀਦ ਸਿੰਘਾਂ ਦੇ ਦਰਸ਼ਨ ਹੁੰਦੇ ਹਨ ਅਤੇ ਕਈਆਂ ਨੂੰ ਮਹਾਂਪੁਰਖ ਲੈਣ ਵਾਸਤੇ ਆਉਂਦੇ ਹਨ।

ਇਸੇ ਤਰ੍ਹਾਂ ਸਰਦਾਰਾ ਸਿੰਘ ਜੀ, ਜੋ ਬੋਪਾਰਾਏ ਨਗਰ ਦੇ ਬੜੇ ਗੁਰਮੁਖ ਗੁਰਸਿੱਖ ਸਨ, ਬਹੁਤ ਥੋੜ੍ਹਾ ਸਮਾਂ ਆਰਾਮ ਕਰਦੇ ਸਨ। ਹਰ ਵਕਤ ਗੁਰੂ ਦੀਆਂ ਸੰਗਤਾਂ ਦੀ ਸੇਵਾ, ਸਿਮਰਨ ਕਰਦੇ ਰਹਿਣਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਸਾਹਿਬ ਦੀ ਸੇਵਾ ਕਰਦੇ ਰਹਿਣਾ। ਇਸੇ ਤਰ੍ਹਾਂ ਇਕ ਰਸ ੬-੭ ਸਾਲ ਜੀਵਨ ਬਤੀਤ ਕਰਦੇ ਰਹੇ। ਜਦੋਂ ਅੰਤ ਸਮਾਂ ਆਇਆ ਤਾਂ ਕਹਿਣ ਲੱਗੇ ਕਿ ਮੈਨੂੰ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਸੰਤਾਂ ਨੇ ਦਰਸ਼ਨ ਦਿੱਤੇ ਹਨ ਅਤੇ ਕਹਿਣ ਲੱਗੇ ਕਿ ਚੱਲ ਭਾਈ ਤੈਨੂੰ ਪਰਲੋਕ ਨੂੰ ਲੈ ਚੱਲੀਏ। ਇਸ ਪ੍ਰਕਾਰ ਭਾਈ ਸਰਦਾਰਾ ਸਿੰਘ ਨੂੰ ਅੰਤ ਸਮੇਂ ਮਹਾਤਮਾ ਦੇ ਦਰਸ਼ਨ ਹੋਏ ਸਨ, ਫੇਰ ਉਹਨਾਂ ਨੇ ਸਰੀਰ ਛੱਡਿਆ ਸੀ। ਇਸੇ ਤਰ੍ਹਾਂ ਜਦੋਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਪਹਿਲੀ ਵਾਰ ਜਥੇ ਸਮੇਤ ਲਾਇਲਪੁਰ ਨਗਰ ਵਿਚ ਗਏ ਤਾਂ ਉਥੇ ਭਾਈ ਸਰਦੂਲ ਸਿੰਘ ਜੀ, ਜੋ ਮੰਗਲੀ ਨਗਰ ਦੇ ਸਨ, ਸੰਤ ਰੇਰੂ ਸਾਹਿਬ ਵਾਲਿਆਂ ਦੇ ਨਾਲ ਰਹੇ ਸਨ। ਹਰ ਵਕਤ ਬਾਣੀ ਪੜ੍ਹਦੇ ਅਤੇ ਸੇਵਾ ਕਰਦੇ ਰਹਿੰਦੇ ਸਨ। ਜਦੋਂ ਉਹਨਾਂ ਨੇ ਸਰੀਰ ਛੱਡਿਆ ਤਾਂ ਉਸੇ ਵੇਲੇ ਸੰਪੂਰਨ ਅਨੰਦੁ ਸਾਹਿਬ ਦਾ ਪਾਠ ਕੀਤਾ ਅਤੇ ਜੋ ਕੋਲ ਸਿੰਘ ਖੜੇ ਸਨ, ਉਹਨਾਂ ਨੂੰ ਕਹਿਣ ਲੱਗੇ ਕਿ ਇਸ ਵਕਤ ਪੰਜ ਪਿਆਰੇ ਸਾਹਿਬਾਨ ਦਰਸ਼ਨ ਦੇ ਰਹੇ ਹਨ। ਆਪ ਜਾ ਕੇ ਟੂਟੀਆਂ 'ਤੇ ਇਸ਼ਨਾਨ ਕੀਤਾ ਤੇ ਬਾਕੀ ਸਿੰਘ ਕਥਾ ਵਿਚ ਚਲੇ ਗਏ। (ਸੰਤ ਗਿਆਨੀ ਗੁਰਬਚਨ ਸਿੰਘ ਜੀ ਨਗਰਾਂ ਵਿਚ ਲੜੀਵਾਰ ਕਥਾ

ਦਾ ਪ੍ਰਵਾਹ ਚਲਾਉਂਦੇ ਸਨ। ਕਥਾ ਦਾ ਸਮਾਂ ਹੋਣ ਕਰਕੇ ਸਾਰੇ ਸਿੰਘ (ਵਿਦਿਆਰਥੀ) ਚਲੇ ਗਏ।) ਇਕ ਸਿੰਘ ਭਾਈ ਥੰਮਣ ਸਿੰਘ ਘਣੀਕੇ ਨਗਰ ਦਾ ਭਾਈ ਸਰਦੂਲ ਸਿੰਘ ਕੋਲ ਬੈਠ ਗਿਆ। ਉਸ ਨੂੰ ਛਾਇਆ ਜਿਹਾ ਪ੍ਰਤੀਤ ਹੋਇਆ ਜਿਵੇਂ ਸਿੰਘ ਆਏ ਹੋਣ ਅਤੇ ਉਸੇ ਵੇਲੇ ਭਾਈ ਸਰਦੂਲ ਸਿੰਘ ਦਾ ਸਰੀਰ ਸ਼ਾਂਤ ਹੋ ਗਿਆ। ਇਸੇ ਪ੍ਰਕਾਰ ਉਹਨਾਂ ਦਾ ਸੰਸਾਰ ਵਿਚ ਆਉਣਾ ਸਫਲਾ ਹੈ ਜੋ ਪਰਮੇਸ਼ਰ ਦੇ ਸਿਮਰਨ ਵਿਚ ਜੁੜੇ ਰਹਿੰਦੇ ਹਨ।

## ਇਕੁ ਖਿਨੁ, ਤਿਸੁ ਬਿਨੁ ਜੀਵਣਾ; ਬਿਰਥਾ ਜਨਮੁ ਜਣਾ ॥

ਜੋ ਇਕ ਖਿਨੁ = ਛਿਨ ਮਾਤਰ ਵੀ ਤਿਸੁ = ਉਸ ਪਰਮੇਸ਼ਰ ਦੇ ਨਾਮ ਤੋਂ ਬਿਨੁ = ਬਗ਼ੈਰ ਜੀਵਣਾ = ਜਿਉਣਾ ਕਰਦੇ ਹਨ, ਉਨ੍ਹਾਂ ਦਾ ਜਣਾ = ਜਣਿਆ ਭਾਵ ਮਨੁੱਖਾ ਜਨਮ ਬਿਰਥਾ = ਬੇਅਰਥ ਹੀ ਹੈ **ਵਾ:** ਉਨ੍ਹਾਂ ਦਾ ਮਨੁੱਖਾ ਜਨਮ ਬੇਅਰਥ ਹੀ ਜਣਾ = ਜਾਨਣਾ ਕਰੋ। (ਪੋਠੋਹਾਰ ਵਿਚ ਜਣਾ ਆਦਮੀ ਨੂੰ ਕਹਿੰਦੇ ਹਨ। ਉਨ੍ਹਾਂ ਬੰਦਿਆਂ ਦਾ ਜਿਉਣਾ ਕਿਸੇ ਅਰਥ ਨਹੀਂ ਹੈ।)

## ਜਲਿ ਥਲਿ ਮਹੀਅਲਿ ਪੂਰਿਆ; ਰਵਿਆ ਵਿਚਿ ਵਣਾ ॥

***ਪਹਿਲਾ ਅਰਥ :*** ਜੋ ਪਰਮਾਤਮਾ ਜਲਿ = ਪਾਣੀ, ਥਲਿ = (ਖ਼ੁਸ਼ਕ ਜਗ੍ਹਾ) ਮਹੀਅਲਿ = ਵਿਚ **ਵਾ:** ਮਹੀ = ਧਰਤੀ ਅਲਿ = ਆਕਾਸ਼ ਵਿਚ, ਪੂਰਿਆ = ਪਰੀ ਪੂਰਨ ਹੋ ਰਿਹਾ ਹੈ ਅਤੇ ਵਣਾ = ਜੰਗਲਾ ਵਿਚ ਵੀ ਰਵਿਆ = ਮਿਲਿਆ ਹੋਇਆ ਹੈ।

***ਦੂਸਰਾ ਅਰਥ :*** ਜਲਿ ਦੀ ਨਿਆਈਂ ਗਿਆਨ-ਇੰਦ੍ਰੀਆਂ ਥਲਿ ਦੀ ਨਿਆਈਂ ਕਰਮ-ਇੰਦ੍ਰੀਆਂ, ਮਹੀ ਦੀ ਨਿਆਈਂ ਸਥੂਲ ਦੇਹੀ ਅਲਿ = ਅਕਾਸ਼ ਦੀ ਨਿਆਈਂ ਅੰਤਸ਼ਕਰਨ ਵਿਚ ਪਰਮਾਤਮਾ ਪਰੀਪੂਰਨ ਹੈ ਅਤੇ ਸੰਸਾਰ ਰੂਪੀ ਵਣਾ = ਜੰਗਲ ਵਿਚ ਵੀ ਰਵਿਆ = ਮਿਲਿਆ ਹੋਇਆ ਹੈ।

***ਤੀਸਰਾ ਅਰਥ :*** ਜਲਿ = ਜਲਾਂ ਵਿਚ ਜਲ ਰੂਪ ਹੋ ਕੇ, ਥਲਿ = ਥਲਾਂ ਵਿਚ ਥਲ ਰੂਪ ਹੋ ਕੇ, ਮਹੀ = ਪ੍ਰਿਥਵੀ ਵਿਚ ਇਸਥਿਤ ਰੂਪ ਹੋ ਕੇ, ਅਲਿ = ਆਕਾਸ਼ ਵਿਚ ਵਿਹਲ ਰੂਪ ਹੋ ਕੇ, ਪੂਰਿਆ = ਪਰੀਪੂਰਨ ਹੋ ਰਿਹਾ ਹੈ **ਵਾ:** ਜਲਿ = ਜਲ ਵਿਚ ਦ੍ਰਵੀ ਰੂਪ ਹੋ ਕੇ, ਥਲਿ = ਥਲਾਂ ਵਿਚ ਇਸਥਿਤ ਰੂਪ ਹੋ ਕੇ, ਮਹੀ = ਪ੍ਰਿਥਵੀ ਵਿਚ ਖਿਮਾ ਰੂਪ ਹੋ ਕੇ, ਅਲਿ = ਆਕਾਸ਼ ਵਿਚ ਨਿਰਖੋਭ ਰੂਪ ਹੋ ਕੇ, ਪੂਰਿਆ = ਪਰੀਪੂਰਨ ਹੋ ਰਿਹਾ ਹੈ ਅਤੇ ਵਣਾ = ਜੰਗਲਾਂ ਦੇ ਬ੍ਰਿਛਾਂ ਆਦਿਕਾਂ ਵਿਚ ਵੀ ਰਵਿਆ = ਰਮਿਆ ਹੋਇਆ ਹੈ। ਜਿਵੇਂ ਅਗਨੀ ਕਾਠ ਵਿਚ ਰਹਿੰਦੀ ਹੈ, ਇਉਂ ਜੋਤ ਕਰਕੇ ਪ੍ਰਫੁੱਲਤ ਹੋ ਰਿਹਾ ਹੈ।

***ਚੌਥਾ ਅਰਥ :*** ਜਲਿ = ਜਲ ਦੀ ਨਿਆਈਂ ਜਿਹੜੇ ਪ੍ਰੇਮੀ ਹਰ ਵਕਤ ਪ੍ਰੇਮ ਰੂਪੀ ਤਲਾਬ ਬਣੇ ਹੋਏ ਹਨ ਭਾਵ ਪ੍ਰੇਮ ਵਿਚ ਭਿੱਜੇ ਰਹਿੰਦੇ ਹਨ, ਥਲਿ = ਥਲਾਂ ਦੀ ਨਿਆਈਂ ਕਾਮਨਾ ਪੂਰੀ ਕਰਨ ਵਿਚ ਲੱਗੇ ਰਹਿੰਦੇ ਹਨ। ਮਹੀ = ਧਰਤੀ ਦੀ ਨਿਆਈਂ ਜਿਹੜੇ ਅਕਲ ਵਾਲੇ, ਅਲਿ = ਆਕਾਸ਼ ਵਤ ਜਿਨ੍ਹਾਂ ਦੇ ਚਿਤ ਹਰ ਵਕਤ ਅਨੰਦ ਵਿਚ ਖਿੜੇ ਰਹਿੰਦੇ ਹਨ, ਉਨ੍ਹਾਂ ਨੂੰ ਪੂਰਨ ਵਿਆਪਕ ਵਾਹਿਗੁਰੂ ਦੇ ਹੀ ਦਰਸ਼ਨ ਹੁੰਦੇ ਹਨ। ਜਿਵੇਂ ਵਣਾ = ਜੰਗਲਾਂ ਵਿਚ ਕਈ ਪ੍ਰਕਾਰ ਦੇ ਬ੍ਰਿਛ ਹੁੰਦੇ ਹਨ, ਇਸੇ ਤਰ੍ਹਾਂ ਦੇਵਤੇ ਤੇ ਮਨੁੱਖੀ ਸਰੀਰ ਰੂਪੀ ਬ੍ਰਿਛਾਂ ਵਿਚ ਰਵਿਆ = ਵਿਆਪਕ ਹੋ ਰਿਹਾ ਹੈ। ਜੈਸਾ ਕਿ :

**ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥**
**ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥** *(ਗਉੜੀ ਮ: ੫, ਅੰਗ ੨੯੬)*

## ਸੋ ਪ੍ਰਭੁ, ਚਿਤਿ ਨ ਆਵਈ; ਕਿਤੜਾ ਦੁਖੁ ਗਣਾ ॥

ਸੋ = ਉਹ ਐਸਾ ਸਮਰੱਥ ਪ੍ਰਭੁ = ਪਰਮੇਸ਼ਰ ਜਿਹਨਾਂ ਨੂੰ ਚਿਤਿ = ਚੇਤੇ ਨਹੀਂ ਆਵਈ = ਆਉਂਦਾ, ਉਹਨਾਂ ਨੂੰ ਕਿਤੜਾ = ਕਿਤਨਾ ਕੁ ਦੁੱਖ ਪ੍ਰਾਪਤ ਹੋਣ ਗਣਾ = ਗਿਨਣਾ ਕਰੀਏ।

ਜਿਵੇਂ 'ਆਤਮ ਪੁਰਾਣ' ਗ੍ਰੰਥ ਵਿਚ ਪ੍ਰਸੰਗ ਆਉਂਦਾ ਹੈ ਕਿ ੭੦ (ਸੱਤਰ) ਹਜ਼ਾਰ ਬਿੱਛੂ ਦੇ ਡੰਗ ਮਾਰਨ ਜਿਨ੍ਹਾਂ ਮਰਨ ਦਾ ਦੁੱਖ ਹੁੰਦਾ ਹੈ। ਕਈ ਲੋਕ ਬਿੱਛੂ ਦੀਆਂ ਖੁੱਡਾਂ ਅੱਗੇ ਪੱਥਰ ਲਾ ਦਿੰਦੇ ਹਨ। ਜਦੋਂ ਬਿੱਛੂ ਬਾਹਰ ਨਿਕਲਣਾ ਚਾਹੁੰਦਾ ਹੈ ਤਾਂ ਪੱਥਰ ਦੀ ਸਿਲ ਨੂੰ ਅੜਿੱਕਾ ਸਮਝ ਕੇ ਡੰਗ ਮਾਰਦਾ ਹੈ। ਡੰਗ ਮਾਰਨ ਕਰਕੇ ਪੱਥਰ ਦੀ ਸਿਲ ਖਿੱਲ ਬਣ ਜਾਂਦੀ ਹੈ ਭਾਵ ਸੰਖੀਆ ਬਣ ਜਾਂਦਾ ਹੈ। ਆਮ ਕਰਕੇ ਬਿੱਛੂ ਨਦੀਆਂ ਦੇ ਕਿਨਾਰਿਆਂ ਤੇ ਪੱਥਰਾਂ ਦੀਆਂ ਸਿਲਾਂ ਹੇਠਾਂ ਮਿਲਦੇ ਹਨ। ਬਿੱਛੂ ਪੱਤਲ ਵਰਗਾ ਹੁੰਦਾ ਹੈ। ਉਪਰੋਂ ਚਿਤਮ ਕਾਲਾ ਕੱਛੂ ਵਰਗਾ ਹੁੰਦਾ ਹੈ। ਮਰਨ ਦਾ ਕਿਤਨਾ ਕੁ ਦੁੱਖ ਦੱਸੀਏ, ਇਹ ਗਿਣਿਆ ਨਹੀਂ ਜਾਂਦਾ। 'ਆਤਮ ਪੁਰਾਣ' ਵਿਚ ਅੰਦਾਜ਼ੇ ਨਾਲ ਮਰਨ ਵੇਲੇ ਦੁੱਖ ਲਿਖਿਆ ਹੈ।

ਇਸੇ ਪ੍ਰਕਾਰ ਪੰਡਤ ਈਸ਼ਰ ਸਿੰਘ ਜੀ ਦੌਧਰ ਵਾਲੇ ਜਦੋਂ ਸਰੀਰ ਛੱਡਣ ਲੱਗੇ ਤਾਂ ਉਹਨਾਂ ਨੂੰ ਕਿਸੇ ਨੇ ਪੁੱਛਿਆ ਕਿ ਬਾਬਾ ਜੀ! ਕਿੰਨੀ ਕੁ ਤਕਲੀਫ਼ ਹੋ ਰਹੀ ਹੈ। ਪੰਡਤ ਈਸ਼ਰ ਸਿੰਘ ਜੀ ਕਹਿਣ ਲੱਗੇ ਕਿ ਤਕਲੀਫ਼ ਐਨੀ ਹੈ ਜਿਵੇਂ ਮੂੰਹ ਰਾਹੀ ਕੰਡਿਆ ਵਾਲੀ ਬੇਰੀ ਦਾ ਛਾਪਾ ਪਾ ਕੇ ਮੂਲ ਦੁਆਰੇ ਰਾਹੀਂ ਖਿੱਚੀਏ। ਇਉਂ ਸਾਰੀਆਂ ਨਾੜੀਆਂ ਅੰਦਰੋਂ ਇਕੱਠੀਆਂ ਹੋ ਜਾਂਦੀਆਂ ਹਨ। ਪਰ ਗਿਆਨ ਕਰਕੇ ਅਸੀਂ ਦੁੱਖ ਦੀ ਖੋਭ ਨੂੰ ਕੁਝ ਸਮਝਦੇ ਨਹੀਂ, ਇਸ ਤਰ੍ਹਾਂ ਬੇਅੰਤ ਦੁੱਖ ਹੈ ਜੋ ਗਿਣਿਆ ਨਹੀਂ ਜਾਂਦਾ। ਵਿਸ਼ਿਸ਼ਟ ਮੁਨੀ ਜੀ ਨੇ ਲਿਖਿਆ ਹੈ ਕਿ ਜਿਸ ਵੇਲੇ ਮਨੁੱਖ ਸਰੀਰ ਛੱਡਦਾ ਹੈ ਤਾਂ ਚਾਰ ਘੜੀਆਂ ਪੁੰਨੀ ਆਦਮੀ ਨੂੰ ਵੀ ਮੂਰਛਾ ਹੁੰਦੀ ਹੈ। ਜਾਂ ਤਾਂ ਹਿਰਨ ਗਰਭ ਦਾ ਉਪਾਸ਼ਕ ਮੂਰਛਾ ਤੋਂ ਰਹਿਤ ਹਵਾ ਰੂਪ ਹੋ ਕੇ ਮਿਲਦਾ ਹੈ ਜਾਂ ਜਿਹੜੇ ਵਾਹਿਗੁਰੂ ਦੇ ਸਰੂਪ ਵਿਚ ਲੀਨ ਰਹਿਣ ਵਾਲੇ ਪੂਰਨ ਭਗਤ ਹਨ, ਉਹ ਵਾਹਿਗੁਰੂ ਦੀ ਜੋਤ ਵਿਚ ਮਿਲ ਜਾਂਦੇ ਹਨ। ਜੰਮਣ ਮਰਨ ਦਾ ਉਹਨਾਂ ਨੂੰ ਦੁੱਖ ਨਹੀਂ ਹੁੰਦਾ।

## ਜਿਨੀ ਰਾਵਿਆ ਸੋ ਪ੍ਰਭੂ; ਤਿੰਨਾ ਭਾਗੁ ਮਣਾ ॥

ਜਿਨੀ = ਜਿਨ੍ਹਾਂ ਨੇ ਸੋ = ਉਸ ਪ੍ਰਭੂ = ਵਾਹਿਗੁਰੂ ਦੇ ਅਨੰਦ ਨੂੰ ਰਾਵਿਆ = ਮਾਣਿਆ ਹੈ ਭਾਵ ਉਸ ਦਾ ਸਿਮਰਨ ਕੀਤਾ ਹੈ, ਤਿੰਨਾ = ਉਹਨਾਂ ਦੇ ਮਣਾ = ਉੱਤਮ, ਸ਼ਿਰੋਮਣੀ ਭਾਗ ਹਨ **ਵਾ:** ਉਹਨਾਂ ਮਨੁੱਖਾਂ ਦੇ ਮਣਾ = ਮਣਾਂ ਮੂੰਹੀਂ ਭਾਗ ਹਨ।

## ਹਰਿ ਦਰਸਨ ਕੰਉ ਮਨੁ ਲੋਚਦਾ; ਨਾਨਕ ਪਿਆਸ ਮਨਾ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹਰਿ = ਪਰਮੇਸ਼ਰ ਦੇ ਦਰਸ਼ਨਾਂ ਕੰਉ = ਨੂੰ ਮੇਰਾ ਮਨ ਲੋਚਦਾ = ਚਾਹੁੰਦਾ ਹੈ। ਸਾਡੇ ਜਗਿਆਸੂ ਜਨਾਂ ਦੇ ਮਨਾਂ ਵਿਚ ਹੇ ਵਾਹਿਗੁਰੂ! ਤੁਹਾਡੇ ਦਰਸ਼ਨਾਂ ਦੀ ਪਿਆਸ ਲੱਗ ਰਹੀ ਹੈ। ਜੈਸਾ ਕਿ :

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥**
**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥** *(ਮਾਝ ਮ: ੫, ਅੰਗ ੯੬)*

## ਚੇਤਿ ਮਿਲਾਏ ਸੋ ਪ੍ਰਭੂ; ਤਿਸ ਕੈ ਪਾਇ ਲਗਾ ॥੨॥

ਇਸ ਪ੍ਰਕਾਰ ਚੇਤ ਦੇ ਮਹੀਨੇ ਦੀ ਸਮਾਪਤੀ ਕਰਦੇ ਹਜ਼ੂਰ ਕਹਿੰਦੇ ਹਨ ਕਿ ਮਨੁੱਖਾ ਜਨਮ ਰੂਪੀ ਚੇਤ ਦੇ ਮਹੀਨੇ ਵਿਚ ਸੋ = ਉਹ ਪ੍ਰਭੂ = ਅਕਾਲ ਪੁਰਖ ਸ਼ੌਕ ਅਵਸਥਾ ਵਾਲਿਆਂ ਨੂੰ ਆਪਣੇ ਵਿਚ ਮਿਲਾਏ = ਮੇਲ ਲੈਂਦਾ ਹੈ। ਤਿਸ = ਉਹਨਾਂ ਪਿਆਰਿਆਂ ਕੈ = ਦੇ ਪਾਇ = ਚਰਨੀਂ ਲਗਾ = ਲੱਗੀਏ, ਜਿਨ੍ਹਾਂ ਨੂੰ ਪਰਮੇਸ਼ਰ ਆਪਣੇ ਨਾਲ ਮੇਲ ਲੈਂਦਾ ਹੈ **ਵਾ:** ਜੋ ਉਸ ਪ੍ਰਭੂ ਦੇ ਨਾਲ ਮਿਲਾ ਦੇਵੇ, ਉਸ ਗੁਰਮੁਖ ਜਨ ਦੇ ਚਰਨੀਂ ਲੱਗਣਾ ਕਰੀਏ **ਵਾ:** ਪ੍ਰਤੱਖ ਚੇਤ ਦਾ ਮਹੀਨਾ ਉਨ੍ਹਾਂ ਦਾ ਸਫਲਾ ਹੈ, ਜਿਨ੍ਹਾਂ ਨੂੰ ਮਹਾਂਪੁਰਖਾਂ ਨੇ ਪਰਮਾਤਮਾ ਨਾਲ ਮਿਲਾ ਦਿੱਤਾ ਹੈ। ਮੈਂ ਐਸੇ ਪਰਮਾਤਮਾ ਨਾਲ ਮਿਲਾਉਣ ਵਾਲੇ ਮਹਾਂਪੁਰਖਾਂ ਦੇ ਚਰਨੀਂ ਲੱਗਣਾ ਕਰਦਾ ਹਾਂ ॥੨॥

**ਵੈਸਾਖ ਦਾ ਮਹੀਨਾ :** ਜਦੋਂ ਵੈਸਾਖ ਦਾ ਮਹੀਨਾ ਆਉਂਦਾ ਹੈ, ਉਦੋਂ ਬਸੰਤ ਰੁੱਤ ਖਿੜਾਅ ਵਿਚ ਆ ਜਾਂਦੀ ਹੈ। ਪੌਦਿਆਂ ਨੂੰ ਫਲ ਫੁੱਲ ਲੱਗ ਜਾਂਦੇ ਹਨ। ਵੈਸਾਖ, ਬਸੰਤ ਰੁੱਤ ਦਾ ਦੂਸਰਾ ਮਹੀਨਾ ਹੈ। ਜੈਸਾ ਕਿ :

**ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥** *(ਰਾਮਕਲੀ ਰੁਤੀ ਮ: ੫, ਅੰਗ ੯੨੭)*

ਜਿਸ ਵੇਲੇ ਵੈਸਾਖ ਦਾ ਮਹੀਨਾ ਆਉਂਦਾ ਹੈ, ਉਸ ਵੇਲੇ ਸਾਰੀ ਫੁੱਲਵਾੜੀ ਖਿੜਾਅ ਦੇ ਵਿਚ ਆ ਜਾਂਦੀ ਹੈ, ਇਉਂ ਬਸੰਤ ਰੁੱਤ ਮਾਨੋ ਰਾਜੇ ਦੀ ਨਿਆਈਂ ਸ਼ੋਭਦੀ ਹੈ ਅਤੇ ਅਨੇਕਾਂ ਰੰਗਾਂ ਦੇ ਖਿੜੇ ਹੋਏ ਫੁੱਲ ਮਾਨੋ ਇਸ ਦੀਆਂ ਫ਼ੌਜਾਂ ਨੇ ਬਸਤਰ ਪਹਿਨੇ ਹੋਏ ਹਨ, ਜਿਹੜੇ ਫੁੱਲਾਂ ਉੱਪਰ ਭੌਰੇ ਗੂੰਜ ਰਹੇ ਹਨ, ਮਾਨੋ ਇਹ ਬੀਨਾਂ ਵੱਜ ਰਹੀਆਂ ਹਨ, ਕੋਇਲਾਂ ਮਾਨੋ ਇਸ ਰਾਜੇ ਦੀ ਦੋਹੀ ਫੇਰ ਰਹੀਆਂ ਹਨ।

***ਅੰਤਰੀਵ ਭਾਵ :*** ਇਸੇ ਪ੍ਰਕਾਰ ਬਸੰਤ ਰੁੱਤ ਦੀ ਨਿਆਈਂ ਸ਼ੌਂਕ ਅਵਸਥਾ ਰੂਪੀ ਵੈਸਾਖ ਦਾ ਮਹੀਨਾ ਹੈ। ਜਗਿਆਸੂਆਂ ਦੀ ਸ਼ੁਭ ਗੁਣਾਂ ਦੀ ਫੁੱਲਵਾੜੀ ਖਿੜਾਅ ਦੇ ਸਹਿਤ ਹੋ ਜਾਂਦੀ ਹੈ, ਜਗਿਆਸੂਆਂ ਦੇ ਚਿਤ ਰੂਪੀ ਭੌਰੇ ਮਹਾਤਮਾ ਰੂਪੀ ਫੁੱਲਾਂ ਦੇ ਉਤੇ ਭਗਤੀ ਰੂਪ ਖ਼ੁਸ਼ਬੂ ਲੈਣ ਵਾਸਤੇ ਗੂੰਜ ਰਹੇ ਹਨ ਅਤੇ ਕੋਇਲਾਂ ਦੀ ਨਿਆਈਂ ਉਨ੍ਹਾਂ ਦੇ ਹਿਰਦੇ ਅੰਦਰ ਵੈਰਾਗਮਈ ਰਸ ਦੀ ਧੁਨੀ ਉੱਠ ਰਹੀ ਹੈ।

## ਵੈਸਾਖਿ ਧੀਰਨਿ ਕਿਉ ਵਾਢੀਆ; ਜਿਨਾ ਪ੍ਰੇਮ ਬਿਛੋਹੁ ॥

***ਪਹਿਲਾ ਅਰਥ :*** ਮਨੁੱਖਾ ਸਰੀਰ ਰੂਪੀ ਵੈਸਾਖ ਦੇ ਮਹੀਨੇ ਵਿਚ ਉਸ ਪਤੀ ਪਰਮੇਸ਼ਰ ਤੋਂ ਵਾਢੀਆ = ਵਿਛੁੜੀਆਂ ਹੋਈਆਂ ਜਗਿਆਸੂ ਰੂਪੀ ਇਸਤਰੀਆਂ ਨੂੰ ਕਿਵੇਂ ਧੀਰਜ ਹੋ ਸਕਦਾ ਹੈ ਜਿਨ੍ਹਾਂ ਨੂੰ ਵਾਹਿਗੁਰੂ ਦੇ ਪ੍ਰੇਮ ਦਾ ਬਿਛੋਹੁ = ਵਿਛੋੜਾ ਹੋ ਰਿਹਾ ਹੈ।

***ਦੂਸਰਾ ਅਰਥ :*** ਵੈਸਾਖਿ (ਵੈ+ਸਾਖਿ) ਵੈ = ਉਹ ਜੋ ਸਾਖਿ = ਵੇਦਾਂ ਸ਼ਾਸਤਰਾਂ ਕਰਕੇ ਪ੍ਰਤੀਪਾਦਨ ਯੋਗ ਹੈ। ਉਸ ਦੇ ਪ੍ਰੇਮ ਤੋਂ ਬਿਨਾਂ ਵਾਢੀਆ = ਵਿਛੜਨੇ ਕਰਕੇ ਧੀਰਨਿ = ਧੀਰਜ ਕਿਉ = ਕਿਵੇਂ ਆਵੇ ਭਾਵ ਧੀਰਜ ਨਹੀਂ ਆਉਂਦੀ। ਜਿਨ੍ਹਾਂ ਦਾ ਵਾਹਿਗੁਰੂ ਪਰਮੇਸ਼ਰ ਨਾਲੋਂ ਪ੍ਰੇਮ ਦਾ ਵਿਛੋੜਾ ਪਿਆ ਹੈ **ਅਥਵਾ** ਜਿਨ੍ਹਾਂ ਜਗਿਆਸੂ ਰੂਪੀ ਇਸਤਰੀਆਂ ਦਾ ਪਰਮੇਸ਼ਰ ਰੂਪੀ ਪਤੀ ਨਾਲੋਂ ਪ੍ਰੇਮ ਦਾ ਬਿਛੋਹੁ = ਵਿਛੋੜਾ ਪੈ ਗਿਆ, ਭਾਵੇਂ ਪਰਮੇਸ਼ਰ ਸਾਰਿਆਂ ਵਿਚ ਆਤਮਿਕ ਰੂਪ ਕਰਕੇ ਵਿਆਪਕ ਹੈ ਅਰਥਾਤ ਜਿਸ ਪ੍ਰਕਾਰ ਸੂਰਮਾ (ਅੰਨ੍ਹਾ) ਕਿਸੇ ਚੀਜ਼ ਨੂੰ ਵੇਖ ਨਹੀਂ ਸਕਦਾ, ਬੋਲਾ ਬੰਦਾ ਕੰਨਾਂ ਨਾਲ ਸ਼ਬਦ ਸੁਣ ਨਹੀਂ ਸਕਦਾ, ਪਿੰਗਲਾ ਪੈਰਾਂ ਤੋਂ ਬਿਨਾਂ ਤੁਰ ਨਹੀਂ ਸਕਦਾ, ਇਸੇ ਪ੍ਰਕਾਰ ਜਿਨ੍ਹਾਂ ਦਾ ਪਰਮੇਸ਼ਰ ਨਾਲੋਂ ਪ੍ਰੇਮ ਕਰਕੇ ਵਿਛੋੜਾ ਪਿਆ ਹੋਇਆ ਹੈ, ਉਹਨਾਂ ਨੂੰ ਪਰਮੇਸ਼ਰ ਦੀ ਸਾਖਿਆਤਤਾ ਨਹੀਂ ਹੁੰਦੀ। ਜੈਸਾ ਕਿ :

**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥**

*(ਸ੍ਰੀ ਦਸਮ ਗ੍ਰੰਥ, ਪੰਨਾ ੧੪)*

## ਹਰਿ ਸਾਜਨੁ ਪੁਰਖੁ ਵਿਸਾਰਿ ਕੈ; ਲਗੀ ਮਾਇਆ ਧੋਹੁ ॥

ਹਰਿ = ਵਾਹਿਗੁਰੂ ਪੁਰਖੁ = ਅਕਾਲ ਪੁਰਖ ਜੋ ਸਾਰਿਆਂ ਦਾ ਸਾਜਨੁ = ਮਿੱਤਰ ਹੈ ਉਸ ਨੂੰ ਵਿਸਾਰਿ = ਭੁਲਾ ਕੈ = ਕਰਕੇ ਧੋਹੁ = ਛਲ ਰੂਪ ਮਾਇਆ ਵਿਚ ਬੁੱਧੀ ਲੱਗੀ ਹੋਈ ਹੈ, ਇਹ ਮਾਇਆ ਹੀ ਜੀਵ ਨੂੰ ਠੱਗਣ ਵਾਲੀ ਹੈ।

***ਨੋਟ :*** ਮਾਇਆ ਬਾਲਪਨ ਵਿਚ ਖੇਡ ਰੂਪ ਹੋ ਕੇ, ਕਿਸੇ ਨੂੰ ਖਾਣ ਪੀਣ ਰੂਪ ਹੋ ਕੇ, ਜਵਾਨੀ ਵਿਚ ਵਿਸ਼ੇ-ਵਿਕਾਰ ਰੂਪ ਹੋ ਕੇ, ਢਲਦੀ ਜਵਾਨੀ ਵਿਚ ਪਦਾਰਥ ਇਕੱਠੇ ਕਰਨ ਰੂਪ ਵਿਚ, ਬੁਢਾਪੇ ਵਿਚ ਝੋਰਾ ਰੂਪ ਹੋ ਕਰਕੇ ਅਤੇ ਮਰਨ ਤੋਂ ਬਾਅਦ ਅਨੇਕਾਂ ਜੂਨਾਂ ਰੂਪ ਹੋ ਕੇ ਠੱਗ ਰਹੀ ਹੈ। ਜੈਸਾ ਕਿ :

**ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥** *(ਅਨੰਦੁ ਸਾਹਿਬ, ਅੰਗ ੯੨੧)*

## ਪੁਤ੍ਰ ਕਲਤ੍ਰ ਨ ਸੰਗਿ ਧਨਾ; ਹਰਿ ਅਵਿਨਾਸੀ ਓਹੁ ॥

ਪੁੱਤਰ ਕਲਤ੍ਰ = ਇਸਤਰੀ ਤੇ ਧਨਾ = ਧਨ ਆਦਿ ਵਿੱਚੋਂ ਕਿਸੇ ਨੇ ਵੀ ਪ੍ਰਲੋਕ ਦੇ ਰਸਤੇ ਵਿਚ ਸੰਗਿ = ਨਾਲ ਨ = ਨਹੀਂ ਚੱਲਣਾ ਉਥੇ ਤਾਂ ਕੇਵਲ ਉਹ ਅਵਿਨਾਸੀ = ਨਾਸ ਤੋਂ ਰਹਿਤ ਹਰਿ = ਪਰਮੇਸ਼ਰ ਹੀ ਰੱਖਿਅਕ ਹੋਵੇਗਾ ਭਾਵ ਜਿਹੜੇ ਉਸ ਦੇ ਸਿਮਰਨ ਵਿਚ ਜੁੜਨਗੇ, ਉਹਨਾਂ ਦਾ ਸਹਾਇਕ ਬਣੇਗਾ। ਜੈਸਾ ਕਿ :

**ਜਿਥੈ ਪੁਤ੍ਰੁ ਕਲਤ੍ਰੁ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ॥** *(ਮਾਰੂ ਮ: ੫, ਅੰਗ ੧੦੭੬)*

## ਪਲਚਿ ਪਲਚਿ ਸਗਲੀ ਮੁਈ; ਝੂਠੈ ਧੰਧੈ ਮੋਹੁ ॥

ਇਹ ਸਗਲੀ = ਸਾਰੀ ਸ੍ਰਿਸ਼ਟੀ ਮੋਹ ਦੇ ਅਧੀਨ ਹੋ ਕੇ ਝੂਠੇ ਧੰਧਿਆਂ ਅਤੇ ਪਦਾਰਥਾਂ ਵਿਚ ਪਲਚਿ ਪਲਚਿ = ਫਸ ਫਸ ਕੇ **ਵਾ:** ਪਰਚ ਪਰਚ ਕੇ ਮੁਈ = ਮਰ ਰਹੀ ਹੈ **ਵਾ:** ਜੀਵ ਝੂਠੇ ਧੰਧਿਆਂ ਦੇ ਵਿਚ ਫਸ ਕੇ ਆਪਣਾ ਗਿਆਨ ਭੁਲਾ ਕੇ ਇਹਨਾਂ ਵਿਚ ਮੋਹਿਆ ਜਾਂਦਾ ਹੈ।[੧]

## ਇਕਸੁ ਹਰਿ ਕੇ ਨਾਮ ਬਿਨੁ; ਅਗੈ ਲਈਅਹਿ ਖੋਹਿ ॥

ਇਕਸੁ = ਇਕ ਹਰਿ = ਹਰੀ ਵਾਹਿਗੁਰੂ ਕੇ = ਦੇ ਅੰਮ੍ਰਿਤ ਨਾਮ ਤੋਂ ਬਿਨਾਂ ਹੋਰ ਜੋ ਸਕਾਮ ਕਰਮ ਨਿੱਤ, ਨਮਿੱਤ, ਪ੍ਰਾਸ਼ਚਿਤ ਕਰਮ ਆਦਿ ਜੋ ਕਾਮਨਾ ਦੇ ਸਹਿਤ ਕੀਤੇ ਹੋਏ ਹਨ, ਉਹ ਸਾਰੇ ਅੱਗੇ ਜਮ ਮਾਰਗ ਦੇ ਵਿਚ ਜਦੋਂ ਤੇਹ ਲੱਗਦੀ ਹੈ ਤਾਂ ਪਾਣੀ ਬਹਾਨੇ, ਧੁੱਪ ਲੱਗਦੀ ਹੈ ਤਾਂ ਛਾਂ ਬਹਾਨੇ ਇਸ ਜੀਵ ਦੇ ਪਾਸੋਂ ਜਮਦੂਤ ਪੁੰਨ ਕਰਮ ਖੋਹਿ = ਖੋਹ ਲਈਅਹਿ = ਲੈਂਦੇ ਹਨ ਜੈਸਾ ਕਿ :

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥** *(ਸੂਹੀ ਮ: ੫, ਅੰਗ ੭੪੭)*

## ਦਯੁ ਵਿਸਾਰਿ ਵਿਗੁਚਣਾ; ਪ੍ਰਭ ਬਿਨੁ ਅਵਰੁ ਨ ਕੋਇ ॥

(**ਦਈਉ** ਬੋਲੋ)

ਜਿਸ ਨੇ ਉਸ ਦਯੁ = ਪ੍ਰੇਰਕ ਵਾਹਿਗੁਰੂ ਨੂੰ ਵਿਸਾਰਿ = ਭੁਲਾਉਣਾ ਕੀਤਾ ਹੈ, ਉਸ ਨੂੰ ਲੋਕ ਪਰਲੋਕ ਵਿਚ ਵਿਗੁਚਣਾ = ਖ਼ਰਾਬ ਹੋਣਾ ਪੈਂਦਾ ਹੈ। ਉਸ ਪ੍ਰਭ = ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਅਵਰੁ = ਹੋਰ ਕੋਈ ਵੀ ਰੱਖਿਆ ਕਰਨ ਵਾਲਾ ਨਹੀਂ ਹੈ।

## ਪ੍ਰੀਤਮ ਚਰਣੀ ਜੋ ਲਗੇ; ਤਿਨ ਕੀ ਨਿਰਮਲ ਸੋਇ ॥

ਜੋ ਜੀਵ ਪ੍ਰੀਤਮ = ਪਿਆਰੇ ਅਕਾਲ ਪੁਰਖ ਦੇ ਚਰਣੀ = ਚਰਨਾਂ ਕਮਲਾਂ ਵਿਚ ਲਗੇ = ਲੱਗੇ ਭਾਵ ਜੁੜੇ ਹੋਏ ਹਨ, ਤਿਨ = ਉਹਨਾਂ ਕੀ = ਦੀ ਨਿਰਮਲ = ਮੈਲ ਤੋਂ ਰਹਿਤ ਭਾਵ ਉੱਜਲ ਸੋਇ = ਸ਼ੋਭਾ ਹੁੰਦੀ ਹੈ, ਭਾਵ ਲੋਕ ਪਰਲੋਕ ਵਿਚ ਉਹਨਾਂ ਦੀ ਜੈ ਜੈਕਾਰ ਹੁੰਦੀ ਹੈ।

**[ਅੰਗ ੧੩੪]**

## ਨਾਨਕ ਕੀ ਪ੍ਰਭ ਬੇਨਤੀ; ਪ੍ਰਭ ਮਿਲਹੁ ਪਰਾਪਤਿ ਹੋਇ ॥

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਸਾਡੇ ਜਨਾਂ ਕੀ = ਦੀ ਤਾਂ ਪ੍ਰਭ = ਪਰਮੇਸ਼ਰ ਪਾਸ ਇਹੋ ਹੀ ਬੇਨਤੀ

---

੧. ਮੋਹੁ = ਬਿਬੇਕ ਦੇ ਅਭਾਵ ਦਾ ਨਾਮ ਮੋਹ ਹੈ **ਵਾ:** ਮੋਹ ਸ਼ਬਦ ਦੇ ਅੱਖਰਾਂ ਵਿਚ ਦੋ ਭਾਵ ਸਮਿਲਤ ਹਨ, 'ਮ' ਤੋਂ ਭਾਵ ਮਮਤਾ (ਮੇਰ), 'ਹ' ਤੋਂ ਭਾਵ ਹੰਗਤਾ, ਜਿਸ ਵਿਚ ਇਹ ਦੋ ਹੋਣ ਉਸ ਨੂੰ ਮੋਹ ਕਿਹਾ ਜਾਂਦਾ ਹੈ, ਦੇਹ, ਸੰਬੰਧੀ, ਪਦਾਰਥਾਂ ਤੇ ਵਿਸ਼ੇ ਵਿਕਾਰਾਂ ਦੀ ਖਿੱਚ ਨੂੰ 'ਮੋਹ' ਕਿਹਾ ਜਾਂਦਾ ਹੈ।

ਹੈ ਕਿ ਹੇ ਪ੍ਰਭ = ਅਕਾਲ ਪੁਰਖ ! ਜਿਵੇਂ ਤੁਸੀਂ ਸੰਤ ਜਨਾਂ ਨੂੰ ਪ੍ਰਾਪਤ ਹੋਇ = ਹੋਏ ਹੋ, ਇਸੇ ਤਰ੍ਹਾਂ ਸਾਨੂੰ ਵੀ ਮਿਲਹੁ = ਮਿਲਣਾ ਕਰੋ **ਵਾ:** ਸਾਨੂੰ ਵੀ ਆਪਣੇ ਨਾਲ ਮੇਲਣਾ ਕਰੋ ਤਾਂ ਕਿ ਅਸੀਂ ਵੀ (ਪਰਾ + ਪਤਿ) ਪਰਾ = ਉਤ ਕ੍ਰਿਸਟ ਪਤਿ = ਇੱਜ਼ਤ ਵਾਲੇ ਭਾਵ ਉੱਚੀ ਪਤ ਵਾਲੇ ਹੋ ਸਕੀਏ **ਅਥਵਾ** ਆਪ ਅੰਤਸ਼ਕਰਨ ਵਿਚ ਪ੍ਰਾਪਤ ਤਾਂ ਹੋ, ਪਰ ਮੈਨੂੰ ਸਾਖਿਆਤ ਪ੍ਰਤੱਖ ਪ੍ਰਗਟ ਹੋ ਕੇ ਮਿਲਣਾ ਕਰੋ।

## ਵੈਸਾਖੁ, ਸੁਹਾਵਾ ਤਾਂ ਲਗੈ; ਜਾ ਸੰਤੁ ਭੇਟੈ ਹਰਿ ਸੋਇ ॥੩॥

***ਪਹਿਲਾ ਅਰਥ :*** ਜੇਕਰ ਇਉਂ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇ ਤਾਂ ਵੈਸਾਖ ਮਹੀਨਾ ਸੁਹਾਵਾ = ਸ਼ੋਭਨੀਕ ਲਗੈ = ਲੱਗਦਾ ਹੈ। ਜਾ = ਜਦੋਂ ਇਕ-ਰਸ ਸ਼ਾਂਤ ਸਰੂਪ ਹਰਿ = ਪਰਮੇਸ਼ਰ ਨੂੰ ਪ੍ਰਾਪਤ ਹੋਇ ਸੰਤ ਜਨਾਂ ਦੇ ਨਾਲ ਭੇਟੈ = ਮਿਲਾਪ ਹੋ ਜਾਵੇ, ਤਦ ਹੀ ਪਰਮੇਸ਼ਰ ਦੀ ਸੋਇ = ਸ਼ੋਭਾ ਪ੍ਰਾਪਤ ਹੋਵੇਗੀ।

***ਦੂਸਰਾ ਅਰਥ :*** ਵੈ = ਉਹ ਜੋ ਸਾਖੁ = ਸਾਖੀ ਰੂਪ ਚੇਤਨ ਵੇਦਾਂ ਸ਼ਾਸਤਰਾਂ ਕਰਕੇ ਪ੍ਰਤੀਪਾਦਯ (ਕਥਨ ਕਰਨ ਯੋਗ) ਰੂਪ ਹੈ, ਉਸ ਦੀ ਪ੍ਰਾਪਤੀ ਦਾ ਅਨੰਦ ਤਾਂ ਹੀ ਹੋ ਸਕਦਾ ਹੈ **ਵਾ:** ਤਾਂ ਹੀ ਮਨੁੱਖਾ ਸਰੀਰ ਰੂਪੀ ਵੈਸਾਖ ਦਾ ਮਹੀਨਾ ਸੁਹਾਵਾ = ਸ਼ੋਭਨੀਕ ਲੱਗਦਾ ਹੈ ਭਾਵ ਸੁਹਾਵਣਾ ਲੱਗਦਾ ਹੈ। ਜੇਕਰ ਹਰਿ = ਪਰਮੇਸ਼ਰ ਨੂੰ ਸੋਇ = ਜਾਨਣ ਵਾਲੇ ਸੰਤ ਭੇਟੈ = ਮਿਲ ਜਾਣ ॥੩॥

**ਜੇਠ ਦਾ ਮਹੀਨਾ :** ਜੇਠ ਦੇ ਮਹੀਨੇ ਦੁਆਰਾ ਸਤਿਗੁਰੂ ਬਖ਼ਸ਼ਿਸ਼ ਕਰਦੇ ਹਨ। ਛੇ ਰੁੱਤਾਂ ਵਿਚ ਪਹਿਲੀ ਬਸੰਤ ਰੁੱਤ ਹੈ। ਚੇਤ ਵੈਸਾਖ ਸਮਾਪਤ ਹੋ ਕੇ ਗ੍ਰੀਖਮ ਰੁੱਤ ਸ਼ੁਰੂ ਹੁੰਦੀ ਹੈ। ਇਹ ਰੁੱਤ ਭੀ ਜੇਠ ਅਤੇ ਹਾੜ ਦੋਵਾਂ ਮਹੀਨਿਆਂ ਦੀ ਸਾਂਝੀ ਰੁੱਤ ਹੈ, ਜੈਸਾ ਕਿ :

**ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥** *(ਰਾਮਕਲੀ ਰੁਤੀ ਮ: ੫, ਅੰਗ ੯੨੮)*

ਧਰਤੀ ਅਤੇ ਸੂਰਜ ਦੇ ਸੰਬੰਧ ਦੁਆਰਾ ਰੁੱਤ ਬਦਲਦੀ ਹੈ। ਇਸ ਰੁੱਤ ਦਾ ਅਸਰ ਪ੍ਰਕਿਰਤੀ ਦੇ ਬਣੇ ਸਰੀਰਾਂ ਅਤੇ ਮਨ 'ਤੇ ਵੀ ਹੁੰਦਾ ਹੈ। ਇਸ ਕਰਕੇ ਜਮਾਂ ਤੋਂ ਛੁਟਕਾਰਾ ਪਾਉਣ ਲਈ ਪਰਮੇਸ਼ਰ ਦੀ ਸ਼ਰਨ ਗ੍ਰਹਿਣ ਕਰਨੀ ਚਾਹੀਦੀ ਹੈ।

## ਹਰਿ ਜੇਠਿ ਜੁੜੰਦਾ ਲੋੜੀਐ; ਜਿਸੁ ਅਗੈ ਸਭਿ ਨਿਵੰਨਿ ॥

***ਪਹਿਲਾ ਅਰਥ :*** ਜੇਠ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਸਾਨੂੰ ਹਰਿ = ਪਰਮੇਸ਼ਰ ਨਾਲ ਜੁੜੰਦਾ = ਜੁੜਨਾ ਲੋੜੀਐ = ਚਾਹੀਦਾ ਹੈ ਜਿਸ ਵਾਹਿਗੁਰੂ ਅੱਗੇ ਸਭਿ = ਸਾਰੀਆਂ ਸ਼ਕਤੀਆਂ ਦੇਵੀ ਦੇਵਤੇ ਆਦਿਕ ਨਿਵੰਨਿ = ਨਿਵਦੀਆਂ ਹਨ। ਜੈਸਾ ਕਿ :

**ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥** *(ਤੁਖਾਰੀ ਮ: ੧, ਅੰਗ ੧੧੦੮)*

***ਦੂਸਰਾ ਅਰਥ :*** ਜੇਠ ਨਾਮ ਵੱਡੇ ਦਾ ਹੈ। ਇਸ ਸੰਸਾਰ ਵਿਚ ਵਾਹਿਗੁਰੂ ਸਭ ਤੋਂ ਵੱਡਾ ਹੈ, ਉਸ ਨਾਲ ਜੁੜਨਾ ਚਾਹੀਦਾ ਹੈ **ਵਾ:** ਜੇਠ ਦਾ ਮਹੀਨਾ ਵੈਰਾਗ ਜਾਨਣਾ ਕਰੋ। ਕਿਉਂਕਿ ਪਰਮੇਸ਼ਰ ਦੀ ਪ੍ਰਾਪਤੀ ਦਾ ਵੱਡਾ ਸਾਧਨ ਵੈਰਾਗ ਹੀ ਹੈ ਇਸ ਲਈ ਤਰਤੀਬਰ, ਤਰ ਤਮ ਵੈਰਾਗ ਨੂੰ ਧਾਰਨ ਕਰਕੇ ਉਸ ਪਰਮੇਸ਼ਰ ਨਾਲ ਜੁੜੰਦਾ = ਜੁੜਨਾ ਲੋੜੀਐ = ਚਾਹੀਦਾ ਹੈ। ਜਿਸੁ = ਜਿਸ ਦੇ ਅਗੈ = ਸਾਹਮਣੇ ਸਾਰੀਆਂ ਰਿਧੀਆਂ ਸਿਧੀਆਂ **ਵਾ:** ਰੂਹਾਨੀ ਅਤੇ ਜਿਸਮਾਨੀ ਤਾਕਤਾਂ ਨਿਵੰਨਿ = ਝੁੱਕ ਜਾਂਦੀਆਂ ਹਨ। **ਅਥਵਾ** ਵੈ = ਵਿਸ਼ੇਸ਼ ਕਰਕੇ ਜੋ ਰਾਗ = ਪ੍ਰੇਮ ਸੰਸਾਰੀ ਪਦਾਰਥਾਂ ਨਾਲ ਲੱਗਿਆ ਹੋਇਆ ਹੈ, ਉਹਨਾਂ ਦਾ ਤਿਆਗ ਕਰਨਾ ਵੀ ਵੈਰਾਗ ਹੈ। ਸੰਸਾਰ ਤੋਂ ਲੈ ਕੇ ਇੰਦਰਪੁਰੀ ਦੇ ਸੁੱਖਾਂ ਦਾ ਕਾਂ ਦੇ ਬਿਸ਼ਟਾ ਸਮਾਨ ਤਿਆਗ ਕਰਨਾ ਵੀ ਵੈਰਾਗ ਹੈ।[੧]

---

੧. *ਨੋਟ:* ਨੌ ਪ੍ਰਕਾਰ ਦੇ ਵੈਰਾਗ ਦਾ ਵੇਰਵਾ ਇਸੇ ਸਟੀਕ ਦੀ ਪਹਿਲੀ ਪੋਥੀ ਵਿਚ ਅੰਕਤ ਹੈ ਜੀ।

## ਹਰਿ ਸਜਣ ਦਾਵਣਿ ਲਗਿਆ; ਕਿਸੈ ਨ ਦੇਈ ਬੰਨਿ ॥

ਜੋ ਹਰਿ = ਪ੍ਰਭੂ ਸੱਜਣ ਦੇ ਸ਼ਰਨ ਰੂਪੀ ਦਾਵਣਿ = ਪੱਲੇ ਵਿਚ ਲੱਗਿਆ ਹੈ, ਉਸ ਨੂੰ ਫੇਰ ਪਰਮੇਸ਼ਰ ਜਮਾਂ ਆਦਿਕਾਂ ਕਿਸੇ ਕੋਲ ਬੰਨ੍ਹਣ ਨ = ਨਹੀਂ ਦੇਈ = ਦਿੰਦਾ **ਵਾ:** ਜਿਸ ਪ੍ਰਕਾਰ ਜਿਵੇਂ ਕੋਈ ਕਮਜ਼ੋਰ ਰਾਜੇ ਪਾਸੋਂ ਬਲਵਾਨ ਸਭ ਕੁਝ ਖੋਹ ਕੇ, ਉਸ ਨੂੰ ਬੰਨ੍ਹ ਕੇ ਲੈ ਜਾਂਦਾ ਹੈ, ਇਸੇ ਪ੍ਰਕਾਰ ਜਮ ਜੀਵ ਨੂੰ ਬੰਨ੍ਹ ਕੇ ਲੈ ਜਾਂਦੇ ਹਨ ਪਰੰਤੂ ਵਾਹਿਗੁਰੂ ਉਹਨਾਂ ਨੂੰ ਬੰਨ੍ਹ ਕੇ ਨਹੀਂ ਲਿਜਾਣ ਦਿੰਦਾ। ਜੈਸਾ ਕਿ :

**ਜਮਕੰਕਰੁ ਨੇੜਿ ਨ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥** *(ਸੋਰਠਿ ਮ: ੫, ਅੰਗ ੬੨੩-੨੪)*

## ਮਾਣਕ ਮੋਤੀ ਨਾਮੁ ਪ੍ਰਭ; ਉਨ ਲਗੈ ਨਾਹੀ ਸੰਨਿ੍ ॥

ਜਿਸ ਕੋਲ ਪ੍ਰਭ = ਪ੍ਰਮੇਸ਼ਰ ਦਾ ਮਾਣਕ ਤੇ ਮੋਤੀਆਂ ਦੀ ਨਿਆਈਂ ਅਮੋਲਕ ਨਾਮ ਰੂਪੀ ਖ਼ਜ਼ਾਨਾ ਹੈ ਉਨ = ਉਸ ਨੂੰ ਸੰਨਿ੍ = ਪਾੜ ਨਾਹੀ = ਨਹੀਂ ਲਗੈ = ਲੱਗਦਾ **ਵਾ:** ਸੰਸਾਰਕ ਮਾਣਕ ਅਤੇ ਮੋਤੀਆਂ ਨੂੰ ਸੰਨਿ੍ = ਪਾੜ ਲੱਗ ਜਾਂਦਾ ਹੈ, ਉਹਨਾਂ ਨੂੰ ਚੋਰਾਂ ਤੋਂ ਖ਼ਤਰਾ ਹੈ। ਇਹ ਐਸਾ ਨਾਮ ਦਾ ਖ਼ਜ਼ਾਨਾ ਹੈ ਜਿਸ ਨੂੰ ਨਿਸ਼ਰਧਕਪੁਣੇ ਰੂਪੀ ਚੋਰ ਵਾਸ਼ਨਾ ਰੂਪੀ ਸੰਨ੍ਹ ਲਾ ਕੇ ਭਾਵ ਪਾੜ ਲਾ ਕੇ ਚੁਰਾ ਨਹੀਂ ਸਕਦੇ।

***ਅੰਤਰੀਵ ਅਰਥ :*** ਵੈਰਾਗ ਰੂਪੀ ਮੋਤੀ ਸ੍ਵਣ, ਮੰਨਣ, ਨਿਧਿਆਸਣ ਰੂਪ ਮਾਣਕ ਹਨ। ਜਿਸ ਤਰ੍ਹਾਂ ਜਿਥੇ ਪਾਤਸ਼ਾਹ ਜਾਵੇ, ਉਥੇ ਸਭ ਵਜ਼ੀਰ ਅਹਿਲਕਾਰ ਵੀ ਆ ਜਾਂਦੇ ਹਨ। ਇਸ ਤਰ੍ਹਾਂ ਜਿਸ ਹਿਰਦੇ ਵਿਚ ਪਰਮੇਸ਼ਰ ਦਾ ਨਾਮ ਵਸਦਾ ਹੈ, ਉਥੇ ਸ੍ਵਣ ਆਦਿਕ ਸਾਰੇ ਸ਼ੁਭ ਗੁਣ ਜਾ ਕੇ ਨਿਵਾਸ ਕਰਦੇ ਹਨ। ਇਸ ਧਨ ਨੂੰ ਕਾਮ ਆਦਿਕ ਚੋਰ ਲੁੱਟ ਨਹੀਂ ਸਕਦੇ, ਵਿਕਾਰਾਂ ਦੀ ਅੱਗ ਲੱਗਣ ਦਾ ਡਰ ਨਹੀਂ ਰਹਿੰਦਾ ਅਤੇ ਉਹਨਾਂ ਨੂੰ ਪਦਾਰਥਾਂ ਦਾ ਜਲ ਡੋਬ ਨਹੀਂ ਸਕਦਾ।

## ਰੰਗ ਸਭੇ ਨਾਰਾਇਣੈ; ਜੇਤੇ ਮਨਿ ਭਾਵੰਨਿ ॥

ਜੇਤੇ = ਜਿਤਨੇ ਵੀ ਮਨ ਨੂੰ ਭਾਵੰਨਿ = ਭਾਉਣ ਵਾਲੇ ਰੰਗ = ਅਨੰਦ ਹਨ, ਇਹ ਸਭੇ = ਸਾਰੇ ਹੀ ਨਾਰਾਇਣੈ = ਪਰਮੇਸ਼ਰ ਦੇ ਸਿਮਰਨ ਵਿਚ ਹਨ **ਵਾ:** ਜਿਤਨੀ ਵੀ ਰੰਗ ਬਰੰਗੀ ਸ੍ਰਿਸ਼ਟੀ ਸਾਜੀ ਹੈ, ਇਹ ਸਭੇ = ਸਾਰੇ ਉਸ ਨਾਰਾਇਣੈ = ਪਰਮੇਸ਼ਰ ਦੇ ਹੀ ਰੰਗ = ਕੌਤਕ ਹਨ **ਵਾ:** (ਨਾ + ਰਾਇਣੈ) ਜਿਸ ਵਿਚ ਅਵਿੱਦਿਆ ਰੂਪ ਰਾਤ ਨਹੀਂ ਹੈ। ਉਸ ਨੂੰ ਨਾਰਾਇਣ ਕਹਿੰਦੇ ਹਨ, ਉਸ ਅਕਾਲ ਪੁਰਖ ਨੇ ਨਾਮ ਜਪਣ ਵਾਲਿਆਂ ਦੇ ਹਿਰਦੇ ਨੂੰ ਆਪਣੇ ਪ੍ਰੇਮ ਦਾ ਰੰਗ **ਵਾ:** ਭਾਉ-ਭਗਤੀ ਦਾ ਰੰਗ ਚਾੜ੍ਹ ਦਿੱਤਾ ਹੈ। ਜੇਤੇ = ਜਿਤਨੇ ਉਸ ਪਰਮੇਸ਼ਰ ਦੇ ਮਨ ਨੂੰ ਭਾਵੰਨਿ = ਭਾ ਗਏ ਹਨ **ਅਥਵਾ** ਜੇਤੇ = ਜਿਹੜੇ ਮਹਾਤਮਾ ਮਨ ਵਿਚ ਪਰਮੇਸ਼ਰ ਦੀ ਭਾਵੰਨਿ = ਭਾਵਨਾ ਰੱਖਦੇ ਹਨ, ਉਹ ਹਰੀ ਪਰਮੇਸ਼ਰ ਨੂੰ ਭਾ ਜਾਂਦੇ ਹਨ। (ਰੰਗ ਸਭੇ ਨਾਰਾਇਣੈ) ਸਾਰੇ ਰੰਗ = ਕੌਤਕ ਉਸ ਨਾਰਾਇਣੈ = ਵਾਹਿਗੁਰੂ ਦੇ ਹਨ ਜਿਵੇਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਮਿਸ਼ਰਤ ਪੁਰਸ਼ ਇਹ ਪਰਮੇਸ਼ਰ ਦੇ ਹੀ ਕੌਤਕ ਹਨ **ਵਾ:** ਜਿਵੇਂ ਵਿਸ਼ਨੂੰ ਸਤੋ ਗੁਣੀ, ਬ੍ਰਹਮਾ ਰਜੋ ਗੁਣੀ, ਸ਼ਿਵ ਜੀ ਤਮੋ ਗੁਣੀ ਬਣਾ ਛੱਡਿਆ ਹੈ, ਇਹ ਵੀ ਉਸ ਦੇ ਹੀ ਕੌਤਕ ਹਨ। ਜਿਵੇਂ ਕੋਈ ਨੀਲਾ, ਕੋਈ ਚਿੱਟਾ, ਕੋਈ ਭਗਵਾ ਰੰਗ ਪਹਿਨਦਾ ਹੈ। ਜਿਹੜਾ ਵੀ ਉਸ ਦੇ ਮਨ ਨੂੰ ਭਾ ਜਾਂਦਾ ਹੈ, ਉਸ ਨੂੰ ਆਪਣੇ ਪ੍ਰੇਮ ਦਾ ਰੰਗ ਚਾੜ੍ਹ ਦਿੰਦਾ ਹੈ। ਵਾਹਿਗੁਰੂ ਐਸਾ ਅਸਚਰਜ ਰੂਪ ਹੈ **ਵਾ:** ਸਤੋ ਗੁਣੀ ਚਿੱਟਾ ਰੰਗ ਹੈ, ਰਜੋ ਗੁਣੀ ਲਾਲ ਰੰਗ ਹੈ ਅਤੇ ਤਮੋ ਗੁਣੀ ਕਾਲਾ ਰੰਗ ਹੈ। **ਤਮੋ ਗੁਣੀ ਬਿਰਤੀ** - ਇਸ ਵਿਚ ਭੁੱਖ, ਪਿਆਸ, ਨਿੰਦ੍ਰਾ ਬਹੁਤ ਰਹਿੰਦੀ ਹੈ। ਕ੍ਰੋਧੀ ਰਹਿੰਦਾ ਹੈ। **ਰਜੋ ਗੁਣੀ** - ਲਾਲੀਆ ਰੰਗ ਚੜ੍ਹ ਜਾਂਦਾ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਉੱਦਮ ਕਰਦਾ ਹੈ ਭਾਵ ਯਤਨਸ਼ੀਲ ਹੁੰਦਾ ਹੈ। **ਸਤੋ ਗੁਣੀ** - ਇਥੇ ਰਿਧੀਆਂ ਸਿਧੀਆਂ ਫੁਰਦੀਆਂ ਹਨ। ਮਨ ਵਿਚ

ਪ੍ਰਕਾਸ਼ ਹੋਣ ਲੱਗ ਜਾਂਦਾ ਹੈ। ਸੋ ਇਸ ਪ੍ਰਕਾਰ ਜਿਤਨੇ ਵੀ ਇਹ ਵਿਸਮਾਦੀ ਕੌਤਕ ਹਨ, ਇਹ ਸਭ ਨਾਰਾਇਣ ਦੇ ਹੀ ਸਮਝੇ ਜਾਂਦੇ ਹਨ।

## ਜੋ ਹਰਿ ਲੋੜੇ, ਸੋ ਕਰੇ; ਸੋਈ ਜੀਅ ਕਰੰਨਿ ॥

ਜੋ ਹਰਿ = ਪਰਮੇਸ਼ਰ ਲੋੜੇ = ਚਾਹੁੰਦਾ ਹੈ, ਸੋ = ਉਹੀ ਕਰੇ = ਕਰਦਾ ਹੈ, ਅਤੇ ਸੋਈ = ਉਹੋ ਹੀ ਜੀਅ = ਜੀਵ ਕਰੰਨਿ = ਕਰਦੇ ਹਨ।

**ਅਥਵਾ** ਜੋ = ਜਿਹੜੇ ਜਗਿਆਸੂ ਹਰਿ = ਹਰੀ ਵਾਹਿਗੁਰੂ ਪਰਮੇਸ਼ਰ ਨੂੰ ਲੋੜੇ = ਚਾਹੁੰਦੇ ਹਨ। ਸੋ = ਉਹਨਾਂ ਨੂੰ ਵਾਹਿਗੁਰੂ ਆਪਣਾ ਬਣਾਉਣਾ ਕਰੇ = ਕਰਦਾ ਹੈ ਫੇਰ ਉਹ ਤੱਤਬੇਤੇ ਹੋ ਕੇ ਬਾਕੀ ਜੀਅ = ਜੀਵਾਂ ਨੂੰ ਪਰਮੇਸ਼ਰ ਦੇ ਗੁਣਾਂ ਦਾ ਕਥਨ ਕਰੰਨਿ = ਕਰਾਉਂਦੇ ਹਨ। ਜਿਸ ਪ੍ਰਕਾਰ ਭ੍ਰਿੰਗੀ, ਕੀੜੀਆਂ, ਸੁੰਡੀਆਂ ਦੇ ਤਾਈਂ ਆਪਣੀ ਖੱਡ ਵਿਚ ਲਿਜਾ ਕੇ ਜਦੋਂ ਬੋਲਦੀ ਹੈ ਤਾਂ ਉਹਨਾਂ ਦਾ ਜੀਵਨ ਪਲਟ ਕੇ ਆਪਣੇ ਬੱਚਿਆਂ ਦਾ ਰੂਪ ਬਣਾ ਲੈਂਦੀ ਹੈ। ਇਸੇ ਪ੍ਰਕਾਰ ਜਿਹੜੇ ਜਗਿਆਸੂ ਜਨ ਪਰਮੇਸ਼ਰ ਨੂੰ ਭਾਉਂਦੇ ਹਨ, ਪਰਮੇਸ਼ਰ ਉਹਨਾਂ ਨੂੰ ਆਪਣੇ ਸਰੂਪ ਵਿਚ ਅਭੇਦ ਕਰ ਲੈਂਦਾ ਹੈ।

## ਜੋ ਪ੍ਰਭਿ ਕੀਤੇ ਆਪਣੇ; ਸੇਈ ਕਹੀਅਹਿ ਧੰਨਿ ॥

ਜੋ = ਜਿਹੜੇ ਗੁਰਮੁਖ ਸੰਤ ਭਗਤ ਪ੍ਰਭਿ = ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਬਣਾ ਲਏ ਹਨ **ਵਾ:** ਆਪਣੀ ਤਰਫ਼ ਕੀਤੇ = ਕਰ ਲਏ ਹਨ ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਅੰਮ੍ਰਿਤ ਨਾਮ ਵਿਚ ਲਿਵ ਲਾ ਦਿੱਤੀ ਹੈ, ਸੇਈ = ਉਹ ਧੰਨਤਾ ਦੇ ਯੋਗ ਕਹੀਅਹਿ = ਕਹੇ ਜਾਂਦੇ ਹਨ।

## ਆਪਣ ਲੀਆ ਜੇ ਮਿਲੈ; ਵਿਛੁੜਿ ਕਿਉ ਰੋਵੰਨਿ ॥

ਜੇ = ਜੇਕਰ ਜੀਵ ਨੂੰ ਗੁਰਾਂ ਦੇ ਉਪਦੇਸ਼ ਤੋਂ ਬਿਨ੍ਹਾਂ ਆਪਣੇ ਕੀਤੇ ਹੋਏ ਸਾਧਨਾਂ ਦੇ ਬਦਲੇ ਲੀਆ = ਲਿਆ ਪਰਮੇਸ਼ਰ ਮਿਲੈ = ਮਿਲ ਸਕਦਾ ਹੋਵੇ ਤਾਂ ਫਿਰ ਇਹ ਜੀਵ ਵਿੱਛੜ ਕੇ ਰੋਵੰਨਿ = ਰੋਂਦੇ ਕਿਉਂ ਫਿਰਦੇ ਹਨ। ਭਾਵ ਜੀਵਾਂ ਦੀ ਅਗਿਆਨ ਵਸ ਹੋ ਕੇ ਹੰਗਤਾ ਨਹੀਂ ਮਿਟਦੀ। ਇਸੇ ਕਰਕੇ ਵਿਛੁੜੇ ਫਿਰਦੇ ਹਨ। ਹੰਗਤਾ ਤੋਂ ਰਹਿਤ ਹੋ ਕੇ ਨਿਸ਼ਕਾਮ ਕਰਮਾਂ ਦੁਆਰਾ ਉਸ ਵਾਹਿਗੁਰੂ ਅੱਗੇ ਅਰਦਾਸ ਕਰੀਏ ਕਿ ਸਾਨੂੰ ਅੱਗੋਂ ਉੱਦਮ ਬਖ਼ਸ਼ੋ, ਭਗਤੀ ਬਖ਼ਸ਼ੋ ਤਾਂ ਕਿ ਅਸੀਂ ਤੁਹਾਡੇ ਨਾਲ ਮਿਲ ਸਕੀਏ। ਅਸੀਂ ਵਿਛੁੜ ਕੇ ਕਿਉਂ ੮੪ ਲੱਖ ਜੂਨਾਂ ਵਿਚ ਰੋਵੰਨਿ = ਰੋਂਦੇ ਫਿਰੀਏ।

## ਸਾਧੂ ਸੰਗੁ ਪਰਾਪਤੇ; ਨਾਨਕ ਰੰਗ ਮਾਣੰਨਿ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਰੱਬ ਦੀ ਬੰਦਗੀ ਕਰਨ ਵਾਲੇ ਸਾਧੂ = ਮਹਾਤਮਾ ਨਾਲ ਮਿਲ ਕੇ ਆਪਣਾ ਮਨ ਸਾਧਨਾ ਦੁਆਰਾ ਸਾਧ ਲਿਆ, ਉਨ੍ਹਾਂ ਸ੍ਰੇਸ਼ਟ ਗੁਣਾਂ ਵਾਲੇ ਸਾਧੂਆਂ ਦੀ ਸੰਗੁ = ਸੰਗਤ ਪਰਾਪਤੇ = ਪ੍ਰਾਪਤ ਹੋਵੇ ਤਾਂ ਫੇਰ ਵਾਹਿਗੁਰੂ ਦੇ ਰੰਗ = ਅਨੰਦ ਨੂੰ ਮਾਣੰਨਿ = ਮਾਣੀਦਾ ਹੈ **ਵਾ:** ਇਹੋ ਅਰਦਾਸ ਕਰੀਏ ਕਿ ਹੇ ਅਕਾਲ ਪੁਰਖ! ਸਾਨੂੰ ਉਹਨਾਂ ਸਾਧੂ = ਸਤਿਪੁਰਖਾਂ ਦੀ ਸੰਗੁ = ਸੰਗਤ ਪਰਾਪਤੇ = ਪ੍ਰਾਪਤ ਹੋਵੇ, ਜਿਨ੍ਹਾਂ ਨਾਲ ਮਿਲ ਕੇ ਗੁਰੂ ਦੀ ਸੰਗਤ ਦੁਆਰਾ ਬ੍ਰਹਮ ਗਿਆਨ ਦੇ ਸਰੂਪ ਦੀ ਸਾਖਿਆਤਤਾ ਹੋਵੇ ਅਤੇ ਅਸੀਂ ਵੀ ਉਸ ਰੰਗ = ਅਨੰਦ ਨੂੰ ਮਾਣੰਨਿ = ਮਾਣਨਾ ਕਰੀਏ। ਜੈਸਾ ਕਿ :

**ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥** *(ਆਸਾ ਮ: ੫, ਅੰਗ ੩੯੨-੯੩)*

ਨਾਮ ਜਪਣ ਵਾਲਿਆਂ ਨੂੰ ਤਿੰਨ ਕਿਸਮ ਦਾ ਰੰਗ ਪ੍ਰਾਪਤ ਹੈ। ਉਸ ਦੀ ਰਜ਼ਾ ਵਿਚ ਹੱਸਣਾ, ਵੈਰਾਗ ਵਿਚ ਰੋਣਾ, ਵਿਸਮਾਦੀ ਰੰਗ ਵਿਚ ਚੁੱਪ ਹੋਣਾ। ਜੈਸਾ ਕਿ :

**ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥**
**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥** *(ਅੰਗ ੪੭੩)*

## ਹਰਿ ਜੇਠੁ ਰੰਗੀਲਾ ਤਿਸੁ ਧਣੀ; ਜਿਸ ਕੈ ਭਾਗੁ ਮਥੰਨਿ ॥੪॥

ਹੁਣ ਜੇਠ ਦੇ ਮਹੀਨੇ ਦੀ ਸਮਾਪਤੀ ਕਰਕੇ ਉਚਾਰਨ ਕਰਦੇ ਹਨ। ਤਿਸੁ = ਉਹ ਹਰੀ ਵਾਹਿਗੁਰੂ ਧਣੀ = ਮਾਲਕ (ਸਿੰਧੀ ਬੋਲੀ ਵਿਚ ਧਣੀ ਦਾ ਅਰਥ ਮਾਲਕ ਹੈ) ਰੰਗੀਲਾ (ਰੰਗ + ਈਲਾ) ਰੰਗ = ਅਨੰਦ ਦਾ ਈਲਾ = ਘਰ ਹੈ ਭਾਵ ਅਨੰਦਾਇਕ ਹੈ। ਇਹ ਜੇਠ ਦਾ ਮਹੀਨਾ ਉਹਨਾਂ ਮਨੁੱਖਾਂ ਨੂੰ ਅਨੰਦ ਦੇਣ ਵਾਲਾ ਹੈ, ਜਿਸ ਕੈ = ਜਿਨ੍ਹਾਂ ਦੇ ਮਥੰਨਿ = ਮੱਥੇ ਦੇ ਭਾਗ ਸ੍ਰੇਸ਼ਟ ਹਨ ਭਾਵ ਚੰਗੇ ਹਨ **ਅਥਵਾ** ਮਨੁੱਖੀ ਸਰੀਰ ਰੂਪੀ ਜੇਠ ਦਾ ਮਹੀਨਾ ਉਨ੍ਹਾਂ 'ਦਾ ਸਫਲਾ ਭਾਵ ਅਨੰਦਦਾਇਕ ਹੈ, ਜਿਨ੍ਹਾਂ ਕੋਲ ਪਰਮੇਸ਼ਰ ਦਾ ਵੈਰਾਗ ਰੂਪੀ ਧਨ ਹੈ। ਵੈਰਾਗ ਉਨ੍ਹਾਂ ਪਾਸ ਹੈ, ਜਿਨ੍ਹਾਂ ਦੇ ਮੱਥੇ ਦੇ ਭਾਗ ਸ੍ਰੇਸ਼ਟ ਹਨ ॥੪॥

**ਹਾੜ ਦਾ ਮਹੀਨਾ :** ਹਾੜ ਗ੍ਰੀਖਮ ਰੁੱਤ ਦਾ ਦੂਸਰਾ ਮਹੀਨਾ ਹੈ।

**ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥** *(ਰਾਮਕਲੀ ਰੁਤੀ ਮ: ੫, ਅੰਗ ੯੨੮)*

ਹਾੜ ਮਹੀਨਾ ਸੂਰਜ ਦੀ ਤਪਸ਼ ਦਾ ਜੋਬਨ ਹੈ। ਦੋ ਤਰ੍ਹਾਂ ਦੀ ਤਪਸ਼ ਹੈ, ਇਕ ਬਾਹਰ ਤੇ ਇਕ ਅੰਤਰੀਵ। ਇਸ ਤਪਸ਼ ਤੋਂ ਛੁਟਕਾਰਾ ਕਿਵੇਂ ਹੋਵੇ ? ਇਸ ਪ੍ਰਸ਼ਨ ਦੇ ਉੱਤਰ ਵਿਚ ਸਤਿਗੁਰੂ ਜੀ ਪਾਵਨ ਉਪਦੇਸ਼ ਕਥਨ ਕਰਦੇ ਹਨ।

## ਆਸਾੜੁ ਤਪੰਦਾ ਤਿਸੁ ਲਗੈ; ਹਰਿ ਨਾਹੁ ਨ ਜਿੰਨਾ ਪਾਸਿ ॥

ਆਸਾੜੁ = ਹਾੜ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਇਹ ਹਾੜ ਦਾ ਮਹੀਨਾ ਤਿਸੁ = ਉਨ੍ਹਾਂ ਨੂੰ ਤਪੰਦਾ = ਤਪਸ਼ ਵਾਲਾ ਲਗੈ = ਲੱਗਦਾ ਹੈ, ਜਿਨ੍ਹਾਂ ਦੇ ਪਾਸਿ = ਕੋਲ ਨਾਹੁ = ਪਤੀ ਹਰਿ = ਪਰਮੇਸ਼ਰ ਨ = ਨਹੀਂ ਵਸਦਾ।

**ਅਥਵਾ** ਤਿਸੁ = ਉਹਨਾਂ ਦੇ ਹਿਰਦੇ ਵਿਚ ਹਰ ਵਕਤ ਵਿਸ਼ਿਆਂ ਵਿਕਾਰਾਂ ਦਾ ਸਾੜ ਤਪੰਦਾ = ਤਪਾਉਣ ਵਾਲਾ ਲਗੈ = ਲੱਗਦਾ ਰਹਿੰਦਾ ਹੈ। ਜਿਨ੍ਹਾਂ ਦੇ ਪਾਸਿ = ਕੋਲ ਹਰਿ = ਹਰੀ ਵਾਹਿਗੁਰੂ ਨਾਹੁ = ਪਤੀ ਦਾ ਨਾਮ ਨਹੀਂ ਹੈ **ਵਾ:** ਆਸਾੜੁ = ਆਸਾ ਰੂਪੀ ਹਾੜ ਦਾ ਮਹੀਨਾ ਮਨਾਂ ਨੂੰ ਤਪੰਦਾ = ਤਪਾਉਣ ਵਾਲਾ ਤਿਸੁ = ਉਹਨਾਂ ਨੂੰ ਲਗੈ = ਲੱਗਦਾ ਹੈ ਭਾਵ ਵਿਆਪਦਾ ਹੈ। ਜਿਨ੍ਹਾਂ ਕੋਲ ਹਰੀ ਵਾਹਿਗੁਰੂ ਨਾਹੁ = ਪਤੀ ਦਾ ਨਾਮ ਨ = ਨਹੀਂ ਹੈ, ਜਿਹਨਾਂ ਦੇ ਅੰਤਹਕਰਣ ਵਿਚ ਸਾਖਿਆਤਤਾ ਨਹੀਂ ਹੋਇਆ ਭਾਵ ਗੁਪਤ ਹੋ ਰਿਹਾ ਹੈ, ਉਹ ਆਸਾ ਦੇ ਸਾੜ ਵਿਚ ਸੜਦੇ ਹਨ। ਹਾੜ ਦੇ ਮਹੀਨੇ ਵਰਖਾ ਨਾ ਹੋਣ 'ਤੇ ਤਲਾਬਾਂ ਦੇ ਪਾਣੀ ਸੁੱਕ ਜਾਂਦੇ ਹਨ। ਪਾਣੀ ਵਿਚ ਰਹਿਣ ਵਾਲੇ ਜੀਵ ਜੰਤੂ ਤੜਫਣ ਲੱਗ ਜਾਂਦੇ ਹਨ। ਇਸੇ ਤਰ੍ਹਾਂ ਜਿਤਨੀ ਦੇਰ ਹਰੀ ਵਾਹਿਗੁਰੂ ਦੀ ਜਪੀਆਂ, ਤਪੀਆਂ ਜਗਿਆਸੂ ਜਨਾਂ ਨੂੰ ਪ੍ਰਾਪਤੀ ਨਹੀਂ ਹੁੰਦੀ, ਉਨ੍ਹਾਂ ਦੇ ਅਨੰਦ ਰੂਪੀ ਤਲਾਬ ਵਿਚ ਪ੍ਰੇਮ ਰੂਪੀ ਜਲ ਸੁੱਕ ਜਾਂਦਾ ਹੈ। ਜਿਸ ਆਸਰੇ ਉਹ ਜੀਵਨ ਬਤੀਤ ਕਰਦੇ ਹਨ। ਇਉਂ ਉਹ ਵੀ ਤੜਫਣ ਲੱਗ ਜਾਂਦੇ ਹਨ। ਇਉਂ ਉਹਨਾਂ ਦੇ ਅੰਦਰ ਤ੍ਰਿਸ਼ਨਾ ਭੱਖਣ ਲੱਗ ਜਾਂਦੀ ਹੈ ਅਤੇ ਜਪ ਤਪ ਵਿਚ ਸਫਲਤਾ ਨਹੀਂ ਮਿਲਦੀ ਅਤੇ ਸੰਸਾਰ ਦੇ ਚੱਕਰ ਲਾਉਣੇ ਪੈ ਜਾਂਦੇ ਹਨ।

## ਜਗਜੀਵਨ ਪੁਰਖੁ ਤਿਆਗਿ ਕੈ; ਮਾਣਸ ਸੰਦੀ ਆਸ ॥

ਜੋ ਜਗਜੀਵਨ = ਜਗਤ ਦੇ ਜੀਵਨ ਰੂਪ ਪੁਰਖੁ = ਪੂਰਨ ਪਰਮੇਸ਼ਰ ਨੂੰ ਤਿਆਗਿ = ਛੱਡ ਕੈ = ਕਰਕੇ ਮਾਣਸ = ਮਨੁੱਖਾ ਸੰਦੀ = ਦੀ ਆਸ = ਆਸਾ ਰੱਖਦੇ ਹਨ।

## ਦੁਯੈ ਭਾਇ ਵਿਗੁਚੀਐ; ਗਲਿ ਪਈ ਸੁ ਜਮ ਕੀ ਫਾਸ ॥

(**ਦੁਯੈ** = **ਦੁਇਐ** ਉਚਾਰਨ ਕਰੋ)

ਉਹ ਦੁਯੈ = ਦ੍ਵੈਤ ਭਾਇ = ਭਾਵ ਵਿਚ ਲੱਗਣ ਕਰਕੇ ਵਿਗੁਚੀਐ = ਖਰਾਬ ਹੁੰਦੇ ਹਨ ਸੋ ਅਜਿਹੇ ਪੁਰਸ਼ਾਂ ਦੇ ਅੰਤ ਨੂੰ ਗਲਿ = ਗਲੇ ਵਿਚ ਜਮਾਂ ਕੀ = ਦੀ ਫਾਸ = ਫਾਸੀ ਪਈ ਰਹਿੰਦੀ ਹੈ **ਵਾ:** ਫਾਸ = ਮੌਤ ਦੀ ਫਾਹੀ ਪਈ ਰਹਿੰਦੀ ਹੈ **ਵਾ:** ਪਹਿਲਾਂ ਪਰਮੇਸ਼ਰ ਤੇ ਦੁਯੈ = ਦੂਜੀ ਮਾਇਆ ਹੈ। ਪਰਮੇਸ਼ਰ ਦਾ ਤਿਆਗ ਕਰਕੇ ਮਾਇਆ ਸਹਿਤ ਦਵੈਤੀ ਪਾਈ ਰੱਖਣੀ, ਝਗੜੇ ਕਰਨੇ, ਚੁਗ਼ਲੀ ਨਿੰਦਿਆ ਕਰਨੀ ਅਤੇ ਬੁਰੇ ਕੰਮ ਕਰਦੇ ਰਹਿਣਾ। ਇਸ ਦ੍ਵੈਤ-ਭਾਵ ਵਿਚ ਹੀ ਵਿਗੁਚੀਐ = ਖਪੀ ਜਾਂਦੇ ਹਨ ਜਿਸ ਕਰਕੇ ਸੋ = ਉਹਨਾਂ ਨੂੰ ਸੰਸਾਰ ਦੇ ਜਮਾਂ ਰੂਪੀ ਬੰਧਨਾਂ ਦੀ ਮੋਹ ਰੂਪੀ ਫਾਸ = ਫਾਹੀ ਪਈ ਰਹਿੰਦੀ ਹੈ। ਜੈਸਾ ਕਿ :

**ਦੂਜੀ ਮਾਇਆ ਜਗਤ ਚਿਤ ਵਾਸੁ ॥** *(ਅੰਗ ੨੨੩)*

## ਜੇਹਾ ਬੀਜੈ ਸੋ ਲੁਣੈ; ਮਥੈ ਜੋ ਲਿਖਿਆਸੁ ॥

ਜੇਹਾ = ਜਿਹੋ ਜਿਹਾ ਕੋਈ ਸਰੀਰ ਰੂਪੀ ਖੇਤ ਵਿਚ ਕਰਮਾਂ ਰੂਪੀ ਬੀਜੈ = ਬੀਜ ਬੀਜੇਗਾ, ਸੋ = ਉਹੋ ਜਿਹਾ ਹੀ ਫਲ ਲੁਣੈ = ਵੱਢਦਾ ਹੈ **ਅਥਵਾ** ਜਿਸ ਤਰ੍ਹਾਂ ਦਾ ਕਰਮ ਕਰਦਾ ਹੈ, ਉਸੇ ਤਰ੍ਹਾਂ ਦਾ ਹੀ ਫਲ ਭੋਗਦਾ ਹੈ। ਜੋ ਕਰਮ ਪ੍ਰਾਲਬਧ ਵਿਚ ਕਮਾਏ, ਉਹ ਮਥੈ = ਮਸਤਕ ਉੱਤੇ ਲਿਖਿਆਸੁ = ਲਿਖੇ ਜਾਂਦੇ ਹਨ **ਵਾ:** ਜੋ ਮਥੈ = ਅੰਤਸ਼ਕਰਨ ਦੇ ਸੰਸਕਾਰ ਰੂਪੀ ਲਿਖਿਆਸੁ = ਲਿਖਤ ਲਿਖੀ ਹੋਈ ਹੈ। ਜੈਸਾ ਕਿ :

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥** *(ਬਾਰਹ ਮਾਹਾ ਮਾਂਝ ਮ: ੫, ਅੰਗ ੧੩੪)*

ਤਥਾ : **ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥** *(ਸਲੋਕ ਮ: ੩, ਅੰਗ ੧੪੧੭-੧੮)*

**ਜੈਸਾ ਬੀਜਹਿ ਤੈਸਾ ਖਾਸਾ ॥** *(ਗਉੜੀ ਮ: ੫, ਅੰਗ ੧੭੬)*

## ਰੈਣਿ ਵਿਹਾਣੀ ਪਛੁਤਾਣੀ; ਉਠਿ ਚਲੀ ਗਈ ਨਿਰਾਸ ॥

ਜਦੋਂ ਉਮਰ ਰੂਪੀ ਰੈਣਿ = ਰਾਤ ਪ੍ਰਭੂ ਦੀ ਪ੍ਰਾਪਤੀ ਤੋਂ ਬਿਨਾਂ ਵਿਹਾਣੀ = ਬਤੀਤ ਹੋ ਗਈ ਤਾਂ ਪਿੱਛੋਂ ਜੀਵ ਰੂਪ ਇਸਤਰੀ ਪਛੁਤਾਣੀ = ਪਛਤਾਉਂਦੀ ਹੋਈ ਅੰਤ ਨੂੰ ਸੰਸਾਰ ਤੋਂ ਉੱਠ ਕੇ ਪਰਲੋਕ ਨੂੰ ਨਿਰਾਸ ਹੋ ਕੇ ਚਲੀ ਗਈ ਭਾਵ ਕੁਝ ਵੀ ਪੱਲੇ ਨਹੀਂ ਪਿਆ।

***ਅੰਤਰੀਵ ਅਰਥ :*** ਜਿਸ ਵੇਲੇ ਬਚਪਨ, ਜਵਾਨੀ, ਬੁਢੇਪਾ ਤਿੰਨੇ ਅਵਸਥਾਵਾਂ ਦੀ ਉਮਰ ਰੂਪੀ ਰੈਣਿ = ਰਾਤ ਬੀਤ ਕੇ ਵਿਹਾਣੀ = ਖੁਆਰ ਹੋ ਗਈ ਤਾਂ ਇਹ ਜੀਵ ਰੂਪੀ ਇਸਤਰੀ ਪਛੁਤਾਣੀ = ਪਛਤਾਏਗੀ ਅਤੇ ਕਾਲ ਰੂਪ ਦਿਨ ਚੜ੍ਹਨ ਨਾਲ ਸਥੂਲ ਦੇਹ ਵਿੱਚੋਂ ਜੀਵ-ਆਤਮਾ ਨਿਰਾਸ = ਨਿਰਾਸਤਾ ਦੇ ਸਹਿਤ ਉੱਠ ਹੋ ਕੇ ਪਰਲੋਕ ਨੂੰ ਚਲੀ ਗਈ ਭਾਵ ਚਲੀ ਜਾਵੇਗੀ। ਇਸ ਦਾ ਅਰਥ ਰੂਪਕ ਅਲੰਕਾਰ ਅਨੁਸਾਰ ਹੈ। ਦ੍ਰਿਸ਼ਟਾਂਤ ਵਿਚ ਸੰਸਾਰੀ ਔਰਤ ਨੂੰ ਸਿੱਖਿਆ ਹੈ ਕਿ ਜੋ ਇਸਤਰੀ ਜਾਂ ਕਿਸੇ ਰਾਜੇ ਦੀ ਰਾਣੀ ਰਾਤ ਨੂੰ ਗੋਲੀਆਂ ਵਿਚ ਪਰਚੀ ਰਹੇ ਤੇ ਪਤੀ ਦੀ ਸੇਵਾ ਵਿਚ ਹਾਜ਼ਰ ਨਾ ਹੋਵੇ ਤੇ ਫੇਰ ਰਾਤ ਲੰਘੀ ਤੋਂ ਪਸ਼ਚਾਤਾਪ ਕਰੇ ਕਿ ਪਤੀ ਦਾ ਮਿਲਾਪ ਨਹੀਂ ਹੋਇਆ। ਰਾਜੇ ਕੋਲੋਂ ਖ਼ੁਸ਼ੀ ਪ੍ਰਾਪਤ ਨਾ ਹੋਣ ਕਰਕੇ ਕਿ ਮੇਰੇ ਨਾਲੋਂ ਗੋੱਲੀਆਂ ਨੂੰ ਚੰਗਾ ਸਮਝਿਆ ਹੈ। ਜਿਵੇਂ ਉਸ ਰਾਣੀ ਨੂੰ ਰਾਜਾ ਮੂੰਹ ਨਹੀਂ ਲਾਉਂਦਾ, ਇਸੇ ਤਰ੍ਹਾਂ ਵਾਹਿਗੁਰੂ ਪਾਤਸ਼ਾਹ ਦੀਆਂ ਜੋ ਜੀਵਾਂ ਰੂਪੀ ਰਾਣੀਆਂ ਹਨ ਤੇ ਉਮਰ ਰੂਪੀ ਰਾਤ ਇੰਦਰੀਆਂ ਰੂਪ ਗੋਲੀਆਂ ਦੇ ਰਸਾਂ ਵਿਚ ਪਰਚ ਕੇ ਲੰਘਾ ਲੈਂਦੀਆਂ ਹਨ, ਪਤੀ ਰੂਪੀ ਪਰਮਾਤਮਾ ਦੇ ਮਿਲਾਪ ਤੇ ਖ਼ੁਸ਼ੀ ਤੋਂ ਵਾਂਝੀਆਂ ਰਹਿ ਕੇ ਸੰਸਾਰ ਤੋਂ ਨਿਰਾਸ਼ ਹੋ ਕੇ ਚਲੀਆਂ ਜਾਂਦੀਆ ਹਨ।

## ਜਿਨ ਕੌ ਸਾਧੂ ਭੇਟੀਐ; ਸੋ ਦਰਗਹ ਹੋਇ ਖਲਾਸੁ ॥

ਜਿਨ = ਜਿਨ੍ਹਾਂ ਜਗਿਆਸੂਆਂ ਕੌ = ਨੂੰ ਸਾਧੂ = ਸਤਿਪੁਰਸ਼ਾਂ ਸਾਧੂਆਂ ਦੀ ਸੰਗਤ ਭੇਟੀਐ = ਮਿਲੀ ਹੈ, ਸੋ = ਉਹ ਪੁਰਸ਼ ਵਾਹਿਗੁਰੂ ਦੀ ਦਰਗਾਹ ਵਿਚ ਮੁਕਤ ਰੂਪ ਹੋ ਕੇ ਖਲਾਸੁ = ਛੁਟਕਾਰਾ ਪਾਉਂਦੇ ਹਨ **ਵਾ:** ਉਹ ਪਰਮੇਸ਼ਰ ਦੇ ਨਿਆਂ ਅਸਥਾਨ ਭਾਵ ਧਰਮਰਾਜ ਦੀ ਕਚਹਿਰੀ ਵਿਚ ਜਮਾਂ ਦੀ ਬੰਦੀ ਤੋਂ ਖਲਾਸੁ = ਛੁੱਟ ਗਏ ਹਨ **ਅਥਵਾ** = ਗੁਰੂ ਨਾਨਕ ਸਾਹਿਬ ਜੀ ਦੇ ਮਾਰਗ ਦੀ ਘਾਲਣਾ ਘਾਲ ਕੇ ਅਵਸਥਾ ਨੂੰ ਪ੍ਰਾਪਤ ਹੋਣ ਵਾਲਾ ਹੀ ਸਾਧਕ ਪੁਰਸ਼ ਹੈ। ਸੋ = ਉਹ ਜਗਿਆਸੂ ਜਨ ਉਹਨਾਂ ਸਾਧੂ ਜਨਾਂ ਦੀ ਸੰਗਤ ਨਾਲ ਭੇਟੀਐ = ਮਿਲ ਕਰਕੇ ਸੰਸਾਰ ਵਿਚ ਹੀ ਵਾਹਿਗੁਰੂ ਨੂੰ ਆਪਣੇ (ਦਰ + ਗਹ) ਇੰਦਰਿਆਂ ਜਾਂ ਦੇਹੀ ਦਰ = ਅੰਦਰ ਅੰਤਸ਼ਕਰਨ ਦੀ ਬਿਰਤੀ ਗਹ = ਜਗ੍ਹਾ ਨੂੰ ਪ੍ਰਾਪਤ ਕਰ ਲੈਂਦੇ ਹਨ। ਰਾਜਸੀ, ਤਾਮਸੀ ਬਿਰਤੀ ਵਿਸ਼ੇ-ਵਿਕਾਰ ਸਭ ਨਾਸ਼ ਹੋ ਜਾਂਦੇ ਹਨ **ਵਾ:** ਇਸ ਪ੍ਰਕਾਰ ਪਰਮੇਸ਼ਰ ਦੀ ਦਰਗਾਹ ਵਿਚ ਉਹ ਪੁਰਸ਼ ਮੁਕਤ ਹੋ ਜਾਂਦੇ ਹਨ ਅਤੇ ਹੋਰਨਾਂ ਨੂੰ ਸੰਸਾਰ ਰੂਪੀ ਦਰਗਹ = ਜਗ੍ਹਾ ਵਿੱਚੋਂ ਖ਼ਲਾਸੀ ਦੇਣ ਵਾਲੇ ਬਣ ਜਾਂਦੇ ਹਨ। ਜੈਸਾ ਕਿ :

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥** *(ਅੰਗ ੨੯੫)*

## ਕਰਿ ਕਿਰਪਾ ਪ੍ਰਭ ਆਪਣੀ; ਤੇਰੇ ਦਰਸਨ ਹੋਇ ਪਿਆਸ ॥

ਇਸ ਪ੍ਰਕਾਰ ਬੇਨਤੀ ਕਰੋ ਕਿ ਹੇ ਪ੍ਰਭ = ਅਕਾਲ ਪੁਰਖ ਜੀ ! ਸਾਡੇ 'ਤੇ ਵੀ ਆਪਣੀ ਕਿਰਪਾ = ਦਇਆ ਦ੍ਰਿਸ਼ਟੀ ਕਰੋ। ਜਿਵੇਂ ਤੇਰੇ ਭਗਤ ਤੇਰੇ ਦਰਸ਼ਨਾਂ ਦੇ ਬਬੀਹੇ ਵਤ ਪਿਆਸੇ ਰਹਿੰਦੇ ਹਨ, ਉਸੇ ਤਰ੍ਹਾਂ ਸਾਨੂੰ ਵੀ ਤੇਰੇ ਦਰਸ਼ਨਾਂ ਦੀ ਜਗਿਆਸਾ ਪ੍ਰਾਪਤ ਹੋਵੇ ਭਾਵ ਤੇਰੇ ਦਰਸ਼ਨਾਂ ਦੀ ਮਨ ਵਿਚ ਪਿਆਸ ਲੱਗੀ ਹੋਈ ਹੈ **ਵਾ:** ਹੇ ਪਰਮੇਸ਼ਰ ! ਕਿਰਪਾ ਕਰਕੇ ਪ੍ਰਤੱਖ ਹੋ ਕੇ ਦਰਸ਼ਨ ਦੇਣਾ ਕਰੋ ਭਾਵੇਂ ਆਪ ਵਿਆਪਕ ਹੋ ਪਰ ਸਾਡੇ ਮਨ ਬੁੱਧ ਨੇਤਰਾਂ ਵਿਚ ਭਰਮ ਦੇ ਭੁਲੇਖੇ ਪਏ ਹਨ। ਆਪ ਕਿਰਪਾ ਕਰਕੇ ਵੈਰਾਗ ਬਿਬੇਕ ਰੂਪੀ ਨੇਤਰ ਬਖ਼ਸ਼ੋ ਤਾਂ ਕਿ ਅਸੀਂ ਘਟਾਂ ਘਟਾਂ ਵਿਚ ਆਪ ਜੀ ਦੇ ਦਰਸ਼ਨ ਕਰ ਸਕੀਏ। ਕਿਉਂਕਿ ਸਾਡੇ ਮਨ ਵਿਚ ਆਪ ਜੀ ਦੇ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ। ਜੈਸਾ ਕਿ :

**ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥** *(ਜੈਤਸਰੀ ਮ: ੫, ਅੰਗ ੭੦੩)*

**ਪੰਜ ਪ੍ਰਕਾਰ ਦੀ ਕਿਰਪਾ :** ੧. ਪਰਮੇਸ਼ਰ ਦੀ ਕਿਰਪਾ ਕਿ ਮਨੁੱਖਾ ਜਨਮ ਦੀ ਬਖ਼ਸ਼ਿਸ਼ ਹੋਈ। ੨. ਗੁਰੂ ਦੀ ਕਿਰਪਾ ਕਿ ਨਾਮ ਦੀ ਪ੍ਰਾਪਤੀ ਹੋਈ। ੩. ਕਰਮਾਂ ਦੀ ਕਿਰਪਾ ਕਿ ਚੰਗੀ ਬੁੱਧੀ ਦੀ ਪ੍ਰਾਪਤੀ ਹੋਣੀ। ੪. ਸਾਧਸੰਗਤ ਦੀ ਕਿਰਪਾ ਕਿ ਰਹਿਣੀ ਬਹਿਣੀ ਸਹਿਣੀ ਤੇ ਕਹਿਣੀ ਦਾ ਪਤਾ ਲੱਗਣਾ। ੫. ਜੀਵਾਂ ਦੀ ਆਪਣੇ ਆਪ ਤੇ ਆਪਣੀ ਕ੍ਰਿਪਾ ਕਿ ਉੱਦਮ ਧਾਰ ਕੇ ਨਾਮ ਜਪਣਾ। ਇਸੇ ਤਰ੍ਹਾਂ ਦਰਸ਼ਨ ਚਾਰ ਤਰ੍ਹਾਂ ਦੇ ਹਨ : ੧. ਚਿਤਰ ਦਰਸ਼ਨ ੨. ਸੁਪਨ ਦਰਸ਼ਨ ੩. ਸ੍ਰਵਣ ਦਰਸ਼ਨ ੪. ਪ੍ਰਤੱਖ ਦਰਸ਼ਨ।

## ਪ੍ਰਭ, ਤੁਧੁ ਬਿਨੁ ਦੂਜਾ ਕੋ ਨਹੀ; ਨਾਨਕ ਕੀ ਅਰਦਾਸਿ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾਡੀ ਜਨਾਂ ਕੀ = ਦੀ ਇਹੋ ਅਰਦਾਸਿ = ਬੇਨਤੀ ਹੈ ਕਿ ਹੇ ਪ੍ਰਭ = ਵਾਹਿਗੁਰੂ ! ਤੁਧੁ = ਤੇਰੇ ਤੋਂ ਬਿਨਾਂ ਦੂਜਾ = ਦੂਸਰਾ ਹੋਰ ਕੋ = ਕੋਈ ਵੀ ਲੋਕ ਪ੍ਰਲੋਕ ਵਿਚ ਰੱਖਿਆ ਕਰਨ ਵਾਲਾ ਨਹੀਂ ਹੈ **ਅਥਵਾ** ਆਪ ਜੀ ਦੇ ਚਰਨਾਂ ਵਿਚ ਸਾਡੀ ਇਉਂ ਅਰਦਾਸਿ = ਬੇਨਤੀ ਹੈ ਕਿ ਜੋ ਕਾਮ, ਕ੍ਰੋਧ ਆਦਿਕ (ਅਰ+ਦਾਸਿ) ਅਰ = ਦੁਸ਼ਮਣ ਹਨ, ਇਹਨਾਂ ਨੂੰ ਸਾਡੇ ਦਾਸ = ਸੇਵਕ ਬਣਾ ਦਿਉ।

## ਆਸਾੜੁ ਸੁਹੰਦਾ ਤਿਸੁ ਲਗੈ; ਜਿਸੁ ਮਨਿ ਹਰਿ ਚਰਣ ਨਿਵਾਸ ॥੫॥

ਜਿਨ੍ਹਾਂ ਦੇ ਅੰਦਰ ਵਾਹਿਗੁਰੂ ਦੀ ਪ੍ਰਾਪਤੀ ਰੂਪੀ ਆਸਾੜੁ = ਆਸਾ ਦਾ ਹੜ੍ਹ ਵਗਦਾ ਹੈ, ਤਿਸੁ = ਉਹਨਾਂ

ਨੂੰ ਹਾੜ ਦਾ ਮਹੀਨਾ ਸੁਹੰਦਾ = ਸ਼ੋਭਨੀਕ ਲਗੈ = ਲੱਗਦਾ ਹੈ। ਜਿਸੁ = ਜਿਹਨਾਂ ਦੇ ਮਨ ਵਿਚ ਹਰਿ = ਹਰੀ ਅਕਾਲ ਪੁਰਖ ਦੇ ਪਵਿੱਤਰ ਚਰਨਾਂ ਦਾ ਸਦਾ ਲਈ ਇਕ-ਰਸ ਨਿਵਾਸ = ਵਾਸਾ ਹੋ ਗਿਆ ਹੈ **ਵਾ:** ਜੋ ਵਿਸ਼ੇ-ਵਿਕਾਰਾਂ ਦੀ ਵਾਸ਼ਨਾਵਾਂ ਤੋਂ ਰਹਿਤ ਹੋ ਗਏ ਹਨ, ਉਹਨਾਂ ਪੁਰਸ਼ਾਂ ਨੂੰ ਹਾੜ ਦਾ ਮਹੀਨਾ ਸ਼ੋਭਨੀਕ ਹੈ। ਜਿਵੇਂ ਕਲਜੁਗ ਵੀ ਹਾੜ ਦੇ ਮਹੀਨੇ ਦੀ ਤਰ੍ਹਾਂ ਤਪਦਾ ਹੈ ਪਰੰਤੂ ਸਤਿਗੁਰਾਂ ਨੇ ਜੋ ਵਾਹਿਗੁਰੂ ਪਰਮੇਸ਼ਰ ਦੇ ਗੁਣ ਸਨ, ਆਪਣੀ ਕਿਰਪਾ ਕਰਕੇ ਕਲਜੁਗ ਵਿਚ ਵਰਤਾ ਕੇ ਇਸ ਨੂੰ ਸਤਜੁਗ ਵਾਂਗ ਠੰਢਾ ਸ਼ਾਂਤ ਕਰ ਦਿੱਤਾ। ਇਹ ਹਾੜ ਦੇ ਮਹੀਨੇ ਦੀ ਤਰ੍ਹਾਂ ਤਪਣ ਵਾਲਾ ਕਲਜੁਗ ਵੀ ਉਹਨਾਂ ਜਗਿਆਸੂ ਜਨਾਂ ਲਈ ਸ਼ੋਭਨੀਕ ਹੋ ਗਿਆ, ਜਿਨ੍ਹਾਂ ਦੇ ਹਿਰਦੇ ਵਿਚ ਸਤਜੁਗ ਦੀ ਨਿਆਈਂ ਸੱਚ ਸਰੂਪ ਪਰਮੇਸ਼ਰ ਦਾ ਸਦਾ ਲਈ ਵਾਸਾ ਹੋ ਗਿਆ ॥੫॥

**ਸਾਵਣ ਦਾ ਮਹੀਨਾ :** ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਹ ਮਾਹਾ ਦੀ ਚੱਲ ਰਹੀ ਵੀਚਾਰ ਵਿਚ ਸਾਵਣ ਦੇ ਮਹੀਨੇ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ। ਖਟ ਰੁੱਤਾਂ ਵਿਚ ਸਾਵਣ ਭਾਦਰੋਂ ਪਾਵਸ ਰੁੱਤ ਦੇ ਦੋ ਮਹੀਨੇ ਹਨ। ਜੈਸਾ ਕਿ :

**ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥** *(ਅੰਗ ੬੨੮)*

ਇਸ ਰੁੱਤ ਵਿਚ ਵਰਖਾ ਹੋਣ ਕਰਕੇ ਧਰਤੀ ਵਿਚ ਹਰਿਆਵਲਤਾ ਅਤੇ ਬਨਸਪਤੀ ਵਿਚ ਖੇੜਾ ਆਉਂਦਾ ਹੈ। ਇਸੇ ਤਰ੍ਹਾਂ ਗੁਰੂ ਦੇ ਚਰਨਾਂ ਨਾਲ ਪ੍ਰੇਮ ਕਰਨੇ ਕਰਕੇ ਸਿੱਖ ਦੀ ਬੁੱਧ ਰੂਪ ਧਰਤੀ ਸ਼ੁਭ ਗੁਣਾਂ ਦੀ ਹਰਿਆਵਲਤਾ ਸਹਿਤ ਹੁੰਦੀ ਹੈ। ਜੈਸਾ ਕਿ :

**ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥** *(ਸੂਹੀ ਮ: ੪, ਅੰਗ ੭੫੮)*

# ਸਾਵਣਿ, ਸਰਸੀ ਕਾਮਣੀ; ਚਰਨ ਕਮਲ ਸਿਉ ਪਿਆਰੁ ॥

ਸਾਵਣ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਉਹ ਕਾਮਣੀ = ਇਸਤਰੀਆਂ ਸਰਸੀ = ਅਨੰਦ **ਵਾ:** ਪ੍ਰੇਮ ਰਸ ਦੇ ਸਹਿਤ ਪ੍ਰਸੰਨਤਾ ਨੂੰ ਪ੍ਰਾਪਤ ਹੁੰਦੀਆਂ ਹਨ। ਜਿਨ੍ਹਾਂ ਦਾ ਆਪਣੇ ਪਤੀ ਦੇ ਚਰਨਾਂ ਕਮਲਾਂ ਸਿਉ = ਨਾਲ ਪਿਆਰ ਹੈ, ਅਰਥਾਤ ਉਹ ਇਸਤਰੀਆਂ ਆਪਣੇ ਪਤੀ ਸਿਉ = ਨਾਲ ਮਿਲ ਕੇ ਚਾਅ ਕਰਦੀਆਂ ਹਨ। ਕਿਸੇ ਹੋਰ ਪਰਾਏ ਸਰੂਪਾਂ ਵੱਲ ਨਹੀਂ ਵੇਖਦੀਆਂ। ਐਸੇ ਗੁਣਾਂ ਵਾਲੀਆਂ ਇਸਤਰੀਆਂ ਕੇਵਲ ਪਤੀ ਦੇ ਪ੍ਰੇਮ ਵਿਚ ਸਰਸੀ = ਸਹਿਤ ਰਸ ਦੇ ਆਪਣਾ ਜੀਵਨ ਬਤੀਤ ਕਰਦੀਆਂ ਹਨ। ਜੈਸਾ ਕਿ :

**ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥** *(ਅੰਗ ੫੪)*

**ਅਥਵਾ** ਜਿਵੇਂ ਸਾਵਣਿ = ਸਾਵਣ ਮਹੀਨੇ ਵਿਚ ਵਰਖਾ ਹੁੰਦੀ ਹੈ, ਇਸੇ ਤਰ੍ਹਾਂ ਉਹ ਜਗਿਆਸੂ ਰੂਪ ਕਾਮਣੀ = ਇਸਤਰੀਆਂ ਬੰਦਗੀ ਕਰਨ ਵਾਲੀਆਂ ਆਤਮਾਵਾਂ ਗੁਰੂ ਉਪਦੇਸ਼ ਰੂਪੀ ਸਾਵਣ ਵਰਖਾ ਦੁਆਰਾ ਸਦਾ ਹੀ ਸਰਸੀ = ਭਗਤੀ ਰੂਪ ਰਸ ਦੇ ਸਹਿਤ ਰਹਿੰਦੀਆਂ ਹਨ ਭਾਵ ਅਨੰਦ ਵਿਚ ਰਹਿੰਦੀਆਂ ਹਨ, ਉਹ ਹਰੀ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਦੇਹਧਾਰੀ ਆਦਿਕਾਂ ਨੂੰ ਨਾ ਹੀ ਵੇਖਣਾ ਅਤੇ ਨਾ ਹੀ ਉਹਨਾਂ ਦੀ ਸ਼ੋਭਾ ਸੁਣਦੀਆਂ ਹਨ। ਜਿਨ੍ਹਾਂ ਦਾ ਪਤੀ ਪਰਮੇਸ਼ਰ **ਵਾ:** ਸਤਿਗੁਰਾਂ ਦੇ ਚਰਨਾਂ ਕਮਲਾਂ ਸਿਉ = ਨਾਲ ਪਿਆਰ ਹੈ **ਵਾ:** ਪਰਮੇਸ਼ਰ ਦੇ ਚਰਨ ਜੋ ਪੂਜਨੀਕ ਹਨ ਜੋ ਅਧਿਸ਼ਠਾਨ ਰੂਪ ਹਨ ਅਤੇ (ਚਰ + ਨ) ਮਨ ਨੂੰ ਚਰ = ਵਿਚਰਨ ਨ = ਨਹੀਂ ਦਿੰਦੇ **ਵਾ:** ਕਮਲ ਦੀ ਤਰ੍ਹਾਂ ਨਿਰਲੇਪ, ਭਗਤੀ ਰੂਪੀ ਖ਼ੁਸ਼ਬੂ ਬਖ਼ਸ਼ਣ ਵਾਲੇ ਚਰਨ, ਕਰਮਾਂ ਰੂਪੀ ਪਾਣੀ ਤੋਂ ਨਿਰਲੇਪ ਰੱਖਣ ਵਾਲੇ ਐਸੇ ਚਰਨਾਂ ਕਮਲਾਂ ਨਾਲ ਜਿਨ੍ਹਾਂ ਗੁਰਮੁਖ ਜਗਿਆਸੂਆਂ ਦਾ ਹਿਰਦੇ ਕਰਕੇ ਪਿਆਰ ਹੈ, ਉਹ ਨਾਮ ਰਸ ਦੇ ਸਹਿਤ ਹਨ। ਇਸ ਤਰ੍ਹਾਂ ਉਨ੍ਹਾਂ ਦੇ ਅੰਦਰ ਸ਼ੌਕ ਅਵਸਥਾ

ਪੈਦਾ ਹੋ ਜਾਂਦੀ ਹੈ, ਇਹੀ ਸਾਵਣ ਦਾ ਮਹੀਨਾ ਹੈ। ਸਾਉਣ ਦੇ ਮਹੀਨੇ ਦੀ ਨਿਆਈਂ ਸ਼ੌਕ ਅਵਸਥਾ ਵਾਲੇ ਜਗਿਆਸੂਆਂ ਦੀਆਂ ਨੌਂ ਨਿਸ਼ਾਨੀਆਂ ਹਨ :

**ਆਸ਼ਕਾਰਾ ਨਵ ਨਿਸ਼ਾਨੀ ਐ ਪਿਸਰ, ਆਹ ਸਰਦੋ, ਰੰਗ ਜ਼ਰਦੋ, ਚਸ਼ਮ ਤਰ।**
**ਕਮ ਗੁਫਤਨੋ, ਕਮ ਖੁਰਦਨੋ, ਖ਼ੁਆਬਸ ਹਰਾਮ, ਇੰਤਜ਼ਾਰੀ ਬੇਕਰਾਰੀ, ਦਸਤ ਸਰ।**

੧. ਸੁਆਸ ਠੰਢੇ ਆਉਣੇ, ੨. ਰੰਗ ਦਾ ਪੀਲਾ ਹੋ ਜਾਣਾ, ੩. ਹਰ ਵਕਤ ਨੇਤਰਾਂ ਵਿਚ ਜਲ ਉਤਰਿਆ ਰਹਿਣਾ, ੪. ਘੱਟ ਬੋਲਣਾ ੫. ਘੱਟ ਖਾਣਾ ੬. ਰਾਤ ਦੀ ਨੀਂਦਰ ਦਾ ਖ਼ਤਮ ਹੋ ਜਾਣਾ ੭. ਇੰਤਜ਼ਾਰੀ ਲੱਗੀ ਰਹਿਣੀ ੮. ਬੇਕਰਾਰ ਹੋਏ ਰਹਿਣਾ ੯. ਹੱਥ ਤੇ ਸਿਰ ਕੰਬਦੇ ਰਹਿਣਾ। ਉਨ੍ਹਾਂ ਚਰਨਾਂ ਦੀ ਬਾਬਤ ਭਾਈ ਨਿਹਾਲ ਸਿੰਘ ਜੀ ਜੋ ਕਲਗ਼ੀਧਰ ਜੀ ਵੇਲੇ ਹੋਏ ਹਨ ਉਨ੍ਹਾਂ ਨੇ ਐਸੇ ਬਚਨ ਕਹੇ ਹਨ :

**ਜੋਈ ਪਾਵ ਲਕਸ਼ਮੀ ਝਸਤ ਮੰਝ ਦੀਨਾ ਨਾਥ,**
**ਜੋਈ ਪਾਵ ਨਾਂਗੇ ਦੌਰੇ ਗਜ ਹਿਤ ਹੇਰੇ ਹੈਂ।**
**ਜੋਈ ਪਾਵ ਗੌਤਮ ਕੀ ਨਾਰ ਕੋ ਸੁਖਦ ਭਏ,**
**ਜੋਈ ਪਾਵ ਮੇਤਕੀ ਕੇ ਪਾਛੇ ਭਏ ਚੇਰੇ ਹੈਂ।**
**ਜੋਈ ਪਾਵ ਰਿਸ਼ੀ ਮੁਨੀ ਸਭ ਹੀ ਸੇਵਤ ਭਏ,**
**ਜੋਈ ਪਾਵ ਕਾਜੀ ਨੇ ਪਕੜ ਕਰ ਫੇਰੇ ਹੈਂ।**
**ਸਾਹਿਬ ਮੁਕੰਦ ਮਹਾਰਾਜ ਸ੍ਰੀ ਗੁਰੂ ਗੋਬਿੰਦ ਸਿੰਘ,**
**ਖੋਜ ਖੋਜ ਹੇਰੇ ਅਬ ਸੋਈ ਪਾਵ ਤੇਰੇ ਹੈਂ।**

## ਮਨੁ ਤਨੁ ਰਤਾ ਸਚ ਰੰਗਿ; ਇਕੋ ਨਾਮੁ ਅਧਾਰੁ ॥

ਉਨ੍ਹਾਂ ਦਾ ਮਨ ਅਤੇ ਤਨ ਸੱਚੇ ਪਰਮੇਸ਼ਰ ਦੇ ਰੰਗਿ = ਪ੍ਰੇਮ ਵਿਚ ਰਤਾ = ਰੰਗਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਕੇਵਲ ਇਕੋ = ਇਕ ਨਾਮ ਦਾ ਹੀ ਅਧਾਰੁ = ਆਸਰਾ ਹੈ। ਕਿਉਂਕਿ ਉਨ੍ਹਾਂ ਦੇ ਮਨ ਵਿੱਚੋਂ ਵਿਕਾਰ ਮਿਟ ਗਏ ਹਨ **ਵਾ:** ਵਾਹਿਗੁਰੂ ਦੇ ਆਸਰੇ ਉਨ੍ਹਾਂ ਨੇ ਮਨ ਨੂੰ ਟਿਕਾ ਲਿਆ ਹੈ **ਅਥਵਾ** ਸਚ = ਸਦਾ-ਸਥਿਰ ਰਹਿਣ ਵਾਲੇ ਪ੍ਰੇਮ ਦੇ ਰੰਗ ਵਿਚ ਉਹਨਾਂ ਦਾ ਮਨ ਅਤੇ ਤਨ ਰਤਾ = ਤਦਾਕਾਰ ਹੋਇਆ ਹੈ ਅਤੇ ਉਨ੍ਹਾਂ ਨੇ ਇਕੋ = ਅਦ੍ਵੈਤ ਸਰੂਪ ਪਰਮੇਸ਼ਰ ਦੇ ਨਾਮ ਅਧਾਰੁ = ਆਸਰੇ ਨਾਲ ਮਨ ਦੀਆਂ ਸਾਰੀਆਂ ਵਾਸ਼ਨਾਵਾਂ ਨੂੰ ਖ਼ਤਮ ਕਰ ਲਿਆ ਹੈ ਭਾਵ ਇਕ ਵਾਹਿਗੁਰੂ ਪਰਮੇਸ਼ਰ ਦੇ ਨਾਮ ਦਾ ਹੀ ਆਸਰਾ ਹੁੰਦਾ ਹੈ, ਬਾਕੀ ਸਭ ਪਸਾਰੇ ਨੂੰ ਉਨ੍ਹਾਂ ਨੇ ਕੂੜ ਜਾਣ ਕੇ ਤਿਆਗ ਕਰ ਦਿੱਤਾ ਹੈ।

## ਬਿਖਿਆ ਰੰਗ ਕੂੜਾਵਿਆ; ਦਿਸਨਿ ਸਭੇ ਛਾਰੁ ॥

ਉਨ੍ਹਾਂ ਨੂੰ ਬਿਖਿਆ = ਮਾਇਆ ਵਿਸ਼ਿਆਂ ਦਾ ਅਨੰਦ ਕੂੜਾਵਿਆ = ਝੂਠਾ ਹੀ ਪ੍ਰਤੀਤ ਹੁੰਦਾ ਹੈ ਅਤੇ ਹੋਰ ਸਭੇ = ਸਾਰੇ ਅਨੰਦ, ਪਦਾਰਥ ਛਾਰੁ = ਸੁਆਹ ਦੀ ਨਿਆਈਂ ਨਿਕੰਮੇ ਦਿਸਨਿ = ਦਿੱਸਦੇ ਹਨ। ਪਰੰਤੂ ਕਈਆਂ ਨੂੰ ਜਦੋਂ ਯੋਗਾ ਅਭਿਆਸ ਵਿਚ ਰਿਧੀਆਂ ਸਿਧੀਆਂ ਫੁਰਦੀਆਂ ਹਨ, ਉਹ ਰਿਧੀਆਂ ਸਿਧੀਆਂ ਨਾਲ ਸੰਸਾਰ ਦੇ ਝੂਠੇ ਬਿਖਿਆ = ਵਿਸ਼ਿਆਂ ਦੇ ਅਨੰਦ ਨੂੰ ਗੰਦਗੀ ਸਮਾਨ ਵੇਖਣ ਲੱਗ ਜਾਂਦੇ ਹਨ। ਜਿਨ੍ਹਾਂ 'ਤੇ ਵਿਸ਼ਿਆਂ ਦਾ ਰੰਗ ਭਾਰੂ ਪੈ ਜਾਂਦਾ ਹੈ, ਉਨ੍ਹਾਂ ਦਾ ਮਨ ਵਿਸ਼ਿਆਂ ਵੱਲ ਹੀ ਦੌੜਦਾ ਹੈ।

**ਸਾਖੀ—ਸੰਤ ਸੁੰਦਰ ਸਿੰਘ ਜੀ ਦੀ :** ਇਕ ਵਾਰੀ ਮਹਾਂਪੁਰਸ਼ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ ਸ੍ਰੀ ਅਨੰਦਪੁਰ ਸਾਹਿਬ ਨੂੰ ਜਾ ਰਹੇ ਸਨ। ਰਸਤੇ ਵਿਚ ਇਕ ਜੋਗੀ ਬੈਠਾ ਦੇਖਿਆ। ਜਦੋਂ ਕੋਲ ਜਾ ਕੇ ਬੈਠੇ ਤਾਂ ਥੋੜ੍ਹੀ ਦੇਰ ਬਾਅਦ ਜੋਗੀ ਨੇ ਨੇਤਰ ਖੋਲ੍ਹੇ ਤਾਂ ਮਹਾਂਪੁਰਖਾਂ ਨੂੰ ਕਹਿਣ ਲੱਗਾ ਕਿ ਆਉ ਸੰਤ

ਜੀ ! ਕਿਥੇ ਚੱਲੇ ਹੋ ? ਸੰਤ ਕਹਿਣ ਲੱਗੇ—ਅਨੰਦਪੁਰ ਸਾਹਿਬ। ਇਨ੍ਹਾਂ ਨੂੰ ਬ੍ਰਹਮ ਗਿਆਨ ਰੂਪੀ ਅਵਸਥਾ ਪ੍ਰਾਪਤ ਸੀ। ਸੰਤ ਕਹਿੰਦੇ—ਜੋਗੀਆ, ਕਿਸ ਖ਼ਿਆਲ ਵਿਚ ਬੈਠਾ ਸੀ ? ਹੱਸ ਕੇ ਕਹਿੰਦਾ ਹੈ—ਦਿੱਲੀ ਵਿਚ ਵੇਸਵਾ ਦਾ ਨਾਚ ਦੇਖ ਰਿਹਾ ਸੀ। ਵੇਸਵਾ ਦਾ ਨੱਚਦੀ ਦਾ ਨਾਲਾ ਟੁੱਟ ਗਿਆ ਸੀ। ਉਸ ਵਕਤ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕੋਲ ਖੜੇ ਸਨ। ਸੰਤ ਗਿਆਨੀ ਸੁੰਦਰ ਸਿੰਘ ਜੀ ਕਹਿਣ ਲੱਗੇ—ਕਾਹਦੀ ਸਿੱਧੀ ਦੀ ਸਮਾਧੀ ਹੈ ? ਸਮਾਧੀ ਲਾ ਕੇ ਵੇਸਵਾ ਦੇ ਹੀ ਨਾਚ ਵੇਖਦਾ ਹੈਂ। ਇਉਂ ਇਹਨਾਂ ਵਿਸ਼ਿਆਂ ਦਾ ਝੂਠਾ ਨਾਸ਼ਵਾਨ ਕੱਚਾ ਰੰਗ ਹੈ ਅਤੇ ਅੰਤ ਨੂੰ ਸੁਆਹ ਰੂਪ ਹੀ ਹਨ।

## ਹਰਿ ਅੰਮ੍ਰਿਤ ਬੂੰਦ ਸੁਹਾਵਣੀ; ਮਿਲਿ ਸਾਧੂ ਪੀਵਣਹਾਰੁ ॥

ਉਨ੍ਹਾਂ ਜਗਿਆਸੂ ਰੂਪ ਇਸਤਰੀਆਂ ਨੂੰ ਹਰਿ = ਪਰਮੇਸ਼ਰ ਦੇ ਨਾਮ ਰੂਪੀ ਅੰਮ੍ਰਿਤ ਦੀ ਸਵਾਂਤੀ ਬੂੰਦ ਸੁਹਾਵਣੀ = ਸ਼ੋਭਨੀਕ ਲੱਗਦੀ ਹੈ ਅਤੇ ਉਹ ਇਸ ਨਾਮ ਅੰਮ੍ਰਿਤ ਬੂੰਦ ਨੂੰ ਸਾਧੂ = ਸ੍ਰੇਸ਼ਟ ਮਹਾਤਮਾ ਜਨਾਂ ਨਾਲ ਮਿਲ ਕੇ ਪੀਵਣਹਾਰੁ = ਪੀਣਾ ਕਰਦੀਆਂ ਹਨ।

**ਅਥਵਾ** ਜਦੋਂ ਸਾਵਣ ਦੇ ਮਹੀਨੇ ਦੀ ਤਰ੍ਹਾਂ ਗੁਰੂ ਉਪਦੇਸ਼ ਰੂਪੀ ਵਰਖਾ ਹੁੰਦੀ ਹੈ ਤਾਂ ਫੇਰ ਉਹ ਜਗਿਆਸੂ ਜਨ ਬਬੀਹੇ ਵਤ ਗੁਰੂ ਉਪਦੇਸ਼ ਰੂਪੀ ਵਰਖਾ ਵਿਚ ਹਰਿ = ਹਰੀ ਪਰਮੇਸ਼ਰ ਵਾਹਿਗੁਰੂ ਦੇ ਨਾਮ ਰੂਪੀ ਅੰਮ੍ਰਿਤ = ਮ੍ਰਿਤੂ ਤੋਂ ਰਹਿਤ ਕਰਨ ਵਾਲੀਆਂ ਜੋ ਅੰਮ੍ਰਿਤ ਦੀਆਂ ਬੂੰਦਾਂ ਸ਼ੋਭਨੀਕ ਹਨ, ਜਿਨ੍ਹਾਂ ਸਾਧੂ = ਮਹਾਤਮਾ ਜਨਾਂ ਨੇ ਵਾਹਿਗੁਰੂ ਦੀ ਪ੍ਰਾਪਤੀ ਕਰ ਲਈ ਹੈ, ਉਹਨਾਂ ਦੇ ਨਾਲ ਮਿਲ ਕਰਕੇ ਇਸ ਅੰਮ੍ਰਿਤ ਨਾਮ ਰੂਪੀ ਸਵਾਂਤੀ ਬੂੰਦ ਨੂੰ ਪੀਵਣਹਾਰੁ = ਪੀਣਾ ਕਰਦੇ ਹਨ **ਵਾ:** ਗੁਰਮੁਖ ਹਰਿ = ਹਰੀ ਵਾਹਿਗੁਰੂ ਦੇ ਨਾਮ ਰੂਪ ਅੰਮ੍ਰਿਤ ਦੀ ਸਵਾਂਤੀ ਬੂੰਦ ਨੂੰ ਪਪੀਹੇ ਦੀ ਨਿਆਈਂ ਪੀਵਣਹਾਰੁ = ਪੀਣ ਵਾਲੇ ਹੋ ਕੇ ਸਾਧੂ = ਸ੍ਰੇਸ਼ਟ ਗੁਣਾਂ ਵਾਲੇ ਸਤਿਪੁਰਸ਼ਾਂ ਦੀ ਸੰਗਤ ਵਿਚ ਮਿਲ ਕਰਕੇ ਭਜਨ ਸਿਮਰਨ ਕਰਨ ਰੂਪ ਪੀਂਦੇ ਹਨ। ਉਹਨਾਂ ਨੂੰ ਜੀਵਣ ਸ਼ੋਭਨੀਕ ਬਣਾਉਣ ਵਾਲੀ ਨਾਮ ਰੂਪੀ ਸਵਾਂਤੀ ਬੂੰਦ ਦੀ ਪ੍ਰਾਪਤੀ ਹੋ ਜਾਂਦੀ ਹੈ **ਅਥਵਾ** ਸੁਹਾਵਣੀ = ਸ਼ੁਭ ਗੁਣਾਂ ਰੂਪੀ ਗੁਰੂ ਉਪਦੇਸ਼ ਸਵਾਂਤੀ ਬੂੰਦ ਸਾਵਣ ਦੇ ਮਹੀਨੇ ਦੀ ਤਰ੍ਹਾਂ ਸਤਿਸੰਗਤ ਵਿਚ ਵਰਖਾ ਪੈਣ 'ਤੇ ਬ੍ਰਹਮ ਗਿਆਨ ਦਾ **ਵਾ:** ਜੀਵ ਈਸ਼ ਦੀ ਅਭੇਦਤਾ ਰੂਪੀ ਅੰਮ੍ਰਿਤ = ਜੰਮਣ ਮਰਣ ਤੋਂ ਰਹਿਤ ਕਰਨ ਵਾਲੀ ਕਿਰਪਾ ਰੂਪੀ ਬਖ਼ਸ਼ਿਸ਼ ਗੁਰੂ ਰੂਪੀ ਬੱਦਲ ਭਾਵ ਜਲ ਵਿੱਚੋਂ ਪ੍ਰਾਪਤ ਹੁੰਦੀ ਹੈ **ਵਾ:** ਜਿਵੇਂ ਸਾਵਣ ਦੇ ਮਹੀਨੇ ਮੀਂਹ ਪੈਣ 'ਤੇ ਬਬੀਹਾ ਤ੍ਰਿਪਤ ਹੋ ਜਾਂਦਾ ਹੈ, ਇਸੇ ਤਰ੍ਹਾਂ ਗੁਰ-ਉਪਦੇਸ਼ ਰੂਪੀ ਮੀਂਹ ਪੈਣ 'ਤੇ ਜਗਿਆਸੂ ਦਾ ਹਿਰਦਾ ਨਾਮ ਦੀ ਪ੍ਰਾਪਤੀ ਨਾਲ ਭਰਪੂਰ ਭਾਵ ਸ਼ਾਂਤ ਹੋ ਜਾਂਦਾ ਹੈ। ਸਵਾਂਤੀ ਬੂੰਦ ਬਾਰੇ ਕੁਝ ਵੀਚਾਰ ਐਸੀ ਵੀ ਹੈ : ਸਵਾਂਤੀ ਬੂੰਦ = ਸਵਾਂਤ ਨਛੱਤਰ ਵਿਚ ਬੱਦਲਾਂ ਤੋਂ ਵਰਨ ਵਾਲੀ ਬੂੰਦ ਦਾ ਨਾਮ ਸਵਾਂਤੀ ਬੂੰਦ ਹੈ। ਇਹ ਵੀ ਸੱਚ ਹੈ ਕਿ ਵਰਸਣ ਵਾਲੀਆਂ ਸਾਰੀਆਂ ਬੂੰਦਾਂ ਸਵਾਂਤੀ ਬੂੰਦ ਨਹੀਂ ਹੁੰਦੀਆਂ, ਉਸ ਬੂੰਦ ਦੀ ਵੱਖਰੀ ਤਾਸੀਰ ਅਤੇ ਮਹਾਨਤਾ ਹੈ, ਜਿਸ ਦੀ ਬਾਬਤ ਲਿਖਿਆ ਹੈ :

**ਜਿਹ ਜੈਸੀ ਸੰਗਤ ਮਿਲੀ ਸੋ ਤੈਸੋ ਫਲ ਲੀਨ।**
**ਕਦਲੀ ਸੀਪ ਭੁਯੰਗ ਮੁਖ ਏਕ ਬੂੰਦ ਗੁਣ ਤੀਨ।** *(ਧਰਮ ਸ਼ਾਸਤਰ)*

ਸਵਾਂਤੀ ਬੂੰਦ ਦੇ ਕੁਝ ਐਸੇ ਵੀ ਗੁਣ ਹਨ ਜਿਵੇਂ ਜੇਕਰ ਕੇਲੇ ਉੱਤੇ ਪੈ ਜਾਵੇ ਤਾਂ ਕਪੂਰ ਪੈਦਾ ਹੋ ਜਾਂਦਾ ਹੈ। ਬਾਂਸ ਉੱਤੇ ਪੈ ਜਾਵੇ ਤਾਂ ਬੰਸ ਲੋਚਨ ਪੈਦਾ ਹੋ ਜਾਂਦਾ ਹੈ। ਗਊ 'ਤੇ ਪੈ ਜਾਵੇ ਤਾਂ ਗਊ ਲੋਚਨ ਪੈਦਾ ਹੋ ਜਾਂਦਾ ਹੈ। ਬੰਦੇ ਉੱਤੇ ਪੈ ਜਾਵੇ ਤਾਂ ਉਸ ਦੀ ਅਕਲ ਵਿਚ ਵਾਧਾ ਹੋ ਜਾਂਦਾ ਹੈ। ਜੇਕਰ ਗਿੱਦੜ 'ਤੇ ਪੈ ਜਾਵੇ ਤਾਂ ਹਲਕ ਜਾਂਦਾ ਹੈ। ਸੱਪ ਉੱਤੇ ਪੈ ਜਾਵੇ ਤਾਂ ਉਸ ਦੀ ਜ਼ਹਿਰ ਵਿਚ ਵਾਧਾ ਹੋ ਜਾਂਦਾ ਹੈ। ਜੋਗੀਆਂ ਨੇ ਮੰਨਿਆ ਹੈ ਕਿ ਹਾੜ ਦੇ ਚਾਨਣੇ ਪੱਖ ਦੀਆਂ ਸਾਰੀਆਂ ਥਿਤੀਆਂ ਵਿਚ ਕੋਈ ਥਿਤ ਅਤੇ ਮਾਘ ਵਦੀ ੭ ਨੂੰ ਜੇ ਚੰਦ੍ਰਮਾ ਸਵਾਂਤ ਨਛਤ੍ਰ 'ਤੇ ਆਵੇ ਤਦ 'ਸਵਾਂਤ ਯੋਗ' ਹੁੰਦਾ ਹੈ।

## ਵਣੁ ਤਿਣੁ, ਪ੍ਰਭ ਸੰਗਿ ਮਉਲਿਆ; ਸੰਮ੍ਰਥ ਪੁਰਖ ਅਪਾਰੁ ॥

***ਪਹਿਲਾ ਅਰਥ :*** ਜਿਸ ਤਰ੍ਹਾਂ ਵਰਖਾ ਹੋਣ ਤੋਂ ਵਣੁ = ਜੰਗਲ ਤਿਣੁ = ਘਾਹ ਆਦਿਕ ਸਾਰੇ ਮਉਲਿਆ = ਪ੍ਰਫੁੱਲਤ ਹੋ ਜਾਂਦੇ ਹਨ, ਇਸੇ ਤਰ੍ਹਾਂ ਗੁਰ-ਉਪਦੇਸ਼ ਰੂਪੀ ਵਰਖਾ ਹੋਣ ਤੋਂ ਗਿਆਨ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ ਕਿ ਪ੍ਰਭੂ ਵਾਹਿਗੁਰੂ ਸਾਰੇ ਵਣੁ = ਜੰਗਲਾਂ ਤਿਣੁ = ਕੱਖਾਂ (ਘਾਹ) ਵਿਚ ਸਦਾ ਉਹਨਾਂ ਸੰਗਿ = ਨਾਲ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ **ਵਾ:** ਉਹ ਵਾਹਿਗੁਰੂ ਵਣਾਂ ਵਿਚ ਵਣ ਰੂਪੀ, ਤਿਣਾਂ ਵਿਚ ਤਿਣ ਰੂਪੀ, ਇਉਂ ਸਾਰਿਆਂ ਦਾ ਸੰਗੀ ਹੋ ਕੇ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ। ਉਹ ਵਾਹਿਗੁਰੂ ਸੰਮ੍ਰਥ = ਸਰਬ ਕਲਾ ਭਰਪੂਰ ਸਮਰੱਥਾ ਦਾ ਮਾਲਕ, ਪੁਰਖ = ਪੂਰਨ ਤੇ ਪ੍ਰਕਿਰਤੀ ਦੇ ਅਪਾਰੁ = ਪਾਰਾਵਾਰ ਤੋਂ ਰਹਿਤ ਹੈ।

***ਦੂਸਰਾ ਅਰਥ :*** ਇਸੇ ਪ੍ਰਕਾਰ ਜਿਤਨੇ ਵਣੁ ਦੀ ਨਿਆਈਂ ਸਰੀਰ ਤ੍ਰਿਣੁ ਦੀ ਨਿਆਈਂ ਇੰਦਰੀਏ ਹਨ, ਇਉਂ ਸਰੀਰ ਅਤੇ ਇੰਦਰੀਏ ਕਰਕੇ ਉਹ ਪ੍ਰਭ = ਵਾਹਿਗੁਰੂ ਸਦਾ ਹੀ ਜੀਵਾਂ ਦੇ ਸੰਗਿ = ਨਾਲ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ **ਅਥਵਾ** ਉਸ ਦੀ ਸੱਤਾ ਕਾਰਨ ਹੀ ਇਹ ਪ੍ਰਫੁਲਤ ਹੋ ਰਿਹਾ ਹੈ। ਐਸਾ ਜੋ ਸੰਮ੍ਰਥ = ਸਰਬ ਕਲਾ ਸਮਰੱਥ ਅਤੇ ਪੁਰਖ (ਪੁ + ਰਖ) ਪੁ = ਨਰਕ ਤੋਂ ਰਖ = ਰੱਖਿਆ ਕਰਨ ਵਾਲਾ ਅਪਾਰੁ = ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹੈ।

## ਹਰਿ ਮਿਲਣੈ ਨੋ, ਮਨੁ ਲੋਚਦਾ; ਕਰਮਿ ਮਿਲਾਵਣਹਾਰੁ ॥

ਉਸ ਹਰਿ = ਪਰਮੇਸ਼ਰ ਦੇ ਤਾਈਂ ਮਿਲਣੈ = ਮਿਲਣ ਨੋ = ਨੂੰ ਸਦਾ ਹੀ ਜਗਿਆਸੂ ਦਾ ਮਨ ਲੋਚਦਾ = ਚਾਹੁੰਦਾ ਹੈ ਪਰੰਤੂ ਉਸ ਨੂੰ ਕਰਮਿ = ਪੂਰਬਲੇ ਜਨਮਾਂ ਦੇ ਕੀਤੇ ਨਿਸ਼ਕਾਮ ਕਰਮ ਹੀ ਮਿਲਾਵਣਹਾਰੁ = ਮਿਲਾ ਸਕਦੇ ਹਨ ਭਾਵ ਉਹ ਵਾਹਿਗੁਰੂ ਨਾਲ ਮਿਲਾਪ ਕਰਵਾ ਸਕਦੇ ਹਨ।

## ਜਿਨੀ ਸਖੀਏ ਪ੍ਰਭੁ ਪਾਇਆ; ਹੰਉ ਤਿਨ ਕੈ ਸਦ ਬਲਿਹਾਰ ॥

ਜਿਨੀ = ਜਿਨ੍ਹਾਂ ਸਖੀਏ = ਸੰਤ ਜਨਾਂ (ਮਹਾਤਮਾ ਜਨਾਂ) ਸਖੀਆਂ ਨੇ ਪ੍ਰਭੁ = ਅਕਾਲ ਪੁਰਖ ਵਾਹਿਗੁਰੂ ਨੂੰ ਪਾਇਆ = ਪਾ ਲਿਆ ਹੈ, ਤਿਨ ਕੈ = ਉਹਨਾਂ ਤੋਂ ਹੰਉ = ਅਸੀਂ ਸਦਾ ਹੀ ਸੈਂਕੜੇ ਵਾਰ ਬਲਿਹਾਰ = ਕੁਰਬਾਨ ਜਾਂਦੇ ਹਾਂ **ਅਥਵਾ** ਬਲਿਹਾਰ = ਬਲ ਹਾਰ ਜਾਣਾ। ਇਕ ਸਰੀਰ ਦਾ ਬਲ ਜਿਵੇਂ ਪਹਿਲਵਾਨਾਂ ਵਿਚ ਹੁੰਦਾ ਹੈ। ਦੂਜਾ ਬਲ ਮਾਇਆ ਦਾ ਬਲ ਹਾਰ ਜਾਣਾ **ਵਾ:** ਕੁਰਬਾਨ ਕਰ ਦੇਣਾ। ਕਈਆਂ ਕੋਲ ਦੇਖਣ ਦੇ ਭਾਵ ਨਿਗ੍ਹਾ ਦੇ ਬਲ ਨਾਲ ਲੋਕਾਂ ਨੂੰ ਵਸ ਕਰ ਲੈਣਾ, ਕਈਆਂ ਦੀ ਜ਼ੁਬਾਨ ਵਿਚ ਬਲ ਹੁੰਦਾ ਹੈ, ਮਿੱਠਾ ਬਚਨ ਬੋਲ ਕੇ ਵਸ ਵਿਚ ਕਰ ਲੈਂਦੇ ਹਨ, ਕਈਆਂ ਨੂੰ ਵਿੱਦਿਆ ਦਾ ਬਲ ਹੁੰਦਾ ਹੈ **ਵਾ:** ਰਿਧੀਆਂ ਸਿਧੀਆਂ ਦਾ ਬਲ ਹੁੰਦਾ ਹੈ। ਇਸ ਤਰ੍ਹਾਂ ਜਿਸਮਾਨੀ ਵੀ ਤੇ ਰੂਹਾਨੀ ਭਾਵ ਬਿਬੇਕ ਅਤੇ ਵੈਰਾਗ ਦਾ ਬਲ ਵੀ ਇਹ ਸਭ ਕੁਝ ਉਨ੍ਹਾਂ ਤੋਂ ਕੁਰਬਾਨ ਕਰਦੇ ਹਾਂ।

## ਨਾਨਕ, ਹਰਿ ਜੀ ਮਇਆ ਕਰਿ; ਸਬਦਿ ਸਵਾਰਣਹਾਰੁ ॥

ਸਤਿਗੁਰੂ ਜੀ ਉਸ ਅਕਾਲ ਪੁਰਖ ਅੱਗੇ ਬੇਨਤੀ ਕਰਨ ਦਾ ਢੰਗ ਦੱਸਦੇ ਹਨ ਕਿ ਹੇ ਹਰਿ = ਹਰੀ ਵਾਹਿਗੁਰੂ ਜੀ = ਜੀਉ ! ਤੁਸੀਂ ਆਪ ਹੀ ਮਇਆ = ਕਿਰਪਾ ਦ੍ਰਿਸ਼ਟੀ ਕਰਿ = ਕਰਕੇ ਗੁਰ ਸਬਦਿ = ਉਪਦੇਸ਼ ਦੁਆਰਾ ਜਗਿਆਸੂ ਜਨਾਂ ਦੇ ਹਿਰਦੇ ਨੂੰ ਸ਼ੁਭ ਗੁਣਾਂ ਦੇ ਸਹਿਤ ਸਵਾਰਣਹਾਰੁ = ਸਵਾਰਨ ਵਾਲੇ ਹੋ ਭਾਵ ਨਿਰਮਲ ਕਰਨ ਵਾਲਾ ਹੋ **ਵਾ:** ਜਿਹੜੇ ਸ਼ਬਦ ਕਰਕੇ ਆਪ ਜੀ ਨੇ ਸਵਾਰਣਹਾਰੁ = ਸਵਾਰੇ ਹਨ, ਉਹਨਾਂ ਦੀ ਸੰਗਤ ਬਖ਼ਸ਼ਣਾ ਕਰੋ ਜੀ ਤਾਂ ਕਿ ਮੈਂ ਵੀ ਅੱਠੇ ਪਹਿਰ ਆਪ ਜੀ ਦੇ ਨਾਮ ਦੀ ਕਮਾਈ ਕਰ ਸਕਾਂ। ਜੈਸਾ ਕਿ :

**ਬਿਨ ਸਬਦੇ ਅੰਤਰਿ ਆਨੇਰਾ ॥** *(ਅੰਗ ੧੨੪)*

## ਸਾਵਣੁ ਤਿਨਾ ਸੁਹਾਗਣੀ; ਜਿਨ ਰਾਮ ਨਾਮੁ ਉਰਿ ਹਾਰੁ ॥੬॥

ਸਾਵਣ ਮਹੀਨੇ ਦੀ ਸਮਾਪਤੀ ਕਰਦੇ ਹੋਏ ਹਜ਼ੂਰ ਕਥਨ ਕਰਦੇ ਹਨ ਕਿ ਸ਼ੌਕ ਅਵਸਥਾ ਰੂਪੀ **ਵਾ:** ਮਨੁੱਖਾ ਸਰੀਰ ਰੂਪੀ ਸਾਵਣ ਦਾ ਮਹੀਨਾ ਉਨ੍ਹਾਂ ਨੂੰ ਮਹਾਤਮਾ ਰੂਪ ਸੁਹਾਗਵੰਤੀਆਂ ਭਾਵ ਤੱਤਬੇਤੇ ਮਹਾਤਮਾ ਨੂੰ ਪ੍ਰਾਪਤ ਹੋਇਆ ਸ਼ੋਭਨੀਕ ਹੈ। ਜਿਨ੍ਹਾਂ ਨੇ ਉਸ ਰਾਮ = ਰਮੇ ਹੋਏ ਪਰਮੇਸ਼ਰ ਦਾ ਨਾਮ ਉਰਿ = ਹਿਰਦੇ ਵਿਚ ਹਾਰ ਦੀ ਤਰ੍ਹਾਂ ਪ੍ਰੋ ਲਿਆ ਹੈ। ਜਿਵੇਂ ਸੰਸਾਰੀ ਲੋਕ ਸ਼ਿੰਗਾਰ ਦੇ ਤੌਰ 'ਤੇ ਗਲੇ ਵਿਚ ਹਾਰ ਪਹਿਨਦੇ ਹਨ ਇਸੇ ਤਰ੍ਹਾਂ ਮਹਾਤਮਾ ਜਨਾਂ ਨੇ ਉਰਿ = ਹਿਰਦੇ ਰੂਪੀ ਗਲੇ ਵਿਚ ਨਾਮ ਰੂਪੀ ਹਾਰ ਨੂੰ ਇਕ-ਰਸ ਸਦਾ ਲਈ ਪ੍ਰੋ ਲਿਆ ਭਾਵ ਪਹਿਨ ਲਿਆ ਹੈ। ਅੱਠੇ ਪਹਿਰ ਜਿਨ੍ਹਾਂ ਦਾ ਨਾਮ ਹੀ ਜੀਵਨ ਬਣ ਗਿਆ, ਕਦੇ ਭੁੱਲਦਾ ਨਹੀਂ। ਐਸੀਆਂ ਜਗਿਆਸੂ ਰੂਪ ਇਸਤਰੀਆਂ ਲਈ ਸ਼ੌਕ ਅਵਸਥਾ ਰੂਪੀ ਸਾਵਣ ਦਾ ਮਹੀਨਾ ਸਦਾ ਹੀ ਸ਼ੋਭਨੀਕ ਹੈ। ਜੈਸਾ ਕਿ :

**ਹਰਿ ਹਰਿ ਅਖਰ ਦੁਇ ਇਹ ਮਾਲਾ ॥**
**ਜਪਤ ਜਪਤ ਭਏ ਦੀਨ ਦਇਆਲਾ ॥** *(ਆਸਾ ਮ: ੫, ਅੰਗ ੩੮੮)*

**ਭਾਦਰੋਂ ਦਾ ਮਹੀਨਾ :** ਸਤਿਗੁਰੂ ਜੀ ਭਾਦਰੋਂ ਦੇ ਮਹੀਨੇ ਦੁਆਰਾ ਅੰਮ੍ਰਿਤ-ਮਈ ਉਪਦੇਸ਼ ਬਖ਼ਸ਼ ਰਹੇ ਹਨ, ਇਹ ਪਾਵਸ ਰੁੱਤ ਦਾ ਦੂਸਰਾ ਮਹੀਨਾ ਹੈ। ਜੈਸਾ ਕਿ :

**ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥** *(ਰਾਮਕਲੀ ਰੁਤੀ ਮ: ੫, ਅੰਗ ੯੨੮)*

ਜਿਸ ਵਿਚ ਇਕ ਸੰਸਾਰੀ ਪਤਨੀ ਦੇ ਜੀਵਨ ਦਾ ਬਾਹਰੀ ਭਾਵ ਲੈ ਕੇ ਅਸਲ ਵਿਚ ਉਸ ਜਗਿਆਸੂ ਰੂਪੀ ਇਸਤਰੀ **ਵਾ:** ਜੀਵ ਰੂਪੀ ਇਸਤਰੀ ਨੂੰ ਅਮੋਲਕ ਉਪਦੇਸ਼ ਬਖ਼ਸ਼ਣਾ ਕੀਤਾ ਹੈ।

## ਭਾਦੁਇ ਭਰਮਿ ਭੁਲਾਣੀਆ; ਦੂਜੈ ਲਗਾ ਹੇਤੁ ॥

***ਪਹਿਲਾ ਅਰਥ :*** ਭਾਦਰੋਂ ਦੇ ਮਹੀਨੇ ਵਿਚ ਜਿਹੜੀਆਂ ਇਸਤਰੀਆਂ ਭਰਮ ਵਿਚ ਭੁਲਾਣੀਆ = ਭੁੱਲ ਗਈਆਂ ਹਨ, ਆਪਣੇ ਪਤੀਵਰਤਾ ਧਰਮ ਨੂੰ ਛੱਡ ਕੇ ਜਿਨ੍ਹਾਂ ਦਾ ਦੂਜੈ = ਦੂਜੀਆਂ ਇਸਤਰੀਆਂ ਦੇ ਪਤੀਆਂ ਨਾਲ ਹੇਤੁ = ਪ੍ਰੇਮ ਲੱਗਾ ਹੋਇਆ ਹੈ।

***ਦੂਜਾ ਅਰਥ :*** ਜਿਨ੍ਹਾਂ ਜਗਿਆਸੂ ਰੂਪੀ ਇਸਤਰੀਆਂ ਦੇ ਹਿਰਦੇ ਅੰਦਰ ਭਾਦੁਇ (ਭਾ+ਦੁਇ) ਦੁਇ = ਦ੍ਵੈਤ ਭਾ = ਭਾਵ ਆ ਗਿਆ। ਅਰਥਾਤ ਹਰ ਵਕਤ ਦ੍ਵੈਤ-ਭਾਵ ਵਿਚ ਚਿੱਤ ਰੱਖਦੀਆਂ ਹਨ, ਉਨ੍ਹਾਂ ਜਗਿਆਸੂ ਰੂਪੀ ਇਸਤਰੀਆਂ ਨੇ ਪ੍ਰਾਣਾਂ ਰੂਪੀ ਪਿਆਰੇ ਵਾਹਿਗੁਰੂ ਨੂੰ ਭਰਮ ਵਿਚ ਲੱਗ ਕੇ ਭੁਲਾਣੀਆ = ਭੁਲਾ ਦਿੱਤਾ ਹੈ ਅਤੇ ਉਹ ਦੂਜੈ = ਦੂਸਰੇ ਦੇਵੀ ਦੇਵਤਿਆਂ ਨੂੰ ਪੂਜਣ ਦੇ ਹੇਤੁ = ਪ੍ਰੇਮ ਵਿਚ ਲੱਗ ਗਈਆਂ ਹਨ **ਵਾ:** ਇਸੇ ਪ੍ਰਕਾਰ ਜਿਹੜੀਆਂ ਭਾਦੁਇ = ਦ੍ਵੈਤ-ਭਾਵ ਵਾਲੀਆਂ ਬੁੱਧੀਆਂ ਹਨ, ਉਹ ਭਰਮ ਦੇ ਭੁੱਲਣ ਵਿਚ ਆ ਰਹੀਆਂ ਹਨ ਅਤੇ ਉਨ੍ਹਾਂ ਦਾ ਦੂਜੀਆਂ ਚੀਜ਼ਾਂ ਭਾਵ ਦੇਵੀ ਦੇਵਤਿਆਂ ਆਦਿ ਨਾਲ ਹੇਤੁ = ਪ੍ਰੇਮ ਲੱਗਾ ਹੋਇਆ ਹੈ **ਅਥਵਾ** ਦੂਸਰੀ ਜੋ ਦੂਜੈ (ਦੂ + ਜੈ) ਦੂ = ਦ੍ਵੈਤ ਰੂਪ, ਜੈ ਕਰਨ ਵਾਲੀ ਹੈ, ਉਸ ਦਾ ਦ੍ਵੈਤ ਰੂਪ ਮਾਇਆ ਹੈ। ਮਾਇਆ ਦਾ ਕਾਰਜ ਸੰਸਾਰ ਹੈ, ਉਹਦੇ ਵਿਚ ਹੇਤੁ = ਪ੍ਰੇਮ ਲੱਗਾ ਹੋਇਆ ਹੈ ਜਿਸ ਕਰਕੇ ਹਰੀ ਪਰਮੇਸ਼ਰ ਦੇ ਸਰੂਪ ਨਾਲ ਏਕਤਾ ਨਹੀਂ ਹੋ ਸਕਦੀ। ਜੈਸਾ ਕਿ :

**ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥** *(ਵਾਰ ਸੂਹੀ ਮ: ੩, ਅੰਗ ੭੮੫)*

***ਨੋਟ :*** ਭਰਮ ਕਿੰਨੇ ਪ੍ਰਕਾਰ ਦਾ ਹੁੰਦਾ ਹੈ ਅਤੇ ਇਸ ਦੀ ਨਵਿਰਤੀ ਕਿਵੇਂ ਹੁੰਦੀ ਹੈ, ਭਰਮ ਬਾਰੇ ਪੜ੍ਹਨ ਲਈ ਸਿਰੀਰਾਗੁ ਵਿਚ ਇਸੇ ਪੋਥੀ ਵਿਚ ਇਸ ਤੁਕ 'ਤੇ ਪੜ੍ਹੋ ਜੀ :

**ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥** *(ਅੰਗ ੭੯)*

**ਸਾਖੀ—ਪਤੀ ਦੀ ਆਗਿਆ ਤੋਂ ਹੀਣੀ ਇਸਤਰੀ ਦੀ :** ਜਿਵੇਂ ਹਰੀਕੇ ਪੱਤਣ ਕੋਲ ਇਕ ਖੋਟੀ ਇਸਤਰੀ ਆਪਣੇ ਪਤੀ ਦਾ ਹਰ ਵਕਤ ਨਿਰਾਦਰ ਕਰਦੀ ਰਹਿੰਦੀ ਸੀ। ਜੋ ਪਤੀ ਨੇ ਕੰਮ ਕਹਿਣਾ, ਉਸ ਨੇ ਉਸ ਤੋਂ ਉਲਟ ਕਰਨਾ। ਉਸ ਨੇ ਉਸ ਖੋਟੀ ਇਸਤਰੀ ਨੂੰ ਬਹੁਤ ਸਾਰੇ ਯਤਨਾਂ ਨਾਲ ਸਮਝਾਉਣਾ ਕੀਤਾ ਪਰ ਉਸ ਉੱਤੇ ਕੋਈ ਅਸਰ ਨਹੀਂ ਹੋਇਆ। ਇਕ ਦਿਨ ਉਸ ਦੇ ਪਿਤਰਾਂ ਦਾ ਦਿਨ ਆਇਆ ਤੇ ਉਹ ਕਹਿਣ ਲੱਗਾ ਕਿ ਆਪਾਂ ਨੇ ਸਰਾਧ ਨਹੀਂ ਕਰਾਉਣੇ। ਪਤਨੀ ਕਹਿਣ ਲੱਗੀ ਕਿ ਮੈਂ ਤਾਂ ਸਰਾਧ ਜ਼ਰੂਰ ਕਰਾਂਗੀ। ਜ਼ਿਮੀਂਦਾਰ ਕਹਿਣ ਲੱਗਾ ਕਿ ਜੇ ਸਰਾਧ ਕਰਾਏ ਤਾਂ ਕਿਸੇ ਨੂੰ ਦਖਸ਼ਣਾ ਨਹੀਂ ਦੇਣੀ। ਕਹਿੰਦੀ ਹੈ—ਦਖਸ਼ਣਾ ਵੀ ਜ਼ਰੂਰ ਦਿਆਂਗੀ। ਇਸੇ ਪ੍ਰਕਾਰ ਹਰੇਕ ਕੰਮ ਉਲਟ ਹੀ ਕਰਿਆ ਕਰੇ। ਫੇਰ ਜ਼ਿਮੀਂਦਾਰ ਕਹਿਣ ਲੱਗਾ ਕਿ ਇਹ ਜਿਹੜੇ ਪਿਤਰਾਂ ਦੇ ਚਿੰਨ੍ਹ ਹਨ, ਇਹਨਾਂ ਨੂੰ ਗੰਗਾ ਜਾ ਕੇ ਪ੍ਰੋ ਆਵਾਂ ਤਾਂ ਕਹਿਣ ਲੱਗੀ ਕਿ ਮੈਂ ਤਾਂ ਰੂੜੀ (ਕੂੜੇ ਕਰਕਟ ਵਾਲੀ ਜਗ੍ਹਾ) 'ਤੇ ਸੁੱਟ ਕੇ ਆਵਾਂਗੀ। ਜ਼ਿਮੀਂਦਾਰ ਬੜਾ ਦੁਖੀ ਹੋਇਆ ਤੇ ਕਹਿਣ ਲੱਗਾ ਕਿ ਮੈਂ ਤੇਰੇ ਪੇਕਿਆਂ ਨੂੰ ਨਹੀਂ ਜਾਣਾ ਅਤੇ ਜਿਹੜਾ ਤੇਰੇ ਪੇਕਿਆਂ ਨੇ ਬਲਦ ਦਿੱਤਾ ਹੈ, ਮੈਂ ਕੋਲੇ ਰੱਖਣਾ ਹੈ, ਦੇਣਾ ਨਹੀਂ। ਉਸੇ ਵੇਲੇ ਕਹਿਣ ਲੱਗੀ ਕਿ ਮੈਂ ਤੈਨੂੰ ਨਾਲ ਲੈ ਕੇ ਪੇਕਿਆਂ ਨੂੰ ਜਾਣਾ ਹੈ ਅਤੇ ਬਲਦ ਵੀ ਮੈਂ ਨਾਲ ਲੈ ਕੇ ਜਾਣਾ ਹੈ। ਜਿਸ ਵਕਤ ਹਰੀਕੇ ਪੱਤਣ ਪੁੱਜੇ ਤਾਂ ਜ਼ਿਮੀਂਦਾਰ ਕਹਿਣ ਲੱਗਾ ਕਿ ਭਾਗਵਾਨੇ! ਆਪਾਂ ਦੋਵੇਂ ਬੇੜੀ 'ਤੇ ਚੜ੍ਹ ਕੇ ਪਾਰ ਹੋ ਜਾਈਏ ਤਾਂ ਕਹਿਣ ਲੱਗੀ ਕਿ ਮੈਂ ਬਲਦ ਦੀ ਪੂਛ ਫੜ ਕੇ ਚੱਲਾਂਗੀ। ਜ਼ਿਮੀਂਦਾਰ ਕਹਿਣ ਲੱਗਾ ਕਿ ਜੇ ਬੇੜੀ ਚੜ੍ਹ ਜਾਂਦੀ ਤਾਂ ਚੰਗੀ ਰਹਿੰਦੀ। ਜਦੋਂ ਹਰੀਕੇ ਪੱਤਣ ਦਰਿਆ ਦੇ ਵਿਚਾਲੇ ਆਏ, ਉਦੋਂ ਆਵਾਜ਼ ਮਾਰ ਕੇ ਕਹਿੰਦਾ ਹੈ ਕਿ ਭਾਗਵਾਨੇ, ਪੂਛ ਘੁੱਟ ਕੇ ਫੜੀ ਰੱਖੀਂ ਤਾਂ ਕਹਿਣ ਲੱਗੀ ਕਿ ਆਹ ਲੈ! ਪੂਛ ਛੱਡ ਦਿੱਤੀ। ਉਸੇ ਵੇਲੇ ਡੁੱਬ ਕੇ ਮਰ ਗਈ। ਫੇਰ ਜ਼ਿਮੀਂਦਾਰ ਉਸ ਦੀ ਲਾਸ਼ ਲੱਭਣ ਲਈ ਗਿਆ। ਸੋਚਣ ਲੱਗਾ ਕਿ ਇਹਦੀ ਲਾਸ਼ ਕਿਥੇ ਹੋਊ? ਜਿੱਧਰ ਨੂੰ ਪਾਣੀ ਜਾਂਦਾ ਸੀ, ਉਸ ਤੋਂ ਉਲਟ ਦੂਸਰੇ ਪਾਸੇ ਚਲਾ ਗਿਆ ਰਸਤੇ ਵਿਚ ਇਕ ਆਦਮੀ ਨੇ ਪੁੱਛਿਆ ਕਿ ਤੂੰ ਕਿਧਰ ਜਾ ਰਿਹਾ ਹੈਂ ਤਾਂ ਉਸ ਨੇ ਕਿਹਾ ਕਿ ਮੇਰੀ ਘਰਵਾਲੀ ਦਰਿਆ ਵਿਚ ਡੁੱਬ ਗਈ ਹੈ, ਉਸ ਦੀ ਲਾਸ਼ ਲੱਭਣ ਲਈ ਇਧਰ ਜਾ ਰਿਹਾ ਹਾਂ। ਉਸ ਰਾਹੀ ਨੇ ਆਖਿਆ ਕਿ ਪਾਣੀ ਦਾ ਵਹਾਅ ਤਾਂ ਦੂਸਰੇ ਪਾਸੇ ਨੂੰ ਜਾ ਰਿਹਾ ਹੈ ਤੂੰ ਉਸ ਤੋਂ ਉਲਟ ਇਸ ਪਾਸੇ ਕਿਉਂ ਆ ਰਿਹਾ ਹੈਂ ਤਾਂ ਜਿਮੀਦਾਰ ਨੇ ਕਿਹਾ ਕਿ ਇਹ ਹਮੇਸ਼ਾ ਉਲਟ ਹੀ ਕੰਮ ਕਰਦੀ ਸੀ ਹੋ ਸਕਦਾ ਹੈ ਹੁਣ ਵੀ ਡੁੱਬ ਕੇ ਉਲਟੇ ਪਾਸੇ ਹੀ ਗਈ ਹੋਵੇ। ਇਸ ਪ੍ਰਕਾਰ ਉਸ ਕੁਲੱਖਣੀ ਇਸਤਰੀ ਦੀ ਸਮਾਪਤੀ ਕੀਤੀ। ਅਸਲ ਵਿਚ ਇਹ ਕਹਾਣੀ ਕਲਜੁਗੀ ਜੀਵਾਂ ਦੀ ਹੈ, ਜਿਨ੍ਹਾਂ ਦੀ ਬੁੱਧੀ ਕੁਲੱਖਣੀ ਇਸਤਰੀ ਦੀ ਨਿਆਈਂ ਹੈ। ਜੋ ਵਾਹਿਗੁਰੂ ਦੀ ਮਰਯਾਦਾ **ਵਾ:** ਵੀਚਾਰਧਾਰਾ ਤੋਂ ਉਲਟ ਦਿਸ਼ਾ ਵੱਲ ਚੱਲਦੇ ਹਨ ਅਤੇ ਅੰਤ ਨੂੰ ਇਹ ਵੀ ਇਉਂ ਹੀ ਉਲਟ ਰਸਤਾ ਭਾਵ ਜਮਾਂ ਦੇ ਮਾਰਗ ਉੱਤੇ ਧਰਮਰਾਜ ਦੀ ਕਚਹਿਰੀ ਵਿਚ ਜਾਣਗੇ ਕਿਉਂਕਿ ਇਹਨਾਂ ਨੇ ਪਰਮੇਸ਼ਰ ਪਤੀ ਦੀ ਨਰਾਜ਼ਗੀ ਹੀ ਲੈਣਾ ਕੀਤੀ ਹੈ, ਜਿਸ ਕਰਕੇ ਨਿਜ ਸਰੂਪ ਘਰ ਦੀ ਪ੍ਰਾਪਤੀ ਨਹੀਂ ਕੀਤੀ।

## ਲਖ ਸੀਗਾਰ ਬਣਾਇਆ; ਕਾਰਜਿ ਨਾਹੀ ਕੇਤੁ ॥

ਐਸੀਆਂ ਇਸਤਰੀਆਂ ਭਾਵੇਂ ਲੱਖਾਂ ਸ਼ਿੰਗਾਰ ਬਣਾਇਆ = ਬਣਾ ਲੈਣ ਪਰੰਤੂ ਉਹ ਪਤੀ ਦੀ ਪ੍ਰਾਪਤੀ ਤੋਂ ਬਿਨਾਂ ਕੇਤੁ = ਕਿਸੇ ਵੀ ਕਾਰਜਿ = ਕੰਮ ਨਾਹੀ = ਨਹੀਂ ਆਉਂਦੀਆਂ। ਇਸ ਪ੍ਰਕਾਰ ਜਗਿਆਸੂ ਰੂਪੀ ਇਸਤਰੀ ਤ੍ਰਾਟਕ, ਪ੍ਰਾਣਾਯਾਮ, ਦਸਮ ਦੁਆਰ ਪ੍ਰਾਣ ਚੜ੍ਹਾ ਲਵੇ, ਕਿਸੇ ਉੱਤੇ ਅਸਰ ਪਾ ਲੈਣਾ, ਮੰਤਰ ਸਿੱਧ ਕਰ ਲੈਣੇ ਆਦਿ, ਐਸੇ ਲੱਖਾਂ ਹੀ ਸਾਧਨ ਰੂਪੀ ਸ਼ਿੰਗਾਰ ਬਣਾਇਆ = ਬਣਾ ਲਵੇ, ਪਰੰਤੂ ਇਹ ਸਾਰੇ ਸਾਧਨ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾਂ ਕੇਤੁ = ਕਿਸੇ ਵੀ ਕਾਰਜਿ = ਕੰਮ ਨਾਹੀ = ਨਹੀਂ ਹਨ ਭਾਵ ਸਾਰੇ ਬੇਅਰਥ ਹਨ। ਇਹ ਸਾਧਨਾ ਰੂਪੀ ਸ਼ਿੰਗਾਰ ਵਿਚ ਮੁਕਤੀ ਰੂਪੀ ਕਾਰਜ ਸਫਲਾ ਨਹੀਂ ਹੁੰਦਾ। ਇਸ ਲਈ ਇਹ ਸਭ ਕੁਝ ਮਿਥਿਆ ਹੈ।

**ਸਾਖੀ—ਸੰਤ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ ਦੀ :** ਇਕ ਵਾਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਜਥੇ ਸਮੇਤ ਸ੍ਰੀ ਹਰਿਗੋਬਿੰਦਪੁਰੇ ਨੂੰ ਜਾਂਦਿਆਂ ਮਹਾਂਪੁਰਸ਼ ਕੁਝ ਸਿੰਘਾਂ ਸਮੇਤ ਅੱਗੇ ਨਿਕਲ ਗਏ ਤੇ ਬਾਕੀ ਜਥੇ ਵਾਲੇ ਸਿੰਘ ਪਿੱਛੇ ਆ ਰਹੇ ਸਨ। ਗੁਰਦੁਆਰਾ ਅੱਚਲ ਸਾਹਿਬ ਤੋਂ ਬਾਹਰ ਨਿਕਲ ਕੇ ਥੇਹ ਉੱਤੇ ਇਕ ਨਾਂਗਾ ਸਾਧ ਬੈਠਾ ਸੀ ਜਿਸ ਨੇ ਤ੍ਰਾਟਕ ਸਾਧਿਆ ਹੋਇਆ ਸੀ। ਉੱਚੇ ਥਾਂ ਆਸਣ ਲਾ ਕੇ ਬੈਠਾ ਹੋਇਆ ਸੀ। ਲੋਕਾਂ ਨੂੰ ਸ਼ਕਤੀ ਅਤੇ ਚਮਤਕਾਰ ਦਿਖਾ ਕੇ ਉਨ੍ਹਾਂ ਤੋਂ ਆਪਣੀ ਪੂਜਾ ਕਰਾਉਂਦਾ ਸੀ। ਜਥੇ ਵਾਲੇ ਸਿੰਘ ਮਹਾਤਮਾ ਜਾਣ ਕੇ ਉਸ ਦੇ ਦਰਸ਼ਨ ਕਰਨ ਲਈ ਉਸ ਦੇ ਕੋਲ ਚਲੇ ਗਏ ਤੇ ਇਹ ਸਾਧ ਕਹਿਣ ਲੱਗਾ ਕਿ ਗੁਰਮੁਖੋ, ਬੈਠ ਜਾਉ। ਸਿੰਘਾਂ ਕੋਲ ਗੁਰਬਾਣੀ ਦੀਆਂ ਪੋਥੀਆਂ ਹੋਣ ਕਰਕੇ ਨਾ ਬੈਠੇ ਤੇ ਕਹਿਣ ਲੱਗੇ ਕਿ ਸੰਤ ਜੀ ! ਤੁਹਾਡੇ ਦਰਸ਼ਨ ਕਰਨੇ ਸੀ, ਸੋ ਕਰ ਲਏ। ਹੇਠਾਂ ਬੈਠਣ ਨਾਲ ਗੁਰਬਾਣੀ ਦਾ ਸਤਿਕਾਰ ਨਹੀਂ ਰਹੇਗਾ। ਸਾਧ ਹੰਕਾਰ ਵਿਚ ਆ ਕੇ ਕਹਿਣ ਲੱਗਾ ਕਿ ਬਿਠਾਉਣਾ ਤਾਂ ਮੈਂ ਜਾਣਦਾ ਹਾਂ। ਸ਼ਕਤੀ ਨਾਲ ਅੱਖਾਂ ਲਾਲ ਪੀਲੀਆਂ ਕਰਕੇ ਝਾਕਦਾ ਰਿਹਾ। ਇਕ ਘੰਟਾ ਖਪਦਾ ਰਿਹਾ ਪਰ ਸਿੰਘਾਂ ’ਤੇ ਕੋਈ ਅਸਰ ਨਾ ਹੋਇਆ। ਜਥੇ ਦੇ ਇਕ ਥੰਮਣ ਸਿੰਘ ਨਾਮ ਦੇ ਸਿੰਘ ਨੇ ਕਿਹਾ ਕਿ ਕਿਉਂ ਬਾਬਾ ਜੀ ! ਇਤਨੀ ਹੀ ਸ਼ਕਤੀ ਸੀ ? ਫਿਰ ਉਹ ਸਿੱਧ ਕੀਤੇ ਮੰਤਰ ਨਾਲ ਕਾਰ ਕੱਢਣ ਲੱਗ ਪਿਆ ਪਰ ਫੇਰ ਵੀ ਕੁਝ ਨਾ ਬਣਿਆ। ਉਥੇ ਮਿਸਤਰੀ ਥੜਾ ਬਣਾ ਰਹੇ ਸੀ, ਉਹ ਕਹਿਣ ਲੱਗੇ ਕਿ ਮਹਾਤਮਾ ਜੀ ! ਤੁਸੀਂ ਤਾਂ ਸਾਰਿਆਂ ਨੂੰ ਆਪਣੇ ਵਸ ਵਿਚ ਕਰ ਲੈਂਦੇ ਹੋ, ਸਿੰਘ ਕਿਉਂ ਨਹੀਂ ਤੁਹਾਡੇ ਕਾਬੂ ਆਏ ? ਫਿਰ ਉਸ ਨੇ ਸੰਖ ਵਜਾ ਕੇ ਸ਼ਕਤੀ ਨਾਲ ਵਸ ਕਰਨਾ ਚਾਹਿਆ, ਤਾਂ ਵੀ ਕੁਝ ਨਾ ਬਣਿਆ। ਇਕ ਪਹਿਰ ਸ਼ਕਤੀ ਦਾ ਯੁੱਧ ਹੁੰਦਾ ਰਿਹਾ। ਸਿੰਘ ਬਾਣੀ ਪੜ੍ਹਦੇ ਰਹੇ ਤੇ ਸਾਧ ਅਸਫਲ ਹੋ ਗਿਆ। ਫਿਰ ਸਿੰਘ ਹਰਿਗੋਬੰਦਪੁਰੇ ਨੂੰ ਚਲੇ ਗਏ। ਇਸੇ ਪ੍ਰਕਾਰ ਸਾਧਨਾ ਕਰਨ ਵਾਲੇ ਸਾਧਕ ਲੱਖਾਂ ਸਾਧਨਾਂ ਦੇ ਸ਼ਿੰਗਾਰ ਬਣਾ ਲੈਣ, ਜੈਸਾ ਕਿ ਤ੍ਰਾਟਕ ਸਾਧਨਾ, ਪ੍ਰਾਣਾਯਾਮ, ਆਸਣ, ਯਮਨੇਮ, ਧੂਣੀਆਂ ਆਦਿਕ ਸਾਰੇ ਸਾਧਨ ਬਣਾਏ ਹੋਏ ਕਿਸੇ ਵੀ ਕੰਮ ਨਹੀਂ, ਜੇਕਰ ਉਨ੍ਹਾਂ ਦੇ ਮਨ ਵਿਚ ਦ੍ਵੈਤ-ਭਾਵ ਹੈ।

## ਜਿਤੁ ਦਿਨਿ, ਦੇਹ ਬਿਨਸਸੀ; ਤਿਤੁ ਵੇਲੈ ਕਹਸਨਿ ਪ੍ਰੇਤੁ ॥

**(ਬਿਨਸ-ਸੀ)**

ਜਿਤੁ ਦਿਨਿ = ਜਿਸ ਦਿਨ ਇਹ ਦੇਹ = ਸਰੀਰ ਬਿਨਸਸੀ = ਨਾਸ਼ ਹੋ ਜਾਵੇਗਾ, ਤਿਤੁ = ਉਸ ਵੇਲੈ = ਸਮੇਂ ਸਾਰੇ ਸੰਬੰਧੀ ਪ੍ਰੇਤ ਪ੍ਰੇਤ ਕਹਸਨਿ = ਕਹਿਣਗੇ ਭਾਵ ਭੂਤ ਦਾ ਦਰਜਾ ਦੇਣਗੇ। ਜੈਸਾ ਕਿ :

**ਘਰ ਕੀ ਨਾਰਿ ਉਰਹਿ ਤਨ ਲਾਗੀ ॥ ਉਹ ਤਉ ਭੂਤੁ ਭੂਤੁ ਕਰਿ ਭਾਗੀ ॥** *(ਅੰਗ ੭੯੪)*

**ਅਥਵਾ** ਜਿਤੁ = ਜਿਤਨੀਆਂ ਦਿਨ ਵਿਚ ਦੇਹਾਂ ਵੇਖਦਾ ਹੈਂ, ਸਭ ਇਕ ਦਿਨ ਵਿਚ ਬਿਨਸਸੀ = ਖ਼ਤਮ ਹੋ ਜਾਣਗੀਆਂ।

***ਨੋਟ :*** ਸੰਸਾਰੀ ਇਸਤਰੀ **ਵਾ:** ਜਗਿਆਸੂ ਇਸਤਰੀ ਨੂੰ ਸਾਂਝਾ ਉਪਦੇਸ਼ ਬਖ਼ਸ਼ ਰਹੇ ਹਨ, ਭਾਵ ਨਾਮ ਤੋਂ ਹੀਣੇ ਦੀ ਐਸੀ ਦਸ਼ਾ ਦਰਸਾਈ ਗਈ ਹੈ।

## ਪਕੜਿ ਚਲਾਇਨਿ ਦੂਤਜਮ; ਕਿਸੈ ਨ ਦੇਨੀ ਭੇਤੁ ॥

ਜਦੋਂ ਧਰਮ ਰਾਜੇ ਦੇ ਜਮਦੂਤ, ਜਿਬਰਾਈਲ, ਮੀਕਾਈਲ, ਇਸਰਾਫੀਲ, ਅਜ਼ਰਾਈਲ ਆਦਿਕ ਇਸ ਸਥੂਲ ਸਰੀਰ ਵਿੱਚੋਂ ਸੂਖਮ ਸਰੀਰ ਨੂੰ ਪਕੜਿ = ਫੜ ਕੇ ਚਲਾਇਨਿ = ਚਲਾਉਣਾ ਕਰਨਗੇ ਤਾਂ ਕਿਸੇ ਨੂੰ ਵੀ ਭੇਤ ਨਹੀਂ ਦੇਨੀ = ਦੇਣਗੇ। ਪਰਿਵਾਰ, ਮਿੱਤਰ, ਸੰਬੰਧੀ ਵੇਖਦੇ ਹੀ ਰਹਿ ਜਾਂਦੇ ਹਨ। ਬਸ ਇਹੋ ਆਖਦੇ ਹਨ ਕਿ ਇਸ ਦੇ ਸੁਆਸ ਪੂਰੇ ਹੋ ਗਏ, ਪਰੰਤੂ ਇਹ ਭੇਤ ਨਹੀਂ ਪਤਾ ਚੱਲਦਾ ਕਿ ਕਿਥੋਂ ਆਇਆ ਸੀ ਤੇ ਕਿਥੇ ਚਲਾ ਗਿਆ ਹੈ। ਜੈਸਾ ਕਿ :

**ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥**
**ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥**

*(ਸਿਰੀਰਾਗੁ ਮ: ੧, ਅੰਗ ੭੫)*

## ਛਡਿ ਖੜੋਤੇ ਖਿਨੈ ਮਾਹਿ; ਜਿਨ ਸਿਉ ਲਗਾ ਹੇਤੁ ॥

ਜਿਨ੍ਹਾਂ ਪੁੱਤਰਾਂ, ਧੀਆਂ, ਸੰਬੰਧੀਆਂ ਸਿਉ = ਨਾਲ ਜੀਵ ਦਾ ਬਹੁਤ ਜ਼ਿਆਦਾ ਹੇਤੁ = ਪ੍ਰੇਮ ਲੱਗਿਆ ਹੋਇਆ ਸੀ, ਉਹ ਸਾਰੇ ਸੰਬੰਧੀ ਇਕ ਖਿਨੈ = ਛਿਨ ਮਾਹਿ = ਵਿਚ ਹੀ ਛੱਡ ਕੇ ਪਾਸੇ ਖੜੋਤੇ = ਖੜ੍ਹੇ ਹੋ ਜਾਂਦੇ ਹਨ। ਅਰਥਾਤ ਉਹ ਮਨੁੱਖ ਦੇ ਜੀਵਨ ਦਾ ਹਿਤ ਤਿੰਨ ਪੱਖਾਂ ਵਿਚ ਜੁੜਦਾ ਹੈ ਭਾਵ ਸੰਸਾਰ ਵਿਚ ਤਿੰਨ ਪ੍ਰਕਾਰ ਦੇ ਮਿੱਤਰ ਹਨ।

### ਤਿੰਨ ਪ੍ਰਕਾਰ ਦੇ ਮਿੱਤਰ :

੧. **ਧਨ :** ਧਨ ਦਾ ਸਾਥ ਉਤਨੀ ਦੇਰ ਹੈ, ਜਿੰਨਾ ਚਿਰ ਤੱਕ ਪ੍ਰਾਲਬਧ ਵਿਚ ਲਿਖਿਆ ਹੈ। ਜਦੋਂ ਧਨ ਮੁੱਕ ਜਾਂਦਾ ਹੈ ਤਾਂ ਮਿੱਤਰ ਅਤੇ ਸੰਬੰਧੀ ਸਾਥ ਛੱਡ ਜਾਂਦੇ ਹਨ। ਜੈਸਾ ਕਿ :

**ਪ੍ਰਾਨ ਗਏ ਕਹੁ ਕਾਂ ਕੀ ਮਾਇਆ ॥** *(ਅੰਗ ੩੨੫)*

**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥** *(ਅੰਗ ੬੩੩)*

੨. **ਸੰਬੰਧੀ :** ਦੂਸਰੇ ਨੰਬਰ ਦੇ ਮਿੱਤਰ ਸਰੀਰ ਦੇ ਸੰਬੰਧੀ ਰਿਸ਼ਤੇਦਾਰ ਹਨ। ਉਹ ਸ਼ਮਸ਼ਾਨ ਭੂਮੀ ਤੱਕ ਸਾਥ ਨਿਭਾਉਂਦੇ ਹਨ। ਕਈ ਵਾਰ ਸੰਬੰਧੀ ਜਿਉਂਦਿਆਂ ਨੂੰ ਵੀ ਤਿਆਗ ਦਿੰਦੇ ਹਨ। ਪਰ ਫਿਰ ਵੀ ਮਰਨ ਤੋਂ ਬਾਅਦ ਲੋਕਾਚਾਰੀ ਕਾਰਨ ਸ਼ਮਸ਼ਾਨ ਭੂਮੀ ਤੱਕ ਸਾਥ ਨਿਭਾ ਜਾਂਦੇ ਹਨ। ਇਹ ਦੂਜੇ ਮਿੱਤਰ ਇਥੋਂ ਤੱਕ ਹੀ ਹਨ।

੩. **ਕਰਮ :** ਕਰਮਾਂ ਨੂੰ ਨਾਲ ਜਾਣ ਵਾਲਾ ਮਿੱਤਰ ਮੰਨਿਆ ਹੈ। ਜਿਹੋ ਜਿਹਾ ਕੋਈ ਚੰਗਾ ਮੰਦਾ ਕਰਮ ਕਰਦਾ ਹੈ, ਉਹੋ ਜਿਹਾ ਫਲ ਪ੍ਰਾਪਤ ਹੋ ਜਾਂਦਾ ਹੈ ਭਾਵ ਜਿਨ੍ਹਾਂ ਦਾ ਜਿਹੋ ਜਿਹਾ ਕਰਮਾਂ ਨਾਲ ਪਿਆਰ ਲੱਗਿਆ ਹੋਇਆ ਹੈ, ਉਹਨਾਂ ਨੂੰ ਉਹੋ ਜਿਹਾ ਫਲ ਪ੍ਰਾਪਤ ਹੋਵੇਗਾ।

## ਹਥ ਮਰੋੜੈ, ਤਨੁ ਕਪੇ; ਸਿਆਹਹੁ ਹੋਆ ਸੇਤੁ ॥

ਜਦੋਂ ਜਮਦੂਤ ਸਥੂਲ ਸਰੀਰ ਵਿੱਚੋਂ ਸੂਖਮ ਸਰੀਰ ਨੂੰ ਕੱਢਦੇ ਹਨ, ਉਸ ਸਮੇਂ ਤਨੁ = ਸਰੀਰ ਕਪੇ = ਕੰਬਦਾ ਹੈ, ਹੱਥ ਮਰੋੜੈ = ਮੁੜ ਜਾਂਦੇ ਹਨ ਅਤੇ ਮੌਤ ਦੇ ਡਰ ਕਾਰਨ ਸਿਆਹਹੁ = ਕਾਲੇ ਤੋਂ ਸੇਤੁ = ਚਿੱਟਾ ਰੰਗ ਹੋਆ = ਹੋ ਜਾਂਦਾ ਹੈ ਭਾਵ ਇਕ ਰੰਗ ਆਉਂਦਾ ਹੈ ਤੇ ਇਕ ਜਾਂਦਾ ਹੈ **ਵਾ:** ਜਿਸ ਵਕਤ ਸਥੂਲ ਸਰੀਰ ਵਿੱਚੋਂ ਸੂਖਮ ਸਰੀਰ ਨੂੰ ਜਮਦੂਤ ਕਪੇ = ਕੱਟਦੇ ਹਨ ਜਿਵੇਂ ਖੇਤ ਵਿੱਚੋਂ ਖੇਤੀ ਨੂੰ ਕੱਟਿਆ ਜਾਂਦਾ ਹੈ, ਇਸੇ ਤਰ੍ਹਾਂ ਜਦੋਂ ਮੌਤ ਦਾ ਸਮਾਂ ਆਇਆ, ਸਰੀਰ ਵਿੱਚੋਂ ਖ਼ੂਨ ਸੁੱਕ ਗਿਆ, ਚਿਹਰੇ ਦਾ ਕਾਲਾ ਸਾਹ ਰੰਗ ਹੋ ਗਿਆ, ਕੇਵਲ ਪਾਨੀ ਹੀ ਪਾਨੀ ਰਹਿ ਗਿਆ। ਭਾਵ ਕਦੇ ਕਾਲਾ ਤੇ ਕਦੇ ਚਿੱਟਾ ਰੰਗ ਹੋ ਜਾਂਦਾ ਹੈ। ਜਿਹੜੀ ਪਾਪਾਂ ਰੂਪੀ ਕਾਲੀ ਰਾਤ ਸੀ **ਵਾ:** ਜੋ ਘੂਰ ਘੂਰ ਕੇ ਚਿਹਰੇ ਨੂੰ ਸਿਆਹਹੁ = ਕਾਲਾ ਬਣਾ ਕੇ ਲੋਕਾਂ ਨੂੰ ਡਰਾਉਂਦਾ ਸੀ ਪਰ ਜਦੋਂ ਜਮਦੂਤ ਲੈਣ ਆਏ, ਉਦੋਂ ਸੇਤੁ = ਚਿੱਟਾ ਦਿਨ ਚੜ੍ਹ ਗਿਆ। ਰੋਸ਼ਨੀ ਹੋ ਗਈ ਕਿ ਮੈਂ ਹੁਣ ਤੱਕ ਐਵੇਂ ਹੰਕਾਰ ਕਰਦਾ ਰਿਹਾ **ਅਥਵਾ** ਜਿਹੜੇ ਸਿਆਹਹੁ = ਜੋ ਰਾਤ ਦੇ ਹਨੇਰੇ ਵਾਂਗ ਲੁਕ ਕੇ ਪਾਪ ਕੀਤੇ ਸੀ, ਉਹ ਸੇਤੁ = ਚਿੱਟੇ ਦਿਨ ਵਾਂਗ ਪ੍ਰਗਟ ਹੋ ਗਏ। ਜੈਸਾ ਕਿ :

**ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥** *(ਤਿਲੰਗ ਮ: ੧, ਅੰਗ ੭੨੫)*

**ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ ॥** *(ਅੰਗ ੧੨੨੪)*

## ਜੇਹਾ ਬੀਜੈ, ਸੋ ਲੁਣੈ; ਕਰਮਾ ਸੰਦੜਾ ਖੇਤੁ ॥

ਮਨੁੱਖ ਜੇਹਾ = ਜਿਹੋ ਜਿਹਾ ਕਰਮ ਰੂਪ ਬੀਜ ਹਿਰਦੇ ਰੂਪੀ ਧਰਤੀ ਵਿਚ ਬੀਜੈ = ਬੀਜੇਗਾ, ਸੋ = ਉਹੋ ਜਿਹਾ ਹੀ ਫਲ ਲੁਣੈ = ਵੱਢੇਗਾ ਭਾਵ ਪ੍ਰਾਪਤ ਕਰੇਗਾ। ਇਹ ਸਰੀਰ ਕਰਮਾਂ ਸੰਦੜਾ = ਦਾ ਖੇਤ ਹੈ। ਹਰੇਕ ਪ੍ਰਾਣੀ ਨੂੰ ਚੰਗੇ ਮਾੜੇ ਕਰਮਾਂ ਅਨੁਸਾਰ ਫਲ ਮਿਲਦਾ ਹੈ। ਜੈਸਾ ਕਿ :

**ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥** *(ਅੰਗ ੭੮)*

**ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥** *(ਅੰਗ ੩੦੮)*

## ਨਾਨਕ ਪ੍ਰਭ ਸਰਣਾਗਤੀ; ਚਰਣ ਬੋਹਿਥ ਪ੍ਰਭ ਦੇਤੁ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਜੀਵ ਔਗੁਣਾਂ ਤੋਂ ਬਚਣ ਲਈ ਪ੍ਰਭ = ਵਾਹਿਗੁਰੂ ਦੀ ਸਰਣਾਗਤੀ = ਸ਼ਰਨ ਵਿਚ ਆਉਂਦਾ ਹੈ ਉਸ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਲਈ ਪ੍ਰਭ = ਪਰਮੇਸ਼ਰ ਆਪਣੇ ਚਰਨਾਂ ਭਾਵ ਨਾਮ ਰੂਪ ਬੋਹਿਥ = ਜਹਾਜ ਤੇ ਚਾੜ ਦੇਤੁ = ਦਿੰਦਾ ਹੈ **ਵਾ:** ਜੋ ਸਤਿਸੰਗਤ ਰੂਪੀ ਕਿਨਾਰੇ ਤੋਂ ਪਰਮੇਸ਼ਰ ਦੇ ਚਰਨਾਂ ਦਾ ਧਿਆਨ ਕਰਨ ਰੂਪ ਜਹਾਜ ਤੇ ਚੜਦੇ ਹਨ, ਉਨ੍ਹਾਂ ਨੂੰ ਪਰਮੇਸ਼ਰ ਮੁਕਤੀ ਰੂਪ ਦੂਸਰੇ ਕਿਨਾਰੇ ਤੇ ਪਹੁੰਚਾ ਦੇਤੁ = ਦਿੰਦਾ ਹੈ।

## ਸੇ ਭਾਦੁਇ, ਨਰਕਿ ਨ ਪਾਈਅਹਿ; ਗੁਰੁ ਰਖਣ ਵਾਲਾ ਹੇਤੁ ॥੭॥

ਭਾਦਰੋਂ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਸੇ = ਉਹ ਪੁਰਖ ਨਰਕਾਂ ਵਿਚ ਨਹੀਂ ਪਾਏ ਜਾਣਗੇ, ਜੋ ਗੁਰੁ = ਸਤਿਗੁਰਾਂ ਨਾਲ ਹੇਤੁ = ਪ੍ਰੇਮ ਰੱਖਣ ਵਾਲੇ ਹਨ **ਵਾ:** ਗੁਰੂ ਸਾਹਿਬ ਸਮਰੱਥ ਸ਼ਕਤੀਵਾਨ ਉਹਨਾਂ ਪਿਆਰਿਆਂ ਦੀ ਰੱਖਿਆ ਕਰਦੇ ਹਨ, ਜਿਨ੍ਹਾਂ ਅੰਦਰ ਵਾਹਿਗੁਰੂ ਦੀ ਬੰਦਗੀ ਦਾ ਹੇਤੁ = ਪਿਆਰ ਪ੍ਰਗਟ ਹੁੰਦਾ ਹੈ, ਸੇ = ਉਹ ਮਨੁੱਖਾ ਸਰੀਰ ਨਰਕ ਵਿਚ ਨਹੀਂ ਪਾਇਆ ਜਾਵੇਗਾ, ਜੋ ਗੁਰੂ ਨਾਲ ਹੇਤੁ = ਪਿਆਰ ਰੱਖਣ ਵਾਲੇ ਹਨ **ਵਾ:** ਗੁਰੂ ਉਨ੍ਹਾਂ ਦੀ ਰੱਖਿਆ ਕਰਨ ਵਾਲਾ ਹੋ ਜਾਂਦਾ ਹੈ। ਸੋ ਇਉਂ ਭਾਦਰੋਂ ਦੇ ਮਹੀਨੇ ਦਾ ਅੰਮ੍ਰਿਤ-ਮਈ ਉਪਦੇਸ਼ ਗੁਰੂ ਸਾਹਿਬ ਜੀ ਨੇ ਬਖ਼ਸ਼ਿਸ਼ ਕੀਤਾ ਹੈ॥੭॥

**ਅੱਸੂ ਦਾ ਮਹੀਨਾ :** ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਅੱਸੂ ਦੇ ਮਹੀਨੇ ਰਾਹੀਂ ਅੰਮ੍ਰਿਤ ਬਚਨਾਂ ਦੁਆਰਾ ਸਿੱਖ ਸੰਗਤਾਂ ਨੂੰ ਗਿਆਨ ਜਨਕ ਉਪਦੇਸ਼ ਬਖ਼ਸ਼ਿਸ਼ ਕਰ ਰਹੇ ਹਨ ਕਿ ਪ੍ਰਭੂ ਦੇ ਪ੍ਰੇਮ ਤੋਂ ਬਿਨਾਂ ਜੀਵ ਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੁੰਦੀ। ਇਹ ਖਟ ਰੁੱਤਾਂ ਵਿਚ ਪਾਵਸ ਰੁੱਤ ਤੋਂ ਬਾਅਦ ਸਰਦ ਰੁੱਤ ਦਾ ਪਹਿਲਾ ਮਹੀਨਾ ਹੈ।

**ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥** *(ਅੰਗ ੯੨੮)*

**[ਅੰਗ ੧੩੫]**

## ਅਸੁਨਿ ਪ੍ਰੇਮ ਉਮਾਹੜਾ; ਕਿਉ ਮਿਲੀਐ ਹਰਿ ਜਾਇ ॥

ਅੱਸੂ ਦੇ ਮਹੀਨੇ ਜਿਨ੍ਹਾਂ ਇਸਤਰੀਆਂ ਦੇ ਮਨ ਵਿਚ ਪ੍ਰੇਮ ਸਹਿਤ ਆਪਣੇ ਪਤੀ ਦੀ ਸੇਵਾ ਦਾ ਉਮਾਹੜਾ = ਉਤਸ਼ਾਹ ਉੱਠਿਆ ਹੈ। ਉਹ ਇਸਤਰੀਆਂ ਵਿਛੋੜੇ ਵਿਚ ਸੋਚਦੀਆਂ ਹਨ ਕਿ ਕਿਵੇਂ ਅਸੀਂ ਆਪਣੇ ਪਤੀ ਨੂੰ ਮਿਲਣਾ ਕਰੀਏ **ਵਾ:** ਇਸੇ ਪ੍ਰਕਾਰ ਜਗਿਆਸੂ ਰੂਪੀ ਇਸਤਰੀਆਂ ਦੇ ਮਨ ਵਿਚ ਪਤੀ ਪਰਮੇਸ਼ਰ ਦੀ ਸੇਵਾ, ਖ਼ੁਸ਼ੀਆਂ ਪ੍ਰਾਪਤ ਕਰਨ ਦਾ ਪ੍ਰੇਮ ਦਾ ਉਮਾਹੜਾ = ਉਤਸ਼ਾਹ ਉੱਠਿਆ ਹੈ ਕਿ ਉਸ ਹਰਿ = ਹਰੀ ਵਾਹਿਗੁਰੂ ਨੂੰ ਜਾਇ = ਜਾ ਕੇ ਕਿਉ = ਕਿਵੇਂ ਮਿਲੀਐ = ਮਿਲਣਾ ਕਰੀਏ, ਜੋ ਹਰ ਜਗ੍ਹਾ ਵਿਆਪਕ ਹੋ ਰਿਹਾ ਹੈ।

***ਪ੍ਰਸ਼ਨ :*** *ਵਾਹਿਗੁਰੂ ਦੀ ਪ੍ਰਾਪਤੀ ਰੂਪ ਪ੍ਰੇਮ ਦਾ ਹਿਰਦੇ ਵਿਚ ਉਤਸ਼ਾਹ ਕਿਵੇਂ ਪੈਦਾ ਹੋਵੇ ?*

***ਉਤਰ :*** ਅਸੁਨਿ (ਅ + ਸੁਨਿ) ਅ = ਆ ਕਰਕੇ ਸਤਿਸੰਗਤ ਵਿਚ ਉਸ ਪਰਮੇਸ਼ਰ ਦੇ ਗੁਣਾਂ ਦੀ ਸਿਫ਼ਤਿ-ਸਾਲਾਹ ਸੁਨਿ = ਸੁਣਨਾ ਕਰ, ਫਿਰ ਹਿਰਦੇ ਵਿਚ ਪ੍ਰੇਮ ਦਾ ਉਤਸ਼ਾਹ ਪੈਦਾ ਹੋਵੇਗਾ **ਵਾ:** ਵਾਹਿਗੁਰੂ ਦੀ ਮਹਿਮਾ ਸੁਣਨ ਨਾਲ ਸੰਸਾਰ ਵਿਚ ਕੋਈ ਆਸਾ ਬਾਕੀ ਨਹੀਂ ਰਹਿੰਦੀ। (ਅ+ਸੁਨਿ) ਆ = ਆਸਾ ਸੁਨਿ = ਸੁੰਨ ਹੋ ਜਾਂਦੀਆਂ ਹਨ ਭਾਵ ਸਾਰੀਆਂ ਆਸ਼ਾਵਾਂ ਖ਼ਤਮ ਹੋ ਜਾਂਦੀਆਂ ਹਨ। ਇਸ ਤਰ੍ਹਾਂ ਪਰਮੇਸ਼ਰ ਦੇ ਨਾਮ ਨੂੰ ਸੁਣਨ ਕਰਕੇ ਗੁਰਮੁਖਾਂ ਦੇ ਮਨ ਵਿਚ ਪ੍ਰੇਮ ਦਾ ਭਾਰੀ ਉਮਾਹੜਾ = ਉਛਾਲਾ ਪੈਦਾ ਹੋ ਜਾਂਦਾ ਹੈ। ਉਹਨਾਂ ਦੇ ਕੰਡਿਆਂ ਦੀ ਨਿਆਈਂ ਰੋਮ ਖੜੇ ਹੋ ਜਾਂਦੇ ਹਨ ਭਾਵ ਰੋਮਾਵਾਲ ਹੋ ਜਾਂਦੇ ਹਨ। ਸਰੀਰ ਦਾ ਚੇਤਾ ਭੁੱਲ ਜਾਂਦਾ ਹੈ।

ਜਿਵੇਂ ਸੰਸਾਰ ਦੀਆਂ ਤਿੰਨ ਤਰ੍ਹਾਂ ਦੀਆਂ ਇਸਤਰੀਆਂ ਹਨ, ਇਸੇ ਤਰ੍ਹਾਂ ਜਗਿਆਸੂ ਜਨ ਇਸਤਰੀਆਂ ਵੀ ਤਿੰਨ ਪ੍ਰਕਾਰ ਦੀਆਂ ਹਨ : ੧. ਜਿਵੇਂ ਪਤੀ ਨੇ ਪ੍ਰਦੇਸ ਜਾਣਾ ਹੋਵੇ ਤਾਂ ਇਹ ਸੁਣਦੇ ਸਾਰ ਉਹਨਾਂ ਦੇ ਹੱਥ ਪੈਰ ਸੁੰਨ ਹੋ ਜਾਂਦੇ ਹਨ। ਜਦੋਂ ਪਤੀ ਚਲਾ ਜਾਂਦਾ ਹੈ ਫਿਰ ਉਸ ਨੂੰ ਭੁੱਲ ਕੇ ਆਮ ਵਿਵਹਾਰ ਵਿਚ ਲੱਗ ਜਾਂਦੀਆਂ ਹਨ। ੨. ਦੂਸਰੇ ਦਰਜੇ ਵਾਲੀਆਂ ਉਹਨਾਂ ਅੰਦਰ ਹਰ ਵਕਤ ਪ੍ਰੇਮ ਦਾ ਐਸਾ ਪ੍ਰਵਾਹ ਚੱਲਦਾ ਹੈ, ਉਹਨਾਂ ਦੇ ਵਿਯੋਗ ਵਿਚ ਰਹਿੰਦੀਆਂ ਦੇ ਸਰੀਰ ਸੁੱਕ ਜਾਂਦੇ ਹਨ। ੩. ਤੀਸਰੇ ਦਰਜੇ ਵਾਲੀਆਂ ਨੂੰ ਅੰਨ ਪਾਣੀ ਚੰਗਾ ਨਹੀਂ ਲੱਗਦਾ, ਵਿਛੋੜਾ ਸਹਿਣ ਨਹੀਂ ਕਰ ਸਕਦੀਆਂ।

**ਜਗਿਆਸੂ ਰੂਪੀ ਇਸਤਰੀ :** ੧. ਜਦੋਂ ਵੈਰਾਗ ਵਾਲੇ ਬਚਨ ਸੁਣਦੀਆਂ ਹਨ, ਉਸ ਸਮੇਂ ਪਰਮੇਸ਼ਰ ਨਾਲ ਸੰਸਾਰ ਵੱਲੋਂ ਸੁੰਨ ਹੋ ਕੇ ਜੁੜ ਜਾਂਦੀਆਂ ਹਨ। ਜਦੋਂ ਬਚਨ ਬੰਦ ਹੋਏ ਤਾਂ ਫੇਰ ਉਹਨਾਂ ਦੀ ਬੁੱਧ ਕਾਰ-ਵਿਹਾਰਾਂ ਵਿਚ ਲੱਗ ਜਾਂਦੀ ਹੈ। ੨. ਦੂਜੇ ਦਰਜੇ ਵਾਲੀਆਂ ਵੈਰਾਗ ਵਿਚ ਆਪਣੇ ਤਨ ਨੂੰ ਸੁਕਾ ਲੈਂਦੀਆਂ ਹਨ ਕਿ ਕਦੋਂ ਵਾਹਿਗੁਰੂ ਦੀ ਪ੍ਰਾਪਤੀ ਹੋਵੇ। ੩. ਤੀਸਰੇ ਦਰਜੇ ਵਾਲੀਆਂ ਜਿਹਨਾਂ ਨੇ ਆਪਣੇ ਆਪ ਨੂੰ ਜੀਵਤ ਭਾਵ ਤੋਂ ਮਾਰ ਕੇ ਹਉਮੈ ਖੋ ਲਈ, ਉਹ ਇਕ ਛਿਨ ਵੀ ਵਿਛੋੜੇ ਵਿਚ ਨਹੀਂ ਰਹਿ ਸਕਦੀਆਂ, ਉਹਨਾਂ ਦੇ ਅੰਦਰ ਪ੍ਰੇਮ ਦਾ ਐਸਾ ਉਛਾਲਾ ਪੈਦਾ ਹੋ ਜਾਂਦਾ ਹੈ। ਉਹਨਾਂ ਦੀ ਹਾਲਤ ਪਪੀਹੇ ਵਾਲੀ ਹੋ ਜਾਂਦੀ ਹੈ। ਜਿਵੇਂ ਹਰ ਜਗ੍ਹਾ ਪਾਣੀ ਵਿਆਪਕ ਹੈ ਪਰ ਪਪੀਹੇ ਦੇ ਕਿਸੇ ਕੰਮ ਨਹੀਂ, ਉਸ ਦਾ ਜੀਵਨ ਸਵਾਂਤੀ ਬੂੰਦ ਦੇ ਪਾਣੀ ਨਾਲ ਜੁੜਿਆ ਹੈ, ਇਸੇ ਤਰ੍ਹਾਂ ਹਰੀ ਵਾਹਿਗੁਰੂ ਹਰੇਕ ਜਾਇ = ਜਗ੍ਹਾ 'ਤੇ ਵਿਆਪਕ ਹੈ ਪਰੰਤੂ ਉਸ ਦੀ ਪ੍ਰਾਪਤੀ ਨਹੀਂ ਹੋ ਰਹੀ, ਕਿਉਂਕਿ ਇਹ ਗੁਰੂ ਰੂਪੀ ਬੱਦਲ ਦੇ ਵਰਸਣ ਤੋਂ ਅੰਮ੍ਰਿਤ ਰੂਪੀ ਸਵਾਂਤੀ ਬੂੰਦ ਦੀ ਨਿਆਈਂ ਪ੍ਰਾਪਤ ਹੋਣਾ ਹੈ। ਜੈਸਾ ਕਿ :

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥** *(ਅੰਗ ੧੨੬੫)*

ਇਸੇ ਤਰ੍ਹਾਂ ਗੁਰੂ ਰੂਪ ਬੱਦਲ ਦੀ ਗਰਜ ਸੁਣ ਕੇ ਜਿਨ੍ਹਾਂ ਦਾ ਚਿਤ ਰੂਪੀ ਬਬੀਹਾ ਬੋਲਦਾ ਹੈ, ਮਨ ਮੋਰ ਦੀ ਨਿਆਈਂ ਆਵਾਜ਼ ਦਿੰਦਾ ਹੈ, ਪੰਛੀ ਹਿਰਨ ਆਦਿਕ ਬੋਲਦੇ ਹਨ, ਮਛਲੀ ਦੀ ਨਿਆਈਂ ਜੀਵ ਜੰਤ ਬੋਲਦੇ ਹਨ, ਇਉਂ ਗੁਰੂ ਰੂਪ ਬੱਦਲ ਮਹਾਨ ਹੈ ਜਿਸ ਨਾਲ ਇਤਨੇ ਸਾਰੇ ਪ੍ਰਕਿਰਤੀ ਦੇ ਜੀਵਾਂ ਦੀ ਨਿਆਈਂ ਜਗਿਆਸੂਆਂ ਦਾ ਪੱਖ ਜੁੜਿਆ ਹੈ ਜੋ ਕਿਤੇ ਹੋਰ ਜਾਇ = ਜਗ੍ਹਾ ਤੋਂ ਪੂਰਾ ਨਹੀਂ ਹੋਣਾ। ਜੈਸਾ ਕਿ :

**ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥** *(ਅੰਗ ੧੨੬੫)*

ਉਹਨਾਂ ਜਗਿਆਸੂ ਜਨਾਂ ਦੀ ਐਸੀ ਦਸ਼ਾ ਹੋ ਜਾਂਦੀ ਹੈ ਕਿ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਹੋਰ ਕੁਝ ਸੁਣਦਾ ਹੀ ਨਹੀਂ।

**ਜੇਤਾ ਸੁਨਣਾ ਤੇਤਾ ਨਾਮੁ ॥** *(ਅੰਗ ੨੩੬)*

ਕੇਵਲ ਪਰਮੇਸ਼ਰ ਦੀ ਆਵਾਜ਼ ਸੁਣਦੀ ਹੈ।

ਜਦੋਂ ਸ਼ਿਵ ਜੀ ਨੇ ਡੌਰੂ ਵਜਾਇਆ ਸੀ, ਉਸ ਆਵਾਜ਼ ਵਿੱਚੋਂ ਜੋੜੀ ਸਿੱਖਣ ਵਾਲਿਆਂ ਨੇ ਜੋੜੀ ਦੀਆਂ ਗਤਾਂ ਉਥੋਂ ਸਿੱਖ ਲਈਆਂ। ਵਿਆਕਰਣ ਦੀ ਭਾਵਨਾ ਵਾਲੇ ਪਾਣਨੀ ਰਿਸ਼ੀ ਨੇ ੧੪ ਸੂਤਰ ਵਿਆਕਰਣ ਦੇ ਕੱਢ ਲਏ। ਇਸੇ ਤਰ੍ਹਾਂ ਜਿਹੋ ਜਿਹੀ ਆਵਾਜ਼ ਉਪਰ ਆਪਣੀ ਭਾਵਨਾ ਟਿਕਾ ਲਈ, ਉਸੇ ਤਰ੍ਹਾਂ ਦੀ ਪ੍ਰਾਪਤੀ ਹੋ ਗਈ। ਸੋ ਇਉਂ ਜਿਹੋ ਜਿਹੀ ਕਿਸੇ ਦੀ ਉਪਾਸ਼ਨਾ ਹੋਵੇਗੀ, ਉਸੇ ਤਰ੍ਹਾਂ ਦਾ ਉਸ ਨੂੰ ਫਲ ਪ੍ਰਾਪਤ ਹੋਵੇਗਾ। ਜਿਵੇਂ ਇਕ ਵਾਰੀ ਅੰਮ੍ਰਿਤ ਵੇਲੇ ਤਿੱਤਰ ਬੋਲਿਆ। ਉਥੇ ਇਕ ਬਾਣੀਆ ਬੱਘੀ 'ਤੇ ਪ੍ਰਚੂਨ ਦਾ ਸੌਦਾ ਵੇਚਣ ਵਾਲਾ ਤੁਰਿਆ ਜਾਂਦਾ ਸੀ। ਕਿਸੇ ਨੇ ਪੁੱਛਿਆ ਕਿ ਤਿੱਤਰ ਕੀ ਆਵਾਜ਼ ਦੇ ਰਿਹਾ ਹੈ ? ਉਸ ਨੇ ਜਵਾਬ ਦਿੱਤਾ ਕਿ ਤਿੱਤਰ ਲੂਣ, ਮਿਰਚ, ਅਦਰਕ ਕਹਿ ਰਿਹਾ ਹੈ, ਕਿਉਂਕਿ ਉਹ ਆਪ ਵੇਚਣ ਚੱਲਿਆ ਸੀ। ਉਥੇ ਇਕ ਪਹਿਲਵਾਨ ਕਸਰਤ ਕਰ ਰਿਹਾ ਸੀ, ਉਸ ਨੂੰ ਪੁੱਛਿਆ ਤਾਂ ਉਹ ਕਹਿੰਦਾ ਹੈ—ਖਾ ਘਿਉ ਕਰ ਕਸਰਤ। ਉਥੋਂ ਰੱਬ ਦੀ ਬੰਦਗੀ ਕਰਨ ਵਾਲਾ ਇਕ ਮਹਾਤਮਾ ਤੁਰਿਆ ਜਾਂਦਾ ਸੀ। ਉਸ ਨੂੰ ਪੁੱਛਿਆ ਤਾਂ ਕਹਿਣ ਲੱਗਾ ਕਿ ਤਿੱਤਰ ਆਪਣੀ ਆਵਾਜ਼ ਵਿਚ ਸੁਭਾਨ ਤੇਰੀ ਕੁਦਰਤ ਬੋਲਦਾ ਹੈ। ਸੋ ਤਿੱਤਰ ਦੀ ਆਵਾਜ਼ ਇਕ ਸੀ, ਸਾਰਿਆਂ ਨੇ ਧੁਨੀ ਵੱਖਰੀ ਵੱਖਰੀ ਕੱਢ ਲਈ। ਇਸੇ ਤਰ੍ਹਾਂ ਗੁਰਮੁਖ ਪਿਆਰੇ ਸਮਝਦੇ ਹਨ ਕਿ ਹਰਿ = ਹਰੀ ਵਾਹਿਗੁਰੂ ਸਾਰਿਆਂ ਦੇ ਹਿਰਦੇ ਵਿਚ ਵਸਦਾ ਹੈ, ਉਸ ਨੂੰ ਕਿਵੇਂ ਪਾਉਣਾ ਕਰੀਏ, ਉਹ ਤਾਂ ਇਥੋਂ ਤੱਕ ਵੀ ਸੋਚਦਾ ਹੈ, ਜੈਸਾ ਕਿ :

**ਸੁਪਨੇ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥**
**ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥**
**ਆਉ ਸੁਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥** *(ਅੰਗ ੫੫੮)*

ਕਦੇ ਨੀਂਦ ਨੂੰ ਕਹਿੰਦੇ ਹਨ ਕਿ ਤੂੰ ਹੀ ਆ ਜਾਂਦੀ ਕਿਉਂਕਿ ਉਸ ਦੇ ਦਰਸ਼ਨ ਸੁਪਨੇ ਵਿਚ ਹੀ ਹੋ ਜਾਣ। ਜਦੋਂ ਸੁਪਨੇ ਵਿਚ ਦਰਸ਼ਨ ਹੋਏ, ਅੱਖ ਖੁੱਲ੍ਹੀ ਤੋਂ ਨੇਤਰ ਭਰ ਭਰ ਕੇ ਰੋਇਆ। ਜਦੋਂ ਜਗਿਆਸੂ ਦੇ ਚਿੱਤ ਦੀ ਬਿਰਤੀ ਇਕਾਗਰ ਹੋ ਜਾਂਦੀ ਹੈ, ਫਿਰ ਉਸ ਨੂੰ ਸੁਪਨੇ ਦੀ ਨਿਆਈਂ ਆਇਆ ਸੁਖ ਰਾਸ ਹੋ ਜਾਂਦਾ ਹੈ ਭਾਵ ਦਰਸ਼ਨ ਹੋ ਜਾਂਦੇ ਹਨ। **ਚਾਰ ਪ੍ਰਕਾਰ ਦੇ ਦਰਸ਼ਨ** :

੧. **ਸੁਪਨ ਦਰਸ਼ਨ** : ਜਿਹੜੇ ਜਗਿਆਸੂ ਜਨਾਂ ਨੂੰ ਸਮਾਧੀ ਵਿਚ ਦਰਸ਼ਨ ਹੋਏ, ਉਹ ਸੁਪਨ ਦਰਸ਼ਨ ਹਨ।
੨. **ਚਿਤਰ ਦਰਸ਼ਨ** : ਗੁਰੂ, ਪੀਰਾਂ, ਅਵਤਾਰਾਂ ਦੀਆਂ ਫੋਟੋਆਂ ਵੇਖ ਕੇ ਚੇਤੇ ਆ ਜਾਣ ਕਿ ਇਹ ਮੇਰਾ ਪਿਆਰਾ ਦੁਨੀਆਂ ਨੂੰ ਤਾਰਦਾ ਹੈ, ਇਹ ਚਿੱਤਰ ਦਰਸ਼ਨ ਹਨ।
੩. **ਸ੍ਵਣ ਦਰਸ਼ਨ** : ਪੁਸਤਕਾਂ ਦੇ ਰਾਹੀਂ **ਅਥਵਾ** ਪਿਆਰੇ ਦੇ ਗੁਣ ਸੁਣਨ ਨਾਲ ਉਸ ਦੀ ਯਾਦ ਆ ਜਾਣੀ, ਇਹ ਸ੍ਵਣ ਦਰਸ਼ਨ ਹਨ।
੪. **ਪ੍ਰਤੱਖ ਦਰਸ਼ਨ** : ਜਦੋਂ ਉਸ ਅਕਾਲ ਪੁਰਖ ਨੂੰ ਅੰਮ੍ਰਿਤ ਨਾਮ ਦੀ ਕੀਤੀ ਕਮਾਈ ਭਾ ਗਈ ਤਾਂ ਪ੍ਰਤੱਖ ਪ੍ਰਗਟ ਹੋ ਕੇ ਦਰਸ਼ਨਾਂ ਦੀ ਪ੍ਰਾਪਤੀ ਹੋ ਜਾਣੀ, ਇਹ ਪ੍ਰਤੱਖ ਦਰਸ਼ਨ ਹੈ।

੧. ਸੁਪਨੇ ਦੇ ਵਿਚ ਗੁਰੂ ਨਾਨਕ ਦੇਵ ਜੀ ਦੇ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਣੇ, ਇਹ ਸੁਪਨ ਦਰਸ਼ਨ ਹਨ। ੨. ਸਤਿਗੁਰੂ ਕਲਗ਼ੀਧਰ ਦੇ ਸਰੂਪ ਦਾ ਚੇਤਾ ਆਉਣਾ ਕਿ ਇਹੋ ਜਿਹੇ ਸਿੰਘ ਸਜਾਏ ਹਨ, ਪਾਤਸ਼ਾਹ ਨੇ ਆਪਣਾ ਬਾਣਾ ਦਿੱਤਾ ਹੈ। ਇਹ ਜਗਿਆਸੂ ਸਿੱਖ ਲਈ ਚਿੱਤਰ ਦਰਸ਼ਨ ਹਨ। ੩. ਗੁਰਬਾਣੀ ਦੁਆਰਾ ਗੁਣ ਸੁਣਨੇ, ਇਹ ਸ੍ਵਣ ਦਰਸ਼ਨ ਹਨ। ੪. ਗੁਰੂ ਸਾਹਿਬ ਪ੍ਰਗਟ ਹੋ ਜਾਣ, ਭਰਮ ਕੱਟਿਆ ਜਾਵੇ, ਜੋਤ ਬਾਹਰ ਵੀ ਪ੍ਰਗਟ ਹੋ ਜਾਵੇ, ਇਹ ਸਾਖਿਆਤਕਾਰ ਭਾਵ ਪ੍ਰਤੱਖ ਦਰਸ਼ਨ ਹਨ। ਸੋ ਇਸ ਪ੍ਰਕਾਰ ਦੀ ਅਵਸਥਾ ਵਿਚ ਪ੍ਰੇਮ ਦਾ ਉਛਾਲਾ ਉੱਠਦਾ ਹੈ ਕਿ ਕਿਵੇਂ ਹਰੀ ਵਾਹਿਗੁਰੂ ਨੂੰ ਮਿਲਿਆ ਜਾਵੇ, ਜੋ ਸਰਬ ਕਲਾ ਭਰਪੂਰ ਵਿਆਪਕ ਹੈ।

## ਮਨਿ ਤਨਿ ਪਿਆਸ ਦਰਸਨ ਘਣੀ; ਕੋਈ ਆਣਿ ਮਿਲਾਵੈ ਮਾਇ॥

ਸਾਡੇ ਮਨ ਅਤੇ ਤਨਿ = ਸਰੀਰ ਵਿਚ ਪਰਮੇਸ਼ਰ ਦੇ ਦਰਸ਼ਨਾਂ ਦੀ ਘਣੀ = ਬਹੁਤ ਜ਼ਿਆਦਾ ਪਿਆਸ ਲੱਗੀ ਹੋਈ ਹੈ **ਵਾ:** ਮਨ ਅਤੇ ਤਨ ਵਿਚ ਨਿਰੰਤਰ ਇਕ-ਰਸ ਦਰਸ਼ਨਾਂ ਦੀ ਘਣੀ = ਬਹੁਤੀ ਪਿਆਸ ਲੱਗੀ ਹੋਈ ਹੈ। ਹੇ ਮਾਇ = ਭਾਈ! ਉੱਤਮ ਸਖੀ, ਮਹਾਤਮਾ ਜਨ, ਤੱਤਬੇਤਿਉ! ਤੁਸੀਂ ਮਾਤਾ ਦੀ ਨਿਆਈਂ ਹੋ। ਕ੍ਰਿਪਾ ਕਰਕੇ ਕੋਈ ਆਣਿ = ਆ ਕੇ ਸਾਨੂੰ ਪਰਮੇਸ਼ਰ ਨਾਲ ਮਿਲਾਵੈ = ਮਿਲਾਉਣਾ ਕਰੋ **ਵਾ:** ਜੋ ਮਾਇ = ਮਾਇਆ ਦਾ ਇਸਥਿਤੀ ਰੂਪੀ ਪਤੀ ਪਰਮੇਸ਼ਰ ਹੈ, ਉਸ ਨਾਲ ਕੋਈ ਆਣਿ = ਆ ਕੇ ਸਾਨੂੰ ਮਿਲਾਉਣਾ ਕਰੇ? ਜੈਸਾ ਕਿ:

**ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ॥** *(ਧਨਾਸਰੀ ਮ: ੩, ਅੰਗ ੬੬੬)*

**ਦਰਸ ਤੇਰੇ ਕੀ ਪਿਆਸ ਮਨਿ ਲਾਗੀ॥** *(ਆਸਾ ਮ: ੫, ਅੰਗ ੩੮੯)*

*ਉੱਤਰ:*

## ਸੰਤ ਸਹਾਈ ਪ੍ਰੇਮ ਕੇ; ਹਉ ਤਿਨ ਕੈ ਲਾਗਾ ਪਾਇ॥

ਸੰਤ = ਸ਼ਾਂਤ ਆਤਮਾ ਮਹਾਂਪੁਰਖ ਵਾਹਿਗੁਰੂ ਨਾਲ ਪ੍ਰੇਮ ਲਾਉਣ ਕੇ = ਦੇ ਵਿਚ ਸਹਾਈ = ਸਹਾਇਕ ਹੁੰਦੇ ਹਨ, ਇਸ ਲਈ ਹਉ = ਮੈ ਤਿਨ = ਉਨ੍ਹਾਂ ਕੈ = ਦੇ ਪਾਇ = ਚਰਨੀਂ ਲਾਗਾ = ਲੱਗਦਾ ਹਾਂ।

ਅਰਥਾਤ ਸੰਤ ਜਨਾਂ ਦੀ ਸੰਗਤ ਤੋਂ ਬਿਨਾਂ ਪ੍ਰੇਮ ਪ੍ਰਾਪਤ ਨਹੀਂ ਹੁੰਦਾ ਅਤੇ ਭਾਵਨਾ ਪ੍ਰੇਮ ਤੋਂ ਬਿਨਾਂ ਭਗਤੀ ਨਹੀਂ ਹੁੰਦੀ। ਜੇਕਰ ਕੋਈ ਇਹ ਸਵਾਲ ਕਰੇ ਕਿ ਸੰਗਤ ਦੀ ਕਿਉਂ ਲੋੜ ਹੈ? ਉਸ ਦਾ ਉੱਤਰ ਇਹ ਹੈ ਕਿ ਜਿਵੇਂ ਨਦੀ ਕਿਨਾਰੇ ਖੜੇ ਬ੍ਰਿਛ ਨੂੰ ਪਾਣੀ ਪਾਉਣ ਦੀ ਲੋੜ ਨਹੀਂ, ਪਰੰਤੂ ਵਰਖਾ ਦੀ ਫੇਰ ਵੀ ਲੋੜ ਪੈਂਦੀ ਹੈ। ਜੇ ਵਰਖਾ ਨਾ ਪਵੇ ਤਾਂ ਜਾਲੇ ਪੈ ਜਾਂਦੇ ਹਨ, ਧੂੜ ਨਾਲ ਬ੍ਰਿਛ ਦਾ ਰੰਗ ਬਦਲਿਆ ਦਿਸਦਾ ਹੈ, ਵਰਖਾ ਪੈਣ 'ਤੇ ਬ੍ਰਿਛ ਸਾਫ਼ ਹੋ ਜਾਂਦਾ ਹੈ, ਇਸੇ ਤਰ੍ਹਾਂ ਜੋ ਪੁਰਖ ਮਿਹਨਤ ਨਾਲ ਜਾਪ ਕਰਨ ਵਾਲਾ ਹੈ, ਉਹ ਪਾਣੀ ਕਿਨਾਰੇ ਖਲੋਤੇ ਬ੍ਰਿਛ ਵਾਂਗੂ ਹੈ, ਉਸ ਨੂੰ ਉਪਦੇਸ਼ ਰੂਪੀ ਪਾਣੀ ਦੀ ਲੋੜ ਨਹੀਂ ਪਰੰਤੂ ਸਤਿਸੰਗਤ ਰੂਪੀ ਵਰਖਾ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਸਤਿਸੰਗਤ ਤੋਂ ਬਿਨਾਂ ਮਾਨ ਨਹੀਂ ਮਿਟਦਾ। ਸੰਗਤ ਨਾਲ ਹਉਮੈ ਦੀ ਧੂੜ ਵੀ ਲਹਿ ਜਾਂਦੀ ਹੈ। ਮੋਹ ਰੂਪੀ ਜਾਲੇ ਵੀ ਧੋਤੇ ਜਾਂਦੇ ਹਨ। ਪ੍ਰੇਮ ਦਾ ਉੱਜਲ ਰੰਗ ਚੜ੍ਹ ਜਾਂਦਾ ਹੈ। ਇਸ ਤਰ੍ਹਾਂ ਸਾਧ ਜਨ ਸਹਾਇਤਾ ਕਰਨ ਵਾਲੇ ਹਨ।

## ਵਿਣੁ ਪ੍ਰਭ ਕਿਉ ਸੁਖੁ ਪਾਈਐ; ਦੂਜੀ ਨਾਹੀ ਜਾਇ॥

ਵਿਣੁ = ਬਿਨਾਂ ਪ੍ਰਭ = ਵਾਹਿਗੁਰੂ ਦੀ ਪ੍ਰਾਪਤੀ ਤੋਂ ਕਿਉ = ਕਿਤੋਂ ਵੀ ਸੁਖੁ = ਅਨੰਦ ਦੀ ਪਾਈਐ = ਪ੍ਰਾਪਤੀ ਨਹੀਂ ਹੁੰਦੀ। ਹੋਰ ਕੋਈ ਦੂਜੀ = ਦੂਸਰੀ ਸੁੱਖ ਦੇਣ ਵਾਲੀ ਜਾਇ = ਜਗ੍ਹਾ ਨਹੀਂ ਹੈ। ਜੈਸਾ ਕਿ:

**ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥**
**ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥** *(ਭੈਰਉ ਮ: ੫, ਅੰਗ ੧੧੪੭)*

## ਜਿੰਨੀ ਚਾਖਿਆ ਪ੍ਰੇਮ ਰਸੁ; ਸੇ ਤ੍ਰਿਪਤਿ ਰਹੇ ਆਘਾਇ॥

ਜਿੰਨ੍ਹੀ = ਜਿਨ੍ਹਾਂ ਨੇ ਵਾਹਿਗੁਰੂ ਦੇ ਨਾਮ ਰੂਪੀ ਰਸੁ = ਸੁਆਦ ਨੂੰ ਪ੍ਰੇਮ ਸਹਿਤ ਚਾਖਿਆ = ਮਾਣਿਆ ਹੈ, ਸੇ = ਉਹ ਗੁਰਮੁਖ ਜਨ ਸੰਸਾਰ ਦੇ ਪਦਾਰਥਾਂ ਵੱਲੋਂ ਤ੍ਰਿਪਤਿ = ਸੰਤੁਸ਼ਟ ਹੋ ਗਏ ਉਨ੍ਹਾਂ ਨੂੰ ਕੋਈ ਇੱਛਾ

ਬਾਕੀ ਨਹੀਂ ਰਹੀ ਅਤੇ ਉਹ ਸਵਰਗ ਆਦਿਕ ਭੋਗਾਂ ਤੋਂ ਵੀ ਆਘਾਇ = ਰੱਜ ਗਏ ਹਨ। ਉਹਨਾਂ ਦੀ ਤਾਂ ਐਸੀ ਅਵਸਥਾ ਹੈ ਜੈਸਾ ਕਿ :

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥** *(ਅੰਗ ੫੩੪)*

ਦੁਨੀਆਂ ਦੇ ਰਾਜ ਦੀ ਭੁੱਖ ਭਾਵ ਪਦਾਰਥਾਂ ਦੀ ਭੁੱਖ ਨਹੀਂ। ਜਿਨ੍ਹਾਂ ਨੂੰ ਚਰਨਾਂ ਦੀ ਪ੍ਰੀਤੀ ਮਿਲ ਗਈ, ਉਹ ਗੁਰਮੁਖ ਤਾਂ ਮੁਕਤੀ ਤੋਂ ਵੀ ਪਰ੍ਹੇ ਹਨ। ਭਰਥਰੀ ਨੂੰ ਵੈਰਾਗ ਲੱਗ ਗਿਆ ਤਾਂ ਉਸ ਨੇ ਪ੍ਰਭੂ ਦੀ ਪ੍ਰਾਪਤੀ ਲਈ ਰਾਜ ਭਾਗ ਤਿਆਗ ਦਿੱਤੇ ਸਨ।

## ਆਪੁ ਤਿਆਗਿ ਬਿਨਤੀ ਕਰਹਿ; ਲੇਹੁ ਪ੍ਰਭੂ ਲੜਿ ਲਾਇ ॥

ਉਹ ਤਾਂ ਕੇਵਲ ਆਪੁ = ਆਪਾ-ਭਾਵ (ਹਉਮੈ) ਨੂੰ ਤਿਆਗਿ = ਛੱਡ ਕੇ ਸਦਾ ਹੀ ਬਿਨਤੀ = ਅਰਦਾਸਾਂ ਕਰਹਿ = ਕਰਦੇ ਹਨ ਕਿ ਹੇ ਪ੍ਰਭੂ ਅਕਾਲ ਪੁਰਖ ! ਸਾਨੂੰ ਆਪਣੇ ਸ਼ਰਨ ਰੂਪੀ ਲੜਿ = ਪੱਲੇ ਨਾਲ ਲਾਇ = ਲਾਉਣਾ ਕਰੋ **ਅਥਵਾ** ਸਦਾ ਲਈ ਇਕ ਬਿਰਤੀ ਦੁਆਰਾ ਨਾਮ ਰੂਪੀ ਪੱਲੇ ਵਿਚ ਲੇਹੁ = ਲਾਉਣਾ ਭਾਵ ਜੋੜ ਲਾਇ = ਲੈਣਾ ਕਰੋ।

**ਸਾਖੀ—ਦਸਵੇਂ ਪਾਤਸ਼ਾਹ ਜੀ ਦੀ :** ਦਸਵੇਂ ਪਾਤਸ਼ਾਹ ਜੀ ਦੇ ਹਜ਼ੂਰ ਇਕ ਵਾਰੀ ਆਗਰੇ ਵਿਚ ਸਭਾ ਲੱਗੀ ਹੋਈ ਸੀ। ਬਹਾਦਰ ਸ਼ਾਹ ਦੇ ਵੱਡੇ ਕਾਜ਼ੀ ਨੇ ਕਲਗ਼ੀਧਰ ਜੀ ਦੀ ਸਭਾ ਵਿਚ ਆ ਕੇ ਪ੍ਰਸ਼ਨ ਕੀਤਾ ਕਿ ਖ਼ੁਦਾ ਦਾ ਕੀ ਪਾਉਣਾ ਹੈ ਭਾਵ ਕਿਵੇਂ ਖ਼ੁਦਾ ਦੀ ਪ੍ਰਾਪਤੀ ਹੁੰਦੀ ਹੈ ? ਕਲਗ਼ੀਧਰ ਜੀ ਕਹਿਣ ਲੱਗੇ ਕਿ ਕੋਈ ਐਬ ਨਾ ਕਰੇ, ਗੁਨਾਹ ਛੱਡ ਦੇਵੇ, ਸਰੀਰ ਕਰਕੇ ਬੰਦਗੀ ਕਰੇ ਅਤੇ ਫੇਰ ਆਖੇ ਕਿ ਹੇ ਖ਼ੁਦਾ ! ਮੈਂ ਭੁੱਲਿਆ ਹੋਇਆ ਹਾਂ। ਕ੍ਰਿਪਾ ਕਰਕੇ ਮੈਨੂੰ ਬਖ਼ਸ਼ ਲਉ। ਇਹ ਸੁਣ ਕੇ ਕਹਿਣ ਲੱਗਾ ਕਿ ਮਹਾਰਾਜ ਜਦੋਂ ਕੋਈ ਐਬ ਨਹੀਂ ਰਹੇਗਾ ਫੇਰ ਕੀ ਲੋੜ ਹੈ ਬੇਨਤੀਆਂ ਕਰਨ ਦੀ ? ਉਹ ਆਪੇ ਬਖਸ਼ਿਆ ਜਾਵੇਗਾ। ਕਲਗ਼ੀਧਰ ਜੀ ਹੱਸ ਕੇ ਕਹਿਣ ਲੱਗੇ ਕਿ ਕਾਜ਼ੀ ਜੀ ! ਆਪਣਾ ਮਨ ਟਿਕਾ ਕੇ ਵੇਖੋ ਕਿ ਟਿਕਦਾ ਹੈ ਕਿ ਨਹੀਂ। ਕਾਜ਼ੀ ਨੇ ਬਹੁਤ ਯਤਨ ਕੀਤੇ ਪਰ ਮਨ ਨਾ ਟਿਕਿਆ। ਕਲਗ਼ੀਧਰ ਜੀ ਕਹਿਣ ਲੱਗੇ ਕਿ ਇਸੇ ਕਰਕੇ ਵਾਹਿਗੁਰੂ ਅੱਗੇ ਮਨ ਕਰਕੇ ਬੇਨਤੀਆਂ ਕਰਨੀਆਂ ਹਨ। ਸਰੀਰ ਕਰਕੇ ਔਗੁਣਾਂ ਨੂੰ ਛੱਡਣਾ ਪਰ ਮਨ ਕਰਕੇ ਫੇਰ ਵੀ ਬੇਨਤੀਆਂ ਨਾਲ ਜੁੜੇ ਰਹਿਣਾ ਤਾਂ ਹੀ ਠੀਕ ਹੋ ਸਕੇਗਾ।

## ਜੋ ਹਰਿ ਕੰਤਿ ਮਿਲਾਈਆ; ਸਿ ਵਿਛੁੜਿ ਕਤਹਿ ਨ ਜਾਇ ॥

ਜੋ = ਜਿਹੜੀਆਂ ਜਗਿਆਸੂ ਰੂਪੀ ਇਸਤਰੀਆਂ ਹਰਿ = ਹਰੀ ਵਾਹਿਗੁਰੂ ਕੰਤਿ = ਪਤੀ ਨੇ ਆਪਣੇ ਵਿਚ ਮਿਲਾਈਆ = ਮੇਲ ਲਈਆਂ ਹਨ **ਵਾ:** ਜਿਹਨਾਂ ਨੂੰ ਨਿਜ ਸਰੂਪ ਦੀ ਸਾਖਿਆਤ ਭਾਵ ਪ੍ਰਾਪਤੀ ਕਰਵਾ ਦਿੱਤੀ ਹੈ, ਸਿ = ਉਹ ਵਿਛੁੜ ਕੇ ਜੂਨਾਂ ਵਿਚ ਕਤਹਿ = ਕਦੇ ਵੀ ਨਹੀਂ ਜਾਇ = ਜਾਂਦੀਆਂ ਕਿਉਂਕਿ ਉਨ੍ਹਾਂ ਨੂੰ ਵਾਹਿਗੁਰੂ ਨੇ ਆਪਣੇ ਨਾਲ ਅਭੇਦ ਕਰ ਲਿਆ ਹੈ। ਜਿਵੇਂ ਜਲ ਵਿਚ ਪੈ ਕੇ ਜਲ ਵੱਖਰਾ ਨਹੀਂ ਹੁੰਦਾ, ਇਸ ਤਰ੍ਹਾਂ ਉਹ ਵੱਖਰੇ ਨਹੀਂ ਹੁੰਦੇ। ਪਰਮੇਸ਼ਰ ਨੇ ਆਪਣੇ ਨਾਲ ਮੇਲਣ ਲਈ ਮਨੁੱਖਾ ਜਨਮ ਦਿੱਤਾ ਹੈ। ਜਿਹੜੇ ਦੇਹ ਅਭਿਮਾਨ ਵੱਲੋਂ ਮਿਟਦੇ ਹਨ, ਉਹ ਕਦੇ ਵੀ ਵਿਛੁੜਦੇ ਨਹੀਂ ਹਨ। ਵਾਹਿਗੁਰੂ ਦੀ ਜੋਤ ਨਾਲ ਮਿਲ ਕੇ ਜੰਮਣ ਮਰਨ ਤੋਂ ਰਹਿਤ ਹੋ ਜਾਂਦੇ ਹਨ ਅਤੇ ਸਵਰਗ ਆਦਿਕ ਦੇ ਸੁੱਖਾਂ ਦੀ ਵਾਸ਼ਨਾ ਵੀ ਨਹੀਂ ਰੱਖਦੇ। ਜੈਸਾ ਕਿ :

**ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥** *(ਅੰਗ ੨੭੮)*

**ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥** *(ਅੰਗ ੬੯੨)*

## ਪ੍ਰਭ ਵਿਣੁ, ਦੂਜਾ ਕੋ ਨਹੀ; ਨਾਨਕ ਹਰਿ ਸਰਣਾਇ ॥

ਸਤਿਗੁਰ ਜੀ ਕਥਨ ਕਰਦੇ ਹਨ ਕਿ ਪ੍ਰਭ = ਅਕਾਲ ਪੁਰਖ ਤੋਂ ਵਿਣੁ = ਬਿਨਾਂ ਦੂਜਾ = ਦੂਸਰਾ ਹੋਰ ਕੋਈ ਨਹੀਂ ਹੈ। ਇਸ ਲਈ ਅਸੀਂ ਹਰਿ = ਹਰੀ ਵਾਹਿਗੁਰੂ ! ਆਪ ਜੀ ਦੀ ਸਰਣਾਇ = ਸ਼ਰਨ ਵਿਚ ਆਏ ਹਾਂ ਭਾਵ ਕਿ ਹੇ ਹਰੀ ਵਾਹਿਗੁਰੂ ! ਅਸੀਂ ਇਹੋ ਹੀ ਅਰਦਾਸ ਕਰਦੇ ਹਾਂ ਕਿ ਆਪ ਜੀ ਦੀ ਸ਼ਰਨ ਦੀ ਪ੍ਰਾਪਤੀ ਹੋਵੇ। ਜੈਸਾ ਕਿ :

**ਜਤ੍ਰ ਜਤ੍ਰ ਮਨੋ ਜਾਤੀ ॥ ਤਤ੍ਰ ਤਤ੍ਰ ਬ੍ਰਹਮ ਦ੍ਰਿਸਟਾਤੀ ॥** *(ਧਰਮ ਸਾਸਤਰ)*

## ਅਸੂ, ਸੁਖੀ ਵਸੰਦੀਆ; ਜਿਨਾ ਮਇਆ ਹਰਿ ਰਾਇ ॥੮॥

ਮਨੁੱਖਾਂ ਸਰੀਰ ਰੂਪੀ ਅੱਸੂ ਦੇ ਮਹੀਨੇ ਵਿਚ ਉਹ ਮਹਾਤਮਾ ਰੂਪ ਸਖੀਆ ਸੁਖ = ਅਨੰਦ ਦੇ ਸਹਿਤ ਵਸੰਦੀਆ = ਵਸਦੀਆਂ ਹਨ, ਜਿਨ੍ਹਾਂ ਉਤੋਂ ਰਾਇ = ਪ੍ਰਕਾਸ਼ ਰੂਪ ਹਰਿ = ਪਰਮੇਸ਼ਰ ਦੀ ਮਇਆ = ਕ੍ਰਿਪਾ ਦ੍ਰਿਸ਼ਟੀ ਹੈ। ਇਉਂ ਗੁਰੂ ਸਾਹਿਬ ਜੀ ਨੇ ਅੱਸੂ ਦੇ ਮਹੀਨੇ ਦੁਆਰਾ ਪਵਿੱਤਰ ਉਪਦੇਸ਼ ਦੇ ਕੇ ਮਹੀਨੇ ਦੀ ਸਮਾਪਤੀ ਕੀਤੀ ਹੈ ॥੮॥

**ਕੱਤਕ ਦਾ ਮਹੀਨਾ :** ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕੱਤਕ ਦੇ ਮਹੀਨੇ ਦੁਆਰਾ ਜਗਿਆਸੂ ਜਨਾਂ ਨੂੰ ਸਮਝਾਉਂਦੇ ਹਨ। ਇਹ ਖਟ ਰੁੱਤਾਂ ਵਿਚ ਪਾਵਸ ਰੁੱਤ ਤੋਂ ਬਾਅਦ ਸਰਦ ਰੁੱਤ ਦਾ ਦੂਸਰਾ ਮਹੀਨਾ ਹੈ। ਜੈਸਾ ਕਿ :

**ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥** *(ਰਾਮਕਲੀ ਮ: ੫, ਅੰਗ ੯੨੮)*

## ਕਤਿਕਿ, ਕਰਮ ਕਮਾਵਣੇ; ਦੋਸੁ ਨ ਕਾਹੂ ਜੋਗੁ ॥

ਕੱਤਕ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜੋ ਵੀ ਜੀਵ ਚੰਗੇ ਮੰਦੇ ਕਰਮਾਂ ਨੂੰ ਕਮਾਵਣੇ = ਕਮਾਉਣਾ ਕਰਦੇ ਹਨ ਉਸ ਦਾ ਹੀ ਫਲ ਭੋਗਦੇ ਹਨ, ਇਸ ਲਈ ਕਾਹੂ = ਕਿਸੇ ਦੇ ਤਾਈਂ ਦੋਸ਼ ਲਾਉਣਾ ਜੋਗ ਨਹੀਂ ਹੈ **ਵਾ:** ਕਤਿਕਿ = ਕੱਤਕ ਮਹੀਨੇ ਦੀ ਤਰ੍ਹਾਂ ਮਨੁੱਖਾ ਸਰੀਰ ਹੈ ਜੋ ਕਿ ਕਰਮਾਂ ਦੇ ਤਾਈਂ ਕਮਾਵਣੇ = ਕਮਾ ਰਿਹਾ ਹੈ। ਜਿਹੋ ਜਿਹੇ ਕਰਮ ਕਮਾਵੇਗਾ, ਉਹੋ ਜਿਹਾ ਫਲ ਮਿਲਦਾ ਹੈ। ਇਸ ਲਈ ਕਿਸੇ ਦੂਸਰੇ ਸਿਰ ਦੋਸ਼ ਲਾਉਣਾ ਕਾਹੂ = ਕਿਸੇ ਤਰ੍ਹਾਂ ਵੀ ਜੋਗੁ = ਚੰਗਾ ਨ = ਨਹੀਂ ਹੈ **ਵਾ:** ਜੋ ਜੀਵ-ਆਤਮਾ ਕਰਮਾਂ ਨੂੰ ਕਮਾਵਣੇ = ਕਮਾ ਰਿਹਾ ਹੈ। ਸ਼ੁਭ ਅਤੇ ਅਸ਼ੁਭ ਕਰਮਾਂ ਰੂਪੀ ਸੂਤ ਨੂੰ ਕਤਿਕਿ = ਕੱਤ ਰਿਹਾ ਹੈ, ਉਸੇ ਅਨੁਸਾਰ ਹੀ ਮੰਦੇ ਕਰਮਾਂ ਦਾ ਫਲ ਦੁੱਖ ਅਤੇ ਚੰਗੇ ਕਰਮਾਂ ਦਾ ਫਲ ਸੁੱਖ ਪ੍ਰਾਪਤ ਹੁੰਦਾ ਹੈ। ਇਸ ਦੁੱਖ ਦਾ ਦੋਸ਼ ਕਾਹੂ = ਕਿਸੇ ਦੂਜੇ ਦੇ ਸਿਰ ਲਾਉਣਾ ਜੋਗੁ = ਉਚਿਤ ਨਹੀਂ ਹੈ। ਜੈਸਾ ਕਿ :

**ਦਦੈ ਦੋਸੁ ਨਾ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥** *(ਆਸਾ ਮ: ੧, ਅੰਗ ੪੩੩)*

**ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥** *(ਅੰਗ ੧੩੬)*

**ਸਾਖੀ—ਧ੍ਰਿਤਰਾਸ਼ਟਰ ਦੀ :** ਕੌਰਵਾਂ ਦੇ ਪਿਤਾ ਧ੍ਰਿਤਰਾਸ਼ਟਰ ਨੇ ਭਗਵਾਨ ਕ੍ਰਿਸ਼ਨ ਨੂੰ ਪੁੱਛਿਆ ਸੀ ਕਿ ਮੈਂ ਅੱਖਾਂ ਤੋਂ ਅੰਨ੍ਹਾ ਕਿਉਂ ਹਾਂ ? ਮੇਰੇ ੧੦੦ ਪੁੱਤਰ ਕਿਉਂ ਮਰੇ ? ਕਿਉਂਕਿ ਮੈਨੂੰ ਪਿਛਲੇ ੧੦੦ ਜਨਮ ਦੀ ਸੋਝੀ ਹੈ। ਉਹਨਾਂ ਵਿਚ ਮੈਂ ਕੋਈ ਐਸਾ ਪਾਪ ਨਹੀਂ ਕੀਤਾ ਜਿਸ ਦੇ ਬਦਲੇ ਮੈਨੂੰ ਇਤਨੇ ਵੱਡੇ ਦੁੱਖ ਪ੍ਰਾਪਤ ਹੋਏ, ਕਿਉਂਕਿ ਦੁੱਖ ਤਾਂ ਪਾਪਾਂ ਦੇ ਕਾਰਨ ਮਿਲਦੇ ਹਨ। ਭਗਵਾਨ ਕ੍ਰਿਸ਼ਨ ਨੇ ਉੱਤਰ ਦਿੱਤਾ ਕਿ ਹੇ ਰਾਜਨ ! ਤੇਰੇ ੧੦੭ਵੇਂ ਜਨਮ ਦੀ ਬਾਤ ਹੈ। ਉਸ ਸਮੇਂ ਵੀ ਤੂੰ ਰਾਜ ਗੱਦੀ 'ਤੇ ਬੈਠਾ ਸੀ। ਉਦੋਂ ਤੇਰੇ ਕੋਲੋਂ ਦੋ ਵੱਡੇ ਪਾਪ ਹੋਏ। ਇਕ ਤਾਂ ਤੂੰ ਇਕ ਟਿੱਡੇ ਦੀਆਂ ਅੱਖਾਂ ਵਿਚ ਸੂਲ ਮਾਰੀ ਤੇ ਉਸ ਨੂੰ ਅੰਨ੍ਹਾ ਕਰ ਦਿੱਤਾ। ਇਕ ਤੈਨੂੰ ਮਾਸ ਖਾਣ ਦਾ ਬੜਾ ਚਸਕਾ ਸੀ। ਜੋ ਸ਼ਿਕਾਰੀ ਤੈਨੂੰ ਹਰ ਰੋਜ਼ ਮਾਸ ਲਿਆ ਕੇ

ਦਿੰਦਾ ਸੀ, ਇਕ ਦਿਨ ਵਰਖਾ ਪੈਣ ਕਰਕੇ ਜਾ ਨਾ ਸਕਿਆ ਤੇ ਤੇਰੇ ਮਹਿਲਾਂ ਵਿਚ ਹੰਸਾਂ ਦੇ ੧੦੦ ਬੱਚੇ ਰਹਿੰਦੇ ਸਨ, ਉਸ ਨੇ ਉਹਨਾਂ ਵਿੱਚੋਂ ਤੈਨੂੰ ਇਕ ਬੱਚਾ ਮਾਰ ਕੇ ਮਾਸ ਤਿਆਰ ਕਰਕੇ ਦਿੱਤਾ। ਉਸ ਮਾਸ ਵਿੱਚੋਂ ਤੈਨੂੰ ਇਤਨਾ ਸੁਆਦ ਆਇਆ ਕਿ ਤੂੰ ਉਸ ਨੂੰ ਹੁਕਮ ਦਿੱਤਾ ਕਿ ਹਰ ਰੋਜ਼ ਇਹਨਾਂ ਪੰਛੀਆਂ ਦਾ ਹੀ ਮਾਸ ਲਿਆਇਆ ਕਰੋ। ਤੂੰ ਹੰਸਾਂ ਦੇ ੧੦੦ ਬੱਚੇ ਆਪਣੀ ਜੀਭ ਦੇ ਚਸਕੇ ਵਿਚ ਖਾ ਗਿਆ। ਜਦੋਂ ਮਾਨ ਸਰੋਵਰ ਤੋਂ ਉਹ ਹੰਸ ਵਾਪਸ ਆਏ ਤਾਂ ਉਹਨਾਂ ਨੇ ਆਪਣੇ ਬੱਚਿਆਂ ਨੂੰ ਮਹਿਲਾਂ ਵਿਚ ਨਾ ਪਾਇਆ ਪਰ ਆਪਣੇ ਬੱਚਿਆਂ ਦੀਆਂ ਖਿਲਰੀਆਂ ਹੋਈਆਂ ਹੱਡੀਆਂ ਵੇਖੀਆਂ। ਉਹਨਾਂ ਨੇ ਆਪਣੇ ਬੱਚਿਆਂ ਦੇ ਵਿਛੋੜੇ ਵਿਚ ਅੰਤਰ ਆਤਮੇ ਆਵਾਜ਼ ਵਿਚ ਸਰਾਪ ਦਿੱਤਾ ਕਿ ਜਿਸ ਪਾਪ ਆਤਮਾ ਨੇ ਅੱਜ ਸਾਨੂੰ ਬੱਚਿਆਂ ਦੇ ਦੁੱਖ ਵਿਚ ਤੜਫਾਇਆ ਹੈ, ਉਹ ਕਦੇ ਇਸ ਤਰ੍ਹਾਂ ਬੱਚਿਆਂ ਦੇ ਵਿਛੋੜੇ ਵਿਚ ਤੜਫੇ। ਸੋ ਹੇ ਰਾਜਨ! ਤੇਰੇ ਦੋਹਾਂ ਪਾਪਾਂ ਦਾ ਫਲ ਤੇਰਾ ਅੰਨ੍ਹੇ ਹੋਣ ਦੇ ਰੂਪ ਵਿਚ ਅਤੇ ਪੁੱਤਰ ਵਿਯੋਗ ਦਾ ਕਾਰਨ ਤੈਨੂੰ ਪਾਪ ਦਾ ਫਲ ਦੁੱਖ ਰੂਪ ਵਿਚ ਪ੍ਰਾਪਤ ਹੋਇਆ ਹੈ। ਫਿਰ ਕਹਿਣ ਲੱਗਾ ਕਿ ਮੈਨੂੰ ਇਸ ਦਾ ਫਲ ਪਹਿਲਾਂ ਕਿਉਂ ਨਹੀਂ ਮਿਲਿਆ? ਭਗਵਾਨ ਜੀ ਨੇ ਕਿਹਾ ਕਿ ਜਿਵੇਂ ਬਲ ਵਾਲਿਆਂ ਪੁਰਸ਼ਾਂ ਨੇ ਕੋਈ ਕਾਰਜ ਕਰਨਾ ਹੋਵੇ ਤਾਂ ਉਹ ਕਮਜ਼ੋਰ ਨੂੰ ਪਿੱਛੇ ਧੱਕ ਕੇ ਪਹਿਲਾਂ ਆਪਣਾ ਕਾਰਜ ਕਰ ਲੈਂਦੇ ਹਨ ਪਰੰਤੂ ਕਮਜ਼ੋਰ ਵੀ ਦੇਰੀ ਨਾਲ ਆਪਣਾ ਕਾਰਜ ਕਰ ਲੈਂਦੇ ਹਨ। ਇਸੇ ਤਰ੍ਹਾਂ ਤੇਰੇ ਪੁੰਨ ਬਲ ਵਾਲੇ ਸਨ ਪਰੰਤੂ ਜਦੋਂ ਤੂੰ ਪਾਂਡਵਾਂ ਨਾਲ ਧੋਖਾ ਕੀਤਾ, ਉਹਨਾਂ ਨੂੰ ਸਾੜਨਾ ਚਾਹਿਆ, ਬਸ ਫੇਰ ਤੇਰੇ ਸਾਰੇ ਪੁੰਨ ਨਾਸ਼ ਹੋ ਗਏ। ਪਿਛਲੇ ਕਰਮਾਂ ਦਾ ਫਲ ੧੦੦ ਪੁੱਤਰ ਵਿਯੋਗ ਰੂਪ ਵਿਚ ਮਿਲਣਾ ਸ਼ੁਰੂ ਹੋ ਗਿਆ। ਪਹਿਲਾਂ ਪਾਪ ਭੋਗਣ ਦਾ ਸਮਾਂ ਤੇਰੇ ਪੁੰਨਾਂ ਦੇ ਪ੍ਰਤਾਪ ਕਰਕੇ ਪ੍ਰਾਪਤ ਨਹੀਂ ਹੋਇਆ। ਫੇਰ ਧ੍ਰਿਤਰਾਸ਼ਟਰ ਨੇ ਬਦਰੀਨਾਥ ਜਾ ਕੇ ਬਿਦਰ ਤੋਂ ਕਥਾ ਸੁਣਨੀ ਸ਼ੁਰੂ ਕੀਤੀ ਅਤੇ ਤਪ ਕਰਨ ਲੱਗਾ। ਆਪਣੇ ਪਾਪਾਂ ਨੂੰ ਬਖ਼ਸ਼ਾਉਣ ਵਾਸਤੇ ਇਹ ਕਥਾ ਭਾਗਵਤ ਪੁਰਾਣ ਦੇ ਅੰਦਰ ਆਉਂਦੀ ਹੈ। ਜੀਵ ਦੀ ਇਹੀ ਕਮਜ਼ੋਰੀ ਹੈ ਕਿ ਇਹ ਕੀਤੇ ਔਗੁਣਾਂ ਨੂੰ ਅਤੇ ਪਾਪਾਂ ਨੂੰ ਭੁੱਲ ਜਾਂਦਾ ਹੈ ਪਰੰਤੂ ਜੇਕਰ ਇਕਾਗਰ ਚਿੱਤ ਹੋ ਕੇ ਵੇਖੇ ਕਿ ਕਿਤਨੇ ਮੰਦੇ ਕਰਮ ਕਮਾਏ। ਬਾਲਕ, ਜਵਾਨੀ ਅਵਸਥਾ ਵਿਚ ਜੋ ਜੋ ਕੀਤੇ, ਉਸ ਦਾ ਫਲ ਬਾਕੀ ਪਿਆ ਹੈ ਪਰੰਤੂ ਦੁਸ਼ਮਣ ਉੱਤੇ ਇਲਜ਼ਾਮ ਲਾਉਣੇ ਕਿ ਮੇਰੇ ਦੁਸ਼ਮਣ ਨੇ ਇਹ ਕੀਤਾ, ਕੋਈ ਕਹਿੰਦਾ, ਕਿਸੇ ਨੇ ਮੈਥੋਂ ਇਹ ਕਰਮ ਕਰਵਾ ਦਿੱਤੇ, ਇਹ ਗੱਲ ਵਾਹਿਗੁਰੂ ਦੀ ਦਰਗਾਹ ਵਿਚ ਮੰਨੀ ਨਹੀਂ ਜਾਣੀ।

## ਪਰਮੇਸਰ ਤੇ ਭੁਲਿਆਂ; ਵਿਆਪਨਿ੍ ਸਭੇ ਰੋਗ ॥

ਅਕਾਲ ਪੁਰਖ ਨੂੰ ਭੁਲਿਆਂ = ਵਿਸਰਨ ਤੇ = ਤੋਂ ਸਭੇ = ਸਾਰੇ ਮਨੁੱਖਾ ਜੀਵਨ ਦੇ ਭਿਆਨਕ ਰੋਗ ਵਿਆਪਨਿ = ਚਿੰਬੜ ਜਾਂਦੇ ਹਨ **ਵਾ:** ਪਰਮੇਸ਼ਰ (ਪਰਮ + ਈਸਰ) ਜੋ ਪਰਮ = ਵੱਡਾ ਈਸਰ = ਈਸ਼ਵਰ ਹੈ, ਜੋ ਪੰਜ ਪ੍ਰਕਾਰ ਦੇ ਈਸ਼ਰ ਮੰਨੇ ਹਨ: ਗਣੇਸ਼, ਵਿਸ਼ਨੂੰ, ਸ਼ਿਵ ਜੀ, ਸੂਰਜ ਅਤੇ ਇਕ ਸ਼ਕਤੀ ਨੂੰ ਈਸ਼ਰ ਮੰਨਿਆ ਹੈ। ਇਹ ਪੰਜ ਈਸ਼ਰਾਂ ਦੀ ਉਪਾਸ਼ਕ ਲੋਕ ਉਪਾਸ਼ਨਾ ਕਰਦੇ ਹਨ ਪਰੰਤੂ ਜੋ ਇਹਨਾਂ ਸਾਰਿਆਂ ਦਾ ਕਾਰਣ ਰੂਪ ਪਰਮ ਅਕਾਲ ਪੁਰਖ ਵਾਹਿਗੁਰੂ ਹੈ, ਉਸ ਨੂੰ ਭੁੱਲ ਕੇ ਸਾਰੇ ਰੋਗ ਚਿੰਬੜਦੇ ਹਨ। ਅਰਥਾਤ ਅਗਿਆਨ, ਬੁਰਾ ਭਲਾ ਸਮਝਣਾ, ਦੁਸ਼ਮਣ, ਮਿੱਤਰ, ਉਸਤਤ, ਨਿੰਦਾ। ਇਹ ਵਿਆਪਨਿ੍ = ਚਿੰਬੜ ਜਾਂਦੇ ਹਨ। ਵਾਹਿਗੁਰੂ ਤੋਂ ਬਿਨਾਂ ਜੀਵ ਇਹਨਾਂ ਵਿਚ ਉਲਝ ਕੇ ਰਹਿ ਜਾਂਦਾ ਹੈ। ਇਸ ਤੋਂ ਇਲਾਵਾ ਇਹ ਤਿੰਨ ਪ੍ਰਕਾਰ ਦੇ ਰੋਗ ਮੰਨੇ ਹਨ:

੧. **ਬਾਣੀ ਦੇ ਰੋਗ**: ਮੰਦਾ ਬੋਲਣਾ, ਨਿੰਦਿਆ ਕਰਨੀ।
੨. **ਸਰੀਰਕ ਰੋਗ**: ਅਨੇਕਾਂ ਪ੍ਰਕਾਰ ਦੀਆਂ ਸਰੀਰਕ ਬੀਮਾਰੀਆਂ ਦਾ ਨਾਮ ਸਰੀਰਕ ਰੋਗ ਹੈ।
੩. **ਮਨ ਦੇ ਰੋਗ**: ਆਪਣੇ ਔਗੁਣਾਂ ਨੂੰ ਲੁਕੋ ਕੇ ਰੱਖਣਾ, ਕਿਸੇ ਦਾ ਬੁਰਾ ਚਿਤਵਦੇ ਰਹਿਣਾ। ਇਹਨਾਂ

ਨੂੰ ਆਧੀ, ਬਿਆਧੀ, ਉਪਾਧੀ ਰੋਗ ਵੀ ਕਿਹਾ ਜਾਂਦਾ ਹੈ। ਇਉਂ ਇਹ ਚਿੰਬੜ ਜਾਂਦੇ ਹਨ ਜਦੋਂ ਜੀਵ ਇਹਨਾਂ ਰੋਗਾਂ ਦੀ ਜਕੜ ਵਿਚ ਆ ਜਾਂਦਾ ਹੈ।

## ਵੇਮੁਖ ਹੋਏ ਰਾਮ ਤੇ; ਲਗਨਿ ਜਨਮ ਵਿਜੋਗ ॥

ਜੋ ਰਾਮ = ਰਮੇ ਹੋਏ ਪਰਮੇਸ਼ਰ ਤੇ = ਤੋਂ ਵੇਮੁਖ ਭਾਵ ਉਲਟ ਹੋਏ = ਹੋ ਗਏ ਹਨ, ਉਨ੍ਹਾਂ ਨੂੰ ਜਨਮਾਂ ਜਨਮਾਤਰਾਂ ਦੇ ਵਿਜੋਗ = ਵਿਛੋੜੇ ਲਗਨਿ = ਲੱਗ ਜਾਂਦੇ ਹਨ **ਵਾ:** ਜਨਮ = ਜੰਮਣਾ ਤੇ ਵਿਜੋਗ = ਵਿਛੋੜਾ (ਮਰਨਾ) ਅਰਥਾਤ ਜੰਮਣ ਮਰਣ ਰੂਪ ਦੁੱਖ ਲੱਗਾ ਰਹਿੰਦਾ ਹੈ। ਇਸ ਕਰਕੇ ਆਵਾਗਉਣ, ਜੰਮਣ ਮਰਣ ਵਿਚ ਪਏ ਰਹਿੰਦੇ ਹਨ। ਸਕਾਮ ਕਰਮਾਂ ਰੂਪੀ ਪਾਣੀ ਲਿਆਉਂਦੇ ਹਨ, ਉਹਨਾਂ ਨੂੰ ਭੋਗ ਕੇ ਖ਼ਾਲੀ ਚਲੇ ਜਾਂਦੇ ਹਨ।

## ਖਿਨ ਮਹਿ ਕਉੜੇ ਹੋਇ ਗਏ; ਜਿਤੜੇ ਮਾਇਆ ਭੋਗ ॥

ਜਿਤੜੇ = ਜਿਤਨੇ ਵੀ ਮਾਇਆ ਦੇ ਭੋਗ = ਪਦਾਰਥ ਸਨ ਇਹ ਸਾਰੇ ਅੰਤ ਸਮੇਂ ਇਕ ਖਿਨ = ਛਿਨ ਮਹਿ = ਵਿਚ ਕਉੜੇ ਭਾਵ ਦੁਖਦਾਇਕ ਹੋ ਗਏ **ਵਾ:** ਜੋ ਜੀਵ ਨੇ ਮਾਇਆ ਦੇ ਭੋਗ ਪਦਾਰਥਾਂ ਨੂੰ ਮਿੱਠੇ ਰਸਦਾਇਕ ਸੁਆਦਲੇ ਮੰਨਿਆ ਸੀ, ਉਹ ਅੰਤ ਨੂੰ ਜ਼ਹਿਰੀਲੇ ਹੋ ਕੇ ਚਿੰਬੜ ਜਾਂਦੇ ਹਨ। ਜਿਵੇਂ ਕੋਈ ਆਦਮੀ ਜ਼ਹਿਰ ਵਾਲੇ ਲੱਡੂ ਨੂੰ ਮਿੱਠਾ ਜਾਣ ਕੇ ਖਾ ਲਵੇ ਤਾਂ ਜ਼ਹਿਰ ਉਸ ਦੇ ਫੇਫੜਿਆਂ ਨੂੰ ਪਾੜ ਦਿੰਦੀ ਹੈ ਅਤੇ ਪ੍ਰਾਣ ਨਿਕਲ ਜਾਂਦੇ ਹਨ, ਇਸੇ ਪ੍ਰਕਾਰ ਇਹ ਮਾਇਆ ਦੇ ਵਿਸ਼ੇ-ਵਿਕਾਰ, ਭੋਗ ਪਦਾਰਥ ਉਪਰੋਂ ਸੁਖਦਾਇਕ ਹੁੰਦੇ ਹਨ ਪਰ ਇਹ ਜ਼ਹਿਰ ਵਾਲੇ ਲੱਡੂਆਂ ਦੀ ਨਿਆਈਂ ਹਨ ਅਤੇ ਅੰਤ ਨੂੰ ਇਹ ਸਾਰੇ ਦੁਖਦਾਇਕ ਹੋ ਜਾਂਦੇ ਹਨ। ਜਿਨ੍ਹਾਂ ਨੇ ਹਰੀ ਪਰਮੇਸ਼ਰ ਦੇ ਨਾਮ ਨੂੰ ਵੀਚਾਰਿਆ ਹੈ, ਉਹ ਮੁਕਤੀ ਨੂੰ ਪ੍ਰਾਪਤ ਹੋ ਜਾਂਦੇ ਹਨ। ਜੈਸਾ ਕਿ :

**ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ ॥**
**ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥** *(ਅੰਗ ੩੨੦)*

**ਸਾਖੀ—ਇਕ ਸ਼ਾਹੂਕਾਰ ਦੀ :** ਇਕ ਪੁੰਨਾਂ ਦੇ ਪ੍ਰਤਾਪ ਵਾਲਾ ਸ਼ਾਹੂਕਾਰ ਸੀ, ਉਸ ਨੂੰ ਪੁੰਨਾਂ ਦੇ ਪ੍ਰਤਾਪ ਕਰਕੇ ਆਪਣੀ ਮੌਤ ਦਾ ਗਿਆਨ ਹੋ ਗਿਆ ਕਿ ਹੁਣ ਮੇਰੀ ਮੌਤ ਦਾ ਸਮਾਂ ਨੇੜੇ ਆ ਗਿਆ ਹੈ। ਇਸ ਨੇ ਆਪਣੇ ਪੁੱਤਰਾਂ ਨੂੰ ਬੁਲਾ ਕੇ ਕਿਹਾ ਕਿ ਬੱਚਿਉ ! ਪਿਤਾ ਦਾ ਅੰਤਿਮ ਉਪਦੇਸ਼ ਸੁਣ ਲਵੋ। ਸਤਪ੍ਰਤਗੀ ਹੋਣਾ, ਝੂਠ ਨਹੀਂ ਬੋਲਣਾ, ਕਿਸੇ ਦਾ ਦਿਲ ਨਹੀਂ ਦੁਖਾਉਣਾ, ਹੱਕ ਦੀ ਕਮਾਈ ਖਾਣੀ, ਪੁੰਨ ਕਰਮ ਹਮੇਸ਼ਾ ਹੀ ਕਰਦੇ ਰਹਿਣਾ, ਜਿਸ 'ਤੇ ਅਗਲਾ ਜਨਮ ਸੁੱਖ ਪ੍ਰਾਪਤੀ ਵਾਲਾ ਹੋਵੇ। ਮੈਂ ਹੁਣ ਚੱਲਿਆ ਹਾਂ। ਕੋਈ ਮੇਰੇ ਕੋਲੋਂ ਗੱਲ ਪੁੱਛਣੀ ਹੈ ਤਾਂ ਪੁੱਛ ਸਕਦੇ ਹੋ। ਪੁੱਤਰਾਂ ਨੇ ਮੋਹ ਵਿਚ ਆ ਕੇ ਕਿਹਾ ਕਿ ਮੇਹਰਬਾਨੀ ਕਰਕੇ ਇਤਨਾ ਦੱਸ ਦਿਉ ਕਿ ਆਪ ਹੁਣ ਇਹ ਸਰੀਰ ਤਿਆਗ ਕੇ ਕਿਥੇ ਜਾ ਰਹੇ ਹੋ ? ਸ਼ਾਹੂਕਾਰ ਨੇ ਉੱਤਰ ਦਿੱਤਾ ਕਿ ਮੇਰਾ ਕੋਈ ਪਿਛਲੇ ਜਨਮਾਂ ਦਾ ਮਾੜਾ ਕਰਮ ਅੱਗੇ ਆ ਗਿਆ ਹੈ ਜਿਸ ਕਰਕੇ ਫਲਾਨੇ ਸੂਰ ਪਾਲਣ ਵਾਲਿਆਂ ਦੇ ਘਰ ਸੂਰੀ ਦੇ ਪੇਟ ਤੋਂ ਸੂਰ ਦਾ ਜਨਮ ਲੈ ਕੇ ਨਖਿੱਧ ਕਰਮ ਦਾ ਫਲ ਭੋਗਾਂਗਾ। ਬੱਚਿਆਂ ਨੇ ਮੋਹ ਵਿਚ ਆ ਕੇ ਕਿਹਾ ਕਿ ਪਿਤਾ ਜੀ ! ਨਿਸ਼ਾਨੀ ਕੀ ਹੋਵੇਗੀ ? ਇਸ ਨੇ ਕਿਹਾ ਕਿ ਮੇਰੀ ਖੱਬੀ ਵੱਖੀ ਦੇ ਉੱਤੇ ਚਿੱਟਾ ਡੱਬ ਹੋਵੇਗਾ। ਇਸ ਨਿਸ਼ਾਨੀ ਨੂੰ ਦੇਖ ਕੇ ਮੈਨੂੰ ਮਿਲ ਲੈਣਾ। ਪਰ ਇਹ ਖ਼ਿਆਲ ਰਹੇ, ਫੇਰ ਮੈਂ ਤੁਹਾਡਾ ਜਾਂ ਤੁਸੀਂ ਮੇਰੇ ਨਹੀਂ ਹੋਵੋਗੇ। ਇਹ ਕਹਿ ਕੇ ਸ਼ਾਹੂਕਾਰ ਮਰ ਗਿਆ। ਥੋੜ੍ਹੇ ਸਮੇਂ ਤੋਂ ਬਾਅਦ ਸੂਰ ਪਾਲਣ ਵਾਲਿਆਂ ਦੇ ਘਰ ਜੋ ਵੱਡੀ ਸੂਰੀ ਸੂਣ ਵਾਲੀ ਸੀ, ਉਸ ਨੇ ਸੂ ਕੇ ਕਈ ਬੱਚੇ ਦਿੱਤੇ। ਸ਼ਾਹੂਕਾਰ ਦੇ ਬੱਚੇ ਇਕੱਠੇ ਹੋ ਕੇ ਉਸ ਦੇ ਘਰ ਸੂਰੀ ਦੇ ਬੱਚੇ ਦੇਖਣ ਗਏ ਕਿ ਸਾਡਾ ਪਿਤਾ ਇਨ੍ਹਾਂ ਵਿਚ ਹੈ। ਸੂਰੀ ਦੇ ਪੇਟੋਂ ਬਾਰ੍ਹਾਂ ਬੱਚੇ ਜੰਮੇ। ਬਾਰਾਂ ਵਿੱਚੋਂ ਸਿਰਫ਼ ਇਕ ਬੱਚੇ ਦੇ ਖੱਬੀ ਵੱਖੀ ਵਿਚ ਚਿੱਟਾ ਡੱਬ ਸੀ। ਸ਼ਾਹੂਕਾਰ

ਦੇ ਬੱਚੇ ਇਹ ਦੇਖ ਕੇ ਹੈਰਾਨ ਹੋ ਗਏ ਕਿ ਸਾਡੇ ਪਿਤਾ ਦੀ ਗੱਲ ਬਿਲਕੁਲ ਸੱਚੀ ਹੋ ਗਈ। ਸੂਰੀ ਦੇ ਬਾਰ੍ਹਾਂ ਬੱਚਿਆਂ ਵਿੱਚੋਂ ਜਿਸ ਦੀ ਵੱਖੀ ਉੱਤੇ ਚਿੱਟਾ ਡੱਬ ਸੀ, ਉਸ ਨੂੰ ਚੁੱਕ ਕੇ ਮਾਰਨ ਲੱਗੇ ਕਿ ਇਸ ਦੀ ਮੁਕਤੀ ਹੋ ਜਾਵੇ ਤਾਂ ਉਹ ਸੂਰ ਦੀ ਜੂਨ ਵਿਚ ਪਏ ਸ਼ਾਹੂਕਾਰ ਨੇ ਚਿਲਾ ਚਿਲਾ ਕੇ ਇਹ ਜ਼ਾਹਰ ਕੀਤਾ ਕਿ ਹੁਣ ਮੈਨੂੰ ਇਹ ਜੂਨ ਮਨੁੱਖਾ ਸਰੀਰ ਜਿਤਨੀ ਹੀ ਪਿਆਰੀ ਹੈ। ਸੋ ਇਹ ਜਿਤਨੇ ਵੀ ਮਾਇਆ ਦੇ ਭੋਗ ਹਨ, ਜੀਵ ਜਿਹੜੀ ਵੀ ਜੂਨ ਵਿਚ ਜਾਂਦਾ ਹੈ, ਉਸ ਦੇ ਭੋਗਾਂ ਵਿਚ ਹੀ ਫਸ ਜਾਂਦਾ ਹੈ। ਜਿਵੇਂ ਮੈਲ ਦੇ ਕੀੜੇ ਮੈਲ ਵਿਚ ਹੀ ਖ਼ੁਸ਼ ਹਨ, ਮਾਇਆ ਦੇ ਭੋਗ ਪਦਾਰਥਾਂ, ਵਿਸ਼ਿਆਂ ਵਿਚ ਇਉਂ ਜੀਵ ਸਦਾ ਖ਼ੁਸ਼ ਰਹਿੰਦੇ ਹਨ ਪਰੰਤੂ ਜਦੋਂ ਅੰਤ ਦਾ ਸਮਾਂ ਆਇਆ ਤਾਂ :

## ਵਿਚੁ ਨ ਕੋਈ, ਕਰਿ ਸਕੈ; ਕਿਸ ਥੈ ਰੋਵਹਿ ਰੋਜ ॥

ਹੇ ਜੀਵ ! ਪਰਲੋਕ ਵਿਚ ਕੋਈ ਵੀ ਤੇਰੀ ਵਿਚੁ = ਵਿਚੋਲਗੀ ਨਹੀਂ ਕਰ ਸਕੈ = ਸਕਦਾ ਭਾਵ ਜਮਾਂ ਤੋਂ ਨਹੀਂ ਬਚਾ ਸਕਦਾ। ਕਿਸ ਥੈ = ਕਿਸ ਜਗ੍ਹਾ ਉੱਤੇ ਜਾ ਕੇ ਹਰ ਰੋਜ਼ ਰੋਵਹਿ = ਰੋਣਾ ਕਰੇਂਗਾ। ਕਿਸੇ ਨੇ ਵੀ ਤੇਰੇ ਔਗੁਣਾਂ ਨੂੰ, ਕੁਕਰਮਾਂ ਨੂੰ ਵੇਖ ਕੇ ਛੁਡਾਉਣਾ ਨਹੀਂ। ਕਿਉਂਕਿ ਇਕ ਹਰੀ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਪਰਲੋਕ ਦੀ ਵਿਚੋਲਗੀ ਕਰਕੇ ਜਮਾਂ ਤੋਂ ਨਹੀਂ ਛੁਡਾ ਸਕਦਾ।

## ਕੀਤਾ ਕਿਛੂ ਨ ਹੋਵਈ; ਲਿਖਿਆ ਧੁਰਿ ਸੰਜੋਗ ॥

ਜੀਵ ਦਾ ਆਪਣਾ ਕੀਤਾ ਕਿਛੂ = ਕੁਝ ਵੀ ਨ = ਨਹੀਂ ਹੋਵਈ = ਹੁੰਦਾ ਉਹੋ ਹੀ ਹੁੰਦਾ ਹੈ ਜੋ ਧੁਰੋਂ ਹੀ ਸੰਜੋਗ ਲਿਖਿਆ ਹੁੰਦਾ ਹੈ।

ਅਰਥਾਤ ਇਸ ਕਰਕੇ ਸਿਮਰਨ ਦਾ ਵਕਤ ਇਥੇ ਹੀ ਮਨੁੱਖਾ ਜਨਮ ਵਿਚ ਹੈ। ਜੈਸਾ ਕਿ :

**ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥**
**ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥**
**ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥** *(ਅੰਗ ੧੧੫੯)*

ਇਉਂ ਭਰਥਰੀ ਜੀ ਕਹਿੰਦੇ ਹਨ :

**ਜਰਾ ਉਪਾਉ ਨ ਹੋ ਸਕੇ ਜਰਾ ਅਵਸਥਾ ਮਾਹਿ ॥**
**ਭਵ ਸਾਗਰ ਕੇ ਤਰਣ ਕੋ ਤਰਣ ਅਵਸਥਾ ਆਹਿ ॥੮॥** *(ਵੈਰਾਗ ਸ਼ੱਤਕ, ਅਧਿ. ੧੨)*

ਪਰਮੇਸ਼ਰ ਦੀ ਪ੍ਰਾਪਤੀ ਲਈ ਜਰਾ ਅਵਸਥਾ = ਬੁਢੇਪੇ ਦੀ ਅਵਸਥਾ ਵਿਚ ਜ਼ਰਾ = ਥੋੜ੍ਹਾ ਉਪਾਉ = ਯਤਨ ਵੀ ਨਹੀਂ ਹੋ ਸਕਣਾ ਭਾਵ ਸੰਸਾਰ ਸਮੁੰਦਰ ਤੋਂ ਤਰਨ ਭਾਵ ਪਾਰ ਹੋਣ ਲਈ ਇਕ ਜਵਾਨੀ ਦੀ ਅਵਸਥਾ ਹੈ। ਇਕ ਵਾਰੀ ਬਾਬਾ ਫ਼ਰੀਦ ਜੀ ਨੂੰ ਕਿਸੇ ਨੇ ਇਹੋ ਹੀ ਪੁੱਛਿਆ ਸੀ ਤਾਂ ਉਹਨਾਂ ਨੇ ਵੀ ਇਹੀ ਉੱਤਰ ਦਿੱਤਾ ਸੀ ਕਿ ਜਿਨ੍ਹਾਂ ਨੇ ਕਾਲੇ ਵਾਲ ਹੁੰਦਿਆਂ ਚੇਤੇ ਨਹੀਂ ਕੀਤਾ ਫੇਰ ਜਦੋਂ ਵਾਲ ਧੌਲੇ = ਚਿੱਟੇ ਆਉਣੇ ਸ਼ੁਰੂ ਹੋ ਗਏ, ਉਦੋਂ ਕੋਈ ਵਿਰਲੇ ਹੀ ਹਨ ਜਿਨ੍ਹਾਂ ਨੇ ਅਕਾਲ ਪੁਰਖ ਨਾਲ ਪ੍ਰੇਮ ਲਾ ਕੇ ਜੀਵਨ ਸਫਲਾ ਕੀਤਾ ਹੈ। ਜੈਸਾ ਕਿ :

**ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥**
**ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੧੨॥**
**ਮ: ੩ ॥ ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥**
**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥**
**ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥** *(ਅੰਗ ੧੩੭੮)*

ਗੁਰੂ ਅਮਰਦਾਸ ਸਾਹਿਬ ਮਹਾਰਾਜ ਜੀ ੭੨ ਸਾਲ ਦੀ ਉਮਰ ਵਿਚ ਗੁਰੂ ਅੰਗਦ ਸਾਹਿਬ ਜੀ ਦੀ ਸ਼ਰਨ ਵਿਚ ਆਏ। ੧੨ ਸਾਲ ਗੁਰੂ ਦੀ ਸੇਵਾ ਕਰ ਕੇ ਗੁਰਤਾ ਗੱਦੀ 'ਤੇ ਸੁਸ਼ੋਭਿਤ ਹੋ ਕੇ ੨੨ ਸਾਲ ਗੁਰਤਾ ਗੱਦੀ 'ਤੇ ਬਿਰਾਜੇ। ਜਦੋਂ ਕੇਸ ਧਉਲੇ = ਚਿੱਟੇ ਸਨ ਤਾਂ ਮਹਾਨ ਸੇਵਾ ਕਰਕੇ ਗੁਰਤਾ ਗੱਦੀ ਹਾਸਲ ਕੀਤੀ। ਇਸੇ ਤਰ੍ਹਾਂ ਗੁਰੂ ਰਾਮਦਾਸ ਸਾਹਿਬ ਨੇ ਕਾਲੇ ਕੇਸਾਂ ਵਿਚ ਗੁਰਤਾ ਗੱਦੀ ਹਾਸਲ ਕੀਤੀ। ਭਾਵੇਂ ਕਾਲੇ ਭਾਵੇਂ ਧੌਲੇ, ਗੱਲ ਤਾਂ ਵਾਹਿਗੁਰੂ ਨੂੰ ਸਿਮਰਨ ਦੀ ਹੈ, ਉਸ ਦੀ ਯਾਦ ਦੀ ਹੈ। ਕੋਈ ਵੀ ਚਿਤ ਲਾਵੇ, ਕੇਸ ਭਾਵੇਂ ਚਿੱਟੇ ਹੋਣ ਭਾਵੇਂ ਕਾਲੇ।

ਇਹ ਪ੍ਰੇਮ ਦਾ ਪਿਆਲਾ ਆਪ ਨਹੀਂ ਲੱਭਦਾ, ਭਾਵੇਂ ਇਹ ਲੋਚੈ = ਇੱਛਾ ਸਾਰਿਆਂ ਦੀ ਹੈ। ਇਹ ਪ੍ਰੇਮ ਪਿਆਲਾ ਖਸਮ = ਮਾਲਕ ਦੇ ਹੱਥ ਹੈ। ਵਾਹਿਗੁਰੂ ਸ਼ਰਧਾ, ਭਾਵਨਾ, ਨਿਸ਼ਕਾਮ ਕਰਮਾਂ ਨੂੰ ਵੇਖ ਕੇ ਇਹ ਬਖ਼ਸ਼ਿਸ਼ ਕਰ ਦਿੰਦਾ ਹੈ। ਜੀਵ ਦਾ ਆਪਣਾ ਕੀਤਾ ਕਿਛੂ = ਕੁਝ ਵੀ ਨਹੀਂ ਹੋ ਸਕਦਾ। ਜੈਸਾ ਕਿ :

**ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥** *(ਅੰਗ ੫੮੧)*

ਜਦੋਂ ਜਮਾਂ ਨੇ ਪਕੜ ਲਿਆ, ਉਸ ਰਾਹ 'ਤੇ ਤੋਰ ਲਿਆ ਤਾਂ ਫੇਰ ਬਹੁਤ ਪਛੁਤਾਣਾ ਕਰੇਗਾ, ਇਹੋ ਜਿਹੀ ਹਾਲਤ ਹੋ ਜਾਵੇਗੀ। ਜੈਸਾ ਕਿ :

**ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥**
**ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥** *(ਅੰਗ ੧੦੦੧)*

ਜਿਹੜਾ ਮੁੱਢ ਤੋਂ ਵਾਹਿਗੁਰੂ ਪਰਮੇਸ਼ਰ ਨੇ ਸੰਜੋਗ ਵਿਯੋਗ ਲਿਖਿਆ ਹੈ, ਉਸੇ ਤਰ੍ਹਾਂ ਦਾ ਵਰਤਾਰਾ ਵਰਤ ਰਿਹਾ ਹੈ। ਜਿਵੇਂ ਇਕ ਸ਼ਾਹੂਕਾਰ ਸੀ, ਜਿਸ ਨੇ ਜ਼ਿੰਦਗੀ ਵਿਚ ਬੜੀ ਮਾਇਆ ਇਕੱਠੀ ਕੀਤੀ। ਜਦੋਂ ਅੰਤ ਸਮਾਂ ਆਇਆ ਤਾਂ ਆਪਣੇ ਸੰਬੰਧੀਆਂ ਨੂੰ ਕਹਿਣ ਲੱਗਾ ਕਿ ਇਸ ਜਗ੍ਹਾ 'ਤੇ ਮੇਰੀ ਮਾਇਆ ਰੱਖੀ ਹੈ। ਇਸ ਨੂੰ ਦਾਨ ਵਿਚ ਲਾ ਦਿਉ। ਉਹ ਮਰ ਗਿਆ, ਪਿੱਛੋਂ ਸੰਬੰਧੀ ਮੁੱਕਰ ਗਏ। ਸੋ ਇਹ ਸੰਜੋਗ ਹੀ ਬਣਿਆ। ਜਦੋਂ ਸੁਆਸ ਰਹਿੰਦੇ ਆਪ ਦਾਨ ਨਹੀਂ ਕਰ ਸਕਿਆ ਤਾਂ ਪਿੱਛੋਂ ਕਿਸੇ ਨੇ ਕੀ ਕਰਨਾ ਹੈ। ਹੁਣ ਚਾਹੁੰਦਾ ਵੀ ਸੀ ਪਰ ਲਿਖੇ ਹੋਏ ਸੰਜੋਗ ਕਰਕੇ ਉਸ ਦੀ ਇੱਛਾ ਪੂਰੀ ਨਹੀਂ ਹੋ ਸਕੀ। ਜੈਸਾ ਕਿ :

**ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥**

*(ਮਾਰੂ ਮ: ੩, ਅੰਗ ੧੦੫੮)*

## ਵਡਭਾਗੀ ਮੇਰਾ ਪ੍ਰਭੁ ਮਿਲੈ; ਤਾਂ ਉਤਰਹਿ ਸਭਿ ਬਿਓਗ ॥

ਜੇਕਰ ਕਿਸੇ ਨੂੰ ਵਡਭਾਗੀ = ਵੱਡੇ ਭਾਗਾਂ ਕਰਕੇ ਮੇਰਾ ਪਿਆਰਾ ਪ੍ਰਭੁ = ਪਰਮੇਸ਼ਰ ਮਿਲੈ = ਮਿਲ ਪਵੇ ਤਾਂ ਉਸ ਦੇ ਬਿਓਗ = ਵਿਛੋੜੇ ਆਦਿ ਦੇ ਸਭਿ = ਸਾਰੇ ਦੁੱਖ ਉਤਰਹਿ = ਉਤਰ ਜਾਂਦੇ ਹਨ।

## ਨਾਨਕ ਕਉ, ਪ੍ਰਭ ਰਾਖਿ ਲੇਹਿ; ਮੇਰੇ ਸਾਹਿਬ ਬੰਦੀ ਮੋਚ ॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਜੰਮਣ ਮਰਣ ਦੇ ਬੰਦੀ = ਬੰਦੀ ਖ਼ਾਨੇ ਵਿੱਚੋਂ ਮੋਚ = ਛੁਡਾਉਣ ਵਾਲੇ ਮੇਰੇ ਸਾਹਿਬ = ਮਾਲਕ ਪਰਮੇਸ਼ਰ ! ਮੈ ਜਨ ਕਉ = ਨੂੰ ਆਪਣੀ ਸ਼ਰਨ ਵਿਚ ਰਾਖਿ = ਰੱਖ ਲੇਹਿ = ਲੈਣਾ ਕਰ **ਅਥਵਾ** ਹੇ ਮਾਇਆ, ਮਾਤਾ ਦੇ ਗਰਭ ਰੂਪੀ, ਜਮਾਂ ਦੇ ਜੇਲਖ਼ਾਨੇ ਵਿੱਚੋ ਮੋਚ = ਮੁਕਤ ਕਰਾਉਣ ਵਾਲੇ ਮੇਰੇ ਮਾਲਕ ਪਰਮੇਸ਼ਰ ਜੀ ! ਮੇਰੇ ਕਉ = ਤਾਈਂ ਆਪਣੀ ਸ਼ਰਨ ਵਿਚ ਰੱਖ ਕੇ ਚੌਰਾਸੀ ਲੱਖ ਜੂਨਾਂ ਤੋਂ ਬਚਾ ਲੈਣਾ ਕਰੋ।

**ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਦੀ :** ਇਸੇ ਪ੍ਰਕਾਰ ਜਿਵੇਂ ਬਾਬਰ ਨੇ ਸਾਰੀ ਐਮਨਾਬਾਦ ਦੇ ਪਠਾਨ ਮਾਰ ਮੁਕਾਏ, ਜਿਹੜੇ ਬਾਕੀ ਬੱਚੇ, ਬੁੱਢੇ, ਇਸਤਰੀਆਂ ਆਦਿਕ ਉਹਨਾਂ ਨੂੰ ਕੈਦ ਕਰਕੇ ਅੱਗੇ ਚੱਕੀਆਂ ਰੱਖ ਦਿੱਤੀਆਂ, ਉਸ ਸਮੇਂ ਉਹਨਾਂ ਕੈਦੀਆਂ ਦੀ ਹਾਲਤ ਵੇਖ ਕੇ ਗੁਰੂ ਜੀ ਨੇ 'ਆਸਾ ਰਾਗ' ਵਿਚ ਸ਼ਬਦ ਉਚਾਰਿਆ :

**ਜਿਨ੍ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**
**ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ ॥**

*(ਆਸਾ ਮ: ੧, ਅਸਟਪਦੀਆ ਘਰੁ ੩, ਅੰਗ ੪੧੭)*

ਜਿਨ੍ਹਾਂ ਦੀ ਇਸ ਪ੍ਰਕਾਰ ਦੀ ਦਿਸ਼ਾ ਸੀ, ਉਹ ਕੈਦਣਾਂ ਹੋ ਗਈਆਂ, ਬੜੀਆਂ ਦੁਖੀ ਹੋਈਆਂ ਸਨ, ਐਸੀ ਉਹਨਾਂ ਦੀ ਦੁਰਦਸ਼ਾ ਵੇਖ ਕੇ ਉਹਨਾਂ ਨੂੰ ਛੁਡਾਉਣ ਲਈ ਗੁਰੂ ਸਾਹਿਬ ਜੀ ਨੇ ਕੌਤਕ ਕੀਤਾ। ਜਿਥੇ ਗੁਰਦੁਆਰਾ ਰੋੜੀ ਸਾਹਿਬ ਹੈ, ਉਥੇ ਬੈਠਿਆਂ ਨੂੰ ਇਕ ਮੁਗ਼ਲ ਨੇ ਆ ਕੇ ਕਿਹਾ ਕਿ ਤੁਹਾਨੂੰ ਕੈਦ ਕਰਨਾ ਹੈ, ਇਸ ਲਈ ਚਲੋ। ਉਸ ਵੇਲੇ ਸਤਿਗੁਰਾਂ ਕੋਲ ਭਾਈ ਲਾਲੋ ਅਤੇ ਇਕ ਬ੍ਰਾਹਮਣ ਸ਼ਰਨ ਵਿਚ ਬੈਠਾ ਸੀ। ਬ੍ਰਾਹਮਣ ਦੇ ਘਰ ਪੁੱਤਰੀ ਦਾ ਵਿਆਹ ਹੋਇਆ ਸੀ, ਉਹ ਗੁਰੂ ਸਾਹਿਬ ਕੋਲ ਮਠਿਆਈ ਲੈ ਕੇ ਆਇਆ ਸੀ। ਗੁਰੂ ਸਾਹਿਬ ਜੀ ਨੇ ਭੁੱਖਿਆਂ ਨੂੰ ਮਠਿਆਈ ਦੇ ਕੇ ਤੋਰ ਦਿੱਤਾ ਅਤੇ ਭਾਈ ਲਾਲੋ ਜੀ ਨੂੰ ਗੁਰੂ ਜੀ ਨੇ ਹੁਕਮ ਕਰ ਦਿੱਤਾ ਕਿ ਅੱਗੇ ੪ ਕੋਹ 'ਤੇ ਇਕ ਤਲਾਬ ਹੈ, ਉਥੇ ਜਾ ਕੇ ਵਿਸ਼ਰਾਮ ਕਰ। ਆਪ ਸ਼ਹਿਨਸ਼ਾਹ ਉਹਨਾਂ ਦੀ ਖ਼ਲਾਸੀ ਕਰਵਾਉਣ ਲਈ ਕੈਦ ਹੋ ਕੇ ਮੁਗ਼ਲਾਂ ਨਾਲ ਚੱਲ ਪਏ। ਉਸ ਵਕਤ ਮੁਗ਼ਲਾਂ ਨੇ ਭਾਈ ਮਰਦਾਨੇ ਨੂੰ ਅੜੀ ਵਾਲਾ ਘੋੜਾ ਫੜਾ ਦਿੱਤਾ। ਇਕ ਭਾਰ ਦੀ ਪੰਡ ਭਾਈ ਬਾਲੇ ਦੇ ਸਿਰ 'ਤੇ ਰੱਖ ਦਿੱਤੀ। ਜਦੋਂ ਗੁਰੂ ਸਾਹਿਬ ਜੀ ਦੇ ਸੀਸ ਉੱਤੇ ਪੰਡ ਰੱਖਣ ਲੱਗੇ ਤਾਂ ਸਤਿਗੁਰਾਂ ਦੇ ਸੀਸ ਤੋਂ ਇਕ ਗਿੱਠ ਉਪਰ ਟਿਕ ਗਈ। ਇਉਂ ਸਤਿਗੁਰੂ ਜੀ ਉਹਨਾਂ ਮੁਗ਼ਲਾਂ ਨਾਲ ਤੁਰੇ ਜਾ ਰਹੇ ਸਨ। ਮੁਗ਼ਲ ਪੰਡ ਦੇਖ ਕੇ ਹੈਰਾਨ ਹੋ ਗਏ। ਰਸਤੇ ਵਿਚ ਜਾਂਦਿਆਂ ਸਤਿਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ ਕਿ ਮਰਦਾਨਿਆਂ! ਰਬਾਬ ਵਜਾ ਤਾਂ ਮਰਦਾਨਾ ਕਹਿਣ ਲੱਗਾ ਕਿ ਮਹਾਰਾਜ! ਘੋੜਾ ਬਹੁਤ ਅੜੀਅਲ ਹੈ, ਇਸ ਨੂੰ ਦੋਹਾਂ ਹੱਥਾਂ ਨਾਲ ਫੜਿਆ ਹੋਇਆ ਹੈ। ਜੇਕਰ ਛੁੱਟ ਗਿਆ ਤਾਂ ਮੁਗਲ ਮਾਰਨਗੇ। ਸਤਿਗੁਰੂ ਜੀ ਕਹਿਣ ਲੱਗੇ ਕਿ ਬੇਪ੍ਰਵਾਹ ਬਣ ਤਾਂ ਭਾਈ ਮਰਦਾਨੇ ਨੇ ਐਸਾ ਹੀ ਕੀਤਾ ਤੇ ਘੋੜਾ ਛੱਡ ਦਿੱਤਾ। ਚੰਚਲ ਬਿਰਤੀ ਵਾਲਾ ਘੋੜਾ ਨਿਸਚੇ ਨਾਲ ਖੜ ਗਿਆ। ਇਹ ਕੌਤਕ ਵੇਖ ਕੇ ਮੁਗ਼ਲ ਹੈਰਾਨ ਹੋ ਗਏ। ਫੇਰ ਸਤਿਗੁਰਾਂ ਨੇ ਇਹ ਸ਼ਬਦ ਆਪਣੀ ਮੁਬਾਰਕ ਰਸਨਾ ਤੋਂ ਉਚਾਰਨ ਕੀਤਾ :

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥**
**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥**
**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥** *(ਅੰਗ ੩੬੦)*

ਇਉਂ ਫਿਰ ਸਤਿਗੁਰੂ ਜੀ ਨੇ ਕੈਦਖ਼ਾਨੇ ਵਿਚ ਕੈਦੀ ਲੋਕ ਵੇਖੇ। ਉਹਨਾਂ ਕੈਦੀਆਂ ਦੀ ਕੁਲ ੧੧੦੦ ਗਿਣਤੀ ਸੀ। ਮੁਗ਼ਲਾਂ ਨੇ ਸਤਿਗੁਰਾਂ ਅਤੇ ਭਾਈ ਮਰਦਾਨੇ, ਬਾਲੇ ਅੱਗੇ ਵੀ ਇਕ ਇਕ ਚੱਕੀ ਆਟਾ ਪੀਹਣ ਲਈ ਰੱਖ ਦਿੱਤੀ। ਇਤਿਹਾਸ ਵਿਚ ਲਿਖਿਆ ਹੈ ਕਿ ਜਦੋਂ ਸਤਿਗੁਰੂ ਜੀ ਦਾਣੇ ਪਾਉਣ ਲੱਗ ਪਏ ਤਾਂ ਚੱਕੀ ਆਪਣੇ ਆਪ ਚੱਲਣ ਲੱਗ ਪਈ। ਸਤਿਗੁਰੂ ਜੀ ਦਾਣੇ ਪਾਈ ਜਾਂਦੇ ਹਨ ਅਤੇ ਚੱਕੀ ਆਪਣੇ ਆਪ ਚੱਲੀ ਜਾਂਦੀ ਹੈ। ਸਾਰੇ ਕੈਦੀ ਹੈਰਾਨ ਹੋ ਕੇ ਸਤਿਗੁਰਾਂ ਦੀ ਸ਼ਰਨ ਵਿਚ ਆ ਗਏ। ਸਤਿਗੁਰਾਂ ਨੇ ਉਹਨਾਂ ਨੂੰ ਉਪਦੇਸ਼ ਦਿੱਤਾ ਕਿ ਸਤਿਨਾਮ ਵਾਹਿਗੁਰੂ ਦਾ ਜਾਪ ਕਰੋ। ਚੱਕੀਆਂ ਆਪੇ ਚੱਲਣ ਲੱਗ ਪੈਣਗੀਆਂ। ਇਉਂ ਸਤਿਗੁਰਾਂ ਦੇ ਬਚਨਾਂ ਸਦਕਾ ਚੱਕੀਆਂ ਆਪੇ ਹੀ ਫਿਰਨ ਲੱਗ ਪਈਆਂ ਅਤੇ ਕੇਵਲ ਸਤਿਨਾਮ ਦੇ

ਜਾਪ ਦੀ ਆਵਾਜ਼ ਆ ਰਹੀ ਸੀ। ਉਸ ਵਕਤ ਮੁਗ਼ਲਾਂ ਨੇ ਇਹ ਖ਼ਬਰ ਬਾਬਰ ਕੋਲ ਪਹੁੰਚਾਈ। ਬਾਬਰ ਆ ਕੇ ਗੁਰੂ ਸਾਹਿਬ ਜੀ ਦੇ ਚਰਨਾਂ 'ਤੇ ਡਿੱਗਿਆ ਤੇ ਕਹਿਣ ਲੱਗਾ ਕਿ ਮੈਨੂੰ ਮੁਆਫ਼ ਕਰ ਦਿਉ। ਸਤਿਗੁਰੂ ਕਹਿਣ ਲੱਗੇ ਕਿ ਮੁਆਫ਼ ਤਾਂ ਕਰ ਦਿਆਂਗੇ ਪਰ ਜਿਹੜੇ ਪਠਾਨਾਂ ਨੂੰ ਤੂੰ ਮਾਰ ਦਿੱਤਾ ਹੈ, ਉਹ ਤੇਰੇ ਦੁਸ਼ਮਣ ਹੋਣਗੇ ਪਰ ਇਹਨਾਂ ਬੁੱਢਿਆਂ ਅਤੇ ਇਸਤਰੀਆਂ ਦਾ ਕੋਈ ਕਸੂਰ ਨਹੀਂ, ਇਹਨਾਂ ਨੂੰ ਕੈਦ ਵਿੱਚੋਂ ਰਿਹਾਅ ਕਰ। ਇਹ ਸੁਣ ਕੇ ਬਾਬਰ ਨੇ ਸਾਰੇ ਕੈਦੀ ਰਿਹਾਅ ਕਰ ਦਿੱਤੇ। ਗੁਰੂ ਸਾਹਿਬ ਜੀ ਖ਼ੁਸ਼ ਹੋਏ। ਸਾਰੇ ਕੈਦੀ ਗੁਰੂ ਨਾਨਕ ਸਾਹਿਬ ਜੀ ਦੀ ਜੈ ਜੈਕਾਰ ਕਰ ਰਹੇ ਸਨ। ਬਾਬਰ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮੇਰੀ ਕੁਲ ਵਿੱਚੋਂ ਰਾਜ ਭਾਗ ਨਾਸ਼ ਨਾ ਹੋਵੇ, ਇਹ ਕਿਰਪਾ ਕਰੋ। ਸਤਿਗੁਰੂ ਜੀ ਕਹਿਣ ਲੱਗੇ ਕਿ ਜਿਤਨਾ ਚਿਰ ਨਿਆਏ ਕਰਦੇ ਰਹੋਗੇ, ਐਸਾ ਹੀ ਹੋਵੇਗਾ। ਜਦੋਂ ਅਨਿਆਏ ਕਰੋਗੇ ਤਾਂ ਹੇ ਬਾਬਰ! ਤੇਰੇ ਨਾਲ ਕੀਤੇ ਹੋਏ ਬਚਨ ਨੂੰ ਅਸੀਂ ਆਪਣਾ ਸੀਸ ਦੇ ਕੇ ਵਾਪਸ ਲੈ ਲਵਾਂਗੇ। ਇਸ ਪ੍ਰਕਾਰ ਉਹਨਾਂ ਕੈਦੀਆਂ ਨੂੰ ਮੁਕਤ ਕਰ ਦਿੱਤਾ। ਇਸੇ ਤਰ੍ਹਾਂ ਛੇਵੇਂ ਜਾਮੇ ਵਿਚ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਬਵੰਜਾ ਕੈਦੀਆਂ ਨੂੰ ਆਪਣਾ ਪੱਲਾ ਫੜਾ ਕੇ ਕੈਦ ਵਿੱਚੋਂ ਛੁਡਾਇਆ। ਜੈਸਾ ਕਿ :

**ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥** *(ਅੰਗ ੬੨੪)*

ਜਦੋਂ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮੇ ਨਾਲ ਮਾਰਨ ਤੋਂ ਬਾਅਦ ਤਾਰਾ ਆਜ਼ਮ ਨੂੰ ਮਾਰ ਕੇ ਬਹਾਦਰਸ਼ਾਹ ਨੂੰ ਤਖ਼ਤ 'ਤੇ ਬਿਠਾਇਆ, ਉਸ ਸਮੇਂ ਬਹਾਦਰਸ਼ਾਹ ਨੂੰ ਹੁਕਮ ਦਿੱਤਾ ਕਿ ਬੰਦੀਖ਼ਾਨੇ ਵਿੱਚੋਂ ਸਾਰੇ ਕੈਦੀ ਰਿਹਾਅ ਕਰ ਦਿੱਤੇ ਜਾਣ। ਬਹਾਦਰਸ਼ਾਹ ਨੇ ਬਚਨ ਮੰਨ ਕੇ ਸਾਰੇ ਕੈਦੀ ਰਿਹਾਅ ਕਰ ਦਿੱਤੇ ਸਨ।

## ਕਤਿਕ ਹੋਵੈ ਸਾਧਸੰਗੁ; ਬਿਨਸਹਿ ਸਭੇ ਸੋਚ ॥੯॥

ਕੱਤਕ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜਦੋਂ ਇਸ ਮਨੁੱਖਾ ਸਰੀਰ ਵਿਚ ਸਾਧਸੰਗੁ = ਸ੍ਰੇਸ਼ਟ ਮਹਾਤਮਾ ਜਨਾਂ ਦੀ ਸੰਗਤ ਪ੍ਰਾਪਤ ਹੋਵੈ = ਹੋ ਜਾਵੇ ਤਾਂ ਸਭੇ = ਸਾਰੇ ਸੋਚ = ਫ਼ਿਕਰ ਬਿਨਸਹਿ = ਨਾਸ ਹੋ ਜਾਂਦੇ ਹਨ ॥੯॥

**ਮੱਘਰ ਦਾ ਮਹੀਨਾ :** ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹੀਨਿਆਂ ਪ੍ਰਥਾਇ ਉਚਾਰਨ ਕੀਤੀ ਬਾਰਹਮਾਹਾ ਬਾਣੀ ਵਿਚ ਹਰ ਇਕ ਮਹੀਨੇ ਦੁਆਰਾ ਉਪਦੇਸ਼ ਬਖ਼ਸ਼ਦੇ ਆ ਰਹੇ ਹਨ। ਮੱਘਰ ਸਿਸੀਅਰ ਰੁੱਤ ਦਾ ਪਹਿਲਾ ਮਹੀਨਾ ਹੈ। ਇਥੋਂ ਸਿਸੀਅਰ ਰੁੱਤ ਆਰੰਭ ਹੁੰਦੀ ਹੈ ਜਿਸ ਦਾ ਦੂਜਾ ਮਹੀਨਾ ਪੋਹ ਹੈ। ਜੈਸਾ ਕਿ :

**ਰੁਤਿ ਸਿਸੀਅਰ ਸੀਤਲ, ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥** *(ਰਾਮਕਲੀ ਮ: ੫, ਅੰਗ ੯੨੯)*

ਮੱਘਰ ਦੇ ਮਹੀਨੇ ਦੁਆਰਾ ਕਲਜੁਗੀ ਜੀਵਾਂ 'ਤੇ ਦਇਆ ਕਰਕੇ ਬੜੀ ਸਰਲ ਬੋਲੀ ਵਿਚ ਵੇਦਾਂ ਸ਼ਾਸਤ੍ਰਾਂ ਦੇ ਗੁੱਝੇ ਭੇਦ ਸਤਿਗੁਰੂ ਜੀ ਕਿਰਪਾ ਕਰਕੇ ਇਕ ਇਕ ਤੁਕ ਵਿਚ ਬਖ਼ਸ਼ ਰਹੇ ਹਨ। ਸੋ ਇਸ ਸ਼ਬਦ ਵਿਚ ਰੂਪਕ ਅਲੰਕਾਰ ਦੁਆਰਾ ਜੀਵਾਂ ਦੀ ਅਭਾਸ ਬਿਰਤੀ ਨੂੰ ਪਟਰਾਣੀ ਅਤੇ ਅਕਾਲ ਪੁਰਖ ਨੂੰ ਪਾਤਸ਼ਾਹ ਬਣਾ ਕੇ **ਵਾ:** ਹਰੀ ਪਰਮੇਸ਼ਰ ਨੂੰ ਪਤੀ ਤੇ ਜੀਵਾਂ ਦੀ ਜਿੰਦ ਨੂੰ ਇਸਤਰੀ ਬਣਾ ਕੇ ਉਪਦੇਸ਼ ਬਖ਼ਸ਼ਦੇ ਹਨ।

## ਮੰਘਿਰਿ ਮਾਹਿ ਸੋਹੰਦੀਆ; ਹਰਿ ਪਿਰ ਸੰਗਿ ਬੈਠੜੀਆਹ ॥

ਮਨੁੱਖਾ ਸਰੀਰ ਰੂਪੀ ਮੱਘਰ, ਦੇ ਮਹੀਨੇ ਵਿਚ ਉਹ ਜਗਿਆਸੂ ਰੂਪ ਇਸਤਰੀਆਂ ਸੋਹੰਦੀਆਂ = ਸ਼ੋਭਨੀਕ ਹਨ, ਜੋ ਪਿਰ = ਪਤੀ ਹਰਿ = ਪਰਮੇਸ਼ਰ ਦੇ ਸੰਗਿ = ਨਾਲ ਬੈਠੜੀਆਹ = ਬੈਠੀਆਂ ਹੋਈਆਂ ਹਨ **ਵਾ:** ਜਿਨ੍ਹਾਂ ਦੇ ਚਿਤ ਦੀਆਂ ਬਿਰਤੀਆਂ ਅੰਤਹਕਰਣ ਰੂਪੀ ਘਰ ਦੇ ਵਿਚ ਇਸਥਿਤ ਹੋ ਗਈਆਂ ਹਨ **ਵਾ:** (ਮੰ+ਘਿਰਿ) ਮੰ = ਮੇਰੇ ਅੰਤਹਕਰਣ ਰੂਪੀ ਘਿਰਿ = ਘਰ ਵਿਚ ਉਹ ਜੀਵਨ ਮੁਕਤ ਮਹਾਤਮਾ ਰੂਪ ਸਖੀਆਂ

ਸ਼ੋਭਦੀਆਂ ਹਨ, ਜਿਨ੍ਹਾਂ ਦੇ ਮਨ ਦੀਆਂ ਬਿਰਤੀਆਂ ਸੰਸਾਰ ਤੋਂ ਉਪਰਾਮ ਹੋ ਕੇ ਸਰੂਪ ਰੂਪੀ ਘਰ ਵਿਚ ਇਸਥਿਤ ਹੋ ਗਈਆਂ ਹਨ।

## ਤਿਨ੍ ਕੀ ਸੋਭਾ ਕਿਆ ਗਣੀ; ਜਿ ਸਾਹਿਬਿ ਮੇਲੜੀਆਹ ॥

ਤਿਨ੍ = ਉਨ੍ਹਾਂ ਕੀ = ਦੀ ਸੋਭਾ = ਵਡਿਆਈ ਕਿਆ = ਕੀ ਗਣੀ = ਗਿਣਤੀ ਕਰਕੇ ਦੱਸ ਦੇਈਏ। ਜਿ = ਜਿਹੜੀਆਂ ਜਗਿਆਸੂ ਰੂਪ ਇਸਤਰੀਆਂ ਸਾਹਿਬਿ = ਮਾਲਕ ਪਤੀ ਪਰਮਾਤਮਾ ਨੇ ਆਪਣੇ ਨਾਲ ਮੇਲੜੀਆਹ = ਮੇਲ ਲਈਆਂ ਹਨ **ਵਾ:** ਜਿਨ੍ਹਾਂ ਮਹਾਤਮਾ ਜਨਾਂ ਦੀ ਬਿਰਤੀ ਨੂੰ ਮਾਲਕ ਪਰਮੇਸ਼ਰ ਨੇ ਬ੍ਰਹਮਾਕਾਰ ਕਰਕੇ ਆਪਣੇ ਨਾਲ ਮੇਲ ਲਿਆ ਹੈ।

## ਤਨੁ ਮਨੁ ਮਉਲਿਆ ਰਾਮ ਸਿਉ; ਸੰਗਿ ਸਾਧ ਸਹੇਲੜੀਆਹ ॥

ਅਜਿਹੀਆਂ ਸਾਧ = ਸ੍ਰੇਸ਼ਟ ਮਹਾਤਮਾ ਰੂਪ ਸਹੇਲੜੀਆਹ = ਸਖੀਆਂ ਦੇ ਸੰਗਿ = ਨਾਲ ਜੋ ਵੀ ਮਿਲੀਆਂ ਹਨ, ਉਨ੍ਹਾਂ ਦਾ ਤਨੁ = ਸਰੀਰ ਗ਼ਰੀਬਾਂ ਦੀ ਸੇਵਾ ਵਿਚ ਤੇ ਮਨ ਰਾਮ = ਪਰਮੇਸ਼ਰ ਦੇ ਸਿਮਰਨ ਸਿਉ = ਨਾਲ ਮਉਲਿਆ = ਪ੍ਰਫੁੱਲਤ ਹੋ ਰਿਹਾ ਹੈ।

## ਸਾਧ ਜਨਾ ਤੇ ਬਾਹਰੀ; ਸੇ ਰਹਨਿ੍ ਇਕੇਲੜੀਆਹ ॥

ਜੋ ਜੀਵ ਰੂਪੀ ਇਸਤਰੀਆਂ ਸਾਧ = ਸਾਧੂ ਜਨਾਂ ਦੀ ਸੰਗਤ ਤੇ = ਤੋਂ ਬਾਹਰੀ = ਬਾਹਰ ਬੇਮੁਖ ਹੋ ਕੇ ਰਹਿੰਦੀਆਂ ਹਨ, ਸੇ = ਉਹ ਜੀਵਨ ਵਿਚ ਵਾਹਿਗੁਰੂ ਪਤੀ ਤੋਂ ਆਤਮਿਕ ਗੁਣਾਂ ਕਰਕੇ ਇਕੇਲੜੀਆਹ = ਇਕੱਲੀਆਂ ਹੀ ਰਹਿੰਦੀਆਂ ਹਨ ਭਾਵ ਦੁੱਖ ਵਿਚ ਰਹਿੰਦੀਆਂ ਹਨ। ਅਰਥਾਤ ਪੰਜੇ ਗਿਆਨ-ਇੰਦਰੇ, ਪੰਜੇ ਕਰਮ-ਇੰਦਰੇ ਮਨ ਅਤੇ ਬੁੱਧ ਨੂੰ ਜਿੱਤਣ ਨਾਲ ਜੀਵ ਈਸ਼ ਦੀ ਏਕਤਾ ਰੂਪ ਪ੍ਰਾਪਤੀ ਹੁੰਦੀ ਹੈ। ਇਹਨਾਂ ਦੀ ਜਿੱਤ ਤੋਂ ਬਿਨਾਂ ਜੀਵਨ ਵਿਚ ਹਾਰ ਹੈ। ਇਹ ਸੰਸਾਰ ਦੀ ਕਹਾਵਤ ਹੈ। ਜਿੱਤਿਆਂ ਨੂੰ ਸਲਾਮਾਂ ਤੇ ਹਾਰਿਆਂ ਨੂੰ ਪੁੱਛੇ ਕੋਈ ਨਾ।

## ਤਿਨ੍, ਦੁਖੁ ਨ ਕਬਹੂ ਉਤਰੈ; ਸੇ ਜਮ ਕੈ ਵਸਿ ਪੜੀਆਹ ॥

ਤਿਨ੍ = ਉਹਨਾਂ ਦਾ ਕਬਹੂ = ਕਦੇ ਵੀ ਜੰਮਣ ਮਰਣ ਰੂਪ ਦੁੱਖ ਉਤਰੈ = ਉਤਰਦਾ ਨਹੀਂ ਅਤੇ ਸੇ = ਉਹ ਸਦਾ ਹੀ ਜਮਾਂ ਦੇ ਵਸਿ = ਅਧੀਨ ਪੜੀਆਹ = ਪਈਆਂ ਰਹਿੰਦੀਆਂ ਹਨ, ਕਿਉਂਕਿ ਉਨ੍ਹਾਂ ਨੇ ਸਤਿਸੰਗਤ ਦੇ ਗੁਣਾਂ ਨੂੰ ਧਾਰਨ ਨਹੀਂ ਕੀਤਾ

**ਦੁੱਖਾਂ ਦਾ ਵੇਰਵਾ :**

**ਜੰਮਣ ਦਾ ਦੁੱਖ :** ਜੀਵ ਜੰਮਣ ਵੇਲੇ ਗਰਭ ਵਿੱਚੋਂ ਇਉਂ ਡਿੱਗਦਾ ਹੈ ਜਿਵੇਂ ਫਲ ਵਿੱਚੋਂ ਕੀੜਾ ਡਿੱਗਦਾ ਹੈ। ਜਿਵੇਂ ਸੁਨਿਆਰਾ ਜਿੰਦਰੀ ਤਾਈਂ, ਬਰੀਕ ਛੇਕਾਂ ਤਾਈਂ ਤਾਰਾਂ ਨੂੰ ਖਿੱਚਦਾ ਹੈ। ਖਿੱਚੀਆਂ ਹੋਈਆਂ ਤਾਰਾਂ ਪਤਲੀਆਂ ਪੈ ਜਾਂਦੀਆਂ ਹਨ, ਇਸ ਤਰ੍ਹਾਂ ਜਦੋਂ ਕਈ ਬੱਚੇ ਜੰਮਦੇ ਹਨ ਤਾਂ ਉਹ ਬੇਸੁਰਤ ਪਏ ਰਹਿੰਦੇ ਹਨ। ਜੋ ਪਹਿਲਾਂ ਗਰਭ ਵਿਚ ਓਅੰਕਾਰ, ਓਅੰਕਾਰ ਸਿਮਰਦਾ ਸੀ, ਫੇਰ ਜਦੋਂ ਜਨਮਿਆ ਤਾਂ ਓਆਂ ਓਆਂ ਹੀ ਰਹਿ ਗਿਆ, ਭਾਵ ਰੋਣ ਲੱਗ ਪਿਆ।

**ਬਾਲਪੁਣੇ ਦਾ ਦੁੱਖ :** ਮਾਤਾ ਆਪਣੇ ਕਾਰ-ਵਿਹਾਰਾਂ ਵਿਚ ਲੱਗੀ ਰਹਿੰਦੀ ਹੈ। ਬੱਚਾ ਕਦੇ ਚੰਦ ਵੱਲ ਵੇਖਦਾ ਹੈ ਕਿ ਕੋਈ ਮੈਨੂੰ ਪਕੜਾ ਦੇਵੇ, ਖਾਣ ਦੀ ਤ੍ਰਿਸ਼ਨਾ ਬਹੁਤ ਲੱਗੀ ਰਹਿੰਦੀ ਹੈ। ਜੈਸਾ ਕਿ :

**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥** *(ਅੰਗ ੯੨੧)*

ਅੱਖਾਂ ਦੇ ਸਹਿਤ ਹੁੰਦਾ ਹੈ ਪਰ ਪਛਾਣ ਨਹੀਂ ਕਰ ਸਕਦਾ, ਜ਼ੁਬਾਨ ਦੇ ਸਹਿਤ ਹੁੰਦਾ ਹੈ ਪਰ ਬੋਲ ਨਹੀਂ ਸਕਦਾ, ਤੁਰ ਨਹੀਂ ਸਕਦਾ, ਇਕ ਤਰ੍ਹਾਂ ਨਾਲ ਪਿੰਗਲਾ ਹੁੰਦਾ ਹੈ। ਬੁੱਧ ਕੰਮ ਨਹੀਂ ਕਰਦੀ ਤੇ ਮੱਤ ਤੋਂ ਹੀਣਾ ਹੁੰਦਾ ਹੈ। ਉਹ ਦੁੱਖ ਥੋੜ੍ਹਾ ਜਿਹਾ ਵੱਡਾ ਹੁੰਦਾ ਹੈ। ਬੱਚਿਆਂ ਵਿਚ ਖੇਡਣ ਜਾਂਦਾ ਹੈ ਤੇ ਉਥੇ ਬੱਚੇ ਕੁੱਟ ਦਿੰਦੇ ਹਨ। ਰੋਂਦਾ ਘਰ ਨੂੰ ਆਉਂਦਾ ਹੈ। ਆਪਸ ਵਿਚ ਲੜਦੇ ਹਨ, ਕੋਈ ਚੀਜ਼ ਖੋਹ ਲੈਂਦਾ ਹੈ, ਕੋਈ ਘੂਰ ਦਿੰਦਾ ਹੈ, ਇਉਂ ਰੋਣ ਲੱਗ ਪੈਂਦਾ ਹੈ। ਇਉਂ ਇਹ ਸਾਰੇ ਬਾਲਪੁਣੇ ਦੇ ਦੁੱਖ ਹਨ।

**ਕਿਸ਼ੋਰ ਅਵਸਥਾ ਦਾ ਦੁੱਖ** : ਜਿਤਨੇ ਖਾਣੇ ਖਾਣਾ ਚਾਹੁੰਦਾ ਹੈ, ਉਤਨੇ ਹੱਥ ਨਹੀਂ ਲੱਗਦੇ, ਫਿਰ ਚੋਰੀ ਕਰਦਾ ਹੈ। ਇਸ ਤਰ੍ਹਾਂ ਫਿਰ ਮਾਰ ਖਾਂਦਾ ਰੋਂਦਾ ਹੈ, ਇਸ ਤਰ੍ਹਾਂ ਖਾਣ ਪੀਣ ਦੀ ਤਾੜਨਾ ਦਾ ਦੁੱਖ ਹੈ।

**ਜਵਾਨੀ ਦਾ ਦੁੱਖ** : ਫਿਰ ਵਿਸ਼ੇ ਦਬਾ ਲੈਂਦੇ ਹਨ। ਔਗੁਣਾਂ ਵਿਚ ਲੱਗਿਆ ਰਹਿੰਦਾ ਹੈ। ਜੈਸਾ ਕਿ :

**ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥** *(ਅੰਗ ੭੭)*

ਧਰਮ ਤੋਂ ਹੀਣਾ ਹੋ ਜਾਂਦਾ ਹੈ। ਫੇਰ ਜਵਾਨੀ ਢਲਦੀ ਹੈ ਤਾਂ ਸਾਰਾ ਜ਼ੋਰ ਖ਼ਤਮ ਹੁੰਦਾ ਹੈ। ਖਾਣ ਪੀਣ ਨੂੰ ਸੰਤਾਨ ਹੋ ਜਾਂਦੀ ਹੈ। ਉਸ ਦੇ ਪਾਲਣ ਪੋਸ਼ਣ ਵਾਸਤੇ ਨੌਕਰੀ, ਸੌਦਾਗਰੀ ਅਤੇ ਵਾਪਾਰ ਆਦਿ ਕਰਦਾ ਹੈ। ਇਹ ਜਵਾਨੀ ਦੇ ਦੁੱਖ ਹਨ।

**ਬੁਢੇਪੇ ਦਾ ਦੁੱਖ** : ਜਦੋਂ ਬੁੱਢਾ ਹੋ ਜਾਂਦਾ ਹੈ। ਪੋਤਰੇ, ਪੜਪੋਤਰੇ ਕੁਝ ਨਹੀਂ ਪੁੱਛਦੇ। ਤ੍ਰਿਸ਼ਨਾ ਹੋਰ ਵਧ ਜਾਂਦੀ ਹੈ। ਜੈਸਾ ਕਿ :

**ਤਨ ਕੇ ਬਲ ਨੇ ਅਬ ਪੀਠ ਦਈ ਅਰ ਹਾਰ ਪਰੇ ਦ੍ਰਿਗ ਬਾਲ ਸੰਗਾਤੀ।**<br>
**ਤਜ ਕੇ ਇਹ ਲੋਕ ਬਿਖੇ ਹਮ ਕੋ ਚਲਿ ਆਪ ਗਏ ਸੁਰ ਲੋਕ ਸਜਾਤੀ।**<br>
**ਜਗ ਮੀਤ ਸਖਾ ਮੁਖ ਫੇਰ ਗਏ ਅਬ ਸੇਵਕ ਹਾ ਨ ਪੁਛੇ ਮਮ ਬਾਤੀ।**<br>
**ਮਮ ਆਹਿ ਪਲਾਂਗਮ ਹੇ ਤ੍ਰਿਸਨੇ ਇਕ ਤੂੰ ਮਮ ਸੰਗ ਰਹੀ ਦਿਨ ਰਾਤੀ।੫੧।**

*(ਭਾਵਰਸਾਮ੍ਰਿਤ ਸਵੈਯਾ ੫੧)*

ਇਉਂ ਬੁਢੇਪੇ ਵਿਚ ਗਏ ਹੋਏ ਨੂੰ ਸਰੀਰਕ ਬਲ ਅਤੇ ਭੋਗੇ ਹੋਏ ਭੋਗਾਂ ਦੀ ਯਾਦ ਹਰ ਵੇਲੇ ਸਤਾਉਂਦੀ ਰਹਿੰਦੀ ਹੈ। ਫਿਰ ਬਿਮਾਰੀ ਦਾ ਦੁੱਖ ਅਤੇ ਸੰਬੰਧੀਆਂ ਦੇ ਵਿਛੋੜੇ ਦਾ ਦੁੱਖ ਬਚਪਨ, ਜਵਾਨੀ ਅਤੇ ਬੁਢੇਪੇ ਇਨ੍ਹਾਂ ਕਿਸੇ ਵੀ ਅਵਸਥਾ ਵਿਚ ਆ ਸਕਦਾ ਹੈ। ਕਦੇ ਵੀ ਇਹਨਾਂ ਦੁੱਖਾਂ ਤੋਂ ਨਵਿਰਤੀ ਨਹੀਂ ਹੋ ਸਕੇਗੀ। ਇਉਂ ਸਾਧ ਜਨਾਂ ਤੋਂ ਭਾਵ ਸਤਿਸੰਗਤ ਤੋਂ ਬਾਹਰ ਹੋ ਕੇ ਇਕੱਲੇ ਦੁੱਖ ਭੋਗਦੇ ਰਹਿੰਦੇ ਹਨ, ਉਨ੍ਹਾਂ ਦੇ ਕਦੇ ਵੀ ਦੁੱਖ ਨਹੀਂ ਉਤਰਦੇ, ਬਲਕਿ ਚਿੰਬੜੇ ਹੀ ਰਹਿੰਦੇ ਹਨ।

## ਜਿਨੀ ਰਾਵਿਆ ਪ੍ਰਭੁ ਆਪਣਾ; ਸੇ ਦਿਸਨਿ ਨਿਤ ਖੜੀਆਹ ॥

ਜਿਨੀ = ਜਿਨ੍ਹਾਂ ਨੇ ਆਪਣੇ ਪਿਆਰੇ ਪ੍ਰਭੁ = ਅਕਾਲ ਪੁਰਖ ਦੇ ਅਨੰਦ ਨੂੰ ਰਾਵਿਆ = ਮਾਣਿਆ ਹੈ, ਸੇ = ਉਹ ਨਿਤ = ਹਰ ਸਮੇਂ ਵਾਹਿਗੁਰੂ ਦੇ ਪ੍ਰੇਮ ਰੂਪੀ ਜਲ ਨਾਲ ਅੰਤਸ਼ਕਰਨ ਨੂੰ ਸ਼ੁੱਧ ਕਰਕੇ ਉਸ ਦੇ ਸਨਮੁਖ ਖੜੀਆਹ = ਖੜੀਆਂ ਰਹਿੰਦੀਆਂ ਹਨ, ਭਾਵ ਉਨ੍ਹਾਂ ਦਾ ਹਿਰਦਾ ਨਹੀਂ ਡੋਲਦਾ। ਜਿਵੇਂ ਪਟਰਾਣੀ ਹੋ ਕੇ ਰਾਜੇ ਦੀ ਸੇਵਾ ਲਈ ਹਰ ਵਕਤ ਪੱਖਾ ਅਤੇ ਪਾਣੀ ਲੈ ਕੇ ਖੜੀ ਰਹੇ। ਜਦੋਂ ਆਗਿਆ ਕਰੇ ਉਦੋਂ ਦੇਵਾਂ। ਇਸੇ ਤਰ੍ਹਾਂ ਮਹਾਤਮਾ ਜਨ ਸਖੀਆਂ ਸੁਚੇਤ ਚਿੱਤ ਹੋ ਕੇ ਵਾਹਿਗੁਰੂ ਪਰਮੇਸ਼ਰ ਨਾਲ ਜੁੜੀਆਂ ਰਹਿੰਦੀਆਂ ਹਨ ਅਤੇ ਹੋਰਨਾਂ ਨੂੰ ਪ੍ਰੇਮ ਰੂਪੀ ਜਲ ਦੇ ਨਾਲ ਪਰਮੇਸ਼ਰ ਦੇ ਪੱਖ ਰੂਪੀ ਪੱਖਾ ਲੈ ਕੇ ਫੇਰਦੀਆਂ ਰਹਿੰਦੀਆਂ ਹਨ। ਭਾਵ ਸਾਵਧਾਨ ਹੋ ਕੇ ਹਰ ਵਕਤ ਪਰਮੇਸ਼ਰ ਦੇ ਸਨਮੁਖ ਰਹਿੰਦੀਆਂ ਹਨ।

## ਰਤਨ ਜਵੇਹਰ ਲਾਲ ਹਰਿ; ਕੰਠਿ ਤਿਨਾ ਜੜੀਆਹ ॥

ਜਿਵੇਂ ਇਸਤਰੀ ਗਹਿਣੇ ਪਹਿਨਦੀ ਹੈ, ਅਨੇਕ ਪ੍ਰਕਾਰ ਦੇ ਸ਼ਿੰਗਾਰ ਕਰਦੀ ਹੈ, ਇਉਂ ਜਗਿਆਸੂ ਰੂਪੀ ਇਸਤਰੀ ਨੇ ਹਰਿ = ਹਰੀ ਵਾਹਿਗੁਰੂ ਦੇ ਨਾਮ ਰੂਪੀ ਲਾਲ ਨੂੰ ਹਿਰਦੇ ਵਿਚ ਵਸਾ ਕੇ ਸ਼ੁਭ ਗੁਣਾਂ ਰੂਪੀ ਰਤਨ ਜਵੇਹਰ ਆਦਿਕਾਂ ਦਾ ਸ਼ਿੰਗਾਰ ਕੀਤਾ ਹੋਇਆ ਹੈ **ਵਾ:** ਹਰਿ = ਹਰੀ ਵਾਹਿਗੁਰੂ ਪਰਮੇਸ਼ਰ ਦਾ ਨਾਮ ਹੀ ਰਤਨ, ਜਵੇਹਰ, ਲਾਲ ਤਿਨ੍ਾ = ਉਹਨਾਂ ਦੇ ਕੰਠਿ = ਗਲੇ ਦਾ ਗਹਿਣਾ ਹੈ, ਇਸ ਲਈ ਉਹ ਸਦਾ ਗਲੇ ਵਿਚ ਜੜੀਆਹ = ਪ੍ਰੋ ਕੇ ਰੱਖਦੀਆਂ ਹਨ। ਸੁਆਸ ਸੁਆਸ ਵਾਹਿਗੁਰੂ ਦਾ ਸਿਮਰਨ ਕਰਦੀਆਂ ਹਨ **ਵਾ:** ਕਰੁਣਾ, ਮੈਤਰੀ, ਅਪੇਖਿਆ, ਮੁੱਦਤਾ ਦੀਆਂ ਜੜੀਆਹ = ਜੜ੍ਹੀਆਂ ਹਨ। ਇਹ ਮਹਾਤਮਾ ਜਨਾਂ ਦੇ ਸੁੰਦਰ ਗਹਿਣੇ ਹਨ।

ਇਹ ਤਿੰਨੇ ਭਾਵ ਰਤਨ, ਜਵੇਹਰ ਅਤੇ ਲਾਲ ਕੀਮਤੀ ਵਸਤੂਆਂ ਮੰਨੀਆਂ ਹਨ। ਇਨ੍ਹਾਂ ਦੀ ਗਿਣਤੀ ਨੌਂ ਹੈ, ਜਿਸ ਕਰਕੇ ਇਨ੍ਹਾਂ ਨੂੰ ਨਵ ਰਤਨੇ ਕਿਹਾ ਜਾਂਦਾ ਹੈ। ਜਿਸ ਦੇ ਵਿਚ ਇਤਨੀ ਖਿੱਚ ਹੋਣੀ ਕਿ ਦੇਖਣ ਨਾਲ ਹੋਰ ਕਿਸੇ ਪਦਾਰਥ ਨੂੰ ਦੇਖਣ ਦੀ (ਰਤ + ਨ) ਰਤ = ਪ੍ਰੀਤੀ ਨ = ਨਹੀਂ ਰਹਿੰਦੀ, ਉਹ ਰਤਨ ਹੁੰਦਾ ਹੈ। ਜਵੇਹਰ ਦਾ ਵੀ ਇਸੇ ਤਰ੍ਹਾਂ ਦਾ ਅਰਥ ਹੈ ਕਿ ਜਿਹੜਾ ਆਪਣਾ ਜਵੇ ਭਾਵ ਜਲਵਾ ਵਿਖਾ ਕੇ ਗਾਹਕ ਦੀ ਬੁੱਧੀ ਨੂੰ **ਵਾ:** ਮਨ ਨੂੰ ਹਰ ਲਵੇ, ਭਾਵ ਚੁਰਾ ਲਵੇ ਅਤੇ ਲਾਲ ਵਿਚ ਵੀ ਐਸਾ ਗੁਣ ਹੈ ਕਿ ਦੂਸਰੇ ਦੇ ਮਨ ਵਿਚ ਪ੍ਰੇਮ ਪੈਦਾ ਕਰਕੇ ਆਪਣੇ ਵਲ ਮਨ ਖਿੱਚ ਲਵੇ ਜਿਵੇਂ ਰਾਜ-ਘਰਾਣਿਆਂ ਵਿਚ ਰਾਣੀਆਂ, ਮਹਾਰਾਣੀਆਂ ਦੇ ਕੰਠ ਭੂਖਣ ਆਦਿ ਹੁੰਦੇ ਸਨ। ਇਸੇ ਪ੍ਰਕਾਰ ਜਿਨ੍ਹਾਂ ਨੇ ਰਤਨ ਦੀ ਨਿਆਈਂ ਵੈਰਾਗ ਧਾਰਨ ਕੀਤਾ ਹੋਇਆ ਹੈ, ਉਨ੍ਹਾਂ ਨੂੰ ਵੈਰਾਗ ਦੇ ਕਾਰਨ ਸੰਸਾਰੀ ਪਦਾਰਥਾਂ ਨਾਲ (ਰਤ + ਨ) ਰਤ = ਪ੍ਰੀਤੀ ਨਹੀਂ ਰਹਿੰਦੀ। ਜਵੇਹਰ ਦੀ ਨਿਆਈਂ ਗਿਆਨ, ਜਵੇ ਨਾਮ ਚਾਲ ਦਾ ਹੈ, ਹਰ = ਹਰਨ ਭਾਵ ਜੋ ਗਾਹਕ ਦੀ ਬੁੱਧੀ ਨੂੰ ਹਰ ਲਵੇ। ਗਾਹਕ ਕੌਣ ਹੈ ? ਜਗਿਆਸੂ ਰੂਪ ਇਸਤਰੀ, ਗਿਆਨ ਦੀ ਸ਼ਕਤੀ ਨਾਲ ਬੁੱਧ ਜੋ ਵਿਸ਼ੇ ਪਰਾਇਣ ਹੈ, ਉਸ ਦਾ ਨਾਸ਼ ਹੋਣਾ। ਸੋ ਐਸੀ ਮਹਾਨਤਾ ਦੇਣ ਵਾਲਾ ਹਰਿ = ਹਰੀ ਵਾਹਿਗੁਰੂ ਲਾਲ = ਪ੍ਰੇਮ ਦਾ ਸਮੁੰਦਰ ਹੈ।

## ਨਾਨਕ, ਬਾਂਛੈ ਧੂੜਿ ਤਿਨ੍; ਪ੍ਰਭ ਸਰਣੀ ਦਰਿ ਪੜੀਆਹ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ੍ = ਉਨ੍ਹਾਂ ਦੇ ਚਰਨਾਂ ਦੀ ਧੂੜਿ = ਧੂੜੀ ਬਾਂਛੈ = ਲੋਚਣਾ ਕਰੀਏ, ਜੋ ਪ੍ਰਭ = ਪਰਮੇਸ਼ਰ ਦੇ ਸਤਿਸੰਗਤ ਰੂਪੀ ਦਰਿ = ਦਰਵਾਜੇ ਰਾਹੀਂ ਉਸ ਦੀ ਸ਼ਰਨ ਵਿਚ ਪੜੀਆਹ = ਪਈਆਂ ਹਨ। ਜੈਸਾ ਕਿ :

**ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥**
**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥** *(ਅੰਗ ੧੩੬੭)*

## ਮੰਘਿਰਿ ਪ੍ਰਭੁ ਆਰਾਧਣਾ; ਬਹੁੜਿ ਨ ਜਨਮੜੀਆਹ ॥੧੦॥

ਮੱਘਰ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜੋ ਪ੍ਰਭ = ਪਰਮੇਸ਼ਰ ਸਾਰਿਆਂ ਦੇ ਅੰਦਰ ਵਸਦਾ ਹੈ, ਉਸ ਨੂੰ ਆਰਾਧਣਾ = ਧਿਆਉਣਾ ਕਰੀਏ **ਵਾ:** ਮਨੁੱਖਾ ਸਰੀਰ ਦੇ ਅੰਤਹਕਰਣ ਰੂਪੀ ਘਰ ਵਿਚ ਜੋ ਪ੍ਰਭੁ = ਅਕਾਲ ਪੁਰਖ ਸੱਤਾ ਦੇ ਰਿਹਾ ਹੈ, ਉਸ ਨੂੰ ਸਦਾ ਹੀ ਆਰਾਧਣਾ = ਧਿਆਉਣਾ ਕਰੀਏ ਜਿਸ ਕਰਕੇ ਬਹੁੜਿ = ਦੁਬਾਰਾ ਜਨਮੜੀਆਹ = ਜੰਮਣਾ ਨ = ਨਹੀਂ ਪਵੇਗਾ ਭਾਵ ਜਨਮ ਨਹੀਂ ਲਈਦਾ। ਇਉਂ ਮੱਘਰ ਦੇ ਪ੍ਰਤੱਖ ਮਹੀਨੇ **ਵਾ:** ਮਨੁੱਖਾ ਸਰੀਰ ਰੂਪੀ ਮੱਘਰ ਮਹੀਨੇ ਦੁਆਰਾ ਸਤਿਗੁਰਾਂ ਨੇ ਮਹਾਨ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ ॥੧੦॥

**ਪੋਹ ਦਾ ਮਹੀਨਾ :** ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਪੋਹ ਦੇ ਮਹੀਨੇ ਦੁਆਰਾ ਪਰਮ ਉਪਦੇਸ਼ ਬਖ਼ਸ਼ਦੇ ਹਨ। ਸਿਸੀਅਰ ਰੁੱਤ ਦਾ ਦੂਸਰਾ ਮਹੀਨਾ ਪੋਹ ਹੈ। ਜੈਸਾ ਕਿ :

**ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥** *(ਰਾਮਕਲੀ ਮ: ੫, ਅੰਗ ੯੨੯)*

ਜਿਸ ਦਾ ਮਨ ਤਨ ਪ੍ਰਭੂ ਦੇ ਸਿਮਰਨ ਵਿਚ ਜੁੜ ਗਿਆ ਹੈ, ਉਸ ਨੂੰ ਪੋਹ ਮਹੀਨੇ ਦੀ ਠੰਡਕ ਦੁੱਖ ਨਹੀਂ ਦੇ ਸਕਦੀ **ਅਥਵਾ** ਮਨੁੱਖਾ ਸਰੀਰ ਰੂਪੀ ਹੀ ਪੋਹ ਦਾ ਮਹੀਨਾ ਹੈ।

## ਪੋਖਿ ਤੁਖਾਰੁ ਨ ਵਿਆਪਈ; ਕੰਠਿ ਮਿਲਿਆ ਹਰਿ ਨਾਹੁ ॥

ਉਸ ਨੂੰ ਮਨੁੱਖਾ ਸਰੀਰ ਰੂਪ ਪੋਖਿ = ਪੋਹ ਦੇ ਮਹੀਨੇ ਵਿਚ ਜੜ੍ਹਤਾ ਰੂਪੀ ਤੁਖਾਰੁ = ਬਰਫ਼ ਭਾਵ ਸਰਦੀ ਨਹੀਂ ਵਿਆਪਈ = ਵਿਆਪਦੀ **ਵਾ:** ਉਨ੍ਹਾਂ ਨੂੰ ਅਗਿਆਨ ਰੂਪ ਪੋਹ ਦਾ ਜੜ੍ਹਤਾ ਰੂਪ ਪਾਲਾ ਨਹੀਂ ਵਿਆਪਦਾ ਜਿਸ ਦੇ ਹਿਰਦੇ ਰੂਪੀ ਕੰਠ ਵਿਚ ਨਾਹੁ = ਪਤੀ ਹਰਿ = ਪਰਮੇਸ਼ਰ ਦਾ ਨਾਮ ਮਿਲਿਆ ਹੈ ਭਾਵ ਪ੍ਰਾਪਤ ਹੋਇਆ ਹੈ। ਜੈਸਾ ਕਿ :

**ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ ॥** *(ਆਸਾ ਮਹਲਾ ੫, ਅੰਗ ੩੭੮)*

ਜਿਸ ਦੀ ਸਿਮਰਨ ਕਰਦਿਆਂ ਬਿਰਧ ਅਵਸਥਾ ਦੀ ਨਿਆਈਂ ਬਿਰਤੀ ਉੱਚੀ ਹੋ ਗਈ ਹੈ ਫੇਰ ਉਸ ਨੂੰ ਵਿਕਾਰਾਂ ਦੀ ਤੁਖਾਰੁ = ਬਰਫ਼ ਦਾ ਪਾਲਾ ਨਹੀਂ ਲੱਗਦਾ। ਭਾਵੇਂ ਵਿਕਾਰ ਦੀ ਸਮਾਨਤਾ ਅਗਨੀ ਨਾਲ ਕੀਤੀ ਜਾਂਦੀ ਹੈ ਪਰੰਤੂ ਜਿਹੜੀ ਬਰਫ਼ ਬਣਦੀ ਹੈ, ਉਹ ਵੀ ਪਾਣੀ ਨਾਲ ਮੌਸਮ ਦੇ ਮਿਲਾਪ ਦੋਸ਼ ਤੋਂ ਬਣਦੀ ਹੈ, ਫਿਰ ਉਹ ਪਾਣੀ ਦਾ ਰੂਪ ਧਾਰਨ ਨਹੀਂ ਕਰਦੀ ਜਿਤਨੀ ਦੇਰ ਤੱਕ ਧੁੱਪ ਦਾ ਸੇਕ ਨਾ ਲੱਗੇ। ਪਰੰਤੂ ਜੇਕਰ ਮੌਸਮ ਧੁੱਪ ਵਾਲਾ ਹੋਵੇ, ਸੇਕ ਵਾਲਾ ਹੋਵੇ, ਫਿਰ ਵੀ ਪਾਣੀ ਤਾਂ ਨਿਰਮਲ ਹੀ ਰਹਿੰਦਾ ਹੈ, ਕਦੇ ਵੀ ਮੌਸਮ ਦਾ ਅਸਰ ਨਹੀਂ ਮੰਨਦਾ ਬਲਕਿ ਪੂਰੀ ਸਿਖਰਾਂ ਦੀ ਗਰਮੀ ਵਿਚ ਵੀ ਸੀਤਲ ਰੂਪ ਹੋ ਕੇ ਪਿਆਸ ਬੁਝਾਉਂਦਾ ਹੈ, ਇਸੇ ਤਰ੍ਹਾਂ ਅੰਤਹਕਰਣ ਜੀਵ ਆਤਮਾ ਰੂਪ ਪਾਣੀ ਜੋ ਸ਼ੁੱਧ ਸਰੂਪ ਹੈ ਉਸਨੇ ਪਦਾਰਥਾਂ, ਮੋਹ ਆਦਿਕਾਂ ਰੂਪ ਮੌਸਮ ਦੀ ਸਪਰਸ਼ਤਾ ਕਰਕੇ ਵਿਕਾਰੀ ਰੂਪ ਧਾਰਨ ਕਰ ਲਿਆ ਹੈ। ਪਰੰਤੂ ਜਿਹੜੇ ਗੁਰ-ਸ਼ਬਦ ਦੇ ਪੁਜਾਰੀ ਬੰਦਗੀ ਵਾਲੇ ਸਦਾ ਜਪ ਤਪ ਦੇ ਸੇਕ ਵਿਚ ਮਨ ਨੂੰ ਰੱਖਦੇ ਹਨ, ਉਹਨਾਂ ਨੂੰ ਕਦੇ ਵੀ ਪੋਹ ਦੇ ਮਹੀਨੇ ਦੀ ਤਰ੍ਹਾਂ ਵਿਕਾਰ ਰੂਪੀ ਠੰਡ ਨਹੀਂ ਲੱਗਦੀ ਕਿਉਂਕਿ ਭਾਵੇਂ ਅਤਿ ਦਰਜੇ ਦੀ ਠੰਡ ਹੋਵੇ। ਜਿਥੇ ਅਗਨੀ ਦਾ ਸੇਕ ਹੋਵੇਗਾ, ਪਾਣੀ ਨੇ ਬਰਫ਼ ਤਾਂ ਕੀ ਬਣਨਾ ਹੈ ਬਲਕਿ ਪੂਰਾ ਠੰਢਾ ਵੀ ਨਹੀਂ ਹੁੰਦਾ। ਭਾਵੇਂ ਪ੍ਰਤੱਖ ਪੋਹ ਦਾ ਅਤਿ ਬਰਫ਼ ਦੀ ਠੰਡਕ ਵਾਲਾ ਮਹੀਨਾ ਹੈ ਪਰੰਤੂ ਜਿਹੜੇ ਗੁਰਮੁਖ ਨਾਮ ਜਪਣ ਵਾਲੇ ਵੱਡੀ ਉਮਰ ਦੇ ਹੀ ਕਿਉਂ ਨਾ ਹੋਣ, ਉਹਨਾਂ ਨੂੰ ਠੰਡ ਮਹਿਸੂਸ ਨਹੀਂ ਹੁੰਦੀ ਕਿਉਂਕਿ ਉਹਨਾਂ ਦੀ ਬਿਰਤੀ ਵਾਹਿਗੁਰੂ ਪਰਮਾਤਮਾ ਨਾਲ ਜੁੜੀ ਹੋਈ ਹੈ। (ਕੰਠਿ ਮਿਲਿਆ ਹਰਿ ਨਾਹੁ) ਉਹਨਾਂ ਨੂੰ ਬਿਰਧ ਉਮਰ ਭਾਵ ਉੱਚੀ ਵੱਡੀ ਆਤਮਿਕ ਅਵਸਥਾ ਕਾਰਨ ਪਾਪਾਂ ਦਾ ਪਾਲਾ ਨਹੀਂ ਲੱਗਦਾ ਜਿਹਨਾਂ ਦੇ ਕੰਠ ਵਿਚ ਅਭੇਦ ਨਿਸਚੇ ਰੂਪ ਜੋ ਹਰਿ = ਹਰੀ ਵਾਹਿਗੁਰੂ ਪਰਮੇਸ਼ਰ ਨਾਹੁ = ਪਤੀ ਰੂਪ ਸਦਾ ਇਕ-ਰਸ ਮਿਲ ਗਿਆ ਹੈ ਜਿਵੇਂ ਜਲ ਵਿਚ ਜਲ ਮਿਲ ਕੇ ਇਕ ਹੋ ਜਾਂਦਾ ਹੈ, ਇਸੇ ਤਰ੍ਹਾਂ ਉਹਨਾਂ ਦੀ ਜੋਤ ਪਰਮਾਤਮਾ ਨਾਲ ਮਿਲ ਕੇ ਸਿਮਰਨ ਸ਼ਕਤੀ ਨਾਲ ਇਕ ਹੋ ਜਾਂਦੀ ਹੈ। ਜੈਸਾ ਕਿ :

**ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥** *(ਅੰਗ ੨੭੮)*

**ਸਾਖੀ—ਸੈਦ ਖ਼ਾਂ ਦੀ :** ਜਿਵੇਂ ਸੈਦ ਖ਼ਾਂ ਕੋਲ ਸਵਾ ਲੱਖ ਦੀ ਜਿਹੜੀ ਜਰਨੈਲੀ ਸੀ, ਉਸ ਦਾ ਤਿਆਗ ਕਰ ਦਿੱਤਾ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਨ ਤੋਂ ਬਾਅਦ ਅਨੰਦਪੁਰ ਸਾਹਿਬ ਵਾਲੇ ਜੰਗ ਵਿਚ ਇਸ ਦਾ ਮਨ ਮਸਤਾਨਾ ਹੋ ਗਿਆ ਸੀ। ਫ਼ਕੀਰ ਬਣ ਕੇ ਤੁਰ ਗਿਆ, ਪਾਉਂਟਾ ਸਾਹਿਬ

ਵਾਲੀਆਂ ਪਹਾੜੀਆਂ ਵਿਚ ਬੈਠ ਕੇ ਤਪ ਕਰਨ ਲੱਗ ਪਿਆ। ਜਦੋਂ ਕਲਗ਼ੀਧਰ ਪਾਤਸ਼ਾਹ ਪਾਉਂਟਾ ਸਾਹਿਬ ਗਏ, ਉਸ ਵਕਤ ਇਸ ਨੂੰ ਦਰਸ਼ਨ ਦੇਣਾ ਕੀਤੇ ਅਤੇ ਨਾਲ ਹੀ ਬ੍ਰਹਮ ਗਿਆਨ ਬਖਸ਼ਿਆ। ਇਸ ਨੇ ਕਿਹਾ ਕਿ ਮਹਾਰਾਜ! ਕੁਝ ਸਮਾਂ ਹੋਰ ਦਰਸ਼ਨ ਦਿਉ। ਸਤਿਗੁਰਾਂ ਨੇ ਕਿਹਾ ਕਿ (ਹਜ਼ੂਰ ਸਾਹਿਬ) ਨਾਂਦੇੜ ਚਲਾ ਜਾ, ਉਥੇ ਪਹਿਲਾਂ ਹੀ ਲੱਕੜ ਸ਼ਾਹ ਫ਼ਕੀਰ ਰਹਿੰਦਾ ਹੈ। ਉਥੇ ਜਾਉ ਜਿਸ ਨੂੰ ਪਹਿਲੇ ਪਾਤਸ਼ਾਹ ਜੀ ਨੇ ਹੁਕਮ ਦਿੱਤਾ ਸੀ ਕਿ ਤੂੰ ਇਸ ਥਾਂ ਥੜੇ 'ਤੇ ਝਾੜੂ ਦਿਆ ਕਰ, ਤੈਨੂੰ ਹਰ ਰੋਜ਼ ਇਕ ਮੋਹਰ ਮਿਲਿਆ ਕਰੇਗੀ। ਐਸਾ ਹੀ ਹੋਇਆ। ਇਹ ਫ਼ਕੀਰ ਬਹੁਤ ਧਨੀ ਹੋ ਗਿਆ। ਜਿਥੇ ਗੁਰਦੁਆਰਾ ਮਾਲ ਟੇਕੜੀ ਸਾਹਿਬ ਹੈ, ਉਸ ਥਾਂ 'ਤੇ ਫੇਰ ਸੈਦ ਖ਼ਾਂ ਨੇ ਵੀ ਬਹੁਤ ਬੰਦਗੀ ਕੀਤੀ। ਜਦੋਂ ਸਤਿਗੁਰੂ ਜੀ ਨਾਂਦੇੜ (ਹਜ਼ੂਰ ਸਾਹਿਬ) ਗਏ, ਉਸ ਸਮੇਂ ਇਹ ਦਰਸ਼ਨ ਕਰਕੇ ਬ੍ਰਹਮ ਲੀਨ ਹੋਇਆ ਭਾਵ ਸਰੀਰ ਤਿਆਗ ਗਿਆ। ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿਨ੍ਹਾਂ ਨੂੰ ਗੁਰਾਂ ਦੁਆਰਾ ਪਤੀ ਪਰਮੇਸ਼ਰ ਮਿਲਿਆ ਹੈ।

## ਮਨੁ ਬੇਧਿਆ ਚਰਨਾਰਬਿੰਦ; ਦਰਸਨਿ ਲਗੜਾ ਸਾਹੁ ॥

ਜਿਸ ਦਾ ਮਨ ਹਰੀ ਵਾਹਿਗੁਰੂ ਦੇ (ਚਰਨ + ਅਰਬਿੰਦ) ਚਰਨਾਂ ਅਰਬਿੰਦ = ਕਮਲਾਂ ਨਾਲ ਬੇਧਿਆ = ਵਿੰਨ੍ਹਿਆ ਗਿਆ ਹੈ ਭਾਵ ਲੀਨ ਹੋ ਗਿਆ ਹੈ, ਉਸ ਨੂੰ ਪ੍ਰਤੱਖ ਦਰਸ਼ਨਾਂ ਦਾ ਸਾਹੁ = ਉਤਸ਼ਾਹ ਲਗੜਾ = ਲੱਗਿਆ ਰਹਿੰਦਾ ਹੈ **ਵਾ**: ਉਸ ਨੂੰ ਸਾਹੁ = ਪਤੀ ਪਰਮੇਸ਼ਰ ਦੇ ਦਰਸ਼ਨਾਂ ਦਾ ਪ੍ਰੇਮ ਲੱਗਿਆ ਹੋਇਆ ਹੈ **ਵਾ**: ਉਸ ਦਾ ਹਰੇਕ ਸਾਹੁ = ਸੁਆਸ ਦਰਸ਼ਨਾਂ ਦੀ ਚਾਹਨਾ ਵਿਚ ਲੱਗਿਆ ਹੋਇਆ ਹੈ।

**ਅਥਵਾ** ਜਿਵੇਂ ਸੂਰਜ ਨੂੰ ਦੇਖ ਕੇ ਕਮਲ ਖਿੜ ਜਾਂਦਾ ਹੈ, ਇਸੇ ਤਰ੍ਹਾਂ ਪਰਮੇਸ਼ਰ ਦੇ ਦਰਸ਼ਨ ਕਰ ਕੇ ਰਿਦੇ ਰੂਪੀ ਕਮਲ ਖਿੜ ਜਾਵੇਗਾ। ਜਿਸ ਤਰ੍ਹਾਂ ਚਕੋਰ ਨੂੰ ਚੰਦਰਮਾ ਦੇ ਦਰਸ਼ਨਾਂ ਦਾ ਉਤਸ਼ਾਹ ਲੱਗਿਆ ਰਹਿੰਦਾ ਹੈ, ਇਸੇ ਤਰ੍ਹਾਂ ਜਗਿਆਸੂ ਰੂਪ ਚਕੋਰ ਨੂੰ ਗੁਰੂ ਰੂਪੀ ਚੰਦਰਮਾ ਦੇ ਦਰਸ਼ਨਾਂ ਦਾ ਉਤਸ਼ਾਹ ਲੱਗਿਆ ਰਹਿੰਦਾ ਹੈ।

## ਓਟ ਗੋਵਿੰਦ ਗੋਪਾਲ ਰਾਇ; ਸੇਵਾ ਸੁਆਮੀ ਲਾਹੁ ॥

ਉਸ ਨੇ ਗੋਵਿੰਦ (ਗੋ+ਵਿੰਦ) ਗੋ = ਵੇਦਾਂ ਕਰਕੇ ਵਿੰਦ = ਜਾਨਣੇ ਯੋਗ, ਗੋਪਾਲ (ਗੋ+ਪਾਲ) ਗੋ = ਧਰਤੀ ਦੀ ਪਾਲ = ਪਾਲਣਾ ਕਰਨੇ ਵਾਲੇ ਰਾਇ = ਪ੍ਰਕਾਸ਼ ਰੂਪ ਪਰਮੇਸ਼ਰ ਦਾ ਮਨ, ਬਾਣੀ, ਸਰੀਰ ਕਰਕੇ ਓਟ = ਆਸਰਾ ਤੱਕਿਆ ਹੈ ਅਤੇ ਸੁਆਮੀ = ਮਾਲਕ ਪਰਮੇਸ਼ਰ ਦਾ ਆਪ ਨਾਮ ਜਪਣ ਤੇ ਹੋਰਨਾਂ ਨੂੰ ਜਪਾਉਣਾ ਰੂਪੀ ਸੇਵਾ ਦਾ ਲਾਹੁ = ਲਾਭ ਸਮਝਿਆ ਹੈ।

## ਬਿਖਿਆ ਪੋਹਿ ਨ ਸਕਈ; ਮਿਲਿ ਸਾਧੂ ਗੁਣ ਗਾਹੁ ॥

ਜਿਸ ਕਰਕੇ ਉਸ ਨੂੰ ਬਿਖਿਆ = ਵਿਹੁ ਰੂਪੀ ਮਾਇਆ ਪੋਹ ਨ = ਨਹੀਂ ਸਕਦੀ, ਕਿਉਂਕਿ ਉਸ ਨੇ ਸਾਧੂ = ਸ੍ਰੇਸਟ ਜਨਾਂ ਦੇ ਨਾਲ ਮਿਲ ਕੇ ਵਾਹਿਗੁਰੂ ਦੇ ਉਸਤਤ ਰੂਪੀ ਗੁਣਾਂ ਨੂੰ ਗਾਹੁ = ਗਾਇਨ ਕੀਤਾ ਹੈ **ਵਾ**: ਪਰਮੇਸ਼ਰ ਦੇ ਸ੍ਰੇਸ਼ਟ ਗੁਣਾਂ ਦਾ ਗਾਹੁ = ਵਿਚਾਰ ਕੀਤਾ ਹੈ। ਮਾਇਆ ਨੂੰ ਜ਼ਹਿਰ ਇਸ ਕਰਕੇ ਕਿਹਾ ਹੈ ਕਿਉਂਕਿ ਸਾਰੇ ਜਨਮਾਂ ਵਿਚ ਨਾਲ ਚਿੰਬੜੀ ਰਹਿੰਦੀ ਹੈ **ਵਾ**: ਬਿਖਿਆ = ਸ਼ਬਦ, ਸਪਰਸ਼ ਰੂਪ, ਰਸ, ਗੰਧ, ਵਿਸ਼ੇ ਪੋਹਿ = ਲੱਗ ਨਹੀਂ ਸਕਦੇ।

## ਜਹ ਤੇ ਉਪਜੀ ਤਹ ਮਿਲੀ; ਸਚੀ ਪ੍ਰੀਤਿ ਸਮਾਹੁ ॥

ਉਸ ਨੇ ਹੀ ਪਤੀ ਪਰਮੇਸ਼ਰ ਦੀ ਸੱਚੀ ਪ੍ਰੀਤਿ = ਪ੍ਰੀਤੀ ਵਿਚ ਸਮਾਹੁ = ਸਮਾਈ ਪਾਈ ਹੈ **ਵਾ**: ਸੱਚੀ ਪ੍ਰੀਤੀ ਦਾ ਸਮਾਹੁ = ਸਮਾਹੜਾ, ਅਨੰਦ ਪ੍ਰਾਪਤ ਕੀਤਾ ਹੈ, ਇਸ ਕਰਕੇ ਜਹ = ਜਿਸ ਕਰਤਾ ਪੁਰਖ ਤੇ = ਤੋਂ

ਉਸ ਦੀ ਆਤਮਾ ਉਪਜੀ = ਪੈਦਾ ਹੋਈ ਸੀ ਤਹ = ਉਸੇ ਪਰਮੇਸ਼ਰ ਵਿਚ ਜਾ ਮਿਲੀ ਹੈ **ਅਥਵਾ** ਜਹ = ਜਿਸ ਅਵਿੱਦਿਆ ਅਤੇ ਅਗਿਆਨ ਦੇ ਸਰੂਪ ਕਰਕੇ ਬਿਰਤੀ ਸੰਸਾਰਾਕਾਰ ਹੋ ਕੇ ਉਪਜੀ = ਪੈਦਾ ਹੋਈ ਸੀ, ਉਹ ਸੱਚ ਸਰੂਪ ਦੇ ਗਿਆਨ ਦੁਆਰਾ ਬ੍ਰਹਮਾਕਾਰ ਹੋ ਕੇ ਤਹ = ਉਸ ਦੇ ਸਰੂਪ ਵਿਚ ਮਿਲ ਗਈ ਹੈ, ਅਭੇਦ ਹੋ ਗਈ ਹੈ।

## ਕਰੁ ਗਹਿ ਲੀਨੀ ਪਾਰਬ੍ਰਹਮਿ; ਬਹੁੜਿ ਨ ਵਿਛੁੜੀਆਹੁ ॥

ਜਿਸ ਜਗਿਆਸੂ ਰੂਪੀ ਇਸਤਰੀ ਦੇ ਮਨ ਰੂਪੀ ਕਰੁ = ਹੱਥ ਨੂੰ ਪਾਰਬ੍ਰਹਮਿ = ਪਰਮੇਸ਼ਰ ਨੇ ਕਿਰਪਾ ਰੂਪੀ ਬਾਹਵਾਂ ਨਾਲ ਗਹਿ = ਪਕੜ ਕੇ ਆਪਣੇ ਵਿਚ ਲੀਨੀ = ਲੀਨ ਕਰ ਲਿਆ ਹੈ ਉਹ ਬਹੁੜਿ = ਫੇਰ ਜਗਿਆਸੂ ਰੂਪੀ ਇਸਤਰੀ ਕਦੇ ਪਰਮੇਸ਼ਰ ਨਾਲੋਂ ਵਿਛੁੜੀਆਹੁ = ਵਿਛੁੜਦੀ ਨਹੀਂ, ਭਾਵ ਉਸ ਦੇ ਸਰੂਪ ਵਿਚ ਅਭੇਦ ਹੋ ਜਾਂਦੀ ਹੈ। ਕਦੇ ਵੀ ਸਰੂਪ ਤੋਂ ਵੱਖ ਹੋ ਕੇ ਜੂਨਾਂ ਵਿਚ ਨਹੀਂ ਪੈਂਦੀ। ਜੈਸਾ ਕਿ :

**ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥** *(ਸੂਹੀ ਮ: ੫, ਅੰਗ ੭੭੮)*

## ਬਾਰਿ ਜਾਉ ਲਖ ਬੇਰੀਆ; ਹਰਿ ਸਜਣੁ ਅਗਮ ਅਗਾਹੁ ॥

ਜੋ ਹਰਿ = ਪਰਮੇਸ਼ਰ ਪ੍ਰਲੋਕ ਦਾ ਸੱਜਣ, ਅਗਮ = ਮਨ, ਬਾਣੀ ਦੀ ਗਮਤਾ ਤੋਂ ਪਰ੍ਹੇ, ਅਗਾਹੁ = ਅਤਿਅੰਤ ਡੂੰਘਾ ਹੈ, ਮੈਂ ਉਸ ਪਰਮੇਸ਼ਰ ਤੋਂ ਲਖ ਬੇਰੀਆ = ਲੱਖਾਂ ਵਾਰੀ ਬਾਰਿ = ਬਲਿਹਾਰ ਕੁਰਬਾਨ ਜਾਉ = ਜਾਂਦਾ ਹਾਂ। ਜੈਸਾ ਕਿ :

**ਬਾਰਿ ਜਾਉ ਲਖ ਬੇਰੀਆ ਦਰਸੁ ਪੇਖਿ ਜੀਵਾਵਉ ॥** *(ਬਿਲਾਵਲ ਮ: ੫, ਅੰਗ ੮੧੩)*

## ਸਰਮ ਪਈ ਨਾਰਾਇਣੈ; ਨਾਨਕ ਦਰਿ ਪਈਆਹੁ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਪ੍ਰਭੂ ਦੇ ਦਰ ਦੀ ਸ਼ਰਨ ਵਿਚ ਪਈਆਹੁ = ਪਈ ਹੈ, ਉਸ ਦੀ ਨਾਰਾਇਣੈ = ਪਰਮੇਸ਼ਰ ਨੂੰ ਸਰਮ = ਲੱਜਾ ਪਈ = ਪੈ ਗਈ ਕਿ ਇਹ ਮੇਰੇ ਦਰ ਵਿਚ ਆਈ ਹੈ, ਮੈਂ ਇਸਦੀ ਲੋਕ ਪ੍ਰਲੋਕ ਵਿਚ ਪੱਤ ਰੱਖਣੀ ਹੈ। ਜੈਸਾ ਕਿ :

**ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ ਜਾਇ ਪੂਛਹੁ ਵੇਦ ਪੁਰਾਣੀ ਹੇ ॥** *(ਮਾਰੂ ਮ: ੪, ਅੰਗ ੧੦੭੦)*

## ਪੋਖੁ ਸੋੁਹੰਦਾ ਸਰਬ ਸੁਖ; ਜਿਸੁ ਬਖਸੇ ਵੇਪਰਵਾਹੁ ॥੧੧॥

ਪੋਖੁ = ਪੋਹ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਉਸਨੂੰ ਸਰਬ = ਸਾਰੇ ਲੋਕ ਪ੍ਰਲੋਕ ਦੇ ਸੁੱਖ ਸੋੁਹੰਦਾ = ਸ਼ੋਭਦੇ ਹਨ ਜਿਸ ਨੂੰ ਵੇਪਰਵਾਹੁ = ਬੇਮੁਹਤਾਜ ਪਰਮੇਸ਼ਰ ਬਖਸੇ = ਬਖ਼ਸ਼ ਲੈਂਦਾ ਹੈ **ਵਾ:** ਉਨ੍ਹਾਂ ਜਗਿਆਸੂਆਂ ਦਾ ਮਨੁੱਖਾ ਸਰੀਰ ਰੂਪੀ ਪੋਹ ਦਾ ਮਹੀਨਾ ਸੋੁਹੰਦਾ = ਸ਼ੋਭਨੀਕ ਹੈ, ਜਿਨ੍ਹਾਂ ਦੇ ਸਰਬ = ਸਾਰੇ ਗੁਨਾਹ ਬੇਪ੍ਰਵਾਹ ਪਰਮੇਸ਼ਰ ਨੇ ਕਿਰਪਾ ਕਰਕੇ ਬਖਸੇ = ਬਖ਼ਸ਼ ਦਿੱਤੇ ਹਨ, ਫਿਰ ਉਨ੍ਹਾਂ ਨੂੰ ਅਭੇਦਤਾ ਰੂਪੀ ਸੁੱਖ ਪ੍ਰਾਪਤ ਹੁੰਦਾ ਹੈ ॥੧੧॥

**ਮਾਘ ਦਾ ਮਹੀਨਾ :** ਸਤਿਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਮਾਘ ਦੇ ਮਹੀਨੇ ਦੁਆਰਾ ਆਤਮਿਕ ਉਪਦੇਸ਼ ਬਖ਼ਸ਼ ਰਹੇ ਹਨ। ਮਾਘ ਤੇ ਫੱਗਣ ਦਾ ਮਹੀਨਾ ਦੋਨਾਂ ਦੀ ਜੋ ਸਾਂਝੀ ਰੁੱਤ ਹੈ, ਉਸ ਨੂੰ ਹਿਮਕਰ ਰੁੱਤ ਕਿਹਾ ਜਾਂਦਾ ਹੈ। ਜੈਸਾ ਕਿ :

**ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥** *(ਰਾਮਕਲੀ ਮ: ੫, ਅੰਗ ੯੨੯)*

ਜਿਵੇਂ ਮਾਘ ਦੇ ਮਹੀਨੇ ਦਾ ਪ੍ਰਾਗਰਾਜ ਤ੍ਰਿਬੇਣੀ ਜਿਥੇ ਗੰਗਾ, ਜਮੁਨਾ, ਸਰੁਸਤੀ ਤਿੰਨੇ ਇਕੱਠੀਆਂ

ਹੁੰਦੀਆਂ ਹਨ, ਉਥੇ ਇਸ਼ਨਾਨ ਦਾ ਮਹਾਤਮ ਬਹੁਤ ਵੱਡਾ ਮੰਨਿਆ ਜਾਂਦਾ ਹੈ। ਭਾਵੇਂ ਅੱਜ ਕੱਲ ਅਗਿਆਨੀ ਲੋਕ ਸਿਰਫ਼ ਨਹਾਉਣ ਤਕ ਸੀਮਤ ਹੋ ਗਏ ਹਨ। ਅਸਲ ਵਿਚ ਇਕ ਭਾਰਦਵਾਜ ਮੁਨੀ ਹੋਇਆ, ਉਹ ਮਾਘ ਦੇ ਮਹੀਨੇ ਸਾਰਿਆਂ ਰਿਸ਼ੀਆਂ, ਮੁਨੀਆਂ, ਮਹਾਤਮਾਂ ਨੂੰ ਪ੍ਰਾਗਰਾਜ ਤ੍ਰਿਬੇਣੀ 'ਤੇ ਇਕੱਤਰ ਕਰਦਾ ਅਤੇ ਪਰਮੇਸ਼ਰ ਦੀ ਕਥਾ ਦਾ ਪ੍ਰਵਾਹ ਚੱਲਦਾ। ਇਸ ਤਰ੍ਹਾਂ ਤ੍ਰਿਬੇਣੀ ਦਾ ਬਹੁਤ ਮਹਾਤਮ ਚੱਲਿਆ, ਬਹੁਤ ਸਾਰੇ ਲੋਕ ਵੀ ਜਾ ਕੇ ਇਨ੍ਹਾਂ ਰਿਸ਼ੀਆਂ ਦੇ ਦਰਸ਼ਨ ਕਰਦੇ। ਇਸ ਤਰ੍ਹਾਂ ਭਾਰਦਵਾਜ ਮੁਨੀ ਦੁਆਰਾ ਤ੍ਰਿਬੇਣੀ ਦਾ ਮਹਾਤਮ ਬਹੁਤ ਪ੍ਰਸਿੱਧ ਹੋਇਆ। ਕਿਉਂਕਿ ਪਾਣੀ ਸਾਰਿਆਂ ਤੱਤਾਂ ਵਿਚ ਉਹ ਤੱਤ ਹੈ ਜਿਹੜਾ ਸ਼ਬਦ ਦੀ ਪਕੜ ਕਰਦਾ ਹੈ। ਅਸਲੀ ਮਹਾਤਮ ਤਾਂ ਤ੍ਰਿਬੈਣੀ ਦੇ ਇਸ ਪਾਣੀ ਕੋਲ ਜੋ ਕਥਾ ਹੁੰਦੀ ਸੀ, ਉਸ ਦਾ ਸੀ। ਇਸ ਵਿਚ ਗੰਗਾ ਅਤੇ ਜਮੁਨਾ ਪ੍ਰਤੱਖ ਰੂਪ ਵਿਚ ਮਿਲਦੀਆਂ ਅਤੇ ਸਰੁਸਤੀ ਕਹਿੰਦੇ ਹਨ ਕਿ ਕਿਲ੍ਹੇ ਦੇ ਵਿੱਚੋਂ ਗੁਪਤ ਹੋ ਕੇ ਮਿਲਦੀ ਹੈ। ਇਥੇ ਤਿੰਨਾਂ ਦਾ ਸੰਗਮ ਹੈ, ਉਸ ਨੂੰ ਪ੍ਰਾਗਰਾਜ ਤੀਰਥ ਕਹਿੰਦੇ ਹਨ। ਇਸੇ ਪ੍ਰਕਾਰ ਪ੍ਰਾਗਰਾਜ ਦੀ ਨਿਆਈਂ ਸਾਧੂਆਂ ਦੀ ਸੰਗਤ ਹੈ। ਜਿਸ ਪ੍ਰਕਾਰ ਤ੍ਰਿਬੇਣੀ ਉੱਤੇ ਗੰਗਾ, ਜਮੁਨਾ ਤੇ ਸਰੁਸਤੀ ਇਕੱਠੀਆਂ ਹਨ, ਇਸੇ ਤਰ੍ਹਾਂ ਸਤਿਸੰਗਤ ਵਿਚ ਗੁਰੂ ਦਾ ਉਪਦੇਸ਼ ਸੁਣਨਾ ਇਹ ਗੰਗਾ ਦੀ ਨਿਆਈਂ ਹੈ। ਉਪਦੇਸ਼ ਮੰਨਣਾ ਇਹ ਜਮੁਨਾ ਹੈ। ਜਿਵੇਂ ਸਰੁਸਤੀ ਅਲੋਪ ਹੈ, ਇਸੇ ਤਰ੍ਹਾਂ ਸੁਣ ਕੇ ਮੰਨਣ ਤੋਂ ਬਾਅਦ ਹਿਰਦੇ ਵਿਚ ਜੋ ਗੁਪਤ ਪ੍ਰੇਮ ਪੈਦਾ ਹੋਣਾ, ਇਹ ਸਰੁਸਤੀ ਹੈ। ਇਉਂ ਕਲਜੁਗ ਦੇ ਸਮੇਂ ਦਾ ਸਭ ਤੋਂ ਉੱਤਮ ਪ੍ਰਾਗਰਾਜ ਤੀਰਥ ਤ੍ਰਿਬੇਣੀ ਦਾ ਇਸ਼ਨਾਨ ਸਤਿਸੰਗ ਵਿਚ ਮਿਲ ਕੇ ਨਾਮ ਜਪਣ ਦਾ ਹੈ। ਇਵੇਂ ਤ੍ਰਿਕੁਟੀ ਵਿਚ ਜਿਹੜੀ ਸੂਰਜ ਦੀ ਸੁਰ ਇੜਾ ਹੈ, ਇਸ ਨੂੰ ਗੰਗਾ ਸਮਝਣਾ, ਚੰਦਰਮਾ ਦੀ ਸੁਰ ਪਿੰਗਲਾ ਜਮੁਨਾ ਸਮਝਣਾ, ਸੁਖਮਨਾ ਨੂੰ ਸਰੁਸਤੀ ਸਮਝਣਾ। ਜੈਸਾ ਕਿ :

**ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥**
**ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ॥** *(ਅੰਗ ੬੭੪)*

ਇਸ ਤਰ੍ਹਾਂ ਇਹ ਇਕ ਜੋਗ ਦੀ ਪ੍ਰਕਿਰਿਆ ਦੁਆਰਾ ਦਸਵੇਂ ਦੁਆਰ ਵਿਚ ਤ੍ਰਿਬੇਣੀ ਬਣ ਰਹੀ ਹੈ। ਪਰਮੇਸ਼ਰ ਦੀ ਭਗਤੀ ਦੇ ਬਚਨ ਕਰਨੇ, ਉਪਾਸ਼ਨਾ ਕਰਨੀ, ਇਹ ਗੰਗਾ ਦੀ ਨਿਆਈਂ ਹੈ। ਸ਼ੁਭ ਕਰਮ ਕਰਨੇ, ਸੇਵਾ ਕਰਨੀ, ਰਹਿਣੀ, ਬਹਿਣੀ, ਕਹਿਣੀ ਸਿੱਖਣੀ ਅਤੇ ਨਿੱਤ, ਨਮਿੱਤ, ਪ੍ਰਾਸ਼ਚਿਤ ਕਰਮਾਂ ਦੀ ਵਿਚਾਰ ਕਰਨੀ ਇਹ ਜਮੁਨਾ ਹੈ। ਗੰਗਾ ਜਮੁਨਾ ਦੋਵੇਂ ਪ੍ਰਗਟ ਹਨ। ਜੋ ਗਿਆਨ ਸਤਿਸੰਗਤ ਵਿੱਚੋਂ ਪ੍ਰਾਪਤ ਹੁੰਦਾ ਹੈ, ਉਹ ਸਰੁਸਤੀ ਹੈ। ਇਹ ਅਲੋਪ ਗਿਆਨ ਵੀ ਹਿਰਦੇ ਵਿਚ ਰਹਿੰਦਾ ਹੈ, ਦੂਸਰੇ ਨੂੰ ਨਹੀਂ ਦਿੱਸਦਾ। (ਸਰ + ਅਸਤੀ) ਸਰ = ਸ੍ਰੇਸ਼ਟ ਗਿਆਨ ਦੀ ਜਿਥੇ ਅਸਤੀ = ਇਸਥਿਤੀ ਹੋਵੇ, ਇਹ ਸਰੁਸਤੀ ਵਗ ਰਹੀ ਹੈ। ਇਉਂ ਸਤਿਸੰਗਤ ਰੂਪੀ ਪ੍ਰਾਗਰਾਜ ਤੀਰਥ 'ਤੇ ਉਪਾਸਨਾ ਰੂਪੀ ਗੰਗਾ ਦਾ ਇਸ਼ਨਾਨ, ਕਰਮ ਰੂਪੀ ਜਮਨਾ ਦਾ ਇਸ਼ਨਾਨ ਅਤੇ ਉਥੇ ਨਿਜ ਸਰੂਪ ਦੀ ਪ੍ਰਾਪਤ ਰੂਪੀ ਸਰੁਸਤੀ ਦਾ ਇਸਨਾਨ ਹੁੰਦਾ ਹੈ। ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਮਨੁੱਖਾ ਸਰੀਰ ਰੂਪੀ ਮਾਘ ਦੇ ਮਹੀਨੇ ਵਿਚ ਐਸਾ ਸ੍ਰੇਸ਼ਟ ਉਪਦੇਸ਼ ਬਖ਼ਸ਼ਿਆ ਹੈ।

## ਮਾਘਿ, ਮਜਨੁ ਸੰਗਿ ਸਾਧੂਆ; ਧੂੜੀ ਕਰਿ ਇਸਨਾਨੁ॥

ਮਾਘ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜਿਸ ਤਰ੍ਹਾਂ ਮਾਘ ਦੇ ਮਹੀਨੇ ਮਕਰ ਰਾਸ਼ੀ ਵਿਚ ਹਿੰਦੂ ਲੋਕ ਪ੍ਰਾਗ ਰਾਜ ਜਾ ਕੇ ਤ੍ਰਿਬੈਣੀ ਵਿਚ ਇਸ਼ਨਾਨ ਕਰਨ ਦਾ ਬਹੁਤ ਵੱਡਾ ਮਹਾਤਮ ਸਮਝਦੇ ਹਨ, ਇਸੇ ਤਰ੍ਹਾਂ ਜੋ ਸਾਧੂਆ = ਸ੍ਰੇਸ਼ਟ ਗੁਣਾਂ ਵਾਲੇ ਸਤ ਪੁਰਸ਼ਾਂ ਦੇ ਸੰਗਿ = ਨਾਲ ਮਿਲ ਕੇ ਉਨ੍ਹਾਂ ਦੀ ਚਰਨ ਧੂੜ ਵਿਚ ਇਸ਼ਨਾਨ ਕਰਿ = ਕਰਦਾ ਹੈ, ਉਸਨੂੰ ਮਜਨੁ = ਪੁਰਬਾਂ ਦੇ ਇਸ਼ਨਾਨ ਤੋਂ ਵੀ ਵਧੇਰੇ ਫਲ ਪ੍ਰਾਪਤ ਹੁੰਦਾ ਹੈ **ਅਥਵਾ** ਸਤਿਸੰਗਤ ਰੂਪੀ ਮਾਘ ਦੇ ਮਹੀਨੇ ਵਿਚ ਸ਼ਰਧਾ ਰੂਪੀ ਮਕਰ ਰਾਸ਼ੀ, ਗਿਆਨ ਰੂਪੀ ਸੂਰਜ ਚੜ੍ਹਿਆ ਹੋਇਆ ਹੈ, ਭਗਤੀ ਦੀ ਵੀਚਾਰ ਰੂਪੀ ਗੰਗਾ ਵਗ ਰਹੀ ਹੈ। ਨਿਸ਼ਕਾਮ ਕਰਮਾਂ ਫਲ ਰੂਪੀ ਜਮੁਨਾ ਵਗ

ਰਹੀ ਹੈ। ਗਿਆਨ ਦੀ ਵੀਚਾਰ ਰੂਪੀ ਸਰੁਸਤੀ ਵਗ ਰਹੀ ਹੈ, ਇਉਂ ਇਹ ਪੁਰਬ ਲੱਗਿਆ ਹੈ। ਸਾਧੂਆਂ ਦੀ ਸੰਗਿ = ਸੰਗਤ ਰੂਪੀ ਤ੍ਰਿਬੇਣੀ ਹੈ, ਇਸ ਵਿਚ ਮਜਨੁ = ਇਸ਼ਨਾਨ ਕਰੇ।

## ਹਰਿ ਕਾ ਨਾਮੁ ਧਿਆਇ ਸੁਣਿ; ਸਭਨਾ ਨੋ ਕਰਿ ਦਾਨੁ ॥

ਹੇ ਭਾਈ ! ਹਰਿ = ਪਰਮੇਸ਼ਰ ਕਾ = ਦਾ ਨਾਮ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਨਾਲ ਸੁਣਿ = ਸ੍ਰਵਨ ਕਰਕੇ ਪ੍ਰੀਤ ਰੂਪੀ ਰਸਨਾ ਨਾਲ ਧਿਆਇ = ਧਿਆਉਣਾ ਕਰ ਜਿਸ ਨਾਲ ਅੰਤਹਕਰਣ ਧਿਆਤਾ, ਧਿਆਨ, ਧੇਅ ਇਕ ਹੋ ਜਾਵੇਗਾ, ਇਉਂ ਅਰਾਧਨਾ ਕਰ। (ਧਿਆਤਾ = ਅੰਤਹਕਰਣ, ਧਿਆਨ = ਬਿਰਤੀ ਧਿਆਉਣ ਵਾਲੀ, ਧੇਅ = ਜਿਸ ਨੂੰ ਧਿਆਉਂਦਾ ਹੈ) ਇਹ ਤਿੰਨੇ ਇਕ ਹੋ ਜਾਣ। ਉਸ ਦਾ ਹੀ ਰੂਪ ਹੋ ਜਾਣ, ਇਉਂ ਨਾਮ ਨੂੰ ਧਿਆਉਣਾ ਕਰ ਅਤੇ ਸਭਨਾ = ਸਾਰਿਆਂ ਨੂੰ ਪਰਮੇਸ਼ਰ ਦਾ ਨਾਮ ਜਪਾਉਣ ਰੂਪੀ ਦਾਨ ਕਰ **ਅਥਵਾ** ਨਾਮ ਜਪਣ ਦੇ ਨਾਲ ਸਭਨਾ = ਸਾਰੇ ਹੀ ਲੋੜਵੰਦਾਂ ਦੇ ਤਾਈਂ ਮੇਰ-ਤੇਰ ਛੱਡ ਕੇ ਇੱਕੋ ਜਿਹਾ ਦਾਨ ਕਰਿਆ ਕਰ। ਜੈਸਾ ਕਿ :

**ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ॥** *(ਸੋਰਠਿ ਮ: ੫, ਅੰਗ ੬੧੧)*

**[ਅੰਗ ੧੩੬]**

## ਜਨਮ ਕਰਮ ਮਲੁ ਉਤਰੈ; ਮਨ ਤੇ ਜਾਇ ਗੁਮਾਨੁ ॥

ਇਸ ਨਾਮ ਦੇ ਧਿਆਉਣੇ ਕਰਕੇ ਜਨਮਾਂ ਜਨਮਾਤਰਾਂ ਦੇ ਕਰਮਾਂ ਦੀ **ਵਾ:** ਜਨਮ ਦੇਣ ਵਾਲੇ ਸੰਚਤ ਕਰਮਾਂ ਦੀ ਮੈਲ ਉਤਰੈ = ਉਤਰ ਜਾਂਦੀ ਹੈ ਅਤੇ ਮਨ = ਹਿਰਦੇ ਤੇ = ਤੋਂ ਗੁਣਾਂ ਆਦਿਕਾਂ ਦਾ ਗੁਮਾਨੁ = ਹੰਕਾਰ ਵੀ ਚਲਿਆ ਜਾਇ = ਜਾਂਦਾ ਹੈ। ਅਤੇ

**ਸਾਖੀ—ਸੁਖਦੇਵ ਮੁਨੀ ਦੀ :** ਇਸੇ ਪ੍ਰਕਾਰ ਜਦੋਂ ਸ਼ਿਵ ਜੀ ਪਾਰਬਤੀ ਦੇ ਕਹਿਣ ’ਤੇ ਪਾਰਬਤੀ ਨੂੰ ਅਮਰ ਕਰਨ ਵਾਸਤੇ ਅਮਰ ਕਥਾ ਸੁਣਾਉਣ ਲੱਗੇ, ਤਾਂ ਉਥੇ ਨੇੜੇ ਇਕ ਦਰੱਖ਼ਤ ’ਤੇ ਆਲ੍ਹਣੇ ਵਿਚ ਇਕ ਤੋਤੇ ਦਾ ਸੁੱਕਾ ਅੰਡਾ ਪਿਆ ਸੀ। ਸੁੱਕਿਆ ਹੋਇਆ ਅੰਡਾ ਕਥਾ ਸੁਣ ਕੇ ਹਰਾ ਹੋ ਗਿਆ ਅਤੇ ਪਾਰਬਤੀ ਨੂੰ ਨੀਂਦ ਆਉਣ ’ਤੇ ਅੰਡਾ ਹੁੰਗਾਰਾ ਭਰਦਾ ਰਿਹਾ। ਜਦੋਂ ਸ਼ਿਵ ਜੀ ਨੂੰ ਪਤਾ ਲੱਗਾ ਕਿ ਪਾਰਬਤੀ ਤਾਂ ਸੌਂ ਗਈ ਹੈ ਪਰ ਹੁੰਗਾਰਾ ਕੌਣ ਭਰਦਾ ਸੀ ਤਾਂ ਉਸ ਵੇਲੇ ਅੰਡੇ ਵਿੱਚੋਂ ਤੋਤਾ ਬਣ ਕੇ ਉੱਡ ਕੇ ਬਿਆਸ ਦੀ ਇਸਤਰੀ ਦੇ ਉਬਾਸੀ ਲੈਣ ਵੇਲੇ ਅੰਦਰ ਜਾ ਵੜਿਆ। ਬਾਰਾਂ ਸਾਲ ਸ਼ਿਵ ਜੀ ਬਿਆਸ ਰਿਖੀ ਦੇ ਬੂਹੇ ਅੱਗੇ ਧੂਣਾ ਲਾ ਕੇ ਬੈਠਾ ਰਿਹਾ। ਜਦੋਂ ਜਨਮ ਲਵੇਗਾ ਤਾਂ ਉਦੋਂ ਮਾਰ ਕੇ ਜਾਵਾਂਗਾ। ਉਸ ਵੇਲੇ ਨਾਰਦ ਜੀ ਸ਼ਿਵ ਜੀ ਕੋਲ ਆ ਕੇ ਕਹਿਣ ਲੱਗੇ ਕਿ ਸ਼ੰਕਰ ਜੀ ! ਇਥੇ ਬੈਠੇ ਹੋ ਤਾਂ ਸ਼ਿਵ ਜੀ ਕਹਿਣ ਲੱਗੇ ਕਿ ਮੈਂ ਪਾਰਬਤੀ ਨੂੰ ਅਮਰ ਕਥਾ ਸੁਣਾ ਰਿਹਾ ਸੀ। ਪਾਰਬਤੀ ਸੌਂ ਗਈ ਤੇ ਤੋਤੇ ਨੇ ਕਥਾ ਸੁਣੀ ਹੈ ਜੋ ਬਿਆਸ ਦੀ ਇਸਤਰੀ ਦੇ ਪੇਟ ਵਿਚ ਹੈ। ਇਸ ਨੂੰ ਮਾਰ ਕੇ ਜਾਵਾਂਗਾ। ਨਾਰਦ ਜੀ ਕਹਿਣ ਲੱਗੇ ਕਿ ਫੇਰ ਅਮਰ ਕਥਾ ਦਾ ਕੀ ਮਹਾਤਮ ਹੈ ? ਸ਼ਿਵ ਜੀ ਨੇ ਕਿਹਾ ਕਿ ਜੋ ਕਥਾ ਸੁਣ ਲੈਂਦਾ ਹੈ, ਉਹ ਅਮਰ ਹੋ ਜਾਂਦਾ ਹੈ, ਤਾਂ ਨਾਰਦ ਨੇ ਕਿਹਾ ਜਿਹੜਾ ਅਮਰ ਹੀ ਹੋ ਗਿਆ, ਉਸ ਨੂੰ ਕਿਵੇਂ ਮਾਰੇਂਗਾ ਇਹ ਸੁਣ ਫੇਰ ਸ਼ਿਵ ਜੀ ਉਥੋਂ ਚਲੇ ਗਏ। ਬਾਰਾਂ ਸਾਲ ਬਾਅਦ ਸੁਖਦੇਵ ਜੀ ਨੇ ਜਨਮ ਲਿਆ। ਬਿਆਸ ਮੋਹ ਕਰਕੇ ਬੁਲਾਵੇ ਪਰ ਇਹ ਬੋਲੇ ਨਾ। ਕਹਿਣ ਲੱਗਾ ਕਿ ਪਿਤਾ ਜੀ, ਮੈਨੂੰ ੧੦੦ ਜਨਮ ਦਾ ਗਿਆਨ ਹੈ। ਮੈਨੂੰ ਨਾ ਬੁਲਾਵੋ। ਸੁਖਦੇਵ ਜੀ ਨੂੰ ਬਿਰੱਕਤੀਪੁਣੇ ਦਾ ਗੁਮਾਨ ਸੀ। ਫੇਰ ਬਿਆਸ ਜੀ ਨੇ ਕਿਹਾ ਕਿ ਜਾ ਪੁੱਤਰ ਤੇਰੇ ਅੰਦਰ ਬਿਰੱਕਤਪੁਣੇ ਦਾ ਅਹੰਕਾਰ ਹੈ। ਆਪਣਾ ਅਹੰਕਾਰ ਮੇਟਣ ਲਈ ਜਨਕ ਰਾਜੇ ਨੂੰ ਆਪਣਾ ਗੁਰੂ ਧਾਰਨ ਕਰ, ਤੇਰਾ ਅਹੰਕਾਰ ਮਿਟੇਗਾ। ਰਾਜੇ ਜਨਕ ਕੋਲ ਗਿਆ ਤਾਂ ਮਨ ਵਿਚ ਸ਼ੰਕਾ ਵੀ ਕੀਤਾ ਕਿ ਇਹ ਤਾਂ ਰਾਜਾ ਹੈ। ਰਾਜੇ ਜਨਕ ਨੇ ਕਿਹਾ ਕਿ

ਰਾਜ ਮੇਰੇ ਅੰਦਰ ਨਹੀਂ ਲੁਕਿਆ ਹੋਇਆ। ਇਉਂ ਸੁਖਦੇਵ ਮੁਨੀ ਨੂੰ ਉਪਦੇਸ਼ ਦੇਣ ਹਿਤ ਰਾਜੇ ਜਨਕ ਨੇ ਪਹਿਲਾਂ ਇਕ ਥਾਲੀ ਵਿਚ ਤੇਲ ਪਾ ਕੇ ਭੇਜ ਦਿੱਤਾ ਕਿ ਸਾਰੇ ਬਜ਼ਾਰ ਵਿਚ ਗੇੜਾ ਕੱਢ ਕੇ ਆ ਪਰੰਤੂ ਤੇਲ ਨਹੀਂ ਡੁੱਲ੍ਹਣਾ ਚਾਹੀਦਾ। ਇਹ ਤੁਰ ਪਿਆ। ਬਜ਼ਾਰ ਵਿਚ ਬਹੁਤ ਤਰ੍ਹਾਂ ਦੇ ਰੰਗ ਤਮਾਸ਼ੇ ਹਨ, ਕਿਤੇ ਪਹਿਲਵਾਨ ਕੁਸ਼ਤੀ ਕਰ ਰਹੇ ਹਨ, ਕਿਤੇ ਕੁਝ, ਕਿਤੇ ਕੁਝ ਪਰੰਤੂ ਇਹ ਵੇਖ ਨਹੀਂ ਸਕਿਆ। ਜੇਕਰ ਵੇਖਦਾ ਤਾਂ ਤੇਲ ਡੁੱਲ੍ਹ ਸਕਦਾ ਸੀ। ਜਦੋਂ ਰਾਜੇ ਜਨਕ ਨੇ ਪੁੱਛਿਆ ਕਿ ਬਜ਼ਾਰ ਵਿਚ ਕੀ ਕੀ ਵੇਖਿਆ ? ਤਾਂ ਕਹਿੰਦਾ ਹੈ ਕਿ ਮੈਨੂੰ ਡਰ ਸੀ ਕਿ ਅਗਰ ਮੈਂ ਕਿਤੇ ਕੁਝ ਵੇਖਣ ਲੱਗ ਪਿਆ ਤਾਂ ਤੇਲ ਡੁੱਲ੍ਹ ਜਾਵੇਗਾ। ਰਾਜੇ ਜਨਕ ਨੇ ਕਿਹਾ ਕਿ ਬਸ, ਤੈਨੂੰ ਉਪਦੇਸ਼ ਦੇਣਾ ਸੀ। ਇਸੇ ਤਰ੍ਹਾਂ ਮੇਰਾ ਮਨ ਪਦਾਰਥਾਂ ਵਿਚ ਨਹੀਂ ਡਿਗਦਾ, ਸਦਾ ਬਿਰਤੀ ਪਰਮੇਸ਼ਰ ਦੇ ਵਿਚ ਜੁੜੀ ਰਹਿੰਦੀ ਹੈ। ਜਦੋਂ ਪਦਾਰਥਾਂ ਵਿਚ ਡਿਗਦਾ ਨਹੀਂ ਤਾਂ ਗੁਮਾਨ ਕਿਥੋਂ ਹੋਣਾ ਹੈ ? ਉਸ ਸਮੇਂ ਹੰਕਾਰ ਹੁੰਦਾ ਹੈ ਜਦੋਂ ਸੰਸਾਰੀ ਪਾਸੇ ਵੱਲ ਬਿਰਤੀ ਚਲੀ ਜਾਂਦੀ ਹੈ। ਇਉਂ ਨਾਮ ਦੀ ਸ਼ਕਤੀ ਨਾਲ ਹਉਮੈ ਦਾ ਨਾਸ਼ ਹੋ ਜਾਂਦਾ ਹੈ।

## ਕਾਮਿ ਕਰੋਧਿ ਨ ਮੋਹੀਐ; ਬਿਨਸੈ ਲੋਭੁ ਸੁਆਨੁ ॥

ਕਾਮ ਕ੍ਰੋਧ ਆਦਿਕ ਵੀ ਮੋਹੀਐ = ਮੋਹਿਤ ਨਹੀਂ ਕਰਨਗੇ ਅਤੇ ਲੋਭ ਰੂਪੀ ਸੁਆਨੁ = ਕੁੱਤਾ ਵੀ ਬਿਨਸੈ = ਵਿਸ਼ੇਸ਼ ਕਰਕੇ ਨਾਸ਼ ਹੋ ਜਾਵੇਗਾ **ਵਾ:** ਜਿਹੜੇ ਗੁਰਮੁਖ ਪਰਮੇਸ਼ਰ ਦੇ ਨਾਮ ਨੂੰ ਧਿਆਉਂਦੇ ਹਨ, ਉਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ ਆਦਿਕ ਵਿਕਾਰ ਮੋਹ ਨਹੀਂ ਸਕਦੇ।

**ਸਾਖੀ—ਸਿੰਙੀ ਰਿਸ਼ੀ ਦੀ :** ਇਕ ਮਾਂਡਵ ਰਿਸ਼ੀ ਦਾ ਪੁੱਤਰ ਹੋਇਆ ਹੈ ਸਿੰਙੀ ਰਿਸ਼ੀ ਜੋ ਇਸਤਰੀ ਦਾ ਨਾਮ ਤੱਕ ਵੀ ਜਾਣਦਾ ਨਹੀਂ ਸੀ। ਵਣ ਵਿਚ ਰਹਿ ਕੇ ਤਪ ਅਤੇ ਅਗਨਹੋਤਰੀ ਕਰਦਾ ਸੀ ਅਤੇ ਇਸ ਦਾ ਪਿਤਾ ਦੂਸਰੇ ਵਣਾਂ ਵਿਚ ਤਪ ਕਰਦਾ ਸੀ। ਲੋਮਸ ਰਾਜੇ ਦਾ ਰਾਜ ਪੈਂਦਾ ਸੀ। ਇਸ ਦੇ ਰਾਜ ਵਿਚ ਕਾਫ਼ੀ ਚਿਰ ਤੋਂ ਮੀਂਹ ਨਹੀਂ ਪੈ ਰਿਹਾ ਸੀ। ਰਾਜੇ ਨੂੰ ਸਿਆਣੇ ਵਜ਼ੀਰਾਂ ਨੇ ਕਿਹਾ ਕਿ ਸਿੰਙੀ ਰਿਖੀ ਜੇ ਆ ਜਾਵੇ ਤਾਂ ਮੀਂਹ ਪੈ ਸਕਦਾ ਹੈ। ਰਾਜੇ ਨੇ ਅਹਿਲਕਾਰ ਸਿੰਙੀ ਰਿਖੀ ਕੋਲ ਭੇਜੇ ਪਰ ਰਿਖੀ ਵਣਾਂ ਤੋਂ ਨਾ ਆਇਆ। ਫੇਰ ਇਕ ਵੇਸਵਾ ਰਾਜੇ ਨੂੰ ਕਹਿਣ ਲੱਗੀ ਕਿ ਮੈਂ ਸਿੰਙੀ ਰਿਖੀ ਨੂੰ ਰਾਜ ਵਿਚ ਲਿਆਵਾਂਗੀ, ਪਰ ਮੈਂ ਅੱਧਾ ਰਾਜ ਲਵਾਂਗੀ। ਸਿੰਙੀ ਰਿਖੀ ਦਾ ਪਿਤਾ ਦਿਨੇ ਤਪ ਕਰਨ ਚਲਾ ਗਿਆ। ਰਾਤ ਨੂੰ ਹੀ ਪਿਤਾ ਅਤੇ ਪੁੱਤਰ ਇਕੱਠੇ ਹੁੰਦੇ ਸਨ। ਵੇਸਵਾ ਨੇ ਆਪਣੀਆਂ ਕੁਝ ਸਖੀਆਂ ਨਾਲ ਲੈ ਲਈਆਂ ਅਤੇ ਸਿੰਙੀ ਰਿਖੀ ਕੋਲ ਵਣ ਵਿਚ ਚਲੀਆਂ ਗਈਆਂ। ਜਿਸ ਵੇਲੇ ਗਈਆਂ ਤਾਂ ਰਿਖੀ ਦੇਖ ਕੇ ਹੈਰਾਨ ਹੋ ਗਿਆ ਤੇ ਕਹਿਣ ਲੱਗਾ ਕਿ ਤੁਹਾਡੇ ਮੱਥੇ ਵਿਚ ਕੀ ਚਮਕਦਾ ਹੈ ? ਚਮਕ ਤਾਂ ਗਹਿਣੇ ਰਹੇ ਸਨ ਪਰ ਵੇਸਵਾ ਕਹਿਣ ਲੱਗੀ ਕਿ ਅਸੀਂ ਬ੍ਰਹਮ ਲੋਕ ਦੇ ਰਿਸ਼ੀ ਹਾਂ। ਸਾਡੇ ਤਪ ਦਾ ਪ੍ਰਤਾਪ ਪ੍ਰਕਾਸ਼ ਰਿਹਾ ਹੈ। ਬ੍ਰਹਮ ਲੋਕ ਵਿਚ ਸਾਨੂੰ ਮੇਵੇ ਅਤੇ ਬਹੁਤ ਸੁਆਦਲੀਆਂ ਚੀਜ਼ਾਂ ਖਾਣ ਨੂੰ ਮਿਲਦੀਆਂ ਹਨ। ਸਿੰਙੀ ਰਿਖੀ ਖ਼ੁਸ਼ ਹੋ ਕੇ ਕਹਿਣ ਲੱਗਾ ਕਿ ਬ੍ਰਹਮ ਲੋਕ ਵਿਚ ਇਹੋ ਜਿਹੇ ਸੁਆਦ ਅਤੇ ਫਲ ਹਨ। ਚਿੱਤ ਪਰਚ ਗਿਆ ਤੇ ਕਹਿਣ ਲੱਗਾ ਕਿ ਮੈਨੂੰ ਵੀ ਨਾਲ ਹੀ ਲੈ ਚੱਲੋ। ਵੇਸਵਾ ਨਾਲ ਲੈ ਆਈ। ਜਦੋਂ ਰਾਜ ਵਿਚ ਆਏ ਤਾਂ ਮੀਂਹ ਪੈਣ ਲੱਗ ਪਿਆ। 'ਪ੍ਰਬੋਧ ਚੰਦਰ ਨਾਟਕ' ਵਿਚ ਲਿਖਿਆ ਹੈ ਕਿ ਇਸ ਦੇ ਤੇਰ੍ਹਾਂ ਬੱਚੇ ਹੋ ਗਏ। ਵੇਸਵਾ ਨੇ ਰਾਜੇ ਦਾ ਅੱਧਾ ਰਾਜ ਲੈ ਕੇ ਸਿੰਙੀ ਰਿਸ਼ੀ ਨੂੰ ਕਿਹਾ ਕਿ ਰਿਖੀ ਬਣ ਕੇ ਕੀ ਕੁਕਰਮ ਕਰਦਾ ਹੈਂ। ਫੇਰ ਬੱਚਿਆਂ ਨੂੰ ਛੱਡ ਕੇ ਭੱਜ ਗਿਆ ਸੀ। ਇਸ ਪ੍ਰਕਾਰ ਜਿਸ ਨੇ ਕਦੇ ਇਸਤਰੀ ਦਾ ਨਾਂ ਅਤੇ ਨਾ ਵੇਖੀ ਸੀ, ਉਸ ਨੂੰ ਕਾਮ ਨੇ ਖ਼ਰਾਬ ਕਰ ਦਿੱਤਾ ਭਾਵ ਵਿਕਾਰਾਂ ਨੇ ਗ੍ਰਸ ਲਿਆ।

**ਸਾਖੀ—ਕਰੋਧ ਦੇ ਪ੍ਰਥਾਏ :** ਇਕ ਦੁਰਬਾਸ਼ਾ ਰਿਖੀ ਹੋਇਆ ਹੈ ਜਿਸ ਦਾ ਸੁਭਾਅ ਬੜਾ ਕਰੋਧੀ ਸੀ। ਉਸ ਦੇ ਘਰ ਇਕ ਪਰਜਾਪਤ ਦੀ ਲੜਕੀ ਸੀ। ਇਕ ਦਿਨ ਕ੍ਰੋਧਿਤ ਹੋ ਕੇ ਸਰਾਪ ਦੇਣ ਲੱਗਾ ਤਾਂ ਪਰਜਾਪਤ ਕਹਿਣ ਲੱਗਾ ਕਿ ੧੦੦ ਗੁਨਾਹ ਮੇਰੀ ਲੜਕੀ ਦੇ ਮੁਆਫ਼ ਕਰ ਦੇਣਾ। ਦੁਰਬਾਸ਼ਾ ਕਹਿਣ ਲੱਗਾ ਕਿ ਸੌ ਗਿਣਦਾ

ਰਹਾਂਗਾ। ਜੇ ਸੌ ਤੋਂ ਵੱਧ ਹੋ ਗਿਆ ਤਾਂ ਸਰਾਪ ਦੇਵਾਂਗਾ। ਲੜਕੀ ਸੌ ਗ਼ਲਤੀਆਂ ਕਰ ਬੈਠੀ ਅਤੇ ਇਕ ਹੋਰ ਗ਼ਲਤੀ ਕੀਤੀ ਤਾਂ ਉਸੇ ਵੇਲੇ ਭਸਮ ਕਰ ਦਿੱਤੀ। ਪਰਜਾਪਤ ਕਹਿਣ ਲੱਗਾ ਕਿ ਰਿਖੀ ਹੋ ਕੇ ਵੀ ਤੂੰ ਐਡਾ ਕ੍ਰੋਧੀ ਹੈਂ। ਤੇਰੀ ਵੀ ਨਿਰਾਦਰੀ ਹੋਵੇ। ਦੁਰਬਾਸ਼ਾ ਰਿਖੀ ਭਾਵੇਂ ਕ੍ਰਿਸ਼ਨ ਜੀ ਦਾ ਗੁਰੂ ਸੀ, ਭਾਵੇਂ ਨਿਰਾਹਾਰੀ ਰਹਿ ਕੇ ਜਮੁਨਾ ਨਦੀ ਸੁਕਾ ਦਿੱਤੀ ਸੀ ਪਰ ਫੇਰ ਵੀ ਕ੍ਰੋਧ ਦੇ ਪ੍ਰਤਾਪ ਕਰਕੇ ਇਸ ਨੇ ੫੬ ਕ੍ਰੋੜ ਯਾਦਵਾਂ ਨੂੰ ਸਰਾਪ ਦੇ ਕੇ ਮਾਰਿਆ ਸੀ। ਅੰਬਰੀਕ ਰਾਜੇ ਦਾ ਬੜਾ ਪ੍ਰਤਾਪ ਸੀ। ਦੁਰਬਾਸ਼ਾ ਰਿਖੀ ਕਹਿਣ ਲੱਗਾ ਕਿ ਨਾਲੇ ਰਾਜ ਕਰਦਾ ਹੈ ਪਰ ਫੇਰ ਵੀ ਪ੍ਰਤਾਪ ਰਿਖੀਆਂ ਨਾਲੋਂ ਜ਼ਿਆਦਾ ਹੈ। ਅੰਬਰੀਕ ਨੇ ਵਰਤ ਖੋਲ੍ਹਣਾ ਸੀ, ਇਹ ਉਸ ਸਮੇਂ ਨਹੀਂ ਗਿਆ। ਨਦੀ ਵਿਚ ਹੀ ਨਹਾਉਂਦਾ ਰਿਹਾ ਪਰੰਤੂ ਜਦੋਂ ਅੱਧੀ ਰਾਤ ਪਈ ਤਾਂ ਅੰਬਰੀਕ ਨੇ ਚਰਦੋਣਕ ਲੈ ਕੇ ਵਰਤ ਖੋਲ੍ਹ ਲਿਆ। ਦੁਰਬਾਸ਼ਾ ਰਿਖੀ ਜਦੋਂ ਉਸ ਨੂੰ ਸਰਾਪ ਦੇਣ ਲੱਗਾ ਤਾਂ ਉਹ ਕਹਿਣ ਲੱਗਾ ਕਿ ਮੈਂ ਤਾਂ ਗੁਨਾਹਾਂ ਦਾ ਭਰਿਆ ਹੋਇਆ ਹਾਂ। ਮੇਰੇ ਤੋਂ ਕਿਹੜਾ ਔਗੁਣ ਹੋ ਗਿਆ ? ਉਸ ਵਕਤ ਸੁਦਰਸ਼ਨ ਚੱਕਰ ਦੁਰਬਾਸ਼ਾ ਦੇ ਆਲੇ-ਦੁਆਲੇ ਅੱਗ ਦੀ ਲਾਟ ਵਾਂਗੂੰ ਘੁੰਮਣ ਲੱਗਾ। ਦੁਰਬਾਸ਼ਾ ਦੇਵਤਿਆਂ ਕੋਲ ਗਿਆ ਤਾਂ ਉਨ੍ਹਾਂ ਨੇ ਬ੍ਰਹਮਾ ਕੋਲ ਭੇਜ ਦਿੱਤਾ। ਬ੍ਰਹਮਾ ਜੀ ਨੇ ਕਿਹਾ ਕਿ ਸੰਤਾਂ ਦੇ ਸਰਾਪਿਆਂ ਨੂੰ ਮੈਂ ਨਹੀਂ ਰੱਖ ਸਕਦਾ। ਫੇਰ ਸ਼ਿਵ ਜੀ ਕੋਲ ਗਿਆ ਤਾਂ ਸ਼ਿਵ ਜੀ ਨੇ ਕਹਿ ਦਿੱਤਾ ਕਿ ਛੇਤੀ ਚਲੇ ਜਾਉ, ਕਿਤੇ ਕੈਲਾਸ਼ ਪਰਬਤ ਨੂੰ ਅੱਗ ਨਾ ਲੱਗ ਜਾਵੇ। ਫੇਰ ਵਿਸ਼ਨੂੰ ਜੀ ਕੋਲ ਗਿਆ ਤਾਂ ਵਿਸ਼ਨੂੰ ਜੀ ਨੇ ਕਿਹਾ ਕਿ ਅੰਬਰੀਕ ਦੀ ਸ਼ਰਨ ਵਿਚ ਜਾ, ਉਹੋ ਹੀ ਰੱਖ ਸਕਦਾ ਹੈ। ਫੇਰ ਅੰਬਰੀਕ ਦੀ ਸ਼ਰਨ ਪਿਆ ਤਾਂ ਉਸ ਨੇ ਛੁਡਾਇਆ। ਕਹਿਣ ਤੋਂ ਭਾਵ ਕ੍ਰੋਧ ਦੇ ਕਾਰਨ ਦੁਰਬਾਸ਼ਾ ਨੂੰ ਕਿਤੇ ਵੀ ਜਗ੍ਹਾ ਨਹੀਂ ਮਿਲੀ।

**ਸਾਖੀ—ਮੋਹ ਦੇ ਪ੍ਰਥਾਏ ਵਸ਼ਿਸਟ ਮੁਨੀ ਦੀ :** ਮੋਹ ਦੇ ਪ੍ਰਤਾਪ ਕਰਕੇ ਵਿਸ਼ਿਸ਼ਟ ਮੁਨੀ ਦਾ ਜਦੋਂ ਵਿਸ਼ਵਾ ਮਿੱਤਰ ਨੇ ਸਰਾਪ ਦੇ ਕੇ ਸੌ ਪੁੱਤਰ ਮਾਰ ਦਿੱਤਾ ਸੀ, ਉਦੋਂ ਮੋਹ ਵਸ ਹੋ ਕੇ ਬਿਆਸਾ ਵਿਚ ਡੁੱਬਣ ਲੱਗਾ। ਬਿਆਸਾ ਨੇ ਰਿਖੀ ਜਾਣ ਕੇ ਡੋਬਿਆ ਨਾ, ਪਰ ਉਸ ਦੀ ਫਾਹੀ ਟੁੱਟ ਗਈ। ਫੇਰ ਸਤਲੁਜ ਵਿਚ ਆ ਕੇ ਡੁੱਬਣ ਲੱਗਾ ਤਾਂ ਸਤਲੁਜ ਸੌ ਧਾਰਾਂ ਹੋ ਕੇ ਵੱਗ ਪਿਆ ਸੀ। ਸਤੱਦ੍ਰਵ ਉਦੋਂ ਦਾ ਨਾਮ ਪਿਆ ਹੋਇਆ ਹੈ। ਜਿਥੇ ਹੁਣ ਤਖ਼ਤ ਕੇਸਗੜ੍ਹ ਸਾਹਿਬ ਹੈ, ਉਸ ਪਹਾੜੀ ਵਿਚ ਉਥੇ ਆ ਕੇ ਪੱਥਰ ਨਾਲ ਮੱਥਾ ਮਾਰਨ ਲੱਗਾ। ਆਕਾਸ਼ ਬਾਣੀ ਹੋਈ, ਕਹਿੰਦੇ ਹਨ ਕਿ ਹੇ ਰਿਖੀ! ਕਿਉਂ ਐਨਾ ਵਿਰਲਾਪ ਕਰਦਾ ਹੈਂ। ਕਹਿਣ ਲੱਗਾ ਕਿ ਮੇਰੀ ਕੁਲ ਨਾਸ਼ ਹੋ ਗਈ। ਕਹਿੰਦੇ ਹਨ ਕਿ ਤੇਰੀ ਪਤਨੀ ਦੇ ਪੇਟ ਵਿਚ ਜਿਹੜਾ ਬੱਚਾ ਹੈ, ਉਸ ਨਾਲ ਤੇਰੀ ਕੁਲ ਰਹੇਗੀ, ਮੋਹ ਨਾ ਕਰ।

**ਸਾਖ—ਲੋਭ ਦੇ ਪ੍ਰਥਾਇ - ਪਾਪ ਦਾ ਬਾਪ ਕੌਣ ਹੈ ? :** ਇਕ ਰਾਜੇ ਦੀ ਸਭਾ ਵਿਚ ਪੰਡਤ ਕਥਾ ਕਰਦਾ ਸੀ। ਇਕ ਹੋਰ ਪੰਡਤ ਸੀ ਜੋ ਇਸ ਨੂੰ ਈਰਖਾ ਕਰਕੇ ਕਢਵਾਉਣਾ ਚਾਹੁੰਦਾ ਸੀ। ਉਸ ਪੰਡਤ ਨੇ ਰਾਜੇ ਦੀ ਸਭਾ ਵਿਚ ਜਾ ਕੇ ਕਿਹਾ ਕਿ ਹੇ ਰਾਜਨ! ਜੋ ਪੰਡਤ ਆਪ ਜੀ ਦੀ ਸਭਾ ਵਿਚ ਕਥਾ ਕਰਦਾ ਹੈ, ਉਹ ਵਿਦਵਾਨ ਨਹੀਂ, ਕੇਵਲ ਆਪ ਨੂੰ ਧੋਖਾ ਦੇ ਰਿਹਾ ਹੈ। ਜੇ ਤੁਸੀਂ ਉਸ ਦੀ ਵਿਦਵਤਾ ਪਰਖਣੀ ਚਾਹੁੰਦੇ ਹੋ ਤਾਂ ਇਨ੍ਹਾਂ ਪੰਜਾਂ ਸਵਾਲਾਂ ਦਾ ਜਵਾਬ ਉਸ ਪਾਸੋਂ ਪੁੱਛਣਾ ਕਰੋ : ੧. ਇਥੇ ਕਿਹੜਾ ਦੁਖੀ ਹੈ ਅਤੇ ਅੱਗੇ ਪਰਲੋਕ ਵਿਚ ਕਿਹੜਾ ਦੁਖੀ ਹੋਵੇਗਾ ? ੨. ਇਥੇ ਕਿਹੜਾ ਸੁਖੀ ਹੈ ਅਤੇ ਅੱਗੇ ਕਿਹੜਾ ਦੁਖੀ ਹੋਵੇਗਾ ? ੩. ਇਥੇ ਕਿਹੜਾ ਦੁਖੀ ਹੈ ਅਤੇ ਅੱਗੇ ਕਿਹੜਾ ਸੁਖੀ ਹੋਵੇਗਾ ? ੪. ਇਥੇ ਕਿਹੜਾ ਸੁਖੀ ਹੈ ਅਤੇ ਅੱਗੇ ਕਿਹੜਾ ਸੁਖੀ ਹੋਵੇਗਾ ? ੫. ਪਾਪ ਦਾ ਬਾਪ ਕੌਣ ਹੈ ? ਰਾਜੇ ਨੇ ਉਸ ਈਰਖਾਲੂ ਪੰਡਤ ਦੀ ਗੱਲ ਮੰਨ ਕੇ ਆਪਣੇ ਪੰਡਤ ਪਾਸੋਂ ਇਹ ਪੰਜ ਪ੍ਰਸ਼ਨ ਪੁੱਛੇ। ਰਾਜ ਪੰਡਤ ਨੇ ਸੋਚਿਆ ਕਿ ਕਿਸੇ ਨੇ ਈਰਖਾ ਕੀਤੀ ਹੈ। ਚੰਗੀ ਰੋਜ਼ੀ ਰੋਟੀ ਲੱਗੀ ਸੀ। ਚੰਗਾ ਗੁਜ਼ਾਰਾ ਚੱਲ ਰਿਹਾ ਸੀ। ਮੈਨੂੰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਨਹੀਂ ਆਉਣਾ, ਇਸ ਕਰਕੇ ਰਾਜੇ ਨੇ ਕਥਾ ਕਰਨ ਤੋਂ ਹਟਾ ਦੇਣਾ ਹੈ। ਇਸ ਤਰ੍ਹਾਂ ਸੋਚ ਕੇ ਪੰਡਤ ਨੇ ਰਾਜੇ ਪਾਸੋਂ ਅੱਠ ਦਿਨਾਂ ਦੀ ਮੋਹਲਤ ਮੰਗ ਲਈ। ਘਰ ਵਿਚ ਜਾ ਕੇ ਰੋਟੀ ਨਹੀਂ ਖਾਧੀ ਅਤੇ ਨਾ ਹੀ ਪਾਣੀ ਪੀਣਾ

ਕੀਤਾ। ਹਰ ਵਕਤ ਉਦਾਸ ਹੀ ਰਹਿੰਦਾ, ਉੱਤਰ ਕੋਈ ਵੀ ਨਹੀਂ ਫੁਰਦਾ। ਰਾਜ ਪੰਡਤ ਦੀ ਲੜਕੀ ਨੇ ਪਿਤਾ ਦੀ ਐਸੀ ਹਾਲਤ ਵੇਖ ਕੇ ਉਦਾਸੀ ਦਾ ਕਾਰਨ ਪੁੱਛਿਆ ਤਾਂ ਪੰਡਤ ਨੇ ਸਭ ਕੁਝ ਦੱਸ ਦਿੱਤਾ। ਲੜਕੀ ਬਹੁਤ ਸਿਆਣੀ ਤੇ ਵਿਦਵਾਨ ਸੀ। ਪੰਡਤ ਨੂੰ ਹੌਂਸਲਾ ਦਿੱਤਾ ਕਿ ਇਹ ਤਾਂ ਕੁਝ ਵੀ ਗੱਲ ਨਹੀਂ ਹੈ। ਰਾਜੇ ਦੀ ਸਭਾ ਵਿਚ ਮੈਂ ਇਸ ਦਾ ਉੱਤਰ ਦੇਵਾਂਗੀ। ਪੰਡਤ ਨੂੰ ਕੁਝ ਧੀਰਜ ਹੋਈ। ਲੜਕੀ ਨੇ ਸੋਚ ਕੇ ਉੱਤਰ ਦੇਣ ਦੀ ਸਕੀਮ ਬਣਾਈ ਤੇ ਇਕ ਗ਼ਰੀਬ ਲੱਕੜਹਾਰਾ ਤਿਆਰ ਕੀਤਾ, ਦੂਜੀ ਵੇਸਵਾ ਤੇ ਤੀਜੇ ਇਕ ਮਹਾਤਮਾ ਨੂੰ ਬੇਨਤੀ ਕੀਤੀ ਕਿ ਮਹਾਰਾਜ! ਫਲਾਣੇ ਦਿਨ ਤੁਸੀਂ ਰਾਜੇ ਦੀ ਸਭਾ ਵਿਚ ਮੇਰੀ ਬੇਨਤੀ ਮੰਨ ਕੇ ਦਰਸ਼ਨ ਦੇਣੇ, ਚੌਥਾ ਸ਼ਾਹੂਕਾਰ ਤਿਆਰ ਕੀਤਾ। ਜਦੋਂ ਮੋਹਲਤ ਪੂਰੀ ਹੋ ਗਈ ਤਾਂ ਰਾਜ ਪੰਡਤ ਦੀ ਲੜਕੀ ਆਪਣੇ ਪਿਤਾ ਨਾਲ ਰਾਜ ਦਰਬਾਰ ਨੂੰ ਚੱਲ ਪਈ। ਜਿਸ ਪੰਡਤ ਨੇ ਪੰਜ ਪ੍ਰਸ਼ਨ ਰਾਜੇ ਨੂੰ ਦੱਸੇ ਸਨ, ਉਸ ਨੂੰ ੫੦੦ ਰੁਪਏ ਦਾ ਲਾਲਚ ਦੇ ਕੇ ਇਕ ਮਰਿਆ ਹੋਇਆ ਕਤੂਰਾ ਰੇਸ਼ਮੀ ਕੱਪੜੇ ਵਿਚ ਲਪੇਟ ਕੇ ਕੱਛ ਵਿਚ ਚੁਕਾ ਦਿੱਤਾ, ਪਰ ਪੰਡਤ ਨੂੰ ਪਤਾ ਨਾ ਲੱਗਣ ਦਿੱਤਾ ਕਿ ਇਸ ਕੱਪੜੇ ਵਿਚ ਕੀ ਹੈ। ਪੰਡਤ ਨੇ ੫੦੦ ਰੁਪਏ ਦੇ ਲੋਭ ਕਰਕੇ ਪੁੱਛਿਆ ਹੀ ਨਾ ਕਿ ਇਸ ਵਿਚ ਕੀ ਹੈ? ਜਦੋਂ ਲੜਕੀ ਇਨ੍ਹਾਂ ਪੰਜਾਂ (ਲੱਕੜਹਾਰਾ, ਵੇਸਵਾ, ਸ਼ਾਹੂਕਾਰ, ਸੰਤ ਤੇ ਈਰਖਾਲੂ ਪੰਡਤ) ਸਮੇਤ ਆਪਣੇ ਪਿਤਾ ਨੂੰ ਨਾਲ ਲੈ ਕੇ ਰਾਜੇ ਦੀ ਸਭਾ ਵਿਚ ਪਹੁੰਚੀ ਤਾਂ ਰਾਜੇ ਨੇ ਫਿਰ ਉਹੀ ਪ੍ਰਸ਼ਨ ਪੁੱਛਣਾ ਕੀਤੇ: ੧. ਇਥੇ ਕਿਹੜਾ ਦੁਖੀ ਹੈ ਅਤੇ ਅੱਗੇ ਪਰਲੋਕ ਵਿਚ ਕੌਣ ਦੁਖੀ ਹੋਵੇਗਾ? ਤਾਂ ਲੱਕੜਹਾਰਾ ਖੜਾ ਕਰ ਦਿੱਤਾ ਅਤੇ ਸਮਝਾਇਆ ਕਿ ਇਹ ਵਿਚਾਰਾ ਗ਼ਰੀਬ ਇਥੇ ਵੀ ਦੁਖੀ ਹੈ ਅਤੇ ਪਰਲੋਕ ਵਿਚ ਵੀ ਦੁਖੀ ਹੋਵੇਗਾ ਕਿਉਂਕਿ ਪੁੰਨ ਦਾਨ ਅਤੇ ਨਾਮ ਸਿਮਰਨ ਨਹੀਂ ਕਰਦਾ। ੨. ਇਥੇ ਕਿਹੜਾ ਸੁਖੀ ਹੈ ਅਤੇ ਅੱਗੇ ਕਿਹੜਾ ਦੁਖੀ ਹੈ? ਤਾਂ ਲੜਕੀ ਨੇ ਉੱਤਰ ਦੇਣ ਲਈ ਵੇਸਵਾ ਅੱਗੇ ਖੜੀ ਕਰ ਦਿੱਤੀ ਅਤੇ ਦੱਸਿਆ ਕਿ ਇਹ ਇਥੇ ਵਿਕਾਰ ਭੋਗਦੀ ਹੈ ਤੇ ਸੁਖੀ ਹੈ ਤੇ ਪੈਸਾ ਵੀ ਬਹੁਤ ਹੈ ਇਸ ਲਈ ਸੁਖੀ ਹੈ ਪਰ ਜਦੋਂ ਅੱਗੇ ਪਰਲੋਕ ਵਿਚ ਜਾ ਕੇ ਆਪਣੇ ਪਾਪਾਂ ਕਰਕੇ ਨਰਕਾਂ ਵਿਚ ਪਵੇਗੀ ਤਾਂ ਦੁਖੀ ਹੋਵੇਗੀ। ੩. ਇਥੇ ਕਿਹੜਾ ਦੁਖੀ ਹੈ ਅਤੇ ਅੱਗੇ ਕੌਣ ਸੁਖੀ ਹੋਵੇਗਾ? ਤਾਂ ਲੜਕੀ ਨੇ ਮਹਾਂਪੁਰਸ਼ਾਂ ਵੱਲ ਇਸ਼ਾਰਾ ਕੀਤਾ ਅਤੇ ਉੱਤਰ ਦਿੱਤਾ ਕਿ ਹੇ ਰਾਜਨ! ਐਸੇ ਸੰਤ ਮਹਾਂਪੁਰਸ਼ ਇਸ ਸੰਸਾਰ ਵਿਚ ਆਪਣੇ ਸਰੀਰ ਨੂੰ ਕਸ਼ਟ ਅਤੇ ਦੁੱਖ ਦੇ ਕੇ ਤਪੱਸਿਆ ਕਰਦੇ ਹਨ ਪਰ ਅੱਗੇ ਪਰਲੋਕ ਵਿਚ ਇਨ੍ਹਾਂ ਨੂੰ ਸੁੱਖ ਮਿਲੇਗਾ। ੪. ਇਥੇ ਕਿਹੜਾ ਸੁਖੀ ਹੈ ਤੇ ਅੱਗੇ ਕਿਸ ਨੂੰ ਸੁਖ ਮਿਲੇਗਾ? ਤਾਂ ਪੰਡਤ ਦੀ ਲੜਕੀ ਨੇ ਉੱਤਰ ਦਿੱਤਾ ਕਿ ਇਸ ਸ਼ਾਹੂਕਾਰ ਪਾਸ ਬਹੁਤ ਧਨ ਹੋਣ ਕਰਕੇ ਇਹ ਇਥੇ ਵੀ ਸੁਖੀ ਹੈ ਅਤੇ ਧਨ ਕਰਕੇ ਬਹੁਤ ਪੁੰਨ ਦਾਨ ਵੀ ਕਰਦਾ ਹੈ ਜਿਸ ਕਰਕੇ ਅੱਗੇ ਵੀ ਸੁਖੀ ਰਹੇਗਾ। ੫. ਪਾਪ ਦਾ ਬਾਪ ਕੌਣ ਹੈ? ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਲੜਕੀ ਨੇ ਈਰਖਾਲੂ ਪੰਡਤ ਨੂੰ ਕਿਹਾ ਕਿ ਪੰਡਤ ਜੀ! ਆਪਣੀ ਕੱਛ ਵਿੱਚੋਂ ਮਰਿਆ ਹੋਇਆ ਕਤੂਰਾ ਕੱਢ ਦਿਉ ਜਿਹੜਾ ਤੁਸੀਂ ੫੦੦ ਰੁਪਏ ਦੇ ਲਾਲਚ ਵਿਚ ਆ ਕੇ ਬਿਨਾਂ ਦੇਖੇ ਤੋਂ ਚੁੱਕ ਲਿਆ ਸੀ। ਇਹ ਲੋਭ ਹੀ ਪਾਪਾਂ ਦਾ ਪਿਤਾ ਹੈ। ਉਸ ਪੰਡਤ ਦੀ ਹਾਰ ਹੋਈ। ਸੋ ਐਸਾ ਪਾਪਾਂ ਨੂੰ ਜਨਮ ਦੇਣ ਵਾਲਾ ਜੋ ਲੋਭ ਹੈ, ਉਹ ਵੀ ਨਾਸ ਹੋ ਜਾਂਦਾ ਹੈ।

## ਸਚੈ ਮਾਰਗਿ ਚਲਦਿਆ; ਉਸਤਤਿ ਕਰੇ ਜਹਾਨੁ ॥

ਪ੍ਰੇਮਾ-ਭਗਤੀ ਦੇ ਸੱਚੇ ਮਾਰਗਿ = ਰਸਤੇ 'ਤੇ ਚਲਦਿਆ = ਚੱਲਣ ਵਾਲਿਆਂ ਸਤਪੁਰਸ਼ਾਂ ਦੀ ਸਾਰਾ ਜਹਾਨੁ = ਸੰਸਾਰ ਉਸਤਤਿ = ਸ਼ੋਭਾ ਕਰੇ = ਕਰਦਾ ਹੈ। ਭਾਵ ਗੁਰਮਤ ਦੇ ਆਸ਼ੇ ਅਨੁਸਾਰ ਜੀਵਨ ਬਤੀਤ ਹੋਣ ਵਾਲਿਆਂ ਦੀ ਸਦਾ ਹੀ ਵਡਿਆਈ ਹੁੰਦੀ ਹੈ।

## ਅਠਸਠਿ ਤੀਰਥ ਸਗਲ ਪੁੰਨ; ਜੀਅ ਦਇਆ ਪਰਵਾਨੁ ॥

ਅਠਸਠਿ = ਅਠਾਹਠ ਤੀਰਥਾਂ ਦੇ ਇਸ਼ਨਾਨ ਆਦਿ ਸਗਲ = ਸਾਰੇ ਪੁੰਨਾਂ ਦਾ ਫਲ, ਉਨ੍ਹਾਂ ਨੂੰ ਪ੍ਰਾਪਤ

ਹੁੰਦਾ ਹੈ, ਜੋ ਜੀਅ = ਜੀਵਾਂ **ਵਾ:** ਆਪਣੇ ਜੀਵ ਆਤਮਾ ਉੱਪਰ ਦਇਆ ਕਰਦੇ ਹਨ ਕਿਉਂਕਿ ਇਹੋ ਹੀ ਪਰਮੇਸ਼ਰ ਦੀ ਦਰਗਾਹ ਵਿਚ ਪਰਵਾਨੁ = ਪ੍ਰਮਾਣੀਕ ਹੈ।

***ਅੰਤਰੀਵ :*** ਪਰਮੇਸ਼ਰ ਨੇ ਮਨੁੱਖਾ ਜਨਮ ਦਿੱਤਾ ਹੈ, ਇਸ 'ਤੇ ਤਰਸ ਕਰਕੇ, ਨਾਮ ਜਪ ਕੇ ਅਤੇ ਜੀਵਨ ਉੱਚਾ ਕਰਕੇ ਮੁਕਤ ਕਰ ਲਵਾਂ। ਇਹ ਆਪਣੇ ਜੀਅ 'ਤੇ ਦਇਆ ਕਰਨੀ ਪ੍ਰਮਾਣੀਕ ਹੈ। ਜਿਵੇਂ ਯੁਧਿਸ਼ਟਰ ਦੇ ਅੰਦਰ ਇਕ ਦਿਨ ਖ਼ਿਆਲ ਹੋਇਆ ਕਿ ਕ੍ਰਿਸ਼ਨ ਭਗਵਾਨ ਜੀ ਮੈਨੂੰ ਆਉ ਰਾਜਨ ਕਹਿੰਦੇ ਹਨ ਪਰ ਕਦੇ ਵੀ ਭਗਤ ਨਹੀਂ ਕਿਹਾ। ਇਕ ਦਿਨ ਦੀ ਗੱਲ ਹੈ ਕਿ ਯੁਧਿਸ਼ਟਰ ਸ਼ਿਕਾਰ ਖੇਡਣ ਲਈ ਬਾਹਰ ਜੰਗਲ ਵਿਚ ਗਿਆ। ਮਹਾਂਭਾਰਤ ਵਿਚ ਕਥਾ ਆਉਂਦੀ ਹੈ ਕਿ ਉਥੇ ਭੀਲਾਂ ਦੀ ਲੜਕੀ ਲੱਕੜਾਂ ਚੁਗਣ ਗਈ ਸੀ। ਉਹਦੇ ਬੱਚਾ ਪੈਦਾ ਹੋਣ ਵਾਲਾ ਸੀ। ਯੁਧਿਸ਼ਟਰ ਨੇ ਪੁੱਛਿਆ ਕਿ ਬੀਬੀ, ਤੈਨੂੰ ਕੀ ਤਕਲੀਫ਼ ਹੈ ? ਦੁਖੀ ਹੋ ਕੇ ਰੋ ਕਿਉਂ ਰਹੀ ਹੈਂ ? ਤਾਂ ਲੜਕੀ ਕਹਿੰਦੀ ਹੈ ਕਿ ਅਸੀਂ ਮੂਰਖ ਲੋਕ ਹਾਂ। ਮੇਰੇ ਬੱਚਾ ਪੈਦਾ ਹੋਣ ਵਾਲਾ ਹੈ। ਮੈਂ ਲੱਕੜਾਂ ਚੁਗਣ ਲਈ ਵਣ ਵਿਚ ਆ ਗਈ ਹਾਂ। ਕਹਿਣ ਲੱਗੀ ਕਿ ਦਾਈ ਤੋਂ ਬਿਨਾਂ ਬੱਚਾ ਪੈਦਾ ਨਹੀਂ ਹੋਣਾ। ਯੁਧਿਸ਼ਟਰ ਕਹਿਣ ਲੱਗਾ ਕਿ ਹੇ ਬੀਬੀ ! ਜੇ ਤੂੰ ਸੰਕੋਚ ਨਾ ਕਰੇਂ ਤਾਂ ਮੈਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਤੇਰੇ ਪੇਟ ਨੂੰ ਮਲ ਦਿਆਂ। ਦਾਈ ਦੀ ਸੇਵਾ ਕਰ ਦਿਆਂ। ਯੁਧਿਸ਼ਟਰ ਨੇ ਅੱਖਾਂ 'ਤੇ ਪੱਟੀ ਬੰਨ੍ਹ ਕੇ ਦਾਈ ਵਾਲਾ ਕੰਮ ਕੀਤਾ। ਬੱਚਾ ਪੈਦਾ ਹੋ ਗਿਆ। ਜਦੋਂ ਯੁਧਿਸ਼ਟਰ ਵਾਪਸ ਰਾਜ ਦਰਬਾਰ ਵਿਚ ਗਿਆ ਤਾਂ ਕ੍ਰਿਸ਼ਨ ਜੀ ਕਹਿਣ ਲੱਗੇ ਕਿ ਆਉ ਭਗਤ ਜੀ ! ਯੁਧਿਸ਼ਟਰ ਕਹਿਣ ਲੱਗਾ ਕਿ ਮੈਂ ਕਿਹੜਾ ਭਗਤਾਂ ਵਾਲਾ ਕੰਮ ਕੀਤਾ ਹੈ ? ਤਾਂ ਕਹਿੰਦੇ ਕਿ ਜੀਆਂ 'ਤੇ ਦਇਆ ਕਰਨੀ ਇਹ ਤੇਰੇ ਅੰਦਰ ਭਗਤੀ ਹੈ। ਰਾਜਾ ਹੁੰਦਾ ਹੋਇਆ ਵੀ ਭੀਲਾਂ ਦੀ ਲੜਕੀ ਦੀ ਦਾਈ ਬਣ ਕੇ ਸੇਵਾ ਕਰਕੇ ਪੁੱਤਰ ਦੇ ਜਨਮ ਲੈਣ ਵਿਚ ਸਹਾਇਤਾ ਕੀਤੀ। ਇਸੇ ਤਰ੍ਹਾਂ ਦੀ ਇਕ ਗੱਲ ਸਿੰਘਾਂ ਦੀ ਆਉਂਦੀ ਹੈ ਕਿ ਸੱਤ ਦਿਨਾਂ ਦੇ ਅਤਿਅੰਤ ਭੁੱਖੇ ਸਿੰਘਾਂ ਨੂੰ ਜਦੋਂ ਭਾਈ ਤਾਰੂ ਸਿੰਘ ਨੇ ਜੰਗਲਾਂ ਵਿਚ ਲਿਆ ਕੇ ਪ੍ਰਸ਼ਾਦਾ ਦਿੱਤਾ ਤਾਂ ਭਾਈ ਤਾਰੂ ਸਿੰਘ ਜੀ ਨੇ ਵਾਰਤਾ ਸਿੰਘਾਂ ਨੂੰ ਦੱਸੀ ਕਿ ਹਿੰਦੂਆਂ ਦੀਆਂ ਅਠਾਰਾਂ ਹਜ਼ਾਰ ਲੜਕੀਆਂ ਨੂੰ ਗਿਲਜੇ ਪਕੜੀ ਜਾ ਰਹੇ ਹਨ ਤੇ ਉਹਨਾਂ ਦੀ ਪੱਤ ਦੀ ਬੇਅਦਬੀ ਕਰਦੇ ਜਾਂਦੇ ਹਨ। ਨਾ ਉਹਨਾਂ ਦੇ ਮਾਪਿਆਂ ਨੇ ਤੇ ਨਾ ਹੀ ਉਹਨਾਂ ਦੇ ਪਤੀਆਂ ਨੇ, ਕਿਸੇ ਨੇ ਵੀ ਉਹਨਾਂ ਦੀ ਰੱਖਿਆ ਨਹੀਂ ਕੀਤੀ। ਪਹਿਲਾਂ ਸਿੰਘਾਂ ਨੇ ਲੜਕੀਆਂ ਨੂੰ ਛੁਡਵਾਇਆ, ਬਾਅਦ ਵਿਚ ਪ੍ਰਸ਼ਾਦਾ ਛਕਿਆ। ਇਹ ਜੀਵਾਂ 'ਤੇ ਦਇਆ ਕਰਨੀ ਪ੍ਰਮਾਣੀਕ ਹੈ। ਆਪਾ ਵਾਰ ਕੇ ਗ਼ਰੀਬਾਂ ਦੀ ਰੱਖਿਆ ਕਰਨੀ, ਇਹ ਸਭ ਤੋਂ ਵੱਡਾ ਮਹਾਤਮ ਹੈ। ਜੈਸਾ ਕਿ :

**ਧੌਲੁ ਧਰਮੁ ਦਇਆ ਕਾ ਪੂਤੁ ॥** *(ਜਪੁਜੀ ਸਾਹਿਬ, ਅੰਗ ੩)*

**ਸਿਰ ਕੀ ਸੋਭ ਉਤਾਰ ਕੈ ਚੀਨਯੋ ਆਤਮ ਰਾਮ ॥**
**ਸਾਠ ਕੋਸ ਮਕਾ ਮਿਲਿਓ ਦੇਖ ਦਇਆ ਕੇ ਕਾਮ ॥**

*(ਸ੍ਰੀ ਭਗਤ ਮਾਲਾ ਕ੍ਰਿਤ ਗਿ: ਨਰੈਣ ਸਿੰਘ, ਪੰਨਾ ੩੭੯)*

ਤਥਾ : **ਦਇਆ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ ॥**
**ਤੁਲਸੀ ਦਇਆ ਨ ਛੋਡੀਐ ਜਬ ਲਗ ਘਟ ਮੈ ਪ੍ਰਾਨ ॥** *(ਤੁਲਸੀ ਜੀ)*

## ਜਿਸ ਨੋ ਦੇਵੈ, ਦਇਆ ਕਰਿ; ਸੋਈ ਪੁਰਖੁ ਸੁਜਾਨੁ ॥

ਇਹ ਮਹਾਨ ਗੁਣ ਜਿਸ ਨੋ = ਨੂੰ ਵਾਹਿਗੁਰੂ ਪਰਮੇਸ਼ਰ ਨੇ ਦਇਆ ਦ੍ਰਿਸ਼ਟੀ ਕਰਿ = ਕਰਕੇ ਦੇਵੈ = ਦੇਣਾ ਕੀਤੇ ਹਨ, ਸੋਈ = ਉਹੀ ਸੁਜਾਨੁ = ਚਤੁਰ, ਸਿਆਣੇ, ਸ੍ਰੇਸ਼ਟ, ਗਿਆਨਵਾਨ, ਪੂਰਨ ਪੁਰਖੁ = ਪੁਰਸ਼ ਹਨ। ਜੈਸਾ ਕਿ :

**ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ ॥** *(ਗਉੜੀ ਮ: ੫, ਅੰਗ ੨੯੭)*

## ਜਿਨਾ ਮਿਲਿਆ ਪ੍ਰਭੁ ਆਪਣਾ; ਨਾਨਕ ਤਿਨ ਕੁਰਬਾਨੁ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਿਨ = ਉਹਨਾਂ ਗੁਰਮੁਖਾਂ ਤੋਂ ਅਸੀਂ ਕੁਰਬਾਨੁ = ਬਲਿਹਾਰ ਜਾਂਦੇ ਹਾਂ, ਜਿਨ੍ਹਾਂ ਨੂੰ ਆਪਣਾ ਪ੍ਰਭੁ = ਮਾਲਕ ਮਿਲਿਆ = ਮਿਲ ਗਿਆ ਹੈ।

## ਮਾਘਿ, ਸੁਚੇ ਸੇ ਕਾਂਢੀਅਹਿ; ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

ਮਾਘ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਸੇ = ਉਹ ਪੁਰਸ਼ ਸਤੋਗੁਣੀ ਸੁਚੇ = ਪਵਿੱਤਰ ਹਿਰਦੇ ਵਾਲੇ ਕਾਂਢੀਅਹਿ = ਕਹੀਦੇ ਹਨ, ਜਿਨ = ਜਿਨ੍ਹਾਂ ਉਤੇ ਪੂਰਾ = ਪੂਰਨ ਗੁਰੁ = ਸਤਿਗੁਰੂ ਜੀ ਮਿਹਰਵਾਨੁ = ਕਿਰਪਾਲੂ ਹੋਏ ਹਨ। ਗੁਰੂ ਸਾਹਿਬ ਦੀ ਕਿਰਪਾ ਨਾਲ ਹੀ ਉਹ ਜੰਮਣ ਮਰਣ ਤੋਂ ਰਹਿਤ ਹੋ ਕੇ ਪਰਉਪਕਾਰੀ ਬਣੇ ਹਨ ॥੧੨॥

**ਫੱਗਣ ਦਾ ਮਹੀਨਾ :** ਸਤਿਗੁਰੂ ਜੀ ਫੱਗਣ ਦੇ ਮਹੀਨੇ ਦੁਆਰਾ ਉਪਦੇਸ਼ ਬਖ਼ਸ਼ ਰਹੇ ਹਨ। ਰੁੱਤਾਂ ਦੇ ਹਿਸਾਬ ਨਾਲ ਹਿਮਕਰ ਰੁੱਤ ਦਾ ਦੂਸਰਾ ਮਹੀਨਾ ਫੱਗਣ ਹੈ। ਜੈਸਾ ਕਿ :

**ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥** *(ਰਾਮਕਲੀ ਮ: ੫, ਅੰਗ ੯੨੯)*

ਜਿਵੇਂ ਫੱਗਣ ਦਾ ਮਹੀਨਾ ਫਲ ਦੇਣ ਵਾਲਾ ਹੈ ਅਤੇ ਇਸ ਮਹੀਨੇ ਵਿਚ ਸਾਰੀਆਂ ਡਾਲੀਆਂ ਭਰ ਜਾਂਦੀਆਂ ਹਨ, ਇਸੇ ਤਰ੍ਹਾਂ ਮਨੁੱਖਾ ਦੇਹੀ ਵੀ ਫੱਗਣ ਦਾ ਮਹੀਨਾ ਹੈ। ਇਸ ਪ੍ਰਕਾਰ ਜਿਨ੍ਹਾਂ ਦੇ ਵਿਚ ਸਤਿ, ਸੰਤੋਖ, ਦਇਆ, ਧਰਮ, ਵਿਚਾਰ, ਪੰਜੇ ਗਿਆਨ-ਇੰਦਰੀਆਂ, ਪੰਜੇ ਕਰਮ-ਇੰਦਰੀਆਂ ਨੂੰ ਆਪਣੇ ਵਸ ਰੱਖਣਾ, ਪੰਜ ਪ੍ਰਾਣਾਂ ਨੂੰ ਸਿਮਰਨ ਵਿਚ ਲਾਈ ਰੱਖਣਾ। ਇਸ ਪ੍ਰਕਾਰ ਜਿਨ੍ਹਾਂ ਦੇ ਪਾਸ ਕਰੁਣਾ, ਮੈਤਰੀ, ਮੁੱਦਤਾ, ਅਪੇਖਿਆ, ਸ਼ਾਂਤੀ, ਖਿਮਾ ਆਦਿਕ ਇਹ ਗੁਣ ਹਨ, ਉਹਨਾਂ ਨੂੰ ਪਰਮੇਸ਼ਰ ਦੀ ਪ੍ਰਾਪਤੀ ਦਾ ਫਲ ਗਿਆਨ ਪ੍ਰਾਪਤ ਹੁੰਦਾ ਹੈ। (ਇਹ ਵੀਹ ਗੁਣ ਕ੍ਰਿਸ਼ਨ ਜੀ ਨੇ ਗੀਤਾ ਵਿਚ ਗਿਆਨ ਸਮੱਗਰੀ ਦੇ ਦੱਸੇ ਹਨ।)

## ਫਲਗੁਣਿ ਅਨੰਦ ਉਪਾਰਜਨਾ; ਹਰਿ ਸਜਣ ਪ੍ਰਗਟੇ ਆਇ ॥

ਫਲਗੁਣਿ = ਫੱਗਣ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਉਨ੍ਹਾਂ ਸਤਪੁਰਸ਼ਾਂ ਨੂੰ ਸਦਾ ਇਕ ਰਸ ਰਹਿਣ ਵਾਲਾ ਅਨੰਦ = ਸੁੱਖ ਉਪਾਰਜਨਾ = ਉਤਪੰਨ ਹੁੰਦਾ ਹੈ, ਜਿਨ੍ਹਾਂ ਨੂੰ ਹਰਿ = ਪਰਮੇਸ਼ਰ ਸਜਣ ਆਇ = ਆ ਕੇ ਪ੍ਰਗਟੇ = ਸਾਖਿਆਤਕਾਰ ਹੁੰਦਾ ਹੈ **ਅਥਵਾ** ਉਨ੍ਹਾਂ ਪੁਰਖਾਂ ਦਾ ਮਨੁੱਖਾ ਸਰੀਰ ਰੂਪੀ ਫੱਗਣ ਦਾ ਮਹੀਨਾ ਸਫਲਾ ਹੈ, ਜਿਨ੍ਹਾਂ ਦੇ ਹਿਰਦੇ ਅੰਦਰ ਸਤੁ, ਸੰਤੋਖ, ਸ਼ਰਧਾ, ਭਾਉ-ਭਗਤੀ ਨਿਮਰਤਾ ਆਦਿ (ਫਲ+ਗੁਣਿ) ਗੁਣ ਹਨ, ਉਨ੍ਹਾਂ ਨੂੰ ਹੀ ਗਿਆਨ ਰੂਪੀ ਫਲ ਅਤੇ ਆਤਮਿਕ ਅਨੰਦ = ਸੁੱਖ ਪ੍ਰਾਪਤ ਹੁੰਦਾ ਹੈ, ਅਤੇ ਉਨ੍ਹਾਂ ਪੁਰਖਾਂ ਦੇ ਹਿਰਦੇ ਵਿਚ ਹੀ ਹਰੀ ਸੱਜਣ ਆ ਕੇ ਪ੍ਰਗਟ ਹੁੰਦਾ ਹੈ **ਵਾ:** ਉਨ੍ਹਾਂ ਜਗਿਆਸੂਆਂ ਦੇ ਹਿਰਦੇ ਵਿਚ ਅਨੰਦ = ਖ਼ੁਸ਼ੀ ਉਪਾਰਜਨਾ = ਪ੍ਰਾਪਤ ਹੋਈ ਹੈ। ਜਿਵੇਂ ਬਨਸਪਤੀ ਭਾਵ ਲੱਕੜ ਵਿਚ ਅੱਗ ਹੈ, ਦੁੱਧ ਵਿਚ ਘਿਓ ਹੈ, ਪ੍ਰੰਤੂ ਪ੍ਰਗਟ ਕਰਨ ਲਈ ਯਤਨ ਕਰਨੇ ਪੈਂਦੇ ਹਨ। ਇਸੇ ਤਰ੍ਹਾਂ ਗਿਆਨ ਰੂਪੀ ਫਲ ਦੀ ਪ੍ਰਾਪਤੀ ਲਈ ਗੁਣ ਪੈਦਾ ਕਰਨੇ ਪੈਂਦੇ ਹਨ। ਐਸੇ ਗੁਣ ਪੈਦਾ ਕਰਨ ਵਿਚ ਅਤੇ ਪਰਮੇਸ਼ਰ ਨੂੰ ਮਿਲਾਉਣ ਵਿਚ ਕੌਣ ਸਹਾਇਕ ਹਨ ?

## ਸੰਤ ਸਹਾਈ ਰਾਮ ਕੇ; ਕਰਿ ਕਿਰਪਾ ਦੀਆ ਮਿਲਾਇ ॥

ਸੰਤ ਜਨ ਰਾਮ =ਪਰਮੇਸ਼ਰ ਕੇ = ਦੇ ਨਾਲ ਮਿਲਾਉਣ ਵਿਚ ਸਹਾਈ = ਸਹਾਇਕ ਹਨ ਅਤੇ ਉਨ੍ਹਾਂ ਨੇ ਕਿਰਪਾ = ਦਇਆ ਦ੍ਰਿਸ਼ਟੀ ਕਰਿ = ਕਰਕੇ ਕਈ ਜਗਿਆਸੂ ਜਨਾਂ ਨੂੰ ਮਿਲਾਇ = ਮਿਲਾ ਵੀ ਦਿੱਤਾ ਹੈ।

ਸੰਤ ਕੌਣ ਹਨ ? ਸੰਤ ਨਾਮ ਭੇਖ ਦਾ ਨਹੀਂ ਹੈ। ਸੰਤ ਨਾਮ ਅਵਸਥਾ ਦਾ ਹੈ, ਜਿਸ ਦਾ ਮਨ ਸਾਰੀਆਂ ਵਾਸ਼ਨਾਵਾਂ ਤੋਂ ਸ਼ਾਂਤ ਹੋ ਗਿਆ ਹੈ। ਵਿਕਾਰਾਂ ਦਾ ਕੋਈ ਵੀ ਫੁਰਨਾ ਨਾ ਫੁਰਦਾ ਹੋਵੇ। ਕਾਮ, ਕ੍ਰੋਧ ਆਦਿ ਪੰਜੇ ਜਿੱਤ ਲਏ ਹੋਣ। ਉਹਨਾਂ ਦੀ ਸੰਗਤ ਕਰਕੇ ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ, ਸ੍ਵਣ, ਮੰਨਣ, ਨਿਧਿਆਸਣ ਅਤੇ ਸਾਖਿਆਤਤਾ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਰੇਤੀ ਦਾ ਰੇਤਿਆ ਹੋਇਆ ਲੋਹਾ ਚੂਰਾ ਬਣ ਕੇ ਰੇਤੇ ਵਿਚ ਮਿਲ ਜਾਂਦਾ ਹੈ, ਉਸ ਨੂੰ ਹੱਥ ਨਾਲ ਚੁੱਕਿਆ ਨਹੀਂ ਜਾ ਸਕਦਾ ਕਿਉਂਕਿ ਉਹ ਰੇਤੇ ਵਿਚ ਮਿਲ ਚੁੱਕਾ ਹੈ। ਪਰੰਤੂ ਚੁੰਬਕ ਪੱਥਰ ਹੁੰਦਾ ਹੈ। ਚੁੰਬਕ ਦੇ ਟੁਕੜੇ ਨਾਲ ਲੋਹੇ ਦੇ ਕਣ ਉੱਡ ਉੱਡ ਕੇ ਨਾਲ ਲੱਗ ਜਾਂਦੇ ਹਨ। ਸਾਰੇ ਕਣ ਇਕ ਜਗ੍ਹਾ ਇਕੱਠੇ ਹੋ ਜਾਂਦੇ ਹਨ। ਇਸੇ ਪ੍ਰਕਾਰ ਚੁੰਬਕ ਪੱਥਰ ਦੀ ਨਿਆਈਂ ਸਾਧੂਆਂ ਦੀ ਸੰਗਤ ਹੈ। ਮਨ ਮਾਇਆ ਰੂਪੀ ਖੇਤ ਵਿਚ ਵਾਸ਼ਨਾ ਰੂਪੀ ਰੇਤੀ ਦਾ ਰੇਤਿਆ ਰਲਿਆ ਹੋਇਆ ਹੈ। ਇਸ ਨੂੰ ਮਹਾਤਮਾ ਦੀ ਸੰਗਤ ਨਾਲ ਮਿਲ ਕੇ ਇਕੱਠਾ ਕਰੇ। ਇਉਂ ਮਹਾਤਮਾ ਪਰਮੇਸ਼ਰ ਵਿਚ ਪ੍ਰੇਮ ਲਾਉਣ ਦੇ ਸਹਾਇਕ ਹਨ।

## ਸੇਜ ਸੁਹਾਵੀ ਸਰਬ ਸੁਖ; ਹੁਣਿ ਦੁਖਾ ਨਾਹੀ ਜਾਇ ॥

ਇਉਂ ਪਰਮੇਸ਼ਰ ਪਤੀ ਦੇ ਮਿਲਾਪ ਕਰਕੇ ਅੰਤਸ਼ਕਰਣ ਰੂਪ ਸੇਜਾ ਸੁਹਾਵੀ = ਸ਼ੋਭਨੀਕ ਹੋਈ ਹੈ ਤੇ ਸਰਬ = ਸਾਰੇ ਸੁੱਖ ਪ੍ਰਾਪਤ ਹੋਏ ਹਨ, ਜਿਸ ਕਰਕੇ ਹੁਣ ਦੁੱਖਾਂ ਨੂੰ ਕੋਈ ਜਾਇ = ਜਗ੍ਹਾ ਨਹੀਂ ਰਹੀ।

ਅਰਥਾਤ ਪਰਮੇਸ਼ਰ ਰੂਪੀ ਪਤੀ ਤੇ ਸੁਰਤ ਰੂਪੀ ਇਸਤਰੀ ਹੈ। ਦੇਹ ਦੀਆਂ ਇੰਦਰੀਆਂ ਸਾਰੀਆਂ ਗੋੱਲੀਆਂ ਹਨ, ਲਿਵ ਜੁੜਨ ਕਰਕੇ ਅਭੇਦਤਾ ਰੂਪੀ ਮਿਲਾਪ ਹੋਣ ਕਰਕੇ ਸੁੱਖ ਪ੍ਰਾਪਤ ਹੁੰਦਾ ਹੈ। ਸ਼ਰਧਾ ਰੂਪੀ ਸੇਜਾ ਹੈ। ਮਨ, ਬੁੱਧ, ਚਿੱਤ, ਹੰਕਾਰ ਇਹ ਪਾਵੇ ਹਨ। ਅੰਤਹਕਰਣ ਦੀਆਂ ਚਾਰ ਬਿਰਤੀਆਂ ਰੂਪ ਬਾਹੀਆਂ ਤੇ ਸੇਰਵੇ ਹਨ। ਪ੍ਰੇਮ ਰੂਪੀ ਬਾਣ ਹੈ, ਤੁਲਤਾ ਰੂਪ ਤੁਲਾਈ ਹੈ, ਸਮਤਾ ਰੂਪ ਵਿਛਾਈ ਹੈ। ਚਾਰੇ ਮਹਾਵਾਕ ਰੂਪ ਸੇਜਬੰਦ ਕੱਸੇ ਹੋਏ ਹਨ (ਪਲੰਘ ਦੇ ਵਿਛਾਉਣੇ ਨੂੰ ਪਾਵਿਆ ਦੇ ਸਿਰੇ ਨਾਲ ਕੱਸ ਕੇ ਬੰਨਣ ਦੀ ਸੂਤ ਰੇਸ਼ਮ ਆਦਿ ਦੀ ਰੱਸੀ ਨੂੰ ਸੇਜਬੰਦ ਕਹਿੰਦੇ ਹਨ) ਸਤਿ, ਸੰਤੋਖ, ਦਇਆ ਆਦਿ ਗੁਣਾਂ ਦੀ ਸਜਾਵਟ ਦੇ ਤੋਤਿਆਂ ਰੂਪ ਕਢਾਈ ਹੈ। ਵਿਸ਼ਿਆਂ ਦੇ ਤਿਆਗ ਰੂਪੀ ਫੁੱਲ ਹਨ। ਪਰਮੇਸ਼ਰ ਦੀ ਰਜ਼ਾ ਵਿਚ ਰਹਿਣ ਰੂਪੀ ਰਜ਼ਾਈ ਹੈ। ਹੰਕਾਰ ਦੀ ਨਵਿਰਤੀ ਰੂਪੀ ਸਿਰਹਾਣਾ ਹੈ। ਇਹ ਸੋਹਣੀ ਸੇਜ ਵਿਛ ਰਹੀ ਹੈ ਜੋ ਬ੍ਰਹਿਮੰਡ ਨੂੰ ਪ੍ਰਕਾਸ਼ ਰਹੀ ਹੈ। ਸਾਰੀ ਕਿਰਿਆ ਜਿਸ ਕਰਕੇ ਹੋ ਰਹੀ ਹੈ ਅਤੇ ਜੋ ਸਭ ਨੂੰ ਦੇਖ ਰਿਹਾ ਹੈ, ਉਸ ਦੇ ਸਾਹਮਣੇ ਬਿਰਤੀ ਨੂੰ ਕਰੀਏ ਤਾਂ ਹਿਰਦੇ ਰੂਪੀ ਸੇਜਾ ਦੀ ਸ਼ਰਧਾ ਰੂਪੀ ਵਿਛਾਈ ਉੱਤੇ ਸਾਰੇ ਸੁੱਖ ਪ੍ਰਾਪਤ ਹੋ ਜਾਣਗੇ ਭਾਵ ਅੰਤਸ਼ਕਰਨ ਦੀ ਸੇਜਾ 'ਤੇ ਪ੍ਰਭੂ ਦਾ ਮਿਲਾਪ ਹੋਵੇਗਾ।

## ਇਛ ਪੁਨੀ ਵਡਭਾਗਣੀ; ਵਰੁ ਪਾਇਆ ਹਰਿ ਰਾਇ ॥

ਜਿਸ ਜਗਿਆਸੂ ਰੂਪ ਇਸਤਰੀ ਨੇ ਸਾਰਿਆਂ ਦੇ ਰਾਇ = ਰਾਜਾ ਰੂਪ **ਵਾ:** ਪ੍ਰਕਾਸ਼ ਰੂਪ ਵਰੁ = ਪਤੀ ਪਰਮੇਸ਼ਰ ਨੂੰ ਪਾਇਆ = ਪਾਉਣਾ ਕੀਤਾ ਹੈ, ਉਹ ਵਡ + ਭਾਗਣੀ = ਵੱਡਿਆਂ ਭਾਗਾਂ ਵਾਲੀ ਹੈ ਕਿਉਂਕਿ ਉਸ ਦੀ ਪ੍ਰਾਪਤੀ ਰੂਪੀ ਇਛ = ਲੋਚਾ ਪੁਨੀ = ਪੂਰੀ ਹੋ ਗਈ ਹੈ। ਜੈਸਾ ਕਿ :

**ਇਛ ਪੂਰੇ ਮਨ ਕੰਤ ਸੁਆਮੀ ॥** *(ਅੰਗ ੩੭੧)*

## ਮਿਲਿ ਸਹੀਆ ਮੰਗਲੁ ਗਾਵਹੀ; ਗੀਤ ਗੋਵਿੰਦ ਅਲਾਇ ॥

ਜਗਿਆਸੂ ਰੂਪੀ ਸਖੀਆਂ, ਬਿਰਤੀਆਂ, ਪ੍ਰਮਾਣ, ਵਿਪਰਜੇ, ਨਿੰਦਰਾ, ਸੰਕਲਪ, ਸਿਮਰਤੀਆਂ ਆਦਿਕ ਸਹੀਆ = ਸਹੇਲੀਆਂ ਨਾਲ ਮਿਲ ਕੇ ਵਾਹਿਗੁਰੂ ਪਰਮੇਸ਼ਰ ਦੇ ਪ੍ਰੇਮ ਸਹਿਤ ਮੰਗਲੁ = ਖ਼ੁਸ਼ੀ ਦੇ ਗੁਣਾਂ ਨੂੰ

ਗਾਵਹੀ = ਗਾਉਣਾ ਕਰਦੀਆਂ ਹਨ ਅਤੇ ਗੋਵਿੰਦ = ਪਰਮੇਸ਼ਰ ਦੇ ਜੱਸ ਰੂਪ ਗੀਤ ਰਾਗਾਂ ਦੁਆਰਾ ਅਲਾਇ = ਅਲਾਪ ਕਰ ਰਹੀਆਂ ਹਨ। ਜੈਸਾ ਕਿ :

**ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥** *(ਅੰਗ ੯੫੮)*

## ਹਰਿ ਜੇਹਾ ਅਵਰੁ ਨ ਦਿਸਈ; ਕੋਈ ਦੂਜਾ ਲਵੈ ਨ ਲਾਇ ॥

ਉਨ੍ਹਾਂ ਨੂੰ ਹਰਿ = ਹਰੀ ਵਾਹਿਗੁਰੂ ਪਰਮੇਸ਼ਰ ਜੇਹਾ = ਜੈਸਾ ਅਵਰੁ = ਹੋਰ ਕੋਈ ਵੀ ਨਹੀਂ ਦਿਸਈ = ਦਿੱਸਦਾ, ਕਿਉਂਕਿ ਉਸ ਦੇ ਲਵੈ = ਸਦਰਸ਼ ਦੂਜਾ ਹੋਰ ਕੋਈ ਲਾਇ = ਲਾਇਆ ਨਹੀਂ ਜਾ ਸਕਦਾ, ਭਾਵ ਪਰਮੇਸ਼ਰ ਦੇ ਬਰਾਬਰ ਹੋਰ ਕੋਈ ਸਮਾਨਤਾ ਪ੍ਰਾਪਤ ਨਹੀਂ ਕਰ ਸਕਦਾ। ਜੈਸਾ ਕਿ :

**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥** *(ਬਿਲਾਵਲੁ ਰਵਿਦਾਸ ਜੀ, ਅੰਗ ੮੫੮)*

**ਲਲਾ ਤਾ ਕੈ ਲਵੈ ਨਾ ਕੋਊ ॥ ਏਕਹਿ ਆਪਿ ਅਵਰ ਨਹ ਹੋਊ ॥**

*(ਗਉੜੀ ਮ: ੫, ਅੰਗ ੨੫੨)*

## ਹਲਤੁ ਪਲਤੁ ਸਵਾਰਿਓਨੁ; ਨਿਹਚਲ ਦਿਤੀਅਨੁ ਜਾਇ ॥

ਉਸ ਪਰਮੇਸ਼ਰ ਨੇ ਆਪਣੇ ਪਿਆਰਿਆਂ ਦਾ ਹਲਤੁ = ਲੋਕ ਪਲਤੁ = ਪਰਲੋਕ ਸਵਾਰਿਓਨੁ = ਸਵਾਰ ਦਿੱਤਾ ਹੈ। ਅਤੇ ਉਨ੍ਹਾਂ ਨੂੰ ਨਿਹਚਲੁ = ਸਰੂਪ ਰੂਪੀ ਅਚਲ ਪਦਵੀ ਰੂਪ ਜਾਇ = ਜਗ੍ਹਾ ਦਿਤੀਅਨੁ = ਦੇ ਦਿੱਤੀ ਹੈ, ਜਿਸ ਪ੍ਰਕਾਰ ਧ੍ਰੂ ਭਗਤ ਨੂੰ ਅਚਲ ਪਦਵੀ ਦੇਣਾ ਕੀਤੀ ਸੀ। ਜੈਸਾ ਕਿ :

**...ਧ੍ਰੂਅ ਅਟਲੁ ਅਜਹੂ ਨ ਟਰਿਓ ॥** *(ਮਾਰੂ ਨਾਮਦੇਵ ਜੀ, ਅੰਗ ੧੧੦੫)*

**ਦੋਵੈ ਥਾਵ ਰਖੇ ਗੁਰ ਸੂਰੇ ॥**

**ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥** *(ਬਿਲਾਵਲੁ ਮ: ੫, ਅੰਗ ੮੨੫)*

## ਸੰਸਾਰ ਸਾਗਰ ਤੇ ਰਖਿਅਨੁ; ਬਹੁੜਿ ਨ ਜਨਮੈ ਧਾਇ ॥

ਉਨ੍ਹਾਂ ਨੂੰ ਸੰਸਾਰ ਰੂਪੀ ਸਾਗਰ = ਸਮੁੰਦਰ ਵਿਚ ਡੁੱਬਣ ਤੋਂ ਬਚਾ ਰਖਿਅਨੁ = ਰੱਖਿਆ ਹੈ ਜਿਸ ਕਰਕੇ ਫੇਰ ਬਹੁੜਿ = ਮੁੜ ਕੇ ਜਨਮੈ = ਜੂਨਾਂ ਵਿਚ ਧਾਇ = ਦੌੜਨਾ ਨ = ਨਹੀਂ ਪਵੇਗਾ ਭਾਵ ਜੰਮਣ ਮਰਨ ਤੋਂ ਮੁਕਤ ਕਰ ਦਿੱਤਾ ਹੈ। ਜੈਸਾ ਕਿ :

**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥** *(ਬਸੰਤੁ ਮ: ੯, ਅੰਗ ੧੧੮੬)*

## ਜਿਹਵਾ ਏਕ, ਅਨੇਕ ਗੁਣ; ਤਰੇ ਨਾਨਕ ਚਰਣੀ ਪਾਇ ॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਸ ਪਰਮੇਸ਼ਰ ਦੇ ਗੁਣ ਅਨੇਕ = ਬੇਅੰਤ ਹਨ ਅਤੇ ਸਾਡੀ ਜਿਹਵਾ = ਜੀਭਾ ਏਕ = ਇਕ ਹੈ, ਇਸ ਲਈ ਅਸੀਂ ਉਸ ਦੇ ਗੁਣ ਕਥਨ ਨਹੀਂ ਕਰ ਸਕਦੇ। ਜਿਹੜੇ ਜਗਿਆਸੂ ਬੇਅੰਤ ਗੁਣਾਂ ਵਾਲੇ ਪਰਮੇਸ਼ਰ ਦੇ ਚਰਣੀ ਪਾਇ = ਪਏ ਹਨ, ਉਹ ਸੰਸਾਰ-ਸਮੁੰਦਰ ਤੋਂ ਤਰ ਗਏ ਹਨ। ਜੈਸਾ ਕਿ :

**ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥**

*(ਮਾਰੂ ਮ: ੫, ਅੰਗ ੧੦੮੩)*

**ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ ॥** *(ਆਸਾਵਰੀ ਮ: ੫, ਅੰਗ ੪੩੧)*

## ਫਲਗੁਣਿ, ਨਿਤ ਸਲਾਹੀਐ; ਜਿਸ ਨੋ ਤਿਲੁ ਨ ਤਮਾਇ ॥੧੩॥

ਫਲਗੁਣਿ = ਫੱਗਣ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜਿਨ੍ਹਾਂ ਨੂੰ ਸਤਿ, ਸੰਤੋਖ, ਦਇਆ,

ਧਰਮ ਆਦਿਕ ਗੁਣਾਂ ਕਰਕੇ ਬ੍ਰਹਮ ਗਿਆਨ ਰੂਪੀ ਫਲ ਪ੍ਰਾਪਤ ਹੋਇਆ ਹੈ, ਉਹ ਪਰਮੇਸ਼ਰ ਨੂੰ ਨਿਤ = ਸਦਾ ਹੀ ਸਲਾਹੀਐ = ਸਲਾਹੁਣਾ ਕਰਦੇ ਹਨ ਭਾਵ ਉਸ ਦੀ ਸਿਫ਼ਤ ਕਰਦੇ ਹਨ, ਜਿਸ ਪਰਮੇਸ਼ਰ ਨੋ = ਨੂੰ ਤਿਲ ਮਾਤਰ ਵੀ ਤਮਾਇ = ਖ਼੍ਵਾਹਿਸ਼ ਨ = ਨਹੀਂ ਹੈ। ਸਦਾ ਹੀ ਪ੍ਰਕਾਸ਼ ਸਰੂਪ ਹੈ **ਅਥਵਾ** ਮਨੁੱਖਾ ਸਰੀਰ ਰੂਪੀ ਫੱਗਣ ਦੇ ਮਹੀਨੇ ਵਿਚ ਹਮੇਸ਼ਾ ਹੀ ਉਸ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰੀਏ, ਜਿਸ ਪਰਮੇਸ਼ਰ ਨੂੰ ਤਿਲ ਮਾਤਰ ਵੀ ਆਪਣੀ ਵਡਿਆਈ ਕਰਵਾਉਣ ਦੀ ਤਮਾਇ = ਇੱਛਾ ਨਹੀਂ ਹੈ॥੧੩॥ ਜੈਸਾ ਕਿ :

**ਜੇ ਸਭਿ ਮਿਲਿ ਕੈ ਆਖਣ ਪਾਹਿ ॥ ਵਡਾ ਨ ਹੋਵੈ ਘਾਟਿ ਨ ਜਾਇ ॥** *(ਆਸਾ ਮ: ੧, ਅੰਗ ੯)*

**ਵਡਾ ਦਾਤਾ ਤਿਲੁ ਨ ਤਮਾਇ ॥** *(ਜਪੁ ਜੀ ਸਾਹਿਬ, ਅੰਗ ੫)*

ਸਤਿਗੁਰੂ ਸਾਹਿਬ ਜੀ ਬਾਰਾਮਾਹਾਂ ਦੀ ਸਮਾਪਤੀ ਕਰਦੇ ਹੋਏ ਇਸ ਅੰਤਲੀ ਪਉੜੀ ਵਿਚ ਸ਼ਿਧਾਂਤਕ ਉਪਦੇਸ਼ ਦਿੰਦੇ ਹੋਏ ਫੁਰਮਾਉਂਦੇ ਹਨ

## ਜਿਨਿ ਜਿਨਿ ਨਾਮੁ ਧਿਆਇਆ; ਤਿਨ ਕੇ ਕਾਜ ਸਰੇ ॥

ਜਿਨਿ ਜਿਨਿ = ਜਿਨ੍ਹਾਂ ਜਿਨ੍ਹਾਂ ਨੇ ਵਾਹਿਗੁਰੂ ਪਰਮੇਸ਼ਰ ਦੇ ਨਾਮ ਨੂੰ ਇਕ ਚਿੱਤ ਹੋ ਕੇ ਧਿਆਤਾਕਾਰ ਬਿਰਤੀ ਦੁਆਰਾ ਧਿਆਇਆ ਹੈ, ਤਿਨ = ਉਨ੍ਹਾਂ ਕੇ = ਦੇ ਲੋਕ ਪਰਲੋਕ ਦੇ ਸਾਰੇ ਕਾਜ = ਕਾਰਜ ਸਰੇ = ਸੰਵਰ ਗਏ ਹਨ। ਜੈਸਾ ਕਿ ਨਾਮਦੇਵ ਜੀ ਦਾ ਛੱਪਰ ਬੰਨ੍ਹਿਆ, ਧੰਨੇ ਦੀਆਂ ਗਊਆਂ ਚਾਰੀਆਂ, ਕਬੀਰ ਜੀ ਦਾ ਯੱਗ ਸੰਪੂਰਨ ਕੀਤਾ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਦੀ ਥਾਂ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਰਾ ਦਿੱਤਾ। ਇਉਂ ਉਨ੍ਹਾਂ ਪਰਮੇਸ਼ਰ ਦੇ ਨਾਮ ਧਿਆਉਣ ਵਾਲੇ ਸੰਤਾਂ ਭਗਤਾਂ ਦੇ ਸਾਰੇ ਕਾਰਜ ਭਾਵ ਕੰਮ ਸੰਪੂਰਨ ਹੋ ਗਏ ਹਨ।

## ਹਰਿ ਗੁਰੁ ਪੂਰਾ ਆਰਾਧਿਆ; ਦਰਗਹ ਸਚਿ ਖਰੇ ॥

ਜਿਨ੍ਹਾਂ ਨੇ ਪੂਰੇ ਸਤਿਗੁਰੂ ਦੁਆਰਾ ਹਰਿ = ਹਰੀ ਪਰਮੇਸ਼ਰ ਦੇ ਨਾਮ ਨੂੰ ਆਰਾਧਿਆ = ਧਿਆਇਆ ਹੈ, ਉਹ ਸੱਚੀ ਦਰਗਾਹ ਦੇ ਵਿਚ ਖਰੇ = ਸਚਿਆਰ ਬਣੇ ਹਨ।

## ਸਰਬ ਸੁਖਾ ਨਿਧਿ, ਚਰਣ ਹਰਿ; ਭਉਜਲੁ ਬਿਖਮੁ ਤਰੇ ॥

ਹਰਿ = ਹਰੀ ਅਕਾਲ ਪੁਰਖ ਦੇ ਚਰਨ ਸਰਬ = ਸਾਰੇ ਸੁੱਖਾਂ ਦਾ ਨਿਧਿ = ਖ਼ਜ਼ਾਨਾ ਹਨ। ਜਿਹੜੇ ਚਰਨਾਂ ਨਾਲ ਜੁੜੇ ਹਨ, ਉਹ ਭਉਜਲੁ = ਸੰਸਾਰ ਰੂਪੀ ਸਮੁੰਦਰ ਜੋ ਬਿਖਮੁ = ਕਠਿਨ ਹੈ, ਉਸ ਤੋਂ ਤਰੇ = ਤਰ ਗਏ ਹਨ।

## ਪ੍ਰੇਮ ਭਗਤਿ ਤਿਨ ਪਾਈਆ; ਬਿਖਿਆ ਨਾਹਿ ਜਰੇ ॥

ਤਿਨ = ਉਨ੍ਹਾਂ ਨੇ ਪ੍ਰੇਮਾ ਭਗਤਿ = ਭਗਤੀ ਨੂੰ ਪਾਈਆ = ਪਾਉਣਾ ਕੀਤਾ ਹੈ, ਇਸ ਲਈ ਉਹ ਬਿਖਿਆ = ਵਿਸ਼ਿਆਂ ਦੀ ਅਗਨੀ ਵਿਚ ਜਰੇ = ਸੜ੍ਹਦੇ ਨਾਹਿ = ਨਹੀਂ ਹਨ **ਵਾ:** ਉਹ ਮਾਇਆ ਵਿਚ ਜਰੇ = ਜੜੇ ਭਾਵ ਖਚਤ ਨਹੀਂ ਹੁੰਦੇ।

## ਕੂੜ ਗਏ ਦੁਬਿਧਾ ਨਸੀ; ਪੂਰਨ ਸਚਿ ਭਰੇ ॥

ਉਨ੍ਹਾਂ ਦੇ ਹਿਰਦੇ ਵਿੱਚੋਂ ਕੂੜ = ਝੂਠੇ ਪਦਾਰਥਾਂ ਦੇ ਮੋਹ ਚਲੇ ਗਏ ਤੇ ਦੁਬਿਧਾ ਵੀ ਨਸੀ = ਨੱਸ ਗਈ ਹੈ ਉਨ੍ਹਾਂ ਅੰਤਸ਼ਕਰਣ ਰੂਪੀ ਖ਼ਜ਼ਾਨੇ ਵੀ ਸੱਚੇ ਨਾਮ ਕਰਕੇ ਪੂਰਨ = ਲਬਾਲਬ ਭਰੇ ਹੋਏ ਹਨ। ਕਿਉਂਕਿ

## ਪਾਰਬ੍ਰਹਮੁ ਪ੍ਰਭੁ ਸੇਵਦੇ; ਮਨ ਅੰਦਰਿ ਏਕੁ ਧਰੇ ॥

ਉਹ ਕੇਵਲ ਪਾਰਬ੍ਰਹਮੁ = ਪਾਰਾਵਾਰ ਤੋਂ ਰਹਿਤ ਪ੍ਰਭੁ = ਪਰਮੇਸ਼ਰ ਦਾ ਸੇਵਦੇ = ਪੂਜਨ ਕਰਦੇ ਹਨ ਅਤੇ ਮਨ ਦੇ ਅੰਦਰਿ = ਵਿਚ ਏਕੁ = ਇਕ ਪਰਮੇਸ਼ਰ ਦੇ ਨਾਮ ਨੂੰ ਹੀ ਧਰੇ = ਧਾਰਨ ਕਰਦੇ ਹਨ। ਜੈਸਾ ਕਿ :

**ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥** *(ਗਉੜੀ ਮ: ੫, ਅੰਗ ੨੮੯)*

## ਮਾਹ ਦਿਵਸ ਮੂਰਤ ਭਲੇ; ਜਿਸ ਕਉ ਨਦਰਿ ਕਰੇ ॥

ਜਿਸ = ਜਿਨ੍ਹਾਂ ਕਉ = ਉਪਰ ਪਰਮੇਸ਼ਰ ਨੇ ਨਦਰਿ = ਕਿਰਪਾ ਦ੍ਰਿਸ਼ਟੀ ਕਰੇ = ਕਰਨਾ ਕੀਤੀ ਹੈ, ਉਨ੍ਹਾਂ ਦੇ ਮਾਹ = ਮਹੀਨੇ ਦਿਵਸ = ਦਿਨ ਮੂਰਤ = ਦੋ ਘੜੀਆਂ ਆਦਿਕ ਵੀ ਸਾਰਾ ਕੁਝ ਭਲੇ = ਸਫਲੇ ਹਨ। ਮੂਰਤ = ਸੰਸਕ੍ਰਿਤ ਵਿਚ ਮਹੂਰਤ ਸਮੇਂ ਦਾ ਹਿੱਸਾ ਜੋ ੧੨ ਖਿਨ ਦੇ ਤੁਲ ਹੁੰਦਾ ਹੈ; ਅੱਜ ਕੱਲ ਦੇ ਲੇਖੇ ੪੮ ਮਿੰਟਾਂ ਦਾ ਮਹੂਰਤ ਹੁੰਦਾ ਹੈ। ਕਈ ਵਿਦਵਾਨ ਮੂਰਤ ਦਾ ਦੋ ਘੜੀਆਂ ਅਤੇ ਮਹੂਰਤ ਦਾ ਅੱਧੀ ਘੜੀ ਵੀ ਅਰਥ ਕਰਦੇ ਹਨ। ਜੈਸਾ ਕਿ :

**ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥** *(ਤੁਖਾਰੀ ਮ: ੧, ਅੰਗ ੧੧੦੯)*

ਇਸ ਪ੍ਰਕਾਰ ਜਿਨ੍ਹਾਂ ਉੱਤੇ ਪਰਮੇਸ਼ਰ ਦੀ ਬਖ਼ਸ਼ਿਸ਼ ਹੋਈ ਹੈ, ਉਹਨਾਂ ਦੇ ਬੇ + ਦਸ (੨ + ੧੦) = ੧੨ ਮਾਹ = ਮਹੀਨੇ, ਛੇ ਰੁੱਤਾਂ, ਪੰਦਰਾਂ ਥਿੱਤਾਂ ਅਤੇ ਸਤ ਵਾਰ ਭਲੇ = ਸ਼ੋਭਨੀਕ **ਵਾ:** ਸਫਲੇ ਹਨ।

## ਨਾਨਕੁ ਮੰਗੈ, ਦਰਸ ਦਾਨੁ; ਕਿਰਪਾ ਕਰਹੁ ਹਰੇ ॥੧੪॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਹਰੀ ! ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਬ੍ਰਹਮ ਚੇਤਨ ! ਮੈਂ ਆਪ ਜੀ ਦੇ ਦਰ 'ਤੇ ਮੰਗਤਾ ਬਣ ਕੇ ਕੇਵਲ ਤੁਹਾਡੇ ਦਰਸ = ਦਰਸ਼ਨਾਂ ਦਾ ਦਾਨੁ ਮੰਗੈ = ਮੰਗਦਾ ਹਾਂ। ਆਪ ਜੀ ਕਿਰਪਾ ਕਰਕੇ ਮੇਰੇ ਹਿਰਦੇ ਰੂਪੀ ਝੋਲੀ ਵਿਚ ਦਰਸ਼ਨਾਂ ਦੀ ਖ਼ੈਰ ਪਾਉਣਾ ਕਰੋ ਜੀ ॥੧੪॥੧॥

**ਬਾਰਹਮਾਹਾ ਸੰਪੂਰਨ ॥**

# ਮਾਝ ਮਹਲਾ ੫ ਦਿਨ ਰੈਣਿ

## ੧ੴ ਸਤਿਗੁਰ ਪ੍ਰਸਾਦਿ ॥

ਸਿੱਖਾਂ ਨੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਸਾਨੂੰ ਰਾਤ ਤੇ ਦਿਨ ਵਿਚ ਕੀ ਕਰਤੱਬ ਕਰਨਾ ਚਾਹੀਦਾ ਹੈ ? ਤਾਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਿਨ ਰੈਣਿ ਨਾਮ ਦੇ ਸਿਰਲੇਖ ਹੇਠ ਸ਼ਬਦ ਉਚਾਰਨ ਕੀਤਾ ਜਿਸ ਵਿਚ ਪਰਮੇਸ਼ਰ ਦਾ ਅੱਠੇ ਪਹਿਰ ਸਿਮਰਨ ਕਰਨ ਲਈ ਉਪਦੇਸ਼ ਦਿੱਤਾ, ਇਸ ਲਈ ਇਸ ਦਾ ਨਾਮ ਦਿਨ ਰੈਣਿ ਬਾਣੀ ਹੈ। ਇਸ ਬਾਣੀ ਵਿਚ ਜੀਵ ਨੂੰ ਦਿਨ ਅਤੇ ਰਾਤ ਦੇ ਕਰਨ ਯੋਗ ਕਰਮ ਦੱਸੇ ਹਨ **ਵਾ:** ਜਗਿਆਸੂ ਰੂਪ ਇਸਤਰੀ ਨੂੰ ਅਵਿੱਦਿਆ ਰੂਪੀ ਰੈਣਿ = ਰਾਤ ਤੋਂ ਬ੍ਰਹਮ ਗਿਆਨ ਰੂਪੀ ਦਿਨ ਦੀ ਪ੍ਰਾਪਤੀ ਕਰਾਉਣ ਵਾਸਤੇ। ਸਤਿਗੁਰੂ ਪੰਚਮ ਪਾਤਸ਼ਾਹ ਜੀ ਇਹ ਪਵਿੱਤਰ ਬਾਣੀ ਉਚਾਰਦੇ ਹਨ। ੧ = ਅਦ੍ਵੈਤ ਰੂਪ ਪਰਮੇਸ਼ਰ ੴ = ਸਾਰਿਆਂ ਦਾ ਪ੍ਰਕਾਸ਼ਕ ਪ੍ਰਸਾਦਿ = ਸਤਿਗੁਰਾਂ ਦੀ ਕਿਰਪਾ ਕਰਕੇ ਪ੍ਰਾਪਤ ਹੁੰਦਾ ਹੈ।

## ਸੇਵੀ ਸਤਿਗੁਰੁ ਆਪਣਾ; ਹਰਿ ਸਿਮਰੀ ਦਿਨ ਸਭਿ ਰੈਣ ॥

ਹੇ ਜਗਿਆਸੂ ਰੂਪ ਸਖੀ ! ਮੈਂ ਸਤਿਗੁਰੂ ਨੂੰ ਆਪਣਾ ਜਾਣ ਕੇ ਸੇਵੀ = ਸੇਵਨਾਂ ਕਰਾਂ ਅਤੇ ਗੁਰਾਂ

ਦੁਆਰਾ ਸਭਿ = ਸਾਰੇ ਦਿਨ ਤੇ ਸਾਰੀਆਂ ਰੈਣ = ਰਾਤਾਂ ਵਿਚ ਹਰਿ = ਪਰਮੇਸ਼ਰ ਨੂੰ ਸਿਮਰੀ = ਯਾਦ ਕਰਾਂ। ਅਤੇ

## ਆਪੁ ਤਿਆਗਿ ਸਰਣੀ ਪਵਾਂ; ਮੁਖਿ ਬੋਲੀ ਮਿਠੜੇ ਵੈਣ॥

ਸੂਖਮ, ਸਥੂਲ, ਕਾਰਨ ਦੇਹ ਦਾ ਆਪਾ-ਭਾਵ ਹੰਕਾਰ ਤਿਆਗਿ = ਛੱਡ ਕੇ ਗੁਰਾਂ ਦੀ ਸਰਣੀ ਪਵਾਂ = ਪੈਣਾ ਕਰਾਂ ਅਤੇ ਮੁਖਿ = ਮੂੰਹੋਂ ਮਿਠੜੇ = ਮਿੱਠੇ ਵੈਣ = ਬਚਨ ਬੋਲੀ = ਬੋਲਦੀ ਰਹਾਂ। ਅਤੇ ਇਉਂ ਸਤਿਗੁਰਾਂ ਦੇ ਅੱਗੇ ਬੇਨਤੀ ਕਰਦੀ ਰਹਾਂ।

## ਜਨਮ ਜਨਮ ਕਾ ਵਿਛੁੜਿਆ; ਹਰਿ ਮੇਲਹੁ ਸਜਣੁ ਸੈਣ॥

ਕਿ ਮੇਰਾ ਜੀਵ ਆਤਮਾ ਜੋ ਜਨਮਾਂ ਜਨਮਾਤਰਾਂ ਦਾ ਪਤੀ ਪਰਮੇਸ਼ਰ ਨਾਲੋਂ ਵਿਛੁੜਿਆ ਹੋਇਆ ਹੈ, ਉਸ ਨੂੰ ਇਸ ਲੋਕ ਦੇ ਸਜਣੁ = ਮਿੱਤਰ ਤੇ ਪ੍ਰਲੋਕ ਦੇ ਸੈਣ = ਸਾਥੀ ਪਤੀ ਹਰਿ = ਪਰਮੇਸ਼ਰ ਨਾਲ ਮੇਲਹੁ = ਮੇਲਣਾ ਕਰੋ। ਜੈਸਾ ਕਿ :

**ਹਉ ਵਾਰਿਆ ਅਪਨੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ॥**

*(ਸੋਰਠਿ ਕੀ ਵਾਰ, ਮਹਲੇ ੪ ਕੀ, ਅੰਗ ੬੫੨)*

## ਜੋ ਜੀਅ, ਹਰਿ ਤੇ ਵਿਛੁੜੇ; ਸੇ ਸੁਖਿ ਨ ਵਸਨਿ ਭੈਣ॥

ਹੇ ਭੈਣੇ (ਸਖੀਏ)! ਸੇ = ਉਹ ਸੁੱਖ ਨਾਲ ਨ = ਨਹੀਂ ਵਸਨਿ = ਵਸਦੀਆਂ ਜੋ ਜੀਅ = ਜੀਵ ਰੂਪ ਇਸਤਰੀਆਂ ਪਤੀ ਹਰਿ = ਪਰਮੇਸ਼ਰ ਤੇ = ਤੋਂ ਵਿਛੁੜੇ = ਵਿਛੁੜੀਆਂ ਹੋਈਆਂ ਹਨ।

**ਅਥਵਾ** ਜੋ ਜੀਅ = ਜੀਵ ਹਰਿ = ਹਰੀ ਅਕਾਲ ਪੁਰਖ ਦੇ ਸਿਮਰਨ ਭਜਨ ਤੋਂ ਵਿਛੁੜ ਚੁੱਕੇ ਹਨ, ਭਾਵ ਬੇਮੁਖ ਹੋ ਗਏ ਹਨ, ਹੇ ਭੈਣੋਂ, ਭਰਾਵੋ, ਅਧਿਕਾਰੀਓ! ਚੇਤੇ ਕਰੋ, ਸੇ = ਉਹ ਸੁਖ ਦੇ ਸਹਿਤ ਨਹੀਂ ਵਸਣਗੇ, ਉਹਨਾਂ ਵਿਚ ਔਗੁਣਾਂ ਦੇ, ਵਿਕਾਰਾਂ ਦੇ, ਜਮਾਂ ਦੇ ਕਲੇਸ਼ ਹੀ ਪਏ ਰਹਿਣਗੇ।

## ਹਰਿ ਪਿਰ ਬਿਨੁ ਚੈਨੁ, ਨ ਪਾਈਐ; ਖੋਜਿ ਡਿਠੇ ਸਭਿ ਗੈਣ॥

ਹਰਿ = ਪਰਮੇਸ਼ਰ ਪਿਰ = ਪਤੀ ਦੀ ਪ੍ਰਾਪਤੀ ਤੋਂ ਬਿਨੁ = ਬਗ਼ੈਰ ਹੋਰ ਕਿਤੋਂ ਵੀ ਆਤਮਿਕ ਚੈਨੁ = ਸ਼ਾਂਤੀ ਨ = ਨਹੀਂ ਪਾਈਐ = ਪਾਈਦੀ ਭਾਵੇਂ ਕੋਈ ਬ੍ਰਹਮ ਲੋਕ ਗੈਣ = ਆਕਾਸ਼ ਲੋਕ ਆਦਿ ਸਭਿ = ਸਾਰੇ ਥਾਵਾਂ ਤੇ ਖੋਜਿ = ਢੂੰਢ ਕੇ ਵੇਖ ਲਵੇ **ਵਾ:** ਜੋਗ ਮੱਤ ਵਾਲਿਆਂ ਨੇ ਦਸਮ ਦੁਆਰ ਰੂਪੀ ਗੈਣ = ਆਕਾਸ਼ ਵਿਚ ਪ੍ਰਾਣਾਯਾਮ ਰੂਪੀ ਆਦਿ ਸਾਰੇ ਸਾਧਨਾਂ ਨਾਲ ਖੋਜ ਕੇ ਵੇਖ ਲਿਆ ਹੈ ਪਰੰਤੂ ਪਤੀ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਗ਼ੈਰ ਹੋਰ ਕਿਤੋਂ ਵੀ ਆਤਮਿਕ ਸ਼ਾਂਤੀ ਨਹੀਂ ਪਾਈਦੀ।

***ਪ੍ਰਸ਼ਨ :*** *ਹੇ ਸਖੀ! ਫੇਰ ਤੇਰਾ ਪਿਆਰੇ ਕੰਤ ਨਾਲੋਂ ਵਿਛੋੜਾ ਕਿਉਂ ਹੋਇਆ ਹੈ?*
***ਗੁਰ ਉੱਤਰ :***

## ਆਪ ਕਮਾਨੈ ਵਿਛੁੜੀ; ਦੋਸੁ ਨ ਕਾਹੂ ਦੇਣ॥

ਹੇ ਭੈਣੇ! ਮੈਂ ਆਪਣੇ ਕਮਾਣੈ = ਕਮਾਏ ਹੋਏ ਕਰਮਾਂ ਕਰਕੇ ਹੀ ਪਿਆਰੇ ਕੰਤ ਨਾਲੋਂ ਵਿਛੁੜੀ ਹੋਈ ਹਾਂ ਇਸ ਕਰਕੇ ਕਾਹੂ = ਕਿਸੇ ਨੂੰ ਦੋਸ਼ ਦੇਣਾ ਯੋਗ ਨ = ਨਹੀਂ ਹੈਂ।

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥** *(ਅੰਗ ੪੩੩)*

## ਕਰਿ ਕਿਰਪਾ ਪ੍ਰਭ ਰਾਖਿ ਲੇਹੁ; ਹੋਰ ਨਾਹੀ ਕਰਣ ਕਰੇਣ ॥

ਹੇ ਪ੍ਰਭ = ਪਰਮੇਸ਼ਰ ਜੀ ! ਆਪਣੀ ਕਿਰਪਾ = ਮੇਹਰ ਕਰਿ = ਕਰਕੇ ਜੰਮਣ ਮਰਣ ਤੋਂ ਰਾਖਿ = ਰੱਖ ਲੇਹੁ = ਲਵੋ ਕਿਉਂਕਿ ਆਪ ਜੀ ਤੋਂ ਬਗ਼ੈਰ ਹੋਰ ਕੋਈ ਵੀ ਉਤਪਤੀ, ਪਾਲਣਾ, ਲੈਅਤਾ ਆਦਿ ਕਾਰਜਾਂ ਨੂੰ ਕਰਨ ਕਰਾਉਣ ਨੂੰ ਸਮਰਥ ਨਹੀਂ ਹੈ।

ਅਰਥਾਤ ਆਪ ਜੀ ਤੋਂ ਬਗ਼ੈਰ ਸੰਸਾਰ ਦੇ ਕਾਰਜਾਂ ਸੂਖਮ, ਸਥੂਲ ਤੱਤਾਂ ਸੂਖਮ ਸ੍ਰਿਸ਼ਟੀ, ਤਿੰਨਾਂ ਗੁਣਾਂ ਨੂੰ, ਸਥੂਲ ਸ੍ਰਿਸ਼ਟੀ ਦੇ ਕਰਨ ਵਾਲਾ ਕਾਰਨ ਕਰਨ ਰੂਪ ਹੋਰ ਕੋਈ ਨਹੀਂ। ਜਿਸ ਪ੍ਰਕਾਰ ਥਾਪੀ, ਚੱਕ ਅਤੇ ਘੁਮਿਆਰ ਨਮਿੱਤ ਕਾਰਨ ਹੁੰਦਾ ਹੈ, ਮਿੱਟੀ ਉਪਾਦਾਨ ਕਾਰਨ ਹੁੰਦੀ ਹੈ। ਇਉਂ ਘੜਾ ਬਣਦਾ ਹੈ। ਅਗਿਆਨ ਪਾਣੀ ਦੀ ਨਿਆਈਂ ਹੈ, ਚਿਦਾਕਾਸ਼ ਬ੍ਰਹਮ ਆਕਾਸ਼ ਦੀ ਨਿਆਈਂ ਹੈ। ਸਥੂਲ ਸੂਖਮ ਜੋ ਕਾਰਨ ਦੇਹਾਂ ਹਨ, ਸਤੋ ਅੰਸ਼ ਜੋ ਤੱਤਾਂ ਦੀ ਇਹ ਉਪਾਦਾਨ ਕਾਰਨ ਹੈ, ਇਹਦੇ ਵਿਚ ਈਸ਼ਰ ਨਮਿੱਤ ਕਾਰਨ ਬਣ ਕੇ ਘੁਮਿਆਰ ਦੀ ਨਿਆਈਂ ਸੰਸਾਰ ਰੂਪੀ ਘਾੜਤ ਘੜਦਾ ਹੈ। ਹਰੀ ਆਕਾਸ਼ ਦੀ ਨਿਆਈਂ ਵਿਆਪਕ ਹੈ। ਇਸ ਪ੍ਰਕਾਰ ਆਪ ਹੀ ਨਮਿੱਤ ਕਾਰਨ ਤੇ ਅਭਿੰਨ ਉਪਾਦਾਨ ਕਾਰਨ ਹੈ। ਜਿਵੇਂ ਮੱਕੜੀ ਜਾਲ ਨੂੰ ਪੈਦਾ ਕਰਨ ਦਾ ਕਾਰਨ ਹੈ, ਉਹਦਾ ਸੂਖਮ ਸਰੀਰ ਨਮਿੱਤ ਕਾਰਨ ਹੁੰਦਾ ਹੈ। ਸਥੂਲ ਸਰੀਰ ਜਾਲੇ ਦਾ ਉਪਾਦਾਨ ਕਾਰਨ ਹੁੰਦਾ ਹੈ, ਇਸੇ ਪ੍ਰਕਾਰ ਈਸ਼ਰ ਆਪ ਹੀ ਮਾਇਆ ਸਬਲ ਹੋ ਕੇ ਉਪਾਦਾਨ ਕਾਰਨ ਹੈ। ਆਪ ਹੀ ਮਾਇਕੀ ਅੰਸ਼ ਬਣਾ ਕੇ ਅਸੰਗ ਹੋਣੇ ਕਰਕੇ ਨਮਿੱਤ ਕਾਰਨ ਹੈ।

## ਹਰਿ ਤੁਧੁ ਵਿਣੁ, ਖਾਕੂ ਰੂਲਣਾ; ਕਹੀਐ ਕਿਥੈ ਵੈਣ ॥

ਹੇ ਹਰਿ = ਪਰਮੇਸ਼ਰ ਜੀ ! ਤੁਧ = ਤੁਹਾਡੀ ਪ੍ਰਾਪਤੀ ਤੋਂ ਵਿਣੁ = ਬਗ਼ੈਰ ਖਾਕੂ = ਮਿੱਟੀ ਵਿਚ ਹੀ ਰੂਲਣਾ = ਰੁਲਣਾ ਹੁੰਦਾ ਹੈ। ਭਾਵ ਸੱਪ, ਟਿਡੀਆਂ ਆਦਿਕ ਟੇਢੀਆਂ ਜੂਨਾਂ ਵਿਚ ਹੀ ਰੁਲਣਾ ਹੁੰਦਾ ਹੈ **ਵਾ:** ਲਾਹਨਤਾਂ ਰੂਪ ਸੁਆਹ ਵਿਚ ਹੀ ਰਲਣਾ ਪੈਂਦਾ ਹੈ ਇਸ ਲਈ ਤੈਥੋਂ ਬਿਨਾਂ ਕਿਥੈ = ਕਿਸ ਥਾਂ ਜਾ ਕੇ ਆਪਣੇ ਦੁੱਖ ਸੁੱਖ ਦੇ ਵੈਣ = ਬਚਨ ਕਹੀਐ = ਆਖੀਏ **ਵਾ:** ਕਿਸ ਦੇ ਅੱਗੇ ਤਰਲੇ, ਕੀਰਨੇ ਪਾ ਕੇ ਆਪਣੇ ਦੁੱਖ ਕਹਿਣਾ ਕਰੀਏ।

***ਪ੍ਰਸ਼ਨ :*** *ਹੇ ਸਖੀ ! ਉਹ ਤੇਰਾ ਪਤੀ ਪਰਮੇਸ਼ਰ ਇਨ੍ਹਾਂ ਸਥੂਲ ਅੱਖਾਂ ਨਾਲ ਤਾਂ ਦਿੱਸਦਾ ਨਹੀਂ ਹੈ ਫੇਰ ਬੇਨਤੀ ਕਿਵੇਂ ਸੁਣੇਗਾ ?*

## ਨਾਨਕ ਕੀ ਬੇਨੰਤੀਆ; ਹਰਿ ਸੁਰਜਨੁ ਦੇਖਾ ਨੈਣ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੇਰੀ ਜਗਿਆਸੂ ਰੂਪ ਇਸਤਰੀ ਕੀ = ਦੀ ਇਹੋ ਹੀ ਬੇਨੰਤੀਆ = ਬੇਨਤੀ ਹੈ ਕਿ ਸੁਰਜਨੁ = ਸ੍ਰੇਸ਼ਟਤਾਈ ਨੂੰ ਦੇਣ ਵਾਲੇ ਪਿਆਰੇ ਹਰਿ = ਪਰਮੇਸ਼ਰ ਜੀ ! ਆਪ ਜੀ ਦੇ ਦਰਸ਼ਨਾਂ ਨੂੰ ਗੁਰਾਂ ਦੁਆਰਾ ਬਖ਼ਸ਼ੇ ਗਿਆਨ ਰੂਪੀ **ਵਾ:** ਮਨ ਬੁੱਧ ਰੂਪ ਨੇਤਰਾਂ ਨਾਲ ਦੇਖਾ = ਦੇਖਣਾ ਕਰੀਏ ॥੧॥ ਜੈਸਾ ਕਿ :

**ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥** *(ਮਾਰੂ ਵਾਰ ਡਖਣੇ ਮ: ੫, ਅੰਗ ੧੦੯੪)*

## ਜੀਅ ਕੀ ਬਿਰਥਾ ਸੋ ਸੁਣੇ; ਹਰਿ ਸੰਮ੍ਰਿਥ ਪੁਰਖੁ ਅਪਾਰੁ ॥

ਹੇ ਭੈਣੇ ! ਜੋ ਅਪਾਰੁ = ਪਾਰਾਵਾਰ ਤੋਂ ਰਹਿਤ ਸੰਮ੍ਰਿਥ = ਸਰਬ ਸ਼ਕਤੀਮਾਨ ਪੁਰਖੁ = ਪੂਰਨ ਹਰਿ = ਪਰਮੇਸ਼ਰ ਹੈ ਸੋ = ਉਹ ਜੀਅ = ਜੀਵਾਂ ਕੀ = ਦੀ ਸਾਰੀ ਬਿਰਥਾ = ਪੀੜਾ ਨੂੰ ਸੁਣੇ = ਸੁਣਦਾ ਹੈ।

[ਅੰਗ ੧੩੭]

## ਮਰਣਿ ਜੀਵਣਿ ਆਰਾਧਣਾ; ਸਭਨਾ ਕਾ ਆਧਾਰੁ ॥

ਜੀਵਣਿ = ਜਨਮ ਤੋਂ ਲੈ ਕੇ ਮਰਣਿ = ਮਰਨ ਤੱਕ **ਵਾ:** ਜੀਵਤ ਭਾਵ ਤੋਂ ਮਰ ਕੇ **ਵਾ:** ਸਾਰ ਵੱਲੋਂ ਮਰ ਕੇ ਤੇ ਪਰਮੇਸ਼ਰ ਵੱਲੋਂ ਜੀਵਤ ਹੋ ਕੇ ਉਸੇ ਨੂੰ ਹੀ ਆਰਾਧਣਾ = ਯਾਦ ਕਰਦੀ ਹਾਂ ਜੋ ਸਭਨਾ = ਸਾਰਿਆਂ ਕਾ = ਦਾ ਆਧਾਰੁ = ਆਸਰਾ ਰੂਪ ਹੈ।

## ਸਸੁਰੈ ਪੇਈਐ, ਤਿਸੁ ਕੰਤ ਕੀ; ਵਡਾ ਜਿਸੁ ਪਰਵਾਰੁ ॥

ਹੇ ਭੈਣੇ ! ਪ੍ਰਲੋਕ ਰੂਪੀ ਸਸੁਰੈ = ਸਹੁਰੇ ਘਰ ਤੇ ਇਸ ਲੋਕ ਰੂਪੀ ਪੇਕੇ ਘਰ ਵਿਚ ਮੈਨੂੰ ਤਿਸੁ = ਉਸ ਕੰਤ = ਪਤੀ ਪਰਮੇਸ਼ਰ ਕੀ = ਦੀ ਹੀ ਓਟ ਹੈ ਜਿਸ ਪਰਮੇਸ਼ਰ ਦਾ ਸਾਰਾ ਸੰਸਾਰ ਰੂਪੀ ਵੱਡਾ ਪਰਿਵਾਰ ਹੈ **ਅਥਵਾ** ਸੰਸਾਰਾਕਾਰ ਬਿਰਤੀ ਰੂਪ ਪੇਕੇ ਘਰ ਤੇ ਬ੍ਰਹਮਾਕਾਰ ਬਿਰਤੀ ਰੂਪੀ ਸਹੁਰੇ ਘਰ ਵਿਚ ਉਸ ਪਤੀ ਪਰਮੇਸ਼ਰ ਦੀ ਹੀ ਟੇਕ ਹੈ, ਜਿਸ ਪਰਮੇਸ਼ਰ ਦਾ ਚੌਹਾਂ ਯੁੱਗਾਂ ਵਿਚ ਬੰਦਗੀ ਕਰਨ ਵਾਲੇ ਸਤ ਪੁਰਸ਼ਾਂ ਤੇ ਦੈਵੀ ਸੰਪਦਾ ਵਾਲੇ ਅਧਿਕਾਰੀਆਂ ਦਾ ਪਰਿਵਾਰ ਹੈ।

## ਊਚਾ ਅਗਮ ਅਗਾਧਿ ਬੋਧ; ਕਿਛੁ ਅੰਤੁ ਨ ਪਾਰਾਵਾਰੁ ॥

ਫੇਰ ਉਹ ਪਤੀ ਪਰਮੇਸ਼ਰ ਤ੍ਰੈ ਕਾਲ ਅਬਾਧ ਰੂਪ ਊਚਾ = ਉੱਚਾ ਅਗਮ = ਗਮਤਾ ਤੋਂ ਰਹਿਤ ਭਾਵ ਬੇਅੰਤ ਅਗਾਧਿ = ਡੂੰਘਾ ਬੋਧ = ਗਿਆਨ ਸਰੂਪ ਹੈ, ਉਸ ਦੇ ਪਾਰਾਵਾਰੁ = ਪਾਰ ਉਰਾਰ ਦਾ ਕਿਛੁ = ਕੁਝ ਵੀ ਅੰਤ ਨ = ਨਹੀਂ ਪਾਇਆ ਜਾ ਸਕਦਾ।

***ਪ੍ਰਸ਼ਨ :*** *ਹੇ ਸਖੀ ! ਐਸੇ ਗੁਣਾਂ ਵਾਲੇ ਪਤੀ ਪਰਮੇਸ਼ਰ ਨੂੰ ਕਿਹੜੀ ਸੇਵਾ ਭਾਉਂਦੀ ਹੈ ?*
***ਉੱਤਰ :***

## ਸੇਵਾ ਸਾ, ਤਿਸੁ ਭਾਵਸੀ; ਸੰਤਾ ਕੀ ਹੋਇ ਛਾਰੁ ॥

ਹੇ ਭੈਣੇ ! ਸਾ = ਉਹੋ ਹੀ ਸੇਵਾ = ਟਹਿਲ ਤਿਸੁ = ਉਸ ਪਤੀ ਪਰਮੇਸ਼ਰ ਨੂੰ ਭਾਵਸੀ = ਭਾਉਂਦੀ ਹੈ, ਜੋ ਸੰਤਾ = ਮਹਾਤਮਾ ਜਨਾਂ ਕੀ = ਦੀ ਚਰਨ ਧੂੜੀ ਹੋਇ = ਹੋ ਕੇ ਰਹਿਣਾ ਹੈ।

***ਦੂਸਰਾ ਅਰਥ :*** ਸੇਵਾ ਸਾਤਿ ਸੁਭਾਵਸੀ = ਭਾਵ ਕਿ ਸ਼ਾਂਤੀ ਸੁਭਾਅ ਵਾਲੀ ਸੇਵਾ ਪਰਮਾਤਮਾ ਨੂੰ ਭਾਉਂਦੀ ਹੈ ਪਰ ਮੁਖ ਪਾਠ 'ਸੇਵਾ ਸਾ ਤਿਸੁ ਭਾਵਸੀ' ਹੀ ਰੱਖਣਾ।

## ਦੀਨਾ ਨਾਥ ਦੈਆਲ ਦੇਵ; ਪਤਿਤ ਉਧਾਰਣਹਾਰੁ ॥

ਉਹ ਦੀਨਾ = ਗ਼ਰੀਬਾਂ ਦਾ ਨਾਥ = ਸੁਆਮੀ, ਦੈਆਲ = ਦਿਆਲੂ ਦੇਵ = ਪੂਜਨੀਕ ਪਤਿਤ = ਪਾਪੀਆਂ ਦੇ ਉਧਾਰਣਹਾਰੁ = ਉਧਾਰ ਕਰਨ ਵਾਲਾ ਹੈ।

## ਆਦਿ ਜੁਗਾਦੀ ਰਖਦਾ; ਸਚੁ ਨਾਮੁ ਕਰਤਾਰੁ ॥

ਉਹ ਸਚੁ = ਸੱਚੇ ਨਾਮ ਵਾਲਾ ਕਰਤਾਰੁ = ਕਰਤਾ ਪੁਰਖ ਸੰਸਾਰ ਦੇ ਆਦਿ = ਮੁੱਢ ਤੇ ਜੁਗਾਦੀ = ਜੁਗ ਆਦਿਕਾਂ ਵਿਚ ਸ਼ਰਨ ਪਿਆ ਦੀ ਰੱਖਦਾ ਆਇਆ ਹੈ।

## ਕੀਮਤਿ ਕੋਇ ਨ ਜਾਣਈ; ਕੋ ਨਾਹੀ ਤੋਲਣਹਾਰੁ ॥

ਉਸ ਪ੍ਰਭੂ ਦੀ ਪ੍ਰਾਪਤੀ ਰੂਪੀ ਕੀਮਤ ਨੂੰ ਕੋਈ ਵੀ ਨ = ਨਹੀਂ ਜਾਣਦਾ ਅਤੇ ਨਾਹੀ = ਨਾ ਹੀ ਕੋ = ਕੋਈ ਬੁੱਧੀ ਰੂਪੀ ਤੱਕੜੀ ਵਿਚ ਸ਼ਾਸਤਰ ਪ੍ਰਮਾਣ ਰੂਪੀ ਵੱਟਾ ਪਾ ਕੇ ਤੋਲਣਹਾਰੁ = ਤੋਲਣ ਵਾਲਾ ਹੈ।

## ਮਨ ਤਨ ਅੰਤਰਿ, ਵਸਿ ਰਹੇ; ਨਾਨਕ ਨਹੀ ਸੁਮਾਰੁ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਪਰਮੇਸ਼ਰ ਦੀ ਕੋਈ ਸੁਮਾਰੁ = ਗਿਣਤੀ ਮਿਣਤੀ ਨਹੀਂ ਹੈ ਪਰ ਫੇਰ ਵੀ ਉਹ ਸਾਰਿਆਂ ਦੇ ਮਨ ਤਨ ਅੰਤਰਿ = ਅੰਦਰ ਵਸ ਰਹੇ = ਰਿਹਾ ਹੈ।

## ਦਿਨੁ ਰੈਣਿ, ਜਿ ਪ੍ਰਭ ਕੰਉ ਸੇਵਦੇ; ਤਿਨ ਕੈ ਸਦ ਬਲਿਹਾਰ ॥੨॥

ਇਉਂ ਗਿਣਤੀਆਂ ਮਿਣਤੀਆਂ ਛੱਡ ਕੇ ਜਿ = ਜਿਹੜੇ ਦਿਨ ਰੈਣਿ = ਰਾਤ ਪ੍ਰਭ = ਵਾਹਿਗੁਰੂ ਨੂੰ ਸੇਵਦੇ = ਸੇਵਨਾ ਕਰਦੇ ਹਨ ਤਿਨ = ਉਨ੍ਹਾਂ ਕੈ = ਦੇ ਉੱਪਰੋਂ ਮੈਂ ਜਗਿਆਸੂ ਰੂਪ ਇਸਤਰੀ ਸਦ = ਹਮੇਸ਼ਾ ਹੀ ਬਲਿਹਾਰ = ਕੁਰਬਾਨ ਜਾਂਦੀ ਹਾਂ ॥੨॥

## ਸੰਤ ਅਰਾਧਨਿ ਸਦ ਸਦਾ; ਸਭਨਾ ਕਾ ਬਖਸਿੰਦੁ ॥

ਸੰਤ = ਸ਼ਾਂਤ ਆਤਮਾ ਵਾਲੇ ਮਹਾਤਮਾ ਜਨ ਉਸ ਪਰਮੇਸ਼ਰ ਨੂੰ ਸਦ ਸਦਾ = ਹਮੇਸ਼ਾ ਹਮੇਸ਼ਾ ਹੀ ਅਰਾਧਨਿ = ਅਰਾਧਨਾ ਕਰਦੇ ਹਨ, ਜੋ ਸਭਨਾ = ਸਾਰਿਆਂ ਕਾ = ਦਾ ਬਖ਼ਸ਼ਿੰਦ ਹੈ।

## ਜੀਉ ਪਿੰਡੁ, ਜਿਨਿ ਸਾਜਿਆ; ਕਰਿ ਕਿਰਪਾ ਦਿਤੀਅਨੁ ਜਿੰਦੁ ॥[੧]

ਜਿਨਿ = ਜਿਸ ਵਾਹਿਗੁਰੂ ਨੇ ਜੀਉ = ਜੀਵ ਦਾ ਪਿੰਡੁ = ਸਰੀਰ ਸਾਜਿਆ = ਬਣਾਇਆ ਹੈ, ਉਸ ਨੇ ਕਿਰਪਾ ਕਰਕੇ ਆਪਣੀ ਚੇਤਨ ਸੱਤਾ ਪਾ ਕੇ ਜਿੰਦੁ = ਜ਼ਿੰਦਗੀ ਦਿੱਤੀ ਹੈ, ਪਦਾਰਥਾਂ ਦੇ ਸਮਝਣ ਦੀ ਸੋਝੀ ਦਿੱਤੀ ਹੈ।

## ਗੁਰ ਸਬਦੀ ਆਰਾਧੀਐ; ਜਪੀਐ ਨਿਰਮਲ ਮੰਤੁ ॥

ਗੁਰ ਸਬਦੀ = ਗੁਰਾਂ ਦੇ ਉਪਦੇਸ਼ ਭਾਵ ਕਮਾਈ ਦੁਆਰਾ ਹਰੀ ਪ੍ਰਭੂ ਨੂੰ ਮਨ ਦੁਆਰਾ ਆਰਾਧਨਾ ਕਰੀਏ ਅਤੇ ਨਿਰਮਲ = ਉੱਜਲ ਪ੍ਰਭੂ ਦੇ ਮੰਤੁ = ਮੰਤਰ ਨੂੰ ਬਾਣੀ ਦੁਆਰਾ ਜਪੀਐ = ਜਪਣਾ ਕਰੀਏ।

## ਕੀਮਤਿ ਕਹਣੁ ਨ ਜਾਈਐ; ਪਰਮੇਸੁਰੁ ਬੇਅੰਤੁ ॥

ਉਸ ਬੇਅੰਤ = ਅੰਤ ਤੋਂ ਰਹਿਤ ਪ੍ਰਭੂ ਦੇ ਗੁਣਾਂ ਦੀ ਪ੍ਰਾਪਤੀ ਰੂਪ ਕੀਮਤ ਕਹਣੁ = ਕਹੀ ਨ = ਨਹੀਂ ਜਾ ਸਕਦੀ।

## ਜਿਸੁ ਮਨਿ ਵਸੈ ਨਰਾਇਣੋ; ਸੋ ਕਹੀਐ ਭਗਵੰਤੁ ॥

ਜਿਸੁ = ਜਿਨ੍ਹਾਂ ਦੇ ਮਨ ਵਿਚ ਨਰਾਇਣੋ = ਹਰੀ ਪਰਮੇਸ਼ਰ ਵਸੈ = ਵਸਦਾ ਹੈ, ਸੋ = ਉਹ ਭਗਵੰਤੁ = ਭਾਗਾਂ ਵਾਲੇ **ਵਾ:** ਉਹ ਭਗਵੰਤ ਦਾ ਸਰੂਪ ਹੀ ਕਹੀਐ = ਕਹੇ ਜਾਂਦੇ ਹਨ।

---

੧. ਦਮਦਮੀ ਬੀੜ ਦਾ ਪਾਠ 'ਦਿਤੀਅਨੁ' ਕਰਨਾ ਹੈ, ਕਰਤਾਰਪੁਰ ਵਾਲੀ ਬੀੜ ਦਾ 'ਦਿਤੀਨੁ' ਪਾਠ ਹੈ।

## ਜੀਅ ਕੀ ਲੋਚਾ ਪੂਰੀਐ; ਮਿਲੈ ਸੁਆਮੀ ਕੰਤੁ ॥

ਹੇ ਭੈਣੇ! ਜੇਕਰ ਉਹ ਸੁਆਮੀ = ਮਾਲਕ ਕੰਤੁ = ਪਤੀ ਪਰਮੇਸ਼ਰ ਮਿਲੈ = ਮਿਲ ਜਾਵੇ ਤਾਂ ਜੀਅ = ਹਿਰਦੇ ਕੀ = ਦੀ ਲੋਚਾ = ਇੱਛਾ ਪੂਰੀਐ = ਪੂਰੀ ਹੋ ਜਾਂਦੀ ਹੈ।

## ਨਾਨਕੁ ਜੀਵੈ ਜਪਿ ਹਰੀ; ਦੋਖ ਸਭੇ ਹੀ ਹੰਤੁ ॥

ਸਤਿਗੁਰੂ ਜੀ ਕਥਨ ਕਰਦੇ ਹਨ ਜੋ ਹਰਿ = ਪਰਮੇਸ਼ਰ ਦੇ ਨਾਮ ਨੂੰ ਜਪ ਕੇ ਜੀਵੈ = ਜਿਉਂਦਾ ਹੈ, ਉਸ ਦੇ ਸਭੇ = ਸਾਰੇ ਹੀ ਸ਼ਬਦ ਸਪਰਸ਼ ਆਦਿ ਦੋਖ = ਦੋਸ਼ ਹੰਤੁ = ਨਾਸ਼ ਹੋ ਜਾਂਦੇ ਹਨ।

**ਸਾਖੀ—ਇਕ ਮਹਾਂਪੁਰਸ਼ ਦੀ :** ਇਕ ਮਹਾਂਪੁਰਸ਼ ਸੀ। ਉਨ੍ਹਾਂ ਦੇ ਪਾਸ ਇਕ ਮਾਇਆਧਾਰੀ ਪਦਾਰਥਵਾਦੀ ਦੁਨਿਆਵੀ ਗੱਲਾਂ ਕਰਨ ਵਾਲਾ ਪੁਰਸ਼ ਆ ਗਿਆ। ਬੇਲੋੜੀਆਂ ਗੱਲਾਂ ਕਰਕੇ ਚਲਿਆ ਗਿਆ। ਫਿਰ ਇਕ ਦੂਜਾ ਪੁਰਸ਼ ਆਇਆ, ਉਹ ਵੀ ਗੱਲਾਂ ਕਰਦਾ ਰਿਹਾ। ਮਹਾਤਮਾ ਨੂੰ ਨਾਮ ਵਿਚ ਨਹੀਂ ਲੱਗਣ ਦਿੱਤਾ। ਫਿਰ ਇਕ ਤੀਸਰਾ ਆਇਆ, ਉਹ ਵੀ ਇਨ੍ਹਾਂ ਵਰਗਾ ਹੀ ਮਨਮੱਤੀਆ ਸੀ।

ਉਹ ਤਿੰਨੇ ਇਕ ਇਕ ਪਹਿਰ ਬੈਠੇ ਸਨ। ਉਨ੍ਹਾਂ ਤਿੰਨਾਂ ਦੇ ਗਏ ਤੋਂ ਬਾਅਦ ਚੌਥੇ ਪਹਿਰ ਇਕ ਨਾਮ ਰਸੀਏ ਮਹਾਂਪੁਰਸ਼ ਆ ਗਏ। ਉਨ੍ਹਾਂ ਨੇ ਪੁੱਛਿਆ ਕਿ ਮਹਾਤਮਾ ਜੀ! ਕੀ ਹਾਲ ਹੈ? ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਅੱਜ ਪਹਿਲੇ ਪਹਿਰ ਮਰਿਆ ਰਿਹਾ, ਦੂਜੇ ਪਹਿਰ ਸਸਕਾਰ ਹੋ ਗਿਆ, ਤੀਜੇ ਪਹਿਰ ਗੰਗਾ ਵਿਚ ਫੁੱਲ ਪੈ ਗਏ, ਹੁਣ ਚੌਥੇ ਪਹਿਰ ਤੁਸੀਂ ਆਏ ਹੋ ਤਾਂ ਤੁਹਾਡੇ ਆਉਣ ਨਾਲ ਮੈਂ ਜਿਉਂਦਾ ਹੋਇਆ ਹਾਂ। ਮਹਾਤਮਾ ਜੀ ਨੇ ਅਸਚਰਜ ਹੋ ਕੇ ਪੁੱਛਿਆ ਕਿ ਇਹ ਕਿਸ ਤਰ੍ਹਾਂ ਦੀ ਵਾਰਤਾ ਹੈ? ਤਾਂ ਪਹਿਲੇ ਮਹਾਤਮਾ ਨੇ ਉੱਤਰ ਦਿੱਤਾ ਕਿ ਪਹਿਲੇ ਪਹਿਰ ਇਕ ਮੇਰੀ ਬਿਰਤੀ ਨੂੰ ਨਾਮ ਵੱਲੋਂ ਤੋੜਨ ਵਾਲਾ ਮਿਲਿਆ, ਜਿਸ ਦੇ ਮਿਲਣ ਕਰਕੇ ਮੇਰੀ ਬਿਰਤੀ ਪਰਮਾਤਮਾ ਵੱਲੋਂ ਮਰ ਗਈ। ਫਿਰ ਦੂਜੇ ਪਹਿਰ ਦੂਜਾ ਆਇਆ, ਜਿਸ ਨੇ ਲੋਕਾਂ ਦੀਆਂ ਨਿੰਦਿਆ ਚੁਗ਼ਲੀ ਵਾਲੀਆਂ ਗੱਲਾਂ ਸੁਣਾ ਕੇ ਸੁਆਹ ਕਰ ਦਿੱਤੀ। ਫਿਰ ਤੀਜੇ ਨੇ ਵਿਸ਼ੇ ਜਗਾਉਣ ਵਾਲੀਆਂ ਗੱਲਾਂ ਕਰ ਕੇ ਮਾਨੋ ਮੇਰੀ ਬਿਰਤੀ ਦੇ ਗੰਗਾ 'ਚ ਫੁੱਲ ਹੀ ਪਾ ਦਿੱਤੇ। ਹੁਣ ਤੁਸੀਂ ਆਏ ਹੋ ਤਾਂ ਤੁਹਾਡੇ ਆਉਣ ਨਾਲ ਮੇਰੀ ਬਿਰਤੀ ਪਰਮਾਤਮਾ ਵਿਚ ਜੁੜਨ ਨਾਲ ਮੈਂ ਜਿਉਂਦਾ ਹੋਇਆ ਹਾਂ। ਇਸ ਤਰ੍ਹਾਂ ਹਰੀ ਪਰਮੇਸ਼ਰ ਦਾ ਨਾਮ ਜਪ ਕੇ ਜੀਵੀਐ = ਜਿਉਣਾ ਹੁੰਦਾ ਹੈ।

## ਦਿਨੁ ਰੈਣਿ ਜਿਸੁ ਨ ਵਿਸਰੈ; ਸੋ ਹਰਿਆ ਹੋਵੈ ਜੰਤੁ ॥੩॥

ਇਸ ਪ੍ਰਕਾਰ ਜਿਸੁ ਨੂੰ ਪਰਮੇਸ਼ਰ ਦਿਨ ਰੈਣਿ = ਰਾਤ ਵਿਸਰੈ = ਭੁੱਲਦਾ ਨਹੀਂ ਹੈ, ਸੋ = ਉਹ ਜੰਤੁ = ਜੀਵ ਭਗਤੀ **ਵਾ:** ਸ਼ੁਭ ਗੁਣਾਂ ਦੀ ਹਰਿਆ = ਹਰਿਆਵਲਤਾ ਦੇ ਸਹਿਤ ਹਰਾ ਭਰਾ ਹੋਵੈ = ਹੋ ਜਾਂਦਾ ਹੈ ॥੩॥

## ਸਰਬ ਕਲਾ ਪ੍ਰਭ ਪੂਰਣੋ; ਮੰਞੁ ਨਿਮਾਣੀ ਥਾਉ ॥

ਜੋ ਪਰਮੇਸ਼ਰ ਸਰਬ = ਸਾਰੀਆਂ ਕਲਾ = ਸ਼ਕਤੀਆਂ ਵਿਚ ਪੂਰਣੋ = ਪਰੀਪੂਰਨ ਹੈ, ਉਹ ਮੰਞੁ = ਮੇਰੀ ਨਿਮਾਣੀ ਜਿੰਦ ਦਾ ਥਾਉ = ਥਾਂ ਭਾਵ ਟਿਕਾਣਾ, ਆਸਰਾ ਰੂਪ ਹੈ।

## ਹਰਿ ਓਟ ਗਹੀ ਮਨ ਅੰਦਰੇ; ਜਪਿ ਜਪਿ ਜੀਵਾਂ ਨਾਉ ॥

(ਪਾਠੰਤ੍ਰ **ਅੰਤਰੇ**)

ਹੇ ਭੈਣੇ! ਮੈਂ ਉਸੇ ਹਰਿ = ਪਰਮੇਸ਼ਰ ਦੀ ਓਟ = ਟੇਕ ਆਪਣੇ ਮਨ = ਹਿਰਦੇ ਦੇ ਅੰਦਰੇ = ਵਿਚ ਗਹੀ = ਗ੍ਰਹਿਣ ਕੀਤੀ ਹੈ ਅਤੇ ਉਸੇ ਦਾ ਹੀ ਨਾਉ = ਨਾਮ ਜਪ ਜਪ ਕੇ ਜੀਵਾਂ = ਜਿਉਂਦੀ ਹਾਂ। ਅਤੇ ਇਉਂ ਬੇਨਤੀ ਕਰਦੀ ਹਾਂ ਕਿ

## ਕਰਿ ਕਿਰਪਾ ਪ੍ਰਭ ਆਪਣੀ; ਜਨ ਧੂੜੀ ਸੰਗਿ ਸਮਾਉ ॥

ਹੇ ਪ੍ਰਭ = ਵਾਹਿਗੁਰੂ ! ਮੇਰੇ 'ਤੇ ਆਪਣੀ ਕਿਰਪਾ ਦ੍ਰਿਸ਼ਟੀ ਕਰੋ ਕਿ ਮੈਂ ਸੰਤ ਜਨਾਂ ਦੀ ਚਰਨ ਧੂੜੀ ਸੰਗਿ = ਨਾਲ ਸਮਾਉ = ਸਮਾ ਜਾਵਾਂ ਭਾਵ ਨਿਮਰਤਾ ਸਹਿਤ ਹੋ ਕੇ ਸੰਤ ਜਨਾਂ ਦੀ ਸੇਵਾ ਕਰਾਂ।

## ਜਿਉ ਤੂੰ ਰਾਖਹਿ ਤਿਉ ਰਹਾ; ਤੇਰਾ ਦਿਤਾ ਪੈਨਾ ਖਾਉ ॥

ਹੇ ਪ੍ਰਭੂ ! ਜਿਉ = ਜਿਵੇਂ ਤੂੰ = ਤੁਸੀਂ ਮੈਨੂੰ ਰਾਖਹਿ = ਰੱਖਣਾ ਕਰੋ, ਤਿਉ = ਤਿਵੇਂ ਭਾਵ ਉਸੇ ਪ੍ਰਕਾਰ ਹੀ ਮੈਂ ਆਗਿਆ ਵਿਚ ਰਹਿਣਾ ਕਰਾਂ ਤੇਰਾ = ਤੁਹਾਡਾ ਦਿੱਤਾ ਹੋਇਆ ਹੀ ਬਸਤਰ ਪੈਨਾ = ਪਹਿਨਣਾ ਤੇ ਪਦਾਰਥਾਂ ਨੂੰ ਖਾਉ = ਖਾਣਾ ਕਰਾਂ **ਵਾ:** ਸ੍ਰਵਣ ਕਰਨ ਰੂਪ ਬਸਤਰ ਪਹਿਨਣਾ ਤੇ ਮੰਨਣ ਕਰਨ ਰੂਪ ਭੋਜਨ ਖਾਣਾ ਕਰਾਂ।

## ਉਦਮੁ ਸੋਈ ਕਰਾਇ ਪ੍ਰਭ; ਮਿਲਿ ਸਾਧੂ ਗੁਣ ਗਾਉ ॥

ਹੇ ਪ੍ਰਭ = ਪਰਮੇਸ਼ਰ ! ਮੇਰੇ ਪਾਸੋਂ ਸੋਈ = ਉਹੀ ਉਦਮੁ = ਯਤਨ ਕਰਾਇ = ਕਰਾਉਣਾ ਕਰੋ, ਜੋ ਮੈਂ ਸਾਧੂ = ਸੰਤ ਜਨਾਂ ਦੀ ਸਤਿਸੰਗਤ ਨਾਲ ਮਿਲ ਕੇ ਤੇਰੇ ਗੁਣ ਗਾਉ = ਗਾਉਣਾ ਕਰਾਂ।

## ਦੂਜੀ ਜਾਇ ਨ ਸੁਝਈ; ਕਿਥੈ ਕੂਕਣ ਜਾਉ ॥

(**ਸੁੱਝਈ** ਬੋਲੋ)

ਹੇ ਪਰਮੇਸ਼ਰ ! ਤੇਰੇ ਦਰ ਤੋਂ ਬਗ਼ੈਰ ਹੋਰ ਦੂਜੀ = ਦੂਸਰੀ ਜਾਇ = ਜਗ੍ਹਾਂ ਨਹੀਂ ਸੁਝਈ = ਦਿੱਸਦੀ ਫੇਰ ਮੈਂ ਕਿਥੇ ਕੂਕਣ = ਫਰਿਆਦ ਕਰਨ ਵਾਸਤੇ ਜਾਉ = ਜਾਵਾਂ।

## ਅਗਿਆਨ ਬਿਨਾਸਨ, ਤਮ ਹਰਣ; ਊਚੇ ਅਗਮ ਅਮਾਉ ॥

ਹੇ ਊਚੇ = ਸ੍ਰੇਸ਼ਟ ਅਗਮ = ਗਮਤਾ ਤੋਂ ਰਹਿਤ ਭਾਵ ਬੇਅੰਤ ਅਮਾਉ = ਮਿਣਤੀ ਤੋਂ ਰਹਿਤ ਪਰਮੇਸ਼ਰ। ਤੁਸੀਂ ਅਗਿਆਨ ਨੂੰ ਬਿਨਾਸਨ = ਵਿਸ਼ੇਸ਼ ਕਰਕੇ ਨਾਸ਼ ਕਰਨ ਵਾਲੇ ਅਤੇ ਮੋਹ, ਭਰਮ ਦੇ ਤਮ = ਹਨੇਰੇ ਨੂੰ ਵੀ ਹਰਣ = ਮੇਟਣ ਵਾਲੇ ਹੋ **ਵਾ:** ਅਗਿਆਨ ਦੇ ਹਨੇਰੇ ਨੂੰ ਨਾਸ਼ ਕਰਕੇ ਤਮ ਹਰਣ = ਸੂਰਜ ਵਤ ਪ੍ਰਕਾਸ਼ ਰੂਪ ਹੋ **ਵਾ:** ਅਗਿਆਨ ਦੀ ਵਿਖੇਪ ਸ਼ਕਤੀ ਨੂੰ ਨਾਸ਼ ਕਰਨ ਵਾਲੇ ਅਤੇ ਤਮ ਭਾਵ ਅਵਰਨ ਸ਼ਕਤੀ ਨੂੰ ਵੀ ਹਰਨ ਵਾਲੇ ਹੋ।

## ਮਨੁ ਵਿਛੁੜਿਆ ਹਰਿ ਮੇਲੀਐ; ਨਾਨਕ ਏਹੁ ਸੁਆਉ ॥

ਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ ! ਮੇਰੇ ਵਿਛੁੜੇ ਮਨ ਨੂੰ ਕਿਰਪਾ ਕਰਕੇ ਆਪਣੇ ਨਾਲ ਮੇਲੀਐ = ਮੇਲਣਾ ਕਰੋ। ਮੇਰਾ ਇਹੋ ਹੀ ਸੁਆਉ = ਪਰਮ ਪ੍ਰਯੋਜਨ ਹੈ।

## ਸਰਬ ਕਲਿਆਣਾ ਤਿਤੁ ਦਿਨਿ; ਹਰਿ ਪਰਸੀ ਗੁਰ ਕੇ ਪਾਉ ॥੪॥੧॥

ਹੇ ਪਰਮੇਸ਼ਰ ! ਜਿਸ ਦਿਨ ਮੈਂ ਗੁਰੂ ਕੇ = ਦੇ ਪਾਉ = ਚਰਨਾਂ ਨੂੰ ਪਰਸੀ = ਸਪਰਸ਼ ਕਰ ਲਵਾਂ ਤਿਤੁ = ਉਸ ਦਿਨ ਮੈਨੂੰ ਸਰਬ = ਸਾਰੀਆਂ ਹੀ ਕਲਿਆਣਾ = ਮੁਕਤੀਆਂ ਪ੍ਰਾਪਤ ਹੋ ਜਾਣਗੀਆਂ **ਵਾ:** ਉਹ ਦਿਨ ਸਾਰੀਆਂ ਮੁਕਤੀਆਂ ਦੀ ਪ੍ਰਾਪਤੀ ਦਾ ਦਿਨ ਹੋਵੇਗਾ॥੪॥੧॥ ਜੈਸਾ ਕਿ :

**ਹਰਿ ਗੁਰੁ ਨਾਨਕੁ ਜਿਨਿ ਪਰਸਿਓ ਤੇ ਇਤ ਉਤ ਸਦਾ ਮੁਕਤੇ ॥**

*(ਸਵਯੇ ਸ੍ਰੀ ਮੁਖਬਾਕ੍ਯ, ਮ: ੫, ਅੰਗ ੧੩੮੬)*

# ਮਾਝ ਕੀ ਵਾਰ ਆਰੰਭ

## ਵਾਰ ਮਾਝ ਕੀ ਤਥਾ ਸਲੋਕ ਮਹਲਾ ੧

ਮਾਝ ਰਾਗ ਦੀ ਵਾਰ ਜਿਸ ਵਿਚ ਵਾਰ = ਪਉੜੀਆਂ ਪਹਿਲੇ ਪਾਤਸ਼ਾਹ ਜੀ ਦੀਆਂ ਆਉਣਗੀਆਂ। ਸਲੋਕ ਮਹਲਾ ੧ = ਜੋ ਪਉੜੀਆਂ ਦੇ ਨਾਲ ਸਲੋਕ ਹਨ, ਉਹ ਭੀ ਬਹੁਤੇ ਪਹਿਲੇ ਪਾਤਸ਼ਾਹ ਜੀ ਦੇ ਹੀ ਆਉਣਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈਆਂ ਹੋਈਆਂ ੨੨ ਵਾਰਾਂ ਵਿੱਚੋਂ ਇਹ ਦੂਜੀ ਵਾਰ ਹੈ। ਇਸ ਦੀ ਧੁਨ ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਜੋ ਢਾਡੀ ਜਥੇ ਅਤੇ ਨੱਥੇ ਅਬਦੁੱਲੇ ਤੋਂ ਸੂਰਮਿਆਂ ਦੀਆਂ ਵਾਰਾਂ ਗਵਾਈਆਂ ਤਾਂ ਉਨ੍ਹਾਂ ਵਿੱਚੋਂ ਮਾਝ ਦੀ ਵਾਰ ਵਾਸਤੇ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਦੀ ਧੁਨ ਪਸੰਦ ਕੀਤੀ। ਇਕ ਵਾਰ ਬਾਦਸ਼ਾਹ ਅਕਬਰ ਦੇ ਵੇਲੇ ਕਾਬਲ ਦੇ ਲੋਕ ਮਾਮਲਾ ਦੇਣ ਤੋਂ ਆਕੀ ਹੋ ਗਏ। ਬਾਦਸ਼ਾਹ ਨੇ ਆਪਣੇ ਭਰੇ ਦਰਬਾਰ ਵਿਚ ਸੂਰਮਿਆਂ ਦੇ ਸਾਹਮਣੇ ਪਾਨਾਂ ਦਾ ਬੀੜਾ ਅਤੇ ਤਲਵਾਰ ਰੱਖ ਕੇ ਕਿਹਾ ਕਿ ਕੋਈ ਸੂਰਮਾ ਉੱਠੇ ਜੋ ਕਾਬਲ ਦਾ ਅਟਕਿਆ ਹੋਇਆ ਮਾਮਲਾ ਵਸੂਲ ਕਰਨ ਦੀ ਤਾਕਤ ਰੱਖਦਾ ਹੋਵੇ। ਮੈਂ ਦੇਖਣਾ ਚਾਹੁੰਦਾ ਹਾਂ ਕਿ ਕੌਣ ਸੂਰਮਾ ਪਾਨਾਂ ਦਾ ਬੀੜਾ ਚੁੱਕਦਾ ਹੈ ਅਤੇ ਤਲਵਾਰ ਨੂੰ ਹੱਥ ਪਾਉਂਦਾ ਹੈ। ਬਾਦਸ਼ਾਹ ਦਾ ਇਹ ਹੁਕਮ ਸੁਣ ਕੇ 'ਮਲਕ ਮੁਰੀਦ' ਉੱਠ ਖੜਾ ਹੋਇਆ। ਪਾਨਾਂ ਦਾ ਬੀੜਾ ਚੁੱਕਿਆ ਅਤੇ ਤਲਵਾਰ ਹੱਥ ਵਿਚ ਲੈ ਕੇ ਬੋਲਿਆ ਕਿ ਇਸ ਮੁਹਿੰਮ ਉੱਤੇ ਮੈਂ ਜਾਵਾਂਗਾ। ਬਾਦਸ਼ਾਹ ਨੇ ਇਸ ਦੇ ਕਹਿਣ ਅਨੁਸਾਰ ਜਿੰਨੀ ਫ਼ੌਜ ਦੀ ਇਸ ਨੇ ਮੰਗ ਕੀਤੀ, ਉਤਨੀ ਫ਼ੌਜ ਦੇ ਕੇ ਇਸ ਨੂੰ ਕਾਬਲ ਨੂੰ ਤੋਰਿਆ। ਕਾਬਲ ਪਹੁੰਚ ਕੇ ਸਿਆਣਪ ਅਤੇ ਬਹਾਦਰੀ ਦੋਨਾਂ ਤੋਂ ਕੰਮ ਲੈਂਦਿਆਂ ਕਾਬਲ ਫ਼ਤਹਿ ਕੀਤੀ। ਜੋ ਰੁਕਿਆ ਹੋਇਆ ਮਾਮਲਾ ਸੀ, ਉਹ ਉਗਰਾਹ ਕੇ ਦਿੱਲੀ ਅਕਬਰ ਦੇ ਖ਼ਜ਼ਾਨੇ ਵਿਚ ਭੇਜਿਆ। ਇਹ ਸੋਚ ਕੇ ਉਥੇ ਰਹਿ ਗਿਆ ਕਿ ਕਿਤੇ ਇਹ ਲੋਕ ਫਿਰ ਆਕੀ ਨਾ ਹੋ ਜਾਣ। ਕੁਝ ਚਿਰ ਉਥੇ ਰਹਿਣ ਦਾ ਫ਼ੈਸਲਾ ਕਰ ਲਿਆ। ਇਸੇ ਪਿੱਛੋਂ ਚੰਦ੍ਰਹੜਾ ਸੋਹੀਆ ਨੇ ਬਾਦਸ਼ਾਹ ਦੇ ਕੰਨ ਭਰ ਦਿੱਤੇ ਕਿ ਮਲਕ ਮੁਰੀਦ ਆਕੀ ਹੋ ਬੈਠਾ ਹੈ, ਇਸ ਲਈ ਵਾਪਸ ਨਹੀਂ ਆਇਆ। ਬਾਦਸ਼ਾਹ ਨੇ ਉਸ ਦੀ ਗੱਲ ਉੱਤੇ ਯਕੀਨ ਕਰ ਲਿਆ ਅਤੇ ਚੰਦ੍ਰਹੜਾ ਨੂੰ ਫ਼ੌਜ ਦੇ ਕੇ ਕਾਬਲ ਉੱਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ ਕਿ ਮਲਕ ਮੁਰੀਦ ਨੂੰ ਪਕੜ ਕੇ ਮੇਰੇ ਦਰਬਾਰ ਵਿਚ ਪੇਸ਼ ਕੀਤਾ ਜਾਵੇ। ਜਿਸ ਵੇਲੇ ਚੰਦ੍ਰਹੜਾ ਸੋਹੀਆ ਕਾਬਲ ਪਹੁੰਚ ਕੇ ਪੁਰਾਣੀ ਮਿੱਤਰਤਾ ਜਣਾ ਕੇ ਧੋਖਾ ਦੇਣ ਲੱਗਾ ਤਾਂ ਸੂਰਮਾ ਝੱਟ ਹੀ ਸਮਝ ਗਿਆ ਕਿਉਂਕਿ ਇਸ ਨੂੰ ਪਹਿਲਾਂ ਹੀ ਸੂਹ ਮਿਲ ਚੁੱਕੀ ਸੀ ਕਿ ਬਾਦਸ਼ਾਹ ਕੋਲ ਮੇਰੀ ਚੁਗ਼ਲੀ ਕਰਕੇ ਮੈਨੂੰ ਮਾਰਨ ਆਇਆ ਹੈ। ਜਦੋਂ ਮਿੱਤਰਤਾ ਵਾਲੇ ਪੇਚ ਵਿਚ ਉਹ ਨਹੀਂ ਫਸਿਆ ਤਾਂ ਫਿਰ ਉਸ ਨੇ ਆਪਣੇ ਦੂਤ ਰਾਹੀਂ ਧਮਕੀ ਦਿੱਤੀ ਕਿ ਮਰਨ ਲਈ ਤਿਆਰ ਹੋ ਜਾ। ਉਹ ਅਣਖੀ ਸੂਰਮਾ ਇਸ ਦੇ ਅੱਗੇ ਨਾ ਝੁਕਿਆ ਅਤੇ ਬਹੁਤ ਭਾਰੀ ਜੰਗ ਹੋਇਆ। ਪਹਿਲਾਂ ਫ਼ੌਜਾਂ ਲੜੀਆਂ। ਮਲਕ ਮੁਰੀਦ ਨੇ ਚੰਦ੍ਰਹੜਾ ਨੂੰ ਕਿਹਾ ਕਿ ਫ਼ੌਜਾਂ ਕਿਉਂ ਮਰਵਾ ਰਿਹਾ ਹੈਂ ? ਫ਼ੌਜਾਂ ਤਾਂ ਦੋਨੋਂ ਪਾਸੇ ਬਾਦਸ਼ਾਹ ਦੀਆਂ ਹਨ। ਤੇਰਾ ਵੈਰ ਮੇਰੇ ਨਾਲ ਹੈ। ਸਿੱਧਾ ਮੇਰੇ ਨਾਲ ਜੰਗ ਕਰ। ਇਹ ਸੁਣ ਕੇ ਉਸ ਦੀ ਅਣਖ ਜਾਗੀ। ਦੋਵੇਂ ਜੰਗ ਦੇ ਮੈਦਾਨ ਵਿਚ ਆਏ। ਖ਼ੂਬ ਲੜਾਈ ਕੀਤੀ ਤੇ ਆਖ਼ਿਰ ਸਾਂਝੇ ਵਾਰ ਵਿਚ ਇਕ ਦੂਜੇ ਦੇ ਸ਼ਸਤਰ ਦੇ ਵਾਰ ਨਾਲ ਦੋਵੇਂ ਸ਼ਹੀਦ ਹੋ ਗਏ। ਇਨ੍ਹਾਂ ਦੋਨਾਂ ਸੂਰਮਿਆਂ ਦੀ ਸੂਰਮਤਾਈ 'ਤੇ ਢਾਡੀਆਂ ਨੇ ਵਾਰ ਬਣਾਈ। ਇਸ ਵਾਰ ਵਿਚ ਅੱਠ ਤੁਕੀਆਂ ਪਉੜੀਆਂ ਰੱਖੀਆਂ ਹਨ, ਉਹ ਪਉੜੀ ਇਸ ਪ੍ਰਕਾਰ ਹੈ :

**ਕਾਬੁਲ ਵਿੱਚ ਮੁਰੀਦ ਖਾਂ ਫੜਿਆ ਬਡ ਜੋਰ, ਚੰਦ੍ਰਹੜਾ ਲੈ ਫ਼ੌਜ ਕੋ ਚੜ੍ਹਿਆ ਬਡ ਤੌਰ।**
**ਦੁਹਾਂ ਕੰਧਾਰਾਂ ਮੁਹ ਜੁੜੇ ਦਾਮਾਮੇ ਦੌਰ, ਸ਼ਸਤ੍ਰ ਪਜੂਤੇ ਸੂਰਿਆਂ ਸਿਰ ਬੱਧੇ ਟੌਰ।**

**ਹੋਲੀ ਖੇਲੇ ਚੰਦ੍ਰਹੜਾ ਰੰਗ ਲੱਗੇ ਸੌਰ, ਦੋਵੇਂ ਤਰਫ਼ਾਂ ਜੁੱਟੀਆਂ ਸਰ ਵੱਗਨ ਕੌਰ।**
**ਮੈ ਭੀ ਰਾਇ ਸਦਾਇਸਾਂ ਵੜਿਆ ਲਾਹੌਰ, ਦੋਵੇਂ ਸੂਰੇ ਸਾਮਣੇ ਜੂਝੇ ਉਸ ਠੌਰ।**

*(ਮਹਾਨ ਕੋਸ਼, ਪੰਨਾ ੬੬੯)*

ਮਾਝ ਦੀ ਵਾਰ ਵਿਚ ਪਉੜੀ ਦੀਆਂ ਭੀ ਅੱਠ ਤੁਕਾਂ ਹੋਣ ਕਰਕੇ ਇਹ ਵਾਰ ਦੀ ਧੁਨ ਇਨ੍ਹਾਂ ਸੂਰਮਿਆਂ ਦੀ ਵਾਰ ਦੀ ਧੁਨ ਉਪਰ ਗਾਉਣ ਦੀ ਆਗਿਆ ਕੀਤੀ।

## ਮਲਕ ਮੁਰੀਦ, ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥

ਮਲਕ ਮੁਰੀਦ = ਮਲਕ ਜਾਤੀ ਦਾ ਮੁਰੀਦ ਖਾਂ ਸੂਰਮਾ ਸੀ, ਤਥਾ = ਅਤੇ ਸੋਹੀਆ ਜਾਤੀ ਦਾ ਚੰਦ੍ਰਹੜਾ ਨਾਮੀ ਸੂਰਮਾ ਸੀ **ਵਾ:** ਮੁਰੀਦ ਨਾਮ ਤੇ ਮਲਕ ਸ਼ਾਹੀ ਖਿਤਾਬ ਸੀ ਅਤੇ ਦੂਸਰੇ ਸੂਰਮੇ ਦਾ ਨਾਮ ਚੰਦ੍ਰਹੜਾ ਤੇ ਸੋਹੀਆ ਉਸ ਦੀ ਜੱਦੀ ਅੱਲ ਸੀ, ਇਉਂ ਇਨ੍ਹਾਂ ਦੋਨਾਂ ਸੂਰਮਿਆਂ ਕੀ = ਦੀ ਧੁਨੀ ਉੱਪਰ ਛੇਵੇਂ ਸਤਿਗੁਰਾਂ ਨੇ ਮਾਝ ਦੀ ਵਾਰ ਗਾਵਣੀ = ਗਾਉਣ ਦਾ ਹੁਕਮ ਕੀਤਾ ਹੈ। ਇਸੇ ਪ੍ਰਕਾਰ ਅੰਤਰੀਵ ਭਾਵ ਵਿਚ ਮਲਕ ਮੁਰੀਦ ਤੋਂ ਬਿਬੇਕ ਅਤੇ ਚੰਦ੍ਰਹੜਾ ਤੋਂ ਮੋਹ ਦਾ ਭਾਵ ਸਮਝਣਾ, ਇਉਂ ਇਹ ਬਿਬੇਕ ਰੂਪੀ ਰਾਜੇ ਤੇ ਮੋਹ ਰੂਪੀ ਰਾਜੇ ਦੀ ਜੰਗ ਦੀ ਵਾਰ ਹੈ **ਵਾ:** ਗੁਰਮੁਖਾਂ ਤੇ ਮਨਮੁਖਾਂ ਦੇ ਜੰਗ ਦੀ ਵਾਰ ਹੈ।

## ੧ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

੧ = ਅਦੁੱਤੀ, ੴ = ਸਰਬ ਦਾ ਪ੍ਰਕਾਸ਼ਕ, ਸਤਿ = ਨਾਸ਼ ਤੋਂ ਰਹਿਤ, ਨਾਮੁ = ਪ੍ਰਸਿੱਧ ਕਰਤਾ = ਸੰਸਾਰ ਦੇ ਰਚਣ ਵਾਲਾ ਪੁਰਖੁ = ਵਿਆਪਕ ਸਭ ਜਗ੍ਹਾ ਪਰੀਪੂਰਨ, ਗੁਰਪ੍ਰਸਾਦਿ = ਗੁਰਾਂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ। ਇਹ ਖੋੜਸਾ ਮੰਤ੍ਰ ਹੈ ਭਾਵ ਇਸ ਦੇ ਸੋਲਾਂ (੧੬) ਅੱਖਰ ਹਨ। ਜਿਵੇਂ ਦੁਆਪਰ ਵਿਚ ਖੋੜਸਾ ਮੰਤ੍ਰ ਪ੍ਰਸਿੱਧ ਸੀ।

**ਹਰੇ ਰਾਮ ਹਰੇ ਰਾਮ ਰਾਮ ਰਾਮ ਹਰੇ ਹਰੇ।**
**ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ।**

ਇਸੇ ਪ੍ਰਕਾਰ ਦ੍ਵਾਦਸ ਮੰਤਰ ਹੁੰਦਾ ਹੈ ਜਿਸ ਦੇ ਬਾਰਾਂ ਅੱਖਰ ਹੁੰਦੇ ਹਨ। ਇਹ ਸਤਿਜੁਗ ਵਿਚ ਪ੍ਰਚੱਲਤ ਸੀ। ਗੁਰੂ ਸਾਹਿਬ ਨੇ ਗੁਰਮਤਿ ਨਾਲ ਜੋੜਨ ਵਾਸਤੇ ਗੁਰਬਾਣੀ ਵਿਚ ਇਹ ਮੰਤਰ ਵਰਤੇ ਹਨ।

## ਸਲੋਕੁ ਮਹਲਾ ੧ ॥

ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਦਰਿਆ ਰਾਵੀ ਦੇ ਕਿਨਾਰੇ ਸੁਸ਼ੋਭਿਤ ਸਨ। ਗੁਰਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਆਪ ਜੀ ਦੇ ਗੁਰੂ ਦਾ ਸਰੂਪ ਕੈਸਾ ਹੈ ? ਤਾਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ, ਜਿਸ ਵਿਚ ਗੁਰੂ ਦੀ ਮਹਿਮਾ ਦਾ ਵਰਣਨ ਕੀਤਾ ਹੈ।

## ਗੁਰੁ ਦਾਤਾ, ਗੁਰੁ ਹਿਵੈ ਘਰੁ; ਗੁਰੁ ਦੀਪਕੁ ਤਿਹ ਲੋਇ ॥

ਹੇ ਭਾਈ ! ਗੁਰੁ = ਸਤਿਗੁਰੂ ਨਾਮ, ਰੋਜ਼ੀ ਦਾ ਦਾਤਾ ਹੈ, ਗੁਰੁ = ਸਤਿਗੁਰੂ ਹਿਵੈ = ਬਰਫ਼ ਭਾਵ ਠੰਡ (ਸ਼ਾਂਤੀ) ਦਾ ਘਰ ਹੈ ਅਤੇ ਗੁਰੁ = ਸਤਿਗੁਰੂ ਹੀ ਦੀਪਕੁ = ਦੀਪੇ ਵਾਂਗ ਪ੍ਰਕਾਸ਼ਵਾਨ ਹੋ ਕੇ ਤਿਹ ਲੋਇ = ਤਿੰਨਾਂ ਲੋਕਾਂ ਵਿਚ ਗਿਆਨ ਦਾ ਚਾਨਣ ਦੇਣ ਵਾਲਾ ਹੈ **ਵਾ:** ਜਾਗ੍ਰਤ, ਸੁਪਨ, ਸੁਖੋਪਤ ਤਿੰਨਾਂ ਨੂੰ ਸਾਖੀ ਰੂਪ ਹੋ ਕੇ ਪ੍ਰਕਾਸ਼ਣ ਵਾਲਾ ਹੈ। ਅਤੇ

## ਅਮਰ ਪਦਾਰਥੁ ਨਾਨਕਾ; ਮਨਿ ਮਾਨਿਐ ਸੁਖੁ ਹੋਇ ॥੧॥

ਗੁਰੂ ਜੀ ਉਚਾਰਨ ਕਰਦੇ ਹਨ ਕਿ ਸਤਿਗੁਰੂ ਜੀ ਅਮਰ = ਮੁਕਤੀ ਰੂਪ ਪਦਾਰਥ ਦਾ ਸਰੂਪ ਹੈ **ਵਾ:** ਅਮਰ = ਮ੍ਰਿਤੂ ਤੋਂ ਰਹਿਤ ਕਰਨ ਵਾਲਾ ਨਾਮ, ਮੁਕਤ ਰੂਪ ਪਦਾਰਥ ਦੇਣ ਵਾਲਾ ਹੈ, ਐਸੇ ਸਤਿਗੁਰੂ ਦੇ ਸਰੂਪ ਵਿਚ ਮਨ ਦੇ ਮੰਨਣ ਕਰਕੇ ਸੁਖੁ = ਅਨੰਦ ਸਰੂਪ ਦੀ ਪ੍ਰਾਪਤੀ ਹੋਇ = ਹੁੰਦੀ ਹੈ ॥੧॥

***ਪ੍ਰਸ਼ਨ :*** *ਹੇ ਮਹਾਰਾਜ ! ਇਸ ਅੰਮ੍ਰਿਤ ਨਾਮ ਪਦਾਰਥ ਨੂੰ ਗੁਰੂ ਕੋਲੋਂ ਲੈ ਕੇ ਜਗਤ ਸੁਖੀ ਕਿਉਂ ਨਹੀਂ ਹੋ ਜਾਂਦਾ ?*

***ਗੁਰ ਉੱਤਰ :*** ਹੇ ਗੁਰਸਿੱਖ ! ਜਗਤ ਦੇ ਜੀਵਾਂ ਦਾ ਪਿਆਰ ਗੁਰੂ ਵੱਲ ਨਹੀਂ ਹੈ, ਬਲਕਿ ਜੀਵ ਮੁੱਢ ਤੋਂ ਹੀ ਮੋਹ, ਅਗਿਆਨ ਕਰਕੇ ਗੁਰੂ ਵੱਲੋਂ ਭੁੱਲਿਆ ਹੋਇਆ ਹੈ। ਕਿਉਂਕਿ

## ਮ: ੧ ॥

## ਪਹਿਲੈ ਪਿਆਰਿ ਲਗਾ; ਥਣ ਦੁਧਿ ॥ ਦੂਜੈ; ਮਾਇ ਬਾਪ ਕੀ ਸੁਧਿ ॥

ਜੀਵ ਦੀ ਸਰੀਰ (ਮੋਹ) ਦੀ ਪਹਿਲੈ = ਪਹਿਲੀ ਅਵਸਥਾ ਵਿਚ ਮਾਤਾ ਦੇ ਥਣ = ਅਸਥਨਾਂ ਦੇ ਦੁੱਧ ਨਾਲ ਪਿਆਰਿ ਲਗਾ = ਲੱਗ ਜਾਂਦਾ ਹੈ।

ਦੂਜੀ = ਦੂਸਰੀ ਮੋਹ ਦੀ ਅਵਸਥਾ ਵਿਚ ਮਾਇ = ਮਾਂ ਤੇ ਬਾਪ = ਪਿਤਾ ਕੀ = ਦੀ ਸੁਧਿ = ਗਿਆਤ (ਸੋਝੀ) ਹੋ ਜਾਂਦੀ ਹੈ।

## ਤੀਜੈ; ਭਯਾ ਭਾਭੀ ਬੇਬ ॥ ਚਉਥੈ; ਪਿਆਰਿ ਉਪੰਨੀ ਖੇਡ ॥

(**ਭਈਆ** ਬੋਲੋ)

ਤੀਜੈ = ਤੀਜੀ, ਸਰੀਰ, ਮੋਹ ਦੀ ਅਵਸਥਾ ਵਿਚ ਭਯਾ = ਭਾਈ, ਭਾਭੀ = ਭਰਜਾਈ ਤੇ ਬੇਬ[੧] = ਭੈਣ ਆਦਿ ਨੇੜੇ ਦੇ ਰਿਸ਼ਤੇਦਾਰਾਂ ਬਾਰੇ ਜਾਣ ਪਹਿਚਾਣ ਹੁੰਦੀ ਹੈ।

ਚਉਥੈ = ਚੌਥੀ ਸਰੀਰ ਅਤੇ ਮੋਹ ਦੀ ਅਵਸਥਾ ਵਿਚ ਜੀਵ ਦੀ ਖੇਡਾਂ ਦੇ ਪਿਆਰ ਵਿਚ ਰੁੱਚੀ ਉਪੰਨੀ = ਪੈਦਾ ਹੋ ਜਾਂਦੀ ਹੈ।

## ਪੰਜਵੈ; ਖਾਣ ਪੀਅਣ ਕੀ ਧਾਤੁ ॥ ਛਿਵੈ; ਕਾਮੁ ਨ ਪੁਛੈ ਜਾਤਿ ॥

ਪੰਜਵੈ = ਪੰਜਵੀਂ ਸਰੀਰ ਤੇ ਮੋਹ ਦੀ ਅਵਸਥਾ ਵਿਚ ਜੀਵ ਸੁਆਦਲੇ ਪਦਾਰਥਾਂ ਦੇ ਖਾਣ ਪੀਅਣ = ਪੀਣ ਕੀ = ਦੀ ਤਰਫ਼ ਧਾਤੁ = ਦੌੜਦਾ ਹੈ।

(ਇਥੋਂ ਤੱਕ ਬਾਲਕ ਦੀਆਂ ਪੰਜ ਅਵਸਥਾਵਾਂ ਗਿਣੀਆਂ ਹਨ, ਅੱਗੇ ਜੋਬਨ ਅਵਸਥਾ ਦੀ ਗੱਲ ਕਰਦੇ ਹਨ)।

ਛਿਵੈਂ = ਛੇਵੀ ਸਰੀਰ ਤੇ ਮੋਹ ਦੀ ਅਵਸਥਾ ਵਿਚ ਜਵਾਨੀ ਦੇ ਆਉਣ ਨਾਲ ਕਾਮ ਪ੍ਰਬਲ ਹੋ ਜਾਂਦਾ

---

੧. ਫ਼ਾਰਸੀ ਪਦ ਹੈ ਬੀਬੀ = ਤ੍ਰੀਮਤ, ਨੇਕ ਤ੍ਰੀਮਤ ਇਸ ਦੇ ਅਰਥ ਹਨ। ਪੰਜਾਬੀ ਵਿਚ ਇਸ ਦੇ ਕਈ ਰੂਪ ਵਰਤੀਦੇ ਹਨ, ਬੇ, ਬੇਬ, ਬੇਬਾ, ਬੇਬੇ, ਬੇਬੋ = ਮਾਂ ਤੇ ਵੱਡੀ ਭੈਣ ਦੇ ਅਰਥਾਂ ਵਿਚ ਬੋਲੇ ਜਾਂਦੇ ਹਨ। ਬੇਬੇ, ਮਾਂ, ਭੈਣ ਤੇ ਕਈ ਵੇਰ ਲਾਡ ਨਾਲ ਭੂਆਂ ਆਦਿਕਾਂ ਲਈ ਵੀ ਬੋਲਦੇ ਹਨ। ਬੀਬੀ = ਸ਼ਰੀਫ਼ ਤ੍ਰੀਮਤ ਦੇ ਅਰਥਾਂ ਵਿਚ ਵਰਤੀਦਾ ਹੈ। ਧੀ ਨੂੰ ਵੀ ਬੀਬੀ ਕਹਿੰਦੇ ਹਨ, ਕੁਆਰੀ ਲੜਕੀ ਨੂੰ ਵੀ ਬੀਬੀ ਕਹਿ ਦਿੰਦੇ ਹਨ।

ਉਰਦੂ ਵਾਲੇ ਬੀਵੀ = ਵਹੁਟੀ ਨੂੰ ਕਹਿੰਦੇ ਹਨ ਤੇ ਬੀਬੀ = ਸ਼ਰੀਫ਼ ਤ੍ਰੀਮਤ ਯਾ ਕੰਵਾਰੀ ਲੜਕੀ ਨੂੰ ਵੀ ਕਹਿ ਦਿੰਦੇ ਹਨ। ਇਸੇ ਬੀਬੀ ਪਦ ਤੋਂ ਪੰਜਾਬੀ ਵਿਚ ਇਕ ਬੀਬਾ ਪਦ ਬਣ ਕੇ ਵਰਤੀਦਾ ਹੈ, ਬੀਬਾ ਦੇ ਅਰਥ ਹਨ ਆਜ਼ਾਦ, ਸ਼ਰੀਫ਼, ਜੋ ਕਦੇ ਗ਼ੁਲਾਮ ਹੋ ਕੇ ਨਾ ਵਿਕਿਆ ਹੋਵੇ, ਘਰਾਂ ਵਿਚ 'ਬੀਬਾ ਗੋਲਾ' ਪਦ ਜੋ ਬੱਚਿਆਂ ਨਾਲ ਬੋਲਦੇ ਹਨ ਉਸ ਦੇ ਇਹੀ ਅਰਥ ਹਨ। ਬੀਬਾ = ਸ਼ਰੀਫ਼, ਆਜ਼ਾਦ ਗੋਲਾ = ਗ਼ੁਲਾਮ।

ਹੈ ਜਿਸ ਕਰਕੇ ਜੀਵ ਕਾਮ ਵਾਸ਼ਨਾ ਵਿਚ ਖਚਤ ਹੋਣ ਕਰਕੇ ਜਾਤ ਕੁਜਾਤ ਨ = ਨਹੀਂ ਪੁਛੈ = ਪੁੱਛਦਾ ਭਾਵ ਕਾਮ ਦੇ ਵੇਗ ਵਿਚ ਜੀਵ ਜਾਤੀ ਕੁਜਾਤੀ ਪੁੱਛੇ ਬਿਨਾਂ ਹੀ ਮੰਦ ਕਰਮ ਕਰਦਾ ਹੈ।

ਜੀਵ ਦੀ ਇਹ ਹਾਲਤ ਵੇਖ ਕੇ ਮਾਤਾ ਪਿਤਾ ਉਸ ਦਾ ਵਿਆਹ ਕਰ ਦਿੰਦੇ ਹਨ; ਜੈਸਾ ਕਿ :

**ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ॥੨॥** *(ਅੰਗ ੯੩)*

## ਸਤਵੈ; ਸੰਜਿ ਕੀਆ ਘਰ ਵਾਸੁ ॥ ਅਠਵੈ; ਕ੍ਰੋਧੁ ਹੋਆ ਤਨ ਨਾਸੁ ॥

ਸਤਵੈ = ਸੱਤਵੀਂ ਸਰੀਰ ਤੇ ਮੋਹ ਦੀ ਅਵਸਥਾ ਵਿਚ ਜਦੋਂ ਜੀਵ ਦੀ ਅਧਖੜ ਉਮਰ ਹੋ ਜਾਂਦੀ ਹੈ ਤਾਂ ਘਰ ਵਾਸਤੇ ਧਨ ਪਦਾਰਥਾਂ ਨੂੰ ਸੰਜਿ = ਇੱਕਤਰ ਕੀਆ = ਕਰਦਾ ਹੈ **ਵਾ:** ਘਰ ਵਾਸੁ = ਗ੍ਰਿਹਸਤੀ ਹੋ ਕੇ ਧਨ ਨੂੰ ਇੱਕਠਾ ਕਰਦਾ ਹੈ।

ਅਠਵੈ = ਅੱਠਵੀਂ ਸਰੀਰ ਤੇ ਮੋਹ ਦੀ ਅਵਸਥਾ ਵਿਚ ਬੁਢੇਪੇ ਦੇ ਕਰਕੇ ਬੱਚੇ ਆਖੇ ਨਾ ਲੱਗਦੇ ਵੇਖ ਕੇ ਜੀਵ ਅੰਦਰ ਕ੍ਰੋਧ ਪੈਦਾ ਹੋਆ = ਹੋ ਜਾਂਦਾ ਹੈ, ਜਿਸ ਕਰਕੇ ਸਰੀਰ ਨਾਸ਼ ਹੁੰਦਾ ਹੈ **ਵਾ:** ਬੁਢੇਪੇ ਵਿਚ ਕ੍ਰੋਧ ਜਿਆਦਾ ਹੁੰਦਾ ਹੈ ਅਤੇ ਤਨ ਦਾ ਬਲ ਵੀ ਨਾਸ਼ ਹੋ ਜਾਂਦਾ ਹੈ।

## ਨਾਵੈ; ਧਉਲੇ ਉਭੇ ਸਾਹ ॥ ਦਸਵੈ; ਦਧਾ ਹੋਆ ਸੁਆਹ ॥

(**ਦੱਧਾ** ਬੋਲੋ)

ਨਾਵੈ = ਨੌਂਵੀਂ ਸਰੀਰ ਤੇ ਮੋਹ ਦੀ ਅਵਸਥਾ ਵਿਚ ਜੀਵ ਦੇ ਕੇਸ ਧਉਲੇ = ਚਿੱਟੇ ਹੋ ਜਾਂਦੇ ਹਨ ਅਤੇ ਸਰੀਰ ਕਮਜ਼ੋਰ ਹੋਣ ਕਰਕੇ ਉਭੇ ਸਾਹ = ਲੰਬੇ ਸਾਹ ਭਾਵ ਰੁਕ ਕਰਕੇ ਸੁਆਸ ਲੈਣ ਲੱਗ ਜਾਂਦਾ ਹੈ। ਜੈਸਾ ਕਿ :

**ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ॥**
**ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ॥** *(ਅੰਗ ੪੩੨)*

ਦਸਵੈ = ਦਸਵੀਂ ਸਰੀਰ ਤੇ ਮੋਹ ਦੀ ਅਵਸਥਾ ਵਿਚ ਜੀਵ ਮਰਨ ਉਪਰੰਤ ਦਧਾ = ਸੜ ਕੇ ਸੁਆਹ = ਰਾਖ ਹੋਆ = ਹੋ ਜਾਂਦਾ ਹੈ **ਵਾ:** ਸਾਰੀ ਉਮਰ ਇਸ ਪ੍ਰਕਾਰ ਮੋਹ, ਵਿਸ਼ਿਆਂ ਦਾ ਸਾੜਿਆ ਹੋਇਆ ਅੰਤ ਨੂੰ ਸੁਆਹ ਬਣ ਕੇ ਹੀ ਰਹਿ ਜਾਂਦਾ ਹੈ।

## ਗਏ, ਸਿ ਗੀਤ; ਪੁਕਾਰੀ ਧਾਹ ॥ ਉਡਿਆ ਹੰਸੁ; ਦਸਾਏ ਰਾਹ ॥

(ਦੂਸਰਾ ਪਾਠ **ਸਿਗੀਤ** ਇਕੱਠਾ ਹੈ)

ਸਿ = ਉਹ ਜਵਾਨੀ ਵੇਲੇ ਵਿਆਹ ਆਦਿਕਾਂ ਦੇ ਗੀਤ ਖ਼ੁਸ਼ੀ ਵਾਲੇ ਗੀਤ ਚਲੇ ਗਏ ਅਤੇ ਗੀਤਾਂ ਦੇ ਥਾਂ ਧਾਹਾਂ ਮਾਰਦੇ ਹੋਏ ਪੁਕਾਰੀ = ਉੱਚੀ ਬੋਲ ਬੋਲ ਕੇ ਉਸ ਨੂੰ ਯਾਦ ਕਰਦੇ ਰੋਂਦੇ ਹਨ **ਵਾ:** (ਸਿਗੀਤ) ਜਿਹੜੇ ਸਿਗੀਤ = ਸਾਥੀ ਮਰੇ ਹੋਏ ਜੀਵ ਨਾਲ ਮਸਾਣਾ ਤੱਕ ਗਏ ਸਨ, ਉਹ ਧਾਹਾਂ ਮਾਰ ਮਾਰ ਕੇ ਪੁਕਾਰਦੇ ਹਨ **ਵਾ:** ਅੰਤ ਸਮੇਂ ਉਹ ਸ੍ਰੇਸ਼ਟ ਖ਼ੁਸ਼ੀ ਦੇ ਗੀਤ ਚਲੇ ਗਏ ਤੇ ਜੀਵ ਜਮਾਂ ਤੋਂ ਡਰਦਾ ਧਾਹਾਂ ਮਾਰ ਮਾਰ ਕੇ ਪੁਕਾਰਾਂ ਕਰਦਾ ਹੈ। ਅਤੇ ਸਥੂਲ ਸਰੀਰ ਵਿੱਚੋਂ ਹੰਸੁ = ਜੀਵ ਆਤਮਾ ਜਮਾਂ ਦੇ ਵਸ ਹੋ ਕੇ ਉਡਿਆ ਹੋਇਆ ਜਮਦੂਤਾਂ ਨੂੰ ਰਾਹ = ਰਸਤਾ ਦਸਾਏ = ਪੁੱਛਦਾ ਫਿਰਦਾ ਹੈ ਭਾਵ ਭਟਕਦਾ ਫਿਰਦਾ ਹੈ **ਵਾ:** ਜੀਵ ਨੂੰ ਚੰਗੇ ਮੰਦੇ ਕੀਤੇ ਕਰਮਾਂ ਅਨੁਸਾਰ ਨਰਕ ਸੁਰਗ ਦਾ ਰਸਤਾ ਧਰਮਰਾਜ ਦੱਸਦਾ ਹੈ।

**[ਅੰਗ ੧੩੮]**

## ਆਇਆ ਗਇਆ; ਮੁਇਆ ਨਾਉ ॥ ਪਿਛੈ ਪਤਲਿ; ਸਦਿਹੁ ਕਾਵ ॥

ਇਸ ਪ੍ਰਕਾਰ ਜੀਵ ਸੰਸਾਰ ਵਿਚ ਜਨਮ ਧਾਰ ਕੇ ਆਇਆ ਫੇਰ ਮਰ ਕੇ ਚਲਾ ਗਿਆ, ਕੁਝ ਚਿਰ

ਜੀਵ ਦਾ ਨਾਉ = ਨਾਮ ਰਹਿਆ ਤੇ ਫੇਰ ਉਹ ਨਾਮ ਵੀ ਮੁਇਆ = ਮਰ ਗਿਆ ਭਾਵ ਪੰਜਾਹ, ਸੱਠ ਸਾਲਾਂ ਬਾਅਦ ਉਸ ਨੂੰ ਕੋਈ ਨਹੀਂ ਜਾਣਦਾ **ਅਥਵਾ** ਇਸ ਲੋਕ ਵਿਚ ਜੀਵ ਜਨਮ ਧਾਰ ਕੇ ਆਇਆ ਸੀ, ਸਰੀਰ ਦੇ ਮਰਨ ਉਪਰੰਤ ਲੇਖਾ ਦੇਣ ਲਈ ਪ੍ਰਲੋਕ ਨੂੰ ਚਲਾ ਗਿਆ, ਇਉਂ ਸਰੀਰ ਦੇ ਮਰਨ ਕਰਕੇ ਮੁਇਆ ਨਾਮ ਪੈ ਗਿਆ।

**ਅਥਵਾ** ਜੋ ਪਰਮੇਸ਼ਰ ਦੇ ਨਾਉ = ਨਾਮ ਵੱਲੋਂ ਮਰਿਆ ਹੋਇਆ ਹੈ ਭਾਵ ਨਾਮ ਨਹੀਂ ਜਪਦਾ ਉਹ ਸੰਸਾਰ ਵਿਚ ਆਉਂਦਾ ਜਾਂਦਾ ਹੀ ਰਹਿੰਦਾ ਹੈ।

ਜੀਵ ਦੇ ਮਰਨ ਦੇ ਪਿਛੈ = ਪਿੱਛੋਂ ਪਰਿਵਾਰਕ ਸੰਬੰਧੀ ਉਸ ਦੇ ਨਮਿੱਤ ਸ਼ਰਾਧ ਆਦਿਕ ਕਰਕੇ ਪਤਲ ਦਿੰਦੇ ਹਨ ਅਤੇ ਕਾਵ = ਕਾਵਾਂ ਨੂੰ ਸਦਿਹੁ = ਸੱਦ ਕੇ ਉਨ੍ਹਾਂ ਅੱਗੇ ਵੀ ਪਦਾਰਥ ਸੁੱਟਦੇ ਹਨ। ਭਾਵ ਇਹ ਸਮਝਦੇ ਹਨ ਕਿ ਇਸ ਕਿਰਿਆ ਨਾਲ ਪ੍ਰਾਣੀ ਦੀ ਗਤੀ ਹੋ ਜਾਵੇਗੀ **ਵਾ:** ਪੱਤਿਆਂ 'ਤੇ ਭੋਜਨ ਪਾ ਕੇ ਮਰਨ ਵਾਲੇ ਦੇ ਨਮਿੱਤ ਰੱਖਦੇ ਹਨ, ਜਿਸ ਨੂੰ ਕਾਂ ਆਦਿਕ ਹੀ ਖਾ ਜਾਂਦੇ ਹਨ। ਜੈਸਾ ਕਿ :

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥** *(ਗਉੜੀ ਬੈਰਾਗਣਿ ਕਬੀਰ ਜੀ, ਅੰਗ ੩੩੨)*

**ਸਾਖੀ—ਇਕ ਲਾਲਚੀ ਬ੍ਰਾਹਮਣ ਦੀ :** ਇਕ ਪਰਿਵਾਰ ਦਾ ਬਜ਼ੁਰਗ ਚੜ੍ਹਾਈ ਕਰ ਗਿਆ। ਪ੍ਰਚੱਲਤ ਰਿਵਾਜ ਅਨੁਸਾਰ ਉਸ ਦੇ ਨਮਿੱਤ ਪਰਿਵਾਰ ਨੇ ਸ਼ਰਾਧ ਕੀਤਾ। ਬਾਸਮਤੀ ਚੌਲਾਂ ਦੀ ਖੀਰ ਦੁੱਧ ਵਿਚ ਰਿੰਨ੍ਹ ਕੇ ਬਣਾਈ ਅਤੇ ਪਿਸਤੇ, ਬਦਾਮ, ਸੌਗੀ ਆਦਿ ਪਾਈ। ਦੇਸੀ ਘਿਉ ਦਾ ਕੜਾਹ ਬਣਾਇਆ। ਫਿਰ ਪਿਤਾ ਦੇ ਨਮਿੱਤ ਇਕ ਬ੍ਰਾਹਮਣ ਨੂੰ ਸ਼ਰਾਧ ਛਕਾਉਣ ਲੱਗੇ। ਬ੍ਰਾਹਮਣ ਲਾਲਚੀ ਸੀ। ਪਦਾਰਥ ਖਾ ਕੇ ਲਾਲਚ ਜਾਗਿਆ। ਦੂਜੇ ਦਿਨ ਆ ਕੇ ਕਹਿਣ ਲੱਗਾ ਕਿ ਤੁਹਾਡਾ ਪਿਤਾ ਮੈਨੂੰ ਰਾਤ ਮਿਲਿਆ ਸੀ। ਉਹ ਕਹਿੰਦਾ ਸੀ, ਭੁੱਖ ਤਾਂ ਮੇਰੀ ਮਿਟ ਗਈ ਕਿਉਂਕਿ ਮੇਰੇ ਬੱਚਿਆਂ ਨੇ ਖੀਰ, ਕੜਾਹ ਬਹੁਤ ਸੁਆਦ ਬਣਾਇਆ ਸੀ। ਜਿਵੇਂ ਮੇਰੀ ਭੁੱਖ ਦਾ ਦੁੱਖ ਦੂਰ ਕੀਤਾ ਹੈ, ਮੇਰੇ ਬੱਚਿਆਂ ਨੂੰ ਕਹੋ ਕਿ ਮੈਨੂੰ ਬਿਰਧ ਹੋਣ ਕਰਕੇ ਤੁਰਨਾ ਔਖਾ ਲੱਗ ਰਿਹਾ ਹੈ। ਇਸ ਲਈ ਚੜ੍ਹਨ ਲਈ ਘੋੜੀ ਚਾਹੀਦੀ ਹੈ। ਪੁੱਤਰਾਂ ਨੇ ਭਾਵਨਾ ਵਿਚ ਆ ਕੇ ਬ੍ਰਾਹਮਣ ਨੂੰ ਘੋੜੀ ਦੇ ਦਿੱਤੀ ਤੇ ਪਿੱਛੋਂ ਸਵਾਰੀ ਤੋਂ ਬਿਨਾਂ ਆਪ ਬਹੁਤ ਤੰਗ ਹੋ ਗਏ। ਕਿਸੇ ਅਕਲ ਵਾਲੇ ਨੇ ਸਿੱਖਿਆ ਦਿੱਤੀ ਕਿ ਬ੍ਰਾਹਮਣ ਨੂੰ ਘਰ ਬੁਲਾਉ। ਉਹ ਘੋੜੀ 'ਤੇ ਚੜ੍ਹ ਕੇ ਜਦੋਂ ਤੁਹਾਡੇ ਘਰ ਆ ਜਾਵੇ ਤਾਂ ਉਸ ਨੂੰ ਕਹਿਣਾ ਕਿ ਸਾਡੇ ਪਿਤਾ ਦੀ ਘੋੜੀ ਤੋਂ ਡਿੱਗ ਕੇ ਲੱਤ ਟੁੱਟ ਗਈ ਹੈ। ਪਿਤਾ ਜੀ ਨੇ ਕਿਹਾ ਹੈ ਕਿ ਮੈਨੂੰ ਬ੍ਰਾਹਮਣ ਦੀ ਲੱਤ ਵੱਢ ਕੇ ਦਿਉ। ਉਨ੍ਹਾਂ ਨੇ ਐਸਾ ਹੀ ਕੀਤਾ। ਜਦੋਂ ਬ੍ਰਾਹਮਣ ਨੂੰ ਬੁਲਾ ਕੇ ਸੁਪਨੇ ਦੀ ਗੱਲ ਸੁਣਾਈ ਕਿ ਸਾਡੇ ਪਿਤਾ ਨੇ ਐਸਾ ਕਿਹਾ ਹੈ ਕਿ ਮੇਰੀ ਘੋੜੀ ਤੋਂ ਡਿੱਗ ਕੇ ਲੱਤ ਟੁੱਟ ਗਈ ਹੈ। ਹੁਣ ਉਹ ਲੱਤ ਚੱਲਣ ਯੋਗ ਨਹੀਂ ਰਹੀ। ਬ੍ਰਾਹਮਣ ਨੂੰ ਕਹੋ ਕਿ ਮੈਨੂੰ ਆਪਣੀ ਲੱਤ ਵੱਢ ਕੇ ਦੇਵੇ ਕਿਉਂਕਿ ਇਹ ਸਮਰੱਥਾ ਬ੍ਰਾਹਮਣ ਕੋਲ ਹੀ ਹੈ। ਜਿਸ ਤਰ੍ਹਾਂ ਮੈਨੂੰ ਭੋਜਨ ਅਤੇ ਘੋੜੀ ਪਹੁੰਚੀ ਹੈ, ਉਸੇ ਤਰ੍ਹਾਂ ਮੇਰੇ ਕੋਲ ਲੱਤ ਵੀ ਪਹੁੰਚ ਜਾਵੇਗੀ ਤਾਂ ਬ੍ਰਾਹਮਣ ਘਬਰਾ ਕੇ ਕਹਿਣ ਲੱਗਾ ਕਿ ਵੱਢੀ ਹੋਈ ਲੱਤ ਕਿਵੇਂ ਪਹੁੰਚ ਸਕਦੀ ਹੈ ? ਤਾਂ ਬੁੱਧੀਵਾਨ ਰੱਬ ਦਾ ਪਿਆਰਾ ਬੋਲਿਆ, ਜੇਕਰ ਲੱਤ ਨਹੀਂ ਪਹੁੰਚ ਸਕਦੀ ਤਾਂ ਭੋਜਨ ਅਤੇ ਘੋੜੀ ਕਿਵੇਂ ਪਹੁੰਚ ਗਈ ? ਤੂੰ ਇਸ ਪਰਿਵਾਰ ਨਾਲ ਠੱਗੀ ਮਾਰੀ ਹੈ ਤਾਂ ਬ੍ਰਾਹਮਣ ਸ਼ਰਮਿੰਦਾ ਹੋਇਆ ਅਤੇ ਮੁਆਫ਼ੀ ਮੰਗੀ ਤੇ ਘੋੜੀ ਵਾਪਸ ਕੀਤੀ।

## ਨਾਨਕ; ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ; ਡੁਬਾ ਸੰਸਾਰੁ ॥੨॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮਨਮੁਖਿ = ਮਨਮੱਤੀਏ ਲੋਕਾਂ ਦਾ ਅੰਧੁ = ਅੰਧਤਾਈ ਨਾਲ ਹੀ ਪਿਆਰ ਹੈ। ਇਸ ਪ੍ਰਕਾਰ ਪੂਰੇ ਗੁਰੂ ਦੀ ਸ਼ਰਨ, ਉਪਦੇਸ਼ ਤੋਂ ਬਾਝੁ = ਬਗ਼ੈਰ ਸਾਰਾ ਸੰਸਾਰੁ = ਜਗਤ ਹੀ ਮੋਹ ਰੂਪੀ ਖੂਹ ਵਿਚ ਡੁਬਾ = ਡੁੱਬ ਰਿਹਾ ਹੈ ॥੨॥

ਇਸ ਤੋਂ ਅੱਗੇ ਮਨੁੱਖ ਦੀ ਉਮਰ ਦੀਆਂ ਦਸ ਅਵਸਥਾਵਾਂ ਕਥਨ ਕਰ ਕੇ ਉਨ੍ਹਾਂ ਦਾ ਬੇਅਰਥ ਜਾਣਾ ਦੱਸਦੇ ਹਨ।

## ਮ: ੧ ॥ ਦਸ ਬਾਲਤਣਿ, ਬੀਸ ਰਵਣਿ; ਤੀਸਾ ਕਾ ਸੁੰਦਰੁ ਕਹਾਵੈ ॥

(**ਬਾਲੱਤਣਿ** ਬੋਲੋ)

ਦਸ ਵਰ੍ਹੇ ਉਮਰ ਦੇ ਬਾਲਤਣਿ = ਬਾਲਪੁਣੇ ਵਿਚ ਬਤੀਤ ਹੁੰਦੇ ਹਨ। ਬੀਸ = ਵੀਹ ਵਰ੍ਹੇ ਤੱਕ ਰਵਣਿ = ਕਿਸ਼ੋਰ ਅਵਸਥਾ ਹੁੰਦੀ ਹੈ। ਮੁੱਛਾਂ ਫੁੱਟ ਆਉਂਦੀਆਂ ਹਨ। ਚਿਹਰਾ ਸੁੰਦਰ ਲੱਗਦਾ ਹੈ। ਇਸ ਲਈ ਇਸ ਨੂੰ ਕਿਸ਼ੋਰ ਅਵਸਥਾ ਕਹਿੰਦੇ ਹਨ। ਤੀਸਾ = ਤੀਹ ਵਰ੍ਹਿਆਂ ਕਾ = ਦਾ ਜਵਾਨੀ ਦੀ ਸੁੰਦਰਤਾ ਵਾਲਾ ਕਹਾਵੈ = ਕਹਾਉਂਦਾ ਹੈ।

## ਚਾਲੀਸੀ ਪੁਰੁ ਹੋਇ, ਪਚਾਸੀ ਪਗੁ ਖਿਸੈ; ਸਠੀ ਕੇ ਬੋਢੇਪਾ ਆਵੈ ॥

(**ਸੱਠੀ** ਬੋਲੋ)

ਚਾਲੀਸੀ = ਚਾਲ੍ਹੀ ਵਰ੍ਹੇ ਦੀ ਉਮਰ ਵਿਚ ਪੁਰੁ = ਪੂਰਨ ਬਲ ਵਾਲਾ ਭਾਵ ਭਰ ਜੁਆਨ ਹੋਇ = ਹੋ ਜਾਂਦਾ ਹੈ। ਪਚਾਸੀ = ਪੰਜਾਹ ਵਰ੍ਹੇ ਦੀ ਉਮਰ ਹੋ ਜਾਂਦੀ ਹੈ ਤਾਂ ਜਵਾਨੀ ਦੇ ਬਲ ਤੋਂ ਪਗੁ = ਪੈਰ ਖਿਸੈ = ਖਿਸਕਣ ਲੱਗ ਪੈਂਦਾ ਹੈ। ਸਠੀ = ਸੱਠ ਵਰ੍ਹਿਆਂ ਦੀ ਉਮਰ ਕੇ = ਦੇ ਵਿਚ ਬੋਢੇਪਾ = ਬੁਢਾਪਾ ਭਾਵ ਬਿਰਧ ਅਵਸਥਾ ਆਵੈ = ਆ ਹੀ ਜਾਂਦੀ ਹੈ।

## ਸਤਰਿ ਕਾ, ਮਤਿ ਹੀਣੁ; ਅਸੀਹਾਂ ਕਾ ਵਿਉਹਾਰੁ ਨ ਪਾਵੈ ॥

(**ਸੱਤਰਿ** ਤੇ **ਅੱਸੀਹਾਂ** ਬੋਲੋ)

ਸਤਰਿ = ਸੱਤਰ ਵਰ੍ਹਿਆਂ ਕਾ = ਦਾ ਮਤਿ = ਬੁੱਧ ਤੋਂ ਹੀਣੁ = ਖ਼ਾਲੀ ਹੋ ਜਾਂਦਾ ਹੈ ਭਾਵ ਅਕਲ ਕੰਮ ਨਹੀਂ ਕਰਦੀ। ਚੇਤਾ ਵਿਸਰਨ ਲੱਗ ਜਾਂਦਾ ਹੈ। ਅਸੀਹਾਂ = ਅੱਸੀ ਸਾਲਾਂ ਕਾ = ਦਾ ਸਰੀਰੋਂ ਬਲਹੀਣ ਹੋਣ ਕਰਕੇ ਕੋਈ ਵੀ ਸੰਸਾਰਕ ਵਿਉਹਾਰੁ = ਕੰਮ ਨਹੀਂ ਕਰ ਪਾਉਂਦਾ ਭਾਵ ਕੋਈ ਵੀ ਕੰਮ ਨਹੀਂ ਹੁੰਦਾ।

## ਨਵੈ ਕਾ ਸਿਹਜਾਸਣੀ; ਮੂਲਿ ਨ ਜਾਣੈ ਅਪ ਬਲੁ ॥

(**ਨੱਵੈ** ਬੋਲੋ)

ਨਵੈ = ਨੱਬੇ ਸਾਲ ਦੀ ਉਮਰ ਵਿਚ ਸਿਹਜਾਸਣੀ = ਆਰਾਮ ਦੀ ਸਮੱਗਰੀ ਭਾਵ ਮੰਜਾ, ਬਿਸਤਰਾ ਆਦਿ ਉਸ 'ਤੇ ਹੀ ਆਸਣ ਰਹਿ ਜਾਂਦਾ ਹੈ। ਤੁਰਨ ਫਿਰਨ ਦੀ ਸਮਰੱਥਾ ਨਹੀਂ ਰਹਿੰਦੀ। ਕਿਰਿਆ ਸੋਧਣ ਲਈ ਅਪ = ਆਪਣੇ ਬਲੁ = ਜ਼ੋਰ ਨੂੰ ਮੂਲਿ = ਉੱਕਾ ਹੀ ਨਹੀਂ ਜਾਣੈ = ਜਾਣਦਾ ਭਾਵ ਦੂਸਰੇ ਦੀ ਸਹਾਇਤਾ ਨਾਲ ਆਪਾ ਸੰਭਾਲਦਾ ਹੈ **ਵਾ:** ਆਸਣ ਤੇ ਪਇਆ ਹੋਇਆ ਅਪਬਲੁ = ਬਲ ਤੋਂ ਹੀਣਾ ਹੋ ਜਾਂਦਾ ਹੈ ਪਰ ਫੇਰ ਵੀ ਆਪਣੇ ਮੂਲਿ = ਮੁੱਢ (ਪਰਮੇਸ਼ਰ) ਬਾਰੇ ਉੱਕਾ ਹੀ ਨਹੀਂ ਜਾਣਦਾ।

## ਢੰਢੋਲਿਮੁ, ਢੂਢਿਮੁ ਡਿਠੁ ਮੈ; ਨਾਨਕ ਜਗੁ ਧੂਏ ਕਾ ਧਵਲਹਰੁ ॥੩॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਮੈਂ ਵੇਦਾਂ ਸ਼ਾਸਤਰਾਂ ਦੁਆਰਾ ਢੰਢੋਲਿਮੁ = ਖੋਜਿਆ, ਸੰਤਾਂ ਮਹਾਤਮਾਂ ਨੂੰ ਢੂਢਿਮੁ = ਖੋਜ ਕੇ ਪੁੱਛਿਆ ਅਤੇ ਆਪਣੇ ਅਨੁਭਵ ਦੁਆਰਾ ਹੀ ਡਿਠੁ = ਵੇਖਿਆ ਹੈ ਕਿ ਇਹ ਜਗੁ = ਜਗਤ ਧੂਏ = ਧੂਏਂ ਕਾ = ਦਾ ਧਵਲਹਰੁ = ਚਿੱਟਾ ਮਕਾਨ (ਮਹਲ) ਹੈ ਭਾਵ ਜਿਵੇਂ ਧੂੰਆਂ ਦਿੱਸਦਾ ਹੈ ਅਤੇ ਹੌਲੀ-ਹੌਲੀ ਅਲੋਪ ਹੋ ਜਾਂਦਾ ਹੈ ਇਉਂ ਇਹ ਸੰਸਾਰ ਵੀ ਸਦਾ ਇਸਥਿਤ ਰਹਿਣ ਵਾਲਾ ਨਹੀਂ ਹੈ ॥੩॥ ਜੈਸਾ ਕਿ :

**ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥** *(ਅੰਗ ੧੧੮੬)*

***ਪ੍ਰਸ਼ਨ :*** *ਫੇਰ ਇਸ ਜਗ ਵਿਚ ਸਦਾ ਇਸਥਿਤ ਰਹਿਣ ਵਾਲਾ ਕੌਣ ਹੈ ?*
***ਉੱਤਰ :*** ਤਦ ਸਤਿਗੁਰੂ ਅਰਦਾਸ ਦੇ ਭਾਵ ਵਿਚ ਉੱਤਰ ਕਥਨ ਕਰਦੇ ਹਨ।

## ਪਉੜੀ ॥ ਤੂੰ ਕਰਤਾ ਪੁਰਖੁ ਅਗੰਮੁ ਹੈ; ਆਪਿ ਸ੍ਰਿਸਟਿ ਉਪਾਤੀ ॥

ਹੇ ਵਾਹਿਗੁਰੂ ! ਤੂੰ ਸਾਰੇ ਸੰਸਾਰ ਦਾ ਕਰਤਾ = ਕਰਨ ਵਾਲਾ ਪੁਰਖੁ = ਵਿਆਪਕ, ਅਗੰਮ = ਗੰਮਤਾ ਤੋਂ ਰਹਿਤ ਹੈਂ ਅਤੇ ਆਪ ਹੀ ਸ੍ਰਿਸਟਿ = ਸ੍ਰਿਸ਼ਟੀ ਉਪਾਤੀ = ਪੈਦਾ ਕੀਤੀ ਹੈ।

## ਰੰਗ ਪਰੰਗ, ਉਪਾਰਜਨਾ; ਬਹੁ ਬਹੁ ਬਿਧਿ ਭਾਤੀ ॥

ਜੋ ਬਹੁ = ਬਹੁਤ ਬਿਧਿ = ਵਿਧੀਆਂ, ਬਹੁ = ਬਹੁਤ ਭਾਤੀ = ਤਰ੍ਹਾਂ ਅਤੇ ਰੰਗ ਪਰੰਗ = ਰੰਗਾਂ ਬਰੰਗਾਂ (ਮਿਸ਼ਰਤ ਰੰਗਾਂ) ਨਾਲ ਉਪਾਰਜਨਾ = ਪੈਦਾ ਕੀਤੀ ਹੈ **ਅਥਵਾ** ਬਹੁਤ ਬਹੁਤ ਵਿਧੀਆਂ ਦੁਆਰਾ ਆਪਣੀ ਚੇਤਨਾ ਸੱਤਾ ਰੂਪ ਜੋਤ ਦੇ ਭਾਤੀ = ਪ੍ਰਕਾਸ਼ ਕਰਕੇ ਆਪ ਹੀ ਰੰਗ ਪਰੰਗ = ਮਿਸ਼ਰਤ ਰੰਗਾਂ ਦੇ ਜੀਵ ਉਪਾਰਜਨਾ = ਪੈਦਾ ਕੀਤੇ ਹਨ।

## ਤੂੰ ਜਾਣਹਿ, ਜਿਨਿ ਉਪਾਈਐ; ਸਭੁ ਖੇਲੁ ਤੁਮਾਤੀ ॥

ਹੇ ਵਾਹਿਗੁਰੂ ! ਤੂੰ ਆਪ ਹੀ ਜਾਣਹਿ = ਜਾਣਦਾ ਹੈਂ, ਜਿਨਿ = ਜਿਸ ਨੇ ਇਹ ਸ੍ਰਿਸ਼ਟੀ ਉਪਾਈਐ = ਪੈਦਾ ਕੀਤੀ ਹੈ, ਇਹ ਤੁਮਾਤੀ = ਤੁਹਾਡੀ ਹੀ ਖੇਲ ਹੈ **ਵਾ:** ਇਹ ਸੰਸਾਰ ਰੂਪੀ ਖੇਲ ਤੁਮਾਤੀ (ਤੁਮਾ+ਤੀ) ਤੁਮਾ = ਤੁਹਾਡੀ ਤੀ = ਇਸਤਰੀ ਭਾਵ ਮਾਇਆ ਦਾ ਰਚਿਆ ਹੋਇਆ ਹੈ।

## ਇਕਿ ਆਵਹਿ, ਇਕਿ ਜਾਹਿ ਉਠਿ; ਬਿਨੁ ਨਾਵੈ ਮਰਿ ਜਾਤੀ ॥

ਇਸ ਸ੍ਰਿਸ਼ਟੀ ਵਿਚ ਇਕਿ = ਕਈ ਜੀਵ ਜਨਮ ਧਾਰ ਕੇ ਆਵਹਿ = ਆਉਂਦੇ ਹਨ ਅਤੇ ਇਕਿ = ਕਈ ਜੀਵ ਪ੍ਰਾਲਬਧ ਪੂਰੀ ਹੋਣ 'ਤੇ ਸ੍ਰਿਸ਼ਟੀ ਤੋਂ ਉੱਠ ਭਾਵ ਮਰ ਕੇ ਚਲੇ ਜਾਹਿ = ਜਾਂਦੇ ਹਨ, ਇਉਂ ਤੇਰੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਸ੍ਰਿਸ਼ਟੀ ਮਰ ਮਰ ਕੇ ਜੂਨਾਂ ਵਿਚ ਜਾਤੀ = ਜਾ ਰਹੀ ਹੈ ਭਾਵ ਜੰਮਦੀ ਮਰਦੀ ਹੈ।

## ਗੁਰਮੁਖਿ ਰੰਗਿ ਚਲੂਲਿਆ; ਰੰਗਿ ਹਰਿ ਰੰਗਿ ਰਾਤੀ ॥

ਗੁਰਮੁਖ ਜਨਾਂ ਨੂੰ ਪ੍ਰੇਮ ਦਾ ਚਲੂਲਿਆ = ਗੂੜ੍ਹਾ ਰੰਗ ਚੜ੍ਹਿਆ ਹੋਇਆ ਹੈ, ਇਸ ਲਈ ਹੇ ਹਰਿ = ਹਰੀ ਉਨ੍ਹਾਂ ਦੀ ਬਿਰਤੀ ਤੇਰੇ ਰੰਗਿ = ਪ੍ਰੇਮ ਰੰਗ ਵਿਚ ਰਾਤੀ = ਰੱਤੀ ਰਹਿੰਦੀ ਹੈ **ਅਥਵਾ** ਗੁਰਮੁਖ ਜਨ ਮਨ, ਬਾਣੀ, ਸਰੀਰ ਕਰਕੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ ਅਤੇ ਉਨ੍ਹਾਂ ਦੀ ਜਿਹਵਾ ਵੀ ਪ੍ਰੇਮ ਰੰਗ ਵਿਚ ਰਾਤੀ = ਰੱਤੀ ਹੋਈ ਹੈ। ਅਤੇ

## ਸੋ ਸੇਵਹੁ ਸਤਿ ਨਿਰੰਜਨੋ; ਹਰਿ ਪੁਰਖੁ ਬਿਧਾਤੀ ॥

ਉਹ ਗੁਰਮੁਖ ਹੋਰਨਾਂ ਨੂੰ ਉਪਦੇਸ਼ ਦਿੰਦੇ ਹਨ ਕਿ ਸੋ = ਉਸ ਨਿਰੰਜਨੋ = ਮਾਇਆ ਦੀ ਮੈਲ ਤੋਂ ਰਹਿਤ ਸ਼ੁਧ ਸਤਿ ਸਰੂਪ ਦਾ ਸੇਵਹੁ = ਸੇਵਨ ਕਰੋ, ਜੋ ਹਰਿ = ਪਰਮੇਸ਼ਰ ਪੁਰਖੁ = ਪੂਰਨ ਤੇ ਬਿਧਾਤੀ = ਫਲ ਬਰਦਾਤਾ ਹੈ।

## ਤੂੰ ਆਪੇ ਆਪਿ ਸੁਜਾਣੁ ਹੈ; ਵਡ ਪੁਰਖੁ ਵਡਾਤੀ ॥

ਤੂੰ ਆਪੇ ਹੀ ਨਿਰਗੁਣ ਸਰੂਪ, ਆਪ ਹੀ ਸਰਗੁਣ ਸਰੂਪ ਅਤੇ ਆਪ ਹੀ ਸੁਜਾਣੁ = ਸਾਰਿਆਂ ਦਾ ਜਾਣੂ

ਭਾਵ ਅੰਤਰਜਾਮੀ ਹੈਂ ਜੋ ਮਨੁੱਖਾਂ ਤੋਂ ਵਡ = ਵੱਡੇ ਪੁਰਖ ਭਾਵ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਆਦਿ ਹਨ, ਤੂੰ ਇਨ੍ਹਾਂ ਵੱਡਿਆਂ ਤੋਂ ਵੀ ਵਡਾਤੀ = ਅਤੀ ਵੱਡਾ ਹੈਂ।

## ਜੋ ਮਨਿ ਚਿਤਿ, ਤੁਧੁ ਧਿਆਇਦੇ ਮੇਰੇ ਸਚਿਆ; ਬਲਿ ਬਲਿ ਹਉ ਤਿਨ ਜਾਤੀ ॥੧॥

ਹੇ ਮੇਰੇ ਸੱਚਿਆ = ਸੱਚੇ ਪਾਤਸ਼ਾਹ ! ਜੋ ਮਨ ਦੇ ਸੰਕਲਪ ਅਤੇ ਚਿਤ ਦੀ ਚਿਤਵਨੀ ਕਰਕੇ, ਭਾਵਨਾ ਕਰਕੇ ਆਪ ਜੀ ਨੂੰ ਧਿਆਉਂਦੇ ਹਨ, ਤਿਨ = ਉਨ੍ਹਾਂ ਦੇ ਉੱਪਰੋਂ ਹਉ ਮੈਂ ਤਿੰਨਾਂ ਕਾਲਾਂ ਵਿਚ ਬਲਿ ਬਲਿ = ਬਲਿਹਾਰ = ਕੁਰਬਾਨ ਜਾਤੀ = ਜਾਂਦਾ ਹਾਂ **ਵਾ**: ਮਨ, ਬਾਣੀ, ਸਰੀਰ ਕਰਕੇ ਬਲਿਹਾਰ ਜਾਤੀ = ਜਾਂਦਾ ਹਾਂ ॥੧॥

## ਸਲੋਕ ਮ: ੧ ॥

ਸਤਿਗੁਰੂ ਜੀ ਕਰਤਾਰਪੁਰ ਸਾਹਿਬ ਵਿਖੇ ਨਿਵਾਸ ਕਰ ਰਹੇ ਸਨ, ਉਸ ਵੇਲੇ ਸੰਗਤਾਂ ਨੂੰ ਪਰਮੇਸ਼ਰ ਵੱਲੋਂ ਮਿਲੀਆ ਦਾਤਾਂ ਤੇ ਮਨੁੱਖਾ ਸਰੀਰ ਦੀ ਦੁਰਲਭਤਾ ਦੱਸਦਿਆਂ ਐਸਾ ਉਪਦੇਸ਼ ਬਖ਼ਸ਼ਿਸ਼ ਕਰਦੇ ਹਨ।

## ਜੀਉ ਪਾਇ ਤਨੁ ਸਾਜਿਆ; ਰਖਿਆ ਬਣਤ ਬਣਾਇ ॥

ਆਪਣੀ ਚੇਤਨ ਸੱਤਾ ਦੇ ਕੇ ਸੂਖਮ ਸਰੀਰ ਪੈਦਾ ਕੀਤਾ, ਫਿਰ ਸੂਖਮ ਸਰੀਰ ਦੁਆਰਾ ਅਸਥੂਲ ਦੇਹ ਦੀ ਸਾਜਨਾ ਕੀਤੀ। ਪੱਚੀ ਪ੍ਰਕਿਰਤੀਆਂ ਵਾਲਾ ਅਸਥੂਲ ਸਰੀਰ, ਸਤਾਰਾਂ ਤੱਤਾਂ ਵਾਲਾ ਸੂਖਮ ਸਰੀਰ, ਫਿਰ ਇਸ ਦੇ ਅੰਗਾਂ ਪ੍ਰਤੰਗਾਂ ਦੀ ਬਣਤ = ਬਣਤਰ ਬਣਾਇ = ਬਣਾ ਕੇ ਮਾਤਾ ਦੇ ਗਰਭ ਵਿਚ ਇਸ ਦੀ ਰੱਖਿਆ ਕੀਤੀ।

## ਅਖੀ ਦੇਖੈ ਜਿਹਵਾ ਬੋਲੈ; ਕੰਨੀ ਸੁਰਤਿ ਸਮਾਇ ॥

ਉਸ ਪਰਮੇਸ਼ਰ ਦੀਆਂ ਦਿੱਤੀਆਂ ਦਾਤਾਂ ਵਿੱਚੋਂ ਅਖੀ = ਨੇਤਰਾਂ ਨਾਲ ਜੀਵ ਦੇਖੈ = ਦੇਖਦਾ ਹੈ, ਜਿਹਵਾ = ਰਸਨਾ ਨਾਲ ਬਚਨ ਬੋਲੈ = ਬੋਲਦਾ ਹੈ ਅਤੇ ਕੰਨੀ = ਕੰਨਾਂ ਵਿਚ ਆਵਾਜ਼ ਦੇ ਸਮਾਇ = ਸਮਾਉਣ ਦੀ ਸੁਰਤਿ = ਗਿਆਤ ਹੈ ਭਾਵ ਕੰਨਾ ਨਾਲ ਸੁਨਣ ਦੀ ਗਿਆਤ ਹੈ।

## ਪੈਰੀ ਚਲੈ ਹਥੀ ਕਰਣਾ; ਦਿਤਾ ਪੈਨੈ੍ ਖਾਇ ॥

ਪੈਰੀ = ਪੈਰਾਂ ਨਾਲ ਚਲੈ = ਚੱਲਦਾ ਹੈ, ਹਥੀ = ਹੱਥਾਂ ਨਾਲ ਕਾਰਜ ਕਰਣਾ = ਕਰਨਾ ਕਰਦਾ ਹੈ, ਉਸੇ ਦਾ ਦਿੱਤਾ ਹੋਇਆ ਤਨ ਢਕਣ ਲਈ ਬਸਤਰ ਪੈਨੈ੍ = ਪਹਿਨਦਾ ਤੇ ਮੁਖ ਦੁਆਰਾ ਪਦਾਰਥ ਖਾਇ = ਖਾਂਦਾ ਹੈ।

## ਜਿਨਿ ਰਚਿ ਰਚਿਆ, ਤਿਸਹਿ ਨ ਜਾਣੈ; ਅੰਧਾ ਅੰਧੁ ਕਮਾਇ ॥

ਜਿਨਿ = ਜਿਸ ਪਰਮੇਸ਼ਰ ਨੇ ਪੰਜਾਂ ਤੱਤਾਂ ਨੂੰ ਰਚ ਕੇ ਸੁੰਦਰ ਸਰੀਰ ਰਚਿਆ = ਬਣਾਉਣਾ ਕੀਤਾ ਹੈ, ਤਿਸਹਿ = ਉਸ ਪਰਮੇਸ਼ਰ ਨੂੰ ਇਹ ਜੀਵ ਹੁਣ ਜਾਣੈ = ਜਾਣਦਾ ਨ = ਨਹੀਂ ਹੈ, ਸਗੋਂ ਅੰਧਾ = ਅਗਿਆਨੀ ਹੋ ਕੇ ਰਾਤ ਦਿਨ ਅਗਿਆਨਤਾ ਵਾਲੇ ਕਰਮ ਕਮਾਇ = ਕਮਾਉਂਦਾ ਹੈ **ਵਾ**: ਜਿਵੇਂ ਅੰਨ੍ਹਾ ਪੁਰਸ਼ ਚਿੱਕੜ ਵਿਚ ਪੈਰ ਖੋਭ ਲੈਂਦਾ ਹੈ, ਇਸੇ ਪ੍ਰਕਾਰ ਵਿਸ਼ੇ ਰੂਪੀ ਚਿੱਕੜ ਵਿਚ ਮਨ ਦੇ ਸੰਕਲਪ ਵਿਕਲਪ ਰੂਪੀ ਪੈਰ ਫਸਾਉਣ ਰੂਪ ਅੰਧਮਈ ਕਰਮ ਕਮਾ ਰਿਹਾ ਹੈ।

## ਜਾ ਭਜੈ ਤਾ ਠੀਕਰੁ ਹੋਵੈ; ਘਾੜਤ ਘੜੀ ਨ ਜਾਇ ॥

(**ਭੱਜੈ** ਬੋਲੋ)

ਪਰ ਜਾ = ਜਦੋਂ ਇਹ ਸਰੀਰ ਰੂਪੀ ਘੜਾ ਭਜੈ = ਟੁੱਟ ਭਾਵ ਨਾਸ਼ ਹੋ ਜਾਂਦਾ ਹੈ ਤਾਂ ਫੇਰ ਜੀਵ ਆਤਮਾ ਤੋਂ ਬਿਨਾਂ ਘੜੇ ਦੀਆਂ ਠੀਕਰੁ = ਠੀਕਰੀਆਂ ਦੀ ਨਿਆਈਂ ਹੋਵੈ = ਹੋ ਜਾਂਦਾ ਹੈ ਅਤੇ ਇਸ ਦੀ ਦੁਬਾਰਾ

ਘਾੜਤ = ਬਣਾਵਟ ਹੋਰ ਕਿਸੇ ਪਾਸਿਓ ਵੀ ਘੜੀ = ਰਚੀ (ਬਣਾਈ) ਨ = ਨਹੀਂ ਜਾਇ = ਜਾਂਦੀ **ਵਾ:** ਸਰੀਰ ਦੀ ਦੁਬਾਰਾ ਜਿਊਂਦਾ ਕਰਨ ਰੂਪ ਘਾੜਤ ਨਹੀਂ ਘੜੀ ਜਾਂਦੀ।[1]

## ਨਾਨਕ, ਗੁਰ ਬਿਨੁ ਨਾਹਿ ਪਤਿ; ਪਤਿ ਵਿਣੁ ਪਾਰਿ ਨ ਪਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰ = ਸਤਿਗੁਰੂ ਤੋਂ ਬਿਨੁ = ਬਗ਼ੈਰ ਲੋਕ ਪ੍ਰਲੋਕ ਵਿਚ ਸ਼ੁਭ ਗੁਣਾਂ ਰੂਪੀ ਪਤਿ = ਇੱਜ਼ਤ ਦੀ ਪ੍ਰਾਪਤੀ ਨਾਹਿ = ਨਹੀਂ ਹੁੰਦੀ ਅਤੇ ਇਸ ਪਤਿ = ਇੱਜ਼ਤ ਤੋਂ ਵਿਣੁ = ਬਗ਼ੈਰ ਸੰਸਾਰ ਸਮੁੰਦਰ ਤੋਂ ਪਾਰ ਨ = ਨਹੀਂ ਪਾਇ = ਪਾਇਆ ਜਾ ਸਕਦਾ।

**ਅਥਵਾ** ਗੁਰੂ ਤੋਂ ਬਗ਼ੈਰ ਪਤਿ = ਪਤੀ ਪਰਮੇਸ਼ਰ ਨਹੀਂ ਮਿਲਦਾ ਅਤੇ ਪਤਿ = ਪਤੀ ਪਰਮੇਸ਼ਰ ਤੋਂ ਬਗ਼ੈਰ ਮੁਕਤੀ ਰੂਪ ਕਿਨਾਰੇ 'ਤੇ ਪਾਰ ਨਹੀਂ ਪੈ ਸਕੀਦਾ **ਵਾ:** ਗੁਰੂ ਤੋਂ ਬਗ਼ੈਰ ਪਤ ਨਹੀਂ ਅਤੇ ਪਤ (ਇੱਜ਼ਤ) ਤੋਂ ਬਗ਼ੈਰ ਪਾਰਿ = ਪਰਾ ਰੂਪ ਬ੍ਰਹਮ ਨਹੀਂ ਪਾਈਦਾ ॥੧॥

## ਮ: ੨ ॥

ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਮਹਾਰਾਜ ਸਾਹਿਬ ਜੀ ਨੂੰ ਸੰਗਤਾਂ ਨੇ ਖਡੂਰ ਸਾਹਿਬ ਵਿਖੇ ਪੁੱਛਿਆ ਕਿ ਮਹਾਰਾਜ ਜੀ! ਮਨਮੁਖ ਦੇ ਲੱਛਣ ਕੈਸੇ ਹੁੰਦੇ ਹਨ? ਤਾਂ ਸਤਿਗੁਰੂ ਜੀ ਉਪਰਲੇ ਸਲੋਕ ਵਿਚ ਆਏ ਹੋਏ ਮਨਮੁਖ ਦੇ ਲੱਛਣਾਂ ਨੂੰ ਹੋਰ ਸਪੱਸ਼ਟ ਕਰਕੇ, ਸਲੋਕ ਉਚਾਰਨ ਕਰਦੇ ਹਨ

## ਦੇਂਦੇ ਥਾਵਹੁ, ਦਿਤਾ ਚੰਗਾ; ਮਨਮੁਖਿ ਐਸਾ ਜਾਣੀਐ ॥

ਹੇ ਭਾਈ! ਜੋ ਪਦਾਰਥਾਂ ਦੇ ਦੇਣ ਵਾਲੇ ਪਰਮੇਸ਼ਰ ਥਾਵਹੁ = ਨਾਲੋਂ ਉਸ ਦੇ ਦਿੱਤੇ ਹੋਏ ਪਦਾਰਥਾਂ, ਦੇਹ ਵਡਿਆਈ ਆਦਿਕ ਨੂੰ ਚੰਗਾ ਸਮਝੇ ਐਸਾ = ਅਜਿਹਾ ਪੁਰਖ ਮਨਮੁਖ ਜਾਣੀਐ = ਜਾਣੀਦਾ ਹੈ। ਜੈਸਾ ਕਿ :

**ਦਾਤਿ ਪਿਆਰੀ ਵਿਸਰਿਆ ਦਾਤਾਰਾ ॥** *(ਧਨਾਸਰੀ ਮ: ੫, ਅੰਗ ੬੭੬)*

## ਸੁਰਤਿ ਮਤਿ ਚਤੁਰਾਈ ਤਾ ਕੀ; ਕਿਆ ਕਰਿ ਆਖਿ ਵਖਾਣੀਐ ॥

ਭਾਵੇਂ ਤਾ = ਉਸ ਕੀ = ਦੀ ਵੇਦਾਂ ਸ਼ਾਸਤਰਾਂ ਨੂੰ ਜਾਨਣ ਵਾਲੀ ਮਤਿ = ਬੁੱਧ ਅਤੇ ਵਾਕਾਂ ਦੀ ਚਤੁਰਾਈ = ਸਿਆਣਪ ਹੋਵੇ ਉਸ ਨੂੰ ਮੁਖ ਦੁਆਰਾ ਕਿਆ = ਕੀ ਆਖਿ = ਕਹਿ ਕਰਿ = ਕਰਕੇ ਵਖਾਣੀਐ = ਵਰਨਣ ਕਰੀਏ, ਭਾਵ ਉਸਦੀ ਸੁਰਤ, ਬੁੱਧ ਤੇ ਚਤੁਰਾਈ ਕਿਸੇ ਕੰਮ ਨਹੀਂ ਹੈ। ਕਿਉਂਕਿ

## ਅੰਤਰਿ ਬਹਿ ਕੈ, ਕਰਮ ਕਮਾਵੈ; ਸੋ ਚਹੁ ਕੁੰਡੀ ਜਾਣੀਐ ॥

ਉਹ ਅੰਤਰਿ = ਅੰਦਰ ਬਹਿ = ਬੈਠ, ਲੁਕ ਕੈ = ਕਰਕੇ ਪਾਪ ਕਰਮ ਕਮਾਵੈ = ਕਮਾਉਂਦਾ ਹੈ, ਸੋ = ਉਹ ਪਾਪ ਕਰਮ ਆਖਰ ਨੂੰ ਚਹੁ = ਚਾਰੇ ਕੁੰਡੀ = ਕੁੰਟਾਂ ਵਿਚ ਜਾਣੀਐ = ਜਾਣੇ ਜਾਂਦੇ ਹਨ। ਜੈਸਾ ਕਿ :

**ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥**
**ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥੩॥** *(ਗਉੜੀ ਮ: ੫, ਅੰਗ ੧੯੪)*

ਅਰਥਾਤ ਇਕ ਪਾਪੀ ਪੁਰਸ਼ ਪਾਪ ਕਰਨ ਲੱਗਾ। ਇਧਰ ਉਧਰ ਦੇਖਿਆ ਕਿ ਮੈਨੂੰ ਕੋਈ ਦੇਖ ਤਾਂ ਨਹੀਂ ਰਿਹਾ? ਤਾਂ ਸਾਹਮਣੇ ਇਕ ਢੋਲ ਵਾਲਾ ਭਾਈ ਨਜ਼ਰ ਆਇਆ। ਇਸ ਨੇ ਹੈਰਾਨ ਹੋ ਕੇ ਪੁੱਛਿਆ

---

੧. ਪੱਛਮ ਦੇ ਵਿਗਿਆਨੀਆਂ ਨੇ ਬਹੁਤ ਤਜਰਬੇ ਕਰ ਕੇ ਵੇਖ ਲਿਆ ਪਰ ਇਸ ਸਰੀਰ ਨੂੰ ਜਿਉਂਦਾ ਨਹੀਂ ਰੱਖ ਸਕੇ, ਆਖ਼ਰ ਨੂੰ ਹਾਰ ਗਏ।

ਕਿ ਤੂੰ ਕੌਣ ਹੈਂ ? ਉਹ ਬੋਲਿਆ ਕਿ ਮੈਂ ਕਰਮ ਦੇਵ ਹਾਂ। ਤੂੰ ਜੋ ਕੁਕਰਮ ਕਰਨਾ ਚਾਹੁੰਦਾ ਹੈਂ, ਮੈਂ ਉਹ ਢੋਲ ਦੇ ਡੱਗੇ ਨਾਲ ਸਾਰੇ ਲੋਕਾਂ ਵਿਚ ਪ੍ਰਗਟ ਕਰ ਦੇਣਾ ਹੈ। ਉਹ ਸੁਣ ਕੇ ਹੈਰਾਨ ਹੋ ਗਿਆ ਤੇ ਪਾਪ ਕਰਨ ਤੋਂ ਰੁਕ ਗਿਆ ਕਿਉਂਕਿ ਉਹ ਪਾਪ ਕਰਨਾ ਤਾਂ ਚਾਹੁੰਦਾ ਸੀ ਪਰ ਬੇਇੱਜ਼ਤ ਨਹੀਂ ਹੋਣਾ ਚਾਹੁੰਦਾ ਸੀ।

## ਜੋ ਧਰਮੁ ਕਮਾਵੈ, ਤਿਸੁ ਧਰਮ ਨਾਉ ਹੋਵੈ; ਪਾਪਿ ਕਮਾਣੈ ਪਾਪੀ ਜਾਣੀਐ ॥

ਜੋ ਪੁਰਖ ਧਰਮ ਦੇ ਕਰਮ ਕਮਾਵੈ = ਕਮਾਉਂਦਾ ਹੈ ਤਿਸੁ = ਉਸਦਾ ਨਾਉ = ਨਾਮ ਧਰਮੀ ਹੋਵੈ = ਹੋ ਜਾਂਦਾ ਹੈ, ਅਤੇ ਪਾਪਿ = ਮੰਦ ਕਰਮਾਂ ਨੂੰ ਕਮਾਣੈ = ਕਮਾਉਣ ਵਾਲਾ ਪਾਪੀ = ਮੰਦ ਕਰਮੀ ਜਾਣੀਐ = ਜਾਣੀਦਾ ਹੈ।

## ਤੂੰ ਆਪੇ ਖੇਲ ਕਰਹਿ ਸਭਿ ਕਰਤੇ; ਕਿਆ ਦੂਜਾ ਆਖਿ ਵਖਾਣੀਐ ॥

ਹੇ ਕਰਤੇ = ਰਚਣਹਾਰ ਪਰਮੇਸ਼ਰ ! ਤੂੰ ਆਪ ਹੀ ਸਭਿ = ਸਾਰੇ ਸੰਸਾਰ ਰੂਪੀ ਖੇਲ ਨੂੰ ਰਚਣਾ ਕਰਹਿ = ਕਰਦਾ ਹੈਂ ਹੋਰ ਦੂਸਰੇ ਨੂੰ ਕਿਆ = ਕੀ ਮੁਖੋ ਆਖਿ = ਕਹਿ ਕੇ ਵਖਾਣੀਐ = ਵਰਣਨ ਕਰੀਏ।

## ਜਿਚਰੁ ਤੇਰੀ ਜੋਤਿ, ਤਿਚਰੁ ਜੋਤੀ ਵਿਚਿ ਤੂੰ ਬੋਲਹਿ;
## ਵਿਣੁ ਜੋਤੀ ਕੋਈ ਕਿਛੁ ਕਰਿਹੁ, ਦਿਖਾ ਸਿਆਣੀਐ ॥

ਹੇ ਪਰਮੇਸ਼ਰ ! ਜਿਚਰੁ = ਜਿਤਨਾ ਚਿਰ ਜੀਵ ਵਿਚ ਤੇਰੀ ਚੇਤਨ ਸੱਤਾ ਰੂਪ ਜੋਤ ਕੰਮ ਕਰ ਰਹੀ ਹੈ, ਤਿਚਰੁ = ਉਤਨਾ ਚਿਰ ਤੂੰ ਆਪ ਹੀ ਸਾਰਿਆਂ ਵਿਚਿ = ਅੰਦਰ ਬੋਲਹਿ = ਬੋਲ ਰਿਹਾ ਹੈਂ, ਤੇਰੀ ਚੇਤਨ ਸੱਤਾ ਰੂਪ ਜੋਤੀ ਤੋਂ ਵਿਣੁ = ਬਗ਼ੈਰ ਕੋਈ ਕਿਛੁ = ਕੁਝ ਕਰਹਿ = ਕਰ ਸਕੇ ਤਾਂ ਉਸ ਨੂੰ ਸਿਆਣੀਐ = ਪਹਿਚਾਣ ਕੇ ਦਿਖਾ = ਦੇਖਣਾ ਕਰਾਂ।

## ਨਾਨਕ, ਗੁਰਮੁਖਿ ਨਦਰੀ ਆਇਆ; ਹਰਿ ਇਕੋ ਸੁਘੜੁ ਸੁਜਾਣੀਐ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਗੁਰਮੁਖਾਂ ਦੀ ਗਿਆਨ ਨਦਰੀ = ਦ੍ਰਿਸ਼ਟੀ ਵਿਚ ਇਹੋ ਆਇਆ ਹੈ ਕਿ ਹੇ ਹਰਿ = ਪਰਮੇਸ਼ਰ ਇੱਕੋ ਤੂੰ ਹੀ ਸੁਘੜੁ (ਸੁ+ਘੜੁ) ਸੁ = ਸ੍ਰੇਸ਼ਟ ਘੜੁ = ਘਾੜਤਾ ਦੇ ਘੜਨ ਵਾਲਾ ਸੁਜਾਣੀਐ = ਅੰਤਰਜਾਮੀ ਹੈਂ ॥੨॥ ਜੈਸਾ ਕਿ :

**ਘਟ ਘਟ ਕੇ ਅੰਤਰ ਕੀ ਜਾਨਤ ॥ ਭਲੇ ਬੁਰੇ ਕੀ ਪੀਰ ਪਛਾਨਤ ॥**

*(ਸ੍ਰੀ ਦਸਮ ਗ੍ਰੰਥ, ਪੰਨਾ ੧੩੮੬)*

## ਪਉੜੀ ॥ ਤੁਧੁ, ਆਪੇ ਜਗਤੁ ਉਪਾਇ ਕੈ; ਤੁਧੁ ਆਪੇ ਧੰਧੈ ਲਾਇਆ ॥

ਹੇ ਪਰਮੇਸ਼ਰ ! ਤੁਧੁ = ਤੂੰ ਆਪੇ = ਆਪ ਹੀ ਜਗਤੁ = ਸੰਸਾਰ ਨੂੰ ਉਪਾਇ = ਪੈਦਾ ਕੈ = ਕਰਕੇ ਜੀਵਾਂ ਦੀ ਵਾਸ਼ਨਾ, ਪ੍ਰਾਲਬਧ ਅਨੁਸਾਰ ਤੁਧੁ = ਤੂੰ ਆਪੇ = ਆਪ ਹੀ ਵੱਖਰੋ ਵੱਖਰੇ ਧੰਧੈ = ਧੰਧਿਆਂ ਵਿਚ ਲਾਇਆ = ਲਾਉਣਾ ਕੀਤਾ ਹੈ। ਅਤੇ

## ਮੋਹ ਠਗਉਲੀ ਪਾਇ ਕੈ; ਤੁਧੁ ਆਪਹੁ ਜਗਤੁ ਖੁਆਇਆ ॥

ਮੋਹ ਰੂਪੀ ਠਗਉਲੀ = ਠੱਗ ਬੂਟੀ ਪਾਇ = ਪਾ ਕੈ = ਕਰਕੇ ਤੁਧੁ = ਤੂੰ ਆਪਹੁ = ਆਪ ਹੀ ਜਗਤੁ = ਸੰਸਾਰ ਨੂੰ ਆਪਣੇ ਸਰੂਪ ਵੱਲੋਂ ਖੁਆਇਆ = ਭੁਲਾਉਣਾ ਕੀਤਾ ਹੈ।

## ਤਿਸਨਾ ਅੰਦਰਿ ਅਗਨਿ ਹੈ; ਨਹ ਤਿਪਤੈ ਭੁਖਾ ਤਿਹਾਇਆ ॥

ਜਗਤ ਦੇ ਅੰਦਰ ਤਿਸਨਾ = ਤ੍ਰਿਸ਼ਨਾ ਰੂਪੀ ਅਗਨਿ = ਅੱਗ ਬਲ ਰਹੀ ਹੈ, ਜਿਸ ਕਰਕੇ ਇਹ ਸੰਸਾਰ ਆਸ਼ਾਵਾਂ ਦਾ ਭੁੱਖਾ ਤਿਹਾਇਆ = ਪਿਆਸਾ ਤਿਪਤੈ = ਰੱਜਦਾ ਨਹ = ਨਹੀਂ ਹੈ। ਜੈਸਾ ਕਿ :

**ਸਹਸ ਖਟੇ ਲਖ ਕਉ ਉਠਿ ਧਾਵੈ ॥** *(ਗਉੜੀ ਸੁਖਮਨੀ ਮ: ੫, ਅੰਗ ੨੭੯)*

**ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ ਪਰੈ ਪਰੈ ਹੀ ਕਉ ਲੁਝੀ ਹੇ ॥** *(ਗਉੜੀ ਮ: ੫, ਅੰਗ ੨੧੩)*

## ਸਹਸਾ ਇਹੁ ਸੰਸਾਰੁ ਹੈ; ਮਰਿ ਜੰਮੈ ਆਇਆ ਜਾਇਆ ॥

ਇਹੁ = ਇਹੋ ਅਤ੍ਰਿਪਤੀ ਸੰਸਾਰੁ = ਜਗਤ ਨੂੰ ਪ੍ਰਮਾਣ, ਪ੍ਰਮੇਯ ਵਿਪਰਜੇ ਆਦਿ ਸੰਸਿਆਂ ਵਿਚ ਪਾਈ ਰੱਖਦੀ ਹੈ, ਇਸ ਕਰਕੇ ਇਹ ਸੰਸਾਰ ਸਹਸਾ = ਸੰਸਾ ਰੂਪ ਹੀ ਹੈ ਇਉਂ ਜਗਤ ਜੰਮਦਾ ਮਰਦਾ ਹੋਇਆ ਆਉਂਦਾ ਜਾਂਦਾ ਰਹਿੰਦਾ ਹੈ। ਜੈਸਾ ਕਿ :

**ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ।** *(ਭਾਈ ਗੁਰਦਾਸ ਜੀ, ਵਾਰ ੧ ਪਉੜੀ ੧)*

## ਬਿਨੁ ਸਤਿਗੁਰ, ਮੋਹੁ ਨ ਤੁਟਈ; ਸਭਿ ਥਕੇ ਕਰਮ ਕਮਾਇਆ ॥

ਸਤਿਗੁਰਾਂ ਦੇ ਦਿੱਤੇ ਹੋਏ ਗਿਆਨ ਤੋਂ ਬਿਨਾਂ ਮੋਹ ਰੂਪੀ ਜਾਲ ਤੁਟਈ = ਟੁੱਟਦਾ ਨਹੀਂ ਨਿਤ ਨਮਿੱਤ ਆਦਿ ਕਰਮਾਂ ਨੂੰ ਕਮਾਇਆ = ਕਮਾ ਕਰਕੇ ਬਹੁਤ ਸਭਿ = ਸਾਰੇ ਥੱਕ ਗਏ ਹਨ। ਪਰ ਮੋਹ ਟੁੱਟਦਾ ਨਹੀਂ।

## ਗੁਰਮਤੀ ਨਾਮੁ ਧਿਆਈਐ; ਸੁਖਿ ਰਜਾ ਜਾ ਤੁਧੁ ਭਾਇਆ ॥

(**ਰੱਜਾ** ਬੋਲੋ)

ਪਰੰਤੂ ਹੇ ਹਰੀ ! ਗੁਰਮਤੀ = ਗੁਰਾਂ ਦੀ ਸਿੱਖਿਆ ਦੁਆਰਾ ਹੀ ਤੇਰੇ ਨਾਮ ਨੂੰ ਧਿਆਈਐ = ਧਿਆਉਣਾ ਕਰੀਦਾ ਹੈ ਅਤੇ ਜਾ = ਜਦੋਂ ਤੁਧੁ = ਤੈਨੂੰ ਭਾਇਆ = ਭਾ ਗਿਆ ਤਦੋਂ ਹੀ ਆਤਮਿਕ ਸੁੱਖ ਕਰਕੇ ਰਜਾ = ਤ੍ਰਿਪਤ ਹੋਈਦਾ ਹੈ **ਵਾ:** ਗੁਰ ਸਿੱਖਿਆ ਦੁਆਰਾ ਨਾਮ ਨੂੰ ਧਿਆਉਣ ਵਾਲਿਆਂ ਵਿੱਚੋਂ ਜੋ ਤੁਧੁ = ਤੈਨੂੰ ਭਾਇਆ = ਭਾਅ ਗਿਆ ਹੈ ਉਨ੍ਹਾਂ ਨੂੰ ਵਿਸ਼ੇ ਵਿਕਾਰਾਂ, ਖਾਣ ਪੀਣ ਵਾਲੇ ਪਦਾਰਥਾਂ ਦੇ ਸੁੱਖ ਵੱਲੋਂ ਰਜਾ = ਰੱਜ ਆ ਗਿਆ ਹੈ।

### [ਅੰਗ ੧੩੯]

## ਕੁਲੁ ਉਧਾਰੇ ਆਪਣਾ; ਧੰਨੁ ਜਣੇਦੀ ਮਾਇਆ ॥

ਜਿਸ ਗੁਰਮੁਖ ਜਨ ਨੂੰ ਤ੍ਰਿਪਤੀ ਆ ਗਈ ਉਹ ਆਪਣਾ ਵੀ ਤੇ ਆਪਣੀ ਕੁਲੁ = ਵੰਸ਼ ਦਾ ਵੀ ਉਧਾਰੇ = ਉਧਾਰ ਕਰ ਲੈਂਦਾ ਹੈ, ਐਸੇ ਗੁਰਮੁਖ ਨੂੰ ਜਣੇਦੀ = ਜਨਮ ਦੇਣ ਵਾਲੀ ਉਸ ਦੀ ਮਾਇਆ = ਮਾਂ ਵੀ ਧੰਨੁ = ਧੰਨਤਾ ਦੇ ਯੋਗ ਹੈ **ਵਾ:** ਉਸ ਦੀ ਬੁੱਧ ਰੂਪੀ ਮਾਂ ਵੀ ਧੰਨਤਾ ਦੇ ਯੋਗ ਹੈ, ਜਿਸ ਨੇ ਅਪਰੋਖ ਗਿਆਨ ਰੂਪੀ ਪੁੱਤਰ ਪੈਦਾ ਕੀਤਾ ਹੈ, ਜਿਸ ਕਰਕੇ ਉਸਦੀ ਆਪਣੀ ਸ਼ੁਭ ਗੁਣਾਂ ਰੂਪੀ ਕੁਲ ਵੀ ਤਰ ਗਈ ਹੈ।

## ਸੋਭਾ ਸੁਰਤਿ ਸੁਹਾਵਣੀ; ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥

ਜਿਨਿ = ਜਿਸ ਨੇ ਹਰਿ = ਵਾਹਿਗੁਰੂ ਦੇ ਸੇਤੀ = ਨਾਲ ਚਿੱਤ ਦੀ ਬਿਰਤੀ ਨੂੰ ਲਾਇਆ = ਲਾਉਣਾ ਕੀਤਾ ਹੈ, ਉਸਦੀ ਲੋਕ ਪ੍ਰਲੋਕ ਵਿਚ ਸੋਭਾ = ਵਡਿਆਈ ਹੁੰਦੀ ਹੈ ਅਤੇ ਗਿਆਨ ਸਰੂਪ ਵਾਲੀ ਸੁਰਤ ਵੀ

ਸੁਹਾਵਣੀ = ਸ਼ੋਭਨੀਕ ਹੈ **ਵਾ:** ਉਸ ਨੂੰ ਭਗਤੀ ਕਰਕੇ ਸ਼ੋਭਾ ਅਤੇ ਸੁਰਤਿ = ਗਿਆਨ ਕਰਕੇ ਆਤਮਿਕ ਸਰੂਪ ਦੀ ਸੁਹਾਵਣੀ = ਸੁੰਦਰਤਾ ਵਾਲੀ ਸਾਖਿਆਤਤਾ ਰੂਪ ਵਡਿਆਈ ਪ੍ਰਾਪਤ ਹੋਈ ਹੈ ॥੨॥

## ਸਲੋਕੁ ਮਃ ੨ ॥

**ਉਥਾਨਕਾ :** ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਖਡੂਰ ਸਾਹਿਬ (ਗੁਰਦੁਆਰਾ ਤਪਿਆਣਾ ਸਾਹਿਬ) ਬਿਰਾਜਮਾਨ ਸਨ ਉਥੇ ਦੀਵਾਨ ਵਿਚ ਸਿੱਖ ਸੰਗਤਾਂ ਨੇ ਬੇਨਤੀ ਕੀਤੀ ਕਿ ਅਸੀਂ ਪਰਮੇਸ਼ਰ ਨੂੰ ਕਿਵੇਂ ਦੇਖਣਾ ਕਰੀਏ ? ਤਾਂ ਸੁਣ ਕੇ ਸਤਿਗੁਰੂ ਜੀ ਨੇ ਇਹ ਸਲੋਕ ਉਚਾਰਨ ਕੀਤਾ।

***ਨੋਟ :*** ਪੁਰਾਤਨ ਸੰਪਰਦਾਵਾਂ ਵਿਚ ਇਸ ਸਲੋਕ ਦੇ ਤਕਰੀਬਨ ਤੇਰ੍ਹਾ ਅਰਥ ਕੀਤੇ ਜਾਂਦੇ ਹਨ, ਪਰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨੇ ਅਠਾਈਵੀਂ ਕਥਾ ਵਿਚ ਬਚਨ ਕੀਤੇ ਹਨ ਕਿ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲਿਆਂ ਨੇ ਇਸ ਸਲੋਕ ਦੇ ੨੧-੨੨ ਅਰਥ ਕੀਤੇ ਹਨ।

## ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥

ਹੇ ਗੁਰਸਿੱਖੋਂ ! ਉਹ ਪਰਮੇਸ਼ਰ ਇਨ੍ਹਾਂ ਅਸਥੂਲ ਅਖੀ = ਨੇਤਰਾਂ ਤੋਂ ਬਾਝਹੁ = ਬਗ਼ੈਰ ਵੇਖਣਾ = ਦੇਖਣਾ ਕਰੀਦਾ ਹੈ, ਅਤੇ ਇਨ੍ਹਾਂ ਪ੍ਰਤੱਖਾ ਕੰਨਾਂ ਤੋਂ ਵਿਣੁ = ਬਗ਼ੈਰ ਸੁਨਣਾ = ਸੁਨਣੇ ਯੋਗ ਹੈ।

## ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥

ਉਸ ਦੀ ਪ੍ਰਾਪਤੀ ਵਾਲੇ ਰਸਤੇ ਵਿਚ ਪ੍ਰਤੱਖ ਪੈਰਾਂ ਤੋਂ ਬਾਝਹੁ = ਬਗ਼ੈਰ ਚੱਲਣਾ ਕਰੀਦਾ ਹੈ, ਅਤੇ ਇਨ੍ਹਾਂ ਹੱਥਾਂ ਤੋਂ ਵਿਣੁ = ਬਗ਼ੈਰ ਉਸ ਦੀ ਸੇਵਾ ਤੇ ਕਰਤੱਬ ਕਰਨਾ ਕਰੀਦੇ ਹਨ।

## ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥

ਜੀਭੈ = ਜੁਬਾਨ ਦੇ ਬੋਲਣ ਤੋਂ ਬਾਝਹੁ = ਬਗ਼ੈਰ ਹੀ ਜਾਣੀਦਾ ਹੈ, (ਸੋ ਜਿਸਦੇ ਹੱਥ, ਪੈਰ, ਅੰਗ ਆਦਿ ਕੰਮ ਨਾ ਕਰਨ ਤਾਂ ਉਹ ਜਿਉਂਦਾ ਹੀ ਮਰਿਆਂ ਬਰਾਬਰ ਸਮਝਿਆ ਜਾਂਦਾ ਹੈ) ਇਉ = ਇਸੇ ਪ੍ਰਕਾਰ ਉਸ ਪ੍ਰਭੂ ਦੀ ਪ੍ਰਾਪਤੀ ਵਾਸਤੇ ਜੀਵਤ-ਭਾਵ ਤੋਂ ਮਰਨਾ ਕਰੇ।

## ਨਾਨਕ ਹੁਕਮੁ ਪਛਾਣਿ ਕੈ; ਤਉ ਖਸਮੈ ਮਿਲਣਾ ॥੧॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਪਰਮੇਸ਼ਰ ਦਾ ਹੁਕਮ ਪਛਾਣ ਕੈ = ਕਰਕੇ ਜੀਵਤ ਭਾਵ ਤੋਂ ਮਰਨਾ ਕਰੇ ਤਉ = ਤਾਂ ਹੀ ਉਸ ਖਸਮੈ = ਮਾਲਕ ਪਰਮੇਸ਼ਰ ਨਾਲ ਮਿਲਣਾ ਹੁੰਦਾ ਹੈ ॥੧॥

### ਦੂਸਰਾ ਅਰਥ

***ਪ੍ਰਸ਼ਨ :*** *ਹੇ ਸੱਚੇ ਪਾਤਸ਼ਾਹ ਜੀ ! ਕੀ ਉਹ ਪਰਮੇਸ਼ਰ ਆਪ ਵੀ ਅੱਖਾਂ, ਹੱਥ ਪੈਰ ਆਦਿ ਤੋਂ ਬਗ਼ੈਰ ਹੈ ?*
***ਗੁਰ ਉੱਤਰ :***

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਹੇ ਭਾਈ ! ਉਹ ਪਰਮੇਸ਼ਰ ਨਿਰਗੁਣ ਸਰੂਪ ਵਿਚ ਪ੍ਰਤੱਖ ਅੱਖਾਂ ਤੋਂ ਬਗ਼ੈਰ ਹੈ ਪਰੰਤੂ ਆਪ ਸਾਰਿਆਂ ਨੂੰ ਵੇਖਣਾ ਕਰਦਾ ਹੈ ਅਤੇ ਨਿਰਗੁਣ ਸਰੂਪ ਕੰਨਾਂ ਤੋਂ ਬਗ਼ੈਰ ਹੈ ਪਰ ਸਾਰਿਆਂ ਦੀਆਂ ਚੰਗੀਆਂ, ਮੰਦੀਆਂ, ਗੁਪਤ ਗੱਲਾਂ ਨੂੰ ਸੁਨਣਾ = ਸੁਣਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਨਿਰਗੁਣ ਸਰੂਪ ਪੈਰਾਂ ਦੇ ਚੱਲਣ ਤੋਂ ਬਗ਼ੈਰ ਹੈ, ਪਰ ਸਾਰੀ ਕਿਰਿਆ ਨੂੰ ਕਰਾਉਣ ਰੂਪ ਚੱਲਣਾ ਕਰ ਰਿਹਾ ਹੈ, ਹੱਥਾਂ ਤੋਂ ਬਗ਼ੈਰ ਹੈ, ਪਰ ਜਗਤ ਦੇ ਉਤਪਤੀ, ਪਾਲਨਾ, ਲੈਤਾ ਆਦਿ ਕਾਰਜਾਂ ਨੂੰ ਕਰ ਰਿਹਾ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਨਿਰਗੁਣ ਸਰੂਪ ਜ਼ੁਬਾਨ ਤੋਂ ਬਗ਼ੈਰ ਹੈ, ਪਰ ਅਵਾਜ਼ ਰੂਪ ਹੋ ਕੇ ਸਾਰਿਆਂ ਜੀਵਾਂ ਦੇ ਅੰਦਰ ਆਪ ਹੀ ਬੋਲਣਾ ਕਰਦਾ ਹੈ, ਇਉਂ ਨਿਰਗੁਣ ਸਰੂਪ ਨੂੰ ਸਰਬ ਵਿਆਪਕ ਜਾਣ ਕੇ ਉਸ ਦੀ ਪ੍ਰਾਪਤੀ ਲਈ ਜੀਵਤ ਭਾਵ ਤੋਂ ਮਰਨਾ ਕਰੇ।

## ਤੀਸਰਾ ਅਰਥ

***ਪ੍ਰਸ਼ਨ** : ਹੇ ਸੱਚੇ ਪਾਤਸ਼ਾਹ ਜੀ! ਜੋ ਤੁਸੀਂ ਨਿਰਗੁਣ ਸਰੂਪ ਅੱਖਾਂ, ਕੰਨਾਂ, ਹੱਥਾਂ ਆਦਿ ਤੋਂ ਬਗ਼ੈਰ ਵੇਖਦਾ ਸੁਣਦਾ ਕਥਨ ਕੀਤਾ ਹੈ ਫੇਰ ਉਹ ਵੇਖਦਾ ਸੁਣਦਾ ਕਿਵੇਂ ਹੈ?*

***ਗੁਰ ਉੱਤਰ** :*

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਨਿਰਗੁਣ ਸਰੂਪ ਵਿਚ ਪਰਮੇਸ਼ਰ ਪ੍ਰਤੱਖ ਅਖੀ = ਨੇਤਰਾਂ ਤੋਂ ਬਾਝਹੁ = ਬਗ਼ੈਰ ਹੈ ਪਰੰਤੂ ਮਾਇਆ ਸਬਲ ਹੋ ਕੇ ਸਾਰਿਆਂ ਨੂੰ ਵੇਖਣਾ = ਵੇਖਦਾ ਹੈ, ਪ੍ਰਤੱਖ ਕੰਨਾਂ ਤੋਂ ਬਗ਼ੈਰ ਹੈ, ਪਰੰਤੂ ਮਾਇਆ ਸਬਲ ਹੋ ਕੇ ਸਾਰਿਆਂ ਦੇ ਚੰਗੇ ਮੰਦੇ ਬੋਲੇ ਬਚਨਾਂ ਨੂੰ ਸੁਨਣਾ = ਸੁਣਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਨਿਰਗੁਣ ਸਰੂਪ ਵਿਚ ਪ੍ਰਤੱਖ ਪੈਰਾਂ ਤੋਂ ਬਗ਼ੈਰ ਹੈ ਪਰ ਮਾਇਆ ਸਬਲ ਹੋ ਕੇ ਚੱਲਣ ਆਦਿ ਦੀ ਕਿਰਿਆ ਕਰਦਾ ਹੈ, ਹੱਥਾਂ ਤੋਂ ਬਗ਼ੈਰ ਹੈ, ਪਰ ਮਾਇਆ ਸਬਲ ਹੋ ਕੇ ਸਾਰੇ ਕਾਰਜਾਂ ਨੂੰ ਕਰਨਾ ਕਰਦਾ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਜੀਭੈ = ਰਸਨਾ ਤੋਂ ਬਗ਼ੈਰ ਹੈ, ਪਰ ਮਾਇਆ ਸਬਲ ਹੋ ਕੇ ਬੋਲਦਾ ਹੈ, ਇਉਂ ਨਿਰਗੁਣ ਸਰੂਪ ਨੂੰ ਸਰਬ ਵਿਆਪਕ ਜਾਣ ਕੇ ਉਸ ਦੀ ਪ੍ਰਾਪਤੀ ਵਾਸਤੇ ਜੀਵਤ ਭਾਵ ਤੋਂ ਮਰਨਾ ਕਰੇ।

## ਚੌਥਾ ਅਰਥ

***ਪ੍ਰਸ਼ਨ** : ਹੇ ਸੱਚੇ ਪਾਤਸ਼ਾਹ ਜੀ! ਨਿਰਗੁਣ ਸਰੂਪ ਵਿਚ ਮਾਇਆ ਸਬਲ ਹੋ ਕੇ ਕਿਸ ਪ੍ਰਕਾਰ ਵੇਖਦਾ ਹੈ?*

***ਗੁਰ ਉੱਤਰ** :*

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਅੱਖਾਂ ਤੋਂ ਬਗ਼ੈਰ ਹੈ ਪਰ ਆਪਣੀ ਚੇਤਨ ਸੱਤਾ ਨਾਲ ਵੇਖਦਾ ਹੈ, ਕੰਨਾਂ ਤੋਂ ਬਗ਼ੈਰ ਹੈ ਪਰ ਚੇਤਨ ਸੱਤਾ ਦੁਆਰਾ ਸੁਣਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਪੈਰਾਂ ਤੋਂ ਬਗ਼ੈਰ ਹੈ ਪਰ ਚੇਤਨ ਸੱਤਾ ਨਾਲ ਚੱਲਦਾ ਹੈ, ਹੱਥਾਂ ਤੋਂ ਬਗ਼ੈਰ ਹੈ ਪਰ ਚੇਤਨ ਸੱਤਾ ਨਾਲ ਸਾਰੇ ਕਰਤੱਬ ਕਰ ਰਿਹਾ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਜ਼ੁਬਾਨ ਦੇ ਬੋਲਣ ਤੋਂ ਬਗ਼ੈਰ ਹੈ, ਪਰ ਚੇਤਨ ਸੱਤਾ ਨਾਲ ਹੀ ਸਾਰੇ ਬੋਲ ਰਿਹਾ ਹੈ, ਇਉਂ ਉਸ ਨੂੰ ਸਰਬ ਵਿਆਪਕ ਜਾਣ ਕੇ ਉਸਦੀ ਪ੍ਰਾਪਤੀ ਵਾਸਤੇ ਜੀਵਤ ਭਾਵ ਤੋਂ ਮਰਨਾ ਕਰੇ।

## ਪੰਜਵਾਂ ਅਰਥ

***ਪ੍ਰਸ਼ਨ :*** *ਹੇ ਸੱਚੇ ਪਾਤਸ਼ਾਹ ਜੀ ! ਜੋ ਪਰਮੇਸ਼ਰ ਆਪਣੀ ਸੱਤਾ ਨਾਲ ਸਭ ਕੁਝ ਕਰ ਰਿਹਾ ਹੈ ਉਹ ਪਰਮੇਸ਼ਰ ਕਿਸ ਪ੍ਰਕਾਰ ਦਾ ਹੈ ਤੇ ਕਿਵੇਂ ਵੇਖਦਾ ਹੈ ?*

***ਗੁਰ ਉੱਤਰ :***

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਨਿਰਗੁਣ ਸਰੂਪ ਅੱਖਾਂ ਤੋਂ ਬਗ਼ੈਰ ਹੈ, ਪਰ ਸਰਗੁਣ ਸਰੂਪ ਵਿਚ ਅਵਤਾਰ ਧਾਰ ਕੇ ਅੱਖਾਂ ਸਹਿਤ ਹੋ ਕੇ ਸਾਰਿਆਂ ਨੂੰ ਵੇਖਦਾ ਹੈ, ਨਿਰਗੁਣ ਸਰੂਪ ਕੰਨਾਂ ਤੋਂ ਬਗ਼ੈਰ ਹੈ, ਪਰ ਸਰਗੁਣ ਸਰੂਪ ਦੇ ਵਿਚ ਅਵਤਾਰ ਧਾਰਨ ਕਰਕੇ ਪ੍ਰੱਤਖ ਕੰਨਾਂ ਦੇ ਸਹਿਤ ਹੋ ਕੇ ਸਾਰਿਆਂ ਸੰਤਾਂ ਭਗਤਾਂ ਦੀਆਂ ਗੱਲਾਂ, ਬੇਨਤੀਆਂ ਸੁਣਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਨਿਰਗੁਣ ਸਰੂਪ ਪੈਰਾਂ ਤੋਂ ਬਗ਼ੈਰ ਹੈ, ਪਰ ਸਰਗੁਣ ਸਰੂਪ ਵਿਚ ਅਵਤਾਰ ਧਾਰਨ ਕਰਕੇ ਪੈਰਾਂ ਦੇ ਸਹਿਤ ਹੋ ਕੇ ਚੱਲਦਾ ਹੈ, ਜਿਵੇਂ ਸਰਗੁਣ ਸਰੂਪ ਵਿਚ ਗੁਰੂ ਨਾਨਕ ਸਰੂਪ ਹੋ ਕੇ ਪੂਰਬ, ਪੱਛਮ, ਉੱਤਰ, ਦੱਖਣ ਚਾਰੇ ਦਿਸ਼ਾਵਾਂ ਵਿਚ ਚਰਨਾਂ ਨਾਲ ਚੱਲ ਕੇ ਅਨੇਕਾਂ ਕਰਤੱਬ ਕੀਤੇ, ਨਿਰਗੁਣ ਸਰੂਪ ਵਿਚ ਹੱਥਾਂ ਤੋਂ ਬਗ਼ੈਰ ਹੈ, ਸਰਗੁਣ ਸਰੂਪ ਵਿਚ ਅਵਤਾਰ ਧਾਰ ਕੇ ਹੱਥਾਂ ਦੇ ਸਹਿਤ ਹੋ ਕੇ ਸੇਵਕਾਂ ਦੇ ਸਾਰੇ ਕਾਰਜ ਕਰਦਾ ਹੈ। ਜਿਵੇਂ ਨਾਮਦੇਵ ਜੀ ਵਾਸਤੇ ਦੇਹੁਰਾ ਫੇਰਿਆ, ਕਬੀਰ ਜੀ ਦਾ ਜਗ ਸੰਪੂਰਨ ਕੀਤਾ, ਧੰਨੇ ਦੀਆਂ ਗਊਆਂ ਚਾਰੀਆਂ ਆਦਿ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਨਿਰਗੁਣ ਸਰੂਪ ਵਿਚ ਜ਼ੁਬਾਨ ਤੋਂ ਬਗ਼ੈਰ ਹੈ, ਪਰ ਸਰਗੁਣ ਸਰੂਪ ਵਿਚ ਜ਼ੁਬਾਨ ਦੇ ਸਹਿਤ ਹੋ ਕੇ ਸਾਰਿਆਂ ਨਾਲ ਪ੍ਰੇਮ ਦੇ ਬਚਨ ਬਿਲਾਸ ਬੋਲਦਾ ਹੈ, ਜਿਵੇਂ ਗੁਰੂ ਨਾਨਕ ਰੂਪ ਹੋ ਕੇ ਗੁਰਬਾਣੀ ਦੇ ਸ਼ਬਦ ਉਚਾਰਣ ਕਰਕੇ ਸਾਰੀ ਲੋਕਾਈ ਦੇ ਤਾਈਂ ਉਪਦੇਸ਼ ਦੇਣਾ ਕੀਤਾ। ਇਉਂ ਉਸਦੇ ਨਿਰਗੁਣ ਸਰਗੁਣ ਸਰੂਪ ਨੂੰ ਜਾਣ ਕੇ ਉਸਦੀ ਪ੍ਰਾਪਤੀ ਵਾਸਤੇ ਜੀਵਤ ਭਾਵ ਤੋਂ ਮਰਨਾ ਕਰੇ।

## ਛੇਵਾਂ ਅਰਥ

***ਪ੍ਰਸ਼ਨ :*** *ਹੇ ਸੱਚੇ ਪਾਤਸ਼ਾਹ ਜੀ ! ਐਸੇ ਗੁਣਾਂ ਵਾਲੇ ਪਰਮੇਸ਼ਰ ਦੇ ਸਰੂਪ ਨੂੰ ਕਿਸ ਪ੍ਰਕਾਰ ਵੇਖਿਆ ਜਾ ਸਕਦਾ ਹੈ ?*

***ਗੁਰ ਉੱਤਰ :*** ਮਨ ਦੀਆਂ ਅੱਖਾਂ ਨਾਲ ਦੇਖੋ।

*ਪ੍ਰਸ਼ਨ : ਮਨ ਦਾ ਸਰੂਪ ਕੀ ਹੈ ?*
*ਉੱਤਰ :*

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਮਨ ਅੱਖਾਂ ਤੋਂ ਬਗ਼ੈਰ ਹੀ ਸਭ ਕੁਝ ਸੰਕਲਪ ਨਾਲ ਵੇਖਣਾ ਕਰਦਾ ਹੈ, ਕੰਨਾਂ ਤੋਂ ਬਗ਼ੈਰ ਅੰਦਰ ਹੀ ਸਭ ਗੱਲਾਂ, ਕਲਪੀ, ਸੁਣੀ ਅਤੇ ਗਾਈ ਜਾਂਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਮਨ ਪੈਰਾਂ ਤੋਂ ਬਗ਼ੈਰ ਹੈ, ਪਰ ਸੰਕਲਪਾਂ ਦੇ ਨਾਲ ਹੀ ਚੌਹਾਂ ਦਿਸ਼ਾਵਾਂ ਵਿਚ ਚਲਣਾ = ਤੁਰਿਆ ਫਿਰਦਾ ਹੈ[1], ਮਨ ਹੱਥਾਂ ਤੋਂ ਬਗ਼ੈਰ ਹੈ, ਪਰ ਸੰਕਲਪ ਵਿਕਲਪ ਰੂਪ ਹੱਥਾਂ ਨਾਲ ਸਾਰੇ ਕੰਮ ਕਰੀ ਜਾਂਦਾ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਮਨ ਜ਼ੁਬਾਨ ਤੋਂ ਬਗ਼ੈਰ ਹੀ ਅੰਦਰ ਸੰਕਲਪ ਕਰਨ ਰੂਪ ਹੀ ਬੋਲਣਾ ਕਰਦਾ ਹੈ, ਇਉ = ਇਸ ਪ੍ਰਕਾਰ ਮਨ ਨੂੰ ਸਮਝ ਕੇ ਜੀਵਤ ਭਾਵ ਤੋਂ ਮਰਨਾ ਕਰੇ।

## ਸੱਤਵਾਂ ਅਰਥ

*ਪ੍ਰਸ਼ਨ : ਉਸ ਪਰਮੇਸ਼ਰ ਦੇ ਹੁਕਮ ਨੂੰ ਕਿਸ ਤਰ੍ਹਾਂ ਪਛਾਣਨਾ ਕਰੀਏ ?*
***ਗੁਰ ਉੱਤਰ** : ਮਾਨਸਿਕ ਪੂਜਾ ਕਰੇ ਅਤੇ*

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਪ੍ਰਤੱਖ ਅੱਖਾਂ ਤੋਂ ਬਗ਼ੈਰ ਅੰਦਰਲੀਆਂ ਸੁਰਤ ਰੂਪ ਅੱਖਾਂ ਨਾਲ ਭਾਵ ਚਿੱਤ ਨੂੰ ਟਿਕਾ ਕੇ ਉਸ ਦੇ ਦਰਸ਼ਨਾਂ ਨੂੰ ਵੇਖਣਾ ਕਰੋ, ਪ੍ਰਤੱਖ ਕੰਨਾਂ ਤੋਂ ਬਗ਼ੈਰ ਨਿਸਚੇ ਰੂਪ ਕੰਨਾਂ ਨਾਲ ਉਸਦੇ ਜੱਸ ਨੂੰ ਸੁਨਣਾ ਕਰੋ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਇਨ੍ਹਾਂ ਅਸਥੂਲ ਪੈਰਾਂ ਦੇ ਬਗ਼ੈਰ ਨਿਸ਼ਕਾਮ ਕਰਮਾਂ **ਵਾ:** ਧਿਆਨ ਰੂਪੀ ਚਰਨਾਂ ਨਾਲ ਉਸ ਦੇ ਪ੍ਰਾਪਤੀ ਰੂਪ ਰਸਤੇ 'ਤੇ ਚਲਣਾ ਕਰੋ, ਇਨ੍ਹਾਂ ਅਸਥੂਲ ਹੱਥਾਂ ਤੋਂ ਬਗ਼ੈਰ ਮਾਨਸੀ ਪੂਜਾ ਪ੍ਰੇਮ ਰੂਪੀ ਹੱਥਾਂ ਨਾਲ ਕਰਨਾ ਕਰੋ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਇਸ ਅਸਥੂਲ ਜੀਭੈ = ਰਸਨਾ ਤੋਂ ਬਗ਼ੈਰ ਪ੍ਰੀਤ ਰੂਪ ਰਸਨਾ ਨਾਲ ਉਸ ਦਾ ਜੱਸ ਬੋਲਣਾ ਕਰੋ ਭਾਵ ਅਜਪਾ ਜਾਪ ਕਰੋ, ਇਉਂ ਐਸੇ ਗੁਣ ਧਾਰਨ ਕਰਕੇ ਜੀਵਤ ਭਾਵ ਤੋਂ ਮਰਨਾ ਕਰੋ, ਭਾਵ ਹੰਗਤਾ ਤੋਂ ਰਹਿਤ ਹੋ ਕੇ ਸ਼ਬਦ ਦੁਆਰਾ ਜੀਵਤ-ਭਾਵ ਤੋਂ ਮਰਨਾ ਕਰੋ ਤਾਂ ਫੇਰ ਨਵਾਂ ਜੀਵਨ ਮਿਲਦਾ ਹੈ ਜੈਸਾ ਕਿ :

**ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥**

*(ਸੋਰਠਿ ਮ: ੩, ਅੰਗ ੬੦੪)*

## ਅੱਠਵਾਂ ਅਰਥ

*ਪ੍ਰਸ਼ਨ : ਹੇ ਸੱਚੇ ਪਾਤਸ਼ਾਹ ! ਉਸ ਪਰਮੇਸ਼ਰ ਦੀ ਮਾਨਸੀ ਪੂਜਾ ਕਿਸ ਪ੍ਰਕਾਰ ਕਰੀਦੀ ਹੈ ?*
***ਗੁਰੂ ਉੱਤਰ** :* ਸਤਿਗੁਰੂ ਜੀ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ :

---

੧. **ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥** *(ਅੰਗ ੧੧੯੪)*

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਜਿਵੇਂ ਸੁਪਨਾਵੀ ਜੀਵ ਬਾਹਰਲੀਆਂ ਅੱਖਾਂ ਤੋਂ ਬਗ਼ੈਰ ਸੁਪਨੇ ਵਿਚ ਸੂਖਮ ਸੰਕਲਪ ਰੂਪ ਅੱਖਾਂ ਨਾਲ ਬਹੁਤ ਸਾਰੇ ਕਰਤੱਵਾਂ ਨੂੰ ਵੇਖਣਾ ਕਰਦਾ ਹੈ, ਅਤੇ ਸੁਪਨੇ ਵਿਚ ਕੰਨਾਂ ਤੋਂ ਬਗ਼ੈਰ ਹੀ ਅਨੇਕਾਂ ਤਰ੍ਹਾਂ ਦੀਆਂ ਅਵਾਜ਼ਾਂ ਸੁਣਨਾ ਕਰਦਾ ਹੈ, ਇਸੇ ਤਰ੍ਹਾਂ ਮਨ ਦੇ ਸੰਕਲਪ ਦੁਆਰਾ ਪਰਮੇਸ਼ਰ ਨੂੰ ਚੇਤੇ ਕਰੇ ਤੇ ਉਸਦੇ ਨਾਮ ਦੀ ਧੁਨ ਨੂੰ ਸੁਣਨਾ ਕਰੇ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਜਿਵੇਂ ਸੁਪਨਾਵੀ ਜੀਵ ਪੈਰਾਂ ਤੋਂ ਬਗ਼ੈਰ ਹੀ ਸੁਪਨੇ ਦੇ ਪੈਰਾਂ ਨਾਲ ਦੂਰ ਦੂਰ ਤੱਕ ਦੌੜ ਕੇ ਚੱਲਣਾ ਕਰਦਾ ਹੈ ਅਤੇ ਸੁਪਨੇ ਵਿਚ ਬਾਹਰਲੇ ਹੱਥਾਂ ਤੋਂ ਬਗ਼ੈਰ ਹੀ ਅਨੇਕ ਪ੍ਰਕਾਰ ਦੀ ਕਿਰਿਆ ਕਰਦਾ ਹੈ।

ਇਸੇ ਤਰ੍ਹਾਂ ਸੰਕਲਪ ਰੂਪੀ ਪੈਰਾਂ ਨਾਲ ਪਰਮੇਸ਼ਰ ਦੀ ਪ੍ਰਾਪਤੀ ਵਾਲੇ ਪ੍ਰੇਮਾ-ਭਗਤੀ ਰੂਪ ਰਸਤੇ ’ਤੇ ਚੱਲਣਾ ਕਰੇ ਅਤੇ ਧਿਆਨ ਰੂਪੀ ਹੱਥਾਂ ਨਾਲ ਪਰਮੇਸ਼ਰ ਦੀ ਮਾਨਸੀ ਪੂਜਾ ਕਰੇ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਜਿਵੇਂ ਸੁਪਨਾਵੀ ਜੀਵ ਜੀਭੈ = ਰਸਨਾ ਤੋਂ ਬਗ਼ੈਰ ਹੀ ਸੁਪਨੇ ਵਿਚ ਬੋਲਣਾ ਕਰਦਾ ਹੈ, ਇਸੇ ਤਰ੍ਹਾਂ ਦੇ ਢੰਗ ਨਾਲ ਪਰਮੇਸ਼ਰ ਦੀਆਂ ਸਿਫ਼ਤਾਂ ਵਿਚ ਬੋਲਣਾ ਕਰੇ, ਇਉਂ ਇਨ੍ਹਾਂ ਇੰਦਰੀਆਂ ਤੋਂ ਬਗ਼ੈਰ ਹੀ ਮਾਨਸੀ ਪੂਜਾ ਕਰੇ ਤੇ ਜੀਵਤ ਭਾਵ ਤੋਂ ਮਰਨਾ ਕਰੇ।

## ਨੌਂਵਾਂ ਅਰਥ

***ਪ੍ਰਸ਼ਨ :*** *ਹੇ ਸੱਚੇ ਪਾਤਸ਼ਾਹ ਜੀ! ਉਸ ਪਰਮੇਸ਼ਰ ਦੀ ਪ੍ਰਾਪਤੀ ਲਈ ਕਿਸ ਦਾ ਧਿਆਨ ਕਰੀਏ?*

***ਉੱਤਰ :*** ਸਤਿਗੁਰੂ ਜੀ ਨੇ ਕਿਹਾ ਆਪਣੇ ਸਾਖੀ ਚੇਤਨ ਦਾ ਧਿਆਨ ਧਾਰਨਾ ਕਰੋ, ਜੋ ਜਾਗਤ, ਸੁਪਨ ਤੇ ਸੁਖੋਪਤ ਇਨ੍ਹਾਂ ਤਿੰਨਾਂ ਅਵਸਥਾਵਾਂ ਦਾ ਪ੍ਰਕਾਸ਼ਕ ਹੈ।

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਪ੍ਰਤੱਖ ਨੇਤਰਾਂ ਤੋਂ ਬਾਝਹੁ = ਬਿਨਾਂ ਸੱਤਾਂ ਸਫ਼ੁਰਤੀ ਦੇ ਨੇਤ੍ਰਾਂ ਨਾਲ ਵੇਖਦਾ ਹੈ ਅਤੇ ਪ੍ਰਤੱਖ ਕੰਨਾਂ ਤੋਂ ਬਿਨਾਂ ਸੱਤਾ ਸਫ਼ੁਰਤੀ ਦੇ ਕੰਨਾਂ ਨਾਲ ਸੁਣਨਾ ਕਰਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਪ੍ਰਤੱਖ ਪੈਰਾਂ ਤੋਂ ਬਿਨਾਂ ਸਾਖੀ ਚੇਤਨ ਸੱਤਾ ਸਫ਼ੁਰਤੀ ਦੇ ਪੈਰਾ ਨਾਲ ਚੱਲਣਾ ਕਰਦਾ ਹੈ, ਪ੍ਰੱਤਖ ਹੱਥਾਂ ਤੋਂ ਬਿਨਾਂ ਸੱਤਾ ਸਫ਼ੁਰਤੀ ਦੇ ਹੱਥਾਂ ਨਾਲ ਸਾਰੇ ਕਰਤੱਬ ਕਰਦਾ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਪ੍ਰਤੱਖ ਜੀਭ ਤੋਂ ਬਿਨਾਂ ਸੱਤਾ ਸਫ਼ੁਰਤੀ ਰੂਪੀ ਜੀਭ ਨਾਲ ਬੋਲਣਾ ਕਰਦਾ ਹੈ, ਇਸ ਪ੍ਰਕਾਰ ਹੰਗਤਾ ਤੋਂ ਰਹਿਤ ਹੋ ਕੇ ਗੁਰਮੁਖ ਬਣ ਕੇ ਜੀਵਤ ਭਾਵ ਵੱਲੋਂ ਮਰਨਾ ਕਰੋ।

## ਦਸਵਾਂ ਅਰਥ

***ਪ੍ਰਸ਼ਨ :*** *ਹੇ ਸਤਿਗੁਰੂ ਜੀ! ਗੁਰਮੁਖ ਜਨਾਂ ਦਾ ਕਿਹੋ ਜਿਹਾ ਸੁਭਾਅ ਹੁੰਦਾ ਹੈ?*

***ਗੁਰ ਉੱਤਰ :***

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਗੁਰਮੁਖ ਦਾ ਇਹੋ ਜਿਹਾ ਸੁਭਾਅ ਹੁੰਦਾ ਹੈ ਕਿ ਉਹ ਅੱਖਾਂ ਦੇ ਹੁੰਦਿਆਂ ਹੋਇਆ ਵੀ ਦੇਖਣ ਤੋਂ ਬਗ਼ੈਰ ਰਹਿੰਦੇ ਹਨ, ਤੇ ਕੰਨਾਂ ਦੇ ਸੁਣਨ ਤੋਂ ਬਗ਼ੈਰ ਰਹਿੰਦੇ ਹਨ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਗੁਰਮੁਖ ਜਨ ਪੈਰਾਂ ਦੇ ਚੱਲਣ ਤੋਂ ਬਗ਼ੈਰ ਰਹਿੰਦੇ ਹਨ, ਹੱਥਾਂ ਦੇ ਕਰਤੱਬ ਕਰਨ ਤੋਂ ਵੀ ਬਗ਼ੈਰ ਰਹਿੰਦੇ ਹਨ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਗੁਰਮੁਖ ਜਨ ਜ਼ੁਬਾਨ ਨਾਲ ਬੋਲਣ ਤੋਂ ਬਗ਼ੈਰ ਰਹਿੰਦੇ ਹਨ, ਇਉ = ਇਸ ਪ੍ਰਕਾਰ ਗੁਰਮੁਖ ਜਨ ਤਨ ਦੀ ਹੰਗਤਾ ਤਿਆਗ ਕੇ ਜੀਵਤ ਭਾਵ ਤੋਂ ਮਰਣਾ ਕਰਦੇ ਹਨ। ਅਰਥਾਤ ਦੇਖਦੇ, ਸੁਣਦੇ, ਚੱਲਦੇ, ਹੱਥਾਂ ਨਾਲ ਕਰਤੱਬ ਕਰਦੇ ਤੇ ਬੋਲਦੇ ਵੀ ਹਨ, ਪਰੰਤੂ ਤਨ ਦੀ ਹੰਗਤਾ ਨਾਸ਼ ਹੋਣ ਕਰਕੇ ਇਨ੍ਹਾਂ ਕਰਤੱਬਾਂ ਵਿਚ ਗੁਰਮੁਖਾਂ ਦੀ ਲੁਪਾਇਮਾਨਤਾ ਨਹੀਂ ਹੁੰਦੀ ਭਾਵ ਇੰਨ੍ਹਾਂ ਕੰਮਾਂ ਨੂੰ ਕਰਦੇ ਹੋਏ ਵੀ ਨਿਰਲੇਪ ਰਹਿੰਦੇ ਹਨ।

## ਗਿਆਰਵਾਂ ਅਰਥ

***ਪ੍ਰਸ਼ਨ :*** *ਗੁਰਮੁਖ ਜਨ ਅੱਖਾਂ, ਹੱਥਾਂ ਆਦਿ ਅੰਗਾਂ ਤੋਂ ਬਗ਼ੈਰ ਕਿਵੇਂ ਹਨ ?*

***ਗੁਰ ਉੱਤਰ :***

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਗੁਰਮੁਖ ਜਨ ਵਿਸ਼ੇ ਦ੍ਰਿਸ਼ਟੀ ਵਾਲੇ ਅਖੀ = ਨੇਤਰਾਂ ਤੋਂ ਬਾਝਹੁ = ਬਗ਼ੈਰ ਹੁੰਦੇ ਹਨ, ਮਨਮੁਖ ਵਿਸ਼ੇ ਦ੍ਰਿਸ਼ਟੀ ਵਾਲੇ ਨੇਤਰਾਂ ਨਾਲ ਪਰਾਏ ਸਰੂਪਾਂ ਵੱਲ ਵੇਖਣਾ ਕਰਦੇ ਹਨ, ਗੁਰਮੁਖ ਜਨਾਂ ਦੇ ਕੰਨ ਉਸਤਤ ਨਿੰਦਿਆਂ ਦੇ ਸੁਨਣ ਤੋਂ ਬਗ਼ੈਰ ਹੁੰਦੇ ਹਨ ਤੇ ਮਨਮੁਖ ਦੇ ਕੰਨ ਸੁਣਦੇ ਹਨ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਗੁਰਮੁਖ ਜਨ ਪੈਰਾਂ ਨਾਲ ਕੁਸੰਗਤ ਵੱਲ ਚੱਲਣ ਤੋਂ ਬਗ਼ੈਰ ਹੁੰਦੇ ਹਨ, ਭਾਵ ਕੁਸੰਗਤ ਵਿਚ ਚੱਲ ਕੇ ਨਹੀਂ ਜਾਂਦੇ ਪਰੰਤੂ ਮਨਮੁਖ ਪੈਰਾਂ ਨਾਲ ਚੱਲ ਕੇ ਕੁਸੰਗਤ ਵਿਚ ਜਾਂਦੇ ਹਨ, ਗੁਰਮੁਖ ਜਨ ਆਪਣੇ ਹੱਥਾਂ ਨੂੰ ਖੋਟੇ ਕਰਮ ਕਰਨ ਤੋਂ ਬਗ਼ੈਰ ਰੱਖਦੇ ਹਨ ਪਰ ਮਨਮੁਖ ਖੋਟੇ ਕਰਮ ਕਰਦੇ ਹਨ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਗੁਰਮੁਖ ਜਨ ਜੀਭੈ = ਰਸਨਾ ਨਾਲ ਝੂਠ, ਮੰਦਾ ਬੋਲਣ ਤੋਂ ਬਿਨਾਂ (ਰਹਿਤ) ਹਨ ਪਰ ਮਨਮੁਖ ਝੂਠ ਹੀ ਬੋਲਣਾ ਕਰਦੇ ਹਨ, ਇਉਂ ਗੁਰਮੁਖ ਜਨ ਮਨਮੁਖਤਾਈ ਵਾਲਾ ਸੁਭਾਅ ਛੱਡ ਕੇ ਜੀਵਤ-ਭਾਵ ਤੋਂ ਮਰਨਾ ਕਰਦੇ ਹਨ।

## ਬਾਰਵਾਂ ਅਰਥ

***ਪ੍ਰਸ਼ਨ :*** *ਹੇ ਸਤਿਗੁਰੂ ਜੀ ! ਮਨਮੁਖਾਂ ਦਾ ਕਿਹੋ ਜਿਹਾ ਸੁਭਾਅ ਹੁੰਦਾ ਹੈ ?*

***ਗੁਰ ਉੱਤਰ :***

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਮਨਮੁਖ ਅੱਖਾਂ ਤੋਂ ਬਾਝਹੁ = ਬਗ਼ੈਰ ਹਨ ਕਿਉਂਕਿ ਉਹ ਨੇਤਰਾਂ ਨਾਲ ਗੁਰੂ ਅਤੇ ਸੰਗਤ ਦੇ ਦਰਸ਼ਨ

ਵੇਖਣਾ (ਵੇਖ+ਣਾ) ਵੇਖ = ਵੇਖਦੇ ਣਾ = ਨਹੀਂ ਹਨ, ਮਨਮੁਖ ਕੰਨਾਂ ਤੋਂ ਬਗ਼ੈਰ ਹਨ ਕਿਉਂਕਿ ਉਹ ਕੰਨਾਂ ਨਾਲ ਵਾਹਿਗੁਰੂ ਦਾ ਜੱਸ ਸੁਨਣਾ (ਸੁਨ+ਣਾ) ਣਾ = ਨਹੀਂ ਸੁਨ = ਸੁਣਦੇ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਮਨਮੁਖ ਪੈਰਾਂ ਤੋਂ ਬਗ਼ੈਰ ਹਨ, ਕਿਉਂਕਿ ਉਹ ਪੈਰਾਂ ਨਾਲ (ਚਲ+ਣਾ) ਚਲ = ਚੱਲ ਕੇ ਸਤਿਸੰਗਤ ਵਿਚ ਣਾ = ਨਹੀਂ ਜਾਂਦੇ, ਮਨਮੁਖ ਹੱਥਾਂ ਤੋਂ ਬਗ਼ੈਰ ਹਨ, ਕਿਉਂਕਿ ਉਹ ਹੱਥਾਂ ਨਾਲ ਸੇਵਾ (ਕਰ+ਣਾ) ਣਾ = ਨਹੀਂ ਕਰ = ਕਰਦੇ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਮਨਮੁਖ ਜੀਭੈ = ਜ਼ੁਬਾਨ ਤੋਂ ਬਗ਼ੈਰ ਹਨ ਕਿਉਂਕਿ ਉਹ ਜ਼ੁਬਾਨ ਦੇ ਹੁੰਦਿਆਂ ਹੋਇਆਂ ਵੀ ਵਾਹਿਗੁਰੂ ਦੇ ਨਾਮ ਨੂੰ (ਬੋਲ+ਣਾ) ਉਚਾਰਨ ਨਹੀਂ ਕਰਦੇ, ਇਉ = ਇਸ ਤਰ੍ਹਾਂ ਮਨਮੁਖਾਂ ਦੀ ਕੁਸੰਗਤ ਤੋਂ ਬਚ ਕੇ ਗੁਰਮੁਖਤਾਈ ਵਾਲੇ ਸੁਭਾਅ ਨੂੰ ਧਾਰਨ ਕਰਕੇ ਜੀਵਤ ਭਾਵ ਤੋਂ ਮਰਨਾ ਕਰੇ।

## ਤੇਰਵਾਂ ਅਰਥ

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਮਨਮੁਖ ਅੱਖਾਂ ਤੋਂ ਬਗ਼ੈਰ ਕੀਤੇ ਜਾਣਗੇ ਕਿਉਂਕਿ ਉਹ ਪਰਾਏ ਸਰੂਪਾਂ ਵੱਲ ਵਿਸ਼ਾ ਦ੍ਰਿਸ਼ਟੀ ਨਾਲ ਵੇਖਣਾ ਕਰਦੇ ਹਨ, ਕੰਨਾਂ ਤੋਂ ਬਗ਼ੈਰ ਬੋਲੇ ਕੀਤੇ ਜਾਣਗੇ ਕਿਉਂਕਿ ਕੰਨਾਂ ਨਾਲ ਉਸਤਤ ਨਿੰਦਿਆ ਦੇ ਬਚਨ ਸੁਣਦੇ ਹਨ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਮਨਮੁਖ ਪੈਰਾਂ ਤੋਂ ਬਗ਼ੈਰ ਪਿੰਗਲੇ ਕੀਤੇ ਜਾਣਗੇ ਕਿਉਂਕਿ ਉਹ ਪੈਰਾਂ ਨਾਲ ਚੱਲ ਕੇ ਕੁਸੰਗਤ ਵਿਚ ਜਾਂਦੇ ਹਨ, ਮਨਮੁਖ ਹੱਥਾਂ ਤੋਂ ਬਗ਼ੈਰ ਟੁੰਡੇ ਕੀਤੇ ਜਾਣਗੇ ਕਿਉਂਕਿ ਉਹ ਹੱਥਾਂ ਦੇ ਨਾਲ ਮੰਦ ਕਰਮ ਕਰਦੇ ਹਨ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਮਨਮੁਖ ਜੀਭ ਤੋਂ ਬਗ਼ੈਰ (ਗੂੰਗੇ) ਕੀਤੇ ਜਾਣਗੇ ਕਿਉਂਕਿ ਉਹ ਜ਼ੁਬਾਨਾਂ ਨਾਲ ਝੂਠ, ਮੰਦਾ ਬੋਲਣਾ ਕਰਦੇ ਹਨ, ਇਉਂ ਮਨਮੁਖਤਾਈ ਨੂੰ ਤਿਆਗ ਕੇ ਗੁਰਮੁਖਤਾਈ ਵਾਲਾ ਸੁਭਾਅ ਧਾਰਨ ਕਰਕੇ ਜੀਵਤ ਭਾਵ ਵੱਲੋਂ ਮਰਨਾ ਕਰੇ।

## ਚੌਦਵਾਂ ਅਰਥ

***ਸੰਕੇਤੀ ਅਰਥ :*** ਇਸ ਅਰਥ ਵਿਚ ਅੱਖਾਂ, ਕੰਨਾਂ, ਪੈਰਾਂ, ਹੱਥਾਂ ਅਤੇ ਜੀਭ ਆਦਿ ਅੰਗਾਂ ਤੋਂ ਬਗ਼ੈਰ ਮਨੁੱਖ ਦੀ ਵਿਵਸਥਾ ਕਥਨ ਕੀਤੀ ਗਈ ਹੈ।

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਅੱਖਾਂ ਤੋਂ ਬਗ਼ੈਰ ਕਿਸੇ ਨੇ ਕੀ ਦੇਖਣਾ ਹੈ, ਵੇਖਣਾ ਤਾਂ ਅੱਖਾਂ ਨਾਲ ਹੀ ਹੁੰਦਾ ਹੈ, ਕੰਨਾਂ ਤੋਂ ਬਗ਼ੈਰ ਕਿਸੇ ਨੇ ਕੀ ਸੁਣਨਾ ਹੈ, ਸੁਣਨਾ ਤਾਂ ਕੰਨਾਂ ਨਾਲ ਹੀ ਹੁੰਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਪੈਰਾਂ ਤੋਂ ਬਗ਼ੈਰ ਕਿਸੇ ਨੇ ਕੀ ਚੱਲਣਾ ਹੈ, ਕਿਉਂਕਿ ਚੱਲਣਾ ਤਾਂ ਪੈਰਾਂ ਨਾਲ ਹੀ ਹੁੰਦਾ ਹੈ ਹੱਥਾਂ ਤੋਂ ਬਗ਼ੈਰ ਕਿਸੇ ਨੇ ਕੀ ਕੋਈ ਕਰਤੱਬ ਕਰਨਾ ਹੈ, ਕਿਉਂਕਿ ਕੰਮ ਤਾਂ ਹੱਥਾਂ ਨਾਲ ਹੀ ਹੁੰਦਾ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਜੀਭ ਤੋਂ ਬਗ਼ੈਰ ਕਿਸੇ ਨੇ ਕੀ ਬੋਲਣਾ ਹੈ, ਕਿਉਂਕਿ ਬੋਲਿਆ ਤਾਂ ਜੀਭ ਨਾਲ ਹੀ ਜਾਂਦਾ ਹੈ, ਇਉ = ਇਸ ਪਰਕਾਰ ਹੰਗਤਾ ਤੋਂ ਰਹਿਤ ਹੋਣ ਰੂਪ ਜੀਵ ਭਾਵ ਤੋਂ ਮਰਨਾ ਕਰੇ।

## ਪੰਦਰਵਾਂ ਅਰਥ

ਇਸ ਅਰਥ ਵਿਚ ਸਤਿਗੁਰੂ ਜੀ ਬਾਦਸ਼ਾਹ ਦੇ ਲੱਖਣ ਕਥਨ ਕਰਦੇ ਹਨ ਕਿ ਪਰਜਾ ਦੇ ਲਈ ਸੁੱਖਦਾਈ ਬਾਦਸ਼ਾਹ ਕਿਹੋ ਜਿਹਾ ਹੋਣਾ ਚਾਹੀਦਾ ਹੈ, ਅਰਥਾਤ ਜਿਵੇਂ ਕਿ ਚੀਨ ਦਾ ਇਕ ਧਰਮੀ ਬਾਦਸ਼ਾਹ ਹੋਇਆ ਹੈ ਜੋ ਪਾਲਕ, ਪੁੰਨ ਪ੍ਰਤਾਪੀ ਸੂਰਬੀਰ ਯੋਧਾ ਤੇ ਰਾਜਨੀਤਿਕ ਆਦਿ ਗੁਣਾਂ ਵਿਚ ਨਿੰਪੁਨ ਸੀ, ਜਦੋਂ ਇਹ ਬਾਦਸ਼ਾਹ ਨੇ ਆਪਣੇ ਮ੍ਰਿਤੂ ਦਾ ਸਮਾਂ ਨੇੜੇ ਆਉਂਦਾ ਵੇਖਿਆ ਤਾਂ ਸਭਾ ਬੁਲਾ ਕੇ ਸਾਰੀ ਪਰਜਾ ਵਜ਼ੀਰਾਂ ਆਦਿ ਅਹਿਲਕਾਰਾਂ ਦੇ ਵਿਚ ਇਹੋ ਕਿਹਾ ਕਿ ਮੇਰੀ ਉਮਰ ਦਾ ਸਮਾਂ ਪੂਰਾ ਹੋਣ ਵਾਲਾ ਹੈ, ਇਹ ਸੁਣ ਕੇ ਵਜ਼ੀਰਾਂ ਨੇ ਪੁੱਛਿਆ ਕਿ ਮਹਾਰਾਜ ਜੀ ਤੁਹਾਡੇ ਤੋਂ ਬਾਅਦ ਤੁਹਾਡੀ ਗੱਦੀ ਉੱਪਰ ਕਿਸ ਨੂੰ ਬੈਠਾਇਆ ਜਾਵੇ ਤਾਂ ਰਾਜੇ ਨੇ ਕਿਹਾ ਕਿ ਮੇਰਾ ਰਾਜ ਉਸ ਨੂੰ ਦਿਓ ਜਿਸ ਦੇ, ਅੱਖਾਂ, ਕੰਨ, ਪੈਰ, ਹੱਥ, ਜੀਭ ਆਦਿ ਨਾ ਹੋਵੇ, ਇਹ ਸੁਣ ਕੇ ਵਜ਼ੀਰਾਂ ਨੇ ਹੈਰਾਨ ਹੋ ਕੇ ਕਿਹਾ ਕਿ ਬਾਦਸ਼ਾਹ ਤੁਸੀਂ ਸਾਰੀ ਉਮਰ ਵਿਚ ਅਜਿਹਾ ਨਿਆਂ ਦਾ ਰਾਜ ਕੀਤਾ, ਜਿਸ ਦੀ ਦੂਰ ਦੂਰ ਤੱਕ ਧਾਕ ਹੈ ਅਤੇ ਕਦੇ ਵੀ ਜੰਗ ਵਿਚ ਪਿੱਠ ਨਹੀਂ ਵਿਖਾਈ ਪਰੰਤੂ ਹੁਣ ਉਮਰ ਦੇ ਆਖਰੀ ਸਮੇਂ ਵਿਚ ਇਹ ਉੱਲਟ ਗੱਲ ਕਿਉਂ ਕਹੀ ਹੈ, ਕਿਉਂਕਿ ਇੰਨ੍ਹਾਂ ਅੰਗਾਂ ਤੋਂ ਬਗ਼ੈਰ ਪੁਰਖ ਦੁਨੀਆਂ ਦੇ ਕਿਸੇ ਕੰਮ ਨਹੀਂ ਆਉਂਦਾ ਫੇਰ ਰਾਜ ਕਿਵੇਂ ਕਰੇਗਾ, ਜੋ ਰਾਜੇ ਨੇ ਉਥੇ ਅਹਿਲਕਾਰਾਂ ਨੂੰ ਕਿਹਾ ਉਸੇ ਭਾਵ ਨੂੰ ਲੈ ਕੇ ਇਹ ਅਰਥ ਸਮਝਣਾ।[1]

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਅੱਖਾਂ ਤੋਂ ਬਗ਼ੈਰ ਤੋਂ ਭਾਵ ਹੈ ਕਿ ਉਹ ਕਿਸੇ ਦੇ ਹੱਕ, ਸਰੂਪ ਵੱਲ ਵਿਸ਼ੇ ਵਾਸ਼ਨਾ ਦੇ ਅਧੀਨ ਹੋ ਕੇ ਨਾ ਵੇਖੇ ਸਗੋਂ ਸਾਰਿਆਂ ਵੱਲ ਨਿਆਂ ਦੀ ਦ੍ਰਿਸ਼ਟੀ ਨਾਲ ਵੇਖਣ ਵਾਲਾ ਹੋਵੇ, ਕੰਨਾਂ ਦੇ ਬਿਨਾਂ ਤੋਂ ਭਾਵ ਹੈ ਕਿ ਉਹ ਕਿਸੇ ਦੀ ਨਿੰਦਿਆ, ਚੁਗਲੀ, ਝੂਠੀ ਗੱਲ ਸੁਣ ਕੇ ਸਜ਼ਾ ਦੇਣ ਵਾਲਾ ਨਾ ਹੋਵੇ, ਸਗੋਂ ਪ੍ਰਮਾਤਮਾ ਦਾ ਜੱਸ **ਵਾ:** ਗ਼ਰੀਬਾਂ ਦੀ ਫਰਿਆਦ ਸੁਣਨ ਵਾਲਾ ਹੋਵੇ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਪੈਰਾਂ ਦੇ ਬਗ਼ੈਰ ਤੋਂ ਭਾਵ ਹੈ ਕਿ ਉਹ ਪੈਰਾਂ ਨਾਲ ਕੁਸੰਗਤ ਵੱਲ ਚੱਲ ਕੇ ਨਾ ਜਾਣ ਵਾਲਾ ਹੋਵੇ, ਸਗੋਂ ਤੀਰਥ ਯਾਤਰਾ, ਸਤਿਸੰਗਤ ਵੱਲ ਚੱਲ ਕੇ ਜਾਣ ਵਾਲਾ ਹੋਵੇ, ਹੱਥਾਂ ਤੋਂ ਬਗ਼ੈਰ ਹੋਣ ਦਾ

---

੧. ਇਸੇ ਵਾਰਤਾ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮੇ ਦੀ ਤੀਸਰੀ ਹਕਾਇਤ ਵਿਚ ਇਉਂ ਵਰਣਨ ਕੀਤਾ ਹੈ। ਜੈਸਾ ਕਿ :

**ਬ ਹੋਸ਼ ਅੰਦਰ ਆਮਦ ਕੁਸ਼ਾਦੋ ਦੁ ਚਸ਼ਮ।**
**ਬਗੁਫਤਾ ਸੁਖਨ ਸ਼ਾਹਿ ਪੇਸ਼ੀਨ ਰਸਮ।**
**ਨਾ ਪਾਓ ਨ ਦਸਤੋ ਨ ਚਸ਼ਮੋ ਜੁਬਾ।**
**ਨ ਹੋਸ਼ੋ ਨ ਹਿੰਮਤ ਨਾ ਹੈਬਤ ਕਸਾਂ।** *(ਸ੍ਰੀ ਦਸਮ ਗ੍ਰੰਥ, ਪੰਨਾ ੧੩੯੭)*

ਭਾਵ ਹੈ ਕਿ ਕਿਸੇ ਦਾ ਕਤਲ ਕਰਨ ਵਾਲਾ ਜਾਂ ਵੱਢੀ ਲੈ ਕੇ ਕਿਸੇ ਮੁਜਰਿਮ ਨੂੰ ਰਿਹਾਅ ਕਰਨ ਵਾਲਾ ਨਾ ਹੋਵੇ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਜੀਭ ਦੇ ਬਗ਼ੈਰ ਤੋਂ ਭਾਵ ਹੈ ਕਿ ਝੂਠ ਬੋਲਣ ਵਾਲਾ **ਵਾ:** ਝੂਠਾ ਹੁਕਮ ਦੇ ਕੇ ਕਿਸੇ ਦਾ ਘਰ ਉਜਾੜਨ ਵਾਲਾ ਨਾ ਹੋਵੇ, ਸਗੋਂ ਪਰਮਾਤਮਾ ਦਾ ਜੱਸ, ਸੱਚੇ ਬਚਨ ਬੋਲਣ ਵਾਲਾ ਹੋਵੇ, ਇਉ = ਇਸ ਪ੍ਰਕਾਰ ਐਸੇ ਗੁਣ ਨੂੰ ਧਾਰਨ ਕਰਕੇ ਜੀਵਤ ਭਾਵ ਤੋਂ ਮਰਨਾ ਕਰੇ।

**ਨਾਨਕ ਹੁਕਮੁ ਪਛਾਣਿ ਕੈ; ਤਉ ਖਸਮੈ ਮਿਲਣਾ॥੧॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਸ ਪ੍ਰਕਾਰ ਬਾਦਸ਼ਾਹ ਆਪਣੇ ਰਾਜ ਭਾਗ, ਹੁਕਮ ਦਾ ਹੰਕਾਰ ਨਾ ਕਰੇ ਸਗੋਂ ਪਰਮੇਸ਼ਰ ਦਾ ਹੁਕਮ ਪਛਾਣਨਾ ਕਰੇ ਕਿ ਇਹ ਰਾਜ ਭਾਗ ਪਰਮੇਸ਼ਰ ਦਾ ਹੀ ਬਖ਼ਸ਼ਿਆ ਹੋਇਆ ਹੈ ਤੇ ਇਥੇ ਹੁਕਮ ਵੀ ਪਰਮੇਸ਼ਰ ਦਾ ਹੀ ਚੱਲਦਾ ਹੈ, ਤਾਂ ਫੇਰ ਐਸਾ ਬਾਦਸ਼ਾਹ ਖਸਮੈ = ਮਾਲਕ ਪਰਮੇਸ਼ਰ ਦੇ ਸਰੂਪ ਨਾਲ ਮਿਲਣਾ ਕਰਦਾ ਹੈ॥੧॥

## ਸੋਲਵਾਂ ਅਰਥ

ਇਹ ਅਰਥ ਵਿਚ ਭਿਖਸ਼ੂ ਸਾਧੂਆਂ ਦੇ ਲਖਸ਼ਣ ਕਥਨ ਕੀਤੇ ਹਨ, ਕਿਉਂਕਿ ਪੁਰਾਤਨ ਸਮੇਂ ਵਿਚ ਮਧੂਕਰੀ ਦਾ ਅੰਨ ਪਵਿੱਤਰ ਮੰਨ ਕੇ ਸਾਧੂ ਜਨ ਅੱਠ ਪਹਿਰਾਂ ਬਾਅਦ ਇਹ ਭੋਜਨ ਛਕਦੇ ਸਨ, ਜਿਸ ਦਾ ਜ਼ਿਕਰ ਕਬੀਰ ਸਾਹਿਬ ਜੀ ਕਰਦੇ ਹਨ, ਜੈਸਾ ਕਿ :

**ਕਬੀਰ ਭਲੀ ਮਧੁਕਰੀ ਨਾਨਾ ਬਿਧਿ ਕੋ ਨਾਜੁ॥**
**ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ॥੧੯੮॥** *(ਅੰਗ ੧੩੭੩)*

ਇਉਂ ਮਧੂਕਰੀ ਦੇ ਅੰਨ ਦੀ ਮਹਾਨਤਾ ਹੋਣ ਕਰਕੇ ਸਾਧੂ ਆਪਣੇ ਸ਼ਿਸ਼ਾਂ ਨੂੰ ਗਜਾ ਕਰਨ ਲਈ ਭੇਜਦੇ ਅਤੇ ਪਰਖਣਾ ਕਰਦੇ ਸਨ ਕਿ ਇਸ ਵਿਚ ਭਿਖਸ਼ੂ ਦੇ ਲਖਸ਼ਣ ਪੂਰੇ ਪੱਕ ਜਾਣ ਫੇਰ ਇਹ ਸਾਧੂ ਬਣ ਕੇ ਡੋਲੇਗਾ ਨਹੀਂ, ਇਸੇ ਲਈ ਸਤਿਗੁਰੂ ਜੀ ਇਥੇ ਭਿਖਸ਼ੂ ਦੇ ਲਖਸ਼ਣ ਦੱਸਦੇ ਹਨ।

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਭਿਖਸ਼ੂ ਅੱਖਾਂ ਨਾਲ ਰੋਟੀ ਆਦਿ ਪ੍ਰਾਪਤ ਕਰਨ ਤੋਂ ਬਗ਼ੈਰ ਹੋਰ ਪਰਾਏ ਸਰੂਪ ਵੱਲ ਮੰਦ ਦ੍ਰਿਸ਼ਟੀ ਨਾਲ ਨਾ ਦੇਖਣਾ ਕਰੇ, ਬਲਕਿ ਮਾਤਾ ਭੈਣ ਦੀ ਦ੍ਰਿਸ਼ਟੀ ਨਾਲ ਦੇਖਣਾ ਕਰੇ, ਕੰਨਾਂ ਨਾਲ ਰੋਟੀ ਲੈਣ ਦੀ ਅਵਾਜ਼ ਹੀ ਸੁਣੇ ਹੋਰ ਨਿੰਦਿਆਂ ਚੁਗਲੀ ਆਦਿ ਦੀਆਂ ਗੱਲਾਂ ਨਾ ਸੁਣੇ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਅੱਠੀਂ ਪਹਿਰੀ ਇਕ ਵਾਰ ਹੀ ਪੈਰਾਂ ਨਾਲ ਚੱਲ ਕੇ ਭੋਜਨ ਲੈਣ ਲਈ ਜਾਵੇ, ਬਾਕੀ ਦੇ ਸਮੇਂ ਪੈਰਾਂ ਤੋਂ ਬਗ਼ੈਰ ਹੀ ਰਹੇ ਭਾਵ ਹਰ ਵੇਲੇ ਬੈਠ ਕੇ ਸਿਮਰਨ ਕਰੇ, ਹੱਥਾਂ ਨਾਲ ਸਰੀਰ ਦੀ ਕਿਰਿਆ ਤੋਂ ਬਗ਼ੈਰ ਹੋਰ ਕਰਤੱਬਾਂ ਵਿਚ ਨਾ ਫਸਣਾ ਕਰੇ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਜ਼ੁਬਾਨ ਨੂੰ ਲੋਕਾਂ ਤਾਈਂ ਵਰ, ਸਰਾਪ ਦੇਣ ਤੋਂ ਬਗ਼ੈਰ ਰੱਖੇ, ਭਾਵ ਜ਼ੁਬਾਨ ਕਰਕੇ ਸਭ ਦਾ ਭਲਾ ਮੰਗੇ, ਕਿਸੇ ਨੂੰ ਵਰ, ਰਾਪ ਨਾ ਦੇਵੇ ਇਉ = ਇਸ ਪ੍ਰਕਾਰ ਸਾਰੀਆਂ ਇੰਦਰੀਆਂ ਨੂੰ ਸੰਕੋਚ ਕੇ ਜੀਵਤ ਭਾਵ ਤੋਂ ਮਰਨਾ ਕਰੇ।

## ਸਤਾਰਵਾਂ ਅਰਥ

ਇਹ ਅਰਥ ਯੋਗਾ ਅਭਿਆਸੀ ਜੋਗੀਆਂ ਦੇ ਪ੍ਰਥਾਏ ਸਮਝਣਾ

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਇਨ੍ਹਾਂ ਪ੍ਰਤੱਖ ਅੱਖਾਂ ਤੋਂ ਬਗ਼ੈਰ ਦਸਮ ਦੁਆਰ ਦੀ ਜੋਤ (ਚੇਤਨ ਦੀ ਲਾਟ) ਨੂੰ ਸੁਰਤ ਰੂਪ ਨੇਤਰਾਂ ਨਾਲ ਵੇਖਣਾ ਕਰੀਦਾ ਹੈ ਅਤੇ ਦਸਮ ਦੁਆਰ ਵਿਚ ਇਸਥਿਤ ਹੋ ਕੇ ਇਨ੍ਹਾਂ ਅਸਥੂਲ ਕੰਨਾਂ ਤੋਂ ਬਗ਼ੈਰ ਅਨਹਦ ਵਾਜੇ ਸੁਣੀਦੇ ਹਨ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਇਨ੍ਹਾਂ ਪ੍ਰਤੱਖ ਪੈਰਾਂ ਤੋਂ ਬਗ਼ੈਰ ਪ੍ਰਾਣਾਯਾਮ ਕਰਕੇ ਸੁਰਤ ਰੂਪ ਪੈਰਾਂ ਨਾਲ ਚੱਲ ਕੇ ਦਸਮ ਦੁਆਰ ਵਿਚ ਜਾਈਦਾ ਹੈ, ਅਤੇ ਇਨ੍ਹਾਂ ਪ੍ਰਤੱਖ ਹੱਥਾਂ ਤੋਂ ਬਗ਼ੈਰ ਹੀ ਧਿਆਨ ਰੂਪ ਹੱਥਾਂ ਨਾਲ ਸਾਰੇ ਕਰਤੱਬ ਕਰਨਾ ਕਰੀਦੇ ਹਨ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਉਥੇ ਪ੍ਰਤੱਖ ਜੀਭਾਂ ਤੋਂ ਬਗ਼ੈਰ ਸੁਰਤ ਰੂਪ ਜ਼ੁਬਾਨ ਨਾਲ ਹੀ ਬਚਨ ਬੋਲੀਦੇ ਹਨ, ਇਉ = ਇਸ ਪ੍ਰਕਾਰ ਦਸਮ ਦੁਆਰ ਵਿਚ ਪਹੁੰਚਣ ਵਾਲਾ ਜੋਗੀ ਜੀਵਤ ਭਾਵ ਤੋਂ ਮਰਣਾ ਕਰੇ।

## ਅਠਾਰਵਾਂ ਅਰਥ

ਇਹ ਅਰਥ ਅਨੁਭਵ ਰੂਪੀ ਵਿਆਖਿਆ ਦਾ ਹੈ।

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਉਸ ਪਰਮੇਸ਼ਰ ਦਾ ਅਸਚਰਜ ਸਰੂਪ ਇਨ੍ਹਾਂ ਅਸਥੂਲ ਅੱਖਾਂ ਤੋਂ ਬਗ਼ੈਰ ਅਨੁਭਵ ਰੂਪ ਅੱਖਾਂ ਨਾਲ ਵੇਖੀਦਾ ਹੈ ਅਤੇ ਉਨ੍ਹਾਂ ਅਸਥੂਲ ਕੰਨਾਂ ਤੋਂ ਬਗ਼ੈਰ ਅਨੁਭਵ ਰੂਪ ਕੰਨਾਂ ਨਾਲ ਸੁਣੀਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਇਨ੍ਹਾਂ ਅਸਥੂਲ ਪੈਰਾਂ ਤੋਂ ਬਗ਼ੈਰ ਉਸ ਲੋਕ ਵਿਚ ਅਨੁਭਵ ਰੂਪ ਪੈਰਾਂ ਨਾਲ ਚੱਲ ਕੇ ਜਾਈਦਾ ਹੈ, ਇਨ੍ਹਾਂ ਅਸਥੂਲ ਹੱਥਾਂ ਤੋਂ ਬਗ਼ੈਰ ਉਸਦੀ ਅਨੁਭਵ ਰੂਪ ਹੱਥਾਂ ਨਾਲ ਸੇਵਾ ਕਰੀਦੀ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ॥**

ਇਸ ਅਸਥੂਲ ਜੀਭੈ = ਜ਼ੁਬਾਨ ਤੋਂ ਬਗ਼ੈਰ ਉਸ ਨੂੰ ਅਨੁਭਵ ਪ੍ਰਕਾਸ਼ ਰੂਪ ਜ਼ੁਬਾਨ ਨਾਲ ਬੋਲ ਕੇ ਕਥਨ ਕਰੀਦਾ ਹੈ। ਇਉ = ਇਸ ਪ੍ਰਕਾਰ ਹੰਗਤਾ ਤੋਂ ਰਹਿਤ ਹੋ ਕੇ ਜੀਵਤ ਭਾਵ ਤੋਂ ਮਰਨਾ ਕਰੇ।

## ਉਨੀਵਾਂ ਅਰਥ

ਇਹ ਅਰਥ ਅਦ੍ਵੈਤ ਸਰੂਪ ਦੀ ਵਿਆਖਿਆ ਦਾ ਹੈ।

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ॥**

ਉਹ ਅਦ੍ਵੈਤ ਸਰੂਪ ਬ੍ਰਹਮ ਅੱਖਾਂ ਤੋਂ ਬਗ਼ੈਰ ਹੈ, ਪਰੰਤੂ ਸਾਰਿਆਂ ਦੀਆਂ ਅੱਖਾਂ ਵਿਚ ਅਦ੍ਵੈਤ ਰੂਪ ਹੋ ਕੇ ਵੇਖ ਰਿਹਾ ਹੈ, ਉਹ ਅਦ੍ਵੈਤ ਸਰੂਪ ਬ੍ਰਹਮ ਕੰਨਾਂ ਤੋਂ ਬਗ਼ੈਰ ਹੈ, ਪਰੰਤੂ ਸਾਰਿਆਂ ਦੇ ਕੰਨਾਂ ਵਿਚ ਇਸਥਿਤ ਹੋ ਕੇ ਸੁਣ ਰਿਹਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ॥**

ਉਹ ਅਦ੍ਵੈਤ ਸਰੂਪ ਬ੍ਰਹਮ ਪੈਰਾਂ ਤੋਂ ਬਗ਼ੈਰ ਹੈ, ਪਰ ਅਦ੍ਵੈਤ ਸਰੂਪ ਬ੍ਰਹਮ ਆਪ ਹੀ ਸਾਰਿਆਂ ਦੀ ਚੱਲਣ

ਦੀ ਕਿਰਿਆ ਕਰਵਾ ਰਿਹਾ ਹੈ, ਉਹ ਅਦ੍ਵੈਤ ਸਰੂਪ ਬ੍ਰਹਮ ਹੱਥਾਂ ਤੋਂ ਬਗ਼ੈਰ ਹੈ, ਪਰ ਅਦ੍ਵੈਤ ਸਰੂਪ ਆਪ ਹੀ ਸਾਰਿਆਂ ਦੇ ਹੱਥਾਂ ਤੋਂ ਕਰਤੱਵ ਕਰਵਾ ਰਿਹਾ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਉਹ ਅਦ੍ਵੈਤ ਸਰੂਪ ਜੀਭੈ = ਜ਼ੁਬਾਨ ਤੋਂ ਬਗ਼ੈਰ ਹੈ, ਪਰ ਅਦ੍ਵੈਤ ਸਰੂਪ ਬ੍ਰਹਮ ਆਪ ਹੀ ਸਾਰਿਆਂ ਦੀ ਜ਼ੁਬਾਨ ਤੋਂ ਬੋਲ ਬੁਲਾ ਰਿਹਾ ਹੈ, ਇਉ = ਇਸ ਪ੍ਰਕਾਰ ਜੀਵਤ ਭਾਵ ਤੋਂ ਮਰਨਾ ਕਰੇ।

## ਵੀਹਵਾਂ ਅਰਥ

**ਅਖੀ ਬਾਝਹੁ ਵੇਖਣਾ; ਵਿਣੁ ਕੰਨਾ ਸੁਨਣਾ ॥**

ਉਹ ਪਰਮੇਸ਼ਰ ਇਨ੍ਹਾਂ ਪ੍ਰੱਤਖ ਅੱਖਾਂ ਤੋਂ ਬਗ਼ੈਰ ਵੈਰਾਗ, ਬਿਬੇਕ, ਪ੍ਰੋਖ, ਅਪ੍ਰੋਖ ਗਿਆਨ ਰੂਪੀ ਨੇਤਰਾਂ ਨਾਲ ਵੇਖਣਾ = ਵੇਖੀਦਾ ਹੈ[1] ਇਨ੍ਹਾਂ ਬਾਹਰਲੇ ਕੰਨਾਂ ਤੋਂ ਬਗ਼ੈਰ ਸ਼ਰਧਾ ਤੇ ਵਿਸ਼ਵਾਸ ਰੂਪ ਕੰਨਾਂ ਨਾਲ ਸੁਣੀਦਾ ਹੈ।

**ਪੈਰਾ ਬਾਝਹੁ ਚਲਣਾ; ਵਿਣੁ ਹਥਾ ਕਰਣਾ ॥**

ਇਨ੍ਹਾਂ ਪ੍ਰਤੱਖ ਪੈਰਾਂ ਤੋਂ ਬਗ਼ੈਰ ਉਸ ਦੇ ਭੈ ਧਾਰਨ ਰੂਪੀ ਚਰਨਾਂ ਦੇ ਨਾਲ ਉਸ ਦੀ ਪ੍ਰਾਪਤੀ ਵਾਲੇ, ਸੁਰਤੀ ਦੇ ਰਸਤੇ 'ਤੇ ਚੱਲੀਦਾ ਹੈ, ਇਨ੍ਹਾਂ ਪ੍ਰਤੱਖ ਹੱਥਾਂ ਤੋਂ ਬਗ਼ੈਰ ਪ੍ਰੇਮ ਰੂਪੀ ਹੱਥਾਂ ਦੇ ਨਾਲ ਉਸ ਦੀ ਟਹਿਲ ਕਰਨਾ ਕਰੀਦਾ ਹੈ।

**ਜੀਭੈ ਬਾਝਹੁ ਬੋਲਣਾ; ਇਉ ਜੀਵਤ ਮਰਣਾ ॥**

ਇਸ ਪ੍ਰੱਤਖ ਜ਼ੁਬਾਨ ਤੋਂ ਬਗ਼ੈਰ ਪ੍ਰੀਤ ਰੂਪੀ ਜ਼ੁਬਾਨ ਦੇ ਨਾਲ ਹੀ ਉਸ ਦੀ ਪ੍ਰਾਪਤੀ ਵਾਲੇ ਬਚਨ ਬੋਲੀਦੇ ਹਨ, ਇਉਂ ਉਸ ਦੀ ਪ੍ਰਾਪਤੀ ਲਈ ਐਸੇ ਗੁਣ ਧਾਰਨ ਕਰਕੇ ਜੀਵਤ ਭਾਵ ਤੋਂ ਮਰਨਾ ਕਰੇ।

## ਮਃ ੨ ॥

ਸ੍ਰੀ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਨੂੰ ਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਪਾਤਸ਼ਾਹ ਜੀ ! ਪਰਮੇਸ਼ਰ ਦਿੱਸਦਾ ਕਿਵੇਂ ਹੈ ?

# ਦਿਸੈ ਸੁਣੀਐ ਜਾਣੀਐ; ਸਾਉ ਨ ਪਾਇਆ ਜਾਇ ॥

***ਪਹਿਲਾ ਅਰਥ :*** ਜਿਸ ਦੀ ਕਿਰਪਾ **ਵਾ:** ਚੇਤਨ ਸਤਾ ਸਦਕਾ ਨੇਤ੍ਰਾਂ ਨਾਲ ਦਿਸੈ = ਦੇਖੀਦਾ ਹੈ, ਕੰਨਾਂ ਨਾਲ ਸੁਣੀਐ = ਸੁਣੀਦਾ ਹੈ, ਹਿਰਦੇ ਵਿਚ ਜਾਣੀਐ = ਜਾਣੀਦਾ ਹੈ **ਵਾ:** ਜੋ ਪ੍ਰਮਾਤਮਾ ਸਾਰਿਆਂ ਨੂੰ ਵੇਖ ਰਿਹਾ ਹੈ, ਸਭ ਦੀਆਂ ਗੱਲਾਂ ਸੁਣ ਰਿਹਾ ਹੈ ਅਤੇ ਸਾਰਿਆਂ ਦੇ ਮਨ ਦੀ ਜਾਣਦਾ ਹੈ, ਉਸ ਦਾ ਸਾਉ = ਸੁਆਦ ਭਾਵ ਅਨੰਦ ਜੀਵ ਪਾਸੋਂ ਅਗਿਆਨ ਦੇ ਕਾਰਨ ਪਾਇਆ ਨਹੀਂ ਜਾਂਦਾ।

***ਦੂਸਰਾ ਅਰਥ :*** ਵੇਦ ਸ਼ਾਸਤਰਾਂ ਦੁਆਰਾ ਦਿਸੈ = ਦਿੱਸਦਾ ਹੈ ਕਿ ਸਾਰਾ ਸੰਸਾਰ ਨਾਸ਼ਵੰਤ ਹੈ ਗੁਰਾਂ ਦੁਆਰਾ ਸੁਣੀਐ = ਸੁਣੀਦਾ ਹੈ ਕਿ ਸੰਸਾਰ ਨੇ ਕੂਚ ਕਰ ਜਾਣਾ ਹੈ। ਅਨੁਭਵ ਦੁਆਰਾ ਜਾਣੀਐ = ਜਾਣੀਦਾ ਹੈ ਕਿ ਸੰਸਾਰ ਮਰ ਕੇ ਜਾ ਰਿਹਾ ਹੈ।

***ਤੀਸਰਾ ਅਰਥ :*** ਉਹ ਤੱਤਬੇਤਿਆਂ ਰਾਹੀਂ ਦਿਸੈ = ਦਿਸਦਾ ਹੈ, ਸ੍ਰਵਣ ਕਰਕੇ ਸੁਣੀਐ = ਸੁਣੀਦਾ ਹੈ।

---

੧. **ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥** *(ਵਡਹੰਸੁ ਮ: ੫, ਅੰਗ ੫੭੭)*

ਉਸ ਦੇ ਰਸ ਨੂੰ ਮੰਨਣ ਕਰਕੇ ਜਾਣੀਐ = ਜਾਣੀਦਾ ਹੈ। ਆਮ ਜੀਵਾਂ ਪਾਸੋਂ ਅਗਿਆਨ ਦੇ ਕਾਰਨ ਉਸ ਦੇ ਅਨੰਦ ਨੂੰ ਪਾਇਆ ਨਹੀਂ ਜਾਂਦਾ।

## ਰੁਹਲਾ ਟੁੰਡਾ ਅੰਧੁਲਾ; ਕਿਉ ਗਲਿ ਲਗੈ ਧਾਇ ॥

ਜੇ ਕੋਈ ਪੈਰਾਂ ਤੋਂ ਰੁਹਲਾ = ਪਿੰਗਲਾ ਹੋਵੇ ਤੇ ਹੱਥਾਂ ਤੋਂ ਟੁੰਡਾ = ਰਹਿਤ ਹੋਵੇ (ਹੱਥ ਨਾ ਹੋਣ, ਬਾਕੀ ਦੀ ਬਾਂਹ ਨੂੰ ਟੁੰਡ ਕਹਿੰਦੇ ਹਨ) ਅੱਖਾਂ ਤੋਂ ਬਗ਼ੈਰ ਅੰਧੁਲਾ = ਅੰਨ੍ਹਾ ਹੋਵੇ ਤੇ ਉਹ ਕਿਉ = ਕਿਵੇਂ ਧਾਇ = ਦੌੜ ਕੇ ਆਪਣੇ ਸੱਜਣ ਮਿੱਤਰਾਂ ਦੇ ਗਲ ਲਗੈ = ਲੱਗ ਸਕਦਾ ਹੈ **ਵਾ:** ਇਸੇ ਤਰ੍ਹਾਂ ਜੋ ਜੀਵ ਸਾਧਨਾ ਰੂਪੀ ਪੈਰਾਂ ਤੋਂ ਰੁਹਲਾ = ਪਿੰਗਲਾ ਹੈ, ਪ੍ਰੇਮ ਰੂਪੀ ਹੱਥਾਂ ਤੋਂ ਬਿਨ੍ਹਾਂ ਟੁੰਡਾ ਹੈ, ਬਿਬੇਕ ਵੈਰਾਗ ਰੂਪੀ ਨੇਤਰਾਂ ਤੋਂ ਹੀਣਾ ਅੰਨ੍ਹਾ ਹੈ, ਉਹ ਪਰਮਾਤਮਾ ਦੇ ਅਭੇਦ ਨਿਸਚੇ ਰੂਪੀ ਕੰਠ ਨਾਲ ਕਿਵੇਂ ਧਾਹ ਭਾਵ ਦੌੜ ਕੇ ਲੱਗ ਸਕਦਾ ਹੈ ਭਾਵ ਉਸ ਦੇ ਮਿਲਾਪ ਦਾ ਅਨੰਦ ਪ੍ਰਾਪਤ ਨਹੀਂ ਹੋ ਸਕਦਾ ?

ਫਿਰ ਸਿੱਖਾਂ ਨੇ ਪੁੱਛਿਆ ਕਿ ਮਹਾਰਾਜ ਜੀ ! ਫੇਰ ਉਸ ਨਾਲ ਕਿਵੇਂ ਮਿਲਿਆ ਜਾਵੇ ? ਤਾਂ ਉਚਾਰਨ ਕਰਦੇ ਹਨ।

## ਭੈ ਕੇ ਚਰਣ, ਕਰ ਭਾਵ ਕੇ; ਲੋਇਣ ਸੁਰਤਿ ਕਰੇਇ ॥

ਪਰਮੇਸ਼ਰ ਕੇ = ਦੇ ਭੈ ਵਿਚ ਰਹਿਣ ਰੂਪ ਚਰਨ ਬਣਾਵੇ ਅਤੇ ਭਾਵ = ਪ੍ਰੇਮ ਕੇ = ਦੇ ਕਰ = ਹੱਥ ਬਣਾਵੇ, ਜੋ ਸੁਰਤੀ ਸਿਮਰਤੀ ਦਾ ਸਿਧਾਂਤ ਹੈ, ਇਸ ਨੂੰ ਲੋਇਣ = ਨੇਤਰ ਬਣਾਉਣਾ ਕਰੇਇ = ਕਰੇ **ਵਾ:** ਪ੍ਰਮਾਰਥ ਦੀ ਸੁਰਤਿ = ਗਿਆਤ **ਵਾ:** ਪ੍ਰੋਖ ਅਪ੍ਰੋਖ ਗਿਆਨ ਰੂਪੀ ਨੇਤਰਾਂ ਦੁਆਰਾ ਵਿਚਾਰ ਰੂਪੀ ਨਜ਼ਰ ਬਣਾਉਣਾ ਕਰੇ।

## ਨਾਨਕੁ ਕਹੈ ਸਿਆਣੀਏ; ਇਵ ਕੰਤ ਮਿਲਾਵਾ ਹੋਇ ॥੨॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਤੱਤ ਸਿਧਾਂਤ ਦੇ ਜਾਨਣ ਵਾਲੀਓ ਸਿਆਣੀਏ = ਸੂਝਵਾਨ ਸਖੀਓ ! ਇਵ = ਇਸ ਪ੍ਰਕਾਰ ਪ੍ਰਭੂ ਕੰਤੁ = ਪਤੀ ਦਾ ਮਿਲਾਵਾ = ਮਿਲਾਪ ਹੋਇ = ਹੁੰਦਾ ਹੈ ॥੨॥

## ਪਉੜੀ ॥ ਸਦਾ ਸਦਾ ਤੂੰ ਏਕੁ ਹੈ; ਤੁਧੁ ਦੂਜਾ ਖੇਲੁ ਰਚਾਇਆ ॥

ਹੇ ਪਰਮੇਸ਼ਰ ! ਏਕੁ = ਇਕ ਤੂੰ ਹੀ ਸਦਾ ਸਦਾ = ਹਮੇਸ਼ਾ ਹਮੇਸ਼ਾ ਰਹਿਣ ਵਾਲਾ ਇਸਥਿਤ ਰੂਪ ਹੈਂ ਅਤੇ ਤੁਧੁ = ਤੂੰ ਆਪ ਹੀ ਕੁਦਰਤ ਦੁਆਰਾ ਸੰਸਾਰ ਦਾ ਦੂਜਾ = ਦੂਸਰਾ ਖੇਲ ਰਚਾਇਆ ਹੈ **ਵਾ:** ਦੂਜਾ = ਦਵੈਤ ਭਾਵ ਵਿਚ ਸੰਸਾਰ ਦੀ ਖੇਡ ਨੂੰ ਬਣਾਉਣਾ ਕੀਤਾ ਹੈ।

## ਹਉਮੈ ਗਰਬੁ ਉਪਾਇ ਕੈ; ਲੋਭੁ ਅੰਤਰਿ ਜੰਤਾ ਪਾਇਆ ॥

ਇਸ ਮਾਇਆਂ ਨੇ ਹਉਮੈ = ਹੰਗਤਾ ਮਮਤਾ ਦੇ ਗਰਬੁ = ਹੰਕਾਰ ਉਪਾਇ = ਪੈਦਾ ਕੈ = ਕਰਕੇ ਜੰਤਾ = ਜੀਵਾਂ ਦੇ ਅੰਤਰਿ = ਅੰਦਰ ਜੋੜਨ ਦਾ ਲੋਭੁ = ਲਾਲਚ ਪਾਇਆ = ਪਾਉਣਾ ਕੀਤਾ ਹੈ।

## ਜਿਉ ਭਾਵੈ, ਤਿਉ ਰਖੁ ਤੂ; ਸਭ ਕਰੇ ਤੇਰਾ ਕਰਾਇਆ ॥

ਹੇ ਪਰਮੇਸ਼ਰ ਵਾਹਿਗੁਰੂ ਜੀ ! ਹੁਣ ਜਿਉ = ਜਿਵੇਂ ਤੈਨੂੰ ਭਾਵੈ = ਭਾਉਂਦਾ ਹੈ, ਤਿਉ = ਤਿਵੇਂ ਹੀ ਤੂੰ ਸਾਡੀ ਰਖੁ = ਰੱਖਿਆ ਕਰ ਕਿਉਂਕਿ ਇਹ ਸੰਸਾਰ ਸਭ = ਸਾਰਾ ਕੁਝ ਤੇਰਾ ਹੀ ਕਰਾਇਆ ਹੋਇਆ ਕਰਤੱਵ ਕਰ ਰਿਹਾ ਹੈ।

## ਇਕਨ੍ਾ ਬਖਸਹਿ ਮੇਲਿ ਲੈਹਿ; ਗੁਰਮਤੀ ਤੁਧੈ ਲਾਇਆ ॥

ਇਕਨ੍ਾ = ਕਈਆਂ ਦੇ ਔਗੁਣ ਬਖਸਹਿ = ਬਖ਼ਸ਼ ਕੇ ਸਤਿਸੰਗਤ ਦੇ ਨਾਲ ਮੇਲ ਲੈਹਿ = ਲੈਂਦਾ ਹੈਂ ਕਿਉਂਕਿ ਉਨ੍ਹਾਂ ਨੂੰ ਤੁਧੈ = ਤੂੰ ਆਪ ਹੀ ਗੁਰਮਤੀ = ਗੁਰੂ ਸਿੱਖਿਆ ਵਿਚ ਲਾਇਆ = ਲਾਉਣਾ ਕੀਤਾ ਹੈ **ਵਾ:** ਆਪਣੇ ਨਿਜ ਸਰੂਪ ਦੀ ਪ੍ਰਾਪਤੀ ਲਈ ਲਾਇਆ ਹੈ।

## ਇਕਿ ਖੜੇ ਕਰਹਿ ਤੇਰੀ ਚਾਕਰੀ; ਵਿਣੁ ਨਾਵੈ ਹੋਰੁ ਨ ਭਾਇਆ ॥

ਇਕਿ = ਕਈ ਖੜੇ = ਖਲੋ ਭਾਵ ਸਾਵਧਾਨ ਹੋ ਕੇ ਤੇਰੀ ਸੇਵਾ ਰੂਪ ਚਾਕਰੀ = ਨੌਕਰੀ ਕਰਹਿ = ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਨਾਮ ਤੋਂ ਬਿਨਾਂ ਹੋਰ ਕੋਈ ਵੀ ਪਦਾਰਥ ਭਾਇਆ = ਚੰਗਾ ਨਹੀਂ ਲੱਗਦਾ।

## ਹੋਰੁ ਕਾਰ ਵੇਕਾਰ ਹੈ; ਇਕਿ ਸਚੀ ਕਾਰੈ ਲਾਇਆ ॥

ਉਹ ਜਾਣਦੇ ਹਨ ਕਿ ਨਾਮ ਤੋਂ ਬਗ਼ੈਰ ਹੋਰ ਸਾਰੀਆਂ ਕਾਰਾਂ ਵੇਕਾਰ = ਖੋਟੀਆਂ ਹਨ, ਇਕਿ = ਇਕ ਉਨ੍ਹਾਂ ਨੂੰ ਹੀ ਆਪਣੀ ਭਗਤੀ ਰੂਪੀ ਸਚੀ ਕਾਰੈ = (ਕਰਤੱਬ) ਵਿਚ ਲਾਇਆ = ਲਾਉਣਾ ਕੀਤਾ ਹੈ।

## ਪੁਤੁ ਕਲਤੁ ਕੁਟੰਬੁ ਹੈ; ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥

ਜੋ ਪੁਤੁ = ਪੁੱਤਰ ਕਲਤੁ = ਇਸਤਰੀ ਤੇ ਇਸ ਤੋਂ ਵਧਿਆ ਹੋਇਆ ਕੁਟੰਬੁ = ਪਰਿਵਾਰ ਹੈ, ਇਕ ਤਾਂ ਇਸ ਵਿਚ ਹੀ ਖੱਚਤ ਹੋ ਰਹੇ ਹਨ ਅਤੇ ਇਕਿ = ਕਈ ਗੁਰਮੁਖ ਪਰਿਵਾਰ ਵਿਚ ਵਸਦੇ ਹੋਏ ਜੋ = ਜਿਹੜੇ ਤੁਧੁ = ਤੈਨੂੰ ਭਾਇਆ = ਭਾ ਗਏ ਹਨ। ਜਿਵੇਂ ਰਾਜਾ ਜਨਕ, ਭਾਈ ਭਿਖਾਰੀ ਆਦਿ; ਜੈਸਾ ਕਿ :

**ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥** *(ਅੰਗ ੨੭੦-੭੧)*

## ਓਹਿ ਅੰਦਰਹੁ ਬਾਹਰਹੁ ਨਿਰਮਲੇ; ਸਚੈ ਨਾਇ ਸਮਾਇਆ ॥੩॥

ਉਹ ਗੁਰਮੁਖ ਅੰਦਰੋਂ ਅਤੇ ਬਾਹਰੋਂ ਵੀ ਨਿਰਮਲੇ = ਉੱਜਲੇ ਰਹਿੰਦੇ ਹਨ। ਕਿਉਂਕਿ ਉਨ੍ਹਾਂ ਦਾ ਮਨ ਤੇਰੇ ਸੱਚੇ ਨਾਇ = ਨਾਮ ਵਿਚ ਸਮਾਇਆ ਰਹਿੰਦਾ ਹੈ॥੩॥

## ਸਲੋਕੁ ਮ: ੧ ॥

**ਉਥਾਨਕਾ :** ਜਿਸ ਵਕਤ ਪਹਿਲੇ ਸਤਿਗੁਰੂ ਜੀ ਅੱਚਲ ਬਟਾਲੇ ਗਏ ਸਨ ਉਥੇ ਸਤਿਗੁਰੂ ਦੀ ਸਿੱਧਾਂ ਨਾਲ ਗੋਸ਼ਟ ਹੋਈ। ਸਿੱਧਾਂ ਨੇ ਪ੍ਰਸ਼ਨ ਕੀਤਾ ਕਿ ਹੇ ਤਪਾ ਜੀ! ਜੇਕਰ ਅਸੀਂ ਪ੍ਰਮਾਰਥ ਦੀ ਪ੍ਰਾਪਤੀ ਵਾਸਤੇ ਸੁਮੇਰ ਪਰਬਤ ਉਤੇ ਗੁਫ਼ਾ ਬਣਾ ਕੇ ਬੈਠ ਜਾਈਏ, ਧਰਤੀ ਪੁੱਟ ਕੇ ਗੁਫ਼ਾ ਬਣਾ ਲਈਏ, ਕਪਾਲੀ ਆਸਣ ਲਾ ਲਈਏ, ਵੇਦ ਪਾਠੀ ਬਣ ਜਾਈਏ, ਦੇਹ ਢੱਕ ਕੇ ਰਖੀਏ, ਨੇਤੀ ਧੋਤੀ ਕਰੀਏ ਜਾਂ ਅਪਵਿੱਤਰ ਹੋ ਕੇ ਭਾਵ ਘੋਰੀ ਹੋ ਰਹੀਏ ਆਦਿ ਕਰਮ ਕਰਕੇ ਕੀ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇਗੀ?

***ਗੁਰ ਉੱਤਰ :***

## ਸੁਇਨੇ ਕੈ ਪਰਬਤਿ ਗੁਫਾ ਕਰੀ; ਕੈ ਪਾਣੀ ਪਇਆਲਿ ॥

ਹੇ ਸਿੱਧੋ! ਜੇਕਰ ਸੁਇਨੇ = ਸੋਨੇ ਕੈ = ਦੇ ਪਰਬਤ ਵਿਚ ਗੁਫ਼ਾ ਬਣਾ ਕਰੀ = ਕਰਕੇ ਬੈਠ ਜਾਈਏ ਕੈ = ਜਾਂ ਪਇਆਲਿ = ਪਾਤਾਲ ਵਿਚ ਗੁਫ਼ਾ ਬਣਾਈਏ ਜਾਂ ਪਾਣੀ ਵਿਚ ਖੜੇ ਹੋ ਕੇ ਜਲਧਾਰੇ ਕਰੀਏ।

## ਕੈ ਵਿਚਿ ਧਰਤੀ ਕੈ ਆਕਾਸੀ; ਉਰਧਿ ਰਹਾ ਸਿਰਿ ਭਾਰਿ ॥

ਕੈ = ਜਾਂ ਧਰਤੀ ਵਿਚ ਗੁਫ਼ਾ ਬਣਾ ਕੇ ਇਕਾਂਤ ਵਿਚ ਬੈਠ ਜਾਈਏ ਜਾਂ ਫਿਰ ਦਸਮ ਦੁਆਰ ਰੂਪ

ਬਿਰਤੀ ਚੜ੍ਹਾ ਕੇ ਆਕਾਸ਼ ਵਿਚ ਬੈਠ ਜਾਈਏ (**ਅਥਵਾ** ਆਕਾਸੀ = ਵਿਸ਼ਿਸ਼ਟ ਮੁਨੀ ਸਿਧੀ ਦੇ ਬਲ ਨਾਲ ਸੰਕਲਪ ਦੀ ਕੁਟੀਆ ਬਣਾ ਕੇ ਆਕਾਸ਼ ਵਿਚ ਰਹਿੰਦਾ ਸੀ ਜਾਂ ਨੌਖ ਰਾਜੇ ਵਾਂਗ ਆਕਾਸ਼ ਵਿਚ ਭਾਵ ਸਵਰਗ ਵਿਚ ਰਹੀਏ) ਜਾਂ ਸਿਰ ਨੂੰ ਉਰਧਿ = ਹੇਠਾਂ ਕਰਕੇ ਕਪਾਲੀ ਆਸਣ ਲਾ ਕੇ ਸਿਰ ਭਾਰ ਖੜੇ ਰਹੀਏ ਜਾਂ ਜਿਵੇਂ ਕਈ ਸਾਧੂ ਆਪਣੇ ਆਪ ਨੂੰ ਬ੍ਰਿਛਾਂ ਨਾਲ ਬੰਨ੍ਹ ਕੇ ਉਰਧਿ = ਉਲਟੇ ਲਮਕਦੇ ਰਹਿੰਦੇ ਹਨ, ਇਸੇ ਤਰ੍ਹਾਂ ਰਹੀਏ।

## ਪੁਰੁ ਕਰਿ ਕਾਇਆ ਕਪੜੁ ਪਹਿਰਾ; ਧੋਵਾ ਸਦਾ ਕਾਰਿ ॥

ਜਾ ਪੁਰੁ = ਪੂਰਨ ਕਰਿ = ਕਰਕੇ ਭਾਵ ਇਤਨੇ ਸਾਰੇ ਕਾਇਆ = ਦੇਹ ਉੱਪਰ ਕਪੜੁ = ਬਸਤਰ ਪਹਿਰਾ = ਪਹਿਨ ਲਈਏ ਭਾਵ ਸਾਰੀ ਦੇਹ ਹੀ ਲੁਕ ਜਾਵੇ **ਵਾ:** ਕਾਪੜੀ ਭੇਖ ਧਾਰਨ ਕਰ ਲਈਏ। (ਕਾਪੜੀ ਇਕ ਭੇਖ ਹੈ। ਹੱਥਾਂ ਵਿਚ ਦਸਤਾਨੇ, ਅੱਖਾਂ ਉੱਤੇ ਵੀ ਪਰਦਾ ਕਰਕੇ ਰੱਖਦੇ ਹਨ, ਪੈਰਾਂ ਵਿਚ ਜੁਰਾਬਾਂ ਅਤੇ ਮੂੰਹ ਨੂੰ ਵੀ ਕੱਪੜੇ ਨਾਲ ਢੱਕ ਕੇ ਰੱਖਦੇ ਹਨ) **ਵਾ:** ਦੇਹ ਨੂੰ ਪਦਾਰਥ ਖਾ ਖਾ ਕੇ ਸਰੀਰਕ ਬਲ ਵਿਚ ਪੂਰਨ ਕਰ ਲਈਏ ਤੇ ਸੁੰਦਰ ਬਸਤਰ ਪਹਿਨ ਲਈਏ ਅਤੇ ਸਦਾ ਕਾਇਆ ਤੇ ਬਸਤਰ ਧੌਣ ਦੀ ਕਾਰ ਵਿਚ ਲੱਗੇ ਰਹੀਏ। ਜਾਂ ਨੇਤੀ ਧੋਤੀ ਨਾਲ ਆਂਦਰਾਂ ਧੋ ਲਈਏ।

## ਬਗਾ ਰਤਾ, ਪੀਅਲਾ ਕਾਲਾ; ਬੇਦਾ ਕਰੀ ਪੁਕਾਰ ॥

ਕਰਮਕਾਂਡੀ ਪੰਡਤ ਹੋ ਕੇ ਬਗਾ = ਚਿੱਟਾ, ਰਤਾ = ਲਾਲ, ਪੀਅਲਾ = ਪੀਲਾ ਤੇ ਕਾਲਾ ਆਦਿ ਲਿਬਾਸ ਪਹਿਨ ਕੇ ਪੁਕਾਰ = ਉੱਚੀ ਕੂਕ ਕੇ ਵੇਦਾਂ ਦਾ ਪਾਠ ਕਰੀ = ਕਰਦੇ ਰਹੀਏ। ਅਰਥਾਤ ਵੇਦਾਂ ਦੀ ਬਣਾਈ ਮਰਯਾਦਾ ਜਿਸ ਨੂੰ ਵੇਦ ਪੁਕਾਰ ਕੇ ਕਹਿੰਦਾ ਹੈ, ਜੋ ਉਨ੍ਹਾਂ ਦੇ ਉਪਾਸ਼ਕ ਹਨ, ਉਹ ਉਹੋ ਜਿਹੇ ਕੱਪੜੇ ਪਹਿਨ ਕੇ ਹੀ ਉਪਾਸ਼ਨਾ ਕਰਦੇ ਹਨ। ਜਿਵੇਂ ਬਗਾ = ਚਿੱਟਾ ਪੁਸ਼ਾਕਾ ਪਹਿਨ ਕੇ ਸ਼ਾਮ ਵੇਦ ਨੂੰ ਪੜ੍ਹਨਾ ਕਰਦੇ ਹਨ ਅਤੇ ਹੰਸ ਅਵਤਾਰ ਦੀ ਉਪਾਸ਼ਨਾ ਕਰਦੇ ਹਨ। ਰਤਾ = ਲਾਲ ਪੁਸ਼ਾਕ ਪਹਿਨ ਕੇ, ਰਿਗਵੇਦ ਦਾ ਪਾਠ ਕਰਦੇ ਹੋਏ ਭਗਵਾਨ ਰਾਮ ਚੰਦਰ ਜੀ ਦੀ ਉਪਾਸ਼ਨਾ ਕਰਦੇ ਹਨ। ਕਿਉਂਕਿ ਭਗਵਾਨ ਰਾਮ ਜੀ ਨੇ ਚੌਦਾ (੧੪) ਸਾਲ ਦੇ ਬਨਵਾਸ ਵੇਲੇ ਲਾਲ ਵਸਤਰ ਪਹਿਨੇ ਸਨ, ਇਸ ਲਈ ਉਨ੍ਹਾਂ ਦੇ ਉਪਾਸ਼ਕ ਰਿਗਵੇਦ ਪੜ੍ਹਨ ਵੇਲੇ ਇਹ ਵਸਤਰ ਪਹਿਨਦੇ ਹਨ। ਪੀਅਲਾ = ਪੀਲੇ ਰੰਗ ਦੇ ਵਸਤਰ ਭਗਵਾਨ ਕ੍ਰਿਸ਼ਨ ਜੀ ਨੇ ਪਹਿਨੇ ਸਨ। ਇਸ ਲਈ ਉਨ੍ਹਾਂ ਦੇ ਉਪਾਸਕ ਯਜੁਰ ਵੇਦ ਦਾ ਪਾਠ ਕਰਨ ਵੇਲੇ ਪੀਲੇ ਰੰਗ ਦੇ ਬਸਤਰ ਪਹਿਨਣਾ ਕਰਦੇ ਹਨ। ਕਈ ਅਥਰਵਣ ਵੇਦ ਦਾ ਪਾਠ ਕਰਨ ਵੇਲੇ ਕਾਲੇ ਰੰਗ ਦੇ ਬਸਤਰ ਪਹਿਨਦੇ ਹਨ ਤੇ ਆਉਣ ਵਾਲੇ ਨਿਹਕਲੰਕ ਅਵਤਾਰ ਦੀ ਉਪਾਸ਼ਨਾ ਕਰਦੇ ਹਨ ਕਿਉਂਕਿ ਨਿਹਕਲੰਕ ਅਵਤਾਰ ਦਾ ਬਾਣਾ ਕਾਲਾ ਲਿਖਿਆ ਹੋਇਆ ਹੈ।

## ਹੋਇ ਕੁਚੀਲੁ ਰਹਾ ਮਲੁ ਧਾਰੀ; ਦੁਰਮਤਿ ਮਤਿ ਵਿਕਾਰ ॥

ਜੇਕਰ ਕੁਚੀਲੁ = ਅਪਵਿੱਤਰ ਹੋਏ ਰਹੀਏ ਅਤੇ ਮਲੁ = ਗੰਦਗੀ ਨੂੰ ਧਾਰੀ = ਧਾਰਨ ਕਰੀ ਰੱਖੀਏ। ਇਉਂ ਬੁੱਧੀ ਵਿਚ ਦੁਰਮਤਿ = ਖੋਟੀ ਸਿੱਖਿਆ ਗ੍ਰਹਿਣ ਕਰਕੇ ਵਿਕਾਰ ਹੀ ਪੈਦਾ ਹੁੰਦੇ ਹਨ **ਵਾ:** ਜੇਕਰ ਇਤਨੇ ਪੂਰਬੋਕਤ ਕਰਮ ਕਾਂਡ ਕਰਦਿਆਂ ਹੋਇਆਂ ਵੀ ਬੁੱਧੀ ਵਿਚ ਖੋਟੀ ਸਿੱਖਿਆ ਹੈ ਤਾਂ ਫੇਰ ਉਹ ਸਾਰੇ ਕਰਮ ਵਿਕਾਰ ਰੂਪ ਭਾਵ ਵਿਅਰਥ ਹਨ। ਇਉਂ ਇਨ੍ਹਾਂ ਕਰਮਾਂ ਕਰਕੇ ਪਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ।

## ਨਾ ਹਉ ਨਾ ਮੈ, ਨਾ ਹਉ ਹੋਵਾ; ਨਾਨਕ ਸਬਦੁ ਵੀਚਾਰਿ ॥੧॥

ਹੁਣ ਮਹਾਰਾਜ ਸਾਹਿਬ ਜੀ ਨੇ ਆਪਣੇ ਮੱਤ ਦੀ ਸਪੱਸ਼ਟਤਾ ਕੀਤੀ ਕਿ ਨਾ ਤਾਂ ਅਸੀਂ ਸੋਨੇ ਦੇ ਪਰਬਤਾਂ

ਵਿਚ ਗੁਫ਼ਾ ਬਣਾ ਕੇ ਬੈਠਣ ਵਾਲਿਆਂ ਵਿੱਚੋਂ ਹਾਂ, ਨਾ ਪਾਤਾਲ ਵਿਚ ਗੁਫ਼ਾ ਬਣਾਉਣ ਵਾਲਿਆਂ ਵਿੱਚੋਂ ਹਾਂ, ਨਾ ਧਰਤੀ ਵਿਚ ਗੁਫ਼ਾ ਬਣਾਉਣ ਵਾਲਿਆਂ ਵਿੱਚੋਂ ਹਾਂ, ਨਾ ਕਪਾਲੀ ਆਸਣ ਲਾਉਣ ਵਾਲੇ ਹਾਂ, ਨਾ ਕਾਪੜੀਏ, ਨਾ ਨਿਵਲੀ ਧੋਤੀ ਕਰਨ ਵਾਲੇ, ਨਾ ਵੇਦਾਂ ਦੇ ਉਪਾਸ਼ਕ, ਨਾ ਖੋਟੀ ਮੱਤ ਵਾਲੇ, ਨਾ ਵਾਮਮਾਰਗੀਏ ਹਾਂ ਅਤੇ ਨਾ ਹੀ ਹੋਵਾਂਗੇ। ਪਾਤਸ਼ਾਹ ਜੀ ਉਚਾਰਨ ਕਰਦੇ ਹਨ ਕਿ ਅਸੀਂ ਤਾਂ ਸ਼ਬਦ ਦੀ ਵੀਚਾਰ ਕਰਨ ਵਾਲੇ ਹਾਂ **ਵਾ:** ਸਬਦੁ = ਧੁਰ ਕੀ ਬਾਨੀ ਦੀ ਵੀਚਾਰ ਕਰਨ ਵਾਲੇ ਹਾਂ। ਇਹੋ ਹੀ ਪ੍ਰਮਾਰਥ ਦੀ ਪ੍ਰਾਪਤੀ ਦਾ ਰਸਤਾ ਹੈ **ਅਥਵਾ** (ਨਾ ਹਉ) ਨਾ ਅਸੀਂ ਅਸਥੂਲ ਦੇਹ ਹਾਂ। ਨਾ ਸੂਖਮ ਤੇ ਨਾ ਹੀ ਕਾਰਨ ਦੇਹ ਹਾਂ, ਨਾ ਹੀ ਹੋਵਾਂਗੇ। ਅਸੀਂ ਤਾਂ ਕੇਵਲ ਸਬਦੁ = ਬ੍ਰਹਮ ਦੀ ਵੀਚਾਰ ਕਰਨ ਵਾਲੇ ਹਾਂ। **ਵਾ:** ਨਾ = ਨਾ ਸਾਨੂੰ ਪ੍ਰਮਾਣਗਤ ਸੰਸਾ ਹੈ, ਨਾ ਪ੍ਰਮੇਯਗਤ ਸੰਸਾ ਹੋਵੇਗਾ, ਨਾ ਹੀ ਸਾਨੂੰ ਵਿਪਰਜੇ ਸੰਸਾ ਹੈ **ਵਾ:** ਨਾ ਹੀ ਅਸੀਂ ਅਸਥੂਲ ਦੇਹ ਦੇ ਅਭਿਮਾਨੀ ਹਾਂ, ਨਾ ਹੀ ਸੂਖਮ ਦੇਹ ਦੇ ਅਭਿਮਾਨੀ ਹਾਂ ਅਤੇ ਨਾ ਹੀ ਕਾਰਨ ਦੇਹ ਦੇ ਅਭਿਮਾਨੀ ਹੋਵਾ = ਹੋਵਾਂਗੇ। ਅਸੀਂ ਤਾਂ ਕੇਵਲ ਸਬਦੁ = ਬ੍ਰਹਮ ਨੂੰ ਹੀ ਵੀਚਾਰਦੇ ਹਾਂ॥੧॥

## ਮ: ੧ ॥

ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਸਿੱਧਾ ਦੀ ਹੋਈ ਚਰਚਾ ਦਾ ਹੀ ਇਕ ਹਿੱਸਾ ਹੈ। ਸਿੱਧਾਂ ਦਾ ਇਹ ਮੱਤ ਸੀ ਕਿ ਤੀਰਥਾਂ 'ਤੇ ਇਸ਼ਨਾਨ ਕਰਨ ਨਾਲ ਪਾਪਾਂ ਦੀ ਮੈਲ ਲਹਿ ਜਾਂਦੀ ਹੈ। ਇਹ ਸ਼ਬਦ ਸਿੱਧਾਂ ਦੇ ਪ੍ਰਥਾਇ ਉਚਾਰਨ ਕੀਤਾ ਅਤੇ ਸਾਰੇ ਸੰਸਾਰ ਨੂੰ ਉਪਦੇਸ਼ ਦਿੱਤਾ ਹੈ। ਮਹਾਰਾਜ ਸਾਹਿਬ ਜੀ ਉਚਾਰਨ ਕਰਦੇ ਹਨ :

## ਵਸਤ੍ਰ ਪਖਾਲਿ, ਪਖਾਲੇ ਕਾਇਆ; ਆਪੇ ਸੰਜਮਿ ਹੋਵੈ ॥

ਹੇ ਭਾਈ! ਜੋ ਆਪਣੇ ਵਸਤਰਾਂ ਨੂੰ ਪਖਾਲਿ = ਧੋਣਾ ਕਰਦਾ ਹੈ ਅਤੇ ਕਾਇਆ = ਸਰੀਰ ਨੂੰ ਪਖਾਲੇ = ਧੋਣਾ ਕਰਦਾ ਹੈ, (ਭਾਵੇਂ ਵਸਤਰ ਅਤੇ ਸਰੀਰ ਸਫ਼ਾਈ ਦੇ ਪੱਖ ਤੋਂ ਠੀਕ ਹਨ ਪਰ ਇਨ੍ਹਾਂ ਨੂੰ ਮੁਕਤੀ ਦਾ ਸਾਧਨ ਮੰਨਣਾ ਤਾਂ ਭੁੱਲ ਹੈ।) ਆਪਣੇ ਆਪ ਵਿਚ ਹੀ ਸੰਜਮੀ ਹੋਵੈ = ਹੋ ਕੇ ਬੈਠਾ ਰਹਿੰਦਾ ਹੈ ਭਾਵ ਕਿਸੇ ਦੇ ਹੱਥ ਦੀ ਪੱਕੀ ਰੋਟੀ ਨਹੀਂ ਖਾਂਦਾ ਹੈ ਅਰਥਾਤ ਸੂੰ-ਪਾਕੀ ਹੈ ਪਰ ਕਦੇ ਇਹ ਨਹੀਂ ਸੋਚਿਆ ਕਿ :

## ਅੰਤਰਿ ਮੈਲੁ ਲਗੀ, ਨਹੀ ਜਾਣੈ; ਬਾਹਰਹੁ ਮਲਿ ਮਲਿ ਧੋਵੈ ॥

ਅੰਤਰਿ = ਹਿਰਦੇ ਵਿਚ ਪਾਪਾਂ ਦੀ, ਹੰਗਤਾ ਦੀ, ਰਾਗ ਦ੍ਵੈਸ਼ ਦੀ ਮੈਲ ਲੱਗੀ ਹੋਈ ਨਹੀਂ ਜਾਣੈ = ਜਾਣਦਾ ਤੇ ਬਾਹਰ ਤੋਂ ਸਰੀਰ ਅਤੇ ਵਸਤਰਾਂ ਨੂੰ ਮਲ ਮਲ ਕੇ ਧੋਵੈ = ਧੋਂਦਾ ਹੈ। ਆਪਣੇ ਆਪ ਨੂੰ ਪਵਿੱਤਰ ਹੋਇਆ ਸਮਝਦਾ ਹੈ।

## ਅੰਧਾ ਭੂਲਿ; ਪਇਆ ਜਮ ਜਾਲੇ ॥

ਇਸ ਤਰ੍ਹਾਂ ਅੰਧਾ = ਅਗਿਆਨੀ ਜੀਵ ਕਰਮਕਾਂਡਾਂ ਵਾਲੇ ਕਰਮਾਂ ਵਿਚ ਭੂਲਿ = ਭੁੱਲ ਕਰਕੇ ਅੰਤ ਨੂੰ ਜਮਾਂ ਦੇ ਜਾਲੇ = ਜਾਲ ਵਿਚ ਜਾ ਪਇਆ = ਪੈਂਦਾ ਹੈ।

## ਵਸਤੁ ਪਰਾਈ ਅਪੁਨੀ ਕਰਿ ਜਾਨੈ; ਹਉਮੈ ਵਿਚਿ ਦੁਖੁ ਘਾਲੇ ॥

ਪਰਾਈ = ਬਿਗਾਨੀ ਵਸਤੁ = ਚੀਜ਼ ਨੂੰ ਆਪਣੀ ਕਰਿ = ਕਰਕੇ ਜਾਨੈ = ਜਾਣਦਾ ਹੈ, ਹਉਮੈ = ਹੰਗਤਾ ਵਿਚ ਲੱਗ ਕੇ ਦੁੱਖ ਦੇਣ ਵਾਲੀ ਘਾਲੇ = ਕਮਾਈ ਕਰਦਾ ਹੈ **ਵਾ:** ਦੇਹ ਰੂਪੀ ਪਰਾਈ ਵਸਤੂ ਨੂੰ ਆਪਣੀ ਕਰਕੇ ਜਾਣਦਾ ਹੈ। ਹਉਮੈ ਵਿਚ ਲੱਗ ਕੇ ਦੁੱਖਾਂ ਨੂੰ ਘਾਲੇ = ਪਾਉਣਾ ਕਰਦਾ ਹੈ।

## ਨਾਨਕ ਗੁਰਮੁਖਿ ਹਉਮੈ ਤੁਟੈ; ਤਾ ਹਰਿ ਹਰਿ ਨਾਮੁ ਧਿਆਵੈ ॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਭਾਈ! ਜਦੋਂ ਜੀਵ ਦੇ ਅੰਦਰੋਂ ਦੇਹ ਦੀ ਹਉਮੈ = ਹੰਗਤਾ ਤੁਟੈ = ਟੁੱਟ ਜਾਵੇ ਤਾਂ ਫਿਰ ਹਰਿ = ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਹਰਿ = ਪਰਮੇਸ਼ਰ ਦੇ ਨਾਮ ਨੂੰ ਧਿਆਵੈ = ਧਿਆਉਣ ਵਾਲਾ ਹੁੰਦਾ ਹੈ।

## ਨਾਮੁ ਜਪੇ, ਨਾਮੋ ਆਰਾਧੇ; ਨਾਮੇ ਸੁਖਿ ਸਮਾਵੈ ॥੨॥

ਫੇਰ ਨਾਮ ਨੂੰ ਬਾਣੀ ਕਰਕੇ ਜਪੇ ਤੇ ਮਨ ਦੇ ਸੰਕਲਪ ਜਾਂ ਸੁਆਸਾਂ ਨਾਲ ਆਰਾਧੇ = ਅਰਾਧਣਾ ਕਰੇ ਤਾਂ ਫੇਰ ਨਾਮੇ = ਨਾਮ ਦੁਆਰਾ ਸੁੱਖਾਂ ਵਿਚ ਸਮਾਵੈ = ਸਮਾਉਂਦਾ ਹੈ ਜਾਂ ਸੁੱਖ ਸਰੂਪ ਵਾਹਿਗੁਰੂ ਵਿਚ ਸਮਾਵੈ = ਸਮਾ ਜਾਂਦਾ ਹੈ ॥੨॥

## ਪਵੜੀ ॥

ਪਵੜੀ ਅਤੇ ਪਉੜੀ ਅਰਥ ਵਿਚ ਇਸ ਦਾ ਕੋਈ ਵਿਰੋਧ ਨਹੀਂ। ਇਹ ਇੱਕੋ ਹੀ ਹਨ। ਇਹ ਭਰਮ ਨਹੀਂ ਕਰਨਾ ਕਿ ਪਵੜੀ ਕਿਉਂ ਲਿਖਿਆ ਹੈ। ਉਚਾਰਨ ਉਸੇ ਤਰ੍ਹਾਂ ਹੀ ਕਰਨਾ ਹੈ ਜਿਵੇਂ ਅੱਖਰਾਂ ਵਿਚ ਲਿਖਿਆ ਹੈ, ਕਿਉਂਕਿ 'ਵਾਵਾ' ਤੇ 'ਊੜਾ' ਦੋਵੇਂ ਸਵਰਨੀ ਅੱਖਰ ਹਨ ਉਚਾਰਨ ਵਿਚ ਇਕ ਦੂਜੇ ਦਾ ਸਥਾਨ ਲੈਂਦੇ ਹਨ। ਇਹ ਦੋਵੇਂ ਇੱਕੋ ਰੰਗ ਰੂਪ ਦੇ ਹਨ। ਇਥੇ 'ਊੜਾ' ਲੋਪ ਹੋ ਕੇ 'ਵ' ਦੀ ਆਵਾਜ਼ ਦਿੰਦਾ ਹੈ ਪਰ ਅਰਥ ਵਿਚ ਕੋਈ ਭੇਦ ਨਹੀਂ ਹੈ।

## ਕਾਇਆ ਹੰਸਿ ਸੰਜੋਗੁ; ਮੇਲਿ ਮਿਲਾਇਆ ॥

ਵਾਹਿਗੁਰੂ ਨੇ ਮਨੁੱਖਾ ਦੇਹੀ ਤੇ ਹੰਸਿ = ਜੀਵ-ਆਤਮਾ ਦਾ ਸੰਜੋਗ ਆਪਣੇ ਨਿਜ ਸਰੂਪ ਦੇ ਮੇਲ ਵਿਚ ਮਿਲਾਉਣ ਲਈ ਕੀਤਾ ਹੈ ਕਿ ਸੇਵਾ ਸਿਮਰਨ ਕਰਕੇ ਮੁਕਤ ਹੋ ਜਾਵੇਗਾ **ਵਾ:** ਪ੍ਰਾਲਬਧ ਦੇ ਸੰਜੋਗ ਕਰਕੇ ਵਾਹਿਗੁਰੂ ਨੇ ਦੇਹ ਨਾਲ ਜੀਵ-ਆਤਮਾ ਦਾ ਮੇਲ ਮਿਲਾਇਆ ਹੈ।

## ਤਿਨ ਹੀ ਕੀਆ ਵਿਜੋਗੁ; ਜਿਨਿ ਉਪਾਇਆ ॥

ਜਿਨਿ = ਜਿਸ ਵਾਹਿਗੁਰੂ ਨੇ ਜੀਵ ਉਪਾਇਆ = ਪੈਦਾ ਕੀਤਾ ਹੈ, ਤਿਨ = ਉਸੇ ਨੇ ਹੀ ਪ੍ਰਾਲਬਧ ਪੂਰੀ ਹੋਈ ਤੋਂ ਸਥੂਲ ਸਰੀਰ ਤੇ ਜੀਵ ਆਤਮਾ ਦਾ ਵਿਜੋਗੁ = ਵਿਛੋੜਾ ਕੀਆ = ਕੀਤਾ ਹੈ।

## ਮੂਰਖੁ ਭੋਗੇ ਭੋਗੁ; ਦੁਖ ਸਬਾਇਆ ॥

ਪਰ ਇਹ ਮੂਰਖੁ = ਬੇਸਮਝ ਜੀਵ ਇਹੋ ਜਿਹੇ ਭੋਗੁ = ਪਦਾਰਥਾਂ ਨੂੰ ਭੋਗੇ = ਭੋਗਦਾ ਹੈ ਜਿਸ ਕਰਕੇ ਸਬਾਇਆ = ਬਹੁਤਾ ਦੁੱਖ ਪਾਉਂਦਾ ਹੈ।

## ਸੁਖਹੁ ਉਠੇ ਰੋਗ; ਪਾਪ ਕਮਾਇਆ ॥

ਭੋਗੇ ਹੋਏ ਵਿਸ਼ੇ ਸੁਖਹੁ = ਸੁੱਖਾਂ ਤੋਂ ਸਰੀਰ ਵਿਚ ਰੋਗ ਉੱਠ ਖਲੋਏ ਪਰ ਫੇਰ ਵੀ ਜੀਵ ਪਾਪ ਕਰਮਾਂ ਨੂੰ ਕਮਾਇਆ = ਕਮਾਉਂਦਾ ਹੈ।

## ਹਰਖਹੁ ਸੋਗੁ ਵਿਜੋਗੁ; ਉਪਾਇ ਖਪਾਇਆ ॥

ਜੀਵ ਨੂੰ ਹਰਖਹੁ = ਖ਼ੁਸ਼ੀ ਤੋਂ ਬਾਅਦ ਸੋਗੁ = ਗ਼ਮ ਸੰਜੋਗ ਤੋਂ ਮਗਰੋਂ ਵਿਜੋਗੁ = ਵਿਛੋੜਾ ਹੁੰਦਾ ਹੈ,

ਇਉਂ ਜੀਵ ਨੂੰ ਉਪਾਇ = ਉਤਪਤ ਕਰਕੇ ਫੇਰ ਖਪਾਇਆ = ਨਾਸ਼ ਕੀਤਾ ਜਾਂਦਾ ਹੈ ਭਾਵ ਜੰਮਣ ਮਰਣ ਦੇ ਗੇੜ ਵਿਚ ਪਾਇਆ ਜਾਂਦਾ ਹੈ।

## ਮੂਰਖ ਗਣਤ ਗਣਾਇ; ਝਗੜਾ ਪਾਇਆ ॥

ਇਉਂ ਮੂਰਖ = ਬੇਸਮਝ ਜੀਵ ਨੇ ਕਰਮਕਾਂਡਾਂ ਦੀ, ਸਾਧਨਾ ਦੀ ਗਣਤ = ਗਿਣਤੀ ਗਣਾਇ = ਗਿਣ ਗਿਣ ਕੇ ਆਪਣੇ ਗਲ ਜੰਮਣ ਮਰਣ ਦਾ ਝਗੜਾ ਹੀ ਪਾਇਆ ਹੈ।

## ਸਤਿਗੁਰ ਹਥਿ ਨਿਬੇੜੁ; ਝਗੜੁ ਚੁਕਾਇਆ ॥

ਇਸ ਝਗੜੇ ਦਾ ਨਿਬੇੜੁ = ਨਿਬੇੜਾ ਸਤਿਗੁਰਾਂ ਦੇ ਹੱਥ ਹੈ, ਜੋ ਨਾਮ ਦਾਨ ਦੇ ਕੇ ਇਸ ਝਗੜੁ = ਝਗੜੇ ਨੂੰ ਚੁਕਾਇਆ = ਚੁਕਾਉਣਾ ਕਰਦੇ ਹਨ **ਵਾ:** ਜਿਸਦਾ ਨਿਬੇੜਾ ਸਤਿਗੁਰਾਂ ਦੇ ਹੱਥ ਵਿਚ ਆਇਆ ਹੈ, ਗੁਰਾਂ ਨੇ ਕਿਰਪਾ ਕਰਕੇ ਉਸ ਦਾ ਚੌਰਾਸੀ ਲੱਖ ਜੂਨਾਂ ਦਾ ਝਗੜਾ ਚੁੱਕਾ ਦਿੱਤਾ ਹੈ।

## ਕਰਤਾ ਕਰੇ ਸੁ ਹੋਗੁ; ਨ ਚਲੈ ਚਲਾਇਆ ॥੪॥

ਇਉਂ ਗੁਰਮੁਖ ਜਨ ਜਾਣਦੇ ਹਨ ਕਿ ਕਰਤਾ = ਪਰਮੇਸ਼ਰ ਜੋ ਵੀ ਕਰੇ = ਕਰਦਾ ਹੈ, ਸੋ = ਉਹੋ ਹੀ ਹੋਗੁ = ਹੁੰਦਾ ਹੈ, ਉਸ ਦੇ ਉੱਤੇ ਕਿਸੇ ਦਾ ਚਲਾਇਆ ਹੋਇਆ ਜੋਰ ਨ = ਨਹੀਂ ਚਲੈ = ਚੱਲਦਾ ਹੈ ॥੪॥

***ਨੋਟ :*** ਗਿਆਨੀ ਸਿੰਘਾਂ ਦੇ ਗਿਆਤ ਲਈ ਇਥੇ ਇਕ ਵਡਮੁੱਲੀ ਮਹਾਂਪੁਰਖਾਂ ਦੇ ਜੀਵਨ ਨਾਲ ਸੰਬੰਧਿਤ ਘਟਨਾ ਦੇਣੀ ਬਹੁਤ ਜ਼ਰੂਰੀ ਹੈ। ਸੰਤ ਗਿਆਨੀ ਸੁੰਦਰ ਸਿੰਘ ਜੀ ਇਥੋਂ ਤੱਕ ੨੧ਵੀਂ ਕਥਾ ਸਮਾਪਤ ਕਰਕੇ ੪ (ਚਾਰ) ਫੱਗਣ ਸੰਮਤ ੧੯੮੬, (੧੫ ਫਰਵਰੀ, ੧੯੩੦) ਵਿਚ ਸੱਚਖੰਡ ਜਾ ਬਿਰਾਜੇ। ਉਨ੍ਹਾਂ ਨੇ ਆਪਣੇ ਥਾਂ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੂੰ ਟਕਸਾਲ ਦੇ ੧੨ਵੇਂ ਮੁਖੀ ਬਣਾਇਆ। ਇਸ ਤੋਂ ਅਗਲੇ ਸ਼ਬਦ ਦੀ ਉਨ੍ਹਾਂ ਨੇ ਟਕਸਾਲ ਦੇ ਮੁਖੀ ਬਣ ਕੇ ਕਥਾ ਆਰੰਭ ਕੀਤੀ। ਭਾਵੇਂ ਅਰਥਾਂ ਨਾਲ ਇਸ ਗੱਲ ਦਾ ਕੋਈ ਸੰਬੰਧ ਨਹੀਂ ਸੀ, ਪਰ ਵੱਡਿਆਂ ਦੇ ਜੀਵਨ ਦੀ ਵਡਮੁੱਲੀ ਘਟਨਾ ਦਾ ਸੰਬੰਧ ਹੋਣ ਕਰਕੇ ਕਿ ਟਕਸਾਲ ਦੇ ਵਿਦਿਆਰਥੀਆਂ ਗਿਆਨੀ ਸਿੰਘਾਂ ਵਿਚ ਇਸ ਦੀ ਗਿਆਤ ਰਹੇ ਕਿ ਮਹਾਂਪੁਰਸ਼ਾਂ ਨੂੰ ਇਸ ਸ਼ਬਦ ਤੋਂ ਕਥਾ ਦੀ ਸੇਵਾ ਪ੍ਰਾਪਤ ਹੋਈ ਸੀ।

## ਸਲੋਕੁ ਮ: ੧ ॥

**ਉਥਾਨਕਾ :** (ਜਿਸ ਵੇਲੇ ਸਤਿਗੁਰੂ ਜੀ ਸੁਲਤਾਨਪੁਰ ਸਾਹਿਬ ਵਿਚ ਨਿਵਾਸ ਕਰ ਰਹੇ ਸਨ) ਉਥੇ ਇਕ ਕਾਜ਼ੀ ਆਪ ਲੋਕਾਂ ਕੋਲ ਵੱਢੀ ਲੈ ਕੇ ਨਿਆਂ ਕਰਿਆ ਕਰਦਾ ਸੀ, ਪਰ ਲੋਕਾਂ ਨੂੰ ਸ਼ਰਾ ਵਿਚ ਚੱਲਣ ਦੀ ਸਿੱਖਿਆ ਵੀ ਦਿਆ ਕਰਦਾ ਸੀ, ਉਸ ਨੂੰ ਸਿੱਖਿਆ ਦਿੰਦੇ ਹੋਏ ਸਤਿਗੁਰੂ ਜੀ ਨੇ ਚਾਰ ਸ਼ਬਦ ਉਚਾਰਨ ਕੀਤੇ।

## ਕੂੜੁ ਬੋਲਿ; ਮੁਰਦਾਰੁ ਖਾਇ ॥ ਅਵਰੀ ਨੋ; ਸਮਝਾਵਣਿ ਜਾਇ ॥

ਹੇ ਕਾਜ਼ੀ ! ਤੂੰ ਕੂੜੁ = ਝੂਠ ਬੋਲਣ ਰੂਪ ਮੁਰਦਾਰੁ = ਹਰਾਮ ਦਾ ਖਾਇ = ਖਾਣਾ ਕਰਦਾ ਹੈਂ **ਵਾ:** ਝੂਠ ਬੋਲ ਕੇ ਪਰਾਇਆ ਹੱਕ ਖਾਣ ਰੂਪ ਮੁਰਦਾਰੁ = ਮਰੇ ਹੋਏ ਜੀਵ ਦੇ ਮਾਸ ਨੂੰ ਖਾ ਰਿਹਾ ਹੈਂ। ਅਤੇ

ਅਵਰੀ = ਹੋਰਨਾਂ ਨੂੰ ਚੰਗਾ ਉਪਦੇਸ਼ ਸਮਝਾਵਣਿ = ਸਮਝਾਉਣ ਲਈ ਜਾਇ = ਜਾਂਦਾ ਹੈਂ ਕਿ ਕੁਫ਼ਰ ਬੋਲਣ ਵਾਲਾ ਕਾਫ਼ਿਰ ਹੈ ਤੇ ਖ਼ੁਦ ਝੂਠ ਬੋਲ ਕੇ ਕਮਾਈ ਕਰਦਾ ਹੈਂ, ਫਿਰ ਤੇਰੀ ਸਿੱਖਿਆ ਦਾ ਕੀ ਅਸਰ ਹੋਵੇਗਾ ?

[ਅੰਗ ੧੪੦]

## ਮੁਠਾ ਆਪਿ; ਮੁਹਾਏ ਸਾਥੈ ॥ ਨਾਨਕ; ਐਸਾ ਆਗੂ ਜਾਪੈ ॥੧॥

ਹੇ ਕਾਜ਼ੀ ! ਤੂੰ ਆਪ ਵੀ ਕਾਮ ਕ੍ਰੋਧ ਆਦਿ ਕਰਕੇ ਮੁਠਾ = ਲੁੱਟਿਆ ਹੋਇਆ ਹੈਂ ਅਤੇ ਆਪਣੇ ਸੰਗੀਆਂ ਨੂੰ ਵੀ ਵਿਕਾਰਾਂ ਵਿਚ ਮੁਹਾਏ = ਲੁਟਾ ਰਿਹਾ ਹੈਂ **ਵਾ:** ਪੰਜ ਵਿਕਾਰਾਂ ਨੇ ਤੈਨੂੰ ਆਪ ਤਾਂ ਮੁਠਾ = ਲੁੱਟਿਆ ਹੈ ਤੇ ਹੁਣ ਤੂੰ ਆਪਣੇ ਸਾਥੀਆਂ ਕੋਲੋਂ ਵੀ ਸ਼ੁਭ ਗੁਣਾਂ ਦਾ ਧਨ ਮੁਹਾਏ = ਲੁਟਾ ਰਿਹਾ ਹੈਂ।

ਸਤਿਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਕਾਜ਼ੀ ! ਤੂੰ ਇਹੋ ਜਿਹਾ ਖੋਟਾ ਆਗੂ ਜਾਪੈ = ਜਾਣਿਆ ਜਾਂਦਾ ਹੈ। ਲੋਕਾਂ ਦਾ ਭਲਾ ਨਹੀਂ ਸਗੋਂ ਬੁਰਾ ਕਰ ਰਿਹਾ ਹੈਂ ॥੧॥ ਜੈਸਾ ਕਿ :

**ਕਾਜੀ ਹੋਏ ਰਿਸਵਤੀ ਵਢੀ ਲੈਕੇ ਹਕ ਗਵਾਈ।** *(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੦)*

***ਨੋਟ :*** ਮਾਝ ਰਾਗ ਦੀ ਵਾਰ ਦੇ ਚਾਰ ਸਲੋਕ ਪਹਿਲਾ ਉਪਰੋਕਤ ਅਤੇ ਤਿੰਨ ਅੱਗੇ ਆਉਣ ਵਾਲੇ ਸਲੋਕ ਮਹੱਲਿਆਂ ਸਮੇਤ, ਇਹ ਸੁਲਤਾਨਪੁਰ ਵਿਖੇ ਕਾਜ਼ੀ ਦੇ ਪ੍ਰਥਾਏ ਉਚਾਰਨ ਕੀਤੇ। ਹੁਣ ਜਿਹੜਾ ਮਹਲਾ ੪ ਵਾਲਾ ਸ਼ਬਦ ਆ ਰਿਹਾ ਹੈ। ਉਹ ਇਨ੍ਹਾਂ ਤੋਂ ਵੱਖਰਾ ਹੈ। ਉਹ ਵੱਖਰਾ ਇਸ ਕਰਕੇ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਰਨ ਵੇਲੇ, ਇਹ ਮਹਲਾ ਇਸ ਕਰਕੇ ਇਥੇ ਦਿੱਤਾ ਹੈ ਕਿ ਇਸ ਦੇ ਵਿਚ ਸੱਚ ਬੋਲਣ ਦੀ ਮਹਾਨਤਾ ਅਤੇ ਸੱਚੇ ਆਗੂ ਦੇ ਸ੍ਰੇਸ਼ਟ ਲੱਛਣ ਦੱਸੇ ਹਨ।

## ਮਹਲਾ ੪ ॥ ਜਿਸ ਦੈ ਅੰਦਰਿ ਸਚੁ ਹੈ; ਸੋ ਸਚਾ ਨਾਮੁ, ਮੁਖਿ ਸਚੁ ਅਲਾਏ ॥

ਜਿਸ ਦੇ ਅੰਦਰਿ = ਹਿਰਦੇ ਵਿਚ ਸੱਚ ਹੈ ਸੋ = ਉਹ ਮੁਖੋਂ ਵੀ ਨਿਸਚੇ ਕਰਕੇ ਸੱਚੇ ਨਾਮ ਦਾ ਅਲਾਏ = ਉਚਾਰਨ ਕਰਦਾ ਹੈ।

## ਓਹੁ ਹਰਿ ਮਾਰਗਿ ਆਪਿ ਚਲਦਾ; ਹੋਰਨਾ ਨੋ ਹਰਿ ਮਾਰਗਿ ਪਾਏ ॥

ਉਹ ਆਗੂ ਆਪ ਹਰੀ ਪਰਮੇਸ਼ਰ ਦੇ ਭਗਤੀ, ਗਿਆਨ ਅਤੇ ਪ੍ਰਾਪਤੀ ਦੇ ਮਾਰਗਿ = ਰਸਤੇ ਉੱਤੇ ਚੱਲਦਾ ਹੈ ਅਤੇ ਹੋਰਨਾਂ ਨੋ = ਨੂੰ ਹਰੀ ਪਰਮੇਸ਼ਰ ਦੇ ਭਗਤੀ, ਗਿਆਨ ਦੇ ਮਾਰਗਿ = ਰਸਤੇ ਪਾਏ = ਪਾਉਂਦਾ ਹੈ।

## ਜੇ ਅਗੈ ਤੀਰਥੁ ਹੋਇ, ਤਾ ਮਲੁ ਲਹੈ; ਛਪੜਿ ਨਾਤੈ ਸਗਵੀ ਮਲੁ ਲਾਏ ॥

ਜੇ = ਜੇਕਰ ਮਨੁੱਖ ਨੂੰ ਅੱਗੇ ਤੀਰਥ ਪ੍ਰਾਪਤ ਹੋਵੇ ਤਾਂ ਉਸ ਵਿਚ ਨਾਤੈ = ਇਸ਼ਨਾਨ ਨਾਲ ਮੈਲ ਲਹੈ = ਉਤਰਦੀ ਹੈ ਪਰੰਤੂ ਛਪੜਿ = ਟੋਬਿਆਂ ਵਿਚ ਨਹਾਉਣ ਨਾਲ ਸਗਵੀ = ਸਗੋਂ ਹੋਰ ਮੈਲ ਲਾਏ = ਲਾ ਲੈਂਦਾ ਹੈ **ਵਾ:** ਇਸੇ ਕਰਕੇ ਜੇਕਰ ਅੱਗੇ ਗੁਰੂ ਰੂਪੀ ਤੀਰਥ ਹੋਵੇ ਤਾਂ ਪਾਪਾਂ ਦੀ ਮੈਲ ਲਹੇ = ਲੈ ਜਾਂਦੀ ਹੈ, ਪਰੰਤੂ ਪਾਖੰਡੀ, ਦੇਹਧਾਰੀਆਂ, ਰੂਪ ਛੱਪੜ ਵਿਚ ਉਨ੍ਹਾਂ ਦੀ ਉਪਾਸ਼ਨਾ ਕਰਨ ਰੂਪ ਇਸ਼ਨਾਨ ਕਰਨ ਨਾਲ ਸਗੋਂ ਹੋਰ ਪਾਪਾਂ ਦੀ ਮੈਲ ਲਾਏ = ਲਾ ਲੈਂਦਾ ਹੈ।

## ਤੀਰਥੁ ਪੂਰਾ ਸਤਿਗੁਰੂ; ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥

ਅਸਲ ਤੀਰਥ ਤਾਂ ਪੂਰਾ = ਪੂਰਨ ਸਤਿਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਹਨ ਜੋ = ਜਿਹੜੇ ਅਨਦਿਨੁ = ਰਾਤ ਦਿਨੇ ਹਰਿ ਹਰਿ ਨਾਮ ਨੂੰ ਧਿਆਏ = ਧਿਆਉਂਦੇ ਰਹੇ ਹਨ **ਵਾ:** ਐਸੇ ਗੁਰੂ ਰੂਪ ਤੀਰਥ ਵਿਚ ਜੋ ਰਾਤ ਦਿਨ ਗੁਰਸਿੱਖ ਹਰਿ ਹਰਿ ਨਾਮ ਨੂੰ ਧਿਆਉਣ ਰੂਪ ਇਸ਼ਨਾਨ ਕਰਦੇ ਹਨ।

## ਓਹੁ ਆਪਿ ਛੁਟਾ ਕੁਟੰਬ ਸਿਉ; ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥

ਉਹ ਆਪ ਕੁਟੰਬ = ਪਰਿਵਾਰ ਦੇ ਸਿਉ = ਸਮੇਤ ਛੁਟਾ = ਮੁਕਤ ਹੋ ਗਿਆ ਹੈ ਅਤੇ ਹਰਿ = ਹਰੀ ਹਰਿ = ਪਰਮੇਸ਼ਰ ਦੇ ਨਾਮ ਦਾ ਉਪਦੇਸ਼ ਦੇ ਕੇ ਸਭ = ਸਾਰੀ ਸ੍ਰਿਸਟਿ = ਸ੍ਰਿਸ਼ਟੀ ਨੂੰ ਵੀ ਜੰਮਣ ਮਰਣ ਤੋਂ ਛਡਾਏ = ਛੁਡਾਉਂਦਾ ਹੈ।

## ਜਨ ਨਾਨਕ ਤਿਸੁ ਬਲਿਹਾਰਣੈ; ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮੈ ਜਨ = ਦਾਸ ਉਨ੍ਹਾਂ ਤੋਂ ਬਲਿਹਾਰਣੈ = ਕੁਰਬਾਨ ਜਾਂਦਾ ਹਾਂ ਜੋ = ਜਿਹੜੇ ਆਪ ਨਾਮ ਜਪੈ = ਜਪਦੇ ਹਨ ਅਤੇ ਹੋਰਨਾਂ ਨੂੰ ਨਾਮ ਜਪਾਏ = ਜਪਾਉਂਦੇ ਹਨ ॥੨॥

## ਪਉੜੀ ॥ ਇਕਿ ਕੰਦ ਮੂਲੁ ਚੁਣਿ ਖਾਹਿ; ਵਣ ਖੰਡਿ ਵਾਸਾ ॥

ਹੁਣ ਸਤਿਗੁਰੂ ਜੀ ਪਾਖੰਡ ਦਾ ਖੰਡਨ ਕਰਦੇ ਹਨ ਕਿ ਇਕਿ = ਕਈ ਅਜਿਹੇ ਬਨਵਾਸੀ ਤਿਆਗੀ ਪੁਰਸ਼ ਹਨ, ਜੋ ਪੇਟ ਭਰਨ ਲਈ ਕੰਦ ਮੂਲ ਚੁਣਿ = ਲੱਭ ਕੇ ਖਾਹਿ = ਖਾਂਦੇ ਹਨ ਅਤੇ ਵਣ = ਜੰਗਲਾਂ ਦੇ ਖੰਡਿ = ਹਿੱਸੇ ਵਿਚ ਵਾਸਾ = ਵਸਦੇ ਹਨ। (ਕੰਦ ਮੂਲੁ = ਇਹ ਇਕ ਫਲ ਹੈ। ਇਸ ਦਾ ਰੰਗ ਮੱਕੀ ਦੇ ਆਟੇ ਵਰਗਾ ਹੁੰਦਾ ਹੈ **ਵਾ:** ਇਸਦਾ ਦੂਸਰਾ ਨਾਮ ਜਿਮਿਕੰਦ ਹੈ, ਜਿਸਦੀ ਉੱਤਮ ਸਬਜ਼ੀ ਬਣਦੀ ਹੈ **ਵਾ:** ਕੰਦ = ਜੋ ਦਰੱਖ਼ਤਾਂ ਦੀਆਂ ਟਾਹਣੀਆਂ ਨਾਲ ਲੱਗੇ ਹੋਏ ਫਲ ਹੁੰਦੇ ਹਨ। ਮੂਲੁ = ਜੋ ਧਰਤੀ ਵਿਚ ਪੈਦਾ ਹੋਣ ਜਿਵੇਂ ਮੂਲੀ, ਗਾਜਰ, ਸ਼ਲਗਮ, ਸ਼ੱਕਰਕੰਦੀ ਆਦਿ।)

## ਇਕਿ ਭਗਵਾ ਵੇਸੁ ਕਰਿ ਫਿਰਹਿ; ਜੋਗੀ ਸੰਨਿਆਸਾ ॥

ਇਕਿ = ਕਈ ਗ੍ਰਿਹਸਤ ਨੂੰ ਛੱਡ ਕੇ ਭਗਵਾ = ਗੇਰੂ ਰੰਗਾ ਵੇਸੁ = ਲਿਬਾਸ ਧਾਰਨ ਕਰਿ = ਕਰਕੇ ਫਿਰਹਿ = ਫਿਰਦੇ ਹਨ, ਜੋ ਜੋਗੀ ਤੇ ਸੰਨਿਆਸੀ ਕਹਾਉਂਦੇ ਹਨ।

## ਅੰਦਰਿ ਤ੍ਰਿਸਨਾ ਬਹੁਤੁ; ਛਾਦਨ ਭੋਜਨ ਕੀ ਆਸਾ ॥

ਉਨ੍ਹਾਂ ਦੇ ਹਿਰਦੇ ਅੰਦਰਿ = ਵਿਚ ਬਹੁਤ ਤ੍ਰਿਸ਼ਨਾ ਹੁੰਦੀ ਹੈ, ਇਸ ਲਈ ਹਰ ਵਕਤ ਛਾਦਨ = ਬਸਤਰਾਂ ਤੇ ਭੋਜਨ ਕੀ = ਦੀ ਆਸਾ ਲੱਗੀ ਰਹਿੰਦੀ ਹੈ **ਵਾ:** ਅੰਦਰ ਤ੍ਰਿਸ਼ਨਾ ਤਾਂ ਬਹੁਤ ਹੁੰਦੀ ਹੈ, ਪਰ ਮੂੰਹੋਂ ਇਹ ਆਖਦੇ ਹਨ ਕਿ ਸਾਨੂੰ ਕੇਵਲ ਕਪੜੇ ਤੇ ਭੋਜਨ ਦੀ ਹੀ ਆਸਾ ਹੈ ਹੋਰ ਕੁਝ ਨਹੀਂ ਮੰਗਦੇ।

## ਬਿਰਥਾ ਜਨਮੁ ਗਵਾਇ; ਨ ਗਿਰਹੀ ਨ ਉਦਾਸਾ ॥

ਉਨ੍ਹਾਂ ਨੇ ਆਪਣਾ ਜਨਮ ਐਵੇਂ ਹੀ ਬਿਰਥਾ = ਬੇਅਰਥ ਹੀ ਗਵਾ ਲਿਆ ਹੈ, ਨਾ ਉਹ ਸਫਲ ਗਿਰਹੀ = ਗ੍ਰਿਹਸਤੀ ਰਹੇ ਅਤੇ ਨਾ ਹੀ ਉਦਾਸਾ = ਤਿਆਗੀ, ਉਦਾਸੀ ਰਹੇ, ਉਨ੍ਹਾਂ ਦੀ ਹਾਲਤ ਐਸੀ ਹੋ ਰਹੀ ਹੈ। ਜੈਸਾ ਕਿ :

**ਧੋਬੀਆ ਕੋ ਕੁੱਤਾ ਜੈਸੇ ਘਰ ਕੋ ਨ ਘਾਟ ਕੋ, ਦੋਰਤ ਫਿਰਤ ਸਦਾ ਭੌਂਕੇ ਸਦਾ ਵਾਟ ਕੋ**
**ਨ ਇਤ ਕੇ ਨ ਉਤ ਕੇ ਵਿਚੇ ਖਾਦੇ ਕੁਤਕੇ।** *(ਲੌਕਿਕ ਪ੍ਰਮਾਣ)*

ਅਸਲ ਗ੍ਰਿਹਸਤੀ ਤੇ ਉਦਾਸੀ ਐਸਾ ਹੁੰਦਾ ਹੈ ਜੈਸਾ ਕਿ :

**ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥**
**ਪੁੰਨ ਦਾਨ ਕਾ ਕਰੈ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥**
**ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰ ਨਿਰੰਜਨ ਵਾਸੁ ॥** *(ਅੰਗ ੯੫੨)*

## ਜਮਕਾਲੁ ਸਿਰਹੁ ਨ ਉਤਰੈ; ਤ੍ਰਿਬਿਧਿ ਮਨਸਾ ॥

ਉਨ੍ਹਾਂ ਦੇ ਸਿਰਹੁ = ਸਿਰੋਂ ਜਮਕਾਲ ਦਾ ਜੰਮਣ ਮਰਣ ਰੂਪੀ ਦੁੱਖ ਉਤਰੈ = ਉਤਰਦਾ ਨ = ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਤ੍ਰਿਬਿਧਿ = ਤਿੰਨ ਪ੍ਰਕਾਰ ਦੀ (ਰਜੋ, ਤਮੋ, ਸਤੋ) ਦੀ ਮਨਸਾ = ਵਾਸ਼ਨਾ ਚਿੰਬੜੀ ਰਹਿੰਦੀ ਹੈ। ਜੈਸਾ ਕਿ :

**ਸੁਤ ਬਿਤ ਲੋਕ ਈਖਣਾ ਤੀਨੀ ॥**

## ਗੁਰਮਤੀ ਕਾਲੁ ਨ ਆਵੈ ਨੇੜੈ; ਜਾ ਹੋਵੈ ਦਾਸਨਿ ਦਾਸਾ ॥

ਜਾ = ਜੇਕਰ ਦਾਸਨਿ = ਦਾਸਾਂ ਦੇ ਦਾਸ ਹੋਵੈ = ਹੋ ਕਰਕੇ ਗੁਰਮਤੀ = ਗੁਰ ਸਿੱਖਿਆਂ ਨੂੰ ਧਾਰਨ ਕਰੀਏ ਤਾਂ ਕਾਲ ਨੇੜੈ = ਨਜ਼ਦੀਕ ਨ = ਨਹੀਂ ਆਵੈ = ਆਉਂਦਾ। ਜਿਵੇਂ ਸ਼ੇਰ ਅਤੇ ਸ਼ੇਰਨੀ ਦੰਦਾਂ ਨਾਲ ਭੋਜਨ ਖਾਂਦੇ ਹਨ, ਪਰ ਆਪਣੇ ਬੱਚਿਆਂ ਨੂੰ ਉਨ੍ਹਾਂ ਦੰਦਾਂ ਨਾਲ ਚੁੱਕ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਲੈ ਜਾਂਦੇ ਹਨ। ਇਸੇ ਪ੍ਰਕਾਰ ਜਿਵੇਂ ਬਿੱਲੀ ਆਪਣੇ ਦੰਦਾਂ ਨਾਲ ਚੂਹੇ ਆਦਿ ਚੱਬ ਜਾਂਦੀ ਹੈ ਅਤੇ ਉਨ੍ਹਾਂ ਦੰਦਾਂ ਨਾਲ ਹੀ ਆਪਣੇ ਬਲੂੰਗੜਿਆਂ ਨੂੰ ਚੁੱਕ ਕੇ ਲੈ ਜਾਂਦੀ ਹੈ ਪਰ ਦੰਦ ਨਹੀਂ ਲੱਗਣ ਦਿੰਦੀ, ਇਉਂ ਕਾਲ ਹੈ। ਜੈਸਾ ਕਿ :

**ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈ ਹੈ ਰੇ ॥** *(ਅੰਗ ੮੫੫)*

ਇਉਂ ਕਾਲ ਆਪਣੇ ਪਿਆਰਿਆਂ ਨੂੰ ਨਾਸ ਨਹੀਂ ਕਰਦਾ। ਅੰਤ ਸਮੇਂ ਉਨ੍ਹਾਂ ਨੂੰ ਦੇਵਗਣ ਲੈਣ ਵਾਸਤੇ ਆਉਂਦੇ ਹਨ। ਜੋ ਗੁਰਸਿੱਖ ਹਨ, ਉਨ੍ਹਾਂ ਨੂੰ ਸਰੀਰ ਤਿਆਗਣ ਵੇਲੇ ਪ੍ਰਮਾਤਮਾ ਦੀਆਂ ਦੈਵੀ ਸ਼ਕਤੀਆਂ ਕਈ ਤਰ੍ਹਾਂ ਦੇ ਰੂਪ ਧਾਰਨ ਕਰਕੇ ਲੈਣ ਆਉਂਦੀਆਂ ਹਨ।

## ਸਚਾ ਸਬਦੁ ਸਚੁ ਮਨਿ; ਘਰ ਹੀ ਮਾਹਿ ਉਦਾਸਾ ॥

ਉਨ੍ਹਾਂ ਦੇ ਅੰਦਰ ਸੱਚੇ ਸ਼ਬਦ ਦਾ ਮੰਨਣ ਹੈ ਅਤੇ ਰਸਨਾ 'ਤੇ ਵੀ ਸੱਚਾ ਸ਼ਬਦ ਹੈ। ਮਨ ਦੇ ਵਿਚ ਵੀ ਸੱਚਾ ਸ਼ਬਦ ਵਸਿਆ ਹੋਇਆ ਹੈ। ਉਹ ਪ੍ਰਤੱਖ ਘਰ **ਵਾ:** ਸਰੀਰ ਰੂਪੀ ਘਰ ਮਾਹਿ = ਵਿਚ ਰਹਿੰਦੇ ਹੋਏ ਅਭਿਮਾਨ ਤੋਂ ਰਹਿਤ ਉਦਾਸਾ = ਉਪਰਾਮਤਾ ਵਿਚ ਰਹਿੰਦੇ ਹਨ।

## ਨਾਨਕ, ਸਤਿਗੁਰੁ ਸੇਵਨਿ ਆਪਣਾ; ਸੇ ਆਸਾ ਤੇ ਨਿਰਾਸਾ ॥੫॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਆਪਣੇ ਸਤਿਗੁਰੂ ਦਾ ਸੇਵਨ ਕਰਦੇ ਹਨ, ਸੇ = ਉਹ ਆਸਾ ਰੂਪੀ ਸੰਸਾਰ ਵਿਚ ਰਹਿੰਦੇ ਹੋਏ ਸੰਸਾਰ ਤੋਂ ਨਿਰਾਸਾ = ਨਿਰਆਸੇ **ਵਾ:** ਆਸਾ ਤੇ = ਤੋਂ ਰਹਿਤ ਹੋ ਗਏ ਹਨ ਭਾਵ ਮੁਕਤ ਹੋ ਗਏ ਹਨ ॥੫॥

## ਸਲੋਕੁ ਮ: ੧ ॥

ਇਕ ਦਿਨ ਸਤਿਗੁਰੂ ਨਾਨਕ ਦੇਵ ਜੀ ਵੇਈਂ ਨਦੀ ਤੋਂ ਇਸ਼ਨਾਨ ਕਰਕੇ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਸਤਿਗੁਰਾਂ ਨੇ ਉਸੇ ਕਾਜ਼ੀ ਨੂੰ ਕੁੱਕੜੀ (ਮੁਰਗੀ) ਜਿਬ੍ਹਾ ਕਰਦੇ ਭਾਵ ਮਾਰਦੇ ਹੋਏ ਵੇਖਿਆ, ਜਦੋਂ ਕਾਜ਼ੀ ਮੁਰਗੀ ਨੂੰ ਮਾਰਨ ਲੱਗਾ ਤਾਂ ਉਸ ਦੇ ਖ਼ੂਨ ਦੀਆਂ ਕੁਝ ਛਿੱਟਾਂ ਕਾਜ਼ੀ ਦੇ ਜਾਮੇ ਉਤੇ ਪੈ ਗਈਆਂ, ਕਾਜ਼ੀ ਨੇ ਉਹ ਜਾਮਾ ਉਤਾਰ ਕੇ ਆਪਣੇ ਨੌਕਰ ਨੂੰ ਧੌਣ ਵਾਸਤੇ ਦੇ ਦਿੱਤਾ ਕਿਉਂਕਿ ਮੁਸਲਮਾਨ ਲਹੂ ਦੀ ਛਿੱਟ ਨੂੰ ਨਾਪਾਕ ਮੰਨਦੇ ਹਨ, ਇਹ ਸਭ ਕੁਝ ਵੇਖ ਕੇ ਉਸ ਕਾਜ਼ੀ ਤਾਈਂ ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ :

## ਜੇ ਰਤੁ ਲਗੈ ਕਪੜੈ; ਜਾਮਾ ਹੋਇ ਪਲੀਤੁ ॥

ਹੇ ਕਾਜ਼ੀ ! ਜੇ = ਜੇਕਰ ਕਪੜੈ = ਬਸਤਰ ਨੂੰ ਰਤੁ = ਖ਼ੂਨ ਲਗੈ = ਲੱਗ ਜਾਵੇ ਤਾਂ ਤੁਸੀਂ ਉਹ ਜਾਮਾ = ਕੱਪੜਾ (ਚੋਲਾ) ਪਲੀਤੁ = ਅਪਵਿੱਤਰ ਹੋਇ = ਹੋਇਆ ਮੰਨਦੇ ਹੋ।

## ਜੋ ਰਤੁ ਪੀਵਹਿ ਮਾਣਸਾ; ਤਿਨ ਕਿਉ ਨਿਰਮਲੁ ਚੀਤੁ ॥

ਫੇਰ ਜੋ ਜੀਵਾਂ ਦੀ ਰਤ ਪੀਣ ਵਾਲੇ ਮਾਣਸਾ = ਮਨੁੱਖ ਹਨ, ਤਿਨ = ਉਨ੍ਹਾਂ ਦਾ ਚੀਤੁ = ਚਿੱਤ ਨਿਰਮਲੁ = ਪਵਿੱਤਰ ਕਿਉ = ਕਿਵੇਂ ਹੋ ਸਕਦਾ ਹੈ ਭਾਵ ਨਹੀਂ ਹੋ ਸਕਦਾ। ਜਿਵੇਂ ਖ਼ੂਨ ਲੱਗਣ ਦੇ ਨਾਲ ਵਸਤਰ ਅਪਵਿੱਤਰ ਹੋ ਜਾਂਦਾ ਹੈ, ਇਸ ਤਰ੍ਹਾਂ ਜਿਹੜਾ ਪਰਾਇਆ ਧਨ, ਚੋਰੀ, ਠੱਗੀ, ਝੂਠ, ਫ਼ਰੇਬ ਨਾਲ ਜਾਂ ਰਿਸ਼ਵਤ ਲੈ ਕੇ ਜਾਂ ਕਿਸੇ ਨੂੰ ਮਾਰ ਕੇ ਪਾਪ ਕੀਤਾ ਜਾਏ, ਉਹ ਵੀ ਜੀਵਾਂ ਦੇ ਖ਼ੂਨ ਪੀਣ ਦੇ ਤੁੱਲ ਹੈ। ਜਿਵੇਂ ਮਲਕ ਭਾਗੋ ਲੋਕਾਂ ਦੇ ਖ਼ੂਨ ਪੀਣ ਵਾਲਾ ਸੀ। ਗੁਰੂ ਨਾਨਕ ਸਾਹਿਬ ਜੀ ਨੇ ਉਸ ਦੀ ਪਾਪਾਂ ਦੀ ਕਮਾਈ ਦੇ ਮਾਲ੍ਹ ਪੂੜਿਆਂ 'ਚੋਂ ਪ੍ਰਤੱਖ ਖ਼ੂਨ ਨਿਚੋੜ ਕੇ ਦਿਖਾ ਦਿੱਤਾ ਸੀ। ਇਸ ਤਰ੍ਹਾਂ ਜੋ ਪਰਾਏ ਹੱਕ ਖਾਣ ਰੂਪੀ ਖ਼ੂਨ ਨਿਚੋੜ ਕੇ ਪੀਂਦੇ ਹਨ, ਉਨ੍ਹਾਂ ਦੇ ਚਿੱਤ ਨਿਰਮਲ ਕਿਵੇਂ ਹੋ ਸਕਦੇ ਹਨ।

## ਨਾਨਕ, ਨਾਉ ਖੁਦਾਇ ਕਾ; ਦਿਲਿ ਹਛੈ ਮੁਖਿ ਲੇਹੁ ॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜੋ ਖੁਦਾਇ = ਪਰਮੇਸ਼ਰ ਕਾ = ਦਾ ਨਾਮ ਹੈ, ਉਸ ਨੂੰ ਦਿਲਿ = ਹਿਰਦਾ ਹਛੈ = ਪਵਿੱਤਰ ਕਰਕੇ ਮੁੱਖ ਵਿੱਚੋਂ ਲੇਹੁ = ਲੈਣਾ ਭਾਵ ਜਪਣਾ ਕਰੋ **ਵਾ:** ਹਿਰਦੇ ਅਤੇ ਮੁੱਖ ਨੂੰ ਝੂਠ ਬੋਲਣ ਤੋਂ ਬਚਾ ਕੇ ਸ਼ੁਧ ਕਰ ਲੈਣਾ ਕਰੋ।

## ਅਵਰਿ ਦਿਵਾਜੇ ਦੁਨੀ ਕੇ; ਝੂਠੇ ਅਮਲ ਕਰੇਹੁ ॥੧॥

ਅਵਰਿ = ਹੋਰ ਜੋ ਦੁਨੀ = ਦੁਨੀਆਂ ਕੇ = ਦੇ ਦਿਵਾਜੇ = ਦਿਖਾਵੇ ਲਈ ਅਮਲ = ਕਰਮ ਕਰੇਹੁ = ਕਰਦੇ ਹੋ, ਉਹ ਝੂਠੇ ਹਨ **ਵਾ:** ਉਨ੍ਹਾਂ ਨੂੰ ਝੂਠਾ ਹੀ ਫਲ ਲੱਗੇਗਾ ॥੧॥

## ਮ: ੧ ॥

ਗੁਰੂ ਸਾਹਿਬ ਜੀ ਨੂੰ ਕਾਜ਼ੀ ਕਹਿਣ ਲੱਗਾ ਕਿ ਤੁਸੀਂ ਕਿਹੜਾ ਸਾਧਨ ਕਰਕੇ ਇਤਨੀ ਉੱਚੀ ਅਵਸਥਾ ਦੇ ਮਾਲਕ ਹੋਏ ਹੋ ? ਤਾਂ ਗੁਰੂ ਸਾਹਿਬ ਜੀ ਉੱਤਰ ਵਿਚ ਉਚਾਰਨ ਕਰਦੇ ਹਨ :

## ਜਾ ਹਉ ਨਾਹੀ, ਤਾ ਕਿਆ ਆਖਾ; ਕਿਹੁ ਨਾਹੀ ਕਿਆ ਹੋਵਾ ॥

ਜਾ = ਜਦੋਂ ਹਉ = ਮੈਂ ਹਾਂ ਹੀ ਨਹੀਂ ਤਾਂ ਮੈਂ ਆਪਣੇ ਆਪ ਨੂੰ ਕਿਆ = ਕੀ ਕਹਿ ਕੇ ਆਖਾ = ਆਖਣਾ ਕਰਾਂ। ਨਾ ਮੈਂ ਪਿੱਛੇ ਕਿਹੁ = ਕੁਝ ਸੀ, ਨਾ ਹੀ ਹੁਣ ਹਾਂ ਅਤੇ ਅੱਗੇ ਨੂੰ ਵੀ ਕਿਆ = ਕੀ ਹੋਵਾਂਗਾ। (ਇਹ ਕਹਿ ਕੇ ਗੁਰੂ ਜੀ ਨੇ ਆਪਣੀ ਅਵਸਥਾ ਹਉਮੈ ਤੋਂ ਰਹਿਤ ਦੱਸ ਦਿੱਤੀ।)

## ਕੀਤਾ ਕਰਣਾ ਕਹਿਆ ਕਥਨਾ; ਭਰਿਆ ਭਰਿ ਭਰਿ ਧੋਵਾਂ ॥

ਜੋ ਪਰਮੇਸ਼ਰ ਨੇ ਮੈਨੂੰ ਹੁਕਮ ਕੀਤਾ ਹੈ, ਮੈਂ ਉਹੋ ਹੀ ਕਰਤੱਬ ਕਰਨਾ ਕਰਦਾ ਹਾਂ, ਜੋ ਉਸਨੇ ਕਿਹਾ ਹੈ, ਉਹੋ ਹੀ ਬਾਣੀ ਦੁਆਰਾ ਕਥਨ ਕਰਦਾ ਹਾਂ **ਅਥਵਾ** ਜਿਸ ਪਰਮੇਸ਼ਰ ਨੇ ਮਾਇਆ ਦੁਆਰਾ ਸੰਸਾਰ ਰਚਨ ਦਾ ਕਰਣਾ = ਕਾਰਜ ਕੀਤਾ ਹੈ, ਉਸ ਦਾ ਜੱਸ ਵੇਦਾਂ, ਸ਼ਾਸਤਰਾਂ ਵਿਚ ਕਹਿਆ = ਕਹਿ ਕੇ ਕਥਨਾ = ਕਥਨ ਕੀਤਾ

ਹੈ। ਜਿਨ੍ਹਾਂ ਜਗਿਆਸੂਆਂ ਦਾ ਹਿਰਦਾ ਪਾਪਾਂ ਨਾਲ ਭਰਿਆ ਹੋਇਆ ਹੈ, ਉਨ੍ਹਾਂ ਦੇ ਹਿਰਦੇ ਨੂੰ ਸ਼ਬਦ ਦੇ ਨਾਲ ਭਰ ਭਰ ਕੇ ਧੋਣ ਵਾਲਾ ਹਾਂ **ਅਥਵਾ** ਨਾਮ ਰੂਪੀ ਜਲ, ਵਾਕ ਇੰਦਰੇ ਰੂਪੀ ਬੁੱਕ ਭਰ ਭਰ ਕੇ ਜਾਂ ਸੁਆਸ ਰੂਪੀ ਅੰਜੁਲ ਭਰ ਭਰ ਕੇ ਉਨ੍ਹਾਂ ਦੇ ਅੰਤਸ਼ਕਰਣ ਨੂੰ ਧੋਵਾਂ = ਧੋਣਾ ਕਰਦਾ ਹਾਂ। ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਮੈਂ ਇਹੋ ਜਿਹਾ ਆਗੂ ਨਹੀਂ :

## ਆਪਿ ਨ ਬੁਝਾ, ਲੋਕ ਬੁਝਾਈ; ਐਸਾ ਆਗੂ ਹੋਵਾਂ ॥

(**ਬੁੱਝਾ** ਬੋਲੋ)

ਜੋ ਆਪਿ = ਆਪਣੇ ਆਤਮਿਕ ਸਰੂਪ ਨੂੰ ਤਾਂ ਬੁਝਾ = ਜਾਣਦਾ ਨਹੀਂ, ਲੋਕ ਬੁਝਾਈ = ਲੋਕਾਂ ਨੂੰ ਸਿੱਖਿਆ ਦਿੰਦਾ ਹੈ ਕਿ ਮੈਂ ਵੀ ਐਸਾ = ਇਹੋ ਜਿਹਾ ਆਗੂ ਹੋਵਾਂ, ਭਾਵ ਮੈਂ ਇਹੋ ਜਿਹਾ ਆਗੂ ਨਹੀਂ ਹਾਂ **ਅਥਵਾ** ਆਪਿ = ਆਪਾ-ਭਾਵ (ਹੰਕਾਰ) ਨੂੰ ਮੈਂ ਬੁਝਾ = ਬੁੱਝਦਾ ਨਹੀਂ ਅਤੇ ਲੋਕਾਂ ਨੂੰ ਵੀ ਏਹੋ ਸਿੱਖਿਆ ਬੁਝਾਈ = ਸਮਝਾਉਂਦਾ ਹਾਂ ਕਿ ਹੰਕਾਰ ਨਾ ਕਰੋ, ਮੈਂ ਤਾਂ ਐਸਾ = ਇਹੋ ਜਿਹਾ ਆਗੂ ਹੋਵਾਂ = ਹੋ ਰਿਹਾ ਹਾਂ।

## ਨਾਨਕ, ਅੰਧਾ ਹੋਇ ਕੈ ਦਸੇ ਰਾਹੈ; ਸਭਸੁ ਮੁਹਾਏ ਸਾਥੈ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਕਾਜ਼ੀ ! ਤੂੰ ਮਨ, ਬੁੱਧ ਰੂਪ ਨੇਤਰਾਂ ਤੋਂ ਹੀਣਾ ਅੰਧਾ = ਅਗਿਆਨੀ ਹੋਇ = ਹੋ ਕੈ = ਕਰਕੇ ਲੋਕਾਂ ਨੂੰ ਸ਼ਰ੍ਹਾਂ ਦਾ ਰਾਹੈ = ਰਸਤਾ ਦਸੈ = ਦੱਸਦਾ ਹੈਂ, ਇਉਂ ਤੂੰ ਤਾਂ ਆਪਣੇ ਸਭਸੁ = ਸਾਰੇ ਸਾਥੈ = ਸਾਥੀਆਂ ਨੂੰ ਭੀ ਮੁਹਾਏ = ਲੁੱਟੀ ਜਾ ਰਿਹਾ ਹੈਂ।

**ਸਾਖੀ—ਇਕ ਅੰਨੇ ਪੁਰਖ ਦੀ :** ਜਿਵੇਂ ਇਕ ਅੰਨ੍ਹਾ ਪੁਰਸ਼ ਘਰ ਤੋਂ ਚੂਰੀ ਲੜ ਬੰਨ੍ਹ ਕੇ ਤੁਰ ਪਿਆ। ਅੱਗੇ ਜਾਂਦਾ ਰਾਹ ਭੁੱਲ ਕੇ ਜੰਗਲ ਵਿਚ ਜਾ ਵੜਿਆ। ਦੁੱਖੀ ਹੋ ਕੇ ਪੁਕਾਰ ਕਰਨ ਲੱਗਾ ਕਿ ਕੋਈ ਮੈਨੂੰ ਰਾਹ ਦੱਸੇ ਤਾਂ ਇਕ ਹੋਰ ਵਿਅਕਤੀ ਜੰਗਲ ਵਿਚ ਸੀ। ਉਸ ਦੀ ਆਵਾਜ਼ ਸੁਣ ਕੇ ਕੋਲ ਆਇਆ ਤੇ ਕਹਿਣ ਲੱਗਾ ਕਿ ਇਸ ਭਿਆਨਕ ਜੰਗਲ 'ਚੋਂ ਮੈਂ ਹੀ ਤੈਨੂੰ ਕੱਢ ਕੇ ਰਸਤੇ ਪਾ ਸਕਦਾ ਹਾਂ। ਪਰ ਇਸ ਦੇ ਬਦਲੇ ਮੈਨੂੰ ਕੀ ਮਿਲੇਗਾ ? ਤਾਂ ਉਸ ਅੰਨ੍ਹੇ ਪੁਰਸ਼ ਨੇ ਕਿਹਾ ਕਿ ਭਾਈ, ਮੇਰੇ ਕੋਲ ਤਾਂ ਸਨਿਗਧ ਭੋਜਨ ਚੂਰੀ ਹੈ, ਇਹ ਮੈਂ ਤੈਨੂੰ ਦੇ ਸਕਦਾ ਹਾਂ ਤਾਂ ਉਸ ਨੇ ਕਿਹਾ ਕਿ ਪਹਿਲਾਂ ਚੂਰੀ ਖਵਾ, ਫੇਰ ਮੈਂ ਤੈਨੂੰ ਰਸਤੇ 'ਤੇ ਪਾਉਂਦਾ ਹਾਂ। ਉਸ ਨੇ ਚੂਰੀ ਉਸ ਵਿਅਕਤੀ ਦੇ ਹਵਾਲੇ ਕਰ ਦਿੱਤੀ ਅਤੇ ਉਸ ਦੀ ਡੰਗੋਰੀ ਫੜ ਕੇ ਲੈ ਤੁਰਿਆ ਤਾਂ ਰਸਤੇ ਵਿਚ ਇਕ ਬਿਨਾਂ ਮੌਣ ਤੋਂ ਖੂਹ ਸੀ, ਜੋ ਕਾਫ਼ੀ ਚਿਰ ਤੋਂ ਬੰਦ ਭਾਵ ਪਾਣੀ ਤੋਂ ਰਹਿਤ ਇਕ ਡੂੰਘੇ ਟੋਏ ਦੀ ਸ਼ਕਲ ਦਾ ਬਣਿਆ ਹੋਇਆ ਸੀ ਤਾਂ ਉਹ ਉਸ ਦੇ ਵਿਚ ਦੋਵੇਂ ਹੀ ਡਿੱਗ ਪਏ। ਅੰਨ੍ਹੇ ਪੁਰਸ਼ ਨੇ ਬਹੁਤ ਦੁਖੀ ਹੋ ਕੇ ਬੁਰਾ ਭਲਾ ਕਹਿਣਾ ਸ਼ੁਰੂ ਕੀਤਾ ਕਿ ਮੇਰੀ ਚੂਰੀ ਖਾ ਕੇ ਖੂਹ ਵਿਚ ਸੁੱਟ ਗਿਆ ਹੈ ਤਾਂ ਚੂਰੀ ਖਾਣ ਵਾਲਾ ਬੋਲਿਆ ਕਿ ਘਬਰਾ ਨਾ ਮੈਂ ਵੀ ਨਾਲ ਹੀ ਡਿੱਗਿਆ ਹਾਂ ਤਾਂ ਉਸ ਨੇ ਕਿਹਾ ਕਿ ਤੂੰ ਕਿਵੇਂ ਡਿੱਗ ਪਿਆ ? ਤਾਂ ਉਸ ਨੇ ਕਿਹਾ ਕਿ ਮੈਂ ਵੀ ਤੇਰਾ ਸਾਥੀ ਅੰਧਾ ਹੀ ਹਾਂ। ਮੇਰੇ ਵੀ ਨੇਤਰ ਨਹੀਂ ਹਨ ਤਾਂ ਉਸ ਨੇ ਕਿਹਾ ਕਿ ਤੂੰ ਸੁਜਾਖਾ ਹੋਣ ਦਾ ਦਾਅਵਾ ਕਿਉਂ ਕੀਤਾ ? ਮੈਨੂੰ ਰਾਹ ਦੱਸਣ ਦਾ ਵਿਸ਼ਵਾਸ ਕਿਉਂ ਦਿਵਾਇਆ ? ਤਾਂ ਉਸ ਨੇ ਉਤਰ ਦਿੱਤਾ ਕਿ ਸਭ ਕੁਝ ਚੂਰੀ ਦੇ ਲਾਲਚ ਨੇ ਕਰਾਇਆ ਹੈ। ਮੈਂ ਭੁੱਖਾ ਸੀ। ਜੇ ਮੈਂ ਦੱਸ ਦਿੰਦਾ ਤਾਂ ਤੂੰ ਮੈਨੂੰ ਚੂਰੀ ਨਹੀਂ ਖਵਾਉਣੀ ਸੀ। ਇਉਂ, ਇਹੋ ਜਿਹੇ ਆਗੂ ਹੋ ਰਹੇ ਹਨ ਜੋ ਕਿ ਪਦਾਰਥਾਂ ਰੂਪੀ ਚੂਰੀ ਖਾਣ ਦੇ ਲਾਲਚ ਵਿਚ ਲੋਕਾਂ ਨੂੰ ਗਿਆਨ ਦਾ ਰਾਹ ਦੱਸਣ ਦਾ ਦਾਹਵਾ ਕਰਦੇ ਹਨ। ਉਹ ਆਪ ਵੀ ਨਰਕਾਂ ਦੇ ਖੂਹ ਵਿਚ ਡਿੱਗਣਗੇ ਅਤੇ ਦੂਸਰਿਆਂ ਨੂੰ ਵੀ ਡੇਗਣਗੇ। ਇਸ ਕਰਕੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

**ਅੰਨ੍ਹੈ ਅੰਨ੍ਹਾ ਖੂਹੀ ਠੇਲੇ।** *(ਭਾਈ ਗੁਰਦਾਸ ਜੀ, ਵਾਰ ੧੫, ਪਉੜੀ ੫)*

## ਅਗੈ ਗਇਆ, ਮੁਹੇ ਮੁਹਿ ਪਾਹਿ; ਸੁ ਐਸਾ ਆਗੂ ਜਾਪੈ ॥੨॥

ਹੇ ਕਾਜ਼ੀ ! ਇਸ ਪ੍ਰਕਾਰ ਜਦੋਂ ਤੂੰ ਅਗੈ = ਅੱਗੇ ਪ੍ਰਲੋਕ ਨੂੰ ਗਿਆ ਤਾਂ ਤੇਰੇ ਮੁਹੇ ਮੁਹਿ = ਮੂੰਹੋਂ ਮੂੰਹ ਤੇ ਜਮਾਂ ਦੀਆਂ ਮਾਰਾਂ ਪਾਹਿ = ਪੈਣਗੀਆਂ **ਵਾ:** ਪਦਾਰਥਾਂ ਦੇ ਮੁਹੇ = ਮੋਹ ਵਿਚ ਮੁਹਿ = ਮੋਹਤ ਹੋਣ ਕਰਕੇ ਤੇਰੇ ਜਮਾਂ ਦੀਆਂ ਮਾਰਾਂ ਪੈਣਗੀਆਂ ਸੋ ਤੂੰ ਇਹੋ ਜਿਹਾ ਆਗੂ ਜਾਪੈ = ਜਾਨਿਆ ਜਾਵੇਂਗਾ ॥੨॥

***ਨੋਟ :*** ਅੱਗੇ ਅਰਥ ਅਨਵੈਂ ਰੀਤ ਅਨੁਸਾਰ ਕੀਤਾ ਹੋਇਆ ਹੈ।

(ਕੀਤਾ ਕਰਣਾ) ਜਦੋਂ ਵਾਹਿਗੁਰੂ ਨੇ ਕਿਰਪਾ ਦ੍ਰਿਸ਼ਟੀ ਕੀਤੀ। ਕਹਿਆ ਕਥਨਾ = ਤਾਂ ਕਥਨ ਕਰਕੇ ਇਹ ਆਗਿਆ ਦਿੱਤੀ ਕਿ (ਭਰਿਆ ਭਰਿ ਭਰਿ ਧੋਵਾਂ) ਜਿਹੜਾ ਅੰਤਸ਼ਕਰਨ ਪਾਪਾਂ ਦੀ ਮੈਲ ਨਾਲ ਭਰਿਆ ਹੋਇਆ ਹੈ, ਸਾਨੂੰ ਸਾਧਸੰਗਤ ਰੂਪੀ ਖੂਹ ਉੱਤੇ ਜਾ ਕੇ ਨਾਮ ਰੂਪੀ ਸਾਬਣ ਲਾ ਕੇ ਪ੍ਰੇਮ ਰੂਪੀ ਜਲ ਦੇ ਬੁੱਕ ਭਰ ਭਰ ਕੇ ਨਿਸਚੇ ਰੂਪੀ ਪਟੜੇ 'ਤੇ ਰੱਖ ਕੇ ਉਕਤੀਆਂ ਯੁਕਤੀਆਂ ਦੀਆਂ ਮੁੱਕੀਆਂ ਦੇ ਕੇ ਮਨ ਰੂਪੀ ਵਸਤਰਾਂ ਨੂੰ ਸੁਆਸਾਂ ਦੀ ਲੱਜ ਨਾਲ ਖਿੱਚ ਕੇ ਧੋਣਾ ਕਰੀਏ **ਅਥਵਾ** (ਕਹਿਆ ਕਥਨ) ਜਿਵੇਂ ਗੁਰਾਂ ਨੇ ਕਥਨ ਕਰਕੇ ਕਿਹਾ ਹੈ ਅਤੇ (ਕੀਤਾ ਕਰਣਾ) ਕਿਰਪਾ ਦ੍ਰਿਸ਼ਟੀ ਕਰਕੇ ਜੋ ਉਪਦੇਸ਼ ਦੇਣਾ ਕੀਤਾ ਹੈ ਉਸ ਦਾ ਅਭਿਆਸ ਕਰੀਏ ਜੋ ਅੰਤਸ਼ਕਰਣ ਸੰਚਤ, ਕਿਰੇਮਾਨ ਕਰਮਾਂ ਰੂਪੀ ਮੈਲ ਨਾਲ ਭਰਿਆ ਹੋਇਆ ਹੈ, ਇਉਂ ਪਾਪਾਂ, ਕਰਮਾਂ ਦੀ ਮੈਲ ਨਾਲ ਭਰੇ ਹੋਏ ਅੰਤਸ਼ਕਰਨ ਦੇ ਤਾਈਂ ਨਾਮ ਰੂਪੀ ਜਲ ਭਰ ਕੇ ਧੋਣਾ ਕਰੀਏ ਜੀ ਇਉਂ (ਆਪਿਨ ਬੁਝਾ) ਆਪਣੇ ਸਰੂਪ ਆਪ ਬੁੱਝ ਕੇ ਹੀ (ਲੋਕ ਬੁਝਾਈ) ਲੋਕਾਂ ਨੂੰ ਸਿੱਖਿਆ ਦੇਣੀ ਕਰੀਏ। (ਐਸਾ ਆਗੂ ਹੋਵਾਂ) ਐਸਾ = ਇਹੋ ਜਿਹੇ ਆਗੂ ਹੋਵਾਂ = ਹੋਣਾ ਕਰੀਏ (ਜਾ ਹਉ ਨਾਹੀ) ਜਾ = ਜਦੋਂ ਸਾਡੇ ਅੰਦਰ ਸਥੂਲ ਦੇਹ ਦੀ ਹਉ = ਹੰਗਤਾ ਨਾਹੀ = ਨਹੀਂ ਹੈ (ਤਾ ਕਿਆ ਆਖਾ) ਤਾਂ ਫੇਰ ਕਾਰਨ ਦੇਹ ਦੀ ਬਾਬਤ ਕਿਆ = ਕੀ ਆਖਾ = ਆਖੀਏ (ਕਿਹੁ ਨਾਹੀ ਕਿਆ ਹੋਵਾ) ਸੂਖਮ ਦੇਹ ਵੀ ਕਿਹੁ = ਕੁਝ ਨਾਹੀ = ਨਹੀਂ ਹੈ ਤੇ ਅੱਗੇ ਵਾਸਤੇ ਅਸੀਂ ਹੰਕਾਰ ਸਹਿਤ ਕੀ ਹੋਵਾਂਗੇ। (ਜਾ ਹਉ ਨਾਹੀ ਤਾ ਕਿਆਂ ਆਖਾ) ਜਦੋਂ ਦੇਹ ਦੀ ਹੰਗਤਾ ਨਹੀਂ ਰਹੀ ਤਾਂ ਗੁਰਾਂ ਦੇ ਆਖੇ ਹੋਏ ਸ਼ਬਦ ਦਾ ਅਭਿਆਸ ਕੀਤਾ। (ਕਿਹੁ ਨਾਹੀ ਕਿਆ ਹੋਵਾ) ਤਾਂ ਫੇਰ ਸੂਖਮ ਦੇਹ ਦੀ ਹੰਗਤਾ ਵੀ ਕੁਝ ਨਾ ਰਹੀ ਅਤੇ ਕਾਰਨ ਦੇਹ ਦੀ ਹੰਗਤਾ ਕੀ ਹੋਣੀ ਸੀ। ਐਸਾ ਆਗੂ ਹੋਵਾਂ = ਇਹੋ ਜਿਹੇ ਆਗੂ ਹੋਣਾ ਕਰੀਏ।

## ਪਉੜੀ ॥ ਮਾਹਾ ਰੁਤੀ ਸਭ ਤੂੰ ਘੜੀ; ਮੂਰਤ ਵੀਚਾਰਾ ॥

ਹੇ ਪਰਮੇਸ਼ਰ ! ਬਾਰਾਂ ਮਾਹਾ = ਮਹੀਨਿਆਂ, ਛੇ ਰੁਤੀ = ਰੁੱਤਾਂ, ਇਕ ਘੜੀ, ਅਤੇ ਮੂਰਤ = ਦੋ ਘੜੀਆਂ ਆਦਿਕ ਦੇ ਸਭ = ਸਾਰੇ ਸਮਿਆਂ ਵਿਚ ਇਕ ਤੂੰ = ਤੈਨੂੰ ਹੀ ਵੀਚਾਰਾ = ਵਿਚਾਰਨਾ ਕੀਤਾ ਹੈ।

## ਤੂੰ ਗਣਤੈ ਕਿਨੈ ਨ ਪਾਇਓ; ਸਚੇ ਅਲਖ ਅਪਾਰਾ ॥

ਹੇ ਸੱਚੇ ਤ੍ਰੈਕਾਲ ਅਬਾਧ ਰੂਪ ਅਲਖ = ਲਖਣ ਤੋਂ ਰਹਿਤ ਅਪਾਰਾ = ਪਾਰਾਵਾਰ ਤੋਂ ਰਹਿਤ ਪਰਮੇਸ਼ਰ ! ਪਰ ਤੂੰ = ਤੈਨੂੰ ਕਰਮਾਂ, ਸਮਿਆਂ ਆਦਿ ਦੀ ਗਣਤੈ = ਗਿਣਤੀ ਨਾਲ ਕਿਨੈ = ਕਿਸੇ ਨੇ ਵੀ ਨ = ਨਹੀਂ ਪਾਇਓ = ਪਾਉਣਾ ਕੀਤਾ।

## ਪੜਿਆ ਮੂਰਖੁ ਆਖੀਐ; ਜਿਸੁ ਲਬੁ ਲੋਭੁ ਅਹੰਕਾਰਾ ॥

ਉਹ ਪੜ੍ਹਿਆ ਹੋਇਆ ਮੂਰਖ ਆਖੀਐ = ਆਖੀਦਾ ਹੈ ਜਿਸ ਨੂੰ ਪਦਾਰਥਾਂ ਦੇ ਖਾਣ ਦਾ ਲਬ ਤੇ ਮਾਇਆ ਜੋੜਨ ਦਾ ਲੋਭੁ = ਲਾਲਚ ਹੋਵੇ ਅਤੇ ਗੁਣਾਂ ਦਾ ਹੰਕਾਰ ਹੋਵੇ। ਜਿਵੇਂ ਪੰਡਤ ਕੇਸ਼ਵ ਦਾਸ ਉਦਾਸੀਨ ਮੱਤ

ਦਾ ਪੈਸੇ ਲੈ ਕੇ ਚਰਚਾ ਕਰਦਾ ਹੁੰਦਾ ਸੀ। ਛੋਟੇ ਅਖਾੜੇ ਦੇ ਇਕ ਸਾਧੂ ਨੇ ਉਸ ਨੂੰ ੫੦੦ ਰੁਪਏ ਦੇ ਕੇ ਉਪਰੋਕਤ ਇਸ ਪੰਗਤੀ ਦਾ ਅਰਥ ਪੁੱਛਿਆ ਤਾਂ ਫਿਰ ਉਸਨੂੰ ਸ਼ਰਮਸਾਰ ਹੋ ਕੇ ਚੁੱਪ ਹੀ ਕਰਨਾ ਪਿਆ।

## ਨਾਉ ਪੜੀਐ ਨਾਉ ਬੁਝੀਐ; ਗੁਰਮਤੀ ਵੀਚਾਰਾ ॥

ਹੇ ਭਾਈ! ਗੁਰਮਤੀ = ਗੁਰੂ ਦੀ ਸਿੱਖਿਆ ਦੁਆਰਾ ਵੀਚਾਰਾ = ਵੀਚਾਰ ਪ੍ਰਾਪਤ ਕਰਕੇ ਨਾਉ = ਨਾਮ ਦੀ ਹੀ ਪੜੀਐ = ਪੜ੍ਹਾਈ ਕਰੀਏ ਤੇ ਨਾਮ ਨੂੰ ਹੀ ਬੁਝੀਐ = ਜਾਣੀਏ ਕਿ ਕਿਵੇਂ ਜਪਣਾ ਹੈ?

## ਗੁਰਮਤੀ ਨਾਮੁ ਧਨੁ ਖਟਿਆ; ਭਗਤੀ ਭਰੇ ਭੰਡਾਰਾ ॥

ਜਿਨ੍ਹਾਂ ਨੇ ਗੁਰਮਤੀ = ਗੁਰੂ ਦੀ ਮੱਤ ਦੁਆਰਾ ਨਾਮ ਧਨ ਨੂੰ ਖਟਿਆ = ਪ੍ਰਾਪਤ ਕੀਤਾ ਹੈ, ਉਨ੍ਹਾਂ ਦੇ ਹਿਰਦੇ ਰੂਪੀ ਭੰਡਾਰਾ = ਖ਼ਜ਼ਾਨੇ ਭਗਤੀ ਨਾਲ ਭਰੇ ਹੋਏ ਹਨ।

## ਨਿਰਮਲੁ ਨਾਮੁ ਮੰਨਿਆ; ਦਰਿ ਸਚੈ ਸਚਿਆਰਾ ॥

ਜਿਨ੍ਹਾਂ ਗੁਰਮੁਖ ਜਨਾਂ ਨੇ ਪਰਮੇਸ਼ਰ ਦੇ ਨਿਰਮਲੁ = ਪਵਿੱਤਰ ਨਾਮ ਦਾ ਮੰਨਿਆ = ਮੰਨਣ ਕੀਤਾ ਹੈ। ਉਹ ਸੱਚ ਦੀ ਪ੍ਰਾਪਤੀ ਵਾਲੇ ਸਾਧਸੰਗਤ, ਸਚਖੰਡ ਰੂਪੀ ਦਰ = ਦਰਬਾਰ ਵਿਚ ਸਚਿਆਰ ਹੋਏ ਹਨ।

## ਜਿਸ ਦਾ ਜੀਉ ਪਰਾਣੁ ਹੈ; ਅੰਤਰਿ ਜੋਤਿ ਅਪਾਰਾ ॥

ਜਿਸ ਵਾਹਿਗੁਰੂ ਦਾ ਇਸ ਜੀਉ = ਜੀਵ ਨੂੰ ਪ੍ਰਾਣ ਆਦਿਕ ਸਾਰਾ ਕੁਝ ਦਿੱਤਾ ਹੋਇਆ ਹੈ ਉਹ ਜੋਤੀ ਸਰੂਪ ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਸਾਰਿਆਂ ਦੇ ਅੰਤਰਿ = ਹਿਰਦੇ ਅੰਦਰ ਹੀ ਵਸ ਰਿਹਾ ਹੈ।

## ਸਚਾ ਸਾਹੁ ਇਕੁ ਤੂੰ; ਹੋਰੁ ਜਗਤੁ ਵਣਜਾਰਾ ॥੬॥

ਹੇ ਪ੍ਰਭੂ! ਇਕ ਤੂੰ ਹੀ ਸੱਚਾ ਸਾਹੁ = ਸ਼ਾਹੂਕਾਰ ਹੈਂ, ਹੋਰ ਜਗਤੁ = ਸੰਸਾਰ ਤਾਂ ਚੰਗੇ ਮੰਦੇ ਕਰਮਾਂ ਦਾ ਵਣਜਾਰਾ = ਵਪਾਰ ਕਰਨ ਵਾਲਾ ਹੈ ॥੬॥

## ਸਲੋਕੁ ਮ: ੧ ॥

**ਉਥਾਨਕਾ :** ਇਹ ਸ਼ਬਦ ਵੀ ਉਸੇ ਕਾਜ਼ੀ ਦੇ ਪ੍ਰਥਾਏ ਉਚਾਰਨ ਕਰਕੇ ਉਪਦੇਸ਼ ਦਿੱਤਾ ਸੀ, (ਇਸੇ ਸ਼ਬਦ ਨੂੰ ਦੁਆਰਾ ਪੜ ਕੇ ਮੱਕੇ ਵਿਚ ਸਤਿਗੁਰਾਂ ਨੇ ਕਾਜ਼ੀਆਂ, ਮੁਲਾਣਿਆਂ ਨੂੰ ਉਪਦੇਸ਼ ਦਿੱਤਾ ਸੀ)

## ਮਿਹਰ ਮਸੀਤਿ, ਸਿਦਕੁ ਮੁਸਲਾ; ਹਕੁ ਹਲਾਲੁ ਕੁਰਾਣੁ ॥

(**ਮੁਸੱਲਾ** ਬੋਲੋ)

ਜੋ ਆਪਣੇ ਜੀਵ ਆਤਮਾ **ਵਾ:** ਜੀਵਾਂ ਉਤੇ ਮਿਹਰ = ਦਇਆ ਕਰਨੀ ਹੈ ਇਹੋ ਹੀ ਅਸਲੀ ਮਸੀਤ ਹੈ, ਜੋ ਪਰਮੇਸ਼ਰ ਤੇ ਸਿਦਕੁ = ਭਰੋਸਾ ਕਰਨਾ ਹੈ ਇਹ ਹੇਠਾਂ ਵਿਛਾਉਣ ਵਾਲਾ ਮੁਸੱਲਾ ਹੈ ਅਤੇ ਹੱਕ ਹਲਾਲ ਦੀ ਕਮਾਈ ਕਰਨੀ ਹੀ ਕੁਰਾਨ ਦਾ ਪੜ੍ਹਨਾ ਹੈ **ਵਾ:** ਹਕੁ = ਸੱਚ ਬੋਲਣਾ ਹੀ ਹਲਾਲ ਦਾ ਖਾਣਾ ਹੈ ਅਤੇ ਧਰਮ ਦਾ ਉਪਦੇਸ਼ ਗ੍ਰਹਿਣ ਕਰਕੇ ਸੱਚਾ ਨਾਮ ਜਪਣਾ ਹੀ ਕੁਰਾਨ ਦਾ ਪੜ੍ਹਨਾ ਹੈ। ਅਰਥਾਤ ਮੁਸਲਮਾਨ ਮੱਤ ਵਿਚ ਜੀਵ-ਹੱਤਿਆ ਵੇਲੇ ਢਾਈ ਛੁਰੀਆਂ ਫੇਰਦੇ ਹਨ ਅਤੇ ਕਲਮਾ ਪੜ੍ਹਦੇ ਹਨ। ਜੈਸਾ ਕਿ :

**ਬਿਸਮਿਲਾ ਰਹਿਮਾਨੁਲ ਰਹੀਮ ਲਾ ਇਲਾ ਇਲਲਿਲਾ ਮੁਹੰਮਦ ਰਸੂਲ ਇਲਇਲਾਹ।**

ਇਸ ਦਾ ਅਰਥ ਹੈ ਕਿ ਬਿਸਮਿਲਾ = ਮੈਂ ਰੱਬ ਦੇ ਨਾਮ ਨਾਲ ਸ਼ੁਰੂ ਕਰਦਾ ਹਾਂ, ਰਹਿਮਾਨੁਲ = ਜੋ ਰਹਿਮ

ਦਿਲੀ ਰੱਖਣ ਵਾਲਾ ਹੈ। ਲਾ ਇਲਲਿਲਾ = ਬਿਨਾਂ ਅੱਲ੍ਹਾ ਦੇ ਹੋਰ ਕੋਈ ਨਹੀਂ। ਮੁਹੰਮਦ ਰਸੂਲ ਇਲਇਲਾਹ = ਮੁਹੰਮਦ ਅੱਲ੍ਹਾ ਦਾ ਭੇਜਿਆ ਹੋਇਆ ਹੈ। ਕੁਰਾਣੁ (ਕੁਰ + ਆਣ) ਕੁਰ ਨਾਮ ਬਾਣੀ ਦਾ ਹੈ ਤੇ ਆਣ ਨਾਮ ਆਕਾਸ਼ ਦਾ ਹੈ ਭਾਵ ਜੋ ਆਕਾਸ਼ ਤੋਂ ੩੦ (ਤੀਹ ਸਪਾਰੇ) ਮੁਹੰਮਦ ਸਾਹਿਬ ਨੂੰ ਉਤਰੇ)

***ਨੋਟ :*** ਇਸਲਾਮ ਦੇ ਮੰਨੇ ਪ੍ਰਮੰਨੇ ਪੈਗ਼ੰਬਰ ਮੁਹੰਮਦ ਸਾਹਿਬ ਜਿਨ੍ਹਾਂ ਦਾ ਜਨਮ ੨੦ ਅਪ੍ਰੈਲ ੫੭੧ ਈ. ਸੰਨ ਵਿਚ ਹੋਇਆ। ਕੁਰੇਸ਼ ਵੰਸ਼ੀ ਅਬਦੁੱਲਾ ਦਾ ਪੁੱਤਰ ਜੋ ਆਮਿਨਾ ਨਾਮ ਦੀ ਔਰਤ ਦੇ ਕੁੱਖ ਵਿੱਚੋਂ ਅਰਬ ਦੇਸ਼ ਦੇ ਮੱਕੇ ਸ਼ਹਿਰ ਵਿਚ ਪੈਦਾ ਹੋਇਆ।

## ਸਰਮ ਸੁੰਨਤਿ, ਸੀਲੁ ਰੋਜਾ; ਹੋਹੁ ਮੁਸਲਮਾਣੁ ॥

ਜੋ ਵਿਸ਼ਿਆਂ ਵੱਲੋਂ ਸ਼ਰਮ ਕਰਨੀ ਹੈ, ਇਹੋ ਹੀ ਸੁੰਨਤ ਹੈ **ਵਾ:** ਸੁੰਨਤਿ[੧] (ਸੁੰਨ+ਤਿ) ਜੋ ਪਰਾਈ ਤਿ = ਤ੍ਰਿਆ (ਇਸਤਰੀ) ਦੇ ਨਾਲ ਵਿਕਾਰ ਤੋਂ ਸੁੰਨ = ਅਫੁਰ ਭਾਵ ਵਿਸ਼ੇ ਭੋਗਣੇ ਦੇ ਫੁਰਨੇ ਤੋਂ ਰਹਿਤ ਹੋਣ ਰੂਪ ਸ਼ਰਮ ਕਰਨੀ ਹੈ ਇਹੋ ਸੁੰਨਤ ਹੈ, ਸੀਲੁ = ਨਰਮ ਭਾਵ ਨਿਮਰਤਾ ਵਾਲਾ ਸੁਭਾਅ ਧਾਰਨ ਕਰਨਾ ਹੀ ਰੋਜ਼ੇ ਰੱਖਣਾ ਹੈ, ਇਹੋ ਜਿਹਾ ਮੁਸਲਮਾਨ ਹੋਹੁ = ਹੋਣਾ ਕਰ **ਵਾ:** (ਮੁਸਲ+ਮਾਣੁ) ਮਾਣੁ = ਹੰਕਾਰ ਨੂੰ ਹਿਰਦੇ ਵਿੱਚੋਂ ਗਿਆਨ ਦੇ ਮੁਸਲ = ਮੂਹਲੇ ਭਾਵ ਸੋਟੇ ਨਾਲ ਕੱਢ ਦੇਵੋ। ਇਹੋ ਜਿਹਾ ਮੁਸਲਮਾਨ ਹੋਹੁ = ਹੋਣਾ ਕਰੋ **ਵਾ:** ਗਿਆਨ ਦੁਆਰਾ ਮਾਣੁ = ਹੰਕਾਰ ਨੂੰ ਮੁਸ = ਲੁੱਟ ਲ = ਲੈਣਾ ਹੀ ਮੁਸਲਮਾਨ ਹੋਣਾ ਹੈ।

## ਕਰਣੀ ਕਾਬਾ, ਸਚੁ ਪੀਰੁ; ਕਲਮਾ ਕਰਮ ਨਿਵਾਜ ॥

ਜਿਹੜੀ ਭਗਤੀ ਦੀ ਕਰਣੀ = ਕਮਾਈ ਕਰਨੀ ਹੈ ਇਹੋ ਹੀ ਕਾਬਾ ਹੈ ਸਚੁ ਪੀਰੁ = ਸੱਚ ਬੋਲਣ, ਸੱਚੇ ਪਰਮੇਸ਼ਰ ਨੂੰ ਹੀ ਪੀਰ ਸਮਝੇ। ਨਿਸ਼ਕਾਮ ਕਰਮ ਕਰਨੇ ਹੀ ਕਲਮਾਂ ਪੜ੍ਹਨੀਆਂ ਹਨ। ਨਿਮਰਤਾ ਰੱਖਣੀ ਇਹੋ ਹੀ ਨਮਾਜ਼ ਹੈ ਕਿਉਂਕਿ ਨਮਾਜ਼ ਪੜ੍ਹਨ ਵੇਲੇ ਨੀਵਾਂ ਹੋਣਾ ਪੈਂਦਾ ਹੈ ਭਾਵ ਧਰਤੀ ਨੂੰ ਸਿਰ ਲਾ ਕੇ ਸਿਜਦਾ ਕਰਨਾ ਪੈਂਦਾ ਹੈ। ਅਸਲੀ ਮਨ ਦਾ ਨਿਵਣਾ ਹੀ ਨਮਾਜ਼ ਪੜ੍ਹਨੀ ਸਮਝਣੀ ਚਾਹੀਦੀ ਹੈ। (ਨਿਵ + ਆਜ਼) ਨਿਵ = ਨਿਮਰਤਾ ਆਜ਼ = ਆਉਣੀ ਹੀ ਨਮਾਜ਼ ਪੜ੍ਹਨੀ ਹੈ।

**ਕਾਬੇ ਬਾਰੇ ਵੀਚਾਰ :** ਮੱਕਾ ਸ਼ਹਿਰ ਦਾ ਨਾਮ ਹੈ। ਕਾਬਾ ਇਸਲਾਮ ਦਾ ਧਾਰਮਿਕ ਮੰਦਰ ਹੈ। ਪਹਿਲੇ ਸਮੇਂ ਵਿਚ ਕਾਬੇ ਵਿਚ ੩੬੦ ਪੱਥਰ ਦੇ ਬੁੱਤ ਲੱਗੇ ਹੋਏ ਸਨ। ਇਬਰਾਹੀਮ ਪੈਗ਼ੰਬਰ ਦਾ ਪਿਤਾ ਉਨ੍ਹਾਂ ਦੀ ਪੂਜਾ ਕਰਦਾ ਹੁੰਦਾ ਸੀ। ਇਬਰਾਹੀਮ ਨੇ ਦੇਖਿਆ ਕਿ ਬੁੱਤਾਂ ਉੱਤੇ ਚੂਹਾ ਪੇਸ਼ਾਬ ਕਰ ਰਿਹਾ ਹੈ ਅਤੇ ਕੋਈ ਵੀ ਦੇਵਤਾ ਇਤਰਾਜ਼ ਨਹੀਂ ਕਰ ਰਿਹਾ। ਉਨ੍ਹਾਂ ਨੇ ਸੋਚਿਆ ਕਿ ਇਨ੍ਹਾਂ 'ਤੇ ਨਿਰਾਦਰ ਦਾ ਕੋਈ ਅਸਰ ਨਹੀਂ ਹੈ ਤਾਂ ਆਦਰ ਦਾ ਕੀ ਅਸਰ ਹੋਵੇਗਾ ? ਮੇਰੇ ਪਿਤਾ ਜੀ ਗ਼ਲਤ ਪੂਜਾ ਕਰਦੇ ਹਨ। ਲੋਕਾਂ ਨੂੰ ਬੁੱਤ-ਪ੍ਰਸਤੀ ਤੋਂ ਹਟਾਉਣ ਲਈ ਰਾਤ ਨੂੰ ਚੋਰੀ ਹੀ ਸਾਰੇ ਬੁੱਤ ਤੋੜ ਦਿੱਤੇ। ਕਿਸੇ ਦੀ ਲੱਤ, ਕਿਸੇ ਦੀ ਬਾਂਹ, ਸਾਰੇ ਹੀ ਭੰਨ ਦਿੱਤੇ। ਇਨ੍ਹਾਂ ਦੇ ਪਿਤਾ ਨੇ ਪੁੱਛਿਆ ਕਿ ਸਾਰੇ ਬੁੱਤ ਕਿਸ ਨੇ ਤੋੜ ਦਿੱਤੇ ? ਤਾਂ ਇਬਰਾਹੀਮ ਨੇ ਉੱਤਰ ਦਿੱਤਾ ਕਿ ਪਿਤਾ ਜੀ, ਇਨ੍ਹਾਂ ਦਾ ਰਾਤ ਨੂੰ ਝਗੜਾ ਹੋ ਗਿਆ। ਇਹ ਆਪਸ ਵਿਚ ਹੀ ਹੱਥੋ-ਪਾਈ ਹੋ ਗਏ। ਇਉਂ ਹੀ ਛੋਟੇ ਵੱਡੇ ਸਾਰੇ ਫੱਟੜ ਹੋ ਗਏ। ਇਉਂ ਕਾਬੇ ਵਿਚ ਬੁੱਤ-ਪ੍ਰਸਤੀ ਦੂਰ ਕੀਤੀ। ਜਦੋਂ ਮੁਹੰਮਦ ਸਾਹਿਬ ਦਾ ਵਕਤ ਆਇਆ ਤਾਂ ਦੁਬਾਰਾ ਕਾਬਾ ਬਣਾਉਣ ਦੀ ਇੱਛਾ ਹੋਈ ਤਾਂ ਉਹ ਜਿਤਨੇ ਵੀ ਬੁੱਤ ਸਨ, ਸਾਰੇ ਦਰਿਆ ਵਿਚ ਰੋੜ੍ਹ ਦਿੱਤੇ। ਇਕ ਕਾਲੇ ਰੰਗ ਦਾ ਆਂਡੇ ਆਕਾਰ ਵਾਲਾ ਪੱਥਰ ਰੱਖਿਆ। ਮੁਸਲਮਾਨ ਕਹਿਣ ਲੱਗੇ ਕਿ ਇਹ ਸਾਰੇ ਪਾਪ ਲੈ ਕੇ ਕਾਲਾ ਹੋ ਗਿਆ ਹੈ, ਜੋ ਕਿ ਸ਼ਿਵ ਜੀ ਦਾ ਚਿੰਨ੍ਹ ਹੈ। ਉਸ ਦੇ ਉਪਰ

---

੧. ਸੁੰਨਤ ਬਾਰੇ ਅਰਥ *ਮਹਾਨ ਕੋਸ਼* ਅਨੁਸਾਰ ਜੋ ਜੋ ਕਰਮ ਮੁਹੰਮਦ ਸਾਹਿਬ ਨੇ ਆਪਣੀ ਉਮਤ ਨੂੰ ਕਰਨ ਦੀ ਹਦਾਇਤ ਦਿੱਤੀ, ਉਹ ਸਭ ਕਰਮ ਸੁੰਨਤ ਰੂਪ ਹਨ।

ਚਾਦਰ ਪਵਾ ਕੇ ਸਾਰਿਆਂ ਦਾ ਹੱਥ ਲਵਾ ਕੇ ਕਾਬੇ ਵਿਚ ਰੱਖਿਆ। ਉਸ ਦਾ ਚਰਨਾਮ੍ਰਿਤ ਲੈ ਕੇ ਹੱਜ ਹੋਣਾ ਸਮਝਦੇ ਹਨ। ਉਸ ਨੂੰ ਆਪਣਾ ਪੀਰ ਮੰਨਦੇ ਹਨ।

**[ਅੰਗ ੧੪੧]**

## ਤਸਬੀ ਸਾ, ਤਿਸੁ ਭਾਵਸੀ; ਨਾਨਕ ਰਖੈ ਲਾਜ ॥੧॥

(ਦੂਸਰਾ ਪਾਠ **ਤਸਬੀ ਸਾਤਿ ਸੁਭਾਵਸੀ**)

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਾ = ਉਹੋ ਹੀ ਤਸਬੀ = ਮਾਲਾ ਤਿਸੁ = ਉਸ ਵਾਹਿਗੁਰੂ ਨੂੰ ਭਾਵਸੀ = ਭਾਉਂਦੀ ਹੈ, ਜੋ ਵਿਸ਼ਿਆਂ ਵੱਲੋਂ ਲਾਜ = ਸ਼ਰਮ ਰਖੈ = ਰੱਖਣੀ ਹੈ **ਅਥਵਾ** ਜੋ (ਤਸਬੀ ਸਾਤਿ ਸੁਭਾਵਸੀ) ਸਾਤਿ = ਸ਼ਾਂਤੀ ਵਾਲਾ ਸੁਭਾਵਸੀ = ਸੁਭਾਅ ਰੱਖਣ ਰੂਪ ਤਸਬੀ = ਮਾਲਾ ਫੇਰਨੀ ਕਰਦਾ ਹੈ, ਉਸ ਦੀ ਲੋਕ-ਪ੍ਰਲੋਕ ਵਿਚ ਲੱਜਾ ਪਰਮੇਸ਼ਰ ਆਪ ਆਪਣਾ ਕਿਰਪਾ ਰੂਪੀ ਹੱਥ ਦੇ ਰੱਖਦਾ ਹੈ ॥੧॥

## ਮ: ੧ ॥ ਹਕੁ ਪਰਾਇਆ ਨਾਨਕਾ; ਉਸੁ ਸੂਅਰ ਉਸੁ ਗਾਇ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਕਾਜ਼ੀ! ਜੇਕਰ ਮੁਸਲਮਾਨ ਪਰਾਇਆ ਹੱਕ ਖਾਂਦਾ ਹੈ ਤਾਂ ਉਹ ਉਸ ਲਈ ਸੂਅਰ = ਸੂਰ ਦੇ ਮਾਸ ਖਾਣ ਬਰਾਬਰ ਹੈ ਅਤੇ ਜੇਕਰ ਹਿੰਦੂ ਪਰਾਇਆ ਹੱਕ ਖਾਂਦਾ ਹੈ ਤਾਂ ਉਹ ਉਸ ਲਈ ਗਾਇ = ਗਊ ਦੇ ਮਾਸ ਖਾਣ ਸਦਰਸ ਹੈ।

## ਗੁਰੁ ਪੀਰੁ ਹਾਮਾ ਤਾ ਭਰੇ; ਜਾ ਮੁਰਦਾਰੁ ਨ ਖਾਇ ॥

ਹਿੰਦੂਆਂ ਦੇ ਗੁਰੂ, ਮੁਸਲਮਾਨਾਂ ਦੇ ਪੀਰੁ = ਮੁਰਸ਼ਦ ਦਰਗਾਹ ਵਿਚ ਹਾਮਾ = ਉਗਾਹੀ ਤਾਂ ਭਰੇ = ਭਰਨਗੇ, ਜਾ = ਜੇਕਰ ਝੂਠ ਬੋਲ ਕੇ ਮੁਰਦਾਰ ਰੂਪ ਪਰਾਇਆ ਹੱਕ ਨਹੀਂ ਖਾਇ = ਖਾਣਗੇ।

## ਗਲੀ, ਭਿਸਤਿ ਨ ਜਾਈਐ; ਛੁਟੈ ਸਚੁ ਕਮਾਇ ॥

ਗਲੀ = ਗੱਲਾਂ ਨਾਲ ਕੋਈ ਵੀ ਭਿਸਤਿ = ਸਵਰਗ ਨੂੰ ਨਹੀਂ ਜਾਈਐ = ਜਾ ਸਕਦਾ। ਜੋ ਸੱਚ ਦੀ ਕਮਾਇ = ਕਮਾਈ ਕਰੇਗਾ, ਉਹ ਜੰਮਣ ਮਰਣ ਤੋਂ ਛੁਟੈ = ਛੁਟਕਾਰਾ ਪਾ ਲਵੇਗਾ ਭਾਵ ਮੁਕਤ ਹੋ ਜਾਵੇਗਾ।

## ਮਾਰਣ ਪਾਹਿ ਹਰਾਮ ਮਹਿ; ਹੋਇ ਹਲਾਲੁ ਨ ਜਾਇ ॥

ਹੇ ਕਾਜ਼ੀ! ਹਰਾਮ ਦੇ ਖਾਣੇ ਮਹਿ = ਵਿਚ ਭਾਵੇਂ ਅਨੇਕਾਂ ਹੀ ਮਾਰਣ = ਮਸਾਲੇ ਪਹਿ = ਪਾ ਕੇ ਬਣਾ ਲਈਏ ਉਹ ਹਲਾਲ ਨ = ਨਹੀਂ ਹੋਇ = ਹੋ ਜਾਇ = ਜਾਂਦਾ, ਭਾਵ ਆਪਣੀ ਹੱਕ ਦੀ ਕਮਾਈ ਦਾ ਨਹੀਂ ਹੋ ਜਾਂਦਾ, ਇਸੇ ਪ੍ਰਕਾਰ ਪਰਾਏ ਹੱਕ ਦਾ ਮਾਲ ਧਨ ਲਿਆ ਕੇ ਉਸ ਵਿੱਚੋਂ ਕੁਝ ਦਾਨ ਪੁੰਨ ਕਰਨ ਨਾਲ ਹੱਕ ਦਾ ਨਹੀਂ ਹੋ ਜਾਂਦਾ, ਬਲਕਿ ਹਰਾਮ ਦਾ ਹੀ ਰਹਿੰਦਾ ਹੈ।

## ਨਾਨਕ, ਗਲੀ ਕੂੜੀਈ; ਕੂੜੋ ਪਲੈ ਪਾਇ ॥੨॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਕਾਜ਼ੀ! ਇਹ ਸਾਰੀਆਂ ਗਲੀ = ਗੱਲਾਂ ਕੂੜੀਈ = ਝੂਠੀਆਂ ਹੀ ਹਨ, ਜੋ ਪਰਾਏ ਹੱਕ ਨੂੰ ਖਾਣਾ **ਵਾ:** ਜੀਵਾਂ ਨੂੰ ਘਾਤ ਕਰਕੇ ਮਾਸ ਖਾਣਾ ਤੇ ਉਸ ਨੂੰ ਹਲਾਲ ਸਮਝਣਾ, ਇਸ ਨਾਲ ਕੂੜੋ = ਝੂਠ ਹੀ ਪਲੈ = ਪੱਲੇ ਪਾਇ = ਪੈਂਦਾ ਹੈ **ਵਾ:** ਜੰਮਣ ਮਰਣ ਰੂਪੀ ਕਲੇਸ਼ ਹੀ ਪੱਲੇ ਪੈਂਦਾ ਹੈ ॥੨॥

## ਮ: ੧ ॥

ਜਦੋਂ ਕਾਜ਼ੀ ਨੇ ਕਿਹਾ ਕਿ ਫਿਰ ਤੁਸੀਂ ਆਪ ਹੀ ਨਮਾਜ਼ ਪੜ੍ਹ ਲੈਣੀ ਸੀ। ਤੁਸੀਂ ਕਿਉਂ ਨਹੀਂ ਪੜ੍ਹੀ ? ਤਾਂ ਮਹਾਰਾਜ ਜੀ ਨੇ ਕਿਹਾ ਕਿ ਮੇਰੀਆਂ ਨਮਾਜ਼ਾਂ ਹੋਰ ਹਨ। ਉਹੀ ਨਮਾਜ਼ਾਂ ਮੈਂ ਪੜ੍ਹਦਾ ਹਾਂ ਅਤੇ ਉਹੀ ਆਪਣੇ ਸਿੱਖਾਂ ਨੂੰ ਪੜ੍ਹਾਉਂਦਾ ਹਾਂ। ਇਹੀ ਸ਼ਬਦ ਜੀਵਨ ਕਾਜ਼ੀ ਦੇ ਕਹਿਣ ਤੋਂ ਕਿ ਤੁਸੀਂ ਨਮਾਜ਼ ਵੇਲੇ ਉੱਠ ਕੇ ਖੜੇ ਨਹੀਂ ਹੋਏ ਤਾਂ ਮਹਾਰਾਜ ਨੇ ਉਚਾਰਨ ਕਰਕੇ ਉਪਦੇਸ਼ ਬਖ਼ਸ਼ਿਸ਼ ਕੀਤਾ :

## ਪੰਜਿ [1]ਨਿਵਾਜਾ ਵਖਤ ਪੰਜਿ; ਪੰਜਾ ਪੰਜੇ ਨਾਉ ॥

ਤੁਹਾਡੀਆਂ ਪੰਜ ਨਮਾਜ਼ਾਂ ਹਨ। ਉਨ੍ਹਾਂ ਨਮਾਜ਼ਾਂ ਦੇ ਵਖਤ = ਸਮੇਂ ਭੀ ਪੰਜ ਹਨ। ਉਨ੍ਹਾਂ ਪੰਜੇ ਨਮਾਜ਼ਾਂ ਦੇ ਪੰਜ ਨਾਉ = ਨਾਮ ਭੀ ਵੱਖਰੇ ਵੱਖਰੇ ਹਨ।

ਹੇ ਕਾਜ਼ੀ ! ਹੁਣ ਤੈਨੂੰ ਅਸੀਂ ਗੁਰਮਤ ਅਨੁਸਾਰ ਪੰਜ ਅੰਤਰੀਵ ਨਮਾਜਾਂ ਦੱਸਦੇ ਹਾਂ।

## ਪਹਿਲਾ ਸਚੁ, ਹਲਾਲ ਦੁਇ; ਤੀਜਾ ਖੈਰ ਖੁਦਾਇ ॥

ਨਮਾਜ ਦਾ ਪਹਿਲਾ ਵਕਤ ਸੱਚ ਬੋਲਣਾ ਹੈ, ਦੁਇ = ਦੂਜਾ ਹਲਾਲ = ਆਪਣੇ ਹੱਕ ਦੀ ਭਾਵ ਧਰਮ ਦੀ ਕਮਾਈ ਕਰ ਕੇ ਖਾਣਾ, ਤੀਜਾ = ਤੀਸਰਾ ਖੁਦਾਇ = ਖੁਦਾ (ਪਰਮੇਸ਼ਰ) ਦੇ ਪਾਸੋਂ ਸਭ ਦਾ ਖੈਰ = ਭਲਾ ਮੰਗਣਾ **ਵਾ:** ਖੁਦਾ ਦੇ ਨਾਮ ਤੇ ਖੈਰ = ਖਰਾਇਤ, ਦਾਨ ਕਰਨਾ।

## ਚਉਥੀ, ਨੀਅਤਿ ਰਾਸਿ ਮਨੁ; ਪੰਜਵੀ ਸਿਫਤਿ ਸਨਾਇ ॥

ਚਉਥੀ = ਚੌਥੀ ਮਨ ਦੀ ਨੀਅਤਿ = ਨੀਤ (ਬਿਰਤੀ) ਰਾਸਿ = ਸੱਚੀ, ਸਾਫ਼ ਰੱਖਣੀ **ਵਾ:** ਮਨ ਤੇ ਨੀਅਤਿ = ਬੁੱਧੀ ਸਾਫ਼ ਰੱਖਣੀ, ਪੰਜਵੀ ਸਿਫਤਿ = ਸਲਾਉਣੇ ਯੋਗ ਪਰਮੇਸ਼ਰ ਦੀ ਸਨਾਇ = ਵਡਿਆਈ, ਉਸਤਤੀ ਕਰਨੀ **ਵਾ:** ਪਰਮੇਸ਼ਰ ਦੀ ਸਨਾਇ = ਸਨਾਖਤ ਕਰਨੀ, ਇਉਂ ਇਹ ਪੰਜ ਅੰਤਰੀਵ ਨਿਮਾਜਾਂ ਹਨ।

## ਕਰਣੀ ਕਲਮਾ[2] ਆਖਿ ਕੈ; ਤਾ ਮੁਸਲਮਾਣੁ ਸਦਾਇ ॥

ਐਸੀ ਨਮਾਜ਼ ਦੇ ਨਾਲ ਭਗਤੀ ਦੀ ਕਰਣੀ = ਕਮਾਈ ਕਰਨ ਰੂਪ ਕਲਮਾਂ ਆਖਿ = ਕਹਿ ਕੈ = ਕਰਕੇ (ਪੜ੍ਹ ਕੇ) ਤੁਰੇ ਤਾਂ ਫੇਰ ਮੁਸਲਮਾਨ ਸਦਾਇ = ਕਹਾ ਸਕਦਾ ਹੈ।

---

੧. ਨਮਾਜ = ਸਲਾਤ, ਨਮਾਜ ਇਸਲਾਮ ਦਾ ਦੂਜਾ ਉਸੂਲ ਹੈ, ਕੁਰਾਨ ਵਿਚ ਭਾਵੇਂ ਪੰਜ ਵੇਲੇ ਮੁਕੱਰਰ ਨਹੀਂ ਕੀਤੇ ਗਏ, ਪਰ ਸੁੰਨਤ ਅਤੇ ਹਦੀਸਾਂ ਦੇ ਲੇਖ ਅਨੁਸਾਰ ਮੁਸਲਮਾਨ ਨੂੰ ਪੰਜ ਨਿਵਾਜਾਂ ਦਾ ਪੜ੍ਹਨਾ ਜ਼ਰੂਰੀ ਹੈ, ਜਿਨ੍ਹਾਂ ਦਾ ਵੇਰਵਾ ਇਉਂ ਹੈ :

**ਦੋਹਰਾ : ਫਰ ਜ਼ੁਹਰ ਅਸਰ ਮਗਰ ਪੰਚਮ ਇਸ਼ਾ ਨਮਾਜ਼।**
**ਪਾਂਚ ਨਮਾਜ਼ਾਂ ਵਕਤ ਪਾਂਚ ਪੜ੍ਹਿ ਬਿਨ ਸਰੇ ਨ ਕਾਜ ॥੧੫॥** *(ਛਤੀਸ ਗਿਆਨ ਕ੍ਰਿਤ, ਅੰਬਾਲਵੀ)*

੧. ਸਲਾਤੁਲਫਜਰ = ਨਮਾਜੇ ਸੁਬਹ, ਪਹੁ ਫੁੱਟਣ ਤੋਂ ਲੈ ਕੇ ਸੂਰਜ ਚੜ੍ਹਨ ਤਕ ਦੀ ਨਮਾਜ। ਜੋ ਬਾਬੇ ਆਦਮ ਨੇ ਪੜ੍ਹੀ ਸੀ।
੨. ਸਲਾਤੁਜੁਹਰ = ਨਮਾਜੇ ਪੇਸ਼ੀਨੇ, ਜਦ ਸੂਰਜ ਢਲਣ ਲੱਗੇ, ਉਸ ਵੇਲੇ ਦੀ ਨਮਾਜ। ਜੋ ਇਬਰਾਹੀਮ ਨੇ ਪੜ੍ਹੀ ਸੀ।
੩. ਸਲਾਤੁਲਅਸਰ = ਨਮਾਜੇ ਦੀਗਰ, ਤੀਸਰੇ ਪਹਰ ਦੀ ਨਮਾਜ। ਭਾਵ ਚਾਰ ਘੜੀ ਦਿਨ ਰਹਿੰਦੇ, ਲੌਢੇ ਵੇਲੇ, ਜੋ ਯੂਨਸ ਨੇ ਪੜ੍ਹੀ ਸੀ।
੪. ਸਲਾਤੁਲਮਗਰਿਬ = ਨਮਾਜੇ ਸ਼ਾਮ, ਸੂਰਜ ਛਿਪਣ ਤੋਂ ਲੈ ਕੇ ਅਸਮਾਨ ਦੀ ਸੁਰਖੀ ਮਿਟ ਜਾਣ ਤਕ। ਜੋ ਈਸਾ ਨੇ ਪੜ੍ਹੀ ਸੀ।
੫. ਸਲਾਤੁਲਇਸ਼ਾ = ਨਮਾਜੇ ਖੁਫਤਨ, ਸੌਣ ਵੇਲੇ ਦੀ ਨਮਾਜ। ਭਾਵ ਚਾਰ ਘੜੀ ਰਾਤ ਗਈ ਜੋ ਮੂਸੇ ਪੈਗ਼ੰਬਰ ਨੇ ਪੜ੍ਹੀ ਸੀ।

੨. ਕਲਮਾਂ ਮੁਸਲਮਾਨਾਂ ਦਾ ਮੂਲ ਮੰਤਰ ਹੈ।

## ਨਾਨਕ ਜੇਤੇ ਕੂੜਿਆਰ; ਕੂੜੈ ਕੂੜੀ ਪਾਇ ॥੩॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਇਨ੍ਹਾਂ ਗੁਣਾਂ ਤੋਂ ਹੀਣੇ ਜੇਤੇ = ਜਿਤਨੇ ਵੀ ਕੁੜਿਆਰ = ਝੂਠੇ ਪੁਰਖ ਹਨ, ਉਨ੍ਹਾਂ ਕੂੜੈ = ਝੂਠਿਆਂ ਦੀ ਕੂੜੀ = ਝੂਠੀ ਪਾਇ = ਪਤਿਆਬਰੋ ਸ਼ੋਭਾ ਹੈ **ਵਾ:** ਉਹ ਝੂਠੇ ਪੁਰਖ ਝੂਠ ਨੂੰ ਕਮਾਉਣ ਕਰਕੇ ਨਰਕਾਂ ਵਿਚ ਪਾਇ = ਪਾਏ ਜਾਣਗੇ ॥੩॥

## ਪਉੜੀ ॥

## ਇਕਿ ਰਤਨ ਪਦਾਰਥ ਵਣਜਦੇ; ਇਕਿ ਕਚੈ ਦੇ ਵਾਪਾਰਾ ॥

ਇਕਿ = ਕਈ ਗੁਰਮੁਖ ਜਨ ਰਤਨ = ਵੈਰਾਗ ਆਦਿ ਸ਼ੁਭ ਗੁਣਾਂ ਰੂਪੀ ਪਦਾਰਥ **ਵਾ:** ਨਾਮ ਰੂਪੀ ਪਦਾਰਥ ਨੂੰ ਗੁਰਾਂ ਕੋਲੋਂ ਤਨ ਮਨ ਦੇ ਕੇ ਵਣਜਦੇ = ਖਰੀਦਦੇ ਹਨ, ਇਕਿ = ਕਈ ਮਨਮੁਖ ਕਚੈ = ਕੱਚੇ ਕਾਮ ਕ੍ਰੋਧ ਵਿਸ਼ਿਆਂ ਦਾ ਹੀ ਵਾਪਾਰਾ = ਵਣਜ ਕਰਦੇ ਹਨ **ਅਥਵਾ** ਕਈ ਜਗਿਆਸੂ ਜਨ ਸੱਚੇ ਗੁਰਾਂ ਦੇ ਉਪਦੇਸ਼ ਦੁਆਰਾ ਨਾਮ ਰੂਪੀ ਰਤਨ ਪਦਾਰਥ ਨੂੰ ਖਰੀਦਦੇ ਹਨ, ਕਈ ਮਨਮੁਖ ਗੁਰੂਆਂ ਦੇ ਕੱਚੇ ਉਪਦੇਸ਼ ਨੂੰ ਖਰੀਦਦੇ ਹਨ।

## ਸਤਿਗੁਰਿ ਤੁਠੈ ਪਾਈਅਨਿ; ਅੰਦਰਿ ਰਤਨ ਭੰਡਾਰਾ ॥

ਜੋ ਸਾਡੇ ਹਿਰਦੇ ਅੰਦਰਿ = ਵਿਚ ਨਾਮ, ਵੈਰਾਗ ਰੂਪੀ ਰਤਨ, ਗਿਆਨ ਰੂਪੀ ਜਵੇਹਰ, ਪ੍ਰੇਮ ਰੂਪੀ ਲਾਲ, ਸ੍ਰਵਣ, ਮੰਨਣ, ਨਿਧਿਆਸਣ ਆਦਿ ਸ਼ੁਭ ਗੁਣਾਂ ਦਾ ਭੰਡਾਰਾ = ਖਜ਼ਾਨਾ ਭਰਿਆ ਪਿਆ ਹੈ, ਉਹ ਪੂਰੇ ਸਤਿਗੁਰੂ ਦੇ ਤੁਠੈ = ਪ੍ਰਸੰਨ ਹੋਣ ਨਾਲ ਹੀ ਪਾਈਅਨਿ = ਪਾਈਦਾ ਹੈ।

## ਵਿਣੁ ਗੁਰ, ਕਿਨੈ ਨ ਲਧਿਆ; ਅੰਧੇ ਭਉਕਿ ਮੁਏ ਕੂੜਿਆਰਾ ॥

ਪੂਰੇ ਗੁਰ = ਸਤਿਗੁਰਾਂ ਤੋਂ ਵਿਣੁ = ਬਗ਼ੈਰ ਕਿਨੈ = ਕਿਸੇ ਨੇ ਉਹ ਖਜ਼ਾਨਾ ਲਧਿਆ = ਪ੍ਰਾਪਤ ਨ = ਨਹੀਂ ਕੀਤਾ, ਕੂੜਿਆਰਾ = ਝੂਠੇ ਅੰਧੇ = ਅਗਿਆਨੀ ਪੁਰਸ਼ ਪਦਾਰਥਾਂ **ਵਾ:** ਝੂਠੇ ਵਿਸ਼ਿਆਂ ਵਿਚ ਬੇਅਰਥ ਭਉਕਿ = ਟੌਂਕਦੇ (ਭੌਂਕਦੇ) ਹੋਏ ਮੁਏ = ਮਰ ਜਾਂਦੇ ਹਨ।

## ਮਨਮੁਖ ਦੂਜੈ ਪਚਿ ਮੁਏ; ਨਾ ਬੂਝਹਿ ਵੀਚਾਰਾ ॥

ਇਉਂ ਮਨਮੁਖ ਦੂਜੈ = ਦ੍ਵੈਸ਼ ਵਿਚ ਹੀ ਪਚਿ = ਖੱਚਤ ਹੋ ਕੇ ਮੁਏ = ਮਰ ਗਏ ਹਨ ਕਿਉਂਕਿ, ਉਹ ਵਾਹਿਗੁਰੂ ਦੀ ਪ੍ਰਾਪਤੀ ਨੂੰ ਬੁਝੈ = ਜਾਣਦੇ ਨਹੀਂ ਹਨ **ਵਾ:** ਤੱਤ ਸਰੂਪ ਦੀ ਵਿਚਾਰ ਨੂੰ ਨਹੀਂ ਸਮਝਦੇ।

## ਇਕਸੁ ਬਾਝਹੁ, ਦੂਜਾ ਕੋ ਨਹੀ; ਕਿਸੁ ਅਗੈ ਕਰਹਿ ਪੁਕਾਰਾ ॥

ਇਕਸੁ = ਇਕ ਹਰੀ ਵਾਹਿਗੁਰੂ ਤੋਂ ਬਾਝਹੁ = ਬਿਨਾਂ ਹੋਰ ਦੂਜਾ = ਦੂਸਰਾ ਕੋਈ ਆਸਰਾ ਨਹੀਂ ਹੈ, ਇਸ ਲਈ ਕਿਸ ਦੇ ਅੱਗੇ ਪੁਕਾਰਾ = ਫ਼ਰਿਆਦ ਕਰਹਿ = ਕਰਨੀ ਹੈ।

## ਇਕਿ ਨਿਰਧਨ, ਸਦਾ ਭਉਕਦੇ; ਇਕਨਾ ਭਰੇ ਤੁਜਾਰਾ ॥

ਇਕ ਨਿਰਧਨ = ਧਨ ਤੋਂ ਰਹਿਤ ਪੁਰਸ਼ ਮਾਇਆ ਵਾਸਤੇ ਸਦਾ = ਹਮੇਸ਼ਾ ਹੀ ਭਉਕਦੇ = ਭਟਕਦੇ ਫਿਰਦੇ ਹਨ ਇਕਨਾਂ ਦੇ ਕੋਲ ਮਾਇਆ ਦੀਆਂ ਤੁਜਾਰਾ = ਤਜੌਰੀਆਂ ਭਾਵ ਸੰਦੂਕ ਭਰੇ ਹੋਏ ਹਨ।

***ਅੰਤਰੀਵ ਭਾਵ :*** ਇਕ ਮਨਮੁਖ ਪੁਰਖ ਨਾਮ ਰੂਪੀ ਧਨ ਤੋਂ ਸਦਾ ਹੀ ਬਗ਼ੈਰ ਹਨ ਕਿਉਂਕਿ ਉਹ ਹਰ

ਵਕਤ ਵਿਸ਼ਿਆਂ- ਵਿਕਾਰਾਂ ਵਿਚ ਭਉਕਦੇ = ਭਟਕਦੇ ਫਿਰਦੇ ਹਨ, ਇਕ ਗੁਰਮੁਖ ਜਨਾਂ ਦੇ ਹਿਰਦੇ ਸ਼ੁਭ ਗੁਣਾਂ, ਨਾਮ ਰੂਪੀ ਤੁਜਾਰਾ = ਖਜ਼ਾਨੇ ਨਾਲ ਭਰੇ ਹੋਏ ਹਨ।

## ਵਿਣੁ ਨਾਵੈ ਹੋਰੁ ਧਨੁ ਨਾਹੀ; ਹੋਰੁ ਬਿਖਿਆ ਸਭੁ ਛਾਰਾ ॥

ਪਰਮੇਸ਼ਰ ਦੇ ਨਾਮ ਤੋਂ ਬਿਨਾਂ ਹੋਰ ਕੋਈ ਸੱਚਾ ਧਨ ਨਹੀਂ ਹੈ। ਹੋਰ ਤਾਂ ਬਿਖਿਆ = ਵਿਹੁ ਰੂਪੀ ਮਾਇਆ (ਧਨ) ਸਭੁ = ਸਾਰਾ ਛਾਰਾ = ਸੁਆਹ ਰੂਪ ਹੈ।

## ਨਾਨਕ ਆਪਿ ਕਰਾਏ ਕਰੇ ਆਪਿ; ਹੁਕਮਿ ਸਵਾਰਣਹਾਰਾ ॥੭॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਉਹ ਪਰਮੇਸ਼ਰ ਆਪ ਹੀ ਆਪਣੇ ਪਿਆਰਿਆਂ ਤੋਂ ਸਿਮਰਨ ਕਰਾਏ = ਕਰਾਉਂਦਾ ਹੈ ਤੇ ਆਪ ਹੀ ਜਗਿਆਸੂ ਰੂਪ ਹੋ ਕੇ ਅਭਿਆਸ ਕਰੇ = ਕਰਦਾ ਹੈ **ਵਾ:** ਆਪ ਹੀ ਬ੍ਰਹਮਾ ਵਿਸ਼ਨੂੰ ਆਦਿ ਪੈਦਾ ਕਰੇ ਹਨ ਤੇ ਆਪ ਹੀ ਇੰਨ੍ਹਾਂ ਤੋਂ ਸ੍ਰਿਸ਼ਟੀ ਨੂੰ ਉਤਪੰਨ ਕਰਾਉਂਦਾ ਹੈ ਤੇ ਆਪ ਹੀ ਗੁਰੂ ਰੂਪ ਹੋ ਕੇ ਹੁਕਮ ਦੁਆਰਾ ਜੀਵਾਂ ਨੂੰ ਸ਼ੁਭ ਗੁਣਾਂ ਨਾਲ ਸਵਾਰਣਹਾਰਾ = ਸੰਵਾਰਨ ਵਾਲਾ ਹੈ ॥੭॥

## ਸਲੋਕੁ ਮ: ੧ ॥

ਕਾਜ਼ੀ ਜੋ ਆਪਣੇ ਮੁਸਲਮਾਨ ਧਰਮ ਦਾ ਹੰਕਾਰ ਕਰਦਾ ਸੀ, ਫਿਰ ਉਸ ਦੇ ਹੰਕਾਰ ਦੀ ਨਵਿਰਤੀ ਲਈ ਸਤਿਗੁਰੂ ਜੀ ਨੇ ਇਹ ਪਾਵਨ ਸ਼ਬਦ ਉਚਾਰਨ ਕੀਤਾ:

***ਪ੍ਰਸ਼ਨ :*** *ਅਸਲੀ ਮੁਸਲਮਾਨ ਕੌਣ ਹੁੰਦਾ ਹੈ ?*
***ਗੁਰ ਉੱਤਰ :***

## ਮੁਸਲਮਾਣੁ ਕਹਾਵਣੁ ਮੁਸਕਲੁ; ਜਾ ਹੋਇ ਤਾ ਮੁਸਲਮਾਣੁ ਕਹਾਵੈ ॥

ਹੇ ਕਾਜ਼ੀ ! ਮੁਸਲਮਾਨ ਕਹਾਵਣੁ = ਕਹਾਉਣਾ ਬਹੁਤ ਮੁਸਕਲੁ = ਕਠਨ ਹੈ, ਜਾ = ਜੇਕਰ ਹਿਰਦੇ ਵਿੱਚੋਂ ਮੁਸਲਮਾਣੁ (ਮੁਸ+ਲ+ਮਾਣੁ) ਮਾਣੁ = ਹੰਕਾਰ ਆਦਿ ਔਗੁਣਾਂ ਦੀ ਲ = ਲੈਤਾ ਕਰਕੇ ਸ਼ੁਭ ਗੁਣਾਂ ਦੇ ਸਹਿਤ ਹੋਇ = ਹੋ ਕੇ ਮੁਸ = ਲੁੱਟ ਲਵੇ ਤਾਂ ਹੀ ਕੋਈ ਮੁਸਲਮਾਨ ਕਹਾਵੈ = ਕਹਾ ਸਕਦਾ ਹੈ **ਵਾ:** ਜੇਕਰ ਮੁਸਲਮਾਨ ਵਾਲੇ ਗੁਣ ਹੋਣ ਤਾਂ ਹੀ ਮੁਸਲਮਾਨ ਕਹਾ ਸਕਦਾ ਹੈ।

## ਅਵਲਿ ਅਉਲਿ ਦੀਨੁ ਕਰਿ ਮਿਠਾ; ਮਸਕਲ ਮਾਨਾ ਮਾਲੁ ਮੁਸਾਵੈ ॥

(**ਅੱਵਲਿ** ਅੱਧਕ ਸਹਿਤ ਬੋਲੋ ਤੇ **ਮਸਕੱਲ** ਨਾ ਬੋਲੋ)

ਸਭ ਤੋਂ ਅਵਲਿ = ਪਹਿਲਾਂ ਅਉਲਿ = ਅਉਲੀਏ (ਪੈਗ਼ੰਬਰ, ਕਰਾਮਾਤੀ ਸੰਤਾਂ) ਦਾ ਪ੍ਰਲੋਕ ਵਿਚ ਕਲਿਆਣ ਕਰਨ ਵਾਲਾ ਦੀਨੁ = ਧਰਮ ਦਾ ਉਪਦੇਸ਼ ਮਿਠਾ = ਪਿਆਰਾ ਕਰਿ = ਕਰਕੇ ਮੰਨਣਾ ਕਰੇ ਅਤੇ ਮਸਕਲ = ਜੰਗ ਲਾਉਣ ਵਾਲੇ ਔਜਾਰ ਮਾਨਾ = ਵਾਂਗੂੰ ਬਿਬੇਕ ਰੂਪੀ ਰੂਚੀ ਦੁਆਰਾ ਹਿਰਦੇ ਵਿੱਚੋਂ ਹੰਕਾਰ ਨੂੰ ਕੱਢ ਕੇ ਮਾਲ, ਧਨ ਲੋੜਵੰਦਾਂ ਨੂੰ ਲੁਟਾ ਦੇਵੇ **ਵਾ:** (ਮਸ+ਕਲ) ਕਲ = ਕਾਲੀ ਅਵਿੱਦਿਆ ਰੂਪ ਮਸ = ਸਿਆਹੀ ਤੇ ਮਾਨਾ = ਹੰਕਾਰ ਨੂੰ ਮੇਟ ਕੇ ਆਸੁਰੀ ਸੰਪਦਾ ਰੂਪ ਮਾਲ ਨੂੰ ਮੁਸਾਵੈ = ਲੁੱਟਾ ਭਾਵ ਨਾਸ਼ ਕਰ ਦੇਵੇ।

**ਅਥਵਾ** ਪਹਿਲਾਂ ਬੰਦਗੀ ਵਾਲੇ ਸੰਤਾਂ ਦੇ ਚਲਾਏ ਹੋਏ ਧਰਮ ਨੂੰ ਮਿੱਠਾ ਕਰਕੇ ਸਮਝੇ ਜਿੰਨਾਂ ਫਕੀਰਾਂ ਨੇ ਹੰਕਾਰ ਨੂੰ ਮਸਕਲ = ਮਾਂਜਿਆ ਹੈ ਉਨ੍ਹਾਂ ਦੇ ਨਮਿੱਤ ਮਾਲ ਨੂੰ ਲੁਟਾਵੇ।

## ਹੋਇ ਮੁਸਲਿਮੁ ਦੀਨ ਮੁਹਾਣੈ; ਮਰਣ ਜੀਵਣ ਕਾ ਭਰਮੁ ਚੁਕਾਵੈ ॥

(**ਮੁਸੱਲਿਮ** ਦਾ ਉਚਾਰਣ ਅੱਧਕ ਸਹਿਤ ਕਰਨਾ ਹੈ)

ਦੂਸਰਾ ਦੀਨ = ਧਰਮ ਦੇ ਮੁਹਾਣੈ = ਮਲਾਹ (ਪੈਗੰਬਰ) ਦੇ ਦਿੱਤੇ ਧਰਮ ਦੇ ਉਪਦੇਸ਼ 'ਤੇ ਮੁਸਲਿਮ = ਪੱਕਾ ਹੋਇ = ਹੋਵੇ ਮਰਨ ਅਤੇ ਜਿਉਣ ਕਾ = ਦਾ ਭਰਮ ਚੁਕਾਵੈ = ਚੁਕਾ ਦੇਵੇ **ਵਾ:** ਜੀਵ ਈਸ਼ ਦੀ ਭੇਦਤਾ ਦੇ ਭਰਮ ਨੂੰ ਚੁਕਾ ਦੇਵੇ।

## ਰਬ ਕੀ ਰਜਾਇ, ਮੰਨੇ ਸਿਰ ਉਪਰਿ; ਕਰਤਾ ਮੰਨੇ ਆਪੁ ਗਵਾਵੈ ॥

(ਤੀਸਰਾ) ਰਬ = ਪਰਮੇਸ਼ਰ ਕੀ = ਦੀ ਰਜਾਇ = ਆਗਿਆ ਭਾਵ ਭਾਣੇ ਨੂੰ ਚੰਗਾ ਕਰਕੇ ਆਪਣੇ ਸਿਰ ਉਪਰਿ = ਉਤੇ ਭਾਵ ਸਿਰ ਮੱਥੇ ਮੰਨੇ = ਮੰਨਣਾ ਕਰੇ ਅਤੇ ਆਪੁ = ਆਪਾ ਭਾਵ (ਹੰਕਾਰ) ਨੂੰ ਗਵਾਵੈ = ਗਵਾ ਕਰਕੇ ਕਰਤਾ = ਰਚਣਹਾਰ ਪਰਮੇਸ਼ਰ ਨੂੰ ਹੀ ਮੰਨੇ = ਮੰਨਣਾ ਕਰੇ **ਵਾ:** ਜੋ ਆਪਣੇ ਆਪ ਨੂੰ ਕਰਤਾ ਭੋਗਤਾ ਮੰਨਿਆ ਹੋਇਆ ਹੈ, ਇਸ ਨੂੰ ਮਿਟਾ ਦੇਵੇ।

## ਤਉ ਨਾਨਕ, ਸਰਬ ਜੀਆ ਮਿਹਰੰਮਤਿ ਹੋਇ; ਤ ਮੁਸਲਮਾਣੁ ਕਹਾਵੈ ॥੧॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ (ਚੌਥਾ) ਸਰਬ = ਸਾਰੇ ਜੀਆ = ਜੀਵਾਂ ਉਤੇ ਮਿਹਰੰਮਤਿ = ਮੇਹਰ ਕਰਨ ਵਾਲਾ ਹੋਇ = ਹੋਵੇ ਤਉ = ਤਦ ਤ = ਤਾਂ ਆਪਣੇ ਆਪ ਨੂੰ ਮੁਸਲਮਾਨ ਕਹਾਵੈ = ਕਹਾ ਸਕਦਾ ਹੈ ॥੧॥

## ਮਹਲਾ ੪ ॥

ਗੁਰੂ ਰਾਮਦਾਸ ਜੀ ਨੂੰ ਸਿੱਖਾਂ ਨੇ ਬੇਨਤੀ ਕੀਤੀ ਕਿ ਜਿਸ ਪ੍ਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁਸਲਮਾਨਾਂ ਦੇ ਲੱਖਣ ਕਥਨ ਕੀਤੇ ਹਨ, ਉਸੇ ਤਰ੍ਹਾਂ ਆਪ ਜੀ ਹਿੰਦੂਆਂ ਦੇ ਲੱਛਣ ਦੱਸੋ ਤਾਂ ਗੁਰੂ ਸਾਹਿਬ ਜੀ ਨੇ ਇਹ ਬਚਨ ਉਚਾਰਨ ਕੀਤੇ :

## ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ; ਤਜਿ ਮਾਇਆ ਅਹੰਕਾਰੁ ਚੁਕਾਵੈ ॥

ਹੇ ਭਾਈ ! ਜੋ ਕਾਮ, ਕ੍ਰੋਧ, ਲੋਭ ਆਦਿ ਵਿਕਾਰਾਂ ਝੂਠ, ਪਰਾਈ ਨਿੰਦਾ ਨੂੰ ਪਰਹਰਿ = ਤਿਆਗ ਕੇ, ਮਾਇਆ ਦੇ ਮੋਹ ਨੂੰ ਤਜਿ = ਛੱਡ ਕੇ ਅਤੇ ਅਹੰਕਾਰ ਨੂੰ ਵੀ ਅੰਦਰੋ ਚੁਕਾਵੈ = ਚੁੱਕਾ ਦੇਵੇ।

## ਤਜਿ ਕਾਮੁ, ਕਾਮਿਨੀ ਮੋਹੁ ਤਜੈ; ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥

ਕਾਮ ਦਾ ਫੁਰਨਾ ਤਜਿ = ਛੱਡ ਕੇ ਕਾਮਿਨੀ = ਇਸਤਰੀ ਦੇ ਮੋਹ ਨੂੰ ਵੀ ਤਜੈ = ਤਿਆਗ ਦੇਵੇ ਤਾ = ਤਦ ਉਹ ਅੰਜਨ = ਮਾਇਆ ਮਾਹਿ = ਵਿਚ ਰਹਿੰਦਾ ਹੋਇਆ ਨਿਰੰਜਨੁ = ਸ਼ੁੱਧ ਸਰੂਪ ਨੂੰ ਪਾਵੈ = ਪਾ ਲੈਂਦਾ ਹੈ।

## ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ; ਤਜਿ ਪਿਆਸ ਆਸ ਰਾਮ ਲਿਵ ਲਾਵੈ ॥

ਆਪਣਾ ਮਾਨੁ = ਸਤਿਕਾਰ, ਗੁਣਾਂ ਦਾ ਅਭਿਮਾਨੁ = ਹੰਕਾਰ, ਸੁਤ = ਪੁੱਤਰ ਤੇ ਦਾਰਾ = ਇਸਤਰੀ ਦੀ ਪ੍ਰੀਤਿ = ਪ੍ਰੀਤੀ ਤਜਿ = ਛੱਡ ਕੇ ਅਤੇ ਪਦਾਰਥਾਂ ਦੀ ਆਸਾ ਦੀ ਪਿਆਸ = ਤ੍ਰੇਹ ਤਜਿ = ਛੱਡ ਕੇ ਰਾਮ = ਪਰਮੇਸ਼ਰ ਨਾਲ ਲਿਵ = ਬਿਰਤੀ ਨੂੰ ਲਾਵੈ = ਲਾਉਣਾ ਕਰੇ **ਵਾ:** ਧਨ ਦੇ ਇਕੱਠਾ ਕਰਨ ਦੀ ਆਸ, ਪਦਾਰਥਾਂ ਦੇ ਖਾਣ ਪੀਣ ਦੀ ਪਿਆਸ ਤਜਿ = ਛੱਡ ਕੇ ਰਾਮ ਵਿਚ ਲਿਵ = ਬਿਰਤੀ ਲਾਵੇ ਤਾਂ ਆਪਣੇ ਆਪ ਨੂੰ ਹਿੰਦੂ ਕਹਾਵੇ।

## ਨਾਨਕ, ਸਾਚਾ ਮਨਿ ਵਸੈ; ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥

ਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਇਉਂ ਜੇਕਰ ਸੱਚੇ ਪਰਮਾਤਮਾ ਦਾ ਨਾਮ ਮਨ ਵਿਚ ਵਸ ਜਾਵੇ ਤਾਂ ਸੱਚੇ ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਹਰਿ = ਹਰੀ ਦੇ ਨਾਮ ਵਿਚ ਸਮਾਵੈ = ਸਮਾ ਜਾਂਦਾ ਹੈ ॥੨॥

## ਪਉੜੀ ॥ ਰਾਜੇ ਰਯਤਿ ਸਿਕਦਾਰ; ਕੋਇ ਨ ਰਹਸੀਓ ॥

(**ਰਈਅਤਿ** ਬੋਲੋ **ਰਹਸੀਓ** ਪੋਲਾ ਬੋਲੋ)

ਵੱਡੇ ਵੱਡੇ ਰਾਜੇ ਰਯਤਿ = ਪਰਜਾ, ਸਿਕਦਾਰ = ਸਰਦਾਰ (ਥਾਣੇਦਾਰ) ਇਨ੍ਹਾਂ ਵਿਚ ਕੋਇ = ਕਿਸੇ ਨੇ ਵੀ ਸਰੀਰ ਕਰਕੇ ਨ = ਨਹੀਂ ਰਹਸੀਓ = ਰਹਿਣਾ।

***ਅੰਤਰੀਵ ਭਾਵ :*** ਮੋਹ ਰੂਪੀ ਰਾਜੇ ਦੀ ਕਾਮ ਕ੍ਰੋਧ ਰੂਪ ਪਰਜਾ ਤੇ ਹੰਕਾਰ ਰੂਪੀ ਸਿਕਦਾਰ = ਸਰਦਾਰ (ਥਾਣੇਦਾਰ) ਆਦਿ ਵਿੱਚੋਂ ਕੋਈ ਵੀ ਨਹੀਂ ਰਹੇਗਾ।

## ਹਟ ਪਟਣ ਬਾਜਾਰ; ਹੁਕਮੀ ਢਹਸੀਓ ॥

ਹਟ = ਹੱਟਾਂ, ਪਟਣ = ਸ਼ਹਿਰ, ਬਾਜਾਰ = ਦੁਕਾਨਾਂ ਇਹ ਸਭ ਪਰਮੇਸ਼ਰ ਦੇ ਹੁਕਮ ਨਾਲ ਇਕ ਦਿਨ ਢਹਿ ਜਾਣਗੇ।

***ਅੰਤਰੀਵ ਭਾਵ :*** ਇੰਦਰੀਆਂ ਰੂਪੀ ਹੱਟਾਂ ਸਰੀਰ ਰੂਪੀ ਪਟਣ = ਸ਼ਹਿਰ ਤੇ ਸ਼ਹਿਰ ਵਿੱਚੋਂ ਵਿਸ਼ਿਆਂ ਰੂਪੀ ਬਾਜ਼ਾਰ ਆਦਿ ਸਾਰੇ ਉਸ ਦੇ ਹੁਕਮ ਵਿਚ ਢਹਿ ਜਾਣਗੇ।

## ਪਕੇ ਬੰਕ ਦੁਆਰ; ਮੂਰਖੁ ਜਾਣੈ ਆਪਣੇ ॥
## ਦਰਬਿ ਭਰੇ ਭੰਡਾਰ; ਰੀਤੇ ਇਕਿ ਖਣੇ ॥

ਪਕੇ ਬੰਕ = ਸੋਹਣੇ ਦੁਆਰ = ਕਲਬੂਤੀ ਦਰਵਾਜ਼ਿਆਂ ਵਾਲੇ ਮਕਾਨ ਮੂਰਖ ਪੁਰਖ ਆਪਣੇ ਜਾਣੈ = ਜਾਣਦਾ ਹੈ **ਵਾ:** ਤ੍ਰਾਟਕ ਆਦਿ ਪੱਕੇ ਸਾਧਨ ਕਰਦਾ ਹੈ, ਇੰਦਰੀਆਂ ਰੂਪੀ ਸੋਹਣੇ ਦਰਵਾਜ਼ਿਆਂ ਨੂੰ ਮੂਰਖ ਪੁਰਖ ਆਪਣੇ ਜਾਣੈ = ਜਾਣਦਾ ਹੈ। ਜੋ ਦਰਬ = ਧਨ ਦੇ ਭੰਡਾਰੇ ਭਰੇ ਹੋਏ ਹਨ ਇਹ ਇਕ ਖਣੇ = ਖਿਨ ਵਿਚ ਰੀਤੇ = ਖ਼ਾਲੀ ਹੋ ਜਾਣਗੇ **ਵਾ:** ਜਿਨ੍ਹਾਂ ਦੇ ਹਿਰਦੇ ਰੂਪੀ ਭੰਡਾਰੇ ਸ੍ਰੇਸ਼ਟ ਗੁਣਾਂ ਨਾਲ ਭਰੇ ਹੋਏ ਹਨ, ਉਹ ਹੰਕਾਰ ਕਰਨ ਤੋਂ ਇਕਿ ਖਣੇ = ਇਕ ਖਿਨ ਵਿਚ ਹੀ ਰੀਤੇ = ਖ਼ਾਲੀ ਹੋ ਜਾਣਗੇ।

## ਤਾਜੀ ਰਥ ਤੁਖਾਰ; ਹਾਥੀ ਪਾਖਰੇ ॥
## ਬਾਗ ਮਿਲਖ, ਘਰ ਬਾਰ; ਕਿਥੈ ਸਿ ਆਪਣੇ ॥

(ਦੂਸਰਾ ਪਾਠ ਸਿਆਪਣੇ ਇਕੱਠਾ)

ਜੋ ਤਾਜੀ = ਤੁਰਕਾਨ ਦੇਸ਼ ਦੇ ਘੋੜੇ, ਰਥ, ਤੁਖਾਰ = ਊਠ ਤੇ ਹਾਥੀ ਪਾਖਰੇ = ਕਾਠੀਆਂ ਅੰਬਾਰੀਆਂ ਵਾਲੇ ਬਾਗ = ਬਗੀਚੇ, ਮਿਲਖ = ਜਗੀਰਾਂ ਸੁੰਦਰ ਬਾਰ = ਦਰਵਾਜ਼ਿਆਂ ਵਾਲੇ ਘਰ = ਮਕਾਨ ਹਨ ਸਿ = ਉਹ ਅੰਤ ਨੂੰ ਆਪਣੇ ਕਿਥੇ ਰਹਿਣੇ ਹਨ **ਵਾ:** (ਸਿਆਣਪੇ) ਇਤਨੀ ਬਿਭੂਤੀ ਦੇ ਮਾਲਕ ਪ੍ਰਲੋਕ ਵਿਚ ਕਿਥੇ ਸਿਆਪਣੇ = ਪਹਿਚਾਣੇ ਜਾਣਗੇ ਕਿ ਇਹ ਅਮੀਰ ਹੈ ਭਾਵ ਕਿਸੇ ਨੇ ਵੀ ਸਿਆਨਣੇ ਨਹੀਂ ਹਨ।

## ਤੰਬੂ ਪਲੰਘ ਨਿਵਾਰ; ਸਰਾਇਚੇ ਲਾਲਤੀ ॥

ਤੰਬੂ ਨਿਵਾਰੀ ਪਲੰਘ, ਲਾਲਤੀ = ਅਤਲਸਾਂ ਭਾਵ ਰੇਸ਼ਮੀ ਚਮਕੀਲੇ ਬਸਤਰਾਂ ਦੀਆਂ ਸਰਾਇਚੇ = ਕਨਾਤਾਂ ਬਣੀਆਂ ਹੋਈਆਂ ਇਥੇ ਹੀ ਰਹਿ ਜਾਣਗੀਆਂ।

## ਨਾਨਕ, ਸਚ ਦਾਤਾਰੁ; ਸਿਨਾਖਤੁ ਕੁਦਰਤੀ ॥੮॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਸੱਚਾ ਦਾਤਾਰ ਪਰਮੇਸ਼ਰ ਵਾਹਿਗੁਰੂ ਹੈ, ਉਸ ਦੀ ਸਿਨਾਖਤੁ = ਪਹਿਚਾਣ ਉਸ ਦੀ ਕੁਦਰਤੀ = ਸ਼ਕਤੀ ਕਰਕੇ ਹੁੰਦੀ ਹੈ॥੮॥ ਜੈਸਾ ਕਿ :

**ਕੁਦਰਤਿ ਦਿਸੈ ਕੁਦਰਤਿ ਸੁਣੀਐ... ॥੮॥** *(ਅੰਗ ੪੬੪)*

## ਸਲੋਕੁ ਮ: ੧ ॥

ਸਿੱਧਾਂ ਨੇ ਗੁਰੂ ਸਾਹਿਬ ਜੀ ਨੂੰ ਪ੍ਰਸ਼ਨ ਕੀਤਾ ਕਿ ਜੇਕਰ ਸਾਰੇ ਭਗਤੀ ਕਰਨ ਲੱਗ ਜਾਣ ਤਾਂ ਰੋਜੀ ਰੋਟੀ ਲਈ ਕੰਮ ਕੌਣ ਕਰੇਗਾ ? ਤਾਂ ਗੁਰੂ ਜੀ ਉੱਤਰ ਦਿੰਦੇ ਹਨ :

## ਨਦੀਆ ਹੋਵਹਿ ਧੇਵਣਾ; ਸੁੰਮ ਹੋਵਹਿ ਦੁਧੁ ਘੀਉ ॥

ਹੇ ਸਿੱਧੋ ! ਜੇ ਸਾਰੀ ਦੁਨੀਆਂ ਭਗਤੀ ਕਰਨ ਲੱਗ ਜਾਵੇ ਤਾਂ ਨਦੀਆਂ ਧੇਵਣਾ = ਗਊਆਂ ਦੀ ਨਿਆਈਂ ਦੁੱਧ ਦੇਣ ਵਾਲੀਆਂ ਹੋ ਜਾਣ ਜਿਹੜੇ ਸੁੰਮ = ਸੋਮੇ ਪਾਣੀ ਦੇ ਪਹਾੜਾਂ ਵਿੱਚੋਂ ਨਿਕਲਦੇ ਹਨ, ਉਹ ਦੁੱਧ ਘਿਉ ਦੇ ਹੋਵਹਿ = ਹੋ ਕੇ ਵੱਗਣ ਲੱਗ ਜਾਣ।

**[ਅੰਗ ੧੪੨]**

## ਸਗਲੀ ਧਰਤੀ ਸਕਰ ਹੋਵੈ; ਖੁਸੀ ਕਰੇ ਨਿਤ ਜੀਉ ॥

ਸਗਲੀ = ਸਾਰੀ ਧਰਤੀ = ਪ੍ਰਿਥਵੀ ਸਕਰ = ਖੰਡ ਦੀ ਹੋਵੈ = ਹੋ ਜਾਵੇ, ਇਨ੍ਹਾਂ ਪਦਾਰਥਾਂ ਨੂੰ ਪਾ ਕੇ ਜੀਉ = ਹਿਰਦਾ ਨਿਤ = ਨਿਤਾਪ੍ਰਤੀ ਖੁਸ਼ੀ ਦੇ ਸਹਿਤ ਰਹਿਣਾ ਕਰੇ।

## ਪਰਬਤੁ ਸੁਇਨਾ ਰੁਪਾ ਹੋਵੈ; ਹੀਰੇ ਲਾਲ ਜੜਾਉ ॥

(**ਰੁੱਪਾ** ਬੋਲੋ)

ਸਾਰੇ ਪਰਬਤੁ = ਪਹਾੜ ਸੁਇਨਾ = ਸੋਨੇ ਤੇ ਰੁਪਾ = ਚਾਂਦੀ ਦੇ ਹੋਵੈ = ਹੋ ਜਾਣ ਅਤੇ ਇਨ੍ਹਾਂ ਪਹਾੜਾ 'ਤੇ ਹੀਰੇ ਲਾਲ ਜੜਾਉ = ਜੜੇ ਜਾਣ, ਪਰਮੇਸ਼ਰ ਦੇ ਨਾਮ ਵਿਚ ਐਸੀ ਬਰਕਤ ਹੈ। ਅਤੇ ਇੰਝ ਦੁਨੀਆ ਬੇਨਤੀ ਕਰੇ ਕਿ

## ਭੀ ਤੂੰਹੈ ਸਾਲਾਹਣਾ; ਆਖਣ ਲਹੈ ਨ ਚਾਉ ॥੧॥

ਹੇ ਪਰਮੇਸ਼ਰ ! ਫੇਰ ਭੀ = ਵੀ ਤੈਨੂੰ ਸਲਾਹੁਣਾ ਕਰੀਏ ਤੇ ਗੁਣਾਂ ਨੂੰ ਕਹਿਣ ਵੱਲੋਂ ਚਾਉ = ਉਤਸ਼ਾਹ ਨਾ ਲਹੇ॥੧॥

### ਦੂਸਰਾ ਅਰਥ :

***ਪ੍ਰਸ਼ਨ :*** *ਹੇ ਤਪਾ (ਗੁਰੂ) ਜੀ ! ਆਪ ਜੀ ਵਿਚ ਕਿਤਨੀ ਕੁ ਸ਼ਕਤੀ ਹੈ ?*

***ਗੁਰ ਉੱਤਰ :***

**ਨਦੀਆ ਹੋਵਹਿ ਧੇਵਣਾ; ਸੁੰਮ ਹੋਵਹਿ ਦੁਧੁ ਘੀਉ ॥**

ਹੇ ਸਿੱਧੋ ! ਜੇਕਰ ਅਸੀਂ ਚਾਹੀਏ ਤਾਂ ਨਦੀਆਂ ਧੇਵਣਾ = ਗਊਆਂ, ਮੱਝਾਂ ਦੀ ਨਿਆਈਂ ਦੁੱਧ ਦੇਣ ਵਾਲੀਆਂ ਹੋ ਜਾਣ ਅਤੇ ਪਹਾੜਾਂ ਵਿੱਚੋਂ ਪਾਣੀ ਨਿਕਲਣ ਵਾਲੇ ਸੋਮੇ ਘਿਉ ਦੇ ਵਗਣ ਲੱਗ ਜਾਣ।

**ਸਗਲੀ ਧਰਤੀ ਸਕਰ ਹੋਵੈ; ਖੁਸੀ ਕਰੇ ਨਿਤ ਜੀਉ ॥**

ਜੇਕਰ ਅਸੀਂ ਚਾਹੀਏ ਸਗਲੀ = ਸਾਰੀ ਧਰਤੀ ਸਕਰ = ਖੰਡ ਦੀ ਹੋਵੈ = ਹੋ ਜਾਵੇ ਅਤੇ ਜਿਤਨਾ ਚਿੱਤ ਖ਼ੁਸ਼ੀ ਕਰੇ ਉਤਨਾ ਨਿਤਾਪ੍ਰਤੀ ਆਪ ਖਾਈਏ ਤੇ ਹੋਰਨਾਂ ਨੂੰ ਵੰਡੀ ਜਾਈਏ।

**ਪਰਬਤੁ ਸੁਇਨਾ ਰੁਪਾ ਹੋਵੈ; ਹੀਰੇ ਲਾਲ ਜੜਾਉ ॥**

ਜੇ ਅਸੀਂ ਚਾਹੀਏ ਤਾਂ ਮਿੱਟੀ ਤੇ ਪੱਥਰ ਦੇ ਪਹਾੜ ਬਦਲ ਕੇ ਸੋਨੇ ਚਾਂਦੀ ਦੇ ਹੋ ਸਕਦੇ ਹਨ, ਅਤੇ ਇਨ੍ਹਾਂ ਪਹਾੜਾਂ 'ਤੇ ਹੀਰੇ ਲਾਲ ਜੜ੍ਹ ਸਕਦੇ ਹਾਂ। ਪਰੰਤੂ ਹੇ ਸਿੱਧੋ! ਮੈਨੂੰ ਇਤਨੀ ਸ਼ਕਤੀ ਪਰਮੇਸ਼ਰ ਨੇ ਬਖ਼ਸ਼ੀ ਹੈ ਫਿਰ ਵੀ ਅਸੀਂ ਮਾਣ ਨਹੀਂ ਕਰਦੇ, ਫੇਰ ਸ਼ਕਤੀਆਂ ਦੇਣ ਵਾਲੇ ਪਰਮੇਸ਼ਰ ਨੂੰ ਬੇਨਤੀ ਪੂਰਵਕ ਕਹਿੰਦੇ ਹਾਂ।

**ਭੀ ਤੂੰਹੈ ਸਾਲਾਹਣਾ; ਆਖਣ ਲਹੈ ਨ ਚਾਉ ॥੧॥**

ਹੇ ਪਰਮੇਸ਼ਰ! ਫੇਰ ਭੀ = ਵੀ ਅਸੀਂ ਤੂੰਹੈ = ਤੈਨੂੰ ਸਾਲਾਹਣਾ = ਸਲਾਹੁਣਾ ਕਰੀਏ ਅਤੇ ਤੇਰੇ ਨਾਮ, ਗੁਣਾਂ ਨੂੰ ਆਖਣ = ਕਹਿਣ ਦਾ ਸਾਡਾ ਹਿਰਦੇ ਵਿੱਚੋਂ ਚਾਉ = ਉਤਸ਼ਾਹ ਨਾ ਲਹੇ ॥੧॥

## ਮ: ੧ ॥

ਸਿੱਧਾਂ ਨੇ ਪੁੱਛਿਆ ਕਿ ਹੋਰ ਕਿਤਨੀ ਕੁ ਤਾਕਤ ਹੈ? ਤਾਂ ਉਚਾਰਨ ਕਰਦੇ ਹਨ।

## ਭਾਰ ਅਠਾਰਹ ਮੇਵਾ ਹੋਵੈ; ਗਰੁੜਾ ਹੋਇ ਸੁਆਉ ॥

ਜੇਕਰ ਅਸੀਂ ਚਾਹੀਏ ਤਾਂ ਅਠਾਰਹ = ਅਠਾਰਾਂ ਭਾਰ ਤੋਂ ਜੋ ਬਨਸਪਤੀ ਹੈ, ਸਾਰੀ ਮੇਵਾ = ਫਲਾਂ ਵਾਲੀ ਹੋਵੈ = ਹੋ ਜਾਵੇ। ਜੇਕਰ ਅਸੀਂ ਚਾਹੀਏ ਤਾਂ ਸੁਆਉ[1] = ਸੁਆਂਕ ਘਾਹ ਹੀ ਗਰੁੜਾ[2] = ਚੌਲ ਹੋਇ = ਹੋ ਜਾਣ **ਵਾ**: ਜਿਵੇਂ ਬਾਸਮਤੀ ਦੇ ਚੌਲ ਸੁਆਉ = ਸੁਆਦ ਦੇਣ ਵਾਲੇ ਹੁੰਦੇ ਹਨ ਤਿਵੇਂ ਸੁਆਂਕ ਘਾਹ ਬਾਸਮਤੀ ਚੌਲ ਹੀ ਬਣ ਜਾਣ।

***ਨੋਟ :*** ਅਠਾਰਹ ਭਾਰ = ਸਤਜੁਗ ਵਿਚ ਬਨਸਪਤੀ ਦਾ ਸੋਲਾਂ ਮਣ ਭਾਰ ਸੀ। ਤ੍ਰੇਤੇ ਵਿਚ ਬਨਸਪਤੀ ਦਾ ੧੨ ਮਣ ਭਾਰ ਸੀ। ਦੁਆਪਰ ਵਿਚ ਬਨਸਪਤੀ ਦਾ ੮ ਮਣ ਭਾਰ ਸੀ। ਕਲਜੁਗ ਵਿਚ ਬਨਸਪਤੀ ਦਾ ੪ ਮਣ ਭਾਰ ਹੈ। ੩੨੬੦ ਤੋਲੇ ਦਾ ਇਕ ਭਾਰ ਹੁੰਦਾ ਹੈ। ਇਕ ਬ੍ਰਿਛ ਦਾ ਇਕ ਪੱਤਾ ਲੈਣਾ ਜਿਵੇਂ ਅੰਬ, ਅਨਾਰ, ਸੰਗਤਰਾ, ਅਮਰੂਦ ਆਦਿ ਦਾ ਇਕ ਇਕ ਪੱਤਾ ਲੈਣਾ। ਜਦੋਂ ਉਹ ਪੱਤੇ ੩੨੬੦ ਤੋਲੇ ਦੇ ਹੋ ਜਾਣ ਤਾਂ ਉਸ ਨੂੰ ਇਕ ਭਾਰ ਕਿਹਾ ਜਾਂਦਾ ਹੈ। ਮਤਲਬ ੧੬ ਸੇਰ ਕੱਚਾ ਪੱਕਾ ਮਣ ਹੈ। ੧੮ ਭਾਰ ਵਿਚ ਸਾਰੀ ਬਨਸਪਤੀ ਤੋਲੀ ਗਿਣੀ ਮਿਣੀ ਜਾਂਦੀ ਹੈ।

## ਚੰਦੁ ਸੂਰਜੁ ਦੁਇ, ਫਿਰਦੇ ਰਖੀਅਹਿ; ਨਿਹਚਲੁ ਹੋਵੈ ਥਾਉ ॥

ਚੰਦ ਅਤੇ ਸੂਰਜ ਇਨ੍ਹਾਂ ਦੁਇ = ਦੋਹਾਂ ਫਿਰਦਿਆਂ ਨੂੰ ਚਾਹੀਏ ਤਾਂ ਰੋਕ ਕੇ ਰਖੀਅਹਿ = ਰੱਖ ਲਈਏ ਭਾਵ ਇਸਥਿਤ ਕਰ ਲਈਏ। ਇਹ ਸੰਸਾਰ ਰੂਪੀ ਚਲਾਏਮਾਨ ਥਾਉ = ਥਾਂ ਜੇਕਰ ਚਾਹੀਏ ਤਾਂ ਨਿਹਚਲੁ = ਅਚੱਲ ਹੋਵੈ = ਹੋ ਜਾਵੇ।

---

੧. ਇਕ ਕਿਸਮ ਦਾ ਘਾਹ ਜੋ ਆਪਣੇ ਆਪ ਪੈਦਾ ਹੁੰਦਾ ਹੈ, ਮਾਂਝੇ ਵਿਚ ਇਸ ਨੂੰ ਸਵਾਂਖ ਕਹਿੰਦੇ ਹਨ।
੨. ਇਕ ਤਰ੍ਹਾਂ ਦੇ ਚਾਵਲ ਜੋ ਕੱਚੇ ਹੀ ਗਰਮ ਦੁੱਧ ਵਿਚ ਪਾਉਣ ਤੋਂ ਫੁੱਲ ਜਾਂਦੇ ਹਨ।

## ਭੀ ਤੂੰਹੈ ਸਾਲਾਹਣਾ; ਆਖਣ ਲਹੈ ਨ ਚਾਉ ॥੨॥

ਅਸੀਂ ਤਾਂ ਇਉਂ ਕਹਿੰਦੇ ਹਾਂ ਕਿ ਹੇ ਵਾਹਿਗੁਰੂ ਤੇਰੀ ਸਿਫ਼ਤ ਕਰਨੀ ਸਭ ਤੋਂ ਵੱਡੀ ਹੈ। ਤੈਨੂੰ ਸਲਾਹੁਣਾ ਕਰਦੇ ਹਾਂ। ਤੇਰੇ ਨਾਮ ਨੂੰ ਆਖਣ ਵੱਲੋਂ ਕਦੇ ਵੀ ਸਾਡਾ ਚਾਉ = ਉਤਸ਼ਾਹ ਨਾ ਲੱਥੇ। ਹਰ ਵਕਤ ਚਾਅ ਬਣਿਆ ਹੀ ਰਹੇ ॥੨॥

## ਮ: ੧ ॥ ਜੇ ਦੇਹੈ ਦੁਖੁ ਲਾਈਐ; ਪਾਪ ਗਰਹ ਦੁਇ ਰਾਹੁ ॥

ਹੁਣ ਗੁਰੂ ਸਾਹਿਬ ਜੀ ਸ਼ਕਤੀ ਦਾ ਨਿਰੂਪਣ ਕਰਦੇ ਹੋਏ ਉਚਾਰਨ ਕਰਦੇ ਹਨ ਕਿ ਜੇਕਰ ਚਾਹੀਏ ਤਾਂ ਸ਼ਕਤੀ ਨਾਲ ਲੋਕਾਂ ਦੀਆਂ ਦੇਹਾਂ ਨੂੰ ਦੁੱਖ ਲਾ ਸਕਦੇ ਹਾਂ ਭਾਵ ਜਿਹੜੇ ਜ਼ੁਲਮ ਕਰਨ ਵਾਲੇ ਜ਼ਾਲਮ ਹਨ, ਉਨ੍ਹਾਂ ਦੀਆਂ ਦੇਹਾਂ ਨੂੰ ਦੁਖੁ = ਰੋਗ ਲਾ ਸਕਦੇ ਹਾਂ। ਜੇਕਰ ਅਸੀਂ ਚਾਹੀਏ ਤਾਂ ਪਾਪਾਂ ਨੂੰ ਐਸੇ ਗਰਹ = ਗ੍ਰਸ ਲਈਏ, ਜਿਸ ਪ੍ਰਕਾਰ ਰਾਹੂ ਕੇਤੂ ਨੇ ਚੰਦਰਮਾ ਅਤੇ ਸੂਰਜ ਨੂੰ ਗ੍ਰਸਿਆ ਹੋਇਆ ਹੈ। ਜੇਕਰ ਅਸੀਂ ਚਾਹੀਏ ਤਾਂ ਸਰੀਰ ਦੇ ਦੁੱਖਾਂ ਨੂੰ ਲਾਈਐ = ਲਾਹ ਦੇਈਏ ਭਾਵ ਨਾਸ ਕਰ ਦੇਈਏ, ਜੇਕਰ ਅਸੀਂ ਚਾਹੀਏ ਤਾਂ ਦੋਨਾਂ ਰਾਹੂ ਕੇਤੂ ਗ੍ਰਹਿਆਂ ਦੀ ਨਿਆਈਂ ਪਾਪ ਚੰਬੇੜ ਦੇਈਏ।

## ਰਤੁ ਪੀਣੇ ਰਾਜੇ, ਸਿਰੈ ਉਪਰਿ ਰਖੀਅਹਿ; ਏਵੈ ਜਾਪੈ ਭਾਉ ॥

ਜੇਕਰ ਅਸੀਂ ਚਾਹੀਏ ਤਾਂ ਲੋਕਾਂ ਦੇ ਰਤੁ = ਲਹੂ ਪੀਣ ਵਾਲੇ ਬਾਦਸ਼ਾਹਾਂ ਨੂੰ ਸਿਰਾਂ ਉਪਰ ਚੌਰ ਝੁਲਾਉਣ ਦੇ ਪਹਿਰੇਦਾਰ ਬਣਾ ਕੇ ਰੱਖ ਲਈਏ। ਸਾਡਾ ਦੁਨੀਆਂ ਵਿਚ ਇਤਨਾ ਵੱਡਾ ਭਾਉ = ਪ੍ਰਤਾਪ ਜਾਣਿਆ ਜਾਵੇ ਪਰ ਇਸ ਨੂੰ ਅਸੀਂ ਕੱਖ ਵੀ ਨਹੀਂ ਜਾਣਦੇ।

## ਭੀ, ਤੂੰਹੈ ਸਾਲਾਹਣਾ; ਆਖਣ ਲਹੈ ਨ ਚਾਉ ॥੩॥

ਹੇ ਪਰਮੇਸ਼ਰ! ਫਿਰ ਭੀ = ਵੀ ਬਹੁੜੋ, ਤੈਨੂੰ ਸਲਾਹੁਣਾ ਚੰਗਾ ਹੈ, ਸਾਡਾ ਜੱਸ ਆਖਣ ਵੱਲੋਂ ਚਾਉ = ਉਤਸ਼ਾਹ ਨਵਿਰਤ ਨਾ ਹੋਵੇ ਭਾਵ ਲਹੇ ਨਾ ॥੩॥

## ਮ: ੧ ॥ ਅਗੀ ਪਾਲਾ ਕਪੜੁ ਹੋਵੈ; ਖਾਣਾ ਹੋਵੈ ਵਾਉ ॥

(**ਅੱਗੀ** ਬੋਲੋ)

ਹੇ ਸਿੱਧੋ! ਜੇਕਰ ਅਸੀਂ ਚਾਹੀਏ ਤਾਂ ਜੇਠ ਹਾੜ ਦੇ ਮਹੀਨੇ ਗ੍ਰੀਖਮ ਰੁੱਤ ਵਿਚ ਅੱਗ ਦੇ ਵਸਤਰ ਪਹਿਨ ਲਈਏ ਜਾਂ ਫਿਰ ਧੂਣੀਆਂ ਤਪਾਉਣ ਰੂਪੀ ਵਸਤਰ ਪਹਿਨ ਲਈਏ ਅਤੇ ਸਰਦੀਆਂ ਵਿਚ ਜਲ ਧਾਰੇ ਆਦਿਕ ਕਰਨ ਰੂਪੀ ਵਸਤਰ ਪਹਿਨ ਲਈਏ। ਸਾਡਾ ਖਾਣਾ ਵਾਉ = ਹਵਾ ਹੀ ਹੋਵੇ। ਜਿਸ ਪ੍ਰਕਾਰ ਪਾਲਾ = ਸਰਦੀ ਦੇ ਮੌਸਮ ਵਿਚ ਅੱਗ ਦੇ ਕੱਪੜੇ ਹੁੰਦੇ ਹਨ ਭਾਵ ਘਰਾਂ ਵਿਚ ਅੱਗ ਸੇਕਣੀ, ਅੱਗ ਤੋਂ ਭਾਵ ਗਰਮ ਕੱਪੜੇ ਪਹਿਨਣੇ ਤੇ ਅਗੀ = ਗਰਮੀ ਦੇ ਮੌਸਮ ਵਿਚ ਠੰਢੀ ਹਵਾ ਦੀ ਲੋੜ ਹੈ। ਗਰਮੀ ਨੂੰ ਦੂਰ ਕਰਨ ਵਾਸਤੇ ਬਰਫ਼ਾਨੀ ਪਹਾੜੀ ਵਿਚ ਚਲੇ ਜਾਈਏ। ਸਾਡਾ ਖਾਣਾ ਹਵਾ ਹੀ ਹੋ ਜਾਵੇ **ਵਾ:** ਅੱਗ ਨੂੰ ਗਰਮੀ ਵਿਚ ਕੱਪੜੇ ਵਾਂਗ ਪਹਿਨ ਲਈਏ ਤੇ ਪਾਲੇ ਨੂੰ ਸਰਦੀ ਵਿਚ ਜਲਧਾਰੇ ਵਾਂਗ ਪਹਿਨ ਲਈਏ। ਮਨ ਨੂੰ ਕੋਈ ਤਕਲੀਫ਼ ਨਾ ਹੋਵੇ। (ਗਰਮੀ ਅਤੇ ਸਰਦੀ ਵਿਚ ਬਿਰਤੀ ਸਮਾਨ ਰਹੇ, ਇਸ ਨੂੰ ਤਤਿਕਸ਼ਾ ਬਿਰਤੀ ਕਹਿੰਦੇ ਹਨ।)

## ਸੁਰਗੈ ਦੀਆ, ਮੋਹਣੀਆ ਇਸਤਰੀਆ ਹੋਵਨਿ; ਨਾਨਕ ਸਭੋ ਜਾਉ ॥

ਜੇਕਰ ਅਸੀਂ ਰਾਜ ਦੇ ਮਾਲਕ ਹੋ ਜਾਈਏ ਤਾਂ ਸੁਰਗੈ = ਸਵਰਗ ਦੀਆਂ ਮੋਹਣੀਆਂ, ਦਿਲ ਨੂੰ ਮੋਹਤ

ਕਰਨ ਵਾਲੀਆਂ ਸੁੰਦਰ ਇਸਤਰੀਆਂ ਘਰ ਵਾਲੀਆਂ ਹੋ ਜਾਣ, ਇਹੋ ਜਿਹੇ ਭੋਗ ਪਦਾਰਥ ਮਿਲ ਜਾਣ, ਅਸੀਂ ਇਨ੍ਹਾਂ ਚੀਜ਼ਾਂ ਨੂੰ ਪਸੰਦ ਨਹੀਂ ਕਰਦੇ। ਇਹ ਸਭੋ = ਸਾਰੀਆਂ ਚੀਜ਼ਾਂ ਜਾਉ = ਜਾਣ ਵਾਲੀਆਂ ਭਾਵ ਨਾਸ਼ਵੰਤ ਹਨ। ਅਸਲ ਵਿਚ ਇਹ ਆਪਣੇ ਉੱਤੇ ਗੱਲ ਲੈ ਕੇ ਸਿੱਧਾਂ ਨੂੰ ਉਪਦੇਸ਼ ਦਿੱਤਾ ਕਿਉਂਕਿ ਇਹੋ ਜਿਹੀਆਂ ਕਰਾਮਾਤਾਂ ਸਿੱਧ ਕਰਦੇ ਸਨ। ਜਿਵੇਂ ਜੋਗੀ ਜਨ ਵੀ ਜਲਧਾਰੇ ਕਰਨੇ, ਧੂਣੀਆਂ ਤਪਾਉਣੀਆਂ ਆਦਿ ਇਹ ਸਾਰੇ ਕਰਤੱਵ ਕਰਦੇ ਸਨ। ਗੁਰੂ ਜੀ ਨੇ ਉਨ੍ਹਾਂ ਦੇ ਪ੍ਰਥਾਏ ਉਪਦੇਸ਼ ਦਿੱਤਾ ਅਤੇ ਹੁਣ ਆਪਣਾ ਆਸ਼ਾ ਰੱਖਦੇ ਹਨ।

## ਭੀ, ਤੂਹੈ ਸਾਲਾਹਣਾ; ਆਖਣ ਲਹੈ ਨ ਚਾਉ ॥੪॥

ਅਸੀਂ ਤਾਂ ਇਉਂ ਕਹਿੰਦੇ ਹਾਂ ਕਿ ਹੇ ਪਰਮੇਸ਼ਰ! ਫੇਰ ਭੀ = ਵੀ ਤੂਹੈ = ਤੂੰ ਹੀ ਸਾਲਾਹਣਾ = ਸਾਲਾਹੁਣੇ ਯੋਗ ਹੈਂ ਇਸ ਲਈ ਤੇਰੇ ਨਾਮ ਨੂੰ ਆਖਣ ਵੱਲੋਂ ਸਾਡਾ ਚਾਉ = ਚਾਅ ਕਦੇ ਵੀ ਨਾ ਲੱਥੇ, ਗੁਰੂ ਸਾਹਿਬ ਜੀ ਦਾ ਨਾਮ ਨਾਲ ਇਤਨਾ ਪਿਆਰ ਹੈ ॥੪॥

## ਪਵੜੀ ॥ ਬਦਫੈਲੀ ਗੈਬਾਨਾ; ਖਸਮੁ ਨ ਜਾਣਈ ॥

ਜੋ ਆਪਣੇ ਖਸਮੁ = ਮਾਲਕ ਪਰਮੇਸ਼ਰ ਨੂੰ ਨ = ਨਹੀਂ ਜਾਣਈ = ਜਾਣਦਾ ਉਹ ਬਦਫੈਲੀ = ਕੁਕਰਮੀ ਗੈਬਾਨਾ = ਭੂਤਨਿਆਂ ਦੀ ਨਿਆਈਂ ਹੈ।

## ਸੋ ਕਹੀਐ ਦੇਵਾਨਾ; ਆਪੁ ਨ ਪਛਾਣਈ ॥

ਜੋ ਆਪਣੇ ਆਤਮ ਸਰੂਪ ਨੂੰ ਨ = ਨਹੀਂ ਪਛਾਣਈ = ਪਛਾਣਦਾ ਸੋ = ਉਹ ਦੇਵਾਨਾ = ਮਸਤਾਨਾ ਜਾਂ ਕਮਲਾ ਕਹੀਦਾ ਹੈ।

## ਕਲਹਿ ਬੁਰੀ ਸੰਸਾਰਿ; ਵਾਦੇ ਖਪੀਐ ॥

ਸੰਸਾਰ ਵਿਚ ਕਲਹਿ = ਲੜਾਈ ਬਹੁਤ ਬੁਰੀ ਹੈ ਤੇ ਲੋਕ ਵਾਦੇ = ਝਗੜਿਆਂ ਵਿਚ ਪੈ ਕਰਕੇ ਇੰਜ ਹੀ ਖਪੀਐ = ਨਾਸ ਹੁੰਦੇ ਹਨ **ਵਾ:** ਵਾਦੇ = ਝਗੜੇ ਕਰਨ ਨਾਲ ਖਪੀਐ = ਨਾਸ਼ ਹੋ ਜਾਈਦਾ ਹੈ ਕਿਉਂਕਿ ਝਗੜਿਆਂ ਵਿਚ ਕਲਪਨਾ ਹੁੰਦੀ ਹੈ ਕਲਪਨਾ ਸੰਸਾਰ ਵਿਚ ਬੁਰੀ ਸ਼ੈਅ ਹੈ ਜੋ ਹਿਰਦੇ ਵਿਚ ਪ੍ਰੇਮ ਪੈਦਾ ਨਹੀਂ ਹੋਣ ਦਿੰਦੀ।

## ਵਿਣੁ ਨਾਵੈ ਵੇਕਾਰਿ; ਭਰਮੇ ਪਚੀਐ ॥

ਪਰਮੇਸ਼ਰ ਦੇ ਨਾਮ ਤੋਂ ਵਿਣੁ = ਬਿਨਾਂ ਦੂਜੀਆਂ ਸਾਰੀਆਂ ਕਾਰਾਂ ਵੇਕਾਰਿ = ਖੋਟੀਆਂ ਭਾਵ ਵਿਅਰਥ ਹਨ, ਇਹ ਜੀਵ ਭਰਮਾਂ ਵਿਚ ਪੈ ਕੇ ਪਚੀਐ = ਸੜਦੇ ਰਹਿੰਦੇ ਹਨ।

## ਰਾਹ ਦੋਵੈ ਇਕੁ ਜਾਣੈ; ਸੋਈ ਸਿਝਸੀ ॥

ਆਸਤਕ ਅਤੇ ਨਾਸਤਕ, ਗੁਰਮੁਖ ਤੇ ਮਨਮੁਖ ਇਹ ਦੋ ਰਾਹ ਹਨ। ਜਿਹੜਾ ਇਨ੍ਹਾਂ ਦੋਨਾਂ ਰਸਤਿਆਂ ਵਿਚ ਆਸਤਕ, ਗੁਰਮੁਖਤਾਂਈ ਵਾਲੇ ਰਸਤੇ ਨੂੰ ਜਾਣੈ = ਜਾਣਦਾ ਹੈ ਸੋਈ = ਉਹੋ ਹੀ ਸਿਝਸੀ = ਮੁਕਤ ਹੋਵੇਗਾ **ਅਥਵਾ** ਹਿੰਦੂ ਤੇ ਮੁਸਲਮਾਨ ਮਤ ਦੋ ਰਸਤੇ ਹਨ ਪਰ ਜੋ ਦੋਨਾਂ ਵਿੱਚੋਂ ਇਕ ਪਰਮੇਸ਼ਰ ਨੂੰ ਜਾਣਦਾ ਹੈ ਉਹੀ ਤਿੰਨੇ ਕਾਲ ਮੁਕਤ ਹੋਵੇਗਾ।

## ਕੁਫਰ ਗੋਅ, ਕੁਫਰਾਣੈ; ਪਇਆ ਦਝਸੀ ॥

ਜੋ ਕੁਫਰ = ਝੂਠ ਗੋਅ = ਬੋਲਦਾ ਹੈ, ਉਹ ਪੁਰਸ਼ ਕੁਫਰਾਣੈ (ਕੁਫਰ+ਆਣੈ) ਕੁਫਰ = ਝੂਠ ਦੇ ਆਣੈ =

ਘਰ ਭਾਵ ਨਰਕਾਂ ਵਿਚ ਹੀ ਪਿਆ ਦਝਸੀ = ਸੜਦਾ ਰਹੇਗਾ। ਐਸੇ ਜੀਵ ਪਿੱਛੇ ਵੀ ਸੜਦੇ ਸੀ, ਹੁਣ ਵੀ ਸੜ ਰਹੇ ਹਨ ਅਤੇ ਅੱਗੇ ਨੂੰ ਵੀ ਸੜਦੇ ਰਹਿਣਗੇ।

## ਸਭ ਦੁਨੀਆ, ਸੁਬਹਾਨੁ; ਸਚਿ ਸਮਾਈਐ ॥

ਸਭ = ਸਾਰੀ ਦੁਨੀਆਂ ਵਿਚ ਮਾਇਆ ਦੀ ਸੁਬਹਾਨੁ = ਹੈਰਾਨਗੀ ਹੈ **ਵਾ:** ਜੋ ਸਾਰੀ ਦੁਨੀਆਂ ਵਿਚ ਸੁਬਹਾਨੁ = ਅਸਚਰਜ ਸਰੂਪ ਅਕਾਲ ਪੁਰਖ ਵਿਆਪਕ ਹੈ, ਉਸ ਦੇ ਸੱਚੇ ਨਾਮ ਵਿਚ ਸਮਾਈਐ = ਸਮਾਉਣਾ ਕਰੀਏ। ਜੇਕਰ ਸੱਚ ਸਰੂਪ ਵਿਚ ਸਮਾ ਜਾਈਏ ਤਾਂ ਸਾਰੀ ਦੁਨੀਆਂ ਹੀ ਸੁਬਹਾਨੁ = ਸੁੰਦਰ ਭਾਵ ਉਸਤਤੀ ਯੋਗ ਲੱਗਦੀ ਹੈ।

## ਸਿਝੈ ਦਰਿ ਦੀਵਾਨਿ; ਆਪੁ ਗਵਾਈਐ ॥੯॥

ਆਪਾ ਭਾਵ ਨੂੰ ਗਵਾਈਐ = ਗੁਆ ਕਰਕੇ ਹੀ ਪਰਮੇਸ਼ਰ ਦੀ ਦੀਵਾਨਿ = ਕਚਿਹਰੀ ਦੇ ਦਰਿ = ਦੁਆਰ ਵਿਚ ਸਿਝੈ = ਮੁਕਤ ਹੋਈਦਾ ਹੈ **ਵਾ:** ਜੋ ਆਪਾ ਭਾਵ ਗੁਆ ਕੇ ਸਤਿਸੰਗਤ ਰੂਪੀ ਦੀਵਾਨ ਦਾ ਆਸਰਾ ਲੈਂਦਾ ਹੈ ਉਹ ਦੁਆਰਿਆਂ ਵਾਲੇ ਸਰੀਰ, ਸੰਸਾਰ ਤੋਂ ਮੁਕਤ ਹੋ ਜਾਂਦਾ ਹੈ **ਅਥਵਾ** ਆਪਾ-ਭਾਵ ਗਵਾ ਕਰਕੇ ਦਰ = ਗਿਆਨ ਦੁਆਰਾ ਪਰਮਾਤਮਾ ਦੀ ਦੀਵਾਨਿ = ਕਚਹਿਰੀ ਵਿਚ ਸਿਝੈ = ਮੁਕਤ ਹੋਈਦਾ ਹੈ ॥੯॥

## ਮ: ੧ ਸਲੋਕੁ ॥

ਕਰਤਾਰਪੁਰ ਸਾਹਿਬ ਵਿਖੇ ਸਿੱਖਾਂ ਨੇ ਸਤਿਗੁਰੂ ਪਾਤਸ਼ਾਹ ਜੀ ਨੂੰ ਪ੍ਰਸ਼ਨ ਕੀਤਾ ਕਿ ਗ਼ਰੀਬ ਨਿਵਾਜ਼ ਜੀ! ਜਿਉਂਦਿਆਂ ਦੀ ਗਿਣਤੀ ਵਿਚ ਕੌਣ ਹਨ? ਤਦ ਉੱਤਰ ਵਿਚ ਕਥਨ ਕਰਦੇ ਹਨ:

## ਸੋ ਜੀਵਿਆ; ਜਿਸੁ ਮਨਿ ਵਸਿਆ ਸੋਇ ॥
## ਨਾਨਕ; ਅਵਰੁ ਨ ਜੀਵੈ ਕੋਇ ॥

ਸੋ = ਉਹ ਪੁਰਸ਼ ਹੀ ਸੰਸਾਰ ਅੰਦਰ ਜੀਵਿਆ = ਜਿਉਂਦਾ ਹੈ, ਜਿਸ ਦੇ ਮਨ ਵਿਚ ਸੋਇ = ਉਹ ਤੱਤਪਦ ਦਾ ਲੱਖਯ ਅਰਥ ਰੂਪ ਪਰਮੇਸ਼ਰ ਸਾਖਿਆਤ ਹੋ ਕੇ ਵਸਿਆ ਹੈ। ਸਤਿਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਉਸ ਤੋਂ ਬਿਨਾ ਅਵਰੁ = ਹੋਰ ਕੋਇ = ਕੋਈ ਵੀ ਆਤਮਿਕ ਜੀਵਨ ਕਰਕੇ ਜੀਵੈ = ਜਿਉਂਦਾ ਨ = ਨਹੀਂ ਹੈ।

## ਜੇ ਜੀਵੈ; ਪਤਿ ਲਥੀ ਜਾਇ ॥ ਸਭੁ ਹਰਾਮੁ; ਜੇਤਾ ਕਿਛੁ ਖਾਇ ॥

ਜੇ ਜੀਵ ਹੰਕਾਰ ਕਰੇ ਕਿ ਮੈਂ ਜਿਉਂਦਾ ਹਾਂ ਤਾਂ ਉਸ ਦੀ ਪਤਿ = ਇੱਜ਼ਤ ਕਾਮ, ਕ੍ਰੋਧ ਆਦਿ ਕਰਕੇ ਲਥੀ ਜਾਇ = ਲਹਿ ਜਾਂਦੀ ਹੈ **ਵਾ:** ਜੇਕਰ ਨਾਮ ਵਿਹੂਣਾ ਜੀਵ ਦੇਖਣ ਮਾਤਰ ਜੀਵੈ = ਜਿਉਂਦਾ ਦਿਸਦਾ ਹੈ ਤਾਂ ਵੀ ਉਹ ਅੰਤ ਨੂੰ ਆਪਣੀ ਪਤਿ = ਇੱਜ਼ਤ ਗੁਆ ਕੇ ਜਾਂਦਾ ਹੈ। ਉਹ ਜੇਤਾ = ਜਿਤਨਾ ਕਿਛੁ = ਕੁਝ ਵੀ ਖਾਇ = ਖਾਂਦਾ ਹੈ ਉਹ ਸਭੁ = ਸਾਰਾ ਹਰਾਮੁ = ਨਖਿੱਧ ਹੀ ਹੈ।

## ਰਾਜਿ ਰੰਗੁ; ਮਾਲਿ ਰੰਗੁ ॥ ਰੰਗਿ ਰਤਾ; ਨਚੈ ਨੰਗੁ ॥

ਕੋਈ ਰਾਜ ਦੇ ਰੰਗੁ = ਅਨੰਦ ਵਿਚ ਮਸਤ ਹੈ, ਕੋਈ ਮਾਲਿ = ਹਾਥੀ, ਘੋੜੇ, ਗਊਆਂ, ਮੱਝਾਂ ਆਦਿ ਦੇ ਰੰਗੁ = ਅਨੰਦ ਵਿਚ ਖ਼ੁਸ਼ ਹੈ। ਕੋਈ ਵਿਸ਼ਿਆਂ ਦੇ ਰੰਗਿ = ਅਨੰਦ ਵਿਚ ਰਤਾ = ਰੱਤਿਆ ਹੋਇਆ ਹੈ। ਕੋਈ ਨੰਗੁ = ਬੇਸ਼ਰਮ ਹੋ ਕੇ ਨੱਚ ਰਿਹਾ ਹੈ **ਵਾ:** ਨੰਗੇ ਨੱਚਣ ਵਾਲੇ ਜੋ ਵਸਤਰਹੀਣ ਹੋ ਕੇ ਨੱਚਦੇ ਹਨ, ਇਨ੍ਹਾਂ ਰੰਗਾਂ ਵਿਚ ਹੀ ਮਸਤ ਰਹਿੰਦੇ ਹਨ।

## ਨਾਨਕ; ਠਗਿਆ ਮੁਠਾ ਜਾਇ ॥
## ਵਿਣੁ ਨਾਵੈ; ਪਤਿ ਗਇਆ ਗਵਾਇ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਕਾਮ, ਕ੍ਰੋਧ **ਵਾ:** ਸ਼ਬਦ, ਸਪਰਸ, ਰੂਪ, ਰਸ, ਗੰਧ ਆਦਿ ਦਾ ਠੱਗਿਆ ਹੋਇਆ ਆਪਣੇ ਸ਼ੁਭ ਗੁਣਾਂ ਨੂੰ ਮੁਠਾ = ਲੁਟਾ ਕੇ ਜਮਾਂ ਦੇ ਕੋਲ ਜਾਂਦਾ ਹੈ। ਇਉਂ ਵਿਣੁ ਨਾਵੈ = ਬਿਨਾਂ ਨਾਮ ਤੋਂ ਆਪਣੀ ਪਤਿ = ਇੱਜ਼ਤ ਗਵਾਇ = ਗਵਾ ਕੇ ਚਲਿਆ ਗਇਆ = ਗਿਆ ॥੧॥

## ਮ: ੧ ॥[1]

## ਕਿਆ ਖਾਧੈ; ਕਿਆ ਪੈਧੈ ਹੋਇ ॥ ਜਾ ਮਨਿ ਨਾਹੀ; ਸਚਾ ਸੋਇ ॥

ਹੇ ਭਾਈ ! ਪਦਾਰਥਾਂ ਦੇ ਖਾਧੈ = ਖਾਣ ਕਰਕੇ ਕੀ ਲਾਭ ਹੋਵੇਗਾ, ਸੋਹਣੇ ਵਸਤਰਾਂ ਦੇ ਪੈਧੈ = ਪਹਿਨਣ ਕਰਕੇ ਕੀ ਲਾਭ ਹੋਵੇਗਾ ? ਜਾ = ਜਦੋਂ ਮਨਿ = ਹਿਰਦੇ ਵਿਚ ਸੋਇ = ਉਹ ਸੱਚਾ ਪਰਮੇਸ਼ਰ, ਨਾਮ ਨਾਹੀ = ਨਹੀਂ ਵੱਸਿਆ ਹੈ।

## ਕਿਆ ਮੇਵਾ, ਕਿਆ ਘਿਉ ਗੁੜੁ ਮਿਠਾ; ਕਿਆ ਮੈਦਾ ਕਿਆ ਮਾਸੁ ॥

ਕਿਆ = ਕੀ ਮੇਵਾ = ਸੁੱਕੇ ਫਲ, ਕਿਆ = ਕੀ ਘਿਉ = ਘੀ, ਗੁੜ ਹੋਰ ਮਿਠਾ = ਮਿਠਾਸ ਵਾਲਾ ਪਦਾਰਥ, ਕਿਆ = ਕੀ ਮੈਦਾ ਕਿਆ = ਕੀ ਮਾਸ ਹੈ।

## ਕਿਆ ਕਪੜੁ, ਕਿਆ ਸੇਜ ਸੁਖਾਲੀ; ਕੀਜਹਿ ਭੋਗ ਬਿਲਾਸ ॥

ਕਿਆ = ਕੀ ਸੋਹਣੇ ਕਪੜੁ = ਬਸਤਰ, ਕਿਆ = ਕੀ ਸੁਖਾਲੀ = ਸੁੱਖਾਂ ਦੇ ਦੇਣ ਵਾਲੀ ਆਰਾਮਦਾਇਕ ਸੇਜਾ ਹੈ, ਜਿਸ 'ਤੇ ਭੋਗ ਬਿਲਾਸ ਕੀਜਹਿ = ਕੀਤੇ ਜਾਣ **ਵਾ:** ਵਿਸ਼ੇ ਵਾਸਨਾ ਦੀ ਤ੍ਰਿਪਤੀ ਚੋਜ ਕੀਤੇ ਜਾਣ ਭਾਵ ਨਾਮ ਤੋਂ ਬਿਨਾਂ ਕੁਝ ਵੀ ਨਹੀਂ ਹੈ। ਇਹ ਦੋ ਤਰ੍ਹਾਂ ਦੀ ਹੈ। ਇਕ ਦਾ ਕੇਵਲ ਆਰਾਮ ਕਰਨ ਦੇ ਮਨੋਰਥ ਨਾਲ ਸੇਜਾ ਵਰਤਣਾ, ਦੂਸਰੀ ਸ਼ੌਕੀਨੀ ਦੇ ਨਾਲ ਸੇਜਾਂ ਦਾ ਵਰਤਣਾ, ਉਸ ਦਾ ਖੰਡਨ ਕਰਦੇ ਹਨ। ਲੋੜ ਅਨੁਸਾਰ ਤਨ ਢੱਕਣ ਲਈ ਕੱਪੜਿਆਂ ਦਾ ਵਰਤਣਾ ਇਸ ਦਾ ਕੋਈ ਖੰਡਨ ਨਹੀਂ। ਪੇਟ ਭਰਨ ਦੇ ਮਨੋਰਥ ਨਾਲ ਮੈਦਾ = ਅੰਨ ਦੀ ਬਣੀ ਰੋਟੀ ਖਾ ਲੈਣੀ ਇਹ ਵਿਵਰਜਿਤ ਨਹੀਂ। ਪਰ ਜੀਭ ਦੇ ਸੁਆਦ ਵਿਚ ਤਲੀਆਂ ਚੀਜ਼ਾਂ ਜੋ ਸਿਹਤ ਲਈ ਵੀ ਹਾਨੀਕਾਰਕ ਹਨ, ਉਨ੍ਹਾਂ ਦਾ ਖੰਡਨ ਹੈ। ਇਸ ਤਰ੍ਹਾਂ ਨਾਮ ਤੋਂ ਬਿਨਾਂ ਸਭ ਅਸਫਲ ਹਨ। ਪਰ ਨਾਮ ਜਪ ਕੇ ਗੁਰਮਤਿ ਅਨੁਸਾਰ ਖਾਧੇ ਹੋਏ ਖਾਣੇ ਸਫਲੇ ਹਨ।

## ਕਿਆ ਲਸਕਰ, ਕਿਆ ਨੇਬ ਖਵਾਸੀ; ਆਵੈ ਮਹਲੀ ਵਾਸੁ ॥

ਹਕੂਮਤਾਂ ਦਾ ਸਾਜੋ ਸਮਾਨ ਲਸਕਰ = ਫੌਜ਼ਾਂ ਆਦਿ ਕਿਆ = ਕੀ ਹਨ, ਨੇਬ = ਚੋਬਦਾਰ ਖਵਾਸੀ = ਚੌਰਬਰਦਾਰ ਆਦਿ ਕਿਆ = ਕੀ ਹਨ ਅਤੇ ਮਹਲੀ = ਮਹਲਾਂ ਵਿਚ ਆਵੈ = ਆ ਵਾਸੁ = ਵਸਣਾ ਤਾਂ ਕੀ ਹੈ ?

---

੧. ਜਿਸ ਵੇਲੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਔਰੰਗਜ਼ੇਬ ਨੇ ਸੁਨੇਹਾ ਭੇਜਿਆਂ ਕਿ ਮੈਨੂੰ ਮਹਿਲਾਂ ਵਿਚ ਆ ਕੇ ਦਰਸ਼ਨ ਦੇਣਾ ਕਰੋ ਤਾਂ ਸਤਿਗੁਰਾਂ ਨੇ ਕਿਹਾ ਕਿ ਸਾਡਾ ਪ੍ਰਣ ਹੈ ਕਿ ਅਸੀਂ ਤੈਨੂੰ ਦਰਸ਼ਨ ਨਹੀਂ ਦੇਣੇ, ਫੇਰ ਔਰੰਗਜ਼ੇਬ ਨੇ ਕਿਹਾ ਕਿ ਫੇਰ ਕੋਈ ਆਪਣੇ ਵੱਲੋਂ ਉਪਦੇਸ਼ ਹੀ ਭੇਜ ਦੇਵੋ ਤਾਂ ਅੱਠਵੇਂ ਸਤਿਗੁਰੂ ਨੇ ਇਹੋ ਪਹਿਲੇ ਸਤਿਗੁਰਾਂ ਦਾ ਸ਼ਬਦ ਉਪਦੇਸ਼ ਰੂਪ ਵਿਚ ਲਿਖ ਕੇ ਭਿਜਵਾਇਆ ਸੀ।

## ਨਾਨਕ, ਸਚੇ ਨਾਮ ਵਿਣੁ; ਸਭੇ ਟੋਲ ਵਿਣਾਸੁ ॥੨॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਨਾਮ ਤੋਂ ਬਿਨਾਂ ਉਪਰੋਕਤ ਸਭੇ = ਸਾਰੇ ਟੋਲ = ਪਦਾਰਥ ਵਿਣਾਸੁ = ਨਾਸ਼ ਹੋਣ ਵਾਲੇ ਹਨ ਇਉਂ ਇਨ੍ਹਾਂ ਵਿਚ ਲੱਗ ਕੇ ਜੀਵ ਵੀ ਨਾਸ਼ ਹੋ ਜਾਂਦਾ ਹੈ॥੨॥

## ਪਵੜੀ ॥ ਜਾਤੀ ਦੈ ਕਿਆ ਹਥਿ; ਸਚੁ ਪਰਖੀਐ ॥

(**ਪਰੱਖੀਐ** ਪਾਠ ਨਹੀਂ ਕਰਨਾ)

ਨੀਵੀਂ ਤੇ ਉੱਚੀ ਜਾਤੀ = ਜਾਤ ਦੈ = ਦੇ ਕਿਆ = ਕੀ ਹੱਥ ਹੈ ਭਾਵ ਕੁਝ ਨਹੀਂ ਹੈ ਅੱਗੇ ਪ੍ਰਲੋਕ ਵਿਚ ਤਾਂ ਸੱਚ ਦੀ ਪਰਖੀਐ = ਪਰਖਣਾ ਹੁੰਦੀ ਹੈ। ਅਰਥਾਤ ਨੀਵੀਂ ਜਾਤ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ ਅਤੇ ਉੱਚੀ ਜਾਤ ਦਾ ਕਿਸੇ ਨੂੰ ਹੰਕਾਰ ਨਹੀਂ ਕਰਨਾ ਚਾਹੀਦਾ। ਉੱਚੀ ਜਾਤੀ ਜਮਾਂ ਤੋਂ ਨਹੀਂ ਛੁਡਵਾ ਸਕਦੀ। ਅੱਗੇ ਪਰਲੋਕ ਵਿਚ ਕਿਸੇ ਜਾਤ ਦਾ ਕੋਈ ਜ਼ੋਰ ਨਹੀਂ ਚੱਲਦਾ। ਅੱਗੇ ਤਾਂ ਸੱਚ ਨੂੰ ਪਰਖਦੇ ਹਨ। ਜਿਸ ਪ੍ਰਕਾਰ ਕਿਸੇ ਨੇ ਭਾਈ ਮਰਦਾਨਾ ਜੀ ਬਾਰੇ ਸ਼ੰਕਾ ਪ੍ਰਗਟ ਕੀਤੀ ਕਿ ਗੁਰੂ ਜੀ ਨੇ ਆਪਣੇ ਨਾਲ ਰਬਾਬੀ ਕਿਸ ਜਾਤ ਦਾ ਰੱਖਿਆ ਹੋਇਆ ਹੈ ? ਭਾਵ ਆਪਣੇ ਨਾਲ ਨੀਵੀ ਜਾਤ ਵਾਲੇ ਨੂੰ ਲਈ ਫਿਰਦੇ ਹਨ ਤਾਂ ਗੁਰੂ ਜੀ ਨੇ ਉੱਤਰ ਵਿਚ ਕਿਹਾ ਕਿ ਜਾਤੀ ਦੇ ਕੀ ਹੱਥ ਵਿਚ ਹੈ ? ਭਾਵ ਜਾਤ ਨਾਲ ਨਫ਼ਰਤ ਨਹੀਂ ਕਰਨੀ ਚਾਹੀਦੀ। ਕੇਵਲ ਸੱਚ ਦੀ ਹੀ ਪਰਖ ਕਰਨੀ ਚਾਹੀਦੀ ਹੈ। ਅਸੀਂ ਤਾਂ ਇਸ ਦੇ ਸੱਚ ਦੀ ਪਰਖ ਕਰਦੇ ਹਾਂ।

**ਸਾਖੀ—ਭਾਈ ਮਰਦਾਨੇ ਜੀ ਦੀ :** ਮਰਦਾਨਾ ਪਿਛਲੇ ਜਨਮ ਵਿਚ ਕਾਨਪੁਰ ਦੇ ਇਲਾਕੇ ਵਿਚ ਮਹਾਨ ਤਪੱਸਵੀ ਸੀ। ਪਰਮਾਤਮਾ ਨੂੰ ਮਿਲਣ ਵਾਸਤੇ ਬਹੁਤ ਯਤਨ ਕੀਤਾ ਪਰ ਪ੍ਰਾਪਤੀ ਨਾ ਹੋਈ। ਸਰਦੀ ਦੇ ਮੌਸਮ ਵਿਚ ਸਰੀਰ ਨੂੰ ਨਮੂਨੀਆ ਹੋ ਗਿਆ। ਇਸ ਤਪੱਸਵੀ ਦੇ ਕਿਸੇ ਹਿਤੂ ਨੇ ਨਮੂਨੀਆ ਉਤਾਰਨ ਲਈ ਮੁਖ ਵਿਚ ਸ਼ਰਾਬ ਪਾ ਦਿੱਤੀ ਅਤੇ ਇਸ ਨੂੰ ਕਿਹਾ ਕਿ ਇਹ ਨਮੂਨੀਆ ਉਤਾਰਨ ਦੀ ਦਵਾਈ ਹੈ। ਉਸ ਦੇ ਨਸ਼ੇ ਵਿਚ ਹੀ ਪ੍ਰਾਣ ਛੁੱਟ ਗਏ। ਸ਼ਰਾਬ ਦੇ ਦੋਸ਼ ਕਰਕੇ ਅਜਿਹੇ ਘਰ ਵਿਚ ਜਨਮ ਹੋਇਆ, ਜਿਥੇ ਸ਼ਰਾਬ ਆਦਿ ਦੀ ਖੁੱਲ੍ਹੀ ਵਰਤੋਂ ਕੀਤੀ ਜਾਂਦੀ ਸੀ। ਪਿਛਲੀ ਤਪੱਸਿਆ ਦਾ ਫਲ ਸਰੂਪ ਬਚਪਨ ਵਿਚ ਹੀ ਗੁਰੂ ਸਾਹਿਬ ਜੀ ਦਾ ਮਿਲਾਪ ਹੋ ਗਿਆ। ਗੁਰੂ ਸਾਹਿਬ ਜੀ ਨੇ ਇਸ ਨੂੰ ਆਪਣਾ ਮਿੱਤਰ ਬਣਾ ਲਿਆ। ਖੇਡਦਿਆਂ ਕੁਵੇਲਾ ਹੋਣ ਕਰਕੇ ਮਾਂ ਨੇ ਗ਼ੁੱਸੇ ਵਿਚ ਆਵਾਜ਼ ਮਾਰੀ "ਵੇ ਮਰ ਜਾਨਿਆ" ਤੂੰ ਕਿਥੇ ਹੈਂ ? ਬਾਲ ਅਵਸਥਾ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਮਾਤਾ ਨੂੰ ਹੈਰਾਨ ਹੋ ਕੇ ਪੁੱਛਿਆ ਕਿ ਤੁਸੀਂ ਆਪਣੇ ਪੁੱਤਰ ਨੂੰ ਇਸ ਤਰ੍ਹਾਂ ਦੇ ਬਚਨ ਕਿਉਂ ਕਹਿੰਦੇ ਹੋ ? ਤਾਂ ਮਾਤਾ ਕਹਿਣ ਲੱਗੀ ਕਿ ਮੇਰੇ ਚਾਰ ਪੁੱਤਰ ਪਹਿਲਾਂ ਮਰ ਚੁੱਕੇ ਹਨ। ਜਿਹੜਾ ਵੀ ਜਨਮ ਲੈਂਦਾ ਹੈ ਉਹ ਮਰ ਕੇ ਕਬਰਾਂ ਵਿਚ ਜਾ ਪੈਂਦਾ ਹੈ। ਇਸ ਲਈ ਮੈਂ ਇਸ ਦਾ ਨਾਮ ਮਰਜਾਣਾ ਰੱਖ ਦਿੱਤਾ ਹੈ। ਤਾਂ ਗੁਰੂ ਸਾਹਿਬ ਜੀ ਨੇ ਮਾਤਾ ਨੂੰ ਕਿਹਾ ਕਿ ਅੱਜ ਤੋਂ ਇਸ ਦੇ ਕੇਸ ਨਹੀਂ ਕੱਟਣੇ, ਸ਼ਰਾਬ ਆਦਿ ਮਾੜੇ ਖਾਣੇ ਨਹੀਂ ਦੇਣੇ। ਤੁਸੀਂ ਇਸ ਦਾ ਨਾਮ ਮਰਜਾਣਾ ਰੱਖਿਆ ਹੈ ਪਰ ਅਸੀਂ ਇਸ ਨੂੰ ਆਪਣੇ ਨਾਲ ਰੱਖਾਂਗੇ। ਸਾਡੀ ਜੀਵਨ-ਯਾਤਰਾ ਵਿਚ ਇਹ ਸਾਡਾ ਸਾਥੀ ਹੋਵੇਗਾ। ਕੀਰਤਨ ਦੀ ਸੇਵਾ ਨਿਭਾਏਗਾ। ਪਿਛਲੇ ਜਨਮ ਦਾ ਸੱਚੇ ਨਾਮ ਨਾਲ ਜੁੜਿਆ ਹੋਇਆ ਸੀ। ਇਸ ਲਈ ਅਸੀਂ ਇਸ ਦੇ ਸੱਚ ਦੀ ਪਰਖ ਕਰਦੇ ਹਾਂ। ਤੁਸੀਂ ਕਿਹਾ ਮਰ ਜਾਣਾ ਅਤੇ ਅਸੀਂ ਕਹਿੰਦੇ ਹਾਂ ਕਿ 'ਮਰਦਾ ਨਾ'। ਇਹ ਬਚਪਨ ਤੇ ਜਵਾਨੀ ਵਿਚ ਨਹੀਂ ਮਰੇਗਾ। ਆਪਣੀ ਪੂਰੀ ਉਮਰ ਭੋਗ ਕੇ ਜਾਵੇਗਾ। ਜੈਸਾ ਕਿ :

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥** *(ਸੂਹੀ ਮ: ੪, ਅੰਗ ੭੩੩)*

**ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥**
**ਜਿਨ੍ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥** *(ਵਾਰ ਆਸਾ ਮਹਲਾ ੧, ਅੰਗ ੪੬੯)*

## ਮਹੁਰਾ ਹੋਵੈ ਹਥਿ; ਮਰੀਐ ਚਖੀਐ ॥

(**ਚਖੀਐ** ਦਾ ਉਚਾਰਨ ਅੱਧਕ ਸਹਿਤ ਕਰਨਾ ਹੈ)

ਜੇਕਰ ਹੱਥ ਵਿਚ ਮਹੁਰਾ = ਸੰਖੀਆ ਫੜਿਆ ਹੋਵੇ, ਤਾਂ ਉਸ ਦਾ ਕੋਈ ਅਸਰ ਨਹੀਂ ਹੁੰਦਾ ਪਰ ਜੇਕਰ ਉਸ ਨੂੰ ਚਖੀਐ = ਖਾ ਲਈਏ ਤਾਂ ਮਰੀਐ = ਮਰ ਜਾਈਦਾ ਹੈ। ਇਸੇ ਤਰ੍ਹਾਂ ਉੱਚੀ ਜਾਤ ਦੁੱਖ ਨਹੀਂ ਦਿੰਦੀ। ਜੇਕਰ ਉੱਚੀ ਜਾਤ ਦਾ ਹੰਕਾਰ ਕਰੀਏ ਤਾਂ ਮਹੁਰਾ ਖਾਣ ਦੀ ਤਰ੍ਹਾਂ ਦ੍ਵੈਸ਼ ਦਾ ਦੁੱਖ ਪੈਦਾ ਹੁੰਦਾ ਹੈ[੧]। ਜੈਸਾ ਕਿ :

**ਅਥਵਾ** ਜਾਤੀ = ਬੁੱਧੀ ਦੇ ਹੱਥ ਕਿਆ = ਕੀ ਹੈ ? ਸੱਚ ਦੀ ਪਰਖਣਾ ਕਰਨੀ ਚਾਹੀਦੀ ਹੈ। ਇਸੇ ਪ੍ਰਕਾਰ ਜੇਕਰ ਸ਼ੁਭ ਗੁਣਾਂ ਰੂਪੀ ਮਹੁਰਾ = ਸੰਖੀਆ ਮਨ ਰੂਪੀ ਹੱਥ ਵਿਚ ਹੋਵੇ ਤਾਂ ਭੈੜਾ ਨਹੀਂ ਪਰ ਜੇਕਰ ਸ਼ੁਭ ਗੁਣਾਂ ਦਾ ਹੰਕਾਰ ਕਰਨ ਰੂਪ ਸੰਖੀਆ ਚੱਖ ਲਈਏ ਤਾਂ ਆਂਤਮਿਕ ਮੌਤ ਵੱਲੋਂ ਮਰ ਜਾਈਦਾ ਹੈ।

## ਸਚੇ ਕੀ ਸਿਰ ਕਾਰ; ਜੁਗੁ ਜੁਗੁ ਜਾਣੀਐ ॥

(ਦੂਸਰਾ ਪਾਠ **ਸਿਰਕਾਰ** ਇੱਕਠਾ ਹੈ)

ਸੱਚੇ ਹਰੀ ਵਾਹਿਗੁਰੂ ਦੀ ਸਾਰਿਆਂ ਦੇ ਸਿਰ ਉਪਰ ਹੁਕਮ ਰੂਪੀ ਕਾਰ ਹੈ **ਵਾ:** ਸੱਚੇ ਪਰਮੇਸ਼ਰ ਦੀ ਹੀ ਸਾਰਿਆਂ ਜੀਵਾਂ ਤੇ ਸਿਰਕਾਰ = ਹਕੂਮਤ ਹੈ **ਵਾ:** ਸਾਰੀ ਸ੍ਰਿਸ਼ਟੀ ਹੀ ਸਿਰਕਾਰ = ਰਈਅਤ (ਪਰਜਾ) ਹੈ। ਜੋ ਜੁਗਾਂ ਜੁਗਾਂ ਵਿਚ ਹੀ ਜਾਣੀਐ = ਜਾਣੀ ਜਾਂਦੀ ਹੈ।

## ਹੁਕਮੁ ਮੰਨੇ ਸਿਰਦਾਰੁ; ਦਰਿ ਦੀਬਾਣੀਐ ॥

ਜੋ ਸਿਰਦਾਰੁ = ਮੁਖੀ ਗੁਰਾਂ ਦੁਆਰਾ ਪਰਮੇਸ਼ਰ ਦੇ ਨਾਮ ਜਪਣ ਦਾ ਹੁਕਮ ਮੰਨੇ = ਮੰਨਦਾ ਹੈ, ਉਸ ਨੂੰ ਸੱਚਖੰਡ ਰੂਪੀ ਦਰ ਵਿਚ ਪਰਮੇਸ਼ਰ ਦਾ ਦੀਬਾਣੀਐ = ਆਸਰਾ ਮਿਲ ਜਾਂਦਾ ਹੈ **ਵਾ:** ਜੋ ਸਤਿਸੰਗਤ ਰੂਪੀ ਦੀਬਾਣ ਦੇ ਦਰ ਵਿਚ ਪਰਮੇਸ਼ਰ ਦਾ ਹੁਕਮ ਮੰਨਦਾ ਹੈ ਉਹ ਸਾਰਿਆਂ ਦਾ ਸਰਦਾਰ ਬਣ ਜਾਂਦਾ ਹੈ।

## ਫੁਰਮਾਨੀ ਹੈ ਕਾਰ; ਖਸਮਿ ਪਠਾਇਆ ॥

***ਪਹਿਲਾ ਅਰਥ :*** ਜਿਵੇਂ ਜਦੋਂ ਕਿਸੇ ਖਸਮਿ = ਮਾਲਕ ਬਾਦਸ਼ਾਹ ਨੇ ਆਪਣੇ ਦੁਸ਼ਮਣ ਉਤੇ ਚੜਾਈ ਕਰਨੀ ਹੋਵੇ ਤਾਂ ਉਹ ਯੁੱਧ ਨੂੰ ਚੜਨ ਦੀ ਕਾਰ ਦਾ ਫੁਰਮਾਨੀ = ਹੁਕਮ ਕਰਦਾ ਹੈ ਅਤੇ ਫੇਰ ਇਕ ਹੈ = ਘੋੜ ਸਵਾਰ ਨੂੰ ਹੁਕਮ ਦੇ ਕੇ ਨਗਾਰਚੀ ਕੋਲ ਪਠਾਇਆ = ਭੇਜਦਾ ਹੈ ਕਿ ਉਹ ਯੁੱਧ ਨੂੰ ਕੂਚ ਕਰਨ ਦਾ ਨਗਾਰਾ ਵਜਾ ਦੇਵੇ।

## ਤਬਲਬਾਜ ਬੀਚਾਰ; ਸਬਦਿ ਸੁਣਾਇਆ ॥

(**ਤਬਲ-ਬਾਜ** ਬੋਲੋ)

ਫੇਰ ਤਬਲਬਾਜ = ਨਗਾਰਚੀ ਬੀਚਾਰ = ਨਿਰਣਾ ਕਰਕੇ ਨਗਾਰੇ ਦਾ ਧੌਂਸਾ ਵਜਾ ਕੇ ਬਾਦਸ਼ਾਹ ਦਾ ਹੁਕਮ ਸੁਣਾਇਆ = ਸੁਣਾ ਦਿੰਦਾ ਹੈ ਕਿ ਫੌਜ਼ ਨੇ ਫਲਾਣੀ ਜਗ੍ਹਾ ਚੜਾਈ ਕਰਨੀ ਹੈ ਤਿਆਰ ਹੋ ਜਾਵੋ।

## ਇਕਿ ਹੋਏ ਅਸਵਾਰ; ਇਕਨਾ ਸਾਖਤੀ ॥

ਇਕਿ = ਕਈ ਸੂਰਮੇ ਘੋੜਿਆ ਉੱਪਰ ਕਾਠੀਆਂ ਪਾ ਕੇ ਸਸਤ੍ਰ ਬਸਤਰ ਸਜਾ ਕੇ ਜੰਗ ਲਈ ਪਹਿਲਾਂ

---

੧. **ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥**
**ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥** *(ਭੈਰਉ ਮ: ੩, ਅੰਗ ੧੧੨੭)*

ਹੀ ਤਿਆਰ ਬਰ ਤਿਆਰ ਖੜ੍ਹੇ ਹੁੰਦੇ ਹਨ, ਜੋ ਰਾਜੇ ਦਾ ਹੁਕਮ ਸੁਣਨ ਸਾਰ ਹੀ ਘੋੜਿਆਂ ਉੱਪਰ ਅਸਵਾਰ ਹੋਏ = ਹੋ ਜਾਂਦੇ ਹਨ, ਇਕਨਾ = ਕਈ ਦੁਮਚੀ, ਜੀਨ ਆਦਿ ਘੋੜਿਆਂ ਨੂੰ ਪਹਿਨਾ ਕੇ ਸਾਖਤੀ = ਤਿਆਰੀ ਕਰਨ ਲੱਗ ਜਾਂਦੇ ਹਨ।

## ਇਕਨੀ ਬਧੇ ਭਾਰ; ਇਕਨਾ ਤਾਖਤੀ ॥੧੦॥

(**ਬੱਧੇ** ਬੋਲੋ)

ਇਕਨੀ = ਇਕਨਾ ਨੇ ਰਸਤ ਬਸਤ, ਪਾਣੀ, ਬਿਸਤਰੇ ਆਦਿ ਦੇ ਭਾਰ ਬਧੇ = ਬੰਨ੍ਹ ਲਏ, ਇਕਨਾ = ਕਈ ਜੋ ਬਿਲਕੁਲ ਹੀ ਤਿਆਰ ਬਰ ਤਿਆਰ ਸਨ ਉਹ ਘੋੜੇ ਤਾਖਤੀ = ਦੌੜਾ ਕੇ ਰਣ ਭੂਮੀ ਵਿਚ ਚਲੇ ਗਏ **ਵਾ:** ਜਿਹੜੇ ਘੋੜੇ 'ਤੇ ਅਸਵਾਰ ਹੋਏ ਸਨ ਉਹ ਰਣਭੂਮੀ ਵਿਚ ਤਾਖਤੀ = ਪਹੁੰਚ ਗਏ ॥੧੦॥

## ਦੂਸਰਾ ਅਰਥ

### ਫੁਰਮਾਨੀ ਹੈ ਕਾਰ; ਖਸਮਿ ਪਠਾਇਆ ॥

ਸਾਰੇ ਸੰਸਾਰ ਦੇ ਖਸਮਿ = ਮਾਲਕ ਵਾਹਿਗੁਰੂ ਨੇ ਜੋ ਬ੍ਰਹਮਾ ਪਾਸ ਵੇਦਾਂ ਰਾਹੀਂ ਬਿਆਸ ਆਦਿਕ ਰਿਸ਼ੀ ਮੁਨੀਆਂ ਰੂਪੀ ਨਗਾਰਚੀਆਂ ਪਾਸ ਆਪਣੀ ਪ੍ਰਾਪਤੀ, ਭਗਤੀ ਰੂਪ ਕਾਰ ਦਾ ਹੁਕਮ ਭੇਜਿਆ ਹੈ।

### ਤਬਲਬਾਜ ਬੀਚਾਰ; ਸਬਦਿ ਸੁਣਾਇਆ ॥

ਫੇਰ ਬਿਆਸ ਆਦਿ ਰਿਸ਼ੀਆਂ ਮੁਨੀਆਂ ਰੂਪੀ ਤਬਲਬਾਜ = ਨਗਾਰਚੀਆਂ ਨੇ ਪਰਮੇਸ਼ਰ ਦੀ ਪ੍ਰਾਪਤੀ, ਭਗਤੀ ਰੂਪੀ ਕਾਰ ਕਰਨ ਦਾ ਹੁਕਮ ਵਿਚਾਰ ਕਰਕੇ ਖਟ ਸਾਸਤਰਾਂ ਅਤੇ ਅਠਾਰਾਂ ਪੁਰਾਣ ਰੂਪੀ ਨਗਾਰਿਆਂ ਦਾ ਸ਼ਬਦ ਸੰਸਾਰੀ ਜੀਵਾਂ ਰੂਪੀ ਫੌਜ਼ਾ ਨੂੰ ਸੁਣਾਉਣਾ ਕੀਤਾ ਹੈ ਕਿ ਨਿਸ਼ਕਾਮ ਕਰਮ, ਉਪਾਸਨਾ ਅਤੇ ਗਿਆਨ ਦੁਆਰਾ ਆਪਣੇ ਸਰੂਪ ਦੀ ਲੱਖਤਾ ਕਰੋ।

### ਇਕਿ ਹੋਏ ਅਸਵਾਰ; ਇਕਨਾ ਸਾਖਤੀ ॥

ਇਕ ਤਾਂ ਸ੍ਵਣ ਮੰਨਣ ਨਿਧਿਆਸਣ ਰੂਪ ਘੋੜਿਆਂ ਉਤੇ ਅਸਵਾਰ ਹੋ ਗਏ ਅਤੇ ਇਕਨਾਂ ਨੇ ਵੈਰਾਗ ਬਿਬੇਕ ਰੂਪ ਸਾਧਨਾਂ ਦੀ ਪ੍ਰਾਪਤੀ ਲਈ ਸਾਖਤੀ = ਤਿਆਰੀ ਕਰ ਲਈ ਹੈ।

### ਇਕਨੀ ਬਧੇ ਭਾਰ; ਇਕਨਾ ਤਾਖਤੀ ॥੧੦॥

ਜਿਨ੍ਹਾਂ ਨੇ ਤਾਂ ਤਿਆਰੀ ਕੀਤੀ ਸੀ, ਉਨ੍ਹਾਂ ਇਕਨੀ = ਇਕਨਾ ਨੇ ਆਪਣੇ ਇੰਦਰਿਆਂ ਨੂੰ ਦਮਨ ਕਰਨ ਰੂਪ ਭਾਰ ਬੰਨ੍ਹ ਲਏ, ਇਕ ਜਿਹੜੇ ਸ੍ਵਣ ਮੰਨਣ ਰੂਪ ਘੋੜੇ 'ਤੇ ਸਵਾਰ ਹੋਏ ਸਨ, ਉਹ ਇਕ ਤਾਂ ਸਾਖਿਆਤਤਾ ਕਰਨ ਰੂਪ, ਸਰੂਪ ਰੂਪ ਤਾਖਤੀ = ਤਖ਼ਤ ਉਤੇ ਪਹੁੰਚ ਗਏ ਹਨ ॥੧੦॥

ਬਧੇ ਭਾਰ ਤੋਂ ਭਾਵ ਸ਼ੁਭ ਕਰਮੀ ਸ੍ਵਣ ਕਰਨ ਵਿਚ ਲੱਗ ਪਏ, ਸਾਖਤੀ ਤੋਂ ਭਾਵ ਸ੍ਵਨ ਵਾਲੇ ਮੰਨਣ ਕਰਨ ਵਿਚ ਲੱਗ ਪਏ, ਅਸਵਾਰ ਤੋਂ ਭਾਵ ਮੰਨਣ ਵਾਲੇ ਨਿਧਿਆਸਣ ਕਰਨ ਲੱਗ ਪਏ, ਤਾਖਤੀ ਤੋਂ ਭਾਵ ਨਿਧਿਆਸਣ ਵਾਲੇ ਸਰੂਪ ਦੀ ਸਾਖਿਆਤਤਾ ਰੂਪੀ ਤਖ਼ਤ 'ਤੇ ਬਿਰਾਜਮਾਨ ਹੋ ਗਏ।

## ਤੀਸਰਾ ਅਰਥ

### ਫੁਰਮਾਨੀ ਹੈ ਕਾਰ; ਖਸਮਿ ਪਠਾਇਆ ॥

ਖਸਮਿ = ਮਾਲਕ ਪਰਮੇਸ਼ਰ ਨੇ ਪ੍ਰੇਮਾ-ਭਗਤੀ ਰੂਪੀ ਕਾਰ ਫੁਰਮਾ ਕੇ ਸਤਿਗੁਰੂ ਨਾਨਕ ਦੇਵ ਜੀ ਨੂੰ ਘੋੜ ਸਵਾਰ ਭੇਜਿਆ ਹੈ ਅਤੇ ਸਤਿਗੁਰੂ ਜੀ ਸੁਰਤ ਰੂਪ ਘੋੜੇ 'ਤੇ ਅਸਵਾਰ ਹੋ ਕੇ ਜੀਵਾਂ ਦੇ ਕਲਿਆਣ ਲਈ ਆਏ ਹਨ।

**ਤਬਲਬਾਜ ਬੀਚਾਰ; ਸਬਦਿ ਸੁਣਾਇਆ ॥**

ਗੁਰਮੁਖ ਰੂਪ ਤਬਲਬਾਜ = ਨਗਾਰਚੀਆਂ ਨੇ ਵਿਚਾਰ ਕਰਕੇ ਗੁਰ ਉਪਦੇਸ਼ ਰੂਪ ਨਗਾਰਾ ਵਜਾ ਕੇ ਹੋਰਨਾਂ ਜੀਵਾਂ ਤਾਈਂ ਵੀ ਗੁਰਾਂ ਦੇ ਉਪਦੇਸ਼ ਨੂੰ ਸੁਣਾਉਣਾ ਕੀਤਾ ਹੈ।

**ਇਕਿ ਹੋਏ ਅਸਵਾਰ; ਇਕਨਾ ਸਾਖਤੀ ॥**

ਇਕਿ = ਕਈਆਂ ਨੇ ਜੋ ਪੂਰਬਲੇ ਜਨਮਾਂ ਵਿਚ ਨਿਸ਼ਕਾਮ ਕਰਕੇ ਇੰਦਰੇ ਦਮਨ ਕੀਤੇ ਹੋਏ ਸੀ, ਉਹ ਤਾਂ ਗੁਰ ਉਪਦੇਸ਼ ਨੂੰ ਸ੍ਵਣ ਕਰਦਿਆਂ ਹੀ ਮੰਨਣ ਰੂਪ ਘੋੜਿਆਂ ਤੇ ਅਸਵਾਰ ਹੋ ਗਏ, ਇਕ ਜੋ ਅਵਿੱਦਿਆ ਦੀ ਨੀਂਦ ਵਿਚ ਸੁੱਤੇ ਪਏ ਸੀ, ਉਨ੍ਹਾਂ ਨੇ ਗੁਰ ਉਪਦੇਸ਼ ਰੂਪੀ ਨਗਾਰਾ ਸੁਣ ਕੇ ਵੈਰਾਗ ਬਿਬੇਕ ਰੂਪ ਸਾਧਨ ਕਰਨ ਦੀ ਸਾਖਤੀ = ਤਿਆਰੀ ਕਰ ਲਈ ਹੈ।

**ਇਕਨੀ ਬਧੇ ਭਾਰ; ਇਕਨਾ ਤਾਖਤੀ ॥੧੦॥**

ਇਕਨਾਂ ਨੂੰ ਪਿਛਲੇ ਜਨਮਾਂ ਵਿਚ ਪਰਮੇਸ਼ਰ ਦੀ ਲਾਗ ਨਹੀਂ ਸੀ, ਉਹ ਹੁਕਮ ਸੁਣ ਕੇ ਇੰਦ੍ਰੀਆਂ ਨੂੰ ਦਮਨ ਕਰਨ ਰੂਪ ਭਾਰ ਬੰਨ੍ਹਣ ਲੱਗ ਪਏ, ਭਾਵ ਸਾਧਨਾਂ ਦੀ ਤਿਆਰੀ ਕਰਨ ਲੱਗ ਪਏ, ਅਤੇ ਇਕਨਾ = ਕਈ ਜਿਹੜੇ ਸ੍ਵਣ ਮੰਨਣ ਰੂਪ ਘੋੜਿਆਂ 'ਤੇ ਅਸਵਾਰ ਸਨ, ਉਹ ਨਿਧਿਆਸਣ ਕਰਕੇ ਸਰੂਪ ਦੀ ਸਾਖਿਆਤਤਾ ਰੂਪ ਤਖ਼ਤ 'ਤੇ ਪਹੁੰਚ ਗਏ ਹਨ ॥੧੦॥

## ਸਲੋਕੁ ਮ: ੧ ॥

**ਉਥਾਨਕਾ :** ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਕਰਤਾਰਪੁਰ ਸਾਹਿਬ ਵਿਖੇ ਕੁਝ ਜਿਮੀਂਦਾਰ ਆਏ ਅਤੇ ਨਮਸ਼ਕਾਰ ਕਰਕੇ ਬੇਨਤੀ ਕਰਨ ਲੱਗੇ ਕਿ ਸਤਿਗੁਰੂ ਜੀ ! ਆਪ ਜੀ ਕਿਰਪਾ ਕਰਕੇ ਸਾਨੂੰ ਐਸਾ ਉਪਦੇਸ਼ ਬਖ਼ਸ਼ੋ ਜੋ ਸਾਡੇ ਸੁਖੈਨ ਹੀ ਸਮਝ ਵਿਚ ਆ ਜਾਵੇ ਤਾਂ ਸਤਿਗੁਰਾਂ ਨੇ ਬੇਨਤੀ ਸੁਣ ਕੇ ਖੇਤੀ ਦੇ ਦ੍ਰਿਸਟਾਂਤ ਦੁਆਰਾ ਉਪਦੇਸ਼ ਦਿੰਦਿਆਂ ਸ਼ਬਦ ਉਚਾਰਨ ਕੀਤਾ।

## ਜਾ ਪਕਾ ਤਾ ਕਟਿਆ; ਰਹੀ ਸੁ ਪਲਰਿ ਵਾੜਿ ॥

ਜਾ = ਜਦ ਕਣਕ ਦਾ ਹਰਾ ਸਬਜ ਲਹਿ ਲਹਾਉਂਦਾ ਖੇਤ ਪਕਾ = ਪੱਕ ਗਿਆ ਤਾ = ਤਦ ਲਾਵਿਆ ਦੁਆਰਾ ਦਾਤ੍ਰੀਆ ਆਦਿ ਲੈ ਕੇ ਕਟਿਆ = ਵੱਢ ਲਿਆ ਜਾਂਦਾ ਹੈ, ਸੋ ਫੇਰ ਪਿਛੇ ਇਕੱਲੀ ਪਲਰਿ = ਖ਼ਾਲੀ ਵਾੜਿ ਰਹਿ ਜਾਂਦੀ ਹੈ।

## ਸਣੁ ਕੀਸਾਰਾ ਚਿਥਿਆ; ਕਣੁ ਲਇਆ ਤਨੁ ਝਾੜਿ ॥

ਫਿਰ ਕੀਸਾਰਾ = ਕਸੀਰਾਂ ਦੇ ਸਣੁ = ਸਹਿਤ ਹੀ ਅਨਾਜ ਚਿਥਿਆ = ਗਾਹ ਲੈਂਦੇ ਹਨ, ਫਿਰ ਕਣੁ = ਦਾਨਿਆਂ ਕਣਕ ਨੂੰ ਤੂੜੀ ਤਨੁ = ਨਾਲੋਂ ਝਾੜ ਕੇ ਵੱਖਰਾ ਕਰ ਲਿਆ ਜਾਂਦਾ ਹੈ **ਵਾ:** ਨਾੜ ਦੇ ਤਨ ਵਿੱਚੋਂ ਦਾਣੇ ਝਾੜ ਕੇ ਕੱਢ ਲਏ ਜਾਂਦੇ ਹਨ।

## ਦੁਇ ਪੁੜ ਚਕੀ ਜੋੜਿ ਕੈ; ਪੀਸਣ ਆਇ ਬਹਿਠੁ ॥

(**ਬਹਿੱਠ** ਬੋਲੋ)

ਫਿਰ ਚੱਕੀ ਦੇ ਦੁਇ = ਦੋਨੈ ਪੁੜ ਜੋੜ ਕੇ ਦਾਨਿਆਂ ਦੇ ਪੀਸਣ = ਪੀਹਣ ਵਾਲੇ ਆ ਕੇ ਬਹਿਠੁ = ਬੈਠ ਜਾਂਦੇ ਹਨ।

## ਜੋ ਦਰਿ ਰਹੇ, ਸੁ ਉਬਰੇ; ਨਾਨਕ ਅਜਬੁ ਡਿਠੁ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਸ ਵੇਲੇ ਇਕ ਅਜਬੁ = ਅਸਚਰਜ ਗੱਲ ਡਿਠੁ = ਦੇਖੀਦੀ ਹੈ

ਜੋ ਦਾਣੇ ਪੁੜਾਂ ਦੇ ਵਿਚ ਆ ਜਾਂਦੇ ਹਨ ਉਹ ਤਾਂ ਪੀਸੇ ਜਾਂਦੇ ਹਨ ਪਰ ਜੋ = ਜਿਹੜੇ ਦਰਿ = ਚੱਕੀ ਦੀ ਕਿੱਲੀ ਵਿਚਕਾਰ ਰਹੇ = ਰਹਿੰਦੇ ਹਨ ਸੁ = ਉਹ ਉਬਰੇ = ਬਚ ਜਾਂਦੇ ਹਨ ॥੧॥

## ਅੰਤਰੀਵ ਅਰਥ

**ਜਾ ਪਕਾ ਤਾ ਕਟਿਆ; ਰਹੀ ਸੁ ਪਲਰਿ ਵਾੜਿ ॥**

ਜਾ = ਜਦੋਂ ਜੀਵ ਦਾ ਸਰੀਰ ਰੂਪੀ ਖੇਤ ਬ੍ਰਿਧ ਅਵਸਥਾ ਹੋਣ ਰੂਪ ਪੱਕ ਗਿਆ ਤਾਂ ਜਮ ਰੂਪ ਲਾਵਿਆ ਦੁਆਰਾ ਰੋਗਾਂ (ਮੌਤ) ਰੂਪ ਦਾਤਰੀਆਂ ਲੈ ਕੇ ਸੂਖਮ ਸਰੀਰ ਨੂੰ ਵੱਖਰਾ ਕਰਨ ਰੂਪ **ਵਾ:** ਅਸਥੂਲ ਸਰੀਰ ਵਿੱਚੋਂ ਪ੍ਰਾਣਾਂ ਦਾ ਵਿਜੋਗ ਕਰਨ ਰੂਪ ਕੱਟਿਆ ਜਾਂਦਾ ਹੈ, ਸੋ ਫੇਰ ਬਾਕੀ ਸਥੂਲ ਸਰੀਰ ਪਲਰਿ = ਖਾਲੀ ਵਾੜ ਹੀ ਰਹਿ ਜਾਂਦੀ ਹੈ। ਸੰਬੰਧੀਆਂ ਨਾਲੋਂ ਵਿਛੋੜਾ ਕਰਨ ਰੂਪ ਕੱਟਿਆ ਜਾਂਦਾ ਹੈ, ਸੋ ਫੇਰ (ਮ੍ਰਿਤਕ ਸਰੀਰ) ਦੇ ਆਲੇ ਦੁਆਲੇ ਘੇਰਾ ਘੱਤਣੇ ਰੂਪ ਖਾਲੀ ਵਾੜ ਹੀ ਰਹਿ ਜਾਂਦੀ ਹੈ।

**ਸਣੁ ਕੀਸਾਰਾ ਚਿਥਿਆ; ਕਣੁ ਲਇਆ ਤਨੁ ਝਾੜਿ ॥**

ਅਸਥੂਲ ਸਰੀਰ ਨੂੰ ਸਣੁ = ਸਮੇਤ ਇੰਦਰੀਆਂ ਰੂਪੀ ਕੀਸਾਰਾ = ਕਸੀਰਾਂ ਦੇ ਜਮਾਂ ਚਿਥਿਆ = ਗਾਹ ਭਾਵ ਨਾਸ਼ ਕਰ ਦਿੰਦੇ ਹਨ, ਸੂਖਮ ਸਰੀਰ ਰੂਪੀ ਕਣੁ = ਅਨਾਜ ਨੂੰ ਸਥੂਲ ਸਰੀਰ ਰੂਪੀ ਤੂੜੀ ਨਾਲੋਂ ਵੱਖਰਾ ਕਰਨ ਰੂਪ ਝਾੜ ਲੈਂਦੇ ਹਨ।

**ਦੁਇ ਪੁੜ ਚਕੀ ਜੋੜਿ ਕੈ; ਪੀਸਣ ਆਇ ਬਹਿਠੁ ॥**

ਫੇਰ ਪ੍ਰਲੋਕ ਵਿਚ ਧਰਮਰਾਜਾ ਅਤੇ ਕੁਦਰਤ **ਵਾ:** ਜੰਮਣ ਮਰਣ ਰੂਪੀ ਦੁਇ = ਦੋ ਪੁੜਾਂ ਵਾਲੀ ਕਾਲ ਰੂਪੀ ਚੱਕੀ ਜੋੜ ਕੇ ਜਮਦੂਤ ਜੀਵ ਤਾਈਂ ਪੀਸਣ ਭਾਵ ਸਜਾ ਦੇਣ ਵਾਸਤੇ ਆ ਬਹਿਠੁ = ਬੈਠਦਾ ਹੈ **ਵਾ:** ਜ਼ਮੀਨ ਅਤੇ ਆਸਮਾਨ ਰੂਪ ਦੋ ਪੁੜ ਹਨ ਇਸ ਵਿਚ ਜਮ ਕਾਲ ਰੂਪੀ ਚੱਕੀ ਜੋੜ ਕੇ ਜੀਵ ਤਾਈਂ ਪੀਸਣ ਭਾਵ ਸਜ਼ਾ ਦੇਣ ਵਾਸਤੇ ਆ ਬੈਠਦਾ ਹੈ।

**ਜੋ ਦਰਿ ਰਹੇ, ਸੁ ਉਬਰੇ; ਨਾਨਕ ਅਜਬੁ ਡਿਠੁ ॥੧॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹ ਬੜਾ ਅਸਚਰਜ ਡਿਠੁ = ਦੇਖੀਦਾ ਹੈ ਕਿ ਜੋ ਸਾਧਸੰਗਤ ਦੀ ਦਰ ਰੂਪੀ ਕਿੱਲੀ ਦੇ ਨਾਲ ਰਹਿੰਦੇ ਹਨ, ਸੁ = ਉਹ ਜੰਮਣ ਮਰਣ ਰੂਪੀ ਦੋ ਪੁੜਾਂ ਵਾਲੀ ਕਾਲ ਰੂਪੀ ਚੱਕੀ ਵਿਚ ਪੀਸੇ ਜਾਣ ਤੋਂ ਬਚ ਜਾਂਦੇ ਹਨ **ਵਾ:** ਜਿਨ੍ਹਾਂ ਜੀਵ ਰੂਪ ਦਾਨਿਆਂ ਦੀ ਗੁਰੂ ਦੇ ਚਰਨਾਂ ਰੂਪ ਕਿੱਲੀ ਦੇ ਨਾਲ ਲਿਵ ਲੱਗ ਗਈ ਭਾਵ ਚਰਨਾਂ ਦੇ ਆਸਰੇ ਹੋ ਗਏ ਹਨ ਉਹ ਬਚ ਗਏ ਹਨ ਤੇ ਬਾਕੀ ਦੇ ਪੀਸੇ ਗਏ ਹਨ ॥੧॥ ਜੈਸਾ ਕਿ :

**ਗੁਰ ਪਗ ਪ੍ਰੇਮ ਸੋ ਕੀਲਕਾ, ਮਨ ਦਾਨੋ ਢਿਗ ਕੀਨ ॥**
**ਮੋਹ ਆਦਿਕ ਪੱਟ ਭਿਟਤ ਹੈ, ਰਾਖੇਂਗੇ ਲਖ ਦੀਨ ॥** *(ਇਤਿਹਾਸਕ ਪ੍ਰਮਾਣ)*

## [ਅੰਗ ੧੪੩]

## ਮ: ੧ ॥

ਸਤਿਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਕਰਤਾਰਪੁਰ ਸਾਹਿਬ ਜਿਥੇ ਚਾਰੇ ਦਿਸ਼ਾਵਾਂ ਤੋਂ ਸੰਗਤਾਂ ਦਰਸ਼ਨ ਕਰਨ ਲਈ ਆਉਂਦੀਆਂ, ਹਰ ਵੇਲੇ ਸਤਿਸੰਗਤ ਦਾ ਅਨੰਦ ਬਨਿਆ ਰਹਿੰਦਾ। ਇਕ ਦਿਨ ਪੁਆਧੀਆ ਜੱਟ ਜੋ ਪੁਆਧ ਦੇ ਇਲਾਕੇ ਦਾ ਸੀ, ਉਸ ਨੇ ਸਤਿਗੁਰੂ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ ! ਮੈਨੂੰ ਸ਼ੁਭ ਉਪਦੇਸ਼ ਬਖ਼ਸ਼ਿਸ਼ ਕਰੋ ਤਾਂ ਸਤਿਗੁਰੂ ਸਾਹਿਬ ਜੀ ਨੇ ਕਮਾਦ ਦੇ ਪ੍ਰਕਰਣ ਦੁਆਰਾ ਉਪਦੇਸ਼ ਬਖ਼ਸ਼ਿਸ਼ ਕੀਤਾ।

***ਨੋਟ :*** ਪੁਆਧ ਦਾ ਇਲਾਕਾ ਰੋਪੜ, ਚੰਡੀਗੜ੍ਹ, ਪਟਿਆਲਾ ਅਤੇ ਰਾਜਪੁਰੇ ਤੋਂ ਅੰਬਾਲੇ ਤੱਕ ਦੱਖਣ ਵਾਲਾ ਪਾਸਾ ਤਕਰੀਬਨ ਪੁਆਧ ਦਾ ਇਲਾਕਾ ਕਿਹਾ ਜਾਂਦਾ ਹੈ।

## ਵੇਖੁ ਜਿ ਮਿਠਾ ਕਟਿਆ; ਕਟਿ ਕੁਟਿ ਬਧਾ ਪਾਇ ॥

ਹੇ ਭਾਈ! ਵੇਖ = ਦੇਖਣਾ ਕਰ ਜਿ = ਜਿਸ ਵਕਤ ਮਿਠਾ = ਕਮਾਦ (ਗੰਨਾ) ਰਸ ਨਾਲ ਭਰ ਜਾਂਦਾ ਹੈ ਤਾਂ ਉਹ ਕਟਿਆ = ਕੱਟ ਲਿਆ ਜਾਂਦਾ ਹੈ ਤਾਂ ਕਟਿ ਕੁਟਿ = ਛਾਂਗ ਛੂੰਗ ਕੇ ਰੱਸੀ ਆਦਿ ਪਾਇ = ਪਾ ਕੇ ਭਰੀਆਂ ਵਿਚ ਬਧਾ = ਬੰਨ੍ਹ ਲਿਆ ਜਾਂਦਾ ਹੈ **ਵਾ:** ਫੇਰ ਅੰਗਾਂ ਨੂੰ ਕੱਟ ਕੇ ਗੰਢਾ ਕੁੱਟ ਕੇ ਬੰਨ੍ਹ ਪਾ ਦਿੰਦੇ ਹਨ ਭਾਵ ਭਾਰ ਬੰਨ੍ਹ ਦਿੰਦੇ ਹਨ।

## ਖੁੰਢਾ ਅੰਦਰਿ ਰਖਿ ਕੈ; ਦੇਨਿ ਸੁ ਮਲ ਸਜਾਇ ॥

(**ਮੱਲ** ਬੋਲੋ)

ਫਿਰ ਕਮਾਦ ਨੂੰ ਖੁੰਢਾ = ਵੇਲਣਿਆਂ ਵਿਚ ਰੱਖ ਕੇ ਕਮਾਦ ਵੇਲਣੇ ਵਾਲੇ ਮਲ = ਪਹਿਲਵਾਨ ਸੁ = ਉਸ ਗੰਨੇ ਨੂੰ ਪੀੜਨ ਦੀ ਸਜਾਇ = ਸਜ਼ਾ ਦੇਨਿ = ਦਿੰਦੇ ਹਨ। (ਪੁਰਾਣੇ ਸਮੇਂ ਵਿਚ ਵੇਲਣੇ ਕਾਠ ਦੇ ਹੁੰਦੇ ਸਨ)

## ਰਸੁ ਕਸੁ ਟਟਰਿ ਪਾਈਐ; ਤਪੈ ਤੈ ਵਿਲਲਾਇ ॥

(**ਟੱਟਰਿ ਅੱਧਕ** ਸਹਿਤ ਬੋਲੋ)

ਫਿਰ ਉਸ ਵਿੱਚੋਂ ਰਸ ਕਸੁ = ਖਿੱਚ ਕੇ ਟਟਰਿ = ਕੜਾਹੇ ਵਿਚ ਪਾਇਆ ਜਾਂਦਾ ਹੈ। ਫੇਰ ਰਸ ਤਪੈ = ਤਪਦਾ ਤੈ = ਅਤੇ ਵਿਲਲਾਇ = ਵਿਰਲਾਪ ਕਰਦਾ ਹੈ। ***ਨੋਟ :*** ਧੌਲਪੁਰ (ਰਾਜਸਥਾਨ) ਦੀ ਬੋਲੀ ਵਿਚ ਕੜਾਹੇ ਨੂੰ ਟੱਟਰ ਕਹਿੰਦੇ ਹਨ।

## ਭੀ ਸੋ ਫੋਗੁ ਸਮਾਲੀਐ; ਦਿਚੈ ਅਗਿ ਜਾਲਾਇ ॥

ਭੀ = ਫਿਰ ਸੋ = ਉਹ ਗੰਨੇ ਦੇ ਫੋਗੁ = ਪੱਛੀਆਂ ਨੂੰ ਸੰਭਾਲਿਆ ਜਾਂਦਾ ਹੈ। (ਅਲੱਗ ਅਲੱਗ ਇਲਾਕਿਆਂ ਵਿਚ ਰਸ ਕੱਢਣ ਤੋਂ ਬਾਅਦ ਜਿਹੜਾ ਫੋਗ ਬੱਚਦਾ ਹੈ, ਇਸ ਨੂੰ ਕਈ ਥਾਂ 'ਤੇ ਗੁਲਰਾ ਵੀ ਅਤੇ ਤੱਥੇ, ਪੱਛੀਆਂ ਵੀ ਕਿਹਾ ਜਾਂਦਾ ਹੈ)। ਫਿਰ ਉਨ੍ਹਾਂ ਪੱਛੀਆਂ ਨੂੰ ਅੱਗ ਵਿਚ ਜਾਲਾਇ = ਜਲਾ ਦਿਚੈ = ਦੇਈਦਾ ਹੈ।

## ਨਾਨਕ ਮਿਠੈ ਪਤਰੀਐ; ਵੇਖਹੁ ਲੋਕਾ ਆਇ ॥੨॥

(**ਪੱਤਰੀਐ** ਨਹੀਂ ਕਰਨਾ)

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਲੋਕਾ = ਪੁਰਖੋ! ਆ ਕੇ ਵੇਖਹੁ = ਵੇਖਣਾ ਕਰੋ, ਜੋ ਮਿਠਾ = ਗੰਨਾ ਸੀ, ਉਸ ਦੀ ਕੈਸੀ ਪਤਰੀਐ = ਇੱਜ਼ਤ ਖ਼ਰਾਬ ਹੋਈ ਹੈ ॥੨॥

### ਦੂਸਰਾ (ਅੰਤਰੀਵ ਅਰਥ)

ਅੰਤਰੀਵ ਭਾਵ ਦੇ ਵਿਚ ਗੰਨੇ ਦੀ ਥਾਂ 'ਤੇ ਮਨੁੱਖ ਨੂੰ ਸਮਝੋ, ਸਤਿਗੁਰੂ ਜੀ ਕਹਿੰਦੇ ਹਨ ਕਿ ਹੇ ਭਾਈ! ਮਨੁੱਖਾ ਸਰੀਰ ਦੀ ਹਾਲਤ ਗੰਨੇ ਵਰਗੀ ਹੀ ਹੈ।

**ਵੇਖੁ ਜਿ ਮਿਠਾ ਕਟਿਆ; ਕਟਿ ਕੁਟਿ ਬਧਾ ਪਾਇ ॥**

ਹੇ ਭਾਈ! ਦੇਖਣਾ ਕਰੋ, ਜਿਹੜਾ ਮਨੁੱਖ ਸਾਰੇ ਸੰਬੰਧੀਆਂ ਨੂੰ ਮਿਠਾ = ਪਿਆਰਾ ਲੱਗਦਾ ਸੀ, ਕੋਈ ਪਿਆਰ ਨਾਲ ਪਿਤਾ, ਭਰਾ, ਮਾਮਾ, ਚਾਚਾ ਆਦਿ ਆਖਦਾ ਸੀ **ਵਾ:** ਘਰ ਦਾ ਕੰਮ ਚੰਗਾ ਚਲਾਉਣ ਕਰਕੇ

ਪਦਾਰਥ ਇਕੱਠਾ ਕਰਨੇ ਕਰਕੇ ਸਭ ਨੂੰ ਮਿਠਾ = ਪਿਆਰਾ ਲਗਦਾ ਸੀ। ਜਦੋਂ ਉਸ ਨੂੰ ਰੋਗ ਨੇ ਸੰਬੰਧੀਆਂ ਨਾਲੋਂ ਕੱਟਿਆ ਭਾਵ ਵਿਛੋੜ ਕਰਕੇ ਮੰਜੀ ਉੱਤੇ ਸੁੱਟ ਦਿੱਤਾ ਤੇ ਕਟਿ = ਲੱਕ, ਕੁਟਿ = ਕੁੱਬਾ ਹੋ ਗਿਆ ਤਦ ਅਖ਼ੀਰ ਨੂੰ ਜਮਾਂ ਨੇ ਸੰਗਲ ਪਾਇ = ਪਾ ਕੇ ਬਧਾ = ਬੰਨ੍ਹ ਲਿਆ ਤੇ ਪ੍ਰਲੋਕ ਨੂੰ ਤੋਰ ਲਿਆ **ਵਾ:** ਸਥੂਲ ਸਰੀਰ ਵਿੱਚੋਂ ਸੂਖਮ ਸਰੀਰ ਨੂੰ ਕੱਟ ਕੇ ਜਮਾਂ ਨੇ ਪ੍ਰਲੋਕ ਨੂੰ ਤੋਰ ਲਿਆ ਤਾਂ ਉਥੇ ਕੀਤੇ ਕਰਮਾਂ ਅਨੁਸਾਰ ਕੁੱਟ ਪੈਂਦੀ ਹੈ ਅਤੇ ਇਧਰ ਸਥੂਲ ਸਰੀਰ ਨੂੰ ਸੰਬੰਧੀਆਂ ਆਦਿ ਨੇ ਅਰਥੀ 'ਤੇ ਬੰਨ੍ਹ ਪਾ ਕੇ ਰੱਖ ਦਿੱਤਾ।

**ਖੂੰਢਾ ਅੰਦਰਿ ਰਖਿਕੈ; ਦੇਨਿ ਸੁ ਮਲ ਸਜਾਇ ॥**

ਫਿਰ ਸੂਖਮ ਸਰੀਰ ਨੂੰ ਖੂੰਢਾ = ਵੇਲਣਿਆ ਵਿਚ ਰੱਖ ਕੇ ਜਮਦੂਤ ਰੂਪ ਮਲ ਕਰਮਾਂ ਅਨੁਸਾਰ ਸਜ਼ਾ ਦਿੰਦੇ ਹਨ। ਜੈਸਾ ਕਿ :

**ਖੰਡੇ ਧਾਰ ਗਲੀ ਅਤਿ ਭੀੜੀ ॥ ਲੇਖਾ ਲੀਜੈ ਤਿਲ ਜਿਉ ਪੀੜੀ ॥** *(ਅੰਗ ੧੦੨੮)*

**ਰਸੁ ਕਸੁ ਟਟਰਿ ਪਾਈਐ; ਤਪੈ ਤੈ ਵਿਲਲਾਇ ॥**

ਫਿਰ ਰਸੁ ਭਾਵ ਸੂਖਮ ਸਰੀਰ ਨੂੰ ਕਸੁ = ਖਿੱਚ ਕੇ ਬਾਅਦ ਵਿਚ ਨਰਕਾਂ ਰੂਪ ਟਟਰਿ = ਕੜਾਹੇ ਵਿਚ ਜਾਂ ਮਾਤਾ ਦੇ ਗਰਭ ਰੂਪ ਕੜਾਹੇ ਵਿਚ ਪਾਇਆ ਜਾਂਦਾ ਹੈ, ਪਰਲੋਕ ਵਿਚ ਪ੍ਰਤੱਖ ਅਗਨੀ **ਵਾ:** ਮਾਤਾ ਦੇ ਗਰਭ ਅੰਦਰ ਜਠਰ ਅਗਨੀ ਵਿਚ ਤਪੈ = ਤਪਦਾ ਤੈ = ਅਤੇ ਵਿਰਲਾਪ ਕਰਦਾ ਰਹਿੰਦਾ ਹੈ।

**ਭੀ ਸੋ ਫੋਗੁ ਸਮਾਲੀਐ; ਦਿਚੈ ਅਗਿ ਜਾਲਾਇ ॥**

ਇੱਧਰ ਭੀ = ਫੇਰ ਜੋ ਫੋਗੁ = ਪੱਛੀਆਂ ਦੀ ਨਿਆਈਂ ਸਥੂਲ ਸਰੀਰ ਹੁੰਦਾ ਹੈ, ਉਸ ਨੂੰ ਸੰਭਾਲ ਕੇ ਸ਼ਮਸ਼ਾਨ ਭੂਮੀ ਵਿਚ ਚਿਖਾ ਉਤੇ ਰੱਖ ਕੇ ਅੱਗ ਨਾਲ ਜਾਲਾਇ = ਸਾੜ ਦਿੰਦੇ ਹਨ।

**ਨਾਨਕ ਮਿਠੈ ਪਤਰੀਐ; ਵੇਖਹੁ ਲੋਕਾ ਆਇ ॥੨॥**

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਲੋਕਾ = ਪੁਰਖੋ ! ਆ ਕੇ ਦੇਖਣਾ ਕਰੋ ਜੋ ਸਭ ਨੂੰ ਮਿਠਾ = ਪਿਆਰਾ ਲਗਦਾ ਸੀ, ਤੇ ਪਤਰੀਐ = ਪੋਤਿਆਂ, ਪੜਪੋਤਿਆ ਵਾਲਾ ਸੀ, ਉਸ ਦੀ ਪ੍ਰਲੋਕ ਵਿਚ ਐਸੀ ਪਤਰੀਐ = ਇੱਜ਼ਤ-ਪਤ ਖ਼ਰਾਬ ਹੁੰਦੀ ਹੈ।

## ਪਵੜੀ ॥ ਇਕਨਾ ਮਰਣੁ ਨ ਚਿਤਿ; ਆਸ ਘਣੇਰਿਆ ॥

ਇਕਨਾਂ ਜੀਆਂ ਨੂੰ ਮਰਨਾ ਚਿੱਤ ਚੇਤੇ ਹੀ ਨਹੀਂ ਹੈ, ਉਹ ਐਸਾ ਸਮਝਦੇ ਹਨ ਕਿ ਅਸੀਂ ਤਾਂ ਮਰਨਾ ਹੀ ਨਹੀਂ, ਲੋਕ ਹੀ ਮਰਦੇ ਹਨ। ਉਹਨਾਂ ਨੂੰ ਘਣੇਰਿਆ = ਬਹੁਤੀ ਆਸ ਜੀਵਨ ਦੀ ਹੀ ਲੱਗੀ ਹੋਈ ਹੈ ਜਾਂ ਉਨ੍ਹਾਂ ਨੂੰ ਪਦਾਰਥਾਂ ਦੇ ਇਕੱਠੇ ਕਰਨ ਦੀ ਘਣੇਰਿਆ = ਬਹੁਤੀ ਆਸਾ ਲੱਗੀ ਰਹਿੰਦੀ ਹੈ।

## ਮਰਿ ਮਰਿ ਜੰਮਹਿ ਨਿਤ; ਕਿਸੈ ਨ ਕੇਰਿਆ ॥

ਨਿਤ = ਹਮੇਸ਼ਾ ਕਾਲ ਦੇ ਮਾਰੇ ਮਰਦੇ ਹਨ ਤੇ ਫਿਰ ਵਾਸ਼ਨਾ ਦੇ ਕਾਰਨ ਜੰਮਦੇ ਹਨ, ਉਹ ਕੇਰਿਆ = ਕਿਸੇ ਵੀ ਗੁਰ ਪੀਰ ਦੇ ਨਹੀਂ ਹਨ **ਅਥਵਾ** ਉਨ੍ਹਾਂ ਨੇ ਨਾਮ ਰੂਪ ਬੀਜ ਹਿਰਦੇ ਰੂਪੀ ਖੇਤੀ ਵਿਚ ਕਦੇ ਕੇਰਿਆ = ਬੀਜਿਆ ਹੀ ਨਹੀਂ ਹੈ।

## ਆਪਨੜੈ ਮਨਿ ਚਿਤਿ; ਕਹਨਿ ਚੰਗੇਰਿਆ ॥

ਆਪਨੜੈ = ਆਪਣੇ ਮਨ ਤੇ ਚਿੱਤ ਵਿਚ ਉਹ ਹੋਰਨਾਂ ਨਾਲੋਂ ਆਪਣੇ ਆਪ ਨੂੰ ਬਹੁਤ ਚੰਗੇਰਿਆ = ਚੰਗੇ ਕਹਨਿ = ਕਹਿੰਦੇ ਰਹਿੰਦੇ ਹਨ।

## ਜਮਰਾਜੈ ਨਿਤ ਨਿਤ; ਮਨਮੁਖ ਹੇਰਿਆ ॥

ਪਰ ਜਮਰਾਜੈ = ਧਰਮਰਾਜੇ ਨੇ ਨਿਤ ਨਿਤ = ਹਮੇਸ਼ਾ ਹਮੇਸ਼ਾ ਹੀ ਐਸੇ ਮਨਮੁਖਾਂ ਨੂੰ ਹੇਰਿਆ = ਤੱਕਣਾ ਕੀਤਾ ਹੈ, ਤਾੜਦਾ ਰਹਿੰਦਾ ਹੈ **ਵਾ:** ਮਨਮੁਖਾਂ ਨੂੰ ਮਰ ਕੇ ਹਮੇਸ਼ਾ ਧਰਮ ਰਾਜੇ ਦੇ ਜਮਾਂ ਨੂੰ ਹੀ ਹੇਰਿਆ = ਦੇਖਣਾ ਪੈਂਦਾ ਹੈ।

## ਮਨਮੁਖ ਲੂਣ ਹਾਰਾਮ; ਕਿਆ ਨ ਜਾਣਿਆ ॥

ਮਨਮੁਖ ਲੂਣ = ਨਮਕ ਹਾਰਾਮ = ਹਰਾਮੀ ਹਨ। ਕਿਉਂਕਿ ਉਨ੍ਹਾਂ ਨੇ ਵਾਹਿਗੁਰੂ ਦਾ ਕਿਆ = ਕੀਤਾ ਹੋਇਆ ਉਪਕਾਰ ਜਾਣਿਆ ਨਹੀਂ ਹੈ।

## ਬਧੇ ਕਰਨਿ ਸਲਾਮ; ਖਸਮ ਨ ਭਾਣਿਆ ॥

ਦੁੱਖ ਦੇ ਬਧੇ ਹੋਏ ਸਲਾਮਾਂ ਵੀ ਕਰਨ ਤਾਂ ਵੀ ਖਸਮ = ਮਾਲਕ ਪਰਮੇਸ਼ਰ ਨੂੰ ਭਾਣਿਆ = ਭਾਉਂਦੇ ਨਹੀਂ ਹਨ, ਕਿਉਂਕਿ ਉਹ ਸੁੱਖ ਵਿਚ ਪਰਮੇਸ਼ਰ ਨੂੰ ਭੁੱਲ ਜਾਂਦੇ ਹਨ।

## ਸਚੁ ਮਿਲੈ ਮੁਖਿ ਨਾਮੁ; ਸਾਹਿਬ ਭਾਵਸੀ ॥

ਜਿਨ੍ਹਾਂ ਦੇ ਮੁੱਖ ਵਿਚ ਸਚੁ = ਸੱਚਾ ਮਿਲਿਆ ਹੋਇਆ ਹੈ, ਉਹੋ ਹੀ ਸਾਹਿਬ = ਮਾਲਕ ਪਰਮੇਸ਼ਰ ਨੂੰ ਭਾਵਸੀ = ਭਾਉਂਦੇ ਹਨ।

## ਕਰਸਨਿ ਤਖਤਿ ਸਲਾਮੁ; ਲਿਖਿਆ ਪਾਵਸੀ ॥੧੧॥

ਜਿਨ੍ਹਾਂ ਪੁਰਖਾਂ ਨੇ ਪੂਰਬਲੇ ਲਿਖੇ ਹੋਏ ਸ੍ਰੇਸ਼ਟ ਕਰਮਾਂ ਅਨੁਸਾਰ ਪਰਮੇਸ਼ਰ ਨੂੰ ਪਾਵਸੀ = ਪਾਉਣਾ ਕੀਤਾ ਹੈ ਉਨ੍ਹਾਂ ਸਰੂਪ ਰੂਪੀ ਤਖ਼ਤੇ 'ਤੇ ਬਿਰਾਜਮਾਨ ਹੋਇਆਂ ਨੂੰ ਸਾਰੀ ਦੁਨੀਆਂ ਸਲਾਮਾਂ ਕਰਸਨਿ = ਕਰਦੀ ਹੈ ॥੧੧॥

## ਮ: ੧ ਸਲੋਕੁ ॥

**ਉਥਾਨਕਾ :** ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸਰੇਵੜਿਆ ਦੇ ਮੁਨਾਫਿਕ ਦੇਸ਼ ਪਹੁੰਚੇ, ਉਥੋਂ ਦਾ ਰਾਜਾ ਤੇ ਸਾਰੇ ਲੋਕ ਸਰੇਵੜੇ ਦੇ ਉਪਾਸ਼ਕ ਸਨ। ਉਸ ਦੇਸ਼ ਵਿਚ ਸੋਕਾ ਪੈ ਗਿਆ। ਸਰੇਵੜਿਆਂ ਦੇ ਗੁਰੂ ਨੇ ਬੜਾ ਯਤਨ ਕੀਤਾ ਪਰ ਫਿਰ ਵੀ ਵਰਖਾ ਨਾ ਹੋਈ। ਇਕ ਜ਼ਿਮੀਂਦਾਰ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਸਤਿਗੁਰਾਂ ਦਾ ਸ਼ਰਧਾਲੂ ਬਣ ਗਿਆ। ਉਸ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ! ਆਪ ਕਿਰਪਾ ਕਰੋ ਕਿ ਵਰਖਾ ਪੈ ਜਾਵੇ ਅਤੇ ਸੋਕਾ ਦੂਰ ਹੋ ਜਾਵੇ, ਤਾਂ ਕਿ ਸਾਰੇ ਲੋਕ ਸੁੱਖੀ ਹੋ ਜਾਣ। ਗੁਰੂ ਸਾਹਿਬ ਜੀ ਨੇ ਪੁੱਛਿਆ ਕਿ ਪਹਿਲਾਂ ਵਰਖਾ ਕਿਵੇਂ ਪੈਂਦੀ ਸੀ ? ਤਾਂ ਉਸ ਸ਼ਰਧਾਲੂ ਨੇ ਕਿਹਾ ਕਿ ਪਹਿਲਾਂ ਸਰੇਵੜਾ ਜੰਤਰਾਂ, ਮੰਤਰਾਂ ਨਾਲ ਮੀਂਹ ਪੁਆ ਦਿੰਦਾ ਸੀ। ਹੁਣ ਪਤਾ ਨਹੀਂ ਜੰਤਰ ਮੰਤਰ ਕਿਉਂ ਨਹੀਂ ਕੰਮ ਕਰਦੇ। ਮਹਾਰਾਜ! ਮੈਂ ਤਾਂ ਬਹੁਤ ਗ਼ਰੀਬ ਹਾਂ। ਪਰਿਵਾਰ ਦਾ ਗੁਜ਼ਾਰਾ ਫ਼ਸਲਾਂ 'ਤੇ ਹੀ ਨਿਰਭਰ ਕਰਦਾ ਹੈ ਤੇ ਫ਼ਸਲ ਵਰਖਾ 'ਤੇ ਨਿਰਭਰ ਹੈ। ਮਹਾਰਾਜ ਜੀ ਨੇ ਕਿਹਾ ਕਿ ਜੰਤਰਾਂ ਮੰਤਰਾਂ ਅਤੇ ਪਖੰਡੀਆਂ ਦਾ ਰਾਹ ਛੱਡ ਕੇ ਕਰਤਾਰ ਨੂੰ ਚੇਤੇ ਕਰੋ। ਉਸ ਨੇ ਕਿਹਾ ਕਿ ਕਰਤਾਰ ਨੂੰ ਅਸੀਂ ਜਾਣਦੇ ਨਹੀਂ। ਗੁਰੂ ਜੀ ਨੇ ਕਿਹਾ ਕਿ ਕੁਦਰਤ ਰਾਹੀਂ ਜਾਣੋ ਤਾਂ ਉਸ ਨੇ ਕਿਹਾ ਕਿ ਅਸੀਂ ਤਾਂ ਕੁਦਰਤ ਨੂੰ ਵੀ ਨਹੀਂ ਜਾਣਦੇ। ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਕੁਦਰਤ ਮੈਂ ਵਿਖਾ ਦਿੰਦਾ ਹਾਂ। ਕੁਝ ਕੁ ਦਾਣੇ ਲਿਆ ਕੇ ਖੇਤ ਵਿਚ ਬੀਜ ਦੇਵੋ। ਇਹ ਜਲਦੀ ਜਲਦੀ ਗਿਆ ਤੇ ਘਰ ਵਿੱਚੋਂ ਦਾਣੇ ਇਕੱਠੇ ਕਰਕੇ ਜਦੋਂ ਬਲਦਾਂ ਨੂੰ ਲੈ ਕੇ ਬੀਜਣ ਤੁਰਿਆ ਤਾਂ ਸੱਥ ਵਿਚ ਬੈਠੇ ਲੋਕਾਂ ਨੇ ਉਸ ਨੂੰ ਸਮਝਾਇਆ ਕਿ ਤੂੰ ਮੂਰਖਤਾਈ ਕਰ ਰਿਹਾ ਹੈਂ। ਜਿਹੜੇ ਦਾਣੇ ਤੇਰੇ ਕੋਲ

ਹਨ, ਉਹ ਵੀ ਚਲੇ ਜਾਣਗੇ। ਪਰ ਫੇਰ ਵੀ ਉਹ ਗੁਰੂ ਸਾਹਿਬ ਜੀ ਕੋਲ ਦਾਣੇ ਲੈ ਕੇ ਚਲਾ ਗਿਆ। ਉਸ ਨੂੰ ਗੁਰੂ ਸਾਹਿਬ ਜੀ ਨੇ ਕਿਹਾ ਕਿ ਵਾਹ ਕੇ ਇਨ੍ਹਾਂ ਦਾਣਿਆਂ ਨੂੰ ਬੀਜਣਾ ਕਰ। ਉਸ ਨੇ ਹੁਕਮ ਮੰਨ ਕੇ ਇਸੇ ਪ੍ਰਕਾਰ ਕੀਤਾ ਤੇ ਗੁਰੂ ਜੀ ਨੇ ਕਿਹਾ ਕਿ ਕੱਲ ਨੂੰ ਆ ਕੇ ਵੇਖੀਂ। ਦੂਜੇ ਦਿਨ ਆ ਕੇ ਜਦੋਂ ਉਸ ਨੇ ਦੇਖਿਆ ਕਿ ਖੇਤੀ ਉੱਗੀ ਹੋਈ ਹੈ ਭਾਵ ਖੇਤੀ ਹਰੀ ਭਰੀ ਪਈ ਹੋਈ ਹੈ ਤਾਂ ਉਹ ਹੈਰਾਨ ਹੋ ਗਿਆ। ਗੁਰੂ ਜੀ ਨੇ ਕਿਹਾ ਕਿ ਇਨ੍ਹਾਂ ਬੂਟਿਆਂ ਨੂੰ ਪੁੱਟਣਾ ਕਰ। ਜਦੋਂ ਉਸ ਨੇ ਪੁੱਟਿਆਂ ਤਾਂ ਕੀ ਦੇਖਿਆ ਕਿ ਉਨ੍ਹਾਂ ਬੂਟਿਆਂ ਦੇ ਥੱਲੇ ਅੰਗਾਰੇ ਭਖ ਰਹੇ ਹਨ। ਉਸ ਨੇ ਹੈਰਾਨ ਹੋ ਕੇ ਪੁੱਛਿਆ ਕਿ ਮਹਾਰਾਜ ਜੀ! ਇਹ ਕੀ ਹੈ? ਤਾਂ ਗੁਰੂ ਜੀ ਨੇ ਕਿਹਾ ਕਿ ਇਹ ਕੁਦਰਤ ਹੈ। ਇਸੇ ਕਰਕੇ ਕਰਤਾਰ ਜਾਣਿਆ ਜਾਂਦਾ ਹੈ। ਜੇਕਰ ਤੁਸੀਂ ਉਸ ਕਰਤਾਰ ਦਾ ਸਿਮਰਨ ਕਰੋ ਤਾਂ ਤੁਹਾਡੇ ਸਾਰੇ ਕਾਰਜ ਸਿੱਧ ਹੋ ਜਾਣਗੇ। ਉਸ ਜ਼ਿਮੀਂਦਾਰ ਨੇ ਜਾ ਕੇ ਸਾਰੇ ਪਿੰਡ ਵਾਲਿਆਂ ਨੂੰ ਦੱਸਿਆ। ਪਹਿਲਾਂ ਕਿਸੇ ਨੇ ਵੀ ਉਸ ਦੀ ਗੱਲ ਨਾ ਮੰਨੀ ਪਰ ਜਦੋਂ ਸਾਰਿਆਂ ਨੇ ਆ ਕੇ ਵੇਖਿਆ ਕਿ ਅੰਗਾਰਾਂ ਉਪਰ ਫ਼ਸਲ ਉੱਗੀ ਹੋਈ ਟਹਿਕ ਰਹੀ ਹੈ ਤਾਂ ਸਰੇਵੜੇ ਵਾਲਾ ਪਾਸਾ ਛੱਡ ਕੇ ਸਾਰੇ ਲੋਕ ਗੁਰੂ ਜੀ ਕੋਲ ਆਉਣ ਲੱਗ ਪਏ। ਗੁਰੂ ਜੀ ਨੇ ਵਰਖਾ ਕਰਾਈ ਤੇ ਪ੍ਰੇਮਾ-ਭਗਤੀ ਦਾ ਉਪਦੇਸ਼ ਦਿੱਤਾ ਸਰੇਵੜੇ ਨੇ ਆਪਣਾ ਪ੍ਰਤਾਪ ਘੱਟਦਾ ਵੇਖ ਕੇ ਕ੍ਰੋਧ ਵਸ ਹੋ ਕੇ ਗੁਰੂ ਜੀ ਨਾਲ ਚਰਚਾ ਕੀਤੀ। ਚਰਚਾ ਵਿਚ ਹਾਰ ਹੋਈ ਤਾਂ ਹਉਮੈ ਦਾ ਭਰਿਆ ਹੋਇਆ ਉੱਠ ਕੇ ਚਲਿਆ ਗਿਆ। ਗੁਰੂ ਜੀ ਦੇ ਉਪਦੇਸ਼ ਨੂੰ ਗ੍ਰਹਿਣ ਨਹੀਂ ਕੀਤਾ। ਪਿੱਛੋਂ ਸਿੱਖਾਂ ਨੇ ਬੇਨਤੀ ਕੀਤੀ ਅਤੇ ਭਾਈ ਮਰਦਾਨੇ ਨੇ ਵੀ ਉਨ੍ਹਾਂ ਸਿੱਖਾਂ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਕਿਹਾ ਕਿ ਮਹਾਰਾਜ ਜੀ! ਸਰੇਵੜੇ ਨੇ ਆਪ ਜੀ ਨਾਲ ਬੜੀ ਚਰਚਾ ਕੀਤੀ। ਪਰ ਆਪ ਜੀ ਨੂੰ ਜਿੱਤ ਨਹੀਂ ਸਕਿਆ, ਉੱਠ ਕੇ ਚਲਿਆ ਗਿਆ ਆਪ ਜੀ ਦਾ ਉਪਦੇਸ਼ ਵੀ ਗ੍ਰਹਿਣ ਨਹੀਂ ਕੀਤਾ ਤਾਂ ਇਨ੍ਹਾਂ ਦੋਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਇਹ ਸ਼ਬਦ ਉਚਾਰਨ ਕੀਤਾ:

## ਮਛੀ ਤਾਰੂ ਕਿਆ ਕਰੇ; ਪੰਖੀ ਕਿਆ ਆਕਾਸੁ ॥

ਹੇ ਭਾਈ! ਸਮੁੰਦਰ ਤੋਂ ਤਾਰੂ = ਡੂੰਘੇ ਪਾਣੀ ਦਾ ਮੱਛੀ ਕਿਆ = ਕੀ ਵਿਗਾੜ ਕਰੇ = ਕਰ ਸਕਦੀ ਹੈ ਭਾਵ ਉਸ ਦੀ ਡੂੰਘਾਈ ਦਾ ਅੰਤ ਨਹੀਂ ਪਾ ਸਕਦੀ ਅਤੇ ਪੰਖੀ = ਪੰਛੀ ਅਕਾਸ਼ ਦਾ ਕਿਆ = ਕੀ ਅੰਤ ਪਾ ਸਕਦਾ ਹੈ ਭਾਵ ਨਹੀਂ ਪਾ ਸਕਦਾ।

**ਅਥਵਾ** ਇਸੇ ਪ੍ਰਕਾਰ ਮੱਛੀ ਦੀ ਨਿਆਈਂ ਚੰਚਲ ਬਿਰਤੀ ਵਾਲੇ ਲੋਕ ਸਮੁੰਦਰ ਦੀ ਨਿਆਈਂ ਨਿਰੰਕਾਰ ਦੀ ਬਾਣੀ, (ਪਰਮੇਸ਼ਰ) ਦਾ ਕੀ ਵਿਗਾੜ ਕਰ ਸਕਦੇ ਹਨ, ਭਾਵ ਕੁਝ ਨਹੀਂ ਕਰ ਸਕਦੇ ਅਤੇ ਬਿਧ ਨਿਖੇਧ ਰੂਪੀ ਖੰਡਾਂ ਵਾਲੇ ਕਰਮਕਾਂਡੀ ਲੋਕ ਮੰਤਰਾਂ ਦੇ ਬਲ ਨਾਲ ਅਕਾਸ਼ ਦੀ ਨਿਆਈਂ ਉੱਚੀ ਅਵਸਥਾ ਵਾਲੇ ਪੁਰਖਾਂ ਦਾ ਕੀ ਵਿਗਾੜ ਸਕਦੇ ਹਨ ਭਾਵ ਕੁਝ ਨਹੀਂ ਵਿਗਾੜ ਸਕਦੇ।

**ਅਥਵਾ** ਮੱਛੀ ਦੀ ਨਿਆਈਂ ਜਗਿਆਸੂ ਜਨ ਸੰਸਾਰ ਸਮੁੰਦਰ ਵਿਚ ਤੈਰਨਾ ਜਾਣਦੇ ਹਨ ਭਾਵੇਂ ਪਦਾਰਥਾਂ, ਵਿਸ਼ੇ ਵਿਕਾਰਾਂ ਦਾ ਪਾਣੀ ਜਿਤਨਾ ਮਰਜ਼ੀ ਡੂੰਘਾ ਹੋਵੇ ਉਨ੍ਹਾਂ ਦਾ ਕੁਝ ਵੀ ਵਿਗਾੜ ਨਹੀਂ ਸਕਦਾ ਅਤੇ ਜਿਵੇਂ ਧਰਤੀ 'ਤੇ ਖੜਾ ਆਦਮੀ ਅਕਾਸ਼ ਵਿਚ ਉੱਡਣ ਵਾਲੇ ਪੰਛੀ ਦਾ ਕੀ ਵਿਗਾੜ ਸਕਦਾ ਹੈ ਭਾਵ ਕੁਝ ਨਹੀਂ ਵਿਗਾੜ ਸਕਦਾ, ਇਸੇ ਤਰ੍ਹਾਂ ਚਿਦਾਕਾਸ਼ ਵਿਚ ਵੈਰਾਗ ਬਿਬੇਕ ਰੂਪ ਖੰਭਾਂ ਨਾਲ ਉਡਾਰੀ ਮਾਰਨ ਵਾਲੇ ਤੱਤਬੇਤੇ ਰੂਪ ਪੰਛੀ ਦਾ ਵਿਸ਼ੇ ਰੂਪ ਧਰਤੀ 'ਤੇ ਖੜਾ ਮਨਮੁਖ ਕੀ ਵਿਗਾੜ ਸਕਦਾ ਹੈ, ਭਾਵ ਕੁਝ ਨਹੀਂ ਵਿਗਾੜ ਸਕਦਾ **ਵਾ:** ਅਕਾਸ਼ ਪੰਛੀ ਦਾ ਕੀ ਵਿਗਾੜ ਸਕਦਾ ਹੈ ਕਿਉਂਕਿ ਅਕਾਸ਼ ਤਾਂ ਜੜ੍ਹ ਹੈ ਪੰਛੀ ਜਿਵੇਂ ਮਰਜ਼ੀ ਉਡਾਰੀ ਮਾਰੀ ਜਾਵੇ, ਇਸੇ ਪ੍ਰਕਾਰ ਪ੍ਰੋਖ ਅਪ੍ਰੋਖ ਗਿਆਨ ਰੂਪੀ ਖੰਭਾਂ ਨਾਲ ਉਡਾਰੀ ਮਾਰਨ ਵਾਲੇ ਬ੍ਰਹਮ ਗਿਆਨੀ ਤੱਤਬੇਤੇ ਰੂਪ ਪੰਛੀ ਦਾ ਅਕਾਸ਼ ਦੀ ਨਿਆਈਂ ਸੁੰਨ (ਜੜ੍ਹ) ਰਹਿਣ ਵਾਲਾ ਮਨਮੁਖ ਕੀ ਵਿਗਾੜ ਸਕਦਾ ਹੈ ਭਾਵ ਕੁਝ ਨਹੀਂ ਵਿਗਾੜ ਸਕਦਾ।

## ਪਥਰ ਪਾਲਾ ਕਿਆ ਕਰੇ; ਖੁਸਰੇ ਕਿਆ ਘਰ ਵਾਸੁ ॥

ਪੱਥਰ ਨੂੰ ਪਾਲਾ = ਕੱਕਰ ਕੀ ਕਰੇ = ਕਰ ਸਕਦਾ ਹੈ ਭਾਵ ਕੁਝ ਵੀ ਨਹੀਂ ਕਰ ਸਕਦਾ ਅਤੇ ਖੁਸਰੇ = ਹੀਜੜੇ ਨੇ ਘਰ ਵਿਚ ਵਾਸਾ ਕਰਕੇ ਭਾਵ ਗ੍ਰਿਸਤੀ ਹੋ ਕੇ ਕਿਆ = ਕੀ ਕੋਈ ਸੰਤਾਨ ਪੈਦਾ ਕਰ ਲੈਣੀ ਹੈ।

**ਅਥਵਾ** ਏਸੇ ਪ੍ਰਕਾਰ ਪੱਥਰ ਦੀ ਨਿਆਈਂ ਅਚੱਲ ਬਿਰਤੀ ਵਾਲੇ ਗੁਰੂ ਸਾਹਿਬ, ਸੰਤਾਂ ਮਹਾਂਪੁਰਸ਼ਾਂ ਦਾ ਪਾਲੇ ਦੀ ਨਿਆਈਂ ਪਖੰਡੀ ਲੋਕ ਕੀ ਵਿਗਾੜ ਕਰ ਸਕਦੇ ਹਨ **ਵਾ:** ਪੱਥਰ ਦੀ ਨਿਆਈਂ ਕਠੋਰ ਚਿੱਤ ਵਾਲੇ ਪੁਰਸ਼, ਪਾਲੇ ਵੱਤ ਸ਼ਾਂਤ ਬਿਰਤੀ ਵਾਲੇ ਮਹਾਂਪੁਰਖਾਂ ਦਾ ਕੀ ਵਿਗਾੜ ਸਕਦੇ ਹਨ ? ਅਤੇ ਖੁਸਰੇ ਦੀ ਨਿਆਈਂ ਨਿਸ਼ਰਧਕ ਪੁਰਸ਼ਾ ਨੇ ਬੇਦਾਂ ਸ਼ਾਂਸਤ੍ਰਾਂ ਨੂੰ ਪੜ੍ਹਨ ਰੂਪੀ ਘਰ ਵਸਾ ਕੇ ਸ਼ਰਧਾ ਰੂਪੀ ਬਿੰਦ ਤੋਂ ਬਗ਼ੈਰ ਬ੍ਰਹਮ ਗਿਆਨ ਰੂਪੀ ਪੁੱਤਰ ਕਿਥੋਂ ਪੈਦਾ ਕਰ ਲੈਣਾ ਹੈ।

## ਕੁਤੇ, ਚੰਦਨੁ ਲਾਈਐ; ਭੀ ਸੋ ਕੁਤੀ ਧਾਤੁ ॥

ਹੇ ਭਾਈ! ਜੇਕਰ ਕੁੱਤੇ ਨੂੰ ਚੰਦਨ ਦਾ ਟਿੱਕਾ ਲਾਈਐ = ਲਾ ਦੇਈਏ ਤਾਂ ਫਿਰ ਵੀ ਉਹ ਕੁੱਤੀਆਂ ਪਿੱਛੇ ਹੀ ਧਾਤੁ = ਦੌੜਦਾ ਰਹਿੰਦਾ ਹੈ। ਇਸੇ ਪ੍ਰਕਾਰ ਜੇਕਰ ਲੋਭੀ ਪਖੰਡੀ ਨੂੰ ਭੇਖ ਰੂਪੀ ਚੰਦਨ ਲਾ ਦੇਈਏ ਭਾਵ ਲਿਬਾਸ ਸਤਿਪੁਰਸ਼ਾਂ ਵਰਗਾ ਬਣਾ ਦੇਈਏ, ਫਿਰ ਵੀ ਉਹ ਮਾਇਆ ਰੂਪੀ ਕੁੱਤੀ ਪਿੱਛੇ ਹੀ ਧਾਤੁ = ਦੌੜਦਾ ਹੈ **ਵਾ:** ਇਸ ਪ੍ਰਕਾਰ ਕੁੱਤੇ ਦੀ ਨਿਆਈਂ ਲੋਭੀ ਪੁਰਸ਼ ਨੂੰ ਜੇਕਰ ਵੈਰਾਗ ਰੂਪੀ ਚੰਦਨ ਦਾ ਟਿੱਕਾ ਲਾ ਦੇਈਏ ਤਾਂ ਫਿਰ ਵੀ ਉਸ ਨੂੰ ਤ੍ਰਿਸ਼ਨਾ ਰੂਪੀ ਕੁਤੀ ਦੀ ਧਾਤੁ = ਅੰਸ਼ ਹੀ ਰਹਿੰਦੀ ਹੈ।

## ਬੋਲਾ ਜੇ ਸਮਝਾਈਐ; ਪੜੀਅਹਿ ਸਿੰਮ੍ਰਿਤਿ ਪਾਠ ॥

ਜੇ = ਜੇਕਰ ਬੋਲਾ = ਬੈਹਰੇ ਪੁਰਖ ਨੂੰ ਸਤਾਈ ਸਿਮਰਤੀਆਂ ਦੇ ਪਾਠ ਪੜੀਅਹਿ = ਪੜ੍ਹ ਕੇ ਸਮਝਾਈਐ = ਸਮਝਾਉਣਾ ਕਰੀਏ ਤਾਂ ਉਸ ਨੇ ਕੀ ਸਮਝਣਾ ਹੈ।

**ਅਥਵਾ** ਇਸੇ ਪ੍ਰਕਾਰ ਸ਼ਰਧਾ ਤੇ ਵਿਸ਼ਵਾਸ ਰੂਪੀ ਕੰਨਾਂ ਤੋਂ ਹੀਣੇ ਮਨਮੁਖ ਪੁਰਖ ਨੂੰ ਸਤਾਈ ਸਿੰਮਰਤੀਆਂ ਦਾ ਪਾਠ ਪੜ੍ਹ ਕੇ ਸਮਝਾਉਣਾ ਕਰੀਏ ਤਾਂ ਉਸ ਨੇ ਕੀ ਸਮਝਣਾ ਹੈ।

## ਅੰਧਾ ਚਾਨਣਿ ਰਖੀਐ; ਦੀਵੇ ਬਲਹਿ ਪਚਾਸ ॥

ਜੇਕਰ ਪਚਾਸ = ਪੰਜਾਹ ਭਾਵ ਬੇਅੰਤ ਦੀਵੇ = ਦੀਪਕ ਬਲਹਿ = ਬਾਲ ਕੇ ਅੰਧਾ = ਅੰਨ੍ਹੇ ਪੁਰਖ ਨੂੰ ਉਸਦੇ ਚਾਨਣਿ = ਪ੍ਰਕਾਸ਼ ਵਿਚ ਰਖੀਐ = ਰੱਖਣਾ ਕਰੀਏ ਤਾਂ ਵੀ ਉਸ ਨੂੰ ਦਿੱਸਦਾ ਨਹੀਂ ਹੈ **ਵਾ:** ਇਸੇ ਪ੍ਰਕਾਰ ਵੈਰਾਗ, ਬਿਬੇਕ, ਮਨ ਬੁੱਧ ਰੂਪ ਨੇਤਰਾਂ ਵਿਚ ਵਿਚਾਰ ਰੂਪੀ ਨਿਗ੍ਹਾਂ ਤੋ ਹੀਣੇ ਅੰਨੇ ਮਨਮੁਖ ਪੁਰਖ ਦੇ ਅੱਗੇ ੨੭ ਸਿੰਮ੍ਰਿਤੀਆਂ, ੧੮ ਪੁਰਾਣ, ੪ ਵੇਦ, ੧ ਲੌਕਿਕ ਵਿਹਾਰਕ ਗਿਆਨ ਆਦਿ ਰੂਪੀ ਪੰਜਾਹ ਦੀਵੇ ਬਾਲ ਕੇ ਉਸ ਦੇ ਸਿਧਾਂਤ ਰੂਪੀ ਚਾਨਣ ਵਿਚ ਰੱਖੀਏ ਤਾਂ ਵੀ ਉਸ ਨੂੰ ਗਿਆਨ ਦਾ ਪ੍ਰਕਾਸ਼ ਨਹੀਂ ਹੁੰਦਾ।

## ਚਉਣੇ ਸੁਇਨਾ ਪਾਈਐ; ਚੁਣਿ ਚੁਣਿ ਖਾਵੈ ਘਾਸੁ ॥

ਜੇਕਰ ਚਉਣੇ = ਪਸ਼ੂਆਂ ਦੇ ਵੱਗ ਅੱਗੇ ਘਾਹ ਵਿਚ ਸੋਨਾ ਮਿਲਾ ਕੇ ਪਾ ਦੇਈਏ ਤਾਂ ਵੀ ਉਹ ਵੱਗ ਚੁਣ ਚੁਣ ਕੇ ਘਾਹ ਹੀ ਖਾਂਦਾ ਹੈ, ਸੋਨਾ ਨਹੀਂ ਖਾਂਦਾ **ਵਾ:** ਇਸੇ ਪ੍ਰਕਾਰ ਜੇਕਰ ਪਸ਼ੂ ਬਿਰਤੀ ਵਾਲੇ ਪੁਰਖਾਂ ਦੇ ਸੋਇਨੇ ਦੀ ਨਿਆਈਂ ਸ਼ਰਧਾ, ਭਗਤੀ ਗਿਆਨ ਦੇ ਬਚਨ ਕੰਨਾਂ ਵਿਚ ਪਾਉਣਾ ਭਾਵ ਸੁਨਾਉਣਾ ਕਰੀਏ, ਫਿਰ ਵੀ ਉਹ ਪਸ਼ੂਆਂ ਦੇ ਘਾਹ ਖਾਣ ਵਾਂਗੂ ਵਿਸ਼ੇ ਦੀਆਂ ਗੱਲਾਂ ਰੂਪ ਘਾਹ ਹੀ ਖਾਂਦੇ ਹਨ।

## ਲੋਹਾ ਮਾਰਣਿ ਪਾਈਐ; ਢਹੈ ਨ ਹੋਇ ਕਪਾਸ ॥

ਜੇਕਰ ਲੋਹੇ ਨੂੰ ਗਰਮ ਕਰ ਕੇ ਸੱਟਾਂ ਮਾਰਨੀਆਂ ਪਾਈਏ ਤਾਂ ਉਹ ਢਹੈ = ਢਲ ਕੇ ਕਪਾਸ = ਕਪਾਹ ਵਰਗਾ ਨਰਮ ਨਹੀਂ ਹੋ ਜਾਂਦਾ **ਵਾ:** ਜੇਕਰ ਲੋਹੇ ਨੂੰ ਭੱਠੀ ਵਿਚ ਰੱਖ ਕੇ ਅਤੇ ਉੱਤੋਂ ਮਾਰਣਿ = ਮਸਾਲੇ ਪਾ ਕੇ ਢਾਲ ਲਈਏ ਤਾਂ ਉਹ ਕਪਾਹ ਵਾਂਗ ਨਰਮ ਨਹੀਂ ਹੋ ਜਾਂਦਾ। ਹੱਥ ਲਾਉਣ 'ਤੇ ਸਾੜ ਦਿੰਦਾ ਹੈ।

**ਅਥਵਾ** ਇਸੇ ਪ੍ਰਕਾਰ ਜੇਕਰ ਲੋਹੇ ਦੀ ਨਿਆਈਂ ਲੋਭੀ ਪੁਰਖ ਨੂੰ ਵੈਰਾਗ ਰੂਪੀ ਮਸਾਲਾ ਪਾ ਕੇ ਵਿਚਾਰ ਰੂਪੀ ਸੱਟਾਂ ਮਾਰ ਕੇ ਨਰਮ ਵੀ ਕਰ ਲਈਏ ਫੇਰ ਵੀ ਉਹ ਕਪਾਹ ਦੀ ਨਿਆਈਂ ਦਇਆਵਾਨ ਹੋ ਕੇ ਢਲਦਾ ਨਹੀਂ ਹੈ।

## ਨਾਨਕ, ਮੂਰਖ ਏਹਿ ਗੁਣ; ਬੋਲੇ ਸਦਾ ਵਿਣਾਸੁ ॥੧॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਮੂਰਖਾਂ ਵਿਚ ਵੀ ਇਹੋ ਜਿਹੇ ਗੁਣ ਹਨ ਉਹ ਸਦਾ ਹੀ ਵਿਣਾਸੁ = ਬੇਅਰਥ ਬੋਲੇ = ਬੋਲਦੇ ਹਨ **ਵਾ:** ਸਦਾ ਹੀ ਆਪਣੇ ਆਪ ਨੂੰ ਨਾਸ਼ ਕਰਨ ਵਾਲੇ ਬਚਨ ਬੋਲਦੇ ਹਨ **ਵਾ:** ਸਦਾ ਹੀ ਦੂਸਰਿਆਂ ਨੂੰ ਨਾਸ਼ ਕਰਨ ਵਾਲੇ ਬਚਨ ਬੋਲਦੇ ਹਨ॥੧॥

## ਮ: ੧ ॥

ਹੇ ਸਤਿਗੁਰੂ ਜੀ ! ਪਰਮੇਸ਼ਰ ਦਾ ਮਿਲਾਪ ਕਿਵੇਂ ਹੋਵੇ ? ਤਾਂ ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ :

## ਕੈਹਾ ਕੰਚਨੁ; ਤੁਟੈ ਸਾਰੁ ॥ ਅਗਨੀ ਗੰਢੁ; ਪਾਏ ਲੋਹਾਰੁ ॥

(**ਕੈਂਹਾਂ** ਬੋਲੋ)

ਜੇਕਰ ਕੈਹਾ = ਕਾਂਸੀ ਦਾ ਬਰਤਨ, ਕੰਚਨੁ = ਸੋਨੇ ਦਾ ਗਹਿਣਾ, ਸਾਰੁ = ਲੋਹੇ ਦਾ ਸਸਤਰ ਤੁਟੈ = ਟੁੱਟ ਜਾਵੇ ਤਾਂ ਠਠਿਆਰ ਕਾਂਸੀ, ਸੁਨਿਆਰ ਸੋਨੇ ਤੇ ਲੋਹਾਰ ਲੋਹੇ ਨੂੰ ਅੱਗ ਦੁਆਰਾ ਸੇਕ ਕੇ ਗੰਢੁ = ਜੋੜ ਪਾਏ = ਪਾ ਦਿੰਦਾ ਹੈ।

**ਅਥਵਾ** ਜੇਕਰ ਕੈਹਾ = ਕਾਂਸੀ ਦਾ ਬਰਤਨ ਟੁੱਟ ਜਾਵੇ ਤਾਂ ਠਠਿਆਰ ਅੱਗ ਦਾ ਸੇਕ ਦੇ ਕੇ ਗੰਢ ਪਾ ਦਿੰਦਾ ਹੈ ਭਾਵ ਜੋੜ ਦਿੰਦਾ ਹੈ। ਜੇਕਰ ਕੰਚਨੁ = ਸੋਇਨੇ ਦਾ ਬਰਤਨ ਜਾਂ ਗਹਿਣਾ ਤੁਟੈ = ਟੁੱਟ ਜਾਵੇ ਤਾਂ ਸੁਨਿਆਰ ਅਗਨੀ ਦੁਆਰਾ ਜੋੜ ਦਿੰਦਾ ਹੈ। ਜੇਕਰ ਸਾਰੁ = ਲੋਹਾ ਟੁੱਟ ਜਾਵੇ ਤਾਂ ਲੁਹਾਰ ਉਸ ਨੂੰ ਜੋੜ ਲਾ ਦਿੰਦਾ ਹੈ **ਅਥਵਾ** ਇਸੇ ਤਰ੍ਹਾਂ ਜੇਕਰ ਕੈਹਾ = ਕਾਂਸੀ ਦੀ ਨਿਆਈਂ ਸਕਾਮੀ ਪੁਰਸ਼ ਦੀ ਸਵਰਗ ਦੀ ਵਾਸ਼ਨਾ ਵਿਚ ਬਿਰਤੀ ਟੁੱਟ ਜਾਵੇ ਤਾਂ ਵੇਦਾਂ ਦਾ ਕਰਮ-ਕਾਂਡ ਕਥਨ ਕਰਨ ਵਾਲਾ ਵਿਸ਼ਾ ਠਠਿਆਰ ਦੀ ਨਿਆਈਂ ਜੋੜ ਦਿੰਦਾ ਹੈ ਕਿ ਇਸ ਪ੍ਰਕਾਰ ਦਾ ਜਗ ਆਦਿ ਕਰੋ ਤਾਂ ਸਵਰਗ ਦੀ ਪ੍ਰਾਪਤੀ ਹੋਵੇਗੀ। ਜੇਕਰ ਸਾਰੁ = ਲੋਹੇਵਤ ਲੋਭੀ ਪੁਰਸ਼ ਦਾ ਲੋਭ ਟੁੱਟ ਜਾਵੇ ਤਾਂ ਫਿਰ ਪੁਰਸ਼ਾਰਥ ਕਰਨ ਵਾਲੇ ਵਿਵਹਾਰਾਂ ਵਿਚ ਜੋ ਪੁਰਸ਼ ਹਨ, ਉਹ ਲੁਹਾਰ ਦੀ ਨਿਆਈਂ ਹੋ ਕੇ ਫੇਰ ਸੰਸਾਰੀ ਬਿਰਤੀ ਵਾਲੇ ਨੂੰ ਲੋਭ ਵਿਚ ਜੋੜ ਦਿੰਦੇ ਹਨ। ਜੇਕਰ ਕੰਚਨੁ = ਸੋਨੇ ਦੀ ਨਿਆਈਂ ਸ਼ੁੱਧ ਸਰੂਪ ਵੱਲੋਂ ਕਿਸੇ ਦੀ ਬਿਰਤੀ ਟੁੱਟ ਜਾਵੇ ਤਾਂ ਉਹ ਜਪ ਤਪ ਰੂਪੀ ਅਗਨੀ ਪਾ ਕਰਕੇ ਸ਼ਾਂਤ ਚਿਤ ਰੂਪ ਸਤਿਪੁਰਸ਼ ਸੁਨਿਆਰ ਦੀ ਨਿਆਈਂ ਗੰਢ ਪਾ ਦਿੰਦੇ ਹਨ ਭਾਵ ਟੁੱਟੀ ਹੋਈ ਬਿਰਤੀ ਨੂੰ ਜੋੜ ਦਿੰਦੇ ਹਨ।

## ਗੋਰੀ ਸੇਤੀ; ਤੁਟੈ ਭਤਾਰੁ ॥ ਪੁਤੀ; ਗੰਢੁ ਪਵੈ ਸੰਸਾਰਿ ॥

ਜੇਕਰ ਗੋਰੀ = ਇਸਤਰੀ ਦੀ ਆਪਣੇ ਭਤਾਰੁ = ਪਤੀ ਸੇਤੀ = ਨਾਲੋਂ ਹਿਰਦੇ ਵਿੱਚੋਂ ਪ੍ਰੀਤੀ ਤੁਟੈ = ਟੁੱਟੀ

ਹੋਵੇ ਤਾਂ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਣ ਤੇ ਸੰਸਾਰਕ ਸੰਬੰਧ ਵਿਚ ਪਤੀ ਪਤਨੀ ਦਾ ਗੰਢੁ = ਪ੍ਰੇਮ ਪੈਦਾ ਹੋ ਜਾਂਦਾ ਹੈ **ਅਥਵਾ** ਇਸੇ ਪ੍ਰਕਾਰ ਗੋਰੀ ਦੀ ਨਿਆਈਂ ਜਗਿਆਸੂ ਹਨ। ਜੇ ਉਨ੍ਹਾਂ ਦੀ ਪਰਮੇਸ਼ਰ ਨਾਲ ਪ੍ਰੀਤੀ ਟੁੱਟ ਜਾਵੇ ਤਾਂ ਗੁਰਾਂ ਦੁਆਰਾ ਫਿਰ ਗਿਆਨ ਰੂਪੀ ਪੁੱਤਰ ਪੈਦਾ ਹੋਣ ਕਰਕੇ ਪਰਮੇਸ਼ਰ ਨਾਲ ਪ੍ਰੀਤੀ ਪੈ ਜਾਂਦੀ ਹੈ।

## ਰਾਜਾ ਮੰਗੈ; ਦਿਤੈ ਗੰਢੁ ਪਾਇ ॥ ਭੁਖਿਆ ਗੰਢੁ ਪਵੈ; ਜਾ ਖਾਇ ॥

ਜੇਕਰ ਰਾਜਾ ਧਨ ਦੀ ਵਸੂਲੀ ਮੰਗੇ ਧਨ ਆਦਿ ਦਿੱਤੇ ਤੋਂ ਹੀ ਗੰਢੁ = ਮਿਲਾਪ ਪਾਇ = ਪੈ ਸਕਦਾ ਹੈ **ਵਾ**: ਇਸੇ ਪ੍ਰਕਾਰ ਜੇਕਰ ਪਰਮੇਸ਼ਰ ਨੂੰ ਮਨ ਦੇ ਦੇਈਏ ਤਾਂ ਪਰਮੇਸ਼ਰ ਨਾਲ ਮਿਲਾਪ ਹੋ ਜਾਂਦਾ ਹੈ। ਜੈਸਾ ਕਿ :

**ਮਨੁ ਦੇ ਰਾਮੁ ਲੀਆ ਹੈ ਮੋਲਿ ॥** *(ਅੰਗ ੩੨੭)*

ਭੁੱਖੇ ਪੁਰਸ਼ ਦੀ ਪ੍ਰਾਣਾਂ ਨਾਲ ਗੰਢ ਤਾਂ ਪੈਂਦੀ ਹੈ ਜੇਕਰ ਕੋਈ ਪਦਾਰਥ ਖਾ ਲਵੇ। ਜੋ ਪਦਾਰਥਾਂ ਦੇ ਭੁੱਖੇ ਪੁਰਸ਼ ਹਨ, ਉਨ੍ਹਾਂ ਨੂੰ ਜੇਕਰ ਪਦਾਰਥ ਖਾਣ ਨੂੰ ਦੇ ਦੇਈਏ ਤਾਂ ਉਨ੍ਹਾਂ ਨਾਲ ਮਿਲਾਪ ਬਣਿਆ ਰਹਿੰਦਾ ਹੈ।

## ਕਾਲਾ੍ ਗੰਢੁ; ਨਦੀਆ ਮੀਹ ਝੋਲ ॥ ਗੰਢੁ ਪਰੀਤੀ; ਮਿਠੇ ਬੋਲ ॥

(**ਕਾਲਾ੍** ਭਾਰਾ ਬੋਲੋ)

ਜੇਕਰ ਮੀਹ ਝੋਲ = ਜ਼ੋਰ ਨਾਲ ਵਰਖਾ ਪੈਣ ਕਰਕੇ ਨਦੀਆਂ ਵਗ ਪੈਣ ਤਾਂ ਕਾਲਾ੍ = ਕਾਲ ਦਾ ਗੰਢੁ = ਮਿਲਾਪ ਸੁਕਾਲ ਨਾਲ ਪੈ ਜਾਂਦਾ ਹੈ ਭਾਵ ਫਸਲਾਂ ਹਰੀਆਂ ਭਰੀਆਂ ਹੋ ਜਾਂਦੀਆਂ ਹਨ ਇਸੇ ਪ੍ਰਕਾਰ ਜੇਕਰ ਗੁਰੂ ਦੀ ਉਪਦੇਸ਼ ਰੂਪੀ ਵਰਖਾ ਪੈ ਜਾਵੇ ਤਾਂ ਪ੍ਰੇਮ ਰੂਪੀ ਨਦੀਆਂ ਉਛਾਲੇ ਮਾਰ ਮਾਰ ਕੇ ਵਗਣ ਲੱਗ ਪੈਣ ਤਾਂ ਅਗਿਆਨ ਰੂਪੀ ਕਾਲ ਚੁੱਕਿਆ ਜਾਂਦਾ ਹੈ ਤੇ ਵਾਹਿਗੁਰੂ ਨਾਲ ਗੰਢੁ = ਮਿਲਾਪ ਹੋ ਜਾਂਦਾ ਹੈ।

ਮਿੱਠੇ ਬਚਨਾਂ ਦੇ ਬੋਲਣ ਕਰਕੇ ਪ੍ਰੀਤੀ ਦੀ ਗੰਢੁ ਪੈਂਦੀ ਹੈ। ਕੌੜੇ ਬਚਨਾਂ ਨਾਲ ਪ੍ਰੀਤੀ ਟੁੱਟ ਜਾਂਦੀ ਹੈ। ਜੈਸਾ ਕਿ :

**ਟੂਟਿ ਪਰੀਤਿ ਗਈ ਬੁਰ ਬੋਲਿ ॥** *(ਅੰਗ ੯੩੩)*

## ਬੇਦਾ ਗੰਢੁ; ਬੋਲੇ ਸਚੁ ਕੋਇ ॥ ਮੁਇਆ ਗੰਢੁ; ਨੇਕੀ ਸਤੁ ਹੋਇ ॥

ਜੇਕਰ ਕੋਇ = ਕੋਈ ਸਚੁ = ਸੱਚੇ ਨਾਮ ਨੂੰ ਬੋਲੇ = ਬੋਲਣਾ ਕਰੇ ਤਾਂ ਹੀ ਬੇਦਾਂ ਆਦਿ ਧਾਰਮਿਕ ਪੁਸਤਕਾਂ **ਵਾ**: ਬੇਦਾ = ਗਿਆਨ ਨਾਲ ਗੰਢੁ = ਮਿਲਾਪ ਹੁੰਦਾ ਹੈ।

ਮੁਇਆ = ਮਰ ਕਰਕੇ ਜਗਤ ਨਾਲ ਗੰਢੁ = ਮਿਲਾਪ ਤਾਂ ਹੀ ਬਣਿਆ ਰਹਿੰਦਾ ਹੈ, ਜੇਕਰ ਉਹ ਸਤੁ = ਸੱਚ ਬੋਲਦਾ ਤੇ ਨੇਕੀ = ਚੰਗਿਆਈ ਕਰਦਾ ਰਿਹਾ ਹੋਵੇ **ਵਾ**: ਜੀਵਤ ਭਾਵ ਤੋਂ ਮਰ ਕੇ ਗਿਆਨ ਰੂਪ ਨੇਕੀ ਕਮਾ ਕੇ ਸੱਚੇ ਵਾਹਿਗੁਰੂ ਨਾਲ ਹਮੇਸ਼ਾ ਗੰਢੁ = ਮਿਲਾਪ ਹੋ ਜਾਂਦਾ ਹੈ।

## ਏਤੁ ਗੰਢਿ; ਵਰਤੈ ਸੰਸਾਰੁ ॥ ਮੂਰਖ ਗੰਢੁ ਪਵੈ; ਮੁਹਿ ਮਾਰ ॥

ਏਤੁ = ਇਨ੍ਹਾਂ ਗੰਢਾਂ ਵਿਚ ਸਾਰਾ ਸੰਸਾਰ ਵਰਤੈ = ਵਰਤ ਰਿਹਾ ਹੈ। ਮੂਰਖ = ਬੇਸਮਝ ਪੁਰਖ ਨਾਲ ਗੰਢੁ = ਮਿਲਾਪ ਤਾਂ ਹੀ ਪਵੈ = ਪਿਆ ਰਹਿ ਸਕਦਾ ਹੈ, ਜੇਕਰ ਉਸਦੇ ਵੱਲੋਂ ਮੁਹਿ = ਮੂੰਹ ਨੂੰ ਮਾਰ ਛੱਡੀਏ ਭਾਵ ਬੋਲੀਏ ਹੀ ਨਾਂ **ਵਾ**: ਜੇਕਰ ਮੂਰਖ ਦੇ ਮੂੰਹ ਉਤੇ ਮਾਰ ਪਵੇ **ਵਾ**: ਜੇਕਰ ਮੂਰਖ ਦੇ ਉਤੇ ਮਾਇਆ ਦਾ

ਗੱਫਾ ਮਾਰੇ ਤਾਂ ਹੀ ਮਿਲਾਪ ਪੈਂਦਾ ਹੈ **ਵਾ:** ਮੂਰਖ ਜੋ ਮਨ ਹੈ, ਇਸ ਦੇ ਵਿੱਚੋਂ ਮੋਹ ਆਦਿਕ ਮਾਰੀਏ ਤਾਂ ਵਾਹਿਗੁਰੂ ਨਾਲ ਮਿਲਾਪ ਦੀ ਗੰਢ ਪੈਂਦੀ ਹੈ।

## ਨਾਨਕੁ ਆਖੈ; ਏਹੁ ਬੀਚਾਰੁ ॥ ਸਿਫਤੀ; ਗੰਢੁ ਪਵੈ ਦਰਬਾਰਿ ॥੨॥

ਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਇਹ ਬੀਚਾਰੁ = ਨਿਰਣਾ ਕਰਕੇ ਬਚਨ ਆਖੇ ਹਨ ਭਾਵ ਦ੍ਰਿਸ਼ਟਾਂਤ ਦਿੱਤੇ ਹਨ।

ਵਾਹਿਗੁਰੂ ਦੀ ਸਿਫਤੀ = ਵਡਿਆਈ ਕਰਕੇ ਹੀ ਉਸ ਦੇ ਦਰਬਾਰ ਵਿਚ ਮਿਲਾਪ ਦੀ ਗੰਢ ਪਵੈ = ਪੈਂਦੀ ਹੈ ॥੨॥

## ਪਉੜੀ ॥ ਆਪੇ ਕੁਦਰਤਿ ਸਾਜਿ ਕੈ; ਆਪੇ ਕਰੇ ਬੀਚਾਰੁ ॥

ਪ੍ਰਭੂ ਆਪ ਹੀ ਆਪਣੀ ਕੁਦਰਤਿ = ਸ਼ਕਤੀ ਦੁਆਰਾ ਸ੍ਰਿਸ਼ਟੀ ਨੂੰ ਸਾਜਿ = ਸਿਰਜ ਕੈ = ਕਰਕੇ ਫਿਰ ਆਪ ਹੀ ਚੰਗੇ ਮੰਦੇ ਸੁਭਾਅ ਦਾ ਵਿਚਾਰ ਕਰੇ = ਕਰਦਾ ਹੈ।

## ਇਕਿ ਖੋਟੇ ਇਕਿ ਖਰੇ; ਆਪੇ ਪਰਖਣਹਾਰੁ ॥

ਇਕ ਕਾਮ ਕ੍ਰੋਧ ਆਦਿ ਔਗੁਣਾਂ ਕਰਕੇ ਖੋਟੇ = ਭੈੜੇ ਹਨ ਤੇ ਇਕ ਸਤ ਸੰਤੋਖ ਆਦਿ ਗੁਣਾਂ ਕਰਕੇ ਖਰੇ = ਚੰਗੇ ਹਨ, ਇਸ ਪ੍ਰਕਾਰ ਉਨ੍ਹਾਂ ਖੋਟੇ ਖਰਿਆਂ ਦੀ ਪਰਖ ਕਰਨ ਵਾਲਾ ਵੀ ਆਪ ਹੀ ਹੈ।

## ਖਰੇ ਖਜਾਨੈ ਪਾਈਅਹਿ; ਖੋਟੇ ਸਟੀਅਹਿ ਬਾਹਰ ਵਾਰਿ ॥

ਖਰੇ = ਚੰਗੇ ਸੁਭਾਅ ਵਾਲੇ ਧਰਮੀ ਪੁਰਖ ਪਰਮੇਸ਼ਰ ਦੇ ਅਭੇਦਤਾ ਰੂਪੀ ਖਜ਼ਾਨੇ ਵਿਚ ਪਾਈਅਹਿ = ਪਾਏ ਜਾਂਦੇ ਹਨ ਅਤੇ ਖੋਟੇ = ਭੈੜੇ ਸੁਭਾਅ ਵਾਲੇ ਪੁਰਖ ਬਾਹਰ ਵਾਰ ਸਟੀਅਹਿ = ਸੁੱਟੇ ਜਾਂਦੇ ਹਨ **ਵਾ:** ਖੋਟੇ ਪੁਰਖ ਦਰਗਾਹ ਤੋਂ ਬਾਹਰ ਵਾਰਿ = ਦੁਆਰਿਆਂ ਵਾਲੇ ਸੰਸਾਰ ਵਿਚ ਸੁੱਟੇ ਜਾਂਦੇ ਹਨ।

## ਖੋਟੇ, ਸਚੀ ਦਰਗਹ ਸੁਟੀਅਹਿ; ਕਿਸੁ ਆਗੈ ਕਰਹਿ ਪੁਕਾਰ ॥

ਖੋਟੇ = ਪਾਪੀ ਪੁਰਸ਼ ਪਰਮਾਤਮਾ ਦੀ ਸੱਚੀ ਦਰਗਾਹ ਵਿੱਚੋਂ ਜੂਨਾਂ ਵਿਚ ਸੁਟੀਅਹਿ = ਸੁੱਟੇ ਜਾਂਦੇ ਹਨ, ਉਹ ਕਿਸ ਅੱਗੇ ਪੁਕਾਰੁ = ਫ਼ਰਿਆਦ ਕਰਹਿ = ਕਰਨਗੇ ?

## ਸਤਿਗੁਰ ਪਿਛੈ ਭਜਿ ਪਵਹਿ; ਏਹਾ ਕਰਣੀ ਸਾਰੁ ॥

ਉਹ ਤਾਂ ਹੀ ਬਖ਼ਸ਼ੇ ਜਾਣਗੇ, ਜੇਕਰ ਉਹ ਵਿਕਾਰਾਂ ਵੱਲੋਂ ਭੱਜ ਕੇ ਸਤਿਗੁਰਾਂ ਦੀ ਸ਼ਰਨ ਵਿਚ ਪਵਹਿ = ਪੈ ਜਾਣਗੇ। ਇਹੋ ਹੀ ਕਰਣੀ = ਕਮਾਈ ਸਾਰੁ = ਸ੍ਰੇਸ਼ਟ ਹੈ।

## ਸਤਿਗੁਰੁ ਖੋਟਿਅਹੁ ਖਰੇ ਕਰੇ; ਸਬਦਿ ਸਵਾਰਣਹਾਰੁ ॥

ਸਤਿਗੁਰੂ ਸਾਹਿਬ ਜੀ ਖੋਟਿਅਹੁ = ਮੰਦ ਕਰਮੀ ਵਾਲੇ ਪੁਰਖਾਂ ਨੂੰ ਖਰੇ = ਚੰਗੇ ਸੁਭਾਅ ਵਾਲੇ ਧਰਮੀ ਪੁਰਖ ਬਣਾ ਦੇਣਾ ਕਰੇ = ਕਰਦੇ ਹਨ ਅਤੇ ਸਬਦਿ = ਉਪਦੇਸ਼ ਦੁਆਰਾ ਉਨ੍ਹਾਂ ਦੇ ਜੀਵਨ ਨੂੰ ਸਵਾਰਣ ਵਾਲੇ ਹਨ।

## ਸਚੀ ਦਰਗਹ ਮੰਨੀਅਨਿ; ਗੁਰ ਕੈ ਪ੍ਰੇਮ ਪਿਆਰਿ ॥

ਫੇਰ ਉਹ ਸਚੀ = ਸੱਚ ਦੀ ਦਰਗਾਹ ਪਰਮਾਤਮਾ ਦਾ ਨਿਆਂਏ ਅਸਥਾਨ ਭਾਵ ਸੱਚਖੰਡ ਵਿਚ ਮੰਨੀਅਨਿ = ਮੰਨੇ ਜਾਂਦੇ ਹਨ ਜਿਨ੍ਹਾਂ ਦਾ ਗੁਰੂ ਦੇ ਸ਼ਬਦ ਨਾਲ ਮਨ, ਬਾਣੀ, ਕਰਕੇ ਪ੍ਰੇਮ ਤੇ ਸਰੀਰ ਕਰਕੇ ਪਿਆਰ ਹੈ।

## ਗਣਤ ਤਿਨਾ ਦੀ, ਕੋ ਕਿਆ ਕਰੇ; ਜੋ ਆਪਿ ਬਖਸੇ ਕਰਤਾਰਿ ॥੧੨॥

ਤਿਨਾ = ਉਨ੍ਹਾਂ ਦੇ ਕਰਮਾਂ ਦੀ ਕੋ = ਕੋਈ ਕਿਆ = ਕਿਵੇਂ ਗਿਣਤੀ ਕਰ ਸਕਦਾ ਹੈ ਉਨ੍ਹਾਂ ਨੇ ਕਿਹੜੇ-ਕਿਹੜੇ ਕਰਮ ਕੀਤੇ ਸਨ ? ਜਿਹੜੇ ਕਰਤਾਰਿ = ਪਰਮੇਸ਼ਰ ਨੇ ਆਪ ਬਖ਼ਸ਼ ਦਿੱਤੇ ਹਨ ॥੧੨॥

## ਸਲੋਕੁ ਮ: ੧ ॥

**ਉਥਾਨਕਾ :** ਜਦੋਂ ਸਤਿਗੁਰੂ ਜੀ ਪਾਕਪਟਨ ਸ਼ਹਿਰ ਵਿਚ ਗਏ ਸਨ। ਉਥੇ ਗੁਰੂ ਜੀ ਨੂੰ ਬਾਬੇ ਫਰੀਦ ਦਾ ਪੋਤਾ ਚੇਲਾ ਸ਼ੇਖ਼ ਬ੍ਰਹਮ ਮਿਲਿਆ ਜੋ ਗੁਰਾਂ ਦੇ ਦੀਦਾਰ ਕਰਕੇ ਅਤਿਅੰਤ ਪ੍ਰਸੰਨ ਹੋਇਆ ਤੇ ਬੇਨਤੀ ਕੀਤੀ ਕਿ ਹੇ ਸਤਿਗੁਰੂ ਜੀ ! ਸੰਸਾਰ ਦੀ ਕੀ ਹਾਲਤ ਹੈ ? (ਜਿਸ ਪ੍ਰਕਾਰ ਛੰਦੋਗ ਉਪਨਿਸ਼ਦ ਦੇ ਅੰਦਰ ਯਾਗਵੱਲਕ ਮੁਨੀ ਨੇ ਆਪਣੇ ਪੁੱਤਰ ਨਚਕੇਤਾ ਨੂੰ ਨੌਂ ਵਾਰ ਉਪਦੇਸ਼ ਦਿੱਤਾ ਤਾਂ ਉਸ ਨੂੰ ਦ੍ਰਿੜ੍ਹ ਹੋਇਆ ਸੀ। ਇਥੇ ਗੁਰੂ ਜੀ ੭ ਵਾਰ ਉਪਦੇਸ਼ ਦੇ ਕੇ ਸਾਨੂੰ ਪਰਮੇਸ਼ਰ ਉੱਪਰ ਨਿਸਚਾ ਕਰਨਾ ਦ੍ਰਿੜ੍ਹ ਕਰਾਉਂਦੇ ਹਨ।)

## ਹਮ ਜੇਰ ਜਿਮੀ ਦੁਨੀਆ; ਪੀਰਾ ਮਸਾਇਕਾ ਰਾਇਆ ॥
## ਮੇ ਰਵਦਿ ਬਾਦਿਸਾਹਾ; ਅਫਜੂ ਖੁਦਾਇਆ ॥ ਏਕ ਤੂਹੀ; ਏਕ ਤੁਹੀ ॥੧॥

(**ਮੇ ਰਵੱਦਿ** ਬੋਲੋ)

ਜੋ ਇਸ ਦੁਨੀਆ = ਸ੍ਰਿਸ਼ਟੀ ਵਿਚ ਪੀਰਾ = ਮੁਸਲਮਾਨਾਂ ਦੇ ਮੁਰਸ਼ਦ, ਮਸਾਇਕਾ = ਮਿਹਨਤਾਂ ਕਰਨ ਵਾਲੇ **ਵਾ:** ਜੋਦੜੀਆਂ ਕਰਨ ਵਾਲੇ ਤਪੱਸਵੀ, ਰਾਇਆ = ਰਾਏ ਖਤਾਬ ਵਾਲੇ ਰਾਜੇ **ਵਾ:** ਟਿੱਕੇ ਵਾਲੇ ਪਾਤਸ਼ਾਹ ਤੇ ਚੱਕਰਵਰਤੀ ਬਾਦਸ਼ਾਹ ਹਨ।

ਇਹ ਹਮ = ਤਮਾਮ (ਸਾਰੇ) ਜਿਮੀ = ਜ਼ਮੀਨ ਦੇ ਜੇਰ = ਥੱਲੇ ਮੇ ਰਵਦਿ = ਚਲੇ ਜਾਣਗੇ **ਵਾ:** ਨਰਕਾਂ ਮੇ = ਵਿਚ ਰਵਦਿ = ਚਲੇ ਜਾਣਗੇ ਭਾਵ ਗਰਕ ਹੋ ਜਾਣਗੇ। ਅਫਜੂ = ਬਾਕੀ ਇਕ ਖੁਦਾਇਆ = ਪਰਮੇਸ਼ਰ ਹੀ ਅਟੱਲ ਰਹੇਗਾ।

ਹੇ ਪ੍ਰਭੂ ! ਏਕ = ਇਕ ਤੂੰ ਹੀ ਨਿਰਗੁਣ ਸਰੂਪ ਅਤੇ ਇਕ ਤੂੰ ਹੀ ਸਰਗੁਣ ਵਿਚ ਸਦਾ ਰਹਿਣ ਵਾਲਾ ਹੈਂ **ਵਾ:** ਇੱਕੋ ਤੂੰ ਹੀ ਮਾਇਆ ਸਬਲ ਈਸ਼ਰ ਕਹਾਉਣ ਵਾਲਾ ਹੈਂ ਅਟੱਲ ਤੇ ਇੱਕੋ ਤੂੰ ਹੀ ਜੀਅ ਅਲਪੱਗਤਾ ਰੂਪ ਅਗਿਆਨੀ ਕਹਾਉਣ ਵਾਲਾ ਹੈਂ। ਇੱਕੋ ਹੀ ਹੁਣ ਹੈਂ, ਇੱਕੋ ਹੀ ਪਿੱਛੇ ਸੀ ਅਤੇ ਇੱਕੋ ਹੀ ਅੱਗੇ ਨੂੰ ਹੋਵੇਂਗਾ ॥੧॥

## ਮ: ੧ ॥ ਨ ਦੇਵ ਦਾਨਵਾ; ਨਰਾ ॥ ਨ ਸਿਧ ਸਾਧਿਕਾ; ਧਰਾ ॥

ਦਕਸ਼ ਦੀ ਪੁੱਤਰੀ ਅਤੇ ਕਸ਼ਯਪ ਦੀ ਇਸਤਰੀ ਅਦਿੱਤੀ ਤੋਂ ਪੈਦਾ ਹੋਏ ਤੇਤੀ ਕਰੋੜ ਦੇਵ = ਦੇਵਤੇ, ਦਿੱਤੀ ਤੋਂ ਪੈਦਾ ਹੋਏ ਪੰਤਾਲੀ ਪਦਮ ਦਾਨਵਾ = ਦੈਂਤ ਅਤੇ ਕਰੋੜਾਂ ਹੀ ਮਨੁੱਖ ਜਾਤੀ ਦੇ ਨਰਾ = ਪੁਰਖ ਵੀ ਨ = ਨਹੀਂ ਰਹਿਣਗੇ। ਚੌਰਾਸੀ ਸਿਧ = ਸਾਧਿਕਾ, ਸਾਧਨਾ ਕਰਨ ਵਾਲੇ ਪੁਰਖ ਅਤੇ ਧਰਾ = ਧਰਤੀ ਆਦਿ ਵੀ ਨ = ਨਹੀਂ ਰਹੇਗੀ।

**[ਅੰਗ ੧੪੪]**

## ਅਸਤਿ ਏਕ; ਦਿਗਰਿ ਕੁਈ ॥ ਏਕ ਤੁਈ; ਏਕ ਤੁਈ ॥੨॥

ਏਕ = ਇਕ ਵਾਹਿਗੁਰੂ ਹੀ ਅਸਤਿ = ਇਸਥਿਤ ਹੈ ਦਿਗਰਿ = ਦੂਸਰਾ ਕੁਈ = ਕੌਣ ਹੈ ਭਾਵ ਹੋਰ ਕੋਈ

ਇਸਥਿਤ ਰਹਿਣ ਵਾਲਾ ਨਹੀਂ ਹੈ। ਤੂੰ ਪਹਿਲਾਂ ਵੀ ਇਕ ਸੀ, ਹੁਣ ਵੀ ਇਕ ਹੀ ਹੈਂ ਅਤੇ ਅੱਗੇ ਨੂੰ ਵੀ ਇਕ ਤੂੰ ਹੀ ਰਹੇਂਗਾ॥੨॥

## ਮ: ੧ ॥ ਨ ਦਾਦੇ ਦਿਹੰਦ; ਆਦਮੀ ॥ ਨ ਸਪਤ; ਜੇਰ ਜਿਮੀ ॥

ਨਾ ਹੀ ਦਾਦੇ = ਇਨਸਾਫ਼ ਦਿਹੰਦ = ਦੇਣ ਵਾਲੇ ਆਦਮੀ **ਵਾ:** ਧਰਮਰਾਜ ਆਦਿ ਰਹਿਣਗੇ ਨਾ ਹੀ ਜਿਮੀ = ਜ਼ਮੀਨ ਦੇ ਜੇਰ = ਹੇਠਾਂ ਵਾਲੇ ਸਪਤ = ਸੱਤ ਪਤਾਲ ਆਦਿ ਰਹਿਣੇ ਹਨ।

**ਅਥਵਾ** ਪਰਮੇਸ਼ਰ ਤੋਂ ਬਗ਼ੈਰ ਹੋਰ ਕੋਈ ਵੀ ਆਦਮੀ = ਮਨੁੱਖ ਦਾਦੇ = ਦਾਤਾਂ, ਇਨਸਾਫ਼ ਦੇਣ ਵਾਲਾ ਨ = ਨਹੀਂ ਹੈ **ਵਾ:** ਦਾਦੇ = ਫ਼ਰਿਆਦ ਸੁਣਨ ਵਾਲਾ ਹੋਰ ਕੋਈ ਮਨੁੱਖ ਨਹੀਂ ਹੈ।

ਨਾ ਹੀ ਸਪਤ = ਸੱਤਾਂ ਲੋਕਾਂ ਵਿਚ, ਜ਼ਮੀਨ ਦੇ ਥੱਲੇ ਭਾਵ ਸੱਤਾਂ ਪਾਤਾਲਾਂ ਵਿਚ ਕੋਈ ਆਦਮੀ ਦਾਤਾਂ ਦੇਣ ਵਾਲਾ ਹੈ।

## ਅਸਤਿ ਏਕ; ਦਿਗਰਿ ਕੁਈ ॥ ਏਕ ਤੁਈ; ਏਕ ਤੁਈ ॥੩॥

ਏਕ = ਇਕ ਵਾਹਿਗੁਰੂ ਹੀ ਸਦਾ ਰਹਿਣ ਵਾਲਾ ਅਸਤਿ = ਹੈ ਦਿਗਰਿ = ਦੂਸਰਾ ਉਸ ਦੇ ਬਰਾਬਰ ਹੋਰ ਕੁਈ = ਕੌਣ ਹੈ ਭਾਵ ਕੋਈ ਨਹੀਂ ਹੈ।

ਹੇ ਪਰਮੇਸ਼ਰ ! ਏਕ = ਇਕ ਤੁਈ = ਤੂੰ ਹੀ ਮਾਇਆ ਸਬਲ ਹੋ ਕੇ ਈਸ਼ਰ ਰੂਪ ਹੈਂ, ਅਤੇ ਏਕ = ਇਕ ਤੁਈ = ਤੂੰ ਹੀ ਸਾਖੀ ਚੇਤਨ ਹੋ ਕੇ ਜੀਵ ਰੂਪ ਕਹਾਉਂਦਾ ਹੈਂ॥੩॥

## ਮ: ੧ ॥ ਨ ਸੂਰ ਸਸਿ; ਮੰਡਲੋ ॥ ਨ ਸਪਤ ਦੀਪ; ਨਹ ਜਲੋ ॥

ਨਾ ਇਹ ਸੂਰ = ਸੂਰਜ ਰਹੇਗਾ, ਨਾ ਹੀ ਸਸਿ = ਚੰਦਰਮਾ ਅਤੇ ਨਾ ਹੀ ਚੰਦਰਮਾ ਦੇ ਮੰਡਲ ਰਹਿਣਗੇ ਅਤੇ ਨਾ ਹੀ ਇਹ ਗੋਲਾਕਾਰ ਜਿਥੋਂ ਤੱਕ ਧਰਤੀ ਨੂੰ ਆਕਾਸ਼ ਲੱਗਿਆ ਹੋਇਆ ਦਿੱਸਦਾ ਹੈ, ਇਹ ਵੀ ਨਹੀਂ ਰਹੇਗਾ। ਨਾ ਹੀ ਸਪਤ = ਸੱਤ ਦੀਪ ਰਹਿਣਗੇ ਅਤੇ ਨਾ ਹੀ ਸਪਤ ਸੱਤਾਂ ਸਮੁੰਦਰਾਂ ਦਾ ਜਲ ਰਹੇਗਾ।

## ਅੰਨ ਪਉਣ; ਥਿਰੁ ਨ ਕੁਈ ॥ ਏਕੁ ਤੁਈ; ਏਕੁ ਤੁਈ ॥੪॥

ਅੰਨ = ਅਨਾਜ, ਪਉਣ = ਹਵਾ ਆਦਿ ਇਨ੍ਹਾਂ ਵਿੱਚੋਂ ਕੁਈ = ਕੋਈ ਚੀਜ਼ ਥਿਰੁ = ਸਥਿਰ ਨਹੀਂ ਰਹੇਗੀ। ਹੇ ਪਰਮੇਸ਼ਰ ! ਏਕੁ = ਇਕ ਤੂੰ ਪਿਛੇ ਸੀ, ਇਕ ਤੂੰ ਹੀ ਹੁਣ ਹੈਂ ਅਤੇ ਅੱਗੇ ਨੂੰ ਵੀ ਇਕ ਤੂੰ ਹੀ ਹੋਵੇਂਗਾ॥੪॥

## ਮ: ੧ ॥ ਨ ਰਿਜਕੁ ਦਸਤ; ਆ ਕਸੇ ॥ ਹਮਾ ਰਾ; ਏਕੁ ਆਸ ਵਸੇ ॥

ਆ = ਉਹ ਐਸਾ ਕਸੇ = ਪੁਰਖ ਕੋਈ ਨਹੀਂ ਹੈ, ਜਿਸ ਦੇ ਦਸਤ = ਹੱਥਾਂ ਵਿਚ ਜੀਵਾਂ ਨੂੰ ਦੇਣ ਵਾਸਤੇ ਰਿਜਕੁ = ਰੋਜ਼ੀ ਹੋਵੇ, ਕੇਵਲ ਵਾਹਿਗੁਰੂ ਆਪ ਹੀ ਹੈ, ਜੋ ਜੀਵਾਂ ਨੂੰ ਪੈਦਾ ਬਾਅਦ ਵਿਚ ਕਰਦਾ ਹੈ ਰੋਜੀ ਪਹਿਲਾਂ ਹੀ ਦੇ ਦਿੰਦਾ ਹੈ।[੧] ਹਮਾ = ਤਮਾਮ ਜੀਵਾਂ ਰਾ = ਨੂੰ ਏਕੁ = ਇਕ ਵਾਹਿਗੁਰੂ ਦੀ ਹੀ ਵਸੇ = ਬਹੁਤੀ ਆਸ = ਆਸਾ ਹੈ **ਵਾ:** ਤਮਾਮ ਜੀਵ ਇਕ ਪਰਮੇਸ਼ਰ ਦੇ ਆਸਰੇ ਹੀ ਵਸੇ = ਵਸਦੇ ਹਨ।

## ਅਸਤਿ ਏਕੁ; ਦਿਗਰ ਕੁਈ ॥ ਏਕੁ ਤੁਈ; ਏਕੁ ਤੁਈ ॥੫॥

ਇਕ ਪਰਮੇਸ਼ਰ ਹੀ ਤਿੰਨਾਂ ਕਾਲਾਂ ਵਿਚ ਅਸਤਿ = ਇਸਥਿਤ ਹੈ, ਦਿਗਰ = ਦੂਸਰਾ ਹੋਰ ਕੁਈ = ਕੌਣ ਹੈ ਭਾਵ ਕੋਈ ਨਹੀਂ ਹੈ।

---

੧. **ਪਹਿਲੋਦੇ ਤੈਂ ਰਿਜਕੁ ਸਮਾਹਾ॥ ਪਿਛੋਦੇ ਤੈਂ ਜੰਤੁ ਉਪਾਹਾ॥** *(ਅੰਗ ੧੩੦)*

ਹੇ ਪਰਮੇਸ਼ਰ! ਇਕ ਤੁਈ = ਤੂੰ ਹੀ ਪਿੱਛੇ ਸੀ, ਇਕ ਤੁਈ = ਤੂੰ ਹੀ ਹੁਣ ਹੈਂ ਅਤੇ ਇਕ ਤੂੰ ਹੀ ਅੱਗੇ ਨੂੰ ਹੋਵੇਂਗਾ ॥੫॥

## ਮ: ੧ ॥ ਪਰੰਦਏ; ਨ ਗਿਰਾਹ ਜਰ ॥ ਦਰਖਤ ਆਬ; ਆਸ ਕਰ ॥

(**ਦਰੱਖਤ** ਬੋਲੋ)

ਪਰੰਦਏ = ਪੰਛੀਆਂ ਦੇ ਗਿਰਾਹ = ਗੰਢ ਭਾਵ ਪੱਲੇ ਜਰ = ਸੋਨਾ, ਚਾਂਦੀ **ਵਾ:** ਜਰ = ਮਾਇਆ ਆਦਿ ਕੁਝ ਨਹੀਂ ਬੰਨ੍ਹਿਆ ਹੁੰਦਾ ਜਿਸ ਨੂੰ ਖਰਚ ਕੇ ਪੇਟ ਦਾ ਗੁਜ਼ਾਰਾ ਚਲਾ ਸਕਣ **ਵਾ:** ਪੰਛੀਆਂ ਕੋਲ ਮਨੁੱਖਾਂ ਵਾਂਗ ਗਿਰਾਹ = ਘਰ ਨਹੀਂ ਹਨ। ਪੰਛੀ ਦਰਖਤ = ਬ੍ਰਿਛਾਂ ਕੁਦਰਤੀ ਮਿਲਦੇ ਆਬ = ਪਾਣੀਆ ਦੀ ਹੀ ਆਸ = ਆਸਾ ਕਰ = ਕਰਦੇ ਹਨ **ਅਥਵਾ** ਉਹ ਪੰਛੀ ਦਰਖਤ = ਬ੍ਰਿਛਾਂ ਦੇ ਫਲ ਖਾ ਕੇ ਸਬਰ ਧਾਰਦੇ ਹਨ ਅਤੇ ਆਬ = ਪਾਣੀ ਪੀ ਕਰਕੇ ਇਹ ਆਸ ਕਰਦੇ ਹਨ ਕਿ ਹਰੀ ਪਰਮੇਸ਼ਰ ਸਾਰਿਆਂ ਨੂੰ ਰੋਜ਼ੀ ਦਿੰਦਾ ਹੈ। ਇਉਂ ਪੰਛੀ ਬ੍ਰਿਛ ਆਦਿ ਤੇ ਪ੍ਰਭੂ ਦੀ ਹੀ ਆਸ ਕਰਦੇ ਹਨ।

## ਦਿਹੰਦ ਸੁਈ ॥ ਏਕ ਤੁਈ; ਏਕ ਤੁਈ ॥੬॥

ਸੁਈ = ਉਨ੍ਹਾਂ ਨੂੰ ਕੇਵਲ ਪਰਮੇਸ਼ਰ ਹੀ ਰੋਜੀ ਦਿਹੰਦ = ਦੇਣ ਵਾਲਾ ਹੈ। ਹੇ ਪਰਮੇਸ਼ਰ! ਏਕ = ਇਕ ਤੂੰ ਹੀ ਪਹਿਲਾਂ ਦੇਣ ਵਾਲਾ ਸੀ, ਹੁਣ ਵੀ ਦਿੰਦਾ ਹੈਂ ਅਤੇ ਅੱਗੇ ਨੂੰ ਵੀ ਇਕ ਤੂੰ ਹੀ ਰੋਜੀ ਦੇਣ ਵਾਲਾ ਹੈਂ ॥੬॥

## ਮ: ੧ ॥ ਨਾਨਕ; ਲਿਲਾਰਿ ਲਿਖਿਆ ਸੋਇ ॥ ਮੇਟਿ ਨ ਸਾਕੈ; ਕੋਇ ॥

ਗੁਰੂ ਜੀ ਕਥਨ ਕਰਦੇ ਹਨ ਕਿ ਹੇ ਸੇਖ ਬ੍ਰਹਮ! ਜੋ ਲਿਲਾਰਿ = ਮੱਥੇ ’ਤੇ ਲੇਖ ਲਿਖਿਆ ਹੋਇਆ ਹੈ, ਸੋਇ = ਉਹ ਹੀ ਜੀਵਾਂ ਦੇ ਪਾਸ ਹੈ। ਉਸ ਵਾਹਿਗੁਰੂ ਦੇ ਲਿਖੇ ਹੋਏ ਲੇਖੇ ਨੂੰ ਕੋਇ = ਕੋਈ ਵੀ ਮੇਟਿ = ਮਿਟਾ ਨਹੀਂ ਸਾਕੈ = ਸਕਦਾ। ਜੈਸਾ ਕਿ :

**ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥** *(ਅੰਗ ੫੯੮)*

## ਕਲਾ ਧਰੈ; ਹਿਰੈ ਸੁਈ ॥ ਏਕੁ ਤੁਈ; ਏਕੁ ਤੁਈ ॥੭॥

ਸਾਰਿਆਂ ਸਰੀਰਾਂ ਵਿਚ ਵਾਹਿਗੁਰੂ ਨੇ ਚੇਤਨ ਸੱਤਾ ਰੂਪੀ ਕਲਾ = ਸ਼ਕਤੀ ਧਰੈ = ਧਰੀ ਹੋਈ ਹੈ। ਉਸੇ ਕਰਕੇ ਹੀ ਜੀਵ ਜੰਤ ਜਿਉਂਦੇ ਜਾਗਦੇ ਪ੍ਰਤੀਤ ਹੁੰਦੇ ਹਨ। ਜਦੋਂ ਕਿਸੇ ਜੀਵ ਦਾ ਅੰਤ ਆਉਂਦਾ ਹੈ, ਉਸੇ ਵੇਲੇ ਆਪਣੀ ਸ਼ਕਤੀ ਨੂੰ ਸੁਈ = ਉਹੀ ਹਿਰੈ = ਖਿੱਚ ਲੈਂਦਾ ਹੈ।[੧] ਹੇ ਪਰਮੇਸ਼ਰ! ਇਕ ਤੁਈ = ਤੂੰ ਹੀ ਪਿਛੇ ਸੀ, ਹੁਣ ਵੀ ਤੂੰ ਹੀ ਹੈਂ, ਅੱਗੇ ਨੂੰ ਭੀ ਇਕ ਤੂੰ ਹੀ ਹੋਵੇਂਗਾ ॥੭॥

## ਪਉੜੀ ॥ ਸਚਾ ਤੇਰਾ ਹੁਕਮੁ; ਗੁਰਮੁਖਿ ਜਾਣਿਆ ॥

ਹੇ ਵਾਹਿਗੁਰੂ! ਤੇਰਾ = ਤੁਹਾਡਾ ਹੁਕਮ ਸੱਚਾ ਹੈ ਪਰ ਕਿਸੇ ਕਿਸੇ ਗੁਰਮੁਖ ਨੇ ਹੀ ਗੁਰਾਂ ਦੁਆਰਾ ਜਾਣਿਆ ਹੈ।

## ਗੁਰਮਤੀ ਆਪੁ ਗਵਾਇ; ਸਚੁ ਪਛਾਣਿਆ ॥

ਇਉਂ ਗੁਰਮੁਖ ਜਨਾਂ ਨੇ ਗੁਰਮਤੀ = ਗੁਰ ਸਿੱਖਿਆ ਦੁਆਰਾ ਆਪੁ = ਆਪਾ ਭਾਵ ਗਵਾਇ = ਗਵਾ ਕੇ ਤੁਹਾਡੇ ਸੱਚ ਸਰੂਪ ਨੂੰ ਪਛਾਣਿਆ = ਪਛਾਣਨਾ ਕੀਤਾ ਹੈ।

---

੧. **ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥** *(ਅੰਗ ੧੦੩੩)*

## ਸਚੁ ਤੇਰਾ ਦਰਬਾਰੁ; ਸਬਦੁ ਨੀਸਾਣਿਆ ॥

ਹੇ ਪ੍ਰਭੂ ! ਤੇਰਾ = ਤੁਹਾਡਾ ਸੱਚਖੰਡ, ਸਾਧਸੰਗਤ ਰੂਪੀ ਦਰਬਾਰ ਸੱਚਾ ਹੈ। ਇਸੇ ਗੱਲ ਨੂੰ ਗੁਰਾਂ ਦੇ ਸਬਦੁ = ਉਪਦੇਸ਼ ਨੇ ਨੀਸਾਣਿਆ = ਪ੍ਰਗਟ ਕੀਤਾ ਹੈ।

## ਸਚਾ ਸਬਦੁ ਵੀਚਾਰਿ; ਸਚਿ ਸਮਾਣਿਆ ॥

ਜਿਨ੍ਹਾਂ ਨੇ ਗੁਰਾਂ ਦਾ ਸੱਚਾ ਸਬਦੁ = ਉਪਦੇਸ਼ ਵੀਚਾਰਿਆ ਹੈ, ਉਨ੍ਹਾਂ ਦੇ ਚਿੱਤ ਤੇਰੇ ਸੱਚ ਸਰੂਪ ਵਿਚ ਸਮਾਣਿਆ = ਸਮਾ ਗਏ ਹਨ।

## ਮਨਮੁਖ ਸਦਾ ਕੂੜਿਆਰ; ਭਰਮਿ ਭੁਲਾਣਿਆ ॥

ਮਨਮੁਖ ਸਦਾ = ਹਮੇਸ਼ਾ ਹੀ ਕੂੜਿਆਰ = ਝੂਠ ਦੀ ਪ੍ਰਾਪਤੀ ਵਾਲੇ ਹਨ ਅਤੇ ਭਰਮਿ = ਭੁਲੇਖੇ ਕਰਕੇ ਤੇਰੇ ਸਰੂਪ ਵੱਲੋਂ ਭੁਲਾਣਿਆ = ਭੁੱਲੇ ਹੋਏ ਹਨ।

## ਵਿਸਟਾ ਅੰਦਰਿ ਵਾਸੁ; ਸਾਦੁ ਨ ਜਾਣਿਆ ॥

ਉਨ੍ਹਾਂ ਦਾ ਪਹਿਲਾਂ ਮਾਤਾ ਦੇ ਗਰਭ ਰੂਪੀ ਵਿਸਟਾ ਅੰਦਰਿ = ਵਿਚ, ਫੇਰ ਜੀਵਨ ਕਾਲ ਵਿਚ ਵਿਸ਼ੇ ਰੂਪੀ ਵਿਸਟਾ ਵਿਚ ਤੇ ਅੱਗੇ ਪ੍ਰਲੋਕ ਅੰਦਰ ਨਰਕਾਂ ਰੂਪੀ ਵਿਸਟਾ ਵਿਚ ਵਾਸੁ = ਵਾਸਾ ਹੁੰਦਾ ਹੈ, ਕਿਉਂਕਿ ਉਨ੍ਹਾ ਨੇ ਤੇਰੇ ਅੰਮ੍ਰਿਤ ਨਾਮ, ਬ੍ਰਹਮਾਨੰਦ ਦੇ ਸਾਦੁ = ਸੁਆਦ ਨੂੰ ਨ = ਨਹੀਂ ਜਾਣਿਆ।

## ਵਿਣੁ ਨਾਵੈ ਦੁਖੁ ਪਾਇ; ਆਵਣ ਜਾਣਿਆ ॥

ਹੇ ਪਰਮੇਸ਼ਰ! ਤੇਰੇ ਨਾਵੈ = ਨਾਮ ਜਪੇ ਤੋਂ ਵਿਣੁ = ਬਗ਼ੈਰ ਮਨਮੁਖ ਪੁਰਖ ਦੁਖੁ = ਕਸਟ ਪਾਇ = ਪਾਉਂਦੇ ਹਨ ਜਿਸ ਕਰਕੇ ਜਨਮ ਧਾਰ ਕੇ ਆਵਣ = ਆਉਂਦੇ ਤੇ ਮਰ ਕੇ ਪ੍ਰਲੋਕ ਨੂੰ ਚੱਲੇ ਜਾਂਦੇ ਹਨ।

## ਨਾਨਕ ਪਾਰਖੁ ਆਪਿ; ਜਿਨਿ ਖੋਟਾ ਖਰਾ ਪਛਾਣਿਆ ॥੧੩॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪਰਮੇਸ਼ਰ ! ਤੂੰ ਆਪ ਹੀ ਸਰਾਫ਼ ਦੀ ਨਿਆਈਂ ਪਾਰਖੁ = ਪਰਖਣ ਵਾਲਾ ਹੈਂ, ਜਿਨਿ = ਜਿਸ ਨੇ ਖੋਟਾ = ਮਾੜਾ ਖਰਾ = ਚੰਗਾ ਭਾਵ ਪਾਪੀ ਪੁੰਨੀ ਨੂੰ ਪਛਾਣਿਆ ਹੈ ॥੧੩॥

## ਸਲੋਕੁ ਮ: ੧ ॥

ਹੁਣ ਇਸ ਸ਼ਬਦ ਵਿਚ ਸਰਬ ਸ਼ਕਤੀਮਾਨ ਪਰਮੇਸ਼ਰ ਦੀ ਸਮਰੱਥਾ ਵਰਣਨ ਕਰਦੇ ਹਨ ਕਿ ਜੇਕਰ ਉਹ ਚਾਹੇ ਤਾਂ ਇਹੋ ਜਿਹੀਆਂ ਅਣਹੋਣੀਆਂ ਗੱਲਾਂ ਵੀ ਕਰ ਸਕਦਾ ਹੈ।

## ਸੀਹਾ ਬਾਜਾ ਚਰਗਾ ਕੁਹੀਆ; ਏਨਾ ਖਵਾਲੇ ਘਾਹ ॥

ਸੀਹਾ = ਸ਼ੇਰਾਂ, ਬਾਜਾ = ਬਾਜਾਂ, ਚਰਗਾ = ਬਾਜ ਦੀ ਕਿਸਮ ਦੇ ਸ਼ਿਕਾਰੀ ਪੰਛੀਆਂ ਜਿਨ੍ਹਾਂ ਦੇ ਸਿਰ ਉੱਪਰ ਟੋਪੀ ਜਿਹੀ ਅਤੇ ਚੁੰਝ ਚੌੜੀ ਹੁੰਦੀ ਹੈ ਤੇ ਕੁਹੀਆ = ਬਾਜ ਦੀ ਹੀ ਕਿਸਮ ਦੇ ਇੱਲ ਵਰਗੇ ਆਕਾਰ ਦੀ ਤਰ੍ਹਾਂ ਤਿੱਖੀ ਚੁੰਝ ਵਾਲੇ ਸ਼ਿਕਾਰੀ ਪੰਛੀਆਂ ਆਦਿ ਏਨਾ = ਇਨ੍ਹਾਂ ਮਾਸਾਹਾਰੀ ਜੀਵਾਂ ਨੂੰ ਜੇਕਰ ਪਰਮੇਸ਼ਰ ਚਾਹੇ ਤਾਂ ਘਾਹ ਖਵਾਲੇ = ਖਵਾ ਸਕਦਾ ਹੈ।

**ਸਾਖੀ—ਭਾਈ ਬਿਧੀ ਚੰਦ ਅਤੇ ਸੁੰਦਰ ਸ਼ਾਹ ਜੀ ਦੀ :** ਗੁਰੂ ਨਾਨਕ ਸਾਹਿਬ ਜੀ ਨੇ ਇਸ ਕਥਨ ਨੂੰ ਛੇਵੇਂ ਅਤੇ ਦਸਵੇਂ ਜਾਮੇ ਵਿਚ ਪ੍ਰਤੱਖ ਕਰ ਵਿਖਾਇਆ। ਛੇਵੇਂ ਜਾਮੇ ਵਿਚ ਬਾਬਾ ਬਿਧੀ ਚੰਦ ਜੀ ਨੂੰ ਅਨੰਤ ਸ਼ਕਤੀਆਂ ਦਾ ਮਾਲਕ ਬਣਾ ਕੇ ਪ੍ਰਚਾਰ ਲਈ ਭੇਜਿਆ। ਜਦੋਂ ਯੂ.ਪੀ. ਦੇ ਇਲਾਕੇ ਦਿਓਲ ਨਗਰ

ਵਿਚ ਟਿਕਾਣਾ ਕੀਤਾ ਜਿਥੇ ਫ਼ਕੀਰ ਸੁੰਦਰ ਸ਼ਾਹ ਰਹਿੰਦਾ ਸੀ। ਭਾਈ ਬਿਧੀ ਚੰਦ ਨੂੰ ਡਰਾਉਣ ਵਾਸਤੇ ਸੁੰਦਰ ਸ਼ਾਹ ਸ਼ੇਰ ਉੱਤੇ ਸਵਾਰ ਹੋ ਕੇ ਆ ਗਿਆ। ਜਦੋਂ ਨੇੜੇ ਆਇਆ ਤਾਂ ਭਾਈ ਸਾਹਿਬ ਕੋਲ ਜਿਹੜੇ ਸੰਗੀ ਬੈਠੇ ਸਨ, ਉਹ ਤਾਂ ਡਰ ਕੇ ਦੌੜ ਗਏ। ਭਾਈ ਸਾਹਿਬ ਨੇ ਇਕ ਦ੍ਰਿਸ਼ਟੀ ਨਾਲ ਹੀ ਸ਼ੇਰ ਨੂੰ ਪੱਥਰ ਦੇ ਬੁੱਤ ਵਾਂਗ ਬਣਾ ਦਿੱਤਾ। ਜਦੋਂ ਸ਼ੇਰ ਹਰਕਤ ਕਰਨ ਜੋਗਾ ਨਾ ਰਿਹਾ ਤਾਂ ਸੁੰਦਰ ਸ਼ਾਹ ਨੇ ਭਾਈ ਸਾਹਿਬ ਦੇ ਚਰਨੀਂ ਡਿੱਗ ਕੇ ਮਾਫ਼ੀ ਮੰਗੀ ਕਿ ਮੇਰੀ ਗ਼ਲਤੀ ਹੈ। ਇਸ ਜੀਵ ਦੇ ਪ੍ਰਾਨ ਬਖ਼ਸ਼ੋ ਤਾਂ ਭਾਈ ਸਾਹਿਬ ਜੀ ਨੇ ਮੂਲ ਮੰਤਰ ਪੜ੍ਹ ਕੇ ਸ਼ੇਰ ਦੀ ਜੀਵਨ ਕਲਾ ਬਖ਼ਸ਼ੀ। ਸੁੰਦਰ ਸ਼ਾਹ ਨੂੰ ਕਿਹਾ ਕਿ ਤੁਸੀਂ ਫ਼ਕੀਰ ਹੋ ਕੇ ਮਾਸ-ਖੋਰੇ ਜਾਨਵਰ ਨੂੰ ਆਪਣੇ ਪਾਸ ਕਿਉਂ ਰੱਖਿਆ ਹੈ ? ਤਾਂ ਭਾਈ ਸਾਹਿਬ ਜੀ ਦੇ ਸਾਹਮਣੇ ਸ਼ੇਰ ਨੂੰ ਘਾਹ ਖਵਾ ਕੇ ਦਿਖਾਇਆ ਕਿ ਮੇਰਾ ਸ਼ੇਰ ਪਰਮਾਤਮਾ ਦੇ ਹੁਕਮ ਅਨੁਸਾਰ ਘਾਹ ਖਾ ਕੇ ਗੁਜ਼ਾਰਾ ਕਰ ਲੈਂਦਾ ਹੈ।

**ਸਾਖੀ—ਮਹੰਤ ਜੈਤ ਰਾਮ ਜੀ ਦੀ :** ਜਿਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦਾਦੂ ਦੁਆਰੇ (ਨਾਰਾਇਣੇ) ਰਾਜਸਥਾਨ ਪਹੁੰਚੇ ਤਾਂ ਉਥੋਂ ਦੇ ਮਹੰਤ ਜੈਤ ਰਾਮ ਜੀ ਨੇ ਬੇਨਤੀ ਕੀਤੀ ਕਿ ਮੇਰਾ ਲੰਗਰ ਪ੍ਰਵਾਨ ਕਰੋ ਤਾਂ ਗੁਰੂ ਜੀ ਨੇ ਕਿਹਾ ਕਿ ਸਾਡੇ ਨਾਲ ਮਾਸਾਹਾਰੀ ਜਾਨਵਰ ਹਨ। ਤੁਸੀਂ ਵੈਸ਼ਨਵ ਸਾਧ ਹੋ ਤਾਂ ਇਨ੍ਹਾਂ ਜੀਵਾਂ ਦਾ ਖਾਣਾ ਕਿਵੇਂ ਦਿਓਗੇ ? ਜੇਕਰ ਸਾਡੇ ਬਾਜ਼ ਭੁੱਖੇ ਰਹਿ ਗਏ ਤਾਂ ਸਾਡਾ ਖਾਣਾ ਕਿਸ ਅਰਥ ਹੈ ? ਤਾਂ ਜੈਤ ਰਾਮ ਨੇ ਬੇਨਤੀ ਕੀਤੀ ਕਿ ਆਪ ਜੀ ਦੇ ਵੱਡੇ ਗੁਰੂ ਸਾਹਿਬ ਦਾ ਇਹ ਕਥਨ ਹੈ ਕਿ ਮਾਸਹਾਰੀ ਜੀਵ ਪਰਮਾਤਮਾ ਦੀ ਕਿਰਪਾ ਨਾਲ ਘਾਹ ਵੀ ਖਾ ਸਕਦੇ ਹਨ। ਤੁਸੀਂ ਉਨ੍ਹਾਂ ਦਾ ਹੀ ਸਰੂਪ ਹੋ। ਪਹਿਲੇ ਜਾਮੇ ਦਾ ਕੀਤਾ ਹੋਇਆ ਕਥਨ ਸਕਾਰਥ ਕਰ ਦੇਵੋ ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਤੂੰ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿਚ ਬੇਨਤੀ ਕਰ। ਤੇਰੀ ਅਰਦਾਸ ਜ਼ਰੂਰ ਪ੍ਰਵਾਨ ਹੋਵੇਗੀ। ਜੈਤ ਰਾਮ ਜੀ ਨੇ ਬਾਜ਼ਾਂ ਦੇ ਅੱਗੇ ਖੜੋ ਕੇ ਬੇਨਤੀ ਕੀਤੀ ਕਿ ਹੇ ਗੁਰੂ ਕੇ ਬਾਜੋ ! ਸਾਧਾਂ ਦੀ ਮੋਠ ਬਾਜਰੀ ਹੀ ਕਬੂਲ ਕਰੋ। ਇਹ ਅਰਦਾਸ ਮਨਜ਼ੂਰ ਹੋਈ, ਬਾਜਾਂ ਨੇ ਮੋਠ ਬਾਜਰੀ ਖਾਧਾ। ਗੁਰੂ ਜੀ ਨੇ ਪਹਿਲੇ ਜਾਮੇ ਦਾ ਕੀਤਾ ਬਚਨ ਕਿ 'ਸੀਹਾ ਬਾਜਾ ਚਰਗਾ ਕੁਹੀਆ' ਨੂੰ ਘਾਹ ਖਵਾਣ ਦਾ ਬਚਨ ਪ੍ਰਤੱਖ ਕਰ ਵਿਖਾਇਆ।

## ਘਾਹੁ ਖਾਨਿ, ਤਿਨਾ ਮਾਸੁ ਖਵਾਲੇ; ਏਹਿ ਚਲਾਏ ਰਾਹ ॥

ਜੋ ਘਾਹ ਖਾਣ ਵਾਲੇ ਸ਼ਾਕਾਹਾਰੀ ਜੀਵ ਹਨ ਤਿਨਾ = ਉਨ੍ਹਾਂ ਨੂੰ ਪਰਮੇਸ਼ਰ ਮਾਸ ਖਵਾਲੇ = ਖਵਾ ਦਿੰਦਾ ਹੈ, ਇਉਂ ਪਰਮੇਸ਼ਰ ਏਹਿ = ਇਹੋ ਜਿਹੇ ਰਾਹ = ਰਸਤੇ ਚਲਾਏ = ਚਲਾ ਸਕਦਾ ਹੈ।

## ਨਦੀਆ ਵਿਚਿ ਟਿਬੇ ਦੇਖਾਲੇ; ਥਲੀ ਕਰੇ ਅਸਗਾਹ ॥

ਜੇਕਰ ਪਰਮੇਸ਼ਰ ਚਾਹੇ ਤਾਂ ਪਾਣੀ ਦੀਆਂ ਵਗਦੀਆਂ ਨਦੀਆਂ ਵਿਚ ਖੁਸ਼ਕ ਟਿੱਬੇ ਦੇਖਾਲੇ = ਦਿਖਾ ਸਕਦਾ ਹੈ ਅਤੇ ਥਲੀ = ਮਾਰੂਥਲਾਂ ਵਿਚ ਅਸਗਾਹ = ਅਥਾਹ ਡੂੰਘਾ ਪਾਣੀ ਖੜ੍ਹਾ ਕਰੇ = ਕਰ ਸਕਦਾ ਹੈ।

## ਕੀੜਾ ਥਾਪਿ ਦੇਇ ਪਾਤਿਸਾਹੀ; ਲਸਕਰ ਕਰੇ ਸੁਆਹ ॥

ਜੇਕਰ ਪਰਮੇਸ਼ਰ ਚਾਹੇ ਤਾਂ ਕੀੜੇ ਦੀ ਨਿਆਈਂ ਤੁੱਛ ਜੀਵ ਨੂੰ ਪਾਤਿਸਾਹੀ = ਬਾਦਸ਼ਾਹ ਦੀ ਗੱਦੀ ਉੱਤੇ ਥਾਪਿ = ਸਥਾਪਤ ਕਰ ਦੇਇ = ਦਿੰਦਾ ਹੈ। ਅਤੇ ਪਾਤਸ਼ਾਹਾਂ ਦੀਆਂ ਲਸਕਰ = ਫੌਜ਼ਾਂ ਨੂੰ ਸੁਆਹ ਕਰੇ = ਕਰ ਦਿੰਦਾ ਹੈ।

**ਸਾਖੀ—ਹੋਲਾਂ ਵਾਲੇ ਬੱਚੇ ਦੀ :** ਇਕ ਦਿਨ ਗੁਰੂ ਨਾਨਕ ਸਾਹਿਬ ਜੀ ਸ਼ਾਮ ਦੇ ਵਕਤ ਭਾਈ ਬਾਲੇ ਅਤੇ ਮਰਦਾਨਾ ਜੀ ਦੇ ਸਮੇਤ ਇਕ ਜ਼ਿਮੀਂਦਾਰ ਦੇ ਛੋਲਿਆਂ ਦੇ ਖੇਤ ਕੋਲ ਬੈਠ ਗਏ। ਮਰਦਾਨੇ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਜੀ ! ਬਹੁਤ ਭੁੱਖ ਲੱਗੀ ਹੋਈ ਹੈ। ਜੇਕਰ ਆਗਿਆ ਦੇਵੋ ਤਾਂ ਨਗਰ ਵਿਚ ਜਾ ਕੇ ਰੋਟੀ ਖਾ ਆਵਾਂ ਤੇ ਆਪ ਜੀ ਵਾਸਤੇ ਵੀ ਲੈ ਆਵਾਂ। ਤਾਂ ਗੁਰੂ ਸਾਹਿਬ ਜੀ ਨੇ ਕਿਹਾ ਕਿ ਮਰਦਾਨਿਆ ! ਜੇਕਰ

ਕਰਮਾਂ ਵਿਚ ਹੋਈ ਤਾਂ ਰੋਟੀ ਇਥੇ ਹੀ ਆ ਜਾਵੇਗੀ। ਮਰਦਾਨਾ ਕਹਿਣ ਲੱਗਾ ਕਿ ਜੇ ਰੋਟੀ ਮੰਗ ਕੇ ਨਹੀਂ ਲਿਆਉਣੀ ਤਾਂ ਆਗਿਆ ਦੇਵੋ, ਛੋਲਿਆਂ ਦੇ ਬੂਟੇ ਪੁੱਟ ਕੇ ਹੋਲਾਂ ਬਣਾ ਲਵਾਂ ਤਾਂ ਮਹਾਰਾਜ ਨੇ ਕਿਹਾ ਕਿ ਮਰਦਾਨਿਆਂ! ਨਾ ਤੂੰ ਬੀਜ ਬੋਇਆ, ਨਾ ਇਸ ਨੂੰ ਪਾਣੀ ਦਿੱਤਾ। ਇਹ ਖਾਣਾ ਤਾਂ ਆਪਣੇ ਲਈ ਮੁਰਦਾਰ ਦੇ ਖਾਣ ਤੁੱਲ ਹੈ ਕਿਉਂਕਿ ਇਹ ਪਰਾਇਆ ਹੱਕ ਹੈ। ਬਸ ਤੂੰ ਸਿਮਰਨ ਕਰ, ਆਪਾਂ ਕਰਤਾਰ ਦਾ ਜੱਸ ਕੀਰਤਨ ਕਰਦੇ ਹਾਂ। ਗੁਰੂ ਸਾਹਿਬ ਕੀਰਤਨ ਕਰਨ ਲੱਗ ਪਏ। ਉਸ ਖੇਤ ਦੇ ਮਾਲਕ (ਜ਼ਿਮੀਂਦਾਰ) ਦੇ ਨੌਜਵਾਨ ਪੁੱਤਰ ਨੇ ਸਾਧੂ ਸਮਝ ਕੇ ਛੋਲਿਆਂ ਦੇ ਬੂਟੇ ਪੁੱਟੇ ਅਤੇ ਅੱਗ ਬਾਲ ਕੇ ਹੋਲਾਂ ਤਿਆਰ ਕਰ ਦਿੱਤੀਆਂ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿਚ ਭੇਟ ਕਰ ਦਿੱਤੀਆਂ। ਫਿਰ ਬੇਨਤੀ ਕੀਤੀ ਕਿ ਮਹਾਰਾਜ ਜੀ! ਸ਼ਾਮ ਪੈ ਰਹੀ ਹੈ। ਮੈਨੂੰ ਆਗਿਆ ਦੇਵੋ ਮੈਂ ਆਪ ਜੀ ਵਾਸਤੇ ਅਨੇਕ ਤਰ੍ਹਾਂ ਦੇ ਪਦਾਰਥ ਤਿਆਰ ਕਰਵਾ ਕੇ ਲਿਆਂਦਾ ਹਾਂ ਅਤੇ ਆਰਾਮ ਕਰਨ ਲਈ ਮੰਜਾ ਬਿਸਤਰਾ ਵੀ ਲਿਆਉਂਦਾ ਹਾਂ। ਗੁਰੂ ਜੀ ਨੇ ਕਿਹਾ, ਜੈਸਾ ਕਿ :

**ਸਥਰ ਤੇਰਾ ਲੇਫ ਨਿਹਾਲੀ। ਭਾਉ ਤੇਰਾ ਪਕਵਾਨ।**
**ਨਾਨਕ ਸਿਫਤੀ ਰਜਿਆ ਆਉ ਬਹੋ ਸੁਲਤਾਨ॥** *(ਜਨਮਸਾਖੀ)*

ਤੇਰੇ ਪ੍ਰੇਮ ਦਾ ਸਥਰ = ਘਾਹ ਵਿਛੌਣਾ ਹੀ ਸਾਡੇ ਲਈ ਲੇਫ ਨਿਹਾਲੀ ਦੀ ਨਿਆਈਂ ਹੈ ਅਤੇ ਪ੍ਰੇਮ ਨਾਲ ਲਿਆਂਦੀਆਂ ਹੋਲਾਂ ਹੀ ਤੇਰੇ ੩੬ ਪ੍ਰਕਾਰ ਦੇ ਭੋਜਨ ਦੀ ਨਿਆਈਂ ਹਨ। ਆਉ ਬੈਠੋ ਰਲ-ਮਿਲ ਕੇ ਪਰਮਾਤਮਾ ਦੀ ਸਿਫ਼ਤ ਕਰੀਏ। ਪਰਮਾਤਮਾ ਦੀ ਸਿਫ਼ਤ ਕਰਨ ਵਾਲਾ ਬਾਦਸ਼ਾਹ ਹੁੰਦਾ ਹੈ। ਜੈਸਾ ਕਿ :

**ਜਿਸਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥੨੫॥** *(ਜਪੁ ਜੀ ਸਾਹਿਬ, ਅੰਗ ੫)*

ਤੂੰ ਵੀ ਪਰਮਾਤਮਾ ਦੀ ਸਿਫ਼ਤ ਵਿਚ ਸਾਡੇ ਨਾਲ ਬੈਠ। ਉਸੇ ਰਾਤ ਉਸੇ ਨਗਰੀ ਦਾ ਬਾਦਸ਼ਾਹ ਮਿਰਤੂ ਨੂੰ ਪ੍ਰਾਪਤ ਹੋ ਗਿਆ। ਰਾਜੇ ਦੇ ਔਲਾਦ ਨਾ ਹੋਣ ਕਰਕੇ ਧਰਮ ਸੰਕਟ ਖੜਾ ਹੋ ਗਿਆ ਕਿ ਰਾਜਗੱਦੀ ਨਹੀਂ ਸੁੰਨੀ ਛੱਡੀ ਜਾ ਸਕਦੀ। ਜੇ ਵਜ਼ੀਰਾਂ ਵਿੱਚੋਂ ਕੋਈ ਗੱਦੀ ਉੱਤੇ ਬੈਠਦਾ ਹੈ ਤਾਂ ਨਰਕਗਾਮੀ ਹੁੰਦਾ ਹੈ। ਕਿਉਂਕਿ ਵਜ਼ੀਰਾਂ ਦਾ ਧਰਮ ਗੱਦੀ ਉੱਤੇ ਬੈਠਣ ਦਾ ਹੱਕ ਨਹੀਂ, ਇਸ ਲਈ ਉਨ੍ਹਾਂ ਨੇ ਫ਼ੈਸਲਾ ਰੱਬ ਉੱਤੇ ਛੱਡ ਦਿੱਤਾ। ਸੰਮਤੀ ਕੀਤੀ ਕਿ ਨਗਰੀ ਦੇ ਚਾਰੇ ਦਰਵਾਜ਼ੇ ਬੰਦ ਕਰ ਦਿੱਤੇ ਜਾਣ ਤੇ ਪਹਿਰਾ ਲਾ ਦਿੱਤਾ ਜਾਵੇ। ਸਵਾ ਪਹਿਰ ਰਾਤ ਰਹਿੰਦੀ ਜਿਹੜਾ ਉਸ ਪੂਰਬ ਵਾਲੇ ਦਰਵਾਜ਼ੇ ਦੇ ਅੱਗੇ ਦਰਵਾਜ਼ਾ ਖੋਲ੍ਹਦਿਆਂ ਹੀ ਵਿਅਕਤੀ ਮਿਲੇ, ਉਸ ਨੂੰ ਆਪਣਾ ਬਾਦਸ਼ਾਹ ਮੰਨ ਕੇ ਸਵੀਕਾਰ ਕਰ ਲਿਆ ਜਾਵੇ ਕਿ ਪਰਮੇਸ਼ਰ ਵੱਲੋਂ ਹੀ ਸਾਡੇ ਲਈ ਬਾਦਸ਼ਾਹ ਭੇਜਿਆ ਗਿਆ ਹੈ। ਅੱਧੀ ਰਾਤ ਤੋਂ ਬਾਅਦ ਮਹਾਰਾਜ ਜੀ ਨੇ ਉਸ ਬੱਚੇ ਨੂੰ ਘਰ ਜਾਣ ਦੀ ਆਗਿਆ ਦਿੱਤੀ। ਉਹ ਪੂਰਬ ਵਾਲੇ ਦਰਵਾਜ਼ੇ ਦੇ ਅੱਗੇ ਆ ਕੇ ਖੜਾ ਹੋ ਗਿਆ। ਜਦੋਂ ਦਰਵਾਜ਼ਾ ਖੁੱਲ੍ਹਿਆ ਤਾਂ ਉਹ ਗ਼ਰੀਬ ਕਿਸਾਨ ਦਾ ਲੜਕਾ ਖੜਾ ਮਿਲਿਆ। ਉਸ ਨੂੰ ਇਸ਼ਨਾਨ ਕਰਵਾ ਕੇ ਰਾਜ ਦਾ ਤਿਲਕ ਦੇ ਦਿੱਤਾ ਤੇ ਫਿਰ ਰਾਜੇ ਦਾ ਸਸਕਾਰ ਉਸ ਦੇ ਹੱਥੀਂ ਕਰਵਾਇਆ। ਉਸ ਲੜਕੇ ਨੇ ਲੋਕਾਂ ਨੂੰ ਦੱਸਿਆ ਕਿ ਉਹ ਤਾਂ ਕੀੜੇ ਦੀ ਨਿਆਈਂ ਤੁੱਛ ਮਾਤਰ ਸੀ, ਇਹ ਪਾਤਸ਼ਾਹੀ ਸਥਾਪਤ ਕਰਨ ਵਾਲਾ ਤਾਂ ਬਾਹਰ ਬੈਠਾ ਹੈ ਜਿਸ ਨੇ ਹੋਲਾਂ ਬਦਲੇ ਮੈਨੂੰ ਬਾਦਸ਼ਾਹੀ ਦਿੱਤੀ ਹੈ। ਮਹਾਰਾਜ ਦੇ ਚਰਨਾਂ ਵਿਚ ਜਾ ਕੇ ਨਮਸਕਾਰ ਕੀਤੀ ਕਿ ਮਹਾਰਾਜ ਜੀ! ਇਹ ਬਾਦਸ਼ਾਹੀ ਤੁਸੀਂ ਹੀ ਮੈਨੂੰ ਬਖ਼ਸ਼ਣਾ ਕੀਤੀ ਹੈ। ਮਹਾਰਾਜ ਕਹਿਣ ਲੱਗੇ ਕਿ ਉਹ ਨਿਰੰਕਾਰ ਤੇਰੇ ਵਰਗੇ ਗ਼ਰੀਬਾਂ ਨੂੰ ਜੋ ਸਮਾਜ ਵਿਚ ਕੀਟਵਤ ਭਾਵ ਛੋਟੇ ਹਨ, ਉਨ੍ਹਾਂ ਨੂੰ ਪਾਤਸ਼ਾਹੀਆਂ ’ਤੇ ਸਥਾਪਤ ਕਰ ਦਿੰਦਾ ਹੈ।

ਇਸੇ ਤਰ੍ਹਾਂ ‘ਸ੍ਰੀ ਨਰਾਇਣ ਹਰੀ ਉਪਦੇਸ਼’ ਗ੍ਰੰਥ ਵਿਚ ਇਕ ਮਾਈ ਕੀੜੀ ਭਗਤਣੀ ਦੀ ਵਾਰਤਾ ਆਉਂਦੀ ਹੈ। ਉਸ ਦੇ ਪੁੱਤਰ ਨੂੰ ਭਗਤੀ ਦੇ ਕਾਰਨ ਪਰਮੇਸ਼ਰ ਨੇ ਪਾਤਸ਼ਾਹੀ ਬਖ਼ਸ਼ਿਸ਼ ਕੀਤੀ ਸੀ। ਇਸੇ ਪ੍ਰਕਾਰ ਸੱਤਵੇਂ ਪਾਤਸ਼ਾਹ ਨੇ ਕਾਲੇ ਦੇ ਭਤੀਜਿਆਂ ਨੂੰ ਜਿਨ੍ਹਾਂ ਦਾ ਨਾਮ ਫੂਲ ਅਤੇ ਸੰਦਲੀ ਸੀ, ਪੇਟੋਂ ਭੁੱਖੇ

ਹੋਣ ਕਾਰਨ ਉਹਨਾਂ ਢਿੱਡ ਵਜਾਏ ਸਨ ਤਾਂ ਸੱਤਵੇਂ ਪਾਤਸ਼ਾਹ ਨੇ ਬਖ਼ਸ਼ਿਸ਼ ਕਰਕੇ ਇਕ ਕੀਟਵਤ ਜੋ ਗ਼ਰੀਬ ਢਿੱਡੋਂ ਭੁੱਖੇ ਅਤੇ ਮਾਂ ਬਾਪ ਤੋਂ ਵਾਂਝੇ ਸਨ, ਉਨ੍ਹਾਂ ਨੂੰ ਪਾਤਸ਼ਾਹੀਆਂ ਬਖ਼ਸ਼ਿਸ਼ ਕੀਤੀਆਂ। ਫੂਲ ਦੀ ਵੰਸ਼ ਵਾਲੇ ਪਟਿਆਲੇ ਅਤੇ ਸੰਦਲੀ ਦੀ ਵੰਸ਼ ਵਾਲੇ ਨਾਭੇ ਦੇ ਰਾਜੇ ਭਾਵ ਬਾਦਸ਼ਾਹ ਬਣਾ ਦਿੱਤੇ। ਜੋ ਜੈਦ ਪੁਰਾਣੇ ਵਰਗੇ ਚੜ੍ਹ ਕੇ ਆਏ, ਉਨ੍ਹਾਂ ਦੇ ਲਸ਼ਕਰ ਸੁਆਹ ਕਰ ਦਿੱਤੇ।

## ਦੂਸਰਾ ਅਰਥ

**ਸੀਹਾ ਬਾਜਾ ਚਰਗਾ ਕੁਹੀਆ; ਏਨਾ ਖਵਾਲੇ ਘਾਹ ॥**

ਸੀਹਾ = ਸ਼ੇਰ ਦੀ ਨਿਆਈਂ ਬਾਦਸ਼ਾਹ, ਬਾਜ਼ਾਂ ਦੀਆਂ ਵਜ਼ੀਰ, ਚਰਗਾਂ ਦੀ ਨਿਆਈਂ ਬਖ਼ਸ਼ੀ, (ਫ਼ੌਜ ਨੂੰ ਖ਼ਜ਼ਾਨਾ ਦੇਣ ਵਾਲੇ ਨੂੰ ਬਖ਼ਸ਼ੀ ਕਹਿੰਦੇ ਹਨ) ਕੁਹੀਆਂ ਦੀ ਨਿਆਈਂ ਦੀਵਾਨ ਆਦਿ ਇਹ ਸਾਰੇ ਵੱਢੀਆਂ ਲੈਣ ਰੂਪੀ ਲੋਕਾਂ ਦਾ ਮਾਸ ਖਾਂਦੇ ਹਨ **ਵਾ:** ਪ੍ਰਤੱਖ ਵੀ ਛੱਤੀ ਪ੍ਰਕਾਰ ਦੇ ਸੁਆਦਲੇ ਭੋਜਨ ਖਾਂਦੇ ਹਨ, ਜੇਕਰ ਪਰਮੇਸ਼ਰ ਚਾਹੇ ਤਾਂ ਇਨ੍ਹਾਂ ਸਾਰਿਆਂ ਨੂੰ ਘਾਹ ਖਵਾ ਸਕਦਾ ਹੈ ਭਾਵ ਇਤਨੀ ਭੈੜੀ ਹਾਲਤ ਕਰ ਸਕਦਾ ਹੈ ਕਿ ਘਾਹ ਖੋਦਣ ਵੀ ਲਾ ਸਕਦਾ ਹੈ। ਜੈਸਾ ਕਿ :

**ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ॥** *(ਆਸਾ ਦੀ ਵਾਰ, ਅੰਗ ੪੭੨)*

ਜਿਵੇਂ ਇਹੋ ਜਿਹੀ ਹਾਲਤ ਸ਼ਾਹ ਜਹਾਨ ਦੀ ਹੋਈ ਸੀ, ਜਦੋਂ ਸ਼ਾਹ ਜਹਾਨ ਨੂੰ ਕੈਦ ਕਰ ਕੇ ਨੌਰੰਗੇ ਦੇ ਹੁਕਮ ਨਾਲ ਆਗਰੇ ਤੋਂ ਦਿੱਲੀ ਲਿਆਂਦਾ, ਤਾਂ ਉਸ ਵੇਲੇ ਭੁੱਖ ਦੇ ਕਾਰਨ ਪਿਸ਼ਾਬ ਦੇ ਬਹਾਨੇ ਹਾਥੀ ਤੋਂ ਉਤਰ ਕੇ ਖੇਤ ਵਿਚ ਜਾ ਕੇ ਛੋਲਿਆਂ ਦੀ ਲੁੱਗ ਖਾਧੀ ਸੀ ਤੇ ਰੋਂਦਾ ਹੋਇਆ ਕਹਿਣ ਲੱਗਾ ਕਿ ਗੁਰੂ ਨਾਨਕ ਸਾਹਿਬ ਜੀ ਨੇ ਸੱਚ ਹੀ ਲਿਖਿਆ ਹੈ, ਮੈਂ ਅਗਿਆਨਪੁਣੇ ਵਿਚ ਉਨ੍ਹਾਂ 'ਤੇ ਸ਼ੰਕਾ ਕੀਤੀ ਸੀ ਕਿ ਬਾਦਸ਼ਾਹ ਘਾਹ ਕਿਵੇਂ ਖਾ ਸਕਦਾ ਹੈ ? ਜੇਕਰ ਇਹ ਵੀ ਲਿਖ ਦਿੰਦੇ ਕਿ ਤਰਸਦਿਆਂ ਨੂੰ ਘਾਹ ਵੀ ਨਸੀਬ ਨਹੀਂ ਹੁੰਦਾ ਤਾਂ ਉਹ ਵੀ ਸੱਚ ਹੀ ਹੁੰਦਾ।

**ਘਾਹੁ ਖਾਨਿ, ਤਿਨਾ ਮਾਸੁ ਖਵਾਲੇ; ਏਹਿ ਚਲਾਏ ਰਾਹ ॥**

ਘਾਹ ਵਾਲੇ ਜੀਵਾਂ ਦੀ ਨਿਆਈਂ ਜੋ ਸਤੋਗੁਣੀ ਭੋਜਨ ਖਾਣ ਵਾਲੇ ਹਨ, ਉਨ੍ਹਾਂ ਨੂੰ ਪਰਮੇਸ਼ਰ ਮਾਸ ਖਾਣ ਦੀ ਨਿਆਈਂ ਪਰਾਏ ਹੱਕਾਂ ਨੂੰ ਖਾਣ ਰੂਪ ਖ਼ੂਨ ਨਿਚੋੜਨ ਵਾਲੇ ਬਣਾ ਸਕਦਾ ਹੈ, ਇਸ ਰਸਤੇ ਉਹ ਪਰਮੇਸ਼ਰ ਚਲਾ ਸਕਦਾ ਹੈ।

**ਨਦੀਆ ਵਿਚਿ ਟਿਬੇ ਦੇਖਾਲੇ; ਥਲੀ ਕਰੇ ਅਸਗਾਹ ॥**

ਜੋ ਪੁਰਖ ਜਪ ਤਪ ਕਰਨ ਰੂਪੀ ਪਾਣੀਆਂ ਦੀਆਂ ਨਦੀਆਂ ਬਣੇ ਹੋਏ ਹਨ, ਜੇਕਰ ਪਰਮੇਸ਼ਰ ਚਾਹੇ ਤਾਂ ਉਨ੍ਹਾਂ ਨੂੰ ਟਿਬਿਆਂ ਦੀ ਨਿਆਈਂ ਨਾਸਤਿਕ ਕਰ ਸਕਦਾ ਹੈ, ਭਾਵ ਕਾਮ ਕ੍ਰੋਧ ਆਦਿ ਵਿਕਾਰਾਂ ਵਿਚ ਖੱਚਤ ਕਰ ਸਕਦਾ ਹੈ ਅਤੇ ਮਾਰੂਥਲਾਂ ਵੱਤ ਵਿਕਾਰੀ ਪੁਰਖਾਂ ਨੂੰ ਅਸਗਾਹ = ਡੂੰਘੇ ਬ੍ਰਹਮਾਨੰਦ ਰੂਪੀ ਪਾਣੀ ਦਾ ਰਸ ਲੈਣ ਵਾਲੇ ਕਰ ਸਕਦਾ ਹੈ।

**ਸਾਖੀ—ਇਕ ਰਾਜੇ ਤੇ ਮਹਾਤਮਾ ਦੀ :** ਇਸ ਵਿਚਾਰ ਦੀ ਇਕ ਸਾਖੀ ਹੈ ਕਿ ਇਕ ਬਾਦਸ਼ਾਹ ਸੀ। ਜਿਵੇਂ ਬਾਦਸ਼ਾਹ ਨੂੰ ਸ਼ਿਕਾਰ ਆਦਿਕ ਦਾ ਸੁਭਾਅ ਤਾਂ ਹੁੰਦਾ ਹੀ ਹੈ, ਇਸ ਬਾਦਸ਼ਾਹ ਨੂੰ ਵੀ ਸ਼ਿਕਾਰ ਖੇਡਣ ਦਾ ਸੁਭਾਅ ਸੀ। ਸ਼ਿਕਾਰ ਖੇਡਦੇ ਨੂੰ ਪਾਣੀ ਦੀ ਤ੍ਰੇਹ ਲੱਗੀ, ਪਰ ਜਲ ਸੇਵਕ ਪਿੱਛੇ ਰਹਿ ਗਿਆ। ਰਾਜੇ ਨੇ ਇਕ ਮਹਾਤਮਾ ਦਾ ਤਪ ਅਸਥਾਨ ਦੇਖਿਆ, ਉਥੇ ਮਹਾਤਮਾ ਸਮਾਧੀ ਵਿਚ ਬੈਠੇ ਸਨ। ਉਨ੍ਹਾਂ ਦੇ ਦਰਸ਼ਨ ਕੀਤੇ, ਉਨ੍ਹਾਂ ਦੇ ਜਲ ਪਾਤਰ ਵਿੱਚੋਂ ਜਲ ਛਕ ਕੇ ਪਿਆਸ ਬੁਝਾਈ। ਜਦੋਂ ਰਾਜੇ ਦਾ ਜਲ ਸੇਵਕ

ਆਇਆ ਤਾਂ ਉਸ ਪਾਸ ਗੁਲਾਬ ਦੀ ਸੁਗੰਧੀ ਵਾਲਾ ਪਾਣੀ ਸੀ ਉਹ ਪਾਣੀ ਮਹਾਤਮਾ ਦੇ ਪਾਤਰ ਵਿਚ ਪਾ ਦਿੱਤਾ। ਬਾਦਸ਼ਾਹ ਚਲਿਆ ਗਿਆ। ਉਸ ਜਲ ਦਾ ਐਸਾ ਅਸਰ ਹੋਇਆ ਕਿਉਂਕਿ ਜਲ ਉੱਤੇ ਤਪੱਸਵੀ ਮਹਾਤਮਾ ਦੇ ਤਿਆਗ ਦਾ ਪ੍ਰਭਾਵ ਸੀ। ਜਪੀ, ਤਪੀ ਹੋਣ ਕਰਕੇ ਨਾਮ ਦਾ ਪ੍ਰਭਾਵ ਸੀ ਅਤੇ ਬਾਦਸ਼ਾਹ ਦੇ ਪਾਣੀ ਉੱਤੇ ਬਾਦਸ਼ਾਹ ਦੇ ਰਾਜਸੀ ਅਤੇ ਵਿਸ਼ੇ-ਵਿਕਾਰਾਂ ਦਾ ਪ੍ਰਭਾਵ ਸੀ। ਹੁਣ ਦੋਹਾਂ ਨੇ ਬਦਲਿਆ ਹੋਇਆ ਪਾਣੀ ਪੀ ਲਿਆ। ਮਹਾਤਮਾ ਨੇ ਰਾਜੇ ਦਾ ਪਾਇਆ ਹੋਇਆ ਪਾਣੀ ਉਸ ਪਾਤਰ ਵਿੱਚੋਂ ਪੀ ਲਿਆ। ਮਹਾਤਮਾ ਦਾ ਪਾਣੀ ਰਾਜੇ ਨੇ ਪੀਤਾ ਹੋਇਆ ਸੀ। ਮਹਾਤਮਾ ਦੇ ਪਾਣੀ ਦਾ ਰਾਜੇ ਉੱਤੇ ਇਹ ਅਸਰ ਹੋਇਆ ਕਿ ਰਾਜੇ ਨੂੰ ਅਗਲੇ ਦਿਨ ਹੀ ਵੈਰਾਗ ਹੋ ਗਿਆ ਅਤੇ ਉਸੇ ਮਹਾਤਮਾ ਕੋਲ ਰਜੋ ਗੁਣ ਬਿਰਤੀ ਦਾ ਤਿਆਗ ਕਰਕੇ ਉਪਦੇਸ਼ ਲੈਣ ਲਈ ਮਹਾਤਮਾ ਦੇ ਚਰਨਾਂ ਵਿਚ ਪਹੁੰਚ ਗਿਆ। ਆ ਕੇ ਕਹਿਣ ਲੱਗਾ ਕਿ ਮੈਨੂੰ ਉਪਦੇਸ਼ ਦਿਉ। ਮੈਂ ਸੰਸਾਰ ਤੋਂ ਬਿਰੱਕਤ ਹੋ ਕੇ ਆਇਆ ਹਾਂ। ਇਧਰ ਤਪੱਸਵੀ ਮਹਾਤਮਾ ਨੂੰ ਰਾਜੇ ਦਾ ਗੁਲਾਬ ਦੀ ਸੁਗੰਧੀ ਵਾਲਾ ਪਾਣੀ ਪੀਣ ਕਰਕੇ ਰਾਜੇ ਵਾਲੇ ਹੀ ਰਾਜਸੀ ਖ਼ਿਆਲ ਅਤੇ ਵਿਸ਼ੇ-ਵਿਕਾਰ ਫੁਰ ਆਏ ਅਤੇ ਰਾਜ ਕਰਨ ਦੀ ਇੱਛਾ ਪੈਦਾ ਹੋਈ। ਮਹਾਤਮਾ ਨੇ ਰਾਜੇ ਨੂੰ ਦੀਕਸ਼ਾ ਦੇ ਕੇ ਦਕਸ਼ਣਾਂ ਵਿਚ ਸਾਰਾ ਰਾਜ ਹੀ ਮੰਗ ਲਿਆ ਅਤੇ ਰਾਜੇ ਨੇ ਦੀਕਸ਼ਾ ਲੈ ਕੇ ਦਕਸ਼ਣਾ ਵਿਚ ਸਾਰਾ ਰਾਜ ਹੀ ਭੇਟ ਕਰ ਦਿੱਤਾ। ਇਉਂ ਨਦੀਆਂ ਦੀ ਨਿਆਈਂ ਮਹਾਤਮਾ ਜੋ ਜਪ ਤਪ ਵਾਲਾ ਸੀ, ਉਹ ਸੰਸਾਰੀ ਬਿਰਤੀ ਵਾਲਾ ਬਣ ਗਿਆ ਅਤੇ ਜਿਹੜਾ ਰੱਬ ਦੇ ਪ੍ਰੇਮ ਰੂਪੀ ਪਾਣੀ ਵੱਲੋਂ ਥਲਾਂ ਦੀ ਨਿਆਈਂ ਖ਼ੁਸ਼ਕ ਸੀ, ਉਹ ਵੈਰਾਗ ਬਿਬੇਕ ਵਾਲਾ **ਵਾ:** ਪਰਮਾਤਮਾ ਦੇ ਪ੍ਰੇਮ ਵਾਲਾ ਅਥਾਹ ਡੂੰਘਾ ਦਰਿਆ ਬਣ ਗਿਆ।

**ਕੀੜਾ ਥਾਪਿ ਦੇਇ ਪਾਤਿਸਾਹੀ; ਲਸਕਰ ਕਰੇ ਸੁਆਹ ॥**

ਜੇ ਪਰਮੇਸ਼ਰ ਚਾਹੇ ਤਾਂ ਕੀੜੇ ਦੀ ਨਿਆਈਂ ਅਲਪੱਗ ਜੀਵ ਨੂੰ ਸਰੂਪ ਰੂਪੀ ਬਾਦਸ਼ਾਹੀ ਦੇ ਸਕਦਾ ਹੈ ਅਤੇ ਅਗਿਆਨ ਦੀ ਆਸੁਰੀ ਸੰਪਦਾ ਰੂਪੀ ਫੌਜ਼ ਨੂੰ ਗਿਆਨ ਅਗਨੀ ਦੁਆਰਾ ਸੁਆਹ ਕਰ ਸਕਦਾ ਹੈ।

## ਜੇਤੇ ਜੀਅ, ਜੀਵਹਿ ਲੈ ਸਾਹਾ; ਜੀਵਾਲੇ ਤਾ ਕਿ ਅਸਾਹ ॥

ਜੇਤੇ = ਜਿਤਨੇ ਵੀ ਜੀਵ ਹਨ, ਸਾਰੇ ਸਾਹਾ = ਸੁਆਸ ਲੈ ਕੇ ਜੀਵਹਿ = ਜਿਉਂਦੇ ਹਨ। ਜੇ ਪਰਮੇਸ਼ਰ ਚਾਹੇ ਤਾਂ ਅਸਾਹ[੧] = ਬਿਨਾਂ ਸਾਹਾਂ ਤੋਂ ਜੀਵਾਲੇ = ਜਿਉਂਦਾ ਰੱਖਣਾ ਚਾਹੇ ਤਾਂ ਕਿ = ਕੀ ਅਸਚਰਜਤਾਈ ਹੈ। ਜੈਸਾ ਕਿ :

**ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥** *(ਅੰਗ ੨੭੭)*

**ਸਾਖੀ—ਸੁਰਾਂਕ ਰਾਜੇ ਦੀ :** ਜਿਵੇਂ ਮਹਾਭਾਰਤ ਦੇ ਜੰਗ ਵਿਚ ਸੁਰਾਂਕ ਰਾਜੇ ਨੂੰ ਭਗਵਾਨ ਕ੍ਰਿਸ਼ਨ ਜੀ ਨੇ ਪੁੱਛਿਆ ਕਿ ਤੂੰ ਕਿਸ ਦੇ ਵੱਲ ਹੋਵੇਂਗਾ ? ਤਾਂ ਉਸ ਨੇ ਕਿਹਾ ਕਿ ਜਿਹੜਾ ਪਾਸਾ ਕਮਜ਼ੋਰ ਹੋਵੇਗਾ, ਮੈਂ ਉਸ ਵੱਲ ਹੋਵਾਂਗਾ। ਭਗਵਾਨ ਨੇ ਪੁੱਛਿਆ ਕਿ ਤੇਰੇ ਵਿਚ ਕਿੰਨੀ ਕੁ ਸ਼ਕਤੀ ਹੈ ? ਤਾਂ ਉਸ ਨੇ ਕਿਹਾ ਕਿ ਮੈਂ ਇਕ ਬੰਦੇ ਦੇ ਤੀਰ ਮਾਰਾਂਗਾ ਅਤੇ ਉਸ ਦੀ ਸਾਰੀ ਕੁੱਲ ਨਸ਼ਟ ਹੋ ਜਾਵੇਗੀ। ਕ੍ਰਿਸ਼ਨ ਜੀ ਕਹਿਣ ਲੱਗੇ ਕਿ ਅਜ਼ਮਾਇਸ਼ ਕਰਕੇ ਦੇਖਦੇ ਹਾਂ। ਸੁਰਾਕ ਰਾਜਾ ਕਹਿਣ ਲੱਗਾ ਕਿ ਜੇ ਪਿੱਪਲ ਦੇ ਪੱਤੇ ਵਿਚ ਤੀਰ ਮਾਰਾਂਗਾ ਤਾਂ ਪਿੱਪਲ ਦੇ ਸਾਰੇ ਪੱਤੇ ਛਾਨਣੀ ਹੋ ਜਾਣਗੇ ਤਾਂ ਭਗਵਾਨ ਕ੍ਰਿਸ਼ਨ ਜੀ ਨੇ ਕੁਝ ਪੱਤੇ ਤੋੜ ਕੇ ਪੈਰਾਂ ਹੇਠਾਂ ਦੱਬ ਲਏ, ਕੁਝ ਹੱਥ ਵਿਚ ਫੜ ਲਏ। ਜਦੋਂ ਉਸ ਨੇ ਇਕ ਪੱਤੇ ਵਿਚ ਤੀਰ ਮਾਰਿਆ ਤਾਂ ਪਿੱਪਲ ਦੇ ਸਾਰੇ ਪੱਤੇ ਪਾਟ ਗਏ। ਭਗਵਾਨ ਕ੍ਰਿਸ਼ਨ ਕਹਿਣ ਲੱਗੇ ਕਿ ਪੱਤੇ ਮੇਰੇ ਪੈਰਾਂ ਹੇਠ ਅਤੇ ਹੱਥ ਵਿਚ ਹੀ ਹਨ। ਜਦੋਂ ਦੇਖੇ ਤਾਂ ਉਹ ਵੀ ਪਾਟੇ ਹੋਏ ਸਨ। ਕ੍ਰਿਸ਼ਨ ਜੀ ਨੇ ਸੋਚਿਆ ਕਿ ਜੇਕਰ ਇਹ ਕੌਰਵਾਂ ਵੱਲ ਹੋ ਗਿਆ ਤਾਂ ਪਾਂਡਵਾਂ ਦੀ ਹਾਰ ਹੋ ਜਾਵੇਗੀ ਅਤੇ ਅਧਰਮ ਦੀ ਜਿੱਤ ਹੋ ਜਾਵੇਗੀ। ਇਸ ਲਈ ਕੁਝ ਕਰਨਾ

---

੧. ਕਈ ਸੱਜਣ ਆਪਣੀ ਮੱਤ ਅਨੁਸਾਰ 'ਕਿਅ ਸਾਹ' ਪਾਠ ਕਰਦੇ ਹਨ ਜੋ ਸ਼ੁੱਧ ਨਹੀਂ ਹੈ।

ਪਵੇਗਾ। ਭਗਵਾਨ ਕ੍ਰਿਸ਼ਨ ਜੀ ਕਹਿਣ ਲੱਗੇ ਕਿ ਤੂੰ ਇਕੱਲਾ ਸੂਰਮਾ ਹੀ ਹੈਂ ਕਿ ਦਾਨੀ ਵੀ ਹੈਂ ? ਉਹ ਕਹਿਣ ਲੱਗਾ ਕਿ ਮੈਂ ਦਾਨੀ ਵੀ ਹਾਂ। ਭਗਵਾਨ ਕ੍ਰਿਸ਼ਨ ਜੀ ਨੇ ਕਿਹਾ ਕਿ ਕਿਤਨਾ ਕੁ ਵੱਡਾ ਦਾਨੀ ਹੈ ਉਸ ਨੇ ਕਿਹਾ ਕਿ ਮੈਂ ਆਪਣੇ ਸਿਰ ਤੱਕ ਵੀ ਦਾਨ ਦੇ ਸਕਦਾ ਹਾਂ ਤਾਂ ਭਗਵਾਨ ਕ੍ਰਿਸ਼ਨ ਜੀ ਨੇ ਆਪਣੀ ਝੋਲੀ ਫੈਲਾ ਲਈ ਤੇ ਕਿਹਾ ਕਿ ਹੇ ਰਾਜਨ ! ਮੈਨੂੰ ਆਪਣਾ ਸਿਰ ਦਾ ਦਾਨ ਦੇਣਾ ਕਰ ਤਾਂ ਉਸ ਨੇ ਕਿਹਾ ਕਿ ਮੇਰੀ ਜੰਗ ਦੇਖਣ ਦੀ ਇੱਛਾ ਹੈ। ਜੰਗ ਤੋਂ ਬਾਅਦ ਮੇਰਾ ਸਿਰ ਕੱਟ ਲੈਣਾ। ਭਗਵਾਨ ਜੀ ਕਹਿਣ ਲੱਗੇ ਕਿ ਤੇਰੀ ਇਹ ਇੱਛਾ ਮੈਂ ਪੂਰੀ ਕਰਾਂਗਾ। ਤੇਰੇ ਕੱਟੇ ਹੋਏ ਸਿਰ ਵਿਚ ਪ੍ਰਾਣ ਰਹਿਣਗੇ। ਤਾਂ ਉਸ ਨੇ ਆਪਣਾ ਸਿਰ ਦਾਨ ਕਰ ਦਿੱਤਾ। ਭਗਵਾਨ ਜੀ ਨੇ ਇਕ ਬਾਂਸ ਗੱਡ ਕੇ ਉਸ ਉੱਤੇ ਉਸ ਦਾ ਸਿਰ ਟੰਗ ਦਿੱਤਾ। ਉਸ ਨੇ ਸਾਰਾ ਜੰਗ ਇਕੱਲੇ ਸਿਰ ਨਾਲ ਹੀ ਦੇਖਿਆ। ਬਾਅਦ ਵਿਚ ਉਸ ਨੇ ਉਗਾਹੀ ਦਿੱਤੀ ਸੀ ਕਿ ਜੰਗ ਕ੍ਰਿਸ਼ਨ ਜੀ ਨੇ ਜਿੱਤਿਆ ਹੈ। ਇਉਂ ਬਿਨਾਂ ਸਾਹਾਂ ਤੋਂ ਪਰਮਾਤਮਾ ਜਿਉਂਦਾ ਰੱਖ ਸਕਦਾ ਹੈ।

## ਨਾਨਕ ਜਿਉ ਜਿਉ ਸਚੇ ਭਾਵੈ; ਤਿਉ ਤਿਉ ਦੇਇ ਗਿਰਾਹ ॥੧॥

ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਜਿਉ ਜਿਉ = ਜਿਵੇਂ ਜਿਵੇਂ ਉਸ ਸੱਚੇ ਵਾਹਿਗੁਰੂ ਨੂੰ ਭਾਵੈ = ਭਾਉਂਦਾ ਹੈ, ਤਿਉ ਤਿਉ = ਤਿਵੇਂ ਤਿਵੇਂ ਹੀ ਗਿਰਾਹ = ਭੋਜਨ ਦੀਆਂ ਗਰਾਹੀਆਂ ਦੇਇ = ਦਿੰਦਾ ਹੈ ॥੧॥

## ਮ: ੧ ॥

ਹੁਣ ਸ੍ਰਿਸ਼ਟੀ ਦੇ ਜੀਵਾਂ ਦੀ ਛੇ ਥਾਂ 'ਤੇ ਵੰਡ ਕਰਕੇ ਉਨ੍ਹਾਂ ਦੇ ਅਹਾਰ ਦਾ ਕਥਨ ਕਰਦੇ ਹਨ, ਜਿਨ੍ਹਾਂ ਵਿਚ ਪਹਿਲਾਂ ਸ਼ਾਕਾਹਾਰੀ ਅਤੇ ਮਾਸਾਹਾਰੀ ਦਾ ਕਥਨ ਹੈ।

## ਇਕਿ ਮਾਸਹਾਰੀ; ਇਕਿ ਤ੍ਰਿਣੁ ਖਾਹਿ ॥

ਇਕ ਮਾਸਹਾਰੀ = ਮਾਸ ਖਾਣ ਵਾਲੇ ਸ਼ੇਰ, ਬਘਿਆੜ, ਗਿੱਦੜ, ਕੁੱਤੇ ਆਦਿਕ ਜਾਨਵਰ ਹਨ ਜੋ ਮਾਸ ਦਾ ਹੀ ਅਹਾਰ ਕਰਦੇ ਹਨ। ਇਕ ਤ੍ਰਿਣੁ = ਘਾਹ ਖਾਹਿ = ਖਾਣ ਵਾਲੇ ਮਿਰਗ, ਘੋੜੇ, ਗਾਵਾਂ, ਮੱਝਾਂ, ਬੱਕਰੀਆਂ ਆਦਿ ਜਾਨਵਰ ਹਨ ਜੋ ਘਾਹ ਆਦਿ ਦਾ ਹੀ ਅਹਾਰ ਕਰਦੇ ਹਨ।

## ਇਕਨਾ; ਛਤੀਹ ਅੰਮ੍ਰਿਤ ਪਾਹਿ ॥

ਇਕ ਛਤੀਹ = ੩੬ ਪ੍ਰਕਾਰ ਦੇ ਅੰਮ੍ਰਿਤ ਰੂਪੀ ਭੋਜਨ ਪਾਹਿ = ਪ੍ਰਾਪਤ ਕਰਕੇ ਖਾਂਦੇ ਹਨ ਜਿਨ੍ਹਾਂ ਵਿਚ ਮਨੁੱਖ ਆਉਂਦੇ ਹਨ। ਜੈਸਾ ਕਿ :

**ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥** *(ਅੰਗ ੨੬੯)*

## ਇਕਿ ਮਿਟੀਆ ਮਹਿ; ਮਿਟੀਆ ਖਾਹਿ ॥

ਇਕ ਮਿਟੀਆ = ਮਿੱਟੀ ਮਹਿ = ਵਿਚ ਰਹਿਣ ਵਾਲੇ ਸੱਪ, ਗੰਡੋਏ ਆਦਿਕ ਜੀਵ ਮਿੱਟੀ ਹੀ ਖਾਂਦੇ ਹਨ।

## ਇਕਿ ਪਉਣ ਸੁਮਾਰੀ; ਪਉਣ ਸੁਮਾਰਿ ॥

ਇਕ ਪਉਣ = ਸੁਆਸਾਂ ਦੀ ਸੁਮਾਰੀ = ਗਿਣਤੀ ਕਰਨ ਵਾਲੇ ਭਾਵ ਸੁਆਸਾਂ ਨੂੰ ਚੜ੍ਹਾਉਣ ਵਾਲੇ ਪੌਣਾਹਾਰੀ ਜੋਗੀ ਪਉਣ = ਸੁਆਸਾਂ ਦੀ ਹੀ ਸੁਮਾਰੀ = ਗਿਣਤੀ ਵਿਚ ਲੱਗੇ ਰਹਿੰਦੇ ਹਨ, ਭਾਵ ਪ੍ਰਾਣਾਯਾਮ ਆਦਿ ਸਾਧਦੇ ਰਹਿੰਦੇ ਹਨ **ਵਾ:** ਪਉਣ ਸੁਮਾਰਿ (ਸੁ+ਮਾਰਿ) ਪੌਣ ਨੂੰ ਹੀ ਸੁ = ਭਲੀ ਪ੍ਰਕਾਰ ਖਾਣਾ ਕਰਦੇ ਹਨ **ਵਾ:** ਇਕ ਪੌਣਾਹਾਰੀ ਪੁਰਸ਼ ਪਉਣ ਦੀ ਹੀ ਸੁਮਾਰਿ = ਗਿਣਤੀ ਕਰਨ ਵਾਲੇ ਹਨ, ਭਾਵ ਉਨ੍ਹਾਂ ਦੀ ਖ਼ੁਰਾਕ ਪੌਣ ਹੀ ਹੈ। ਪੌਣ ਹੀ ਭਖਸ਼ਣ ਕਰਦੇ ਹਨ।

ਜਿਵੇਂ ਹੈਦਰਾਬਾਦ ਦੇ ਇਕ ਪੁਰਸ਼ ਦੀ ਪੂਰੇ ਸੰਸਾਰ ਵਿਚ ਖ਼ਬਰ ਫੈਲੀ, ਜਿਸ ਨੇ ੫੦ ਸਾਲਾਂ ਤੋਂ ਕੁਝ ਖਾਧਾ ਨਹੀਂ ਸੀ ਅਤੇ ਬਹੁਤ ਸਾਲਾਂ ਤੱਕ ਪਾਣੀ ਵੀ ਨਹੀਂ ਪੀਤਾ। ਡਾਕਟਰਾਂ ਨੇ ਕੈਮਰੇ ਲਾ ਕੇ ਕਈ ਦਿਨ ਉਸ ਦੇ ਸਰੀਰ ਨੂੰ ਚੈੱਕ ਕੀਤਾ। ਆਖ਼ਰ ਡਾਕਟਰਾਂ ਨੇ ਇਕ ਰੀਪੋਰਟ ਦਿੱਤੀ ਕਿ ਇਸ ਨੂੰ ਸਾਰੀ ਖ਼ੁਰਾਕ ਹਵਾ ਵਿੱਚੋਂ ਹੀ ਮਿਲ ਰਹੀ ਹੈ। ਰਾਜਸਥਾਨ ਦੀ ਇਕ ਮਾਈ ਬਾਲਾ ਸਤੀ ਜਿਸ ਨੇ ੩੫-੪੦ ਸਾਲ ਅੰਨ ਦਾ ਦਾਣਾ ਤਾਂ ਕੀ, ਪਾਣੀ ਦੀ ਬੂੰਦ ਵੀ ਮੂੰਹ ਵਿਚ ਨਹੀਂ ਪਾਈ ਸੀ। ਨਾ ਹੀ ਉਸ ਨੂੰ ਕੋਈ ਮਲਮੂਤਰ ਦੀ ਕਿਰਿਆ ਹੁੰਦੀ ਸੀ। ਉਸ ਵੇਲੇ ਹਿੰਦੁਸਤਾਨ ਦਾ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਸੀ। ਡਾਕਟਰਾਂ ਦੀ ਟੀਮ ਨੇ ਉਸ ਬੀਬੀ ਨੂੰ ਵੀ ਟੈਸਟ ਕੀਤਾ ਸੀ ਕਿ ਇਸ ਨੂੰ ਜਿਉਂਦੇ ਰਹਿਣ ਲਈ ਸਾਰੇ ਤੱਤ ਹਵਾ ਵਿੱਚੋਂ ਹੀ ਮਿਲ ਰਹੇ ਹਨ। ਇਸ ਪ੍ਰਕਾਰ ਪਰਮੇਸ਼ਰ ਪੌਣ ਦੁਆਰਾ ਹੀ ਜੀਵਾਂ ਨੂੰ ਜਿਉਂਦਾ ਰੱਖ ਸਕਦਾ ਹੈ, ਉਨ੍ਹਾਂ ਦਾ ਅਹਾਰ ਪੌਣ ਹੀ ਬਣ ਜਾਂਦੀ ਹੈ।

### ਦੂਸਰਾ ਅਰਥ

### ਇਕਿ ਮਾਸਹਾਰੀ; ਇਕਿ ਤ੍ਰਿਣੁ ਖਾਹਿ ॥

ਇਕ ਮਾਸਾਹਾਰੀ ਭਾਵ ਜ਼ਾਲਮ ਲੋਕ ਪਰਾਇਆ ਹੱਕ ਖਾਣ ਰੂਪ ਮਾਸ ਹੀ ਖਾਂਦੇ ਹਨ, ਇਕ ਕੱਖ ਆਦਿਕ ਦੀ ਨਿਆਈਂ ਸਤੋਗੁਣੀ ਭੋਜਨ ਖਾਂਦੇ ਹਨ।

**ਇਕਨਾ; ਛਤੀਹ ਅੰਮ੍ਰਿਤ ਪਾਹਿ ॥**

ਇਕ ਪੂਰਬਲੇ ਪੁੰਨਾਂ ਦਾ ਫਲ ਭੋਗਦੇ ਹੋਏ ਛੱਤੀ ਪ੍ਰਕਾਰ ਦੇ ਸਵਾਦਿਸ਼ਟ ਅੰਮ੍ਰਿਤ ਰੂਪ ਭੋਜਨ ਭਾਵ ਦੁੱਧ, ਦਹੀਂ, ਘੀ ਆਦਿ ਪਾਉਂਦੇ (ਖਾਂਦੇ) ਹਨ।

**ਇਕਿ ਮਿਟੀਆ ਮਹਿ; ਮਿਟੀਆ ਖਾਹਿ ॥**

ਇਕ ਮਿੱਟੀ ਵਿਚ ਹੀ ਮਿਲੇ ਰਹਿੰਦੇ ਹਨ, ਭਾਵ ਸਰੀਰ ਉਤੇ ਸੁਆਹ ਹੀ ਮਲਦੇ ਹਨ ਅਤੇ ਮਿਟੀ (ਸੁਆਹ) ਹੀ ਖਾਂਦੇ ਪੀਂਦੇ ਹਨ।

**ਇਕਿ ਪਉਣ ਸੁਮਾਰੀ; ਪਉਣ ਸੁਮਾਰਿ ॥**

ਇਕ ਜੋਗਾ ਅਭਿਆਸੀ ਜੋਗੀ ਜਨ ਪਉਣ ਦੀ ਗਿਣਤੀ ਕਰਨ ਵਾਲੇ ਪ੍ਰਾਣਾਯਾਮ ਦੁਆਰਾ ਸੁਆਸ ਉਤਾਰਨ ਚੜ੍ਹਾਉਣ ਦੀ ਗਿਣਤੀ ਹੀ ਕਰਦੇ ਰਹਿੰਦੇ ਹਨ ਅਰਥਾਤ ਇਤਨੀ ਵਾਰ ਸੋਹੰ ਦਾ ਜਾਪ ਕਰਕੇ ਪ੍ਰਾਣ ਚੜ੍ਹਾਉ, ਇਤਨੀ ਵਾਰ ਜਾਪ ਠਹਿਰਾਉ ਅਤੇ ਇਤਨੀ ਵਾਰ ਜਾਪ ਕਰਕੇ ਪ੍ਰਾਣ ਉਤਾਰੋ। ਇਸ ਨੂੰ ਰੇਚਕ, ਕੁੰਭਕ ਅਤੇ ਪੂਰਕ ਦੀ ਕਿਰਿਆ ਭੀ ਕਹਿੰਦੇ ਹਨ। ਇਉਂ ਪੌਣ ਦੀ ਗਿਣਤੀ ਕਰਦੇ ਰਹਿੰਦੇ ਹਨ।

## ਇਕਿ ਨਿਰੰਕਾਰੀ; ਨਾਮ ਆਧਾਰਿ ॥ ਜੀਵੈ ਦਾਤਾ; ਮਰੈ ਨ ਕੋਇ ॥

ਇਕ ਨਿਰੰਕਾਰ ਦੇ ਨਾਮ ਦੇ ਆਧਾਰਿ = ਆਸਰੇ ਹੀ ਰਹਿੰਦੇ ਹਨ ਅਤੇ ਉਨ੍ਹਾਂ ਦਾ ਐਸਾ ਨਿਸਚਾ ਹੈ ਕਿ ਸਾਰਿਆਂ ਨੂੰ ਰੋਜ਼ੀ ਦੇਣ ਵਾਲਾ ਦਾਤਾ ਪਰਮੇਸ਼ਰ ਸਦਾ ਹੀ ਜੀਵੈ = ਜਿਉਂਦਾ ਹੈ, ਉਸ ਦੇ ਹੁੰਦਿਆਂ ਕੋਇ = ਕੋਈ ਵੀ ਭੁੱਖਾ ਨ = ਨਹੀਂ ਮਰੈ = ਮਰਦਾ, ਭਾਵ ਪਰਾਲਬਧ ਕਰਕੇ ਭਾਵੇਂ ਕੋਈ ਭੁੱਖਾ ਮਰ ਜਾਵੇ, ਪਰ ਉਸ ਦੇ ਪ੍ਰਬੰਧ ਵਿਚ ਕੋਈ ਕਮੀ ਨਹੀਂ ਹੈ।

## ਨਾਨਕ ਮੁਠੇ ਜਾਹਿ; ਨਾਹੀ ਮਨਿ ਸੋਇ ॥੨॥

ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਦੇ ਮਨ ਵਿਚ ਸੋਇ = ਉਹ ਪਰਮੇਸ਼ਰ ਨਹੀਂ ਵੱਸਿਆ, ਉਹ ਕਾਮ, ਕ੍ਰੋਧ ਆਦਿ ਵਿਚ ਮੁਠੇ = ਠੱਗੇ ਜਾਹਿ = ਜਾਂਦੇ ਹਨ ॥੨॥

## ਪਉੜੀ ॥ ਪੂਰੇ ਗੁਰ ਕੀ ਕਾਰ; ਕਰਮਿ ਕਮਾਈਐ ॥

ਪੂਰੇ ਗੁਰੂ ਦੀ ਭਗਤੀ, ਸੇਵਾ ਰੂਪੀ ਕਾਰ ਪੂਰਬਲੇ ਨਿਸ਼ਕਾਮ ਕਰਮਾਂ **ਵਾ:** ਪਰਮੇਸ਼ਰ ਦੀ ਕਰਮਿ = ਕਿਰਪਾ ਕਰਕੇ ਕਮਾਈਐ = ਕਮਾਈ ਜਾਂਦੀ ਹੈ।

## ਗੁਰਮਤੀ ਆਪੁ ਗਵਾਇ; ਨਾਮੁ ਧਿਆਈਐ ॥

ਜਿਨ੍ਹਾਂ ਨੇ ਗੁਰਮਤੀ = ਗੁਰੂ ਦੀ ਸਿੱਖਿਆ ਧਾਰਨ ਕਰਕੇ ਆਪੁ = ਆਪਾ-ਭਾਵ ਗਵਾਇ = ਗਵਾਇਆ ਹੈ, ਉਹ ਨਾਮ ਨੂੰ ਧਿਆਈਐ = ਧਿਆਉਂਦੇ ਹਨ।

## ਦੂਜੀ ਕਾਰੈ ਲਗਿ; ਜਨਮੁ ਗਵਾਈਐ ॥

ਦੂਜੀ = ਦ੍ਵੈਤ ਦੇ ਕਾਰੈ = ਕੰਮ ਵਿਚ ਲੱਗ ਕੇ ਮਨੁੱਖਾ ਜਨਮ ਵਿਅਰਥ ਗਵਾਈਐ = ਗਵਾ ਲਈਦਾ ਹੈ **ਵਾ:** ਦੂਜੀ = ਦੇਵੀ ਦੇਵਤਿਆਂ ਦੀ ਕਾਰੈ = ਕਿਰਤਮ ਪੂਜਾ ਕਰਕੇ ਅਮੋਲਕ ਮਨੁੱਖਾ ਜਨਮ ਨਿਸਫਲ ਹੀ ਗਵਾ ਲਈਦਾ ਹੈ।

## ਵਿਣੁ ਨਾਵੈ ਸਭ ਵਿਸੁ; ਪੈਝੈ ਖਾਈਐ ॥

ਪਰਮੇਸ਼ਰ ਦੇ ਨਾਵੈ = ਨਾਮ ਤੋਂ ਵਿਣੁ = ਬਗ਼ੈਰ ਜੋ ਕੁਝ ਵੀ ਪੈਝੈ = ਪਹਿਨਦਾ ਤੇ ਖਾਈਐ = ਖਾਈਦਾ ਹੈ, ਸਭ ਵਿਸੁ = ਜ਼ਹਿਰ ਸਮਾਨ ਦੁੱਖਦਾਇਕ ਹੈ।

## ਸਚਾ ਸਬਦੁ ਸਾਲਾਹਿ; ਸਚਿ ਸਮਾਈਐ ॥

ਇਸ ਕਰਕੇ ਗੁਰਾਂ ਦੇ ਸਚੇ ਸਬਦੁ = ਉਪਦੇਸ਼ ਦੁਆਰਾ ਪਰਮੇਸ਼ਰ ਦੀ ਸਾਲਾਹਿ = ਸਿਫ਼ਤ ਕਰੀਏ, ਫਿਰ ਉਸ ਦੇ ਸੱਚ ਸਰੂਪ ਵਿਚ ਸਮਾਈਐ = ਅਭੇਦ ਹੋਈਦਾ ਹੈ।

## ਵਿਣੁ ਸਤਿਗੁਰੁ ਸੇਵੇ, ਨਾਹੀ ਸੁਖਿ ਨਿਵਾਸੁ; ਫਿਰਿ ਫਿਰਿ ਆਈਐ ॥

ਸਤਿਗੁਰੂ ਦੀ ਸੇਵਾ ਤੋਂ ਵਿਣੁ = ਬਿਨਾਂ ਆਤਮਿਕ ਸੁਖਿ = ਅਨੰਦ ਵਾਲੀ ਅਵਸਥਾ ਵਿਚ ਨਿਵਾਸੁ = ਵਾਸਾ ਨਹੀਂ ਹੋ ਸਕਦਾ **ਵਾ:** ਨਾ ਹੀ ਸੁੱਖ ਸਰੂਪ ਦੀ ਪ੍ਰਾਪਤੀ ਹੁੰਦੀ ਹੈ ਤੇ ਨਾ ਹੀ (ਨਿ+ਵਾਸੁ) ਵਾਸ਼ਨਾ ਤੋਂ ਰਹਿਤ ਹੋਈਦਾ ਹੈ, ਇਸ ਕਰਕੇ ਫਿਰਿ ਫਿਰਿ = ਮੁੜ ਮੁੜ ਕੇ ਜੂਨਾਂ ਵਿਚ ਆਈਐ = ਆਉਂਦੇ ਜਾਂਦੇ ਰਹੀਦਾ ਹੈ।

## ਦੁਨੀਆ ਖੋਟੀ ਰਾਸਿ; ਕੂੜੁ ਕਮਾਈਐ ॥

ਦੁਨੀਆਂ ਦੀ ਸ਼ਰਧਾ ਰੂਪੀ ਰਾਸਿ = ਪੂੰਜੀ ਖੋਟੀ ਹੈ। ਉਸ ਖੋਟੀ ਪੂੰਜੀ ਦੇ ਨਾਲ ਕੂੜੁ = ਝੂਠ ਹੀ ਕਮਾਈਐ = ਕਮਾਈਦਾ ਹੈ ਭਾਵ ਜਿਹੜੀ ਭੂਤਾਂ ਪ੍ਰੇਤਾਂ ਵਿਚ ਸ਼ਰਧਾ ਕਰਨੀ ਹੈ, ਇਹ ਖੋਟੀ ਸ਼ਰਧਾ ਰੂਪੀ ਪੂੰਜੀ ਹੈ।

## ਨਾਨਕ, ਸਚੁ ਖਰਾ ਸਾਲਾਹਿ; ਪਤਿ ਸਿਉ ਜਾਈਐ ॥੧੪॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੇਕਰ ਸੱਚ ਸਰੂਪ ਵਾਹਿਗੁਰੂ ਦੇ ਨਾਮ ਨੂੰ ਖਰਾ ਸਾਲਾਹਿ = ਚੰਗੀ ਤਰ੍ਹਾਂ ਸਲਾਹੁਣਾ ਕਰੀਏ ਤਾਂ ਪਤਿ = ਇੱਜ਼ਤ ਦੇ ਸਿਉ = ਸਹਿਤ ਸੱਚਖੰਡ ਵਿਚ ਜਾਈਐ = ਜਾਈਦਾ ਹੈ ॥੧੪॥
ਜੈਸਾ ਕਿ :

**ਮੰਨੈ ਪਤਿ ਸਿਉ ਪਰਗਟੁ ਜਾਇ ॥** *(ਅੰਗ ੩)*

## ਸਲੋਕੁ ਮ: ੧ ॥

ਸਤਿਗੁਰੂ ਜੀ ਪਰਮੇਸ਼ਰ ਦੀ ਰਜ਼ਾ ਵਿਚ ਚੱਲਣ ਦਾ ਉਪਦੇਸ਼ ਦਿੰਦੇ ਹਨ।

### ਤੁਧੁ ਭਾਵੈ, ਤਾ ਵਾਵਹਿ ਗਾਵਹਿ; ਤੁਧੁ ਭਾਵੈ ਜਲਿ ਨਾਵਹਿ ॥

(**ਨਾਵਹਿ** ਦਾ ਉਚਾਰਣ ਭਾਰਾ ਹੈ)

ਹੇ ਵਾਹਿਗੁਰੂ ਜੀ! ਜੇ ਤੁਧੁ = ਤੈਨੂੰ ਭਾਵੈ = ਭਾ ਜਾਵੇ ਤਾਂ ਕਈ ਜੀਵ ਵਾਜੇ ਵਾਵਹਿ = ਵਜਾਉਂਦੇ ਤੇ ਗਾਵਹਿ = ਗਾਉਂਦੇ ਹਨ, ਜੇਕਰ ਤੁਧੁ = ਤੈਨੂੰ ਭਾਵੈ = ਭਾ ਜਾਵੇ ਤਾਂ ਕਰਮ ਕਾਂਡੀ ਲੋਕ ਤੀਰਥਾਂ 'ਤੇ ਜਲਿ = ਪਾਣੀ ਨਾਲ ਨਾਵਹਿ = ਨਹਾਉਂਦੇ ਫਿਰਦੇ ਹਨ।

[ਅੰਗ ੧੪੫]

### ਜਾ ਤੁਧੁ ਭਾਵਹਿ, ਤਾ ਕਰਹਿ ਬਿਭੂਤਾ; ਸਿੰਙੀ ਨਾਦੁ ਵਜਾਵਹਿ ॥

ਹੇ ਪਰਮੇਸ਼ਰ! ਜਾ = ਜੇਕਰ ਤੁਧੁ = ਤੈਨੂੰ ਭਾਵਹਿ = ਭਾਅ ਜਾਵੇ ਤਾਂ ਸੰਨਿਆਸੀ, ਜੋਗੀ ਆਦਿ ਸਰੀਰ ਉਤੇ ਬਿਭੂਤਾ = ਸੁਆਹ ਮਲਣਾ ਕਰੇ = ਕਰਦੇ ਹਨ ਅਤੇ ਸਿੰਗੀ ਤੇ ਸੰਖਾਂ ਦੀ ਨਾਦੁ = ਧੁਨੀ ਵਜਾਵਹਿ = ਵਜਾਉਂਦੇ ਹਨ।

### ਜਾ ਤੁਧੁ ਭਾਵੈ, ਤਾ ਪੜਹਿ ਕਤੇਬਾ; ਮੁਲਾ ਸੇਖ ਕਹਾਵਹਿ ॥

ਜਾ = ਜੇਕਰ ਤੁਧੁ = ਤੈਨੂੰ ਭਾਵਹਿ = ਭਾਅ ਜਾਵੇ ਤਾਂ ਮੁਸਲਮਾਨ ਕੁਰਾਨ ਅੰਜੀਲ ਆਦਿ ਕਤੇਬਾ = ਧਾਰਮਿਕ ਪੁਸਤਕਾਂ ਨੂੰ ਪੜਹਿ = ਪੜ੍ਹਦੇ ਹਨ। ਆਪਣੇ ਆਪ ਨੂੰ ਬਾਂਗ ਦੇਣ ਵਾਲਾ ਮੁੱਲਾਂ ਅਤੇ ਬਿਰਧ ਜਾਤੀ ਵਾਲੇ ਸ਼ੇਖ਼ ਕਹਾਵਹਿ = ਕਹਾਉਂਦੇ ਹਨ।

### ਜਾ ਤੁਧੁ ਭਾਵੈ, ਤਾ ਹੋਵਹਿ ਰਾਜੇ; ਰਸ ਕਸ ਬਹੁਤੁ ਕਮਾਵਹਿ ॥

ਹੇ ਅਕਾਲ ਪੁਰਖ! ਜੇਕਰ ਤੁਧੁ = ਤੈਨੂੰ ਭਾਵਹਿ = ਭਾ ਜਾਵੇ ਤਾਂ ਸਕਾਮੀ ਲੋਕ ਪਾਤਸ਼ਾਹੀ ਦੇ ਮਾਲਕ ਹੋਵਹਿ = ਹੋ ਜਾਂਦੇ ਹਨ ਅਤੇ ਰਸਾਂ ਕਸਾਂ ਨੂੰ ਬਹੁਤਾ ਕਮਾਵਹਿ = ਮਾਣਦੇ ਹਨ।

### ਜਾ ਤੁਧੁ ਭਾਵੈ, ਤੇਗ ਵਗਾਵਹਿ; ਸਿਰ ਮੁੰਡੀ ਕਟਿ ਜਾਵਹਿ ॥

ਜੇਕਰ ਤੁਧੁ = ਤੈਨੂੰ ਭਾਅ ਜਾਵੇ ਤਾਂ ਕਈ ਸੂਰਮੇ ਹੋ ਕੇ ਰਣ ਭੂਮੀ ਵਿਚ ਦੁਸ਼ਮਣਾਂ ਤੇ ਤੇਗ = ਤਲਵਾਰ ਵਗਾਵਹਿ = ਚਲਾਉਂਦੇ ਹਨ ਤੇ ਕਈਆਂ ਦੇ ਮੁੰਡੀ = ਗਰਦਨ ਤੋਂ ਸਿਰ ਕਟਿ = ਕੱਟੇ ਜਾਵਹਿ = ਜਾਂਦੇ ਹਨ।

### ਜਾ ਤੁਧੁ ਭਾਵੈ, ਜਾਹਿ ਦਿਸੰਤਰਿ; ਸੁਣਿ ਗਲਾ ਘਰਿ ਆਵਹਿ ॥

ਜੇਕਰ ਤੁਧੁ = ਤੈਨੂੰ ਭਾਵੈ = ਭਾਅ ਜਾਵੇ ਤਾਂ ਕਈ ਵਪਾਰੀ ਲੋਕ ਆਪਣਾ ਦੇਸ ਛੱਡ ਕੇ ਦਿਸੰਤਰਿ = ਪ੍ਰਦੇਸ ਵਿਚ ਚੱਲੇ ਜਾਹਿ = ਜਾਂਦੇ ਹਨ, ਫੇਰ ਉਥੋਂ ਦੀਆਂ ਅਨੇਕਾਂ ਗੱਲਾਂ ਸੁਣ ਕੇ ਆਪਣੇ ਘਰ ਆਵਹਿ = ਆ ਜਾਂਦੇ ਹਨ।

### ਜਾ ਤੁਧੁ ਭਾਵੈ, ਨਾਇ ਰਚਾਵਹਿ; ਤੁਧੁ ਭਾਣੇ ਤੂੰ ਭਾਵਹਿ ॥

ਜੇ ਤੈਨੂੰ ਭਾ ਜਾਵੇ ਤਾਂ ਜੀਵਾਂ ਨੂੰ ਆਪਣੇ ਨਾਇ = ਨਾਮ ਵਿਚ ਰਚਾਵਹਿ = ਰਚਾ ਦਿੰਦਾ ਹੈਂ, ਉਹ ਤੁਧੁ = ਤੈਨੂੰ ਭਾਣੇ = ਭਾਅ ਗਏ ਹਨ ਅਤੇ ਤੂੰ ਉਨ੍ਹਾਂ ਨੂੰ ਭਾਵਹਿ = ਭਾਉਂਦਾ ਭਾਵ ਚੰਗਾ ਲੱਗਦਾ ਹੈਂ।

## ਨਾਨਕੁ, ਏਕ ਕਹੈ ਬੇਨੰਤੀ; ਹੋਰਿ ਸਗਲੇ ਕੂੜੁ ਕਮਾਵਹਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਅਸੀਂ ਤੇਰੇ ਅੱਗੇ ਏਕ = ਇਕ ਬੇਨੰਤੀ = ਬੇਨਤੀ ਕਹੈ = ਕਹਿੰਦੇ ਹਾਂ ਕਿ ਤੇਰੇ ਨਾਮ ਵਿਚ ਰਚੇ ਹੋਏ ਹੀ ਸੱਚੇ ਹਨ, ਹੋਰ ਉਪਰੋਕਤ ਸਗਲੇ = ਸਾਰੇ ਕੂੜੁ = ਝੂਠ ਹੀ ਕਮਾਵਹਿ = ਕਮਾਉਣਾ ਕਰਦੇ ਹਨ ॥੧॥

## ਮ: ੧ ॥ ਜਾ ਤੂੰ ਵਡਾ, ਸਭਿ ਵਡਿਆਂਈਆ; ਚੰਗੈ ਚੰਗਾ ਹੋਈ ॥

ਹੇ ਪ੍ਰਭੂ! ਜਦੋਂ ਤੂੰ ਸਾਰਿਆਂ ਤੋਂ ਵੱਡਾ ਸਾਨੂੰ ਮਿਲ ਗਿਆ ਹੈਂ ਤਾਂ ਸਾਨੂੰ ਸਭਿ = ਸਾਰੀਆਂ ਵਡਿਆਈਆਂ ਮਿਲ ਗਈਆਂ ਹਨ ਕਿਉਂਕਿ ਤੇਰੇ ਨਾਮ ਤੋਂ ਬਿਨਾਂ ਕੋਈ ਵੀ ਵਡਿਆਈ ਵੱਡੀ ਨਹੀਂ ਹੈ। ਜਦੋਂ ਆਪ ਜੀ ਦਾ ਨਾਮ ਚੰਗਾ = ਸ੍ਰੇਸ਼ਟ ਮਿਲ ਗਿਆ ਹੈ ਤਾਂ ਅਸੀਂ ਵੀ ਚੰਗੇ ਹੋ ਗਏ ਹਾਂ **ਵਾ:** ਹੇ ਜੀਵ! ਜੇਕਰ ਤੂੰ ਸਭ ਤੋਂ ਵੱਡੇ ਪਰਮੇਸ਼ਰ ਦੇ ਨਾਮ ਦਾ ਚਿੰਤਨ ਕਰੇਂ ਤਾਂ ਸਾਰੀ ਦੁਨੀਆਂ ਦੇ ਚੰਗੇ ਪੁਰਸ਼ਾਂ ਤੋਂ ਵੀ ਚੰਗਾ ਹੋ ਜਾਵੇਂ **ਵਾ:** ਜਿਨ੍ਹਾਂ ਦਾ ਮਨ ਚੰਗਾ ਹੈ, ਉਨ੍ਹਾਂ ਦੀ ਸੰਗਤ ਕਰਕੇ ਚੰਗਿਆਈਆਂ ਦੇ ਸਹਿਤ ਹੋਈਦਾ ਹੈ।

## ਜਾ ਤੂੰ ਸਚਾ, ਤਾ ਸਭੁ ਕੋ ਸਚਾ; ਕੂੜਾ ਕੋਇ ਨ ਕੋਈ ॥

ਹੇ ਸੱਚੇ ਪਾਤਸ਼ਾਹ! ਜਾ = ਜਦੋਂ ਤੂੰ ਸੱਚਾ ਪ੍ਰਾਪਤ ਹੋ ਗਿਆ ਤਾ = ਤਦ ਸਭੁ = ਸਾਰੇ ਕੋ = ਕੋਈ ਸੱਚਾ ਪ੍ਰਤੀਤ ਹੁੰਦਾ ਹੈ, ਫਿਰ ਬ੍ਰਹਮਾਕਾਰ ਬਿਰਤੀ ਹੋਣ ਕਰਕੇ ਜੇਕਰ ਕੋਈ ਲੱਭੀਏ ਤਾਂ ਕੋਇ = ਕੋਈ ਇਕ ਵੀ ਕੂੜਾ = ਝੂਠਾ ਨਹੀਂ ਦਿੱਸਦਾ, ਸਾਰੇ ਪਾਸੇ ਸੱਚ ਹੀ ਪ੍ਰਤੀਤ ਹੁੰਦਾ ਹੈ **ਵਾ:** ਕੀ ਉਸ ਦੀ ਦ੍ਰਿਸ਼ਟੀ ਵਿਚ ਕੋਈ ਕੂੜਾ ਪ੍ਰਤੀਤ ਹੁੰਦਾ ਹੈ? ਭਾਵ ਕੋਈ ਨਹੀਂ ਹੁੰਦਾ।

## ਆਖਣੁ ਵੇਖਣੁ ਬੋਲਣੁ ਚਲਣੁ; ਜੀਵਣੁ ਮਰਣਾ ਧਾਤੁ ॥

ਆਖਣੁ = ਮੁੱਖ ਕਰਕੇ ਬੋਲਣੁ = ਬੋਲਣਾ, ਅੱਖਾਂ ਕਰਕੇ ਵੇਖਣੁ = ਦੇਖਣਾ, ਪੈਰਾਂ ਕਰਕੇ ਚਲਣੁ = ਤੁਰਨਾ, ਜੀਵਣੁ = ਜਿਉਣਾ, ਮਰਨਾ। ਇਹ ਸਭ ਧਾਤੁ = ਮਾਇਆ ਕਰਕੇ ਹੀ ਹੈ **ਵਾ:** ਆਖਣੁ = ਮੁੱਖ ਕਰਕੇ ਨਾਮ ਨੂੰ ਬੋਲਣੁ = ਜਪਣਾ ਚਾਹੀਦਾ ਹੈ। ਅੱਖਾਂ ਨਾਲ ਗੁਰੂ ਸਾਹਿਬ ਜੀ ਦਾ ਦੀਦਾਰ ਦੇਖਣਾ ਚਾਹੀਦਾ ਹੈ, ਪੈਰਾਂ ਨਾਲ ਚੱਲ ਕੇ ਸਤਿਸੰਗਤ ਵਿਚ ਜਾਣਾ ਚਾਹੀਦਾ ਹੈ। ਇਸ ਪ੍ਰਕਾਰ ਜੀਵਤ-ਭਾਵ ਤੋਂ ਮਰ ਕੇ ਧਾਤੁ = ਸ਼ੁੱਧ ਸਰੂਪ ਅਕਾਲ ਪੁਰਖ ਵਿਚ ਮਿਲੀਦਾ ਹੈ।

## ਹੁਕਮੁ ਸਾਜਿ, ਹੁਕਮੈ ਵਿਚਿ ਰਖੈ; ਨਾਨਕ ਸਚਾ ਆਪਿ ॥੨॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਉਹ ਸੱਚਾ ਪਰਮੇਸ਼ਰ ਆਪ ਹੀ ਆਪਣੇ ਹੁਕਮ ਦੁਆਰਾ ਸਾਰੀ ਸ੍ਰਿਸ਼ਟੀ ਨੂੰ ਸਾਜਿ = ਪੈਦਾ ਕਰਦਾ ਹੈ, ਫਿਰ ਜੀਵਾਂ ਨੂੰ ਹੁਕਮ ਵਿਚ ਪਾਲਣਾ ਕਰਕੇ ਰਖੈ = ਰੱਖਿਆ ਕਰਦਾ ਹੈ। ਉਹ ਆਪ ਹੀ ਸੱਚਾ ਹੈ, ਉਸ ਸੱਚੇ ਵਿਚ ਜੁੜ ਕੇ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ ॥੨॥

## ਪਉੜੀ ॥ ਸਤਿਗੁਰੁ ਸੇਵਿ ਨਿਸੰਗੁ; ਭਰਮੁ ਚੁਕਾਈਐ ॥

ਹੇ ਭਾਈ! ਸਤਿਗੁਰਾਂ ਦੀ ਸੇਵਿ = ਟਹਿਲ ਨਿਸੰਗੁ = ਸ਼ੰਕੇ, ਲੱਜਾ ਸ਼ਰਮ ਤੋਂ ਰਹਿਤ ਹੋ ਕੇ ਕਰੀਏ ਤਾਂ ਫੇਰ ਗੁਰੂ ਜੀ ਭਰਮ ਚੁਕਾਈਐ = ਚੁਕਾ ਦਿੰਦੇ ਹਨ।

## ਸਤਿਗੁਰੁ ਆਖੈ ਕਾਰ; ਸੁ ਕਾਰ ਕਮਾਈਐ ॥

ਜੇ ਸਤਿਗੁਰੂ ਸਾਹਿਬ ਜੀ ਪ੍ਰੇਮਾ-ਭਗਤੀ ਦੀ ਕਾਰ ਕਰਨ ਲਈ ਆਖੈ = ਕਹਿਣ, ਸੁ = ਉਹੀ ਕਾਰ ਕਮਾਈਐ = ਕਮਾਉਣਾ ਕਰੀਏ।

## ਸਤਿਗੁਰੁ ਹੋਇ ਦਇਆਲੁ; ਤ ਨਾਮੁ ਧਿਆਈਐ ॥

ਜੇਕਰ ਸਤਿਗੁਰੂ ਜੀ ਸੇਵਾ ਵੇਖ ਕੇ ਦਇਆਲੁ = ਦਇਆਲੂ ਹੋਇ = ਹੋ ਜਾਣ ਤ = ਤਦ ਹੀ ਗੁਰਾਂ ਦੀ ਕਿਰਪਾ ਦੁਆਰਾ ਨਾਮ ਧਿਆਈਐ = ਧਿਆਉਣਾ ਕਰੀਦਾ ਹੈ।

## ਲਾਹਾ ਭਗਤਿ ਸੁ ਸਾਰੁ; ਗੁਰਮੁਖਿ ਪਾਈਐ ॥

ਇਸ ਮਨੁੱਖਾ ਜਨਮ ਵਿਚ ਸਭ ਤੋਂ ਸਾਰੁ = ਸ੍ਰੇਸ਼ਟ ਲਾਹਾ = ਲਾਭ ਸੁ = ਉਸ ਪਰਮੇਸ਼ਰ ਦੀ ਭਗਤਿ = ਭਗਤੀ ਵਿਚ ਹੈ ਜੋ ਗੁਰਮੁਖਾਂ ਦੀ ਸੰਗਤ **ਵਾ:** ਮੁਖੀ ਗੁਰਾਂ ਦੁਆਰਾ ਪਾਈਐ = ਪਾਈਦੀ ਹੈ **ਵਾ:** ਸਾਰ ਰੂਪ ਬ੍ਰਹਮ ਦੀ ਭਗਤੀ ਦਾ ਲਾਭ ਗੁਰਮੁਖਾਂ ਦੀ ਸੰਗਤ ਕਰਕੇ ਪਾਈਦਾ ਹੈ।

## ਮਨਮੁਖਿ ਕੂੜੁ ਗੁਬਾਰੁ; ਕੂੜੁ ਕਮਾਈਐ ॥

ਮਨਮੁਖਾਂ ਨੂੰ ਕੂੜੁ = ਝੂਠ ਬੋਲਣ ਕਰਕੇ ਅਗਿਆਨ ਦਾ ਗੁਬਾਰੁ = ਗਾੜ੍ਹਾ ਹਨੇਰਾ ਹੈ, ਜਿਸ ਕਰਕੇ ਉਹ ਕੂੜੁ = ਝੂਠ ਦੀ ਹੀ ਕਮਾਈਐ = ਕਮਾਈ ਕਰਦੇ ਹਨ।

## ਸਚੇ ਦੈ ਦਰਿ ਜਾਇ; ਸਚੁ ਚਵਾਂਈਐ ॥

ਸਚੇ = ਅਕਾਲ ਪੁਰਖ ਦੇ ਸਤਿਸੰਗਤ ਰੂਪੀ ਦਰ ਵਿਚ ਜਾਇ = ਜਾ ਕੇ ਸੱਚੇ ਨਾਮ ਨੂੰ ਚਵਾਂਈਐ = ਉਚਾਰਨਾ ਕਰੀਏ, ਭਾਵ ਜਪਣਾ ਕਰੀਏ।

## ਸਚੈ ਅੰਦਰਿ ਮਹਲਿ; ਸਚਿ ਬੁਲਾਈਐ ॥

ਉਹ ਸਚੈ = ਸੱਚਾ ਪਰਮੇਸ਼ਰ ਵਾਹਿਗੁਰੂ ਸਾਰਿਆਂ ਦੇ ਹਿਰਦੇ ਰੂਪੀ ਮਹਿਲ ਅੰਦਰ ਹੈ, ਉਹ ਪਰਮੇਸ਼ਰ ਆਪ ਹੀ ਗੁਰਾਂ ਦੁਆਰਾ ਨਾਮ ਜਪਾ ਕੇ ਤੁਰੀਆ ਪਦ ਰੂਪੀ ਮਹਿਲ ਵਿਚ ਬੁਲਾਈਐ = ਬੁਲਾ ਲੈਂਦਾ ਹੈ।

## ਨਾਨਕ, ਸਚੁ ਸਦਾ ਸਚਿਆਰੁ; ਸਚਿ ਸਮਾਈਐ ॥੧੫॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਸਚੁ = ਸੱਚ ਸਰੂਪ ਦੀ ਪ੍ਰਾਪਤੀ ਵਾਲੇ ਰਸਤੇ ’ਤੇ ਚੱਲਣ ਵਾਲਾ ਪੁਰਖ ਜਿਉਂਦੇ-ਜੀਅ ਸਦਾ = ਹਮੇਸ਼ਾ ਸਚਿਆਰੁ = ਸੱਚਾ ਗਿਣਿਆ ਜਾਂਦਾ ਹੈ ਤੇ ਮਰਨ ਤੋਂ ਉਪਰੰਤ ਸੱਚ ਸਰੂਪ ਵਿਚ ਸਮਾਈਐ = ਸਮਾ ਜਾਂਦਾ ਹੈ ॥੧੫॥

## ਸਲੋਕੁ ਮ: ੧ ॥

**ਉਥਾਨਕਾ :** ਜਦੋਂ ਸਤਿਗੁਰੂ ਨਾਨਕ ਦੇਵ ਜੀ ਅੱਚਲ ਬਟਾਲੇ ਆਏ ਸਨ ਤਾਂ ਉਸ ਵੇਲੇ ਸਿੱਧਾਂ ਨਾਲ ਗੋਸ਼ਟ ਹੋਈ। ਜਦੋਂ ਸਿੱਧ ਗੁਰੂ ਸਾਹਿਬ ਜੀ ਦਾ ਪ੍ਰਤਾਪ ਵੇਖ ਕੇ ਨਿਮਰਤਾ ਵਿਚ ਆਏ ਤਾਂ ਫਿਰ ਨਿਮਰਤਾ ਵਾਲੇ ਪ੍ਰਸ਼ਨ ਕਰਨ ਲੱਗੇ ਕਿ ਤੁਹਾਡਾ ਕਲਜੁਗ ਵਿਚ ਅਵਤਾਰ ਕਿਸ ਕਾਰਨ ਹੋਇਆ ਹੈ ਤੇ ਕਲਜੁਗ ਦਾ ਕੀ ਵਰਤਾਰਾ ਹੈ ? ਤਾਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕਰ ਕੇ ਦੋਨਾਂ ਪ੍ਰਸ਼ਨਾਂ ਦਾ ਉੱਤਰ ਬਾਣੀ ਦੁਆਰਾ ਦਿੱਤਾ :

## ਕਲਿ ਕਾਤੀ, ਰਾਜੇ ਕਾਸਾਈ; ਧਰਮੁ ਪੰਖਿ ਕਰਿ ਉਡਰਿਆ ॥

ਹੇ ਸਿੱਧੋ ! ਧਰਤੀ ਨੇ ਨਿਰੰਕਾਰ ਅੱਗੇ ਪੁਕਾਰ ਕੀਤੀ ਕਿ ਕਲਿ = ਕਲਜੁਗ ਦੀ ਕਿਰਿਆ ਕਾਤੀ = ਛੁਰੀ ਦੀ ਨਿਆਈਂ ਹੈ। ਜੋ ਰਾਜੇ ਹਨ, ਉਹ ਕਾਸਾਈ = ਕਸਾਈ ਰੂਪ ਭਾਵ ਜ਼ਾਲਮ ਹੋ ਗਏ ਹਨ। ਉਨ੍ਹਾਂ ਰਾਜਿਆਂ

ਦੇ ਹੱਥ ਵਿਚ ਹਕੂਮਤ ਰੂਪੀ ਛੁਰੀ ਫੜੀ ਹੋਈ ਹੈ। ਇਸ ਲਈ ਜੋ ਧਰਮ ਹੈ, ਉਹ ਵੈਰਾਗ, ਬਿਬੇਕ ਦੇ ਖੰਭਾਂ ਸਮੇਤ ਉਡਰਿਆ = ਉੱਡ ਗਿਆ। ਜੈਸਾ ਕਿ :

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥**
**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥** *(ਅੰਗ ੬੬੩)*

## ਕੂੜੁ ਅਮਾਵਸ, ਸਚੁ ਚੰਦ੍ਰਮਾ; ਦੀਸੈ ਨਾਹੀ ਕਹ ਚੜਿਆ ॥

ਕੂੜੁ = ਝੂਠ ਇਤਨਾ ਫੈਲ ਗਿਆ ਹੈ ਕਿ ਜਿਵੇਂ ਅਮਾਵਸ = ਮੱਸਿਆ ਦੀ ਰਾਤ ਨੂੰ ਹਨੇਰਾ ਦਿੱਸਦਾ ਹੈ, ਇਸ ਤਰ੍ਹਾਂ ਸਾਰੇ ਪਾਸੇ ਝੂਠ ਦਾ ਹੀ ਹਨੇਰਾ ਨਜ਼ਰ ਆ ਰਿਹਾ ਹੈ। ਕਲਜੁਗੀ ਜੀਵਾਂ ਦੇ ਹਿਰਦਿਆਂ ਰੂਪੀ ਆਕਾਸ਼ ਵਿਚ ਸੱਚ ਰੂਪੀ ਚੰਦਰਮਾ ਕਿਤੇ ਵੀ ਚੜ੍ਹਿਆ ਹੋਇਆ ਦਿੱਸਦਾ ਹੀ ਨਹੀਂ ਹੈ। ਜੈਸਾ ਕਿ :

**ਘਰਿ ਘਰਿ ਝੂਠ ਅਮੱਸਿਆ ਭਈ। ਸਾਚ ਕਲਾ ਸਸ ਕੀ ਦੂਰ ਗਈ ॥**
*(ਸ੍ਰੀ ਦਸਮ ਗ੍ਰੰਥ, ਪੰਨਾ ਪ੭੧)*

ਹੇ ਸਿੱਧੋ! ਧਰਤੀ ਨੇ ਇਸ ਪ੍ਰਕਾਰ ਨਿਰੰਕਾਰ ਅੱਗੇ ਪੁਕਾਰ ਕੀਤੀ :

## ਹਉ ਭਾਲਿ; ਵਿਕੁੰਨੀ ਹੋਈ ॥ ਆਧੇਰੈ; ਰਾਹੁ ਨ ਕੋਈ ॥

ਧਰਤੀ ਨੇ ਕਿਹਾ ਕਿ ਹਉ = ਮੈਂ ਸੱਚ ਰੂਪੀ ਚੰਦਰਮਾ ਨੂੰ ਭਾਲਿ = ਭਾਲਦੀ ਭਾਵ ਲੱਭਦੀ ਹੋਈ ਵਿਕੁੰਨੀ = ਵਿਆਕੁਲ ਹੋਈ = ਹੋ ਰਹੀ ਹਾਂ। ਅਗਿਆਨਤਾ ਦੇ ਆਧੇਰੈ = ਹਨੇਰੇ ਵਿਚ ਭਗਤੀ ਸਹਿਤ ਗਿਆਨ ਦਾ ਕੋਈ ਰਾਹੁ = ਰਸਤਾ ਨ = ਨਹੀਂ ਦਿੱਸਦਾ।

## ਵਿਚਿ ਹਉਮੈ ਕਰਿ; ਦੁਖੁ ਰੋਈ ॥ ਕਹੁ ਨਾਨਕ; ਕਿਨਿ ਬਿਧਿ ਗਤਿ ਹੋਈ ॥੧॥

ਕਲਜੁਗ ਦੇ ਵਿਚ ਸ੍ਰਿਸ਼ਟੀ ਹਉਮੈ ਦੇ ਸਹਿਤ ਹੋਣ ਕਰਕੇ ਜੰਮਣ ਮਰਨ ਦੇ ਦੁੱਖ ਵਿਚ ਰੋਈ = ਰੋ ਰਹੀ ਹੈ **ਅਥਵਾ** ਧਰਤੀ ਨੇ ਕਿਹਾ ਕਿ ਮੇਰੇ ਉੱਤੇ ਰਹਿਣ ਵਾਲੇ ਜੀਵ ਹਉਮੈ ਦੇ ਸਹਿਤ ਪਾਪ ਕਰਮ ਕਰਦੇ ਹਨ। ਇਨ੍ਹਾਂ ਦੇ ਪਾਪ ਵੇਖ ਕੇ ਮੈਂ ਦੁੱਖ ਵਿਚ ਰੋ ਰਹੀ ਹਾਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਪਰਮੇਸ਼ਰ! ਮੇਰੀ ਕਿਨਿ = ਕਿਸ ਬਿਧਿ = ਵਿਧੀ ਨਾਲ ਗਤਿ = ਕਲਿਆਣ ਹੋਈ = ਹੋਵੇਗੀ ॥੧॥

ਸਿੱਧਾਂ ਨੇ ਬੇਨਤੀ ਕੀਤੀ ਕਿ ਮਹਾਰਾਜ! ਜੋ ਆਪ ਜੀ ਨੇ ਕਥਨ ਕੀਤਾ ਹੈ ਕਿ ਕਲਜੁਗ ਦੇ ਰਾਜੇ ਕਸਾਈ ਹੋ ਗਏ ਹਨ। ਕਲਜੁਗ ਦੀ ਕਿਰਿਆ ਛੁਰੀ ਹੋ ਗਈ ਹੈ। ਧਰਮ ਖੰਭ ਲਾ ਕੇ ਉੱਡ ਗਿਆ ਹੈ। ਝੂਠ ਦੀ ਕਾਲੀ ਬੋਲ਼ੀ ਮੱਸਿਆ ਦੀ ਰਾਤ ਹੋ ਗਈ ਹੈ। ਸੱਚ ਰੂਪ ਚੰਦਰਮਾ ਕਿਸੇ ਦੇ ਵੀ ਹਿਰਦੇ ਵਿਚ ਦਿੱਸਦਾ ਨਹੀਂ ਹੈ ਤੇ ਫਿਰ ਕਿਹੜੀ ਵਿਧੀ ਨਾਲ ਜੀਵਾਂ ਦੀ ਗਤੀ ਹੋਵੇਗੀ, ਭਾਵ ਜੀਵਾਂ ਦੇ ਸੁਧਾਰ ਦੀ ਗਤੀ ਕਿਵੇਂ ਹੋਵੇਗੀ? ਤਾਂ ਸਤਿਗੁਰੂ ਜੀ ਨੇ ਕਿਹਾ ਕਿ ਸਿੱਧੋ! ਧਰਤੀ ਨੇ ਵੀ ਇਹੋ ਬੇਨਤੀ ਨਿਰੰਕਾਰ ਨੂੰ ਕੀਤੀ ਸੀ ਕਿ ਮੇਰਾ ਕਲਿਆਣ ਕਿਸ ਵਿਧੀ ਦੁਆਰਾ ਹੋਵੇਗਾ? ਇਹ ਤੁਹਾਨੂੰ ਕਲਜੁਗ ਦੀ ਕਿਰਿਆ ਦਾ ਵਰਣਨ ਕੀਤਾ ਹੈ। ਅਸੀਂ ਆਪਣੇ ਆਉਣ ਦਾ ਪ੍ਰਯੋਜਨ ਦੱਸਦੇ ਹਾਂ। ਜਦੋਂ ਧਰਤੀ ਦੇ ਅਭਿਮਾਨੀ ਦੇਵ ਨੇ ਨਿਰੰਕਾਰ ਨੂੰ ਪੁਕਾਰਾਂ ਕੀਤੀਆਂ ਤਾਂ ਨਿਰੰਕਾਰ ਨੇ ਕਿਹਾ ਸੀ ਕਿ ੨੪ਵਾਂ ਅਵਤਾਰ ਤੇਰੇ ਕਲਿਆਣ ਵਾਸਤੇ ਭੇਜਾਂਗੇ ਤਾਂ ਧਰਤੀ ਨੇ ਬੇਨਤੀ ਕੀਤੀ ਕਿ ਉਸ ਦਾ ਅਵਤਾਰ ਬਹੁਤ ਸਮੇਂ ਦੇਰ ਬਾਅਦ ਹੋਵੇਗਾ। ਕਲਜੁਗ ਨੇ ਮੇਰੀ ਤਾਂ ਥੋੜ੍ਹੇ ਸਮੇਂ ਵਿਚ ਹੀ ਮੰਦੀ ਹਾਲਤ ਕਰ ਦਿੱਤੀ ਹੈ। ਆਪ ਕਿਰਪਾ ਕਰਕੇ ਮੇਰਾ ਉਧਾਰ ਕਰੋ ਤਾਂ ਉਸ ਵੇਲੇ ਨਿਰੰਕਾਰ ਨੇ ਧਰਤੀ ਦੇ ਅਭਿਮਾਨੀ ਦੇਵ ਨੂੰ ਧੀਰਜ ਦਿੱਤਾ ਸੀ। ਧਰਤੀ ਦੇ ਕਲਿਆਣ ਵਾਸਤੇ ਮੈਨੂੰ ਨਿਰੰਕਾਰ ਨੇ ਹੁਕਮ ਕੀਤਾ, ਇਸ ਲਈ ਧਰਤੀ 'ਤੇ ਮੇਰਾ ਆਉਣਾ ਨਮਿੱਤ ਹੋਇਆ ਹੈ।

## ਦੂਸਰਾ ਅਰਥ

ਇਨ੍ਹਾਂ ਤੁਕਾਂ ਦੇ ਅੰਤ੍ਰੀਵ ਭਾਵ ਵਿਚ ਗਿਆਨ ਪ੍ਰਾਪਤ ਹੋਣ ਤੋਂ ਜਗਿਆਸੂ ਦੀ ਅਵਸਥਾ ਕਥਨ ਕਰਦੇ ਹਨ, ਜਗਿਆਸੂ ਕਹਿਣ ਲੱਗਾ :

**ਹਉ ਭਾਲਿ; ਵਿਕੁੰਨੀ ਹੋਈ॥ ਆਧੇਰੈ; ਰਾਹੁ ਨ ਕੋਈ॥**

ਹਉ = ਮੈਂ ਆਪਣੇ ਸਰੂਪ ਦੀ ਗੁਰਾਂ ਦੇ ਉਪਦੇਸ਼ ਦੁਆਰਾ ਭਾਲਿ = ਖੋਜ ਕੀਤੀ ਤਾਂ ਹਉ = ਹੰਗਤਾ ਵਿਕੁੰਨੀ = ਵਿਆਕੁਲ ਹੋ ਕੇ ਭਾਵ ਦੁਖੀ ਹੋ ਕੇ ਨੱਸ ਗਈ।

ਅਗਿਆਨ ਰੂਪੀ ਅਧੇਰੈ = ਹਨ੍ਹੇਰੇ ਨੂੰ ਭੀ ਫਿਰ ਨਿਕਲਣ ਵਾਸਤੇ ਕੋਈ ਰਾਹੁ = ਰਸਤਾ ਨਾ ਮਿਲਿਆ, ਉਹ ਗਿਆਨ ਹੋਣ ਤੋਂ ਵਿਚੇ ਹੀ ਮਰ ਗਿਆ।

**ਵਿਚਿ ਹਉਮੈ ਕਰਿ; ਦੁਖੁ ਰੋਈ॥ ਕਹੁ ਨਾਨਕ; ਕਿਨਿ ਬਿਧਿ ਗਤਿ ਹੋਈ॥੧॥**

ਜੋ ਹਿਰਦੇ ਵਿਚ ਹਉਮੈ ਸੀ, ਉਹ ਭੀ ਦੁਖੀ ਹੋ ਕੇ ਰੋ ਪਈ ਕਿ ਜਦੋਂ ਮੇਰੇ ਤੋਂ ਵੱਡੇ ਅਗਿਆਨ ਨੂੰ ਹੀ ਮਾਰ ਦਿੱਤਾ ਹੈ, ਤਾਂ ਫਿਰ ਮੈਨੂੰ ਕਿਥੇ ਛੱਡਣਗੇ।

ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ, ਇਸ ਬਿਧਿ = ਤਰੀਕੇ ਨਾਲ ਭਾਵ ਗਿਆਨ ਦੀ ਜੁਗਤੀ ਨਾਲ ਕਿਨਿ = ਕਿਸ ਕਿਸ ਦੀ ਗਤਿ = ਮੁਕਤੀ ਨਹੀਂ ਹੋਈ ਭਾਵ ਗਿਆਨ ਹੋਣ ਤੋਂ ਸਭ ਦੀ ਕਲਿਆਣ ਹੋ ਜਾਂਦੀ ਹੈ॥੧॥

## ਮ: ੩ ॥

**ਉਥਾਨਕਾ :** ਗੁਰੂ ਅਮਰਦਾਸ ਸਾਹਿਬ ਜੀ ਨੂੰ ਗੋਇੰਦਵਾਲ ਸਾਹਿਬ ਸਿੱਖਾਂ ਨੇ ਬੇਨਤੀ ਕੀਤੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਨੇ ਸ੍ਰਿਸ਼ਟੀ ਦੀ ਕਲਿਆਣ ਕਿਸ ਪ੍ਰਕਾਰ ਕੀਤੀ ਸੀ ? ਉਨ੍ਹਾਂ ਨੇ ਗਿਆਨ ਦਾ ਚਾਨਣਾ ਕਿਸ ਢੰਗ ਨਾਲ ਕੀਤਾ ਸੀ ? ਤਾਂ ਗੁਰੂ ਸਾਹਿਬ ਜੀ ਨੇ ਇਸ ਤਰ੍ਹਾਂ ਫ਼ੁਰਮਾਨ ਕੀਤਾ :

## ਕਲਿ ਕੀਰਤਿ; ਪਰਗਟੁ, ਚਾਨਣੁ ਸੰਸਾਰਿ ॥

ਹੇ ਭਾਈ ! ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨੇ ਤੇ ਭਾਈ ਬਾਲੇ ਨੂੰ ਨਾਲ ਲੈ ਕੇ ਰਬਾਬ ਵਜਾ ਕੇ ਕਲਜੁਗ ਵਿਚ ਕੀਰਤਨ ਕੀਤਾ ਅਤੇ ਕੀਰਤਨ ਭਗਤੀ ਦੁਆਰਾ ਸਾਰੇ ਸੰਸਾਰ ਵਿਚ ਗਿਆਨ ਦਾ ਚਾਨਣੁ = ਪ੍ਰਕਾਸ਼ ਪ੍ਰਗਟ ਕੀਤਾ। ਜੈਸਾ ਕਿ :

**ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।** *(ਵਾਰ ੧, ਪਉੜੀ ੨੭)*

## ਗੁਰਮੁਖਿ ਕੋਈ; ਉਤਰੈ ਪਾਰਿ ॥

ਪਰ ਕੋਈ ਕੋਈ ਗੁਰਮੁਖ ਹੀ ਗੁਰਾਂ ਦੀ ਸਿੱਖਿਆ ਨੂੰ ਧਾਰਨ ਕਰਕੇ ਸੰਸਾਰ-ਸਮੁੰਦਰ ਤੋਂ ਪਾਰ ਮੁਕਤੀ ਰੂਪ ਕਿਨਾਰੇ 'ਤੇ ਉਤਰਦੇ ਹਨ।

## ਜਿਸ ਨੋ ਨਦਰਿ ਕਰੇ; ਤਿਸੁ ਦੇਵੈ ॥

ਜਿਸ ਨੋ = ਉਤੇ ਵਾਹਿਗੁਰੂ ਪੂਰਬਲੇ ਪੁੰਨਾਂ ਦਾ ਪ੍ਰੇਰਿਆ ਹੋਇਆ ਕਿਰਪਾ ਨਦਰਿ = ਦ੍ਰਿਸ਼ਟੀ ਕਰੇ = ਕਰਦਾ ਹੈ, ਉਸ ਪੁਰਸ਼ ਨੂੰ ਗੁਰੂ ਸਾਹਿਬ ਜੀ ਨਾਮ ਦੀ ਦਾਤ ਦਿੰਦੇ ਹਨ।

## ਨਾਨਕ ਗੁਰਮੁਖਿ; ਰਤਨੁ ਸੋ ਲੇਵੈ ॥੨॥

ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਉਹ ਗੁਰਮੁਖ ਜਨ ਰਤਨਾਂ ਦੀ ਨਿਆਈਂ, ਜੋ ਪਰਮੇਸ਼ਰ ਦਾ ਨਾਮ ਅਮੋਲਕ ਹੈ, ਸੋ = ਉਹ ਨਾਮ ਨੂੰ ਲੇਵੈ = ਪ੍ਰਾਪਤ ਕਰ ਲੈਂਦਾ ਹੈ ॥੨॥ ਜੈਸਾ ਕਿ :

**ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ ॥** *(ਰਾਮਕਲੀ ਮ: ੩, ਅੰਗ ੯੨੦)*

## ਪਉੜੀ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਜਿਹੜੇ ਸੰਸਾਰੀ ਲੋਕ ਹਨ, ਉਨ੍ਹਾਂ ਦਾ ਭਗਤੀ ਕਰਨ ਵਾਲੇ ਭਗਤਾਂ ਨਾਲ ਆਪੋ ਵਿਚ ਮਿਲਾਪ ਕਿਉਂ ਨਹੀਂ ਹੁੰਦਾ ? ਤਾਂ ਗੁਰੂ ਜੀ ਨੇ ਉਚਾਰਨ ਕੀਤਾ :

## ਭਗਤਾ ਤੈ ਸੈਸਾਰੀਆ; ਜੋੜੁ ਕਦੇ ਨ ਆਇਆ ॥

ਹੇ ਭਾਈ ! ਭਗਤੀ ਕਰਨ ਵਾਲੇ ਭਗਤਾਂ ਤੈ = ਅਤੇ ਵਿਵਹਾਰਾਂ ਵਿਚ ਖੱਚਤ ਸੰਸਾਰੀ ਪੁਰਖਾਂ ਦਾ ਆਪਸ ਵਿਚ ਕਦੇ ਵੀ ਜੋੜੁ = ਮੇਲ ਨ = ਨਹੀਂ ਆਇਆ = ਆਉਂਦਾ ਭਾਵ ਸੰਸਾਰੀ ਲੋਕ ਵਿਸ਼ਿਆਂ ਅਤੇ ਨਿੰਦਿਆ ਦਾ ਰਸ ਲੈਂਦੇ ਹਨ ਤੇ ਭਗਤ ਜਨ ਨਾਮ, ਭਗਤੀ ਦਾ ਰਸ ਲੈਂਦੇ ਹਨ।

## ਕਰਤਾ ਆਪਿ ਅਭੁਲੁ ਹੈ; ਨ ਭੁਲੈ ਕਿਸੈ ਦਾ ਭੁਲਾਇਆ ॥

ਹੇ ਭਾਈ ! ਕਰਤਾ = ਪਰਮੇਸ਼ਰ ਆਪ ਅਭੁਲੁ = ਭੁੱਲਣ ਤੋਂ ਰਹਿਤ ਹੈ। ਉਹ ਕਿਸੇ ਦਾ ਭੁਲਾਇਆ ਹੋਇਆ ਭੁੱਲਦਾ ਨਹੀਂ ਹੈ। ਜੈਸਾ ਕਿ :

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥** *(ਸਿਰੀਰਾਗੁ ਮ: ੧, ਅੰਗ ੬੧)*

## ਭਗਤ ਆਪੇ ਮੇਲਿਅਨੁ; ਜਿਨੀ ਸਚੋ ਸਚੁ ਕਮਾਇਆ ॥

ਉਨ੍ਹਾਂ ਭਗਤਾਂ ਨੂੰ ਆਪ ਗੁਰਾਂ ਦੁਆਰਾ ਆਪਣੇ ਸਰੂਪ ਵਿਚ ਮੇਲਿਅਨੁ = ਮੇਲਣਾ ਕਰਦਾ ਹੈ ਜਿਨ੍ਹਾਂ ਨੇ ਸਚੋ = ਨਿਸਚੇ ਕਰਕੇ ਸਚੁ = ਸੱਚੇ ਨਾਮ ਨੂੰ ਸ੍ਰਵਣ, ਮੰਨਣ ਰੂਪੀ ਕਮਾਇਆ = ਕਮਾਉਣਾ ਕੀਤਾ ਹੈ **ਵਾ:** ਜਿਨ੍ਹਾਂ ਨਿਰੋਲ ਸੱਚ ਹੀ ਸੱਚ ਨੂੰ ਕਮਾਉਣਾ ਕੀਤਾ ਹੈ।

## ਸੈਸਾਰੀ ਆਪਿ ਖੁਆਇਅਨੁ; ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥

ਸੈਸਾਰੀ = ਸੰਸਾਰੀ ਪੁਰਸ਼ਾਂ ਨੂੰ ਪਰਮੇਸ਼ਰ ਨੇ ਆਪ ਆਪਣੇ ਸਰੂਪ ਵੱਲੋਂ ਖੁਆਇਅਨ = ਭੁਲਾ ਦਿੱਤਾ ਹੈ। (ਸੰਸਾਰੀ ਕੌਣ ਹਨ ? ਸੰਸਾਰੀ ਉਹ ਹਨ) ਜਿਨ੍ਹਾਂ ਨੇ ਝੂਠ ਬੋਲ ਬੋਲ ਕੇ ਵਿਸ਼ਿਆਂ ਦੀ ਬਿਖੁ = ਜ਼ਹਿਰ ਨੂੰ ਖਾਇਆ = ਖਾਧਾ ਹੈ।

## ਚਲਣ ਸਾਰ ਨ ਜਾਣਨੀ; ਕਾਮੁ ਕਰੋਧੁ ਵਿਸੁ ਵਧਾਇਆ ॥

ਸੰਸਾਰੀ ਪੁਰਖਾਂ ਨੇ ਜਗਤ ਤੋਂ ਚਲੇ ਜਾਣ ਦੀ ਸਾਰ = ਖ਼ਬਰ ਨ = ਨਹੀਂ ਜਾਣਨੀ = ਜਾਨਣਾ ਕੀਤੀ ਸਗੋਂ ਕਾਮ ਕ੍ਰੋਧ ਆਦਿ ਵਿਕਾਰਾਂ ਰੂਪੀ ਵਿਸੁ = ਵਿਹੁ ਨੂੰ ਵਧਾਇਆ = ਵਧਾਉਣਾ ਕੀਤਾ ਹੈ **ਵਾ:** ਕਾਮ ਕਰਕੇ ਵਿਸ਼ਿਆਂ ਤੇ ਕ੍ਰੋਧ ਕਰਕੇ ਝਗੜਿਆਂ ਨੂੰ ਵਧਾਉਣਾ ਕੀਤਾ ਹੈ।

## ਭਗਤ ਕਰਨਿ ਹਰਿ ਚਾਕਰੀ; ਜਿਨੀ ਅਨਦਿਨੁ ਨਾਮੁ ਧਿਆਇਆ ॥

ਉਹ ਭਗਤ ਜਨ ਹਰਿ = ਪਰਮੇਸ਼ਰ ਦੀ ਭਗਤੀ ਰੂਪੀ ਚਾਕਰੀ = ਨੌਕਰੀ ਕਰਨਿ = ਕਰਦੇ ਹਨ ਜਿਨਿ = ਜਿਨ੍ਹਾਂ ਨੇ ਅਨਦਿਨੁ = ਰਾਤ ਦਿਨ ਵਾਹਿਗੁਰੂ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ।

## ਦਾਸਨਿ ਦਾਸ ਹੋਇ ਕੈ; ਜਿਨੀ ਵਿਚਹੁ ਆਪਿ ਗਵਾਇਆ ॥

ਦਾਸਨਿ = ਸੇਵਕਾਂ ਦੇ ਦਾਸ = ਸੇਵਕ ਹੋਇ = ਹੋ ਕਰਕੇ ਕੈ = ਕਰਕੇ ਜਿਨਿ = ਜਿਨ੍ਹਾਂ ਭਗਤ ਜਨਾਂ ਨੇ ਆਪਣੇ ਅੰਤਸ਼ਕਰਨ ਵਿੱਚੋਂ ਆਪੁ = ਆਪਾ-ਭਾਵ, ਹੰਕਾਰ ਗਵਾਇਆ = ਗਵਾਉਣਾ ਕੀਤਾ ਹੈ। ਜੈਸਾ ਕਿ :

**ਛਛਾ ਛੋਹਰੇ ਦਾਸ ਤੁਮਾਰੇ ॥ ਦਾਸ ਦਾਸਨ ਕੇ ਪਾਨੀਹਾਰੇ ॥** *(ਅੰਗ ੨੫੪)*

## ਓਨਾ ਖਸਮੈ ਕੈ ਦਰਿ ਮੁਖ ਉਜਲੇ; ਸਚੈ ਸਬਦਿ ਸੁਹਾਇਆ ॥੧੯॥

ਉਨ੍ਹਾਂ ਨਿਮਰਤਾ ਵਾਲੇ ਸੰਤਾਂ ਭਗਤਾਂ ਦੇ ਖਸਮੈ = ਮਾਲਕ ਪਰਮੇਸ਼ਰ ਕੈ = ਦੇ ਸਾਧ ਸੰਗਤ, ਸੱਚਖੰਡ ਰੂਪੀ ਦਰ ਵਿਚ ਅੰਤਸ਼ਕਰਨ ਰੂਪੀ ਮੁੱਖ ਉੱਜਲੇ ਜੱਸ ਵਾਲੇ ਹੋ ਗਏ ਹਨ ਕਿਉਂਕਿ ਉਹ ਗੁਰੂ ਦੇ ਸੱਚੇ ਸਬਦਿ = ਉਪਦੇਸ਼ ਦੁਆਰਾ ਸੁਹਾਇਆ = ਸ਼ੋਭਨੀਕ ਹੋਏ ਹਨ ॥੧੯॥

## ਸਲੋਕੁ ਮ: ੧ ॥

**ਉਥਾਨਕਾ :** ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਕਰਤਾਰਪੁਰ ਸਾਹਿਬ ਵਿਖੇ ਚਾਰ ਜਗਿਆਸੂ ਆਏ। ਉਨ੍ਹਾਂ ਦੀ ਅਵਸਥਾ ਅਨੁਸਾਰ ਚਾਰਾਂ ਨੂੰ ਗੁਰੂ ਜੀ ਨੇ ਇੱਕੋ ਸ਼ਬਦ ਵਿਚ ਵੱਖਰਾ ਵੱਖਰਾ ਉਪਦੇਸ਼ ਦਿੱਤਾ। (ਜਿਵੇਂ ਪੁਰਾਣਕ ਕਥਾ ਵਿਚ ਐਸਾ ਆਉਂਦਾ ਹੈ ਕਿ ਬ੍ਰਹਮਾ ਜੀ ਪਾਸ ਉਪਦੇਸ਼ ਲੈਣ ਲਈ ਤਿੰਨ ਵਿਅਕਤੀ ਵਿਲੋਚਨ (ਬਲ ਰਾਜੇ ਦਾ ਪਿਤਾ), ਇੰਦਰ ਦੇਵਤਾ (ਸਵਰਗ ਦਾ ਰਾਜਾ), ਮਾਧਾਤਾ (ਮਾਤ-ਲੋਕ ਦਾ ਧਰਮੀ ਰਾਜਾ) ਇਨ੍ਹਾਂ ਤਿੰਨਾਂ ਨੂੰ ਇੱਕੋ 'ਦ' ਅੱਖਰ ਦੁਆਰਾ ਉਪਦੇਸ਼ ਦਿੱਤਾ ਸੀ। ਉਪਦੇਸ਼ ਦੇਣ ਲਈ ਅੱਖਰ ਇਕ 'ਦੱਦਾ' ਹੀ ਵਰਤਿਆ ਹੈ। ਵਿਲੋਚਨ ਨੂੰ ਕਿਹਾ ਕਿ ਤੂੰ ਜੀਵਾਂ ਉੱਤੇ 'ਦੱਦਾ' ਦਇਆ ਕਰਿਆ ਕਰ, ਇੰਦਰ ਦੇਵਤਾ ਨੂੰ ਕਿਹਾ ਕਿ ਤੇਰੀਆਂ ਇੰਦਰੀਆਂ ਵਸ ਵਿਚ ਨਹੀਂ ਹਨ, ਤੂੰ ਆਪਣੀਆਂ ਇੰਦਰੀਆਂ ਦਾ 'ਦੱਦਾ' ਦਮਨ ਕਰਿਆ ਕਰ ਅਤੇ ਮਾਧਾਤਾ ਨੂੰ ਕਿਹਾ ਕਿ ਤੂੰ 'ਦੱਦਾ' ਦਾਨ ਕਰਿਆ ਕਰ। ਇਸ ਤਰ੍ਹਾਂ ਇਕ 'ਦੱਦੇ' ਅੱਖਰ ਦੁਆਰਾ ਤਿੰਨ ਉਪਦੇਸ਼ ਦਿੱਤੇ ਸੀ।) ਉਸੇ ਤਰ੍ਹਾਂ ਇਥੇ ਗੁਰੂ ਸਾਹਿਬ ਜੀ ਇੱਕੋ ਸ਼ਬਦ ਦੁਆਰਾ ਚਾਰ ਵਿਅਕਤੀਆਂ ਨੂੰ ਉਪਦੇਸ਼ ਬਖ਼ਸ਼ਿਸ਼ ਕਰ ਰਹੇ ਹਨ। ਜਗਿਆਸੂ ਨੇ ਪ੍ਰਸ਼ਨ ਕੀਤਾ ਕਿ ਚਾਰ ਪਹਿਰਾਂ ਵਿੱਚੋਂ ਭਜਨ ਕਿਹੜੇ ਪਹਿਰ ਕਰਨਾ ਚਾਹੀਦਾ ਹੈ ? ਤਾਂ ਗੁਰੂ ਜੀ ਨੇ ਉੱਤਰ ਦਿੱਤਾ :

## ਸਬਾਹੀ ਸਾਲਾਹ; ਜਿਨੀ ਧਿਆਇਆ ਇਕ ਮਨਿ ॥

ਪਹਿਲੇ ਪਹਰ ਭਾਵ ਸਬਾਹੀ = ਪ੍ਰਭਾਤ ਵੇਲੇ ਉੱਠ ਕੇ ਪਰਮੇਸ਼ਰ ਦੇ ਨਾਮ ਨੂੰ ਸਾਲਾਹ = ਸਾਲਾਹੁਣਾ ਕਰੋ, ਜਿਨੀ = ਜਿਨ੍ਹਾਂ ਨੇ ਅੰਮ੍ਰਿਤ ਵੇਲੇ ਇਕਾਗਰ ਮਨ ਹੋ ਕੇ ਨਾਮ ਨੂੰ ਧਿਆਇਆ = ਧਿਆਉਣਾ ਕੀਤਾ ਹੈ।

## ਸੇਈ ਪੂਰੇ ਸਾਹ; ਵਖਤੈ ਉਪਰਿ ਲੜਿ ਮੁਏ ॥

ਸੇਈ = ਉਹ ਪੂਰੇ = ਪੂਰਨ ਸਾਹ = ਪਾਤਸ਼ਾਹ ਹਨ ਅਤੇ ਉਹ ਨੀਂਦ ਆਦਿ ਆਲਸ ਦੇ ਵਖਤੈ = ਸਮੇਂ ਤੋਂ ਉੱਪਰ ਉੱਠ ਕੇ ਸੰਕਲਪਾਂ ਵਿਕਲਪਾਂ ਰੂਪੀ ਸੈਨਾ ਨਾਲ ਲੜਿ = ਜੂਝਦੇ ਹੋਏ ਜੀਵਤ-ਭਾਵ ਤੋਂ ਮੁਏ = ਮਰੇ ਹਨ।

## ਦੂਜੈ ਬਹੁਤੇ ਰਾਹ; ਮਨ ਕੀਆ ਮਤੀ ਖਿੰਡੀਆ ॥

ਜਦੋਂ ਦੂਜੈ = ਦੂਸਰਾ ਪਹਿਰ ਭਾਵ ਦਿਨ ਚੜ੍ਹ ਆਉਂਦਾ ਹੈ, ਉਸ ਵੇਲੇ ਲੋਕੀਂ ਬਹੁਤੇ ਰਾਹ = ਰਸਤਿਆਂ ਵਿਚ ਕੰਮ ਧੰਦਿਆਂ ਨੂੰ ਜਾਂਦੇ ਹਨ। ਮਨ ਕੀਆ = ਦੀਆਂ ਸਾਰੀਆਂ ਮਤਾਂ ਖਿੰਡੀਆ = ਖਿੰਡ ਜਾਂਦੀਆਂ ਹਨ।

[ਅੰਗ ੧੪੬]

## ਬਹੁਤੁ ਪਏ ਅਸਗਾਹ; ਗੋਤੇ ਖਾਹਿ ਨ ਨਿਕਲਹਿ ॥

ਬਹੁਤੇ ਧੰਦਿਆਂ ਦੇ ਅਸਗਾਹ = ਡੂੰਘੇ ਸਮੁੰਦਰਾਂ ਵਿਚ ਪੈ ਜਾਂਦੇ ਹਨ ਫਿਰ ਵਿਹਾਰਾਂ ਵਿਚ ਫਸਣ ਰੂਪ ਗੋਤੇ ਖਾਹਿ = ਖਾਂਦੇ ਹੋਏ ਵਿਹਾਰਾਂ ਵਿੱਚੋਂ ਬਾਹਰ ਨਹੀਂ ਨਿਕਲਹਿ = ਨਿਕਲਦੇ, ਭਾਵ ਉਨ੍ਹਾਂ ਦੀ ਬਿਰਤੀ ਵਿਹਾਰਾਂ ਦੇ ਹੱਲ ਕਰਨ ਵਿਚ ਹੀ ਖਚਤ ਹੋ ਜਾਂਦੀ ਹੈ। ਜਿਸ ਕਰਕੇ ਸਿਮਰਨ ਭਜਨ ਕਰਨ ਲਈ ਵਿਹਾਰਾਂ ਵਿੱਚੋਂ ਸੁਰਤੀ ਨਿਕਲਦੀ ਹੀ ਨਹੀਂ ਹੈ।

## ਤੀਜੈ, ਮੁਹੀ ਗਿਰਾਹ; ਭੁਖ ਤਿਖਾ ਦੁਇ, ਭਉਕੀਆ ॥

(ਦੂਸਰਾ ਪਾਠ **ਭਉ ਕੀਆ**)

ਤੀਜੇ ਪਹਿਰ ਚੜ੍ਹਦਿਆਂ ਮੁਹੀ = ਮੂੰਹ ਵਿਚ ਗਿਰਾਹ = ਗਰਾਹੀ ਪਾਉਣ ਨੂੰ ਚਿੱਤ ਕਰਦਾ ਹੈ ਕਿਉਂਕਿ ਕੰਮ-ਕਾਜ ਕਰਦਿਆਂ ਭੁੱਖ ਅਤੇ ਤਿਖਾ = ਪਿਆਸ ਦੁਇ = ਦੋਵੇਂ ਭਉਕੀਆ = ਭੌਂਕਣ ਲੱਗ ਜਾਂਦੀਆਂ ਹਨ, ਭਾਵ ਅੰਦਰੋਂ ਆਵਾਜ਼ ਦੇਣ ਲੱਗ ਜਾਂਦੀਆਂ ਹਨ।

## ਖਾਧਾ ਹੋਇ ਸੁਆਹ; ਭੀ ਖਾਣੇ ਸਿਉ ਦੋਸਤੀ ॥

ਫੇਰ ਖਾਧਾ ਹੋਇਆ ਭੋਜਨ ਕੁਝ ਸਮੇਂ ਬਾਅਦ ਸੁਆਹ = ਭਸਮ ਹੋ ਜਾਂਦਾ ਹੈ, ਭਾਵ ਉਸ ਦੀ ਗੰਦਗੀ ਬਣ ਜਾਂਦੀ ਹੈ ਭੀ = ਬਹੁੜੋ ਫਿਰ ਖਾਣੇ ਨਾਲ ਦੋਸਤੀ = ਪ੍ਰੀਤੀ ਹੋ ਜਾਂਦੀ ਹੈ।

## ਚਉਥੈ, ਆਈ ਊਂਘ; ਅਖੀ ਮੀਟਿ ਪਵਾਰਿ ਗਇਆ ॥

ਫੇਰ ਚਉਥੈ = ਚੌਥੇ ਪਹਿਰ ਭਾਵ ਰਾਤ ਨੂੰ ਊਂਘ = ਨੀਂਦ ਆਈ = ਆ ਜਾਂਦੀ ਹੈ ਤੇ ਅੱਖਾਂ ਮੀਟ ਕੇ ਇਸ ਪ੍ਰਕਾਰ ਸੌਂ ਜਾਂਦਾ ਹੈ ਕਿ ਮਾਨੋ ਪਵਾਰਿ = ਪ੍ਰਲੋਕ ਨੂੰ ਹੀ ਚਲਿਆ ਗਿਆ ਹੈ। ਜੋ ਮਰ ਕੇ ਫਿਰ ਜਿਉਂਦਾ ਹੋ ਜਾਵੇ, ਉਸ ਨੂੰ ਪਵਾਰ ਗਿਆ ਕਹਿੰਦੇ ਹਨ।

## ਭੀ ਉਠਿ ਰਚਿਓਨੁ ਵਾਦੁ; ਸੈ ਵਰ੍ਹਿਆ ਕੀ ਪਿੜ ਬਧੀ ॥

ਭੀ = ਫੇਰ ਸੁੱਤਾ ਉੱਠ ਕੇ ਮੁੜ ਧੰਦਿਆਂ ਦੇ ਵਾਦੁ = ਝਗੜਿਆਂ ਨੂੰ ਰਚਿਓਨੁ = ਰਚ ਲੈਂਦਾ ਹੈ। ਸੈ = ਸੈਂਕੜੇ ਵਰ੍ਹਿਆ = ਸਾਲਾਂ ਦੀ ਪਿੜ = ਬਾਜ਼ੀ ਬਧੀ = ਬੰਨ੍ਹੀ ਬੈਠਾ ਹੈ। ਮਰਨਾ ਚੇਤੇ ਨਹੀਂ ਹੈ, ਇਉਂ ਸਮਝਦਾ ਹੈ ਕਿ ਲੋਕ ਹੀ ਮਰਦੇ ਹਨ। ਆਪਣਾ ਮਰਨਾ ਚੇਤੇ ਨਹੀਂ, ਇਸ ਲਈ ਦੂਸਰੇ ਤਿੰਨਾਂ ਪਹਿਰਾਂ ਵਿੱਚੋਂ ਨਾਮ ਜਪਣ ਲਈ ਤਾਂ ਅੰਮ੍ਰਿਤ ਵੇਲਾ ਹੀ ਸ੍ਰੇਸ਼ਟ ਹੈ। ਜੈਸਾ ਕਿ :

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥** *(ਜਪੁ ਜੀ ਸਾਹਿਬ, ਅੰਗ ੨)*

### ਦੂਸਰਾ ਅਰਥ

***ਪ੍ਰਸ਼ਨ :*** *ਫਿਰ ਦੂਸਰੇ ਸਿੱਖ ਨੇ ਪ੍ਰਸ਼ਨ ਕੀਤਾ ਕਿ ਬਾਲ, ਜਵਾਨੀ, ਢਲਦੀ ਜਵਾਨੀ, ਬੁਢੇਪਾ ਇਹ ਚਾਰ ਸਰੀਰ ਦੀਆਂ ਅਵਸਥਾ ਹਨ। ਭਜਨ ਕਰਨ ਲਈ ਇਨ੍ਹਾਂ ਵਿੱਚੋਂ ਕਿਹੜੀ ਚੰਗੀ ਹੈ ?*

***ਗੁਰ ਉੱਤਰ :***

**ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥**

ਹੇ ਭਾਈ! ਸਬਾਹੀ = ਅੰਮ੍ਰਿਤ ਵੇਲੇ ਦੀ ਨਿਆਈਂ ਪਹਿਲੀ ਬਾਲਕ ਅਵਸਥਾ ਹੀ ਵਾਹਿਗੁਰੂ ਨੂੰ

ਸਾਲਾਹ = ਸਲਾਹੁਣੇ ਯੋਗ ਹੈ। ਜਿਨ੍ਹਾਂ ਨੇ ਇਕਾਗਰਤਾ ਦੁਆਰਾ ਧਿਆਉਣਾ ਕੀਤਾ ਹੈ। ਜਿਵੇਂ ਧ੍ਰੂ, ਪ੍ਰਹਿਲਾਦ ਛੋਟੀ ਅਵਸਥਾ ਵਿਚ ਪਰਮਾਤਮਾ ਦੇ ਨਾਮ ਨੂੰ ਜਪਣ ਵਾਲੇ ਹੋਏ ਹਨ।

**ਸੇਈ ਪੂਰੇ ਸਾਹ; ਵਖਤੈ ਉਪਰਿ ਲੜਿ ਮੁਏ ॥**

ਸੇਈ = ਉਹ ਪੂਰੇ ਸਾਹ = ਪਰਮਾਤਮਾ ਦਾ ਸਰੂਪ ਹੀ ਬਣ ਗਏ। ਜੋ ਬਚਪਨ ਦੀਆਂ ਖੇਡਾਂ ਤੋਂ ਉਪਰਿ = ਉਪਰਾਮ ਹੋ ਕੇ ਮਾਨੋ ਖੇਡਾਂ ਨੂੰ ਵੈਰਾਗ ਦੁਆਰਾ ਲੜ ਕੇ ਮਾਰ ਹੀ ਦਿੰਦੇ ਹਨ।

**ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥**

ਦੂਜੈ = ਦੂਸਰਾ ਜੁਵਾ ਅਵਸਥਾ ਵਿਚ ਸੰਸਕਾਰਾਂ ਦੇ ਬਹੁਤੇ ਰਾਹ ਪੈਦਾ ਹੋ ਜਾਂਦੇ ਹਨ ਤੇ ਮਨ ਦੀਆਂ ਮੱਤਾਂ ਵਿਸ਼ੇ-ਵਿਕਾਰਾਂ ਵਿਚ ਖਿੰਡ ਜਾਂਦੀਆਂ ਹਨ।

**ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥**

ਬਹੁਤੇ ਪੁਰਖ ਵਿਸ਼ਿਆਂ ਰੂਪੀ ਅਸਗਾਹ = ਡੂੰਘੇ ਸਮੁੰਦਰ ਵਿਚ ਪਏ = ਪੈ ਜਾਂਦੇ ਹਨ। ਵਿਸ਼ੇ ਭੋਗਣ ਰੂਪੀ ਗੋਤੇ ਖਾਂਦੇ ਹੋਏ ਬਾਹਰ ਨਹੀਂ ਨਿਕਲ ਸਕਦੇ।

**ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥**

ਢਲਦੀ ਜਵਾਨੀ ਦੀ ਅਵਸਥਾ ਤੀਜੇ ਪਹਿਰ ਵਿਚ ਆਸਾ ਰੂਪੀ ਭੁੱਖ ਤੇ ਤ੍ਰਿਸ਼ਨਾ ਰੂਪੀ ਪਿਆਸ ਦੋਵੇਂ ਭੌਂਕਦੀਆਂ ਰਹਿੰਦੀਆਂ ਹਨ ਅਤੇ ਮੂੰਹ ਵਿਚ ਚੰਗੇ ਚੰਗੇ ਪਦਾਰਥ ਬਣਾ ਕੇ ਗਰਾਸ ਪਾਉਂਦਾ ਹੈ।

**ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥**

ਜਦੋਂ ਉਹ ਪਦਾਰਥ ਖਾਧਾ ਹੋਇਆ ਸੁਆਹ ਹੋ ਜਾਂਦਾ ਹੈ ਤਾਂ ਫੇਰ ਬਲ ਪੈਦਾ ਕਰਨ ਵਾਲੇ ਪਦਾਰਥਾਂ ਨਾਲ ਦੋਸਤੀ = ਮਿੱਤਰਤਾ ਕਰਦਾ ਹੈ ਕਿ ਦੁਬਾਰਾ ਸਰੀਰ ਵਿਚ ਬਲ ਪੈਦਾ ਹੋ ਜਾਵੇ, ਭਾਵ ਗਈ ਤਾਕਤ ਮੁੜ ਫਿਰ ਸਰੀਰ ਵਿਚ ਆ ਜਾਵੇ।

**ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥**

ਜਿਸ ਵਕਤ ਬਿਰਧ ਅਵਸਥਾ ਰੂਪੀ ਚੌਥੇ ਪਹਿਰ ਵਿਚ ਮੌਤ ਰੂਪੀ ਨਿੰਦਰਾ ਆਈ ਤਾਂ ਅੱਖੀਆਂ ਮੀਟ ਕੇ ਭਾਵ ਮ੍ਰਿਤੂ ਹੋ ਕੇ ਪਵਾਰਿ = ਪ੍ਰਲੋਕ ਨੂੰ ਚਲਾ ਗਿਆ **ਵਾ:** ਪਵਾਰਿ = ਪਰਿਵਾਰ ਵੱਲੋਂ ਅੱਖਾਂ ਮੀਟ ਕੇ ਪ੍ਰਲੋਕ ਨੂੰ ਚਲਾ ਜਾਂਦਾ ਹੈ।

**ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥**

ਭੀ = ਫੇਰ ਹੋਰ ਜੂਨ ਵਿਚ ਉੱਠ ਕੇ ਚਲਾ ਜਾਂਦਾ ਹੈ, ਭਾਵ ਹੋਰ ਜਨਮ ਧਾਰ ਕੇ ਸੰਸਾਰ ਦੇ ਝਗੜਿਆਂ ਨੂੰ ਰਚ ਲੈਂਦਾ ਹੈ। ਉਸ ਜੂਨ ਵਿਚ ਵੀ ਇਸ ਨੇ ਸੈਂਕੜੇ ਸਾਲ ਦੀ ਪਿੜ = ਬਾਜ਼ੀ ਬਧੀ = ਬੰਨ੍ਹਣਾ ਕੀਤੀ ਹੈ ਕਿਉਂਕਿ ਜੀਵ ਜਿਹੜੀ ਜੂਨ ਵਿਚ ਜਾਂਦਾ ਹੈ, ਉਸ ਵਿਚ ਹੀ ਉਲਝਿਆ ਰਹਿੰਦਾ ਹੈ, ਭਾਵ ਉਸ ਜੂਨ ਨਾਲ ਮੋਹ ਕਰਦਾ ਹੈ। ਜੈਸਾ ਕਿ :

**ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥**

ਸੋ ਇਸ ਲਈ ਬਾਲਕ ਅਵਸਥਾ ਵਿਚ ਨਾਮ ਜਪਣਾ ਸਫਲਾ ਹੈ। ਜਿਸ ਨੇ ਬਚਪਨ ਦੀ ਅਵਸਥਾ ਨੂੰ ਸੰਭਾਲ ਲਿਆ, ਉਸ ਦੀ ਜਵਾਨੀ, ਢਲਦੀ ਜਵਾਨੀ ਅਤੇ ਬੁਢੇਪਾ ਆਦਿ ਸਾਰੀਆਂ ਅਵਸਥਾ ਸਾਂਭੀਆਂ ਜਾਂਦੀਆਂ ਹਨ।

## ਤੀਸਰਾ ਅਰਥ

ਫਿਰ ਤੀਜੇ ਸਿੱਖ ਨੇ ਪ੍ਰਸ਼ਨ ਕੀਤਾ ਕਿ ਹੇ ਸਤਿਗੁਰੂ ਜੀ ! ਸ੍ਰੇਸ਼ਟ ਪੁਰਖ ਕਿਹੜੇ ਹੁੰਦੇ ਹਨ ? ਤਾਂ ਸਤਿਗੁਰੂ ਜੀ ਚਾਰ ਪ੍ਰਕਾਰ ਦੇ ਪੁਰਖਾਂ ਬਾਰੇ ਕਥਨ ਕਰਦਿਆਂ ਉੱਤਰ ਦਿੰਦੇ ਹਨ।

**ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥**

ਪਹਿਲੇ ਅੰਮ੍ਰਿਤ ਵੇਲੇ ਦੀ ਨਿਆਈਂ ਉੱਤਮ ਪੁਰਖ ਹਨ, ਜਿਨਿ = ਜਿੰਨਾਂ ਨੇ ਇਕ ਮਨ ਹੋ ਕੇ ਸਾਲਾਹ = ਸਾਲਾਹੁਣੇ ਯੋਗ ਪਰਮੇਸ਼ਰ ਨੂੰ ਧਿਆਇਆ = ਧਿਆਉਣਾ ਕੀਤਾ ਹੈ।

**ਸੇਈ ਪੂਰੇ ਸਾਹ; ਵਖਤੈ ਉਪਰਿ ਲੜਿ ਮੁਏ ॥**

ਸੇਈ = ਉਹ ਪੂਰੇ ਸਾਹ = ਪਾਤਸ਼ਾਹ ਹਰੀ ਦਾ ਰੂਪ ਹਨ, ਜਿਨ੍ਹਾਂ ਨੇ ਮਨੁੱਖਾ ਜਨਮ ਦੇ ਵਖਤੈ = ਸਮੇਂ ਵਿਚ ਕਾਮ, ਕ੍ਰੋਧ ਆਦਿਕਾਂ ਤੋਂ ਉੱਪਰ ਉੱਠ ਅਗਿਆਨ ਨੂੰ ਵੀ ਨੂੰ ਲੜਿ = ਝਗੜ ਕੇ ਮੁਏ = ਮਾਰ ਦਿੱਤਾ ਹੈ, ਉਹ ਪੁਰਸ਼ ਉੱਤਮ ਹਨ।

**ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥**

ਜੋ ਦੂਜੈ = ਦੂਸਰੇ ਜਗਿਆਸੂ ਪੁਰਸ਼ ਹਨ ਉਹ ਬਹੁਤੇ ਸੰਕਲਪਾਂ ਵਿਕਲਪਾਂ ਦੇ ਰਾਹ = ਰਸਤਿਆਂ ਵਿਚ ਪਏ ਰਹਿੰਦੇ ਹਨ ਅਤੇ ਉਨ੍ਹਾਂ ਦੇ ਮਨ ਦੀਆਂ ਮੱਤਾਂ ਭਾਵ ਬਿਰਤੀਆਂ ਸ਼ੰਕਿਆਂ ਵਿਚ ਖਿੰਡੀਆਂ ਰਹਿੰਦੀਆਂ ਹਨ।

**ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥**

ਉਹ ਬਹੁਤੇ ਡੂੰਘੇ ਸੰਸਿਆਂ ਦੇ ਅਸਗਾਹ = ਸਮੁੰਦਰ ਵਿਚ ਪਏ ਰਹਿੰਦੇ ਹਨ। ਵੈਰਾਗ ਹੋਣ ਕਰਕੇ ਸੰਸਾਰ-ਸਮੁੰਦਰ ਵਿਚ ਡੁੱਬਦੇ ਨਹੀਂ ਅਤੇ ਸੰਸਿਆਂ ਦੀ ਨਵਿਰਤੀ ਨਾ ਹੋਣ ਕਰਕੇ ਮੁਕਤ ਰੂਪ ਕਿਨਾਰੇ 'ਤੇ ਨਿਕਲ ਨਹੀਂ ਸਕਦੇ। ਇਸ ਕਰਕੇ ਸੰਸਾਰ ਸਮੁੰਦਰ ਵਿਚ ਗੋਤੇ ਖਾਂਦੇ ਰਹਿੰਦੇ ਹਨ।

**ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥**

ਤੀਜੈ = ਤੀਸਰੇ ਵਿਸ਼ਈ ਸਕਾਮੀ ਪੁਰਸ਼ ਉਹ ਵੇਦਾਂ ਸ਼ਾਸਤਰਾਂ ਦੇ ਕਹੇ ਅਨੁਸਾਰ ਨਿਤ, ਨਮਿੱਤ, ਪ੍ਰਾਸ਼ਚਿਤ ਆਦਿ ਕਰਮਾਂ ਨੂੰ ਕਰਦੇ ਹਨ। ਉਹ ਪੂਰਬਲੇ ਪੁੰਨ ਰੂਪੀ ਕਰਮਾਂ ਦਾ ਫਲ ਗਿਰਾਹ = ਭੋਜਨ ਮੂੰਹ ਵਿਚ ਖਾਂਦੇ ਹਨ। ਉਨ੍ਹਾਂ ਅੰਦਰ ਪਰਲੋਕ ਦੇ ਪਦਾਰਥਾਂ ਦੀ ਆਸਾ ਰੂਪੀ ਭੁੱਖ, ਇਸ ਲੋਕ ਦੇ ਪਦਾਰਥਾਂ ਦੀ ਤਿਖਾ = ਤ੍ਰਿਸ਼ਨਾ ਲੱਗੀ ਰਹਿੰਦੀ ਹੈ। ਇਹ ਦੋਵੇਂ ਆਸਾ, ਤ੍ਰਿਸ਼ਨਾ ਰੂਪੀ ਕੁੱਤੀਆਂ ਭੌਂਕਦੀਆਂ ਹੀ ਰਹਿੰਦੀਆਂ ਹਨ।

**ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥**

ਜੋ ਪੂਰਬਲੇ ਪੁੰਨ ਕਰਮਾਂ ਦੇ ਫਲ ਕਰਕੇ ਪਦਾਰਥ ਪ੍ਰਾਪਤ ਹੋਏ ਹਨ, ਉਹ ਤਾਂ ਇਸ ਲੋਕ ਵਿਚ ਖਾਣ ਭਾਵ ਭੋਗਣ ਰੂਪ ਸੁਆਹ ਹੋ ਗਏ, ਭੀ = ਫੇਰ ਵੀ ਪ੍ਰਲੋਕ **ਵਾ:** ਅਗਲੇ ਜਨਮ ਵਿਚ ਸੁੱਖ ਵਾਸਤੇ ਖਾਣੇ ਭਾਵ ਪੁੰਨ ਕਰਮਾਂ ਦੇ ਨਾਲ ਦੋਸਤੀ ਕਰਦਾ ਹੈ।

**ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥**

ਚੌਥੇ ਪਹਿਰ ਵਾਂਗ ਪਾਮਰ ਪੁਰਸ਼ ਹਨ, ਜਿਨ੍ਹਾਂ ਨੂੰ ਭਜਨ, ਸਿਮਰਨ ਵੱਲੋਂ ਊਂਘ = ਨੀਂਦ ਹੀ ਆਈ ਹੋਈ ਹੈ ਭਾਵ ਉੱਕਾ ਹੀ ਭਜਨ ਨਹੀਂ ਕਰਦੇ ਅਤੇ ਉਨ੍ਹਾਂ ਦੀਆਂ ਅਗਿਆਨ ਕਰਕੇ ਮਨ, ਬੁੱਧ ਰੂਪ ਅੱਖਾਂ ਮੀਟੀਆਂ ਹੋਈਆਂ ਹਨ। ਮਾਨੋ ਮਰ ਕੇ ਪਵਾਰਿ = ਪਰਲੋਕ ਨੂੰ ਹੀ ਚਲੇ ਗਏ। ਉਹ ਪੁਰਸ਼ ਪਹਿਲੀ ਗੱਲ ਤਾਂ ਇਹ ਹੈ ਕਿ ਸੰਗਤ ਵਿਚ ਆਉਂਦੇ ਹੀ ਨਹੀਂ। ਜੇਕਰ ਆ ਜਾਣ ਤਾਂ ਗੁਰਮੁਖਾਂ ਨਾਲ ਝਗੜਾ ਕਰਨ ਲੱਗ ਜਾਂਦੇ ਹਨ।

**ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥**

ਫਿਰ ਖੜੇ ਹੋ ਕੇ ਵਾਦੁ = ਝਗੜਾ ਕਰਨ ਲੱਗ ਜਾਂਦੇ ਹਨ ਕਿ ਤੁਸੀਂ ਤਾਂ ਠੱਗੀਆਂ ਮਾਰਦੇ ਹੋ। ਵਿਹਲੜ ਲੋਕ ਇਕੱਠੇ ਹੋ ਜਾਂਦੇ ਹੋ। ਇਸ ਪ੍ਰਕਾਰ ਨਾਮ ਜਪਣ ਵਾਲਿਆਂ ਦਾ ਨਿਰਾਦਰ ਕਰਦੇ ਹਨ। ਉਨ੍ਹਾਂ ਨੇ ਸੈਂਕੜੇ ਵਰ੍ਹਿਆਂ ਦੀ ਪਿੜ = ਬਾਜ਼ੀ ਬੰਨ੍ਹੀ ਹੋਈ ਹੈ ਕਿ ਅਸੀਂ ਤਾਂ ਜਾਣਾ ਹੀ ਨਹੀਂ, ਭਾਵ ਦੁਨੀਆਂ ਮਰਦੀ ਹੈ, ਅਸੀਂ ਤਾਂ ਜਿਉਂਦੇ ਹੀ ਰਹਿਣਾ ਹੈ।

## ਚੌਥਾ ਅਰਥ

ਚੌਥੇ ਸਿੱਖ ਨੇ ਪ੍ਰਸ਼ਨ ਕੀਤਾ ਕਿ ਨਿਜ ਸਰੂਪ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ ? ਹੁਣ ਅੱਖਰੀ ਅਰਥਾਂ ਦੁਆਰਾ ਉਪਦੇਸ਼ ਹੈ।

**ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥**

ਸਬਾਹੀ (ਸ+ਬਾਹੀ) ਸ = ਉਹ ਪਰਮੇਸ਼ਰ ਤੱਤ ਪਦ ਦਾ ਲੱਖਯ ਅਰਥ ਹੈ, ਜੋ ਸਭ ਦਾ ਬਾਹੀ = ਪ੍ਰੇਰਕ ਹੈ ਭਾਵ ਸੰਸਾਰ ਨੂੰ ਚਲਾਉਣ ਵਾਲਾ ਹੈ। ਜਿਸ ਦੀ ਵੇਦ ਸ਼ਾਸਤਰ ਸਾਲਾਹ = ਸ਼ਲਾਘਾ ਕਰਦੇ ਹਨ। ਜਿਨ੍ਹਾਂ ਪੁਰਖਾਂ ਨੇ ਇਕ ਮਨ ਹੋ ਕੇ ਐਸੇ ਸ਼ੁਧ ਸਰੂਪ ਨੂੰ ਧਿਆਉਣਾ ਕੀਤਾ ਹੈ।

**ਸੇਈ ਪੂਰੇ ਸਾਹ; ਵਖਤੈ ਉਪਰਿ ਲੜਿ ਮੁਏ ॥**

ਸੇਈ = ਉਹ ਪੂਰੇ ਸਾਹ = ਪੂਰਨ ਪਾਤਸ਼ਾਹ ਪਰਮੇਸ਼ਰ ਦਾ ਰੂਪ ਬਣ ਗਏ ਹਨ, ਉਹ ਮਨੁੱਖਾ ਜਨਮ ਰੂਪੀ ਵਖਤ ਵਿਚ ਲੋਕ ਦੰਡ, ਪਿਤਰ ਦੰਡ, ਰਾਜ ਦੰਡ ਤੋਂ ਉੱਪਰ ਉੱਠ ਗਏ ਹਨ ਅਤੇ ਬਿਬੇਕ ਨਾਲ ਮੋਹ ਨੂੰ ਲੜਾ ਕੇ ਮਾਰ ਦਿੱਤਾ ਹੈ।

**ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥**

ਜਿਸ ਦੂਜੈ (ਦੂ+ਜੈ) ਦੂ = ਦਵੈਤ ਨੇ ਜੀਵਾਂ ਨੂੰ ਦੁਨੀਆਂ ਵਿਚ ਬਹੁਤੇ ਰਾਹ ਪਾ ਛੱਡੇ ਸੀ, ਉਸਨੂੰ ਸਤਪੁਰਸ਼ਾਂ ਨੇ ਜੈ = ਜਿੱਤ ਲਿਆ ਹੈ ਅਤੇ ਮਨ ਦੀਆਂ ਮਤਾਂ ਨੂੰ ਖਿੰਡਾ ਦਿੱਤਾ ਹੈ ਭਾਵ ਜਿਵੇਂ ਦੁੱਧ, ਪਾਣੀ, ਲੱਸੀ ਆਦਿ ਦੇ ਭਾਂਡੇ ਨੂੰ ਭੰਨ ਦੇਈਏ ਤਾਂ ਉਸ ਵਿਚ ਦੁੱਧ, ਪਾਣੀ ਖਿੰਡ ਜਾਂਦਾ ਹੈ। ਇਸੇ ਤਰ੍ਹਾਂ ਸਤਿਪੁਰਸ਼ਾਂ ਨੇ ਅਵਿੱਦਿਆ ਰੂਪੀ ਚਾਟੀ ਗਿਆਨ ਰੂਪੀ ਡੰਡਾ ਲੈ ਕੇ ਭੰਨ ਦਿੱਤੀ ਹੈ। ਜਿਹੜੀਆਂ ਮਨ ਦੀਆਂ ਮੱਤਾਂ ਸਨ, ਉਹ ਖਿੰਡਾ ਦਿੱਤੀਆਂ।

**ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥**

ਉਹ ਬਹੁਤੁ = ਬੇਅੰਤ ਅਤੇ ਅਸਗਾਹ = ਅਥਾਹ ਰੂਪ ਪਰਮੇਸ਼ਰ ਦੇ ਅਨੰਦ ਵਿਚ ਪਏ = ਪ੍ਰਵੇਸ਼ ਹੋ ਗਏ ਹਨ ਅਤੇ ਉਸ ਬ੍ਰਹਮਾਨੰਦ ਵਿਚ ਗੋਤੇ ਖਾਂਦੇ ਭਾਵ ਟੁੱਭਕੀਆਂ ਲਾਉਂਦੇ ਹਨ, ਕਦੇ ਵੀ ਸੰਸਾਰਾਕਾਰ ਬਿਰਤੀ ਹੋਣ ਰੂਪ ਨਿਕਲਦੇ ਨਹੀਂ ਹਨ।

**ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥**

(ਤੀ+ਜੈ) ਤੀ = ਜਿਸ ਮਾਇਆ ਰੂਪ ਇਸਤਰੀ ਨੇ ਸਾਰੇ ਸੰਸਾਰ ਨੂੰ ਜੈ = ਜਿੱਤਿਆ ਹੋਇਆ ਸੀ, ਉਸ ਨੂੰ ਬ੍ਰਹਮ ਬੇਤਿਆਂ ਨੇ ਮੂੰਹ ਦੀ ਗਰਾਈ ਬਣਾ ਲਿਆ ਹੈ, ਭਾਵ ਜਿਵੇਂ ਮੂੰਹ ਦੀ ਗਰਾਹੀ ਚਿੱਥਣ ਤੋਂ ਅਭਾਵ ਹੋ ਜਾਂਦੀ ਹੈ, ਇਉਂ ਬ੍ਰਹਮ ਬੇਤਿਆਂ ਨੇ ਗਿਆਨ ਰੂਪੀ ਦੰਦਾਂ ਨਾਲ ਮਾਇਆ ਨੂੰ ਚਿੱਥ ਕੇ ਰੱਖ ਦਿੱਤਾ ਹੈ, ਜਿਸ ਕਰਕੇ ਮਾਇਆ ਦੀਆ ਭੁੱਖ ਤੇ ਤਿਖਾ ਭਾਵ ਆਸਾ ਤ੍ਰਿਸਨਾ ਰੂਪੀ ਦੋਵੇਂ ਧੀਆਂ ਨੇ ਵੀ ਉਨ੍ਹਾਂ ਤੋਂ

ਭਉ = ਭੈ ਕੀਆ = ਕੀਤਾ ਹੈ। ਕਿ ਜਿਸ ਨੇ ਸਾਡੀ ਮਾਂ ਨੂੰ ਹੀ ਜਿਉਂਦਾ ਨਹੀਂ ਛੱਡਿਆ ਹੈ, ਉਸ ਦਾ ਅਭਾਵ ਕਰ ਦਿੱਤਾ ਹੈ। ਉਹ ਸਾਨੂੰ ਕਿਥੇ ਛੱਡੇਗਾ। ਇਸ ਕਰਕੇ ਉਹ ਆਪ ਹੀ ਬ੍ਰਹਮ ਬੇਤੇ ਤੋਂ ਦੂਰ ਹੋ ਗਈਆਂ ਹਨ।

**ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥**

ਜਿਸ ਅਗਿਆਨ ਨੇ ਕੁਲ ਦੁਨੀਆਂ ਨੂੰ ਖਾਧਾ = ਖਾ ਲਿਆ ਹੈ, ਉਹ ਅਗਿਆਨ ਮਹਾਂਪੁਰਖਾਂ ਦਾ ਸੁਆਹ = ਨਾਸ਼ ਹੋ ਗਿਆ ਹੈ। ਪਹਿਲਾਂ ਉਨ੍ਹਾਂ ਨੂੰ ਸੰਕਲਪ ਵਿਕਲਪ ਉੱਠਦਾ ਨਹੀਂ ਹੈ। ਜੇਕਰ ਪ੍ਰਾਲਬਧ ਕਰਕੇ ਉੱਠ ਵੀ ਜਾਵੇ ਤਾਂ ਵੀ ਸੰਕਲਪ ਵਿਕਲਪ ਰੂਪੀ ਖਾਣੇ ਨੂੰ ਮਿਟਾਉਣ ਸਿਉ = ਨਾਲ ਦੋਸਤੀ ਰੱਖਦੇ ਹਨ।

**ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥**

ਫੇਰ ਉਨ੍ਹਾਂ ਨੂੰ ਚਉਥੈ = ਚੌਥੀ ਤੁਰੀਆ ਪਦ ਵਿਚ ਨਿਰਵਿਕਲਪ ਸਮਾਧੀ ਰੂਪੀ ਨੀਂਦ ਆ ਜਾਂਦੀ ਹੈ ਅਤੇ ਮਨ ਬੁੱਧ ਰੂਪ ਅੱਖਾਂ ਮੀਚ ਲਈਆਂ ਹਨ ਭਾਵ ਮਨ ਰੂਪੀ ਨੇਤਰ ਸੰਕਲਪਾਂ ਵੱਲੋਂ ਤੇ ਬੁੱਧੀ ਰੂਪ ਅੱਖਾਂ ਨਿਹਚੇ ਕਰਨ ਵੱਲੋਂ ਬਿਰਤੀ ਅੰਤਰਮੁਖ ਕਰਨ ਰੂਪ ਮੀਚ ਲਈਆਂ ਹਨ ਅਤੇ ਜੋ ਪਰਾ ਰੂਪ ਬ੍ਰਹਮ ਹੈ, ਉਸ ਵਿਚ ਉਨ੍ਹਾਂ ਦਾ ਚਿੱਤ ਚਲਾ ਗਿਆ ਹੈ।

**ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥**

ਭੀ = ਬਹੁੜੋ ਜੇਕਰ ਕਿਤੇ ਬ੍ਰਹਮ ਬੇਤੇ ਨੂੰ ਸੰਸਾਰ ਵਿਚ ਆਉਣ ਦਾ ਸੰਕਲਪ ਉੱਠੇ ਤਾਂ ਵੀ ਉਹ ਸੰਸਾਰ ਨੂੰ ਮਿਥਿਆ ਨਿਸਚੇ ਕਰਨ ਰੂਪ ਵਾਦੁ = ਝਗੜਾ ਹੀ ਆ ਕੇ ਰਚਿਓਨੁ = ਰਚਦੇ ਹਨ। ਜੋ ਸੈਂਕੜੇ ਸਾਲਾਂ ਦੀ ਅਗਿਆਨ ਦੀ ਪਿੜ = ਬਾਜ਼ੀ ਬੰਨ੍ਹੀ ਹੋਈ ਸੀ, ਉਸ ਦਾ ਬਧੀ = ਨਾਸ ਕਰ ਦਿੱਤਾ **ਵਾ:** ਜੋ ਭੀ = ਬਹੁੜੋ ਸੰਸਾਰ ਦਾ ਵਾਦੁ = ਝਗੜਾ ਸੀ, ਉਹ ਉੱਠ ਗਿਆ ਅਤੇ ਸੈਂਕੜੇ ਵਰ੍ਹਿਆਂ ਦੀ ਪਿੜ = ਬਾਜ਼ੀ ਬ੍ਰਹਮਾਨੰਦ ਵਿਚ ਬਧੀ = ਬੰਨ੍ਹ ਲਈ ਹੈ।

## ਸਭੇ ਵੇਲਾ, ਵਖਤ ਸਭਿ; ਜੇ ਅਠੀ ਭਉ ਹੋਇ ॥

ਸਭੇ = ਸਾਰੇ ਦਿਨ ਦੇ ਵੇਲਾ = ਸਮੇਂ ਅਤੇ ਰਾਤ ਦੇ ਵਖਤ = ਸਮੇਂ ਤਾਂ ਸਫਲੇ ਹਨ, ਜੇਕਰ ਅਠੀ = ਅੱਠੇ ਪਹਿਰ ਪਰਮੇਸ਼ਰ ਦਾ ਭਉ = ਡਰ ਮਨ ਵਿਚ ਵਸਿਆ ਹੋਵੇ **ਵਾ:** ਉਨ੍ਹਾਂ ਦੇ ਬਾਲਕ ਅਵਸਥਾ ਦੇ ਸਾਰੇ ਸਮੇਂ ਅਤੇ ਜਵਾਨੀ ਦੇ ਸਾਰੇ ਵਕ਼ਤ ਸਫਲੇ ਹਨ ਜੋ ਅੱਠੇ ਪਹਿਰ ਉਸ ਵਾਹਿਗੁਰੂ ਦੇ ਭਉ = ਡਰ ਵਿਚ ਰਹਿੰਦੇ ਹਨ ਭਾਵ ਉਸ ਨੂੰ ਹਰ ਸਮੇਂ ਹਾਜ਼ਰ ਨਾਜ਼ਰ ਮੰਨਦੇ ਹਨ। ਜੈਸਾ ਕਿ :

**ਸਦ ਹਜੂਰਿ ਹਾਜਰੁ ਹੈ ਨਾਜਰੁ, ਕਤਹਿ ਨ ਭਇਓ ਦੂਰਾਈ ॥੨॥** *(ਮਾਰੂ ਮ: ੫, ਅੰਗ ੧੦੦੦)*

(ਵੇਲਾ = ਸਮਾਂ (ਵੇਲਾ ਹਿੰਦੀ ਦਾ ਪਦ ਹੈ) ਵਖਤ = ਸਮਾਂ (ਵਕ਼ਤ ਫ਼ਾਰਸੀ ਦਾ ਪਦ ਹੈ) ਵੇਲਾ ਪਦ ਹਿੰਦੂ ਵਰਤਦੇ ਹਨ। ਵਕ਼ਤ ਪਦ ਮੁਸਲਮਾਨ ਵਰਤਦੇ ਹਨ।)

## ਨਾਨਕ ਸਾਹਿਬੁ ਮਨਿ ਵਸੈ; ਸਚਾ ਨਾਵਣੁ ਹੋਇ ॥੧॥

(**ਨਾਵਣ** ਭਾਰਾ ਬੋਲੋ)

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਜਿਨ੍ਹਾਂ ਦੇ ਸਾਹਿਬੁ = ਮਾਲਕ ਪਰਮੇਸ਼ਰ ਮਨ ਵਿਚ ਵਸ ਜਾਂਦਾ ਹੈ, ਉਨ੍ਹਾਂ ਦਾ ਸਚਾ ਨਾਵਣੁ = ਇਸ਼ਨਾਨ ਹੁੰਦਾ ਹੈ, ਭਾਵ ਉਨ੍ਹਾਂ ਨੇ ਸਾਰੇ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ **ਵਾ:** ਜੇਕਰ ਮਾਲਕ ਵਾਹਿਗੁਰੂ ਹਿਰਦੇ ਵਿਚ ਵੱਸ ਜਾਵੇ ਤਾਂ ਸੱਚਾ ਇਸ਼ਨਾਨ ਭਾਵ ਆਤਮਿਕ ਸ਼ੁੱਧੀ ਪ੍ਰਾਪਤ ਹੋ ਜਾਂਦੀ ਹੈ ॥੧॥

## ਮ: ੨ ॥

ਇਹ ਸ਼ਬਦ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਤਿਆਰ ਕਰਨ ਵੇਲੇ ਭਾਈ ਗੁਰਦਾਸ ਜੀ ਨੂੰ ਕਹਿ ਕੇ ਇਥੇ ਲਿਖਾਉਣਾ ਕੀਤਾ ਹੈ, ਕਿਉਂਕਿ ਇਸ ਸ਼ਬਦ ਦਾ ਸਿਧਾਂਤ ਉਪਰੋਕਤ ਸ਼ਬਦ ਨਾਲ ਮਿਲਦਾ ਹੈ।

## ਸੇਈ ਪੂਰੇ ਸਾਹ; ਜਿਨੀ ਪੂਰਾ ਪਾਇਆ ॥

ਸੇਈ = ਉਹ ਪੂਰੇ = ਪੂਰਨ ਸੁਆਸਾਂ ਵਾਲੇ ਪੁਰਖ ਹਨ **ਵਾ:** ਉਹੀ ਪੂਰਨ ਸਾਹ = ਸ਼ਾਹੂਕਾਰ, ਪਾਤਸ਼ਾਹ ਹਨ ਜਿਨ੍ਹਾਂ ਨੇ ਪੂਰੇ ਗੁਰਾਂ ਤੋਂ ਉਪਦੇਸ਼ ਲੈ ਕੇ ਅੰਮ੍ਰਿਤ ਨਾਮ ਨੂੰ ਪਾਇਆ = ਪ੍ਰਾਪਤ ਕੀਤਾ ਹੈ।

## ਅਠੀ ਵੇਪਰਵਾਹ; ਰਹਨਿ ਇਕਤੈ ਰੰਗਿ ॥

ਉਹੀ ਪ੍ਰੇਮੀ ਜਨ ਅਠੀ = ਅੱਠੇ ਪਹਿਰ ਵੇਪ੍ਰਵਾਹ ਹੋ ਕੇ ਇਕ ਹਰੀ ਦੇ ਇਕਤੈ = ਏਕਤਾ ਰੰਗ ਵਿਚ **ਵਾ:** ਇਕ ਹਰੀ ਦੇ ਰੰਗਿ = ਪ੍ਰੇਮ, ਅਨੰਦ ਵਿਚ ਰੱਤੇ ਰਹਿੰਦੇ ਹਨ।

## ਦਰਸਨਿ ਰੂਪਿ ਅਥਾਹ; ਵਿਰਲੇ ਪਾਈਅਹਿ ॥

ਅਥਾਹ = ਥਾਹ ਤੋਂ ਰਹਿਤ ਬੇਅੰਤ ਰੂਪਿ = ਸਰੂਪ ਪਰਮੇਸ਼ਰ ਦੇ ਦਰਸਨਿ = ਦੀਦਾਰ ਨੂੰ ਕੋਈ ਵਿਰਲੇ ਹੀ ਪਾਈਅਹਿ = ਪ੍ਰਾਪਤ ਕਰਦੇ ਹਨ, ਭਾਵ ਉਸ ਦੀ ਸਾਖਿਆਰਤਾਕਾਰ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ।

## ਕਰਮਿ ਪੂਰੈ, ਪੂਰਾ ਗੁਰੂ; ਪੂਰਾ ਜਾ ਕਾ ਬੋਲੁ ॥

ਜਿਨ੍ਹਾਂ ਨੇ ਪੂਰੇ ਨਿਸ਼ਕਾਮ ਕਰਮ ਕੀਤੇ ਹੋਣ, ਉਨ੍ਹਾਂ ਨੂੰ ਪੂਰੇ ਸਤਿਗੁਰੂ (ਗੁਰੂ ਨਾਨਕ ਸਾਹਿਬ ਜੀ) ਮਿਲਦੇ ਹਨ। ਜਿਸ ਗੁਰੂ ਕਾ = ਦਾ ਬੋਲੁ = ਬਚਨ ਵੀ ਪੂਰਾ = ਪੂਰਨ ਬ੍ਰਹਮ ਗਿਆਨ ਦੇਣ ਵਾਲਾ ਹੈ।

## ਨਾਨਕ ਪੂਰਾ ਜੇ ਕਰੇ; ਘਟੈ ਨਾਹੀ ਤੋਲੁ ॥੨॥

ਗੁਰੂ ਜੀ ਕਥਨ ਕਰਦੇ ਹਨ ਕਿ ਜੇਕਰ ਸਿੱਖ ਨੂੰ ਗੁਰੂ ਜੀ ਪੂਰਾ ਗਿਆਨਵਾਨ ਕਰ ਦੇਣ ਤੇ ਫਿਰ ਬੁੱਧੀ ਰੂਪੀ ਤਰਾਜ਼ੂ ਵਿਚ ਸ਼ਾਸਤਰ ਪ੍ਰਮਾਣ ਰੂਪੀ ਵੱਟੇ ਪਾ ਕੇ ਤੋਲੁ = ਵਿਚਾਰ ਕਰਕੇ ਦੇਖੀਏ ਤਾਂ ਘਟੈ = ਘਟਦਾ ਨਹੀਂ ਭਾਵ ਉਹ ਸਿੱਖ ਤਾਂ ਉਸ ਪਰਮੇਸ਼ਰ ਦਾ ਰੂਪ ਹੀ ਹੋ ਜਾਂਦਾ ਹੈ॥੨॥ ਜੈਸਾ ਕਿ :

**ਜਿਨਿ ਜਾਤਾ ਸੋ ਤਿਸ ਹੀ ਜੇਹਾ॥** *(ਰਾਮਕਲੀ ਮ: ੧, ਅੰਗ ੯੩੧)*

## ਪਉੜੀ ॥ ਜਾ ਤੂੰ, ਤਾ ਕਿਆ ਹੋਰਿ; ਮੈ ਸਚੁ ਸੁਣਾਈਐ ॥

ਹੇ ਮੇਰੇ ਵਾਹਿਗੁਰੂ ! ਜਾ = ਜੇਕਰ ਤੂੰ ਸਾਨੂੰ ਪ੍ਰਾਪਤ ਹੋ ਜਾਵੇਂ ਤਾਂ ਫਿਰ ਸਾਨੂੰ ਕਿਆ = ਕਿਸੇ ਹੋਰ ਪਦਾਰਥਾਂ ਦੀ ਕੀ ਲੋੜ ਹੈ ? **ਵਾ:** ਜੇਕਰ ਤੂੰ ਸਾਡੀ ਰੱਖਿਆ ਕਰਨ ਵਾਲਾ ਹੈਂ ਤਾਂ ਕਿਆ = ਕਿਸੇ ਹੋਰ ਦੇਵੀ ਦੇਵਤੇ ਦੀ ਉਪਾਸ਼ਨਾ ਦੀ ਕੀ ਲੋੜ ਹੈ ? ਇਹ ਅਸੀਂ ਸਚੁ ਸੁਣਾਈਐ = ਸੁਣਾ ਦਿੱਤਾ ਹੈ **ਅਥਵਾ** ਅਸੀਂ ਸਚੁ = ਸੱਚੇ ਨਾਮ ਨੂੰ ਹੀ ਸੁਣਾਈਐ = ਸ੍ਰਵਣ ਕਰਾਉਂਦੇ ਹਾਂ।

## ਮੁਠੀ ਧੰਧੈ ਚੋਰਿ; ਮਹਲੁ ਨ ਪਾਈਐ ॥

ਜਿਨ੍ਹਾਂ ਦੀ ਬਿਰਤੀ, ਕਾਮ ਕ੍ਰੋਧ ਆਦਿ ਤੇ ਧੰਧੈ = ਧੰਦਿਆਂ ਰੂਪੀ ਚੋਰਾਂ ਨੇ ਮੁਠੀ = ਲੁੱਟ ਲਈ ਹੈ, ਉਹ ਪਰਮੇਸ਼ਰ ਦੇ ਮਹਲੁ = ਸਰੂਪ ਨੂੰ ਨ = ਨਹੀਂ ਪਾਈਐ = ਪਾ ਸਕਦੇ।

## ਏਨੈ ਚਿਤਿ ਕਠੋਰਿ; ਸੇਵ ਗਵਾਈਐ ॥

ਏਨੈ = ਇਸ ਕਾਮ ਕ੍ਰੋਧ ਆਦਿਕਾਂ ਨੇ ਜੀਵਾਂ ਦੇ ਚਿੱਤ ਕਠੋਰ ਕਰ ਦਿੱਤੇ ਹਨ, ਜਿਸ ਕਰਕੇ ਕੀਤੀ ਹੋਈ ਸੇਵ = ਟਹਿਲ ਹੀ ਗੁਆਈਐ = ਗੁਆ ਲਈ ਹੈ **ਵਾ:** ਭਗਤੀ ਰੂਪੀ ਸੇਵਾ ਦੀ ਪ੍ਰੀਤੀ ਗੁਆ ਲਈ ਹੈ।

## ਜਿਤੁ ਘਟਿ, ਸਚੁ ਨ ਪਾਇ; ਸੁ ਭੰਨਿ ਘੜਾਈਐ ॥

ਜਿਤੁ = ਜਿਸ ਦੇ ਘਟਿ = ਹਿਰਦੇ ਵਿਚ ਸੱਚਾ ਨਾਮ ਨਹੀਂ ਪਾਇ = ਪਾਈਦਾ, ਉਹ ਭੰਨੇ ਅਤੇ ਘੜੇ ਜਾਂਦੇ ਹਨ ਭਾਵ ਜੰਮਦੇ ਮਰਦੇ ਰਹਿੰਦੇ ਹਨ।

## ਕਿਉ ਕਰਿ ਪੂਰੈ ਵਟਿ; ਤੋਲਿ ਤੁਲਾਈਐ ॥

(**ਵਟਿ** ਦਾ ਉਚਾਰਨ ਅੱਧਕ ਸਹਿਤ ਕਰਨਾ ਹੈ)

ਉਹ ਕਿਉ = ਕਿਸ ਪ੍ਰਕਾਰ ਬੁੱਧੀ ਰੂਪੀ ਤਕੜੀ ਅਤੇ ਸ਼ਾਸਤਰ ਪ੍ਰਮਾਣ ਰੂਪੀ ਵੱਟੇ ਨਾਲ ਆਪਣੇ ਸਰੂਪ ਦੀ ਵੀਚਾਰ ਰੂਪੀ ਤੋਲ ਵਿਚ ਤੁਲਾਈਐ = ਤੁਲਾ ਸਕਦੇ ਹਨ ਭਾਵ ਨਹੀਂ ਤੁਲਾ ਸਕਦੇ।

## ਕੋਇ ਨ ਆਖੈ ਘਟਿ; ਹਉਮੈ ਜਾਈਐ ॥

ਪਰ ਜੇਕਰ ਹਿਰਦੇ ਵਿੱਚੋਂ ਹਉਮੈ = ਹੰਗਤਾ ਚਲੀ ਜਾਈਐ = ਜਾਵੇ ਤਾਂ ਉਨ੍ਹਾਂ ਨੂੰ ਕੋਈ ਘੱਟ ਨਹੀਂ ਆਖੈ = ਕਹਿ ਸਕਦਾ। ਜੈਸਾ ਕਿ :

**ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥**

*(ਮਾਰੂ ਸੋਲਹੇ ਮ: ੫, ਅੰਗ ੧੦੭੬)*

## ਲਈਅਨਿ ਖਰੇ ਪਰਖਿ; ਦਰਿ ਬੀਨਾਈਐ ॥

(ਦੂਸਰਾ ਪਾਠ **ਦਰਿਬੀ ਨਾਈਐ**)

ਖਰੇ = ਚੰਗੇ ਪੁਰਸ਼ ਪਰਖ ਲਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਵਾਹਿਗੁਰੂ ਦੇ ਦਰ ਉਤੇ ਪਹੁੰਚੇ ਬੀਨਾਈਐ = ਦੇਖੀਦਾ ਹੈ **ਵਾ:** (ਦਰਿਬੀ ਨਾਈਐ) ਜਿਵੇਂ ਦਰਿਬੀ = ਕੜਛੀ ਪਦਾਰਥਾਂ ਨੂੰ ਪਰੋਸਦੀ ਹੋਈ ਨਿਰਲੇਪ ਰਹਿੰਦੀ ਹੈ, ਇਉਂ ਉਹ ਪੁਰਖ ਪਦਾਰਥਾਂ ਵਿਚ ਰਹਿੰਦੇ ਹੋਏ ਵੀ ਕੜਛੀ ਦੀ ਨਿਆਈਂ ਉਸ ਦੇ ਸੁਆਦਾਂ ਤੋਂ ਨਿਰਲੇਪ ਹਨ।

## ਸਉਦਾ ਇਕਤੁ ਹਟਿ; ਪੂਰੈ ਗੁਰਿ ਪਾਈਐ ॥੧੭॥

ਇਕ ਸਾਧ ਸੰਗਤ ਰੂਪੀ ਹੱਟ ਵਿਚ ਹੀ ਨਾਮ ਦਾ ਸੌਦਾ ਪੂਰਨ ਗੁਰਾਂ ਦੁਆਰਾ ਪਾਈਐ = ਪ੍ਰਾਪਤ ਹੁੰਦਾ ਹੈ ॥੧੭॥

## ਸਲੋਕੁ ਮ: ੨ ॥

ਗੁਰੂ ਅੰਗਦ ਸਾਹਿਬ ਜੀ ਪਾਸ ਸਿੱਖਾਂ ਨੇ ਬੇਨਤੀ ਕੀਤੀ ਕਿ ਗੁਰੂ ਜੀ ! ਜੀਵ ਨੂੰ ਅੱਠਾਂ ਪਹਿਰਾਂ ਵਿਚ ਪ੍ਰਮਾਰਥ ਦੇ ਨਾਲ ਕਿਵੇਂ ਜੁੜਨਾ ਚਾਹੀਦਾ ਹੈ ? ਤੇ ਜੋ ਧਰਤੀ ਦੇ ਨੌਂ ਖੰਡਾਂ ਬਾਰੇ ਸੁਣਿਆ ਹੈ, ਉਸ ਬਾਰੇ ਵੀ ਚਾਨਣਾ ਪਾਉ। ਤਦ ਉੱਤਰ ਵਿਚ ਕਥਨ ਕਰਦੇ ਹਨ :

## ਅਠੀ ਪਹਰੀ ਅਠ ਖੰਡ; ਨਾਵਾ ਖੰਡੁ ਸਰੀਰੁ ॥

ਜੋ ਰਾਤ ਦਿਨ ਦੇ ਅੱਠ ਪਹਿਰ ਹਨ, ਇਹ ਅੱਠ ਖੰਡ ਦੀ ਨਿਆਈਂ ਹਨ ਅਤੇ ਨੌਂਵਾਂ ਖੰਡ ਸਰੀਰ ਨੂੰ ਸਮਝਣਾ ਚਾਹੀਦਾ ਹੈ।

## ਤਿਸੁ ਵਿਚਿ, ਨਉ ਨਿਧਿ ਨਾਮੁ ਏਕੁ; ਭਾਲਹਿ ਗੁਣੀ ਗਹੀਰੁ ॥

ਤਿਸ ਨੌਂਵੇਂ ਖੰਡ ਵਾਲੇ ਸਰੀਰ ਵਿਚ ਇਕ ਨੌਂ ਨਿਧੀਆਂ ਦੇ ਮਾਲਕ ਪਰਮੇਸ਼ਰ ਦਾ ਨਾਮ ਹੈ। ਨਾਮ ਦੇ ਸਿਮਰਨ ਕਰਨ ਵਾਲੇ ਸਰੀਰ ਵਿੱਚੋਂ ਉਸ ਦੇ ਨਾਮ ਨੂੰ ਭਾਲਹਿ = ਲੱਭ ਕੇ ਗੁਣਾਂ ਦੇ ਗਹੀਰੁ = ਖ਼ਜ਼ਾਨੇ ਬਣ ਜਾਂਦੇ ਹਨ **ਅਥਵਾ** ਅੱਠਾਂ ਪਹਿਰਾਂ ਵਿਚ ਕੀ ਕਰਨਾ ਚਾਹੀਦਾ ਹੈ ? ਉੱਤਰ ਵਿਚ ਦੱਸਦੇ ਹਨ। ਪੰਜ ਵਿਕਾਰ—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ; ਤਿੰਨ ਗੁਣ—ਰਜੋ, ਸਤੋ ਅਤੇ ਤਮੋ ਗੁਣ ਅੱਠਾਂ ਪਹਿਰਾਂ ਵਿਚ ਇਨ੍ਹਾਂ ਦਾ ਖੰਡੁ = ਖੰਡਣ ਕਰਨਾ ਚਾਹੀਦਾ ਹੈ **ਅਥਵਾ** ਅੱਠਾਂ ਪਹਿਰਾਂ ਵਿਚ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ, ਗੰਧ, ਅਸਤ ਜੜ੍ਹ ਦੁੱਖ ਰੂਪ ਮਾਇਆ ਦਾ ਖੰਡ = ਖੰਡਨ ਕਰੋ। ਨੌਂਵਾਂ ਜੋ ਸਰੀਰ ਹੈ, ਇਸ ਦੇ ਅਭਿਮਾਨ ਨੂੰ ਵੀ ਖੰਡਨ ਕਰੋ **ਵਾ**: ਅੱਠਾਂ ਪਹਿਰਾਂ ਵਿਚ ਵੈਰਾਗ, ਬਿਬੇਕ, ਖਟ ਸੰਪਤੀ, ਮੋਖ ਇੱਛਾ, ਸ੍ਵਣ, ਮੰਨਣ, ਨਿਧਿਆਸਣ, ਤੱਤ ਤ੍ਵੰ ਪਦ ਦਾ ਸੰਸ਼ੋਧਨ ਇਨ੍ਹਾਂ ਅੱਠਾਂ ਨੂੰ ਅਪਨਾਉ ਅਤੇ ਪੰਜ ਕਲੇਸ਼, ਅਵਿੱਦਿਆ, ਅਸੰਮਤਾ, ਰਾਗ, ਦ੍ਵੈਸ਼, ਅਭਿਨਵੇਸ਼ ਅਤੇ ਤਿੰਨ ਦੇਹਾਂ ਕਾਰਨ ਸੂਖਮ, ਅਸਥੂਲ ਇਨ੍ਹਾਂ ਦਾ ਖੰਡਨ ਕਰੋ ਭਾਵ ਮਿਥਿਆ ਰੂਪ ਨਿਸਚੇ ਕਰੋ, ਨਾਵਾਂ ਦੇਹ ਅਧਿਆਸ ਦਾ ਵੀ ਖੰਡਨ ਕਰੋ। ਫਿਰ ਜੋ ਸਾਧਸੰਗਤ ਵਿਚ ਨਾਮ ਦਾ ਖ਼ਜ਼ਾਨਾ ਭਾਲਹਿ = ਲੱਭ ਲੈਂਦੇ ਹਨ, ਉਹ ਗੁਣਾਂ ਦਾ ਗਹੀਰੁ = ਖ਼ਜ਼ਾਨਾ ਬਣ ਜਾਂਦੇ ਹਨ।

## ਕਰਮਵੰਤੀ ਸਾਲਾਹਿਆ; ਨਾਨਕ ਕਰਿ ਗੁਰੁ ਪੀਰੁ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਗੁਰ ਪੀਰ ਨੂੰ ਧਾਰਨ ਕਰਕੇ ਕਰਮਵੰਤੀ = ਸ੍ਰੇਸ਼ਟ ਕਰਮਾਂ ਵਾਲਿਆਂ ਨੇ ਹੀ ਨੌਂ ਨਿੱਧੀਆਂ ਰੂਪੀ ਨਾਮ ਨੂੰ ਸਲਾਹੁਣਾ ਕੀਤਾ ਹੈ **ਅਥਵਾ** ਜੋ ਕਰਮਵੰਤੀ = ਨਿਸ਼ਕਾਮ ਕਰਮਾਂ ਵਾਲੇ ਹਨ, ਉਨ੍ਹਾਂ ਨੇ ਉਸ ਹਰੀ ਪਰਮੇਸ਼ਰ ਨੂੰ ਸਾਲਾਹਿਆ = ਸਲਾਹੁਣਾ ਕੀਤਾ ਹੈ। ਉਨ੍ਹਾਂ ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਲਾਹਿਆ ਹੈ। ਜੈਸਾ ਕਿ :

**ਜਾਹਰ ਪੀਰ ਜਗਤੁ ਗੁਰੁ ਬਾਬਾ ॥** *(ਵਾਰ ੨੪, ਪਉੜੀ ੩)*

ਜਿਨ੍ਹਾਂ ਗੁਰਾਂ ਨੇ ਸਿੱਖ ਦੇ ਅੰਦਰੋਂ ਹਉਮੈ, ਅਵਿੱਦਿਆ, ਜੰਮਣ, ਮਰਣ ਆਦਿ ਦੀ ਪੀਰ = ਪੀੜਾਂ ਨੂੰ ਮੇਟਣਾ ਕਰਿਆ ਹੈ, ਉਨ੍ਹਾਂ ਨੂੰ ਸ੍ਰੇਸ਼ਟ ਪੁਰਖਾਂ ਨੇ ਸਲਾਹੁਣਾ ਕੀਤਾ ਹੈ।

## ਚਉਥੈ ਪਹਰਿ ਸਬਾਹ ਕੈ; ਸੁਰਤਿਆ ਉਪਜੈ ਚਾਉ ॥

ਰਾਤ੍ਰੀ ਦੇ ਚੌਥੇ ਪਹਿਰ ਸਬਾਹ = ਸਵੇਰ ਕੈ = ਦੇ ਸਮੇਂ ਭਾਵ ਅੰਮ੍ਰਿਤ ਵੇਲੇ ਸੁਰਤਿਆ = ਗਿਆਤ ਵਾਲੇ ਪੁਰਸ਼ਾਂ ਨੂੰ ਮਨ ਵਿਚ ਨਾਮ ਜਪਣ ਦਾ ਚਾਉ = ਉਤਸ਼ਾਹ ਉਪਜੈ = ਪੈਦਾ ਹੋ ਜਾਂਦਾ ਹੈ।

## ਤਿਨਾ ਦਰੀਆਵਾ ਸਿਉ ਦੋਸਤੀ; ਮਨਿ ਮੁਖਿ ਸਚਾ ਨਾਉ ॥

***ਪਹਿਲਾ ਅਰਥ :*** ਤਿਨਾ = ਉਨ੍ਹਾਂ ਮਹਾਤਮਾ ਦੀ ਪਹਿਲਾਂ ਪ੍ਰੱਤਖ ਖੁੱਲ੍ਹੇ ਜਲ ਦਰਿਆਵਾਂ **ਵਾ**: ਨਦੀਆਂ ਦੇ ਜਲ ਸਿਉ = ਨਾਲ ਇਸ਼ਨਾਨ ਕਰਨ ਰੂਪੀ ਦੋਸਤੀ = ਮਿੱਤਰਤਾ ਹੁੰਦੀ ਹੈ, ਦੂਸਰਾ ਸਤਿਸੰਗਤ ਰੂਪੀ ਦਰਿਆ ਨਾਲ ਪ੍ਰੀਤੀ ਕਰਦੇ ਹਨ, ਜਿਥੇ ਬੈਠ ਕੇ ਉਹ ਮਨ ਅਤੇ ਮੁੱਖ ਕਰਕੇ ਸੱਚੇ ਪਰਮੇਸ਼ਰ ਦਾ ਨਾਮ ਜਪਦੇ ਹਨ।

***ਦੂਸਰਾ ਅਰਥ :*** ਉਨ੍ਹਾਂ ਦੀ ਦਰਿਆ ਦੀ ਨਿਆਈਂ ਦ੍ਰਵੀ ਭੂਤ ਗੁਰੂ ਸਾਹਿਬ ਜੀ ਦੇ ਨਾਲ ਪ੍ਰੀਤੀ ਹੁੰਦੀ ਹੈ, ਗੁਰਾਂ ਦੁਆਰਾ ਮਨ ਅਤੇ ਮੁਖ ਕਰਕੇ ਸੱਚੇ ਪਰਮੇਸ਼ਰ ਦਾ ਨਾਮ ਜਪਦੇ ਹਨ। ਜੈਸਾ ਕਿ :

**ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥** *(ਪ੍ਰਭਾਤੀ ਮ: ੧, ਅੰਗ ੧੩੨੯)*

## ਓਥੈ ਅੰਮ੍ਰਿਤੁ ਵੰਡੀਐ; ਕਰਮੀ ਹੋਇ ਪਸਾਉ ॥

ਉਥੇ ਸਤਿਸੰਗਤ ਵਿਚ ਅੰਮ੍ਰਿਤ ਨਾਮ ਵੰਡੀਐ = ਵੰਡਿਆ ਜਾਂਦਾ ਹੈ ਪਰ ਨਿਸ਼ਕਾਮ ਕਰਮਾਂ ਵਾਲਿਆਂ ਨੂੰ ਹੀ ਇਹ ਦਾਤ ਪ੍ਰਾਪਤ ਹੁੰਦੀ ਹੈ, ਉਨ੍ਹਾਂ ’ਤੇ ਹਰੀ ਪਰਮੇਸ਼ਰ ਪਸਾਉ = ਪ੍ਰਸੰਨ ਹੁੰਦਾ ਹੈ।

## ਕੰਚਨ ਕਾਇਆ ਕਸੀਐ; ਵੰਨੀ ਚੜੈ ਚੜਾਉ ॥

(**ਕੱਸੀਐ** ਬੋਲੋ)

ਜਿਵੇਂ ਸੋਨੇ ਨੂੰ ਅੱਗ ਤੇ ਚਾੜ੍ਹ ਕੇ ਬਾਰਾਂ ਵੰਨੀ ਦੀ ਸ਼ੁੱਧਤਾ ਦਾ ਚੜ੍ਹਾਉ ਚੜ੍ਹਦਾ ਹੈ ਅਤੇ ਕਸੱਵਟੀ ਤੇ ਕਸ ਲਾ ਕੇ ਉਸਦੀ ਪਰਖ ਕੀਤੀ ਜਾਂਦੀ ਹੈ, ਇਸੇ ਪ੍ਰਕਾਰ ਸੋਨੇ ਦੀ ਨਿਆਈਂ ਇਸ ਕਾਇਆ = ਦੇਹ **ਵਾ:** ਬੁੱਧੀ ਨੂੰ ਜਪ ਤਪ, ਨਾਮ ਰੂਪੀ ਅਭਿਆਸ ਅਗਨੀ ’ਤੇ ਚਾੜ੍ਹ ਕੇ ਬਾਰਾਂ ਵੰਨੀ ਦੀ ਨਿਆਈਂ (ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਮਨ ਅਤੇ ਬੁੱਧ) ਨੂੰ ਤੁਰੀਆ ਪਦ ਰੂਪੀ ਸ਼ੁੱਧਤਾਂ ਦਾ ਚੜ੍ਹਾਉ ਚੜ੍ਹਦਾ ਹੈ ਅਤੇ ਤਤਿਕਸ਼ਾ ਬਿਰਤੀ ਰੂਪ ਕਸਵੱਟੀ ਤੇ ਪ੍ਰੇਮ ਰੂਪੀ ਖਿੱਚ ਪਾ ਕੇ ਗੁਰੂ ਜੀ ਪ੍ਰੀਖਿਆ ਕਰਦੇ ਹਨ।

## ਜੇ ਹੋਵੈ ਨਦਰਿ ਸਰਾਫ ਕੀ; ਬਹੁੜਿ ਨ ਪਾਈ ਤਾਉ ॥

ਜੇ = ਜੇਕਰ ਗੁਰੂ ਰੂਪ ਸਰਾਫ਼ ਕੀ = ਦੀ ਕਿਰਪਾ ਨਦਰਿ = ਦ੍ਰਿਸ਼ਟੀ ਹੋ ਜਾਵੇ ਤਾਂ ਬਹੁੜਿ = ਫਿਰ ਉਹ ਪੁਰਖ ਮਾਤਾ ਦੇ ਗਰਭ ਰੂਪੀ ਜਾਂ ਨਰਕਾਂ ਰੂਪੀ ਤਾਉ = ਅਗਨੀ ਵਿਚ ਨਹੀਂ ਪਾਇਆ ਜਾਂਦਾ।

## ਸਤੀ ਪਹਰੀ, ਸਤੁ ਭਲਾ; ਬਹੀਐ ਪੜਿਆ ਪਾਸਿ ॥

(**ਸੱਤੀ ਪਹਰੀਂ ਬੋਲੋ**)

ਇਸ ਲਈ ਪਹਿਲੇ ਪਹਿਰ ਸਤਿਸੰਗਤ ਵਿਚ ਬੈਠ ਕੇ ਨਾਮ ਜਪੀਏ ਬਾਕੀ ਸਤੀ ਪਹਰੀ = ਸੱਤ ਪਹਿਰਾਂ ਵਿਚ ਸਤੁ = ਸੱਚ ਕਮਾਉਣਾ ਸਰਬਤ ਦਾ ਭਲਾ ਮੰਗਣਾ ਅਤੇ ਪੜਿਆ = ਪੜ੍ਹੇ ਹੋਏ ਭਾਵ ਗੁਰਮਤਿ ਦੇ ਗਿਆਤਿਆਂ ਪਾਸਿ = ਕੋਲ ਬਹੀਐ = ਬੈਠਣਾ ਕਰੀਏ, ਭਾਵ ਗੁਰਮਤੀਆਂ ਦੀ ਸੰਗਤ ਕਰੀਏ **ਅਥਵਾ** ਸੱਤਾਂ ਪਹਿਰਾਂ ਵਿਚ ਸਤੁ = ਸ੍ਰੇਸ਼ਟ ਪੁਰਖ ਦੀ ਸੰਗਤ ਕਰਨੀ ਅਤੇ ਸੱਚਾ ਵਿਵਹਾਰ ਕਰਨਾ, ਸੱਚਾਈ ਵਾਲੇ ਹੋਣਾ, ਸਤਿ, ਸੰਤੋਖ ਵਾਲੇ ਗੁਣ ਧਾਰਨ ਕਰਨੇ, ਜੋ ਗੁਰਮਤ ਨੂੰ ਧਾਰਨੇ ਕਰਨ ਵਾਲੇ ਹਨ, ਗੁਰਮਤ ਦੇ ਗਿਆਤਾ ਹਨ, ਉਨ੍ਹਾਂ ਦੇ ਪਾਸ ਬੈਠਣਾ ਕਰੀਏ, ਭਾਵ ਉਨ੍ਹਾਂ ਦੀ ਸੰਗਤ ਕਰੀਏ।

## ਓਥੈ ਪਾਪੁ ਪੁੰਨੁ ਬੀਚਾਰੀਐ; ਕੂੜੈ ਘਟੈ ਰਾਸਿ ॥

ਉਥੇ ਉਨ੍ਹਾਂ ਦੀ ਸੰਗਤ ਵਿਚ ਪਾਪਾਂ ਤੋਂ ਬਚਣ ਦੀ, ਪੁੰਨਾਂ ਦੇ ਪੈਦਾ ਕਰਨ ਵਾਲੀ ਗੱਲ ਬੀਚਾਰੀਐ = ਵੀਚਾਰੀ ਜਾਂਦੀ ਹੈ। ਜੋ ਕੂੜੈ = ਝੂਠ ਬੋਲਣ ਰੂਪੀ ਰਾਸਿ = ਪੂੰਜੀ ਹੈ ਜਾਂ ਵਿਸ਼ੇ-ਵਿਕਾਰਾਂ ਦੀ ਰਾਸਿ = ਪੂੰਜੀ ਹੈ, ਉਹ ਘਟੈ = ਘੱਟ ਜਾਂਦੀ ਹੈ।

## ਓਥੈ ਖੋਟੇ ਸਟੀਅਹਿ; ਖਰੇ ਕੀਚਹਿ ਸਾਬਾਸਿ ॥

ਉਥੇ ਖੋਟੇ ਪੁਰਸ਼ਾਂ **ਵਾ:** ਖੋਟੇ ਵਿਚਾਰਾਂ ਨੂੰ ਬਾਹਰ ਸੁੱਟ ਦਿੱਤਾ ਜਾਂਦਾ ਹੈ ਅਤੇ ਖਰੇ = ਚੰਗੇ ਪੁਰਸ਼ਾਂ **ਵਾ:** ਚੰਗੇ ਵਿਚਾਰਾਂ ਦੀ ਸਾਬਾਸਿ = ਸਲਾਘਾ ਕੀਚਹਿ = ਕੀਤੀ ਜਾਂਦੀ ਹੈ।

## ਬੋਲਣੁ ਫਾਦਲੁ ਨਾਨਕਾ; ਦੁਖੁ ਸੁਖੁ ਖਸਮੈ ਪਾਸਿ ॥੧॥

ਦੁੱਖ ਸੁੱਖ ਸਮੇਂ ਆਪਣੇ ਖਸਮੈ = ਮਾਲਕ ਵਾਹਿਗੁਰੂ ਪਾਸ ਜਾ ਕੇ ਹੀ ਅਰਦਾਸ ਕਰਨੀ ਚਾਹੀਦੀ ਹੈ, ਗੁਰੂ ਜੀ ਕਹਿੰਦੇ ਹਨ ਕਿ ਲੋਕਾਂ ਅੱਗੇ ਬੋਲਣਾ ਫਾਦਲੁ = ਵਿਅਰਥ ਹੀ ਹੈ ॥੧॥

ਅਰਥਾਤ ਮਾੜੇ ਕਰਮਾਂ ਕਰਕੇ ਦੁੱਖ ਪ੍ਰਾਪਤ ਹੁੰਦਾ ਹੈ ਅਤੇ ਚੰਗੇ ਕਰਮਾਂ ਕਰਕੇ ਸੁੱਖ ਪ੍ਰਾਪਤ ਹੁੰਦਾ ਹੈ, ਇਸ ਵਿਚ ਵਾਹਿਗੁਰੂ ਦਾ ਦੋਸ਼ ਨਹੀਂ। ਜੈਸਾ ਕਿ :

**ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥**
**ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥** *(ਮਾਰੂ ਮ: ੧, ਅੰਗ ੧੦੩੦-੩੧)*

## ਮ: ੨ ॥

**ਉਥਾਨਕਾ :** ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਸ੍ਰੀ ਖਡੂਰ ਸਾਹਿਬ ਦੀਵਾਨ ਵਿਚ ਬਿਰਾਜਮਾਨ ਸਨ ਤਾਂ ਇਕ ਦਿਨ ਸਿੱਧਾਂ ਨੇ ਆ ਕੇ ਚਰਚਾ ਕੀਤੀ। ਉਸ ਚਰਚਾ ਵਿਚ ਸਿੱਧ ਨਿਰੁੱਤਰ ਹੋਏ ਤੇ ਜਾਣਿਆ ਕਿ ਇਹ ਵੀ ਆਪਣੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਸਰੂਪ ਹਨ। ਗੁਰੂ ਪ੍ਰਤੀ ਨਿਸਚਾ ਦੇਖਣ ਵਾਸਤੇ ਪੁੱਛਿਆ ਕਿ ਤੁਹਾਡਾ ਗੁਰੂ ਕੈਸਾ ਹੈ ? ਤੁਹਾਡੇ ਗੁਰੂ ਵਿਚ ਕਿਹੜੇ ਗੁਣ ਸਨ ? ਜਿਸ ਕਰਕੇ ਉਹਨਾਂ ਨੂੰ ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਕਹਿ ਕੇ ਨਿਵਾਜਿਆ ਹੈ। ਉਸ ਵੇਲੇ ਗੁਰੂ ਸਾਹਿਬ ਜੀ ਨੇ ਇਹ ਸ਼ਬਦ ਉਚਾਰਨ ਕਰ ਕੇ ਗੁਰੂ ਨਾਨਕ ਸਾਹਿਬ ਵਾਲੇ ਸਲੋਕ ਦਾ ਹੀ ਜੋ ਜਪੁ ਜੀ ਸਾਹਿਬ ਵਿਚ ਹੈ, ਭਾਵ ਪ੍ਰਗਟ ਕੀਤਾ ਹੈ ਕਿ ਹੇ ਸਿੱਧੋ ! ਜਿਵੇਂ ਗੁਰੂ ਨਾਨਕ ਜੀ ਨੇ ਆਪਣੇ ਪਾਰਬ੍ਰਹਮ ਪਰਮੇਸ਼ਰ ਨੂੰ ਐਸੇ ਗੁਣਾਂ ਵਾਲਾ ਸਮਝਿਆ ਹੈ, ਉਹ ਚਰਚਾ ਤੁਹਾਡੇ ਨਾਲ ਸਾਡੇ ਗੁਰੂ ਦੀ ਹੋ ਚੁੱਕੀ ਹੈ। ਉਹੀ ਨਿਸਚਾ ਸਾਨੂੰ ਹੈ ਜੋ ਗੁਰੂ ਨਾਨਕ ਜੀ ਨੂੰ ਆਪਣੇ ਗੁਰੂ 'ਤੇ ਸੀ।

## ਪਉਣੁ ਗੁਰੂ ਪਾਣੀ ਪਿਤਾ; ਮਾਤਾ ਧਰਤਿ ਮਹਤੁ ॥

(**ਮਹਤੁ** ਦਾ ਉਚਾਰਨ ਅੱਧਕ ਸਹਿਤ ਕਰਨਾ ਹੈ)

ਹੇ ਸਿੱਧੋ ! ਸਾਡੇ ਗੁਰੂ ਪੌਣ ਵਰਗੇ ਨਿਰਲੇਪ ਹਨ। ਪਾਣੀ ਦੀ ਨਿਆਈਂ ਸ਼ਾਂਤ ਚਿੱਤ ਨਿਰਮਲ ਹਨ। ਪਿਤਾ ਦੀ ਨਿਆਈਂ ਪਾਲਣ ਵਾਲੇ ਭਾਵ ਸਿੱਖਿਆ ਦੇ ਕੇ ਸਿੱਖੀ ਦਾ ਜੀਵਨ ਪੈਦਾ ਕਰਕੇ ਪਾਲਣ ਪੋਸ਼ਣ ਕਰਦੇ ਹਨ ਅਤੇ ਮਾਤਾ ਦੀ ਨਿਆਈਂ ਉਪਦੇਸ਼ ਰੂਪੀ ਦੁੱਧ ਦੇਣ ਵਾਲੇ ਹਨ, ਧਰਤੀ ਦੀ ਨਿਆਈਂ ਖਿਮਾ ਵਾਲੇ ਹਨ ਮਹਤੁ = ਵੱਡੇ ਆਕਾਸ਼ ਦੀ ਨਿਆਈਂ ਨਿਰਖੋਭ ਰੂਪ ਹਨ। ਸਾਡੇ ਗੁਰੂ ਵਿਚ ਇਹ ਗੁਣ ਹਨ।

## ਦਿਨਸੁ ਰਾਤਿ ਦੁਇ, ਦਾਈ ਦਾਇਆ; ਖੇਲੈ ਸਗਲ ਜਗਤੁ ॥

ਸਾਡੇ ਗੁਰੂ ਸਾਹਿਬ ਜੀ ਦਿਨਸੁ = ਦਿਨ ਅਤੇ ਰਾਤ ਦੁਇ = ਦੋਵੇਂ ਭਾਵ ਦਿਨ ਅਤੇ ਰਾਤ ਦੀ ਤਰ੍ਹਾਂ ਹਨ **ਵਾ:** ਦਿਨਸ ਦੀ ਤਰ੍ਹਾਂ ਇਸ ਕਰਕੇ ਹਨ ਕਿ ਦਿਨ ਦੇ ਵਿਚ ਚਾਨਣਾ ਹੁੰਦਾ ਹੈ ਤੇ ਬ੍ਰਹਮ ਗਿਆਨ ਰੂਪ ਚਾਨਣਾ ਦੇਣ ਵਾਲੇ ਹਨ ਅਤੇ ਦੁਇ = ਦੋ ਰਾਤਾਂ ਇਕ ਪੂਰਨਮਾਸ਼ੀ ਦੀ ਇਕ ਮੱਸਿਆ ਦੀ। ਮੱਸਿਆ ਦੀ ਰਾਤ ਦੀ ਨਿਆਈਂ ਨਿਰਵਿਕਲਪ ਸਮਾਧ ਵਿਚ ਇਸਥਿਤ ਕਰਾਉਣ ਵਾਲੇ ਹਨ। ਪੂਰਨਮਾਸ਼ੀ ਦੀ ਨਿਆਈਂ ਸਿੱਖਾਂ ਦੇ ਹਿਰਦੇ ਰੂਪੀ ਆਕਾਸ਼ ਵਿਚ ਵੈਰਾਗ ਰੂਪੀ ਚੰਦਰਮਾ ਦੇ ਚੜ੍ਹਾਉਣ ਵਾਲੇ ਅਤੇ ਸ਼ੁਭ ਗੁਣਾਂ ਦੇ ਤਾਰੇ ਚਮਕਾਉਣ ਵਾਲੇ ਅਤੇ ਭਗਤੀ ਰੂਪੀ ਚਾਨਣਾ ਦੇਣ ਵਾਲੇ ਹਨ। ਜਿਵੇਂ ਦਾਈ ਬੱਚੇ ਦੀ ਪਾਲਣਾ ਕਰਦੀ ਹੈ। ਇਉਂ ਮਹਾਰਾਜ ਸਿੱਖਾਂ ਦੇ ਅੰਦਰ ਸ਼ੁਭ ਗੁਣਾਂ ਦੀ ਪਾਲਣਾ ਕਰਦੇ ਹਨ। ਇਸ ਕਰਕੇ ਦਾਈ ਦੀ ਨਿਆਈਂ ਹਨ। ਜਗਿਆਸੂ ਰੂਪੀ ਬੱਚੇ ਨੂੰ ਅਵਸਥਾ ਰੂਪੀ ਰਾਤ ਵਿਚ ਸ਼ਾਂਤੀ ਰੂਪੀ ਨੀਂਦ ਦੇ ਕੇ ਸੁਆਉਣ ਵਾਲੇ ਹਨ।

ਜਿਵੇਂ ਦਿਨ ਵਿਚ ਦਾਇਆ ਬਗ਼ੀਚਿਆਂ ਦੀ ਸੈਰ ਕਰਾਉਂਦਾ ਹੈ, ਉਸੇ ਤਰ੍ਹਾਂ ਵੇਦ ਸ਼ਾਸਤਰਾਂ ਦੇ ਸਿਧਾਂਤ ਜਨਾਉਣ ਰੂਪੀ ਸੈਰ ਕਰਾਉਣ ਵਾਲੇ ਹਨ। ਫਿਰ ਸਾਰੇ ਜਗਤ ਨੂੰ ਖੇਲ ਕਰਕੇ ਦਿਖਾਉਣ ਵਾਲੇ ਹਨ **ਵਾ:** ਚੇਤਨ ਰੂਪ ਖੇ = ਆਕਾਸ਼ ਵਿਚ ਲੈ = ਲੈਅ ਕਰਨ ਵਾਲੇ ਹਨ।

## ਚੰਗਿਆਈਆ ਬੁਰਿਆਈਆ; ਵਾਚੇ ਧਰਮੁ ਹਦੂਰਿ ॥

ਸਿੱਖਾਂ ਦੇ ਚੰਗਿਆਈਆ = ਚੰਗੇ ਕੰਮ ਤੇ ਬੁਰਿਆਇਆ = ਬੁਰੇ ਕੰਮ ਧਰਮ ਸਰੂਪ ਸਤਿਗੁਰਾਂ ਪਾਸ ਵਾਚੇ ਜਾਂਦੇ ਹਨ **ਅਥਵਾ** ਸਤਿਗੁਰੂ ਜੀ ਗੁਰਸਿੱਖਾਂ ਨੂੰ ਆਪਣੀ ਹਦੂਰਿ = ਹਜ਼ੂਰੀ ਵਿਚ ਬਿਠਾ ਕੇ ਨਿਸਕਾਮ ਧਰਮ ਦਾ ਉਪਦੇਸ਼ ਵਾਚੇ = ਆਖਦੇ ਹੋਏ ਸਮਝਾਉਂਦੇ ਹਨ ਕਿ ਸੰਸਾਰ 'ਚ ਕਿਹੜੇ ਚੰਗਿਆਇਆ = ਚੰਗੇ ਕੰਮ ਹਨ ਅਤੇ ਕਿਹੜੇ ਬੁਰੇ ਕੰਮ ਹਨ।

## ਕਰਮੀ ਆਪੋ ਆਪਣੀ; ਕੇ ਨੇੜੈ ਕੇ ਦੂਰਿ ॥

ਆਪੋ ਆਪਣੇ ਕਰਮੀ = ਕਰਮਾਂ ਅਨੁਸਾਰ ਕੇ = ਕਈ ਸਿੱਖ ਸਤਿਗੁਰਾਂ ਦੇ ਨੇੜੇ ਅਤੇ ਕੇ = ਕਈ ਸਿੱਖ ਸਤਿਗੁਰਾਂ ਤੋਂ ਦੂਰ ਹੋ ਜਾਂਦੇ ਹਨ।

## ਜਿਨੀ ਨਾਮੁ, ਧਿਆਇਆ; ਗਏ ਮਸਕਤਿ ਘਾਲਿ ॥

ਜਿਨੀ = ਜਿਨ੍ਹਾਂ ਨੇ ਗੁਰਾਂ ਦੁਆਰਾ ਨਾਮ ਧਿਆਉਣਾ ਕੀਤਾ ਹੈ ਉਹ ਜਪ ਤਪ ਰੂਪੀ ਮਸਕਤਿ = ਮਿਹਨਤਾਂ ਦੀ ਘਾਲਿ = ਕਮਾਈ ਕਰਕੇ ਦੁਨੀਆਂ ਤੋਂ ਮੁਕਤ ਹੋ ਗਏ ਹਨ।

## ਨਾਨਕ, ਤੇ ਮੁਖ ਉਜਲੇ; ਹੋਰ ਕੇਤੀ ਛੁਟੀ ਨਾਲਿ ॥੨॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਉਨ੍ਹਾਂ ਦੇ ਮੁੱਖ ਜੱਸ ਰੂਪੀ ਉਜਲੇ = ਉਜਾਲੇ ਵਾਲੇ ਹਨ। ਹੋਰ ਜਿੰਨੀ ਕੁ ਸ੍ਰਿਸ਼ਟੀ ਉਨ੍ਹਾਂ ਦੀ ਸੰਗਤ ਨਾਲ ਮਿਲਦੀ ਹੈ। ਉਹ ਕੇਤੀ = ਕਿੰਨੀ ਹੀ ਜੰਮਣ ਮਰਣ ਤੋਂ ਛੁਟੀ = ਛੁਟਕਾਰਾ ਪਾ ਕੇ ਮੁਕਤ ਹੋ ਗਈ ਹੈ ॥੨॥

ਫਿਰ ਸਿੱਖਾਂ ਨੇ ਪ੍ਰਸ਼ਨ ਕੀਤਾ ਕਿ ਸੰਸਾਰ ਦਾ ਸਮੁੱਚੇ ਰੂਪ ਵਿਚ ਗੁਰੂ ਪੂਜਨੀਕ ਕੌਣ ਹੈ ਅਤੇ ਪਿਤਾ ਕੌਣ ਹੈ ?

### ਦੂਸਰਾ ਅਰਥ

ਮਹਾਰਾਜ ਜੀ ਨੇ ਉਨ੍ਹਾਂ ਨੂੰ ਇਸੇ ਸ਼ਬਦ ਵਿਚ ਉਪਦੇਸ਼ ਦਿੱਤਾ ਕਿ :

**ਪਉਣੁ ਗੁਰੂ ਪਾਣੀ ਪਿਤਾ; ਮਾਤਾ ਧਰਤਿ ਮਹਤੁ ॥**

ਸਾਰੇ ਜਗਤ ਦਾ ਸਮੁੱਚੇ ਰੂਪ ਵਿਚ ਪਉਣੁ = ਹਵਾ ਗੁਰੂ ਪੂਜਨੀਕ ਹੈ ਕਿਉਂਕਿ ਹਵਾ ਸਾਰਿਆਂ ਦੇ ਸਰੀਰ ਵਿਚ ਪ੍ਰਾਣ ਰੂਪ ਹੋ ਕਰਕੇ ਸਰੀਰਾਂ ਨੂੰ ਚਲਾ ਰਹੀ ਹੈ। ਪਾਣੀ ਕਰਕੇ ਸਰੀਰਾਂ ਦੀ ਪੈਦਾਇਸ਼ ਹੋਈ ਹੈ। ਇਸ ਕਰਕੇ ਪਾਣੀ ਪਿਤਾ ਦੀ ਨਿਆਈਂ ਹੈ ਕਿਉਂਕਿ ਪਿਤਾ ਦੁਆਰਾ ਪੈਦਾਇਸ਼ ਹੁੰਦੀ ਹੈ। ਧਰਤੀ ਕਰਕੇ ਸਾਰਿਆਂ ਦੀ ਪਾਲਣਾ ਹੋ ਰਹੀ ਹੈ। ਇਸ ਕਰਕੇ ਵੱਡੀ ਮਾਤਾ ਧਰਤੀ ਹੈ।

**ਦਿਨਸੁ ਰਾਤਿ ਦੁਇ, ਦਾਈ ਦਾਇਆ; ਖੇਲੈ ਸਗਲ ਜਗਤੁ ॥**

ਦਿਨ ਅਤੇ ਰਾਤ ਦੋਵੇਂ ਸੰਸਾਰ ਰੂਪੀ ਬੱਚੇ ਦੀ ਪਾਲਣਾ ਵਾਸਤੇ ਦਾਈ ਤੇ ਦਾਇਆ ਦੀ ਨਿਆਈਂ ਹਨ। ਸਗਲ = ਸਾਰਾ ਜਗਤ ਪਾਤਸ਼ਾਹ ਦੇ ਬੱਚੇ ਦੀ ਨਿਆਈਂ ਹੈ ਜੋ ਕਾਰਾਂ-ਵਿਹਾਰਾਂ ਰੂਪੀ ਖੇਡਾਂ ਖੇਡ ਰਿਹਾ

ਹੈ। ਜਿਵੇਂ ਪਾਤਸ਼ਾਹ ਦੇ ਬੱਚੇ ਦੇ ਚੰਗੇ ਅਤੇ ਮੰਦੇ ਕੀਤੇ ਹੋਏ ਕਰਮ ਦਾਈ ਤੇ ਦਾਇਆ ਪਾਤਸ਼ਾਹ ਨੂੰ ਦੱਸ ਦਿੰਦੇ ਹਨ। ਦਿਨ ਦੇ ਚੰਗੇ ਮੰਦੇ ਕਰਮ ਦਾਇਆ ਦੱਸ ਦਿੰਦਾ ਹੈ। ਰਾਤ ਦੇ ਚੰਗੇ ਮੰਦੇ ਕਰਮ ਦਾਈ ਦੱਸ ਦਿੰਦੀ ਹੈ। ਇਸੇ ਤਰ੍ਹਾਂ ਜੋ ਜੀਵ ਚੰਗੇ ਮਾੜੇ ਕਰਮ ਕਰਦਾ ਹੈ, ਉਸ ਨੂੰ ਪਰਮੇਸ਼ਰ ਦੇ ਅੱਗੇ ਪ੍ਰਗਟ ਕਰ ਦਿੰਦਾ ਹੈ, ਇਸ ਕਰਕੇ ਇਹ ਦਿਨ ਅਤੇ ਰਾਤ ਦਾਈ ਦਾਇਆ ਹਨ।

**ਚੰਗਿਆਈਆ ਬੁਰਿਆਈਆ; ਵਾਚੇ ਧਰਮੁ ਹਦੂਰਿ ॥**

ਚੰਗਿਆਈਆ = ਚੰਗੇ ਕਰਮ, ਬੁਰਿਆਈਆ = ਮੰਦੇ ਕਰਮ ਭਾਵ ਪਾਪ ਕਰਮ ਧਰਮਰਾਜ ਦੇ ਅੱਗੇ ਵਾਚੇ = ਜਾਣੇ ਜਾਂਦੇ ਹਨ।

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**

ਫਿਰ ਆਪੋ-ਆਪਣੇ ਕਰਮਾਂ ਅਨੁਸਾਰ ਕਈ ਆਦਰ ਦੇ ਨਾਲ ਪਰਮੇਸ਼ਰ ਦੇ ਨੇੜੇ ਹੋ ਜਾਂਦੇ ਹਨ ਅਤੇ ਕਈ ਨਰਕਾਂ ਰੂਪੀ ਭਾਵ ਜੂਨਾਂ ਰੂਪੀ ਦੂਰ ਚਲੇ ਜਾਂਦੇ ਹਨ।

**ਜਿਨੀ ਨਾਮੁ, ਧਿਆਇਆ; ਗਏ ਮਸਕਤਿ ਘਾਲਿ ॥**

ਜਿਨੀ = ਜਿਨ੍ਹਾਂ ਨੇ ਹਰੀ ਪਰਮੇਸ਼ਰ ਦੇ ਨਾਮ ਨੂੰ ਧਿਆਇਆ ਹੈ, ਉਹ ਜਪ ਤਪ ਰੂਪੀ ਮਸਕਤਿ = ਮਿਹਨਤਾਂ ਦੀ ਕਮਾਈ ਕਰਕੇ ਤੁਰੀਆ ਪਦ ਵਿਚ ਪਹੁੰਚ ਗਏ ਹਨ।

**ਨਾਨਕ, ਤੇ ਮੁਖ ਉਜਲੇ; ਹੋਰ ਕੇਤੀ ਛੁਟੀ ਨਾਲਿ ॥੨॥**

ਗੁਰੂ ਜੀ ਉਚਾਰਨ ਕਰਦੇ ਹਨ ਕਿ ਉਨ੍ਹਾਂ ਦੇ ਲੋਕ ਪਰਲੋਕ ਵਿਚ ਅੰਤਸ਼ਕਰਨ ਰੂਪੀ ਮੁੱਖ ਉਜਲੇ ਹੋ ਜਾਂਦੇ ਹਨ। ਹੋਰ ਕੇਤੀ = ਕਿਤਨੀ ਹੀ ਸ੍ਰਿਸ਼ਟੀ ਉਨ੍ਹਾਂ ਦੇ ਨਾਲ ਭਾਵ ਉਨ੍ਹਾਂ ਦੀ ਸੰਗਤ ਕਰਕੇ ਛੁਟੀ = ਮੁਕਤ ਹੋ ਗਈ ਹੈ ॥੨॥

***ਨੋਟ :*** ਜਪੁ ਜੀ ਸਾਹਿਬ ਦੀ ਸਮਾਪਤੀ ਵਾਲਾ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਚਾਰਨ ਕੀਤਾ ਹੈ। ਇਹ ਮਾਝ ਦੀ ਵਾਰ ਵਿਚ ਸਲੋਕ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਚਾਰਨ ਕੀਤਾ ਹੈ। ਦੋਹਾਂ ਸਲੋਕਾਂ ਦੇ ਪਦਾਂ ਵਿਚ ਕੁਝ ਕੁ ਫ਼ਰਕ ਹੈ।

| **ਜਪੁ ਜੀ ਸਾਹਿਬ ਵਾਲਾ** | — | **ਮਾਝ ਰਾਗ ਵਾਲਾ** |
|---|---|---|
| ਪਵਣੁ ਗੁਰੂ | — | ਪਉਣੁ ਗੁਰੂ |
| ਦਿਵਸੁ ਰਾਤਿ | — | ਦਿਨਸੁ ਰਾਤਿ |
| ਵਾਚੈ ਧਰਮੁ | — | ਵਾਚੇ ਧਰਮੁ |
| ਕੇਤੀ ਛੁਟੀ ਨਾਲਿ | — | ਹੋਰ ਕੇਤੀ ਛੁਟੀ ਨਾਲਿ |

## ਪਉੜੀ ॥ ਸਚਾ ਭੋਜਨੁ ਭਾਉ; ਸਤਿਗੁਰਿ ਦਸਿਆ ॥

ਸਤਿਗੁਰਾਂ ਨੇ ਕਿਰਪਾ ਕਰਕੇ ਭਾਉ = ਪ੍ਰੇਮ ਰੂਪੀ ਸੱਚਾ ਭੋਜਨ ਦੱਸਿਆ ਹੈ।

## ਸਚੇ ਹੀ ਪਤੀਆਇ; ਸਚਿ ਵਿਗਸਿਆ ॥

(**ਵਿਗੱਸਿਆ** ਬੋਲੋ)

ਸੱਚੇ ਨਾਮ ਨੂੰ ਜਪਣ ਵਾਲਿਆਂ ਦੇ ਹੀ ਮਨ ਪਤੀਆਇ = ਪਤੀਜ ਜਾਂਦੇ ਹਨ, ਭਾਵ ਭਰੋਸੇ ਵਾਲੇ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਸੱਚੇ ਨਾਮ ਦੇ ਜਪਣ ਕਰਕੇ ਚਿਤ ਵਿਗਸਿਆ = ਖੇੜੇ ਵਿਚ ਆ ਜਾਂਦਾ ਹੈ।

## ਸਚੈ ਕੋਟਿ ਗਿਰਾਂਇ; ਨਿਜ ਘਰਿ ਵਸਿਆ ॥

ਸੱਚੇ ਪਰਮੇਸ਼ਰ ਵਾਹਿਗੁਰੂ ਨੇ ਸੰਸਾਰ ਰੂਪੀ ਕੋਟਿ = ਕਿਲ੍ਹਾ ਬਣਾਇਆ ਹੋਇਆ ਹੈ ਉਹ ਪਰਮੇਸ਼ਰ ਨਿਜ ਸਰੂਪ ਰੂਪੀ ਘਰ ਵਿਚ ਵਸਦਾ ਹੈ **ਵਾ:** ਸਰੀਰ ਰੂਪੀ ਸੱਚੇ ਦਾ ਕੋਟ ਹੈ, ਅੰਤਸ਼ਕਰਣ ਰੂਪੀ ਪਿੰਡ ਹੈ, ਦਸਵੇਂ ਦੁਆਰ ਰੂਪੀ ਨਿਜਘਰ ਵਿਚ ਪਰਮੇਸ਼ਰ ਸਾਖੀ ਚੇਤਨ ਵੱਸਦਾ ਹੈ **ਵਾ:** ਜਿਨ੍ਹਾਂ ਗੁਰਮੁਖ ਜਨਾਂ ਨੇ ਸੱਚੇ ਦੀ ਪ੍ਰਾਪਤੀ ਵਾਸਤੇ ਸਤਿਸੰਗਤ ਰੂਪੀ ਕੋਟ ਦਾ ਆਸਰਾ ਲਿਆ ਹੋਇਆ ਹੈ, ਉਨ੍ਹਾਂ ਦੇ ਹਿਰਦੇ ਵਿਚ ਸ਼ੁੱਭ ਗੁਣਾਂ ਰੂਪੀ ਪਿੰਡ ਦੀ ਪ੍ਰਾਪਤੀ ਹੁੰਦੀ ਹੈ ਤੇ ਫੇਰ ਉਨ੍ਹਾਂ ਦਾ ਮਨ ਤੁਰੀਆ ਪਦ ਰੂਪੀ ਆਪਣੇ ਘਰ ਵਿਚ ਵਸ ਜਾਂਦਾ ਹੈ **ਵਾ:** ਜਿਨ੍ਹਾਂ ਨੇ ਸੱਚੇ ਸਾਧਸੰਗਤ ਰੂਪੀ ਕੋਟ ਦੀ ਪ੍ਰਾਪਤੀ ਕੀਤੀ ਹੈ, ਉਨ੍ਹਾਂ ਦੇ ਤਾਈਂ ਸ੍ਰਵਣ ਮੰਨਣ ਨਿਧਿਆਸਣ ਰੂਪੀ ਗ੍ਰਾਮ ਪ੍ਰਾਪਤ ਹੋ ਜਾਂਦਾ ਹੈ, ਇਨ੍ਹਾਂ ਗੁਣਾਂ ਕਰਕੇ ਉਹ ਸਰੂਪ ਰੂਪੀ ਘਰ ਵਿਚ ਵਸ ਜਾਂਦੇ ਹਨ।

## ਸਤਿਗੁਰਿ ਤੁਠੈ ਨਾਉ; ਪ੍ਰੇਮਿ ਰਹਸਿਆ ॥

(**ਰਹੱਸਿਆ** ਬੋਲੋ)

ਜਿਨ੍ਹਾਂ ਨੂੰ ਸਤਿਗੁਰਾਂ ਨੇ ਤੁਠੈ = ਪ੍ਰਸੰਨ ਹੋ ਕੇ ਨਾਉ = ਨਾਮ ਦੀ ਦਾਤ ਦਿੱਤੀ ਹੈ, ਉਨ੍ਹਾਂ ਦੇ ਅੰਦਰ ਨਾਮ ਜਪ ਕੇ ਪ੍ਰੇਮ ਪੈਦਾ ਹੋ ਗਿਆ, ਜਿਸ ਕਰਕੇ ਉਨ੍ਹਾਂ ਦਾ ਮਨ ਰਹਸਿਆ = ਅਨੰਦਿਤ ਹੋ ਗਿਆ ਹੈ **ਵਾ:** ਨਾਮ, ਪ੍ਰੇਮ ਕਰਕੇ ਸੱਚੇ ਦੇ ਰਹਸਿਆ = ਸਿਧਾਂਤ ਨੂੰ ਜਾਣਦੇ ਹਨ।

## ਸਚੈ ਦੈ ਦੀਬਾਣਿ; ਕੂੜਿ ਨ ਜਾਈਐ ॥

ਸਚੈ = ਸੱਚੇ ਪਰਮੇਸ਼ਰ ਦੇ ਸੱਚਖੰਡ ਰੂਪੀ ਦੀਬਾਣ ਵਿਚ ਕੂੜਿ = ਝੂਠ ਕਮਾਉਣ ਨਾਲ ਨ = ਨਹੀਂ ਜਾਈਐ = ਜਾਈਦਾ ਹੈ **ਵਾ:** ਉਥੇ ਝੂਠ ਬੋਲਣ ਵਾਲਿਆਂ ਨੂੰ ਕੋਈ ਜਗ੍ਹਾਂ ਨਹੀਂ ਹੈ। ਕਿਉਂਕਿ

## ਝੂਠੋ ਝੂਠੁ ਵਖਾਣਿ; ਸੁ ਮਹਲੁ ਖੁਆਈਐ ॥

ਉਹ ਝੂਠੋ = ਝੂਠੇ ਜੀਵਨ ਵਾਲੇ ਝੂਠ ਹੀ ਝੂਠ ਵਖਾਣਿ = ਬੋਲਦੇ ਹਨ, ਜਿਸ ਕਰਕੇ ਸੁ = ਉਹ ਸਰੂਪ ਰੂਪੀ ਮਹੱਲ ਨੂੰ ਖੁਆਈਐ = ਭੁੱਲ ਜਾਂਦੇ ਹਨ।

[ਅੰਗ ੧੪੭]

## ਸਚੈ ਸਬਦਿ ਨੀਸਾਣਿ; ਠਾਕ ਨ ਪਾਈਐ ॥

ਜਿਨ੍ਹਾਂ ਦੇ ਹਿਰਦੇ ਵਿਚ ਸੱਚੇ ਪਰਮੇਸ਼ਰ ਨੇ ਗੁਰਾਂ ਦੇ ਸਬਦਿ = ਉਪਦੇਸ਼ ਦੀ ਕਮਾਈ ਦਾ ਨੀਸਾਣਿ = ਲੇਖ ਲਿਖਿਆ ਹੈ, ਉਨ੍ਹਾਂ ਨੂੰ ਪਰਲੋਕ ਦੇ ਰਸਤੇ ਵਿਚ ਕੋਈ ਠਾਕ = ਰੋਕ ਨਹੀਂ ਪਾਈਐ = ਪਾ ਸਕਦਾ **ਅਥਵਾ** ਜਿਨ੍ਹਾਂ ਨੇ ਸੱਚੇ ਪਰਮੇਸ਼ਰ ਦੇ ਸਬਦਿ = ਉਪਦੇਸ਼ ਨੂੰ ਹਿਰਦੇ ਵਿਚ ਨੀਸਾਣਿ = ਪ੍ਰਗਟ ਕੀਤਾ ਹੈ, ਉਨ੍ਹਾਂ ਨੂੰ ਕਾਮ, ਕ੍ਰੋਧ ਆਦਿਕ ਠਾਕ = ਰੋਕ ਨ = ਨਹੀਂ ਪਾ ਸਕਦੇ।

## ਸਚੁ ਸੁਣਿ ਬੁਝਿ ਵਖਾਣਿ; ਮਹਲਿ ਬੁਲਾਈਐ ॥੧੮॥

ਜੋ ਸਤਿਗੁਰਾਂ ਦੇ ਸੱਚੇ ਉਪਦੇਸ਼ ਨੂੰ ਸੁਣਿ = ਸ੍ਰਵਣ ਕਰਕੇ ਬੁਝਿ = ਸਮਝ ਲੈਂਦੇ ਹਨ ਅਤੇ ਸੱਚੇ ਨਾਮ ਦਾ ਵਖਾਣਿ = ਕਥਨ ਕਰਦੇ ਹਨ ਉਹ ਸਰੂਪ ਰੂਪੀ ਮਹਲ ਵਿਚ **ਵਾ:** ਅਭੇਦਤਾ ਰੂਪੀ ਮਹਲ ਵਿਚ ਬੁਲਾਈਐ = ਬੁਲਾ ਲਏ ਜਾਂਦੇ ਹਨ ਭਾਵ ਪਰਮਾਤਮਾ ਉਨ੍ਹਾਂ ਨੂੰ ਆਪਣੇ ਵਿਚ ਅਭੇਦ ਕਰ ਲੈਂਦਾ ਹੈ ॥੧੮॥

## ਸਲੋਕੁ ਮ: ੧ ॥

ਇਹ ਸ਼ਬਦ ਸਿੱਧਾਂ ਨਾਲ ਅੱਚਲ ਬਟਾਲੇ ਵਿਚ ਚਰਚਾ ਦਾ ਹੀ ਇਕ ਹਿੱਸਾ ਹੈ। ਸਿੱਧਾਂ ਨੇ ਪੁੱਛਿਆ ਕਿ ਮਹਾਰਾਜ ਜੀ! ਨਿਰੰਕਾਰ ਨੇ ਆਪ ਜੀ ਨੂੰ ਕਿਤਨੀ ਕੁ ਸ਼ਕਤੀ ਦਿੱਤੀ ਹੈ? ਤਾਂ ਗੁਰੂ ਸਾਹਿਬ ਜੀ ਨੇ ਉਚਾਰਨ ਕੀਤਾ:

## ਪਹਿਰਾ ਅਗਨਿ, ਹਿਵੈ ਘਰੁ ਬਾਧਾ; ਭੋਜਨੁ ਸਾਰੁ ਕਰਾਈ ॥

ਸਤਿਗੁਰੂ ਜੀ ਆਖਣ ਲੱਗੇ ਕਿ ਜੇਕਰ ਅਸੀਂ ਚਾਹੀਏ ਤਾਂ ਗਰਮੀ ਦੀ ਰੁੱਤ ਵਿਚ ਅਗਨਿ = ਅੱਗ ਨੂੰ ਹੀ ਆਪਣੇ ਵਸਤਰ ਬਣਾ ਕੇ ਪਹਿਰਾ = ਪਹਿਨ ਲਈਏ[੧]।

ਜੇਕਰ ਅਸੀਂ ਚਾਹੀਏ ਤਾਂ ਸਰਦੀ ਦੀ ਰੁੱਤ ਵਿਚ ਹਿਮਾਲਿਆ ਵਿਚ ਹਿਵੈ = ਬਰਫ਼ ਦਾ ਘਰ ਬਾਧਾ = ਬੰਨ੍ਹ ਲਈਏ। ਜੇ ਚਾਹੀਏ ਤਾਂ ਭੋਜਨੁ = ਖ਼ੁਰਾਕ ਸਾਰੁ = ਲੋਹੇ ਦੀ ਕਰ ਲਈਏ ਅਤੇ ਹੋਰਾਂ ਨੂੰ ਵੀ ਕਰਾਈ = ਕਰਾ ਦੇਈਏ।

***ਨੋਟ :*** 'ਸਾਰੁ' ਲੋਹਾ ਉਹ ਹੁੰਦਾ ਹੈ ਜੋ ਕਿ ੨੧ ਮਣ ਲੋਹੇ ਨੂੰ ਅੱਗ ਵਿਚ ਪਾ ਪਾ ਕੇ ਕੁੱਟਦੇ ਰਹੀਏ। ਉਸ ਦੀ ਮੈਲ ਦੂਰ ਹੁੰਦੀ ਹੁੰਦੀ ਥੋੜ੍ਹਾ ਜਿਹਾ ਭਾਵ ਇਕ ਸੇਰ ਰਹਿ ਜਾਵੇ ਉਹ 'ਸਾਰੁ' ਲੋਹਾ ਹੁੰਦਾ ਹੈ।

## ਸਗਲੇ ਦੂਖ, ਪਾਣੀ ਕਰਿ ਪੀਵਾ; ਧਰਤੀ ਹਾਕ ਚਲਾਈ ॥

ਜੇ ਚਾਹੀਏ ਤਾਂ ਸਗਲੇ = ਸਾਰੇ ਦੂਖ = ਦੁੱਖਾਂ ਨੂੰ ਪਾਣੀ ਬਣਾ ਕਰਿ = ਕਰਕੇ ਪੀਵਾ = ਪੀ ਜਾਈਏ, ਭਾਵ ਦੁੱਖਾਂ ਦਾ ਅਭਾਵ ਕਰ ਦੇਈਏ। ਧਰਤੀ ਨੂੰ ਗਊ ਦੀ ਤਰ੍ਹਾਂ ਹਾਕ = ਹੱਕ ਕਰਕੇ ਜਿੱਧਰ ਮਰਜ਼ੀ ਚਲਾ, ਤੋਰ ਲਈਏ।

## ਧਰਿ ਤਾਰਾਜੀ ਅੰਬਰੁ ਤੋਲੀ; ਪਿਛੈ ਟੰਕੁ ਚੜਾਈ ॥

ਜੇਕਰ ਅਸੀਂ ਚਾਹੀਏ ਤਾਂ ਧਰਿ = ਧਰਤੀ ਤੇ ਅੰਬਰੁ = ਆਕਾਸ਼ ਨੂੰ ਤਾਰਾਜੀ = ਤੱਕੜੀ ਵਿਚ ਰੱਖ ਕੇ ਤੋਲ ਦੇਈਏ **ਵਾ:** ਸਾਰੇ ਅੰਬਰੁ = ਆਕਾਸ਼ ਨੂੰ ਤੱਕੜੀ ਦੇ ਇਕ ਪਲੜੇ ਵਿਚ ਧਰਿ = ਰੱਖ ਕੇ ਤੋਲ ਦੇਈਏ ਤੇ ਤੱਕੜੀ ਦੇ ਦੂਜੇ ਪਲੜੇ ਵਿਚ ਟੰਕੁ = ਚਾਰ ਮਾਸੇ ਦਾ ਵੱਟਾ ਚੜਾਈ = ਚੜ੍ਹਾ ਦੇਈਏ। (ਇਹ ਛੋਟਾ ਵੱਟਾ ਜਿਸ ਨੂੰ ਟੰਕ ਕਿਹਾ ਜਾਂਦਾ ਹੈ, ਸਾਢੇ ਚਾਰ ਮਾਸੇ ਦਾ ਹੁੰਦਾ ਹੈ। *ਮਹਾਨ ਕੋਸ਼* ਅਨੁਸਾਰ ਟੰਕ ਚਾਰ ਮਾਸੇ ਦਾ ਹੁੰਦਾ ਹੈ)। ਭਾਵ ਇਤਨਾ ਛੋਟਾ ਵੱਟਾ ਪਾ ਕੇ ਇਤਨੀ ਵੱਡੀ ਧਰਤੀ ਅਤੇ ਆਕਾਸ਼ ਨੂੰ ਤੋਲ ਦੇਈਏ। ਫਿਰ ਵੀ ਇਸ ਵੱਟੇ ਦੇ ਤੋਲ ਬਰਾਬਰ ਨਾ ਹੋ ਸਕਣ, ਭਾਵ ਹਲਕੇ ਰਹਿ ਜਾਣ।

## ਏਵਡੁ ਵਧਾ, ਮਾਵਾ ਨਾਹੀ; ਸਭਸੈ ਨਥਿ ਚਲਾਈ ॥

(**ਵੱਧਾ** ਨਹੀਂ ਬੋਲਣਾ)

ਜੇਕਰ ਅਸੀਂ ਚਾਹੀਏ ਤਾਂ ਏਵਡੁ = ਇਤਨਾ ਵੱਡਾ ਸਰੀਰ ਨੂੰ ਵਧਾ ਲਈਏ ਕਿ ਮਾਵਾ = ਮਿਣਤੀ ਵਿਚ ਨਾ ਆਈਏ। (ਜਿਸ ਪ੍ਰਕਾਰ ਨੱਥ ਪਾ ਕੇ ਪਸ਼ੂ ਨੂੰ ਵਸ ਕਰ ਲਈਦਾ ਹੈ, ਫਿਰ ਚਲਾਉਣ ਵਾਲਾ ਜਿਧਰ ਨੂੰ ਚਲਾਉਣਾ ਚਾਹੇ, ਉਹ ਪਸ਼ੂ ਉਧਰ ਹੀ ਚੱਲਦਾ ਹੈ, ਇਸ ਤਰ੍ਹਾਂ) ਜੇਕਰ ਅਸੀਂ ਚਾਹੀਏ ਤਾਂ ਸਭਸੈ = ਸਾਰਿਆਂ ਨੂੰ ਆਪਣੀ ਸ਼ਕਤੀ ਰੂਪੀ ਨੱਥ ਪਾ ਕੇ ਚਲਾਈ = ਚਲਾ ਲਈਏ। (***ਨੋਟ :*** ਇਹ ਆਪਣੇ ਵਿਰਾਟ ਰੂਪ ਦਾ

---

੧. ਸਤਿਗੁਰੂ ਜੀ ਦੇ ਜੀਵਨ ਵਿਚ ਇਹ ਘਟਨਾ ਇਕ ਵਾਰੀ ਘਟੀ ਸੀ, ਜਦੋਂ ਹਬਸ਼ੀਆ ਦੇ ਬਾਦਸ਼ਾਹ ਨੇ ਅੱਗ ਵਿਚ ਬਿਠਾ ਦਿੱਤਾ ਸੀ, ਤਾਂ ਅੱਗ ਇਕ ਵੀ ਰੋਮ ਸਾੜ ਨਹੀਂ ਸਕੀ ਸੀ।

ਕਥਨ ਕੀਤਾ ਹੈ ਜਿਵੇਂ ਸਤਿਜੁਗ ਵਿਚ ਬਾਵਨ ਰੂਪ ਬਣ ਕੇ ਤਿੰਨ ਲੋਕਾਂ ਦੀਆਂ ਢਾਈ ਕਰਮਾਂ ਕੀਤੀਆਂ ਸਨ। ਇਹ ਅਵਤਾਰੀ ਪੁਰਖ ਦੀ ਸਮਰੱਥਾ ਹੈ, ਇਸ ਵਿਚ ਸ਼ੰਕਾ ਕਰਨ ਦੀ ਲੋੜ ਨਹੀਂ।)

## ਏਤਾ ਤਾਣੁ ਹੋਵੈ ਮਨ ਅੰਦਰਿ; ਕਰੀ ਭਿ ਆਖਿ ਕਰਾਈ ॥

ਮਨ ਦੇ ਅੰਦਰਿ = ਵਿਚ ਏਤਾ = ਇਤਨਾ ਤਾਣੁ = ਬਲ ਹੋਵੈ = ਹੁੰਦਿਆਂ ਵੱਡੇ ਤੋਂ ਵੱਡੇ ਕਾਰਜ ਆਪ ਭਿ = ਵੀ ਕਰੀ = ਕਰ ਲਈਏ ਤੋਂ ਹੋਰਨਾਂ ਨੂੰ ਵੀ ਆਖਿ = ਕਹਿ ਕੇ ਕਰਾਈ = ਕਰਾ ਲਈਏ।

## ਜੇਵਡੁ ਸਾਹਿਬੁ, ਤੇਵਡ ਦਾਤੀ; ਦੇ ਦੇ ਕਰੇ ਰਜਾਈ ॥

ਜੇਵਡੁ = ਜਿੱਡਾ ਵੱਡਾ ਸਾਹਿਬੁ = ਮਾਲਕ ਵਾਹਿਗੁਰੂ ਹੈ, ਤੇਵਡ = ਉਤਨੀਆਂ ਵੱਡੀਆਂ ਹੀ ਉਸ ਦੀਆਂ ਦਾਤੀ = ਦਾਤਾਂ ਹਨ, ਉਹ ਦਾਤਾਂ ਦੇ ਦੇ ਕੇ ਜੀਵਾਂ ਨੂੰ ਰਜਾਈ = ਰਜਾਉਣਾ ਕਰੇ = ਕਰਦਾ ਹੈ ਭਾਵ ਤ੍ਰਿਪਤ ਕਰਦਾ ਹੈ।

## ਨਾਨਕ ਨਦਰਿ ਕਰੇ ਜਿਸੁ ਉਪਰਿ; ਸਚਿ ਨਾਮਿ ਵਡਿਆਈ ॥੧॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਸਿੱਧੋ! ਪਰ ਮੈਂ ਤਾਂ ਸੱਚ ਨਾਮ ਦੀ ਵਡਿਆਈ ਨੂੰ ਹੀ ਸਭ ਤੋਂ ਉੱਤਮ ਸਮਝਦਾ ਹਾਂ, ਜਿਸ ਉਪਰਿ = ਉਤੇ ਪਰਮੇਸ਼ਰ ਆਪਣੀ ਕਿਰਪਾ ਨਦਰਿ = ਦ੍ਰਿਸ਼ਟੀ ਕਰੇ = ਕਰਦਾ ਹੈ, ਉਸਨੂੰ ਹੀ ਇਹ ਦਾਤ ਪ੍ਰਾਪਤ ਹੁੰਦੀ ਹੈ ॥੧॥ ਜੈਸਾ ਕਿ :

**ਸਤਿਨਾਮ ਬਿਨੁ ਬਾਦਰਿ ਛਾਈ।** *(ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੩)*

### ਦੂਸਰਾ ਅਰਥ

ਹੁਣ ਸਿੱਧਾਂ ਨੇ ਐਡੀ ਵੱਡੀ ਸ਼ਕਤੀ ਦੇ ਮਾਲਕ ਜਾਣ ਕੇ ਬੇਨਤੀ ਕੀਤੀ ਕਿ ਨਾਨਕ ਤਪਾ ਜੀ! ਸਾਡੇ ਜੀਵਨ ਦੀ ਇਕ ਸਮੱਸਿਆ ਦੂਰ ਕਰੋ ਕਿ ਅਸੀਂ ਘਰ ਬਾਰ ਛੱਡ ਕੇ ਜੋਗੀ ਤਾਂ ਬਣ ਗਏ। ਸਿੱਧੀਆਂ ਵੀ ਪ੍ਰਾਪਤ ਹੋ ਗਈਆਂ ਪਰ ਸਾਡੇ ਹਿਰਦੇ ਵਿੱਚੋਂ ਵਿਕਾਰ ਨਹੀਂ ਮਿਟਦੇ। ਵਿਕਾਰ ਮੇਟਣ ਦੀ ਜੁਗਤੀ ਦੱਸੋ। ਤਾਂ ਸਤਿਗੁਰੂ ਜੀ ਉਪਦੇਸ਼ ਦਿੰਦੇ ਹਨ ਕਿ

### ਪਹਿਰਾ ਅਗਨਿ, ਹਿਵੈ ਘਰੁ ਬਾਧਾ; ਭੋਜਨੁ ਸਾਰੁ ਕਰਾਈ ॥

ਅਗਨੀ ਦੀ ਨਿਆਈਂ ਜੋ ਤ੍ਰਿਸ਼ਨਾ ਹੈ, ਕਾਮ ਕ੍ਰੋਧ ਆਦਿਕ ਦਾ ਫੁਰਨਾ ਹੈ, ਉਸ ਦੇ ਫੁਰਨ ਤੋਂ ਮਨ ਉੱਤੇ ਪਹਿਰਾ ਦੇਈਏ। ਹਿਮਾਲਿਆ ਦੀ ਨਿਆਈਂ ਸ਼ਾਂਤੀ ਦਾ ਘਰ ਸਾਧਸੰਗਤ ਹੈ, ਉਸ ਦੇ ਵਿਚ ਚਿੱਤ ਦੇ ਟਿਕਾਉਣ ਰੂਪੀ ਆਪਣਾ ਘਰੁ ਬਾਧਾ = ਬੰਨ੍ਹ ਲਈਏ। ਉਸ ਵਿਚ 'ਸਾਰੁ' ਰੂਪੀ ਹਰੀ ਪਰਮੇਸ਼ਰ ਦਾ ਗਿਆਨ ਰੂਪੀ ਭੋਜਨ ਕਰਾਈ = ਕਰੀਏ। ਜੈਸਾ ਕਿ :

**ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥** *(ਗਉੜੀ ਸੁਖਮਨੀ ਮ: ੫, ਅੰਗ ੨੭੩)*

### ਸਗਲੇ ਦੂਖ, ਪਾਣੀ ਕਰਿ ਪੀਵਾ; ਧਰਤੀ ਹਾਕ ਚਲਾਈ ॥

ਸਗਲੇ = ਸਾਰੇ ਜੰਮਣ ਮਰਣ ਦੇ ਦੁੱਖਾਂ ਨੂੰ ਪਰਮੇਸ਼ਰ ਨਾਲ ਪਰੇਮ ਕਰਕੇ ਪਾਣੀ ਦੀ ਨਿਆਈਂ ਪੀ ਜਾਈਏ ਭਾਵ ਨਾਸ਼ ਕਰ ਦੇਈਏ। ਬੁੱਧੀ ਰੂਪੀ ਧਰਤੀ ਨੂੰ ਗੁਰੂ ਦੀ ਹਾਕ = ਅਵਾਜ਼ ਭਾਵ ਸ਼ਬਦ ਵਿਚ ਚਲਾਈ = ਚਲਾਉਣਾ ਕਰੀਏ।

### ਧਰਿ ਤਾਰਾਜੀ ਅੰਬਰੁ ਤੋਲੀ; ਪਿਛੈ ਟੰਕੁ ਚੜਾਈ ॥

ਬੁੱਧੀ ਰੂਪੀ ਤੱਕੜੀ ਵਿਚ ਸਤਿਗੁਰਾਂ ਦੇ ਉਪਦੇਸ਼ ਨੂੰ ਧਾਰਨ ਕਰਕੇ ਅੰਬਰੁ = ਚਿਦਾ ਆਕਾਸ਼ ਬ੍ਰਹਮ

ਦੀ ਤੋਲੀ = ਵਿਚਾਰ ਕਰੀਏ ਫੇਰ ਤੱਕੜੀ ਦੇ ਪਿਛਲੇ ਪਲੜੇ ਵਿਚ ਸਾਢੇ ਚਾਰ ਮਾਤਰਾ ਓਅੰਕਾਰ ਰੂਪੀ ਟੰਕ ਚੜਾਉਣਾ ਕਰੀਏ **ਵਾ:** ਓਅੰਕਾਰ ਨੂੰ ਉਚਾਰਨ ਕਰਨ ਰੂਪ ਟੰਕ ਚੜਾਉਣਾ ਕਰੀਏ।

**ਏਵਡੁ ਵਧਾ, ਮਾਵਾ ਨਾਹੀ; ਸਭਸੈ ਨਥਿ ਚਲਾਈ ॥**

ਦੇਹ ਅਭਿਮਾਨ ਤੋਂ ਪਰ੍ਹੇ ਹੋ ਕੇ ਏਵਡੁ = ਇਤਨੇ ਵੱਡੇ ਵਿਚਾਰਾਂ ਵਿਚ ਵਧਾ = ਵੱਧ ਜਾਈਏ ਤੇ ਜੋ ਸੰਸਾਰ ਵਿਚ ਬ੍ਰਹਮ ਮਿਣਤੀ ਤੋਂ ਬਾਹਰ ਹੈ, ਉਸ ਵਿਚ ਲੀਨ ਹੋ ਜਾਈਏ। ਸਭਸੈ = ਸਾਰਿਆਂ ਇੰਦਰੀਆਂ ਨੂੰ ਸਮ ਦਮ ਸਾਧਨਾਂ ਰੂਪੀ ਰੱਸੀ ਦੀ ਨਥਿ = ਨਕੇਲ ਪਾ ਕੇ ਆਗਿਆ ਵਿਚ ਚਲਾਈ = ਚਲਾਉਣਾ ਕਰੀਏ।

**ਏਤਾ ਤਾਣੁ ਹੋਵੈ, ਮਨ ਅੰਦਰਿ; ਕਰੀ ਭਿ, ਆਖਿ ਕਰਾਈ ॥**

ਏਤਾ = ਇਤਨਾ ਤਾਣੁ = ਬਲ ਬ੍ਰਹਮ ਗਿਆਨੀ ਦੇ ਮਨ ਵਿਚ ਪੈਦਾ ਹੋ ਜਾਂਦਾ ਹੈ ਕਿ ਉਹ ਆਪ ਵੀ ਆਪਣੀ ਕਲਿਆਣ ਕਰ ਲੈਂਦਾ ਹੈ ਤੇ ਜਿਸ ਨੂੰ ਆਖਿ = ਉਪਦੇਸ਼ ਦਿੰਦਾ ਹੈ, ਉਸ ਦੀ ਵੀ ਕਲਿਆਣ ਕਰ ਦਿੰਦਾ ਹੈ।

**ਜੇਵਡੁ ਸਾਹਿਬੁ, ਤੇਵਡ ਦਾਤੀ; ਦੇ ਦੇ ਕਰੇ ਰਜਾਈ ॥**

ਜੇਵਡੁ = ਜਿਤਨਾ ਵੱਡਾ ਉਹ ਸਾਹਿਬੁ = ਮਾਲਕ ਸੁਆਮੀ ਦਾਤਾ ਹੈ, ਤੇਵਡ = ਉਤਨੀ ਵੱਡੀ ਹੀ ਉਸ ਦੀ ਬ੍ਰਹਮ ਵਿੱਦਿਆ ਦੀ ਦਾਤ ਹੈ। ਉਹ ਸਿੱਖਾਂ ਨੂੰ ਬ੍ਰਹਮ ਵਿੱਦਿਆ ਦੇ ਕੇ ਆਗਿਆ ਮਨਾਉਣੀ ਕਰਦਾ ਹੈ **ਵਾ:** ਰਜਾਈ = ਰਜ਼ਾ ਦਿੰਦਾ ਹੈ ਭਾਵ ਤ੍ਰਿਪਤ ਕਰ ਦਿੰਦਾ ਹੈ।

**ਨਾਨਕ ਨਦਰਿ ਕਰੇ ਜਿਸੁ ਉਪਰਿ; ਸਚਿ ਨਾਮਿ ਵਡਿਆਈ ॥੧॥**

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਦੇ ਉਪਰ ਮੇਰਾ ਵਾਹਿਗੁਰੂ ਨਦਰਿ = ਕਿਰਪਾ ਦ੍ਰਿਸ਼ਟੀ ਕਰ ਦੇਵੇ ਤਾਂ ਉਸ ਨੂੰ ਸੱਚੇ ਨਾਮ ਕਰਕੇ ਸਾਰੀਆਂ ਦਾਤਾਂ, ਗੁਣ ਅਤੇ ਵਡਿਆਈਆਂ ਦੇ ਦਿੰਦਾ ਹੈ ॥੧॥

## ਮ: ੨ ॥

ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸਿੱਧਾਂ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ ਜੀ! ਇੰਦਰੇ ਵਸ ਵਿਚ ਕਿਵੇਂ ਆਉਣ? ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਹੇ ਸਿੱਧੋ!

## ਆਖਣੁ ਆਖਿ ਨ ਰਜਿਆ; ਸੁਨਣਿ ਨ ਰਜੇ ਕੰਨ ॥

ਇਹ ਆਖਣੁ = ਮੁੱਖ ਗੱਲਾਂ ਨੂੰ ਆਖਿ = ਕਹਿ ਕਹਿ ਕੇ ਰਜਿਆ = ਰੱਜਦਾ ਨਹੀਂ ਹੈਂ ਅਤੇ ਕੰਨ ਨਿੰਦਿਆਂ ਉਸਤਤੀ ਦੇ ਬੋਲ ਸੁਨਣਿ = ਸੁਣ ਕੇ ਰਜੇ = ਤ੍ਰਿਪਤ ਨਹੀਂ ਹੁੰਦੇ।

## ਅਖੀ ਦੇਖਿ ਨ ਰਜੀਆ; ਗੁਣ ਗਾਹਕ ਇਕ ਵੰਨ ॥

ਅਖੀ = ਅੱਖਾਂ ਬਿਗਾਨੇ ਰੂਪਾਂ ਨੂੰ ਦੇਖਿ = ਵੇਖ ਵੇਖ ਕੇ ਨ = ਨਹੀਂ ਰਜੀਆ = ਰੱਜਦੀਆਂ, ਇਸੇ ਤਰ੍ਹਾਂ ਬਾਕੀ ਦੇ ਇੰਦਰੇ ਵੀ ਇਕ ਇਕ ਗੁਣ ਭਾਵ ਵਿਸ਼ੇ ਵੰਨ = ਰੰਗ ਦੇ ਗਾਹਕ = ਖਰੀਦਦਾਰ ਹਨ **ਵਾ:** ਆਪੋ ਆਪਣੇ ਵਿਸ਼ਿਆਂ ਦੇ ਗੁਣ ਗ੍ਰਹਿਣ ਕਰਨ ਵਾਲੇ ਹਨ।

## ਭੁਖਿਆ ਭੁਖ ਨ ਉਤਰੈ; ਗਲੀ ਭੁਖ ਨ ਜਾਇ ॥

ਇਉਂ ਵੱਖੋ ਵੱਖਰੇ ਵਿਸ਼ੇ ਰਸ ਲੈਂਦੇ ਹੋਏ ਵੀ ਇੰਦਰੇ ਸਦਾ ਭੁੱਖੇ ਰਹਿੰਦੇ ਹਨ, ਇਨ੍ਹਾਂ ਇੰਦਰੀਆਂ **ਵਾ:**

ਅੰਤਸ਼ਕਰਣ ਦੀ ਵਿਸ਼ੇ ਭੋਗਣ ਦੀ ਭੁੱਖ ਕਦੇ ਵੀ ਨਹੀਂ ਉਤਰਦੀ ਅਤੇ ਨਾ ਹੀ ਬਾਹਰੋਂ ਤਿਆਗਪੁਣੇ ਦੀਆਂ ਗਲੀ = ਗੱਲਾਂ ਕੀਤਿਆਂ ਜਾਇ = ਜਾਂਦੀ ਹੈ।

## ਨਾਨਕ, ਭੁਖਾ ਤਾ ਰਜੈ; ਜਾ ਗੁਣ ਕਹਿ ਗੁਣੀ ਸਮਾਇ ॥੨॥

ਗੁਰੂ ਜੀ ਕਥਨ ਕਰਦੇ ਹਨ ਕਿ ਭੁੱਖਾ ਅੰਤਸ਼ਕਰਨ **ਵਾ:** ਭੁੱਖੇ ਇੰਦਰੇ ਤਾਂ ਰਜੈ = ਰੱਜਦੇ ਹਨ ਜਾ = ਜਦੋਂ ਗੁਣਾਂ ਨੂੰ ਕਹਿ = ਕਹਿਣ ਵਾਲੇ ਹੋ ਕੇ ਗਿਆਨ ਦੁਆਰਾ ਗੁਣੀ ਪਰਮੇਸ਼ਰ ਵਿਚ ਸਮਾਇ = ਸਮਾ ਜਾਂਦੇ ਹਨ ॥੨॥

## ਪਉੜੀ ॥

## ਵਿਣੁ ਸਚੇ ਸਭੁ ਕੂੜੁ; ਕੂੜੁ ਕਮਾਈਐ ॥

ਸੱਚੇ ਨਾਮ ਤੋਂ ਵਿਣੁ = ਬਿਨਾਂ ਸਭੁ = ਸਾਰੇ ਕੂੜੁ = ਝੂਠ ਵਿਚ ਹੀ ਲੱਗੇ ਹੋਏ ਹਨ ਅਤੇ ਹਰ ਵਕਤ ਕੂੜੁ = ਝੂਠ ਦੀ ਹੀ ਕਮਾਈਐ = ਕਮਾਈ ਕਰਦੇ ਰਹਿੰਦੇ ਹਨ।

## ਵਿਣੁ ਸਚੇ ਕੂੜਿਆਰੁ; ਬੰਨਿ ਚਲਾਈਐ ॥

ਸੱਚੇ ਪਰਮੇਸ਼ਰ ਦੇ ਨਾਮ ਤੋਂ ਵਿਣੁ = ਬਿਨਾਂ ਜੋ ਕੂੜਿਆਰ = ਝੂਠ ਦੀ ਪ੍ਰਾਪਤੀ ਵਾਲੇ ਪੁਰਖ ਹਨ, ਉਨ੍ਹਾਂ ਨੂੰ ਜਮ ਬੰਨ੍ਹ ਕੇ ਪਰਲੋਕ ਨੂੰ ਚਲਾਈਐ = ਚਲਾ ਲੈਂਦੇ ਹਨ, ਭਾਵ ਲੈ ਜਾਂਦੇ ਹਨ।

## ਵਿਣੁ ਸਚੇ ਤਨੁ ਛਾਰੁ; ਛਾਰੁ ਰਲਾਈਐ ॥

ਸੱਚੇ ਨਾਮ ਤੋਂ ਵਿਣੁ = ਬਿਨਾਂ ਇਸ ਤਨੁ = ਸਰੀਰ ਨੇ ਛਾਰੁ = ਸੁਆਹ ਹੋ ਜਾਣਾ ਹੈ ਤੇ ਅੰਤ ਨੂੰ ਸੱਪ, ਕਿਰਲੀਆਂ ਆਦਿ ਦੀਆਂ ਟੇਢੀਆਂ ਜੂਨਾਂ ਵਿਚ ਲਾਹਨਤਾਂ ਰੂਪੀ ਛਾਰੁ = ਸੁਆਹ ਵਿਚ ਰਲਾਈਐ = ਰਲਾਇਆ ਜਾਵੇਗਾ **ਵਾ:** ਸੱਚੇ ਤੋਂ ਬਗ਼ੈਰ ਇਹ ਸਰੀਰ ਜਿਉਂਦਿਆਂ ਵੀ ਛਾਰੁ = ਮਿੱਟੀ ਹੈ ਅਤੇ ਮਰਨ ਤੋਂ ਬਾਅਦ ਵੀ ਮਿੱਟੀ ਵਿਚ ਹੀ ਰੁੱਲਦਾ ਹੈ।

## ਵਿਣੁ ਸਚੇ ਸਭ ਭੁਖ; ਜਿ ਪੈਝੈ ਖਾਈਐ ॥

ਜਿ = ਜਿਹੜਾ ਕੁਝ ਵੀ ਪੈਝੈ = ਪਹਿਨਣਾ ਤੇ ਖਾਈਐ = ਖਾਣਾ ਹੈ, ਉਹ ਸੱਚੇ ਨਾਮ ਤੋਂ ਵਿਣੁ = ਬਗ਼ੈਰ ਸਭ = ਸਾਰਾ ਕੁਝ ਆਸਾ ਰੂਪ ਭੁੱਖ ਹੀ ਵਧਾਉਂਦਾ ਹੈ।

## ਵਿਣੁ ਸਚੇ ਦਰਬਾਰੁ; ਕੂੜਿ ਨ ਪਾਈਐ ॥

ਸੱਚੇ ਪਰਮੇਸ਼ਰ ਦੇ ਨਾਮ ਤੋਂ ਬਿਨਾਂ ਸੱਚਖੰਡ ਰੂਪੀ ਦਰਬਾਰ ਕੂੜਿ = ਝੂਠ ਦੇ ਨਾਲ ਨਹੀਂ ਪਾਈਐ = ਪਾਈਦਾ **ਵਾ:** ਸੱਚੇ ਪਰਮੇਸ਼ਰ ਦੇ ਸੱਚਖੰਡ ਰੂਪੀ ਦਰਬਾਰ ਤੋਂ ਬਿਨਾਂ ਝੂਠੇ ਪੁਰਸ਼ਾਂ ਦੀ ਕੁਸੰਗਤ ਕਰਨ ਦੇ ਨਾਲ ਪਰਮੇਸ਼ਰ ਨਹੀਂ ਪਾਈਦਾ, ਕੂੜਿ = ਝੂਠੇ ਪੁਰਸ਼ ਸਾਧਸੰਗਤ ਦੇ ਦਰਬਾਰ ਤੋਂ ਵਿਣੁ = ਬਿਨਾਂ ਪਰਮਸ਼ੇਰ ਦੀ ਪ੍ਰਾਪਤੀ ਨਹੀਂ ਕਰ ਸਕਦੇ।

## ਕੂੜੈ ਲਾਲਚਿ ਲਗਿ; ਮਹਲੁ ਖੁਆਈਐ ॥

ਜੋ ਕੂੜੈ = ਝੂਠੇ ਪਦਾਰਥਾਂ ਦੇ ਖਾਣ ਪੀਣ, ਪਹਿਨਣ ਆਦਿ ਦੇ ਲਾਲਚ ਵਿਚ ਲੱਗ ਜਾਂਦੇ ਹਨ, ਉਹ ਤੁਰੀਆ ਪਦ, ਸਚਖੰਡ ਰੂਪੀ ਮਹੱਲ ਨੂੰ ਖੁਆਈਐ = ਗਵਾ ਲੈਂਦੇ ਹਨ।

## ਸਭੁ ਜਗੁ ਠਗਿਓ ਠਗਿ; ਆਈਐ ਜਾਈਐ ॥

ਸਭੁ = ਸਾਰੇ ਜਗੁ = ਸੰਸਾਰ ਨੂੰ ਕਾਮ, ਕ੍ਰੋਧ ਆਦਿ ਠਗਿ = ਠੱਗਾਂ ਨੇ ਠਗਿਓ = ਠੱਗ ਲਿਆ ਹੈ। ਜਿਸ ਕਰਕੇ ਸੰਸਾਰੀ ਜੀਵ ਵਾਸਨਾ ਦੇ ਬੱਧੇ ਹੋਏ ਜਨਮ ਧਾਰ ਕੇ ਆਈਐ = ਆਉਂਦੇ ਹਨ ਤੇ ਮਰ ਕੇ ਪ੍ਰਲੋਕ ਨੂੰ ਚਲੇ ਜਾਈਐ = ਜਾਂਦੇ ਹਨ, ਭਾਵ ਵਿਸ਼ੇ-ਵਿਕਾਰਾਂ ਕਰਕੇ ਜੰਮਦੇ ਮਰਦੇ ਰਹਿੰਦੇ ਹਨ।

## ਤਨ ਮਹਿ ਤ੍ਰਿਸਨਾ ਅਗਿ; ਸਬਦਿ ਬੁਝਾਈਐ ॥੧੯॥

ਤਨ = ਸਰੀਰ ਮਹਿ = ਵਿਚ ਤ੍ਰਿਸ਼ਨਾ ਰੂਪੀ ਅੱਗ ਬਲ ਰਹੀ ਹੈ, ਜੋ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਨਾਮ ਰੂਪੀ ਜਲ ਨਾਲ ਬੁਝਾਈਐ = ਬੁਝਾਈ ਜਾਂਦੀ ਹੈ ॥੧੯॥

## ਸਲੋਕ ਮ: ੧ ॥

ਇਸ ਸ਼ਬਦ ਵਿਚ ਗੁਰੂ ਨਾਨਕ ਸਾਹਿਬ ਜੀ ਆਪਣੇ ਗੁਰੂ ਪਾਰਬ੍ਰਹਮ ਪਰਮੇਸ਼ਰ ਨੂੰ ਗੁਰੂ ਸਰੂਪ ਕਰਕੇ ਬ੍ਰਿਛ ਦੇ ਅਲੰਕਾਰ ਦੁਆਰਾ ਕਥਨ ਕਰਦੇ ਹਨ।

## ਨਾਨਕ ਗੁਰੁ ਸੰਤੋਖੁ ਰੁਖੁ; ਧਰਮੁ ਫੁਲੁ ਫਲ ਗਿਆਨੁ ॥

(**ਰੁਖੁ** ਦਾ ਉਚਾਰਨ ਅੱਧਕ ਸਹਿਤ ਕਰਨਾ ਹੈ)

ਗੁਰੂ ਨਾਨਕ ਸਾਹਿਬ ਜੀ ਕਥਨ ਕਰਦੇ ਹਨ ਕਿ ਸਾਡੇ ਗੁਰੂ ਅਕਾਲ ਪੁਰਖ ਅਗਿਆਨ ਦੇ ਹਨੇਰੇ ਨੂੰ ਮੇਟ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਹਨ। ਜੋ ਸੰਤੋਖ ਰੂਪੀ ਰੁਖੁ = ਬ੍ਰਿਛ ਹਨ, ਸਤਿ ਸੰਤੋਖ ਆਦਿ ਦੇ ਪੱਤਰੇ ਲੱਗੇ ਹੋਏ ਹਨ ਕਰੁਣਾ, ਮੈਤਰੀ, ਮੁੱਦਤਾ, ਅਪੇਖਿਆ ਆਦਿ ਟਾਹਣੀਆਂ ਹਨ। ਧਰਮ ਰੂਪੀ ਫੁੱਲ ਹਨ ਅਤੇ ਬ੍ਰਹਮ ਗਿਆਨ ਰੂਪੀ ਫਲ ਹਨ। ਜਿਸ ਵਿਚ ਬ੍ਰਹਮਾਨੰਦ ਰੂਪੀ ਰਸ ਭਰਿਆ ਹੋਇਆ ਹੈ। ਇਹ ਬ੍ਰਹਮ ਗਿਆਨ ਦਾ ਫਲ ਅਮਰ ਫਲ ਦੀ ਨਿਆਈਂ ਅਮਰ ਕਰਨ ਵਾਲਾ ਹੈ।

## ਰਸਿ ਰਸਿਆ, ਹਰਿਆ ਸਦਾ; ਪਕੈ ਕਰਮਿ ਧਿਆਨਿ ॥

ਜੋ ਗੁਰੂ ਅਕਾਲ ਪੁਰਖ ਪ੍ਰੇਮ ਰਸ ਸਹਿਤ ਉਪਦੇਸ਼ ਦਿੰਦੇ ਹਨ, ਇਸੇ ਪ੍ਰੇਮ ਰਸ ਵਿਚ ਗੁਰੂ ਅਕਾਲ ਪੁਰਖ ਜੀ ਰਸੇ ਹੋਏ ਸ਼ੁੱਭ ਗੁਣਾਂ ਦੀ ਹਰਿਆਵਲਤਾ ਸਹਿਤ ਹਨ, ਜੋ ਐਸੇ ਗੁਰੂ ਪਰਮੇਸ਼ਰ ਦੀ ਕਰਮਿ = ਕਿਰਪਾ ਦੁਆਰਾ ਧਿਆਨ ਲਾਉਂਦੇ ਹਨ, ਉਨ੍ਹਾਂ ਨੂੰ ਪੱਕੇ ਬ੍ਰਹਮ ਗਿਆਨ ਰੂਪੀ ਫਲ ਦੀ ਪ੍ਰਾਪਤੀ ਹੁੰਦੀ ਹੈ **ਵਾ:** ਜੋ ਜਗਿਆਸੂ ਜਨ (ਸਿੱਖ) ਨਿਸ਼ਕਾਮ ਕਰਮਾਂ ਦਾ ਸਦਕਾ ਧਿਆਨ ਲਾਉਣ ਦੀ ਕਮਾਈ ਕਰਦੇ ਹਨ, ਉਨ੍ਹਾਂ ਨੂੰ ਪੱਕੇ ਬ੍ਰਹਮ ਗਿਆਨ ਰੂਪੀ ਫਲ ਦੀ ਪ੍ਰਾਪਤੀ ਹੁੰਦੀ ਹੈ।

## ਪਤਿ ਕੇ ਸਾਦ, ਖਾਦਾ ਲਹੈ; ਦਾਨਾ ਕੈ ਸਿਰਿ ਦਾਨੁ ॥੧॥

ਐਸੇ ਪਰਮੇਸ਼ਰ ਦੇ ਗਿਆਨ ਰੂਪੀ ਫਲ ਨੂੰ ਲਹੈ = ਪ੍ਰਾਪਤ ਕਰਕੇ ਬ੍ਰਹਮਾਨੰਦ ਰੂਪੀ ਸਾਦ = ਸੁਆਦ ਨੂੰ ਪਤਿ = ਇੱਜ਼ਤ ਦੇ ਸਹਿਤ ਹੋ ਕੇ ਉਹੋ ਹੀ ਪੁਰਖ ਖਾਦਾ = ਖਾਣਾ ਕਰਦੇ ਹਨ, ਜੋ ਦਾਨਾਂ ਕੈ = ਦੇ ਸਿਰ ਦਾਨ ਭਾਵ ਆਪਣਾ ਆਪ ਸਭ ਕੁਝ ਗੁਰੂ ਪਰਮੇਸ਼ਰ ਅੱਗੇ ਅਰਪਨ ਕਰ ਦਿੱਤੇ ਹਨ **ਵਾ:** ਜਿਨ੍ਹਾਂ ਨੂੰ ਗੁਰਾਂ ਨੇ ਦਾਨਾਂ ਵਿੱਚੋਂ ਸਿਰਿ = ਸ਼੍ਰੋਮਣੀ ਨਾਮ ਦਾ ਦਾਨ ਦਿੱਤਾ ਹੈ, ਉਹੋ ਹੀ ਬ੍ਰਹਮਾਨੰਦ ਦੇ ਸੁਆਦ ਨੂੰ ਪ੍ਰਾਪਤ ਕਰਕੇ ਖਾਣਾ ਕਰਦੇ ਹਨ ॥੧॥

## ਮ: ੧ ॥

ਉਸੇ ਪ੍ਰਕਰਣ ਅਨੁਸਾਰ ਅੱਗੇ ਹੋਰ ਸਪੱਸ਼ਟਤਾ ਨਾਲ ਵਰਣਨ ਕਰਦੇ ਹਨ :

## ਸੁਇਨੇ ਕਾ ਬਿਰਖੁ, ਪਤ ਪਰਵਾਲਾ; ਫੁਲ ਜਵੇਹਰ ਲਾਲ ॥

(**ਪੱਤ** ਬੋਲੋ)

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਭਾਈ ! ਹਰੀ ਜੋ ਸੁਇਨੇ = ਸੋਨੇ ਦੇ ਬਿਰਖੁ = ਰੁੱਖ ਦੀ ਨਿਆਈਂ ਹੈ। ਜਿਵੇਂ ਸੋਨਾ ਭਾਰਾ, ਕੀਮਤੀ, ਸ਼ੁੱਧ, ਅਮੋਲਕ ਹੁੰਦਾ ਹੈ, ਤਿਵੇਂ ਹੀ ਹਰੀ ਸਾਰਿਆਂ ਦਾ ਅਧਿਸ਼ਠਾਨ ਸਰੂਪ ਹੋਣੇ ਕਰਕੇ ਭਾਰਾ **ਵਾ:** ਬੇ-ਕੀਮਤੀ ਹੈ।[੧]

ਜਿਵੇਂ ਸੋਨੇ ਵਿਚ ਪਰਵਾਲਾ = ਮੂੰਗੇ ਜੜੇ ਹੁੰਦੇ ਹਨ, ਇਸੇ ਪ੍ਰਕਾਰ ਪਰਮੇਸ਼ਰ ਰੂਪੀ ਬ੍ਰਿਛ ਨੂੰ ਸੰਸਾਰ ਦੇ ਵਾਲਾ = ਵਾਲ ਤੋਂ ਭਾਵ ਬਾੜ ਤੋਂ ਪਰ = ਪਰ੍ਹੇ ਹੋਣਾ ਭਾਵ ਹੱਦ ਤੋਂ ਪਰ੍ਹੇ ਹੋਣਾ, ਇਹ ਮੂੰਗਿਆਂ ਰੂਪੀ ਪੱਤੇ ਲੱਗੇ ਹੋਏ ਹਨ। ਵੈਰਾਗ ਰੂਪੀ ਫੁੱਲ, ਪ੍ਰੇਮ ਰੂਪੀ ਲਾਲ ਤੇ ਜਵੇਹਰ ਦੀ ਨਿਆਈਂ ਗਿਆਨ ਰੂਪੀ ਫਲ ਲੱਗੇ ਹੋਏ ਹਨ।

## ਤਿਤੁ ਫਲ ਰਤਨ ਲਗਹਿ, ਮੁਖਿ ਭਾਖਿਤ; ਹਿਰਦੈ ਰਿਦੈ ਨਿਹਾਲੁ ॥

ਤਿਤੁ = ਉਸ ਪਰਮਾਤਮਾ ਰੂਪੀ ਬ੍ਰਿਛ ਨੂੰ ਜੋ ਬ੍ਰਹਮ ਗਿਆਨ ਰੂਪੀ ਫਲ ਅਤੇ ਵੈਰਾਗ ਰੂਪੀ ਰਤਨ ਲੱਗੇ ਹੋਏ ਹਨ, ਐਸੇ ਪਰਮਾਤਮਾ ਰੂਪ ਬ੍ਰਿਛ ਦਾ ਜੋ ਮੁੱਖ ਦੇ ਨਾਲ ਜੱਸ ਭਾਖਿਤ = ਉਚਾਰਨ ਕਰਦਾ ਹੈ, ਉਹ ਹਿਰਦੇ ਦੇ ਰਿਦੈ = ਵਿਚ ਨਿਹਾਲ ਹੋ ਜਾਂਦਾ ਹੈ **ਵਾ:** ਜੋ ਮੁੱਖ ਤੇ ਹਿਰਦੇ ਦੇ ਨਾਲ ਗੁਰੂ ਦੇ ਸ਼ਬਦ ਨੂੰ ਭਾਖਿਤ = ਉਚਾਰਦੇ ਹਨ, ਉਹ ਰਿਦੈ = ਹਿਰਦੇ ਵਿੱਚੋਂ ਹੀ ਸੱਚ ਸਰੂਪ ਨੂੰ ਨਿਹਾਲ = ਨਿਹਾਰ ਭਾਵ ਦੇਖ ਲੈਂਦੇ ਹਨ।

## ਨਾਨਕ, ਕਰਮੁ ਹੋਵੈ ਮੁਖਿ ਮਸਤਕਿ; ਲਿਖਿਆ ਹੋਵੈ ਲੇਖੁ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸਦੇ ਮਸਤਕਿ = ਮੱਥੇ ਉੱਪਰ ਮੁਖਿ = ਸ਼੍ਰੋਮਣੀ ਨਿਸ਼ਕਾਮ ਕਰਮ ਲਿਖੇ ਹੋਵੈ = ਹੋਣ **ਵਾ:** ਗੁਰਾਂ ਦੀ ਕਰਮੁ = ਕਿਰਪਾ ਹੋਵੇ ਅਤੇ ਪਰਮੇਸ਼ਰ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੋਵੇ।

## ਅਠਿਸਠਿ ਤੀਰਥ ਗੁਰ ਕੀ ਚਰਣੀ; ਪੂਜੈ ਸਦਾ ਵਿਸੇਖੁ ॥

ਉਹ ਗੁਰੂ ਕੀ = ਦੀ ਚਰਣੀ = ਪੈਰੀਂ ਲੱਗ ਕੇ ਗੁਰਾਂ ਦੇ ਚਰਨਾਂ ਨੂੰ ਅਠਿਸਠਿ = ਅਠਾਹਠ ਤੀਰਥਾਂ ਨਾਲੋਂ ਵਿਸੇਖੁ = ਵਿਸ਼ੇਸ਼ ਜਾਣ ਕੇ ਸਦਾ = ਹਮੇਸ਼ਾਂ ਹੀ ਪੂਜੈ = ਪੂਜਦਾ ਹੈ। ਜਿਸ ਕਰਕੇ ਉਸ ਨੂੰ ਗਿਆਨ ਰੂਪੀ ਫਲ ਪ੍ਰਾਪਤ ਹੁੰਦਾ ਹੈ।

## ਹੰਸੁ ਹੇਤੁ ਲੋਭੁ ਕੋਪੁ; ਚਾਰੇ ਨਦੀਆ ਅਗਿ ॥

ਹੰਸੁ = ਹਿੰਸਾ ਭਾਵ ਜੀਵ ਘਾਤ ਕਰਨਾ, ਜੀਭ ਦੇ ਸੁਆਦ ਵਾਸਤੇ ਜੀਵਾਂ ਨੂੰ ਮਾਰ ਕੇ ਖਾਣਾ, ਹੇਤੁ = ਮੋਹ ਭਾਵ ਸੰਬੰਧੀਆਂ ਦਾ ਮੋਹ ਕਰਨਾ, ਖਾਣ ਦਾ ਲੋਭੁ = ਲਾਲਚ ਕਰਨਾ, ਕੋਪੁ = ਕ੍ਰੋਧੀ ਹੋਣਾ, ਇਹ ਸੰਸਾਰ ਵਿਚ ਚਾਰ ਨਦੀਆਂ ਅੱਗ ਦੀ ਨਿਆਈਂ ਵਗ ਰਹੀਆਂ ਹਨ।

## ਪਵਹਿ ਦਝਹਿ ਨਾਨਕਾ; ਤਰੀਐ ਕਰਮੀ ਲਗਿ ॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਇਨ੍ਹਾਂ ਚਾਰੇ ਨਦੀਆਂ ਵਿਚ ਪੈ ਕੇ ਜੀਵ ਦਝਹਿ = ਦਗਧ ਹੁੰਦੇ ਹਨ ਭਾਵ ਸੜਦੇ ਹਨ। ਜੇਕਰ ਚੰਗੇ ਕਰਮੀ = ਕਰਮ ਹੋਣ **ਵਾ:** ਪਰਮੇਸ਼ਰ ਦੀ ਕਰਮੀ = ਕਿਰਪਾ ਹੋਵੇ ਤਾਂ ਗੁਰਾਂ ਦੇ ਚਰਨੀਂ ਲੱਗ ਕੇ ਇਨ੍ਹਾਂ ਨਦੀਆਂ ਤੋਂ ਤਰੀਐ = ਤਰ ਜਾਈਦਾ ਹੈ।

---

੧. **ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥** *(ਅੰਗ ੮੧)*

## ਪਉੜੀ ॥ ਜੀਵਦਿਆ ਮਰੁ ਮਾਰਿ; ਨ ਪਛੋਤਾਈਐ ॥

ਜੀਵਦਿਆ = ਜਿਉਂਦਿਆਂ ਹੀ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਮਾਰ ਕੇ ਜੀਵਤ ਭਾਵ ਤੋਂ ਮਰਨਾ ਕਰੀਏ ਤਾਂ ਫੇਰ ਅੰਤ ਸਮੇਂ ਪਛੋਤਾਈਐ = ਪਛਤਾਉਣਾ ਨਹੀਂ ਪਵੇਗਾ।

## ਝੂਠਾ ਇਹੁ ਸੰਸਾਰੁ; ਕਿਨਿ ਸਮਝਾਈਐ ॥

ਇਹ ਸਾਰਾ ਸੰਸਾਰ ਝੂਠਾ = ਮਿਥਿਆ ਹੈ। ਕਿਨਿ = ਕਿਸ ਨੂੰ ਸਮਝਾਈਐ = ਸਮਝਾਉਂਣਾ ਕਰੀਏ ਭਾਵ ਕੋਈ ਸਮਝਦਾ ਨਹੀਂ **ਵਾ:** ਕਿਸ ਨੂੰ ਸਮਝ ਆਈ ਹੈ।

## ਸਚਿ ਨ ਧਰੇ ਪਿਆਰੁ; ਧੰਧੈ ਧਾਈਐ ॥

ਇਹ ਜੀਵ ਸੱਚੇ ਨਾਮ ਦੇ ਵਿਚ ਪਿਆਰੁ = ਪ੍ਰੇਮ ਨਹੀਂ ਧਰੇ = ਰੱਖਦੇ ਅਤੇ ਕਾਮ, ਕ੍ਰੋਧ ਦੇ ਧੰਧੈ = ਧੰਦਿਆਂ ਵਿਚ ਧਾਈਐ = ਦੌੜਦੇ ਰਹਿੰਦੇ ਹਨ।

## ਕਾਲੁ ਬੁਰਾ, ਖੈ ਕਾਲੁ; ਸਿਰਿ ਦੁਨੀਆਈਐ ॥

ਜਨਮ ਦਾ ਕਾਲੁ = ਸਮਾਂ ਤੇ ਖੈ = ਮਰਨ ਦਾ ਕਾਲੁ = ਸਮਾਂ ਬਹੁਤ ਬੁਰਾ ਹੈ, ਜੋ ਦੁਨੀਆਈਐ = ਦੁਨੀਆਂ ਦੇ ਸਿਰ ਉੱਪਰ ਆ ਰਿਹਾ ਹੈ। ਜੈਸਾ ਕਿ :

**ਰਾਤੀ ਕਾਲੁ ਘਟੈ ਦਿਨਿ ਕਾਲੁ ॥ ਛਿਜੈ ਕਾਇਆ ਹੋਇ ਪਰਾਲੁ ॥** *(ਸਲੋਕ ਮ: ੧, ਅੰਗ ੧੨੮੭)*

## ਹੁਕਮੀ ਸਿਰਿ ਜੰਦਾਰੁ; ਮਾਰੇ ਦਾਈਐ ॥

ਹੁਕਮੀ ਪਰਮੇਸ਼ਰ ਦੇ ਹੁਕਮ ਅਨੁਸਾਰ ਹੀ ਜੰਦਾਰੁ = ਜ਼ਿੰਦ ਦਾ ਵੈਰੀ ਜਮਦੂਤ ਹਰੇਕ ਦੇ ਸਿਰ ਤੇ ਦਾਈਐ = ਦਾਉ ਲਾ ਕੇ ਮਾਰੇ = ਮਾਰਦਾ ਹੈ **ਵਾ:** ਜੋ ਦੁਨੀਆਂ ਵਿਚ ਸਦਾ ਰਹਿਣ ਦੇ ਦਾਈਐ = ਦਾਹਵੇ ਬੰਨ੍ਹੀ ਬੈਠੇ ਹਨ, ਜਮਦੂਤ ਮੌਤ ਰੂਪੀ ਡੰਡਾ ਲੈ ਕੇ ਉਨ੍ਹਾਂ ਦੇ ਸਿਰ ਤੇ ਮਾਰਦਾ ਹੈ।

## ਆਪੇ ਦੇਇ ਪਿਆਰੁ; ਮੰਨਿ ਵਸਾਈਐ ॥

ਜਿਨ੍ਹਾਂ ਨੂੰ ਆਪ ਹੀ ਪਰਮੇਸ਼ਰ ਆਪਣਾ ਪਿਆਰ ਦਿੰਦਾ ਹੈ, ਉਹ ਪਰਮਾਤਮਾ ਦੇ ਨਾਮ ਨੂੰ ਸ੍ਰਵਣ ਕਰਕੇ ਮਨ ਵਿਚ ਵਸਾ ਲੈਂਦੇ ਹਨ।

## ਮੁਹਤੁ ਨ ਚਸਾ ਵਿਲੰਮੁ; ਭਰੀਐ ਪਾਈਐ ॥

ਮੁਹਤੁ = ਅੱਧੀ ਘੜੀ ਜਾਂ ਇਕ ਚਸਾ ਨਾਮ ਜਪਣ ਲੱਗਿਆਂ ਵਿਲੰਮੁ = ਦੇਰ ਨਾ ਕਰ, ਜਦੋਂ ਤੇਰਾ ਚਿਤ ਪ੍ਰੇਮ ਨਾਲ ਭਰੀਐ = ਭਰ ਜਾਵੇਗਾ ਤਾਂ ਫਿਰ ਪਰਮੇਸ਼ਰ ਨੂੰ ਪਾਈਐ = ਪਾ ਲਵੇਂਗਾ = ਪਾਈਐ ਭਾਵ ਪਾਈ = ਦਾਣਿਆਂ ਨੂੰ ਮਾਪਣ ਦਾ ਇਕ ਪਾਤਰ, ਪੁਰਾਣਿਆਂ ਸਮਿਆਂ ਵਿਚ ਜਿਸ ਨਾਲ ਦਾਣੇ ਮਾਪੇ ਜਾਂਦੇ ਸਨ। ਬਾਕੀ ਪੂਰਾ ਵੇਰਵਾ "ਕੋ ਰਹੈ ਨ ਭਰੀਐ ਪਾਈਐ ॥" ਵਾਲੀ ਤੁੱਕ ਵਿਚ, ਆਸਾ ਦੀ ਵਾਰ ਬਾਣੀ ਵਿਚ ਪੜ੍ਹੋ ਜੀ।)

## ਗੁਰ ਪਰਸਾਦੀ ਬੁਝਿ; ਸਚਿ ਸਮਾਈਐ ॥੨੦॥

ਜਦੋਂ ਗੁਰੂ ਦੀ ਪਰਸਾਦੀ = ਕਿਰਪਾ ਦੁਆਰਾ ਆਪਣੇ ਸਰੂਪ ਨੂੰ ਬੁਝਿ = ਸਮਝ ਲਵੇਂਗਾ ਤਾਂ ਸੱਚ ਸਰੂਪ ਪਰਮੇਸ਼ਰ ਵਿਚ ਸਮਾਈਐ = ਸਮਾਅ ਜਾਵੇਂਗਾ ॥੨੦॥

## ਸਲੋਕੁ ਮ: ੧ ॥

ਗੁਰੂ ਸਾਹਿਬ ਜੀ ਨੂੰ ਸਿੱਖਾਂ ਨੇ ਬੇਨਤੀ ਕੀਤੀ ਕਿ ਨਾਮਹੀਣ ਮਨੁੱਖ ਭਾਵ ਮਨਮੁਖ ਦੀ ਕੀ ਹਾਲਤ ਹੈ ? ਤਾਂ ਸਤਿਗੁਰੂ ਜੀ ਉਚਾਰਨ ਕਰਦੇ ਹਨ :

## ਤੁਮੀ ਤੁਮਾ ਵਿਸੁ; ਅਕੁ ਧਤੂਰਾ ਨਿਮੁ ਫਲੁ ॥
## ਮਨਿ ਮੁਖਿ ਵਸਹਿ ਤਿਸੁ; ਜਿਸੁ ਤੂੰ ਚਿਤਿ ਨ ਆਵਹੀ ॥

ਹੇ ਭਾਈ ! ਤੁਮੀ = ਕੌੜ ਤੁਮੀ, ਤੁਮਾ = ਕੌੜਾ ਤੁਮਾ, ਵਿਸੁ = ਜ਼ਹਿਰ, ਅੱਕ, ਧਤੂਰਾ ਅਤੇ ਨਿੰਮ ਦਾ ਫਲ ਆਦਿ ਕੱੜਤਣ ਵਾਲੇ ਪਦਾਰਥ।

ਤਿਸੁ = ਉਸ ਪੁਰਖ ਦੇ ਮਨ ਅਤੇ ਮੁਖਿ = ਮੂੰਹ ਵਿਚ ਵਸਹਿ = ਵਸਦੇ ਹਨ, ਹੇ ਪਰਮੇਸ਼ਰ ! ਜਿਸ ਦੇ ਤੂੰ ਚਿਤਿ = ਚੇਤੇ ਨ = ਨਹੀਂ ਆਵਹੀ = ਆਉਂਦਾ।

***ਅੰਤਰੀਵ ਅਰਥ :*** ਤੁਮੀ ਦੀ ਨਿਆਈਂ ਜ਼ਹਿਰ ਵਰਗੇ ਕੌੜੇ ਬਚਨ ਬੋਲਦੇ ਹਨ। ਤੁਮੇ ਦੀ ਨਿਆਈਂ ਕ੍ਰੋਧੀ ਹਨ। ਵਿਸੁ = ਵਿਹੁ ਦੀ ਨਿਆਈਂ ਜੀਵ ਘਾਤ ਕਰਨ ਰੂਪੀ ਪਾਪ ਕਰਦੇ ਹਨ। ਅੱਕ ਦੀ ਨਿਆਈਂ ਖਾਣ ਦਾ ਲਬ ਕਰਦੇ ਹਨ। ਧਤੂਰੇ ਦੀ ਨਿਆਈਂ ਜੋੜਨ ਦਾ ਲੋਭ ਕਰਦੇ ਹਨ। ਨਿੰਮ ਫਲ ਦੀ ਨਿਆਈਂ ਕਾਮ ਵਾਸ਼ਨਾ ਦਾ ਫੁਰਨਾ ਕਰਦੇ ਹਨ। ਇਹ ਮਨਮਤੀ ਪੁਰਸ਼ ਦੇ ਮਨ ਅਤੇ ਮੁੱਖ ਵਿਚ ਐਸੀਆਂ ਜ਼ਹਿਰਾਂ ਵਸਦੀਆਂ ਹਨ, ਜਿਨ੍ਹਾਂ ਨੂੰ ਤੂੰ ਚੇਤੇ ਨਹੀਂ ਆਉਂਦਾ।

## ਨਾਨਕ ਕਹੀਐ ਕਿਸੁ; ਹੰਢਨਿ ਕਰਮਾ ਬਾਹਰੇ ॥੧॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਕਿਸ ਨੂੰ ਕਹੀਐ = ਕਹਿਣਾ ਕਰੀਏ। ਕਿਉਂਕਿ ਉਹ ਜੀਵ ਤਾਂ ਸ੍ਰੇਸ਼ਟਾਂ ਕਰਮਾਂ ਤੋਂ **ਵਾ:** ਗੁਰਾਂ ਦੀ ਕਰਮਾ = ਕਿਰਪਾ ਤੋਂ ਬਾਹਰੇ = ਬਗ਼ੈਰ ਜੂਨਾਂ ਵਿਚ ਦੁੱਖ ਭੋਗਦੇ ਹੰਢਨਿ = ਤੁਰੇ ਫਿਰਦੇ ਹਨ ॥੧॥

[ਅੰਗ ੧੪੮]

## ਮ: ੧ ॥ ਮਤਿ ਪੰਖੇਰੂ ਕਿਰਤੁ ਸਾਥਿ; ਕਬ ਉਤਮ ਕਬ ਨੀਚ ॥

ਜੀਵ ਦੀ ਮਤਿ = ਬੁੱਧੀ ਪੰਖੇਰੂ = ਪੰਛੀ ਵਾਂਗ ਅਟਿਕ ਹੈ, ਕੀਤੇ ਹੋਏ ਬਿਧ ਨਿਖੇਧ ਰੂਪੀ ਕਰਮ ਇਸ ਦੇ ਸਾਥਿ = ਨਾਲ ਖੰਭ ਲੱਗੇ ਹੋਏ ਹਨ, ਉਸ ਕੀਤੇ ਕਰਮਾਂ ਅਨੁਸਾਰ ਕਬ = ਕਦੇ ਉਤਮ = ਸ੍ਰੇਸ਼ਟ ਕਬ = ਕਦੇ ਨੀਚ = ਨੀਵੇਂ ਟਿਕਾਣੇ ਤੇ ਜਾ ਬੈਠਦੀ ਹੈ **ਵਾ:** ਮਤਿ = ਜੀਵ ਆਤਮਾ ਰੂਪ ਪੰਛੀ ਬਿਧਿ ਨਿਖੇਧ ਕਰਮਾਂ ਰੂਪੀ ਖੰਭਾਂ ਨਾਲ ਉਡਾਰੀਆਂ ਮਾਰਦਾ ਹੋਇਆ ਕਦੇ ਉਤਮ ਕਰਮਾਂ ਕਰਕੇ ਸਵਰਗਾਂ ਵਿਚ ਤੇ ਨਖਿੱਧ ਕਰਮਾਂ ਕਰਕੇ ਨੀਵੀਂ ਜੂਨ ਵਿਚ ਦੁੱਖ ਭੋਗਦਾ ਹੈ।

## ਕਬ ਚੰਦਨਿ, ਕਬ ਅਕਿ ਡਾਲਿ; ਕਬ ਉਚੀ ਪਰੀਤਿ ॥

ਕਬ = ਕਦੇ ਚੰਦਨ ਦੀ ਨਿਆਈਂ ਸਤਿਸੰਗਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਕਬ = ਕਦੇ ਅੱਕ ਦੀ ਡਾਲੀ 'ਤੇ ਜਾ ਬੈਠੇ ਟਿੱਡੇ ਦੀ ਨਿਆਈਂ ਕੁਸੰਗਤ ਵਿਚ ਜਾ ਬੈਠਦਾ ਹੈ ਅਤੇ ਕਦੇ ਤੁਰੀਆ ਪਦ ਰੂਪੀ ਉੱਚੀ ਪ੍ਰੀਤੀ ਦੀ ਪ੍ਰਾਪਤੀ ਹੋ ਜਾਂਦੀ ਹੈ **ਵਾ:** ਕਦੇ ਸਤਿਸੰਗਤ ਕਰਕੇ ਚੰਦਨ ਦੀ ਨਿਆਈਂ ਭਗਤੀ ਰੂਪ ਖ਼ੁਸ਼ਬੂ ਦੇ ਸਹਿਤ ਹੋ ਜਾਂਦਾ ਹੈ, ਕਦੇ ਅੱਕ ਡਾਲਿ ਦੀ ਨਿਆਈਂ ਟੇਢੀਆਂ ਜੂਨਾਂ ਵਿਚ ਪ੍ਰਵਿਰਤ ਹੋ ਜਾਂਦਾ ਹੈ, ਕਦੇ ਗੁਰਾਂ ਦੀ ਮੇਹਰ ਕਰਕੇ ਪਰਮੇਸ਼ਰ ਦੀ ਉੱਚੀ ਪ੍ਰੀਤੀ ਲੱਗ ਜਾਂਦੀ ਹੈ।

## ਨਾਨਕ ਹੁਕਮਿ ਚਲਾਈਐ; ਸਾਹਿਬ ਲਗੀ ਰੀਤਿ ॥੨॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਵਾਹਿਗੁਰੂ ਦੇ ਹੁਕਮ ਅਨੁਸਾਰ ਹੀ ਜੀਵ ਰੂਪ ਪੰਛੀ ਚਲਾਈਐ = ਚਲਾਏ ਜਾਂਦੇ ਹਨ। ਇਹ ਸਾਹਿਬ = ਮਾਲਕ ਵਾਹਿਗੁਰੂ ਦੀ ਪਹਿਲਾਂ ਤੋਂ ਹੀ ਰੀਤਿ = ਮਰਯਾਦਾ ਲਗੀ = ਚੱਲੀ ਆ ਰਹੀ ਹੈ ॥੨॥

## ਪਉੜੀ ॥ ਕੇਤੇ ਕਹਹਿ ਵਖਾਣ; ਕਹਿ ਕਹਿ ਜਾਵਣਾ ॥

ਕੇਤੇ = ਕਿਤਨੇ ਹੀ ਵੇਦ ਸ਼ਾਸਤਰਾਂ ਦਾ ਗਿਆਨ ਕਹਹਿ = ਕਹਿਣ ਵਾਲੇ ਹਨ **ਵਾ:** ਵਖਿਆਨ ਕਰਦੇ ਹਨ ਜੋ ਸਮਝਦੇ ਨਹੀਂ ਹਨ ਕੇਵਲ ਕਹਿ ਕਹਿ ਕੇ ਇਸ ਲੋਕ ਵਿੱਚੋਂ ਜਾਵਣਾ = ਜਾਣਾ ਕਰਦੇ ਹਨ **ਵਾ:** ਕਿਤਨੇ ਹੀ ਵੇਦਾਂ ਦੇ ਵਖਿਆਨ ਨੂੰ ਵਰਤਮਾਨ ਸਮੇਂ ਵਿਚ ਕਹਿ ਕੇ ਜਾਵਣਾ = ਜਾ ਰਹੇ ਹਨ ਅਤੇ ਭਵਿੱਖ ਵਿਚ ਵੀ ਕਹਿ ਕੇ ਜਾਵਣਾ = ਜਾਣਗੇ।

## ਵੇਦ ਕਹਹਿ ਵਖਿਆਣ; ਅੰਤੁ ਨ ਪਾਵਣਾ ॥

ਵੇਦਾਂ ਦੇ ਪਾਠੀ ਵੇਦਾਂ ਦਾ ਪਾਠ ਕਰਕੇ ਉਸ ਦੀ ਵਖਿਆਣ = ਵਿਆਖਿਆ ਨੂੰ ਕਹਹਿ = ਕਹਿਣਾ ਕਰਦੇ ਹਨ ਪਰ ਅੰਤ ਨਹੀਂ ਪਾਵਣਾ = ਪਾ ਸਕਦੇ।

ਜਿਵੇਂ ਨਾਰਦ ਮੁਨੀ ਸਨਕਾਦਕਾਂ ਨੂੰ ਕਹਿਣ ਲੱਗਾ ਕਿ ਮੈਂ ੭੫ ਹਜ਼ਾਰ ਵਰ੍ਹੇ ਵਿੱਦਿਆ ਪੜ੍ਹੀ ਹੈ ਤਾਂ ਸਨਕਾਦਕ ਕਹਿਣ ਲੱਗੇ ਕਿ ਤੂੰ ਵਿੱਦਿਆ ਦਾ ਚੌਥਾ ਹਿੱਸਾ ਵੀ ਨਹੀਂ ਪੜ੍ਹਿਆ। ਵਿਆਸ ਜੀ ਵੇਦਾਂ ਦਾ ਪਾਠ ਕਰ ਰਹੇ ਸਨ ਤਾਂ ਯਗਵੱਲਕ ਰਿਸ਼ੀ ਨੇ ਕਿਹਾ "ਗਰਧਭ ਗੱਛਤੀ" ਭਾਵ ਕਿ ਭਾਰ ਚੁੱਕੀ ਗਧਾ ਜਾ ਰਿਹਾ ਹੈ ਕਿਉਂਕਿ ਵਿਆਸ ਜੀ ਨੂੰ ਵੇਦ ਪੜ੍ਹ ਕੇ ਸ਼ਾਂਤੀ ਨਹੀਂ ਸੀ ਆਈ। ਨਾਰਦ ਜੀ ਨੇ ਕਹਿ ਕੇ ਭਗਤੀ ਵਿਚ ਲਾਇਆ, ਫਿਰ ਭਗਤੀ ਵਾਲਾ ਭਗਵਤ ਪੁਰਾਣ ਬਣਾਇਆ ਸੀ ਭਾਵ ਨਾਮ ਤੋਂ ਬਿਨਾਂ ਪੜ੍ਹੇ ਹੋਏ ਵੇਦ ਸ਼ਾਸਤਰ ਕਿਸੇ ਕੰਮ ਨਹੀਂ। ਜਿਵੇਂ ਖੋਤੇ ਉਪਰ ਚੰਦਨ ਦੀਆਂ ਲੱਕੜਾਂ ਦਾ ਭਾਰ ਲੱਦਿਆ ਹੋਵੇ ਤਾਂ ਉਸ ਨੂੰ ਕੋਈ ਲਾਭ ਨਹੀਂ। ਵੇਦ ਪੁਰਾਣ ਪੜ੍ਹੇ ਦਾ ਤਾਂ ਲਾਭ ਹੈ, ਜੇਕਰ ਨਾਮ ਜਪਿਆ ਜਾਵੇ। ਜੈਸਾ ਕਿ :

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥**
**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥** *(ਮਾਰੂ ਬਾਣੀ ਕਬੀਰ ਜੀ, ਅੰਗ ੧੧੦੩)*

**ਬੇਦ ਪੁਰਾਨ ਜਾਸ ਗੁਨ ਗਾਵਤ, ਤਾ ਕੋ ਨਾਮੁ ਹੀਐ ਮੋ ਧਰੁ ਰੇ ॥**
*(ਗਉੜੀ ਮ: ੯, ਅੰਗ ੨੨੦)*

## ਪੜਿਐ ਨਾਹੀ ਭੇਦੁ; ਬੁਝਿਐ ਪਾਵਣਾ ॥

ਪੜਿਐ = ਪੜ੍ਹਨੇ ਮਾਤਰ ਹੀ ਹਰੀ ਪਰਮੇਸ਼ਰ ਦਾ ਭੇਦ ਨਹੀਂ ਪਾਇਆ ਜਾ ਸਕਦਾ ਪਰੰਤੂ ਗੁਰੂ ਦੇ ਉਪਦੇਸ਼ ਦੁਆਰਾ ਬੁਝਿਐ = ਜਾਣ ਕੇ ਪਾਵਣਾ = ਪਾਇਆ ਜਾਂਦਾ ਹੈ **ਵਾ:** ਗੁਰੂ ਤੋਂ ਬੁਝਿਐ = ਪੁੱਛਣਾ ਕਰੀਏ ਤਾਂ ਫਿਰ ਪਰਮੇਸ਼ਰ ਪਾਵਣਾ = ਪਾਇਆ ਜਾਂਦਾ ਹੈ।

## ਖਟੁ ਦਰਸਨ ਕੈ ਭੇਖਿ; ਕਿਸੈ ਸਚਿ ਸਮਾਵਣਾ ॥

ਖਟੁ = ਛੇ ਦਰਸ਼ਨਾਂ ਕੈ = ਦੇ ਭੇਖਿ = ਭੇਖਾਂ ਵਿੱਚੋਂ ਕਿਸੇ ਵਿਰਲੇ ਨੇ ਹੀ ਗੁਰਾਂ ਦੁਆਰਾ ਨਾਮ ਜਪ ਕੇ ਸੱਚ ਸਰੂਪ ਵਿਚ ਸਮਾਵਣਾ = ਸਮਾਉਣਾ ਕੀਤਾ ਹੈ। ਜਿਵੇਂ ਗੋਪੀ ਚੰਦ, ਮੰਗਲ ਨਾਥ, ਭਰਥਰੀ ਆਦਿ ਇਹ ਗੁਰੂ ਨਾਨਕ ਸਾਹਿਬ ਜੀ ਨੂੰ ਮਿਲ ਕੇ ਸੱਚ ਸਰੂਪ ਦੇ ਅਧਿਕਾਰੀ ਹੋ ਗਏ ਸਨ।

## ਸਚਾ ਪੁਰਖੁ ਅਲਖੁ; ਸਬਦਿ ਸੁਹਾਵਣਾ ॥

ਜੋ ਸੱਚਾ ਅਲਖੁ = ਲੱਖਣ ਤੋਂ ਰਹਿਤ ਪੁਰਖੁ = ਵਿਆਪਕ ਪਰਮੇਸ਼ਰ ਹੈ, ਉਸ ਦਾ ਸੁਹਾਵਣਾ = ਸ਼ੋਭਨੀਕ ਅਨੰਦ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਪ੍ਰਾਪਤ ਹੁੰਦਾ ਹੈ।

## ਮੰਨੇ ਨਾਉ ਬਿਸੰਖ; ਦਰਗਹ ਪਾਵਣਾ ॥

ਜੋ ਬਿਸੰਖ = ਗਿਣਤੀ ਤੋਂ ਰਹਿਤ, ਬੇਅੰਤ ਪਰਮੇਸ਼ਰ ਦੇ ਨਾਉ = ਨਾਮ ਨੂੰ ਮੰਨੇ = ਮੰਨਦਾ ਹੈ, ਉਹ ਪਰਮੇਸ਼ਰ ਦੀ ਦਰਗਾਹ ਵਿਚ ਆਦਰ ਪਾਵਣਾ = ਪਾਉਂਦਾ ਹੈ **ਵਾ:** ਬਿਸੰਖ = ਬੇਅੰਤ ਪਰਮੇਸ਼ਰ ਦੇ ਅਨੰਦ ਨੂੰ ਦਰ = ਹਿਰਦੇ ਰੂਪ ਗਹ = ਥਾਂ ਵਿਚ ਪਾਵਣਾ = ਪਾ ਲੈਂਦਾ ਹੈ।

## ਖਾਲਕ ਕਉ ਆਦੇਸੁ; ਢਾਢੀ ਗਾਵਣਾ ॥

ਜੋ ਖਾਲਕ = ਖ਼ਲਕਤ ਦਾ ਮਾਲਕ ਵਾਹਿਗੁਰੂ ਹੈ, ਉਸ ਕਉ = ਨੂੰ ਆਦੇਸੁ = ਨਮਸ਼ਕਾਰ ਕਰੀਏ **ਵਾ:** ਆਦੇਸੁ (ਆ + ਦੇਸ) ਜੋ ਸਾਰਿਆਂ ਦੇਸ = ਦੇਸ਼ਾਂ ਵਿਚ ਆ = ਆਇਆ ਹੋਇਆ ਹੈ **ਵਾ:** ਦੇਸੁ = ਦੇਸ਼ਾਂ ਤੋਂ ਆ = ਰਹਿਤ ਹੈ, ਭਾਵ ਦੇਸ਼ ਕਾਲ ਵਸਤੂ ਪ੍ਰਛੇਦ ਰਹਿਤ ਹੈ, ਉਸ ਦਾ ਜੱਸ ਢਾਢੀ = ਕੀਰਤਨੀਏ ਬਣ ਕੇ ਗਾਵਣਾ = ਗਾਉਣਾ ਕਰੀਏ। ਜੈਸਾ ਕਿ :

**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥** *(ਪ੍ਰਭਾਤੀ ਕਬੀਰ ਜੀ, ਅੰਗ ੧੩੫੦)*

## ਨਾਨਕ ਜੁਗੁ ਜੁਗੁ ਏਕੁ; ਮੰਨਿ ਵਸਾਵਣਾ ॥੨੧॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਜੁਗਾਂ ਜੁਗਾਂ ਵਿਚ ਇਕ ਹਰੀ ਪਰਮੇਸ਼ਰ ਹੀ ਵਿਆਪਕ ਹੈ। ਉਸ ਨੂੰ ਮੰਨਿ = ਮਨ ਵਿਚ ਵਸਾਵਣਾ = ਵਸਾਉਣਾ ਕਰੀਏ **ਅਥਵਾ** ਜੁਗੁ = ਚਾਰ ਭਾਵ ਸ੍ਰਵਣ, ਮੰਨਣ, ਨਿਧਿਆਸਣ ਤੇ ਤੱਤ ਤ੍ਵੰ ਦਾ ਸੰਸ਼ੋਧਨ ਗਿਆਨ ਇਨ੍ਹਾਂ ਸਾਧਨਾ ਦੇ ਸੰਯੁਕਤ ਹੋ ਕੇ ਜੁਗੁ = ਦੋ ਭਾਵ ਜੀਵ ਤੇ ਈਸ ਦੀ ਏਕਤਾ ਕਰਕੇ ਪਰਮੇਸ਼ਰ ਨੂੰ ਮਨ ਵਿਚ ਵਸਾਉਣਾ ਕਰੀਏ॥੨੧॥

## ਸਲੋਕੁ ਮਹਲਾ ੨ ॥

**ਉਥਾਨਕਾ :** ਖਡੂਰ ਸਾਹਿਬ ਵਿਚ ਰਹਿਣ ਵਾਲੇ ਪਖੰਡੀ ਤਪੇ ਨੇ ਜਿਸ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਹ ਕਹਿ ਕੇ ਕਢਵਾ ਦਿੱਤਾ ਕਿ ਗ੍ਰਿਹਸਤੀ ਗੁਰੂ ਨਹੀਂ ਹੋ ਸਕਦਾ। ਇਸ ਕਰਕੇ ਵਰਖਾ ਨਹੀਂ ਪੈ ਰਹੀ। ਤੁਸੀਂ ਗੁਰੂ ਅੰਗਦ ਦੇਵ ਜੀ ਨੂੰ ਇਥੋਂ ਕੱਢ ਦੇਵੋਗੇ ਤਾਂ ਵਰਖਾ ਹੋ ਜਾਵੇਗੀ ਤਾਂ ਮੂਰਖ ਖਹਿਰੇ ਗੋਤ ਦੇ ਜੱਟਾਂ ਨੇ ਤਪੇ ਦੇ ਆਖੇ ਲੱਗ ਕੇ ਗੁਰੂ ਅੰਗਦ ਸਾਹਿਬ ਜੀ ਨੂੰ ਖਡੂਰ ਸਾਹਿਬ ਤੋਂ ਇਹ ਕਹਿ ਕੇ ਵਿਦਾ ਕਰ ਦਿੱਤਾ ਕਿ ਤੁਹਾਡੇ ਕਰਕੇ ਵਰਖਾ ਨਹੀਂ ਹੋ ਰਹੀ। ਖਡੂਰ ਸਾਹਿਬ ਤੋਂ ਤਿੰਨ ਕੋਹ ਦੱਖਣ ਦੀ ਤਰਫ਼ ਖ਼ਾਨ ਛੱਪਰੀ ਪਿੰਡ ਛੱਡ ਆਏ, ਜਿਥੇ ਅੱਜ ਕੱਲ ਗੁਰਦੁਆਰਾ ਛੱਪਰੀ ਸਾਹਿਬ ਪ੍ਰਸਿੱਧ ਹੈ। ਲੋਕਾਂ ਨੇ ਤਪੇ ਨੂੰ ਕਿਹਾ ਕਿ ਹੁਣ ਵਰਖਾ ਕਿਉਂ ਨਹੀਂ ਹੋ ਰਹੀ ਤਾਂ ਉਹ ਟਾਲ-ਮਟੋਲ ਕਰਨ ਲੱਗਾ। ਜਦੋਂ ਗੁਰੂ ਅਮਰਦਾਸ ਜੀ ਨੇ ਦੇਖਿਆ ਕਿ ਗੁਰੂ ਅੰਗਦ ਸਾਹਿਬ ਜੀ ਇਥੇ ਨਹੀਂ ਹਨ। ਲੋਕਾਂ ਤੋਂ ਪੁੱਛ ਕੇ ਪਤਾ ਚੱਲਿਆ ਕਿ ਤਪੇ ਨੇ ਇਥੋਂ ਉਨ੍ਹਾਂ ਨੂੰ ਕਢਵਾ ਦਿੱਤਾ ਹੈ। ਤਾਂ ਗੁਰੂ ਅਮਰਦਾਸ ਜੀ ਨੇ ਮੀਂਹ ਪੈਣ ਦੀ ਜੁਗਤ ਖੇਤਾਂ ਵਿਚ ਤਪੇ ਦੇ ਚਰਨ ਪੈਣ ਦੀ ਦੱਸੀ ਭਾਵ ਕਿ ਜਿਹੜੇ ਵੀ ਖੇਤ ਵਿਚ ਤਪਾ ਜਾਵੇਗਾ, ਉਸੇ ਖੇਤ ਵਿਚ ਹੀ ਮੀਂਹ ਪਵੇਗਾ। ਪਰ ਨਾਲ ਇਹ ਵੀ ਯਾਦ ਰਹੇ ਕਿ ਇਹ ਖੇਡ ਸੂਰਜ ਛਿਪਣ ਤੱਕ ਹੀ ਵਰਤੇਗੀ। ਮੀਂਹ ਪੈਣ ਦੇ ਲਾਲਚ ਵਿਚ ਜਿਹੜੇ ਜੱਟ ਆਪਣੇ ਗੁਰੂ ਨੂੰ ਕੱਢ ਸਕਦੇ ਸਨ, ਉਨ੍ਹਾਂ ਲਈ ਤਪਾ ਕੋਈ ਵੱਡੀ ਚੀਜ਼ ਨਹੀਂ ਸੀ। ਇਸ ਲਈ

ਤਪੇ ਨੂੰ ਬਾਹਰ ਕੱਢ ਕੇ ਖੇਤਾਂ ਵਿਚ ਖੜਾ ਕੀਤਾ ਤੇ ਉਧਰ ਬੱਦਲ ਹੋਣੇ ਸ਼ੁਰੂ ਹੋ ਗਏ। ਜਿਉਂ ਹੀ ਸੂਰਜ ਛਿਪਣ ਵੱਲ ਵਧਣ ਲੱਗਾ ਤਾਂ ਬਾਬਾ ਅਮਰਦਾਸ ਜੀ ਨੇ ਕਿਹਾ ਕਿ ਜਿਥੇ ਇਸ ਦੇ ਸਰੀਰ ਦਾ ਇਕ ਵੀ ਅੰਗ ਡਿੱਗ ਜਾਵੇਗਾ, ਉਥੇ ਹੀ ਮੀਂਹ ਪੈ ਜਾਵੇਗਾ। ਇਉਂ ਗੁਰੂ ਦੋਖੀ ਦਾ ਮੰਦਾ ਹਾਲ ਹੋਇਆ। ਫਿਰ ਖਹਿਰਿਆਂ ਨੇ ਗੁਰੂ ਅੰਗਦ ਸਾਹਿਬ ਜੀ ਤੋਂ ਮੁਆਫ਼ੀ ਮੰਗੀ ਤੇ ਖ਼ਾਨ ਛੱਪਰੀ ਤੋਂ ਵਾਪਸ ਖਡੂਰ ਸਾਹਿਬ ਵਿਖੇ ਲੈ ਆਂਦਾ। ਗੁਰੂ ਸਾਹਿਬ ਜੀ ਨੇ ਪੁੱਛਿਆ ਕਿ ਮੀਂਹ ਕਿਵੇਂ ਪਿਆ ਤਾਂ ਉੱਤਰ ਵਿਚ ਤਪੇ ਦੀ ਸਾਰੀ ਵਾਰਤਾ ਸੁਣਾਈ ਅਤੇ ਬਾਬਾ ਅਮਰਦਾਸ ਜੀ ਦੀ ਵਡਿਆਈ ਕੀਤੀ। ਗੁਰੂ ਅੰਗਦ ਦੇਵ ਜੀ ਬਾਬਾ ਅਮਰਦਾਸ ਜੀ ਨਾਲ ਨਰਾਜ਼ ਹੋਏ ਕਿ ਤੁਸੀਂ ਸ਼ਕਤੀ ਕਿਉਂ ਦਿਖਾਈ ਹੈ ? ਅੱਗੇ ਤੋਂ ਸ਼ਕਤੀ ਨਾ ਦਿਖਾਉਣ ਦਾ ਬਚਨ ਲੈ ਕੇ ਮੁਆਫ਼ੀ ਦਿੱਤੀ ਤਾਂ ਬਾਬਾ ਬੁੱਢਾ ਜੀ ਦੇ ਕਹਿਣ ਤੋਂ ਬਾਬਾ ਅਮਰਦਾਸ ਜੀ ਨੂੰ ਬਖ਼ਸ਼ਿਆ।

***ਨੋਟ :*** ਇਹ ਸ਼ਬਦ ਗੁਰੂ ਸਾਹਿਬ ਜੀ ਨੇ ਖ਼ਾਨ ਛੱਪਰੀ ਨਗਰ ਵਿਚ ਉਚਾਰਨ ਕੀਤਾ :

## ਮੰਤ੍ਰੀ ਹੋਇ ਅਠੂਹਿਆ; ਨਾਗੀ ਲਗੈ ਜਾਇ ॥
## ਆਪਣ ਹਥੀ ਆਪਣੈ; ਦੇ ਕੂਚਾ ਆਪੇ ਲਾਇ ॥

ਜੇਕਰ ਕੋਈ ਅਠੂਹਿਆ = ਬਿੱਛੂਆਂ ਨੂੰ ਪਕੜਨ ਵਾਲੇ ਮੰਤ੍ਰੀ = ਮੰਤ੍ਰ ਦਾ ਜਾਣੂ ਹੋਇ = ਹੋਏ ਪਰੰਤੂ ਜਾਇ = ਜਾ ਕੇ ਸੱਪਾਂ ਨੂੰ ਪਕੜਨ ਲਗੈ = ਲੱਗ ਜਾਇ = ਜਾਵੇ। ਉਹ ਆਪਣੇ ਹਥੀ = ਹੱਥਾਂ ਨਾਲ ਆਪਣੇ ਆਪ ਦੇ ਉਤੇ ਕੂਚਾ = ਚੁਆਤੀ ਭਾਵ ਲਾਂਬੂ (ਅੱਗ) ਲਾਇ = ਲਾ ਲੈਂਦਾ ਹੈ ਭਾਵ ਨਾਸ਼ ਹੋ ਜਾਂਦਾ ਹੈ।

***ਅੰਤਰੀਵ ਅਰਥ :*** ਇਸੇ ਤਰ੍ਹਾਂ ਅਠੂਹਿਆਂ ਦੇ ਮੰਤ੍ਰੀ ਦੀ ਨਿਆਈਂ ਤਪਾ ਸੀ। ਜੋ ਛੋਟੀਆਂ ਮੋਟੀਆਂ ਕਰਾਮਾਤਾਂ ਜਾਣਦਾ ਸੀ, ਉਸ ਨੇ ਨਾਗਾਂ ਦੀ ਨਿਆਈਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਜਾ ਹੱਥ ਪਾਇਆ, ਇਉਂ ਉਸ ਤਪੇ ਨੇ ਆਪ ਹੀ ਆਪਣੇ ਹੱਥੀਂ ਗੁਰੂ ਅਮਰਦਾਸ ਜੀ ਤੋਂ ਸਰਾਪ ਲੈਣ ਰੂਪੀ ਕੂਚਾ ਲਾਉਣ ਰੂਪੀ ਅਗਨੀ ਲਾ ਲਈ ਅਰਥਾਤ ਜੋ ਚੰਗਾ ਕਰਮ ਕਰਨ ਵਾਲੇ ਦਾ ਬੁਰਾ ਚਿਤਵਦਾ ਹੈ, ਉਲਟਾ ਉਸ ਦਾ ਹੀ ਬੁਰਾ ਹੋ ਜਾਂਦਾ ਹੈ।

## ਹੁਕਮੁ ਪਇਆ ਧੁਰਿ ਖਸਮ ਕਾ; ਅਤੀ ਹੂ ਧਕਾ ਖਾਇ ॥

(**ਅੱਤੀ** ਬੋਲੋ)

ਖਸਮ = ਮਾਲਕ ਅਕਾਲ ਪੁਰਖ ਦਾ ਧੁਰਿ = ਧੁਰਾਂ ਤੋਂ ਹੁਕਮ ਪਇਆ ਹੋਇਆ ਹੈ। ਜੋ ਅਤੀ = ਬਹੁਤੀ ਅੱਤ ਚੁੱਕਦਾ ਹੈ, ਉਸ ਨੂੰ ਧੱਕਾ ਖਾਣਾ ਪੈਂਦਾ ਹੈ **ਵਾ:** ਨਰਕਾਂ ਵਿਚ ਧੱਕੇ ਖਾਣੇ ਪੈਂਦੇ ਹਨ **ਅਥਵਾ** ਇਹ ਧੁਰਾਂ ਤੋਂ ਖਸਮ = ਮਾਲਕ ਦਾ ਹੁਕਮ ਸੀ ਕਿ ਜੋ ਅਤੀ = ਅਤਿਅੰਤ ਧੱਕਾ ਕਰਨ ਵਾਲਾ, ਅੱਤ ਚੁੱਕਣ ਵਾਲਾ ਤਪਾ ਸੀ, ਉਸ ਨੂੰ ਅਤੀ = ਅਤਿਅੰਤ ਹੀ ਬੇਗਤ ਹੋਣ ਦਾ ਧੱਕਾ ਖਾਇ = ਖਾਣਾ ਪਿਆ।

## ਗੁਰਮੁਖ ਸਿਉ ਮਨਮੁਖੁ ਅੜੈ; ਡੁਬੈ, ਹਕਿ ਨਿਆਇ ॥

ਗੁਰਮੁਖ ਦੇ ਸਿਉ = ਨਾਲ ਜਿਹੜਾ ਮਨਮੁਖ ਅੜੈ = ਅੱੜ ਕੇ ਭਾਵ ਜ਼ਿੱਦ ਕਰਕੇ ਨੁਕਸਾਨ ਕਰਨਾ ਚਾਹੁੰਦਾ ਹੈ, ਉਹ ਨਰਕਾਂ ਰੂਪੀ ਸਮੁੰਦਰ ਵਿਚ ਡੁੱਬ ਜਾਂਦਾ ਹੈ। ਇਹ ਹਕਿ = ਸੱਚ ਦਾ ਨਿਆਂ ਹੈ।

## ਦੁਹਾ ਸਿਰਿਆ ਆਪੇ ਖਸਮੁ; ਵੇਖੈ ਕਰਿ ਵਿਉਪਾਇ ॥

ਗੁਰਮੁਖੁ ਮਨਮੁਖ, ਲੋਕ ਪ੍ਰਲੋਕ, ਆਸਤਿਕ ਨਾਸਤਿਕ ਆਦਿ ਦੁਹਾ = ਦੋਨਾਂ ਸਿਰਿਆ ਦਾ ਪਰਮੇਸ਼ਰ ਆਪੇ = ਆਪ ਹੀ ਖਸਮੁ = ਮਾਲਕ ਹੈ, ਭਾਵੇਂ ਕੋਈ ਵਿਉਪਾਇ = ਨਿਰਣਾ ਕਰਿ = ਕਰਕੇ ਵੇਖੈ = ਦੇਖ ਲਵੇ **ਵਾ:** ਪ੍ਰਭੂ ਸਾਰੇ ਜੀਵਾਂ ਦੇ ਕਰਮਾਂ ਦਾ ਵਿਉਪਾਇ = ਨਿਰਣਾ ਕਰਕੇ ਆਪ ਹੀ ਵੇਖੈ = ਵੇਖਦਾ ਹੈ।

## ਨਾਨਕ, ਏਵੈ ਜਾਣੀਐ; ਸਭ ਕਿਛੁ ਤਿਸਹਿ ਰਜਾਇ ॥੧॥

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਭਾਈ! ਇਸ ਪ੍ਰਕਾਰ ਜਾਨਣਾ ਕਰੀਏ ਕਿ ਸਭ ਕੁਝ ਤਿਸਹਿ = ਉਸ ਦੀ ਰਜਾਇ = ਆਗਿਆ ਵਿਚ ਹੀ ਹੈ॥੧॥

## ਮਹਲਾ ੨ ॥

ਹੁਣ ਗੁਰੂ ਅੰਗਦ ਸਾਹਿਬ ਜੀ ਖਡੂਰ ਸਾਹਿਬ ਵਿਖੇ ਪਹੁੰਚ ਗਏ। ਜਿਸ ਪ੍ਰਕਾਰ ਗੁਰਬਾਣੀ ਵਿਚ ਕਥਨ ਹੈ ਕਿ :

**ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥** *(ਅੰਗ ੯੬੭-੬੮)*

ਫਿਰ ਸਿੱਖਾਂ ਨੇ ਗੁਰੂ ਸਾਹਿਬ ਜੀ ਨੂੰ ਪ੍ਰਸ਼ਨ ਕੀਤਾ ਕਿ ਸਤਿਗੁਰੂ ਜੀ! ਚੰਗਾ ਪਾਰਖੂ ਕੌਣ ਹੁੰਦਾ ਹੈ? ਤਾਂ ਸਤਿਗੁਰਾਂ ਨੇ ਇਹ ਸ਼ਬਦ ਉਚਾਰਨ ਕੀਤਾ :

## ਨਾਨਕ, ਪਰਖੇ ਆਪ ਕਉ; ਤਾ ਪਾਰਖੁ ਜਾਣੁ ॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਜੋ ਆਪਣੇ ਆਤਮਿਕ ਸਰੂਪ ਕਉ = ਨੂੰ ਪਰਖ ਲਵੇ, ਉਸ ਨੂੰ ਹੀ ਚੰਗਾ ਪਾਰਖੂ ਜਾਣੁ = ਜਾਨਣਾ ਕਰੋ। ਫਿਰ ਸਿੱਖਾਂ ਨੇ ਪੁੱਛਿਆ ਕਿ ਚੰਗਾ ਵੈਦ ਕੌਣ ਹੁੰਦਾ ਹੈ ਤਾਂ ਗੁਰੂ ਜੀ ਨੇ ਕਿਹਾ ਕਿ :

## ਰੋਗੁ ਦਾਰੂ ਦੋਵੈ ਬੁਝੈ; ਤਾ ਵੈਦੁ ਸੁਜਾਣੁ ॥

ਜਿਹੜਾ ਰੋਗ = ਬਿਮਾਰੀ ਤੇ ਦਾਰੂ = ਦਵਾ ਦੋਵੈ = ਦੋਹਾਂ ਨੂੰ ਬੁਝੈ = ਸਮਝੇ ਭਾਵ ਬਿਮਾਰੀ ਅਤੇ ਉਸ ਦੇ ਇਲਾਜ ਦੋਵਾਂ ਨੂੰ ਚੰਗੀ ਤਰ੍ਹਾਂ ਸਮਝ ਲਵੇ, ਤਾ = ਉਸ ਨੂੰ ਸੁਜਾਣੁ = ਸਿਆਣਾ (ਚਤੁਰ) ਵੈਦ ਜਾਨਣਾ ਕਰੋ ਅਨਜਾਣ ਵੈਦ ਨੂੰ ਬਿਮਾਰੀ ਤੇ ਔਸ਼ਧੀ ਦੋਨਾਂ ਦਾ ਗਿਆਨ ਨਾ ਹੋਣ ਕਰਕੇ ਕਿਸੇ ਦੀ ਜਾਨ ਵੀ ਜਾ ਸਕਦੀ ਹੈ। ਜਿਵੇਂ ਲੌਕਿਕ ਵਾਰਤਾ ਹੈ ਕਿ :

**ਨੀਮ ਹਕੀਮ ਖ਼ਤਰਾ ਜਾਨ।** *(ਲੌਕਿਕ ਪ੍ਰਮਾਣ)*

ਇਸ ਲੌਕਿਕ ਵਿਚਾਰ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਰਚਨਾ ਵਿਚ ਇਕ ਪ੍ਰਸਿੱਧ ਲੌਕਿਕ ਵਾਰਤਾ ਦਾ ਜ਼ਿਕਰ ਕੀਤਾ ਹੈ ਕਿ ਇਕ ਵੈਦ ਸੀ ਜਿਸ ਦੀ ਲੋਕਾਂ ਵਿਚ ਪ੍ਰਸਿੱਧੀ ਸੀ। ਉਸ ਦੀ ਪ੍ਰਸਿੱਧੀ ਸੁਣ ਕੇ ਇਕ ਅਨਜਾਣ ਵਿਅਕਤੀ ਵੈਦਗੀ ਸਿੱਖਣ ਲਈ ਆਇਆ। ਅਜੇ ਇਸ ਨੂੰ ਥੋੜ੍ਹਾ ਸਮਾਂ ਹੀ ਹੋਇਆ ਸੀ ਤਾਂ ਇਕ ਦਿਨ ਵੈਦ ਜੀ ਦੇ ਕੋਲ ਇਕ ਊਠਣੀ ਵਾਲਾ ਆਇਆ ਕਿ ਮੇਰੀ ਊਠਣੀ ਨੂੰ ਪਤਾ ਨਹੀਂ ਕੀ ਹੋ ਗਿਆ? ਉਹ ਮਰਨ ਵਾਲੀ ਹੈ। ਇਸ ਨਵੇਂ ਸੇਵਕ ਦੇ ਸਮੇਤ ਵੈਦ ਜੀ ਉਸ ਊਠਣੀ ਕੋਲ ਗਏ। ਜਾ ਕੇ ਉਸ ਦੇ ਸੰਘ ਨੂੰ ਹੱਥ ਲਾ ਕੇ ਵੇਖਿਆ, ਸਮਝਿਆ ਕਿ ਇਸ ਵਿਚ ਕੁਝ ਫਸਿਆ ਹੋਇਆ ਹੈ। ਉਸ ਨੇ ਊਠਣੀ ਵਾਲੇ ਨੂੰ ਪੁੱਛਿਆ ਕਿ ਕੀ ਊਠਣੀ ਬਾਹਰ ਸਮਾਣੇ ਵਿਚ ਚਰਨ ਲਈ ਗਈ ਸੀ? ਉਸ ਊਠਣੀ ਵਾਲੇ ਨੇ ਕਿਹਾ ਕਿ ਹਾਂ ਜੀ, ਗਈ ਸੀ। ਤਾਂ ਵੈਦ ਜੀ ਨੇ ਊਠਣੀ ਨੂੰ ਧਰਤੀ 'ਤੇ ਲਿਟਾ ਕੇ ਇਕ ਪੱਥਰ ਦਾ ਟੁਕੜਾ ਸਿਲਾ ਉਸ ਦੀ ਗਰਦਨ ਹੇਠਾਂ ਰੱਖ ਕੇ ਤੇ ਇਕ ਹੱਥ ਵਿਚ ਵੱਟਾ ਲੈ ਕੇ ਹੌਲੀ ਹੌਲੀ ਵੱਟਾ ਮਾਰਨਾ ਸ਼ੁਰੂ ਕੀਤਾ ਤਾਂ ਸੇਵਕ ਨੇ ਪੁੱਛਿਆ ਕਿ ਇਹ ਕੀ ਹੈ? ਉਸ ਵੈਦ ਨੇ ਕਿਹਾ ਕਿ ਇਸ ਦੇ ਸੰਘ ਵਿਚ ਕਚਰਾ ਜਿਹਾ ਫਸਿਆ ਹੋਇਆ ਹੈ। ਕਚਰਾ ਫੁੱਟਿਆ ਅਤੇ ਊਠਣੀ ਠੀਕ ਹੋ ਗਈ। ਨਵੇਂ ਸੇਵਕ ਨੇ, ਜੋ ਵੈਦਗੀ ਸਿੱਖਣ ਆਇਆ ਸੀ, ਉਸ ਨੇ ਸੋਚਿਆ ਕਿ ਵੈਦਗੀ ਤਾਂ ਸਿੱਖ ਲਈ, ਹੁਣ ਹੋਰ ਸਮਾਂ ਕਿਉਂ ਖ਼ਰਾਬ ਕਰਨਾ ਹੈ। ਇਉਂ ਅਨਜਾਣ ਬੰਦਾ ਆਪਣੇ ਆਪ ਨੂੰ ਵੈਦ ਮੰਨ ਕੇ ਤੁਰ ਪਿਆ। ਕਿਸੇ ਦੀ ਬਜ਼ੁਰਗ ਮਾਤਾ ਬਿਮਾਰ

ਸੀ ਤਾਂ ਲੋਕ ਇਸ ਨੂੰ ਵੈਦ ਸਮਝ ਕੇ ਆਪਣੇ ਘਰ ਲੈ ਗਏ। ਤਾਂ ਮਾਈ ਦੀ ਨਬਜ਼ ਦੀ ਥਾਂ ਸੰਘ ਫੜ ਕੇ ਬੈਠ ਗਿਆ। ਵੱਡੇ ਵੈਦ ਦੀ ਨਕਲ ਕਰਦਾ ਹੋਇਆ ਪੁੱਛਦਾ ਹੈ ਕਿ ਤੁਹਾਡੀ ਬਜ਼ੁਰਗ ਮਾਈ ਸਮਾਣੇ ਵਿਚ ਚਰਨ ਗਈ ਸੀ ? ਤਾਂ ਘਰਦਿਆਂ ਨੇ ਕਿਹਾ ਕਿ ਵੈਦ ਜੀ, ਇਹ ਕੀ ਪੁੱਛਦੇ ਹੋ ? ਇਹ ਕਿਹੜਾ ਕੋਈ ਪਸ਼ੂ ਹੈ ਜਿਹੜਾ ਸਮਾਣੇ ਵਿਚ ਚਰਨ ਜਾਵੇਗੀ। ਤਾਂ ਇਸ ਨਕਲੀ ਵੈਦ ਨੇ ਕਿਹਾ ਕਿ ਜੇਕਰ ਇਲਾਜ ਕਰਾਉਣਾ ਹੈ ਤਾਂ ਸਤਿ ਬਚਨ ਕਹਿਣਾ ਪਵੇਗਾ। ਫਿਰ ਉਸ ਨੇ ਕਿਹਾ ਕਿ ਇਸ ਦੇ ਸੰਘ ਵਿਚ ਕਚਰਾ ਫਸਿਆ ਹੋਇਆ ਹੈ। ਜਦੋਂ ਪੱਥਰ ਸਿਲਾ ਤੇ ਵੱਟਾ ਲੈ ਕੇ ਕੰਠ ਉੱਤੇ ਮਾਰਿਆ ਤਾਂ ਮਾਈ ਦੀ ਸੰਘੀ ਟੁੱਟ ਗਈ ਅਤੇ ਮਾਈ ਦੀ ਤੁਰੰਤ ਮੌਤ ਹੋ ਗਈ। ਘਰ ਦੇ ਬੰਦਿਆਂ ਨੇ ਫੜ ਕੇ ਪਹਿਲਾਂ ਵੈਦ ਦੀ ਮੁਰੰਮਤ ਕੀਤੀ ਤੇ ਫਿਰ ਰਾਜੇ ਦੇ ਪੇਸ਼ ਕੀਤਾ। ਰਾਜੇ ਨੇ ਪੁੱਛਿਆ ਕਿ ਵੈਦਗੀ ਕਿਥੋਂ ਸਿੱਖੀ ਸੀ ? ਤਾਂ ਉਸ ਨੇ ਆਪਣੀ ਸਾਰੀ ਵਾਰਤਾ ਕਹਿ ਸੁਣਾਈ। ਰਾਜਾ ਸਮਝ ਗਿਆ ਕਿ ਇਹ ਵੈਦ ਨਹੀਂ ਹੈ। ਉਸ ਦਾ ਪਾਜ ਉਘੜ ਗਿਆ ਤੇ ਉਸ ਨੂੰ ਸਜ਼ਾ ਦਿੱਤੀ। ਰਾਜੇ ਨੇ ਕਿਹਾ ਕਿ ਵੈਦ ਤਾਂ ਉਹ ਹੁੰਦਾ ਹੈ ਜਿਹੜਾ ਰੋਗ ਅਤੇ ਉਸ ਦੇ ਨਿਵਾਰਨ ਲਈ ਦਾਰੂ ਵੀ ਜਾਣਦਾ ਹੋਵੇ। ਸੋ ਇਹ ਉਪਰੋਕਤ ਤੁਕ ਦੇ ਸਿਧਾਂਤ ਨੂੰ ਸਾਖੀ ਰੂਪ ਵਿਚ ਪ੍ਰਗਟ ਕੀਤਾ ਹੈ। ਭਾਈ ਗੁਰਦਾਸ ਜੀ ਦੀ ਵਾਰ ਇਸ ਪ੍ਰਕਾਰ ਹੈ :

**ਵੈਦਿ ਚੰਗੇਰੀ ਊਠਣੀ ਲੈ ਸਿਲ ਵਟਾ 'ਕਚਰਾ'[1] ਭੰਨਾ।**
**ਸੇਵਕਿ ਸਿਖੀ ਵੈਦਗੀ ਮਾਰੀ ਬੁਢੀ ਰੋਵਨਿ ਰੰਨਾ।**
**ਪਕੜਿ ਚਲਾਇਆ 'ਰਾਵਲੈ[2] ਪਉਦੀ' ਉਘੜਿ ਗਏ ਸੁ ਕੰਨਾ।**
**ਪੁਛੈ ਆਖਿ ਵਖਾਣਿਉਨੁ ਉਘੜਿ ਗਇਆ ਪਾਜੁ ਪਰਛੰਨਾ।**
**ਪਾਰਖੂਆਂ ਚੁਣਿ ਕਢਿਆ ਜਿਉ 'ਕਚਕੜਾ'[3] ਨ ਰਲੈ ਰਤੰਨਾ।**
**ਮੂਰਖੁ ਅਕਲੀ ਬਾਹਰਾ ਵਾਂਸਹੁ ਮੂਲਿ ਨ ਹੋਵੀ ਗੰਨਾ।**
**ਮਾਣਸ ਦੇਹੀ ਪਸੂ ਉਪੰਨਾ॥** *(ਭਾਈ ਗੁਰਦਾਸ ਜੀ, ਵਾਰ ੩੨, ਪਉੜੀ ੧੬)*

***ਅੰਤਰੀਵ ਅਰਥ :*** ਰੋਗ ਕੀ ਹੈ ? ਹਉਮੈ ਦਾ ਰੋਗ ਹੈ।

**ਹਉਮੈ ਦੀਰਘ ਰੋਗੁ ਹੈ...॥** *(ਅੰਗ ੪੬੬)*

ਜੋ ਹਉਮੈ ਰੂਪੀ ਰੋਗ ਤੇ ਉਸ ਦੇ ਨਿਵਾਰਨ ਦੀ ਨਾਮ ਰੂਪੀ ਦਵਾਈ ਦੋਹਾਂ ਨੂੰ ਸਮਝ ਲਵੇ ਉਸ ਗੁਰੂ ਰੂਪ ਵੈਦ ਨੂੰ ਸ੍ਰੇਸ਼ਟ ਜਾਨਣਾ ਕਰੋ। ਜੈਸਾ ਕਿ :

**ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥** *(ਧਨਾਸਰੀ ਮ: ੧, ਅੰਗ ੬੮੭)*

## ਵਾਟ ਨ ਕਰਈ ਮਾਮਲਾ; ਜਾਣੈ ਮਿਹਮਾਣੁ ॥

ਦੁਨੀਆਂ ਦੇ ਵਾਟ = ਰਸਤੇ ਵਿਚ ਮਾਮਲਾ = ਝਗੜਾ ਨਾ ਕਰੇ। ਆਪਣੇ ਆਪ ਨੂੰ ਮਿਹਮਾਣੁ = ਪਰਾਹੁਣਾ ਹੀ ਜਾਣੈ = ਜਾਨਣਾ ਕਰੇ **ਵਾ:** ਦ੍ਵੈਤ ਦੇ ਵਾਟ = ਰਾਹ ਨਾ ਚੱਲੇ (ਮਾ + ਮਲਾ) ਮਾ = ਮਾਇਆ ਦੇ ਮਾਣ ਨੂੰ ਮਲਾ = ਮਲ ਦੇਵੇ। ਇਤਨਾ ਵੈਰਾਗ ਧਾਰਨ ਕਰੇ ਕਿ ਆਪਣੇ ਆਪ ਨੂੰ ਮਿਹਮਾਣੁ = ਪਰਾਹੁਣਾ ਸਮਝੇ।

## ਮੂਲੁ ਜਾਣਿ ਗਲਾ ਕਰੇ; ਹਾਣਿ ਲਾਏ ਹਾਣੁ ॥

ਗੁਰਾਂ ਦੀ ਸੰਗਤ ਵਿਚ ਮਿਲ ਕੇ ਮੂਲੁ = ਮੁੱਢ ਰੂਪ ਪਰਮੇਸ਼ਰ ਦੀ ਪ੍ਰਾਪਤੀ ਨੂੰ ਜਾਣਿ = ਜਾਨਣ ਵਾਲੇ

---

੧. ਖਰਬੂਜ਼ਾ, ਮਤੀਰਾ ਜੋ ਅਜੇ ਪੱਕਿਆ ਨਹੀਂ।
੨. ਬਾਦਸ਼ਾਹ (ਮਾਰ ਪੈਣ ਨਾਲ ਕੰਨ ਖੁੱਲ੍ਹ ਗਏ)।
੩. ਕੱਚ ਦਾ ਟੁਕੜਾ।

ਗਲਾ = ਬਚਨ ਕਰੇ **ਵਾ:** ਆਪਣੇ ਮੂਲ ਸਰੂਪ ਨੂੰ ਜਾਨਣੇ ਵਾਲੀਆਂ ਗੱਲਾਂ ਕਰੇ ਤੇ ਹਾਨਿ = ਹਾਨੀ ਲਾਏ = ਲਗਾਉਣ ਵਾਲੇ ਕਾਮ, ਕ੍ਰੋਧ ਆਦਿਕ ਵਿਕਾਰਾਂ ਨੂੰ ਹਾਣੁ = ਨਾਸ਼ ਕਰੇ **ਵਾ:** ਚੇਤਨ ਆਤਮਾ ਨੂੰ ਚੇਤਨ ਬ੍ਰਹਮ ਨਾਲ ਮਿਲਾਵੇ।

***ਪ੍ਰਸ਼ਨ*** *: ਚੰਗਾ ਵਿਚੋਲਾ ਕੌਣ ਹੈ ?*

***ਉੱਤਰ :***

## ਲਬਿ ਨ ਚਲਈ ਸਚਿ ਰਹੈ; ਸੋ ਵਿਸਟੁ ਪਰਵਾਣੁ ॥

ਜੋ ਲੜਕੀ ਲੜਕੇ ਵਾਲਿਆਂ ਪਾਸੋਂ ਖਾਣ ਪੀਣ ਦੇ ਪਦਾਰਥਾਂ ਦੇ ਲਬਿ = ਲਾਲਚ ਵਿਚ ਚਲਈ = ਚਲਾਏਮਾਨ ਨਾ ਹੋਵੇ ਤੇ ਸਚਿਆਈ ਵਿਚ ਰਹੇ ਸੋ = ਉਹ ਵਿਸਟੁ = ਵਿਚੋਲਾ ਪਰਵਾਣੁ = ਪ੍ਰਮਾਣਨੀਕ ਹੈ **ਵਾ:** ਇਸੇ ਪ੍ਰਕਾਰ ਉਹ ਗੁਰੂ ਰੂਪ ਵਿਸਟੁ = ਵਿਚੋਲੇ ਪਰਵਾਣੁ = ਪ੍ਰਮਾਣੀਕ ਹਨ ਜੋ ਸਿੱਖਾਂ ਕੋਲੋਂ ਪਦਾਰਥਾਂ ਦੇ ਖਾਣ ਪੀਣ ਵਿਚ ਚਲਾਏਮਾਨ ਨਹੀਂ ਹੁੰਦੇ। ਤੇ ਹਰ ਵਕਤ ਸੱਚ ਸਰੂਪ ਵਾਹਿਗੁਰੂ ਦੇ ਨਾਮ ਜਪਣ ਵਿਚ ਲੱਗੇ ਰਹਿੰਦੇ ਹਨ ਅਤੇ ਆਪਣੇ ਸਿੱਖਾਂ ਨੂੰ ਵੀ ਸੱਚ ਨਾਲ ਜੋੜਦੇ ਹਨ। ਸੋ ਐਸਾ ਪਾਖੰਡੀ ਵਿਚੋਲਾ ਨਹੀਂ ਹੋ ਸਕਦਾ ਜੋ ਸਿੱਖਾਂ ਪਾਸੋਂ ਪਦਾਰਥਾਂ ਦਾ ਲਾਲਚੀ ਹੋਵੇ। ਜੈਸਾ ਕਿ :

**ਜੋ ਕਛੁ ਮਾਲ ਤਵਾਲਯ ਸੋ ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ ॥** *(ਸ੍ਰੀ ਦਸਮ ਗ੍ਰੰਥ, ਪੰਨਾ ੭੧੫)*

## ਸਰੁ ਸੰਧੇ ਆਗਾਸ ਕਉ; ਕਿਉ ਪਹੁਚੈ ਬਾਣੁ ॥

ਜੇ ਕੋਈ ਸਰੁ = ਤੀਰ ਸੰਧੇ = ਖਿੱਚ ਕੇ ਆਕਾਸ਼ ਕਉ = ਨੂੰ ਮਾਰੇ, ਤਾਂ ਬਾਣੁ = ਤੀਰ ਅਕਾਸ਼ ਵੱਲ ਨੂੰ ਕਿਉ = ਕਿਵੇਂ ਪਹੁਚੈ = ਪਹੁੰਚੇਗਾ ਭਾਵ ਉਹ ਆਕਾਸ਼ ਦਾ ਕੀ ਵਿਗਾੜੇਗਾ। ਜੈਸਾ ਕਿ :

**ਜੇ ਕੋ ਸਰੁ ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ ਲਗਾਵੈਗੋ ॥੪॥** *(ਕਾਨੜਾ ਮ: ੪, ਅੰਗ ੧੩੧੧)*

## ਅਗੈ ਓਹੁ ਅਗੰਮੁ ਹੈ; ਵਾਹੇਦੜੁ ਜਾਣੁ ॥੨॥

ਕਿਉਂਕਿ ਉਹ ਅਕਾਸ਼ ਤਾਂ ਅਗੈ = ਅੱਗੋਂ ਅਗੰਮੁ = ਪਹੁੰਚ ਤੋਂ ਰਹਿਤ ਹੈ, ਉਹ ਤੀਰ ਮੁੜ ਕੇ ਤੀਰ ਵਾਹੇਦੜੁ = ਤੀਰ ਚਲਾਉਣ ਵਾਲੇ ਦੇ ਹੀ ਲੱਗੇਗਾ, ਇਹ ਜਾਨਣਾ ਕਰੋ।

***ਅੰਤਰੀਵ ਅਰਥ :*** ਜੋ ਆਗਾਸ = ਚਿਦਾ ਆਕਾਸ਼ ਵਿਚ ਉਡਾਰੀਆ ਮਾਰਨ ਵਾਲੇ ਤੱਤ ਬੇਤੇ ਮਹਾਂਪੁਰਸ਼ ਹਨ, ਜੇਕਰ ਉਨ੍ਹਾਂ ਨੂੰ ਸਰਾਪ ਦੇਣ ਲਈ ਕੋਈ ਸਰੁ = ਬਾਣ ਦੀ ਨਿਆਈਂ ਸੰਧੇ = ਸੰਨ੍ਹੇਗਾ ਭਾਵ ਸਰਾਪ ਦੇਣ ਲੱਗੇਗਾ, ਉਹ ਸਰਾਪ ਰੂਪੀ ਬਾਣ ਉਨ੍ਹਾਂ ਨੂੰ ਕਿਉ = ਕਿਵੇਂ ਲੱਗ ਸਕਦਾ ਹੈ। ਕਿਉਂਕਿ ਅੱਗੇ ਉਹ ਮਹਾਤਮਾ ਤਾਂ ਅਗੰਮੁ = ਗੰਮਤਾ ਤੋਂ ਰਹਿਤ ਸਰੂਪ ਦੀ ਪ੍ਰਾਪਤੀ ਵਾਲੇ ਉਸ ਪਰਮੇਸ਼ਰ ਦਾ ਹੀ ਸਰੂਪ ਹੁੰਦੇ ਹਨ। ਐਸਾ ਜਾਣ ਲਵੋ ਕਿ ਸਰਾਪ ਰੂਪੀ ਤੀਰ ਨੂੰ ਵਾਹੇਦੜੁ = ਵਾਹੁਣ ਵਾਲਾ ਭਾਵ ਚਲਾਉਣ ਵਾਲਾ ਹੀ ਨਾਸ ਹੋ ਜਾਵੇਗਾ ॥੨॥

**ਸਾਖੀ—ਇਕ ਨਿਰਮਲੇ ਮਹਾਤਮਾ ਦੀ :** ਕਲਕੱਤੇ ਵਿਚ ਇਕ ਆਦਮਖ਼ੋਰ ਸਾਧ ਰਹਿੰਦਾ ਸੀ ਜੋ ਤਾਂਤਰਿਕ-ਵਿੱਦਿਆ ਦਾ ਬੜਾ ਮਾਹਰ ਸੀ। ਉਸ ਦਾ ਮੰਤਰ ਸਿੱਧ ਕੀਤਾ ਹੋਇਆ ਸੀ। ਜਿਹੜਾ ਉਸ ਦੇ ਕੋਲ ਜਾਂਦਾ ਸੀ, ਉਸ ਨੂੰ ਜਾਦੂਗਰੀ ਦਾ ਤਮਾਸ਼ਾ ਦਿਖਾਉਣ ਦੇ ਬਹਾਨੇ ਹੱਥ ਵਿਚ ਧਾਗਾ ਫੜਾ ਕੇ ਮੰਤਰ ਪੜ੍ਹ ਦਿੰਦਾ ਸੀ। ਇਸ ਵਿੱਚੋਂ ਅੱਗ ਪ੍ਰਗਟ ਹੋ ਕੇ ਧਾਗਾ ਫੜਨ ਵਾਲੇ ਨੂੰ ਮਾਰ ਦਿੰਦੀ ਸੀ। ਇਸ ਤਰ੍ਹਾਂ ਉਸ ਨੇ ੬੦ ਬੰਦਿਆਂ ਦਾ ਨੁਕਸਾਨ ਕੀਤਾ। ਕੁਦਰਤੀ ਉਥੇ ਇਕ ਕਰਨੀ ਕਮਾਈ ਵਾਲੇ ਨਿਰਮਲੇ ਸੰਤ ਆ ਗਏ। ਨਿਰਮਲੇ ਸੰਤ ਉਸ ਪਾਸੇ ਜਾਣ ਲੱਗੇ, ਜਿਸ ਪਾਸੇ ਉਹ ਤਾਂਤਰਿਕ ਰਹਿੰਦਾ ਸੀ। ਲੋਕਾਂ ਨੇ ਸੰਤਾਂ ਨੂੰ ਕਿਹਾ ਕਿ ਇਧਰ ਨਾ ਜਾਉ, ਉਥੇ ਰਹਿਣ ਵਾਲੇ ਨੇ ਪਹਿਲਾਂ ਹੀ ਬਹੁਤ ਲੋਕਾਂ ਦਾ ਨੁਕਸਾਨ ਕੀਤਾ ਹੈ

ਤਾਂ ਨਿਰਮਲੇ ਸੰਤ ਕਹਿਣ ਲੱਗੇ ਕਿ ਇਕ ਵਾਰ ਜ਼ਰੂਰ ਜਾਵਾਂਗੇ। ਜਦੋਂ ਮਹਾਤਮਾ ਉਥੇ ਪਹੁੰਚੇ ਤਾਂ ਸੰਤਾਂ ਨੂੰ ਦੇਖ ਕੇ ਉਹ ਤਾਂਤਰਿਕ ਕਹਿਣ ਲੱਗਾ ਕਿ ਆਈਏ ਸੰਤ ਜੀ! ਤਾਂ ਸੰਤਾਂ ਨੇ ਕਿਹਾ ਕਿ ਆ ਗਏ ਜੀ। ਕਹਿਣ ਲੱਗਾ ਕਿ ਤੁਹਾਨੂੰ ਤਮਾਸ਼ਾ ਦਿਖਾਈਏ। ਇਹ ਧਾਗਾ ਪਕੜ ਲਉ। ਜਦੋਂ ਉਸ ਨੇ ਮੰਤਰ ਪੜ੍ਹਨਾ ਸ਼ੁਰੂ ਕੀਤਾ ਤਾਂ ਧਾਗੇ ਵਿੱਚੋਂ ਅੱਗ ਨਿਕਲਣ ਲੱਗੀ ਤਾਂ ਨਿਰਮਲੇ ਸੰਤਾਂ ਨੇ ਮੂਲਮੰਤ੍ਰ ਪੜ੍ਹਨਾ ਸ਼ੁਰੂ ਕਰ ਦਿੱਤਾ, ਕਿਉਂਕਿ ਸੰਤ ਜਾਣਦੇ ਸਨ। ਜੈਸਾ ਕਿ:

**ਨਿਰਭਉ ਜਪੈ ਸਗਲ ਭਉ ਮਿਟੈ ॥** *(ਗਉੜੀ ਸੁਖਮਨੀ ਮ: ੫, ਅੰਗ ੨੯੩)*

ਉਹ ਧਾਗਾ ਲੋਹ ਦੀ ਤਾਰ ਬਣ ਕੇ ਜਦੋਂ ਸ਼ਕਤੀ ਨਾਲ ਅੱਗ ਮਾਰਨ ਵਾਸਤੇ ਸੰਤਾਂ ਵੱਲ ਤੁਰੀ ਤਾਂ ਮੂਲਮੰਤ੍ਰ ਦੀ ਸ਼ਕਤੀ ਨਾਲ ਉਹ ਅੱਗ ਸੰਤਾਂ ਦਾ ਕੁਝ ਨਾ ਵਿਗਾੜ ਸਕੀ ਤੇ ਮੂਲਮੰਤ੍ਰ ਦੇ ਭੈ ਕਰਕੇ ਪਿੱਛੇ ਮੁੜ ਗਈ ਤੇ ਪਿੱਛੇ ਮੁੜ ਕੇ ਉਸ ਤਾਂਤਰਿਕ ਨੂੰ ਜਾ ਪਈ ਤੇ ਉਸ ਦੇ ਸਰੀਰ ਨੂੰ ਸਾੜ ਦਿੱਤਾ। ਜਦੋਂ ਲੋਕਾਂ ਨੂੰ ਪਤਾ ਲੱਗਿਆ ਤਾਂ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਨਿਰਮਲੇ ਸੰਤਾਂ ਨੂੰ ਪਾਲਕੀ ਵਿਚ ਬਿਠਾ ਕੇ ਸਾਰੇ ਕਲਕੱਤੇ ਵਿਚ ਘੁਮਾਇਆ। ਸੋ ਇਸ ਪ੍ਰਕਾਰ ਜੋ ਮਹਾਤਮਾ ਉਪਰ ਜੰਤਰ ਮੰਤਰ ਕਰਦਾ ਹੈ, ਉਹ ਆਪ ਹੀ ਮਾਰਿਆ ਜਾਂਦਾ ਹੈ, ਭਾਵ ਜਿਸ ਪ੍ਰਕਾਰ ਤਪੇ ਨੇ ਗੁਰੂ ਅੰਗਦ ਦੇਵ ਜੀ ਨਾਲ ਝਗੜਾ ਕੀਤਾ ਤਾਂ ਉਲਟਾ ਆਪ ਹੀ ਮਾਰਿਆ ਗਿਆ। ਇਹ ਦੋਵੇਂ ਸ਼ਬਦ ਸਤਿਗੁਰੂ ਜੀ ਨੇ ਖਡੂਰ ਸਾਹਿਬ ਵਿਚ ਖਹਿਰੇ ਸਿੱਖਾਂ ਦੇ ਪ੍ਰਥਾਇ ਉਚਾਰਨ ਕੀਤੇ:

## ਪਉੜੀ ॥ ਨਾਰੀ ਪੁਰਖ ਪਿਆਰੁ; ਪ੍ਰੇਮਿ ਸੀਗਾਰੀਆ ॥

ਜਿਨ੍ਹਾਂ ਨਾਰੀ = ਇਸਤਰੀਆਂ ਦਾ ਆਪਣੇ ਪੁਰਖਾਂ (ਪਤੀਆਂ) ਨਾਲ ਪਿਆਰ ਹੁੰਦਾ ਹੈ, ਉਹ ਇਸਤਰੀਆਂ ਪ੍ਰੇਮ ਦੇ ਸਹਿਤ ਸੀਗਾਰੀਆ = ਸ਼ਿੰਗਾਰੀਆਂ ਰਹਿੰਦੀਆਂ ਹਨ। ਅਤੇ

## ਕਰਨਿ ਭਗਤਿ ਦਿਨੁ ਰਾਤਿ; ਨ ਰਹਨੀ ਵਾਰੀਆ ॥

ਉਹ ਦਿਨ ਰਾਤ ਆਪਣੇ ਪਤੀਆਂ ਦੀ ਭਗਤਿ = ਸੇਵਾ ਕਰਨਿ = ਕਰਦੀਆਂ ਹਨ, ਕਿਸੇ ਦੀਆਂ ਵਾਰੀਆ = ਵਰਜੀਆਂ, ਰੋਕੀਆਂ ਹੋਈਆਂ ਨ = ਨਹੀਂ ਰਹਨੀ = ਰਹਿੰਦੀਆਂ। ਜੈਸਾ ਕਿ:

**ਸਿਖ ਸਿਖਣੀ ਮਿਲ ਬਹੈ ਚਰਚਾ ਕਰੈ ਅਪਾਰ ॥**
**ਭਜਨ ਸਿਖਾਵੈ ਪੁੱਤਰ ਕੋ ਹਰਿ ਭਜ ਬਾਰੰਬਾਰ ॥** *(ਰਹਿਤਨਾਮਾ)*

## ਮਹਲਾ ਮੰਝਿ ਨਿਵਾਸੁ; ਸਬਦਿ ਸਵਾਰੀਆ ॥

ਉਨ੍ਹਾਂ ਇਸਤਰੀਆਂ ਦਾ ਆਪਣੇ ਪਤੀ ਦੇ ਮਹਿਲਾਂ ਮੰਝਿ = ਵਿਚ ਨਿਵਾਸੁ = ਵਾਸਾ ਹੁੰਦਾ ਹੈ ਅਤੇ ਉਨ੍ਹਾਂ ਦੇ ਸਬਦਿ = ਸ਼ੁਭ ਉਪਦੇਸ਼ ਨਾਲ ਆਪਣੀ ਬਿਰਤੀ ਨੂੰ ਸਵਾਰੀਆ = ਸਵਾਰ ਲਿਆ ਹੈ।

## ਸਚੁ ਕਹਨਿ ਅਰਦਾਸਿ; ਸੇ ਵੇਚਾਰੀਆ ॥

ਸੇ = ਉਹ ਵੇਚਾਰੀਆ = ਵਿਚਾਰਵਾਨ ਭਾਵ ਨਿਮਰਤਾ ਵਾਲੀਆਂ ਇਸਤਰੀਆਂ ਆਪਣੇ ਪਤੀਆਂ ਦੇ ਅੱਗੇ ਹਮੇਸ਼ਾਂ ਸੱਚ ਬੋਲਦੀਆਂ ਹੋਈਆਂ ਨਿਮਰਤਾ ਸਹਿਤ ਅਰਦਾਸਿ = ਬੇਨਤੀਆਂ ਹੀ ਕਰਦੀਆਂ ਹਨ। ਅਤੇ

## ਸੋਹਨਿ ਖਸਮੈ ਪਾਸਿ; ਹੁਕਮਿ ਸਿਧਾਰੀਆ ॥

ਹੁਕਮ ਵਿਚ ਸਿਧਾਰੀਆ = ਵਿਚਰਦੀਆਂ ਹੋਈਆਂ ਆਪਣੇ ਖਸਮੈ = ਮਾਲਕ ਪਤੀ ਦੇ ਪਾਸਿ = ਕੋਲ ਸੋਹਨਿ = ਸ਼ੋਭਨੀਕ ਭਾਵ ਸ਼ੁਭਾਇਮਾਨ ਹੁੰਦੀਆਂ ਹਨ।

## ਸਖੀ ਕਹਨਿ ਅਰਦਾਸਿ; ਮਨਹੁ ਪਿਆਰੀਆ ॥

ਉਹ ਸਖੀ = ਸਹੇਲੀਆਂ ਨਾਲ ਮਿਲ ਕੇ ਅਰਦਾਸਿ = ਬੇਨਤੀ ਪੂਰਵਕ ਬਚਨਾਂ ਨੂੰ ਹੀ ਕਹਨਿ = ਕਹਿੰਦੀਆਂ ਹਨ ਜਿਸ ਕਰਕੇ ਉਹ ਆਪਣੇ ਪਤੀ ਨੂੰ ਮਨਹੁ = ਮਨ ਵਿਚ ਪਿਆਰੀਆ = ਚੰਗੀਆਂ ਲੱਗਦੀਆਂ ਹਨ।

### ਦੂਸਰਾ ਅਰਥ

**ਨਾਰੀ ਪੁਰਖ ਪਿਆਰੁ; ਪ੍ਰੇਮਿ ਸੀਗਾਰੀਆ ॥**

ਜਿਨ੍ਹਾਂ ਜਗਿਆਸੂ ਰੂਪ ਇਸਤਰੀਆਂ ਦਾ ਗੁਰੂ **ਵਾ:** ਪਰਮੇਸ਼ਰ ਰੂਪੀ ਪਤੀ ਨਾਲ ਪਿਆਰ ਹੁੰਦਾ ਹੈ, ਉਨ੍ਹਾਂ ਨੇ ਆਪਣੀਆਂ ਬਿਰਤੀਆਂ ਨੂੰ ਗੁਰਾਂ ਦੇ ਪ੍ਰੇਮ ਸਹਿਤ ਹੋ ਕੇ ਵੈਰਾਗ, ਬਿਬੇਕ ਆਦਿ ਸਾਧਨਾਂ ਦੁਆਰਾ ਸ਼ਿੰਗਾਰਨਾ ਕੀਤਾ ਹੈ।

**ਕਰਨਿ ਭਗਤਿ ਦਿਨੁ ਰਾਤਿ; ਨ ਰਹਨੀ ਵਾਰੀਆ ॥**

ਉਹ ਰਾਤ ਦਿਨੇ ਇਕ ਰਸ ਭਾਉ-ਭਗਤੀ ਕਰਦੀਆਂ ਹਨ ਅਤੇ ਕਿਸੇ ਦੀਆਂ ਵਰਜੀਆਂ (ਰੋਕੀਆਂ) ਹੋਈਆਂ ਨਹੀਂ ਰਹਨੀ = ਰਹਿੰਦੀਆਂ।

**ਮਹਲਾ ਮੰਝਿ ਨਿਵਾਸੁ; ਸਬਦਿ ਸਵਾਰੀਆ ॥**

ਉਨ੍ਹਾਂ ਦਾ ਤੁਰੀਆ ਪਦ ਰੂਪੀ ਮਹੱਲਾਂ ਵਿਚ ਵਾਸਾ ਹੁੰਦਾ ਹੈ ਅਤੇ ਉਨ੍ਹਾਂ ਨੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਆਪਣੀਆਂ ਬਿਰਤੀਆਂ ਸਵਾਰ ਲਈਆਂ ਹਨ।

**ਸਚੁ ਕਹਨਿ ਅਰਦਾਸਿ; ਸੇ ਵੇਚਾਰੀਆ ॥**

ਸੇ = ਉਹ ਵੇਚਾਰੀਆ = ਵਿਚਾਰਵਾਨ, ਬ੍ਰਹਮ ਗਿਆਨ ਦੀ ਵੀਚਾਰ ਵਾਲੀਆਂ ਸੱਚੇ ਨਾਮ ਨੂੰ ਜਪਦੀਆਂ ਇਹੋ ਅਰਦਾਸਿ = ਬੇਨਤੀਆਂ ਕਰਦੀਆਂ ਹਨ ਕਿ ਸਾਨੂੰ ਆਪਣੇ ਚਰਨਾਂ ਦਾ ਨਿਵਾਸ, ਪ੍ਰੇਮ ਬਖ਼ਸ਼ੋ।

**ਸੋਹਨਿ ਖਸਮੈ ਪਾਸਿ; ਹੁਕਮਿ ਸਿਧਾਰੀਆ ॥**

ਉਹ ਗੁਰਾਂ ਦੇ ਹੁਕਮ ਦੁਆਰਾ ਅੰਤਰਮੁਖ ਭਾਵ ਬ੍ਰਹਮਾਕਾਰ ਬਿਰਤੀ ਕਰਕੇ ਭਗਤੀ ਸਹਿਤ ਗਿਆਨ ਦੇ ਰਸਤੇ ਉੱਪਰ ਚੱਲਦੀਆਂ ਹੋਈਆਂ ਖਸਮੈ = ਮਾਲਕ ਪਰਮੇਸ਼ਰ ਕੋਲ ਸ਼ੋਭਦੀਆਂ ਹਨ। ਅਤੇ

**ਸਖੀ ਕਹਨਿ ਅਰਦਾਸਿ; ਮਨਹੁ ਪਿਆਰੀਆ ॥**

ਉਹ ਮਹਾਤਮਾ ਰੂਪ ਸਖੀਆਂ ਨਾਲ ਮਿਲ ਕੇ ਬੇਨਤੀ ਪੂਰਵਕ ਬਚਨਾਂ ਨੂੰ ਹੀ ਕਹਿੰਦੀਆਂ ਹਨ, ਜਿਸ ਕਰਕੇ ਉਹ ਵਾਹਿਗੁਰੂ ਨੂੰ ਮਨ ਕਰਕੇ ਪਿਆਰੀਆਂ ਲੱਗਦੀਆਂ ਹਨ।

## ਬਿਨੁ ਨਾਵੈ ਧ੍ਰਿਗੁ ਵਾਸੁ; ਫਿਟੁ ਸੁ ਜੀਵਿਆ ॥

ਪਰਮੇਸ਼ਰ ਦੇ ਨਾਵੈ = ਨਾਮ ਤੋਂ ਬਿਨੁ = ਬਗ਼ੈਰ ਮਨਮੁਖ ਰੂਪ ਇਸਤਰੀਆਂ ਦਾ ਸੰਸਾਰ ਵਿਚ ਵਾਸੁ = ਵੱਸਣਾ ਧ੍ਰਿਗੁ = ਧ੍ਰਿਕਾਰ ਯੋਗ ਹੈ, ਅਤੇ ਸੁ = ਉਨ੍ਹਾਂ ਦਾ ਜੀਵਿਆ = ਜੀਵਣਾ ਵੀ ਫਿਟਕਾਰ ਯੋਗ ਹੈ **ਵਾ:** ਉਨ੍ਹਾਂ ਨੂੰ ਐਸੇ ਜੀਵਨ ਕਰਕੇ ਪ੍ਰਲੋਕ ਵਿਚ ਲਾਹਨਤਾ ਹੀ ਪੈਂਦੀਆਂ ਹਨ।

## ਸਬਦਿ ਸਵਾਰੀ ਆਸੁ; ਅੰਮ੍ਰਿਤੁ ਪੀਵਿਆ ॥੨੨॥

ਜਿਨ੍ਹਾਂ ਨੇ ਗੁਰੂ ਦੇ ਸਬਦਿ = ਉਪਦੇਸ਼ ਦੁਆਰਾ ਆਪਣੀ ਬਿਰਤੀ ਸਵਾਰੀ = ਸਵਾਰ ਲਈ ਹੈ ਉਨ੍ਹਾਂ

ਦੀ ਪਰਮੇਸ਼ਰ ਪ੍ਰਾਪਤੀ ਦੀ ਆਸਾ ਪੂਰੀ ਕਰ ਦਿੱਤੀ ਹੈ ਤੇ ਉਨ੍ਹਾਂ ਨੇ ਨਾਮ ਦੁਆਰਾ ਬ੍ਰਹਮਾਨੰਦ ਰੂਪੀ ਅੰਮ੍ਰਿਤ ਨੂੰ ਪੀਵਿਆ = ਪੀਣਾ ਕੀਤਾ ਹੈ॥੨੨॥

## ਸਲੋਕੁ ਮ: ੧ ॥

ਗੁਰੂ ਸਾਹਿਬ ਜੀ ਨੂੰ ਸਿੱਧਾਂ ਨੇ ਪੁੱਛਿਆ ਕਿ ਆਪ ਜੀ ਨੂੰ ਨਾਮ ਦੀ ਕਿਤਨੀ ਕੁ ਇੱਛਾ ਰੂਪੀ ਭੁੱਖ ਲੱਗੀ ਹੋਈ ਹੈ ? ਤਾਂ ਮਹਾਰਾਜ ਜੀ ਨੇ ਉੱਤਰ ਵਿਚ ਇਹ ਸ਼ਬਦ ਉਚਾਰਨ ਕੀਤਾ :

## ਮਾਰੂ ਮੀਹਿ ਨ ਤ੍ਰਿਪਤਿਆ; ਅਗੀ ਲਹੈ ਨ ਭੁਖ ॥
## ਰਾਜਾ ਰਾਜਿ, ਨ ਤ੍ਰਿਪਤਿਆ; ਸਾਇਰ ਭਰੇ ਕਿਸੁਕ ॥

(**ਕਿ ਸੁਕ** ਦੂਸਰਾ ਪਾਠ)

ਜਿਸ ਪ੍ਰਕਾਰ ਮਾਰੂ = ਮਾਰੂਥਲ (ਰੇਤੇ ਦਾ ਸਥਾਨ) ਮੀਹਿ = ਵਰਖਾ ਦੇ ਪਾਣੀ ਕਰਕੇ ਕਦੇ ਵੀ ਤ੍ਰਿਪਤਿਆ = ਰੱਜਦਾ ਨਹੀਂ ਭਾਵ ਖ਼ੁਸ਼ਕ ਹੀ ਰਹਿੰਦਾ ਹੈ ਤੇ ਅਗੀ = ਅੱਗ ਦੀ ਲੱਕੜਾਂ ਨੂੰ ਸਾੜ ਕੇ ਕਦੇ ਵੀ ਭੁੱਖ ਨਹੀਂ ਲਹਿੰਦੀ ਭਾਵ ਜੰਗਲਾਂ ਦੇ ਜੰਗਲ ਸਾੜ ਕੇ ਵੀ ਭੁੱਖੀ ਰਹਿੰਦੀ ਹੈ। ਜਿਵੇਂ ਰਾਜਾ ਰਾਜ ਨੂੰ ਪਾ ਕਰਕੇ ਨ ਤ੍ਰਿਪਤਿਆ = ਰੱਜਦਾ ਨਹੀਂ, ਉਸ ਨੂੰ ਆਪਣੇ ਰਾਜ ਵਧਾਉਣ ਦੀ ਹੀ ਭੁੱਖ ਰਹਿੰਦੀ ਹੈ। ਸਾਇਰ = ਸਮੁੰਦਰ ਕਿਸੁਕ = ਕਿਸ ਨੇ ਪਾਣੀ ਦੇ ਭਰੇ ਹਨ ਭਾਵ ਕਿਸੇ ਨੇ ਵੀ ਨਹੀਂ ਭਰੇ **ਵਾ:** ਜੇਕਰ ਸਮੁੰਦਰ (ਕਿ+ਸੁਕ) ਸੁੱਕ ਜਾਣ ਤਾਂ ਉਨ੍ਹਾਂ ਨੂੰ ਕੌਣ ਭਰ ਸਕਦਾ ਹੈ ਭਾਵ ਕੋਈ ਨਹੀਂ ਭਰ ਸਕਦਾ ਭਾਵੇਂ ਵਰਖਾ, ਨਦੀਆਂ, ਨਾਲਿਆਂ ਦਾ ਕਿੰਨਾ ਵੀ ਪਾਣੀ ਪਾਇਆ ਜਾਵੇ ਤਾਂ ਵੀ ਉਹ ਤ੍ਰਿਪਤ ਨਹੀਂ ਹੁੰਦੇ।

### ਦੂਸਰਾ ਅਰਥ

**ਮਾਰੂ ਮੀਹਿ ਨ ਤ੍ਰਿਪਤਿਆ; ਅਗੀ ਲਹੈ ਨ ਭੁਖ ॥**

ਗੁਰਮੁਖਾਂ ਦਾ ਹਿਰਦਾ ਰੂਪੀ ਮਾਰੂਥਲ ਗੁਰੂ ਉਪਦੇਸ਼ ਰੂਪੀ ਵਰਖਾਂ ਨਾਲ ਕਦੇ ਵੀ ਤ੍ਰਿਪਤ ਨਹੀਂ ਹੁੰਦਾ ਭਾਵੇਂ ਜਿਤਨਾ ਮਰਜ਼ੀ ਗੁਰ ਉਪਦੇਸ਼ ਸੁਣੀ ਜਾਣ ਅਤੇ ਬ੍ਰਹਮ ਅਭਿਆਸ ਰੂਪੀ ਅੱਗ ਨਾਲ ਸੰਕਲਪਾਂ ਵਿਕਲਪਾਂ ਰੂਪੀ ਲੱਕੜਾ ਸਾੜ ਕੇ ਸੰਸਾਰ ਨੂੰ ਮਿਥਿਆ ਨਿਸਚੇ ਕਰਨ ਰੂਪ ਭੁੱਖ ਨਹੀਂ ਲਹਿੰਦੀ।

**ਰਾਜਾ ਰਾਜਿ, ਨ ਤ੍ਰਿਪਤਿਆ; ਸਾਇਰ ਭਰੇ ਕਿਸੁਕ ॥**

ਰਾਜਿਆਂ ਦੀ ਨਿਆਈਂ ਗੁਰਮੁਖ ਜਨਾਂ ਦਾ ਚਿੱਤ ਬ੍ਰਹਮਾਨੰਦ ਰੂਪੀ ਨੂੰ ਰਾਜ ਪਾ ਕੇ ਵੀ ਤ੍ਰਿਪਤ ਨਹੀਂ ਹੁੰਦਾ, ਉਨ੍ਹਾਂ ਦੇ ਅੰਤਹਕਰਣ ਰੂਪੀ ਸਮੁੰਦਰ ਪਰਮੇਸ਼ਰ ਦੇ ਪ੍ਰੇਮ ਰੂਪੀ ਜਲ ਨਾਲ ਕਿਸ ਨੇ ਭਰੇ ਹਨ ਭਾਵ ਕਿਸੇ ਨੇ ਨਹੀਂ, ਕਿਉਂਕਿ ਉਨ੍ਹਾਂ ਦੇ ਅੰਤਹਕਰਣ ਅੰਦਰ ਪ੍ਰੇਮ ਰੂਪੀ ਜਲ ਦੀ ਪਿਆਸ ਲੱਗੀ ਹੀ ਰਹਿੰਦੀ ਹੈ।

## ਨਾਨਕ ਸਚੇ ਨਾਮ ਕੀ; ਕੇਤੀ ਪੁਛਾ ਪੁਛ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਹੇ ਸਿੱਧੋ ! ਜੇਕਰ ਤੁਸੀਂ ਸੱਚੇ ਨਾਮ ਕੀ = ਦੀ ਭੁੱਖ ਬਾਰੇ ਪੁਛਾ ਪੁਛ = ਪੁੱਛ ਪੁਛਣੀ ਚਾਹੁੰਦੇ ਹੋ ਤਾਂ ਤੁਹਾਨੂੰ ਕੇਤੀ = ਕਿਤਨੀ ਕੁ ਦੱਸੀਏ, ਭਾਵ ਸਾਨੂੰ ਨਾਮ ਦੀ ਬੇਅੰਤ ਭੁੱਖ ਹੈ॥੧॥ ਜੈਸਾ ਕਿ :

**ਸਾਚੇ ਨਾਮ ਕੀ ਲਾਗੈ ਭੁਖ ॥** *(ਅੰਗ ੯)*

ਸਿੱਖਾਂ ਨੇ ਪੁੱਛਿਆ ਕਿ ਨਾਮ ਤੋਂ ਬਗ਼ੈਰ ਜਨਮ ਕਿਸ ਪ੍ਰਕਾਰ ਨਿਸਫਲ ਜਾਂਦਾ ਹੈ ? ਤਾਂ ਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ

## ਮਹਲਾ ੨ ॥ ਨਿਹਫਲੰ, ਤਸਿ ਜਨਮਸਿ; ਜਾਵਤੁ, ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸਿ; ਗੁਰ ਪਰਸਾਦੀ ਤਰਹਿ ਕੇ ॥

(**ਤੱਸਿ, ਜਨਮੱਸਿ** ਤੇ **ਸੰਸਾਰੱਸਿ** ਬੋਲੋ)

ਜਾਵਤੁ = ਜਿਤਨਾ ਚਿਰ ਇਹ ਜੀਵ ਬ੍ਰਹਮ ਨੂੰ ਬਿੰਦਤੇ = ਜਾਣਦਾ ਨਹੀਂ, ਉਤਨੀ ਦੇਰ ਤੱਕ ਤਸਿ = ਤਿਸ ਜੀਵ ਦਾ ਜਨਮਸਿ = ਜਨਮ ਨਿਹਫਲੰ = ਨਿਸਫਲ ਹੈ। ਇਸ ਸੰਸਾਰਸਿ = ਸੰਸਾਰ ਸਾਗਰੰ = ਸਮੁੰਦਰ ਤੋਂ ਗੁਰ ਪਰਸਾਦੀ = ਗੁਰੂ ਦੀ ਕਿਰਪਾ ਕਰਕੇ ਕੇ = ਕੋਈ ਵਿਰਲੇ ਪੁਰਖ ਹੀ ਨਾਮ ਰੂਪੀ ਜਹਾਜ਼ 'ਤੇ ਚੜ੍ਹ ਕੇ ਤਰਹਿ = ਤਰਦੇ ਹਨ।

## ਕਰਣ ਕਾਰਨ ਸਮਰਥੁ ਹੈ; ਕਹੁ ਨਾਨਕ ਬੀਚਾਰਿ ॥

ਸਤਿਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਅਸੀਂ ਬੀਚਾਰਿ = ਨਿਰਨਾ ਕਰਕੇ ਕਹੁ = ਕਹਿੰਦੇ ਹਾਂ ਕਿ ਉਹ ਪਰਮੇਸ਼ਰ ਸਾਰੇ ਕਾਰਜਾਂ ਦੇ ਕਰਨ ਕਰਾਉਣ ਨੂੰ ਸਮਰਥੁ = ਸਰਬ ਸ਼ਕਤੀਵਾਨ ਹੈ।

## ਕਾਰਣੁ ਕਰਤੇ ਵਸਿ ਹੈ; ਜਿਨਿ ਕਲ ਰਖੀ ਧਾਰਿ ॥੨॥

ਜਿਨਿ = ਜਿਸ ਪਰਮੇਸ਼ਰ ਨੇ ਸਾਰਿਆਂ ਵਿਚ ਆਪਣੀ ਚੇਤਨ ਸੱਤਾ ਰੂਪੀ ਕਲ = ਸ਼ਕਤੀ ਧਾਰਿ ਕੇ ਰੱਖੀ ਹੋਈ ਹੈ, ਉਸ ਕਰਤੇ ਪੁਰਖ ਦੇ ਹੀ ਮਾਇਆ ਦੇ ਸਮੇਤ ਰਜੋ, ਤਮੋ, ਸਤੋ ਆਦਿ ਕਾਰਨ ਵਸਿ = ਅਧੀਨ ਰੱਖੇ ਹੋਏ ਹਨ ॥੨॥

ਜਿਸ ਵੇਲੇ ਗੁਰੂ ਸਾਹਿਬ ਜੀ ਵੇਈਂ ਨਦੀ ਵਿਚ ਪ੍ਰਵੇਸ਼ ਕਰਕੇ ਨਿਰੰਕਾਰ ਦੇ ਦਰ ਪਹੁੰਚੇ ਸਨ, ਉਸ ਵੇਲੇ ਦਾ ਵਰਣਨ ਕਰਦੇ ਹਨ ਕਿ

## ਪਉੜੀ ॥ ਖਸਮੈ ਕੈ ਦਰਬਾਰਿ; ਢਾਢੀ ਵਸਿਆ ॥

ਜਦੋਂ ਮੈਂ ਖਸਮੈ = ਮਾਲਕ ਪਰਮੇਸ਼ਰ ਕੈ = ਦੇ ਸੱਚਖੰਡ ਰੂਪੀ ਦਰਬਾਰ ਵਿਚ ਢਾਢੀ = ਜਸ ਕਰਨ ਵਾਲਾ ਹੋ ਵਸਿਆ ਭਾਵ ਗਿਆ ਅਤੇ

## ਸਚਾ ਖਸਮੁ ਕਲਾਣਿ; ਕਮਲੁ ਵਿਗਸਿਆ ॥

(**ਵਿਗੱਸਿਆ** ਬੋਲੋ)

ਉਥੇ ਖਸਮੁ = ਮਾਲਕ ਪਰਮੇਸ਼ਰ ਦਾ ਸੱਚਾ ਕਲਾਣਿ = ਜਸ ਕਰਦਿਆਂ ਹੋਇਆਂ ਮੇਰਾ ਹਿਰਦਾ ਰੂਪੀ ਕਮਲ ਕਰੁਣਾ, ਮੁਦਤਾ, ਅਪੇਖਿਆ ਆਦਿ ਪੰਖੜੀਆਂ ਦੇ ਸਹਿਤ ਵਿਗਸਿਆ = ਖਿੜ ਗਿਆ।

## ਖਸਮਹੁ ਪੂਰਾ ਪਾਇ; ਮਨਹੁ ਰਹਸਿਆ ॥

(**ਰਹੱਸਿਆ** ਬੋਲੋ)

ਗੁਰੂ ਪਰਮੇਸ਼ਰ ਕੋਲੋਂ ਪੂਰਾ = ਪੂਰਨ ਮੂਲਮੰਤਰ ਰੂਪ ਸਿਰੋਪਾਓ ਪਾਇ = ਪਾ ਕੇ ਮੈਂ ਮਨਹੁ = ਮਨ ਕਰਕੇ ਰਹਸਿਆ = ਪ੍ਰਸੰਨਤਾ ਦੇ ਸਹਿਤ ਹੋ ਗਿਆ।

## ਦੁਸਮਨ ਕਢੇ ਮਾਰਿ; ਸਜਣ ਸਰਸਿਆ ॥

(**ਸਰਸਿਆ** ਪੋਲਾ ਬੋਲੋ)

ਪਰਮੇਸ਼ਰ ਨੇ ਮੇਰੇ ਹਿਰਦੇ ਵਿੱਚੋਂ ਕਾਮ, ਕ੍ਰੋਧ ਆਦਿ ਦੁਸਮਨ = ਵੈਰੀਆਂ ਨੂੰ ਕਢੇ = ਕੱਢ ਕੇ ਮਾਰਿ = ਨਾਸ ਕਰ ਦਿੱਤਾ ਹੈ ਜਿਸ ਕਰਕੇ ਸ਼ੁਭ ਗੁਣਾਂ ਰੂਪੀ ਸਜਣ = ਮਿੱਤਰ ਸਰਸਿਆ = ਸਹਿਤ ਰਸ ਦੇ ਹੋ ਗਏ।

[ਅੰਗ ੧੪੯]

## ਸਚਾ ਸਤਿਗੁਰੁ ਸੇਵਨਿ; ਸਚਾ ਮਾਰਗੁ ਦਸਿਆ॥

ਸੱਚੇ ਸਤਿਗੁਰੂ ਪਰਮੇਸ਼ਰ ਦਾ ਸੇਵਨ ਕੀਤਾ ਤਾਂ ਮੈਨੂੰ ਗੁਰੂ ਪਰਮੇਸ਼ਰ ਨੇ ਜਗਤ ਵਿਚ ਪ੍ਰਵਿਰਤ ਕਰਨ ਲਈ ਭਗਤੀ ਸਹਿਤ ਗਿਆਨ ਦਾ ਸੱਚਾ ਮਾਰਗੁ = ਰਸਤਾ ਦਸਿਆ = ਦੱਸਣਾ ਕੀਤਾ।

## ਸਚਾ ਸਬਦੁ ਬੀਚਾਰਿ; ਕਾਲੁ ਵਿਧਉਸਿਆ॥

ਕਿ ਦਿੱਤੇ ਹੋਏ ਸੱਚੇ ਸਬਦਿ = ਉਪਦੇਸ਼ ਦੀ ਵਿਚਾਰ ਕਰੋ ਜਿਸ ਕਰਕੇ ਕਾਲ ਦਾ ਵਿਧਉਸਿਆ = ਵਿਸ਼ੇਸ਼ ਕਰਕੇ ਨਾਸ਼ ਹੋ ਜਾਵੇਗਾ।

## ਢਾਢੀ ਕਥੇ ਅਕਥੁ; ਸਬਦਿ ਸਵਾਰਿਆ॥

ਮੈਂ ਢਾਢੀ = ਜਸ ਕਰਨ ਵਾਲਾ ਹੋ ਕੇ ਅਕਥੁ = ਕਥਨ ਤੋਂ ਰਹਿਤ ਗੁਰੂ ਨਿਰੰਕਾਰ ਦਾ ਜੱਸ ਕਥੇ = ਕਥਨ ਕੀਤਾ ਹੈ ਅਤੇ ਗੁਰੂ ਨਿਰੰਕਾਰ ਦੇ ਸਬਦਿ = ਉਪਦੇਸ਼ ਦੁਆਰਾ ਮਨ ਨੂੰ ਵਿਕਾਰਾਂ ਵੱਲੋਂ ਸਵਾਰਿਆ = ਸੰਵਾਰਨਾ ਕੀਤਾ ਹੈ।

## ਨਾਨਕ ਗੁਣ ਗਹਿ ਰਾਸਿ; ਹਰਿ ਜੀਉ ਮਿਲੇ ਪਿਆਰਿਆ॥੨੩॥

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਮੈਂ ਸ਼ੁਭ ਗੁਣਾਂ ਰੂਪੀ ਰਾਸਿ = ਪੂੰਜੀ ਗੁਰੂ ਨਿਰੰਕਾਰ ਕੋਲੋਂ ਗਹਿ = ਗ੍ਰਹਿਣ ਕੀਤੀ ਹੈ, ਜਿਸ ਕਰਕੇ ਮੈਨੂੰ ਪਿਆਰੇ ਹਰਿ = ਪਰਮੇਸ਼ਰ ਜੀਉ = ਜੀ ਮਿਲੇ ਭਾਵ ਸਾਖਿਆਤਕਾਰ ਹੋਏ ਹਨ॥੨੩॥

### ਦੂਸਰਾ ਅਰਥ

**ਪਉੜੀ॥**

**ਖਸਮੈ ਕੈ ਦਰਬਾਰਿ; ਢਾਢੀ ਵਸਿਆ॥ ਸਚਾ ਖਸਮੁ ਕਲਾਣਿ; ਕਮਲੁ ਵਿਗਸਿਆ॥**

ਜਦੋਂ ਖਸਮੈ = ਮਾਲਕ ਸਤਿਗੁਰੂ ਜੀ ਦੇ ਸਤਿਸੰਗਤ ਰੂਪੀ ਦਰਬਾਰ ਵਿਚ ਜਗਿਆਸੂ ਢਾਢੀ = ਕੀਰਤਨੀਆ ਹੋ ਕੇ ਵੱਸਦਾ ਹੈ।

ਤਾਂ ਉਥੇ ਸੱਚੇ ਖਸਮੁ = ਮਾਲਕ ਵਾਹਿਗੁਰੂ ਪਰਮੇਸ਼ਰ ਦਾ ਕਲਾਣਿ = ਜਸ ਕਰਕੇ ਉਸਦਾ ਹਿਰਦਾ ਕਮਲ ਸ਼ੁਭ ਗੁਣਾਂ ਕਰਕੇ ਵਿਗਸਿਆ = ਖਿੜ ਜਾਂਦਾ ਹੈ। ਅਤੇ

**ਖਸਮਹੁ ਪੂਰਾ ਪਾਇ; ਮਨਹੁ ਰਹਸਿਆ॥ ਦੁਸਮਨ ਕਢੇ ਮਾਰਿ; ਸਜਣ ਸਰਸਿਆ॥**

ਖਸਮਹੁ = ਮਾਲਕ ਗੁਰੂ ਪਰਮੇਸ਼ਰ ਪਾਸੋਂ ਪੂਰਾ = ਪੂਰਨ ਆਤਮਾ (ਬ੍ਰਹਮ) ਗਿਆਨ ਪਾਇ = ਪਾ ਕੇ, ਮਨਹੁ = ਮਨ ਵਿਚ ਰਹਸਿਆ = ਪ੍ਰਸੰਨ ਹੁੰਦਾ ਹੈ।

ਸੱਚੇ ਸਤਿਗੁਰੂ ਜੀ ਨੇ ਉਸ ਜਗਿਆਸੂ ਦੇ ਕਾਮ, ਕ੍ਰੋਧ ਆਦਿਕ ਦੁਸ਼ਮਣ ਹਿਰਦੇ ਵਿੱਚੋਂ ਕੱਢ ਕੇ ਮਾਰ ਦਿੱਤੇ ਹਨ ਅਤੇ ਜਗਿਆਸੂ ਬਿਬੇਕ, ਬੈਰਾਗ ਰੂਪੀ ਸਜਣ = ਮਿੱਤਰ ਨੂੰ ਪ੍ਰਾਪਤ ਕਰਕੇ ਸਰਸਿਆ = ਸਹਿਤ ਰਸ ਦੇ ਹੋ ਜਾਂਦਾ ਹੈ।

**ਸਚਾ ਸਤਿਗੁਰੁ ਸੇਵਨਿ; ਸਚਾ ਮਾਰਗੁ ਦਸਿਆ॥ ਸਚਾ ਸਬਦੁ ਬੀਚਾਰਿ; ਕਾਲੁ ਵਿਧਉਸਿਆ॥**

ਜਿਹੜੇ ਭੀ ਸੱਚੇ ਸਤਿਗੁਰੂ ਸਾਹਿਬ ਜੀ ਦੀ ਸੇਵਨਿ = ਸੇਵਾ ਟਹਿਲ ਕਰਦੇ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਨੇ ਗਿਆਨ, ਭਗਤੀ ਦਾ ਸੱਚਾ ਮਾਰਗੁ = ਰਸਤਾ ਦਸਿਆ = ਦਰਸਾਇਆ ਹੈ।

ਜਿਨ੍ਹਾਂ ਨੇ ਗੁਰਾਂ ਦੇ ਸੱਚੇ ਸਬਦੁ = ਉਪਦੇਸ਼, ਬ੍ਰਹਮ ਦੀ ਵੀਚਾਰ ਕੀਤੀ ਹੈ, ਪਰਮੇਸ਼ਰ ਨੇ ਉਨ੍ਹਾਂ ਦਾ ਜੰਮਣ ਮਰਣ ਰੂਪੀ ਕਾਲ ਵਿਸ਼ੇਸ਼ ਕਰਕੇ ਵਿਧਉਸਿਆ = ਨਾਸ ਕਰ ਦਿੱਤਾ ਹੈ।

**ਢਾਢੀ ਕਥੇ ਅਕਥੁ; ਸਬਦਿ ਸਵਾਰਿਆ ॥**
**ਨਾਨਕ ਗੁਣ ਗਹਿ ਰਾਸਿ; ਹਰਿ ਜੀਉ ਮਿਲੇ ਪਿਆਰਿਆ ॥੨੩॥**

ਜਿਨ੍ਹਾਂ ਨੇ ਢਾਢੀ = ਕੀਰਤਨੀਆਂ ਬਣ ਕੇ ਅਕਥੁ = ਕਥਨ ਤੋਂ ਰਹਿਤ ਪਰਮੇਸ਼ਰ ਦਾ ਜਸ ਕਥੇ = ਕਥਿਆ ਭਾਵ ਕੀਤਾ ਹੈ, ਉਨ੍ਹਾਂ ਨੇ ਗੁਰੂ ਜੀ ਦੇ ਸਬਦਿ = ਉਪਦੇਸ਼ ਦੁਆਰਾ ਆਪਣਾ ਜੀਵਨ ਸਵਾਰਿਆ = ਸਵਾਰ ਲਿਆ ਹੈ।

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਸਤ ਸੰਤੋਖ ਆਦਿ ਸ਼ੁਭ ਗੁਣਾਂ ਦੀ ਰਾਸਿ = ਪੂੰਜੀ ਗਹਿ = ਗ੍ਰਹਿਣ ਕੀਤੀ ਹੈ, ਉਨ੍ਹਾਂ ਪਿਆਰਿਆਂ ਨੂੰ ਹਰਿ = ਪਰਮੇਸ਼ਰ ਜੀਉ = ਜੀ ਮਿਲੇ ਹਨ **ਵਾ:** ਉਨ੍ਹਾਂ ਦਾ ਸੱਚੇ ਪਰਮੇਸ਼ਰ ਨਾਲ ਮਿਲਾਪ ਹੋ ਗਿਆ ਹੈ।

## ਸਲੋਕੁ ਮ: ੧ ॥

## ਖਤਿਅਹੁ ਜੰਮੇ, ਖਤੇ ਕਰ; ਨਿਤ ਖਤਿਆ ਵਿਚਿ ਪਾਹਿ ॥

(**ਖਤਿਆ** ਪੋਲਾ ਬੋਲੋ)

ਇਹ ਜੀਵ ਪਿਛਲੇ ਜਨਮਾਂ ਦੇ ਖਤਿਅਹੁ = ਗੁਨਾਹਾਂ ਕਰਕੇ ਜੰਮੇ = ਜੰਮਦੇ ਹਨ, ਇਥੇ ਸੰਸਾਰ ਵਿਚ ਜਨਮ ਧਾਰ ਕੇ ਫੇਰ ਵੀ ਖਤੇ = ਗੁਨਾਹਾਂ ਨੂੰ ਕਰ = ਕਰਦੇ ਹਨ, ਜਿਸ ਕਰਕੇ ਨਿਤਾਪ੍ਰਤੀ ਖਤਿਆ = ਗੁਨਾਹਾਂ ਕਰਕੇ ਨਰਕਾਂ **ਵਾ:** ਜੰਮਣ ਮਰਣ ਰੂਪੀ ਖਾਤੇ ਵਿਚ ਪਾਹਿ = ਪਾਏ ਜਾਂਦੇ ਹਨ **ਵਾ:** ਮਾਤਾ ਦੇ ਗਰਭ ਰੂਪੀ ਖਾਤੇ ਵਿਚ ਪਾਏ ਜਾਂਦੇ ਹਨ।

## ਧੋਤੇ ਮੂਲਿ ਨ ਉਤਰਹਿ; ਜੇ ਸਉ ਧੋਵਣ ਪਾਹਿ ॥

ਇਹ ਸਾਰੇ ਗੁਨਾਹ ਗੁਰ ਉਪਦੇਸ਼ ਤੋਂ ਬਗ਼ੈਰ ਤੀਰਥਾਂ ਉਤੇ ਇਸ਼ਨਾਨ ਕਰਨ ਰੂਪ ਧੋਤੇ = ਧੋਣ ਨਾਲ ਮੂਲਿ = ਉੱਕਾ ਹੀ ਨ = ਨਹੀਂ ਉਤਰਹਿ = ਉਤਰਦੇ ਜੇ = ਜੇਕਰ ਸਉ = ਸੈਂਕੜੇ ਵਾਰੀ ਤੀਰਥਾਂ ਉਤੇ ਇਸ਼ਨਾਨ ਕਰਨ ਰੂਪ ਧੋਣਾ ਪਾਹਿ = ਪਾ ਲਵੇ **ਵਾ:** ਭਾਵੇਂ ਸਾਧਨ ਕਰਨ ਰੂਪ ਸੌ ਧੋ ਪਾ ਲਵੇ **ਅਥਵਾ** ਇਹ ਗੁਨਾਹ ਆਪਣੇ ਯਤਨਾਂ ਨਾਲ ਧੋਤੇ = ਧੋਤਿਆਂ ਮੂਲਿ = ਕਦਾਚਿਤ ਵੀ ਨਹੀਂ ਉਤਰਦੇ ਜੇ = ਅਗਰ ਸੈਂਕੜੇ ਧੋ ਵੀ ਪਾ ਲਈਏ।

## ਨਾਨਕ ਬਖਸੇ ਬਖਸੀਅਹਿ; ਨਾਹਿ ਤ ਪਾਹੀ ਪਾਹਿ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੇ ਇਨ੍ਹਾਂ ਗੁਨਾਹਾਂ ਨੂੰ ਵਾਹਿਗੁਰੂ ਬਖਸੇ = ਬਖ਼ਸ਼ ਦੇਵੇ ਤਾਂ ਬਖਸੀਅਹਿ = ਬਖ਼ਸ਼ੇ ਜਾਂਦੇ ਹਨ, ਨਹੀਂ ਤਾਂ ਜਮਦੂਤਾਂ ਦੀਆਂ ਪਾਹੀ = ਜੁੱਤੀਆਂ ਪਾਹਿ = ਪੈਂਦੀਆਂ ਹਨ।

**ਅਥਵਾ** ਸਾਰੇ ਗੁਨਾਹਾਂ ਨੂੰ ਬਖ਼ਸ਼ਣ ਵਾਸਤੇ ਅਕਾਲ ਪੁਰਖ ਨੇ ਗੁਰੂ ਸਰੂਪ ਧਾਰਨ ਕੀਤਾ ਹੈ। ਜੇਕਰ ਸਿੱਖ ਨੂੰ ਗੁਰੂ ਬਖ਼ਸ਼ ਦੇਵੇ ਤਾਂ ਦਰਗਾਹ ਵਿਚ ਵੀ ਬਖ਼ਸ਼ਿਆ ਜਾਂਦਾ ਹੈ, ਨਹੀਂ ਤਾਂ ਜਮਾਂ ਦੀਆਂ ਚੋਟਾਂ ਪੈਂਦੀਆਂ ਹਨ। ਸਿੱਖ ਦੇ ਕੋਲ ਗੁਰੂ ਪਰਮੇਸ਼ਰ ਤੋਂ ਗੁਨਾਹ ਬਖ਼ਸ਼ਾਉਣ ਦਾ ਇੱਕੋ ਹੀ ਤਰੀਕਾ ਹੈ ਕਿ ਇਹੋ ਜਿਹੀਆਂ ਬੇਨਤੀਆਂ ਕਰਦਾ ਰਹੇ ॥੧॥ ਜੈਸਾ ਕਿ :

**ਅਸੀ ਖਤੇ ਬਹੁਤੁ ਕਮਾਵਦੇ ਅੰਤੁ ਨ ਪਾਰਾਵਾਰੁ ॥**
**ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ ॥** *(ਅੰਗ ੧੪੧੬)*

## ਮ: ੧ ॥ ਨਾਨਕ ਬੋਲਣੁ ਝਖਣਾ; ਦੁਖ ਛਡਿ ਮੰਗੀਅਹਿ ਸੁਖ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜੋ ਦੁੱਖਾਂ ਨੂੰ ਛੱਡ ਕੇ ਸੁੱਖ ਮੰਗੀਅਹਿ = ਮੰਗਦੇ ਹਨ ਇਹ ਝਖਣਾ = ਫਜ਼ੂਲ, ਬੇਅਰਥ ਹੀ ਬੋਲਣਾ ਹੈ। ਕਿਉਂਕਿ :

## ਸੁਖੁ ਦੁਖੁ ਦੁਇ, ਦਰਿ ਕਪੜੇ; ਪਹਿਰਹਿ ਜਾਇ ਮਨੁਖ ॥

ਪਾਪਾਂ ਕਰਕੇ ਦੁੱਖ ਤੇ ਪੁੰਨਾਂ ਕਰਕੇ ਸੁੱਖ ਇਹ ਦੋਨੋਂ ਪਰਮੇਸ਼ਰ ਦੀ ਦਰਿ = ਦਰਗਾਹ ਤੋਂ ਕਪੜੇ = ਬਸਤਰ ਮਿਲੇ ਹੋਏ ਹਨ, ਜਿਸ ਨੂੰ ਮਨੁੱਖ ਜਾਇ = ਪੈਦਾ ਹੋ ਕੇ ਪਹਿਰਹਿ = ਪਹਿਨਦੇ ਹਨ।

## ਜਿਥੈ ਬੋਲਣਿ ਹਾਰੀਐ; ਤਿਥੈ ਚੰਗੀ ਚੁਪ ॥੨॥

ਜਿਥੇ ਬੋਲਣਿ = ਬਚਨ ਕਰਦਿਆਂ ਹਾਰੀਐ = ਹਾਰ ਹੋਵੇ, ਉਥੇ ਤਾਂ ਬੋਲਣ ਨਾਲੋਂ ਚੁੱਪ ਚੰਗੀ ਹੈ, ਭਾਵ ਉਥੇ ਚੁੱਪ ਹੀ ਹੋਣਾ ਚੰਗਾ ਹੈ। ਜਿਹੜਾ ਜੀਵ ਨੇ ਇਹ ਬੋਲਣਾ ਹੈ ਕਿ ਸਾਨੂੰ ਦੁੱਖ ਨਾ ਮਿਲੇ, ਸੁੱਖ ਪ੍ਰਾਪਤ ਹੋਵੇ, ਇਹ ਬੋਲਣ ਨਾਲ ਇਸ ਦੀ ਹਾਰ ਹੀ ਹੁੰਦੀ ਹੈ। ਇਸ ਕਰਕੇ ਇਹ ਗੱਲ ਚੰਗੀ ਹੈ ਕਿ ਚੁੱਪ ਕਰਕੇ ਭਾਣਾ ਮੰਨ ਕੇ ਕਰਮਾਂ ਅਨੁਸਾਰ ਦੁੱਖ ਸੁੱਖ ਦਾ ਫਲ ਭੋਗਣਾ ਕਰੇ॥੨॥

## ਪਉੜੀ ॥ ਚਾਰੇ ਕੁੰਡਾ ਦੇਖਿ; ਅੰਦਰੁ ਭਾਲਿਆ ॥

ਚਾਰੇ ਕੁੰਡਾ = ਦਿਸ਼ਾਵਾਂ ਤਰਫ਼ ਦੇਖਿ = ਵੇਖਿਆ, ਪਰ ਜਦੋਂ ਗੁਰਾਂ ਦੁਆਰਾ ਅੰਤਹਕਰਣ ਦੇ ਅੰਦਰੋਂ ਭਾਲਿਆ = ਖੋਜਿਆ ਤਾਂ

## ਸਚੈ ਪੁਰਖਿ ਅਲਖਿ; ਸਿਰਜਿ ਨਿਹਾਲਿਆ ॥

ਸਚੈ = ਸੱਚੇ ਪੁਰਖਿ = ਪੂਰਨ ਅਲਖਿ = ਲੱਖਣ ਤੋਂ ਰਹਿਤ ਅਤੇ ਸੰਸਾਰ ਨੂੰ ਸਿਰਜਿ = ਰਚਣ ਵਾਲੇ ਪਰਮੇਸ਼ਰ ਤਾਈਂ ਅੰਦਰੋਂ ਹੀ ਨਿਹਾਲਿਆ = ਵੇਖ ਲਿਆ।

## ਉਝੜਿ ਭੁਲੇ ਰਾਹ; ਗੁਰਿ ਵੇਖਾਲਿਆ ॥

ਸੰਸਾਰ ਰੂਪੀ ਉਝੜਿ = ਉਜਾੜ ਵਿਚ ਪੈ ਕੇ ਗਿਆਨ ਦੇ ਰਾਹ = ਰਸਤੇ ਤੋਂ ਭੁੱਲੇ ਹੋਏ ਜੀਵਾਂ ਨੂੰ ਗੁਰਾਂ ਨੇ ਕਿਰਪਾ ਕਰਕੇ ਗਿਆਨ ਰੂਪੀ ਰਸਤਾ ਵੇਖਾਲਿਆ = ਵਿਖਾਉਣਾ ਕੀਤਾ ਹੈ।

## ਸਤਿਗੁਰ ਸਚੇ ਵਾਹੁ; ਸਚੁ ਸਮਾਲਿਆ ॥

ਸੱਚੇ ਸਤਿਗੁਰਾਂ ਦਾ ਵਾਹੁ = ਧੰਨਵਾਦ ਹੈ **ਵਾ:** ਸੱਚੇ ਸਤਿਗੁਰੂ ਜੀ ਵਾਹੁ = ਅਸਚਰਜ ਰੂਪ ਹਨ ਜਿਨ੍ਹਾਂ ਨਾਲ ਮਿਲ ਕੇ ਸਚੁ = ਸੱਚੇ ਪਰਮੇਸ਼ਰ ਦੇ ਨਾਮ ਨੂੰ ਸਮਾਲਿਆ = ਸਮਾਲਣਾ, ਯਾਦ ਕੀਤਾ ਹੈ।

## ਪਾਇਆ ਰਤਨੁ ਘਰਾਹੁ; ਦੀਵਾ ਬਾਲਿਆ ॥

ਜਿਨ੍ਹਾਂ ਨੇ ਸਤਿਸੰਗਤ ਰੂਪੀ ਘਰਾਹੁ = ਘਰ ਵਿੱਚੋਂ ਵੈਰਾਗ ਰੂਪੀ ਰਤਨ ਪਾਇਆ = ਪਾਉਣਾ ਕੀਤਾ ਹੈ, ਉਨ੍ਹਾਂ ਨੇ ਹੀ ਪ੍ਰੇਮ ਰੂਪੀ **ਵਾ:** ਵੇਦਾਂ ਸ਼ਾਸਤਰਾਂ ਦਾ ਸਿਧਾਂਤ ਰੂਪੀ ਘਿਓ ਅੰਤਸ਼ਕਰਣ ਰੂਪੀ ਠੂਠੀ ਵਿਚ ਭੈ ਰੂਪੀ ਬੱਤੀ ਪਾ ਕੇ ਦੇਹ ਰੂਪੀ ਮੰਦਰ (ਮਕਾਨ) ਵਿਚ ਗਿਆਨ ਰੂਪੀ ਦੀਵਾ = ਦੀਪਕ ਬਾਲਿਆ = ਜਲਾਉਣਾ ਕੀਤਾ ਹੈ।

## ਸਚੈ ਸਬਦਿ ਸਲਾਹਿ; ਸੁਖੀਏ ਸਚਵਾਲਿਆ ॥

ਜਿਨ੍ਹਾਂ ਨੇ ਗੁਰਾਂ ਦੇ ਸਬਦਿ = ਉਪਦੇਸ਼ ਦੁਆਰਾ ਸਚੈ = ਸੱਚੇ ਪਰਮੇਸ਼ਰ ਨੂੰ ਸਲਾਹਿ = ਸਲਾਹੁਣਾ ਕੀਤਾ ਹੈ ਉਹ ਸਚਵਾਲਿਆ = ਸੱਚ ਦੀ ਪ੍ਰਾਪਤੀ ਵਾਲੇ ਸੁਖੀਏ = ਸੁੱਖੀ ਹਨ।

## ਨਿਡਰਿਆ ਡਰੁ ਲਗਿ; ਗਰਬਿ ਸਿ ਗਾਲਿਆ ॥

(**ਨਿੱਡਰਿਆ** ਬੋਲੋ)

ਜੋ ਹਰੀ ਪਰਮੇਸ਼ਰ ਦੇ ਨਿਡਰਿਆ = ਭੈ ਤੋਂ ਰਹਿਤ ਹੋ ਕੇ ਫਿਰਦੇ ਹਨ, ਉਨ੍ਹਾਂ ਨੂੰ ਸੱਤ ਪ੍ਰਕਾਰ ਦਾ ਡਰੁ = ਭੈ ਲਗਿ = ਲੱਗਦਾ ਹੈ, ਸਿ = ਉਹ ਗਰਬਿ = ਹੰਕਾਰ ਵਿਚ ਆਪਣੇ ਆਪ ਨੂੰ ਗਾਲਿਆ = ਗਾਲ ਲੈਂਦੇ ਹਨ।

## ਨਾਵਹੁ ਭੁਲਾ ਜਗੁ; ਫਿਰੈ ਬੇਤਾਲਿਆ ॥੨੪॥

ਇਹ ਜਗੁ = ਸੰਸਾਰ ਜਾਂ ਜਗੁ = ਜੀਵ ਪਰਮੇਸ਼ਰ ਦੇ ਨਾਵਹੁ = ਨਾਮ ਤੋਂ ਭੁਲਾ = ਭੁੱਲਿਆ ਹੋਇਆ ਬੇਤਾਲਿਆ = ਭੂਤਨਿਆਂ ਦੀ ਨਿਆਈਂ ਫਿਰੈ = ਫਿਰਦਾ ਹੈ **ਵਾ:** ਸਰੂਪ ਰੂਪੀ ਤਾਲ ਤੋਂ ਬੇ = ਰਹਿਤ ਹੋਇਆ ਫਿਰਦਾ ਹੈ ਭਾਵ ਸਰੂਪ ਰੂਪੀ ਤਾਲ ਤੋਂ ਖੁੰਝਿਆ ਹੋਇਆ ਹੈ ॥੨੪॥

## ਸਲੋਕੁ ਮ: ੩ ॥

ਸਿੱਖਾਂ ਨੇ ਗੁਰੂ ਅਮਰਦਾਸ ਪਾਤਸ਼ਾਹ ਜੀ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬੇਨਤੀ ਕੀਤੀ ਕਿ ਸਤਿਗੁਰੂ ਜੀ! ਸੰਸਾਰ ਵਿਚ ਆਉਣਾ ਕਿਨ੍ਹਾਂ ਦਾ ਸਫਲ ਹੈ? ਤਾਂ ਸਤਿਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ:

## ਭੈ ਵਿਚਿ ਜੰਮੈ, ਭੈ ਮਰੈ; ਭੀ, ਭਉ ਮਨ ਮਹਿ ਹੋਇ ॥

ਜੀਵ ਹਰੀ ਪਰਮੇਸ਼ਰ ਦੇ ਭੈ ਵਿਚ ਹੀ ਜੰਮੈ = ਜਨਮ ਲੈਂਦਾ ਹੈ, ਭੈ ਵਿਚ ਹੀ ਮਰੈ = ਮਰਦਾ ਹੈ। ਜੋ ਜੰਮਣ ਮਰਣ ਦੇ ਵਿਚਕਾਰਲਾ ਸਮਾਂ ਹੈ, ਜੇ ਉਸ ਸਮੇਂ ਮਨ ਵਿਚ ਵਾਹਿਗੁਰੂ ਦਾ ਡਰ ਹੋਇ = ਹੋਵੇ।

## ਨਾਨਕ ਭੈ ਵਿਚਿ, ਜੇ ਮਰੈ; ਸਹਿਲਾ ਆਇਆ ਸੋਇ ॥੧॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਇਸ ਪ੍ਰਕਾਰ ਜੇ = ਜੇਕਰ ਵਾਹਿਗੁਰੂ ਦੇ ਭੈ ਵਿਚ ਜੀਵਤ ਭਾਵ ਤੋਂ ਮਰ ਜਾਵੇ, ਫਿਰ ਸੋਇ = ਉਸ ਦਾ ਸੰਸਾਰ ਵਿਚ ਆਇਆ ਹੋਇਆ ਸਹਿਲਾ = ਸਫਲਾ ਹੈ ॥੧॥

## ਮ: ੩ ॥

## ਭੈ ਵਿਣੁ ਜੀਵੈ ਬਹੁਤੁ ਬਹੁਤੁ; ਖੁਸੀਆ ਖੁਸੀ ਕਮਾਇ ॥

ਪਰਮੇਸ਼ਰ ਦੇ ਭੈ = ਡਰ ਤੋਂ ਵਿਣੁ = ਬਗ਼ੈਰ ਜੇਕਰ ਜੀਵ ਬਹੁਤ ਪਦਾਰਥ ਤੇ ਬਹੁਤ ਜਸ ਸਹਿਤ ਲੰਬੇਰੀ ਉਮਰ ਤੱਕ ਜੀਵੈ = ਜੀਵਤ ਰਹੇ ਅਤੇ ਖੁਸ਼ੀਆਂ ਹੀ ਖੁਸ਼ੀਆਂ ਕਮਾਇ = ਕਮਾਉਣਾ ਕਰੇ।

## ਨਾਨਕ, ਭੈ ਵਿਣੁ ਜੇ ਮਰੈ; ਮੁਹਿ ਕਾਲੈ ਉਠਿ ਜਾਇ ॥੨॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਜੇਕਰ ਪਰਮੇਸ਼ਰ ਦੇ ਭੈ ਤੋਂ ਵਿਣੁ = ਬਗ਼ੈਰ ਜੀਵ ਮਰੈ = ਮਰ ਜਾਵੇ ਤਾਂ ਉਹ ਸੰਸਾਰ ਤੋਂ ਉੱਠ ਕੇ ਕਾਲੈ = ਕਾਲ ਦੇ ਮੁਹਿ = ਮੂੰਹ ਵਿਚ ਚਲਾ ਜਾਇ = ਜਾਵੇਗਾ **ਵਾ:** ਗੁਨਾਹਾਂ ਕਰਕੇ ਕਾਲਾ ਮੂੰਹ ਕਰਵਾ ਕੇ ਸੰਸਾਰ ਤੋਂ ਉੱਠ ਕੇ ਚਲਾ ਜਾਇ = ਜਾਵੇਗਾ ॥੨॥

## ਪਉੜੀ ॥

ਇਸ ਪਉੜੀ ਵਿਚ ਸਤਿਗੁਰੂ ਨਾਨਕ ਦੇਵ ਜੀ ਸੱਤ ਭੂਮਿਕਾਵਾਂ ਦਾ ਕਥਨ ਕਰਦੇ ਹਨ:

## ਸਤਿਗੁਰੁ ਹੋਇ ਦਇਆਲੁ; ਤ ਸਰਧਾ ਪੂਰੀਐ ॥

ਜੇਕਰ ਸਤਿਗੁਰੂ ਜੀ ਦਇਆਲ ਹੋ ਜਾਣ ਤਾਂ ਸਰਧਾ ਪੂਰੀਐ = ਪ੍ਰਾਪਤ ਹੁੰਦੀ ਹੈ। ਜੈਸਾ ਕਿ:

**ਸਰਧਾਵਾਨੰ ਲਭਤੇ ਗਿਆਨੰ ॥** *(ਸੁਰਤੀ ਪ੍ਰਮਾਣ)*

ਸਰਧਾ = ਵਿਸ਼ਵਾਸ, ਜਿਹੜੀ ਸਤਿਗੁਰੂ ਵਿਚ ਵਿਸ਼ਵਾਸ ਹੋਣ ਦੀ ਸ਼ੁਭ ਇੱਛਾ ਪੈਦਾ ਹੋਣੀ ਹੈ, ਇਹ ਪਹਿਲੀ ਭੂਮਿਕਾ ਦਾ ਕਥਨ ਹੈ ਕਿ ਜੇਕਰ ਸਤਿਗੁਰੂ ਜੀ ਦਇਆਲ ਹੋਣ ਤਾਂ ਸਿੱਖ ਦੀ ਹਰਿ ਜੱਸ ਕਰਨ ਦੀ, ਪਰਉਪਕਾਰ ਕਰਨ ਦੀ, ਸਤਿਸੰਗਤ ਕਰਨ ਦੀ ਆਦਿ ਸ਼ਰਧਾ ਪੂਰੀ ਹੋ ਜਾਂਦੀ ਹੈ। ਇਸ ਪਹਿਲੀ ਭੂਮਿਕਾ ਵਿਚ ਵੈਰਾਗ ਪੈਦਾ ਹੋ ਜਾਂਦਾ ਹੈ।

## ਸਤਿਗੁਰੁ ਹੋਇ ਦਇਆਲੁ; ਨ ਕਬਹੂੰ ਝੂਰੀਐ ॥

ਜੇਕਰ ਸਤਿਗੁਰੂ ਜੀ ਦਇਆਲ ਹੋ ਜਾਣ ਤਾਂ ਕਬਹੂੰ = ਕਦੇ ਵੀ ਜੀਵ ਨੂੰ ਝੂਰੀਐ = ਝੋਰਾ ਨਹੀਂ ਹੁੰਦਾ। ਸਤਿਗੁਰੂ ਜੀ ਦੇ ਉਪਦੇਸ਼ ਦੀ ਵੀਚਾਰ ਪੈਦਾ ਹੋ ਜਾਣੀ, ਵਿਸ਼ਿਸ਼ਟ ਪੁਰਾਣ ਵਿਚ ਸੁਵਿਚਾਰਨਾ ਮੰਨਣ ਰੂਪੀ ਦੂਜੀ ਭੂਮਿਕਾ ਮੰਨੀ ਹੈ। ਇਸ ਵਿਚ ਇਹ ਵੀਚਾਰ ਪੈਦਾ ਹੋ ਜਾਂਦੀ ਹੈ ਕਿ ਮੈਂ ਕੀ ਹਾਂ ਤੇ ਸੰਸਾਰ ਕੀ ਹੈ, ਭਾਵ ਸਰੂਪ ਦੀ ਲੱਖਤਾ ਦਾ ਮੰਨਣ ਹੋ ਜਾਂਦਾ ਹੈ। ਜੈਸਾ ਕਿ:

**ਮੰਨੇ ਕੀ ਗਤਿ ਕਹੀ ਨ ਜਾਇ ॥** *(ਜਪੁ ਜੀ ਸਾਹਿਬ, ਅੰਗ ੩)*

## ਸਤਿਗੁਰੁ ਹੋਇ ਦਇਆਲੁ; ਤਾ ਦੁਖੁ ਨ ਜਾਣੀਐ ॥

ਜੇ ਸਤਿਗੁਰੂ ਜੀ ਦਇਆਲ ਹੋ ਜਾਣ ਤਾਂ ਕਿਸੇ ਪਰਕਾਰ ਦੇ ਦੁੱਖਾਂ ਨੂੰ ਨਹੀਂ ਜਾਣੀਐ = ਜਾਣੀਦਾ ਦੁੱਖਾਂ ਨੂੰ ਜਾਨਣ ਵਾਲੀ ਵਿਪਰਜੈ ਬੁੱਧੀ ਨਾਸ਼ ਹੋ ਜਾਂਦੀ ਹੈ। ਸੁਜਾਤੀ ਬਿਰਤੀ ਦਾ ਪ੍ਰਵਾਹ ਪੈ ਜਾਂਦਾ ਹੈ। ਵਿਜਾਤੀ ਬਿਰਤੀ ਦਾ ਤਿਆਗ ਹੋ ਜਾਂਦਾ ਹੈ। (ਸੁਜਾਤੀ ਬਿਰਤੀ = ਸ਼ੁਭ ਸੰਕਲਪ ਤੇ ਵਿਜਾਤੀ ਬਿਰਤੀ = ਮੰਦੇ ਸੰਕਲਪ)। ਫਿਰ ਸੁੱਖ ਪ੍ਰਤੀਤ ਹੁੰਦਾ ਹੈ। ਜਿਵੇਂ ਕਬੀਰ ਜੀ ਨੇ ਇਸ ਅਵਸਥਾ ਦਾ ਆਪਣੇ ਜੀਵਨ ਵਿਚ ਕਥਨ ਕੀਤਾ ਹੈ ਕਿ ਕੰਮ ਕਰਦੇ ਵੀ ਹਰੀ ਵਾਹਿਗੁਰੂ ਵਿਸਰਦਾ ਨਹੀਂ। ਜੈਸਾ ਕਿ:

**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥** *(ਸਲੋਕ ਕਬੀਰ ਜੀ, ਅੰਗ ੧੩੭੬)*

ਇਹ ਨਿਧਿਆਸਣ ਰੂਪੀ ਤੀਸਰੀ ਭੂਮਿਕਾ ਤਨੂ ਮਾਨਸਾ ਹੈ।

## ਸਤਿਗੁਰੁ ਹੋਇ ਦਇਆਲੁ; ਤਾ ਹਰਿ ਰੰਗੁ ਮਾਣੀਐ ॥

ਜੇਕਰ ਸਤਿਗੁਰੂ ਜੀ ਦਇਆਲੁ = ਦਿਆਲੂ ਹੋਇ = ਹੋ ਜਾਣ ਤਾਂ ਹਰਿ = ਹਰੀ ਪਰਮੇਸ਼ਰ ਦੇ ਰੰਗੁ = ਅਨੰਦ ਨੂੰ ਮਾਣੀਐ = ਮਾਣੀਦਾ ਹੈ, ਇਹ ਚੌਥੀ ਸਤ੍ਵਾਪਾਦ ਰੂਪੀ ਭੂਮਿਕਾ ਕਥਨ ਕੀਤੀ ਹੈ, ਜਿਸ ਵਿਚ ਵਾਸ਼ਨਾਵਾਂ ਸੂਖਮ ਹੋ ਕੇ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

## ਸਤਿਗੁਰੁ ਹੋਇ ਦਇਆਲੁ; ਤਾ ਜਮ ਕਾ ਡਰੁ ਕੇਹਾ ॥

ਜੇਕਰ ਸਤਿਗੁਰੂ ਜੀ ਦਇਆਲ ਹੋ ਜਾਣ ਤਾਂ ਜਮਾਂ ਦਾ ਡਰ ਕੇਹਾ = ਕਾਹਦਾ ਹੈ, ਭਾਵ ਜਮਾਂ ਦਾ

ਡਰ ਨਹੀਂ ਰਹਿੰਦਾ। ਸਤਿਗੁਰੂ ਜੀ ਦੀ ਦਇਆਲਤਾ ਦੀ ਇਹ ਬਰਕਤ ਹੈ। ਇਹ ਪੰਜਵੀਂ ਭੂਮਿਕਾ ਅਸੰਸਕਤ ਕਥਨ ਕੀਤੀ ਹੈ ਜਿਸ ਵਿਚ ਮੋਹ, ਹੰਕਾਰ ਤੇ ਭੈ ਆਦਿਕ ਨਾਸ਼ ਹੋ ਜਾਂਦੇ ਹਨ।

## ਸਤਿਗੁਰੁ ਹੋਇ ਦਇਆਲੁ; ਤਾ ਸਦ ਹੀ ਸੁਖੁ ਦੇਹਾ ॥

ਜੇਕਰ ਸਤਿਗੁਰੂ ਜੀ ਦਇਆਲ ਹੋ ਜਾਣ ਤਾਂ ਸਦ = ਸਦਾ ਹੀ ਸੁੱਖ ਦੇ ਦੇਹਾ = ਦਿੰਦੇ ਹਨ **ਵਾ:** ਸੁੱਖ ਸਰੂਪ ਦੀ ਪ੍ਰਾਪਤੀ ਵਾਲੀ ਅਖੰਡ ਚੇਤਨ ਦੇਹਾ = ਦੇਹ ਪ੍ਰਾਪਤ ਹੋ ਜਾਂਦੀ ਹੈ। ਇਸ ਵਿਚ ਪਦਾਰਥਾਂ ਦਾ ਅਭਾਵ ਹੋ ਜਾਂਦਾ ਹੈ। ਇਸ ਲਈ ਇਸ ਨੂੰ ਪਦਾਰਥ ਅਭਾਵਨੀ ਛੇਵੀਂ ਭੂਮਿਕਾ ਮੰਨਿਆ ਹੈ।

## ਸਤਿਗੁਰੁ ਹੋਇ ਦਇਆਲੁ; ਤਾ ਨਵ ਨਿਧਿ ਪਾਈਐ ॥

ਜੇਕਰ ਸਤਿਗੁਰੂ ਜੀ ਦਇਆਲ ਹੋ ਜਾਣ ਤਾਂ ਨਵ = ਨੌਂ ਨਿਧੀਆਂ ਪਾਈਐ = ਪ੍ਰਾਪਤ ਹੋ ਜਾਦੀਆਂ ਹਨ **ਵਾ:** ਨੌਂ ਗੋਲਕਾਂ ਦਾ ਨਿਧਿ = ਆਸਰਾ ਰੂਪ ਆਪਣਾ ਆਤਮਿਕ ਸਰੂਪ ਪਾਈਐ = ਪਾ ਲਈਦਾ ਹੈ। ਫਿਰ ਇਸ ਵਿਚ ਦੂਸਰਾਪਣ ਦਾ ਭਾਵ ਨਸ਼ਟ ਹੋ ਜਾਂਦਾ ਹੈ ਤੇ ਤੂੰ ਹੀ ਤੂੰ ਦਾ ਭਾਵ ਰਹਿ ਜਾਂਦਾ ਹੈ। ਮੇਰੇ ਵਿਚ ਤੂੰ, ਬਾਹਰ ਵੀ ਤੂੰ ਅਤੇ ਮੇਰਾ ਹੀ ਆਤਮਿਕ ਸਰੂਪ ਸਾਰੇ ਹੀ ਪ੍ਰਕਾਸ਼ ਰਿਹਾ ਹੈ। ਇਸ ਅਵਸਥਾ ਨੂੰ ਸੱਤਵੀਂ ਤੁਰੀਆ ਪਦ ਭੂਮਿਕਾ ਕਿਹਾ ਹੈ।

## ਸਤਿਗੁਰੁ ਹੋਇ ਦਇਆਲੁ; ਤ ਸਚਿ ਸਮਾਈਐ ॥੨੫॥

ਜੇਕਰ ਸਤਿਗੁਰੂ ਜੀ ਦਇਆਲੂ ਹੋ ਜਾਣ ਤਾਂ ਸੱਚ ਸਰੂਪ ਵਿਚ ਸਮਾਈਐ = ਇਸਥਿਤ ਹੋ ਜਾਈਦਾ ਹੈ। ਇਸ ਵਿਚ ਤੁਰੀਆ ਅਤੀਤ ਅਵਸਥਾ ਕਥਨ ਕੀਤੀ ਹੋਈ ਹੈ॥੨੫॥

## ਸਲੋਕੁ ਮ: ੧ ॥

**ਉਥਾਨਕਾ :** ਜਦੋਂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਸਰੇਵੜਿਆ ਦੇ ਮੁਨਾਫਿਕ ਦੇਸ਼ ਪਹੁੰਚੇ, ਉਥੇ ਵਰਖਾ ਨਾ ਪੈਣ ਕਰਕੇ ਕਾਲ ਪਿਆ ਹੋਇਆ ਸੀ। ਜਦੋਂ ਸਰੇਵੜਾ ਮੀਂਹ ਨਾ ਪਵਾ ਸਕਿਆ ਤਾਂ ਲੋਕ ਦੁਖੀ ਹੋ ਕੇ ਗੁਰੂ ਸਾਹਿਬ ਜੀ ਦੀ ਸ਼ਰਨ ਵਿਚ ਆਏ ਤਾਂ ਕੁਦਰਤ ਦਾ ਕ੍ਰਿਸ਼ਮਾ ਚੱਲਿਆ। ਉਸ ਕਲਰ ਵਿਚ ਹਰੀ ਭਰੀ ਖੇਤੀ ਦਿਖਾ ਕੇ ਸਭ ਨੂੰ ਨਿਰੰਕਾਰ ਦੇ ਸਿੱਖ ਬਣਾਇਆ। ਰਾਜੇ ਸਮੇਤ ਸਾਰੀ ਪਰਜਾ ਨੂੰ ਗੁਰਮਤ ਵਿਚ ਲਿਆਂਦਾ।[੧]

ਗੁਰੂ ਜੀ ਨਾਲ ਸਰੇਵੜਾ ਚਰਚਾ ਕਰਨ ਆਇਆ। ਗੁਰੂ ਜੀ ਦੇ ਅੱਗੇ ਚਰਚਾ ਵਿਚ ਹਾਰ ਗਿਆ। ਸ਼ਰਨਾਗਤ ਹੋ ਕੇ ਗੁਰਮਤ ਦਾ ਧਾਰਨੀ ਹੋਇਆ। ਗੁਰੂ ਜੀ ਨੇ ਉਸ ਨੂੰ ਧਰਮਸਾਲ ਦਾ ਮੁਖੀ ਥਾਪ ਕੇ ਉਪਦੇਸ਼ ਦੇ ਕੇ ਗੁਰਮਤ ਦਾ ਪ੍ਰਚਾਰਕ ਬਣਾਇਆ ਅਤੇ ਫਿਰ ਉਨ੍ਹਾਂ ਸਰੇਵੜਿਆਂ ਦੀਆਂ ਕੁਰੀਤੀਆਂ ਦਾ ਭਾਈ ਮਰਦਾਨੇ ਦੇ ਪੁੱਛਣ ਤੋਂ ਕਿ ਇਨ੍ਹਾਂ ਦੀ ਦਸ਼ਾ ਕੈਸੀ ਹੈ, ਵਰਣਨ ਇਸ ਸ਼ਬਦ ਵਿਚ ਕੀਤਾ :

## ਸਿਰੁ ਖੋਹਾਇ ਪੀਅਹਿ ਮਲ ਵਾਣੀ; ਜੂਠਾ ਮੰਗਿ ਮੰਗਿ ਖਾਹੀ ॥

ਹੇ ਭਾਈ! ਇਹ ਸਰੇਵੜੇ ਲੋਕ ਸਿਰ ਵਿਚ ਸੁਆਹ ਪਾ ਕੇ ਸਿਰ ਦੇ ਵਾਲਾਂ ਨੂੰ ਖੋਹਾਇ = ਖੋਂਹਦੇ ਭਾਵ ਪੁੱਟਦੇ ਹਨ, ਮਲ = ਮੈਲ ਵਾਲਾ ਵਾਣੀ = ਪਾਣੀ ਭਾਵ ਆਟੇ ਆਦਿ ਦਾ ਧੋਣ ਪੀਅਹਿ = ਪੀਂਦੇ ਹਨ ਅਤੇ ਜੂਠੇ ਟੁੱਕਰ ਮੰਗ ਮੰਗ ਕੇ ਖਾਹੀ = ਖਾਂਦੇ ਹਨ। ਅਰਥਾਤ ਜਿਸ ਵੇਲੇ ਸਰੇਵੜੇ ਆਪਣਾ ਸ਼ਰਧਾਲੂ ਬਣਾਉਂਦੇ

੧. ਇਸ ਦੀ ਸਾਰੀ ਉਥਾਨਕਾ ਇਸੇ ਪੋਥੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ੧੪੩ ਅੰਗ ਉੱਤੇ "ਮਛੀ ਤਾਰੂ ਕਿਆ ਕਰੇ" ਸ਼ਬਦ ਦੀ ਉਥਾਨਕਾ ਵਿਚ ਪੜ੍ਹੋ।

ਹਨ ਤਾਂ ਉਸ ਵੇਲੇ ਸਿਰ ਦੇ ਵਾਲ ਪੁੱਟਦੇ ਹਨ ਅਤੇ ਫਿਰ ਦੋ ਤਰ੍ਹਾਂ ਦੇ ਸ਼ਬਦ ਬੋਲਦੇ ਹਨ। ਹੱਥਾਂ ਵਿਚ ਸੁਆਹ ਦੀਆਂ ਚੁਟਕੀਆਂ ਭਰ ਕੇ ਉਨ੍ਹਾਂ ਦਾ ਗੁਰੂ ਬੋਲਦਾ ਹੈ ਕਿ 'ਹਾਏ' ਸ਼ਬਦ ਨਹੀਂ ਕਹਿਣਾ। ਜੇਕਰ ਕਿਹਾ ਤਾਂ ਚੇਲਾ ਨਹੀਂ ਬਣਾਉਣਾ। ਫਿਰ ਉਹ ਇਸ ਤਰ੍ਹਾਂ ਕਹਾਉਂਦੇ ਹਨ ਤਾਂ ਉਨ੍ਹਾਂ ਦਾ ਗੁਰੂ ਬੋਲਦਾ ਹੈ 'ਰਾਮ ਚਟਾਕਾ' ਤਾਂ ਉਹ ਕਹਿੰਦੇ ਹਨ ਕਿ ਹੁਣ ਤੂੰ ਕਹਿ 'ਅਬ ਸੁਖ ਜਾਤਾ ਜਾਂ ਅਬ ਦੁਖ ਫੇਰ ਸੁੱਖ ਭਾਵ ਹੁਣ ਵਾਲਾਂ ਨੂੰ ਪੁੱਟਣ ਦਾ ਦੁੱਖ ਹੈ। ਫਿਰ ਸਾਰੀ ਉਮਰ ਨਹਾਉਣ ਧੋਣ ਦਾ ਸੁੱਖ **ਵਾ:** ਜੂੰਆਂ ਤੋਂ ਸੁੱਖ। ਕਿਉਂਕਿ ਇਹ ਨਹਾਉਂਦੇ ਨਹੀਂ ਹਨ। ਇਸ ਪ੍ਰਕਾਰ ਸਿਰ ਦੇ ਵਾਲ ਵਾਹੁੰਦੇ ਨਹੀਂ ਹਨ। ਮੈਲ ਵਾਲਾ ਪਾਣੀ, ਆਟੇ ਦਾ ਧੋਣ ਭਾਵ ਪਰਾਤਾਂ ਧੋਣ ਦਾ ਪਾਣੀ, ਭਾਂਡਿਆਂ ਦਾ ਧੋਣ ਵਾਲਾ ਆਦਿ ਪਾਣੀ ਪੀਂਦੇ ਹਨ ਕਿ ਜੀਵ ਮਰਨ ਦਾ ਪਾਪ ਨਾ ਲੱਗੇ, ਬਚੇ ਹੋਏ ਭੋਜਨ ਨੂੰ ਮੰਗ ਮੰਗ ਕੇ ਖਾਂਦੇ ਹਨ। ਮੰਗਣ ਗਏ ਕਹਿੰਦੇ ਹਨ ਕਿ ਜਿਹੜਾ ਵਾਧੂ ਭੋਜਨ ਹੈ, ਉਹ ਸਾਨੂੰ ਖਾਣ ਲਈ ਦੇਵੋ ਕਿਉਂਕਿ ਉਹ ਕਹਿੰਦੇ ਹਨ ਕਿ ਜਿਹੜੇ ਪੀਹਣ ਅਤੇ ਭੋਜਨ ਪਕਾਉਣ ਵੇਲੇ ਜੀਵ ਮਰਦੇ ਹਨ, ਉਨ੍ਹਾਂ ਦਾ ਪਾਪ ਸਾਨੂੰ ਨਾ ਲੱਗੇ।

## ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ; ਪਾਣੀ ਦੇਖਿ ਸਗਾਹੀ ॥

ਸਰੇਵੜੇ ਆਪਣੀ ਫਦੀਹਤਿ = ਗੰਦਗ਼ੀ (ਵਿਸ਼ਟਾ) ਫੋਲਿ = ਫਰੋਲ ਕੇ ਉਸ ਦੀ ਭੜਾਸਾ = ਹਵਾੜ ਨੂੰ ਮੁਹਿ = ਮੂੰਹ ਵਿਚ ਲੈਨਿ = ਲੈਂਦੇ ਹਨ ਤੇ ਸੁੱਚਾ ਪਾਣੀ ਦੇਖ ਕੇ ਸਗਾਹੀ = ਸੰਗਦੇ ਹਨ। ਅਰਥਾਤ ਆਮ ਲੋਕ ਤਾਂ ਮਦਾਨ ਹੋਣ ਵੇਲੇ ਅੱਗੇ ਨੂੰ ਹੁੰਦੇ ਹਨ ਪਰੰਤੂ ਇਹ ਪਿੱਛੇ ਨੂੰ ਹੁੰਦੇ ਹਨ। ਵਿਸ਼ਟਾ ਅੱਗੇ ਰਹਿ ਜਾਂਦਾ ਹੈ। ਫਿਰ ਹੱਥ ਵਿਚ ਲੱਕੜੀ ਲੈ ਕੇ ਉਸ ਵਿਸ਼ਟਾ ਨੂੰ ਫਰੋਲਦੇ ਹਨ। ਫਿਰ ਉਸ ਦੇ ਵਿੱਚੋਂ ਗੰਦੀ ਹਵਾੜ ਲੈਂਦੇ ਹਨ ਭਾਵ ਗੰਦੀ ਭੜਾਸ ਮੂੰਹ ਵਿਚ ਪੈਂਦੀ ਹੈ। ਸਾਫ਼ ਪਾਣੀ ਨੂੰ ਵੇਖ ਕੇ ਸੰਗਦੇ ਹਨ ਕਿਉਂਕਿ ਪਾਣੀ ਵਿਚ ਜੀਵ ਹੁੰਦੇ ਹਨ। ਜੇਕਰ ਹੱਥ ਲਾਈਏ ਤਾਂ ਕਿਤੇ ਜਿਹੜੇ ਪਾਣੀ ਵਿਚ ਜੀਵ ਹੁੰਦੇ ਹਨ, ਉਹ ਮਰ ਨਾ ਜਾਣ।

## ਭੇਡਾ ਵਾਗੀ ਸਿਰੁ ਖੋਹਾਇਨਿ; ਭਰੀਅਨਿ ਹਥ ਸੁਆਹੀ ॥

(**ਵਾਂਗੀ** ਬੋਲੋ)

ਫੇਰ ਜਦੋਂ ਸਰੇਵੜੇ ਲੋਕ ਕਿਸੇ ਨੂੰ ਆਪਣਾ ਚੇਲਾ ਬਣਾਉਂਦੇ ਹਨ ਤਾਂ ਹੱਥਾਂ ਦੇ ਵਿਚ ਸੁਆਹੀ = ਸੁਆਹ ਭਰੀਅਨਿ = ਭਰ ਲੈਂਦੇ ਹਨ ਅਤੇ ਭੇਡਾਂ ਦੀ ਉਨ ਲਾਉਣ ਦੀ ਵਾਗੀ = ਤਰ੍ਹਾਂ ਚੇਲੇ ਦੇ ਸਿਰ ਉੱਪਰੋਂ ਵਾਲ ਖੋਹਾਇਨਿ = ਪੁੱਟਦੇ ਹਨ। ਅਰਥਾਤ ਸੁਆਹ ਦੀਆਂ ਚੁਟਕੀਆਂ ਭਰ ਕੇ ਕੇਸ ਪੁੱਟਦੇ ਹਨ ਕਿਉਂਕਿ ਸਿਰ ਵਿੱਚੋਂ ਖ਼ੂਨ ਲੱਗਣ ਦੇ ਨਾਲ ਹੱਥ ਚੀਕਣੇ ਹੋ ਜਾਂਦੇ ਹਨ, ਭਾਵ ਹੱਥ ਨਾ ਤਿਲਕਣ, ਇਸ ਲਈ ਸੁਆਹ ਨਾਲ ਹੀ ਭਰੀਅਨਿ = ਭਰ ਕੇ ਰੱਖਦੇ ਹਨ। ਇਹ ਲੋਕ ਹਜਾਮਤ ਨਹੀਂ ਕਰਾਉਂਦੇ।

## ਮਾਊ ਪੀਊ ਕਿਰਤੁ ਗਵਾਇਨਿ; ਟਬਰ ਰੋਵਨਿ ਧਾਹੀ ॥

ਜੋ ਸਰੇਵੜਿਆਂ ਦੇ ਚੇਲੇ ਬਣ ਜਾਂਦੇ ਹਨ, ਉਹ ਆਪਣੇ ਮਾਊ ਪੀਊ = ਮਾਤਾ ਪਿਤਾ ਦੇ ਕਿਰਤੁ = ਕੀਤੇ ਹੋਏ ਉਪਕਾਰ ਨੂੰ ਗਵਾਇਨਿ = ਗਵਾ ਦਿੰਦੇ ਹਨ, ਅਤੇ ਪਿੱਛੋਂ ਟਬਰ = ਪਰਿਵਾਰ ਧਾਹੀ = ਧਾਹਾਂ ਮਾਰ ਕੇ ਰੋਵਨਿ = ਰੋਂਦਾ ਹੈ। ਅਰਥਾਤ ਜਦੋਂ ਇਹ ਸਰੇਵੜਿਆਂ ਦੇ ਚੇਲੇ ਬਣ ਜਾਂਦੇ ਹਨ ਤਦੋਂ ਇਨ੍ਹਾਂ ਦੇ ਗੁਰੂ ਇਨ੍ਹਾਂ ਨੂੰ ਘਰ ਵਿਚ ਨਹੀਂ ਜਾਣ ਦਿੰਦੇ, ਜਿਸ ਕਰਕੇ ਮਾਤਾ ਪਿਤਾ ਦੀ ਸੇਵਾ ਨਹੀਂ ਕਰਦੇ, ਘਰ ਦੇ ਕੰਮ ਕਾਜ ਵੀ ਛੱਡ ਦਿੰਦੇ ਹਨ, ਜਿਸ ਕਰਕੇ ਪਰਿਵਾਰ ਵਾਲੇ ਧਾਹਾਂ ਮਾਰ ਕੇ ਰੋਂਦੇ ਹਨ।

## ਓਨਾ ਪਿੰਡੁ ਨ ਪਤਲਿ ਕਿਰਿਆ, ਨ ਦੀਵਾ; ਮੁਏ ਕਿਥਾਊ ਪਾਹੀ ॥

ਉਨ੍ਹਾਂ ਸਰੇਵੜਿਆਂ ਦੇ ਮਰਨ ਤੋਂ ਬਾਅਦ ਹਿੰਦੂ ਮਤ ਅਨੁਸਾਰ ਨਾ ਪਿੰਡ ਭਰੇ ਜਾਂਦੇ ਹਨ ਨਾ ਹੀ ਪੱਤਲਾਂ

ਦਿੱਤੀਆਂ ਜਾਂਦੀਆਂ ਹਨ ਤੇ ਨਾ ਹੀ ਕੋਈ ਬਾਹਰੀ ਤੇਹਰੀ ਸਤਾਰੀ ਕਿਰਿਆ ਹੁੰਦੀ ਹੈ ਨਾ ਹੀ ਕੋਈ ਦੀਵਾ ਬਾਲਿਆ ਜਾਂਦਾ ਹੈ ਇਹ ਮੁਏ = ਮਰੇ ਹੋਏ ਕਿਥਾਊ = ਕਿੱਥੇ ਪਾਹੀ = ਪੈਣਗੇ ਭਾਵ ਨਰਕਾਂ ਵਿਚ ਪੈਣਗੇ। ਅਰਥਾਤ ਜਿਹੜਾ ਸਾਰਿਆਂ ਤੋਂ ਬਾਅਦ ਪੱਤਿਆਂ 'ਤੇ ਪਾ ਕੇ ਭੋਜਨ ਦਿੱਤਾ ਜਾਂਦਾ ਹੈ, ਉਸ ਨੂੰ ਪੱਤਲ ਕਹਿੰਦੇ ਹਨ। ਜਿਹੜਾ ਆਟੇ ਦਾ ਪੇੜਾ ਬਣਾ ਕੇ ਮਰੇ ਹੋਏ ਪ੍ਰਾਣੀ ਦੇ ਨਮਿੱਤ ਰੱਖਦੇ ਹਨ, ਉਸ ਨੂੰ ਪਿੰਡ ਕਿਹਾ ਜਾਂਦਾ ਹੈ। ਇਹ ਹਿੰਦੂ ਮੱਤ ਦੀ ਰੀਤ ਹੈ ਆਟੇ ਦੇ ੩੬੦ ਦੀਵੇ ਬਣਾ ਕੇ ਨਦੀਆਂ ਵਿਚ ਤਾਰਦੇ ਹਨ ਅਤੇ ਜਿਸ ਥਾਂ 'ਤੇ ਕੋਈ ਮਰੇ, ਉਸ ਥਾਂ 'ਤੇ ੧੦ ਦਿਨ ਦੀਵਾ ਬਾਲ ਕੇ ਰੱਖਦੇ ਹਨ। ਇਸ ਪ੍ਰਕਾਰ ਇਨ੍ਹਾਂ ਦਾ ਹਿੰਦੂ ਮੱਤ ਵਿਚ ਪੈਦਾ ਹੋ ਕੇ ਹਿੰਦੂਆਂ ਵਾਲਾ ਕੋਈ ਕਰੱਤਬ ਨਹੀਂ ਹੈ। ਇਹ ਮਰਿਆਂ ਤੋਂ ਬਾਅਦ ਇਸ ਤਰ੍ਹਾਂ ਕੋਈ ਦੀਵੇ ਨਹੀਂ ਬਾਲਦੇ।

## ਅਠਸਠਿ ਤੀਰਥ, ਦੇਨਿ ਨ ਢੋਈ; ਬ੍ਰਹਮਣ ਅੰਨੁ ਨ ਖਾਹੀ ॥

ਅਠਸਠਿ = ਅਠਾਹਠ ਤੀਰਥ ਵੀ ਇਨ੍ਹਾਂ ਨੂੰ ਢੋਈ = ਆਸਰਾ ਨ = ਨਹੀਂ ਦੇਨਿ = ਦਿੰਦੇ ਕਿਉਂਕਿ ਸਰੇਵੜੇ ਤੀਰਥਾਂ ਉਤੇ ਇਸ਼ਨਾਨ ਨਹੀਂ ਕਰਦੇ, ਬ੍ਰਾਹਮਣ ਦੇ ਘਰ ਦਾ ਅੰਨੁ = ਅਨਾਜ ਵੀ ਨ = ਨਹੀਂ ਖਾਹੀ = ਖਾਂਦੇ **ਵਾ:** ਬ੍ਰਹਮਣ = ਪਵਿੱਤਰ ਅੰਨ ਨਹੀਂ ਖਾਂਦੇ ਬਚਿਆ ਹੋਇਆ ਅੰਨ ਹੀ ਖਾਂਦੇ ਹਨ **ਵਾ:** ਉਨ੍ਹਾਂ ਦੀ ਮਲੀਨ ਕਿਰਿਆ ਜਾਣ ਕੇ ਬ੍ਰਾਹਮਣ ਉਨ੍ਹਾਂ ਦਾ ਅੰਨ ਨਹੀਂ ਖਾਂਦੇ।

## ਸਦਾ ਕੁਚੀਲ ਰਹਹਿ, ਦਿਨੁ ਰਾਤੀ; ਮਥੈ ਟਿਕੇ ਨਾਹੀ ॥

(**ਟਿੱਕੇ** ਬੋਲੋ)

ਉਹ ਦਿਨ ਰਾਤ ਸਦਾ = ਹਮੇਸ਼ਾ ਹੀ ਕੁਚੀਲ = ਮੈਲੇ ਰਹਹਿ = ਰਹਿੰਦੇ ਹਨ, ਕਦੇ ਇਸ਼ਨਾਨ ਨਹੀਂ ਕਰਦੇ। ਉਹ ਮੱਥੇ 'ਤੇ ਬ੍ਰਾਹਮਣਾਂ ਖੱਤਰੀਆਂ ਵਾਂਗ ਟਿਕੇ = ਤਿਲਕ ਨਹੀਂ ਲਾਉਂਦੇ।

## ਝੁੰਡੀ ਪਾਇ ਬਹਨਿ ਨਿਤਿ ਮਰਣੈ; ਦੜਿ ਦੀਬਾਣਿ ਨ ਜਾਹੀ ॥

ਉਹ ਨਿਤਿ = ਨਿਤਾਪ੍ਰਤੀ ਝੁੰਡੀ = ਸਿਰ ਤੇ ਕੱਪੜਾ ਪਾਇ = ਪਾ ਕੇ ਭਾਵ ਧੌਣ ਨੀਵੀਂ ਸੁੱਟ ਕੇ ਮੰਡਲੀ ਬਣਾ ਕੇ ਇਉਂ ਬੈਠੇ ਰਹਿੰਦੇ ਹਨ, ਜਿਵੇਂ ਮਾਈਆਂ (ਬੀਬੀਆਂ) ਮਰਨੇ ਵਾਲੇ ਦੇ ਘਰ ਪੱਲੂ ਨੀਵਾਂ ਕਰਕੇ ਬੈਠੀਆਂ ਹੁੰਦੀਆਂ ਹਨ ਅਤੇ ਉਹ ਸਤਿਸੰਗਤ ਰੂਪੀ ਦੀਬਾਣਿ = ਸਭਾ ਵਿਚ ਵੀ ਨ = ਨਹੀਂ ਜਾਹੀ = ਜਾਂਦੇ, ਅੰਦਰ ਹੀ ਦੜਿ = ਦੜੇ ਰਹਿੰਦੇ ਹਨ।

## ਲਕੀ ਕਾਸੇ, ਹਥੀ ਫੁੰਮਣ; ਅਗੋ ਪਿਛੀ ਜਾਹੀ ॥

ਉਨ੍ਹਾਂ ਦੇ ਲਕੀ = ਲੱਕ ਨਾਲ ਕਾਸੇ = ਕਾਠ ਦੇ ਠੂਠੇ ਬੰਨ੍ਹੇ ਹੁੰਦੇ ਹਨ (ਭਾਵ ਲੱਕੜ ਦੇ ਬਰਤਨ ਖਾਣ ਪੀਣ ਲਈ ਬੰਨ੍ਹੇ ਹੁੰਦੇ ਹਨ।) ਹਥੀ = ਹੱਥਾਂ ਵਿਚ ਫੁੰਮਣ = ਸੂਤ ਦੇ ਝਾੜੂ ਫੜੇ ਹੁੰਦੇ ਹਨ, (ਜਿਸ ਦੇ ਨਾਲ ਰਸਤੇ ਵਿੱਚੋਂ ਕੀੜੇ ਮਕੌੜਿਆਂ ਨੂੰ ਹਟਾਉਂਦੇ ਹਨ ਤਾਂ ਕਿ ਜੀਵ ਹਿੰਸਾ ਨਾ ਹੋ ਜਾਵੇ।) ਤੁਰਨ ਵੇਲੇ ਅੱਗੇ = ਮੂਹਰੇ ਆਪਣੇ ਗੁਰੂ ਨੂੰ ਲਾ ਕੇ ਉਸ ਦੇ ਪਿਛੀ = ਪਿੱਛੇ ਭਾਵ ਉਸ ਦੀ ਪੈੜ ਵਿਚ ਪੈੜ ਰੱਖ ਕੇ ਜਾਹੀ = ਜਾਂਦੇ ਹਨ, ਕਿ ਪੈਰਾਂ ਹੇਠ ਆ ਕੇ ਜੀਵ ਮਰਨ ਦਾ ਪਾਪ ਸਾਨੂੰ ਨਾ ਲੱਗੇ, ਗੁਰੂ ਨੂੰ ਲੱਗੇ।

**[ਅੰਗ ੧੫੦]**

## ਨਾ ਓਇ ਜੋਗੀ, ਨਾ ਓਇ ਜੰਗਮ; ਨਾ ਓਇ ਕਾਜੀ ਮੁੰਲਾ ॥

ਨਾ ਤਾਂ ਉਹ ਗੋਰਖ ਮਤੀਏ ਜੋਗੀ ਹਨ। ਨਾ ਓਇ = ਉਹ ਜੰਗਮ = ਸ਼ਿਵ ਜੀ ਦੇ ਉਪਾਸਕ ਹਨ, ਨ

ਓਇ = ਉਹ ਕਾਜੀ = ਸ਼ਰ੍ਹਾ ਦੁਆਰਾ ਫਤਵੇ ਦੇਣ ਵਾਲੇ ਹਨ, ਨਾ ਹੀ ਮਸੀਤਾਂ ਵਿਚ ਪੜ੍ਹਾਉਣ ਵਾਲੇ ਮੁੱਲਾ = ਵਿਦਵਾਨ ਹਨ।

***ਨੋਟ :*** ਤੁਲਸੀ ਰਾਮਾਇਣ ਵਿਚ ਇਕ ਕਥਾ ਹੈ ਕਿ ਸ਼ਿਵ ਜੀ ਦੀ ਪਤਨੀ ਸਤੀ ਜੋ ਦਖਸ਼ ਪਰਜਾਪਤ ਦੀ ਪੁੱਤਰੀ ਸੀ। ਇਕ ਵਾਰ ਰਾਮ ਚੰਦਰ ਜੀ ਨੂੰ ਇਸ ਨੇ ਸੀਤਾ ਬਣ ਕੇ ਪਰਖਿਆ ਸੀ। ਸ਼ਿਵ ਜੀ ਨੇ ਤਿਆਗ ਦਿੱਤੀ ਸੀ ਕਿ ਲੱਛਮੀ ਦਾ ਅਵਤਾਰ ਹੈ। ਲੱਛਮੀ ਮੇਰੀ ਮਾਤਾ ਸਮਾਨ ਹੈ। ਫਿਰ ਦਖਸ਼ ਪਰਜਾਪਤ ਦੇ ਅਗਨ ਕੁੰਡ ਵਿਚ ਦਾਹ ਹੋਣ ਤੋਂ ਦੂਸਰਾ ਜਨਮ ਹਿਮਾਲਿਆ ਰਾਜੇ ਦੇ ਘਰ ਪੁੱਤਰੀ ਬਣ ਕੇ ਜਨਮੀ ਸੀ। ਉਸ ਨੇ ਹਠ ਧਾਰਿਆ ਕਿ ਮੈਂ ਸ਼ਿਵ ਜੀ ਨਾਲ ਹੀ ਵਿਆਹ ਕਰਾਉਣਾ ਹੈ। ਨਾਰਦ ਨੇ ਪਰਖਿਆ ਸੀ ਕਿ ਸ਼ਿਵ ਜੀ ਤਾਂ ਚੰਗਾ ਨਹੀਂ, ਸਿਰ 'ਤੇ ਜਟਾਵਾਂ, ਪਿੰਡੇ 'ਤੇ ਸੁਆਹ ਮਲ ਕੇ ਤੇ ਗਲ ਵਿਚ ਸੱਪ ਪਾਇਆ ਹੋਇਆ ਹੈ। ਅੱਕ ਧਤੂਰੇ ਨਸ਼ੇ ਦੀ ਵਰਤੋਂ ਕਰਦਾ ਹੈ ਤਾਂ ਉਸ ਨੇ ਕਹਿ ਦਿੱਤਾ ਕਿ ਜੇ ਵਿਆਹ ਕਰਾਉਣਾ ਹੈ ਤਾਂ ਸ਼ਿਵ ਜੀ ਨਾਲ ਹੀ ਕਰਾਉਣਾ ਹੈ, ਨਹੀਂ ਤਾਂ ਕੰਵਾਰੀ ਰਹਿ ਜਾਵਾਂਗੀ। ਜੈਸਾ ਕਿ :

**ਜਨਮ ਜਨਮ ਕੀ ਰਗਰ ਹਮਾਰੀ ਬਰੋ ਸ਼ੰਭੂ ਨ ਤਉ ਰਹੋ ਕੁਆਰੀ।** *(ਲੌਕਿਕ ਪ੍ਰਮਾਣ)*

ਪਿਛਲੇ ਜਨਮ ਦੇ ਸ਼ਿਵ ਜੀ ਦੇ ਨਾਲ ਸੰਬੰਧ ਦੇ ਸੰਸਕਾਰ ਹਨ। ਇਸ ਦਾ ਨਿਸਚਾ ਦੇਖ ਕੇ ਰਾਜੇ ਨੂੰ ਸਮੇਤ ਪਰਿਵਾਰ ਝੁੱਕਣਾ ਪਿਆ ਅਤੇ ਨਾਰਦ ਨੇ ਜਾ ਕੇ ਸ਼ਿਵ ਜੀ ਨੂੰ ਪ੍ਰੇਰਿਆ ਤੇ ਫਿਰ ਉਨ੍ਹਾਂ ਦਾ ਵਿਆਹ ਹੋਇਆ। ਉਸ ਵਿਆਹ ਦੇ ਸਮੇਂ ਜਦੋਂ ਜੱਸ ਗਾਉਣ ਵਾਲੇ ਲੋਕਾਂ ਨੇ ਸਿਰ ਤੇ ਟੱਲੀਆਂ, ਕੰਨਾਂ ਵਿਚ ਟੱਲੀਆਂ ਪਾ ਕੇ ਅਤੇ ਹੱਥਾਂ ਵਿਚ ਟੱਲ ਲੈ ਕੇ ਵਿਆਹ ਦੇ ਗੀਤ ਗਾਏ, ਉਥੋਂ ਜੰਗਮ ਫ਼ਿਰਕਾ ਚੱਲਿਆ। ਜੋ ਹੁਣ ਵੀ ਸ਼ਿਵ ਜੀ ਦਾ ਜੱਸ ਗਾਉਂਦੇ ਤੇ ਮੰਗਦੇ ਫਿਰਦੇ ਹਨ।

## ਦਯਿ ਵਿਗੋਏ, ਫਿਰਹਿ ਵਿਗੁਤੇ; ਫਿਟਾ ਵਤੈ ਗਲਾ ॥

(**ਦਯਿ** = **ਦਈਇ**, **ਫਿੱਟਾ**, **ਵੱਤੈ**, **ਗੱਲਾ** ਅੱਧਕ ਸਹਿਤ ਬੋਲੋ)

ਦਯਿ = ਪ੍ਰੇਰਕ ਪਰਮੇਸ਼ਰ ਦੇ ਵਿਗੋਏ = ਭੁਲਾਏ ਹੋਏ ਵਿਗੁਤੇ = ਖ਼ਰਾਬ ਹੁੰਦੇ ਫਿਰਦੇ ਹਨ। ਉਨ੍ਹਾਂ ਦਾ ਗਲਾ = ਸਮੁਦਾਇ (ਟੋਲਾ) ਫਿਟਾ = ਫਿਟਕਾਰਿਆ ਭਾਵ ਧਿਰਕਾਰਿਆ ਹੋਇਆ ਵਤੈ = ਫਿਰਦਾ ਹੈ।

***ਦੂਜਾ ਅਰਥ :*** ਫਿਟ ਅਵਤੈ ਗਲਾ = (ਵਿਆਕਰਣ ਅਨੁਸਾਰ ਕੰਨੇ ਵਿੱਚੋਂ 'ਅ' ਕੱਢ ਕੇ ਫਿਰ ਅਰਥ ਕਰਨਾ ਫਿਟ = ਫਿਟੇ ਹੋਏ ਅਵਤੈ = ਅਵੈੜੀਆਂ ਭਾਵ ਟੇਢੀਆਂ ਗੱਲਾਂ ਕਰਦੇ ਹਨ। ਆਪ ਵਿਗੜੇ ਹੋਏ ਹਨ ਅਤੇ ਹੋਰਨਾਂ ਨੂੰ ਵਿਗਾੜਦੇ ਹਨ।

## ਜੀਆ ਮਾਰਿ ਜੀਵਾਲੇ ਸੋਈ; ਅਵਰੁ ਨ ਕੋਈ ਰਖੈ ॥

ਹੇ ਭਾਈ! ਜੀਵਾਂ ਨੂੰ ਮਾਰਿ = ਮਾਰਨ ਵਾਲਾ ਅਤੇ ਜੀਵਾਲੇ = ਜੀਵਨ ਦੇਣ ਵਾਲਾ ਸੋਈ = ਉਹ ਪਰਮੇਸ਼ਰ ਆਪ ਹੀ ਹੈ, ਉਸ ਤੋਂ ਬਿਨਾਂ ਅਵਰੁ = ਹੋਰ ਕੋਈ ਰਖੈ = ਰੱਖਿਆ ਕਰਨ ਵਾਲਾ ਨਹੀਂ ਹੈ।

## ਦਾਨਹੁ ਤੈ ਇਸਨਾਨਹੁ ਵੰਜੇ; ਭਸੁ ਪਈ ਸਿਰਿ ਖੁਥੈ ॥

ਇਹ ਸਰੇਵੜੇ ਦਾਨਹੁ = ਦਾਨ ਅਤੇ ਇਸਨਾਨਹੁ = ਨਹਾਉਣ ਤੋਂ ਵੰਜੇ = ਵਾਂਝੇ ਭਾਵ ਖ਼ਾਲੀ ਰਹਿ ਗਏ ਹਨ ਅਤੇ ਇਨ੍ਹਾਂ ਸਿਰ ਖੁਥੈ = ਖੋਰਿਆਂ **ਵਾ:** ਸਿਰਿ ਖੁਥੈ = ਸਰੇਵੜਿਆਂ ਦੇ ਉੱਤੇ ਲਾਹਨਤਾਂ ਦੀ ਭਸੁ = ਖੇਹ ਭਾਵ ਸੁਆਹ ਹੀ ਪਈ = ਪੈਂਦੀ ਹੈ।

ਜਿਸ ਪਾਣੀ ਤੋਂ ਸਰੇਵੜੇ ਲੋਕ ਸੰਗਦੇ ਹਨ, ਉਸ ਪਾਣੀ ਦੀ ਅੱਗੇ ਸਤਿਗੁਰੂ ਸ੍ਰੇਸ਼ਟਤਾਈ ਦੱਸਦੇ ਹਨ।

## ਪਾਣੀ ਵਿਚਹੁ, ਰਤਨ ਉਪੰਨੇ; ਮੇਰੁ ਕੀਆ ਮਾਧਾਣੀ ॥

ਹੇ ਭਾਈ ! ਸੁਮੰਦਰ ਦੇ ਪਾਣੀ ਵਿੱਚੋਂ ਹੀ ੧੪ ਰਤਨ ਉਪੰਨੇ = ਪੈਦਾ ਹੋਏ, ਜਦੋਂ ਦੇਵਤਿਆਂ ਤੇ ਦੈਂਤਾ ਨੇ ਮੇਰੁ = ਮੰਦਰਾਚਿਲ ਪਰਬਤ ਨੂੰ ਮਧਾਣੀ ਬਣਾ ਕੇ ਸਮੁੰਦਰ ਨੂੰ ਰਿੜਕਣਾ ਕੀਆ = ਕੀਤਾ ਸੀ।

## ਅਠਸਠਿ ਤੀਰਥ ਦੇਵੀ ਥਾਪੇ; ਪੁਰਬੀ ਲਗੈ ਬਾਣੀ ॥

ਜੋ ਅਠਸਠਿ = ਅਠਾਹਠ ਤੀਰਥ ਦੇਵੀ = ਦੇਵਤਿਆਂ ਨੇ ਤਪ ਕਰਕੇ ਖਾਪੇ = ਅਸਥਾਪਨ ਕੀਤੇ ਹਨ, ਜਿਥੇ ਪਾਣੀ ਦੇ ਕਿਨਾਰਿਆਂ ਤੇ ਹੀ ਪੁਰਬੀ = ਪੁਰਬ ਲਗੈ = ਲੱਗਦੇ ਹਨ ਅਤੇ ਵੇਦ ਬਾਣੀ, ਸ਼ਾਸਤਰਾਂ ਆਦਿ ਦਾ ਵਖਿਆਨ ਹੁੰਦਾ ਹੈ **ਵਾ:** ਤੀਰਥਾਂ ਉਤੇ ਬਾਣੀ = ਪਾਣੀ ਕਰਕੇ ਹੀ ਪੁਰਬ ਲੱਗਦੇ ਹਨ।

## ਨਾਇ ਨਿਵਾਜਾ ਨਾਤੈ ਪੂਜਾ; ਨਾਵਨਿ ਸਦਾ ਸੁਜਾਣੀ ॥

(**ਨਾਇ, ਨਾਤੈ** ਅਤੇ **ਨਾਵਨਿ** ਦਾ ਉਚਾਰਣ 'ਭਾਰਾ' ਕਰਨਾ ਹੈ)

ਮੁਸਲਮਾਨ ਨਾਇ = ਨਹਾ ਕੇ ਖ਼ੁਦਾ ਦੀ ਨਿਵਾਜਾ = ਇਬਾਦਤ ਕਰਦੇ ਹਨ ਤੇ ਹਿੰਦੂ ਲੋਕ ਨਾਤੈ = ਨਹਾ ਕੇ ਪਰਮਾਤਮਾ ਦੀ ਪੂਜਾ ਕਰਦੇ ਹਨ ਇਸ ਕਰਕੇ ਸੁਜਾਣੀ = ਸ੍ਰੇਸ਼ਟ ਪੁਰਖ ਤਾਂ ਸਦਾ = ਨਿਤ ਹੀ ਨਾਵਨਿ = ਨਹਾਉਂਦੇ ਹਨ।

## ਮੁਇਆ ਜੀਵਦਿਆ ਗਤਿ ਹੋਵੈ; ਜਾਂ ਸਿਰਿ ਪਾਈਐ ਪਾਣੀ ॥

ਮੁਇਆ = ਮਰਨ ਦੇ ਵਕਤ ਤੇ ਜੀਵਦਿਆ = ਜਨਮ ਲੈਣ ਵੇਲੇ ਤਾਂ ਗਤਿ = ਪਵਿੱਤਰਤਾ ਦੀ ਗਤਿ = ਪ੍ਰਾਪਤੀ ਹੋਵੈ = ਹੁੰਦੀ ਹੈ, ਜਾਂ = ਜਦੋਂ ਸਿਰ ਉਤੇ ਪਾਣੀ ਪਾਈਐ = ਪਾਈਦਾ ਹੈ, ਅਰਥਾਤ ਜਨਮ ਵੇਲੇ ਵੀ ਸਰੀਰ ਤੇ ਮਲੀਨਤਾ, ਅਪਵਿੱਤਰਤਾ ਹੁੰਦੀ ਹੈ ਅਤੇ ਇਸੇ ਤਰ੍ਹਾਂ ਮੁਰਦਿਆਂ ਨੂੰ ਵੀ ਅਪਵਿੱਤਰ ਸਮਝਿਆ ਜਾਂਦਾ ਹੈ, ਇਸ ਲਈ ਜਨਮ ਅਤੇ ਮਰਨ ਵੇਲੇ ਸਿਰ ਦੇ ਸਮੇਤ ਸਾਰੇ ਸਰੀਰ ਦਾ ਇਸ਼ਨਾਨ ਕਰਵਾਇਆ ਜਾਂਦਾ ਹੈ **ਅਥਵਾ** ਜਿਉਣ ਤੋਂ ਮਰਣ ਤੱਕ ਸਾਰੀ ਉਮਰ ਤਾਂ ਹੀ ਗਤਿ = ਸ਼ੁੱਧੀ ਹੁੰਦੀ ਹੈ, ਜੇਕਰ ਨਿਤ ਇਸ਼ਨਾਨ ਕਰੀਏ।

***ਨੋਟ :*** ਜਿਹੜੇ ਲੋਕ ਇਸ ਤੁਕ ਦਾ ਅਰਥ ਇਹ ਸਮਝਦੇ ਹਨ ਕਿ ਹਮੇਸ਼ਾ ਸਿਰ ਵਿਚ ਪਾਣੀ ਪਾਉਣ ਨਾਲ ਮਰਨ ਵੇਲੇ ਗਤਿ = ਮੁਕਤੀ ਮਿਲ ਜਾਂਦੀ ਹੈ, ਇਹ ਅਗਿਆਨਤਾ ਹੈ ਅਤੇ ਤੁਕ ਦੇ ਸਿਧਾਂਤ ਤੋਂ ਉਲਟ ਵੀ ਹੈ। ਚੇਤੇ ਰਹੇ ਕਿ ਗੁਰਬਾਣੀ ਵਿਚ ਮੁਕਤੀ ਨਾਮ ਤੋਂ ਮੰਨੀ ਹੈ। ਪਾਣੀ ਤੋਂ ਸਰੀਰ ਦੀ ਸ਼ੁੱਧੀ ਹੁੰਦੀ ਹੈ। ਉਨ੍ਹਾਂ ਦੇ ਲਈ ਤਾਂ ਇਹ ਪ੍ਰਮਾਣ ਹੀ ਕਾਫ਼ੀ ਹੋਵੇਗਾ, ਜੈਸਾ ਕਿ :

**ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ ॥**
**ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥** *(ਅੰਗ ੪੮੪)*

## ਨਾਨਕ ਸਿਰਖੁਥੇ ਸੈਤਾਨੀ; ਏਨਾ ਗਲ ਨ ਭਾਣੀ ॥

(**ਗੱਲ** ਬੋਲੋ)

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਇਹ ਸਿਰਖੁਥੇ = ਸਿਰ ਦੇ ਵਾਲ ਖੋਹਨ ਵਾਲੇ ਸੈਤਾਨੀ = ਸ਼ੈਤਾਨ ਪੰਥੀ (ਸਰੇਵੜੇ) ਹਨ ਇਸ ਕਰਕੇ ਏਨਾ = ਇਨ੍ਹਾਂ ਨੂੰ ਇਸ਼ਨਾਨ ਵਾਲੀ ਗੱਲ ਭਾਣੀ = ਭਾਉਂਦੀ ਨਹੀਂ ਹੈ।

## ਵੁਠੈ ਹੋਇਐ, ਹੋਇ ਬਿਲਾਵਲੁ; ਜੀਆ ਜੁਗਤਿ ਸਮਾਣੀ ॥

ਵੁਠੈ = ਵਰਖਾ ਦੇ ਵਰਸਦੇ ਹੋਇਐ = ਹੋਇਆਂ ਸਾਰੇ ਜੀਵਾਂ ਨੂੰ ਬਿਲਾਵਲੁ = ਅਨੰਦ ਹੋਇ = ਹੁੰਦਾ ਹੈ

ਅਤੇ ਜੀਆ = ਜੀਵਾਂ ਦੇ ਜਿਉਣ ਦੀ ਜੁਗਤਿ = ਜੁਗਤੀ ਵੀ ਪਾਨੀ ਵਿਚ ਹੀ ਸਮਾਣੀ = ਸਮਾਈ ਹੋਈ ਹੈ **ਵਾ**: ਸਾਰੇ ਜੀਵਾਂ ਦੇ ਅੰਦਰ ਅੰਨ ਪੈਦਾ ਕਰਨੇ ਦੀ ਜੁਗਤੀ ਸਮਾ ਭਾਵ ਫੁਰ ਆਉਂਦੀ ਹੈ, ਕਿਉਂਕਿ ਪਾਨੀ ਕਰਕੇ ਅੰਨ ਪ੍ਰਫੁਲਤ ਹੁੰਦਾ ਹੈ।

## ਵੁਠੈ, ਅੰਨੁ ਕਮਾਦੁ ਕਪਾਹਾ; ਸਭਸੈ ਪੜਦਾ ਹੋਵੈ ॥

ਵਰਖਾ ਦੇ ਵੁਠੈ = ਵਰਸਣ ਨਾਲ ਅੰਨੁ = ਅਨਾਜ ਕਮਾਦੁ = ਗੰਨਾ ਤੇ ਕਪਾਹਾ = ਕਪਾਹ ਦੇ ਬੂਟੇ ਆਦਿ ਪੈਦਾ ਹੁੰਦੇ ਹਨ, ਜਿਨ੍ਹਾਂ ਕਰਕੇ ਸਭਸੈ = ਸਾਰਿਆਂ ਦਾ ਪੜਦਾ ਢੱਕਿਆ ਹੋਵੈ = ਹੁੰਦਾ ਹੈ ਭਾਵ ਜਦੋਂ ਕੋਈ ਪ੍ਰਾਹੁਣਾ ਆਉਂਦਾ ਹੈ ਤਾਂ ਜੇਕਰ ਉਸ ਨੂੰ ਅੰਨ ਨਾ ਛਕਾਇਆ ਜਾਵੇ, ਮਿੱਠਾ ਨਾ ਦਿੱਤਾ ਜਾਵੇ ਤੇ ਆਰਾਮ ਕਰਨ ਲਈ ਬਿਸਤਰਾ ਆਦਿ ਕੱਪੜਾ ਨਾ ਦਿੱਤਾ ਜਾਵੇ ਤਾਂ ਗ੍ਰਿਹਸਤੀ ਬੇਪੜਦ ਹੋ ਜਾਂਦਾ ਹੈ। ਉਸ ਦੀ ਕੋਈ ਇੱਜ਼ਤ ਨਹੀਂ ਰਹਿੰਦੀ। ਇਸ ਕਰਕੇ ਗੁਰੂ ਜੀ ਨੇ ਇਥੇ ਇਨ੍ਹਾਂ ਤਿੰਨਾਂ ਦਾ ਖ਼ਾਸ ਕਰਕੇ ਜ਼ਿਕਰ ਕੀਤਾ ਹੈ। ਅੰਨੁ = ਪੇਟ ਭਰਨ ਲਈ, ਮਿੱਠਾ ਉਸ ਅੰਨ ਨੂੰ ਹੋਰ ਸਵਾਦਿਸ਼ਟ ਬਣਾਉਣ ਲਈ ਅਤੇ ਕਪਾਹ ਸੂਤ ਦੇ ਲਈ ਜਿਸ ਤੋਂ ਵਸਤਰ ਬਣਦੇ ਹਨ।

## ਵੁਠੈ ਘਾਹੁ ਚਰਹਿ ਨਿਤਿ ਸੁਰਹੀ; ਸਾ ਧਨ ਦਹੀ ਵਿਲੋਵੈ ॥

ਵਰਖਾ ਦੇ ਪਾਣੀ ਵੁਠੈ = ਵਰਸਣ ਨਾਲ ਘਾਹ ਪੈਦਾ ਹੁੰਦਾ ਹੈ ਤੇ ਉਸ ਘਾਹ ਨੂੰ ਸੁਰਹੀ = ਗਊਆਂ ਨਿਤਿ = ਹਮੇਸ਼ਾ ਹੀ ਚਰਹਿ = ਚਰਦੀਆਂ ਹਨ ਅਤੇ ਫਿਰ ਦੁੱਧ ਦਿੰਦੀਆਂ ਹਨ। ਫਿਰ ਸਾ = ਉਹ ਦੁੱਧ ਦਾ ਧਨ = ਇਸਤਰੀਆਂ ਦਹੀਂ ਬਣਾ ਕੇ ਵਿਲੋਵੈ = ਰਿੜਕਦੀਆਂ ਹਨ। ਜਿਸ ਤੋਂ ਮੱਖਣ ਤਿਆਰ ਕਰਕੇ ਘਿਉ ਬਣਾਉਂਦੀਆਂ ਹਨ।

## ਤਿਤੁ ਘਿਇ, ਹੋਮ ਜਗ ਸਦ ਪੂਜਾ; ਪਇਐ ਕਾਰਜੁ ਸੋਹੈ ॥

ਤਿਤੁ = ਉਸ ਘਿਇ = ਘਿਉ ਕਰਕੇ ਹੀ ਹੋਮ = ਹਵਨ ਜਗ ਤੇ ਸਦ = ਸਦਾ ਪੂਜਾ ਕੀਤੀ ਜਾਂਦੀ ਹੈ ਅਤੇ ਘਿਉ ਦੇ ਪਇਐ = ਪੈਣੇ ਕਰਕੇ ਹੀ ਰਸੋਈ ਦੇ ਸਾਰੇ ਕਾਰਜ ਸੋਹੈ = ਸ਼ੋਭਦੇ ਹਨ। ਸਿਆਣਿਆਂ ਦਾ ਐਸਾ ਬੋਲਾ ਹੈ ਕਿ 'ਘਿਉ ਤੋਂ ਬਿਨਾਂ ਭੂਤ ਰਸੋਈ' ਹੈ। ਅਰਥਾਤ ਪਾਣੀ ਕਰਕੇ ਹੀ ਸਾਰੇ ਕਾਰਜ ਸ਼ੋਭਦੇ ਹਨ।

## ਗੁਰੂ ਸਮੁੰਦੁ, ਨਦੀ ਸਭਿ ਸਿਖੀ; ਨਾਤੈ ਜਿਤੁ ਵਡਿਆਈ ॥

(**ਸਿੱਖੀ** ਅੱਧਕ ਸਹਿਤ ਬੋਲੋ)

ਗੁਰੂ ਜੀ ਸਮੁੰਦਰ ਦੀ ਨਿਆਈਂ ਹਨ ਅਤੇ ਸਭੁ = ਸਾਰੇ ਸਿੱਖ ਸੇਵਕ ਨਦੀ ਦੀ ਨਿਆਈਂ ਹਨ, ਜਿਤੁ = ਜਿਸ ਵਿਚ ਨਾਤੈ = ਨਹਾਉਣ ਕਰਕੇ ਆਤਮਿਕ ਸ਼ੁੱਧੀ ਦੀ ਵਡਿਆਈ ਮਿਲਦੀ ਹੈ।

**ਅਥਵਾ** ਜਿਵੇਂ ਨਦੀਆਂ ਸਮੁੰਦਰ ਵਿਚ ਜਾ ਮਿਲਦੀਆਂ ਹਨ, ਇਸੇ ਤਰ੍ਹਾਂ ਸਿੱਖ ਰੂਪ ਨਦੀਆਂ ਨਾਲ ਮਿਲ ਕੇ ਸਮੁੰਦਰ ਰੂਪ ਗੁਰਾਂ ਕੋਲ ਪਹੁੰਚ ਜਾਈਦਾ ਅਤੇ ਗੁਰੂ ਜੀ ਭਗਤੀ ਰੂਪੀ ਗੰਗਾ ਵਿਚ ਪ੍ਰਵੇਸ਼ ਕਰਾ ਕੇ ਬ੍ਰਹਮ ਰੂਪ ਸਮੁੰਦਰ ਵਿਚ ਮੇਲ ਦਿੰਦੇ ਹਨ।

**ਅਥਵਾ** ਗੁਰਾਂ ਦੀ ਸਭ ਤੋਂ ਸ੍ਰੇਸ਼ਟ ਸਿਖੀ = ਸਿੱਖਿਆ ਭਗਤੀ ਰੂਪੀ ਗੰਗਾ ਹੈ, ਫੇਰ ਭਗਤੀ ਵਿਚ ਲੱਗ ਕੇ ਨਾਮ ਅਭਿਆਸ ਕਰਨ ਰੂਪ ਨਾਤੈ = ਇਸ਼ਨਾਨ ਕਰੀਦਾ ਹੈ, ਜਿਤੁ = ਜਿਸ ਕਰਕੇ ਬ੍ਰਹਮ ਰੂਪ ਸਮੁੰਦਰ ਦੇ ਨਾਲ ਅਭੇਦ ਹੋਣ ਰੂਪ ਵਡਿਆਈ ਮਿਲਦੀ ਹੈ।

## ਨਾਨਕ, ਜੇ ਸਿਰਖੁਥੇ ਨਾਵਨਿ ਨਾਹੀ; ਤਾ ਸਤ ਚਟੇ ਸਿਰਿ ਛਾਈ ॥੧॥

(**ਸਿਰਖੁੱਥੇ**, **ਨ੍ਹਾਵਨਿ** ਭਾਰਾ ਤੇ **ਚੱਟੇ** ਬੋਲੋ)

ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜੇਕਰ ਇੰਨਾ ਉਪਦੇਸ਼ ਸੁਣ ਕੇ ਵੀ ਸਿਰਖੁਥੇ = ਸਰੇਵੜੇ ਇਸ਼ਨਾਨ ਨਾ ਕਰਨ ਤਾਂ ਇਨ੍ਹਾਂ ਦੇ ਸਿਰ ਵਿਚ ਛਾਈ = ਸੁਆਹ ਦੇ ਸੌ ਚਟੇ = ਬੁੱਕ ਪੈਣ **ਵਾ:** ਜਿਸ ਨਾਲ ਮਲਾਹ ਬੇੜੀ ਵਿੱਚੋਂ ਪਾਣੀ ਪੈ ਜਾਣ ਤੇ ਪਾਣੀ ਬਾਹਰ ਕੱਢਦੇ ਹਨ, ਉਸ ਨੂੰ ਚਟਾ (ਠੂਠਾ) ਕਹਿੰਦੇ ਹਨ, ਇਹੋ ਜਿਹਾ ਸੌ ਠੂਠਾ ਸੁਆਹ ਦਾ ਭਰ ਕੇ ਉਨ੍ਹਾਂ ਦੇ ਸਿਰ ਤੇ ਪਾਉਣਾ ਕਰੀਏ ॥੧॥

## ਮ: ੨ ॥

ਭਾਈ ਬਾਲਾ ਜੀ ਤੋਂ ਗੁਰੂ ਅੰਗਦ ਦੇਵ ਜੀ ਨੇ ਸਰੇਵੜਿਆਂ ਦਾ ਇਹ ਸਾਰਾ ਪ੍ਰਸੰਗ ਸੁਣਿਆ ਤਾਂ ਕੋਲ ਬੈਠੇ ਸਿੱਖਾਂ ਨੇ ਸੁਣ ਕੇ ਬਹੁਤ ਹੈਰਾਨਗੀ ਪ੍ਰਗਟ ਕੀਤੀ ਅਤੇ ਗੁਰੂ ਅੰਗਦ ਦੇਵ ਜੀ ਨੂੰ ਕਿਹਾ ਕਿ ਭਲਾ ਹੋਇਆ ਕਿ ਗੁਰੂ ਜੀ ਸਰੇਵੜੇ ਨੂੰ ਜਿੱਤ ਗਏ। ਜੇਕਰ ਗੁਰੂ ਜੀ ਹਾਰ ਜਾਂਦੇ ਤਾਂ ਸਰੇਵੜੇ ਸਿਰ ਚੜ੍ਹ ਜਾਣੇ ਸੀ। ਇਹ ਸੁਣ ਕੇ ਗੁਰੂ ਅੰਗਦ ਦੇਵ ਜੀ ਨੇ ਇਹ ਸ਼ਬਦ ਉਚਾਰਨ ਕੀਤਾ:

## ਅਗੀ, ਪਾਲਾ ਕਿ ਕਰੇ; ਸੂਰਜ ਕੇਹੀ ਰਾਤਿ ॥

ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜਿਵੇਂ ਅਗੀ = ਅੱਗ ਨੂੰ ਪਾਲਾ = ਸਰਦੀ ਕੀ ਕਰ ਸਕਦੀ ਹੈ ਅਤੇ ਸੂਰਜ ਦਾ ਰਾਤਿ = ਰਾਤਰੀ ਕੇਹੀ = ਕੀ ਵਿਗਾੜ ਸਕਦੀ ਹੈ ?

## ਚੰਦ ਅਨੇਰਾ ਕਿ ਕਰੇ; ਪਉਣ ਪਾਣੀ ਕਿਆ ਜਾਤਿ ॥

ਚੰਦ = ਚੰਦਰਮਾ ਨੂੰ ਅਨੇਰਾ = ਅੰਧਕਾਰ ਕੀ ਕਰ ਸਕਦਾ ਹੈ ? ਪਉਣ = ਹਵਾ ਪਾਣੀ = ਜਲ ਜਾਤਿ = ਜਾਤੀ ਭਾਵ ਜਾਤ ਅਜਾਤ ਪਉਣ ਪਾਣੀ ਦਾ ਕੀ ਵਿਗਾੜ ਸਕਦੀ ਹੈ ? ਭਾਵ ਪਾਣੀ ਸਭ ਨੇ ਵਰਤਣਾ ਹੁੰਦਾ ਹੈ ਅਤੇ ਸੁਆਸ ਰੂਪ ਵਿਚ ਹਵਾ ਸਭ ਨੇ ਲੈਣੀ ਹੁੰਦੀ ਹੈ।

## ਧਰਤੀ, ਚੀਜੀ ਕਿ ਕਰੇ; ਜਿਸੁ ਵਿਚਿ ਸਭੁ ਕਿਛੁ ਹੋਇ ॥

ਜਿਸ ਧਰਤੀ ਵਿੱਚੋਂ ਸਭੁ = ਸਾਰਾ ਕਿਛੁ = ਕੁਝ ਉਤਪੰਨ ਹੋਇ = ਹੁੰਦਾ ਹੈ, ਉਸ ਧਰਤੀ ਨੂੰ ਕੋਈ ਚੀਜੀ = ਵਸਤੂ ਕਿ = ਕੀ ਅਰਪਨ ਕਰੇ = ਕਰ ਸਕਦਾ ਹੈ।

## ਨਾਨਕ ਤਾ ਪਤਿ ਜਾਣੀਐ; ਜਾ ਪਤਿ ਰਖੈ ਸੋਇ ॥੨॥

ਗੁਰੂ ਜੀ ਕਥਨ ਕਰਦੇ ਹਨ ਕਿ ਇਹ ਨਿਸਚਾ ਕਰੋ ਕਿ ਪਤਿ = ਇੱਜ਼ਤ ਤਾਂ ਜਾਣੀਐ = ਜਾਣੀ ਦੀ ਹੈ, ਜਾ = ਜੇ ਸੋਇ = ਉਹ ਪਰਮੇਸ਼ਰ ਆਪ ਹੀ ਪਤਿ = ਇੱਜ਼ਤ ਰਖੈ = ਰੱਖਣੀ ਕਰੇ। ਗੁਰੂ ਸਾਹਿਬ ਜੀ ਆਪ ਪਰਮੇਸ਼ਰ ਸਰੂਪ ਹਨ। ਇਨ੍ਹਾਂ ਨੂੰ ਹਰਾਉਣ ਕਰਕੇ ਬੇਪੱਤੀ ਕਰਨ ਵਾਲੇ ਸਰੇਵੜੇ ਆਦਿ ਕੌਣ ਹਨ ॥੨॥

### ਦੂਸਰਾ ਅਰਥ

**ਅਗੀ, ਪਾਲਾ ਕਿ ਕਰੇ; ਸੂਰਜ ਕੇਹੀ ਰਾਤਿ ॥**

ਜਿਸ ਗੁਰਾਂ ਦੇ ਹਿਰਦੇ ਵਿਚ ਬ੍ਰਹਮ ਵਿੱਦਿਆ ਰੂਪੀ ਅਗੀ = ਅਗਨੀ ਹੈ, ਉਸ ਗੁਰਾਂ ਦਾ ਪਾਪਾਂ ਰੂਪੀ ਪਾਲਾ ਕੀ ਵਿਗਾੜ ਕਰ ਸਕਦਾ ਹੈ, ਜਿਹੜੇ ਗੁਰੂ ਸੂਰਜ ਵਤ ਬ੍ਰਹਮ ਗਿਆਨ ਦੇ ਪ੍ਰਕਾਸ਼ ਵਾਲੇ ਹਨ, ਉਨ੍ਹਾਂ ਦਾ ਅਵਿੱਦਿਆ ਰੂਪੀ ਰਾਤ ਕੇਹੀ = ਕੀ ਵਿਗਾੜ ਸਕਦੀ ਹੈ।

**ਚੰਦ ਅਨੇਰਾ ਕਿ ਕਰੇ; ਪਉਣ ਪਾਣੀ ਕਿਆ ਜਾਤਿ॥**

ਚੰਦ = ਚੰਦਰਮਾਂ ਦੀ ਨਿਆਈਂ ਸ਼ਾਂਤ ਰੂਪ ਗੁਰੂ ਜੀ ਵੈਰਾਗ, ਬਿਬੇਕ ਰੂਪੀ ਕਿਰਨਾਂ ਤੇ ਭਗਤੀ ਰੂਪੀ ਚਾਂਦਨੀ ਦੇ ਸਹਿਤ ਹਨ, ਐਸੇ ਗੁਰਾਂ ਦਾ ਮੋਹ ਰੂਪੀ ਅਨੇਰਾ = ਹਨੇਰੇ ਵਾਲੇ ਸਰੇਵੜੇ ਲੋਕ ਕੀ ਵਿਗਾੜ ਸਕਦੇ ਹਨ, ਜਿਹੜੇ ਸਤਿਗੁਰੂ ਪਉਣ ਦੀ ਨਿਆਈਂ ਨਿਰਲੇਪ, ਪਾਣੀ ਦੀ ਨਿਆਈਂ ਉੱਜਲ ਸਰੂਪ ਵਾਲੇ ਹਨ, ਉਨ੍ਹਾਂ ਦਾ ਵਿਸ਼ੇ ਵਿਸ਼ੈਣੀ ਜਾਤਿ = ਬੁੱਧੀ ਵਾਲੇ ਸਰੇਵੜੇ ਲੋਕ ਕੀ ਕਰ ਸਕਦੇ ਹਨ।

**ਧਰਤੀ, ਚੀਜੀ ਕਿ ਕਰੇ; ਜਿਸੁ ਵਿਚਿ ਸਭੁ ਕਿਛੁ ਹੋਇ॥**

ਜਿਸ ਧਰਤੀ = ਭੂਮਾ ਰੂਪ ਬ੍ਰਹਮ ਦਾ ਸਰੂਪ ਗੁਰੂ ਜੀ ਹਨ, ਉਨ੍ਹਾਂ ਗੁਰਾਂ ਨੂੰ ਕੋਈ ਕੀ ਵਸਤੂਆਂ ਦੀ ਭੇਟਾ ਦੇ ਸਕਦਾ, ਜਿਸ ਭੂਮਾਂ ਰੂਪ ਬ੍ਰਹਮ ਵਿੱਚੋਂ ਨਿਰਗੁਣ, ਸਰਗੁਣ, ਮਾਇਆ ਸਬਲ ਈਸਰ ਜੀਵ ਆਦਿ ਸਾਰੀਆਂ ਸੰਸਾਰੀ ਵਸਤੂਆਂ ਪੈਦਾ ਹੋਈਆਂ ਹਨ।

**ਨਾਨਕ ਤਾ ਪਤਿ ਜਾਣੀਐ; ਜਾ ਪਤਿ ਰਖੈ ਸੋਇ॥੨॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਤਾਂ ਹੀ ਪਤਿ = ਇੱਜ਼ਤ ਜਾਣੀਐ = ਜਾਣੀ ਜਾਂਦੀ ਹੈ, ਜਾ = ਜੇਕਰ ਉਹ ਪਤੀ ਪਰਮੇਸਰ ਨੂੰ ਸਾਖਸ਼ਾਤ ਕਰਕੇ ਹਿਰਦੇ ਵਿਚ ਵਸਾ ਕੇ ਰਖੈ = ਰੱਖਣਾ ਕਰੇ॥੨॥

## ਪਉੜੀ॥ ਤੁਧੁ ਸਚੇ ਸੁਬਹਾਨੁ; ਸਦਾ ਕਲਾਣਿਆ॥

ਹੇ ਅਕਾਲ ਪੁਰਖ ਜੀ! ਅਸੀਂ ਤੁਧੁ = ਤੁਹਾਡੇ ਸੁਬਹਾਨੁ = ਅਸਚਰਜ ਸਰੂਪ ਨੂੰ ਪਹਿਚਾਣ ਕੇ ਸਦਾ = ਹਮੇਸ਼ਾ ਕਲਾਣਿਆ = ਜਸ ਕਰਨ ਵਾਲੇ ਭੱਟ ਹੋ ਕੇ ਉਚਾਰਨ ਕਰਦੇ ਰਹਿੰਦੇ ਹਾਂ।

## ਤੂੰ ਸਚਾ ਦੀਬਾਣੁ; ਹੋਰਿ ਆਵਣ ਜਾਣਿਆ॥

ਹੇ ਪਰਮੇਸ਼ਰ! ਤੂੰ ਹੀ ਸੱਚਾ ਸਾਰਿਆਂ ਦਾ ਦੀਬਾਣੁ = ਆਸਰਾ ਰੂਪ ਹੈਂ **ਵਾ:** ਤੂੰ ਹੀ ਸੱਚੀ ਸਤਿਸੰਗਤ ਰੂਪੀ ਦੀਬਾਣ ਵਿਚ ਨਿਵਾਸ ਕਰਦਾ ਹੈਂ **ਵਾ:** ਤੂੰ ਹੀ ਸੱਚਾ ਦੀਬਾਣੁ = ਨਿਆਂਏ ਕਰਨੇ ਵਾਲਾ ਹਾਕਮ ਹੈਂ, ਹੋਰ ਸਾਰਾ ਸੰਸਾਰ ਜਨਮ ਧਾਰ ਕੇ ਆਵਣ = ਆਉਣ ਤੇ ਮਰ ਕੇ ਜਾਣਿਆ = ਜਾਣ ਵਾਲਾ ਹੈ।

## ਸਚੁ ਜਿ ਮੰਗਹਿ ਦਾਨੁ; ਸਿ ਤੁਧੈ ਜੇਹਿਆ॥

ਜਿ = ਜਿਹੜੇ ਤੇਰੇ ਕੋਲੋਂ ਸੱਚੇ ਨਾਮ ਦਾ ਦਾਨ ਮੰਗਹਿ = ਮੰਗਦੇ ਹਨ, ਸਿ = ਉਹ ਤੁਧੈ = ਤੇਰੇ ਜੇਹਿਆ = ਜਿਹੇ ਭਾਵ ਤੇਰੇ ਵਰਗੇ ਹੀ ਹੋ ਜਾਂਦੇ ਹਨ। ਜੈਸਾ ਕਿ:

**ਜਿਨਿ ਜਾਤਾ ਸੋ ਤਿਸ ਹੀ ਜੇਹਾ॥** *(ਅੰਗ ੯੩੧)*

## ਸਚੁ ਤੇਰਾ ਫੁਰਮਾਨੁ; ਸਬਦੇ ਸੋਹਿਆ॥

ਹੇ ਵਾਹਿਗੁਰੂ! ਤੇਰਾ = ਤੁਹਾਡਾ ਸੱਚਾ ਫੁਰਮਾਨੁ = ਹੁਕਮ ਗੁਰਾਂ ਦੇ ਸਬਦੇ = ਉਪਦੇਸ਼ ਕਰਕੇ ਸੋਹਿਆ = ਸ਼ੋਭਨੀਕ ਹੋ ਰਿਹਾ ਹੈ।

## ਮੰਨਿਐ ਗਿਆਨੁ ਧਿਆਨੁ; ਤੁਧੈ ਤੇ ਪਾਇਆ॥

ਜੋ ਗੁਰਾਂ ਦਾ ਉਪਦੇਸ਼ ਮੰਨਿਐ = ਮੰਨਦੇ ਹਨ, ਉਨ੍ਹਾਂ ਨੇ ਤੇਰੇ ਨਿਰਗੁਣ ਸਰੂਪ ਦਾ ਗਿਆਨ, ਸਰਗੁਣ ਸਰੂਪ ਦਾ ਧਿਆਨ ਤੁਧੈ = ਤੇਰੇ ਤੇ = ਤੋਂ ਹੀ ਪਾਇਆ = ਪਾਉਣਾ ਕੀਤਾ ਹੈ।

## ਕਰਮਿ ਪਵੈ ਨੀਸਾਨੁ; ਨ ਚਲੈ ਚਲਾਇਆ॥

ਹੇ ਪਰਮੇਸ਼ਰ! ਇਸ ਤਰ੍ਹਾਂ ਜਿਨ੍ਹਾਂ ਦੇ ਮੱਥੇ ਉਤੇ ਤੇਰੀ ਕਰਮਿ = ਕਿਰਪਾ ਦਾ ਨੀਸਾਨ ਪਵੈ = ਪੈ ਗਿਆ

ਹੈ ਉਹ ਕਿਸੇ ਦਾ ਚਲਾਇਆ ਹੋਇਆ ਚਲੈ = ਚੱਲਦਾ ਨਹੀਂ **ਵਾ:** ਜਿਨ੍ਹਾਂ ਦੇ ਨਿਸ਼ਕਾਮ ਕਰਮਾਂ ਕਰਕੇ ਮੱਥੇ ਉਤੇ ਤੇਰੀ ਪ੍ਰਾਪਤੀ ਦਾ ਨੀਸਾਨੁ = ਲੇਖ ਪਵੈ = ਪੈਂਦਾ ਹੈ ਉਹ ਕਿਸੇ ਦਾ ਚਲਾਇਆ ਹੋਇਆ ਭਾਵ ਮੇਟਿਆ ਹੋਇਆ ਮਿਟਦਾ ਨਹੀਂ ਹੈ। ਜੈਸਾ ਕਿ :

**ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥** *(ਅੰਗ ੪੭੭)*

## ਤੂੰ ਸਚਾ ਦਾਤਾਰੁ; ਨਿਤ ਦੇਵਹਿ ਚੜਹਿ ਸਵਾਇਆ ॥

ਹੇ ਪਰਮੇਸ਼ਰ ! ਤੂੰ ਸੱਚਾ ਦਾਤਾਰੁ = ਦਾਤਾ ਹੈਂ। ਨਿਤ = ਹਮੇਸ਼ਾ ਹੀ ਦਾਤਾਂ ਦੇਵਹਿ = ਦਿੰਦਾ ਹੈਂ। ਉਹ ਦਾਤਾਂ ਸਵਾਇਆ = ਬਹੁਤੀਆਂ ਦੂਣੀਆਂ-ਚੌਣੀਆਂ ਚੜਹਿ = ਚੜ੍ਹਦੀਆਂ ਹਨ **ਵਾ:** ਤੂੰ ਨਿਤਾਪ੍ਰਤੀ ਜਗਿਆਸੂ ਜਨਾਂ ਨੂੰ ਗਿਆਨ ਦੀ ਅਵਸਥਾ ਦਾ ਅਨੰਦ ਦੇਣਾ ਕਰਦਾ ਹੈਂ ਜੋ ਇਕ ਤੋਂ ਇਕ ਭੂਮਿਕਾ ਦੇ ਰੂਪ ਵਿਚ ਦੂਣਾ ਚੌਣਾ ਚੜਦਾ, ਵੱਧਦਾ ਹੈ।

## ਨਾਨਕੁ ਮੰਗੈ ਦਾਨੁ; ਜੋ ਤੁਧੁ ਭਾਇਆ ॥੨੬॥

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਹੇ ਪਰਮੇਸ਼ਰ ! ਅਸੀਂ ਤੁਹਾਡੇ ਪਾਸੋਂ ਉਹੋ ਹੀ ਭਾਉ-ਭਗਤੀ, ਨਾਮ ਦਾ ਦਾਨ ਮੰਗੈ = ਮੰਗਦੇ ਹਾਂ, ਜੋ ਤੁਧੁ = ਤੁਹਾਨੂੰ ਭਾਇਆ = ਭਾਉਂਦਾ ਹੈ ॥੨੬॥

## ਸਲੋਕੁ ਮ: ੨ ॥

**ਉਥਾਨਕਾ :** ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਏ ਤੇ ਖਡੂਰ ਸਾਹਿਬ ਦੀ ਨਗਰੀ ਨੂੰ ਭਾਗ ਲਾਏ।

ਉਸ ਵੇਲੇ ਗੋਰਖ ਆਦਿ ਸਿੱਧ ਗੁਰੂ ਅੰਗਦ ਦੇਵ ਜੀ ਦੀ ਪ੍ਰੀਖਿਆ ਕਰਨ ਲਈ ਖਡੂਰ ਸਾਹਿਬ ਪਹੁੰਚੇ ਅਤੇ ਇਹ ਸੋਚਿਆ ਕਿ ਗੁਰੂ ਨਾਨਕ ਦੇਵ ਜੀ ਨੇ ਸਾਡਾ ਭੇਖ ਨਹੀਂ ਧਾਰਨ ਕੀਤਾ ਸੀ, ਪਰ ਜੇ ਕਿਤੇ ਇਹ ਧਾਰਨ ਕਰ ਲੈਣ ਤਾਂ ਉਹੋ ਹੀ ਗੱਲ ਹੈ, ਭਾਵ ਸਾਡੇ ਭੇਖ ਦੀ ਜੈ ਜੈਕਾਰ ਹੋ ਜਾਵੇਗੀ। ਇਹ ਵਿਚਾਰ ਕੇ ਸਿੱਧਾਂ ਨੇ ਸਤਿਗੁਰੂ ਜੀ ਨੂੰ ਕਿਹਾ ਕਿ ਤੁਸੀਂ ਜੋਗ ਧਾਰਨ ਕਰੋ ਤਾਂ ਗੁਰੂ ਜੀ ਨੇ ਐਸਾ ਫ਼ੁਰਮਾਨ ਕੀਤਾ :

## ਦੀਖਿਆ ਆਖਿ ਬੁਝਾਇਆ; ਸਿਫਤੀ ਸਚਿ ਸਮੇਉ ॥

ਹੇ ਸਿੱਧੋਂ ! ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੀਖਿਆ = ਸਿੱਖਿਆ **ਵਾ:** ਦੀਖਸ਼ਤ ਮੰਤਰ (ਗੁਰਮੰਤਰ, ਮੂਲਮੰਤਰ ਦੇ ਕੇ ਆਖਿ = ਮੁਖ ਭਾਵ ਰਸਨਾ ਦੁਆਰਾ ਪਰਮੇਸ਼ਰ ਦਾ ਗਿਆਨ, ਨਾਮ ਬੁਝਾਇਆ = ਸਮਝਾਇਆ ਹੋਵੇ[੧] ਅਤੇ ਜੋ ਸਚਿ = ਸੱਚੇ ਦੀ ਸਿਫ਼ਤ ਵਿਚ ਸਮੇਉ = ਸਮਾਅ ਗਏ ਹੋਣ।

## ਤਿਨ ਕਉ ਕਿਆ ਉਪਦੇਸੀਐ; ਜਿਨ ਗੁਰੁ ਨਾਨਕ ਦੇਉ ॥੧॥

***ਪਹਿਲਾ ਅਰਥ :*** ਤਿਨ = ਉਨ੍ਹਾਂ ਕਉ = ਨੂੰ ਤੁਸੀਂ ਕਿਆ = ਕੀ ਉਪਦੇਸੀਐ = ਉਪਦੇਸ਼ ਦੇਣਾ ਚਾਹੋਗੇ, ਜਿਨ = ਜਿਨ੍ਹਾਂ ਨੂੰ ਗੁਰੂ ਨਾਨਕ ਦੇਉ = ਦੇਵ ਜੀ ਤੋਂ ਉਪਦੇਸ਼ ਮਿਲਿਆ ਹੋਵੇ **ਵਾ:** ਜਿਨ੍ਹਾਂ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਗੁਰੂ ਹਨ ਉਨ੍ਹਾਂ ਨੂੰ ਕਿਸੇ ਹੋਰ ਤੋਂ ਉਪਦੇਸ਼ ਲੈਣ ਦੀ ਕੀ ਲੋੜ ਹੈ ॥੧॥

***ਦੂਸਰਾ ਅਰਥ*** : ਜਿਸ ਵੇਲੇ ਭਾਈ ਬਾਲਾ ਜੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪਾਸ (ਖਡੂਰ ਸਾਹਿਬ)

---

੧. ਦੀਖਿਆ ਤੋਂ ਭਾਵ ਦੀਖਸ਼ ਮੰਤਰ, ਆਖਿ ਬੁਝਾਇਆ ਤੋਂ ਭਾਵ ਆਪਣੇ ਧਰਮ ਵਿਚ ਪ੍ਰਪੱਕ ਹੋਣਾ, ਧਰਮ ਦੀ ਕਿਰਤ ਕਰਨੀ, ਰਹਿਤ ਬਹਿਤ ਰੱਖਣੀ ਆਦਿ।

ਦਰਸ਼ਨ ਕਰਨ ਲਈ ਆਏ ਅਤੇ ਜਨਮ ਸਾਖੀ ਸੁਣਾ ਕੇ ਉਪਦੇਸ਼ ਦੀ ਜਾਚਨਾ ਕੀਤੀ, ਤਦੋਂ ਸਤਿਗੁਰਾਂ ਨੇ ਇਹੋ ਸ਼ਬਦ ਉਚਾਰਨ ਕੀਤਾ।

**ਦੀਖਿਆ ਆਖਿ ਬੁਝਾਇਆ; ਸਿਫਤੀ ਸਚਿ ਸਮੇਉ ॥**

ਹੇ ਭਾਈ ਬਾਲਾ ਜੀ! ਜਿਨ੍ਹਾਂ ਤੇਰੇ ਵਰਗੇ ਗੁਰਸਿੱਖਾਂ ਨੂੰ ਸਚਿ = ਸੱਚੇ ਸਿਫ਼ਤੀ ਪਰਮੇਸ਼ਰ ਵਿਚ ਸਮੇਉ = ਸਮਾਏ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਖਿ = ਮੁੱਖ ਦੁਆਰਾ ਦੀਖਸ਼ਾ ਮੰਤਰ ਦੇ ਕੇ ਸਰੂਪ ਦੀ ਲੱਖਤਾ ਭਾਵ ਗਿਆਨ ਬੁਝਾਇਆ = ਸਮਝਾਉਣਾ ਕੀਤਾ ਹੈ।

**ਤਿਨ ਕਉ ਕਿਆ ਉਪਦੇਸੀਐ; ਜਿਨ ਗੁਰੁ ਨਾਨਕ ਦੇਉ ॥੧॥**

ਤਿਨ = ਉਨ੍ਹਾਂ ਤੇਰੇ ਵਰਗੇ ਗੁਰੂ ਨਾਨਕ ਦੇ ਸੰਗੀਆਂ ਕਉ = ਨੂੰ ਅਸੀਂ ਕਿਆ = ਕੀ ਉਪਦੇਸੀਐ = ਉਪਦੇਸ਼ ਦੇਣਾ ਕਰੀਏ, ਜਿਨ੍ਹਾਂ ਦੇ ਗੁਰੂ ਦੇਉ = ਪ੍ਰਕਾਸ਼ ਸਰੂਪ ਬ੍ਰਹਮ ਦਾ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਹਨ।

## ਮ: ੧ ॥

ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਬਾਲਾ ਜੀ ਦੇ ਪ੍ਰਥਾਏ ਉਚਾਰਨ ਕਰਕੇ ਸਾਰੇ ਸਿੱਖਾਂ ਤਾਈਂ ਉਪਦੇਸ਼ ਬਖ਼ਸ਼ਿਆ ਸੀ।

***ਨੋਟ:*** (ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਭਾਈ ਬਾਲਾ ਜੀ ਨੂੰ ਪੁੱਛਿਆ ਸੀ ਕਿ ਜੋ ਆਪ ਜੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਪਦੇਸ਼ ਦਿੱਤਾ ਸੀ, ਉਹ ਉਪਦੇਸ਼ ਆਪ ਜੀ ਕਿਰਪਾ ਕਰਕੇ ਦੱਸਣਾ ਕਰੋ ਤਾਂ ਭਾਈ ਬਾਲਾ ਜੀ ਨੇ ਗੁਰੂ ਨਾਨਕ ਸਾਹਿਬ ਜੀ ਦਾ ਉਚਾਰਨ ਕੀਤਾ ਹੋਇਆ ਇਹੋ ਸ਼ਬਦ ਪੜ੍ਹ ਕੇ ਸੁਣਾਇਆ ਸੀ।)

## ਆਪਿ ਬੁਝਾਏ; ਸੋਈ ਬੂਝੈ ॥

ਜਿਸ ਨੂੰ ਆਪ ਪਰਮੇਸ਼ਰ ਗੁਰੂ ਸਰੂਪ ਹੋ ਕੇ ਬੁਝਾਏ = ਸਮਝਾਉਂਦਾ ਹੈ ਭਾਵ ਗਿਆਨ ਦਿੰਦਾ ਹੈ, ਸੋਈ = ਉਹੋ ਪੁਰਸ਼ ਹੀ ਆਪਣੇ ਸਰੂਪ ਨੂੰ ਬੂਝੈ = ਸਮਝਦਾ ਹੈ।

## ਜਿਸੁ ਆਪਿ ਸੁਝਾਏ; ਤਿਸੁ ਸਭੁ ਕਿਛੁ ਸੂਝੈ ॥

ਜਿਸ ਨੂੰ ਗੁਰੂ ਸਰੂਪ ਹੋ ਕੇ ਆਪ ਸੁਝਾਏ = ਸਮਝਾਉਂਦਾ ਹੈ, ਤਿਸੁ = ਉਸ ਗੁਰਸਿੱਖ ਨੂੰ ਸਭ ਕੁਝ ਆਤਮਾ ਰੂਪ ਕਰਕੇ ਸੂਝੈ = ਦਿਸ ਆਉਂਦਾ ਹੈ। ਜੈਸਾ ਕਿ :

**ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥** *(ਧਨਾਸਰੀ ਮ: ੧, ਅੰਗ ੬੬੧)*

## ਕਹਿ ਕਹਿ ਕਥਨਾ; ਮਾਇਆ ਲੂਝੈ ॥

ਉਸ ਦੀ ਕਿਰਪਾ ਤੋਂ ਬਗ਼ੈਰ ਜਿਹੜੇ ਵੇਦਾਂ ਸ਼ਾਸਤਰਾਂ ਦੀ ਕਹਿ = ਕਹੀਆਂ ਹੋਈਆਂ ਕਥਨਾ = ਕਥਾਵਾਂ ਨੂੰ ਮੁੱਖ ਦੁਆਰਾ ਵਖਿਆਨ ਕਰਦੇ ਰਹਿੰਦੇ ਹਨ, ਉਹ ਮਗਰੋਂ ਮਾਇਆ ਵਾਸਤੇ ਹੀ ਲੂਝੈ = ਝਗੜਦੇ ਹਨ।

## ਹੁਕਮੀ; ਸਗਲ ਕਰੇ ਆਕਾਰ ॥ ਆਪੇ ਜਾਣੈ; ਸਰਬ ਵੀਚਾਰ ॥

ਜੋ ਗੁਰਮੁਖ ਜਨ ਹਨ, ਉਹ ਇਨ੍ਹਾਂ ਝਗੜਿਆਂ ਵਿਚ ਨਹੀਂ ਪੈਂਦੇ, ਉਹ ਜਾਣਦੇ ਹਨ ਕਿ ਹੁਕਮੀ ਵਾਹਿਗੁਰੂ ਨੇ ਹੀ ਸਗਲ = ਸਾਰੇ ਸੂਖਮ ਅਤੇ ਅਸਥੂਲ ਆਕਾਰ ਆਪਣੇ ਹੁਕਮ ਵਿਚ ਪੈਦਾ ਕਰੇ ਹੋਏ ਹਨ।

ਪਰਮੇਸ਼ਰ ਸਰਬ = ਸਾਰਿਆਂ ਦੀਆਂ ਵੀਚਾਰਾਂ ਨੂੰ ਆਪੇ = ਆਪ ਹੀ ਜਾਣੈ = ਜਾਣਦਾ ਹੈ **ਵਾ:** ਸਾਰਿਆਂ

ਵਿਚ ਆਪੇ = ਆਪਣਾ ਆਤਮਾ ਰੂਪ ਹੈ, ਸਾਰਿਆਂ ਵਿਚ ਜਾਣੈ = ਜਾਨਣ ਵਾਲਾ ਗਿਆਨ ਸਰੂਪ ਹੈ ਅਤੇ ਸਾਰਿਆਂ ਦੀ ਰਾਜਸੀ, ਤਾਮਸੀ, ਸਾਤਕੀ ਆਦਿ ਵੀਚਾਰ ਨੂੰ ਆਪ ਹੀ ਜਾਣਦਾ ਹੈ।

## ਅਖਰ ਨਾਨਕ; ਅਖਿਓ ਆਪਿ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਇਹ ਨਾਮ ਰੂਪੀ ਅੱਖਰ ਪਰਮੇਸ਼ਰ ਨੇ ਸਾਨੂੰ ਆਪ ਪ੍ਰਚਾਰਨ ਲਈ ਅਖਿਓ = ਆਖਿਆ ਹੈ **ਵਾ:** ਇਹ ਸਾਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਖਰ = ਖਰਨ, ਨਾਸ਼ ਤੋਂ ਰਹਿਤ ਉਪਦੇਸ਼ ਆਪ ਹੀ ਆਖਿਆ ਸੀ।

## ਲਹੈ ਭਰਾਤਿ; ਹੋਵੈ ਜਿਸੁ ਦਾਤਿ ॥੨॥

ਜਿਸ ਨੂੰ ਗੁਰਾਂ ਦੁਆਰਾ ਬ੍ਰਹਮ ਵਿੱਦਿਆ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ, ਉਸ ਦੀ ਭਰਮ ਦੀ ਭਰਾਤਿ = ਭ੍ਰਾਂਤੀ ਲਹੈ = ਲਹਿ ਜਾਂਦੀ ਹੈ ॥੨॥

ਜਦੋਂ ਵੇਈਂ ਨਦੀ ਵਿਚ ਪ੍ਰਵੇਸ਼ ਹੋ ਕੇ ਸੱਚਖੰਡ ਜਾ ਕੇ ਨਿਰੰਕਾਰ ਦੇ ਦਰਸ਼ਨ ਕੀਤੇ ਸਨ, ਉਸ ਵੇਲੇ ਆਪਣੇ ਆਪ ਨੂੰ ਢਾਢੀ ਦੱਸ ਕੇ ਪਰਮੇਸ਼ਰ ਦੇ ਜੱਸ ਨੂੰ ਕਥਨ ਕੀਤਾ ਹੈ :

## ਪਉੜੀ ॥ ਹਉ ਢਾਢੀ ਵੇਕਾਰੁ; ਕਾਰੈ ਲਾਇਆ ॥

ਹਉ = ਮੈਂ ਢਾਢੀ = ਜਸ ਕਰਨ ਵਾਲਾ ਹੋ ਕਰਕੇ ਵੇਕਾਰੁ = ਭਗਤੀ ਰੂਪ ਕਾਰ ਤੋਂ ਰਹਿਤ ਸੀ ਤੇ ਹੁਣ ਨਿਰੰਕਾਰ ਨੇ ਗੁਰਮੰਤ੍ਰ, ਮੂਲਮੰਤ੍ਰ ਦੇ ਕੇ ਭਗਤੀ ਰੂਪੀ ਕਾਰ 'ਤੇ ਲਾਇਆ = ਲਾ ਦਿੱਤਾ ਹੈ **ਵਾ:** ਜਸ ਕਰਨ ਰੂਪੀ ਕਾਰੇ ਲਾ ਦਿੱਤਾ ਹੈ।

## ਰਾਤਿ ਦਿਹੈ, ਕੈ ਵਾਰ; ਧੁਰਹੁ ਫੁਰਮਾਇਆ ॥

ਸਾਨੂੰ ਧੁਰੋਂ ਪਰਮੇਸ਼ਰ ਵਾਹਿਗੁਰੂ ਦਾ ਫੁਰਮਾਇਆ = ਹੁਕਮ ਹੋਇਆ ਹੈ ਕਿ ਰਾਤ ਦਿਨ ਕੈ = ਕਰਕੇ ਮੇਰਾ ਵਾਰ = ਜਸ ਕਰਿਆ ਕਰੋ।

## ਢਾਢੀ ਸਚੈ ਮਹਲਿ; ਖਸਮਿ ਬੁਲਾਇਆ ॥

ਸਾਨੂੰ ਢਾਢੀ = ਕੀਰਤਨੀਆਂ ਨੂੰ ਭਾਵ ਜੱਸ ਕਰਨ ਵਾਲਿਆਂ ਨੂੰ ਸੱਚੇ ਖਸਮਿ = ਵਾਹਿਗੁਰੂ ਨੇ ਸੱਚਖੰਡ ਰੂਪੀ ਮਹਲ ਵਿਚ ਬੁਲਾਇਆ = ਬੁਲਾਉਣਾ ਕੀਤਾ ਹੈ।

## ਸਚੀ ਸਿਫਤਿ ਸਾਲਾਹ; ਕਪੜਾ ਪਾਇਆ ॥

(ਪਾਠਾਂਤ੍ਰ **ਸਾਲਾਹਿ**)

ਅਸੀਂ ਸੱਚਖੰਡ ਵਿਚ ਨਿਰੰਕਾਰ ਪਾਸੋਂ ਭਗਤੀ ਰੂਪੀ ਸੱਚੀ ਸਿਫ਼ਤ ਤੇ ਕੀਰਤਨ ਰੂਪ ਵਿਚ ਸਾਲਾਹਿ = ਸਲਾਹੁਣ ਦਾ ਕਪੜਾ = ਸਿਰੋਪਾਉ ਪਾਇਆ = ਪਾਉਣਾ ਕੀਤਾ ਹੈ। ਜੈਸਾ ਕਿ :

**ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥** *(ਵਾਰ ਗੂਜਰੀ ਮ: ੫, ਅੰਗ ੫੨੦)*

ਸਿਫਤਿ = ਇਕੱਲੇ ਬੈਠ ਕੇ ਭਜਨ ਕਰਨਾ, ਸਾਲਾਹਿ = ਸੰਗਤ ਨਾਲ ਮਿਲ ਕੇ ਕੀਰਤਨ ਕਰਨਾ।

## ਸਚਾ ਅੰਮ੍ਰਿਤ ਨਾਮੁ; ਭੋਜਨੁ ਆਇਆ ॥

ਫਿਰ ਸੱਚਾ ਅੰਮ੍ਰਿਤ ਨਾਮ ਜਪਣ ਰੂਪੀ ਭੋਜਨ ਪ੍ਰਾਪਤ ਹੋ ਆਇਆ ਹੈ **ਵਾ:** ਸੱਚੇ ਅੰਮ੍ਰਿਤ ਨਾਮ ਦੀ ਬਖ਼ਸ਼ਿਸ਼ ਹੋਈ ਅਤੇ ਬ੍ਰਹਮ ਗਿਆਨ ਰੂਪੀ ਭੋਜਨ ਪ੍ਰਾਪਤ ਹੋ ਆਇਆ ਹੈ। ਜੈਸਾ ਕਿ :

**ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥**
**ਖਟਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥** *(ਸਿਰੀਰਾਗ ਮ: ੧, ਅੰਗ ੧੬)*
**ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥** *(ਸਿਰੀਰਾਗ ਮ: ੧, ਅੰਗ ੧੬)*

ਭਾਵ ਨਾਮ ਦਾ ਮੰਨਣ ਕਰਨਾ ਮਿੱਠੇ ਰਸ ਹਨ। ਸੁਣਨਾ ਸਲੂਣਾ ਭੋਜਨ ਹਨ। ਮੁੱਖੋਂ ਕੀਰਤਨ ਕਰਨਾ ਇਹ ਖੱਟ ਮਿੱਠੇ ਭੋਜਨ ਹਨ। ਸ਼ਬਦ ਗਾਉਣੇ ਮਸਾਲੇਦਾਰ ਭੋਜਨ ਹਨ। ਇਕ ਪ੍ਰੇਮ ਹੀ ੩੬ ਪ੍ਰਕਾਰ ਦਾ ਭੋਜਨ ਹੈ।

## ਗੁਰਮਤੀ ਖਾਧਾ ਰਜਿ; ਤਿਨਿ ਸੁਖੁ ਪਾਇਆ॥

ਤਦੋਂ ਉਹ ਨਾਮ ਰੂਪੀ ਭੋਜਨ ਜਿਨ੍ਹਾਂ ਨੇ ਵੀ ਗੁਰਮਤੀ = ਗੁਰਾਂ ਦੀ ਸਿੱਖਿਆ ਦੁਆਰਾ ਰੱਜ ਕੇ ਖਾਧਾ = ਖਾਣਾ ਕੀਤਾ ਹੈ, ਤਿਨਿ = ਉਨ੍ਹਾਂ ਨੇ ਆਤਮਿਕ ਸੁਖੁ = ਅਨੰਦ ਨੂੰ ਪਾਇਆ = ਪਾਉਣਾ ਕੀਤਾ ਹੈ।

## ਢਾਢੀ ਕਰੇ ਪਸਾਉ; ਸਬਦੁ ਵਜਾਇਆ॥

ਮੈਨੂੰ ਢਾਢੀ = ਜਸ ਕਰਨ ਵਾਲੇ ਨੂੰ ਪਰਮੇਸ਼ਰ ਨੇ ਪਸਾਉ = ਦਾਤਾਂ ਦੇਣੀਆਂ ਕੀਤੀਆਂ ਹਨ ਕਿ ਨਾਮ ਰੂਪੀ ਸਬਦੁ = ਉਪਦੇਸ਼ ਨੂੰ ਵਜਾਇਆ = ਪ੍ਰਗਟ ਕਰੋ **ਵਾ:** ਜੋ ਕੁਝ ਵੀ ਪਰਮੇਸ਼ਰ ਕੋਲੋਂ ਮੈਨੂੰ ਜੱਸ ਕਰਨ ਵਾਲੇ ਨੂੰ ਪ੍ਰਾਪਤ ਹੋਇਆ ਹੈ, ਉਸ ਨੂੰ ਸਬਦ ਦੁਆਰਾ ਵਜਾ ਕੇ ਪਸਾਉ = ਪਸਾਰਨਾ ਕਰ ਰਿਹਾ ਹਾਂ।

## ਨਾਨਕ ਸਚੁ ਸਾਲਾਹਿ; ਪੂਰਾ ਪਾਇਆ॥੨੭॥ ਸੁਧੁ

ਗੁਰੂ ਸਾਹਿਬ ਜੀ ਫ਼ੁਰਮਾਨ ਕਰਦੇ ਹਨ ਕਿ ਇਉਂ ਮੈਂ ਸੱਚੇ ਵਾਹਿਗੁਰੂ ਦੀ ਸਾਲਾਹਿ = ਸਿਫ਼ਤ ਕਰਕੇ ਗਿਆਨ ਦੁਆਰਾ ਪੂਰਨ ਪਰਮਾਨੰਦ ਨੂੰ ਪਾਉਣਾ ਕੀਤਾ ਹੈ **ਵਾ:** ਜੇ ਤੁਸੀਂ ਵੀ ਸਲਾਹੁਗੇ ਤਾ ਉਸ ਪੂਰਨ ਬ੍ਰਹਮ ਨੂੰ ਪਾ ਲਵੋਗੇ। ਇਹ ਜੋ ਦਾਤ ਸੱਚਖੰਡ ਤੋਂ ਮਿਲੀ ਹੈ, ਉਹ ਵਾਰ ਦੀ ਸਤਾਈਵੀਂ ਪਉੜੀ ਵਿਚ ਕਥਨ ਕੀਤੀ ਹੈ॥੨੭॥

**ਸੁਧੁ** = ਇਹ ਬਾਣੀ ਸ਼ੁੱਧ ਕਰਕੇ ਲਿਖੀ ਹੈ। ਇਸ ਉੱਤੇ ਕਿਸੇ ਦਾ ਵੀ ਕਲਮ ਚੁੱਕਣ ਦਾ ਜਾਂ ਅੱਖਰ ਦੇ ਕੋਈ ਵਾਧ-ਘਾਟ ਕਰਨ ਦਾ ਅਧਿਕਾਰ ਨਹੀਂ **ਵਾ:** ਸੁਧੁ = ਹਿਰਦੇ ਨੂੰ ਸ਼ੁੱਧ ਕਰਨ ਵਾਲੀ ਇਹ ਬਾਣੀ ਹੈ **ਵਾ:** ਸੁਧੁ = ਸ਼ੁੱਧ ਬ੍ਰਹਮ ਦੀ ਪ੍ਰਾਪਤੀ ਕਰਾਉਣ ਵਾਲੀ ਇਹ ਬਾਣੀ ਹੈ। ਸਿੱਖਾਂ ਨੂੰ ਸੁਧੁ = ਪਵਿੱਤਰ ਜੀਵਨ ਦੇਣ ਵਾਲੀ ਬਾਣੀ ਹੈ॥ਸੁਧੁ॥

***ਨੋਟ :*** ਇਥੇ ਮਾਝ ਰਾਗ ਦੀ ਸੰਪੂਰਨਤਾ ਹੋਈ ਹੈ।

### ਮਾਝ ਰਾਗ ਵਿਚ ਆਈ ਬਾਣੀ ਦਾ ਵੇਰਵਾ ਤੇ ਸ਼ਬਦਾਂ ਦੀ ਗਿਣਤੀ

| | |
|---|---|
| ਮਹਲਾ ੪ ਦੇ ਸ਼ਬਦ | ੭ |
| ਮਹਲਾ ੫ ਦੇ ਸ਼ਬਦ | ੪੩ |
| ਮਹਲਾ ੧ ਦੀ ਅਸ਼ਟਪਦੀ | ੧ |
| ਮਹਲਾ ੩ ਦੀਆਂ ਅਸ਼ਟਪਦੀਆਂ | ੩੨ |
| ਮਹਲਾ ੪ ਦੀ ਅਸ਼ਟਪਦੀ | ੧ |
| ਮਹਲਾ ੫ ਦੀਆਂ ਅਸ਼ਟਪਦੀਆਂ | ੫ |
| ਬਾਰਹਮਾਹਾ ਦੀਆਂ ਪਉੜੀਆਂ | ੧੪ |
| ਮਹਲਾ ੪ ਦੇ ਦਿਨ ਰੈਣਿ | ੧ |

| | |
|---|---|
| ਮਾਝ ਦੀ ਵਾਰ ਦੇ ਸਲੋਕ | ੨੭ |
| ਵਾਰ ਦੇ ਮਹਲੇ | ੩੬ |
| ਵਾਰ ਦੀਆਂ ਪਉੜੀਆਂ | ੨੭ |
| ਮਾਝ ਰਾਗ ਵਿਚ ਕੁਲ ਸ਼ਬਦ | ੧੯੪ |

ਇਸ ਰਾਗ ਵਿਚ ਭਗਤਾਂ ਦੀ ਬਾਣੀ ਨਹੀਂ ਹੈ।

## ਅੰਤਿਮ ਬੇਨਤੀ

ਆਪਣੇ ਵੱਲੋਂ ਯਤਨ ਕੀਤਾ ਗਿਆ ਹੈ ਕਿ ਕੋਈ ਅਰਥ ਸੰਪ੍ਰਦਾਈ ਵਿਚਾਰਧਾਰਾ ਤੋਂ ਬਾਹਰ ਨਾ ਜਾਵੇ। ਪਰ ਫਿਰ ਵੀ "ਮੇਰੀ ਮਤਿ ਥੋਰੀ ਰਾਮ" ਦੇ ਮਹਾਂਵਾਕ ਅਨੁਸਾਰ ਤੁੱਛ ਬੁੱਧੀ ਹੋਣ ਕਰਕੇ ਭੁੱਲਾਂ ਹੋਣੀਆਂ ਸੁਭਾਵਿਕ ਗੱਲ ਹੈ। ਗੁਣੀ ਗਿਆਨੀ ਜਨ ਜਿਥੇ ਵੀ ਤਰੁੱਟੀ ਦੇਖਣ, ਉਸ ਨੂੰ ਲਿਖ ਭੇਜਣ ਤਾਂ ਕਿ ਅੱਗੇ ਤੋਂ ਸੁਧਾਈ ਹੋ ਸਕੇ। 'ਗੁਰਵਾਕ ਚਾਨਣ' ਅਤੇ 'ਗੁਰ ਪ੍ਰਕਰਣ ਚਾਨਣ' ਦੇ ਪਾਠਕਾਂ ਵੱਲੋਂ ਵਾਰ ਵਾਰ ਦਾਸ ਨੂੰ ਇਹ ਹੁਕਮ ਮਿਲ ਰਿਹਾ ਸੀ ਕਿ ਇਸ ਤਰੀਕੇ ਨਾਲ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬਾਣੀ ਦੇ ਵੀ ਅਰਥ ਕੀਤੇ ਜਾਣ। ਸੋ ਦਾਸ ਨੇ ਇਹ ਵਿਸ਼ੇਸ਼ ਕਰਕੇ ਸੰਪ੍ਰਦਾਇ ਦੇ ਕਥਾ ਵਾਚਕ ਗਿਆਨੀ ਸਿੰਘਾਂ, ਮਹਾਂਪੁਰਸ਼ਾਂ ਦਾ ਹੁਕਮ ਮੰਨ ਕੇ ਇਹ ਅਰਥ ਲਿਖਣ ਦਾ ਕਾਰਜ ਆਰੰਭ ਕੀਤਾ ਹੋਇਆ ਹੈ। ਸੰਪੂਰਨਤਾ ਦੇਣੀ ਵਾਹਿਗੁਰੂ ਦੇ ਹੱਥ ਹੈ। ਜੇਕਰ ਵਾਹਿਗੁਰੂ ਨੂੰ ਭਾਇਆ ਤਾਂ ਗਉੜੀ ਰਾਗ ਦੀ ਪੋਥੀ ਬਹੁਤ ਜਲਦੀ ਆਪ ਦੇ ਕਰ-ਕਮਲਾਂ ਵਿਚ ਹੋਵੇਗੀ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਸੰਪ੍ਰਦਾਇ ਸਟੀਕ ਗੁਰਬਾਣੀ ਅਰਥ ਭੰਡਾਰ
ਪੋਥੀ ਦੂਸਰੀ ਸੰਪੂਰਨੰ॥